# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਜਿਲਦ ਬਾਹਰਵੀਂ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ

ਭਾਸ਼ਾ ਵਿਭਾਗ, ਪੰਜਾਬ

Sri Satguru Jagjit Singh Ji eLlibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ—ਜਿਲਦ ੧੨

ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ

ਕ੍ਰਿਤ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

[ਰੁਤ ਦੂਜੀ ਮੁੱਕੀ, ਤੀਜੀ ਸਾਰੀ ਤੇ ਚਉਥੀ ਜਾਰੀ]

ਮੰਗਲਾਂ ਦੀ ਭਾਵਾਰਥ ਪ੍ਰਕਾਸ਼ਨੀ ਟੀਕਾ

ਅਤੇ ਸ਼ੇਸ਼

## ਪ੍ਰਯਾਵਾਂ ਤੇ ਉੱਧਾਰਾਂ ਸਮੇਤ

ਸੰਪਾਦਿਤ :-

ਪਦਮ ਭੂਸ਼ਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ

ਭਾਸ਼ਾ ਵਿਭਾਗ, ਪੰਜਾਬ

Sri Satguru Jagjit Singh Ji eLlibrary NamdhariElibrary@gmail.com

**SRI GUR PARTAP SURAJ GRANTH VOL. XII** (in Punjabi)

. Kavi Churamani Bhai Santokh Singh
Editor : Bhai Vir Singh

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਬਾਹਰਵੀਂ

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ
ਸੰਪਾਦਕ : ਭਾਈ ਵੀਰ ਸਿੰਘ

© ਭਾਸ਼ਾ ਵਿਭਾਗ, ਪੰਜਾਬ

ਸਾਲ 2011

ਕਾਪੀਆਂ : 1000

ਕੀਮਤ 240.00

1120. ਹ. ਪੁ. 1561

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
ਛਾਪਕ : ਅਰਜਨਾ ਪ੍ਰਿੰਟਰਜ਼, ਚੰਡੀਗੜ੍ਹ
ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ

Sri Satguru Jagjit Singh Ji eLlibrary NamdhariElibrary@gmail.com

# ਸੂਚੀ ਪੱਤ੍ਰ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ-ਜਿਲਦ ੧੨


| ਪ੍ਰਸੰਗ | ਅੰਸੂ | ਪੰਨਾ | ਪ੍ਰਸੰਗ | ਅੰਸੂ | ਪੰਨਾ |
|---|---|---|---|---|---|
| **ਰੁਤ ਦੂਜੀ**-ਜਾਰੀ। | | | ਸ਼ਿਕਾਰ। ਹੋਮ। | ੮ | ੪੯੪੬ |
| ਸਫਰ। ਨਾਹਨੇਸ਼। ਲਾਹਾ ਟੋਟਾ। | ੩੩ | ੪੮੨੭ | ਸੁਪਨ ਦਰਸ਼ਨ। | ੯ | ੪੯੫੦ |
| ਰਾਇਪੁਰ ਦੀ ਰਾਣੀ। | ੩੪ | ੪੮੩੬ | ਪ੍ਰਗਟ ਹੋਣ ਦੇ ਚਿੰਨ੍ਹ। | ੧੦ | ੪੯੫੪ |
| ਕੀਰਤਪੁਰੋਂ ਅਨੰਦਪੁਰ ਔਣਾ। | ੩੫ | ੪੮੪੦ | ਦੇਵੀ ਦਾ ਪ੍ਰਗਟ ਹੋਣਾ। | ੧੧ | ੪੯੫੮ |
| ਭੀਮ ਚੰਦ ਦਾ ਵਜ਼ੀਰ ਆਇਆ। | ੩੬ | ੪੮੪੪ | ਕੇਸ਼ੋ ਦਾਸ ਦਾ ਰੋਸਾ। ਦੇਵੀ ਉਧਾਰ। | ੧੨ | ੪੯੬੩ |
| ਮੇਲ। ਬਾਃ ਅਜੀਤ ਸਿੰਘ ਜਨਮ। | ੩੭ | ੪੮੫੦ | ਰਾਜਿਆਂ ਨੂੰ ਉਪਦੇਸ਼। ਕੇਸ਼। | ੧੩ | ੫੦੨੮ |
| ਮੇਲੇ ਵਿਚੋਂ ਠੱਗ ਫੜਿਆ। | ੩੮ | ੪੮੫੫ | ਮਸੰਦਾਂ ਦੇ ਖੋਟ। ਚੇਤੋ। | ੧੪ | ੫੦੩੪ |
| ਮੀਆ ਖਾਂ ਅਲਫ ਖਾਂ ਦੀ ਲੜਾਈ | ੩੯ | ੪੮੬੦ | ਚੇਤੋ ਮਸੰਦ ਦਾ ਖੋਟ। | ੧੫ | ੫੦੩੯ |
| ਨਾਦੌਣ ਦਾ ਜੰਗ ਆਰੰਭ। | ੪੦ | ੪੮੬੪ | ਪਾਜ ਉਘੜਨਾਂ ਤੇ ਚੇਤੋ ਨੂੰ ਦੰਡ। | ੧੬ | ੫੦੪੨ |
| ਬਿੱਝੜਵਾਲੀਆ ਦਯਾਲ ਬੱਧ। | ੪੧ | ੪੮੬੯ | ਸਿੱਖੀ ਪ੍ਰੀਖਯਾ ਦੇ ਤਾਉ। | ੧੭ | ੫੦੪੬ |
| ਜੰਗ ਫਤੇ। ਅਲਫਖਾਂ ਦਾ ਨੱਸਣਾ। | ੪੨ | ੪੮੭੩ | ਪੰਜ ਪਿਆਰੇ। | ੧੮ | ੫੦੫੦ |
| ਆਲਸੂਨ ਨੂੰ ਦੰਡ। | ੪੩ | ੪੮੭੮ | ਅੰਮ੍ਰਿਤ ਛਕਾਇਆ। | ੧੯ | ੫੦੫੩ |
| ਅਨੰਦਪੁਰ। ਜ਼ੋਰਾਵਰ ਸਿੰਘ ਜਨਮ। | ੪੪ | ੪੮੮੩ | ਅੰਮ੍ਰਿਤ ਆਪ ਛਕਿਆ। | ੨੦ | ੫੦੫੮ |
| ਸ੍ਰੀ ਗੁਰੂ ਜੀ ਦਾ ਪ੍ਰਤਾਪ। | ੪੫ | ੪੮੮੯ | ਖਾਲਸੇ ਦਾ ਵਧਣਾ। | ੨੧ | ੫੦੬੩ |
| ਦਿਲਾਵਰ ਦੇ ਪੁਤ੍ਰ ਦੀ ਲੜਾਈ। | ੪੬ | ੪੮੯੪ | ਆਦਰਸ਼, ਸ਼ੇਰ ਦੇ ਵੇਸ ਗਧਾ। | ੨੨ | ੫੦੬੮ |
| ਖਾਂ ਜ਼ਾਦੇ ਦੀ ਸ਼ਾਮਤ, ਬਰਵਾ। | ੪੭ | ੪੮੯੮ | ਨੂਹ ਗ੍ਰਾਮ ਨੂੰ ਕੀਤੇ ਦਾ ਫਲ। | ੨੩ | ੫੦੭੧ |
| ਸੰਗਤੀਆ ਸਿੰਘ ਗੁਪਾਲ ਪਾਸ। | ੪੮ | ੪੯੦੨ | ਭਾਈ ਨੰਦ ਲਾਲ ਜੀਵਨ। | ੨੪ | ੫੦੭੫ |
| ਹੁਸੈਨੀ ਬੱਧ। ਜੁਝਾਰ ਸਿੰਘ ਜਨਮ। | ੪੯ | ੪੯੦੬ | ਭਾਈ ਜੀ ਨੇ ਮਾਇਨੇ ਦੱਸੇ। | ੨੫ | ੫੦੭੯ |
| ਕਦੀ ਕਦਰ। ਫਤਹ ਸਿੰਘ ਜਨਮ। | ੫੦ | ੪੯੧੦ | ਭਾਈ ਜੀ ਗੁਰੂ ਜੀ ਦੇ ਹਜ਼ੂਰ। | ੨੬ | ੫੦੮੨ |
| | | | ਭਾਈ ਜੀ ਅਤੇ ਹੋਲੀ। | ੨੭ | ੫੦੮੭ |
| **ਰੁਤ ਤੀਜੀ।** | | | ਭਾਃ ਦਯਾ ਸਿੰਘ ਜੀ ਦਾ ਜੰਦੂ। | ੨੮ | ੫੦੯੨ |
| ਮੰਗਲ। ਬ੍ਰਹਮਣ ਪ੍ਰੀਖਯਾ। | ੧ | ੪੯੧੬ | ਚੱਯੇ ਮੱਯੇ ਨੂੰ ਦੰਡ। ਨਕਲ। | ੨੯ | ੫੦੯੬ |
| ਸੰਗਤਾਂ ਦੇ ਮੇਲੇ, ਚਾਉ, ਹੋਲੀ। | ੨ | ੪੯੨੦ | ਭਾਃ ਤਖਤ ਮਲ, ਚੇਤੂ, ਗਊਮਸੰਦ। | ੩੦ | ੫੧੦੦ |
| ਹਿੰਦੂ ਤੁਰਕਾਂ ਦਾ ਸਿੱਖਾਂ ਨੂੰ ਮਖੌਲ। | ੩ | ੪੯੨੪ | ਨੰਦ ਚੰਦ ਸ੍ਰੀ ਗੁਰੂ ਗ੍ਰੰਥ ਲੈ ਨੱਠਾ। | ੩੧ | ੫੧੦੫ |
| ਕੇਸ਼ੋਦਾਸ ਦਾ ਮਿਲਣਾ। | ੪ | ੪੯੨੯ | ਗੁਰਦਾਸ ਮਸੰਦ। ਬਜਰੂੜ ਨੂੰ ਦੰਡ। | ੩੨ | ੫੧੦੯ |
| ਸਮੱਗ੍ਰੀ ਮੰਗਾਉਣੀ। | ੫ | ੪੯੩੪ | ਹੋਲੀ ਤੇ ਦੋ ਇਸਤ੍ਰੀਆਂ ਗਈਆਂ। | ੩੩ | ੫੧੧੪ |
| ਨੈਣੇ ਦਾ ਟਿੱਲਾ। | ੬ | ੪੯੩੮ | ਛਬੀਦੀ ਪ੍ਰਸ਼ਾਦ। ਅਸ਼ੁੱਧ ਬਾਣੀ। | ੩੪ | ੫੧੧੭ |
| ਹਵਨ ਆਰੰਭ। | ੭ | ੪੯੪੨ | ਪਾਹੁਲ ਭੇਦ। ਦੇਵੀ। ਦੁਸ਼ਟ ਦਮਨ। | ੩੫ | ੫੧੨੧ |


Sri Satguru Jagjit Singh Ji eLlibrary NamdhariElibrary@gmail.com

| ਪ੍ਰਸੰਗ | ਅੰਸੂ | ਪੰਨਾ | ਪ੍ਰਸੰਗ | ਅੰਸੂ | ਪੰਨਾ |
|---|---|---|---|---|---|
| ਹੁਸ਼ਨਾਕ ਸਿੰਘ, ਫ਼ਰੰਗੀ ਫ੍ਰਾਂਸੀਸੀ । | ੩੬ | ੫੧੨੮ | ਸਤਿਗੁਰ ਮਹਿਮਾਂ । | ੧੦ | ੫੨੪੭ |
| ਭਵਿੱਖਤ ਵਾਕ । | ੩੭ | ੫੧੩੩ | ਭੀਮ ਚੰਦ ਦੀ ਧਮਕੀ । | ੧੧ | ੫੨੫੧ |
| ਲੋਪਣੀ ਸਿੰਘ ਨੂੰ ਤਮਾਂਚਾ । | ੩੮ | ੫੧੪੦ | ਫੌਜਾਂ ਦੀ ਚੜ੍ਹਾਈ । | ੧੨ | ੫੨੫੫ |
| ਮਾਤਾ ਜੀ ਨੂੰ ਦੇਵੀ ਪ੍ਰਸੰਗ ਸੁਣਾਯਾ । | ੩੯ | ੫੧੪੪ | ਜੰਗ ਅਰੰਭ । | ੧੩ | ੫੨੫੯ |
| ਲਾਂਗਰੀ। ਕਹੀਲੁ: ਲੰਗਰ ਅਟਕਾ । | ੪੦ | ੫੧੪੯ | ਜੰਗ ਜਾਰੀ । | ੧੪ | ੫੨੬੩ |
| ਸ਼ਹੀਦ । | ੪੧ | ੫੧੫੬ | ਜਮਤੁੱਲਾ ਭਾਊ ਬੱਧ । | ੧੫ | ੫੨੬੭ |
| ਸੁਨਿਆਰਾ ਲੜਕਾ । | ੪੨ | ੫੧੬੦ | ਪਿੱਛੋਂ ਜੰਗ । ਰਾਤ ਆਰਾਮ । | ੧੬ | ੫੨੭੧ |
| ਅਨਪੜ੍ਹ ਸਿੱਖ। ਕਬੀਰ ਵੇਲੇ ਸ਼ਾਹ | ੪੩ | ੫੧੬੬ | ਪਹਾੜੀਆਂ ਦੀਆਂ ਰਾਤੀ ਸਲਾਹਾਂ । | ੧੭ | ੫੨੭੫ |
| ਲੰਗਰ ਦੀ ਸੇਵਕ ਸਿੱਖਣੀ । | ੪੪ | ੫੧੬੯ | ਬਾ: ਅਜੀਤ ਸਿੰਘ ਜੀ ਦਾ ਜੁੱਧ । | ੧੮ | ੫੨੭੮ |
| ਪੰਮਾ ਦੂਤ, ਕੜਾਹ ਪ੍ਰ: ਵਰਤਾ । | ੪੫ | ੫੧੭੪ | ਜੰਗ ਜਾਰੀ । | ੧੯ | ੫੨੮੩ |
| ਮੇਲੇ ਤੇ ਸੰਗਤ ਰੋਕ ਰਖੀ । | ੪੬ | ੫੧੭੮ | ਰਾਤੀਂ ਮੋਰਚਾ ਮਾਰਨਾ । | ੨੦ | ੫੨੮੬ |
| ਭਾਈ ਅਨੰਦ ਸਿੰਘ । | ੪੭ | ੫੧੮੨ | ਕੇਸਰੀ ਚੰਦ ਦੀ ਪ੍ਰਤੱਗਯਾ । | ੨੧ | ੫੨੯੦ |
| ਭਾਈ ਅਨੰਦ ਸਿੰਘ ਨੂੰ ਉਪਦੇਸ਼ । | ੪੮ | ੫੧੮੮ | ਦੁਨੀ ਚੰਦ ਦਾ ਡਰਨਾ । | ੨੨ | ੫੨੯੪ |
| ਮਾਲਾ ਸਿੰਘ ਤੇ ਲਾਹੌਰਾ ਸਿੰਘ । | ੪੯ | ੫੧੯੨ | ਦੁਨੀ ਚੰਦ ਦਾ ਨੱਸਣਾ । | ੨੩ | ੫੨੯੭ |
| ਮੁਕਤਿਨਾਮਾ । | ੫੦ | ੫੧੯੬ | ਦੁਨੀ ਚੰਦ ਦੀ ਮੌਤ । | ੨੪ | ੫੩੦੨ |
| ਮੋਮਨੀ ਵਸ ਸਿੱਖਣੀ । | ੫੧ | ੫੨੦੨ | ਬਚਿੱਤ੍ਰ ਸਿੰਘ ਨੂੰ ਤਯਾਰ ਕਰਨਾ । | ੨੫ | ੫੩੦੫ |
| | | | ਹਾਥੀ ਨੂੰ ਨੇਜ਼ਾ ਮਾਰਨਾ । | ੨੬ | ੫੩੧੦ |
| **ਰੁਤ ਚਉਥੀ ।** | | | ਕੇਸਰੀ ਚੰਦ ਨੂੰ ਮਾਰਨਾ । | ੨੭ | ੫੩੧੪ |
| ਮੰਗਲ । ਖਾਲਸਾ ਬਾਹਰ ਚੜ੍ਹਨਾ । | ੧ | ੫੨੦੯ | ਭੀਮ ਚੰਦ ਨੂੰ ਸ਼ੋਕ । | ੨੮ | ੫੩੨੦ |
| ਸ਼ੰਕਰ ਵਰਣ । | ੨ | ੫੨੧੪ | ਦੂਜੇ ਦਿਨ ਦਾ ਜੰਗ । | ੨੯ | ੫੩੨੪ |
| ਮੋਮਨ ਸ਼ਰਫ । | ੩ | ੫੨੧੯ | ਖਾਲਸੇ ਦੀ ਜਿੱਤ । | ੩੦ | ੫੩੨੮ |
| ਬਲੀਆ ਚੰਦ, ਆਲਮ ਚੰਦ ਜੁੱਧ । | ੪ | ੫੨੨੩ | ਭਾਈ ਆਸਾ ਸਿੰਘ । | ੩੧ | ੫੩੩੨ |
| ਰਾਜਯਾਂ ਦੀ ਸਲਾਹ । ਸਲਾਰ ਦੀਨ । | ੫ | ੫੨੨੭ | ਸ਼ਸਤ੍ਰ ਮਾਂਜਣੇ, ਦੁਸਹਿਰਾ । | ੩੨ | ੫੩੩੬ |
| ਮਰਦ ਦਾ ਮੂੰਹ ਨਾ ਫਿਟਕਾਰਨਾ । | | | ਮਾਤਾ ਜੀ ਨੂੰ ਸੰਤ ਦਰਸ਼ਨ । | ੩੩ | ੫੩੪੦ |
| ਵਣਜਾਰਾ ਸਿੱਖ ਹੋਯਾ । | ੬ | ੫੨੩੧ | ਕੜਾਹ ਦੀ ਲੁਟ । ਭਾ: ਰਾਮ ਕੌਰ । | ੩੪ | ੫੩੪੪ |
| ਕੋਮਲ ਲੜਕੇ ਨੂੰ ਸੇਵਾ ਉਪਦੇਸ਼ । | ੭ | ੫੨੩੫ | ਭਾਈ ਰਾਮ ਕੁਇਰ ਜੀ । | ੩੫ | ੫੩੪੯ |
| ਦੀਨਾਬੇਗ, ਪੈਂਡੇ ਖਾਂ ਨਾਲ ਜੁੱਧ । | ੮ | ੫੨੩੯ | ਭਾਈ ਜੋਗਾ ਸਿੰਘ । | ੩੬ | ੫੩੫੪ |
| ਪੈਂਡਾ ਖਾਂ ਬੱਧ । | ੯ | ੫੨੪੪ | ਗਊ ਆਣ ਤੇ ਅਨੰਦਪੁਰ ਛੋੜਨਾ । | ੩੭ | ੫੩੫੮ |


—o—

Sri Satguru Jagjit Singh Ji eLlibrary NamdhariElibrary@gmail.com

३३. [ਅਨੰਦ ਪੁਰ ਦਾ ਸਫਰ। ਨਾਹਣੇਸ਼। ਲਾਹਾ ਤੇ ਟੋਟਾ ਗ੍ਰਾਮ ਦੇ ਚੋਰ।]

ਦੋਹਰਾ॥ ਜੁੱਧ ਜੀਤ ਆਏ ਜਬੈ ਟਿਕੇ ਨ ਤਿਨ ਪੁਰਿ ਪਾਵ*। ਦੀਨਸਿ ਕੂਚ

*ਹਰ ਤੂਫਾਨ ਦੇ ਬਾਦ ਟਿਕਾਉ ਆਉਂਦਾ ਹੈ ਤੇ ਇਸੇ ਤਰ੍ਹਾਂ ਹਰ ਲੜਾਈ ਦੇ ਬਾਦ ਸ਼ਾਂਤੀ ਸੁਲਹ ਦਾ ਅਵਸਰ ਬਣਦਾ ਹੈ। ਭੰਗਾਣੀ ਦੇ ਜੁੱਧ ਬਾਦ ਬੀ ਐਸਾ ਹੀ ਹੋਇਆ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਵਿਚ ਲਿਖਿਆ ਹੈ (ਦੇਖੋ ਇਸੇ ਰੁਤ ਦਾ ਅੰਸੂ ੩੬, ੩੭ ਕਿ ਇਹ ਅਵਸਰ ਗੁਰੂ ਜੀ ਦੇ ਅਨੰਦਪੁਰ ਪਹੁੰਚਣ ਤੋਂ ਮਗਰੋਂ ਤੇ ਫੇਰ ਨਵੇਂ ਸਿਰੇ ਰਾਜੇ ਦੇ ਰਾਜ ਵਿਚ ਮਾਰੇ ਬਕਾਰੇ ਕਰਦੇ ਰਹਿਣ ਤੋਂ ਆਯਾ ਤੇ ਰਾਜੇ ਨੇ ਤੰਗ ਆਕੇ ਸੁਲਹ ਦੀ ਪੇਸ਼ਕਦਮੀ ਕੀਤੀ ਤੇ ਸੁਲਹ ਹੋਈ। ਹਰ ਹਾਲ ਸੁਲਹ ਦਾ ਸਮਾਂ ਆਇਆ। ਇਤਿਹਾਸਕ ਖੋਜ ਇਸ ਬਾਰੇ ਹੋਰ ਹੋਣੀ ਚਾਹੀਦੀ ਹੈ ਤਾਂ ਜੋ ਠੀਕ ਵਾਕਿਆ ਦਾ ਪਤਾ ਲੱਗ ਸਕੇ ਕਿ ਸੁਲਹ ਕਿੱਥੇ ਹੋਈ। ਕਿਉਂਕਿ ਮੌਜੂਦਾ ਸਾਮਾਨ ਤੋਂ ਇਹ ਸੰਭਾਵਨਾ ਹੁੰਦੀ ਹੈ ਕਿ ਇਹ ਅਵਸਰ ਜੁੱਧ ਦੇ ਬਾਦ ਭੰਗਾਣੀ-ਪਾਂਵਟੇ ਹੀ ਆ ਗਿਆ ਸੀ*। ਪਰ ਜੈਸਾ ਕਿ ਗੁ:ਪ੍ਰ:ਸੂ:ਵਿਚ ਲਿਖਿਆ ਹੈ ਕਿ ਸੁਲਹ ਦਾ ਹੋਣਾ ਅਨੰਦਪੁਰ ਜਾਕੇ ਹੋਇਆ ਹੈ ਮੰਨ ਲਈਏ ਤਾਂ ਬੀ ਹੱਲੇ ਗੁੱਲੇ ਮਚਾਉਣ ਦੇ ਨਤੀਜੇ ਵਿਚ ਹੀ ਹੋਇਆ ਹੈ, ਗੋਯਾ ਸੁਲਹ ਮਾਰੇ ਬਕਾਰੇ ਲੜਾਈ ਕਰਨ ਨਾਲ ਹੀ ਹੋਈ। ਜੇ ਖਿਆਲ ਕਰੀਏ ਕਿ ਸੁਲਹ ਭੰਗਾਣੀ ਹੋਈ ਤਾਂ ਬੀ ਜੁੱਧ ਦੇ ਨਤੀਜੇ ਵਿਚ ਹੀ ਹੋਈ। ਦੋਹਾਂ ਹਾਲਤਾਂ ਵਿਚ ਲੜਾਈ ਦਾ ਅੰਤ ਹੀ ਸੁਲਹ ਹੋਇਆ ਹੈ। ਅਨੰਦਪੁਰ ਵਿਚ ਕੇਵਲ ਪਰਜਾ ਨੂੰ ਘਾਹ ਰਸਦ ਆਦਿ ਦੇਣ ਲਈ ਮਾਰੇ ਬਕਾਰੇ ਕਰਨ ਪਰ ਅਤੇ ਭੰਗਾਣੀ ਪੂਰਨ ਕਾਮਯਾਬੀ ਤੇ ਰਾਜਿਆਂ ਨੂੰ ਸ਼ਿਕਸਤ ਫਾਸ਼ ਦੇਣੇ ਪਰ। ਸੋ ਭੰਗਾਣੀ ਵਾਲਾ ਅਵਸਰ ਨੀਤੀ ਦੇ ਨੁਕਤੇ ਤੋਂ ਬੀ ਤੇ ਇਖਲਾਕ ਦੇ ਨੁਕਤੇ ਤੋਂ ਬੀ ਵਧੇਰੇ ਝੁਕਾਉ ਖਾਂਦਾ ਹੈ। ਜਦ ਗੁਰੂ ਜੀ ਪਾਂਵਟੇ ਨਹੀਂ ਆਏ ਸਨ ਤਾਂ ਭੀਮਚੰਦ ਗੁਰੂ ਜੀ ਦਾ ਅਨੰਦਪੁਰ ਰਹਿਣਾ ਆਪਣੀ ਰਈਅਤ ਦੀ ਹੈਸੀਅਤ ਵਿਚ ਮੰਨਦਾ ਸੀ ਤੇ ਉਨ੍ਹਾਂ ਤੋਂ ਉਹ ਮੰਗਾਂ ਕਰਦਾ ਸੀ ਜੋ ਇਕ ਜਾਬਰ ਰਾਜਾ ਆਪਣੀ ਦਬੇਲ ਪਰਜਾ ਤੋਂ ਕਰਦਾ ਹੈ। ਪਰ ਗੁਰੂ ਜੀ ਅਨੰਦਪੁਰ ਆਪਣੀ ਜ਼ਰਖਰੀਦ ਜਾਇਦਾਦ ਦੇ ਮਾਲਕ ਸਨ ਤੇ ਪਿਛਲੇ ਰਾਜੇ ਤੋਂ ਖਰੀਦ ਵੇਲੇ ਦੇ ਹੋਏ ਅਹਿਦ ਪਰ, ਕਿ ਗੁਰੂ ਜੀ ਸੁਤੰਤ੍ਰ ਮਾਲਕ ਹੋਣਗੇ ਤੇ ਕੋਈ ਕਰ ਮਸੂਲ ਨਜ਼ਰ ਭੇਟ ਰਾਜਸੀ ਦੇ ਦੇਣਹਾਰ ਨਹੀਂ ਹੋਣਗੇ, ਨਿਜ ਨੂੰ ਸੁਤੰਤ੍ਰ ਮੰਨਦੇ ਸੇ। ਪਿਛੇ ਹਾਲ ਆ ਚੁਕੇ ਹਨ ਜਿਨ੍ਹਾਂ ਕਰਕੇ ਗੁਰੂ ਜੀ ਅਨੰਦਪੁਰ ਛੋੜਕੇ ਪਾਉਂਟੇ ਆ ਟਿਕੇ ਸਨ। ਏਥੇ ਆਕੇ ਆਪਣੀ ਫੌਜੀ ਤਾਕਤ ਗੁਰੂ ਜੀ ਨੇ ਬਹੁਤ ਵਧਾ ਲਈ ਸੀ। ਏਥੇ ਟਿਕਿਆਂ ਜਦੋਂ ਸ੍ਰੀ ਨਗਰ ਦਾ ਰਸਤਾ ਮੰਗਣ ਵਾਸਤੇ ਭੀਮ ਚੰਦ ਦਾ ਵਜ਼ੀਰ ਆਇਆ ਹੈ ਤਾਂ ਉਸ ਨੇ ਕਿਹਾ ਹੈ ਕਿ ਤੁਸੀਂ ਅਨੰਦਪੁਰ ਚੱਲ ਰਹੋ ਤਾਂ ਗੁਰੂ ਜੀ ਨੇ ਕਿਹਾ ਹੈ ਕਿ ਹਾਂ ਅਸੀਂ ਚਲਾਂਗੇ, ਪਰ ਤੇਰੇ ਰਾਜੇ ਨੂੰ ਜਿੱਤਕੇ। ਇਸ ਕਹਿਣ ਵਿਚ ਬੀ ਇਹੋ ਬੂ ਹੈ ਕਿ ਅਸੀਂ ਜਦੋਂ ਬਾਹੂ ਬਲ ਨਾਲ ਰਾਜੇ ਨੂੰ ਪ੍ਰਾਜੈ ਕਰਕੇ ਆਪਣਾ ਹੱਕ ਮੰਨਵਾ ਸਕਾਂਗੇ ਤਦੋਂ ਹੀ ਚੱਲਾਂਗੇ। ਹੁਣ ਜਦੋਂ ਭੰਗਾਣੀ ਦੇ ਜੁੱਧ ਪਰ ਗੁਰੂ ਜੀ ਦੀ ਨਿਰਵਿਵਾਦ ਫਤੇ ਹੋ ਗਈ ਹੈ ਤੇ ਰਾਜੇ ਮੈਦਾਨ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

*ਇਸ ਵਿਚਾਰ ਦੇ ਇਸ਼ਾਰੇ ਸ੍ਰੀ ਸੂਰਜ ਪ੍ਰਕਾਸ਼ ਵਿਚੋਂ ਮਿਲਦੇ ਹਨ ਜੋ ਅਗੇ ਦਸਾਂਗੇ।

Sri Satguru Jagjit Singh Ji eLlibrary NamdhariElibrary@gmail.com

ਕਰਾਇ ਗੁਰ ਤਜਨੋ ਪਾਂਵਟਾ ਥਾਂਵ* ॥੧॥ ਨਿਸ਼ਾਨੀ ਛੰਦ ॥ ਸੈਨ ਸਹਿਤ ਗੁਰ

*ਰੁਤ ੧ ਅੰਸੂ ੪੭ ਅੰਕ ੪੨ ਵਿਚ ਅਸੀਂ ਦੱਸ ਆਏ ਹਾਂ ਕਿ ਅਨੰਦ ਪੁਰ ਤੋਂ ਟੁਰਕੇ, ਜਿਥੇ ਪਾਊਂ ਟਿਕਾਏ ਉਸ ਦਾ ਨਾਉਂ ਪਾਉਂਟਾ ਧਰਿਆ। ਇਹ ਥਾਂ ਲਗ ਪਗ ੧੭੪੨ ਬਿ: ਵਿਚ ਗੁਰੂ ਜੀ ਨੇ ਬੱਧਾ ਸੀ।

[ਪਿਛਲੇ ਪੰਨੇ ਦੀ ਬਾਕੀ ਟੂਕ]

ਛੱਡਕੇ ਜਮਨਾ ਦੇ ਉਸ ਪਾਰ ਜਾ ਖੜੋਤੇ ਹਨ ਤੇ ਸਭਨਾਂ ਨੇ ਘਰੀਂ ਜਾਣਾ ਹੈ ਤੇ ਜੰਞ ਡੋਲਾ ਬੀ ਲਿਜਾਣਾ ਹੈ ਤੇ ਮਰਿਆਂ ਦੇ ਸਸਕਾਰ ਬੀ ਕਰਨੇ ਹਨ ਤਾਂ ਮਸਲਿਹਤ ਵਕਤ ਹੈ ਕਿ ਰਾਜੇ ਸੁਲਹ ਕਰਨ, ਤੇ ਇਹ ਮਨੋਰਥ ਪੂਰੇ ਕਰਨ। ਇਧਰ ਗੁਰੂ ਜੀ ਨੂੰ ਵਰਤਮਾਨ ਹੋਕੇ ਅਵਸਰ ਹੈ ਆਪਣੀ ਗੱਲ ਨੂੰ ਮਨਾ ਲੈਣ ਦਾ, ਤਾਕਿ ਇਖ਼ਲਾਕੀ ਤੌਰ ਤੇ ਉਨ੍ਹਾਂ ਦਾ ਅਨੰਦਪੁਰ ਵਿਚ ਸੁਤੰਤ੍ਰ ਰਹਿਣਾ ਬਿਨਾਂ ਕਿਸੇ ਕਰ ਹੇਠ ਆਏ ਦੇ, ਅਤੇ ਬਨਾਂ ਦੇ ਸ਼ਿਕਾਰ ਦੀ ਖੁੱਲ੍ਹ ਦੇ, ਜੋ ਉਨ੍ਹਾਂ ਦਾ ਹੱਕ ਹੈਸੀ ਮੁੜ ਤਸਲੀਮ ਹੋ ਜਾਏ ਤੇ ਰਸਦ ਤੇ ਘਾਹ ਆਦਿ ਗਿਰਾਵਾਂ ਤੋਂ ਲੈ ਸਕਣ ਵਿਚ ਉਨ੍ਹਾਂ ਨੂੰ ਰੋਕ ਨਾ ਪਿਆ ਕਰੇ। ਜੇ ਗੁਰੂ ਜੀ ਨੇ ਅਨੰਦਪੁਰ ਜਾਕੇ ਮੁੜ ਹੱਲੇ ਗੁੱਲੇ ਕਰਕੇ ਇਹ ਗੱਲਾਂ ਮਨਾਉਣੀਆਂ ਸਨ ਤਾਂ ਦੁਸ਼ਮਨ ਨੂੰ ਸ਼ਿਕਸਤ ਫਾਸ਼ ਦੇਕੇ ਮਨਾ ਲੈਣ ਦਾ ਮੌਕਾ ਹਥੋਂ ਗੁਆ ਲੈਣਾ ਕਿਵੇਂ ਜੋਗ ਸੀ ? ਆਖਰ ਆਨੰਦਪੁਰ ਜਾਕੇ ਮੁੜ ਹੱਲੇ ਗੁੱਲੇ ਕਰਕੇ ਰਾਜੇ ਤੋਂ ਇਸੀ ਪ੍ਰਕਾਰ ਦੀਆਂ ਗੱਲਾਂ ਹੀ ਤਾਂ ਮਨਾਈਆਂ ਹਨ। ਰਾਜਿਆਂ ਨੂੰ ਹਾਰ ਦੇਕੇ ਲਾਭ ਨਾ ਉਠਾਉਣਾ ਤੇ ਪਰਜਾ ਪਰ ਧੱਕਾ ਕਰਕੇ ਰਾਜੇ ਨੂੰ ਸੁਲਹ ਲਈ ਮਜਬੂਰ ਕਰਨਾ ਗੁਰੂ ਸਾਹਿਬ ਦੀ ਗੁਰਿਆਈ, ਅਲੂਹੀਅਤ ਤੇ ਇਖ਼ਲਾਕ ਨੂੰ ਸ਼ੋਭਨੀਕ ਨਹੀਂ†। ਨਾ ਹੀ ਨੀਤੀ ਦੇ ਨੁਕਤੇ ਤੋਂ ਹੀ ਠੀਕ ਢੁਕਦਾ ਦਿੱਸਦਾ ਹੈ। ਫਿਰ ਜੈਸਾ ਕਿ ਉੱਪਰ ਦੱਸ ਆਏ ਹਾਂ ਕਿ ਭੰਗਾਣੀ ਦੀ ਹਾਰ ਹੋਣ ਪਰ ਰਾਜਿਆਂ ਨੂੰ ਉਸ ਵਕਤ ਦੀਆਂ ਲੋੜਾਂ ਕਰਕੇ ਗੌਂ ਹੈਸੀ ਸੁਲਹ ਲਈ ਕੋਸ਼ਸ਼ ਕਰਨ ਦੀ। ਉਨ੍ਹਾਂ ਨੇ ਘਰੀਂ ਜਾਣਾ ਹੈ, ਜੰਞ ਡੋਲਾ ਲਿਜਾਣਾ ਹੈ, ਜੋ ਠਾਕੁਰ ਤੇ ਰਾਜੇ ਰਾਣੇ ਮਾਰੇ ਗਏ ਹਨ, ਗੁਰੂ ਜੀ ਤੋਂ ਲੈਣੇ ਹਨ ਤੇ ਸਸਕਾਰਨੇ ਹਨ। ਸਾਨੂੰ ਮੁੱਦਤ ਹੋਈ ਹੈ ਕਿ ਜਦੋਂ ਭੰਗਾਣੀ ਗਏ ਸਾਂ ਤੇ ਸਾਰੇ ਥਾਂ ਆਪ ਦੇਖੇ ਤੇ ਤਦੋਂ ਤਕ ਯਾਦ ਰਹੇ ਜ਼ਬਾਨੀ ਹਾਲ ਲੋਕਾਂ ਤੋਂ ਸੁਣੇ ਸਨ ਤਾਂ ਖਿਆਲ ਪੈਂਦਾ ਹੈ ਕਿ ਤਦੋਂ ਪਤਾ ਲਗਾ ਸੀ ਜੋ ਰਾਜਿਆਂ ਰਾਣੀਆਂ ਨੇ ਹਰੀਚੰਦ ਤੇ ਹੋਰ ਠਾਕੁਰਾਂ ਦੀਆਂ ਲਾਸ਼ਾਂ ਮੰਗੀਆਂ ਸਨ ਤੇ ਗੁਰੂ ਜੀ ਨੇ ਦਿੱਤੀਆਂ ਸਨ। ਫਿਰ ਰਸਤਾ ਭੀ ਜ਼ਰੂਰ ਮੰਗਿਆ ਹੋਊ। ਇਸ ਆਰਜ਼ੀਲੋੜ ਦੇ ਨਾਲ ਭੀਮਚੰਦ ਨੇ ਇਹ ਪੱਕੀ ਲੋੜ ਬੀ ਦੇਖ ਲਈ ਕਿ ਗੁਰੂ ਬਲਵਾਨ ਹੈ, ਇਹ ਮਿੱਤ੍ਰ ਹੋਕੇ ਭਾਰੀ ਕੁਮਕ ਹੈ ਤੇ ਸ਼ੱਤ੍ਰੂ ਰਹੇ ਤਾਂ ਘਾਟਾ ਹੈ। ਇਸ ਦਾ ਸਬੂਤ ਇਹ ਪੱਕਾ ਹੈ ਕਿ ਥੋੜੇ ਹੀ ਚਿਰ ਬਾਦ ਨਦੌਨ ਦੇ ਜੁੱਧ ਵਾਸਤੇ ਭੀਮਚੰਦ ਗੁਰੂ ਜੀ ਨੂੰ ਆਪਣੀ ਕੁਮਕ ਤੇ ਲੈ ਜਾਂਦਾ ਹੈ ਤੇ ਗੁਰੂ ਜੀ ਜਾਂਦੇ ਹਨ ਤੇ ਫਤੇ ਹੁੰਦੀ ਹੈ। ਇਸਤਰ੍ਹਾਂ ਦੀ ਦੂਰਦਰਸ਼ਤਾ ਵਾਲੀਆਂ ਤੇ ਸਮੇਂ ਦੀਆਂ ਦੋ ਤਰ੍ਹਾਂ ਦੀਆਂ ਜ਼ਰੂਰਤੀ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

†ਗੁਰੂ ਜੀ ਨੇ ਕਦੇ ਕਿਸੇ ਪਰ ਕਦਮ ਵਿਰੁਧ ਜ਼ੋਰ ਨਹੀਂ ਪਾਇਆ, ਜੈਸਾ ਕਿ ਔਰੰਗਜ਼ੇਬ ਨਾਵੇਂ ਫਿਰ ਜ਼ਫ਼ਰਨਾਮੇ ਮੁਅੱਲਫ਼ ਨੇ ਆਪਣੀ ਲਿਖਤ ਦੇ ਸਦਾ ਧਰਮ-ਰਖ ਤੇ ਲਿਖਿਆ ਹੈ।

Sri Satguru Jagjit Singh Ji eLlibrary NamdhariElibrary@gmail.com

**ਥਿਤ ਕਰੇ ਡੇਰਾ ਲਦਵਾਯੋ। ਸਨੈ ਸਨੈ ਸਭਿ ਚਲਿ ਪਰੇ ਨੀਕੇ ਲਖਿ ਪਾਯੋ।**

[ਪਿਛਲੇ ਪੰਨੇ ਦੀ ਬਾਕੀ ਟੂਕ]

ਨੂੰ ਵਿਚਾਰ ਕੇ ਭੀਮ ਚੰਦ ਨੂੰ ਉਸੇ ਵੇਲੇ ਸੁਲਹ ਕਰਨ ਦੀ ਲੋੜ ਵਧੇਰੇ ਸੰਭਵ ਹੈ। ਵਜ਼ੀਰ ਦਾ ਆਉਣ ਜਾਣ ਗੁਰੂ ਜੀ ਪਾਸ ਹੈਗਾ ਹੀ ਸੀ, ਇਸ ਕਰਕੇ ਫੌਰਨ ਉਸ ਦੀ ਰਾਹੀਂ ਗੱਲ ਬਾਤ ਹੋ ਜਾਣੀ ਕਠਨ ਨਹੀਂ ਸੀ। ਜੇ ਅਸੀਂ ਭੀਮ ਚੰਦ ਦਾ ਸੁਭਾਵ ਦੇਖੀਏ ਤਾਂ ਉਹ ਸੁਲਹ ਲਈ ਉਤਾਵਲਾ ਲੱਭਦਾ ਹੈ। ਭਲਾ ਹਾਰ ਖਾ ਕੇ ਤਾਂ ਹੁੰਦਾ ਹੈ ਜਿੱਤਕੇ ਵੀ ਉਹ ਚੱਟਪੱਟ ਸੁਲਹ ਵਲ ਦੌੜਦਾ ਹੈ। ਨਾਦੌਣ ਜੰਗ ਵਿਚ ਫਤੇ ਪਾਕੇ ਬਹੁਤ ਛੇਤੀ ਤੇ ਸਤਿਗੁਰ ਤੋਂ ਚੋਰੀ ਉਹ ਕਟੋਚ ਦੀ ਮਾਰਫਤ ਅਲਫ਼ਖਾਂ ਨਾਲ ਸੁਲਹ ਕਰਦਾ ਹੈ। ਦੇਖੋ ਇਸੇ ਰੁਤ ਦਾ ਅੰਸੂ ੪੪ ਅੰਕ ੬ ਤੋਂ ੧੨। ਇਸ ਤੋਂ ਵੀ ਸੰਭਾਵਨਾ ਹੁੰਦੀ ਹੈ ਕਿ ਭੰਗਾਣੀ ਹਾਰ ਖਾਕੇ ਬੀ ਸੁਲਹ ਵਿਚ ਦੇਰ ਪਾਉਣੀ ਉਸ ਦੇ ਸੁਭਾਵ ਵਿਰੁੱਧ ਹੈ।

ਹੁਣ ਜੇ ਅਸੀਂ ਅਨੰਦਪੁਰ ਜਾਕੇ ਪ੍ਰਜਾ ਉਤੇ ਹੱਲੇ ਗੁੱਲੇ ਧਾਵੇ ਕਰਕੇ ਊਧਮ ਮਚਾਉਣ ਨੂੰ ਸੁਲਹ ਦਾ ਕਾਰਨ ਮੰਨ ਲਈਏ ਤਾਂ ਗੁ: ਪ੍ਰ: ਸੂ: ਵਿਚ ਹੀ ਗੁਰੂ ਸਾਹਿਬ ਜੀ ਦੀ ਆਪਣੀ ਜ਼ਬਾਨੀ ਉਸ ਦੀ ਤਰਦੀਦ ਹੋ ਜਾਂਦੀ ਹੈ। ਜੈਸਾ ਕਿ ਜਦ ਪ੍ਰਜਾ ਦੇ ਸਤਾਏ ਜਾਣ ਦੇ ਬਾਦ ਵਜ਼ੀਰ ਗੁਰੂ ਸਾਹਿਬ ਪਾਸ ਆਉਂਦਾ ਹੈ ਤੇ ਸ਼ਿਕਾਇਤਾਂ ਕਰਦਾ ਹੈ ਤਾਂ ਗੁਰੂ ਜੀ ਆਖਦੇ ਹਨ:—

ਕਹਾਂ ਬਿਗਰਾਯੋ, ਕੋ ਦੁਰਗ ਨਹਿ ਛੀਨ ਲੀਯੋ,ਗ੍ਰਾਮਹੂੰ ਨ ਲੂਟਯੋ ਕੋਈ,ਲੀਨ ਕਹਾਂ ਬਿਤ ਹੈ?<br>
ਪੰਥ ਨੂੰ ਨ ਰੋਕਯੋ ਕੋਈ, ਪਾਕੇ ਕ੍ਰਿਸ਼ ਰਹੇ ਸੋਈ, ਕੌਨਸੋ ਬਿਗਾਰ ਕੀਨ, ਜਾਂਤੇ ਦੁਖ ਚਿਤ ਹੈ?<br>
ਭੀਮਚੰਦ ਭੂਪ ਨੇ ਤੁਰੰਗਮ ਨ ਦੀਨ ਕੋਈ, ਨਾਲਬੰਦੀ ਆਦਿ ਧਨ ਕੁਛ ਨ ਪੁਚਾਯੋ ਹੈ।<br>
ਰਹੇ ਨਿਜ ਦੇਸ਼, ਕਰੇ ਰਾਜ ਕੋ ਅਸ਼ੇਸ਼ ਬੈਠਿ, ਹਮਰੇ ਨ ਦ੍ਵੈਸ਼ ਨਹਿੰ ਕਾਜ ਬਿਗਰਾਯੋ ਹੈ।

( ਰੁਤ ੨ ਅੰਸੂ ੩੬ ਅੰਕ ੨੩-੨੪

ਇਸ ਤੋਂ ਸਪਸ਼ਟ ਹੋ ਗਿਆ ਕਿ ਸਿੱਖਾਂ ਨੇ ਰਾਜੇ ਦੇ ਕਿਸੇ ਕਿਲੇ ਤੇ ਧਾਵਾ ਨਹੀਂ ਕੀਤਾ, ਪਿੰਡ ਨਹੀਂ ਕੋਈ ਮਾਰਿਆ, ਧਨ ਨਹੀਂ ਲੁੱਟਿਆ, ਵਪਾਰੀਆਂ ਮੁਸਾਫ਼ਰਾਂ ਦਾ ਰਾਹ ਨਹੀਂ ਰੋਕਿਆ, ਖੇਤੀਆਂ ਨਹੀਂ ਵਿਗਾੜੀਆਂ। ਜਦ ਏਹ ਗੱਲਾਂ ਕੋਈ ਨਹੀਂ ਹੋਈਆਂ, ਹੱਲਾਗੁੱਲਾ, ਹਮਲਾ, ਧਾਵਾ ਯਾ Rakl ਕਿਸ ਗੱਲ ਨੂੰ ਕਿਹਾ ਜਾ ਸਕਦਾ ਹੈ ਜਿਸ ਤੋਂ ਡਰਕੇ ਰਾਜਾ ਸੁਲਹ ਕਰਦਾ ਹੈ। ਸਿਰਫ਼ ਜੰਗਲ ਵਿਚ ਸ਼ਿਕਾਰ ਕਰਨ ਆਉਣਾ ਤੇ ਘਾਸ ਯਾ ਬੱਕਰੇ ਲੈਣਾ ਇੰਨੀ ਗਲ ਤੋਂ ਰਾਜਾ ਦੀਨ ਹੋਕੇ ਆਪਣੇ ਵਜ਼ੀਰ ਨੂੰ ਸੁਲਹ ਲਈ ਯਾਚਨਾ ਕਰਨ ਘੱਲਦਾ ਹੈ? ਇਹ ਕੁਛ ਬੜੀ ਦਲੀਲ ਨਹੀਂ ਜਾਪਦੀ। ਫਿਰ ਅਗ਼ਲਬ ਨਹੀਂ ਜਾਪਦਾ ਕਿ ਜਿਹੜੇ ਗੁਰੂ ਜੀ ਮਹਾਂਭਾਰਥ ਦੇ ਇਕ ਪਰਬ ਦੇ ਟੀਕਾਕਾਰ ਨੂੰ ਸੱਠ ਹਜ਼ਾਰ ਰੁਪੱਯਾ ਇਨਾਮ ਦੇ ਦੇਂਦੇ ਹਨ, ਓਹ ਬਿਨਾ ਮੁੱਲ ਦਿਤੇ ਕੁਝ ਖੋਹਕੇ ਲੈਂਦੇ ਹੋਣ, ਤੇ ਨਾਹੀਂ ਉਹਨਾਂ ਦੀ ਧਰਮ ਅਵਤਾਰਤਾ ਤੋਂ ਅਤੇ ਉਹਨਾਂ ਦੀ ਨੀਤੀ ਨਿਪੁਨਤਾ ਤੋਂ ਅਗ਼ਲਬ ਜਾਪਦਾ ਹੈ ਕਿ ਸਿਖ ਘਾਹ ਤੇ ਬੱਕਰੇ ਕੀਮਤ ਪੇਸ਼ ਕੀਤੇ ਬਿਨਾਂ ਲੈਂਦੇ ਹੋਣਗੇ। ਇਨ੍ਹਾਂ ਸਾਰੀਆਂ ਗੱਲਾਂ ਦੇ ਵਿਚਾਰ ਕਰਨ ਤੋਂ ਪਰਜਾ ਉਤੇ ਹੱਲੇ ਕਰਨ ਦੀ ਗੱਲ ਲੇਖਕਾਂ ਦੇ ਆਪਣੇ ਲਿਖੇ ਤੋਂ ਰੱਦ ਹੋ ਜਾਂਦੀ ਹੈ। ਜਦ ਕਿ ਗੁਰੂ ਜੀ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਫੁ

ਭੁਏ ਪ੍ਰਭੂ ਅਸਵਾਰ, ਤਬਿ ਰਣਜੀਤ ਨਗਾਰਾ। ਬਾਜ ਉਠ੍ਯੋ ਬਡ ਬੰਬ[1]

[1]ਅਵਾਜ਼।

[ਪਿਛਲੇ ਪੰਨੇ ਦੀ ਬਾਕੀ ਟੂਕ]
ਆਖੀਰ ਵਿਚ ਕਹਿ ਦੇਂਦੇ ਹਨ ਕਿ ਰਾਜਾ ਆਪਣੇ ਰਾਜ ਵਿਚ ਬੈਠਾ ਰਾਜ ਕਰੇ, ਸਾਡਾ ਕੋਈ ਵੈਰ ਨਹੀਂ ਤੇ ਨਾ ਹੀ ਅਸਾਂ ਉਸ ਦਾ ਕੋਈ ਕੰਮ ਵਿਗਾੜਿਆ ਹੈ। ਸੋ ਅਨੰਦ ਪੁਰ ਆਕੇ ਹੱਲੇ ਗੁੱਲੇ ਨੂੰ ਕਾਰਨ ਮੰਨਣਾ ਆਪੇ ਹੀ ਰੱਦ ਹੋ ਗਿਆ। ਜਿਸ ਤੋਂ ਸੰਭਾਵਨਾ ਭੰਗਾਣੀ ਜੁੱਧ ਦੇ ਅੰਤ ਪਰ ਸੁਲਹ ਹੋਈ ਵਲ ਲੈ ਜਾਂਦੀ ਹੈ।

ਇਕ ਫਿਕਰਾ ਇਸੇ ਉਪਰਲੇ ਕਵਜੋਕਤ ਗੁਰੂ ਵਾਕ ਵਿਚ ਹੋਰ ਪਿਆ ਹੈ ਜਿਸਦੇ ਅਰਥ ਗਿਆਨੀਆਂ ਨੂੰ ਸੰਦਿਗਧ ਰਹਿੰਦੇ ਸਨ, ਪਰ ਜਿਸ ਅਰਥ ਨੂੰ ਫ਼ਾਰਸੀ ਅਰਬੀ ਦੇ ਕੋਸ਼ਾਂ ਨੇ ਸਾਫ ਕਰ ਦਿਤਾ ਹੈ। ਉਹ ਫਿਕਰਾ ਇਹ ਹੈ ਜੋ ਕਵੀ ਜੀ ਗੁਰੂ ਜੀ ਦੀ ਜ਼ੁਬਾਨੀ ਲਿਖਦੇ ਹਨ:-

'ਭੀਮ ਚੰਦ ਭੂਪ ਨੇ ਤੁਰੰਗਮ ਨ ਦੀਨ ਕੋਈ ਨਾਲਬੰਦੀ ਆਦਿ ਧਨ ਕਛੂ ਨ ਪੁਚਾਯੋ ਹੈ।'

ਕਿ ਰਾਜੇ ਨੇ ਘੋੜੇ ਭੀ ਕੋਈ ਨਹੀਂ ਘੱਲੇ ਤੇ ਨਾਲਬੰਦੀ ਦਾ ਧਨ ਭੀ ਨਹੀਂ ਪੁਚਾਇਆ। 'ਨਾਅਲ ਬਹਾ' ਯਾ 'ਨਾਅਲ ਬੰਦੀ ਦਾ ਧਨ' ਉਹ ਹੈ ਜੋ ਕੋਈ ਛੋਟਾ ਰਾਜਾ ਵਡੇ ਨੂੰ ਇਕ ਪ੍ਰਕਾਰ ਦੇ ਹਲਕੇ ਕਰ (ਖਿਰਾਜ) ਵਜੋਂ ਦੇਂਦਾ ਹੈ। ਅਤੇ ਕਦੇ ਕਿਸੇ ਸਾਹਵੇਂ ਫੌਜ ਨੂੰ ਆਪਣੇ ਬਚਾਉ ਲਈ ਥੋੜਾ ਧਨ ਦੇਕੇ ਸੁਲਹ ਕਰ ਲੈਣ ਦੇ ਅਰਥ ਭੀ ਰਖਦਾ ਹੈ। ਸੋ ਸੰਭਾਵਨਾ ਹੋ ਸਕਦੀ ਹੈ ਕਿ ਭੰਗਾਣੀ ਦੀ ਹਾਰ ਪਰ ਰਾਜੇ ਨੇ ਕੁਛ ਘੋੜੇ ਤੇ ਕੁਛ ਜੰਗ ਦੇ ਖਰਚ ਵਜੋਂ ਧਨ ਦੇਣਾ ਭੀ ਮੰਨਿਆ ਹੋਵੇ, ਜਿਸ ਦਾ ਜ਼ਿਕਰ ਗੁਰੂ ਜੀ ਇਸੇ ਫਿਕਰੇ ਵਿਚ (ਨਾਅਲ ਬੰਦੀ ਦਾ ਧਨ ਕਹਿਕੇ) ਕਰਦੇ ਹੋਏ ਆਪਣੀ ਸੁਲਹ ਕੁਲੀ ਦਾ ਸਬੂਤ ਅਗਲੀ ਸਤਰ ਵਿਚ ਦੇਂਦੇ ਹਨ ਕਿ ਸਾਡਾ ਫਿਰ ਭੀ ਕੋਈ ਵੈਰ ਨਹੀਂ, ਰਾਜਾ ਖੁਸ਼ੀ ਜੀਮੀ ਰਾਜ ਕਿਆ ਕਰੇ।

ਜੰਗ ਦੇ ਮਗਰੋਂ ਗੁਰੂ ਜੀ ਪਾਂਵਟੇ ਤੋਂ ਛੇਤੀ ਟੁਰ ਪਏ। ਆਪ ਭੀ ਗੁਰੂ ਜੀ ਕਹਿੰਦੇ ਹਨ ਕਿ ਜੁੱਧ ਦੇ ਮਗਰੋਂ ਪਾਉਂਟੇ ਟਿਕ ਕੇ ਰਹਿਣਾ ਨਾ ਹੋ ਸਕਿਆ, ਅਨੰਦ ਪੁਰ ਆ ਗਏ ਤੇ ਉਸ ਨੂੰ ਬੱਧਾ। ਇਹ ਕਾਹਲੀ ਇਸ ਗੱਲ ਦੀ ਸੂਚਕ ਹੈ ਕਿ ਰਾਜਿਆਂ ਦੇ ਆਪੋ ਆਪਣੇ ਰਾਜਾਂ ਵਿਚ ਪਹੁੰਚ ਨਵੀਆਂ ਗੋਂਦਾਂ ਗੁੰਦ ਕੇ ਮੁੜ ਕੋਈ ਸੰਗ੍ਰਾਮ ਬਣਾ ਲੈਣ ਤੋਂ ਪਹਿਲਾਂ ਪਹਿਲਾਂ ਗੁਰੂ ਜੀ ਅਨੰਦ ਪੁਰ ਪਹੁੰਚ ਕੇ ਕਬਜ਼ਾ ਕਰ ਲੈਣਾ ਚੰਗਾ ਸਮਝਦੇ ਸਨ, ਕਿਉਂਕਿ ਰਾਜਿਆਂ ਦੀ ਸੁਲਹ ਤਾਂ ਸਮੇਂ ਦਾ ਨਿਬਾਹ ਹੁੰਦਾ ਹੈ, ਉਹਨਾਂ ਦੀ ਸੁਲਹ ਵਧੇ ਪ੍ਰੇਮ ਨਹੀਂ ਹੋਇਆ। ਭੰਗਾਣੀ ਤੇ ਜੇ ਕੋਈ ਅਹਿਦ ਹੋਇਆ ਤਾਂ ਬਲ ਪਾਕੇ ਰਾਜਿਆਂ ਦਾ ਤੋੜਨਾ ਮਾਮੂਲੀ ਗਲ ਸੀ। ਅਨੰਦਪੁਰ ਔਪੜਕੇ ਹੋਈ ਦੱਸੀ ਜਾ ਰਹੀ ਸੁਲਹ ਦੇ ਬਾਦ, ਨਾਦੌਣ ਜੁੱਧ ਵਿਚ ਅਮਲੀ ਮਦਦ ਲੈ ਚੁਕਣ ਦੇ ਬਾਵਜੂਦ, ਹੁਸੈਨ ਖਾਂ ਦੇ ਹੱਲੇ ਵੇਲੇ ਰਾਜੇ ਗੁਰੂ ਜੀ ਦੇ ਵਿਰੁੱਧ ਹੁਸੈਨ ਨਾਲ ਰਲ ਗਏ ਸਨ। ਸੋ ਜੇ ਕੋਈ ਅਹਿਦ ਭੰਗਾਣੀ ਹੋਇਆ ਤਾਂ ਬਾਵਜੂਦ ਉਸ ਦੇ ਹੋਣ ਦੇ ਗੁਰੂ ਜੀ ਦਾ ਛੇਤੀ ਤੋਂ ਛੇਤੀ ਅਨੰਦ ਪੁਰ ਔਪੜਨਾ ਇਸ ਗੱਲ ਦੀ ਦਲੀਲ ਹੈ ਕਿ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

ਜੁਤਿ ਨਿਜ ਸ਼ਬਦ ਪਸਾਰਾ॥੨॥ ਗਿਰ ਗਿਰ ਮਹਿ ਪ੍ਰਤਿ ਧੁਨਿ[1] ਉਠੀ ਕੰਪੇ ਗਿਰਨਾਥਾ।"ਗੁਰੂ ਛੁਟਾਇ ਨ ਰਾਜ ਕੌ"[2] ਇਮ ਡਰ ਕੇ ਸਾਥਾ। ਜਿਤ ਕਿਤ ਤੈ ਪਠਿ ਨਰਨਿ ਕੌ ਸੁਧਿ ਸਭਿਨਿ ਮੰਗਾਈ। 'ਆਨੰਦਪੁਰ ਕੌ ਕੂਚ ਕਰਿ ਗਮਨੇ ਗੋਸਾਈਂ'॥੩॥ਸੁਪਤੇ ਸੁਖ ਕੀ ਨੀਂਦ[3] ਸਭਿ ਨਤੁ ਡਰਹਿ ਬਿਸਾਲਾ।

---

[1]ਮੁੜਵੀਂ ਧੁਨਿ, ਗੂੰਜ। [2]ਕਿਤੇ ਖੋਹ ਨਾ ਲੈਣ ਰਾਜ ਨੂੰ। [3](ਰਾਜੇ) ਸੁਖ ਦੀ ਨੀਂਦ ਸੁੱਤੇ।

[4][illegible] (ਜਿਸਦੇ ਪੱਤੇ ਦੀ ਕਾਲੀ ਰੁਤ)

ਕਾਗਜ਼ਾਂ ਤੇ ਯਾ ਜ਼ਬਾਨੀ ਪ੍ਰਾਪਤ ਕੀਤੇ ਜਿੱਤੇ ਦੇ ਫਲ ਨੂੰ ਆਪਣੇ ਬਾਹੂ ਬਲ ਨਾਲ ਅਮਲੀ ਤੌਰ ਤੇ ਕਬਜ਼ੇ ਵਿਚ ਲੈ ਆਵੀਏ, ਉਸ ਤੋਂ ਪਹਿਲਾਂ ਕਿ ਦੁਸ਼ਮਨ (ਜੇ ਅਹਿਦ ਤੇ ਕਾਇਮ ਨਾ ਰਹੇ ਤਾਂ) ਕੋਈ ਰੋਕ ਪੇਸ਼ ਕਰ ਸਕੇ ਤੇ ਮੁੜ ਨਵਾਂ ਜੰਗ ਰਚਾਕੇ ਅਹਿਦ ਨੂੰ ਮਨਾਉਣਾ ਪਵੇ। ਜ਼ੁਬਾਨੀ ਤੇ ਲਿਖਤਾਂ ਦੇ ਹੁੰਦਿਆਂ ਸੁੰਦਿਆਂ ਬੀ ਹੱਥਾਂ ਦਾ ਕਬਜ਼ਾ ਅਸਲੀ ਕਬਜ਼ਾ ਹੁੰਦਾ ਹੈ। ਸੋ ਬੁੱਟੇ ਸ਼ਾਹ ਦਾ ਇਹ ਲਿਖਣਾ ਕਿ ਗੁਰੂ ਜੀ ਰਾਜਿਆਂ ਦੇ ਘਰੀਂ ਅੱਪੜਨ ਤੋਂ ਪਹਿਲਾਂ ਅਨੰਦਪੁਰ ਪੁੱਜ ਗਏ, ਇਸ ਗੱਲ ਦਾ ਕੋਈ ਕਮਾਹੱਕਾ ਸਬੂਤ ਨਹੀਂ ਕਿ ਭੰਗਾਣੀ ਜੁੱਧ ਪਰ ਸੁਲਹ ਯਾ ਅਹਿਦ ਕੋਈ ਨਹੀਂ ਹੋਇਆ।

ਜੋ ਸੁਲਹ ਪੂਜਾ ਪਰ ਧੱਕੇ ਧੋੜੇ ਕਰਕੇ ਪ੍ਰਾਪਤ ਕੀਤੀ ਗਈ ਲਿਖੀ ਹੈ, ਉਸ ਨੂੰ ਗੁਰੂ ਜੀ ਦਾ ਬਲਵਾਨ ਹੋਣਾ ਸਮਝਣਾ ਤੇ ਜੋ ਅਨੇਕ ਰਾਜਿਆਂ ਦੀ ਤੇ ਮਿਲਵੀਂ ਫੌਜ ਨੂੰ ਸ਼ਿਕਸਤ-ਫਾਸ਼ ਦੇਕੇ ਪ੍ਰਾਪਤ ਕੀਤੀ ਗਈ ਹੋਵੇ ਉਸ ਨੂੰ ਇਹ ਸਮਝਣਾ ਕਿ ਇਸ ਨਾਲ ਗੁਰੂ ਜੀ ਦੇ ਬਲਵਾਨ ਹੋਣ ਵਿਚ ਕੁਛ ਕਮੀ ਹੁੰਦੀ ਹੈ, ਠੀਕ ਨਹੀਂ।

ਅੱਗੇ ਚੱਲਕੇ ਨਾਹਨੇਸ਼ ਨਾਲ ਕੁਛ ਨਾਰਾਜ਼ਗੀ ਦਾ ਜ਼ਿਕਰ ਹੈ, ਇਹ ਬੀ ਖੋਜ ਤਲਬ ਬਾਤ ਹੈ। ਕਿਉਂਕਿ ਚਮਕੌਰ ਦੇ ਘਮਸਾਨ ਤੋਂ ਪਹਿਲੀ ਰਾਤ ਜਦ ਗੁਰੂ ਜੀ ਅਨੰਦ ਪੁਰਿਓਂ ਨਿਕਲੇ ਹਨ ਤਾਂ ਗੁਲਾਬ ਰਾਇ ਸ਼ਾਮ ਸਿੰਘ ਆਪਣੇ ਨਿਕਟੀ ਸੰਬੰਧੀਆਂ ਨੂੰ ਪੱਤ੍ਰਕਾ ਦੇਕੇ ਰਾਜੇ ਨਾਹਨ ਵਲ ਟੋਰਿਆ ਹੈ ਕਿ ਇਨ੍ਹਾਂ ਨੂੰ ਰੁਪੱਯਾ ਦਿਓ ਤੇ ਗ੍ਰਾਮ ਗੁਜ਼ਾਰੇ ਵਾਸਤੇ ਦਿਓ। ਜੇ ਨਾਹਨ-ਨਾਲ ਸ਼ਾਇ ਸਲੂਕ ਵਾਲੇ ਤਅੱਲਕਾਤ ਜਾਰੀ ਨਾ ਹੁੰਦੇ ਤਾਂ ਆਪਣੇ ਭਰਾਵਾਂ ਦੀ ਸਲਾਮਤੀ, ਰੱਖਯਾ ਤੇ ਨਿਰਬਾਹ ਟੁਰਨ ਦਾ ਭਰੋਸਾ ਨਾਹਨ ਦੇ ਰਾਜੇ ਪਰ ਕੀਕੂੰ ਕਰਦੇ ? ਇਹ ਐਸਾ ਪੱਕਾ ਭਰੋਸਾ ਸੀ ਕਿ ਜਿਸ ਦਾ ਨਿਬਾਹ ਨਾਹਨੇਸ਼ ਨੇ ਪੂਰਾ ਕੀਤਾ ਹੈ। ਰਾਜੇ ਨੇ ਗਿਰੀ ਆਦਿ ਪਿੰਡ ਦੇਕੇ ਉਹਨਾਂ ਨੂੰ ਸਨਮਾਨ ਨਾਲ ਵਸਾਇਆ ਤੇ ਰਖਿਆ ਬੀ ਕੀਤੀ। ਦੇਖੋ ਰੁਤ ੬ ਅੰਸੂ ੨੨ ਅੰਕ ੧ ਤੋਂ ਚਾਰ। ਨਾਹਨੇਸ਼ ਨੂੰ ਕੁਛ ਲਾਭ ਪੁੱਜਾ ਹੀ ਹੈ ਤਾਂ ਹੀ ਉਸ ਦਾ ਸਲੂਕ ਐਸਾ ਚੰਗਾ ਰਿਹਾ ਹੈ। ਜਿਸ ਜਗ੍ਹਾ ਗੁਰੂ ਜੀ ੧੩ ਦਿਨ ਅਟਕੇ ਹਨ, ਉਥੇ ਗੁਰਦੁਆਰਾ ਹੈ 'ਟੋਕਾ ਸਾਹਿਬ', ਜੋ ਹੁਣ ਬੀ ਨਾਹਨ ਰਾਜ ਵਿਚ ਹੈ ਤੇ ਇਸ ਨਾਲ ਅਜੇ ਸੌ ਵਿਘਾ ਜ਼ਿਮੀਂ ਰਿਆਸਤ ਵਲੋਂ ਲਗੀ ਹੋਈ ਹੈ। ਇਹ ਬੀ ਸ਼ੁਭ ਤਅੱਲਕ ਦੀ ਨਿਸ਼ਾਨੀ ਹੈ।

ਚਢੇ ਪਾਂਵਟੇ ਨਗਰ ਤੇ ਇਸ ਰੀਤਿ ਕ੍ਰਿਪਾਲਾ। ਉਠੀ ਧੂਲ ਨਭ ਮਹਿਂ ਉਡੀ ਢਾਂਪਯੋ ਰਵਿ ਜਾਈ। ਛੁਟੇ ਤੜਾਕੇ ਤੁਪਕ ਕੇ ਬਡ ਸ਼ਬਦ ਉਠਾਈ। ੪ ॥ ਕੂਦਤ ਜਾਤਿ ਤੁਰੰਗ ਗਨ ਕਰਿ ਬੇਗ ਧਲਾਵੈਂ। ਪੈਰ ਪਰਹਿਂ[1] ਵਿਥ ਠੌਰ ਮਹਿਂ ਨਾਦਤਿ[2] ਮਗ ਜਾਵੈਂ। ਭਏ ਸਿੱਖਨ ਧਾਇਲ ਸੁਭਟ ਸੋ ਚਲਹਿਂ ਉਠਾਏ। ਗ੍ਰਾਮਨਿ ਕੇ ਨਰ ਬ੍ਰਿੰਦ ਹੀ ਸਿਰ ਧਰਿ ਗਮਨਾਏ ॥੫॥ ਖਾਨ ਪਾਨ ਕੀ ਸੁਧਿ ਸਕਲ ਭਾਖੀ[3] 'ਬਹੁ ਲੀਜੈ। ਬਾਂਛਤਿ ਇਨ ਕੋ ਨਿਸ ਦਿਵਸ ਹਾਜ਼ਰ ਕਰਿ ਦੀਜੈ॥ਅਲਪ ਸੈਲ ਕਛ ਪੰਥ ਮੈਂ ਕ੍ਰਮਕ੍ਰਮ ਉਲੰਘੇ ਕੈ। ਵਹਿਰ ਆਇ ਡੇਰਾ ਕਰਯੋ ਸੁਠ ਥਲ ਪਿਖਿ ਕੈ ਕੈ ॥ ੬ ॥ ਉਤਰੇ ਤਜਯੋ ਤੁਰੰਗ ਪ੍ਰਭੁ ਪਰਯੰਕ ਸੁਹਾਏ॥ਸ਼ਮਿਯਾਨੇ ਤੰਬੂ ਤਨੇ ਤਤਛਿਨ ਤਿਸ ਥਾਏਂ। ਤ੍ਰਿਨ ਦਾਨੇ ਕੋ ਲਯਾਇ ਕਰਿ ਕਰਿ ਤੁਰੰਗਨਿ ਦੀਨਾ॥ਦੇਗ ਦੀਰਘਾ ਤਯਾਰ ਭੀ ਗੁਰ ਅਚਵਨਿ ਕੀਨਾ ॥੭॥ ਖਾਨ ਪਾਨ ਕਰਿ ਸਕਲ ਦਲ ਸੁਖ ਤੇ ਸੁਪਤਾਏ॥ਨਿਸਾ ਬਿਖੈ ਬਿੱਸ੍ਰਾਮ ਤੇ ਸ੍ਰਮ ਦੀਹ[4] ਨਸਾਏ। ਅੰਮ੍ਰਿਤ ਵੇਲਾ ਜਾਗਿ ਕੈ ਕਰਿ ਸੌਚ ਸ਼ਨਾਨਾ। ਬਸਤ੍ਰ ਸ਼ਸਤ੍ਰ ਤਨ ਪਹਿਰ ਕੈ ਪ੍ਰਭੁ ਕੀਨਸਿ ਪਯਾਨਾ ॥ ੮ ॥ ਤਯਾਰ ਹੋਇ ਸਭਿ ਦਲ ਚਢਯੋ ਧੌਂਸਾ ਧੁੰਕਾਰੇ। 'ਮਾਰਗ ਪ੍ਰਸਥਾਨੇ ਪ੍ਰਭੂ' ਬਿਦਤਯੋ ਜਗ ਸਾਰੇ। ਸ਼ਹਿਰ ਸਢੌਰੇ ਨਿਕਟਿ ਕੌ ਆਗੈ ਜਬਿ ਚਾਲੇ। ਨਾਹਣ ਕੇ ਨ੍ਰਿਪ ਜਬਿ ਸੁਨਯੋਂ 'ਗੁਰ ਕੂਚ ਸੰਭਾਲੇ ॥ ੯ ॥ ਇਸਮ[5] ਅਨੰਦਪੁਰਿ ਅਪਨਿ ਕੌ ਕਰਿਹੈਂ ਤਹਿਂ ਬਾਸਾ। ਚਲੇ ਜਾਤਿ ਜੁਤਿ ਬਾਹਿਨੀ[6] ਸੁਨਿ ਮਿਦਨਪ੍ਰਕਾਸ਼[7]। ਤੂਰਨ ਪਠਯੋ ਵਕੀਲ ਕੌ ਕਹਿ ਸਭਿ ਸਮੁਝਾਈ। ਆਗੈ ਮਿਲਯੋ ਸੁ ਆਇ ਕਰਿ ਪਗ[8] ਗ੍ਰੀਵ ਨਿਵਾਈ ॥ ੧੦ ॥ ਹਾਥ ਜੋਰਿ ਬੋਲਤਿ ਭਯੋ 'ਨਾਹਿਣ ਕੇ ਰਾਜਾ[9]। ਪਠਯੋ ਸ਼ੀਘ੍ਰ ਢਿਗ ਆਪ ਕੇ ਸੁਨੀਅਹਿ ਮਹਾਰਾਜਾ। ਚਰਨ ਕਮਲ ਪਰ ਬੰਦਨਾ ਕਰ ਬੰਦਿ ਬਖਾਨੀ।– ਚਢੇ ਅਚਾਨਕ ਆਪ ਪ੍ਰਭੁ ਹਮ ਸੁਨਯੋਂ ਨ ਕਾਨੀ।੧੧॥ ਲਾਹਿੜਪੁਰਿ ਕੇ ਨਿਕਟਿ ਅਬਿ ਡੇਰਾ ਨਿਜ ਪਾਵੈ। ਮੈਂ ਆਵਹੁੰ ਦਰਸ਼ਨ ਕਰਨਿ ਪੁਨ ਅੱਗ੍ਰ ਸਿਧਾਵੈ। ਦਾਸ ਕਦੀਮੀ ਆਪ ਕੋ, ਡੇਰਾ ਅਬਿ ਕੀਜੈ॥ਅਪਨੋ ਸੇਵਕ ਜਾਨਿ

---

[1]ਕਦਮ (ਘੋੜਿਆਂ ਦੇ)। [2]ਸ਼ਬਦ ਕਰਦੇ। [3]ਗੁਰੂ ਜੀ ਨੇ ਕਹਿਆ। [4]ਬਹੁਤ ਥਕਾਨ। [5]ਜੋ ਪੂਰੇ ਹੱਕ ਮੂਜਬ ਆਪਣੀ ਹੋਵੈ। [ਅ:, ਇਸਮ=ਨਾਮ ਨਾਲ ਲੱਗੀਹੋਈ ਹੱਕ ਦੀ ਜਾਇਦਾਦ]। [6]ਸੈਨਾ। [7]ਮੇਦਨੀ ਪ੍ਰਕਾਸ਼ ਨਾਮ ਸੀ ਨਾਹਣ ਦੇ ਰਾਜੇ ਦਾ। [8]ਚਰਨਾਂ ਤੇ। [9]ਦੇ ਰਾਜਾ ਨੇ।

Sri Satguru Jagjit Singh Ji eLlibrary NamdhariElibrary@gmail.com

ਕਰਿ ਦਰਸ਼ਨ ਮੁਹਿ ਦੀਜੈ ॥ ੧੨ ॥ ਰਖਹੁ ਲਾਜ ਅਬਿ ਬਿਰਦ ਕੀ ਤੁਮ ਅੰਤਰਜਾਮੀ।ਮੈਂ ਸੇਵਕ ਤੁਮਰੀ ਸ਼ਰਨਿ ਸਭਿ ਘਟ ਕੇ ਸੁਆਮੀ।ਕਛੁ ਮਸਲਤ ਕਰਨੀ ਹਮਹਿ ਰਾਜਨ ਕੇ ਕਾਜੂ[1]। ਅਹੈ ਭਰੋਸਾ ਆਪ ਕੋ ਨਿਤ ਪ੍ਰਤਿ ਮਹਾਰਾਜੂ।।੧੩।।ਜਾਨਿ ਆਪਨੋਂ ਗੁਰੂ ਜੀ ਕਰੁਨਾ ਅਬਿ ਧਾਰੋ।ਇਕ ਦੁਇ ਦਿਵਸ ਨਿਵਾਸ ਕੈ ਮਿਸ ਖਿਲਨਿ ਸ਼ਿਕਾਰੋਂ[2]-'। ਸੁਨਿ ਬਿਨਤੀ ਪ੍ਰਭੁ ਨ੍ਰਿਪਤ ਕੀ ਨਿਜ ਸਿਵਰ ਉਤਾਰਾ।ਸੈਲ ਸਮੀਪ ਸਥਾਨ ਸ਼ੁਭਜਲ ਚਲਤਿ ਨਿਹਾਰਾ।।੧੪।।ਆਯੋ ਬੁੱਧੂਸ਼ਾਹਿ ਤਬਿ ਪ੍ਰਭੁ ਮਿਲਿਬੇ ਹੇਤ।ਉਤਰੇ ਨਿਕਟ ਹਕਾਰ ਕਰਿ ਬੈਠੇ ਕੁਲ ਕੇਤ੍ਰ[3]। ਜਿਤ ਕਿਤ ਛਾਯਾ ਦੇਖਿ ਕਰਿ ਉਤਰੇ ਬਰ ਬੀਰਾ। ਸੁੰਦਰ ਪਿਖਯੋ ਸਥਾਨ ਕੋ ਕਛੁ ਚਾਲਤਿ ਨੀਰਾ॥ ੧੫ ॥ ਤੰਬੂ ਸ਼ਮਿਯਾਨੇ ਤਨੇ ਕਰਿ ਖਾਨ ਰੁ ਪਾਨਾ।ਸੁਪਤਿ ਜਥਾ ਸੁਖ ਨਿਸਾ ਮਹਿ ਸ਼੍ਰਮ ਸਭਿ ਕੋ ਹਾਨਾ। ਅੰਮ੍ਰਿਤ ਵੇਲਾ ਜਾਗ ਕਰਿ ਗੁਰ ਸੌਚ ਸ਼ਨਾਨੇ।ਨੰਦ-ਚੰਦ ਸੋਂ ਤਬਿ ਪ੍ਰਭੁ ਇਮ ਬੈਨ ਬਖਾਨੇ।।੧੬।।'ਡੇਰਾ ਸਗਰੋ ਤੋਰੀਅਹਿ ਅਰੁ ਘਾਇਲ[4] ਜੇਤੇ। ਕਛੁ ਭਟ ਰਾਖੋ ਸੰਗ ਮਹਿ, ਸਭਿ ਚਲਹਿ ਅਗੇਤੇ।ਇਹਾਂ ਦੇਰ ਹਮ ਕੌ ਲਗਹਿ ਕੇਤਿਕ ਦਿਨ ਬਾਸਹਿ[5]। ਪਹੁੰਚਹਿ ਅਪਰ ਅਨੰਦ-ਪੁਰਿ ਬਿਤ ਲਹੈਂ ਅਵਾਸਹਿ[6] ॥ ੧੭ ॥ ਸੁਨਤਿ ਹੁਕਮ ਦੀਵਾਨ ਤਬਿ ਸਭਿਹੂੰਨਿ ਸੁਨਾਯਾ। ਕਹਿ ਤਯਾਰੀ ਕਰਿ ਸਿਵਰ ਕੀ ਤਤਕਾਲ ਚਲਾਯਾ। ਮਾਤੁਲ ਪ੍ਰਭੁ ਕ੍ਰਿਪਾਲ ਕੌ[7] ਸੌਂਪਯੋ ਸਭਿ ਡੇਰਾ।'ਮਗ ਮਹਿ ਅਰ ਪੁਰਿ ਪਹੁੰਚ ਕਰਿ ਪ੍ਰਤਿਪਾਲ ਬਡੇਰਾ ।।੧੮।। ਜਥਾ ਜੋਗ ਸਭਿਹੂੰਨ ਕੀ ਸੁਧ ਨਿਤਪ੍ਰਤਿ ਲੀਜੈ। ਘਾਇਲ ਨਿਕਟ ਜਰਾਹੁ[8] ਕੌ ਸੁਧ ਹੇਤੁ ਪਠੀਜੈ। ਤੁਮ ਸਯਾਨੇ ਸਭਿ ਜਗਤ ਮਹਿ ਮਗ ਚਲੀਅਹਿ ਥੋਰਾ।ਜਿਸ ਤੇ ਬਹੁ ਸ਼੍ਰਮ ਪਾਇ ਨਹਿ ਨਹਿ ਆਤਪ ਜੋਰਾ[9]'।।੧੯।। ਸੁਨਿ ਭਗਨੀਸੁਤ[10] ਹੁਕਮ ਕੋ ਹੁਇ ਤਯਾਰ ਪਯਾਨਾ। ਸਗਰੋ ਸਿਵਰ ਸੰਭਾਰਿ ਕੈ ਸੁਧ ਹਿਤ ਸਵਧਾਨਾ। ਸਨੇ ਸਨੇ ਮਾਰਗ ਪਰਯੋ ਮਗ ਅਲਪ ਚਲੰਤਾ। ਉਤਰਹਿ ਹਿਤ ਬਿਸਰਾਮ ਕੇ ਸੁਧ ਸਭਿਨਿ ਲਹੰਤਾ ।।੨੦।। ਖਾਨ ਪਾਨ ਪੋਖਨਿ ਕਰਹਿ ਦਿਨ ਹੋਤਿ ਪਯਾਨੇ। ਕ੍ਰਮ ਕ੍ਰਮ ਕਰਿ ਮਗ ਉਲੰਘ ਕਰਿ ਪਹੁੰਚੇ ਨਿਜ ਥਾਨੇ। ਜਥਾ ਜੋਗ ਕਹਿ

[1]ਰਾਜਸੀ (ਜਾ ਰਾਜਿਆਂ ਦੇ) ਕਾਰਜਾਂ ਲਈ ਕੁਛ ਸਲਾਹ ਕਰਨੀ ਹੈ। [2]ਸ਼ਿਕਾਰ ਖੇਡਣ ਦੇ ਬਹਾਨੇ। [3](ਸੋਢੀ)ਕੁਲਕੇਤ ਭਾਵ ਗੁਰੂ ਜੀ। [4]ਜ਼ਖਮੀ। [5]ਵੱਸਾਂਗੇ। [6]ਘਰਾਂ ਵਿੱਚ। [7]ਗੁਰੂ ਜੀ ਨੇ ਮਾਮਾ ਕ੍ਰਿਪਾਲ ਜੀ ਨੂੰ। [8]ਮੱਲ੍ਹਮ ਪੱਟੀ ਲਾਉਣ ਵਾਲੇ। [9]ਧੁੱਪ ਦਾ ਜ਼ੋਰ ਨਾਂ (ਸਤਾਵੇ)। [10]ਭੈਣ ਦੇ ਪੁੱਤ੍ਰ ਭਾਵ ਗੁਰੂ ਜੀ।

Sri Satguru Jagjit Singh Ji eLlibrary NamdhariElibrary@gmail.com

ਸਭਿਨਿ ਕੌ ਕਰਿਵਾਇ ਡੇਰੇ। ਨਿਤਪ੍ਰਤਿ ਲੇ ਸੁਧਿ ਸਭਿਨਿ ਕੀ ਦੇ ਅਨੰਦ ਘਨੇਰੇ ॥੨੧॥ ਸੁਨੌ ਗੁਰੂ ਕੀ ਬਾਰਤਾ ਤਹਿਂ ਚਢੈਂ ਅਖੇਰ। ਮਨ ਭਾਵਤਿ ਕਾਨਨ ਫਿਰੈਂ ਸੁੰਦਰ ਥਲ ਹੇਰ। ਅਨਿਕ ਮ੍ਰਿਗਨ, ਖ਼ੂੰਖਾਰ ਬਡ ਗਨ ਸਮੇ ਪ੍ਰਹਾਰੇ। ਰਾਜਰਿਖੀ ਸਮ ਸਤਿਗੁਰੂ ਨਿਜ ਧਰਮ ਸੰਭਾਰੇ ॥ ੨੨ ॥ ਆਤਪ ਤੀਛਨ ਜਬਿ ਭਈ ਹਟਿ ਆਇਂ ਸੁ ਡੇਰੇ।ਬਿਸਰਾਮੇ ਕਰਿ ਖਾਨ ਕੌ ਤਿਮ ਸੁਭਟ ਘਨੇਰੇ। ਤ੍ਰਿਤੀ ਪਹਿਰ ਸੁੱਖਾ ਛਕਹਿਂ* ਪੁਨ ਸੌਚਹਿ ਧਾਰਹਿਂ। ਕਰਿ ਸ਼ਨਾਨ ਤਿਹ ਸਮੈ ਕੋ ਬੈਠਹਿ ਪਰਵਾਰਹਿਂ ॥ ੨੩ ॥ ਲਗਤਿ ਸਭਾ ਸਭਿ ਸੁਭਟ ਕੀ ਸੰਗਤਿ ਜੋ ਆਵੈ। ਦਰਸਹਿ ਧਰਿ ਕੈ† ਕਾਮਨਾ ਬਾਂਛਤਿ ਮਨ ਪਾਵੈਂ।ਨਿਤਪ੍ਰਤਿ ਨਾਹਨਪਤੀ ਕੌ ਤਬਿ ਦੂਤ ਸੁ ਆਵੈ।'ਰਾਜਾ ਹਮਰੋ ਮਹਾਰਾਜ!ਬੰਦਨ ਕੌ ਗਾਵੈ॥੨੪॥ਐਬੇ ਕੌ ਹੁਇ ਤਯਾਰ ਜਬਿ ਕਾਰਜ ਪਰਿ ਜਾਈ। ਪਹੁੰਚੈ ਗੋ ਉਰ ਭਾਵ ਧਰਿ ਰਾਵਰਿ ਸ਼ਰਨਾਈ'। ਇਮ ਕਹਿ ਕਰਿ ਬਹੁਭਾਂਤਿਕੈ ਪੁਨ ਨਾਹਨ ਜਾਵੈ।ਸ਼ੰਕੈ[1]ਮੇਦਨਿ ਪ੍ਰਕਾਸ਼ਬਹੁ ਨਹਿਂਮਿਲਿਬੇ ਆਵੈ ॥੨੫॥—ਫਤੇਸ਼ਾਹਿ ਤੇ ਆਦਿ ਇਤ ਗੁਰ ਦ੍ਰੋਹੀ ਸਾਰੇ। ਭੀਮਚੰਦ ਤੇ ਆਦਿ ਉਤ ਬੈਰੀ ਰਿਸ ਧਾਰੇ।ਮੈਂ ਏਕਲ ਗੁਰ ਸੋਂ ਮਿਲੋਂ ਬਿਦਤੈ ਸਭਿ ਮਾਂਹੀ। ਸੁਨਿ ਦ੍ਵੈਸ਼ੀ ਮਮ ਹੋਹਿਂਗੇ ਛਾਨੀ ਰਹਿ ਨਾਂਹੀ॥੨੬॥ਜੇ ਨ ਮਿਲੋਂ ਅਬਿ ਜਾਇ ਕੈ ਟੂਟਹਿ ਗੁਰ ਪ੍ਰੀਤੀ—। ਇੱਤਯਾਦਿਕ ਸੰਸਾ ਕਰਹਿ ਮਤਿ ਹੁਇ ਨ ਅਭੀਤੀ[2]।ਆਜ ਕਾਲ ਕਰਤੇ ਤਿਸੈ ਦ੍ਵਾਦਸ਼ ਦਿਨ ਬੀਤੇ।ਕਹਿ ਕਹਿ ਥਿਨੈ ਪਠਾਵਨੋ ਮਨ ਹੁਇ ਬਿਪਰੀਤੇ॥੨੭॥ਬੂਝੇ ਨਿਜ ਪਰਧਾਨ ਸਭਿ'ਮੈਂ ਕਰਿ-ਹੋਂ ਕੈਸੇ।ਦੁਹਿ ਦਿਸ਼ਿ ਤੇ ਰਸ ਕੋ ਰਖਹਿ ਕਰੀਅਹਿ ਕੁਛ ਐਸੇ'।ਤਬਿ ਸਮੁ-ਝਾਯੋ ਡਰਤਿ ਉਰ 'ਤੁਮ ਮਿਲੋਂ ਨ ਜਾਈ।ਪਠਹੁ ਦਿਵਾਨ ਜੁ ਆਪਨੋ ਭੇਟੈਂ ਸਮੁਦਾਈ[3]॥੨੮॥ਨਤੁ ਰਾਜੇ ਗਿਰਪਤਿ ਸਕਲ ਤੁਝ ਕੌ ਰਿਪੁ ਜਾਨੈਂ।ਕਾਰ-ਜ ਦੋਹਿਂ ਬਿਗਾਰਕਰਿ ਲਰਿਕੈ ਰਣ ਹਾਨੈਂ।ਸਭਿ ਭ੍ਰਾਤਨ ਤੇ ਤੂਟਿਬੋ ਤੁਝ ਨਹਿਂ ਬਨਿ ਆਵੈ।ਜਥਾ ਬਿਦੇਸ਼ੀ ਗੁਰੂ ਇਮ ਜਿਤ ਕਿਤ ਚਢਿ ਜਾਵੈ[4]'। ੨੯॥ਇਮ ਸੁਨਿ ਕੈ ਮੰਤ੍ਰੀਨ ਤੇ ਮਸਲਤ ਠਹਿਰਾਈ।ਪਠਿ ਵਕੀਲ ਸਤਿ-

---

[1]ਤ੍ਰਾਂਵ ਆਲੇ ਦੁਆਲੇ ਸੰਗਤਾਂ ਦੇ ਵਿਚਕਾਰ। [2](ਦੂਤ) ਚਲਾ ਜਾਂਦਾ ਹੈ। [3]ਸੰਗਦਾ ਹੈ। [4]ਬੁੱਧੀ ਬਿਨਾ ਡਰ ਦੇ ਨਹੀਂ ਹੁੰਦੀ। [5]ਸਾਰੀਆਂ ਭੇਟਾਂ ਜਾ ਦੇਵੇ। [6]ਜਿਵੇਂ ਬਿਦੇਸ਼ੀ ਹੁੰਦਾ ਹੈ ਗੁਰੂ ਤਿਵੇਂ ਹੈ ਜਿਧਰ ਕਿਧਰ (ਜੀ ਕੀਤਾ) ਤੁਰ ਪਏ। *ਦੇਖੋ ਰਾਸ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਤੁਕ। †ਪਾ:—ਪਰਸੈ।

Sri Satguru Jagjit Singh Ji eLlibrary     NamdhariElibrary@gmail.com

ਗੁਰੂ ਢਿਗ ਨਿਜ ਬਾਤ ਸੁਨਾਈ।ਸੁਨਕਿਛੁਰਿਸ ਧਰਿ ਪ੍ਰਭੁ ਭਨਯੋਂ 'ਗੀਦੀ ਇਮ ਹੋਵਾ।ਹਮ ਕੋ ਛਿਤ੍ਰ ਡਹਿਰਾਇ ਕਰਿ ਪਾਛੈ ਡਰ ਜੇਵਾ ॥੨੦॥ ਨਹਿ ਮੇਲਹਿ ਪਰਧਾਨ[1] ਕੋ, ਕਹੁ ਇਤਹੁੰ ਨ ਆਵੈ। ਪਠਹਿ ਜਿ ਲੂਟਹਿ ਸੁਭਟ ਮਮ ਨਹਿ ਕੋ ਅਟਕਾਵੈ'।ਬਰਜ ਪਠੇ ਸੁਨਿ–ਭੀਰੁ ਨ੍ਰਿਪ[2], ਨਹਿ ਧੀਰਜ ਰਾਖੀ।ਸ਼ੰਕਯੋ ਅਪਰਨਿ ਨ੍ਰਿਪਨਿ ਤੇ ਨਹਿ ਦਰਸ ਭਿਲਾਖੀ–॥੨੧॥ਅਲਪ ਗ੍ਰਾਮ ਤਹਿ ਦ੍ਵੈ ਬਸਹਿ ਜਿਹ ਠਾਂ ਗੁਰ ਡੇਰਾ। ਇਕ ਮਹਿ ਰੰਘਰ ਰਹਿਤ ਹੈਂ ਇਕ ਫਕਰਨ ਕੇਰਾ।ਬਨ ਕਰਿ ਤਸਕਰ ਉਸ਼ਟ ਦ੍ਵੈ ਪ੍ਰਭੁ ਕੇਰ ਚੁਰਾਏ।ਨਰ ਤਬਿ ਦੋਨਹੁਂ ਗ੍ਰਾਮ ਕੇ ਗੁਰ ਨਿਕਟ ਬੁਲਾਏ॥੨੨॥'ਜੇ ਤੁਮ ਨੇ ਉਸ਼ਟਰ ਲੀਏ ਦੀਜੈ ਅਬਿ ਫੇਰੇ।ਖੋਜਹੁ ਅਪਨੇ ਗ੍ਰਾਮ ਕੋ ਹੁਇ ਚੋਰ ਬਡੇਰੇ[3]'। ਹਾਥ ਜੋਰਿ ਬੋਲੇ ਤਬੈ 'ਤਿਭ ਨਹੀਂ ਚੁਰਾਏ।ਅਪਰ ਚੋਰ* ਕੋ ਲੇ ਗਯੋ ਹਮ ਨਹਿ ਦ੍ਰਿਸ਼-ਟਾਏ[4]' ॥੨੩॥ ਜੁਦੇ ਜੁਦੇ ਕਰਿ ਤਿਨਹੁ ਕੋ ਗੁਰ ਬੂਝਨਿ ਕੀਨੇ। ਨਹੀਂ ਬਤਾਵਹਿ ਅੰਧ ਮਤਿ ਬਡ ਕਪਟ ਪ੍ਰਬੀਨੇ।ਚਲੇ ਗਏ ਨਿਜ ਘਰਨ ਕੋ ਤਬਿ ਏਕ ਫਕੀਰਾ।ਅਪਨਿ ਸਮੀਪ ਹਕਾਰਿ ਕੈ ਬੋਲੇ ਗੁਰ ਧੀਰਾ॥੨੪॥'ਮਾਂਗਨ ਕੇ ਮਿਸ ਕਰਿ ਸਦਨ ਰੰਘ੍ਰਨ ਕੇ ਹੇਰੋ। ਉਸ਼ਟਰ ਖੋਜਹੁ ਜਾਇ ਕਰਿ ਆਵਹੁ ਬਿਨ ਦੇਰੋ'। ਸੁਨਿ ਕਰਿ ਤੂਰਨ ਤਬਿ ਗਯੋ ਭਿੱਛਾ ਹਿਤ ਲੈਬੇ। ਹੁਤੇ ਸ਼ੁਤਰ[5] ਤਹਿ ਬਰ ਗਯੋ ਜੁਗ[6] ਖਰੇ ਦਿਖੈਬੇ[7] ॥੨੫॥ ਆਇ ਫਕੀਰ ਬਤਾਇ ਦ੍ਰਿਧ 'ਜੁਗ ਉਸ਼ਟਰ ਨਾਂਹੇ। ਸ਼ੁਤਰ ਸਦਨ ਮਹਿ ਥਿਰ ਕਰੇ ਬਾਂਧੇ ਤਹਿ ਗਾਢੇ'। ਬਹੁਰੋ ਲੋਕ ਸੁ ਗ੍ਰਾਮ ਕੇ ਨਰ ਸਰਬ ਹਕਾਰੇ। ਤਸਕਰ ਰੰਘਰ ਜਾਨਿ ਕੈ ਗੁਰ ਬਾਕ ਉਚਾਰੇ॥੨੬॥ਨਾਮ ਧਰੇ ਦੁਇ ਗ੍ਰਾਮ ਕੇ ਇਕ 'ਸ਼ੁਭ' ਇਕ 'ਖੋਟਾ[8]'। 'ਫਕਰਨ ਕੋ 'ਲਾਹਾ' ਸਦਾ ਰੰਘ੍ਰਨ ਕੋ 'ਤੋਟਾ'। 'ਜਾਹੁ ਤੁਰਤ ਹੀ ਆਨੀਏ ਨਤੁ ਘਰ ਲੁਟ ਜੈਹੈਂ। ਕੂਟਨ ਤਸਕਰ ਤੁਮ ਸਕਲ ਨਾਂਹਿਤ ਗਹਿ ਲੈਹੈਂ[9]' ॥੨੭॥ ਰੰਘਰ ਡਰ ਧਾਰਿ ਉਰ ਬਿਖੈ ਤਤਛਿਨ ਲੇ ਆਏ। ਉਸ਼ਟਰ ਸੌਂਪੇ ਜੋਰਿ ਕਰ ਪੁਨਿ ਬਹੁ ਘਿਘਿਆਏ। ਅਬਿ ਲੌ ਦੋਨਹੁਂ ਗ੍ਰਾਮ ਕੋ ਨਾਮ ਸੁ ਬਿਦਤਾਯੋ। ਫਕਰਨ ਕੋ 'ਲਾਹਾ' ਘਨੋ† ਸਭਿਹਿਨਿ

---

[1]ਮਿਲਾਂਗੇ ਨਹੀਂ ਪਰਧਾਨ ਨੂੰ। [2](ਗਲ) ਸੁਣਕੇ ਵਰਜ ਭੇਜਿਆ (ਵਕੀਲ ਨੂੰ ਤੇ ਸਮਝ ਲਿਆ ਕਿ) ਰਾਜਾ ਕਾਇਰ ਹੈ......। [3]ਕੁਈ ਵੱਡਾ ਚੋਰ (ਤੁਹਾਡੇ ਵਿਚ ਹੀ) ਹੋਣਾ ਹੈ। [4]ਅਸੀਂ ਨਹੀਂ ਦੇਖੇ। [5]ਊਠ। [6]ਦੋ। [7]ਦੇਖੇ। [8](ਫਕੀਰਾਂ ਦਾ) ਸ਼ੁਭ ਤੇ (ਰੰਘਰਾਂ ਦਾ) ਖੋਟਾ। [9]ਹੇ ਕੁੱਟਣੋਂ ਤੁਸੀਂ ਸਾਰੇ ਚੋਰ ਹੋ (ਛੇਤੀ ਲਿਆਓ ਊਠ) ਨਹੀਂ ਤਾਂ ਫੜ ਲਵਾਂਗੇ ਸਭ ਨੂੰ।

*ਪਾ:–ਤੂਰ। †ਪਾ:–ਅਹੈ।

Sri Satguru Jagjit Singh Ji eLlibrary NamdhariElibrary@gmail.com

ਸੁਖ ਪਾਯੋ॥੩੮॥'ਟੋਟਾ'ਰੰਘਰਗ੍ਰਾਮਕੋ ਕਰਿ ਨਾਮਉਚਾਰੋ।ਦਾਰਿਦ ਜਿਨਕੁ ਘਰ ਬਿਖੈ ਹੁਇ ਅਲਪ ਅਹਾਰੋ। ਸਤਿਗੁਰ ਕੋ ਜਿਮ ਬਾਕ ਹੁਇ ਨਹਿਂ ਨਿਸ਼ਫਲ ਜਾਈ।ਰਹਯੋ ਰਵਨ ਪੁਰਿ ਅਨੰਦ[1]ਕੋ ਤਹਿਂਤੇ ਸੁਖਦਾਈ॥੩੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨਾਹਿਣੇਸ਼' ਪ੍ਰਸੰਗ ਬਰਨਨੰ ਨਾਮ ਤ੍ਰੈ ਤ੍ਰਿੰਸਤੀ ਅੰਸੂ ॥ ੩੩ ॥

## ੩੪. [ਰਾਇਪੁਰ ਦੀ ਰਾਣੀ]।

ਦੋਹਰਾ॥ਜਹਿਂ ਸਤਿਗੁਰ ਡੇਰਾ ਕਿਯੋ ਤ੍ਰੈਦਸ਼ ਦਿਵਸ ਟਿਕਾਇ। ਅਬਿ ਤਿਸ ਥਲ ਮਹਿ ਸਿੰਘ ਨਰ[2] ਜਾਗਾ ਲਈ ਬਨਾਇ॥ ੧ ॥ ਨਿਸਾਨੀ ਛੰਦ॥ ਅਬਿ ਗੁਰ ਜਾਗਾ ਨਾਮ ਕੋ ਭਾਖਤਿ ਹੈਂ 'ਟੋਕਾ[3]'। ਸਿੰਘਨਿ ਤੇ ਹਮ ਸ਼੍ਰੋਨ ਸੁਨ ਨਹਿ ਆਂਖ ਬਿਲੋਕਾ। ਭਈ ਪ੍ਰਾਤਿ ਸਤਿਗੁਰ ਚਢੇ ਬਜਿ ਉਠਯੋ ਨਗਾਰਾ। ਸੈਨਾ ਤਯਾਰਅਰੂਢਿ ਹਯ ਧਰਿ ਸ਼ਸਤ੍ਰ ਦੁਧਾਰਾ॥੨॥ਥਰਹਰਿ ਕੰਪਹਿ ਗ੍ਰਾਮ ਪੁਰਿ ਸੁਨਿ ਮਾਰ ਬਕਾਰਾ।ਪਰਹਿ ਧੂਮ ਦਲ ਚਲਨਿ ਕੀ ਮਿਲਵਤਿ ਸਿਰਦਾਰਾ। ਭੇਟ ਦੇਤਿ ਬਹੁ ਭਾਂਤਿ ਕੀ ਮੁਖ ਬਿਨੈ ਬਖਾਨੈਂ। ਅਭੈ ਦਾਨ ਤਿਹ ਦੇਤਿ ਪ੍ਰਭੁ ਨਹਿ ਚਿੰਤਾ ਠਾਨੈਂ॥੩॥ਦਧੀ ਦੁਗਧ ਬਹੁ ਦੇ ਮਿਲੈਂ ਸ੍ਰੀ ਪ੍ਰਭੁ ਮੁਖ ਦੇਖੈਂ।–ਰਘੁਬਰ ਤਨੁ ਸ੍ਰੀ ਕ੍ਰਿਸ਼ਨ ਇਹ–ਮਤਵੰਤ ਪਰੇਖੈਂ। ਲਖਹਿ ਸਫਲਤਾ ਹੇਰਿ ਕੈ ਲੈ ਲਾਭ ਸੁ ਨੈਨਾ। ਜਨੁ ਸਕੇਲਿਕੈ ਸੌਂਦਰਜ ਰਚਿ ਬਿਧ ਸੁਖ ਦੈਨਾ[4]॥੪॥ ਇਕ ਰਾਣੀ ਕੋ ਰਾਇ ਪੁਰਿ ਗ੍ਰਾਮਹਿ ਕੋ ਨਾਮੂ। ਕਰਤਿ ਰਾਜ ਰਾਨੀ ਤਹਾਂ ਸੁਤ ਜਿਸ ਅਭਿਰਾਮੂ। ਆਨਦਪੁਰਿ ਕੇ ਪੰਥ ਮੈਂ ਚਲਤਕੇ ਨਿਯਰਾਵਾ।ਸੁਨਿ ਸਤਿਗੁਰਆਗਵਨ ਕੋ ਤਿਨਮੋਦ ਬਢਾਵਾ॥੫॥ [5]'ਪੁਰਵਤਿ ਹੈਂਮਨ ਕਾਮਨਾ।ਪਿਖਿ ਸ਼ਰਧਾ ਧਾਰੀ।ਕਰਹਿ ਭਾਵ ਸਭਿ ਰਿਦੈ ਕੋ ਦੇਂ ਸਭਿ ਸੁਖ ਭਾਰੀ'।ਇੱਤਯਾਦਿਕ ਜਸੁ ਸ਼੍ਰੋਨਸੁਨਿ'ਦਲਸੰਗ ਘਨੇਰਾ। ਹਰਹਿ, ਦੇਹਿਂ[6] ਛਿਤ ਰਾਜ ਕੋ, ਸਮਰੱਥ ਬਡੇਰਾ[7]' ॥ ੬॥ ਨਿਕਸੀ ਬਾਹਿਰ ਮਗ ਜਹਾਂ ਹੁਇ ਖਰੀ ਅਗਾਰੀ। ਕਲਗ਼ੀਧਰ ਆਵਤਿ ਪਿਖੇ ਹਯ ਕੀ ਅਸਵਾਰੀ।ਗ੍ਰੀਵ ਨੀਵ ਕਰਿ ਜੋਰਿ ਕਰ ਆਈ ਜਬਿ ਨੇਰੇ।ਖਰੇ ਭਏ ਪਿਖਿ ਭਾਵ ਕੋ ਜਨ ਬਸੀ ਬਡੇਰੇ' ॥ ੭ ॥ ਬਿਚ ਰਕਾਬ ਕੇ ਪਗ ਕਮਲ[8] ਸਿਰ

---

[1]ਅਨੰਦ ਪੁਰ ਨੂੰ। [2]ਸਿੰਘਾਂ ਨੇ। [3]ਟੋਕਾ ਸਾਹਿਬ ਨਾਮੇ ਗੁਰਦਵਾਰਾ ਨਾਹਨ ਰਾਜ ਵਿਚ ਅਜੇ ਭੀ ਹੈ। [4]ਜਾਣੋ ਇਕੱਠੀ ਕਰਕੇ ਸੁੰਦਰਤਾਈ ਬਿਧਾਤਾ ਨੇ ਸੁਖਦਾਤਾ (ਗੁਰੂ ਜੀ ਦਾ ਸਰੀਰ) ਰਚਿਆ ਹੈ। [5]ਇਹ ਖਾਤਰ ਸੁਣੀ ਕਿ......। [6]ਹਰ ਸਕਦੇ ਤੇ ਦੇ ਸਕਦੇ ਹਨ। [7]ਜੋ ਬਹੁਤ ਹੀ ਦਾਸਾਂ ਦੇ ਅਧੀਨ ਹਨ। [8]ਚਰਨਾਂ ਕਮਲਾਂ ਤੇ।

ਤਾਂਹਿ ਟਿਕਾਵਾ॥ਹਾਥਨਿ ਸਾਥ ਸਪਰਸ਼ ਕਰ ਦ੍ਰਿਗ ਮੁਖ ਪਰ ਲਾਵਾ। 'ਮੈਂ ਸੇਵਕਨੀ ਹੇ ਪ੍ਰਭੋ! ਨਿਜ ਕਰੁਨਾ ਕੀਜੈ। ਉਤਰਿ ਲਗਾਵੋ ਸਿਵਰ ਨਿਜ ਮਮ ਭਾਵ[1] ਪੁਰੀਜੈ ॥ ੮ ॥ ਜਥਾ ਸ਼ਕਤਿ ਸੇਵਾ ਕਰੌਂ ਸ਼ਰਧਾ ਉਰ ਮੇਰੇ। ਕਦਮ ਪਦਮ ਨਿਜ ਸਦਮ ਮਹਿਂ[2]ਫੇਰੋ ਮੁਖ ਹੇਰੇ।ਨਿਸਾ ਬਸੋ, ਸੁਤ ਅਲਪ ਬਧ ਤੁਮ ਚਰਨੀ ਲਾਵਹੁ ।—ਚਲਹਿ ਬੰਸ ਨਿਜ ਜਗਤ ਮਹਿ—ਸੁਖ ਜੁੱਤ ਬਰ ਪਾਵਹੁ' ॥੯॥ ਹੇਰਿ ਪ੍ਰੇਮ ਰਾਣੀ ਰਿਦੈ ਮਾਨਕੇ, 'ਹੁਇ ਡੇਰਾ'। ਹੁਕਮ ਦਯੋ, ਉਤਰੇ ਪ੍ਰਭੂ,ਪਿਖਿ ਥਾਨ ਅਛੇਰਾ।ਤੰਬੂ ਸ਼ਮਿਯਾਨੇ ਤਨੇ ਹਯ ਲੈਨ[3] ਲਗਾਏ।ਜਹਿਂ ਕਹਿਂ ਸਿੱਖਨਿ ਸੁਭਟ ਗਨ ਬ੍ਰਿੱਸਾਮ ਸੁ ਪਾਏ॥ ੧੦॥ ਰਾਣੀ ਅੰਤਰਜਾਇ ਕਰਿ ਪਠਿ ਕਰਿ ਤ੍ਰਿਣ ਦਾਨਾ॥ਸੇਵਾਕਰਿ ਸਭਿ ਭਾਂਤਿ ਕੀ ਘ੍ਰਿਤ ਬਹੁ ਮਿਸ਼ਟਾਨਾ। ਸੂਖਮ ਚਾਵਰ ਚੂਨ ਬਹੁ ਦੀਨਸਿ ਮਨ ਭਾਏ। ਸਭਿ ਦਲ ਲੇ ਕਰਿ ਅਸਨ ਕਿਯ ਬਿੰਜਨ ਸ਼ੁਭ ਖਾਏ॥੧੧॥ਬਹੁਰ ਪਠੇ ਨਿਜ ਮਨੁਜ ਤਬਿ ਬਿਨਤੀ ਇਮ ਗਾਈ।'ਅੰਤਰ ਆਵਹਿ ਪ੍ਰਤਿ ਕੋ ਲੇ ਸਿਖ ਸਮੁਦਾਈ। ਅਚਹਿਂ ਅਹਾਰਨਿ ਬੈਠਿ ਕਰਿ ਹੁਇ ਭੌਨ ਪੁਨੀਤਾ। ਇਕ ਮੁਕਾਮ ਪ੍ਰਭੁ ਜੀ ਕਰਹਿ ਆਸਾ ਮੁਹਿ ਚੀਤਾ' ॥ ੧੨ ॥ ਸੁਪਤਿ ਜਥਾ ਸੁਖ ਸਭਿ ਭਏ ਕਰਿ ਖਾਨ ਰੁ ਪਾਨਾ॥ਨ੍ਰਿਪਨੀ[4] ਉਠਿ ਬਡ ਪ੍ਰੀਤਿਕੈ ਕਰਿਵਾਇ ਸ਼ਨਾਨਾ॥ਪੂਪ,ਤਿਹਾਵਲ, ਪੂਰਕਾਂ[5] ਰੁਚਿ ਸੋਂ ਕਰਿਵਾਏ।ਵੜੇ, ਕਚੌਰੀ, ਦਧਿ ਮਿਲਨ,ਪਾਇਸੁ[6] ਸਮੁਦਾਏ॥ ੧੩॥ ਘ੍ਰਿਤ ਭੁੰਚਤਿ[7] ਚਾਵਰ ਕਰੇ ਜੁਗ ਭਾਂਤਿ ਲੰਮੇਰੇ। ਮਧੁਰ ਸਲਵਣ ਪ੍ਰਕਾਰ ਕੇ ਸੂਖਮ ਬਹੁਤੇਰੇ। ਡਾਰਿ ਮਸਾਲੇ ਅਨਿਕ ਬਿਧਿ ਮੇਵੇ ਗਨ ਪਾਏ।ਸੂਪ[8] ਕਰੀ ਬਹੁ ਭਾਂਤਿ ਕੀ ਅਤਿ ਸ੍ਵਾਦ ਉਪਾਏ ॥ ੧੪ ॥ ਸੂਪਕਾਰ ਚਾਤੁਰ ਮਹਾਂ ਤਿਨ ਢਿਗ ਹੁਇ ਰਾਣੀ। ਰੀਤਿ ਬਤਾਵਤਿ ਅਨਿਕ ਬਿਧਿ ਬਡ ਸੁਮਤਿ ਸਯਾਣੀ। ਇਤ ਸਤਿਗੁਰ ਜਬਿ ਪ੍ਰਾਤਿ ਭੇ ਕਰਿ ਸੌਚ ਸ਼ਨਾਨਾ॥ਥਿਰੇ ਅਨੰਦਕੇ ਧਯਾਨ ਮਹਿਂ ਜਹਿ ਭੇਦ ਨ ਨਾਨਾ[9] ॥ ੧੫ ॥ ਗਾਇ ਰਬਾਬੀ ਵਾਰ ਕੋ ਧੁਨਿ ਅਧਿਕ ਸੁਹਾਵੈ॥ਬ੍ਰਿੰਦ ਰਾਗ ਅਰੁ ਰਾਗਨੀ ਹਰਖਾਇ ਸੁਨਾਵੈਂ।ਗੁਰਬਾਨੀ ਕੋ ਪਾਠ ਬਹੁ ਸਿਖ ਕਰੈਂ ਸੁਜਾਨਾ॥ਜਪੁਜੀ ਆਦਿਕ ਸੁਖਮਨੀ ਜਿਨ ਪੁੰਨ ਮਹਾਨਾ।

---

[1]ਮੇਰੀ ਭਾਵਨਾ। [2]ਆਪਣੇ ਘਰ ਵਿੱਚ। [3]ਕਤਾਰ। [4]ਰਾਣੀ। [5]ਪਰੀਆਂ। [6]ਖੀਰ। [7]ਘਿਉ ਵਿੱਚ ਭੁੰਨ ਕੇ। [8]ਰਸੋਈ। [9]ਜਿਸ ਪ੍ਰਭੂ ਵਿੱਚ ਨਾਨਾਪਨ ਦਾ ਭੇਦ ਨਹੀਂ।

Sri Satguru Jagjit Singh Ji eLlibrary NamdhariElibrary@gmail.com

॥ ੧੬ ॥ ਇਸ ਬਿਧਿ ਭਯੋ ਪ੍ਰਕਾਸ਼ ਦਿਨ ਧਰਿ ਧੀਰ ਸਰੀਰਾ। ਬਸਤ੍ਰ ਸਜੇ
ਸਭਿ ਅੰਗ ਮਹਿ ਪ੍ਰਭੁ ਗੁਨੀ ਗਹੀਰਾ। ਹੁਤੇ ਜੁ ਨਰ ਪਰਧਾਨ ਤਿਹ ਰਾਨੀ
ਸੁ ਪਠਾਏ। 'ਬਿਨਤੀ ਕਰਿ ਆਨੋ ਪ੍ਰਭੂ ਸਿਖ ਜੁਤਿ ਸਮੁਦਾਏ' ॥ ੧੭ ॥
ਗਏ[1] ਚੌਂਪ ਜੁਤਿ ਦਰਸ ਕਰਿ ਪਗ ਬੰਦਨ ਠਾਨੀ। 'ਮਹਾਰਾਜ [illegible]
ਪਰਤੀਖਤਿ ਰਾਨੀ। ਨਾਨਾ ਭੋਜਨ ਤਯਾਰ ਹੈਂ, ਕਰੁਨਾ ਅਬਿ ਕੀਜੈ।
ਦਾਸਨ ਕੀ ਆਸ਼ਾ ਪੁਰਹੁ, ਉਰ ਆਨੰਦ ਦੀਜੈ' ॥੧੮॥ ਉਠਿ ਕਰਿ ਗਮਨੇ
ਸ਼੍ਰੀ ਪ੍ਰਭੂ ਲੇ ਸਿਖ ਸਮੁਦਾਏ। ਦਯਾਰਾਮ ਨੰਦ ਚੰਦ ਕੋ ਤ੍ਰੈ ਭ੍ਰਾਤ ਬੁਲਾਏ।
ਨਾਮ ਮਾਹਿਰੀ ਚੰਦ ਜਿਸ ਅਰੁ ਗੰਗਾਰਾਮੰ। ਚੰਦਗੁਲਾਬ ਸੁ ਤੀਸਰੋ ਜਿਨ
ਤਨ ਅਭਿਰਾਮੰ ॥ ੧੯॥ ਇੱਤਯਾਦਿਕ ਸਭਿ ਸੰਗ ਲੇ ਗੁਰ ਦ੍ਵਾਰ ਪ੍ਰਵੇਸ਼ੇ।
ਉਠਿ ਰਾਨੀ ਆਗੇ ਅਈ ਹਿਤ ਮਾਨ ਵਿਸ਼ੇਸ਼ੇ। ਚਰਨ ਕਮਲ ਪਰ ਪੁੱਤ੍ਰ ਕੋ
ਸਿਰ[2] ਦੀਨਿ ਟਿਕਾਈ। ਪੁਨ ਅਭਿਬੰਦਨ ਆਪ ਕਰਿ ਪਿਖਿ ਮੁਖ ਹਰ-
ਖਾਈ ॥੨੦॥ ਫਰਸ਼ ਕਰੇ ਬਹੁ ਭਾਂਤਿ ਕੇ ਘਰ ਬਿਖੈ ਬਿਸਾਲਾ। ਇਕ
ਚੌਂਕੀ ਸੁੰਦਰ ਡਸੀ ਆਸਨ ਸ਼ੁਭ ਡਾਲਾ। ਕਰੇ ਬਿਨਤਨਿ ਕਹਿ ਪ੍ਰਭੂ
ਤਿਹ ਅਪਰ ਬਿਠਾਏ। ਹਿਤ ਅਹਾਰ ਚੌਂਕੀ ਦੂਤੀ ਡਾਸੀ ਅਗੁਵਾਏ॥੨੧॥
ਭੱਖ ਭੋਜ ਭੋਜਨਨਿ ਕੇ* ਲੇਹਜ ਅਰੁ ਚੋਸਾ[3]। ਨਿਕਟ ਬੈਠਿ ਰਾਨੀ ਤਬੈ
ਸ਼ੁਭ ਥਾਰ ਪਰੋਸਾ। ਦਿਜ ਤੇ ਸੋ ਉਚਰਵਾਇ ਕੈ ਆਨਯੋ ਤਤਕਾਲਾ। ਅੱਗ੍ਰ
ਧਰਯੋ ਸਤਿਗੁਰੂ ਕੇ ਧਰਿ ਭਾਉ ਬਿਸਾਲਾ ॥੨੨॥ ਸੁਖਕਾਰ ਕਰਿ ਸ਼੍ਰੀ ਪ੍ਰਭੂ
ਸਭਿ ਕੇਰ ਅਗਾਰੀ। ਥਾਰ ਪਰੋਸੇ ਅੱਗ੍ਰ ਧਰਿ ਬਹੁ ਦੀਏ ਅਹਾਰੀ। ਅਚ-
ਵਨ ਲਾਗੇ ਸ੍ਵਾਦ ਗਨ ਰਾਨੀ ਹੁਇ ਠਾਂਢੀ। ਕਰਤਿ ਬੀਜਨਾ ਆਪ ਹੀ ਬਹੁ
ਸ਼ਰਧਾ ਬਾਢੀ ॥੨੩॥ ਮਧੁਰ, ਸਲਵਣ, ਸੁਅਮਲ ਬਿਧਿ[4], ਪੁਨ ਤਿਕਤ,
ਕਖਾਯਾ[5]। ਸ੍ਵਾਦ ਲਗੇ ਬਹੁ ਭਾਂਤਿ ਕੇ ਅਤਿ ਰੁਚਿ ਕਰਿ ਖਾਯਾ। ਸਕਲ
ਸਰਾਹਹਿ ਅਚਵ ਕਰਿ ਸ਼ੁਭ ਬਨਯੋ ਅਹਾਰਾ। ਤ੍ਰਿਪਤਾਏ ਜਲ ਸੀਤ ਪਿਯ
ਕਰ ਬਦਨ ਪਖਾਰਾ ॥ ੨੪ ॥ ਥਾਰੀ ਲੇ ਕਰਿ ਦਰਬ ਕੀ ਗੁਰ ਧਰਿ ਅਗੁ-
ਵਾਏ। ਪੁਨ ਨੰਦਨ ਕੋ ਹਾਥ ਗਹਿ ਚਰਨਨ ਪਰ ਪਾਏ। ਹੁਇ ਪ੍ਰਸੰਨ ਸ਼੍ਰੀ
ਪ੍ਰਭੁ ਕਹਯੋ 'ਸਿਰ ਕੇਸ ਰਖੀਜੈ। ਆਯੁਧ ਬਿਦ੍ਯਾ ਕੇ ਬਿਖੈ ਸੁਤ ਨਿਪੁਨ[6]

---

[1]ਪ੍ਰਧਾਨ ਗਏ (ਗੁਰੂ ਜੀ ਪਾਸ)। [2]ਪੁੱਤ੍ਰ ਦਾ ਸਿਰ। [3]ਭੱਖ, ਭੋਜ ਲੇਹਜ, ਤੇ ਚੋਸਾ, (ਚਾਰ ਪ੍ਰਕਾਰ ਦੇ) ਭੋਜਨ (ਤਿਆਰ ਕੀਤੇ)[ਦੇਖੋ ਰਾਸ ੪ ਅੰਸੂ ੩੨ ਅੰਕ ੧੨]। [4]ਖੱਟੀ ਤਰ੍ਹਾਂ ਦੇ। [5]ਫਿਰ ਤ੍ਰਿਖੇ ਭਾਵ ਕਰਾਰੇ ਤੇ ਕਸੈਲੇ (ਕਰੇਲੇ, ਆਦਿ)। [6]ਪ੍ਰਬੀਨ। *ਪਾ:-ਅਤਿ ਭੋਜਨ ਸੁੰਦਰ ਕਿਯੇ।

Sri Satguru Jagjit Singh Ji eLlibrary NamdhariElibrary@gmail.com

ਕਰੀਜੈ"॥੨੫॥ਹਾਥ ਜੋਰਿ ਬੋਲੀ ਤਬੈ 'ਤੁਰਕਨਿ ਬਡ ਰਾਜਾ। ਖੁਨਸਹਿਂ
ਦੁਸ਼ਟ ਬਿਲੋਕ ਕੈ ਕਰਿ ਦੇਹਿਂ ਕੁਕਾਜਾ'। ਫੁਨ ਫੁਰਮਾਯੋ ਸ਼੍ਰੀ ਗੁਰੂ 'ਨਹਿਂ
ਮਾਨਹੁ ਤ੍ਰਾਸਾ। ਕੈਤਿਕ ਦਿਨ ਇਨ ਰਾਜ ਹੈ ਫਿਰ ਹੋਇ ਬਿਨਾਸ਼ਾ॥੨੬॥
ਤਊ ਜਿ ਰਾਖਹੁ ਕੇਸ ਨਹਿਂ ਕੈਤਿਕ ਦਿਨ ਆਨਾ[2]। ਸਿੰਘ ਨਾਮ ਅਬਿ ਜੋ
ਰਖਹੁ ਨਿਜ ਬੰਸ ਮਹਾਨਾ। ਪੰਥ ਹਮਾਰੋ ਜਬਿ ਵਧੈ ਲੈ ਤੁਰਕਨ ਰਾਜੂ[3]।
ਰਾਖਹਿਂਗੇ ਤਬਿ ਕੇਸ ਇਹ ਸਰਿਹੈਂ ਸਭਿ ਕਾਜੂ॥ ੨੭॥ ਉਬਲ ਪਬਲ
ਫਿਰ ਰਾਜ ਹੁਇ ਨਹਿਂ ਮਿਟਹਿ ਤੁਹਾਰੋ[4]। ਤਬਹਿ ਬੰਸ ਮਿਲਿ ਖਾਲਸੇ
ਸਗਰੇ ਸੁਖ ਧਾਰੋ'। ਖੜਗ ਸਿਪਰ ਗੁਰ ਆਪਨੇ ਰਾਜੇ ਸੁਤ[5] ਦੀਨੇ। 'ਗੁਰ
ਸਥਾਨ ਰਚਿ ਕਰਿ ਰਖਹੁ ਪੂਜਹੁ ਹਿਤ ਭੀਨੇ॥ ੨੮॥ ਪੁਰਵਹੁ ਮਨ ਕੀ
ਕਾਮਨਾ ਸਗਰੇ ਸੁਖ ਪਾਵਹੁ। ਪੰਚਾਮ੍ਰਿਤ ਆਗੇ ਧਰਹੁ ਅਰਦਾਸ ਕਰਾ-
ਵਹੁ। ਭੀਰ ਪਰੀ ਮਿਟਿ ਜਾਇ ਹੈ, ਜੋ ਹੋਇ ਭਿਲਾਖਾ। ਸੋ ਪੂਰਨ ਤਹਿਂ
ਹੋਹਿਗੀ ਨਿਤ ਹੁਇ ਹੈ ਰਾਖਾ[6]॥ ੨੯॥ ਗ੍ਰਿਹਣ ਕਰਹੁ, ਗ੍ਰਿਹ ਰਾਖੀਐ[7]
ਸਨਮਾਨ ਸਮੇਤਾ। ਪੁਸ਼ਪ ਧੂਪ ਨਿਤ ਦੀਜੀਅਹਿ ਨਿਜ ਪਿਖਹੁ ਨਿਕੇਤਾ'।
ਸ਼੍ਰੀਮੁਖ ਤੇ ਸਭਿ ਬਚਨ ਸੁਨਿਰਾਨੀ ਹਰਖਾਨੀ।ਛਾਦਿ ਬਸਤ੍ਰ ਤੇ ਹਾਥਜੁਗ
ਝੁਕਿ ਹ੍ਵੈ ਅਗਵਾਨੀ॥੩੦॥ 'ਮਹਾਰਾਜ ਤੁਮ ਦਾਤ ਬਡ ਕੋ ਸਕੈ ਮਿਟਾਈ।
ਪ੍ਰੇਮ ਬਸੀ ਦ੍ਰਿੜ੍ਹ ਬਿਰਦ ਹੈ ਪੁਨ ਦਯਾਲ ਗੁਸਾਈਂ'। ਸਤਿਗੁਰ ਕਰ
ਅਰਬਿੰਦ ਤੇ ਬਖਸ਼ੀ ਲਖਿ ਦਾਸਾ[8]।ਹਾਥਨਿ ਪਰ ਰਾਨੀ ਧਰੇ ਉਰ ਆਨੰਦ
ਰਾਸਾ॥੩੧॥ਪੁਨ ਸਿਰ ਪਰ ਧਰਿ ਚੌਂਪ ਸੋਂ ਸੁਭ ਸੀਸ ਛੁਹਾਏ। ਕਸਨੈ
ਬਿਛੌਨ ਪ੍ਰਯੰਕ ਪਰ[9] ਸਨਮਾਨਟਿਕਾਏ।ਇੱਤ੍ਯਾਦਿਕ ਬਰ ਦੇਇ ਗੁਰਠਾਂਢੇ
ਤਬਿ ਹੋਏ। ਵਹਿਰ ਚਲਨ ਕੌ ਚਿਤ ਚਹਯੋ ਰਾਨੀ ਦ੍ਰਿਗ ਜੋਏ॥ ੩੨॥
ਚਲੀ ਸੰਗ ਕਰ ਜੋਰਤੀ ਕਰਿਬੇ ਸਨਮਾਨਾ।ਵਹਿਰ ਦੁਰਗ ਨਿਕਸੀ ਜਬਹਿ
ਸ਼੍ਰੀ ਬਦਨ ਬਖਾਨਾ। 'ਥਿਰਹੁ, ਗੁਰੂ ਸਿਮਰਹੁ ਸਦਾ, ਪਰਲੋਕ ਸੁਧਾਰਹੁ।
ਚਲਹਿ ਬੰਸ, ਹੁਇ ਰਾਜ ਥਿਰ, ਨਿਤ ਹਰਿ ਉਰਧਾਰਹੁ'॥ ੩੩॥ ਇਮ
ਧੀਰਜ ਦੇ ਕਰਿ ਗਏ ਪ੍ਰਭੁ ਮਹਾਂ ਕ੍ਰਿਪਾਲਾ।ਮੁਕਤਿ ਆਦਿ ਬਖਸ਼ਨਕਰਹਿ
ਪਿਖਿ ਪ੍ਰੇਮ ਬਿਸਾਲਾ। ਇਸ ਬਿਧਿ ਲਖਿ ਜੋ ਭਜਤਿ ਨਹਿਂ ਸੋ ਅਤਿ ਮਤਿ

[1]ਕੇਸੀ ਸ਼ੁਭ ਮਿਰਜਾਦਾ ਦੱਸੀ ਹੈ। [2]ਹੋਰ ਕਿੰਨੇ ਕੁ ਦਿਨਾਂ ਨੂੰ। [3]ਤੁਰਕਾਂ ਦਾ ਰਾਜ ਲੈ ਲਵੇਗਾ (ਪੰਥ)। [4]ਤੇਰਾ ਰਾਜ ਨਹੀਂ ਮਿਟੇਗਾ। [5]ਰਾਜੇ ਦੇ ਪੁੱਤ੍ਰ ਨੂੰ। [6](ਗੁਰੂ) ਰਾਖਾ ਹੋਸੀ। [7]( ਸ਼ਸਤ੍ਰ ) ਗ੍ਰਹਿਣ ਕਰੋ ਤੇ ਘਰ ਰੱਖੋ। [8]ਦਾਸ ਜਾਣ ਕੇ ਬਖਸ਼ੀ ( ਖੜਗ ਸਿਪਰ )। [9]ਬਿਛਾਵਣੇ ਨਾਲ ਕੱਸੇ ਪਲੰਘ ਪਰ।

Sri Satguru Jagjit Singh Ji eLlibrary NamdhariElibrary@gmail.com

ਹੀਨਾ। ਦੂਹੂ ਲੋਕ ਮਹਿ ਕਿਤਹੁ ਕੋ ਕਾਜ ਨ ਕਰਿ ਲੀਨਾ ॥੩੪॥ ਦਿਨ ਬਿਤਾਇ ਪੁਨ ਨਿਸਾ ਕੋ ਸੁਪਤੇ ਸੁਖ ਪਾਏ। ਬਡੀ ਪ੍ਰਾਤਿ ਜਾਗੇ ਪ੍ਰਭੂ ਨਿਤ ਕ੍ਰਿਯਾ ਸਜਾਏ[1]। ਕਹੈਂ ਕਵੀਸ਼ਰ ਤਹਾਂ ਕੋ ਹੋਰੇ ਸਿਰਦਾਰਾ। ਅਬਿ ਲੌ ਮਾਨਹਿ ਦੁਰਗ ਮਹਿਂ ਸ਼ੁਭ ਥਾਨ ਸੁਧਾਰਾ* ॥੩੫॥ ਦ੍ਵੈ ਭ੍ਰਾਤਾ ਥੇ ਹਮ ਪਿਖੇ, ਗੁਰ ਬਰ ਨਿਤ ਸਾਚਾ। ਭਈ ਪ੍ਰਾਤਿ ਗੁਰ ਹੇਰਿ ਕੈ ਮੁਖ ਕੂਚ ਉਬਾਚਾ। ਕਰਨੈ ਅਰੂਢਨਿ ਹਯ ਤਬਹਿ ਮਾਰਗ ਮਹਿ ਚਾਲੇ। ਕਰਤਿ ਨਿਹਾਲ ਅਨੇਕ ਕੋ ਪ੍ਰਭੂ ਮਹਾਂ ਕ੍ਰਿਪਾਲੇ ॥੩੬॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਰਾਇ ਪੁਰ ਰਾਣੀ' ਪ੍ਰਸੰਗ ਬਰਨਨੰ ਨਾਮ ਚਤੁਰ ਤ੍ਰਿੰਸਤੀ ਅੰਸੂ ॥੩੪॥

### ੩੫. [ਕੀਰਤਿ ਪੁਰਿ। ਆਨੰਦ ਪੁਰਿ ਆਉਣਾ]।

ਦੋਹਰਾ ॥ ਬਜਨੇ ਨਗਾਰਾ ਕੂਚ ਕੋ ਕੰਪਤਿ ਨ੍ਰਿਪ ਸੁਨਿ ਤੀਰ[2]। ਮੁਦਤ ਹੋਤਿ ਸੇਵਕ ਸਕਲ 'ਚਢਨੇ ਗੁਬਿੰਦ ਸਿੰਘ ਬੀਰ' ॥੧॥ ਨਿਸਾਨੀ ਛੰਦ ॥ ਸੈਨ ਸੰਗ ਉਰਜ਼ ਚਲੀ ਨਭ ਮਹਿ ਰਜ ਛਾਈ। ਮਿਲਹਿਂ ਗ੍ਰਾਮ ਦੇ ਭੇਟ ਕੋ ਲੇ ਦਰਸ਼ਨ ਪਾਈ। ਦੇਤਿ ਰਜਤਪਨ, ਕੋ ਦਧੀ, ਕੋ ਘਟ ਭਰ ਪੈ ਕੋ[3]। ਕੋ ਆਨਤਿ ਮਿਸ਼ਟਾਨ ਕੋ, ਪਗ ਸੀਸ ਲਗੀ ਕੋ ॥੨॥ ਭਾਖਹਿਂ ਸੁਜਸ ਪ੍ਰਤਾਪ ਕੋ ਪ੍ਰਭੁ ਕੇਰ ਬਿਸਾਲਾ। ਕਰਹਿਂ ਹਜ਼ਾਰਹੁਂ ਬੰਦਨਾ ਜਿਤ ਦ੍ਰਿਸ਼ਟਿ ਕ੍ਰਿਪਾਲਾ। ਦਿਨ ਮਹਿ ਗਮਨਤਿ ਪੰਥਕੋ, ਬਡ ਘਾਮ ਬਿਰੰਤੇ[4]। ਬਸਹਿਂ ਤਹਾਂ ਪੁਨ ਜਾਮਨੀ ਬਿਸਰਾਮ ਕਰੰਤੇ ॥੩॥ ਦਿਨਪ੍ਰਤਿ ਇਮ ਕਰਿ ਕੂਚ ਕੋ ਮਗ ਉਲੰਘਨੇ ਸਾਰਾ। ਸ੍ਰੀ ਕੀਰਤਿਪੁਰਿ ਤੀਰ ਮਹਿ ਡੇਰਾ ਨਿਜ ਡਾਰਾ। ਸ੍ਰੀ ਮੁਖ ਤੇ ਫੁਰਮਾਇਓ† 'ਬਹੁ ਕਰਹੁ ਕਰਾਹੂ'। ਉਤਰਿ ਕਰਨੇ ਇਸ਼ਨਾਨ ਕੋ ਨਿਰਮਲ ਜਲ ਮਾਹੂ ॥੪॥ ਬੰਧਿ ਸੀਸ ਉਸ਼ਨੀਕ[5] ਕੋ ਪੁਨ ਜਿਗਾ ਸਜਾਈ। ਕਲਗ਼ੀ ਧਰੀ ਉਤੰਗ ਬਰ ਝੂਲਤਿ ਛਬਿ ਪਾਈ। ਅਭਿਰਾਮਾ ਜਾਮਾ ਪਹਿਰ ਕਸਿ ਕਟ ਸ਼ਮਸ਼ੇਰੰ। ਭਾਥਾ ਗਰ[6], ਧਨੁ ਕਰ ਗਹੇ, ਬਨ ਕਰਿ ਸਮ ਸ਼ੇਰੰ ॥੫॥ ਗਏ ਪਿਤਾਮਾ ਥਾਨ ਕੋ ਭਟ ਸੰਗ ਮਹਾਨੇ। ਕਰ ਜੋਰੀ ਕਰਿ ਬੰਦਨਾ ਅਰਦਾਸ ਬਖਾਨੇ। ਬੈਠਿ ਲਗਾਇ ਦਿਵਾਨ ਕੋ ਦਰਸਤਿ ਬਰ ਬੀਰੰ। ਆਇ ਰਬਾਬੀ ਗਾਨ ਕਰਿ ਧੁਨਿ ਰਾਗ ਗਹੀਰੰ ॥੬॥ ਤਬਿ ਪੰਚਾਂਮ੍ਰਿਤ ਬ੍ਰਿੰਦ ਕੋ ਬਰਤਾਵਨ ਕੀਨਾ। ਪੁਰਿ ਜਨ ਦਰਸਤਿ ਦੁਤਿ ਅਧਿਕ ਸਭਿਹਿਨਿ ਸੋ[7] ਲੀਨਾ।

[1]ਨਿਤ ਦੀ ਕ੍ਰਿਯਾ ਸੋਧ ਕੇ। [2]ਪਾਸ ਦੇ ਰਾਜੇ। [3]ਘੜਾ ਭਰਕੇ ਦੁੱਧ ਦਾ। [4]ਬੜੀ ਧੁੱਪ ਵੇਲੇ ਟਿਕਾਉ ਕਰਦੇ ਹਨ। [5]ਦਸਤਾਰ। [6]ਗਲੇ ਵਿਚ। [7]ਉਹ, ਭਾਵ ਕੜਾਹ ਪ੍ਰਸ਼ਾਦ।

*ਗੁਰਦੁਆਰਾ ਕਿਲ੍ਹੇ ਵਿਚ ਅਜੇ ਹੈ। †ਪਾ:-ਫੁਰਮਾਯੋ।

ਸੂਰਜਮੱਲ ਕੇ ਪੌਤ੍ਰ ਦੁਇ ਹੁਲਸਾਵਤਿ ਆਇ। ਕਰਿ ਦਰਸ਼ਨ ਗੁਰ ਤਰਨਿ ਕੌ ਦ੍ਰਿਗ ਕਮਲ ਖਿਰਾਏ ॥੭॥ ਕੁਸ਼ਲ ਪ੍ਰਸ਼ਨ ਕਰਿ ਦੁਹਨ ਕੌ ਸਨਮਾਨਿ ਬਿਠਾਏ। 'ਪ੍ਰਭੁ ਜੀ ਤੁਮਰੀ ਕ੍ਰਿਪਾ ਤੇ ਦਿਨ ਸੁਖੀ ਬਿਤਾਏ। ਰਹੇ ਪ੍ਰਤੀਖਤਿ ਆਪ ਕੋ ਅਬਿ ਆਵਨ ਕੀਨੋ। ਤੁਮ ਬਿਨ ਚਿਤ ਪਰਚਯੋ ਨਹੀਂ ਨਿਤ ਸਿਮਰਨ ਲੀਨੋ' ॥੮॥ ਮੁਸਕਾਨੇ ਸ੍ਰੀ ਪ੍ਰਭੁ ਕਹਯੋ 'ਅਬਿ ਰਹੀਅਹਿ ਪਾਸਾ। ਆਨੰਦਪੁਰਿ ਨਿਜ ਇਸਮ[2] ਕੌ ਕਰਿਹੈਂ ਬਹੁ ਬਾਸਾ'। ਸੰਧ੍ਯਾ ਲਖਿ ਰਹਿਰਾਸ ਕੌ ਪਠਿ ਸੁਨਿ ਤਿਸ ਕਾਲਾ। ਥਾਨ ਪਿਤਾਮਹਿ ਕੋ ਨਮੋ ਕਰਿ ਪ੍ਰਕ੍ਰਮ[3] ਕ੍ਰਿਪਾਲਾ ॥੯॥ ਸਨੇ ਸਨੇ ਨਿਜ ਸਿਵਰ ਕਉ ਚਲਿਆਇ ਗੁਸਾਈਂ। ਰਾਇ ਗੁਲਾਬ ਸ਼ਿਆਮ ਸਿੰਘ ਸੰਗ ਦੋਨਹੁੰ ਭਾਈ। ਜਥਾ ਸ਼ਕਤਿ ਸੇਵਾ ਕਰੀ ਸਤਿਗੁਰ ਹਰਖਾਏ। ਸੁਪਤਿ ਜਥਾ ਸੁਖ ਜਾਮਨੀ ਬਿਸ੍ਰਾਮ ਸੁ ਪਾਏ ॥੧੦॥ ਬਡੀ ਪ੍ਰਾਤਿ ਉਠਿ ਕੈ ਪ੍ਰਭੂ ਕਰਿ ਸੌਚ ਸ਼ਨਾਨਾ। ਬਜਯੋ ਦਮਾਮਾ ਕੂਚ ਕੋ ਜਨੁ ਘਨ ਗਰਜਾਨਾ। ਚਢਿ ਮਤੰਗ ਪਰ ਸਤਿਗੁਰੂ ਪੁਰਿ ਚਹੈਂ ਪ੍ਰਵੇਸ਼ਾ। ਸਾਯੁਧ ਜੋਧਾ ਹਯ ਚਢੇ ਚਲਿ ਸੰਗ ਅਸ਼ੇਸ਼ਾ[4] ॥੧੧॥ ਸੁਧ ਅਨੰਦ ਪੁਰਿ ਕੋ ਗਈ 'ਪਹੁੰਚੇ ਪ੍ਰਭੁ ਆਈ'। ਸੁਨਿ ਸੁਨਿ ਸਭਿਕੇ ਅਨੰਦ ਉਰ ਬਜਿ ਉਠੀ ਬਧਾਈ। ਕਰੀ ਮਾਰਜਨ[5] ਸਭਿ ਗਰੀ[6] ਛਿਰਕਾਉ ਬਿਸਾਲਾ। ਮੰਗਲ ਨਾਨਾ ਭਾਂਤਿ ਕੇ ਗੁੰਦਤਿ ਗਨ ਮਾਲਾ ॥੧੨॥ ਹੋਤਿ ਹਜ਼ਾਰਨ ਕੋ ਅਧਿਕ ਪੰਚਾਂਮ੍ਰਿਤ ਰੂਰਾ। ਨੌਮ ਗੁਰੂ ਕੇ ਦੇਹੁਰੇ ਨੌਬਤ ਬਜਿ ਤੂਰਾ[7]। ਨਿਕਸੇ ਨਰ ਸਮੁਦਾਇ ਹੈ ਲੇਵਨ ਹਿਤ ਆਗੋ। ਲੇ ਲੇ ਰੁਚਿਰ ਅਕੋਰ ਕੋ ਦਰਸ਼ਨ ਅਨੁਰਾਗੋ ॥੧੩॥ ਦੇਖਿ ਦੂਰ ਆਗਵਨ ਕੋ ਦਲ ਸੰਗ ਬਿਸਾਲਾ। ਬਿਸਮਤਿ ਵਧਯੋ ਪ੍ਰਤਾਪ ਬਹੁ ਜਨੁ ਬਡ ਮਹਿਪਾਲਾ। ਬਾਜਤਿ ਆਵਤਿ ਧੁਨਿ ਬਡੀ ਰਨਜੀਤ ਨਗਾਰਾ। ਤੁਪਕ ਤੜਾਕੇ ਛੁਟਤਿ ਹੈਂ ਉਰ ਹਰਖ ਉਦਾਰਾ ॥੧੪॥ ਪੁਰਿ ਜਨ ਸਗਰੇ ਧਾਇ ਕਰਿ ਜੋਰਤਿ ਜੁਗ ਹਾਥਾ। ਅਭਿਬੰਦਨ ਕੋ ਕਰਤਿ ਹੈਂ ਦਰਸਤਿ ਜਗਨਾਥਾ। ਕੁਸ਼ਲ ਪ੍ਰਸ਼ਨ ਕਰਿ ਸਭਿਨਿ ਸੋਂ ਚਾਲੇ ਅਗਵਾਯਾ। ਪ੍ਰਵਿਸ਼ੇ ਗੁਰੂ ਅਨੰਦ ਪੁਰਿ ਹੇਰਤਿ ਸਮੁਦਾਯਾ ॥ ੧੫ ॥ ਉਤਰੇ ਸਤਿਗੁਰ ਪ੍ਰਥਮ ਹੀ ਪਦ ਕਮਲ ਪਯਾਨੇ। ਨਵਮ ਗੁਰੂ ਕੇ ਦੇਹੁਰੇ ਅਭਿਬੰਦਨ ਠਾਨੇ।

---

[1]ਗੁਰੂ ਰੂਪ ਸੂਰਜ ਦਾ। [2]ਜੋ ਪੂਰੇ ਹੱਕ ਮੂਜਬ ਆਪਣੀ ਹੋਵੇ। [ਇਸਮ=ਨਾਮ। ਨਾਮ ਨਾਲ ਲਗੀ ਹੱਕ ਦੀ ਜਾਇਦਾਦ]। [3]ਪ੍ਰਕਰਮਾਂ। [4]ਸਾਰੇ। [5]ਝਾੜੂ ਕੀਤਾ। [6]ਸਭ ਗਲੀਆਂ ਵਿੱਚ। [7]ਤੁਰੀਆਂ ਵੱਜੀਆਂ।

Sri Satguru Jagjit Singh Ji eLlibrary NamdhariElibrary@gmail.com

ਕਰੀ ਪ੍ਰਦਛਨਾ ਚਤੁਰ[੧] ਫਿਰ ਅਰਦਾਸ ਕਰਾਈ।ਪੰਚਾਂਮ੍ਰਿਤ ਆਯੋ ਅਧਿਕ ਗੁਰ ਦਿਯ ਵਰਤਾਈ ॥੧੬॥ ਪੁਨ ਪ੍ਰਵਿਸ਼ੇ ਨਿਜ ਸਦਨ ਮਹਿ ਧਰਿ ਸ਼ਸਤ੍ਰ ਉਤਾਰੇ[੨]। ਕੰਚਨ ਕੋਰ ਪਲੰਘ ਪਰ ਬੈਠੇ ਸੁਖ ਸਾਰੇ।ਮਹਿਲ ਆਇ ਚਰਨੀ ਲਗੇ ਦੋਨਹੁ ਤਿਸ ਕਾਲਾ। ਕਰਿ ਦਰਸ਼ਨ ਕੋ ਹਰਖ ਉਰ ਕਹਿ ਬਿਨੈ ਬਿਸਾਲ॥੧੭॥"ਪ੍ਰਭੁ ਜੀ ! ਪੂਰਬ ਕਰਮ ਸ਼ੁਭ ਜਿਸਨੇ ਫਲ ਦੀਨਾ। ਆਪ ਸੰਗ ਸੰਜੋਗ ਭਾ ਜਗ ਸਾਹਿਬ ਪੀਨਾ"। ਕੁਸ਼ਲ ਪ੍ਰਸ਼ਨ ਸਤਿਗੁਰੂ ਕਰਿ ਧੀਰਜ ਤਬਿ ਦੈਕੈ। ਮਾਤਾ ਗੁਜਰੀ ਕੋ ਮਿਲੇ ਬੰਦਨ ਪਗ ਕੈ ਕੈ॥੧੮॥ਧਨ ਬਾਤੀ ਕੋ ਵਾਰ ਕਰਿ ਸੁੰਘਤਿ ਬਡ ਭਾਲਾ। ਦੇਖਿ ਪੁੱਤ੍ਰ ਕੇ ਬਦਨ ਕੋ ਉਰ ਅਨੰਦ ਬਿਸਾਲਾ।ਆਸ਼ਿਖ ਦੇ ਬਹੁ ਮਾਧੁਰੀ 'ਹੋਵਹੁ ਸੁਤਵੰਤੇ।ਵਧਹੁ ਪ੍ਰਤਾਪ ਸ ਕੀਰਤੀ ਸਾਗਰ ਪਰਯੰਤੇ' ॥ ੧੯ ॥ ਪੁਨ ਸਤਿਗੁਰ ਸ਼ੁਭ ਸਦਨ ਮਹਿੰ ਪ੍ਰਵਿਸ਼ੇ ਥਿਰ ਹੋਏ। ਖਾਨ ਪਾਨ ਕਰਿ ਸ੍ਵਾਦ ਧ੍ਰਿਤਿ ਠਹਿਰੇ ਸਭਿ ਕੋਏ। ਪਹਿਰ ਤੀਸਰੇ ਮਹਿ ਉਠੇ ਆਨੀ ਸਰਦਾਈ।ਬਿਜੀਆ ਕੇ ਸੰਗ[੪],ਛਕਲਈ ਚਿਤ ਅਨੰਦ ਉਪਾਈ* ॥ ੨੦ ॥ ਸੌਚ ਸ਼ਨਾਨੇ ਕਰਿ ਤਬੈ ਸਜਿ ਬਸਤ੍ਰ ਬਨਾਏ[੫]। ਪਾਇ ਗਰੇ ਸ਼ਮਸ਼ੇਰ ਕੋ ਸਮ ਸ਼ੇਰ ਸੁਹਾਏ। ਆਏ ਸਭਾ ਸਥਾਨ ਮਹਿ ਮਾਨਵ ਸਮੁਦਾਏ। ਸੀਸ ਹਜ਼ਾਰਹੁੰ ਨਿੰਮ੍ਰਿ ਹੁਇ ਜਿਤ ਕਿਤ ਚਹੁ ਘਾਏ[੬] ॥ ੨੧ ॥ ਥਿਰੇ ਸਿੰਘਾਸਨ ਸ੍ਰੀ ਪ੍ਰਭੂ ਪੁਨ ਲਗਯੋ ਦਿਵਾਨਾ। ਸੁਭਟ ਸ਼ਸਤ੍ਰ ਕੋ ਸਹਿਤ ਗਨ ਬੈਠੇ ਤਹਿ ਆਨਾ।ਦੇਸ਼ਬਿਦੇਸ਼ਨ ਸੰਗਤਾਂ ਬਹੁ ਚਲ ਕਰਿ ਆਈ। ਸੁਨਿ ਸੁਨਿ ਗੁਰ ਆਗਮਨ ਕੋ ਠਹਿਰੀ ਸਮੁਦਾਈ॥੨੨॥ਸੋ ਸਭਿ ਹੀ ਹਿਤ ਦਰਸ ਕੇ ਉਮਡੀ ਇਕਸਾਰੀ[੭]। ਲੇ ਲੇ ਅਨਿਕ ਅਕੋਰ ਕੌ ਚਲਿ ਪਹੁੰਚਿ ਅਗਾਰੀ।ਅਧਿਕ ਭੀਰ ਚਹੁੰ ਦਿਸ਼ਿ ਭਈ ਨਹਿ ਪ੍ਰਾਪਤਿ

---

[੧]ਚਾਰ। [੨]ਧਾਰਨ ਕੀਤੇ ਹੋਏ ਸ਼ਸਤ੍ਰ ਲਾਹੇ। [੩]ਬੜੇ। [੪]ਭੰਗ ਵਾਲੀ ਸਰਦਾਈ ਆਈ। [੫]ਚੰਗੀ ਤਰ੍ਹਾਂ ਕਪੜੇ ਪਹਿਨੇ। [ਖਾ: ਬੋਲਾ=ਸਜਾਉਣਾ=ਪਹਿਨਣਾ]। [੬]ਚਾਰੋਂ ਪਾਸਿਆਂ ਤੋਂ। [੭]ਇਕੋ ਵੇਰੀ।

*ਭੰਗਾਣੀ ਦੇ ਜੁੱਧ ਤੋਂ ਵਾਪਸ ਆਨੰਦਪੁਰ ਆਏ ਹਨ, ਸਤਿਗੁਰੂ ਜੀ ਦੀ ਉਮਰ ਇਸ ਵਲ ੨੨, ੨੩ ਵਰ੍ਹੇ ਦੇ ਲਗ ਪਗ ਦੀ ਹੁੰਦੀ ਹੈ, ਪਹਿਲੇ ਹੀ ਕਵਿ ਜੀ ਆਪਨੂੰ ਸੁੱਖਾ ਛਕਾਉਂਦੇ ਆਏ ਹਨ ਦੇਖੋ ਇਸੇ ਰੁਤ ਦਾ ਅੰਸੂ ੩੩ ਅੰਕ ੨੩।ਇਹ ਗਲ ਸਮਝ ਨਹੀਂ ਪੈਂਦੀ ਕਿ ਇਸ ਛੋਟੀ ਉਮਰ ਵਿੱਚ ਮਹਾਨ ਬੀਰ ਰਸੀ ਜੋਧੇ ਨੂੰ ਇਸ ਸ਼ੈ ਦੀ ਲੋੜ ਪਈ ਹੋਵੇ। ਸੁੱਖੇ ਦੇ ਪ੍ਰੇਮੀ ਨਿਹੰਗਾਂ ਸਿੰਘਾਂ ਨੇ ਜਦੋਂ ਉਹ ਇਸ ਸ਼ੈ ਵਿੱਚ ਫਸ ਗਏ ਜੋ ਗਲਾਂ ਬਣਾਈਆਂ ਉਹਨਾਂ ਦੇ ਸੁਣੇ ਸੁਣਾਏ ਆਧਾਰ ਤੇ ਕਵਿ ਜੀ ਬੀ ਲਿਖ ਗਏ ਹਨ। ਦੇਖੋ ਰਾਸ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।

Sri Satguru Jagjit Singh Ji eLlibrary NamdhariElibrary@gmail.com

ਬਾਰੀ। ਕਰ ਜੋਰਹਿਂ ਸਿਰ ਧਰ[1] ਧਰਹਿਂ ਇਕ ਹ੍ਵੈਂ ਬਲਿਹਾਰੀ॥੨੩॥ਅੰਬਰ ਪਸ਼ਮੰਬਰ ਘਨੇ ਪਾਟੰਬਰ ਨਾਨਾ। ਸੈਫ[2] ਸਰੋਹੀ ਸ਼ਕਤਿ[3] ਖਰ[4] ਗਨ ਬਾਨ ਕਮਾਨਾ। ਸੁਵਰਨ ਕੇ ਭੂਖਨ ਰੁਚਿਰ ਬਿਰ ਜਰੇ ਜਰਾਊ। ਸਤਿਗੁਰ ਹਿਤ ਪਹਿਰਾਇਬੇ ਆਨੇ ਸਮੁਦਾਊ॥੨੪॥ ਅੱਗ੍ਰ ਮੇਵਰੋ ਕਰਤਿ ਹੈ ਸਭਿ-ਹਿਨਿ ਅਰਦਾਸੇ। ਕਮਲ ਬਿਲੋਚਨ ਚਪਲ ਤੇ ਦੇਖਤਿ ਨਿਜ ਦਾਸੇ।ਇਕ ਕਹੈਂ ਮੁਖ ਕਾਮਨਾ ਇਕ ਉਰ ਮਹਿਂ ਧਾਰੈਂ। ਘਟ ਘਟ ਕੇ ਮਾਲਿਕ ਪ੍ਰਭੂ ਸਗਰੀ ਨਿਰਧਾਰੈਂ[5] ॥ ੨੫ ॥ ਪੁਰਵਹਿਂ ਕਰਤਿ ਸੰਭਾਰਨਾ ਨਰ ਲਾਖਹੁਂ ਕੋਰੀ।ਲਗਯੋ ਅੰਬਾਰ ਅਕੋਰ ਕੋ ਗਨ ਮੋਲ ਘਨੇਰੀ।ਭਯੋ ਦਰਬ ਗੁਰ ਅੱਗ੍ਰ ਬਹੁ ਆਯੁਧ ਅਰੁ ਚੀਰੀ। ਧਰਿ ਧਰਿ[6] ਇਕ ਟਕ ਦਰਸ਼ਤੇ ਚਹੁ ਦਿਸ਼ਿ ਬਹੁ ਭੀਰੈਂ[7] ॥ ੨੬ ॥ ਤਰੁਨ ਅਵਸਥਾ ਤਨ ਦਿਪਹਿ ਸੁੰਦਰਤਾ ਧਾਰੈਂ। ਕੋ ਕਵਿ ਉਪਮਾ ਕਹਿ ਸਕਹਿ ਨਹਿਂ ਪਾਵਤਿ ਪਾਰੈ।ਨਰ ਨਾਰੀ ਬਿਸਮੈਰਹਿਤ ਨਹਿਂ ਲੋਚਨ ਫੇਰੈਂ।ਬਦਨ ਪ੍ਰਫੁੱਲਤ ਕਮਲ ਪਰ ਅਲਿ ਭ੍ਰਮਹਿ ਘਨੇਰੈ[8] ॥੨੭॥ ਵਿਸਤ੍ਰਿਤ[9] ਪੰਕਜ ਪੱਤ੍ਰ ਸਮ ਆਰੁਨਤਾ ਡੋਰੈ[10]। ਚਪਲ ਬਿਲੋਚਨ ਚਤੁਰਤਾ ਚਿਤਵਤਿ ਚਿਤ ਚੋਰੈ[11]। ਲਾਜ ਜਹਾਜ ਬਿਰਾਜਤੇ ਕਰੁਨਾ ਰਸ ਸਾਨੇ[12]। ਪੈਨੀ ਅਨੀ ਕਟਾਰ ਸੇ ਝਖ ਸਮ ਪਲਟਾਨੇ[13] ॥ ੨੮॥ ਜਰੇ ਜਵਾਹਰ ਜਿਗਾ ਮਹਿਂ ਜ਼ਾਹਿਰ ਝਮਕੰਤੇ।ਕਲਗ਼ੀ ਝੂਲੰਤਿ ਡੋਲਤੇ ਮੁਕਤਾ ਲਰਕੰਤੇ।ਮੁਖ ਮੰਡਲ ਕੇ ਦੁਇ ਦਿਸ਼ਾ ਕੁੰਡਲ ਰਤਨੰਤੇ[14]।ਮਾਰਤੰਡ ਜੁਗ ਮਹਿ ਸਸੀ ਸ਼ੋਭਾ ਅਸ ਹੋਤੇ[15]*॥੨੯॥ ਸਿੱਖਨ ਕੇ ਦ੍ਰਿਗ ਇਮ ਲਗੇ ਜਨੁ ਪਿਖਹਿ ਚਕੋਰਾ।ਚਹੂੰ ਓਰ ਘੇਰਤਿ ਰਹਤਿ ਨਹਿ ਚਹਤਿ ਬਿਛੋਰਾ।ਮੁਕਤਾ ਮਾਲ[16] ਬਿਸਾਲ ਗਰ ਲੋਲਕ[17] ਲਟਕੰਤੀ।ਹੀਰੇ ਚੀਰ ਚਕੋਰ ਰਚਿ ਦੁਤਿ

---

[1]ਧਰਤੀ ਤੇ। [2]ਸ਼੍ਰੀ ਸਾਹਿਬ। [3]ਬਰਛੀ। [4]ਤਿੱਖੀ। [5]ਭਾਵ ਸਮਝਦੇ ਹਨ। [6]ਭੇਟਾ ਰਖ ਰਖਕੇ। [7]ਭੀੜ ਹੈ (ਸੰਗਤਾਂ ਦੀ)। [8](ਸਿੱਖਾਂ) ਰੂਪੀ ਭੌਰੇ ਬਹੁਤੇ ਭੌਂਦੇ ਹਨ। [9]ਚੌੜੇ। [10]ਲਾਲੀ ਵਾਲੇ ਕੋਨੇ (ਅੱਖਾਂ ਦੇ)। [11]ਦੇਖਦਿਆਂ ਹੀ ਚਿੱਤ ਚੁਰਾ ਲੈਂਦੇ ਹਨ। [12]ਕ੍ਰਿਪਾ ਰਸ ਸਹਿਤ ਲੱਜਾ ਦਾ ਜਹਾਜ਼ ਹਨ (ਨੇਤ੍ਰ)। [13]( ਨੇਤ੍ਰ ਹਨ ) ਕਟਾਰ ਦੀ ਤਿੱਖੀ ਅਣੀ ਵਾਂਗ ( ਮੋਹ ਕੱਟਣਹਾਰੇ ) ਤੇ ਮੱਛੀ ਵਾਂਗ ਪਲਟਦੇ ਹਨ (ਭਾਵ ਚੰਚਲ ਹਨ)। [14]ਰਤਨਾਂ ਵਾਲੇ। [15]( ਦੋ ਕੁੰਡਲਾਂ ਰੂਪੀ ) ਦੋ ਸੂਰਜਾਂ ਵਿਚ ( ਮਾਨੋ ) ਚੰਦ੍ਰਮਾਂ ( ਰੂਪੀ ਮੁਖ ਹੈ ) ਐਸੀ ਸ਼ੋਭਾ ਹੈ। [16]ਮੋਤੀਆਂ ਦੀ ਮਾਲਾ। [17]ਲਟਕਣ।

*ਕੁੰਡਲ ਪਹਿਰਨੇ ਸੰਭਾਵਨਾ ਮਾਤ੍ਰ ਹਨ। ਦੇਖੋ ਰਾਸਿ ੪ ਅੰਸ ੪੫ ਅੰਕ ੨੭ ਦੀ ਟੂਕ।

ਅਤਿ ਦਮਕੰਤੀ[1] ॥੩੦॥ ਭੁਜਾ ਪ੍ਰਲੰਬਨ ਕੇ ਬਿਖੈ ਨਵਰਤਨੋ[2] ਪਾਇ।ਜਨੁ ਮਹਿ ਪਰ[3]ਨਵ ਗ੍ਰਹਿ ਉਤਰਿ ਸੇਵਤਿ ਚਿਤ ਲਾਇ।ਸ਼ੱਤ੍ਰ ਬਿਲੋਕਤਿ ਕਾਲ ਸਮ ਜਾਨਹਿ-ਲੈ ਪ੍ਰਾਨਾ[4]-।-ਦੇਵ ਤਰੋਵਰ-ਕੇ ਲਖੈਂਹਿ ਜਨ ਕਾਮਨ ਵਾਨਾ[5]॥੩੧॥ਗਯਾਨੀ ਲਖਹਿਂ-ਪ੍ਰਮਾਤਮਾ ਬਾਂਛਤਿ ਤਨ ਧਾਰਾ[6]-। ਨਿਸ਼ਰੇ ਭਗਤਨਿ ਕੇ ਰਿਦੈ-ਬਿਸ਼ਨੂੰ ਅਵਤਾਰਾ-।-ਸ੍ਰੀ ਨਾਨਕ ਕੋ ਤਨ ਦਸਮ-ਸਿੱਖਨ ਮਨ ਜਾਨ*।ਪ੍ਰਜਾ ਲਖਹਿ-ਰਾਜਾ ਮਹਾਂ ਪਾਲਹਿ ਬਿਧਿ ਨਾਨਾ- ॥ ੩੨ ॥ ਸੰਧਯਾ ਲਗਿ ਥਿਰਿ ਸਭਾ ਮਹਿਂ ਦਰਸ਼ਨ ਕੋ ਦੀਨਾ। ਪੂਰੀ ਕਾਮਨਾ ਸਭਿਨਿ ਕੀ ਦੁਖ ਦਾਰਿਦ ਹੀਨਾ। ਸਿੰਘ ਪਵਰ†[7] ਉਠਿ ਕਰਿ ਚਲੇ ਸਭਿ ਬੰਦਨ ਠਾਨੀ। ਪ੍ਰਵਿਸ਼ਹਿਂ ਸੁੰਦਰ ਸਦਨ ਮਹਿ ਸਤਿਗੁਰ ਗੁਨ ਖਾਨੀ ॥ ੩੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ੍ਰੀ ਅਨੰਦ ਪੁਰ ਆਗਵਨ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥ ੩੫॥

## ੩੬. [ਭੀਮਚੰਦ ਦਾ ਵਜ਼ੀਰ ਮੇਲ ਹਿਤ ਆਇਆ]।

ਦੋਹਰਾ॥ ਸੁਧਿ ਪਸਰੀ ਪੁਰਿ ਗ੍ਰਾਮ ਮਹਿਂ ਗੁਰ ਆਨੰਦਪੁਰਿ ਆਇ। ਸ਼ਤ੍ਰਨਿ ਕੇ ਚਿੰਤਾ ਬਧੀ,ਸਿੱਖਨ ਸੁਨਿ ਸੁਖ ਪਾਇ ॥ ੧ ॥ ਸੈਯਾ॥ ਆਨ ਬਸੇ ਕਹਿ-ਲੂਰ ਸੁ ਦੇਸ਼ ਅਸ਼ੇਸ਼ ਜਹਾਂ ਸੁਖ ਰੂਰ[8] ਬਿਸਾਲਾ। ਸਤੱਦ੍ਰਵ ਕੀ ਸਰਿਤਾ ਬਰ ਕੂਲ[9] ਸੁ ਨੀਰ ਗਹੀਰ[10] ਸਦਾ ਜਿਸ ਚਾਲਾ। ਸੈਲ ਉਤੰਗ ਦਿਸ਼ਾ ਦੁਸਰੀ ਕਰਿਬੇ ਹਿਤ ਸੈਲ ਮਹਾਂ ਛਬਿ ਵਾਲਾ। ਚੰਡ ਪ੍ਰਚੰਡ ਕੇ ਨੈਨ ਸਥੈ-ਥਲ ਦੀਨ ਅਖੰਡਲ ਕੋ ਸੁਰ ਸਾਲਾ[11]‡॥੨॥ਕੀਰਤਿ ਕੋ ਬਿਸਤੀਰਤਿ ਹੈਂ ਗਨ-ਸੈਲ ਪਤੀ ਸਭਿ ਜੀਤ ਲਏ-। ਲੋਕ ਬਸਾਵਤਿ ਹੈਂ ਪੁਰਿ ਆਨੰਦ

---

[1]ਚਾਰ ਪਹਿਲਦਾਰ ਹੀਰੇ ਚੀਰਕੇ (ਉਸ ਵਿਚ) ਲਾਏ ਹਨ, ਜਿਨ੍ਹਾਂ ਤੋਂ) ਦੁਤੀ ਬਹੁਤ ਚਮਕਦੀ ਹੈ। [2]ਨਵਰਤਨਾਂ ਵਾਲੇ (ਬਹੁੱਟੇ)। [3]ਮਾਨੋ ਪ੍ਰਿਥਵੀ ਤੇ। [4]ਵੈਰੀ ਵੇਖਕੇ ਮੌਤ ਸਮ ਜਾਣਦੇ ਹਨ ਕਿ ਹੁਣੇ ਹੀ ਪ੍ਰਾਣ ਲੈ ਲੈਣਗੇ। [5]ਕਲਪ ਬ੍ਰਿਛ ( ਸਮ ) ਜਾਣਦੇ ਹਨ ਕਾਮਨਾ ਵਾਲੇ ਦਾਸ। [6](ਪਰਮਾਤਮਾ) ਨੇ (ਸ੍ਵੈ) ਇੱਛਾ ਅਨੁਸਾਰ ਤਨ ਧਾਰਿਆ ਹੈ। [7]ਵਡੀ ਡੇਉਢੀ ( ਅ ) ਮੁੱਖ ਦਰਵਾਜ਼ਾ। [8]ਸੁੰਦਰ। [9]ਕੰਢਾ। [10]ਡੂੰਘਾ। [11]ਜਿਸ ਚੰਡਿਕਾ ਨੇ ਇੰਦ੍ਰ ਨੂੰ ਸੁਰਗ ਦਿਤਾ ( ਉਸ ) ਤੇਜ ਵਾਲੀ ਚੰਡਿਕਾ ਦੇ ਨੇਣਾਂ ਦਾ ਥੜਾ ਯਾ ਟਿੱਲਾ। [ਅਖੰਡਲ=ਇੰਦ੍ਰ ]।

*ਕਵਿ ਜੀ ਨੇ ਸਿਖਾਂ ਦੀ ਦ੍ਰਿਸ਼ਟੀ ਵਿਚ ਕੀ ਹਨ, ਕੈਸਾ ਨਿਖੇੜ ਕੇ ਦਿਖਾਇਆ ਹੈ।

†ਪਾ:-ਸਿੰਘਠਵਨ, ਸਿੰਘਰਵਨ।

‡ਪਰ ਅੱਗੇ ਜਾਕੇ ਕਵੀ ਜੀ ਇਸ ਥਾਂ ਨੂੰ ਨੈਣੋ ਜੱਟ ਦੇ ਨਾਮ ਨਾਲ ਸਬੰਧਤ ਦੱਸਣਗੇ ਤੇ ਕਹਿਣਗੇ ਕਿ ਇਸ ਨੇ ਥਾਂ ਪ੍ਰਗਟ ਕੀਤਾ ਤੇ ਇਸਦੇ ਨਾਂ ਤੇ ਵੱਜਿਆ। ਸਤੀ ਦੇ ਨੈਣਾਂ ਨਾਲ ਇਸ ਨੂੰ ਏਥੇ ਸੰਬੰਧਤ ਦੱਸਿਆ ਹੈ ਪਰ ਨੈਣੀ ਤਾਲ ਦੇ ਮੰਦਰ ਵਾਲੇ ਸਤੀ ਦੇ ਨੈਣ ਉਥੇ ਡਿੱਗੇ ਦੱਸਦੇ ਹਨ।

Sri Satguru Jagjit Singh Ji eLlibrary NamdhariElibrary@gmail.com

ਦਾਨ ਕੋ ਦੇਤਿ ਹੈਂ ਮਾਨ ਕਏ[੧]।ਜੋ ਗੁਨਵੰਤਿ ਉਚਾਰਤਿ ਹੈਂ ਜਸੁ ਬਾਂਛਤਿ ਸੋ ਧਨ ਲੇਤਿ ਭਏ। ਦੂਰ ਤੇ ਆਵਤਿ ਛੰਦ ਸੁਨਾਵਤਿ ਪਾਵਤਿ ਦਰਬ ਦਰਿੱਦ੍ਰ ਹਏ[੨]॥੩॥ਭੀਰ ਅਨੇਕ ਘਨੀ ਪੁਰਿ ਆਨੰਦ ਆਨਿ ਦੁਕਾਨ ਕਰੇ ਬਿਵਹਾਰਾ। ਅੰਬਰ ਲੇ ਪਸ਼ਮੰਬਰ ਕੋ ਗਨ ਬ੍ਰਿੰਦ ਪਟੰਬਰ ਕੇਰਿ ਅੰਬਾਰਾ। ਬੈਠਿ ਸਰਾਫ ਸੁ ਥ਼ਾਤਨਿ ਲੈ[੩], ਰਜਤੈ[੪] ਗਨ ਕੰਚਨ* ਕੀਨਿ ਵਪਾਰਾ। ਭੂਖਨ ਬ੍ਰਿੰਦ ਧਰੇਂ ਤਨ ਮੈਂ ਪਹਿਰੇ ਬਰ ਚੀਰ ਬਸ੍ਯੋ ਪੁਰਿ ਸਾਰਾ ॥੪॥ ਸ੍ਰੀ ਪ੍ਰਭੁ ਨੀਤ ਬਿਚਾਰਿ ਰਿਦੇ ਮਹਿ ਕੀਨਿ ਕਿਲਾ ਚਿਨਵਾਵਨਿ ਕੋ। ਮੋਰਚੇ ਬ੍ਰਿੰਦ ਰਖੇ ਹਤਿਬੇ ਕਹੁ ਆਵਤਿ ਸ਼ੱਤ੍ਰੁਨ ਘਾਵਨ† ਕੋ। ਕੋਟ ਮਹਾਂ ਦ੍ਰਿੜ੍ਹ ਪਾਹਨ ਕੋ ਕਰਿ ਬੀਚ ਭਲੇ ਲਰਵਾਵਨ ਕੋ। ਸਿੰਘ ਸੁ ਪੌਰ[੫] ਰਚ੍ਯੋ ਉੱਚ ਠੌਰਹਿ ਚੌਰ ਬਿਸਾਲ[੬] ਸੁਹਾਵਨ ਕੋ॥੫॥ਬੀਰ ਫਿਰੈਂ ਬਡ ਬਾਹਨਿ ਕੈ ਬਲ ਬਾਹਨ, ਬ੍ਰਿੰਦ ਤੁਰੰਗ ਤਬੇਲੇ[੭]। ਆਯੁਧ ਸੁੰਦਰ ਕੌ ਕਰ ਧਾਰਤਿ ਪੋਸ਼ਿਸ਼ ਸੂਖਮ ਅੰਗਨਿ ਮੇਲੇ। ਜ਼ੀਨ ਜ਼ਰੀ ਬਰ ਜ਼ੇਬ ਜਗਾਮਗ[੮],ਜੋ ਭਟ ਆਇ ਤੌ ਰਾਖਿ ਸੁਹੇਲੇ। ਸੈਨ ਬ੍ਰਿਧਾਵਤਿ ਸਿੰਘਰ ਪਾਵਤਿ ਬੋਲਤਿ ਹੈਂ ਉਤਸਾਹਿਨਿ 'ਲੇ ਲੇ[੯]' ॥ ੬ ॥ ਕਬਿੱਤ ॥ ਗੁਰੂ ਕੇ ਸ਼ਰਨ ਭਯੋ ਦਾਰਿਦ ਹਰਨ ਬ੍ਰਿੰਦ[੧੦] ਤਾਰਨ ਤਰਨ ਜਿਨਕੇ ਨ ਸਮ ਆਨਕੋ[੧੧]।ਸੁਨਿ ਸੁਨਿਬਾਨੀਏ ਬਨਜਕੇ ਕਰਨ ਹਿਤ ਵੱਖਰ ਮਹਾਨ ਧਨ ਪਾਵਤਿ ਦੁਕਾਨ ਕੋ। ਸਿੱਖ ਸਮੁਦਾਇ ਬਸੇ ਲਾਭ ਕੋ ਬਿਸਾਲ ਜਾਨਿ, ਦਰਸ਼ਨ ਪ੍ਰਭੁ ਅਰੁ ਜੀਵਾ ਗੁਜ਼ਰਾਨ ਕੋ। ਧਰੈਂ ਮਨ ਕਾਮਨਾ ਕੋ ਧਾਮਨਿ ਬਨਾਇ, ਤਮ ਦੁੱਖ ਕੀ ਨ ਗਮ[੧੨] ਭਏ ਮਹਾਂ ਸੁਖਵਾਨ ਕੋ ॥ ੭ ॥ ਆਈ ਨਵੋਂ ਨਿੱਧਿ, ਸਭਿ ਕਾਰਜ ਕੋ ਕਰਹਿ ਸਿੱਧ, ਰਿੱਧਿ ਭਈ ਘਰ ਘਰ,ਕਮੀ ਹੈ ਨ ਕਾਹਿਕੀ।ਬਸੈਂ ਬੁੱਧਿਮਾਨ ਗੁਨ

[੧]ਮਾਨ ਕਰਕੇ। [੨]ਨਾਸ਼ ਹੋ ਜਾਂਦਾ ਹੈ। [੩]ਥੈਲੀਆਂ ਲੈਕੇ। [੪]ਚਾਂਦੀ। [੫]ਵੱਡਾ ਦਰਵਾਜ਼ਾ, ਸ਼ਾਹੀ-ਦਰ। [੬]ਬਹੁਤਾ ਚੌੜਾ। [੭](ਜੱਥੇ ਫਿਰਨ ਬੀਰ ਵਡੀਆਂ ਫੌਜਾਂ ਵਾਲੇ ਤੇ ਬਾਹਾਂ ਦੇ ਬਲ ਵਾਲੇ ਅਤੇ ਓਥੇ ਹੋ ਗਏ ਘੋੜਿਆਂਦੇ ਬਹੁਤ ਤਬੇਲੇ। [੮]ਸ੍ਰੇਸ਼ਟ ਜ਼ਰੀਦੀਆਂ ਕਾਠੀਆਂਨਾਲ ਜਿਨ੍ਹਾਂਦੀ ਸ਼ੋਭਾ ਜਗਮਗਾਉਂਦੀ ਹੈ। [੯]ਉਤਸਾਹ ਨਾਲ ਬੋਲਦੇ ਹਨ ਇਹ ਬੀ ਲੈ ਲਵਾਂਗੇ ਇਹ ਬੀ ਲੈ ਲਵਾਂਗੇ। [੧੦]ਦ੍ਰਿਦਰ ਦੂਰ ਕਰਨ ਲਈ ਬਹੁਤੇ ਗੁਰੂ ਕੀ ਸ਼ਰਨ ਆਏ। [੧੧]ਜਹਾਜ਼ ਵਾਂਙੂ ਤਾਰਨ ਵਿਚ ਜਿਨ੍ਹਾਂ ਤੁਲ ਕੋਈ ਸਮਰੱਥ ਨਹੀਂ। [੧੨](ਤਮ=) ਅੱਗਜਾਨ ਤੇ ਦੁਖ ਦਾ ਗਮ ਨਹੀਂ ਰਿਹਾ। (ਅ) ਦੁਖ ਦਾ ਗਮ (ਤਮ=) ਅਤਿਸ਼ੈ ਕਰਕੇ ਭਾਵ ਮੂਲੋਂ ਨਹੀਂ ਰਿਹਾ ਹੈ।

*ਪਾ:-ਕੇਚਿਤ, ਬੇਚਿਤ। †ਪਾ:-ਸ਼ਤ੍ਰੂ ਨਸਾਵਨਿ।

Sri Satguru Jagjit Singh Ji eLlibrary NamdhariElibrary@gmail.com

ਸੰਗ੍ਰਹਕੀ ਚਾਹ ਜਾਨਿ[1], ਸੁਨਿ ਸੁਨਿ ਕਾਨ ਆਨਿ ਆਨਿਥਿਤ ਭਾਹਿਕੀ[2]। ਨਏ ਨਿਤ ਮੰਗਲ, ਉਮੰਗ ਸੰਗ ਨਾਰੀ ਨਰ ਰੰਗ ਰੰਗ ਕੌਤਕ ਬਿਲੰਦ ਉਤਸਾਹਿ ਕੀ[3]। ਅਧਿਕ ਅਨੰਦ ਪੁਰਿ ਭਯੋ ਹੈ ਅਨੰਦ ਪੁਰ[4] ਸ੍ਰੀ ਗੁਬਿੰਦ ਸਿੰਘ ਜੀ ਬਸਾਯੋ ਬ੍ਰਿੰਦਚਾਹਿ ਕੀ[5]॥੮॥ ਜੈਸੇ ਸ੍ਯਾਮਘਨਛੋਰਿ ਮਥੁਰਾ ਮਹਿ ਸ਼ੱਤ੍ਰ ਹਨ, ਪਾਇ ਥਿਰੇ ਲੱਛਮੀ ਬਸਾਈ ਜਾਇ ਦ੍ਵਾਰਕਾ। ਜੈਸੇ ਰਾਮਚੰਦ ਧਰਿ ਪ੍ਰਾਕ੍ਰਮ ਬਿਲੰਦ ਲੰਕ ਰਾਵਨ ਨਿਕੰਦ ਕਰਿ ਔਧ ਕੀ ਸੰਭਾਰ ਕਾ[6]। ਜੈਸੇ ਪਰਹੂਤ ਹਤਿ ਦੈਤਨ ਕੇ ਪੂਤ ਗਨਬਹੁਰੋ ਬਸਾਏ ਦੇਵਲੋਕ ਸੁਖਕਾ-ਰਕਾ[7]। ਤੈਸੇ ਸ਼੍ਰੀਗੁਬਿੰਦਸਿੰਘ ਪਾਂਵਟਾਕੌ ਜੀਤਿਜੰਗ ਆਨਿਕੈ ਅਨੰਦ ਪੁਰਿ ਬਾਸੇਦੇਸ਼ ਚਾਰੁਕਾ॥੯॥ ਸੋਰਠਾ॥ ਬਸੇਨਾਰਿ ਨਰਬ੍ਰਿੰਦ, ਲਹਯੋ ਅਨੰਦਬਿਲੰਦ ਸਭਿ। ਦੋਹਾ ਕੀਨਿ ਮੁਕੰਦ, ਸ਼੍ਰੀ ਮੁਖ ਤੇ ਇਮ ਲਿਖਯੋ ਤਬਿ ॥੧੦॥:-

ਸ਼੍ਰੀ ਮੁਖ ਵਾਕ ॥ ਦੋਹਰਾ ॥ ਜੁੱਧ ਜੀਤ ਆਏ ਜਬੈ ਟਿਕੇ ਨ ਤਿਹ ਪੁਰਿ*
ਪਾਂਵ ॥ ਕਾਹਲੂਰ ਮੈਂ ਬਾਂਧਯੋ† ਆਨਿ ਅਨੰਦ ਪੁਰ ਗਾਂਵ ॥ ੩੬ ॥

ਕਬਿੱਤ ॥ ਹੇਰਤਿ ਸਵੇਰ ਕੇ ਅਰੂਢਤਿ ਅਖੇਰ ਕੋ, ਅਨੀਕ ਲੇ ਬਡੇਰ ਕੋ, ਅਨਿਕ ਬਨਿ ਗਾਹਹੀਂ। ਦੁੰਦਭਿ ਬਜਤਿ ਬਡੀ ਬੰਬ ਸੋਂ ਗਜਤਿ, ਉਤਸਾਹ ਮੈਂ ਸਜਤਿ ਸੁਨਿ ਸੂਰਮਾ ਉਮਾਹਹੀਂ। ਚੀਤੇ ਅਰੁ ਬਾਜ ਸ੍ਵਾਨ ਸ਼ਿਕਰੇ ਲੈ ਸੰਗ ਘਨੇ ਹਨੇ ਮ੍ਰਿਗ, ਸਸੇ, ਕੋਲ, ਜਾਨ ਦੇਂ ਨ ਭਾਹ ਹੀ[8]। ਦੁੱਜਨਕੀ ਛਾਤੀ ਦਰ, ਸੱਜਨ ਕੋ ਮੋਦ ਕਰਿ, ਚੋਰ ਠਗ ਪ੍ਰਾਨ ਹਰਿ ਨੀਤਿ ਨਿਰਬਾਹ ਹੀ[9] ॥ ੧੧ ॥ ਸਤਿਗੁਰ ਬਿਨਾ ਦਲ ਚੜ੍ਹੇ ਬਹੁ ਧਾਰਿ ਬਲ, ਕਾਹਲੂਰ ਗ੍ਰਾਮਨਿ ਮੈਂ ਤ੍ਰਾਸ ਉਪਜਾਵਈ। ਮਿਲੇ ਭੇਟ ਦੇਇ ਤਾਂ ਕੇ ਰੱਖਕ ਬਨੇਇ ਸਭਿ ਬੇਮੁਖ[10] ਕੋ ਲੂਟ ਲੇਹਿਂ ਮਾਨ ਬਿਨਸਾਵਈਂ। ਅੰਨ ਬ੍ਰਿੰਦ ਛੀਨੈਂ, ਅਜਾ-

[1]ਗੁਣਾਂ ਨੂੰ ਇਕੱਠਾ ਕਰਨ ਦੀ ਇੱਛਾ ਜਾਣਕੇ। [2]ਤੁੱਥੇ ਆ ਆ ਕੇ ਟਿਕਾਣਾ ਕਰਦੇ ਹਨ। [3]ਵੱਡੇ ਉਤਸਾਹਾਂ ਵਾਲੇ। [4]ਅਨੰਦ ਨਾਲ ਪੂਰਨ। [5]ਸਾਰਿਆਂ ਦੀ ਇੱਛਾ ਪੂਰੀ ਕਰਨ ਲਈ। [6]ਅਜੁੱਧਿਆ ਦੀ ਸੰਭਾਲ ਕੀਤੀ। [7]ਜਿਵੇਂ ਇੰਦ੍ਰ ਨੇ ਪਹਿਲੋਂ ਦੈਂਤਾਂ ਦੇ ਪੁੱਤ੍ਰ ਮਾਰ ਕੇ ਸੁਖ ਕਰਨ ਵਾਲੇ ਸੁਰਗ ਨੂੰ ਵਸਾਇਆ ਸੀ। [8]ਜਾਣੇ ਨਹੀਂ ਦਿੰਦੇ ਤਿਨ੍ਹਾਂ (ਜਨੌਰਾਂ) ਨੂੰ। [9]ਨੀਤੀ ਨਿਬਾਹੁੰਦੇ ਹਨ। [10]ਬੇਮੁਖ ਤੋਂ ਮੁਰਾਦ ਨਿਮਕ ਹਰਾਮਾਂ ਦੀ ਹੈ ਯਾ ਵੈਰ ਭਾਵ ਵਾਲਿਆਂ ਦੀ।

*ਪੁਰਿ ਤੋਂ ਭਾਵ ਪਾਂਵਟਾ ਹੈ। †ਬੰਨ੍ਹਣ ਦਾ ਭਾਵ ਨਵੇਂ ਸਿਰ ਸਾਜਣਾ ਨਹੀਂ ਹੈ, ਪਰ ਅਗਲੇ ਨੂੰ ਕਿਲ੍ਹੇ ਕੋਟ ਆਦਿ ਸਮਾਨਾਂ ਨਾਲ ਸੁਰੱਖਯਤ ਕਰਨ ਤੋਂ ਹੈ। ਕਿਉਂਕਿ ਹੁਣ ਰਾਜਨੀਤੀ ਦੱਸਦੀ ਹੈ ਕਿ ਰਾਜੇ ਜੇ ਆਣ ਪਏ ਤਾਂ ਜੁੱਧ ਜ਼ਰੂਰ ਕਰਨਾ ਪਵੇਗਾ। ਦੂਸਰੇ ਪਾਊਂਟੇ ਜਾਣ ਮਗਰੋਂ ਵਪਾਰੀ ਤੇ ਹੋਰ ਲੋਕ ਬਹੁਤ ਚਲੇ ਗਏ ਸਨ, ਬੇਰੌਣਕੀ ਹੋ ਗਈ ਸੀ ਸੋ ਮੁੜਕੇ ਆਬੋ ਆਬਾਦ ਕੀਤਾ।

Sri Satguru Jagjit Singh Ji eLlibrary NamdhariElibrary@gmail.com

ਪ੍ਰੁਤ ਜਿਤ ਚੀਨੈ[1] ਲੇਤਿ,ਦੂਧ ਦਧਿ ਬਾਸਨ ਅਵਾਸਨ ਉਠਾਵਈ[2]।ਸੰਚਯ ਘਾਸ ਲੇਤਿ,ਬੋਲੈ ਮੂਢਕੋ[3] ਝਿਰਕ ਦੇਤਿ,ਮਾਰ ਕੂਟ ਨੀਤ ਹੋਤਿਜੱਤੁ ਤੱਤੁ ਜਾਵਈ* ॥ ੧੨॥ ਗ੍ਰਾਮਨ ਕੇ ਨਰ ਇਮ ਧਾਮਨ ਕੇ ਦੁੱਖ ਭਰਿ ਨਾਹਿਨ ਅਰਾਮ ਪਾਇ ਜਾਤਿਹੈਂ ਪੁਕਾਰਕੋ।ਊਚੇ ਮੁਖਗਾਵਹਿਂ ਨਿਜ ਰਾਜੇਕੋ ਸੁਨਾ-ਵਹਿ ਕੂਕ 'ਲੇਤਿ ਨਿਤ ਮਾਮਲਾ[4] ਨ ਹੋਇ ਰਖਵਾਰ ਕੌ[5]।ਗੁਰੂ ਦਲ ਆਵੈ ਬਡ ਦੁੰਦਕੌ ਉਠਾਵੈ ਦੇਸ਼, ਲੂਟਕੇ ਮਚਾਵੈ ਫਿਰ ਹੇਰੈ ਘਰ ਬਾਰ ਕੌ[6]:- ਘਾਸਹੂੰ ਨ ਛੋਰੈਂ,ਦੂਧ ਦਧਿਹੂੰ ਕੋ ਟੋਰੈਂ, ਬਹੁ ਬਾਸਨਕੋਫੋਰਹਿਂ,ਤ੍ਰਾਸ ਦੇਤਿ ਨਰ ਨਾਰਿਕੋ[7]॥੧੩॥ਸੁਨੈ ਭੀਮਚੰਦ ਗਨ ਸੈਲ ਕੋ ਨਰਿੰਦ ਮਹਾਂ ਪ੍ਰਭੁ ਕੋ ਬਿਲੰਦ ਜਾਨਿੰ ਧਾਰੈ ਮੁਖ ਮੌਨ ਕੌ।ਪ੍ਰਜਾ ਦੁਖ ਪਾਵੈ ਬਾਰਿਬਾਰਿ ਹੀ ਸੁਨਾਵੈ ਕੂਕ'ਕਨੋਂ ਨਸੁਨੈਭੂਪ ਕੀਨੈਦੇਸ਼ ਨਜਾਇਐਨ ਕੌ'[7]। ਰਿਦੇਪਛੁਤਾਇ ਕਛੂ ਬਸ ਨ ਬਸਾਇ ਜਬਿ ਬਲ ਕੋ ਬਿਚਾਰੇ ਸਤਿਗੁਰੂ ਉਰ ਭੌਨਕੋ।-ਫਤੇਸ਼ਾਹ ਸੰਗ ਜੰਗ ਕੀਨੋ ਅੰਗ ਭੰਗ ਭਟ, ਅਵਨੀ ਸੁਰੰਗ ਰੰਗਕੀਨ ਬਲ ਤੌਨਕੋ[8] -॥੧੪॥ਹੋਇ ਮਨ ਭੀਰ ਕੌ[9], ਹਕਾਰਯੋ ਹੈ ਵਜ਼ੀਰ ਕੋ ਬਿਠਾਇਕਰਿ ਤੀਰ ਬੀਰ ਆਪਨੇ ਬੁਲਾਇ ਔਰ। ਬੂਝਨੇ ਸਭਿ ਸੰਗ 'ਅਬਿ ਕਰੈਂ ਕੌਨ ਢੰਗ?

---

[1]ਬਕਰੇ ਜਿੱਧਰ ਦੇਖਣ। [2]ਦੁੱਧ ਦਹੀ ਦੇ ਭਾਂਡਿਆਂ ਨੂੰ ਘਰਾਂ ਵਿਚੋਂ ਉਠਾ ਲੈਂਦੇ ਹਨ। [3]ਇਕੱਠਾ ਕੀਤਾ ਹੋਇਆ ਘਾਹ ਲੈ ਲੈਂਦੇ ਹਨ ਜੋ ਮੂਰਖ ਅੱਗੋਂ ਬੋਲੇ ਉਸ ਨੂੰ......... । [4](ਤੁਸੀਂ) ਲੈਂਦੇ ਹੋ ਮਾਮਲਾ। [5](ਤੁਸੀਂ) ਰਾਖੇ ਕਿਉਂਨਹੀਂ ਹੁੰਦੇ।[6]ਭਾਵ ਖਾਣ ਪੀਣ ਦਾ ਸਾਮਾਨ ਘਰਾਂ ਵਿਚੋਂ ਰਿੱਧਾ ਪੱਕਾ ਕਰ੍ਹਿਆ ਜੰਮਿਆ ਲੈ ਲੈਂਦੇ ਹਨ (ਅਗੇ ਵੇਰਵਾ ਆਪ ਹੀ ਦੱਸਦੇ ਹਨ)। [7](ਕੂਕ) ਕਿਉਂ ਨਹੀਂ ਸੁਣਦਾ ਹੈਂ ਹੇ ਰਾਜਾ (ਤੂੰ),ਨਾ ਆਕੇ ਦੇਸ਼ ਦਾ ਕੋਈ ਨਜਾਯ ਕੀਤਾ ਹੈ (ਤੂੰ) [ਕੀਨੈ+ਐ+ ਨਾ+ਕੋ=ਕੀਤਾ ਆਕੇ ਨਹੀਂ ਕੋਈ ਨਜਾਯ] (ਅ) ਆਪਣੇ ਦੇਸ਼ ਤੇ (ਐਨ= ਧਰਤੀ ਦਾ ਨਜਾਯ (ਕੀਨੋ=) ਕਰਨਾ ਚਾਹਿਯੇ। [8]ਧਰਤੀ ਨੂੰ ਲਾਲ ਰੰਗ ਨਾਲ ਰੰਗ ਦਿਤਾ [ਸੁਰੰਗ=ਲਾਲ ਰੰਗ]। [9]ਭਾਵ ਮਨ ਵਿਚ ਡਰ ਖਾਕੇ। *ਇਹਨਾਂ ਦਾ ਅਸਲ ਅਰਥ ਜਾਕੇ ਅੱਗੇ ਖੁਲ੍ਹਦਾ ਹੈ, ਇਸੇ ਅੰਸੂ ਦਾ ਦੇਖੋ ਅੰਗ ੨੧, ੨੨, ੨੩ ਪੁਨਾ ਅੰਸੂ ੩੭ ਅੰਕ ੧੧। ਸ਼ਿਕਾਰ ਸੈਰ ਨੂੰ ਬਾਹਰ ਗਏ ਦੁੱਧ ਦਹੀਂ ਘਾਹ ਜੋ ਲੋੜ ਪੈਂਦੀ ਹੈ ਸੋ ਲੈਂਦੇ ਹਨ ਅਰ ਮੁੱਲ ਬੀ ਦੇਂਦੇ ਹਨ, ਰੌਲਾ ਇਹ ਪੈਂਦਾ ਹੈ ਕਿ ਪਹਾੜੀਏ ਦੇਣੋ ਨਾਂਹ ਕਰਦੇ ਤੇ ਆਕੜਦੇ ਹਨ। ਓਹ ਲੋਕ ਜੋ ਸਿਪਾਹੀ ਹਨ ਫੇਰ ਲੋੜੀ ਦੀਆਂ ਚੀਜ਼ਾਂ ਪੈਸੇ ਦੇਕੇ ਖੋਹ ਲੈਂਦੇ ਹਨ, ਇਹ ਲਸ਼ਕਰਾਂ ਦੀ ਨੀਤੀ ਵਿਚ ਬਾਤ ਹੈ ਅੰਕ ੨੩ ਵਿਚ 'ਔਰ ਨ ਬਿਗਾਰੈਂ ਕਛੂ' ਵਿਚ ਸਾਰਾ ਭਾਵ ਉਪਰਲਾ ਆ ਗਿਆ ਹੈ। ਪਾਉਂਟੇ ਦੀ ਫਤਹ ਵਿਚ ਇਹ ਸਾਰੇ ਹੱਕ ਭੀਮ ਚੰਦ ਤੋਂ ਪ੍ਰਾਪਤ ਕਰ ਲਏ ਜਾਪਦੇ ਹਨ। ਅੰਕ ੨੦ ਵਿਚ ਦੂਤ ਕਹਿੰਦਾ ਹੈ, 'ਸੰਧਿ ਕੋ ਬਿਚਾਰ ਕਰ' ਮਾਨੋ ਕਿਸੇ ਹੋ ਚੁਕੇ ਮੇਲ ਨੂੰ ਯਾਦ ਕਰਾਉਂਦਾ ਹੈ। ਵਿਸ਼ੇਸ਼ ਲਈ ਦੇਖੋ ਪੰਨਾ ੪੮੨੭ ਦੀ ਹੇਠਲੀ ਟੂਕ।

ਕਹੋ, ਪ੍ਰਜਾ ਸੁਖ ਭੰਗ ਭਯੋ ਆਪਨੀ ਸਗਲ ਠੌਰ[1]। ਜੰਗਹੂੰ ਨ ਬਨੈ, ਰਸ ਰੰਗ[2] ਹੂੰ ਨ ਬਨੈ, ਕੁਛ ਮੌਨਹੂੰ ਨ ਬਨੈ, ਨਿਤ ਮਾਚਤ ਅਧਿਕ ਰੌਰ। ਕਹੋ ਕਹਾਂ ਕਰੈਂ ਜਨੋਂ ਕਲੇਸ਼ਨ ਕੋ ਹਰੈਂ ਅਬਿ, ਕਹਾਂ ਲਗਿ ਡਰੈਂ ਹੇਰਿ ਸੋਢੀਬੰਸ ਸੀਸ ਮੌਰ[3]" ॥੧੫॥ ਸੁਨਿ ਕੈ ਵਜ਼ੀਰ ਬੈਠਯੋ ਤੀਰ ਦੀਨਿ ਧੀਰ ਉਰ 'ਤਜੋ ਬਹੁ ਪੀਰ, ਗੁਰ ਪੀਰਨ ਕੋ ਪੀਰ ਜਾਨਿ। ਮਿਲਿਨਿ ਭਲੇਰੋ ਅਬਿ ਨੀਕੋ ਮਤਿ ਮੇਰੋ ਸ਼ੁਭ, ਪ੍ਰਭੁ ਕੇ ਦਰਸ ਹੇਰੋ ਚਲੋ ਚਿਤਚਿੰਤ ਹਾਨਿ। ਸੁਖ ਨ ਬਖੇਰੇ ਬੀਚ, ਦੁਖੀ ਹੋਇ ਊਚ ਨੀਚ, ਨੇਹ ਨੀਰ ਸੀਂਚ ਵਧੈ ਮੋਦ ਤਰੁਲੇ ਮਹਾਨ[4]। ਪ੍ਰਜਾ ਅਰੁ ਆਪਨੀ ਕੱਲਯਾਣ ਕੋ ਪਛਾਨ ਕਰਿ ਬੈਰ ਤਜਿ ਦੀਜੀਏ ਨ ਖੀਝੀਏ, ਵਿਚਾਰਵਾਨ!'॥ ੧੬॥ ਬੈਠੇ ਨਰ ਆਨਿ ਜੋਈ ਸਭਿਹੂੰ ਬਖਾਨ ਕੀਨਿ: 'ਭਾਖਤਿ ਵਜ਼ੀਰ ਨੀਕੋ ਮਤਿ ਸੁਖਦਾਇ ਕੋ। ਭੇਜੀਏ ਵਕੀਲ ਕੋ ਸੁਸ਼ੀਲ ਕੋ ਜਨਾਇ ਤਹਾਂ, ਸੰਧ ਕਰਿ[5] ਆਇ ਹੈ, ਨ ਹੋਇ ਜੰਗ ਘਾਇ ਕੋ। ਸੁਨੋ ਅਵਨੀਪ ਨਿਤ ਬਸਨ ਸਮੀਪ ਕੋ ਹੈ, ਰਸ ਮੈਂ ਅਨੰਦ ਹੋਤਿ ਸਹਿਜ ਹੀ ਸੁਭਾਇ ਕੋ। ਨਾਤੁਰ ਕਲੇਸ਼ ਕੋ ਵਿਸ਼ੇਸ਼ ਹੀ ਵਿਰਸ[6] ਕਰੈ ਰਈਯਤ ਅਸ਼ੇਸ਼ ਕੋ ਨਰੇਸ਼ ਅਰੁ ਪਾਇਕਉ[7]'॥੧੭॥ ਸੁਨਯੋ ਭੀਮਚੰਦ ਨੀਕੋ ਮਾਨਿ ਕੈ ਬਿਲੰਦ ਮਨ, ਕ੍ਰੋਧ ਕੋ ਨਿਕੰਦ ਕੀਨਿ ਦੂਤ ਕਉ ਪਠਾਯੋ ਹੈ। 'ਪਦ ਅਰਬਿੰਦ ਕਰੋ ਬੰਦਨਾ ਕੋ ਬੰਦਿ ਹਾਥ—ਛਿਮਾ ਧਰੋ ਨਾਥ ਭੂਲ ਚੂਕ ਬਖਸ਼ਾਯੋ ਹੈ—'। ਸੁੰਦਰ ਅਕੋਰ ਦੀਨਿ, ਲੇ ਕਰਿ ਗਮਨ ਕੀਨਿ, ਚੀਨ ਕੈ ਪ੍ਰਬੀਨ ਬਲੀ ਗੁਰੂ ਸ਼ਾਮ ਆਯੋ ਹੈ[8]। ਆਨਿ ਕੈ ਅਨੰਦਪੁਰਿ ਆਨੰਦ ਬਿਲੰਦ ਹੇਰਯੋ ਸੁੰਦਰ ਸਥਾਨ ਮੈਂ ਸਿਵਰ ਨਿਜ ਪਾਯੋ ਹੈ ॥ ੧੮॥ ਪੌਰ ਪਰ ਪੌਰਦਾਰ ਖਰੇ ਤਿਸ ਠੌਰ ਹੋਇ, ਅੰਤਰ ਪਠਾਇ ਸੁਧਿ ਕਰੀ ਤਿਨ ਜਾਇ ਕੈ। ਸੁਨਿ ਗੁਰ ਪੀਰ ਨੇ ਹਕਾਰ ਲੀਨਿ ਤੀਰ ਤਬਿ, ਸਭਾ ਬਹੁਬੀਰਨ ਕੀ ਹੇਰਿ ਸੀਸ ਨਯਾਇ ਕੈ। 'ਬੰਦਨਾ ਗਿਰਿੰਦ੍ਰ[9] ਕੀਨਿ ਪਦ ਅਰਬਿੰਦ ਤੁਮ' ਕੁਸਲ ਪ੍ਰਸ਼ਨ ਪ੍ਰਭੁ ਭਾਖਯੋ ਹੈ ਬਿਠਾਇ ਕੈ। 'ਕੌਨ ਕਾਜ ਰਾਜੇ ਤੁਮ ਭੇਜਯੋ ਹਮ ਪਾਸ ਅਬਿ? ਭੇਵ ਕੋ ਪ੍ਰਭਾਵ ਸਭਿ ਦੀਜੈ ਸਮੁਝਾਇ ਕੈ' ॥੧੯॥ ਹਾਥ ਜੋਰਿ ਦੂਤ ਕਹੀ

[1] ਆਪਣੀਆਂ ਸਾਰੀਆਂ ਥਾਵਾਂ ਤੇ ਪ੍ਰਜਾ ਦਾ ਸੁਖ ਨਾਸ਼ ਹੋ ਗਿਆ ਹੈ। [2] ਭਾਵ ਪਿਆਰ ਵਾਲਾ ਮੇਲ। [3] ਸੋਢੀਆਂ ਦੇ ਸਿਰ ਦਾ ਮੁਕਟ। [4] ਭਾਵ ਉਚੇ ਭਾਵੇਂ ਨੀਵੇਂ ਸਭ ਨੂੰ ਬਖੇੜੇ ਵਿਚ ਦੁਖ ਹੀ ਹੁੰਦਾ ਹੈ, ਪ੍ਰੇਮ ਦਾ ਜਲ ਸਿੰਚਨ ਕਰਨ ਤੇ ਖੁਸ਼ੀ ਦਾ ਬ੍ਰਿਛ ਬਹੁਤ ਵਧਦਾ ਹੈ। [5] ਮੇਲ ਕਰ ਆਵੇ। [6] ਬੇਰਸ। [7] ਨਹੀਂ ਤਾਂ ਰਯਤ ਸਾਰੀ, ਰਾਜੇ ਤੇ ਦਾਮਾਂ ਦੇ (ਰਸ ਨੂੰ) ਕਲੇਸ਼ ਦਾ ਵਧਣਾ ਵਿਰਸਾ ਕਰ ਦਿੰਦਾ ਹੈ। [8] (ਦੂਤ) ਗੁਰੂ ਜੀ ਨੂੰ ਬਲੀ ਤੇ ਪ੍ਰਬੀਨ ਸਮਝ ਕੇ ਸ਼ਰਨ ਆਯਾ ਹੈ। [9] ਭਾਵ ਭੀਮਚੰਦ ਨੇ।

Sri Satguru Jagjit Singh Ji eLlibrary NamdhariElibrary@gmail.com

‘ਸੁਨੋ ਪੁਰਹੂਤ ਸਮ,ਪ੍ਰਜਾ ਕੋ ਕਲੇਸ਼ ਤੇ ਅਸ਼ੇਸ਼ਤੈ ਪੁਕਾਰ ਕਰਿ।ਜਾਇਦਲ ਰਾਵਰੋ ਬਿਗਾਰ ਕਰੈ ਬਾਰਿ ਬਾਰਿ, ਰਾਜੇ ਸੁਨਿ ਸਾਰ[1] ਕੋ ਪਠਾਯੋ ਹੈ ਉਚਾਰ ਕਰਿ। ਛਿਮਾ ਧਾਰਿ ਭੂਲ ਚੂਕ ਬਖਸ਼ੋ ਹਮਾਰੀ ਅਬਿ, ਰਿਦੈ ਤੇ ਬਿਸਾਰੋ ਸਭਿ ਕੋਪ ਜੋ ਉਦਾਰ ਕਰਿ[2]। ਦ੍ਵੈਸ਼ ਕੋ ਪ੍ਰਹਾਰ ਕਰਿ, ਸੰਧਿ ਕੋ ਬਿਚਾਰ ਕਰਿ[3], ਬਸੀਏ ਬਿਹਾਰ ਕਰਿ ਭਾਵਤੇ ਸ਼ਿਕਾਰ ਕਰਿ[4]” ॥੨੦॥ [5]“ਦੂਤ ਸੁਨਿ ਲੇਹੁ, ਨਿਜ ਰਾਜੇ ਕਹਿ ਦੇਹੁ ਸਭਿ, ਕਾਰਨ ਅਛੇਹੁ ਦ੍ਵੈਸ਼ ਹੂੰ ਕੋ ਤਿਨ ਕੀਨਿਯੋ। ਅਨਿਕ ਪ੍ਰਪੰਚ ਰਚਿ ਬੰਚਕ ਜਨੋਂ ਚਾਹੈ ਚਿਤ,ਰੰਚਕ ਬਿਚਾਰਕਰਿ ਕਨੌਂ ਹੂੰ ਨਹਿਂ ਚੀਨਿਯੋਂ। ਕੁੰਚਰ ਪ੍ਰਸਾਦੀ ਹੇਤੁ ਛਲਨੇ ਚਹੈ ਬਾਰਿ ਬਾਰਿ ਕਪਟੀ ਕੁਟਿਲ ਜਾਨਿ ਨਹੀਂ ਹਮ ਦੀਨਿਯੋ।ਸਾਰਮੌਰ ਦੇਸ਼ ਮੈਂ ਪ੍ਰਵੇਸ਼ ਭਏਜਾਇ ਕਰਿ,ਤਹਾਂ ਭੀ ਖੁਟਾਈ ਠਾਨਿ ਖੋਟ ਮੈਂ ਪ੍ਰਬੀਨਿਯੋਂ ॥੨੧॥ ਹਮਰੇ ਦਿਵਾਨ ਕਉ ਸੁਘੇਰਨੋ ਚਹੇ ਹਾਨ ਕਉ[6],ਮਹਾਨ ਸਾਵਧਾਨ ਕਉ ਪਰੇ ਸੁ ਕੈਸੇ ਪਾਨ ਮੈਂ[7]।ਪੁਨ ਫਤੇਸ਼ਾਹਿ ਕੋ ਬਿਰੋਧੀ ਹਮ ਸੰਗ ਕੀਨਿ, ਸੈਨਾਕੋ ਸਕੇਲਿ ਜੀਤ ਚਾਹੇ ਘਮਸਾਨ ਮੈਂ।ਤਹਾਂਮਹਾਂ ਲੋਹ[8] ਨੇ ਪਰਾਜੈ ਕਰਿ ਦੀਨੇ ਭੂਪ,ਛਾਨੀ ਹੈ ਨ ਬਾਤਿ ਅਪਵਾਦਿ ਹੈ ਜਹਾਨ ਮੈਂ। ਅਪਨੋ ਨਗਰ ਹਮ ਆਨਿ ਕੈ ਬਸਾਯੋ ਅਬਿ,ਸੁਭਟ ਸਮੂਹ ਬਿਤ ਧਾਰੇ ਸ਼ਸਤ੍ਰ ਪਾਨ ਮੈਂ॥੨੨॥ਖੇਲਿਬੇ ਅਖੇਰ ਕੌ ਨ ਆਨਿ ਬਾਨਿ ਜਾਨ ਕਹੂੰ ਕਾਹਿਲੂਰ ਦੇਸ਼ ਮੈਂ ਪ੍ਰਵੇਸ਼ ਬਿਚਰਤਿ ਹੈਂ।ਘੇਰਨ ਕੋ ਘਾਸ,ਕਿਧੌਂ ਮਾਸ ਹੇਤੁ ਫਾਂਗ ਲੇਤਿ ਔਰ ਨ ਬਿਗਾਰੈਂ ਕਛੁ ਫਿਰੈਂ ਜਿਤ ਕਿਤ ਹੈਂ। ਕਹਾਂ ਬਿਗਰਾਯੋ, ਕੋ ਦੁਰਗ ਨਹਿ ਛੀਨ ਲੀਓ, ਗ੍ਰਾਮ ਹੂੰ ਨ ਲੂਟਨੋ ਕੋਈ ਲੀਨਿ ਕਹਾਂ ਬਿਤਹੈ[9]।ਪੰਥਹੂੰ ਨ ਰੋਕਨੋ ਕੋਈ,ਪਾਕੇ ਕ੍ਰਿਸ਼ ਰਹੇ ਸੋਈ[10], ਕੌਨਸੋ ਬਿਗਾਰ ਕੀਨਿ ਜਾਂ ਤੇ ਦੁਖ ਚਿਤ ਹੈ? ॥੨੩॥[11]ਭੀਮਚੰਦ

[1]ਖਬਰ। [2]ਜੋ ਗੁੱਸਾ ਆਪ ਜੀ ਦੇ ਰਿਦੇ ਵਿਚ ਹੈ ਉਦਾਰਤਾ ਕਰਕੇ ਭੁਲਾ ਦੇਵੋ। [3]ਇਹ ਪਾਂਵਟੇ ਦੀ ਫਤਹਬਾਦ ਹੋਈ ਸੰਧੀ ਵਲ ਇਸ਼ਾਰਾ ਹੋ ਸਕਦਾ ਹੈ। [4]ਵੱਸੋ, ਵਿਚਰੋ ਸ਼ਿਕਾਰ ਕਰੋ ਮਨ ਭਾਂਵਦੇ। [5]ਗੁਰੂ ਜੀ ਬੋਲੇ। [6]ਮਾਰਨ ਵਾਸਤੇ, (ਸ੍ਰੀ ਨਗਰ ਵਿਚ)। [7](ਪਰ ਸਾਡਾ ਦੀਵਾਨ) ਸਾਵਧਾਨ ਸੀ ਉਸਦੇ ਹੱਥ ਕੀਕੂੰ ਆਉਂਦਾ। [8]ਅਕਾਲ ਪੁਰਖ ਨੇ। [9]ਕਿਸੇ ਦਾ ਧਨ ਨਹੀਂ ਖੋਹ ਲਿਆ। [10]ਪੱਕੀ ਖੇਤੀ ਉਸੇ ਤਰ੍ਹਾਂ ਖੜੀ ਰਹਿੰਦੀ ਹੈ। [11]ਭੀਮਚੰਦ ਰਾਜੇ ਨੇ ਕੋਈ ਘੋੜਾ ਨਹੀਂ ਦਿੱਤਾ ਤੇ ਨਾ ਹੀ ਨਾਲਬੰਦੀ ਵਾਲਾ ਧਨ ਪਹੁੰਚਾਇਆ ਹੈ। [ਅ:, ਨਾਅਲਬਹਾ=ਉਹ ਧਨ ਜੋ ਕੋਈ ਛੋਟਾ ਰਾਜਾ ਨਿਜ ਤੋਂ ਵੱਡੇ ਰਾਜਾ ਨੂੰ ਭਰੇ]। ਜਾਪਦਾ ਹੈ ਕਿ ਇਹ ਇਸ਼ਾਰਾ ਗੁਰੂ ਜੀ ਦਾ ਉਸੇ ਕਿਸੇ ਅਹਦ ਵਲ ਹੈ ਜੋ ਭੰਗਾਣੀ ਹੋਯਾ ਹੋਵੇ ਤੇ ਰਾਜੇ ਨੇ ਘੋੜੇ ਤੇ ਕੁਛ ਰੁਪੱਯੇ ਗੁਰੂ ਜੀ ਨੂੰ ਨਜ਼ਰਾਨਾ ਘੱਲਣਾ ਮੰਨਿਆਂ ਹੋਵੇ ਤੇ ਫੇਰ ਘੱਲਿਆ ਨ ਹੋਵੇ,ਗੁਰੂ ਜੀ ਯਾਦ ਕਰਾਉਂਦੇ ਹਨ ਕਿ ਉਸਨੇ ਸ਼ਰਤ ਪੂਰੀ ਨਹੀਂ ਕੀਤੀ ਪਰ ਅਸਾਂ ਫੇਰ ਵੀ ਉਸਦਾ ਕੁਛ ਵਿਗਾੜ ਨਹੀਂ ਕੀਤਾ।

Sri Satguru Jagjit Singh Ji eLlibrary NamdhariElibrary@gmail.com

ਭੂਪ ਨੇ ਤੁਰੰਗਮ ਨ ਦੀਨਿ ਕੋਈ,ਨਾਲਬੰਦੀ ਆਦਿ ਧਨ ਕੁਛ ਨ ਪੁਚਾਯੋ ਹੈ।ਰਹੋ ਨਿਜ ਦੇਸ਼ ਕਰੌ ਰਾਜ ਕੋ ਅਸ਼ੇਸ਼ ਬੈਠਿ, ਹਮਰੋ ਨ ਦ੍ਵੈਸ਼ ਨਹਿੰ ਕਾਜ ਬਿਗਾਰਯੋ ਹੈ'। ਬਾਕ ਪੁਰਹੂਤ ਸਮ ਦੂਤ ਸੁਨਿ ਪ੍ਰੂਤ ਮਨ, ਸੂਤ ਕਰਯੋ ਚਾਹਤਿ ਸੁ ਬੇਨਤੀ ਅਲਾਯੋ ਹੈ[1]। 'ਰਾਜੇ ਹੂ ਕੋ ਮੇਲ ਲੇਹੁ[2] ਕੀਜੀਏ ਸਨੇਹ ਆਪ, ਕਰੁਨਾ ਅਛੇਹ[3] ਤੇ ਸਕਲ ਬਨਿ ਆਯੋ ਹੈ'॥ ੨੪ ॥ਦੋਹਰਾ॥ ਬਨਯੋ ਦੀਨ ਬਿਨਤੀ ਕਰੀ ਮਾਨੀ ਸਤਿਗੁਰ ਬਾਤਿ। 'ਲੈ ਆਵਹੁ ਨਿਜ ਭੂਪ ਕਉ–ਦਰਸਹੁ ਹੰਕ੍ਰਿਤ ਘਾਤਿ[4] ॥੨੫॥ਗੁਰੂ ਪੌਰ ਤੇ ਨਿੰਮ੍ਰਿ ਬਨਿ ਲੇਤਿ ਸਰਬ ਕੁਛ ਪਾਇ। ਹੰਕਾਰੀ ਟੂਟੇ ਗਿਰੇ–ਕਹੁ ਗਿਰਪਤਿ ਸੋਂ ਜਾਇ' ॥੨੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਦੂਤ ਆਵਨ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿਸਤੀ ਅੰਸੂ ॥੩੬। ੩੨. [ਭੀਮਚੰਦ ਮੇਲ ਹਿਤ ਆਇਆ।ਸਾਹਿਬ ਅਜੀਤ ਸਿੰਘ ਜਨਮ]।

ਦੋਹਰਾ ॥ ਸੁਨਿ ਸਤਿਗੁਰ ਕੇ ਵਾਕ ਵਰ ਕ੍ਰਿਪਾ ਸਨੇ ਰਸ ਸਾਥ। ਨਮੋ ਕਰੀ ਤਿਹ ਸਮੈਂ ਉਠਿ ਚਲਯੋ ਨਿਕਟ ਗਿਰਨਾਥ॥ ੧ ॥ਕਬਿੱਤ॥ ਬਾਜ ਪੈ ਅਰੂਢ ਕਰਿ ਜਾਨਿ ਗਤਿ ਗੂਢ ਉਰ, ਗੁਰੂ ਗੁਨ ਰੂਢ ਕਉ ਬਿਚਾਰਤਿ ਸਿਧਾਰਯੋ ਹੈ। ਤਾਤਕਾਲ ਗਯੋ ਭੀਮਚੰਦ ਕਉ ਮਿਲਤ ਭਯੋ, ਜੇਤਿਕ ਪ੍ਰਸੰਗ ਥਿਓ ਸਕਲ ਉਚਾਰਯੋ ਹੈ। 'ਅਬਿ ਹੈਂ ਕ੍ਰਿਪਾਲ, ਨਹਿ ਬੱਕ੍ਰਤਾ ਕੋ ਖਯਾਲ ਕਛੁ[5] ਚਾਲੀਏ ਉਤਾਲ, ਸਭਿ ਕਾਰਜ ਸੁਧਾਰਯੋ ਹੈ। ਆਨੰਦ ਬਿਲੰਦ ਹੋਇ ਰਹਯੋ ਹੈ ਅਨੰਦਪੁਰਿ ਜਿਤਕਿਤ ਬੀਰਬ੍ਰਿੰਦ ਦਲਕੋਨਿਹਾਰਯੋ ਹੈ'॥੨॥ਕੀਜੈ ਨਿਜ ਮੇਲ ਗਨ ਬੀਰਨਿ ਸਕੇਲ ਕਰਿ, ਗੁਰੂ ਹਰਖਾਇ ਕੈ ਹਰੱਖ ਨਿਜ ਧਾਰੀਏ। ਕਰਾਮਾਤ ਸਾਹਿਬ ਸੁਜਾਨ ਕਉ ਸੁ ਜਾਨਿ ਮਨ[6], ਬੰਦਨਾ ਚਰਨ ਕਰਿ,ਬਿਨਤਿ ਉਚਾਰੀਏ। ਆਪਨੋ ਅਸ਼ੇਸ਼[7] ਦੇਸ਼ ਹੋਤਿ ਜੋ ਕਲੇਸ਼ ਵੇਸ, ਗੋਪਤਾ ਵਿਸ਼ੇਸ਼ ਬਨ[8] ਨੀਕੋ ਹੀ ਉਬਾਰੀਏ। ਦ੍ਵੈਸ਼ ਕੋ ਨ ਲੇਸ਼ ਧਰਿ ਮੁਦਤ ਹਮੇਸ਼ ਰਹੋ,ਮਾਨਿ ਉਪਦੇਸ਼ਕਉ ਕਪਟ ਨਿਰਵਾਰੀਏ'॥੩॥ਸੁਨਿਕੈ ਵਕੀਲ ਤੇ ਸੁਸ਼ੀਲ ਕੋ ਛਬੀਲੋ ਰੂਪ[9] ਭੂਪਤਿ ਹਠੀਲੋ ਹਠ ਤਯਾਗਿ ਤਾਤ-ਕਾਲ ਕਉ। ਭੇਟਨ ਸਕੇਲ ਕਰਿ, ਚਢਯੋ ਗਜ ਪੇਲਕਰਿ[10], ਵੈਜਨ ਕਉ

[1]ਪਵਿਤ੍ਰ ਮਨ ਦੂਤ ਨੇ ਸੁਣੀ, ਓਸਦੀ ਚਾਹ ਮੇਲ ਕਰਨ ਦੀ ਹੋਣ ਕਰਕੇ ਬੇਨਤੀ ਕੀਤੀਓਸੁ। [2]ਮੇਲ ਲਵੋ। [3]ਪੂਰਨ ਕ੍ਰਿਪਾ। [4]ਹੰਕਾਰ ਦੂਰ ਕਰਕੇ। [5]ਹੁਣ ਕ੍ਰਿਪਾਲੂ ਹਨ, ਟੇਢਤਾਈ ਦਾ ਖਿਆਲ ਨਾ ਕਰਕੇ ਭਾਵ ਤੂੰ ਆਪਣੇ ਦਿਲ ਵਿਚ ਖੋਟ ਨਾ ਕਰਕੇ ਚੱਲੋ (ਅ) (ਉਧਰ)ਉਲਟਾ ਖਿਆਲ ਨਹੀਂ ਹੈ। [6]ਮਨ ਵਿੱਚ ਜਾਣਕੇ(ਕਿ ਉਹ) ਕਰਾਮਾਤ ਦੇ ਮਾਲਕ ਤੇ ਦਾਨੇ ਹਨ। [7]ਸਾਰਾ। [8]ਚੰਗਾ ਰੱਖਯਕ ਬਣਕੇ। [ਗੋ+ਪਤ=ਰਾਜਾ, ਰੱਖਯਕ]। [9]ਭਾਵ ਗੁਰੂ ਜੀਦਾ। [10]ਪ੍ਰੇਰਕੇ।

ਮੇਲ ਕਰਿ ਧਾਰਤਿ ਉਤਾਲ ਕਉ।ਮਾਰਗ ਪਯਾਨ ਕਰਿ ਆਨੰਦਪੁਰੇ ਕਉ ਥਾਨ ਆਨਿ ਕਰਿ ਉਤਰਯੋ ਮਹਾਨ ਮਹਿਪਾਲ ਕਉ। ਸੁਧ ਕਉ ਸੁਨਤਿ ਸੁਧਿ ਲੈਬੇ ਹੇਤੁ ਨੰਦ ਚੰਦ ਭੇਜਯੋ ਸ੍ਰੀ ਗੁਬਿੰਦ ਸਿੰਘ ਰਾਜਨੀਤਿ ਚਾਲ ਕਉ[1]॥੪॥ਖਾਨ ਪਾਨ ਦਾਨਾ ਤ੍ਰਿਣ ਦੀਨਸਿ ਵਿਸ਼ਾਲ ਤਬਿਪਾਛਲੇ ਪਹਿਰ ਠਹਿਰਾਯੋ ਮੇਲ ਆਵਨੋ। ਬਿਜੀਆ* ਕਉ ਪਾਨ ਕਰਿ ਸੌਚ ਤਨ ਠਾਨਿ ਕਰਿ ਬਹੁਰ ਸ਼ਨਾਨ ਕਰਿ ਪੋਸ਼ਿਸ਼ ਮੰਗਾਵਨੋ। ਸੁੰਦਰ ਪਹਿਰ ਕਰਿ ਭੂਖਨ ਰਤਨ ਜਰਿ[2] ਗਰ ਸ਼ਮਸ਼ੇਰ ਸਮ ਸ਼ੇਰ ਹ੍ਵੈ ਦਿਖਾਵਨੋ।ਨਿਠੁਰ ਕੁਦੰਡ ਭੁਜ-ਦੰਡ ਕੇ ਸਿਕੰਧ ਧਰਿ ਤੀਖਨ ਖਤੰਗ ਕੀਨਿ ਪਾਨ ਮੈਂ ਫਿਰਾਵਨੋ ॥ ੫ ॥ ਕੇਹਰੀ ਗਵੰਨ[3] ਪਗ ਪੰਕਜ ਰਵੰਨ[4] ਚਲੇ ਸਭਾ ਕੇ ਸਥਾਨ ਮੈਂ ਪਯਾਨ ਆਪ ਕੀਨਿਯੋ। ਕੰਚਨ ਸਿੰਘਾਸਨ ਪੈ ਬੈਠੇ ਸੁਖ ਆਸਨ ਸੋਂ, ਨਿਕਟ ਸਰਾਸਨ ਟਿਕਾਇ ਦ੍ਰਿੜ੍ਹ ਲੀਨਿਯੋ।ਚੌਰਦਾਰ ਚੌਰ ਚਾਰੁ ਚਾਰ ਦਿਸ਼ਿ ਢੌਰ ਕਰਿ ਸ਼ੋਭਾ ਕੋ ਬਢਾਵੈ ਸਮ ਕਿਰਨੋ ਕੀ ਚੀਨਿਯੋ। ਫਰਸ਼ ਅਨੇਕ ਰੰਗ ਸਜਯੋ ਸਭਿ ਬਨੌਤ ਸੰਗ,ਸਭਾ ਮੈਂ ਸੁਗੰਧਤਾ ਕੀ ਗੰਗ ਛੋਰਿ ਦੀਨਿਯੋ॥੬॥ ਆਯੋ ਨੰਦ ਚੰਦ ਕਰਿ ਬੰਦਨਾ ਕੋ ਦਯਾਰਾਮ ਪ੍ਰੋਧਾ ਮਹਾਂਬੀਰ ਤੀਨ ਭ੍ਰਾਤ ਥਿਰੇ ਥਾਨ ਮੈਂ।ਬ੍ਰਿੰਦ ਜੇ ਮਸੰਦ ਧਨ ਸੰਚਤਿ ਬਿਲੰਦ ਡੀਲਬੈਠੇ ਜਥਾਜੋਗ ਸਭਿ ਆਨ ਕੈ ਦਿਵਾਨ ਮੈਂ। ਐਂਠਦਾਰ ਬੀਰ ਬਰ ਧਾਰਿ ਕੈ ਸਰੀਰ ਚੀਰ, ਆਇ ਸੁਧਿ ਸੁਨਿ ਧਾਰਿ ਆਯੁਧ ਕੋ ਪਾਨ ਮੈਂ। ਮਾਤੁਲ ਕ੍ਰਿਪਾਲ ਬਹੁ ਜੋਧਾ ਜਿਸ ਨਾਲ ਆਏ ਧੀਰਜ ਬਿਸਾਲ ਉਰ ਬਾਕਨ ਬਖਾਨ ਮੈਂ ॥ ੭॥ ਭੇਜਯੋ ਚੋਬਦਾਰ 'ਲਯਾਓ ਭੂਪ ਕੋ ਹਕਾਰ ਅਬਿ' ਪਾਇਕੈ ਰਜਾਇ ਤਾਤਕਾਲ ਤਾਂਹਿ ਆਨਿਯੋ। ਬੀਰਨ ਵਜ਼ੀਰਨ ਕੋ ਸੰਗ ਲੈ ਬਹੀਰ ਬਹੁ ਆਨਿ ਭੀਮ ਚੰਦ ਨੈ ਪ੍ਰਨਾਮ ਪਗ ਠਾਨਿਯੋ। ਅਰਪਿ ਅਕੋਰਨ ਕਉ ਹਾਥ ਜੋਰਿ ਪ੍ਰਭੂ ਓਰ, ਬੈਠਯੋ ਸੋ ਬਿਲੋਕਿ ਮੋਦ ਪ੍ਰਸ਼ਨ ਬਖਾਨਿਯੋ। 'ਆਪ ਕੀ ਕ੍ਰਿਪਾ ਤੇ ਮੋ ਕਉ ਕੁਸ਼ਲ ਕਲਯਾਨ ਸਭਿ ਦੁਲਭ ਦਰਸ ਤੇ ਹਰਖ ਉਰ ਮਾਨਿਯੋ।।੮॥ ਕਰਾਮਾਤ ਸਾਹਿਬ ਅਜਾਇਬ ਚਰਿੱਤ੍ਰ ਤੁਮ, ਫੇਰ ਮਨ ਦੇਤਿ ਹੋ ਕਿ ਫੇਰ ਮਨ ਲੇਤਿ ਹੋ[5]। ਮੋ ਤੇ ਅਪਰਾਧ ਭਯੋ ਭੂਲ ਕੈ ਅਸਾਧ[6] ਬਿਧੋ, ਅਧਿਕ

[1]ਰਾਜਨੀਤੀ ਦੇ ਤ੍ਰੀਕੇ ਨੂੰ (ਵਿਚਾਰ ਕੇ)। [2]ਜੜੇ। [3]ਸ਼ੇਰ ਦੀ ਚਾਲ ਵਾਂਙ। [4]ਸੁੰਦਰ। [5]ਆਪਣੀ ਵਲੋਂ ਮਨ ਮੋੜ ਦਿੰਦੇ ਹੋ ਕਿ ਆਪਣੀ ਵਲ ਨੂੰ ਮੋੜ ਲੈਂਦੇ ਹੋ। ਗੁਰੂ ਜੀ ਨੂੰ ਮਨਾਂ ਦਾ ਪ੍ਰੇਰਕ ਕਹਿ ਰਿਹਾ ਹੈ। (ਅ) ...... ਮੁੜਕੇ ਮਨ ਲੈ ਲੈਂਦੇ ਹੋ। [6]ਮਾੜਾ।

*ਦੇਖੋ ਰਾਸਿ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।

Sri Satguru Jagjit Singh Ji eLlibrary NamdhariElibrary@gmail.com

ਉਪਾਧਿਕਿਧੋ ਦ੍ਵੈਸ਼ ਬਿਨ ਹੇਤੁ ਹੋ[1]।ਰਾਵਰੋ ਬਿਰਦ ਬਖਸ਼ਿੰਦ ਸੁਨਜੈ ਬ੍ਰਿੰਦਹੂੰ ਤੇ, ਬਖਸ਼ੋ ਖਿਮਾ ਕੇ ਨਿਧਿ ਕਰੁਨਾ ਨਿਕੇਤ ਹੋ। ਰਾਖੀਏ ਸ਼ਰਨ ਤੁਮ ਤਾਰਨ ਤਰਨ ਰੂਪ ਕਾਰਨ ਕਰਨ ਬਡੇ ਬੀਰ ਜੈਗਖੇਤ ਹੋ*'॥੯॥[2] 'ਸੁਨੋ ਅਚਲੇਸ਼ ਦ੍ਵੈਸ਼ ਕਾਰਨ ਅਸ਼ੇਸ਼ ਜੋਈ, ਪੂਰਬ ਕਰੇ ਹੈਂ ਤੁਮ ਚਿੱਤ ਜਾਨਿ ਲੀਜੀਏ।ਨਿਪਟ[3] ਕਪਟ ਧਾਰਿ ਕੁੰਚਰ ਕੇ ਲੈਬੇ ਹੇਤੁ ਬਾਰਿਬਾਰਿ ਪਠੇਨਰ ਨਿਰਾਧਾਰ ਕੀਜੀਏ। ਸ਼ਾਰਿਮੌਰ ਦੇਸ਼ ਗਏ ਤਹਾਂ ਭੀ ਉਪਾਧਿ ਕਏ, ਸਾਰੇ ਗਿਰਧਾਰਨਿ ਕੀ ਸੈਨਾ ਸੁ ਲਖੀਜੀਏ। ਤੁਮਰੇ ਗਰਬ ਬਹੁ ਭ੍ਰਾਤਨ ਕੋ[4] ਭਯੋ ਉਰ, ਹਮਰੇ ਸਹਾਇ ਅਸਕੇਤੁ ਕੋ ਜਨੀਜੀਏ॥ ੧੦॥ ਪਾਈ ਜੰਗ ਜੀਤਿਬੇ ਕੀ ਲੱਛਮੀ[5],ਪਰਾਜੈ ਰਿਪੁ,ਇਸਮ[6]ਅਨੰਦਪੁਰਿ ਆਪਨੋ ਬਿਚਾਰ ਕਰਿ। ਆਨਿ ਕੈ ਸੰਭਾਰ ਕਰਿ, ਲੋਕਨਿ ਹਕਾਰ ਕਰਿ, ਬਾਸ ਕੋ ਉਦਾਰ ਕਰਿ ਮੋਦ ਨਰ ਨਾਰਿ ਕਰਿ।ਸੁਭਟ ਸਿਧਾਰੈਂ,ਕਿਤ ਘਾਸਕੋ ਨਿਹਾਰੈਂ ਲੇਤਿ ਅਪਰ ਬਿਗਾਰ ਕੋ ਕਰਤਿ ਨਾ ਪਧਾਰ ਕਰਿ। ਗੁਰੂ ਘਰ ਸਾਥ ਅਬਿ ਮਿਲੇ ਜੋਰਿ ਹਾਥ ਤੁਮ, ਯਾਂ ਤੇ ਹਮ ਛਿਮਾ ਧਾਰਿ ਬਰਜੈਂ ਉਚਾਰ ਕਰਿ' ॥ ੧੧॥ ਸੁਨਿ ਭੀਮਚੰਦ ਰਿਦੇ ਅਧਿਕ ਅਨੰਦ ਕਰਿ ਬੋਲਯੋ ਹਾਥ ਬੰਦਿ'ਤੁਮ ਗੁਨ ਕੇ ਨਿਕੇਤ ਹੋ।ਸ਼ਰਨਿ ਪਰਤਿ ਹੇਰਿ ਰੱਛਯਾਕੋ ਕਰਤਿ ਫੇਰ,ਆਪਸੁਖ ਸੰਗ ਬਸੋ, ਸਭਿ ਸੁੱਖ ਦੇਤਿ ਹੋ। ਕਾਹਲੂਰ ਦੇਸ਼ ਜੋ ਵਿਸ਼ੇਸ਼ ਹੈ ਅਸ਼ੇਸ਼ ਲਖੋ, ਆਪਨੋ ਪਛਾਨਕੇ ਹਮੇਸ਼ ਸੁਧਲੇਤਿ ਹੋ।ਅੰਤਰੋ ਨ ਕਰੈਂ ਹਮ,ਸਦਾਅਨੁਸਰੈਂ ਹੋਇ, ਸੇਵਾ ਕੋ ਸਨੇਹ ਧਰੈਂ ਕ੍ਯੋਂ ਨ ਪੁਨ ਭੇਤ ਹੋ' ॥੧੨॥ ਸੁਨਿ ਮੁਸਕਾਨੇ ਪ੍ਰਭੁ, ਬਹੁਰੋ ਬਖਾਨੇ ਬੈਨ, 'ਪੂਰਬ ਖੁਟਾਈ ਕੈ ਨਿਕਾਈ ਤੁਮ ਠਾਨਤੇ'[7]। ਰਸ ਕੈ ਬਿਰਸ ਕਰੋ, ਖੇਦ ਕੈ ਹਰਸ਼ ਧਰੋ[8], ਆਨਿ ਕੈ ਸਮੀਪ ਰਹੋ[9]†, ਤਥਾ ਹਮ ਮਾਨਤੇ[10]। ਚਹੂੰ ਦਿਸ਼ਿ ਸੰਗਤਾਂ ਕੀ ਪੰਗਤਾਂ ਜੋ ਆਵਹਿ ਇਤ, ਅਨਿਕ ਪ੍ਰਕਾਰ ਕੀ ਅਕੋਰਨਿਕੋ ਆਨਤੇ।ਅਬਿ ਤੇ ਨ ਤਿਨ ਕੋ ਬਿਖਾਦਿ ਕੋਊਕਰੈ ਕਿਮ,ਸੁਖਸੋਂ ਦਰਸਕਰਿ ਧਾਮਨ ਪਧਾਨਤੇ॥੧੩॥ ਦੇਹੈਖੇਦ ਜੋਇ ਤਾਤਕਾਲ ਫਲ ਲੈ ਹੈ ਸੋਇ, ਬਿਲਮ ਨ ਹਮਰੇ ਭਨਕ ਭਰ ਜਾਨੀਏ।

[1]ਹਿਤ ਹੀਨ ਹੋਕੇ। [2]ਗੁਰੂ ਜੀ ਬੋਲੇ। [3]ਅਤਯੰਤ। [4]ਬਹੁਤੇ ਭਰਾਵਾਂ ਦਾ। [5]ਜੰਗ ਜਿੱਤਣ ਦੀ ਲੱਛਮੀ ਅਸਾਂ ਪਾਈ। [6]ਮਾਲਕੀ। [7]ਪਹਿਲੋਂ ਬੀ ਖੁਟਿਆਈ ਅਥਵਾ ਚੰਗਿਆਈ ਤੁਸਾਂ ਹੀ ਕੀਤੀ ਸੀ। [8]ਖੇਦ ਦਿਓ ਯਾ ਸੁਖ ਦਿਓ। [9]ਹੋਰ ਥਾਂ ਅਥਵਾ ਨੇੜੇ ਰਹੋ। [10](ਜਿਹਾ ਤੁਸੀਂ ਕਰੋ) ਸਾਨੂੰ ਮਨਜ਼ੂਰ ਹੈ। ਭਾਵ ਮੇਲ ਕਰੋ ਤਾਂ ਮੇਲ ਨੂੰ ਜੇ ਅਮੇਲ ਕਰੋ ਤਾਂ ਅਮੇਲ ਨੂੰ ਤਿਆਰ ਹਾਂ।

*ਕੌਮੇ ਕਮਾਲ ਦੀ ਕਵਿਤਾ ਚਲ ਰਹੀ ਹੈ। †ਪਾ:-ਰਰੋ।

Sri Satguru Jagjit Singh Ji eLlibrary NamdhariElibrary@gmail.com

ਪੂਰਬ ਬਿਗਾਰੋ ਹੇਰੋ ਜੰਗ ਕੋ ਅਖਾਰੋ ਤਬਿ[1], ਨਾਂਹਿ ਤੌ ਹਮਾਰੋ ਔ ਤੁਮਾਰੋ ਰਸ ਸਾਨੀਏ[2]। ਛਿਮਾ ਬਲ ਭਰੇ ਗੁਰ ਬੈਨ ਸ਼੍ਰੋਨ ਧਰੇ ਨ੍ਰਿਪ, ਬੋਲ੍ਯੋ ਪ੍ਰੇਮ ਭਰੇ 'ਹਮੈ ਦਾਸਿ ਪਹਿਚਾਨੀਏ। ਕਾਹਿਲੂਰ ਦੇਸ਼ ਕੋ ਹਮੇਸ਼ ਨਿਜ ਧਾਮ ਲਖਿ, ਕੀਜੈ ਪ੍ਰਤਿਪਾਰ, ਸੁਧਿ ਲੀਜੈ ਸੁਖ ਸਾਨੀਏ'॥੧੪॥ਏਵ ਕੈ ਸੰਬਾਦ ਅਹਿਲਾਦ ਕੈ ਪਰਸਪਰ, ਦੀਨੋ ਸਿਰੋਪਾਉ ਸਤਿਗੁਰੂ ਬਹੁ ਮੋਲ ਕੋ। ਲੈਕੇ ਭੀਮਚੰਦ, ਜਾਨਿ ਕਰੁਨਾ,ਅਨੰਦ ਭਯੋ,ਹਾਥ ਬੰਦਿ ਬੰਦਨਾ ਕਰਤਿ ਬਿਨੈ ਬੋਲ ਕੋ। ਅੰਤਰ ਜੋ ਅੰਤਰਾ ਨਿਰੰਤਰ ਨਿਕਾਰ ਕਰਿ[3], ਬਿਦਾ ਭਯੋ ਭੂਪ, ਪਾਇ ਹਰਖ ਅਤੋਲ ਕੋ। ਸੰਗ ਭਟ ਭੀਰ ਸੋਂ ਵਜ਼ੀਰ ਧੀਰ ਧੰਨ ਕਹੈ 'ਪੀਰਨ ਕੋ ਪੀਰ ਅਵਤਾਰ ਬਿਨ ਡੋਲ ਕੋ'॥੧੫॥ ਸ੍ਰੀ ਗੋਬਿੰਦ ਸਿੰਘ ਸੰਗ ਸੰਧਿ ਕਰਿ ਭੀਮਚੰਦ, ਸ਼ੰਕਾ ਸਹਿ ਤ੍ਰਾਸ ਕੋ ਬਿਦਾਰਿ[4] ਸੁਖ ਪਾਇ ਕੈ।ਗਯੋ ਪੁਰਿ ਆਪਨੇ ਪ੍ਰਤਾਪ ਪ੍ਰਭੂ ਜਾਪਨੇ, ਧਰਿਓ ਬਿਸ੍ਵਾਸ ਕੋ-ਸਹਾਇ ਬਨੈਂ ਆਇ ਕੈ। ਨੀਕੋ ਨ ਬਿਬਾਦ ਚਲ੍ਯੋ[5], ਫੀਕੋ ਅਪਵਾਦ[6] ਜਗ, ਗੁਰੂ ਸੰਗ ਸੰਮਤਾ ਨ ਹੋਤਿ ਕਿਸ ਭਾਇ ਕੈ[7]।ਨਾਹਕ ਮਰੇ ਹੈਂ ਬੀਰ, ਜੰਗ ਮੈਂ ਨ ਰਹੀ ਧੀਰ-, ਸਿਮ੍ਰਿਤਿ ਹੈ ਗੁਨ ਇਮ ਮਨ ਸਮੁਝਾਇਕੈ॥੧੬॥ਦੇਤਿ[8]ਕੇਤੀ ਬਾਰ ਆਛੀ ਵਸਤੁ ਉਦਾਰ ਹੇਰਿ ਸਤਿਗੁਰੂ ਪਾਸਿ ਕੋ ਪਠਾਵੈ ਪ੍ਰੇਮ ਧਾਰਿ ਕੈ। ਚਾਵਰ ਲੰਮੇਰੇ ਸੇਤ ਸੂਖਮ ਘਨੇਰੇ ਕਰਿ, ਪਠੈ ਕਈ ਬੇਰੇ ਨਰ ਫੇਰੇ ਬਾਰ ਬਾਰ ਕੈ।ਉਪਬਨ ਹੂੰ ਕੇਵਲ ਬੀਨ ਬੀਨਨੀਕੇ ਕਲਕਾਵਰਾਂ[9]ਕੌ ਭਰਿ ਭਰਿ ਬੇਨਤੀ ਉਚਾਰਿ ਕੈ। ਆਰੂ, ਅਮਰੂਦ, ਰਸ ਪੂਰਨ ਅੰਗੂਰ ਰੂਰ, ਕਦਲੀ ਰਸਾਲ, ਸੇਉ, ਪੰਨਸ[10], ਅਨਾਰਕੈ॥੧੭॥ ਮੀਠੇ ਜਾਤਿ ਜਾਤਿ ਕੇ, ਤੁਰਸ਼ ਭਾਂਤਿ ਭਾਂਤਿ ਕੇ, ਲਗੇ ਜੁ ਪਾਂਤ ਪਾਂਤ ਕੇ[11], ਤੁਰਾਇ ਅਨਵਾਇ ਕਰਿ। ਭੇਜੈ ਸੰਗ ਦੂਤ ਕੇ ਬਖਾਨਿ ਬਿਨੈ ਪੂਤਕੇ[12],ਅਨੇਕਬਾਰਿ ਇਸੀ ਰੀਤਿਪ੍ਰੇਮ ਉਪਜਾਇ ਕਰਿ।ਆਪ ਆਨਿ ਮਿਲੈ ਕਹਿ ਬਾਤਨ ਪ੍ਰਸੰਨ ਕਰੈ,ਖੁਸ਼ੀਪ੍ਰਭੁ ਧਰੈਂ ਨਿਜ ਸਹਿਜ ਸੁਭਾਇ ਕਰਿ।ਐਸੇ ਭਈ ਸੰਧਿ,ਸਭਿ ਦੇਸ਼ਨਿ ਵਿਦਤ

---

[1]ਜੇ ਪਹਿਲੋਂ ਵਿਗਾੜੋਗੇ ਤਾਂ ਦੇਖੋਗੇ ਜੰਗ ਦਾ ਅਖਾੜਾ। [2]ਸਾਡਾ ਤੁਹਾਡਾ ( ਮੇਲ ) ਰਸ ਵਾਲਾ ਰਹੇਗਾ। [3]ਅੰਦਰ ਜੋ ਲਗਾਤਾਰ ਫਰਕ ਸੀ ਉਹ ਕੱਢਕੇ। [4]ਸ਼ੰਕਾ ਨੂੰ ਸਣੇ ਭੈ ਦੇ ਦੂਰ ਕਰਕੇ। [5](ਜੋ) ਝਗੜਾ ਚਲਿਆ ਸੀ ਚੰਗਾ ਨਹੀਂ ਸੀ। [6]ਬਿਅਰਥ ਨਿੰਦਾ ਹੋਈ। [7]ਕਿਸੇ ਤਰ੍ਹਾਂ ਕਰਕੇ ਭੀ। [8]ਭਾਵ ਭੀਮਚੰਦ ਦੇਂਦਾ ਹੈ। [9]ਵਹਿੰਗੀਆਂ। [10]ਕਟਹਲ [ ਸੰਸ:, ਪਨਸ ]। [11]ਕਤਾਰਾਂ ਵਿਚ ਲੱਗੇ ਹੋਏ ਸਨ ਜੋ। [12]ਪਵਿੱਤ੍ਰ ਬੇਨਤੀ ਕਹਿਕੇ।

Sri Satguru Jagjit Singh Ji eLlibrary NamdhariElibrary@gmail.com

ਹੋਇ, ਪਾਇ ਮਨ ਕਾਮਨਾ ਕੋ ਨਿਮੈਂ ਨਰ ਭਾਇ[1] ਕਰਿ॥੧੮॥ਦਯਾ ਸਿੰਧੁ ਐਸੀ ਰੀਤਿ ਸਮੈ ਕੋ ਬਿਤੀਤ ਕਰੈਂ,ਏਕ ਦਿਨ ਸੁੰਦਰੀ[2] ਮਨੋਰਥ ਕੋ ਧਾਰਿ ਕਰਿ।ਆਨਿਕੇ ਸਮੀਪ ਹਾਥ ਜੋਰਿ ਕਰਿ ਖਰੀ ਭਈ ਲਾਜ ਕੇ ਸਮੇਤ ਨਿਜ ਕਾਜ ਕੋ ਬਿਚਾਰ ਕਰਿ। ਪਤਿ ਕੋ ਇਕਾਂਤਿ ਪਾਇ ਪ੍ਰੇਮ ਉਪਜਾਇ ਅਤਿ, ਆਨੰਦ ਵਧਾਇ ਥਿਰੀ ਨੀਚੀ ਨਿਜ ਨਾਰ[3] ਕਰਿ।ਬੋਲੇ ਦੇਖਿ ਪ੍ਰਭੁ 'ਕੌਨ ਸੁਧ ਘਰਵਾਲਨੈਂ ਹੂੰ ਕੀ? ਕਹੁ,ਮਨ ਠਾਨਿ ਠਾਂਢੀਭਈ ਜੁ,ਉਚਾਰ-ਕਰਿ'॥੧੯॥'ਘਟਿ ਘਟਿ ਮਾਲਕ ਤੁਮਾਰੇ ਸਭਿ ਤਾਲਕ[4] ਪਛਾਨੋ ਤੀਨ ਕਾਲ ਮੈਂ ਸਭਿਨਿ ਗਤਿ ਮਨ ਕੀ। ਕਹੌਂ ਕਹਾਂ ਆਪ ਆਗੈ ਬੂਝਨ ਜੁ ਲਾਗੇ ਤੁਮ, ਨਾਂਹਿਨ ਬਤਾਵੈਂ ਤਊ ਨੀਕੀ ਹੈਨ ਜਨ ਕੀ[5]।ਜਗਤ ਕੀ ਸਾਂਝ[6] ਚਿਤ ਚਾਹਤਿ ਸਦੀਵ ਮੇਰੋ,ਉਪਜੈ ਸਪੂਤ ਦੁਤਿਧਾਰੇ ਤੁਮ ਤਨ ਕੀ।ਤ੍ਰੀਯਨ ਕੋ ਚਿਤ ਐਸੇ ਚਾਹਤਿ ਹਮੇਸ਼ ਤੈਸੇ ਪਤਿ ਕੀ ਪ੍ਰਸੰਨਤਾ,ਕੈ ਸੁਤ ਰੂਪ, ਧਨ ਕੀ'[7] ॥੨੦॥ ਬਿਨੈ ਸੁਨਿ ਸੁੰਦਰੀ ਕੀ ਸੁੰਦਰ ਸੁ ਨੰਦ ਹੇਤੁ[8] ਸ੍ਰੀ ਗੁਬਿੰਦ ਸਿੰਘ ਸੁਖਕੰਦ ਬਰ ਦੀਨਿਯੋ।'ਪਾਇਮਨ ਕਾਮਨਾ ਕੋ ਕੇਤਿਕ ਸਮੇਂ ਮੈਂ ਅਬਿ'ਸੁਨਿ ਕੀਨਿ ਬੰਦਨਾ,ਅਨੰਦ ਉਰ ਚੀਨਿਯੋ। ਲਾਲਸਾ ਸੁ ਜਾਨਿ ਕਰਿ ਸ੍ਰੀ ਗੁਰੂ ਸੁਜਾਨ ਮਨ ਮਹਿਲ ਤਿਸੀ ਕੇ ਬਾਸ ਜਾਇਕਰਿ ਕੀਨਿਯੋ। ਕੋਕਰਸ ਜੋਗਰਸ[9]* ਸਗਰੇ ਦਿਖਾਇ ਨੀਕੇ ਜੋਤਿਕ ਮਨੋਰਥ ਕਰਤਿ ਪੂਰ ਲੀਨਿਯੋ[10] ॥੨੧॥

---

[1]ਪ੍ਰੇਮ। [2]ਮਾਤਾ ਜੀ। [3]ਗਰਦਨ। [4]ਅਧੀਨ [ਅ., ਤਅੱਲਕ]। [5]ਨਾਂ ਦੱਸਾਂ ਤਾਂ ( ਇਹ ਗਲ ) ਦਾਸਾਂ ਵਲੋਂ ਚੰਗੀ ਨਹੀਂ ਹੈ ( ਕਿ ਮਾਲਕ ਪੁੱਛੇ ਤੇ ਨੌਕਰ ਦੱਸੇ ਨਾ )। [6]ਜਥਾ:—ਪੁਤ੍ਰੀ ਰੀਢ ਪਵੈ ਸੰਸਾਰ। [7](ਯਾ) ਪਤੀ ਦੀ ਪ੍ਰਸੰਨਤਾ ਯਾ ਪੁੱਤ੍ਰ ਰੂਪੀ ਧਨ (ਦੀ ਚਾਹਨਾ)। ( ਅ ) ਪਤੀ ਦੀ ਪ੍ਰਸੰਨਤਾ ੧. ਰੂਪਵਾਨ ਪੁੱਤ੍ਰ ੨. ਧਨ ੩.। [8]ਸੁਹਣੇ ਪੁੱਤ੍ਰ ਲਈ। [9]ਜੋ ਰਸ ਸਰੀਰਕ ਸੰਜੋਗ ਤੋਂ ਉਪਜੇ ਉਸ ਰਸ ਤੋਂ ਮੁਰਾਦ ਕੋਕਰਸ ਦੀ ਹੈ ਤੇ ਜੋ ਚਿੱਤ ਬ੍ਰਿਤੀ ਦੇ ਜੋੜਨ ਤੋਂ ਉਪਜੇ ਸੋ ਯੋਗ ਰਸ ਹੈ। [ਕਾਮ ਪਰ ਇਕ ਪੋਥੀ ਕੋਕ ਸ਼ਾਸਤ੍ਰ ਨਾਮੇ ਕੋਕਾ ਪੰਡਤ ਨੇ ਲਿਖੀ ਸੀ, ਉਥੋਂ ਪਦ ਬਣਿਆ ਹੈ—ਕੋਕਰਸ]। [10]ਪੂਰਨ ਕਰ ਲਿਆ।

*ਗੁਰ ਸਿੱਖੀ ਵਿਚ ਪਰੰਪਰਾ ਤੋਂ ਅੱਜ ਤਕ ਇਹ ਗੱਲ ਚਲੀ ਆਈ ਹੈ ਕਿ ਜਦ ਕਦੇ ਦਸਾਂ ਹੀ ਗੁਰੂ ਸਾਹਿਬਾਂ ਦੇ ਘਰ ਔਲਾਦ ਹੋਣ ਦਾ ਜ਼ਿਕਰ ਆਵੇ ਤਾਂ ਅਦਬ ਵਿਚ ਭਰਕੇ ਗੁਰਮੁਖ ਇਉਂ ਕਿਹਾ ਕਰਦੇ ਸਨ ਕਿ:—ਆਪ ਗੋਬਿੰਦ ਰੂਪ ਅਵਤਾਰ ਹਨ ਆਪ ਦਾ ਦ੍ਰਿਸ਼ਟੀ ਮਾਤ੍ਰ ਨਾਲ ਸੁਪਤਨੀ ਜੀ ਵਲ ਤੱਕਣਾ ਆਪ ਦੇ ਗ੍ਰਿਹ ਸੰਤਾਨ ਉਤਪਤੀ ਲਈ ਹੁੰਦਾ ਸੀ। ਕਦੇ ਕੋਈ ਸਿੱਖ ਆਪਣੇ ਸੱਚੇ ਪਿਤਾ ਮਾਤਾ ਦੇ ਪਰਸਪਰ ਸੰਜੋਗ ਬਾਬਤ ਕੋਈ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

Sri Satguru Jagjit Singh Ji eLlibrary          NamdhariElibrary@gmail.com

ਦੋਹਰਾ॥ਭਈ ਸਗਰਭਾ ਸੁੰਦਰੀ ਸੁੰਦਰ ਦਿਪਹਿ ਸਰੂਪ॥ਰਿਦੇ ਅਨੰਦ ਬਿਲੰਦ ਕਰਿ ਬਾਂਛਤਿ ਅਨੰਦ ਅਨੂਪ ॥ ੨੨ ॥ ਬੀਤ ਗਏ ਨਵ ਮਾਸ ਜਬਿ ਦਸਮ ਪ੍ਰਬਿਰਤਨੋ ਵਰ । ਹੋਯੋ ਸਮੈਂ ਪ੍ਰਸੂਤ ਸੋ ਗੁਜਰੀ ਮੁਦਤਿ ਬਡੇਰ ॥ ੨੩ ॥ ਮਾਘ ਮਾਸ, ਪਖ ਪਾਛਲੋ[1], ਚੌਥ ਤਿਥੀ, ਭ੍ਰਿਗੁਵਾਰ[2] । ਭਲੇ ਲਗਨ ਗ੍ਰੈਹ ਉਚਿਕ[3] ਤਬਿ* ਜਨਮਯੋ ਪੁੱਤ੍ਰ† ਉਦਾਰ ॥ ੨੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁੱਤੇ 'ਭੀਮਚੰਦ ਮਿਲਨ ਅਜੀਤ ਸਿੰਘ ਜਨਮ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥ ੩੭ ॥

## ੩੮. [ਮਿਲੇ ਵਿੱਚੋਂ ਠੱਗ ਫੜਕੇ ਦੰਡ ਦਿੱਤਾ] ।

ਦੋਹਰਾ ॥ ਜਨਮਯੋ ਨੰਦ ਅਨੰਦ ਭਯੋ ਮੰਗਲ ਬ੍ਰਿੰਦ ਬਨਾਇ। ਬਜੀ ਵਧਾਈ ਦ੍ਵਾਰ ਪਰ ਨੌਬਤ ਨਾਦ ਉਠਾਇ ॥ ੧ ॥ ਸੈਯਾ ਛੰਦ ॥ ਸ੍ਰੀ ਅਨੰਦਪੁਰਿ ਭਯੋ ਕੁਲਾਹਲ ਜਾਚਕ ਲੋਕ ਮਿਲੇ ਸਮੁਦਾਇ । ਪੌਤ੍ਰ ਜਨਮ ਤੇ ਗੁਜਰੀ ਹਰਖਤਿ ਦੇਤਿ ਦਰਬ ਕੋ ਜੋ ਦਰ ਆਇ।ਉਤਸਵ ਕਰਤਿ ਮਿਲੀ ਪਿਕ ਬੈਨੀ ਮਧੁਰ ਮਧੁਰ ਸੁਰ ਗੀਤਨਿ ਗਾਇ।ਕਰਿ ਕਰਿ ਆਦਰ ਸਦਨ ਬਿਠਾਵਤਿ ਜਥਾ ਜੋਗ ਤਿਨ ਗਿਰਾ ਸੁਨਾਇ॥੨॥ਕਮਲ ਪੱਤ੍ਰ ਸਮ ਬਿਸਤ੍ਰਿਤ ਲੋਚਨ ਬਰਨ ਬਰਨ ਕੇ ਅੰਬਰ ਪਾਇ । ਦੇਤਿ ਬਧਾਈ ਮੋਦਤਿ ਗੁਜਰੀ ਕਹਤਿ

[1]ਸ਼ੁਕਲਾ ਪੱਖ। [2]ਸ਼ੁਕਰਵਾਰ। [3]ਜੋਤਿਸ਼ ਵਿੱਚ ਗ੍ਰੈਹਿ ਦਾ ਉੱਚ ਤੇ ਨੀਚ ਇਕ ਹਿਸਾਬ ਹੈ ਜਿਵੇਂ ਮੇਖ ਦਾ ਸੂਰਜ ਉੱਚ ਹੈ ਤੇ ਦਸਾਂ ਅੰਸਾਂ ਵਿਚ ਪਰਮ ਉੱਚ। ਇਸੀ ਤਰ੍ਹਾਂ ਬ੍ਰਿਖ ਦਾ ਚੰਦ੍ਰਮਾਂ ਉੱਚ। ਫਿਰ ਉੱਚ ਰਾਸ਼ੀ ਤੋਂ ਸਤਵੀਂ ਰਾਸ ਉਪਰ ਹੋਣ ਨਾਲ ਨੀਚ ਹੁੰਦਾ ਹੈ। ਜੈਸੇ ਮੇਖ ਦਾ ਸੂਰਜ ਉੱਚ ਹੈ ਪਰ ਤੁਲਾ ਦਾ ਨੀਚ ਹੈ। ਇਥੇ ਮਤਲਬ ਹੈ ਉੱਚ ਗ੍ਰੈਹ ਵਿਚ ਜਨਮ ਹੋਇਆ। *ਪਾ:—ਉੱਚਕਿਤੈ। ਪੁਨਾ:—ਉਚਕਿ ਤਜ।

†ਸਾਹਿਬਜ਼ਾਦਿਆਂ ਦੇ ਜਨਮ ਤਿਥਾਂ ਬਾਬਤ ਵੇਖੋ ਇਸੇ ਰੁਤ ਦਾ ਅੰਸੂ ੪. ਅੰਕ ੩੮।

[redacted] [ਪਿਛਲੇ ਪੰਨੇ ਦੀ ਬਾਕੀ ਟੂਕ]

ਵਾਰਤਾ ਨਹੀਂ ਸੀ ਕਰਦਾ। ਕਵਿ ਜੀ ਸੌ ਸਾਖੀ ਦੇ ਮਗਰ ਚੱਲ ਰਹੇ ਹਨ। ਉਸ ਵਿਚ ਕੋਕ ਰਸ ਜੋਗ ਰਸ ਪਦ ਆਏ ਹਨ। ਫਿਰ ਵੀ ਕਵੀ ਜੀ ਦਾ ਵਿਦਯਾ ਮੰਡਲ ਬੀ ਵਿਸ਼ੇਸ਼ ਕਰਕੇ ਹਿੰਦੀ ਸੰਸਕ੍ਰਿਤ ਸਾਹਿੱਤ ਦਾ ਹੈ, ਜਿਥੇ ਗੀਤ ਗੁਵਿੰਦ ਤੇ ਉਸਤੋਂ ਮਗਰੋਂ ਦੀਆਂ ਕ੍ਰਿਸ਼ਨ ਲੀਲਾ ਦੀਆਂ ਨਾਨਾ ਰਚਨਾ ਦੇ ਗ੍ਰੰਥ ਆਪ ਦੀ ਨਜ਼ਰੋਂ ਲੰਘੇ ਹਨ, ਇਸ ਲਈ ਬੀ ਆਪ ਤੋਂ ਏਥੇ ਕੁਛ ਉਸ ਪ੍ਰਕਾਰ ਦਾ ਵਰਣਨ ਹੋ ਗਿਆ ਹੈ। ਪਰ ਸਾਨੂੰ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਆਪ ਨੇ ਅਤਿ ਥੋੜਾ ਕੁਛ ਕਿਹਾ ਹੈ। 'ਕੋਕ ਰਸ' ਪਦ ਦੇ ਨਾਲ 'ਜੋਗ ਰਸ' ਪਦ ਬੀ ਵਰਤਿਆ ਹੈ ਕਿ ਮਹਾਂਰਾਜ ਸਰੀਰਕ ਰਸਾਂ ਤੋਂ ਅਲਿਪਤ ਸਨ ਤੇ ਯੋਗ ਰਸ ਨੂੰ ਕਦੇ ਬੀ ਕਿਸੇ ਹਾਲਤ ਬੀ ਆਪਣੇ ਤੋਂ ਦੂਰ ਨਹੀਂ ਸਨ ਹੋਣ ਦੇਂਦੇ।

Sri Satguru Jagjit Singh Ji eLlibrary NamdhariElibrary@gmail.com

ਅਸੀਸਨ ਸੀਸ ਚਢਾਇ। ਦੇਤਿ ਦੂਬ ਕੋ ਦੇਖਿ ਹੂਬ ਕੋ[1], ਦਰ ਪਰ ਫੂਲਨ ਮਾਲ ਬੰਧਾਇ। ਨਾਰ ਹੀਜ ਫਿਰ ਲੇਤਿ ਭਵਾਲੀ ਟਲਕਾ ਤਾਲੀ ਮੇਲ ਬਜਾਇ[2] ॥ ੩ ॥ ਸ੍ਰੀ ਸਤਿਗੁਰ ਸਮੀਪ ਜੋ ਮੰਗਤ ਮਨ ਭਾਵਤਿ ਕੌ ਪਾਇ ਸਿਧਾਇ। ਦਰਬ ਪਟੰਬਰ ਲੇਤਿ ਬਿਭੂਖਨ ਮਿਲੇ ਨਾਰਿ ਨਰ ਗਨ ਚਿਤ ਚਾਇ। ਸਿੰਘ ਪੌਰ ਪਰ ਠੌਰ ਨ ਪ੍ਰਾਪਤਿ, ਭੀਰ ਅਧਿਕ ਹੁਇ ਰੌਰ ਉਪਾਇ। ਜਹਿਂ ਕਹਿਂ ਤੇ ਸੁਨਿ ਸੁਨਿ ਬਹੁ ਆਏ, ਦੈਨਿ ਬਿਸਾਲ[3] ਸੁਜਸੁ ਬਿਰਧਾਇ ॥ ੪ ॥ ਕਰਹਿ ਮੰਗਲਾਚਾਰ ਘਨੇਰੇ ਜੁਗਤ ਅਨੰਦ ਸ਼ਬਦ* ਕੋ ਗਾਇ। ਚੌਦਸ ਦਿਨ ਬੀਤੇ ਸ੍ਰੀ ਗੁਜਰੀ ਦਯਾਰਾਮ ਕੋ ਪਠੌ ਸੁਨਾਇ। 'ਸ੍ਰੀਮੁਖ ਤੇ ਸੁਤ ਨਾਮ ਧਰਹੁ ਕੋ, ਜੋ ਗੁਰ ਬੰਸ ਬਿਖੈ ਦੁਤਿ ਪਾਇ'। ਆਇ ਸਭਾ ਮਹਿ ਬਿੱਪ੍ਰ ਭਨਨੋ ਜਬਿ 'ਮਾਤਾ ਇਸ ਬਿਧਿ ਬਾਕ ਅਲਾਇ' ॥ ੫ ॥ ਸ੍ਰੀ ਕਲਗੀਧਰ ਉਰ ਬਿਚਾਰ ਕਰਿ–ਸ਼ੱਤ੍ਰਨ ਤੇ ਅਜੀਤ ਹੁਇ ਜੋਇ–। ਯਾਂਤੇ †ਨਾਮ ਅਜੀਤ ਸਿੰਘ ਧਰਿ, ਪਠੌ ਮੀਤ ਢਿਗ ਦਿਜਵਰ ਸੋਇ। ਹਰਖਤਿ ਭਈ ਸ੍ਰੌਨ ਧਰਿ ਤਿਸ ਛਿਨ ਗਈ ਪੌਤ੍ਰ ਕੇ ਨਿਕਟੀ ਹੋਇ। ਸ਼ੱਤ੍ਰਹਿਨਿ ਮੈਂ ਤਬਿ ਨਾਮ ਸੁਨਾਯੋ ਸੁਨਤਿ ਅਨੰਦ ਭਏ ਸਭਿ ਕੋਇ ॥ ੬ ॥ ਦਿਨਪ੍ਰਤਿ ਲਾਲਤਿ ਅਨਿਕ ਪ੍ਰਕਾਰਨਿ ਹੇਮ ਬਿਭੂਖਨ ਕੋ ਘਰਿਵਾਇ। ਜਟਤਿ ਜਵਾਹਰ ਜ਼ੇਬ ਜਬਰ ਜਿਨ, ਪਗ ਨੂਪਰ ਅਰੁ ਕਟਕ[4] ਬਨਾਇ। ਛੁੱਦ੍ਰਘੰਟਿਕਾ[5] ਬਨੀ ਮਨੋਹਰ ਸਿਰ ਸਿਰਫੂਲ[6] ਧਰਯੋ ਦੁਤਿ ਪਾਇ। ਸੂਖਮ ਝੀਨ‡ ਨਵੀਨ ਬਸਨ ਸ਼ੁਭ ਪਹਿਰਾਵਤਿ

[1]ਪ੍ਰੇਮ ਨੂੰ ਵੇਖਕੇ ਖੱਬਲ ਘਾਹ ਦੇਂਦੀਆਂ ਹਨ। [ਘਾਹ ਮੰਗਲ ਸਮੇਂ ਤੇ ਦੇਣਾ ਅਸੀਸ ਦੇਣੀ ਹੈ ਕਿ ਇਸ ਵਾਂਗੂ ਤੁਸੀਂ ਵਧੋ ਤੇ ਹਰੇ ਭਰੇ ਰਹੋ]। [2]ਤਾੜੀ ਨਾਲ ਟਲੀਆਂ ਮੇਲਕੇ ਵਜਾਉਂਦੇ ਹਨ। [3]ਬਹੁਤ ਦਾਨ ਦੇਣ ਕਰਕੇ। [4]ਕੜੇ। [5]ਤੜਾਗੀ। [6]ਸਿਰ ਦਾ ਇਕ ਗਹਿਣਾ।

*ਸਤਿਗੁਰ ਸਾਹੇ ਦੀਆ ਭੇਜ–ਇਤ੍ਯਾਦੀ ਸਬਦ ਪੜ੍ਹਦੇ ਹਨ, ਇਹੋ ਗੁਰਮਤ ਜਨਮ ਸੰਸਕਾਰ ਵਿਚ ਪ੍ਰਗਟ ਹੈ। †ਦੇਖੋ ਏਥੇ ਬ੍ਰਹਮਨ ਪੱਤ੍ਰੀ ਫੋਲ ਕੇ ਨਾਮ ਨਹੀਂ ਰੱਖ ਰਿਹਾ, ਹਾਲਾਂ ਕਿ ਇਹ ਪ੍ਰੋਹਿਤ ਬੀ ਹੈ ਤੇ ਦਲਾਂ ਦਾ ਸੂਰਮਾਂ ਬੀ ਹੈ, ਜਿਸ ਕਰਕੇ ਵਧੇਰੇ ਸਨਮਾਨਤ ਹੈ। ਨਾਮ ਗੁਰੂ ਜੀ ਨੇ ਆਪ ਰੱਖਿਆ ਹੈ, ਇਹੋ ਗੁਰਮਤ ਹੈ, ਏਸੇ ਕਰਕੇ ਹੁਣ ਤਕ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵਾਕ ਲੇਕੇ ਸੰਗਤ ਧਰਦੀ ਹੈ।

‡ਸੋਭਾ ਹਿਤ ਹਰ ਐਸੇ ਸਮੇਂ ਐਸੇ ਵਾਕ ਕਿਹਾ ਕਰਦੇ ਹਨ, ਮੁਰਾਦ ਲੈਣੀ ਚਾਹੀਏ ਸ਼ੋਭਾ ਯੁਕਤ ਦੀ। ਅੱਖਰੀ ਅਰਥ ਲਾਓ ਤਾਂ ਮਾਘ ਫਗਣ ਵਿਚ ਤਾਂ ਬਹੁਤ ਬ੍ਰੀਕ ਕਪੜੇ ਨਹੀਂ ਪਹਿਨੀਦੇ ਝੀਨ ਤੋਂ ਮੁਰਾਦ ਗਰਮ ਪਰ ਵਧੀਆ ਗਰਮ ਹੀ ਲਈ ਜਾ ਸਕਦੀ ਹੈ। ਪਰ ਮਲਮਲ ਤੇ ਪਤਲੇ ਰੇਸ਼ਮੀ ਕੱਪੜੇ ਦੀ ਨਹੀਂ।

ਪੌਤ੍ਰ ਹਰਖਾਇ ॥੭॥ ਇਸ ਪ੍ਰਕਾਰ ਦਿਨ ਕੇਤਿਕ ਬੀਤੇ ਸੰਗਤਿ ਦਿਵਸ ਪੂਰਬ ਕੋ ਜਾਨਿ। ਚਹੁੰ ਦਿਸ਼ਿ ਤੇ ਉਮਡੀ ਹਿਤ ਦਰਸ਼ਨ ਲਏ ਅਕੋਰਨ ਪਹੁੰਚੇ ਆਨਿ। ਦਰਸ਼ਨ ਦੇਨਿ ਹੇਤੁ ਸ਼੍ਰੀ ਸਤਿਗੁਰ ਬੈਠਿ ਗਏ ਊਚੇ ਅਸਥਾਨ। ਭਈ ਸਭਿਨਿ ਸੁਧਿ ਸੁਨਿ ਸੁਨਿ ਸਗਰੇ ਉਪਜ੍ਯੋ ਹਿਰਦੈ ਹਰਖ ਮਹਾਨ॥੮॥ ਮੇਲਾ ਭਯੋ ਸਕੇਲਨ ਦੀਰਘ ਧਰਹਿਂ ਅਕੋਰਨ ਅਨਿਕ ਪ੍ਰਕਾਰ। ਮੁਖਿ ਮਸੰਦ ਲੈ ਲੈ ਸੰਗ ਸੰਗਤਿ ਪਹੁੰਚੇ ਸਤਿਗੁਰ ਕੇ ਦਰਬਾਰ। ਕਿਤਿਕ ਬਿਭੂਖਨ ਚਾਮੀ-ਕਰ ਕੇ ਸ਼੍ਰੀ ਅਜੀਤ ਸਿੰਘ ਹਿਤ ਦੁਤਿ ਚਾਰੁ। ਲਸਾਵਤਿ ਭਏ ਅਰਪਤੇ ਆਗੇ ਅਪਰ ਦਰਬ ਬਹੁ ਹਯ ਹਥਯਾਰ॥੯॥ ਲਗੇ ਅੰਬਾਰ ਅਕੋਰਨ ਕੇ ਬਹੁ ਪੂਰਹਿਂ ਕਾਮਨਾ ਜਿਮ ਜਿਸ ਕੀਨਿ। ਖਰੇ ਮੇਵਰੇ ਕਰਿ ਅਰਦਾਸਨਿ ਗੁਰੂ ਬਿਲੋਕਹਿਂ ਕਰੁਨਾ ਭੀਨ। ਸਿਖ ਸੰਗਤਿ ਕੀ ਭੀਰ ਭਈ ਤਬਿ ਇਕ ਬੰਚਕ ਉਰ ਲਾਲਚ ਪੀਨ। ਅੰਚਰ ਬੰਧ੍ਯੋ[1] ਕਤਰ ਧਨ ਲੀਨਸਿ, ਪੁਨ ਮੇਲੇ ਮਹਿਂ ਬਿਚਰਤਿ ਚੀਨ॥੧੦॥ ਸਿਖ ਪਟ ਦੇਖਿ ਦੁਖੀ ਹੁਇ ਚਿੰਤਾ ਸਤਿਗੁਰ ਕੇ ਢਿਗ ਕੀਨਿ ਉਚਾਰ। 'ਮਹਾਰਾਜ ਮੇਲੇ ਮਹਿਂ ਪਾਪੀ ਭੀਰ ਬਿਖੈ ਇਮ ਠਾਨਤਿ ਕਾਰ'। ਕਹ੍ਯੋ ਮੇਵਰੇ ਕੋ ਤਬਿ ਸ਼੍ਰੀ ਪ੍ਰਭੁ 'ਇਕ ਥਲ ਇਸ ਕੋ ਦੇਹੁ ਬਿਠਾਰਿ'। ਹੁਕਮ ਪਾਇ ਕਰਿ ਥਿਰ੍ਯੋ ਸਚਿੰਤਤਿ-ਧਨ ਮੈਂ ਪਾਵੌਂ ਕੌਨ ਪ੍ਰਕਾਰ-॥੧੧॥ ਸੋ ਬੰਚਕ ਮੇਲੇ ਮਹਿ ਬਿਚਰਤਿ ਕਾਟ੍ਯੋ ਖੀਸਾ ਇਕ ਸਿਖ ਕੇਰ। ਨਹਿਂ ਕਿਨ ਜਾਨ੍ਯੋ ਮਿਲ੍ਯੋ ਨਰਨ ਮਹਿਂ, ਸਿਖ ਦੇਖਤਿ ਭਾ ਦੁਖੀ ਬਡੇਰ। ਪੂਰਬ ਸਮ ਸ਼੍ਰੀ ਪ੍ਰਭੁ ਢਿਗ ਗਮਨ੍ਯੋਂ ਊਚੇ ਕਰਿ ਪੁਕਾਰ ਤਿਸ ਬੇਰ। ਸੁਨਿ ਗੁਰ ਤਿਸ ਕੇ ਨਿਕਟ ਬਿਠਾਯੋ ਕਹ੍ਯੋ 'ਦਰਬ ਲੈ ਦੇਵਹਿਂ ਫੇਰ'। ੧੨॥ ਲਯੋ ਜੁਗਮ ਤੇ ਧਨ ਤਿਨ ਬੰਚਕ ਪੁਨ ਤੀਸਰ ਹਿਤ ਘਾਤ ਲਗਾਇ। ਲਯੋ ਅਪਰ ਨਹਿਂ ਕਿਨਹਿ ਬਿਲੋਕ੍ਯੋ, ਪੁਨ ਚੌਥੇ ਕੋ ਦਰਬ ਚੁਰਾਇ। ਕਰਤਿ ਪੁਕਾਰ ਦੁਊ ਚਲਿ ਆਏ ਸੁਨਿ ਸਗਰੇ ਸਤਿਗੁਰੂ ਸੁਨਾਇ[2]। 'ਤਸਕਰ ਘਨੇ ਅਹੈਂ ਥਿਰ ਮੇਲੇ ਨਾਂਹਿ ਰਾਵਰ ਤੇ ਡਰ ਕੋ ਪਾਇ'॥੧੩॥ ਤਬਿ ਸਤਿਗੁਰ ਦ੍ਵੈ ਸੁਭਟ ਪਠਾਏ 'ਮੇਲੇ ਮਹਿਂ ਬੰਚਕ ਇਕ ਜਾਨ। ਪਗੀਆ ਲਾਲ ਕਸੀ ਕਟ ਧੋਤੀ ਇਕ ਮਾਲਾ ਧਾਰੈ ਨਿਜ ਪਾਨ। ਚੰਦਨ ਤਿਲਕ ਭਾਲ ਮੈਂ ਦੇਖਹੁ ਗਹਿ ਆਨਹੁ ਡਰ ਦੇਹੁ ਮਹਾਨ'। ਸੁਨਤਿ ਚਿੰਨ੍ਹ ਭਟ

[1]ਪੱਲੇ ਨਾਲ ਬੱਧਾ ਹੋਯਾ (ਧਨ)। [2]ਸੁਣਕੇ ਸਾਰਿਆਂ ਨੇ ਸਤਿਗੁਰੂ ਜੀ ਨੂੰ ਸੁਣਾਯਾ।

Sri Satguru Jagjit Singh Ji eLlibrary NamdhariElibrary@gmail.com

ਪਾਇ ਹੁਕਮ ਕੌ ਪਿਖਿ ਮੇਲੇ ਕਹੁ ਬਨਿ ਸਵਧਾਨ॥੧੪॥ਬਿਚਰਤਿ ਸੋ ਠਗ ਗਹ੍ਯੋ ਜਾਇ ਕਰ ਪ੍ਰਭੁ ਕੇ ਨਿਕਟ ਆਨਿ ਤਤਕਾਲ। ਸ੍ਰੀ ਮੁਖ ਤੇ ਕਹਿ 'ਇਸ ਪਟ ਦੇਖਹੁ' ਕਰੈ ਉਤਾਇਲ ਹੇਰਤਿ ਜਾਲਿ। ਗਾਢੇ ਬਾਂਧ[1] ਕਰ੍ਯੋ ਤਬਿ ਠਾਂਢੋ 'ਇਹ ਆਨਯੋਂ ਹਮ ਛਲੀ ਬਿਸਾਲ'। ਧਨ ਚਤਰਨਿ[2] ਕੋ ਗਯੋ ਜਿਤਿਕ ਥੋ ਨਿਕਸ੍ਯੋ ਤਿਸ ਢਿਗ ਤੇ ਲਿਯ ਭਾਲ॥੧੫॥ ਚਾਰਹੁੰ ਸਿੱਖਨ ਕੋ ਧਨ ਦੀਨਸਿ, ਲੇ ਕਰਿ ਤਿਨਹੁੰ ਹਰਖ ਉਰ ਪਾਇ। ਕਰ੍ਯੋ ਬਿਲੋਕਨ ਬਿਸਮਤ ਹ੍ਵੈ ਕਰਿ 'ਧੰਨ ਧੰਨ' ਸਤਿਗੁਰ ਕੋ ਗਾਇ। 'ਮਹਾਂ ਅਘੀ, ਮਨ ਭੈ ਨਹਿ ਕੀਨਸਿ, ਦੰਡ ਦੇਨ ਕੇ ਉਚਿਤ ਸਜਾਇ[3]'। ਸ੍ਰੀ ਮੁਖ ਤੇ ਕਹਿ ਕੈਦ ਕਰਾਯੋ ਪੁਨਹਿ ਪਾਪ ਨਹਿ ਕਰੇ ਕਦਾਇ॥ ੧੬ ॥ ਸਿਖ ਸੰਗਤਿ ਸਭਿ ਪਾਇ ਕਾਮਨਾ ਦਰਸ਼ਨ ਕਰਿ ਕਰਿ ਸਦਨ ਸਿਧਾਇ।ਦੇਸ਼ ਬਿਦੇਸ਼ਨ ਪ੍ਰਭੁ ਕੀ ਕੀਰਤਿ ਫੈਲ ਪਰੀ ਸਭਿ ਕਹੈਂ ਸੁਨਾਇ। ਮਨਹੁੰ ਮਾਲਤੀ ਘਰ ਘਰ ਫੂਲੀ ਕਿਧੌਂ ਮਰਾਲਨ ਪਾਂਤਿ ਉਡਾਇ। ਸਿੰਧ ਮੇਖਲਾ ਸਰਬ ਰਸਾ ਪਰ[4] ਜਿਤ ਕਿਤ ਉੱਜਲ ਰਹੀ ਸੁ ਛਾਇ॥ ੧੭ ॥ ਕੇਤਿਕ ਦਿਨ ਮਹਿ ਠਗ ਹਕਾਰ ਕਰਿ ਕਹ੍ਯੋ ਪ੍ਰਭੁ 'ਸੁਨਿ ਰੇ ਮਤਿ ਮੰਦ!ਹਮਹਿ ਅਰਾਧ੍ਯੋ ਅਘ ਕੇ ਹਿਤ ਤੈਂ–ਮਮ ਪੜਦਾ ਗੁਰ ਢਕਹੁ ਬਿਲੰਦ। ਤੈ ਚੋਰੀ ਕਰਿ ਬਹੁਰ ਨ ਕਰਿਹੌਂ–ਬਿਚਰਹਿ ਮੇਲੇ ਮਹਿੰ ਅਘਵੰਦ। ਦਰਬ ਤੀਨ ਕੋ ਲਿਯ,ਤ੍ਰਿਸ਼ਨਾ ਕਿਯ[5], ਪੁਨ ਚੌਥੇ ਕੇ ਚੀਰ ਨਿਕੰਦ॥੧੮॥ ਰਹ੍ਯੋ ਨ ਪੁਨ ਪਰ ਲੋਭ ਵਧ੍ਯੋ ਚਿਤ[6], ਫਾਸ ਉਚਿਤ ਤੈ ਕੌ ਪਹਿਚਾਨ। ਤਊ ਤਜਹਿ[7] ਅਬਿ, ਬਹੁਰ ਨ ਕਰੀਐ'ਇਮਕਹਿ ਛੁਟਵਾਯੋ ਗੁਨਖਾਨ।ਧਾਰਿ ਨਮੋ ਗਮਨ੍ਯੋ ਛੁਟਿ ਤੂਰਨ

[1]ਭਾਵ ਮੁਸ਼ਕਾਂ ਬੰਨ੍ਹਕੇ। [2]ਭਾਵ ਚਾਰ ਸਿੱਖਾਂ ਦਾ। [3]ਦੰਡ ਸਜ਼ਾ ਦੇਣ ਦੇ ਉਚਿਤ (=ਯੋਗ) ਹੈ। ਕਵਿ ਜੀ ਨੇ ਦੰਡ ਸਜ਼ਾ ਇਉਂ ਇਥੇ ਵਰਤਿਆ ਹੈ ਜਿਵੇਂ ਕਹੀਦਾ ਹੈ ਜਲ ਪਾਣੀ ਛਕ ਲਓ। [4]ਸਾਰੀ ਧਰਤੀ ਉਤੇ ਜੋ ਸਮੁੰਦਰ ਨਾਲ ਘੇਰੀ ਹੋਈ ਹੈ। (ਅ) (ਪਹਾੜਾਂ ਤੋਂ ਲੈ) ਸਮੁੰਦਰ ਤਕ ਵਿਚਲੀ ਤੇ ਸਾਰੀ ਧਰਤੀ ਉਤੇ। [5]ਫਿਰ ਤ੍ਰਿਸ਼ਨਾ ਕੀਤੀ। [6]ਇਸਦਾ ਇਹ ਭਾਵ ਨਹੀਂ ਕਿ ਥੋੜੀ ਚੋਰੀ ਮਾਫ ਕਰ ਰਹੇ ਹਨ, ਬਲਕਿ ਇਕ ਇਨਸਾਨੀ ਖਸਲਤ ਜ਼ਾਹਰ ਕਰ ਰਹੇ ਹਨ ਕਿ ਚੋਰੀ ਯਾਰੀ ਜੂਆ ਆਦਿ ਕਰਮਾਂ ਵਾਲੇ ਪ੍ਰਣ ਕਰਦੇ ਹਨ ਕਿ ਬਸ ਹੁਣ ਤੇ ਫੇਰ ਨਹੀਂ ਕਰਾਂਗੇ, ਪਰ ਉਨ੍ਹਾਂ ਦੇ ਅੰਦਰਲੇ ਸੰਸਕਾਰ ਮੁੜ ਮੁੜ ਓਧਰੇ ਲੈ ਜਾਂਦੇ ਹਨ, ਇਸ ਲਈ ਮੂਲੋਂ ਤਯਾਗ ਕਰਨਾ ਹੀ ਠੀਕ ਹੈ। 'ਪੜਦੇ ਢੱਕਣ' ਦੀ ਅਰਦਾਸ ਦੀ ਬੀ ਇਨਸਾਨ ਨੂੰ ਬਹੁਤ ਲੋੜ ਪੈਂਦੀ ਹੈ। ਗੁਰੂ ਤੇ ਪਰਮੇਸ਼ੁਰ ਦਾ ਬਿਰਦ 'ਪੜਦੇ ਢੱਕ' ਬੀ ਹੈ। ਜਿਸਦਾ ਮਤਲਬ ਪਾਪ ਦੀ ਖੁੱਲ੍ਹ ਨਹੀਂ। [7]ਫਿਰ ਤੈਨੂੰ ਛੋੜਨੇ ਹਾਂ।

Sri Satguru Jagjit Singh Ji eLlibrary NamdhariElibrary@gmail.com

ਸ੍ਰੀ ਗੁਰ ਕੇ ਗੁਨ ਕਰਤਿ ਬਖਾਨ। ਇਸ ਪ੍ਰਕਾਰ ਕੌਤਿਕ ਦਿਨ ਗੁਜ਼ਰੇ ਹੋਤਿ ਬਿਲਾਸ ਅਨੇਕ ਬਿਧਾਨ ॥੧੯॥ ਦੋਹਰਾ ॥ ਕਵਿਤਾ ਰਚਹਿ ਇਕੇਤ ਹੈ ਸੁੰਦਰ ਛੰਦ ਬਨਾਇ। ਰਸ ਸ਼ਿੰਗਾਰ[1], ਰਸ ਬੀਰ[2] ਕੋ, ਰੌਦ੍ਰ[3] ਬਰਨ ਅਧਿਕਾਇ ॥ ੨੦ ॥ ਸੈਯਾ ਛੰਦ ॥ ਸੁਨਿ ਸੁਨਿ ਗੁਨੀ ਅਨਿਕ ਗੁਨ ਜਿਨਿ ਮਹਿ ਕਦਰ ਸ਼ਨਾਸੀ ਕੋ ਮਨ ਜਾਨਿ[4]। ਕਹਹਿਂ ਕਬਿੱਤ ਸੁਜਸੁ ਕੇ ਸੁੰਦਰ, ਕਲਗ਼ੀਧਰ ਸੋਂ ਮਿਲਹਿ ਸੁ ਆਨਿ।ਧਰਹਿ ਅਨਿਕ ਚਾਤੁਰਤਾ ਰਚਿਰਚਿ ਹੁਇ ਪ੍ਰਸੰਨ ਲਖਿ ਗੁਨੀ ਮਹਾਨ। ਧਨ ਗਨ ਬਖਸ਼ ਹਜ਼ਾਰਹੁੰ ਲੱਛਹੁੰ ਲੇ ਕਰਿ ਹਰਖ ਧਰਹਿ ਗੁਨਵਾਨ ॥ ੨੧ ॥ ਕਿਤਿਕ ਰਹੇ ਢਿਗ ਨੌਕਰ ਹੁਇ ਕਰਿ ਦਰਬ ਹਜ਼ਾਰਹੁੰ ਕੋ ਨਿਤ ਲੇਤਿ। ਦਾਰਿਦ ਘਾਮ ਬਿਦਾਰਨ ਹੋਵਾ ਬਰਖਤਿ[5]ਘਨ ਜਨੋਂ ਕ੍ਰਿਪਾ ਨਿਕੇਤੁ।ਆਪ ਰਚਤਿ ਹੈਂ ਛੰਦ ਅਨਿਕ ਗਤਿ ਅਪਰਨ ਕੇ ਲਖਿ ਰੀਝ ਸੁ ਦੇਤਿ[6]।ਇਮ ਗੁਨੀਅਨ ਮਹਿ ਕੀਰਤਿ ਪਸਰੀ ਸੁਨਿ ਸੁਨਿ ਆਵਤਿ ਹੈਂ ਸੁਖ ਹੇਤੁ ॥੨੨॥ ਕਵੀ ਰਹਿਤਿ ਜੋ ਪੂਰਬ ਦਿਸ਼ਿ ਮਹਿ ਅਰੁ ਦੱਖਣ ਮਹਿ ਉਪਜੇ ਜੋਇ। ਪੱਛਮ ਬਾਸੀ ਉੱਤਰ ਦਿਸ਼ਿ ਕੇ ਗੁਨ ਕੋ ਪਰਖਹਿ[7] ਗੁਨ ਸੁਨਿ ਸੋਇ। ਰੀਝ ਮੌਜ[8] ਦੀਰਘ ਹੀ ਲਖਿ ਕਰਿ ਘਰ ਕੋ ਤਯਾਗ ਆਇ ਸਭਿ ਕੋਇ।ਬਖਸ਼ਿਸ਼ ਪਾਇ ਨਿਕਟ ਰਹਿ ਕੌਤਿਕ ਕੋ ਨਿਕੇਤ ਗੋ ਦਾਰਿਦ ਖੋਇ॥੨੩॥ਪੀਰ ਕਿਤਿਕ ਸੁਨਿ ਮਹਿਮਾ ਆਵਤਿ, ਬੈਰਾਗੀ ਸੰਨਯਾਸੀ ਜਾਲ। ਤਪੀ ਦਿਗੰਬਰ ਦਰਸ਼ਨ ਕੇ ਹਿਤ ਜੋਗੀ ਆਇ ਜਿ ਸਿੱਧ ਬਿਸਾਲ। ਮਿਲਿ ਮਿਲਿ ਪਰਖਹਿ ਹਰਖਹਿ ਬਚ ਸੁਨਿ, ਸੰਸੈ ਕੋ ਉੱਤਰ ਤਤਕਾਲ[9]। ਸਾਹਿਬ ਕਰਾਮਾਤਿ ਗੁਰ ਦੀਰਘ ਸਿੰਧ ਮਨਿੰਦ ਸੁਮੇਰੁ ਅਚਾਲ॥੨੪॥ਸਿਖ ਸੰਗਤਿ ਜਹਿਂ ਕਹਿਂ ਤੇ ਆਵਤਿ ਮੰਨ ਭਾਵਤਿ ਪਾਵਤਿ ਨਿਜ ਕਾਮ[10]।ਚਹੁੰਦਿਸ਼ਿ ਤੇ ਹੁਇ ਮੇਲਸਕੇਲਨ ਉਤਰਿ ਅਨੰਦਪੁਰੇ ਅਭਿਰਾਮ। ਜਬਿ ਜਾਨਹਿ–ਬਹੁ ਬ੍ਰਿੰਦ ਭਏ ਨਰ ਜੇ ਦਰਸ਼ਨ

---

[1]ਸ਼ਿੰਗਾਰ ਰਸ, ਜਿਸ ਵਿਚ ਪਿਆਰ ਦਾ ਵਰਣਨ ਹੋਵੇ। [2]ਬੀਰ ਰਸ, ਜਿਸ ਵਿਚ ਬਹਾਦਰੀ ਹੋਵੇ। [3]ਰੌਦ੍ਰ ਰਸ, ਜਿਸ ਵਿਚ ਕ੍ਰੋਧ ਆਦਿ ਨਾਲ ਬੀਰਤਾ ਭ੍ਰੈਦਾਇਕ ਹੋ ਜਾਵੇ। [4](ਸਤਿਗੁਰੂ ਜੀ ਦੀ) ਕਦਰ ਪਛਾਣਨ (ਦੇ ਗੁਣ ਨੂੰ) ਮਨ ਵਿਚ ਜਾਣਕੇ। [5]ਗੁਰੂ ਜੀ ਵੱਸਦੇ ਹਨ ਭਾਵ ਦਾਨ ਦੇਂਦੇ ਹਨ। [6]ਪ੍ਰਸੰਨ ਹੋਕੇ ਬਖਸ਼ਸ਼ ਕਰਦੇ ਹਨ। [7]ਪਰਖਦੇ ਹਨ ਇਹ ਗੁਣ ਸੁਣ ਕੇ। [8]ਰੀਝ=(ਉਚੇ ਗੁਣ ਵੇਖਕੇ) ਖੁਸ਼ ਹੋਣਾ ਤੇ ਖਿੜਨਾ। ਮੌਜ=ਖੁਸ਼ੀ ਤ੍ਰੰਗ ਵਿਚ ਬਖਸ਼ਸ਼ ਕਰਨੀ। [9]ਉਸੇ ਵੇਲੇ (ਦੇਂਦੇ ਹਨ)। [10]ਕਾਮਨਾ।

ਚਾਹਤਿ ਸੁਖ ਧਾਮ–।ਤਬਨਿਕਸਹਿਂ ਖਡਸਭਾ ਲਗਾਵਹਿਂ ਪੁਰਹਿਕਾਮਨਾ ਮਨ ਬਿਸਰਾਮ[1] ॥ ੨੫॥ ਜੋਧਾ ਰਹੈਂ ਬਿਸਾਲ ਭਯੋ ਦਲ, ਰਣ ਪ੍ਰਿਯ ਰਣ ਕੀ ਬਾਤ ਸੁਨਾਇਂ।ਬਹੁ ਉਤਸਾਹਿ ਹੋਤਿ ਹੈ ਬੀਰਨ ਆਯੁਧ ਬਿੱਦ੍ਯਾ ਸਦਾ ਕਮਾਇਂ। ਹਯਨ ਵੰਧਾਵਤਿ ਬਹੁ ਚਪਲਾਵਤਿ ਅਧਿਕ ਪਲਾਇ ਤੁਰੰਗ ਚਲਾਇਂ। ਮਹਾਂਰਾਜ ਗੁਰ ਸਰਬ ਸਮਾਜਹਿ ਦੀਰਘ ਕਰਯੋ ਜਗਤ ਜਸ ਗਾਇ ॥ ੨੬ ॥ ਇਤਿ ਸ੍ਰੀਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਬੈਰਕ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥ ੩੮ ॥

## ੩੯. [ਮੀਆਂ ਖਾਂ ਤੇ ਅਲਫ ਖਾਂ ਦੀ ਪਹਾੜੀਆਂ ਪਰ ਚੜ੍ਹਾਈ]

ਦੋਹਰਾ ॥ ਇਸ ਪ੍ਰਕਾਰ ਸ੍ਰੀ ਸਤਿਗੁਰੂ ਕੌਤਿਕ ਦਿਵਸ ਬਿਤਾਇ। ਭੀਮਚੰਦ ਸੋਂ ਰਸ ਭਯੋ ਦੀਨਸਿ ਦ੍ਵੈਸ਼ ਮਿਟਾਇ ॥੧॥ ਪਾਧੜੀ ਛੰਦ ॥ ਅਵਰੰਗ ਤੁਰਕ-ਪਤਿ ਨਹਿਨ ਦੇਸ਼[2]। ਚਢਿ ਗਯੋ ਦਿਸ਼ਾ ਦੱਖਨ ਬਿਸ਼ੇਸ਼।ਕਰਿ ਬਡ ਮੁਹਿੰਮ ਸੈਨਾ ਬਿਸਾਲ।ਜਾਹਿ ਤਾਨਿ ਸ਼ਾਹਿ ਸੱਯਦ ਬਿਸਾਲ॥੨॥ ਗਢਿ ਗੋਲ ਕੁੰਡ[3] ਮਾਵਾਸ ਕੀਨਿ। ਗਨ ਚਮੂੰ ਹਨਤਿ ਨਹਿ ਦਰਬ ਦੀਨਿ[4]। ਜਹਿ ਨਗਰ ਹੈਦਰਾਵਾਦ ਆਹਿ। ਤਹਿ ਕਰਤਿ ਬਾਸ ਬਡ ਰਾਜ ਤਾਂਹਿ[5]॥੩॥ਬਿਤ ਗਏ ਬਰਖ ਬਹੁ ਹੋਤਿ ਜੁੱਧ; ਨਹਿ ਮਿਟਤਿ ਦੁਹੂੰ ਦਿਸ਼ਿ ਅਧਿਕ ਕ੍ਰੁੱਧ। ਇਸ ਦੇਸ਼[6] ਬਿਖੈ ਸੂਬੇ ਬਿਸਾਲ। ਸਭਿ ਰਾਜ ਸਾਜ ਕਰਤੇ ਕਰਾਲ ॥ ੪॥ ਇਕ ਮਿਯਾਂਖਾਨ ਉਮਰਾਵ ਤਾਂਹਿ[7]। ਰਹਿ ਸੰਗ ਬਾਹਿਨੀ ਅਧਿਕ ਜਾਂਹਿ। ਪੁਰਿ ਬਸੇ ਜਾਂਹਿ ਜੰਮੂੰ ਮਹਾਨ। ਚਢਿ ਗਯੋ ਤਾਂਹਿ ਦਲ ਸੰਗ ਖਾਨ[8]॥੫॥ ਇਕ ਅਲਫਖਾਨ ਤਿਹ ਸੰਗ ਬੀਰ।ਪਸ਼ਚਾਤ ਚਲਹਿ ਜਿਹ ਸੁਭਟ ਭੀਰ[9]।ਤਿਹ ਸਾਥ ਹੁਕਮ ਮਿਯਾਂ ਖਾਂ ਬਖਾਨਿ। 'ਤੁਮ ਜਾਹਿ ਅਬੈ ਸੈਲਨਿ ਸਥਾਨ॥੬॥ ਨ੍ਰਿਪ ਜੋ ਕਟੋਚੀਆ ਅਰੁ ਗੁਲੇਰ। ਜਸਵਾਲ ਆਦਿ ਜੇਤਿਕ ਬਡੇਰ। ਸਭਿਹੂੰਨਿ ਪਾਸ ਲਿਹੁ ਦਰਬ ਜਾਇ।ਬਡ ਸੰਗ ਬਾਹਿਨੀ ਤਿਨ ਦਬਾਇ[10]' ॥੭॥ ਸੁਨਿ ਅਲਫਖਾਨ ਹਰਖਨੋ ਸੁ ਜ਼ੋਰ[11]। ਲੈ ਚਮੂੰ ਚਲਯੋ ਤਿਨ ਸੈਲ

---

[1]ਮਨ ਦੇ ਟਿਕਾਉ ਦੇਣੇ ਲਈ। [2]ਨਹੀਂ ਸੀ ਦੇਸ਼ ਵਿਚ। [3]ਨਾਮ ਹੈ ਕਿਲੇ ਦਾ—ਗੋਲ ਕੰਡਾ। [4](ਨੌਰੰਗੇ ਦੀ) ਬਹੁਤੀ ਸੈਨਾ ਮਾਰਦਾ ਸੀ, (ਨੌਰੰਗੇ ਨੂੰ) ਧਨ ਨਹੀਂ ਸੀ ਦਿੰਦਾ। [5]ਭਾਵ ਤਾਨੇ ਸ਼ਾਹ ਦਾ। [6]ਇੱਥੇ ਦਿੱਲੀ ਦੇ ਲਾਗੇ। [7]ਬਚਿੱਤ੍ਰ ਨਾਟਕ ਵਿਚ ਆਇਆ ਹੈ 'ਮੀਆਂ ਖਾਂਨ ਜੰਮੂ ਕਹਿ ਆਯੋ'। [8]ਖਾਨਾਂ ਦੀ ਸੈਨਾ ਨਾਲ (ਲੈਕੇ) ਤਿੱਥੇ ਭਾਵ ਜੰਮੂ ਵਲ ਚੜ੍ਹ ਗਿਆ। (ਅ) ਨਾਲ ਦਲ ਲੈਕੇ ਖਾਂ ਚੜ੍ਹ ਗਿਆ। [9]ਸੂਰਮਿਆਂ ਦੀ ਭੀੜ। [10]ਤਿਨ੍ਹਾਂ ਨੂੰ ਦਬਾ ਕੇ। [11]ਜ਼ੋਰ ਕਰਕੇ।

Sri Satguru Jagjit Singh Ji eLlibrary NamdhariElibrary@gmail.com

ਓਰ। ਪਠਿ ਪ੍ਰਥਮ ਦੂਤ ਸੁਧ ਹਿਤ ਉਤਾਲ। ਜਹਿਂ ਹੁਤੋ ਕਟੋਚੀ ਨ੍ਰਿਪ ਕ੍ਰਿਪਾਲ ॥ ੮ ॥ 'ਦਿਹੁ ਦੰਡ ਦਰਬ[1], ਮਿਲਿ ਅੱਗ੍ਰ ਆਇ। ਸਵਧਾਨ ਹੋਹੁ ਨਤੁ ਰਣ ਮਚਾਇ[2]'। ਸੁਨਿ ਕੈ ਕ੍ਰਿਪਾਲ ਨਹਿਂ ਭਾ ਸੁਚੇਤ[3]। ਚਢਿ ਆਇ ਦੁਰਗ ਤੇ ਮਿਲਿਨਿ ਹੇਤੁ[4]॥੯॥ ਜਬਿ ਬਰਨੋ ਦੂਣ[5] ਮਹਿਂ ਅਲਫਖਾਨ। ਬਡ ਕਰੇ ਸ਼ੋਰ ਬਲ ਪਤਿ ਗੁਮਾਨ[6]। ਤਬਿ ਮਿਲਨੋ ਜਾਇ ਗਿਰਪਤਿ ਕ੍ਰਿਪਾਲ। ਕੁਛ ਦਈ ਭੇਟ ਬਿਨਤੀ ਸੁ ਨਾਲ ॥੧੦॥ ਕਰਿ ਰਾਜਨੀਤ ਕੋ ਫੇਰ ਘੇਰ। ਕਹਿ ਅਲਫਖਾਨ ਸੋਂ ਨ੍ਰਿਪਤਿ ਫੇਰ। 'ਸਭਿ ਗਿਰਨ ਰਾਜ ਬਾਈਸ ਧਾਰ। ਕਹਿਲੂਰ ਪਤੀ ਸਭਿ ਮਹਿ ਉਦਾਰ ॥ ੧੧ ॥ ਲਿਹੁ ਪ੍ਰਥਮ ਤਿਸੀ ਤੇ ਪੁੰਜ ਦਰਬ। ਪੁਨ ਦੇਹਿ ਆਪ ਹੀ ਔਰ ਸਰਬ। ਜਬਿ ਲਗਿ ਨ ਦੇਇਗੋ ਭੀਮ-ਚੰਦ। ਟਰ ਜਾਹਿ ਸਕਲ, ਧਨ ਦੇਂ ਨ ਬ੍ਰਿੰਦ ॥੧੨॥ ਕਹਿਲੂਰ ਪਤੀ ਰਣ ਕਰਹਿ ਜੋਇ। ਹਮ ਅਪਰ ਨ੍ਰਿਪਤਿ ਤੁਹਿ ਸੰਗ ਹੋਇ[7]। ਤਿਹ ਜੀਤ ਜੁੱਧ ਮਹਿਂ ਕਰਹਿਂ ਜ਼ੋਰ[8]। ਧਨ ਲੇਹਿਂ ਅਧਿਕ ਲਖਿ ਦੋਸ਼ਿ ਫੇਰ[9] ॥ ੧੩ ॥ ਮਮ ਕਹਯੋ ਮਾਨਿ ਇਮ ਲੇਹੁ ਦਰਬ। ਗਿਰਪਤੀ ਮਿਲਹਿਂ ਦੇਂ ਦੰਡ ਸਰਬ'। ਸੁਨਿ ਕੈ ਕ੍ਰਿਪਾਲ ਤੇ ਅਲਫਖਾਨ। ਮਾਨੋ ਸੁ ਬੈਨ ਹਿਤ ਅਪਨਿ ਜਾਨਿ॥੧੪॥ 'ਧਨ ਭੀਮਚੰਦ ਤੇ ਪ੍ਰਥਮ ਲੇਉਂ। ਜੋ ਕਰੈ ਜੰਗ ਲਰਿ ਮਾਰਿ ਦੇਉਂ। ਮਮ ਸੈਨ ਸੰਗ ਅਰੁ ਨ੍ਰਿਪ ਕ੍ਰਿਪਾਲ। ਅਰੁ ਮਿਲਹਿ ਔਰ, ਦ੍ਵੈ ਦਲ ਬਿਸਾਲ[10] ॥੧੫॥ ਸਭਿ ਕੋ ਦਬਾਇ ਦੈ ਜ਼ੋਰ ਘੋਰ[11]। ਧਨ ਲੇਉਂ ਅਧਿਕ ਕਰ ਗਿਰਨ ਸ਼ੋਰ'। ਤਬਿ ਅਲਫਖਾਨ ਕੋ ਲੇ ਕ੍ਰਿਪਾਲ। ਬਿਚ ਬਰਨੋ ਆਇ ਸੈਲਨ ਬਿਸਾਲ ॥ ੧੬ ॥ ਨਾਦੌਣ ਆਇ ਕਰਿ ਸਿਵਰ ਕੀਨਿ। ਸਵਧਾਨ ਹੋਇ ਰਣ ਸਾਜ ਲੀਨਿ। ਪਠਿ ਦਯੋ ਦੂਤ ਢਿਗ ਭੀਮਚੰਦ। 'ਦੈ ਦਰਬ ਆਨਿ ਮਿਲਿ ਹਾਥ ਬੰਦਿ ॥੧੭॥ ਨਤੁ ਦੇਸ਼ ਤੋਰ[12] ਮੈਂ ਪਾਉਂ ਰੌਰ। ਸਭਿ ਲੂਟ ਲੇਹੁਂ ਫਿਰ ਠੌਰ ਠੌਰ

[1]ਖ਼ਿਰਾਜ (ਯਾ ਡੰਡ) ਦਾ ਧਨ। [2]ਮਚਾਵਾਂਗੇ। [3]ਜੰਗ ਲਈ ਤਿਆਰ ਨਾ ਹੋਇਆ। [4]ਮਿਲਨ ਵਾਸਤੇ ਕਿਲ੍ਹੇ ਤੋਂ ਚੜ੍ਹਕੇ ਆਇਆ (ਕਟੋਚੀਆ)। [5]ਇਥੇ ਦੂਣ ਤੋਂ ਮੁਰਾਦ ਕਾਂਗੜੇ ਦੇ ਗਿਰਦ ਨੇੜੇ ਤੇੜੇ ਦਾ ਇਲਾਕਾ ਹੈ। [6]ਬਲਪਤਿ ਤੋਂ ਭਾਵ ਔਰੰਗਜ਼ੇਬ ਹੈ ਜੋ ਹਿੰਦ ਦਾ ਪਤੀ ਸੀ ਉਸ ਦੇ ਗੁਮਾਨ ਵਿਚ ਸ਼ੋਰ ਸ਼ਰਾਬਾ ਕਰ ਰਿਹਾ ਹੈ। (ਅ) ਪਾਠਾਂਤ੍ਰ ਬਲਪਤਿ ਹੋਵੇ ਤਾਂ: ਬਲ ਵਾਲਾ ਹੋਣ ਕਰਕੇ ਆਪਣੇ ਬਲ ਦੇ ਗੁਮਾਨ ਕਰਕੇ। (ੲ) ਸ਼ੁਧ ਪਾਠ 'ਦਲਪਤਿ' ਜਾਪਦਾ ਹੈ। ਲਿਖਾਰੀ ਦੀ ਕਲਮ-ਉਕਾਈ ਹੈ। [7]ਅਸੀਂ ਹੋਰ ਰਾਜੇ ਤੇਰੇ ਨਾਲ (ਮਦਦਗੀਰ) ਹੋਵਾਂਗੇ। [8]ਅਧੀਨ। [9]ਫੇਰ ਦੋਸ਼ੀ ਜਾਣਕੇ ਬੜਾ ਧਨ ਲਵਾਂਗੇ। [10]ਤੇ ਹੋਰ ਭੀ ਮਿਲਣਗੇ ( ਸਾਡੇ ) ਦੋ ਬੜੇ ਦਲਾਂ ਨਾਲ। [11]ਬਹੁਤਾ। [12]ਤੇਰੇ ਦੇਸ਼ ਵਿਚ।

ਠੌਰ'। ਜਬਿ ਗਯੋ ਦੂਤ ਸਗਰੀ ਸੁਨਾਇ।'ਮਿਲਿਗੋ ਕ੍ਰਿਪਾਲ[1] ਨਿਜ ਹਿਤ ਬਨਾਇ' ॥ ੧੮ ॥ ਸੁਨਿ ਭੀਮਚੰਦ ਕਰਿ ਕ੍ਰੋਧ ਭੂਰ। ਲੀਨੋ ਸਕੇਲ ਹਿਤ ਸਮਰ ਸੂਰ[2]। ਗਿਰਪਤੀ ਅਪਰ ਹਿਤਵੰਤ ਜੋਇ।ਸਭਿਹਿਨਿ ਹਕਾਰਿ ਨਿਜ ਨਿਕਟ ਸੋਇ ॥ ੧੯ ॥ ਗਰਜਯੋ ਬਿਲੰਦ ਤਬਿ ਭੀਮਚੰਦ। 'ਨਹਿ ਦੇਉਂ ਪ੍ਰਥਮ ਧਨ ਖ਼ਾਨ ਬ੍ਰਿੰਦ'। ਲੀਨਸਿ ਹਕਾਰ ਨਿਜ ਢਿਗ ਵਜ਼ੀਰ। ਤਬਿ ਕਰਯੋ ਮੰਤ੍ਰ 'ਕਿਮ ਹੋਇ ਧੀਰ ॥੨੦॥ ਹਮ ਕਰਹਿ ਜੁੱਧ ਤੌ ਨੀਕ ਬਾਤ। ਨਹਿ ਦੇਉਂ ਖਾਨ ਕੌ ਦਰਬ ਬਾਤ[3]'। ਸੁਨਿ ਕਹਿ ਵਜ਼ੀਰ 'ਮਮ ਕਹਿਨ ਮਾਨ।ਜੇ ਚਹੋ ਤਿਨਹੁਂ ਸੋਂ ਲਰਨਿ ਬਾਨ॥੨੧॥ਸ਼੍ਰੀ ਗੁਰ ਬਹਾਦਰੀ ਜਿਨਹੁਂ ਮਾਂਹਿ।ਤਿਨ ਕੇ ਮਨਿੰਦ ਕੋ ਬੀਰ ਨਾਂਹਿ।ਤੁਝ ਪਰ ਪ੍ਰਸੰਨ ਹੈਂ ਸਰਬ ਭਾਂਤਿ। ਗਹੁ ਸ਼ਰਨ, ਸਹਾਇਕ ਲੇਹੁ ਜਾਤਿ[4] ॥ ੨੨ ॥ ਪੁਨ ਪਾਇਂ ਬਿਜੈ ਨਿਸ਼ਚੈ ਸੁਜਾਨ। ਪ੍ਰਭੁ ਚਲਹਿਂ ਆਪ ਕਿਰਪਾ ਨਿਧਾਨ'।ਸੁਨਿ ਭੀਮਚੰਦ ਆਨੰਦ ਪਾਇ। ਲਿਖਿ ਬਿਨੈ ਦੀਨਿ ਮੰਤ੍ਰੀ ਪਠਾਇ॥੨੩॥ ਤਤਕਾਲ ਅਨੰਦ ਪੁਰਿ ਧਾਇ ਆਇ। ਪ੍ਰਭੁ ਥਿਰੇ ਸਭਾ ਤਹਿਂ ਮਿਲਯੋ ਜਾਇ। ਕਰ ਬੰਦਿ ਬੰਦਨਾ ਚਰਨ ਕੀਨਿ। ਦਿਸ਼ ਭੀਮਚੰਦ ਤੇ ਭਾਖਿ ਦੀਨਿ ॥ ੨੪ ॥ ਮੁਖ ਮੰਦ ਮੰਦ ਮੁਸਕਾਤਿ ਧੀਰ। ਪ੍ਰਭੁ ਕਹੇ ਵਾਕ ਜਿਨ ਧੁਨਿ ਗੰਭੀਰ। 'ਕਹਿਲੂਰ ਪਤੀ ਕਹੁ ਕੁਸ਼ਲ ਗਾਤ ? ਆਗਮਨ ਭਯੋ ਕਿਮ ? ਭਨੋ ਬਾਤ' ॥ ੨੫॥ ਸੁਨਿ ਹਾਥ ਜੋਰਿ ਬੋਲਯੋ ਵਜ਼ੀਰ।'ਉਤਪਾਤ ਉਠਯੋ ਇਕ ਆਨਿ ਤੀਰ। ਮਿਲਿਕੈ ਕ੍ਰਿਪਾਲ ਕੈ ਸੰਗ ਖਾਨ[5]। ਦਲ ਕੋ ਸਕੇਲ ਕਰਿ ਬਲ ਮਹਾਨ ॥ ੨੬ ॥ ਕਹਿਲੂਰਪਤੀ ਢਿਗ ਨਰ ਪਠਾਇ।–ਧਨ ਦੇਹੁ ਨਹੀਂ[6] ਅਬਿਰਨ ਮਚਾਇ। ਸੁਨਿ ਰਿਸਯੋ[7] ਅਨੀਤ ਲਖਿ ਕੈ ਮਹਾਨ। ਭਟ ਗਨ ਸਕੇਲਿ ਕਹਿ ਜੰਗ ਠਾਨਿ॥੨੭॥ਲਖਿਕੈ ਅਲੰਬ ਤੁਮਕੋ ਬਿਸਾਲ।–ਬਡ ਓਟ ਮੇਰ ਸਮ ਸਰਬ-ਕਾਲ[8]*–। ਕਰਿ ਅੱਗੂ ਆਪ ਕੋ ਲਰਨਿ ਚਾਹਿ। ਤੁਮਰੇ ਭਰੋਸ ਮਨ

---

[1]ਮਿਲ ਗਿਆ ਹੈ ਕ੍ਰਿਪਾਲ ( ਅਲਫ ਖਾਂ ਨਾਲ )। [2]ਜੰਗ ਲਈ ਸੂਰਮੇ। [3]ਧਨ ਦੀ ਥੈਲੀ। [4]ਜਾਕੇ ਸਹਾਇਤਾ ਲਓ, ਮੰਗੋ। (ਅ) ਸਹਾਇਕ ਬਣਾਕੇ ਲੈ ਜਾਓ (ਜੰਗ ਵਿਚ)। [5]ਕ੍ਰਿਪਾਲ ਦੇ ਨਾਲ ਖਾਨ ਮਿਲ ਗਿਆ ਹੈ। [6]ਨਹੀਂ ਤਾਂ। [7]( ਭੀਮ ਚੰਦ ) ਰਿਸਜਾ ਹੈ। [8]ਸਰਬ ਕਾਲ (ਪ੍ਰਮਾਤਮਾ) ਤੁਲ ਮੇਰੀ ਓਟ ਹੈ।

*ਪਰੰਤੂ ਪਾਠ 'ਮੇਰੁ ਸਮ ਸਰਬ ਕਾਲ' ਸ਼ੁੱਧ ਹੈ, ਲਿਖਾਰੀ ਦੀ ਕਲਮ ਉਕਾਈ ਹੋਈ ਜਾਪਦੀ ਹੈ। ਅਰਥ:–ਸਦੀਵ ਕਾਲ ਆਪ ਨੂੰ ਮੇਰੂ ਸਮਾਨ ਓਟ (ਸਮਝਦਾ ਹੈ)।

Sri Satguru Jagjit Singh Ji eLlibrary NamdhariElibrary@gmail.com

ਕਰਿ ਉਮਾਹਿ ॥ ੨੮ ॥ ਬਿੱਸ੍ਵਾਸ ਬਿਜੈ ਕੀ ਧਰਤਿ ਚੀਤ । ਤੁਮਰੇ ਸੁ ਓਜ[1], ਨ੍ਰਿਪ ਸ਼ਰਨ ਨੀਤ।–ਮੁਝ ਦੇਹੁ ਸੁਜਸੁ ਅਪਨੋ ਪਛਾਨ।ਰਿਪੁ ਵਰਗ ਹਨਹੁ[2] ਗਹਿ ਸ਼ਸਤ੍ਰ ਪਾਨ ॥੨੯॥ ਇਕ ਤੁਰਕ ਸੈਨ ਦੁਤੀਏ ਗਿਰੇਸ਼।ਮਿਲਿ ਗਏ ਆਪ ਮਹਿ ਦਲ ਵਿਸ਼ੇਸ਼ । ਮ੍ਰਿਗ ਕੇ ਮਨਿੰਦ ਰਿਪੁ ਬ੍ਰਿੰਦ ਜੋਧ । ਤੁਮ ਹੋ ਮ੍ਰਿਗਿੰਦ੍ਰ[3] ਦੇਖਤਿ ਪਲੋਇ[4] ॥੩੦॥ ਗਨ ਸੈਲਪਤੀ ਮਮ ਸੰਗ ਔਰ । ਬਲ ਕਰੌਂ ਜਾਇ ਮੈਂ ਜੰਗ ਠੌਰ । ਪਾਵਕ ਸਮਾਨ ਗੁਰ ਪੌਨ ਪਾਇ । ਤਤਕਾਲ ਜਾਲ ਅਰਿ ਜਾਲ ਜਾਇ[5] ॥ ੩੧ ॥ ਤੁਮਰੀ ਸਹਾਇ ਬਲ ਲਹਿ ਬਿਸਾਲ। ਹਤਿ ਸ਼ਸਤ੍ਰ ਸਮੁਖ ਰਿਪੁ ਪਰਹਿਂ ਚਾਲ[6]।ਬਡ ਪ੍ਰਾਪਤਿ ਹੋਤਿ ਹੀ ਸਭਿ ਬਟੋਰ। ਚਢਿ ਕਰਿ ਪਯਾਨ ਦਿਖਰਾਇ ਜੋਰ–' ॥ ੩੨ ॥ ਕਰੁਨਾ ਨਿਧਾਨ ਸੁਨਿ ਬਿਨਤਿ ਕਾਨ । ਨਿਜ ਸ਼ਰਨ ਪਰਯੋ ਗਿਰਪਤਿ ਪਛਾਨਿ। ਹਿਤ ਬਿਜੈ ਦੇਨਿ ਕੈ ਚਹਤਿ ਜਾਨ[7] । ਪੁਨ ਅਪਰ ਹੇਤੁ ਕਰਿਬੇ ਪਯਾਨ ॥ ੩੩ ॥–ਹਮ ਸੰਗ ਸੰਧਿ ਨ੍ਰਿਪ ਭੀਮਚੰਦ । ਜਗ ਬਿਖੈ ਬਿਦਤ ਜਹਿਂ ਕਹਿਂ ਬਿਲੰਦ । ਇਹ ਹਾਰ ਜਾਇ ਨੀਕੀ ਨ ਸੋਇ । ਹਮ ਦਿਸ਼ਾ ਅਰੋਪਹਿ ਦੋਸ਼ ਕੋਇ ॥ ੩੪ ॥ ਜੈ ਪਾਇ, ਜਾਇਂ ਯਾਂਤੇ ਸਹਾਇ[8]–। ਗੁਰ ਚਵਨਿ ਹੇਤੁ ਕੀਨੋ ਉਪਾਇ । ਚਿਤ ਬਿਖੈ ਚੌਂਪ ਚੌਗੁਨ ਅਦੋਤ । ਹਿਤ ਲਰਨ ਰਿਦੇ ਨਿਤ ਚਾਹਿ ਹੋਤਿ ॥ ੩੫ ॥–ਜੋ ਨਿਕਟ ਸੈਲਪਤਿ ਸਕਲ ਜਾਇ । ਰਣ ਹੇਤੁ ਹੋਤਿ ਇਕ ਥਾਇਂ[9] ਧਾਇ । ਹਮ ਬਿਦਤ ਬੀਰ ਲਖਿ ਜੰਗ ਧੀਰ। ਕਿਮ[10] ਥਿਰਹਿ ਧਾਮ ਜਿਮ ਹੋਤਿ ਭੀਰੁ[11]–॥ ੩੬ ॥ ਇੱਤਨਾਦਿ ਬਾਤ ਚਿਤ ਮੈਂ ਬਿਚਾਰਿ। ਪਿਖਿ ਦਿਸ਼ਿ ਵਜ਼ੀਰ ਧੀਰਜ ਉਚਾਰਿ। 'ਕਹੁ ਭੀਮਚੰਦ ਕੇ ਸੰਗ ਜਾਇ। ਹਮ ਹੈਂ ਤਯਾਰ ਪ੍ਰਾਤੇ ਸਿਧਾਇ ॥ ੩੭ ॥ ਨਹਿਂ ਕਰਹੁ ਚਿੰਤ, ਲਿਹੁ ਰਿਪੁਨਿ ਜੀਤ । ਨਹਿ ਦੇਨਿ ਦਰਬ ਕੋ ਧਰਹੁ ਚੀਤ[12] । ਅਬਿ ਇਸੇ ਦੇਹੁ ਪੁਨ ਔਰ ਆਇ । ਸਭਿ ਲੋਹਿ ਦੰਡ ਤੁਝ ਤੇ ਬਨਾਇ॥੩੮॥ਸ਼ੱਤ੍ਰਨਿ ਸੰਗ ਧਨ ਭੂਮ ਹੇਤੁ। ਛੱਤ੍ਰੀਨ ਕਾਮ ਲਰਿ ਜੰਗ ਖ਼ੇਤ[13]।ਪ੍ਰਿਯ ਪ੍ਰਾਨ ਜੌਨਿ ਗੀਦੀ ਡਰੰਤਿ।

[1]ਤੁਹਾਡੇ ਬਲ ਕਰਕੇ ਨਿਸ਼ਚਾ ਜਿੱਤ ਦਾ ਰਖਦਾ ਹੈ । [2]ਸ਼ੱਤ੍ਰਆਂ ਦੇ ਸਮੂਹ-ਨੂੰ ਮਾਰ ਦਿਓ । [3]ਆਪ ਸ਼ੇਰ ਹੋ । [4](ਓਹ) ਦੇਖਦੇ ਹੀ ਨੱਸ ਜਾਣਗੇ । [5]ਸਾਰੇ ਵੈਰੀ ਸੜ ਜਾਣਗੇ । [6]ਭਾਵ ਭੱਜ ਜਾਣਗੇ । [7]ਜਾਣਾ । [8]ਜਿੱਤ ਪਾ ਲਵੇ ਇਸ ਵਾਸਤੇ ਸਹਾਇਤਾ ਲਈ ਜਾਈਏ । [9]ਭਾਵ ਇਕੱਠੇ ਹੋਣਗੇ । [10]ਅਸੀਂ ਪ੍ਰਸਿੱਧ ਬੀਰ ਤੇ ਧੀਰ ਹਾਂ ਕਿਵੇਂ...... (ਅ) ਅਸੀਂ ਬੀਰ ਹਾਂ ਕਿਵੇਂ ਧੀਰਜ ਨਾਲ......। [11]ਕਾਇਰਾਂ ਵਾਂਗ ਘਰ ਕਿਵੇਂ ਠਹਿਰੀਏ? [12]ਧਨ ਦੇਣੇ ਦੀ ਗੱਲ ਚਿੱਤ ਵਿਚ ਨਾ ਧਰੋ। [13]ਜੰਗ ਖੇਤ ਵਿਚ ਲੜਨਾ ਧਨ ਤੇ ਭੂਮੀ ਵਾਸਤੇ ਛੱਤ੍ਰੀ ਦਾ ਕੰਮ ਹੈ ।

ਉਪਹਾਸ ਇਹਾਂ ਅਪਵਾਦਵੰਤਿ[1] ॥ ੩੯ ॥ ਪਰਲੋਕ ਵਿਖੈ ਗਤਿ ਨਹਿਨ ਆਛ। ਯਾਂ ਤੇ ਸੁਜਾਨ ਸੰਗ੍ਰਾਮ ਬਾਂਛਿ'।ਸੁਨਿਕੈ ਵਜ਼ੀਰ ਆਨੰਦ ਪਾਇ।ਕਰ ਬੰਦਿ ਬੰਦਨਾ ਕੀਨਿ ਪਾਇ ॥੪੦॥ ਧਰਿ ਅਧਿਕ ਸ਼ੀਘ੍ਰਤਾ ਗਯੋ ਧਾਇ। ਨ੍ਰਿਪ ਭੀਮਚੰਦ ਕੋ ਸਭਿ ਸੁਨਾਇ।'ਗੁਰ ਕਹਯੋ ਵਾਕ-ਰਣ ਜੀਤ ਤੋਹਿ[2]। ਨਹਿ ਮਿਟਹੁ ਸੁਜਸੁ ਸਭਿ ਮਾਂਹਿ ਹੋਹਿ-॥੪੧॥ਉਠਿ ਕੈ ਪ੍ਰਭਾਤਿ ਅਸਵਾਰ ਆਪ। ਪਹੁੰਚਾਹਿ[3] ਪ੍ਰਭੁ ਗਨ ਸ਼ੱਤ੍ਰ ਖਾਪ'।ਸੁਨਿ ਭੀਮਚੰਦ ਕਿਯ ਹਰਖ ਭੂਰ। ਲੀਨੋ ਬਟੋਰ ਦਲ ਮਹਿਦ ਸੂਰ ॥ ੪੨ ॥ ਦੁੰਦਭਿ ਬਜਾਇ ਤਯਾਰੀ ਸੁ ਕੀਨਿ। ਚਢਿ ਚਲਯੋ ਸਹਾਇਕ ਸੰਗ ਲੀਨਿ।ਅਬਿ ਸੁਨੋ ਨਾਮ ਤਿਨਕੇ ਭਨੰਤਿ। ਜੋ ਚਲਹਿਂ ਸਾਥ ਭਟ ਓਜਵੰਤਿ[4] ॥ ੪੩ ॥ ਦੋਹਰਾ ॥ ਰਾਮ ਸਿੰਘ ਜਸਵਾਰੀਆ ਲੈ ਨਿਜ ਸੰਗ ਸਿਪਾਹਿ।ਪ੍ਰਿਥੀਚੰਦ ਡਢਵਾਰੀਆ ਜਿਹ ਚਿਤ ਜੰਗ ਉਮਾਹਿ ॥ ੪੪ ॥ ਅਪਰ ਚਢਯੋ ਜਸਰੋਟੀਆ ਨਾਮ ਕਹੈਂ ਸੁਖਦੇਵ। ਭੀਮਚੰਦ ਕੇ ਹਿਤ ਕਰਨ ਚਲੇ ਜੰਗ ਲਖਿ ਭੇਵ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਭੀਮਚੰਦ' ਪ੍ਰਸੰਗ ਬਰਨਨੰ ਨਾਮ ਏਕ ਊਨ ਚੱਤ੍ਵਾਰਿੰਸਤੀ ਅੰਸੁ ॥ ੩੯ ॥

## ੪੦. [ਨਾਦੌਣ ਦਾ ਜੰਗ ਆਰੰਭ]।

ਦੋਹਰਾ ॥ ਭਏ ਸ਼ਗੁਨ ਸਭਿ ਜੀਤ ਕੇ ਭੀਮਚੰਦ ਆਨੰਦ। ਗੁਲਕਾਂ ਔਰ ਬਰੂਦ ਬਹੁ ਦੇ ਕਰਿ ਬੀਰਨਿ ਬ੍ਰਿੰਦ॥੧॥ ਰਸਾਵਲਛੰਦ॥ ਚਢਯੋ ਦੈ ਨਗਾਰਾ[5]। ਅਗਾਊ ਪਧਾਰਾ। ਚਲੇ ਬੀਰ ਮਾਨੀ। ਧਰੇ ਸ਼ਸਤ੍ਰ ਪਾਨੀ[6] ॥ ੨ ॥ ਤੁਰੰਗੈਂ ਸੰਭਾਰੀ। ਭਨੈਂ ਮਾਰ ਮਾਰੀ। ਨਦੌਣੈ ਪਹੂੰਚੇ। ਰਿਪੂ ਬਾਨ ਊਚੇ ॥ ੩ ॥ ਕਰਯੋ ਘੇਰਿ ਬਾਰਾ[7]।ਬਡੋ ਕਾਠ ਡਾਰਾ।ਦਿਢੰ ਦੁਰਗ ਜੈਸੇ[8]।ਬਰੇ ਬੀਰ ਤੈਸੇਂ[9] ॥੪॥ ਸਰੰ ਚਾਂਪ ਸੰਗਾ। ਕਸੀ ਹੈਂ ਤੁਰੰਗਾ।-ਕਰੈਂਗੇ ਲਰਾਈ-। ਸੁ ਤਯਾਰੀ ਬਨਾਈ ॥੫॥-ਢੁਕੈ ਨੇਰ ਜੋਈ[10]। ਹਤੈਂ ਛੋਰਿ ਸੋਈ[11]-।ਬਜਾਵੈਂ ਨਗਾਰੇ। ਕਰਯੋ ਬਾਰ ਟਾਰੇ[12] ॥੬॥ਗਯੋ ਭੀਮ ਚੰਦੰ।ਪਿਖਯੋ ਬ੍ਰਿੰਦਬ੍ਰਿੰਦੰ[13]*।-ਬਿਰਯੋ

---

[1]ਭਾਵ ਜੀਊਂਦਿਆਂ ਹਾਸੀ ਯੋਗ ਤੇ ਨਿੰਦ੍ਯਾ ਲੈਣ ਵਾਲਾ ਹੋ ਜਾਂਦਾ ਹੈ। ਅਗਲੀ ਤੁਕ ਵਿਚ ਮਰਨ ਮਗਰੋਂ ਦਾ ਨੁਕਸਾਨ ਦੱਸਦੇ ਹਨ। [2]ਤੇਰੀ ਜਿੱਤ ਹੋਵੇਗੀ। [3]ਪਹੁੰਚ ਜਾਣਗੇ। [4]ਬਲ ਵਾਲੇ। [5]ਨਗਾਰੇ ਤੇ (ਚੋਬ) ਦੇਕੇ। [6]ਹੱਥਾਂ ਵਿਚ। [7]ਘੇਰ ਕੇ ਵਾੜਾ ਬਣਾ ਲਿਆ ( ਸ਼ੱਤ੍ਰੂ ਨੇ )। [8]ਭਾਵ ਕਾਠ ਨਾਲ ਕਿਲ੍ਹੇ ਵਰਗਾ ਵਾੜਾ ਬਣਾਇਆ ਸੀ। [9]ਉਸ ਵਿਚ ਵੜੇ ਹੋਏ ਸਨ। [10](ਜੇ ਕੋਈ ਵਾੜੇ ਦੇ) ਨੇੜੇ ਢੁੱਕੇਗਾ। [11]ਭਾਵ ਬੰਦੂਕਾਂ ਛੱਡਕੇ ਮਾਰਾਂਗੇ ਉਸ ਨੂੰ। [12]ਵਾੜੇ ਦਾ ਬਹਾਨਾ (ਉਹਲਾ) ਬਣਾਕੇ। [13]ਸਭਨਾਂ ਦੇ ਇਕੱਠ ਨੂੰ ਡਿੱਠਾ। *ਪਾ:-ਬੰਦ ਬੰਦੰ।

Sri Satguru Jagjit Singh Ji eLlibrary NamdhariElibrary@gmail.com

ਥਾਨ ਊਚੇ[੧]। ਖਰੋ ਕਾਠ ਮੂਰੇ[੨]॥੭॥ਕਰੀ ਓਟ ਮੋਟੀ।ਲਗੀ ਨਾਂਹਿ ਚੋਟੀ–।
ਤਊ ਹੋਇ ਆਗੇ। ਪਲੀਤੇ ਸੁ ਦਾਗੇ॥ ੮ ॥ ਛੁਟੀ ਬ੍ਰਿੰਦ ਗੋਰੀ। ਗਈ
ਬਾਰ ਓਰੀ[੩]। ਲਗੈ ਕਾਠ ਮਾਂਹੀ। ਮਰੈਂ ਸ਼ੱਤ੍ਰੁ ਨਾਂਹੀ॥ ੯ ॥ ਕ੍ਰਿਪਾਲੰ[੪]
ਕਟੋਚੀ। ਤੁਫੰਗਾਨਿ ਮੋਚੀ[੫]।ਛੁਟੇ ਤੀਰ ਗੋਰੀ। ਸੁ ਅੰਗਾਨਿ ਫੋਰੀ*॥੧੦॥
ਰਣੰ ਰੰਗ ਹੋਵਾ। ਦੁਹੂੰ ਓਰ ਜੋਵਾ।ਭਨਯੋ ਭੀਮਚੰਦੰ:–'ਮਿਲਯੋ ਬੀਰ ਬ੍ਰਿੰਦੰ[੬]
॥੧੧॥ ਕਰੋ ਹੇਲ ਧਾਯੰ। ਚਢੋ ਊਚ ਥਾਯੰ। ਲਿਜੈ ਮਾਰ ਬਾਰਾ। ਹਥ੍ਯਾਰੇ
ਸੰਭਾਰਾ ॥੧੨ ॥ ਪਿਖੋ ਠਾਂਢ ਕੈਸੇ[੭]। ਹਤੋ ਕਯੋਂ ਨ ਐਸੇ?' ਸੁਨਯੋਂ ਬ੍ਰਿੰਦ
ਬੀਰੰ। ਤੁਫੰਗਾਨਿ ਤੀਰੰ॥ ੧੩॥ ਪ੍ਰਹਾਰੇ ਸਮੂਹੰ। ਦਈ ਦੀਹ ਹੂਹੰ[੮]। ਚਲੇ
ਬਾਰ ਨੇਰੇ। ਚਹੂੰ ਓਰ ਘੇਰੇ ॥੧੪॥ ਕੜਾ ਕਾੜ ਗੋਰੀ। ਛੁਟੀ ਦੌਨ ਓਰੀ।
ਬਿਲੋਕੇ ਕ੍ਰਿਪਾਲੰ।–ਭਏ ਆਲ ਬਾਲੰ[੯] ॥੧੫॥ ਢੁਕੇ ਆਇ ਨੇਰੇ–। ਕਹਯੋ
ਤਾਂਹਿ ਬੇਰੇ। 'ਕਹਾਂ ਬੀਰ ਦੇਖੋ? । ਸਮੀਪੀ ਬਿਸ਼ੇਖੋ॥੧੬॥ ਤਜੋ ਕਯੋਂ ਨ
ਗੋਰੀ। ਰਿਪੁ ਅੰਗ ਫੋਰੀ। ਕ੍ਰਿਪਾਨੈ ਚਲਾਵੋ। ਪ੍ਰਹਾਰੋ ਹਟਾਵ' ॥ ੧੭ ॥
ਪਿਖ੍ਯੋ ਹੇਲ ਮੇਲਾ[੧੦]। ਚਹੈਂ ਰੇਲ ਪੇਲਾ[੧੧]। ਤਜੇਂ ਬਾਰ ਆਏ[੧੨]। ਤੁਫੰਗੰ
ਚਲਾਏ॥੧੮॥ ਦੜਾ ਦਾੜ ਗੋਰੇ ਹਤੇ ਤੁੰਡ ਫੇਰੇ[੧੩]। ਨਹੀਂ ਜਾਤਿ ਆਗੇ[੧੪]।
ਵਡੇ ਘਾਵ ਲਾਗੇ॥ ੧੯ ॥ ਤਨੰ ਫੋਰਿ ਫੋਰੇ। ਹਟੇ ਸੋ ਪਿਛੋਰੇ। ਘਨੇ ਘਾਵ
ਘਾਲੇ[੧੫]।ਹਤੇ ਭੂਮ ਡਾਲੇ[੧੬]॥੨੦॥ ਸੈਯਾ॥ਕਹੂਲਰਪਤੀ ਅਵਿਲੋਕਤਿ ਹੈ:–
ਬਸ ਨਾਂਹਿ ਚਲੈ ਕਛੁ ਬੀਰਨਿ ਕੋ। ਗਿਰ ਊਪਰ ਬੰਬ ਬਜਾਵਤਿ ਹੈਂ[੧੭],
ਲਹਿ ਓਟ ਪ੍ਰਹਾਰਤਿ ਤੀਰਨ ਕੋ[੧੮]।ਗੁਲਕਾਂ ਬਰਖਾਵਤਿ ਘਾਵਤਿ ਹੈਂ,ਨਹਿ
ਪਾਵਤਿ ਦਾਵ ਅਭੀਰਨ ਕੋ[੧੯]। ਨਿਜ ਦੰਤਨ ਪੰਕਤਿ ਪੀਸਤਿ ਹੈਂ, ਨਹਿ

---

[੧]ਵੈਰੀ ਖੜਾ ਹੈ ਉੱਚੇ ਥਾਂ ਤੇ। [੨]ਬਹੁਤ। [੩](ਕਾਠ ਦੀ) ਵਾੜ ਵੱਲ। [੪]( ਉਪਰੋਂ) ਕ੍ਰਿਪਾਲ ਨੇ। [੫]ਛੱਡੀਆਂ। [੬]ਮਿਲੋ ਹੇ ਸਾਰੇ ਸੂਰਮਿਓ। [੭]ਖੜੇ ਕੀ ਵੇਖਦੇ ਹੋ। [੮]ਭਾਰੀ ਹੱਲਾ। [੯]ਆਲੇ ਦੁਆਲੇ (ਭੀਮ ਚੰਦ ਦੇ ਸੂਰਮੇ)। [੧੦](ਵੈਰੀ ਨੇ) ਹਮਲਾ ਆ ਪਹੁੰਚਾ ਡਿੱਠਾ। [੧੧]ਹੱਲੇ ਨੂੰ ਧੱਕ ਦੇਣਾ ਚਾਹੁੰਦੇ ਹਨ। [੧੨](ਵੈਰੀ) ਵਾੜਾ ਛੱਡਕੇ (ਬਾਹਰ) ਆਏ। [੧੩]ਮਾਰਕੇ ਮੂੰਹ ਫੇਰ ਦਿਤੇ। [੧੪](ਭੀਮ ਚੰਦ ਦੇ ਸੂਰਮੇ) ਅੱਗੇ ਨਹੀਂ ਵਧਦੇ (ਹੁਣ)। [੧੫]ਬਹੁਤੇ ਜ਼ਖਮ ਖਾਧੇ। [੧੬]ਮਰੇ ( ਸੋ ) ਧਰਤੀ ਤੇ ਡਿੱਗੇ। [੧੭](ਵੈਰੀ) ਵਜਾਉਂਦੇ ਹਨ। [੧੮]ਵਾੜ ਦਾ ਆਸਰਾ ਲੈਕੇ ਤੀਰ ਮਾਰਦੇ ਹਨ। [੧੯](ਮੇਰੇ) ਸੂਰਮੇ ( ਵੈਰੀ ਦੇ ਮਾਰਨੇ ਦਾ ) ਦਾਉ ਨਹੀਂ ਪਾ ਸਕਦੇ। [ਅਭੀਰ–ਜੋ ਕਾਇਰ ਨਾ ਹੋਵੇ, ਸੂਰਮਾ]।

*ਪਾ:–ਮੋਰੀ

Sri Satguru Jagjit Singh Ji eLlibrary NamdhariElibrary@gmail.com

ਦੀਸਤਿ ਢੁਕਤਿ ਤੀਰਨ ਕੌਂ[1]–॥੨੧॥ ਬੀਰ ਹਟੇ,ਪਿਖਿ ਭੀਮ ਸਸੀ[2] ਹਿਤ ਮੋਰਨ ਕੇ ਕਹਿਕੈ ਲਲਕਾਰੇ। 'ਹੇਲਕੈ ਮੇਲਹੁ ਪੇਲਹੁ ਸ਼ੱਤ੍ਰੁਨਿ[3], ਝੇਲਹੁ, ਅੱਗ੍ਰ ਚਲਹੁ ਪਗ ਧਾਰੇ[4]। ਘੇਰਹੁ ਬਾਰਿ ਬਡੇ ਬਰਿਆਰਹਿ[5], ਪ੍ਰੇਰਹੁ ਬੀਰਨ ਕੌ ਅਗਵਾਰੇ'। ਫੇਰ ਹਟੇ ਸੁਨਿਕੈ ਭਟ ਜੇ ਬਡ ਬਾਹੁ ਝਟਾਪਟ ਜੁਝਤਿ ਡਾਰੇ[6]॥੨੨॥ ਆਵਤਿ ਹੇਲ ਬਿਲੋਕਿ ਕੈ ਰੋਕਨ[7] ਬੀਰ ਕਟੋਚੀਆ[8] ਮਾਰ ਮਚਾਈ।ਊਪਰ ਤੇ ਗੁਲਕਾਂ ਬਰਖਾਵਤਿ ਤੋਮਰ ਤੀਰ ਅਨੀ ਦਿਖਰਾਈ[9]। ਪ੍ਰੇਰਤਿ ਫੇਰ ਦਿਯੋ ਤਬਿ ਹੇਲ,ਸਮੀਪ ਨ ਹੋਨਿ ਦਏ ਸਮੁਦਾਈ। ਘਾਇਲ ਹ੍ਵੈ ਗਿਰ ਭੂਮ ਪਰੇ ਭਟ ਬ੍ਰਿੰਦਮਰੇ ਬਡ ਕੀਨਿ ਲਰਾਈ॥੨੩॥ਭੀਮ ਨਿਸੇਸ਼ ਨਿਹਾਰਿ ਅਸ਼ੇਸ਼[10]–ਵਿਸ਼ੇਸ਼ ਉਤੰਗ ਸਥਾਨ[11] ਮਵਾਸਾ। ਬੀਰਨ ਕੌ ਬਸ ਨਾਂਹਿ ਚਲੈ,ਲਰਿ ਸੰਮੁਖ ਆਯੁਧ ਹੋਤਿ ਬਿਨਾਸ਼ਾ[12]–।ਸ਼ੋਕ ਕੇ ਸੰਗ ਬਿਲੋਕਤਿ, ਰੋਕਤਿ 'ਕਯੋਂ ਨ ਥਿਰੋ ਰਨ, ਹੋਵਤਿ ਹਾਸਾ'। ਮਾਰਨ ਹੇਤੁ ਅਨੇਕ ਉਪਾਵਨ ਭੂਪ ਰਿਦੈ ਚਿਤਵੈ ਚਹੁੰ ਆਸਾ[13]॥੨੪॥ਕੋਪ ਕੈ ਆਪ ਕਹਲੂਰ-ਪਤੀ ਹਨੁਮਾਨ ਕੋ ਮੰਤ੍ਰ ਜਪਯੋ ਮੁਖ ਮਾਂਹੀ। ਔਰ ਹੁਤੇ ਗਿਰਨਾਥ ਸਹਾਇਕ ਤੂਰਨ ਕੀਨਿ ਹਕਾਰਨ ਤਾਂਹੀ। ਭੂਪ ਪ੍ਰਿਥੀਸਸਿ[14] ਔ ਜਸਰੋਟੀਆ ਔ ਜਸਵਾਰੀਆ ਸਾਥ ਸਿਪਾਹੀ[15]। ਲੈ ਉਮਡਯੋ ਹਿਤ ਬਾਰਿ ਕੇ ਮਾਰਨ[16] ਸੰਮੁਖ ਹੋਹਿ ਹਟੇ ਪਗ ਨਾਂਹੀ॥੨੫॥ਨਾਂਹਿ ਚਲਯੋ ਬਸ, ਚਿੰਤ ਲਯੋ ਗੁਸਿ, ਸ਼੍ਰੀਗੁਰ ਕੌ ਸਿਮਰਯੋ ਤਿਸ ਕਾਲਾ*। ਏਕ ਸਊਰ ਸੁ ਤੂਰਨ ਹੀ ਪਠਿ:–

[1](ਮੇਰੇ ਸੂਰਿਆਂ ਨੂੰ) ਨੇੜੇ ਢੁੱਕਣਾ (ਵਾੜ ਦੇ) ਨਜ਼ਰ ਨਹੀਂ ਪੈਂਦਾ ਭਾਵ ਨੇੜੇ ਢੁਕਣ ਦੀ ਜੁਗਤ ਨਹੀਂ ਸੁਝਦੀ। [2]ਭੀਮ ਚੰਦ ਨੇ ਦੇਖਕੇ। [3]ਹੱਲਾ ਕਰਕੇ ਮਿਲੋ ਤੇ ਵੈਰੀ ਨੂੰ ਦਬਾਓ। [4]ਪੈਰ ਵਧਾਕੇ। [5]ਵਡੇ ਵਾੜੇ ਨੂੰ ਬੜੇ ਜ਼ੋਰ ਨਾਲ ਘੇਰ ਲਓ। [6]ਸੁਣਕੇ ਜੋ ਬੜੇ ਬਡ ਸੂਰਮੇ ਸਨ ਫਿਰ ਪਿੱਛੇ ਜੰਗ (ਕਰਨ) ਨੂੰ ਹਟੇ ਤੇ ਝਟਾਪੱਟ ਲੜਨ ਲਗ ਪਏ। [7]ਰੋਕਣ ਲਈ। [8]ਕ੍ਰਿਪਾਲ ਨੇ। [9]ਤੋਮਰ ਤੇ ਤੀਰਾਂ ਦੀਆਂ ਅਣੀਆਂ ਦਿਖਾਈਆਂ। [10]ਭੀਮ ਚੰਦ ਨੇ ਚੰਗੀ ਤਰ੍ਹਾਂ ਡਿੱਠਾ ਕਿ:– [11]ਉੱਚਾ ਹੈ ਥਾਉਂ। [12]ਜੰਗ ਵਿਚ ਸਨਮੁਖ ਲੜਕੇ (ਉਹ ਬੀਰ) ਬਿਨਾਸ਼ ਹੋ ਜਾਂਦੇ ਹਨ [ਆਯੁਧਨ=ਜੰਗ]। [13]ਚਹੁੰ ਤਰਫੀਂ। [14]ਪ੍ਰਿਥੀ ਚੰਦ। [15]ਫੌਜ ਸਮੇਤ। [16]ਵਾੜੇ ਦੇ ਮਾਰਨ ਲਈ।

*ਜਾਪਦਾ ਹੈ ਕਿ ਭੀਮ ਚੰਦ ਗੁਰੂ ਜੀ ਦੀ ਬਹਾਦਰੀ ਦੇ ਰੋਅਬ ਦਾ ਲਾਭ ਉਠਾਇਆ ਚਾਹੁੰਦਾ ਸੀ, ਪਰ ਐਨ ਜੰਗ ਵਿਚ ਜਿਥੋਂ ਤਕ ਵਾਹ ਚਲੇ ਗੁਰੂ ਜੀ ਨੂੰ ਸ਼ਾਮਲ ਨਾ ਕਰੇ ਤਾਕਿ ਲਾਭ ਉਹਨਾਂ ਦੇ ਆਉਣ ਦਾ ਹੋ ਜਾਵੇ, ਖਾਸ ਜੰਗ ਦੀ ਫਤਹ ਦਾ ਸਿਹਰਾ ਗੁਰੂ ਸਾਹਿਬ ਨੂੰ ਨਾ ਜਾਵੇ। ਪਰ ਹੁਣ ਜਦ ਆ ਬਣੀ ਹੈ ਤੇ ਫਤਹ ਦਾ ਰਾਹ ਨਹੀਂ ਦਿੱਸਦਾ ਤਾਂ ਗੁਰੂ ਜੀ ਨੂੰ ਸੱਦਿਆ ਹੈ। ਆਪ ਗੁਰੂ ਸਾਹਿਬ ਬੀ ਰਣ ਦੇ ਜੋਧੇ ਇਕ ਉਚੇ ਟਿਕਾਣੇ ਰਣ ਦਾ ਰੰਗ ਦੇਖ ਰਹੇ ਸੇ ਕਿ ਸਜਣਾਂ ਦੇ ਵੰਗਾਰਿਆਂ ਜਾ.......... ਹੁੰਦੀ ਦੇਖਕੇ ਵੇਲੇ ਸਿਰ ਚੱਲ ਬਾਹੁੜਾਂਗੇ।

'ਜਾਹੁ ਪ੍ਰਭੂ ਢਿਗ ਥਾਨ ਉਤਾਲਾ।–ਸ੍ਰੀ ਮੁਖ ਤੇ ਬਰ ਦੀਨਿ ਬਿਜੈ ਕਹੁ, ਸੋ ਅਬਿ ਸਾਚ ਕਰਹੁ ਬਲ ਨਾਲਾ। ਹੌਂ ਸ਼ਰਨਾਗਤਿ ਰਾਵਰ ਕੀ ਜਸੁ ਦੇਹੁ ਸਹਾਇਕ ਹ੍ਵੈ ਰਿਪੁ ਕਾਲਾ[1] ॥ ੨੬ ॥ ਆਨਿ ਤਬੈ ਅਸਵਾਰ ਪ੍ਰਭੂ ਢਿਗ ਬੇਨਤਿ ਕੀਨਿ ਉਚਾਰਨ ਕੌ। 'ਭੂਪਤਿ ਹੋਇ ਲਚਾਰ ਰਹ੍ਯੋ, ਰਨ ਬੀਚ ਜੁਟ੍ਯੋ ਰਿਪੁ ਮਾਰਨ ਕੌ।ਆਪਕੀ ਸ਼ਾਮ ਗਹੀਕਰਿ ਭਾਵ[2] ਬਿਜੈ ਹਿਤ ਕੀਨਿ ਹਕਾਰਨਕੌ। ਆਯੁਧ ਧਾਰਿ ਚਲੋ ਅਗਵਾਰਿ ਮਹਾਂ ਬਲਿ!ਬਾਰਿ[3] ਪ੍ਰਹਾਰਨ ਕੌ' ॥੨੭॥ ਸ੍ਰੀ ਗੁਰ ਤੇਗਬਹਾਦਰ ਨੰਦਨ ਤੇਗ ਬਹਾਦਰ[4] ਯੌਂ ਸੁਧ ਪਾਈ। 'ਥਾਨ ਉਤੰਗ ਪੈ ਜੰਗ[5] ਪਰ੍ਯੋ, ਭਟ ਭੇਰ ਭਏ ਬਡਿ ਮਾਰ ਮਚਾਈ'। ਆਯੁਧ ਧਾਰਿ ਲਿਯੇ ਤਤਕਾਲ ਭਏ ਅਸਵਾਰ ਗਏ ਸਮੁਦਾਈ। ਤੁੰਦ ਤੁਰੰਗਮ ਕੀਨਿ ਤਬੈ ਰਨ ਰੰਗ ਬਿਖੈ ਹੁਇਕੈ ਸਮੁਹਾਈ ॥੨੮॥ ਸ੍ਰੀ ਪ੍ਰਭੁ ਕੋ ਨ੍ਰਿਪ ਆਵਤਿ ਦੇਖਿ ਪਠਾਇ ਸਊਰ ਬਿਨੰਤਿ ਉਚਾਰੀ। 'ਆਪ ਬਹਾਦਰ ਧੀਰ ਬਡੇ ਸਗਰੇ ਦਲ ਕੇ ਅਬਿ ਹੋਇ ਅਗਾਰੀ*। ਹੇਲ ਕਰਾਵਹੁ ਆਯੁਧ ਘਾਵਹੁ, ਬੀਰ ਚਲੈਂ ਗਨ ਆਨਿ ਪਿਛਾਰੀ। ਲੇਹੁ ਬਿਜੈ ਕਰਿ, ਕ੍ਵੈ ਨ ਰਹੈ ਅਰ[6],ਜੈ ਲਛਮੀ ਛਬਿ ਪਾਇ ਤਿਹਾਰੀ[7]'॥੨੯॥ਸ੍ਰੀ ਕਲਗੀਧਰ ਬੈਨਤਿ ਕੋ ਸੁਨਿ ਦੇਖਿ ਮਚ੍ਯੋ ਬਡ ਜੰਗ ਕਰਾਲਾ॥ਜ੍ਯੋਂ ਰਸ ਬੀਰ ਹੁਤੋ ਸੁਪਤ੍ਯੋ ਤਤ-ਕਾਲ ਹੀ ਜਾਗ ਉਠ੍ਯੋ ਬਲਵਾਲਾ। ਸ੍ਰੀ ਮੁਖ ਪੈ ਉਤਸਾਹਿ ਸੁਹਾਵਤਿ ਜ੍ਯੋਂ ਅਰਨੌਦਯ ਕੋ ਰੰਗ ਲਾਲਾ॥ਹੇਲ ਕਰ੍ਯੋ ਹੁਇ ਸੰਮੁਖ ਬਾਰਿ ਸੁ[8], ਪੇਲ ਦਏ ਭਟ ਭੀਮਬਿਸਾਲਾ[9]॥੩੦॥ਭੁਜੰਗ ਪ੍ਰਯਾਤਛੰਦ॥ ਤੁਫੰਗੈ ਕਸੀਪਾਇ ਬਾਰੂਦਗੋਰੀ। ਛਨੰਕੇ ਦਨੰਕੇਭਏ ਦੋਨ ਓਰੀ[10]†।ਕਲਾ ਪੈ ਜੜੇ ਮੋੜ ਤੋੜੇ ਧੁਖੰਤੇ[11]। ਧਰੇ ਹਾਥ ਪੈ ਸ਼ੱਤ੍ਰੂ ਸੌਂਹੀ ਡਬੰਤੇ[12]॥੩੧॥ਪਲੀਤੇ ਉਠੇ ਨਾਦ ਊਚੇ ਭੜਾਕੇ।ਦਿਪੀ ਜ੍ਵਾਲਮਾਲਾ ਸੁ ਗੋਰੀ ਸੜਾਕੇ[13]। ਲਗੇ ਬੀਰ ਅੰਗਾਨਿ ਬਰੀ[14] ਬਿਸਾਲਾ।

---

[1]ਵੈਰੀ ਨੂੰ ਮਾਰ ਕੇ। [2]ਸ਼ਰਧਾ ਨਾਲ। [3]ਵਾੜੇ ਨੂੰ। [4]ਤੇਗ ਦੇ ਬਹਾਦਰ (ਗੁਰੂ ਜੀ ਨੇ)। [5]ਉਚੇ ਥਾਂ ਤੇ ਜੰਗ। [6]ਕੋਈ ਨਾ ਅੜ ਰਹੇਗਾ। [7]ਬਿਜੈ ਲੱਛਮੀ ਨੂੰ ਆਪਣੀ ਛਬੀ ਲਾ ਦਿਓ। [8]ਉਸ ਵਾੜੇ ਦੇ ਸਾਹਮਣੇ ਹੋਕੇ। [9]ਪ੍ਰੇਰ ਦਿੱਤੇ ਸੂਰਮੇ ਭੀਮਚੰਦ ਦੇ (ਗੁਰੂ ਜੀ ਨੇ)। [10]ਭਾਵ ਦੁਹਾਂ ਪਾਸਿਆਂ ਦੇ (ਗਜ ਛਣਕੇ। [11]ਕਲਾ ਮੋੜਕੇ ਵਿਚ ਜੜੇ ਤੋੜੇ ਧੁਖਦੇ ਹਨ। [12]ਵੈਰੀ ਦੇ ਸਾਹਮਣੇ ਧਰਕੇ ਤੋੜੇ ਨੂੰ ਅੱਗ ਲਾਈ। [13]ਅਗਨੀ ਦੀ ਲੜੀ ਪ੍ਰਕਾਸ਼ੀ ਤੇ ਗੋਲੀਆਂ ਦੇ ਸੜਾਕੇ ਵੱਜੇ। (ਅ) ਬੰਦੂਕਾਂ ਦੀ ਅਗਨੀ) ਪ੍ਰਕਾਸ਼ੀ ਤੇ ਗੋਲੀਆਂ ਚਲੀਆਂ। [ਜ੍ਵਾਲਮਾਲਾ=ਬੰਦੂਕ]। [14]ਛੇਤੀ ਛੇਤੀ। *ਭਾਵ ਜੰਗ ਸਾਰੇ ਦੀ ਅਗੁਵਾਈ ਆਪਦੇ ਹੱਥ ਦੇ ਦਿੱਤੀ। †ਪਾ:–ਬੋਰੀ।

Sri Satguru Jagjit Singh Ji eLlibrary NamdhariElibrary@gmail.com

ਰਿਦੈ ਮੁੰਡ ਫੋਰੇ ਪ੍ਰਚੰਡੇ ਕਰਾਲਾ[1]॥੩੨॥ਛੁਟਨੇ ਸ੍ਰੋਣ ਧਾਰੰ ਭੁਕਾਭੁੱਕ ਬੋਲੈਂ। ਧਕਾਧੱਕ ਬੀਰੰ ਇਤੈ ਉੱਤ ਡੋਲੈਂ। ਝਟਾਪੱਟ[2] ਜੁੱਟੇ ਲਟਾਪੱਟ ਹੋਏ[3]। ਸਟਾਪੱਟ ਸੌਂਹੇ ਕੱਟਾਕੱਟ ਸੋਏ[4]॥੩੩॥ਕਰੀ ਫੌਜ ਢੂਕੇ[5] ਗੁਰੂ ਕੇ ਸਹਾਈ। ਹੁਤੇ ਬਾਹਿਰੇ ਬੀਰ ਦੀਨੇ ਭਜਾਈ[6]। ਬਰੇ ਬਾਰਿ ਮੈਂ ਬਾਰ ਬਾਰੰ ਬਿਲੋਕੇਂ[7]। ਢੁਕੇ ਨੇਰ ਪਾਧੇ ਨਹੀਂ ਜਾਇ ਰੋਕੇ[8]–॥ ੩੪॥ ਤੜਾਤਾੜ ਗੋਰੀਨ ਕੀ ਮਾਰ ਮਾਚੀ। ਮਿਲੀ ਜੋਗਨੀ ਸ੍ਰੋਣ ਪੀਵੈਂ ਸੁ ਨਾਚੀ।ਨਭੈ ਗੀਧ ਆਈ ਭ੍ਰਮੈਂ ਬਾਰ ਬਾਰੀ[9]। ਭੁਖੈਂ ਮਾਸ ਕੌ ਚੀਂਕ ਊਚੈ ਪੁਕਾਰੀ ॥੩੫॥ ਰਿਦੇ ਕੋਪ ਧਾਰੇ ਮਹਾਂ ਬੀਰ ਢੂਕੇ[10]।ਰਹੈਂ ਬਾਰ ਕੌ ਬਾਰਿਬੇ ਜਯੋਂ ਭਭੂਕੇ[11]।ਲਿਧੇ ਚਾਂਪ ਚੌਂਪੇ ਚਲੇ ਢੁੰਗ ਊਚੇ[12]। ਚਲਾ ਚਾਲ ਹੋਈ ਢਪੇ ਲਾਜ ਮੂਚੇ[13] ॥ ੩੬ ॥ ਛੁਟੇ ਤੀਰ ਤੀਖੇ ਬਡੇ ਬੇਗ ਵਾਰੇ। ਲਗੇ ਅੰਗ ਮੈਂ ਫੋਰਿ ਪ੍ਰਾਨੈ ਨਿਕਾਰੇ।ਸਟਾਸੱਟ ਸੇਲੇ[14] ਭਈ ਰੇਲ ਪੇਲਾ[15]। ਫਿਰੈਂ ਆਲਬਾਲੇ ਬਡੋ ਘਾਲਿ ਹੇਲਾ[16] ॥੩੭॥ ਕਿਤੇ ਮੂਰਛਾ ਖਾਇ ਬੰਕੇ[17] ਸਿਪਾਹੀ। ਕਿਤੇ ਘੂਮ ਝੂਮੇ ਘਨੇ* ਘਾਵ ਖਾਹੀ।ਭਈ ਲੋਥ ਪੋਥਾਨ[18] ਦੀਹੇ ਕਰਾਲਾ।ਭੁਖੈਂ ਮਾਸ ਕੌ ਸਯਾਲ ਬੋਲੈਂ ਬਿਸਾਲਾ॥੩੮॥ ਡਕੀ ਡਾਕਨੀ ਡਾਰ ਡੋਲੈਂ ਡਕਾਰੈ।ਪਲੰ ਹੇਤੁ ਲੇਤੀ ਕਿਤੇ ਦੇਹਿ ਫਾਰੈ[19]। ਭਈ ਭੀਮ ਭੂਮੀ ਭਯੰ ਭੂਰ ਭ੍ਰਾਂਤੇ[20]। ਨਚੈਂ ਭੂਤ ਪ੍ਰੇਤੰ ਫਿਰੈਂ ਮਾਸ ਖਾਤੇ ॥੩੯॥ਗੁਰੂ ਸੰਗ ਹੋਏ ਮਚ੍ਯੋ ਜੰਗ ਭਾਰਾ[21]।ਭਟੇ ਅੰਗ ਭੰਗੇ ਸੁਰੰਗੋ ਅਖਾਰਾ। ਇਸੀ ਰੀਤਿ ਘੇਰਯੋ ਜਬੈ ਬਾਰਿ ਜਾਈ। ਢੁਕੇ ਕੋਪ ਕੈ ਦੀਹ ਮਾਚੀ†

---

[1]ਭਜਾਨਕ ਤੇਜ਼ੀ ਨਾਲ। [2]ਛੇਤੀ। [3]ਲਿਪਟ ਗਏ। [4]ਭਾਵ ਕੱਟਦੇ ਕਟਾਂਦੇ ਛੇਤੀ ਹੀ ਸਾਹਮਣੇ (ਜਾ ਪੁੱਜੇ ਗੁਰੂ ਜੀ ਦੇ ਪਾਸੇ ਦੇ ਸਿਪਾਹੀ)। [5]ਭਾਵ ਹੱਲਾ ਜਾ ਕੀਤਾ।[6]ਜੋ ਬਾਹਰ ਸਨ (ਬਾੜੇ ਤੋਂ) ਸੂਰਮੇ ਸੋ ਭਜਾ ਦਿੱਤੇ। [7]ਵਾੜੇ ਵਿੱਚ ਵੜ ਗਏ ਦਰਵਾਜ਼ਾ ਵਾੜੇ ਦਾ ਦੇਖਕੇ। (ਅ ਵਾੜੇ ਵਿੱਚ ਵੜਕੇ ਵਾਰ ਵਾਰ ਤੱਕਦੇ ਹਨ। [8]ਕਿ (ਵੈਰੀ) ਨੇੜੇ ਆ ਢੁਕੇ ਹਨ ਸਾਥੋਂ ਰੋਕੇ ਨਹੀਂ ਜਾ ਰਹੇ। [9]ਫਿਰ ਫਿਰ। [10](ਗੁਰੂ ਪੱਖ ਦੇ) ਮਹਾਂਬੀਰ ਪਹੁੰਚ ਪਏ। [11]ਵਾੜੇ ਨੂੰ ਬਾਲਨਾ ਚਾਹੁੰਦੇ ਹਨ ਭਭੂਕੇ ਵਾਂਙੂ। [12]ਚੋਪ ਨਾਲ ਧਨੁਖ ਲੈਕੇ ਟੋਲੇ (ਗੁਰੂ ਪੱਖ ਦੇ) ਉੱਚੇ ਥਾਂ ਚਲੇ ਗਏ। [13](ਵੈਰੀ ਵਿੱਚ) ਪਿੱਛੇ ਹਟਣ ਦੀ ਚਾਲ ਹੋਈ, ਬਹੁਤੀ ਸ਼ਰਮ ਵਿਚ ਖਿਝੇ। [14]ਸੇਲਿਆਂ ਦੀ। [15]ਧਕਾਧਕ। [16]ਭਾਰੀ ਹੱਲਾ ਕਰਕੇ। [17]ਸੁੰਦਰ। [18]ਲੋਥਾਂ ਦੇ ਢੇਰ। [19]ਮਾਸ ਦੇ ਵਾਸਤੇ ਕਈ ਦੇਹਾਂ ਲੈਕੇ ਫਾੜਦੀਆਂ ਹਨ। [20]ਪ੍ਰਿਥਵੀ ਡਰ ਦੇਣ ਵਾਲੀ ਬੜੀ ਭਜਾਨਕ ਤਰ੍ਹਾਂ (ਵਾਲੀ) ਹੋ ਗਈ। [21](ਜਦ ਤੋਂ) ਗੁਰੂ ਜੀ ਨਾਲ ਹੋਏ (ਤਦ ਤੋਂ) ਭਾਰੀ ਜੰਗ ਮਚਿਆ।

*ਪਾਃ–ਸਨੇ। †ਪਾਃ–ਮਾਰੀ।

Sri Satguru Jagjit Singh Ji eLlibrary NamdhariElibrary@gmail.com

ਲਰਾਈ ॥੪੦॥ ਦੋਹਰਾ॥ ਜੋ ਗਿਰੇਸ਼ ਬਿਚ ਬਾਰਿ ਕੇ ਬੀਰ ਧੀਰ ਕੌ ਧਾਰਿ[੧]। ਢੁਕੇ ਨਿਕਟ ਰਿਪੁ ਜਾਨਿ ਕੈ ਕੇਤਿਕ ਪਿਖੇ ਸੁਮਾਰਿ[੨] ।੪੧॥ ਲਖੀ ਪਰਾ-ਜਯ[੩] ਆਪਨੀ 'ਲਾਜ ਬੰਸ ਕੀ ਜਾਤਿ'। ਆਪਸ ਮਹਿਂ ਮਿਲਿ ਕਹਤਿ ਭੇ 'ਇਮ ਹੋਵਹਿਂ ਸਭਿ ਘਾਤ[੪] ॥ ੪੨ ॥ ਬਲ ਸੰਭਾਰੋ ਆਪਨੋ ਨਿਕਸਿ ਲਰੋ ਬਰ ਬੀਰ !'। ਮੰਤ੍ਰ ਪਕਾ ਇਵ ਜੰਗ ਕੋ ਪੁਨ ਉਮਡੇ ਧਰਿ ਧੀਰ ॥ ੪੩ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਨਾਦੌਣ ਜੰਗ ਪ੍ਰਸੰਗ ਬਰਨਨੰਨਾਮ ਚਤੁਰ-ਚਿੰਸਤੀ ਅੰਸੂ ॥੪੦॥

੪੧. [ਬਿਝੜ ਵਾਲੀਆ ਦਜ਼ਾਲ ਬੱਧ]।

ਦੋਹਰਾ ॥ ਬਿੱਝੜਵਾਲੀਆ ਗਿਰਪਤੀ ਬੀਰ ਸੁ ਬਲੀ ਬਿਸਾਲ । ਜੰਗ ਘਾਤ ਜਾਨੈ ਅਨਿਕ ਨਾਮ ਕਹੈਂ ਤਿਸ ਦਯਾਲ॥੧॥ਭੁਜੰਗਛੰਦ॥ ਮਿਲਯੋ ਸੋ ਕਟੋਚੀ ਕ੍ਰਿਪਾਲੇ ਕਿ ਸਾਥਾ। ਕਹੇ ਬਾਕ ਤਾਂਕੋਂ 'ਲਖੋ ਜੰਗ ਗਾਥਾ। ਗੁਰੂ ਸੰਗ ਆਨਯੋ ਕਲੂਰੀ ਭੁਵਾਲੇ। ਢੁਕੇ ਬਾਰਿ ਨੇਰੇ ਭਏ ਆਲ ਬਾਲੇ[੫] ॥੨॥ ਤਜੈਂ ਓਜ ਤੇ ਨਾਂਹਿਨੈ ਨੀਕ ਬਾਤੀ[੬]। ਸਵਾਧਾਨ ਹੂਜੇ ਬਨੇ ਸ਼ੱਤ੍ਰ ਘਾਤੀ।ਪਰਾਜੈ ਕਰੈ ਭੀਮਚੰਦੈ ਜਿ ਈਹਾਂ[੭]। ਹਸੈਂ ਭੂਪ ਸਾਰੇ ਮਿਲੈਂ ਜਾਇਂ ਕੀਹਾਂ[੮] ॥ ੩॥ ਅਬੈ ਦੇਖਿ ਮੋ ਕੋ ਕਰੌਂ ਜੁੱਧ ਭਾਰੀ।ਚਲੋ ਆਇਂ ਜੋਊ ਸਭੈਦਯੌਂ ਨਿਵਾਰੀ'। ਕ੍ਰਿਪਾਲੇ ਕਹਯੋ 'ਮੈਂ ਰਹੌਂ ਤੋਹਿ ਸੰਗਾ। ਹਤੌਂ ਭੀਮਚੰਦੈ ਕਟੈ ਅੰਗ ਭੰਗਾ' ॥ ੪ ॥ ਦੁਹੂੰ ਭੂਪ ਐਸੇ ਜਬੈ ਮੰਤ੍ਰ ਕੀਨਾ। ਬਡੋ ਜੰਗ ਮਾਚਯੋ ਨਿਜੰ ਹੀਨ ਚੀਨਾ[੯]। ਧਰੇ ਚਾਂਪ ਆਪੇ ਨਿਕਾਸੇ ਖਤੰਗਾ। ਹਕਾਰੇ ਮਹਾਂ ਬੀਰ ਲੇ ਆਪ ਸੰਗਾ ॥੫ ॥ ਗਹੇ ਬਿੰਦ ਸੇਲੇ ਤੁਫੰਗੈਂ ਸੰਭਾਰੀ। ਬਰੂਦੈਂ ਕਸੀ ਠੋਕਿ ਗੋਰੀ ਦੁ ਡਾਰੀ। ਭ੍ਰਮਾਏ ਉਤੰਗੇ ਧਰੇ ਹਾਥ ਨੇਜੇ। ਹਤੈਂ ਸ਼ੱਤ੍ਰ ਸੌਹੈਂ ਜਮੰ ਧਾਮ ਭੇਜੇ ॥ ੬ ॥ ਚਲੇ ਬਾਰ ਛੋਰਯੋ ਤਬੈ ਬਾਝ ਲਗਾਏ[੧੦]। ਬਕੈਂ 'ਮਾਰ ਮਾਰਿ' ਖਤੰਗੈਂ ਚਲਾਏ।ਰਿਦੇ ਕੋਪ ਹ੍ਵੈ ਕੈ ਕਟੋਚੀ ਕ੍ਰਿਪਾਲੈ। ਚਲਯੋ ਜੰਗ ਕੋ ਬਾਦ ਬਾਜੇ ਬਿਸਾਲੈ[੧੧] ॥ ੭ ॥ ਲਗੇ ਢੋਲ ਡੰਕੇ ਸੁ ਧੌਂਸੇ ਧੁੰਕਾਰੇ। ਮਿਲੇ ਆਪ

---

[੧]ਜੇਹੜੇ ਗਿਰੇਸ਼ (ਕ੍ਰਿਪਾਲ ਦੇ ਪੱਖੀ) ਤੇ ਸੂਰਮੇ ਵਿਚ ਵਾੜ ਦੇ (ਸਨ ਉਹ) ਧੀਰਜ ਧਾਰ ਕੇ...... । [੨]ਜ਼ਖਮੀ ਹੋਏ ਵੇਖੇ (ਆਪਣੇ ਸੂਰਮੇ)। [੩]ਹਾਰ। [੪]ਨਾਸ਼। [੫]ਭਾਵ ਘੇਰਾ ਪਾ ਲਿਆ ਨੇ। [੬](ਵੈਰੀ ਦੇ) ਓਜ ਕਰਕੇ (ਜੇ ਵਾੜਾ ਹੁਣ) ਛੱਡ ਦੇਵੀਏ ਤਾਂ ਗੱਲ ਠੀਕ ਨਹੀਂ। [੭]ਸਾਨੂੰ ਜਿੱਤ ਲਵੇ ਤਾਂ...। [੮]ਭਾਵ ਜਿੱਥੇ ਕਿੱਥੇ ਮੇਲ ਗੇਲ ਹੋਸੀ ਸਾਰੇ ਰਾਜੇ ਹੱਸਣਗੇ। [੯]ਆਪਣਾ (ਪੱਖ) ਘਟਦਾ ਦੇਖਕੇ। [੧੦]ਭਾਵ ਬਾਹਰ ਨਿਕਲਿ ਵਾੜਾ ਛੱਡ ਟੁਰੇ ( ਜਿਨਾ ਨੂੰ ਬੀ ) ਬਾਹਰ ਲੈ ਗਏ ( ਟਾਕਰਾ ਕਰਨ ਵਾਸਤੇ)। [ਸੰਸ:, ਵਾਹਯ ਤੋਂ ਬਾਝ ਬਣਿਆ ਹੈ]। [੧੧]ਬੜੇ ਬਾਜੇ ਬੱਜੇ।　　†ਪਾ:—ਮਾਰੀ।

Sri Satguru Jagjit Singh Ji eLlibrary　　NamdhariElibrary@gmail.com

ਮਾਂਹੀ ਬਕੈਂ ਮਾਰ ਮਾਰੇ। ਕਰਾਚੋਲ[1] ਕਾਢੇ ਖਿਮੰਕੇ[2] ਕਰਾਲੇ। ਕਟੇ ਅੰਗ
ਬੀਰੈ ਘਨੇ ਘਾਵ ਡਾਲੇ ॥੮॥ ਭਏ ਛਿੰਨ ਭਿੰਨਾਂ ਛਿਦੇ ਛਿੱਪ੍ਰ ਬੀਰੈਂ[3]। ਕਿਸੂ
ਹਾਥ ਕਾਟੇ ਕਿਸੂ ਕੰਧ[4] ਚੀਰੇ। ਕਿਤੇ ਪਾਂਵ ਕਾਟੇ,ਕਰਾਹੈਂ[5] ਕਰਾਲਾ। ਕਟੇ
ਮੁੰਡ[6] ਕਾਂ ਕੇ ਪਰੇ ਰੁੰਡ ਮਾਲਾ[7]* ॥੯॥ਜਥਾ ਭਾਠ ਮੈਂ ਧਾਨ ਭੂੰਜੀਤਿ ਕੋਈ।
ਤੁਫੰਗੈਂ ਛੁਟੀ ਕੋ ਤਥਾ ਨਾਦ ਹੋਈ। ਪਲੀਤੇ ਧੁਖੇ ਦੌਨ ਓਰੀ ਸਮੂਹਾ।
ਜੁਟੇ ਆਪ ਮਾਂਹੀ ਦਈ ਦੀਹ ਹੂਹਾ[8] ॥ ੧੦ ॥ ਚਲੇ ਤੀਰ ਤੀਖੇ ਕਮਾਨੈਂ
ਕੜੰਕੀ। ਭੁਏ ਹੱਥਵੱਥੈਂ[9] ਕ੍ਰਿਪਾਨੈ ਸੜੰਕੀ। ਛੁਟ੍ਯੋ ਸ਼੍ਰੋਣ ਘਾਵੈਂ ਭਏ ਲਾਲ
ਬਾਗੋ।ਅਪਾਤੇ ਪਲਾਸੀ[10] ਮਨੋ ਫੂਲ ਲਾਗੇ॥੧੧॥ ਕਟੇਚੀ ਕ੍ਰਿਪਾਲੰ ਕੁਪ੍ਯੋ
ਕ੍ਰੂਰ ਤੁੰਡੰ[11]। ਪ੍ਰਹਾਰੇ ਕ੍ਰਿਪਾਨੰ ਕਿਏ ਰੁੰਡ ਮੁੰਡੰ। ਭਏ ਸਾਮੁਹੇ ਤੁੰਦ ਤਾਜੀ
ਤੁਪਾਯੋ। ਕੁਦੰਡੰ ਸਰੰ ਸੰਧਿ ਬ੍ਰਿੰਦੇ ਚਲਾਯੋ[12] ॥ ੧੨ ॥ ਮਰੇ ਬੀਰ ਘੂਮੇ
ਪਰੀ ਲੋਥ ਭੂਮੈਂ।ਚਲੈਂ ਬਾਨ ਗੋਰੀ ਭਟੇ ਪ੍ਰਾਨ ਹੂ ਮੈਂ[13]।ਰੁਪੇ ਬੀਰ ਧੀਰੰਖਰੇ
ਘਾਵ ਖਾਏ। ਕਟੇ ਕੋਪ ਕੈ ਕੈ ਤਜੀ ਪੈ ਨ ਥਾਏ ॥ ੧੩ ॥ ਉਤੈ ਬਿੱਝੜੈ
ਵਾਲੀਆ ਨਾਮ ਦਯਾਲੰ। ਘਨੇ ਵਾਰ ਕੀਨੇ ਬਿਸਾਲੇ ਕਰਾਲੰ। ਲਈ ਸੈਨ
ਸਾਰੀ ਮਹਾਂ ਰੌਰ ਪਾਏ।ਬਕੈਂ 'ਮਾਰ ਮਾਰੇ' ਹੁਤੇ ਅੱਗ੍ਰ ਆਏ॥੧੪॥ ਚਲਾਕੀ
ਕਰੈਂ ਸ਼ੀਘ੍ਰਤਾ ਮਾਰਿਬੇ ਕੀ। ਕਰੈਂ ਹੇਲ ਸ਼ੱਤ੍ਰਨਿ ਕੌ ਟਾਰਿਬੇ ਕੀ। ਹਟੇ ਪੈਰ
ਪਾਛੇ ਪਿਖੇਭੀਮਚੰਦੰ[14]।ਪ੍ਰਿਥੀਚੰਦ ਬੋਲ੍ਯੋ[15]'ਬਲੀ ਤੂੰ ਬਿਲੰਦੰ॥੧੫॥ ਕਰੋ
ਧੀਰਬੀਰਾਨ ਕੌਹੋਇ ਆਗੇ[16]।ਪਰ੍ਯੋ ਜੋਰ ਜੁੱਧੰਨਹੀਂ ਜਾਇੰਭਾਗੇ।ਕ੍ਰਿਪਾਲੰ
ਸੁ ਦਯਾਲੰ ਕਰ੍ਯੋ ਹੇਲ ਆਏ।ਹਮਾਰੇ ਵਧੇ ਸੂਰ ਪਾਛੇ ਹਟਾਏ'॥੧੬॥ ਸੁਨ੍ਯੋ
ਡੱਢਵਾਲੰ ਪ੍ਰਿਥੀਚੰਦ ਗਾਜਾ। 'ਕਰੌਂ ਜੁੱਧ ਕ੍ਰੁੱਧੰ ਪਿਖੋ ਆਪ ਰਾਜਾ[17]!'
ਦਈ ਧੀਰ ਐਸੇ ਗਯੋ ਆਪ ਆਗੇ। ਬਿੰਗਾਰੇ ਸਭੈ[18] 'ਜੰਗ ਕਯੋਂ ਤ੍ਯਾਗ
ਭਾਗੇ?॥੧੭॥ਥਿਰੋ ਬੀਰ! ਮਾਰੋ ਧਰੋ ਧੀਰ ਆਛੇ। ਬਿਗਾਰੌ[19] ਦੁਹੂੰ ਲੋਕ ਕੋ

[1]ਸ਼੍ਰੀ ਸਾਹਿਬ। [2]ਚਮਕੇ। [3]ਭਾਵ ਸੂਰਮੇ ਕੱਟੇ ਵੱਢੇ ਗਏ ਤੇ ਜ਼ਖਮੀ ਹੋਏ। [4]ਮੋਢਾ। [5]ਕੁਰਲਾ ਰਹੇ, ਦੁਖੀ ਹੌਕੇ ਰੋ ਰਹੇ। [6]ਸਿਰ। [7]ਧੜਾਂ ਦੀ ਪੰਗਤੀ। [8]ਬੜੀ ਰੌਲੀ ਮਚੀ। (ਅ) ਭਾਰੀ ਹੱਲਾ ਕਰਕੇ। [9]ਹੱਥੋ ਹੱਥੀ ਹੋ ਪਏ। [10]ਪੱਤਿਆਂ ਬਿਨਾਂ ਢਿੱਛੜੇ ਨੂੰ। [11]ਕਰੜਾ ਮੁਖ ਕਰਕੇ। [12]ਧਨੁਖ ਵਿਚ ਤੀਰ ਸਿੰਨ੍ਹਕੇ ਬਹੁਤੇ ਚਲਾਏ। [13]ਸੂਰਮਿਆਂ ਦੇ ਪ੍ਰਾਣਾਂ ਵਿਚ (ਅ) ਸੂਰਮੇ (ਆਪਣੇ) ਪ੍ਰਾਣ (ਹੂਮੈਂ=) ਹੋਮਦੇ ਭਾਵ ਤ੍ਯਾਗਦੇ ਹਨ। [14]ਪਿੱਛੇ ਪੈਰ ਹਟਦੇ ਡਿੱਠੇ ਭੀਮਚੰਦ ਨੇ (ਆਪਣੀ ਸੈਨਾ ਦੇ)। [15](ਭੀਮਚੰਦ) ਪ੍ਰਿਥੀਚੰਦ ਨਾਲ) ਬੋਲਿਆ। [16]ਬੀਰਾਂ ਨੂੰ ਧੀਰਜ ਦੇਹ ਅੱਗੇ ਹੋਕੇ। [17]ਭਾਵ ਹੇ ਭੀਮਚੰਦ! [18]ਵੰਗਾਰਿਆ ਸਾਰੇ (ਪਿੱਛੇ ਹਟਦਿਆਂ ਨੂੰ)। [19]ਵਿਗਾੜ ਲਓਗੇ ਦੋਵੇਂ ਲੋਕ ਜੇ ਪਿੱਛੇ ਹਟੋਗੇ।

*ਪਾ:- -ਲਾਲਾ।

ਹੋਤਿ ਪਾਛੇ। ਰਜੌਤੀ[੧] ਨਿਬਾਹੋ ਕੁਲੈ ਕੇਰ ਲਾਜਾ। ਜਸੰ ਪਾਇ ਲੀਜੈ ਕਰੇ ਕਾਜ ਰਾਜਾ[੨] ॥ ੧੮ ॥ ਪ੍ਰਿਥੀਚੰਦ ਕੇ ਬਾਕ ਕੌ ਸੂਨ ਬੀਰੇ[੩]। ਫਿਰੇ ਫੇਰ[੪] ਪਾਛੈ ਸਹੇ ਅੰਗ ਤੀਰੇ। ਮਨੋ ਬਾਯੁ ਪ੍ਰੇਰੇ ਚਲੇ ਮੇਘ ਆਏ।ਸਰੰ ਬ੍ਰਿੰਦ ਗੋਰੀਨ ਵੂੰਠੇ ਸਬਾਏ[੫] ॥ ੧੯ ॥ ਹਟੇ ਹੇਲ ਘਾਲੈ[੬] ਮਹਾਂ ਬੀਰ ਢੂਕੇ। ਬਕੈਂ 'ਮਾਰ ਮਾਰੰ' ਇਕੈ ਬਾਰ ਕੂਕੇ। ਬਜੇ ਢੋਲ ਧੌਂਸੇ ਸੁ ਭੇਰੀ ਭੁੰਕਾਰੇ। ਭਿਰੈਂ ਹੋਇ ਸੌਂਹੇ ਬਿਸਾਲੈ ਬਿੰਗਾਰੇ ॥ ੨੦ ॥ ਬਡੋ ਸੂਰ ਦਯਾਲੰ ਹੁਤੋ ਬਿੱਝੜ ਵਾਰਾ। ਪਲਾਏ, ਮਰੇ, ਹੇਲ ਕੀਨੋ ਨਿਹਾਰਾ[੭]। ਤਬੈ ਕੋਪ ਕੈਕੈ ਸੁ ਊਚੇ ਪੁਕਾਰ੍ਯੋ। 'ਕਟੋਚੀ ਕ੍ਰਿਪਾਲੈ ਮਹਾਂ ਹੇਲ[੮] ਡਾਰ੍ਯੋ॥੨੧॥ਉਤੈ ਬੀਰ ਸਾਰੇ ਸਕੇਲੇ ਬਿਸਾਲਾ। ਪ੍ਰਹਾਰੇ ਤੁਫੰਗਾਨਿ ਤੀਰਾਨਿ ਜਾਲਾ। ਥਿਰੇ ਧੀਰ ਧਾਰੇ ਭਟੰ ਬੀਰ ਆਪੇ। ਜਮੇ ਪੈਰ ਰਾਖੇ ਸਭੀ ਬਾਨ ਥਾਪੇ[੯]॥੨੨॥ਪਿਖੇ ਓਰ ਮੇਰੀ[੧੦] ਹਤੌਂ ਬ੍ਰਿੰਦ ਬਾਨਾ। ਬਧੌਂ ਸ਼ੱਤ੍ਰੁ ਕੌ ਅੰਗ ਆਗੈ ਨਿਸ਼ਾਨਾ[੧੧]।ਕ੍ਰਿਪਾਲੈ ਸੁਨ੍ਯੋ ਤੇਜ ਤਾਜੀ ਤੁਪਾਏ।ਭਏ ਸਾਮੁਹੇ ਚਾਂਪੁ ਐਂਚੇ ਚਲਾਏ ॥ ੨੩ ॥ ਦਿਸ਼ਾ ਦੌਨ ਤੇ ਸਾਮੁਹੇ ਭੇੜ ਐਸੇ। ਮਹਾਂ ਜੁੱਧ ਕੀਨੋ ਥਿਰੇ ਥੰਭ ਜੈਸੇ। ਛੁਟੇ ਬਾਨ ਗੋਰੀ ਫਟੇ ਅੰਗ ਸੂਰੇ। ਕੜਾਕਾੜ ਮਾਚੀ ਰਿਦੇ ਰੋਸ ਪੂਰੇ ॥ ੨੪ ॥ ਪ੍ਰਿਥੀ ਚੰਦ[੧੨] ਆਗੇ ਜਬੈ ਬੀਰ ਲੀਨੇ[੧੩]। ਕ੍ਰਿਪਾਨੈਂ ਨਿਕਾਸੀ ਰਣੰ ਰੰਗੁ ਭੀਨੇ।ਮਹਾਂ ਓਰੜੇ ਸੈਲ[੧੪] ਸਾਂਗੀ[੧੫] ਚਲਾਏ। ਹਲਾਹਾਲ ਬੋਲੈਂ ਰਹੈਂ ਸੋ ਹਲਾਏ[੧੬] ॥ ੨੫ ॥ ਦੂ ਰੋਬੈਂ ਲਗੀ ਦੁੰਦਭੀ ਉਰ ਬਾਜੇ। ਉਛੱਲੇ ਛਲੈਂਗੀ[੧੭] ਛੁਭੇ ਛਾਲ ਗਾਜੇ[੧੮]।ਹਬਾਹੱਬ ਹੋਏ ਗਿਰੇ ਜੰਗ ਕੇਤੇ[੧੯]।ਪਰੇ ਹੂਹ[੨੦] ਦੈ ਓਜ ਤੇ ਜੀਤ ਖੇਤੇ॥੨੬॥ਕਟੋਚੀ ਕ੍ਰਿਪਾਲੈ[੨੧] ਜਮੇ ਪਾਇ ਹਾਲੇ।ਪਿਖ੍ਯੋ ਦਯਾਲ ਨੇ ਤੀਰ ਤੀਖੇ ਸੰਭਾਲੇ। ਤਜੇ, ਚਾਂਪ।

---

[੧]ਰਾਜਪੂਤ ਪਨਾ। [੨]ਰਾਜੇ ਦਾ ਕਾਜ ਕਰਕੇ। [੩]ਸੁਣਕੇ ਬੀਰਾਂ ਨੇ। [੪]ਫੇਰ ਮੁੜੇ। [੫]ਸਭਨਾਂ(ਸੂਰਮਿਆਂ ਰੂਪੀ ਬੱਦਲਾਂ ਨੇ) ਤੀਰਾਂ ਤੇ ਗੋਲੀਆਂ ਦੀ ਵਰਖਾ ਕੀਤੀ। [੬]ਭਾਵ ਮੁੜਕੇ ਹਮਲਾ ਕੀਤਾ (ਭੀਮਚੰਦੀਆਂ) ਨੇ। [੭]ਉਸ ਨੇ ਡਿੱਠਾ ਕਿ (ਫਿਰ) ਹਮਲਾ ਕੀਤਾ ਹੈ (ਵੈਰੀ ਨੇ ਤਾਂ ਸਾਡੇ ਆਦਮੀ) ਮਰ ਰਹੇ ਤੇ ਭੱਜ ਰਹੇ ਹਨ। [੮]ਹੱਲਾ। [੯]ਟਿਕਾਕੇ। [੧੦]ਮੇਰੀ ਵਲ ਤੱਕੇ। [੧੧]ਨਿਸ਼ਾਨਾ (ਬਣਾਕੇ)। [੧੨](ਇਹ ਭੀਮਚੰਦ ਦੇ ਪਾਸੇ ਦਾ ਹੈ)। [੧੩]ਜਦੋਂ ਸੂਰਮੇ ਅਗੇ ਲਾ ਲਏ। [੧੪]ਨੇਜੇ। [੧੫]ਬਰਛੇ। [੧੬]ਵੈਰੀ ਦੇ ਪੈਰ ਹਿਲਾ ਦੇਣੇ ਚਾਹੁੰਦੇ ਹਨ। [੧੭]ਛਾਲ ਮਾਰਨ ਵਾਲੇ ਭਾਵ (ਸੂਰਮੇ)। (ਅ) ਛੈਲ ਅੰਗੀ=ਸੁਹਣੇ ਅੰਗਾਂ ਵਾਲੇ। ਮੁਰਾਦ ਸੁਹਣੇ ਸੂਰਮਿਆਂ ਤੋਂ ਹੈ। [੧੮]ਗੁੱਸੇ ਵਿਚ ਛਾਲ ਮਾਰਕੇ ਗੱਜੇ। [੧੯]ਕਈ ਜੰਗ ਵਿਚ ਡਿੱਗੇ। [੨੦]ਹੱਲਾ। [੨੧]ਕ੍ਰਿਪਾਲ (ਦੇ)।

Sri Satguru Jagjit Singh Ji eLlibrary	NamdhariElibrary@gmail.com

ਔਰੋ ਅਰੀ ਜਾਇ ਲਾਗੇ। ਸਭੈ ਸੂਰ ਰੋਕੇ ਕਹਾਂ ਜਾਇਂ ਭਾਗੇ ॥੨੭॥ ਜਿਤੇ ਓਰੜੇ ਮਾਰਿ ਦੀਨੇ ਹਟਾਈ। ਖਰੋ ਊਚ ਗਾਜਯੋ ਮਨੋਂ ਜੀਤ ਪਾਈ। ਪਿਖਯੋ ਭੀਮਚੰਦੇ ਅਰਯੋ ਸੂਰ ਦਯਾਲੈ।ਗੁਰੂ ਪਾਸ ਆਯੋ ਕਹਯੋ ਤਾਂਹਿ ਕਾਲੈ ॥ ੨੮ ॥ ਵਡੇ ਕਯੋਂ ਨ ਲੇਤੇ ਕਰੋ ਆਪ ਟਾਰਾ। ਅਰਯੋ ਏਕ ਬੀਰੰ ਇਸੇ ਲੇਹੁ ਮਾਰਾ। ਰਖੋ ਲਾਜ ਮੇਰੀ ਲਖੋ ਆਪਨੋਈ। ਅਹੋ ਬੀਚ ਠਾਂਢੇ ਤੁਮੈ ਨਾਮ ਜੋਈ[1] ॥ ੨੯ ॥ ਸੁਨੀ ਬੇਨਤੀ ਸ੍ਰੀ ਗੁਰੂ ਬੀਰ ਭਾਰੀ। ਲਈ ਦਾਸ ਤੇ ਸੋ ਤੁਫੰਗੈਂ ਸੰਭਾਰੀ। ਕਸੀ ਪਾਇ ਬਾਰੂਦ ਗੋਰੀ ਸੁ ਡਾਰੀ। ਗਹਯੋ ਮੋੜ ਤੋੜਾ ਕਲਾ ਪੈ ਸੁਧਾਰੀ[2] ॥ ੩੦ ॥ ਪਲੀਤਾ ਜਮਾਯੋ ਭਲੀ ਭਾਂਤਿ ਆਪੇ। ਕਰੀ ਤਯਾਰ ਨੀਕੇ ਰਿਪੂ ਹੇਤੁ ਖਾਪੇ। ਲਖਯੋ-ਜੰਗ ਬੰਕਾ ਇਹੀ ਬੀਰ ਠਾਂਢੋ। ਪਲਾਵੈ ਨਹੀਂ, ਮਾਰਤੇ ਤੀਰ ਗਾਢੋ ॥ ੩੧ ॥ ਹਤੇ ਯਾਂਹਿ ਕੇ ਹ੍ਵੈ ਵਡੇ ਫੇਰ ਸਾਰੀ-।ਪ੍ਰਭੂ ਹੇਰਿ ਨੀਕੇ ਰਿਦੇ ਯੌਂ ਬਿਚਾਰੀ। ਕਰਯੋ ਤੇਜ ਘੋਰਾ ਇਤੈ ਉੱਤ ਫੇਰਾ।ਨਿਸ਼ਾਨੋ ਮਹਾਨੋ ਤਕਯੋ ਨੀਕ ਹੇਰਾ ॥ ੩੨ ॥ ਕਰਯੋ ਨੇਰ ਜਾਈ ਵਿਰੋ ਜੰਗ ਮਾਂਹੀ। ਚਲੈਂ ਬਾਨ ਗੋਰੀ ਰਿਸੇ ਬੀਰ ਜਾਂਹੀ। ਵਧਾਯੋ ਤੁਰੰਗੀ ਸੰਭਾਰੀ ਤੁਫੰਗਾ। 'ਸਵਾਧਾਨ ਹੂਜੈ' ਬਿੰਗਾਰਯੋ ਉਤੰਗਾ[3] ॥ ੩੩ ॥ 'ਘਨੇ ਬੀਰ ਮਾਰੇ ਅਰਯੋ ਕੋ ਨ ਆਗੇ। ਅਬੈ ਤੋਹਿ ਮਾਰੌਂ ਇਕੇ ਵਾਰ ਲਾਗੇ'।ਸੁਨੀ ਦਯਾਲ ਨੇ ਭੀਰ ਤੀਖੇ ਚਲਾਏ। ਪ੍ਰਭੂ ਫੇਰ ਘੋਰਾ ਸਭੇ ਹੀ ਬਚਾਏ[4] ॥੩੪॥ 'ਸਹੋ ਮੋਰ ਤੀਰੰ, ਬਚੋ ਆਪ ਨਾਂਹੀ'। ਕਹਯੋ ਬੋਲ ਊਚੇ ਗਜਯੋ[5] ਜੰਗ ਮਾਂਹੀ। ਗੁਰੂ ਸੁਨ[6] ਕੈ ਬੇਗ ਤਯਾਗੀ ਤੁਫੰਗਾ। ਚਲੀ ਸੂਕਿ ਗੋਰੀ ਲਗੀ ਜਾਇ ਅੰਗਾ ॥੩੫॥ਗਿਰਯੋ ਭੂਮ ਬੀਚੰ ਮਹਾਂ ਰੋਸ ਰਾਚਾ। ਰਿਦੈ ਫੇਰ ਡਾਰਯੋ ਨਹੀਂ ਪਾਨ ਜਾਚਾ[7]। ਮਨੋ ਬ੍ਰਿਛ ਟੂਟਯੋ ਬਡੀ ਬਾਇ[8] ਸੰਗਾ। ਖਿੰਡੇ ਹਾਥ ਪੈਰੰ ਕਰੇ ਪ੍ਰਾਨ ਭੰਗਾ ॥ ੩੬ ॥ ਪਰਯੋ ਤੁੰਡ ਬਾਯੋ[9] ਭਯੋ ਸੀਸ ਨੰਗਾ। ਪ੍ਰਿਥੀ ਸ਼੍ਰੋਨ ਫੈਲਯੋ ਭੰਗੇ ਤਾਂਹਿ ਅੰਗਾ।ਗਤੀ ਸੂਰਮੇ ਕੀ ਲਹੀ ਦੇਵ ਲੋਕੰ।ਮਿਲੀ ਆਨਿ ਦੇਵੰਬਧੂ ਕੈ ਅਸ਼ੋਕੰ[10] ॥ ੩੭ ॥ ਮਰਯੋ ਮਾਰ ਮਾਰੇ ਬਕੰਤੰ ਸਰੋਸੰ। ਦਿਯੋ ਪ੍ਰਾਨ ਸੌਂਹੀ ਮਿਟੇ ਪਾਪ ਦੋਸ਼ੰ।ਜਬੈ ਦਯਾਲ ਮਾਰਯੋ ਪਿਖੀ ਸੈਨ ਸਾਰੀ[11]।ਲਰੈਂ

[1]ਜੰਗ ਵਿਚ ਆਪ ਖੜੇ ਹੋ, ਜਿੱਤ ਹਾਰ ਵਿਚ ਨਾਮ ਆਪਦਾ ਹੀ ਜੁੜਨਾ ਹੈ।[2]ਤੋੜਾ ਫੜਕੇ ਮੋੜਕੇ ਕਲਾ ਤੇ ਧਰਿਆ। [3]ਉੱਚੇ ਖੜੇ ਨੂੰ ਵੰਗਾਰਿਆ। [4]ਸਾਰੇ ਤੀਰਾਂ ਤੋਂ ਹੀ) ਬਚਾ ਕਰ ਗਏ। [5](ਦਯਾਲ) ਗੱਜਿਆ। [6]ਗੁਰੂ ਜੀ ਨੇ ਸੁਣਕੇ। [7]ਪਾਣੀ ਤੱਕ ਨਾ ਮੰਗਿਆ। [8]ਹਵਾ ਨਾਲ। [9]ਮੂੰਹ ਟੱਡਿਆ। [10]ਅਨੰਦ ਮੰਗਲ ਕਰਕੇ। [11]ਸਾਰੀ ਸੈਨਾਂ ਨੇ ਦਿਆਲ ਮਰਿਆ ਡੱਠਾ।

Sri Satguru Jagjit Singh Ji eLlibrary NamdhariElibrary@gmail.com

ਬੀਰ ਠਾਂਢੇ ਤਊ ਧੀਰ ਹਾਰੀ॥੩੮॥ਕਟੋਚੀ ਕ੍ਰਿਪਾਲੈ ਬਿਲੋਕ੍ਯੋ ਦਯਾਲਾ[1]। ਹੁਤੇ ਔਰ ਸੈਲੰ ਪਤੀ ਧੀਰ ਹਾਲਾ। ਮਨੋ ਜੰਗ ਕੇ ਤੌਰ ਡਾਰੇ ਕਪਾਟੈ। ਕਿਧੌਂ ਥੰਭ ਗਾਡ੍ਯੋ ਪ੍ਰਭੂ ਨੇ ਉਪਾਟੈ[2]॥੩੯॥ ਭਯੋ ਸ਼ੋਕ ਸ਼ੱਤ੍ਰਾਨ ਕੇ ਬੀਚ ਸਾਰੇ।ਹੁਤੀ ਕੋਟ ਕੀ ਓਟ ਮਾਨੋ ਬਿਦਾਰੇ[3]।ਪਿਖ੍ਯੋ ਭੀਮਚੰਦੰ ਬਡੋ ਜੰਗ ਮਾ-ਨੀ[4]।ਹਤ੍ਯੋ ਸ਼੍ਰੀਗੁਰੂ ਨੈ ਵਡੋ ਲੀਨਿ ਜਾਨੀ–॥੪੦॥ਪ੍ਰਿਥੀਚੰਦ ਆਦੰ ਅਨੰਦੇ ਬਿਲੰਦੇ। ਅਬੈ ਹ੍ਵੈਂ ਨ ਠਾਂਢੇ ਡਰੈਂ ਸ਼ੱਤ੍ਰ ਮੰਦੇ[5]।ਚਲਾਈ ਤੁਰੰਗੈਂ ਕੜਾਕਾੜ ਛੋਰੀ। ਮਨੋ ਮੇਘ ਓਰੇ ਪਰੇ ਪੁੰਜ ਗੋਰੀ ॥ ੪੧ ॥ ਬਲੀ ਆਪਨੋ ਓਜ ਦੋਨੋ ਲਗਾਏ। ਖਿੰਚੈਂ ਚਾਂਪ ਕੌ ਤੀਰ ਤੀਖੇ ਚਲਾਏ।ਖਰੇ ਸੇਲ ਠੇਲੇ[6] ਭਈ ਰੇਲ ਪੇਲਾ। ਮਿਲੇ ਤੁੰਡ ਬੈਰੀਨ ਕੇ ਹੇਲ ਝੇਲਾ[7] ॥ ੪੨ ॥ ਇਸੀ ਰੀਤਿ ਮਾਰ੍ਯੋ ਮਹਾਂ ਜੰਗ ਰੌਰਾ। ਲਹੂ ਮਾਸ ਤੇ ਦਾਰੁਨੰ ਭੂਰ ਠੌਰਾ[8]।ਮਰੇ ਪੁੰਜ ਬਾਜੀ[9],ਪਰੇ ਖੇਤ ਮਾਂਹੀ। ਲਗੇ ਘਾਇ ਘੂਮੇ ਘਨੇ ਧੂਮ ਤਾਂਹੀ[10]॥੪੩॥ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨਦੌਣ ਜੁੱਧ ਦਯਾਲ ਬੱਧ' ਪ੍ਰਸੰਗ ਬਰਨਨੰ ਨਾਮ ਏਕ ਚਤੁਰਿੰਸਤੀ ਅੰਸੂ। ੪੧॥

## ੪੨. [ਜੰਗ ਜਿੱਤਣਾ। ਅਲਫ ਖਾਂ ਦਾ ਰਾਤੀਂ ਨੱਸਣਾ]।

ਚੌਪਈ।ਕਛੁਕ ਧੀਰ ਧਰਿ ਅਰ ਰਹੇ ਲਖਿ ਸ੍ਰੀਗੋਬਿੰਦਸਿੰਘ[11]।ਦੀਨ ਤੁਰੰਗ ਸੁ ਦਾਸ ਕੋ ਗਰਜੇ ਸ਼੍ਰੀ ਰਣ ਸਿੰਘ[12]॥੧॥ਪਾਧੜੀ ਛੰਦ॥ਧਰਿ ਚਾਂਪ ਹਾਥ ਹਯ ਕੋ ਢੁਧਾਇ। ਰਿਪੁ ਸਮੁਖ ਹੋਇ ਕਰਿ ਜੀਤ ਚਾਇ*। ਬਡ ਬੇਗ ਸਾਥ ਭ੍ਰਾਥਾ ਮਝਾਰ[13]।ਕਾਢ੍ਯੋ ਖਤੰਗ ਖਰ ਮਨੋ ਮਾਰ[14]॥੨॥ਗੁਨ ਬਿਖੇ ਸੰਧਿ ਕਰਿ ਤਾਨ ਤਾਨ[15]।ਰਿਸ ਧਰਿ ਬਿਸਾਲ ਮੁਚਕੰਤਿ ਬਾਨ[16]।ਤਬਿ ਗਯੋ ਸ਼ੂਕ ਕਰਿ ਬੇਗ ਭੂਰ।ਜਿਸ ਪੇਖਿ ਭਏ ਭੈ ਭੀਤ ਸੂਰ॥੩॥ਸ਼ੱਤ੍ਰੁਨਿ ਬੀਚ ਕਰਿ ਰੌਰ ਡਾਰ। ਇਤ ਉਤ ਤਕਾਹਿ ਉਰ ਧੀਰ ਹਾਰ। ਪੁਨੈ ਅਪਰ ਤੀਰ ਸਤਿਗੁਰ ਨਿਕਾਸਿ।ਧਰ ਜੇਹ ਜੋਰਿ ਕਰ ਜੋਰ ਤਾਸ[17]॥੪॥ ਚਰੜੰਤਿ ਚਾਂਪ ਬਰਖੰਤਿ

[1]ਦਯਾਲ ਨੂੰ (ਮਰਿਆ) ਦੇਖਕੇ। [2]ਉਖੜਿਆ ਹੈ। [3]ਮਾਨੋ ਕਿਲ੍ਹੇ ਦੀ ਓਟ ਸੀ ਜੋ ਢਹਿ ਗਈ ਹੈ। [4]ਜੰਗ ਦਾ ਮਾਨੀ (ਸੀ ਦਯਾਲ) ਉਸ ਨੂੰ...। [5]ਹੁਣ ਮੰਦੇ ਵੈਰੀ ਡਰ ਜਾਣਗੇ ਤੇ ਸਾਹਮਣੇ ਖੜੋਣਗੇ ਨਹੀਂ। [6]ਤਿੱਖੇ ਨੇਜ਼ੇ ਅੱਗੇ ਕੀਤੇ। [7]ਹੱਲਾ ਝੱਲਿਆ। [8]ਸਾਰੀ ਥਾਂ ਭਯਾਨਕ ਹੋ ਗਈ। [9]ਘੋੜੇ। [10]ਉਸ ਹਮਲੇ ਵਿਚ [ਹਿੰਦੀ, ਧੂਮ,=ਰੌਲਾ, ਹਮਲਾ]। [11]ਵੈਰੀ ਕੁਛ ਧੀਰਜ ਧਾਰਕੇ ਅੜ ਰਹੇ ਹਨ, ਭੱਜੇ ਨਹੀਂ (ਇਹ ਗਲ) ਜਾਣਕੇ ਸ੍ਰੀ ਗੁਰੂ ਗੋਵਿੰਦ ਸਿੰਘ ਜੀ ਨੇ......। [12]ਸਤਿਗੁਰੂ ਜੀ ਜੁੱਧ ਵਿਚ ਸ਼ੇਰ ਵਾਂਙ ਗੱਜੇ। [13]ਭੱਥੇ ਵਿਚੋਂ। [14]ਸਰਪ ਵਰਗਾ। [15]ਚਿੱਲੇ ਵਿਚ ਮੇਲ੍ਹਕੇ ਤੇ ਜ਼ੋਰ ਨਾਲ ਤਾਣਕੇ। [16]ਛੱਡ ਦਿੱਤਾ ਤੀਰ। [17]ਚਿੱਲੇ ਵਿਚ ਹੱਥ ਦੇ ਜ਼ੋਰ ਨਾਲ ਜੋੜਕੇ ਤਿਸ (ਤੀਰ) ਨੂੰ। *ਪਾ:—ਜਾਇ।

Sri Satguru Jagjit Singh Ji eLlibrary NamdhariElibrary@gmail.com

ਤੀਰ*।ਸਰੜੰਤਿ ਜਾਤਿ ਬਰੜੰਤਿਬੀਰ[2]।ਤਕਯੰਤਿ ਸ਼ੱਤ੍ਰ[3]ਹਤਯੰਤਿਜੋਗ। ਅੜਿਯੰਤਿ ਤ੍ਰਾਸਿ ਥਰਰੰਤਿ[4]ਅੰਗ॥੫॥ਕਰਿਯੰਤਿ ਸ਼ੀਘ੍ਰ ਨਿਕਸੰਤਿ ਬਾਨ[5]। ਖਿਚਯੰਤਿ ਚਾਂਪ ਲਗਯੰਤਿ ਕਾਨਿ[6]।ਮੁਰਕੰਤਿ ਜਾਤਿ,ਬਰਿਯੰਤਿ ਧਾਇ[7]। ਗਿਰਯੰਤਿ ਬੀਰ ਬਕਯੰਤਿ'ਹਾਇ[8]'॥੬॥ਇਮ ਚਾਰ ਬਾਨ ਦਾਏਂ ਸੁ ਹਾਥ। ਬਿਚ ਸ਼ੱਤ੍ਰੁਨਿ ਮਾਰੇ ਕੋਪ ਸਾਥਿ।[9]ਪੁਨ ਬਾਮ ਹਾਥ ਤੇ ਐਂਚਿ ਚਾਪ।ਬਿੱਦਯਾ ਪ੍ਰਬੀਨਧਨੁ ਬਾਨ ਆਪ[9]†॥੭॥ ਛੋਰੇ ਖਤੰਗ ਭਟ ਅੰਗ ਭੰਗ। ਮੁਖ ਰਕਤ ਮਨੋ ਰਸ ਬੀਰ ਰੰਗ। ਦਲ ਅਰਿਨਿ[10] ਸਮੁਖ ਕਰਿਕੈ ਪਯਾਨ।ਚਪਲਾਇ ਤੁਰੰਗਮ ਕੋ ਮਹਾਨ॥੮॥ ਬਡ ਹੋਲ ਘਾਲਿ ਕਰਿ ਧੂਮ ਧਾਮ। ਪਹੁੰਚੇ ਸਮੀਪ ਨਹਿ ਦੈ ਅਰਾਮ[11]।ਧੀਰਜ ਛੁਟਾਇ ਦਲ ਕੋ ਭਜਾਇ। ਕਰ ਬਾਮ ਬਾਨ ਤ੍ਰੈ ਕੋ ਚਲਾਇ[12]॥੯॥ ਗੁਰ ਕੀ ਸਹਾਇ ਲੈ ਭੀਮਚੰਦ। ਬੀਰਨਿ ਬਿੰਗਾਰ ਧੀਰਜ ਬਿਲੰਦ। ਘੋਰਨਿ ਚਲਾਇ ਮੋਰਨਿ ਮਨਿੰਦ। ਕਹਿ 'ਮਾਰ ਮਾਰ' ਉਮਡੇ ਨਰਿੰਦ॥੧੦॥ ਜੋ ਹੁਤੇ ਕਟੋਚ ਕ੍ਰਿਪਾਲ ਆਦਿ। ਹਲਿ ਗਏ ਪਾਇ ਪਾਛੇ ਬਿਬਾਦਿ[13]। ਭਟ ਬਲੀ ਗਯੋ ਮਰਿ ਭਿਰਹਿ ਕੋਇ[14]। ਗੁਰੁ ਕੋ ਪ੍ਰਤਾਪ ਨਹਿ ਸਹਹਿ,ਸੋਇ॥੧੧॥ ਤਜਿ ਖੇਤ, ਬਾਰ[15] ਕੀ ਕਰਿ ਸੰਭਾਰ। ਹਤਿ ਸਨੈ ਸਨੈ ਲਰਤੇ ਜੁਝਾਰ।ਕਠ ਗੜ੍ਹ[16] ਉਤੰਗ ਥਲ ਗਾਢਿ[17] ਜੋਇ। ਤਹਿੰ ਭਾਜਿ ਪ੍ਰਵੇਸ਼ੇ ਜਾਇ ਸੋਇ॥੧੨॥ ਕੇਤਿਕ ਬਿਰੰਤਿ ਬਾਹਿਰ ਸੁਭੱਟ।

---

[1]ਧਨੁਖ ਨੇ ਚਿਰੜ ਚਿਰੜ ਕੀਤੀ ਤੇ ਤੀਰ ਛੁੱਟੇ। [2]ਸ਼ੂਕਦੇ ਜਾਂਦੇ ਹਨ (ਤੀਰ, ਜਿਨ੍ਹਾਂ ਨੂੰ ਲਗਦੇ ਹਨ ਉਹ) ਚੀਕਦੇ ਹਨ ਸੂਰਮੇ। (ਅ) ਸ਼ੂਕਦੇ ਤੀਰ ਵੜਦੇ ਹਨ ਸੂਰਮਿਆਂ (ਦੀਆਂ ਦੇਹਾਂ ਵਿੱਚ)। [3](ਤਕਦੇ ਹਨ ਗੁਰੂ ਜੀ) ਵੈਰੀਆਂ ਨੂੰ। [4]ਕੰਬਦੇ ਹਨ। [5](ਗੁਰੂ ਜੀ ਹੋਰ) ਬਾਣ ਛੇਤੀ ਕੱਢਦੇ ਹਨ। [6]ਲਗਦਾ ਹੈ ਕੰਨ ਤਕ। [7]ਵੜਦਾ ਹੈ (ਸਰੀਰ ਵਿੱਚ ਵੈਰੀ ਦੇ) ਜਾਕੇ। [8]'ਹਾਇ' ਕਹਿੰਦੇ ਹਨ। [9]ਫਿਰ ਆਪ ਨੇ ਜੋ ਧਨੁਖ ਬਾਣ ਦੀ ਵਿਦਯਾ ਵਿੱਚ ਪ੍ਰਬੀਨ ਹਨ ਖੱਬੇ ਹੱਥ ਨਾਲ ਕਮਾਨ ਖਿੱਚੀ। [10]ਵੈਰੀਆਂ ਦੇ। [11]ਕੋਲ ਪਹੁੰਚ ਕੇ ਵੈਰੀ ਨੂੰ ਆਰਾਮ ਨਹੀਂ ਲੈਣ ਦਿੱਤਾ ਭਾਵ ਸਾਹ ਨਹੀਂ ਲੈਣ ਦਿੱਤਾ। [12]ਖੱਬੇ ਹੱਥ ਤੋਂ ਤਿੰਨੇ ਤੀਰ ਚਲਾਕੇ। [13]ਲੜਦਿਆਂ। [14](ਹੁਣ) ਕੌਣ ਭਿੜੇ ?। [15]ਵਾੜੇ ਦੀ। [16]ਕਾਠ ਦੇ ਵਾੜੇ ਵਿੱਚ। [17]ਮਜ਼ਬੂਤ। *ਪਾ:—ਬੀਰ।

†ਸ੍ਰੀ ਗੁਰੂ ਜੀ ਦਾ ਮੁਖਵਾਕ ਕਥਨ ਹੈ ਇਸ ਮੌਕੇ ਬਾਬਤ:— "ਤਵੈ ਕੀਟ ਤੈ ਲੈ ਤੁਫੰਗੀ ਸੰਭਾਰੀ॥ਹ੍ਰਿਦੇ ਏਕ ਰਾਵੰਤ ਕੇ ਤੱਕਿ ਮਾਰੀ॥ ਗਿਰਿਯੋ ਝੂੰਮਿ ਭੂਮੈ ਕਰਿਯੋ ਜੁੱਧ ਸੁੱਧੰ॥ ਤਊ ਮਾਰਿ ਬੋਲਯੋ ਮਹਾ ਮਾਨਿ ਕ੍ਰੁੱਧੰ॥ ੧੭॥" ਫਿਰ ਆਪ ਦਸਦੇ ਹਨ ਕਿ ਬੰਦੂਕ ਛੱਡਕੇ ਅਸਾਂ ਤੀਰ ਕਮਾਨ ਫੜਿਆ:— "ਤਜਿਯੋ ਤੁੱਪਕੰ ਬਾਨ ਪਾਨੰ ਸੰਭਾਰੇ॥ ਚਤੁਰ ਬਾਨਯੰ ਲੈ ਸੁ ਸੱਬਿਯੰ ਪ੍ਰਹਾਰੇ॥ ਤ੍ਰਿਤਿਯੋ ਬਾਣ ਲੈ ਬਾਮ ਪਾਣੰ ਚਲਾਏ"। [ ਸੱਬਯ=ਸੱਜਾ। ਬਾਮ=ਖੱਬਾ ]।

ਪਿਖਿ ਹਿਲੈ ਪਾਇ ਤਿਨ ਕੌ ਦਬੱਟਿ[1]।ਇਕ ਬਾਰ ਕੜਾਕੜ ਛੁਟਿ ਤੁਫੰਗ।
ਗੁਲਕਾਨਿ ਲਗਤਿ ਕਰਿ ਅੰਗ ਭੰਗ॥੧੩॥ ਕਾਢੇ ਕ੍ਰਿਪਾਨ ਕਾਟੈ ਸਰੀਰ।
ਬਾਢੇ ਉਮੰਗ ਲਖਿ ਜੀਤ ਬੀਰ। ਬਹੁ ਬਜਨ ਬਾਜ[2] ਉਤਸਾਹ ਹੇਤੁ। ਸਭਿ
ਵਧੇ ਅੱਗ੍ਰ ਲਿਯ ਜੁੱਧ ਖੇਤ॥੧੪॥ਬਹੁ ਭਈ ਲੋਥ ਪੋਥਨ ਕਰਾਲ।ਗਨਮਾਸ
ਖਾਤਿ ਕੂਕਰ ਸ੍ਰਿੰਗਾਲ। ਗਨ ਗ੍ਰਿੱਧ ਬ੍ਰਿੱਧ ਭ੍ਰਮਤਿ ਅਕਾਸ਼। ਭਰਿ ਚੌਂਚ
ਮਾਸ ਕੋ ਕਰਤਿ ਗ੍ਰਾਸ॥ ੧੫॥ ਮਿਲਿ ਕੰਕ ਬੈਕ ਅਰੁ ਕਾਕ ਕੂਕ[3]।
ਕੂਕਰ ਕਰਾਲ[4] ਫਿਗਫੂਕਫੂਕਿ ਬਹੁ ਕਰਤਿਜੋਗਨੀ ਸ਼ੋਨ ਪਾਨ।ਨਾਰੰਤਿ
ਫਿਰਤਿ ਮਖ ਕਰਤਿ ਗਾਨ॥ ੧੬॥ ਲੀਨੇ ਧਕਾਇ ਕਰਿ ਨੇਰ ਨੇਰ[5]।
ਤਹਿਂ ਅਰੇ[6] ਬੀਰ ਲਰਿ ਫੇਰ ਫੇਰ।ਚਹੁੰ ਦਿਸ਼ਨਿ ਬਿਖੈ ਰਿਪੁ ਘੇਰ ਘੇਰ।
ਗੁਲਕਾਨਿ ਬਾਨ ਹਤਿ ਹੇਰਿ ਹੇਰਿ॥੧੭॥ ਕਰਤੇ ਪ੍ਰਹਾਰ ਭਟ ਦੌਰਿ ਦੌਰਿ।
ਤ੍ਰਾਸਹਿਂ ਉਪਾਇ ਫਿਰਿ ਠੌਰ ਠੌਰ। ਸ਼ਸਤ੍ਰਨਿ ਪ੍ਰਹਾਰਿ ਬਹੁ ਮਾਰਿ ਮਾਰਿ।ਜੇ
ਅਰੇ ਸ਼ਤ੍ਰ ਤਿਨ ਟਾਰਿ ਟਾਰਿ[7]॥੧੮॥ ਪ੍ਰਭੁ ਸਪਤ ਬਾਨ ਤੇ ਜੀਤ ਜੁੱਧ।
ਪ੍ਰਵਿਸ਼ਾਇ ਦੀਏ ਬਿਚਬਾਰਿ ਕ੍ਰੁੱਧ[8]*।ਨਹਿ ਥਿਰਯੋ ਗਯੋ ਬਾਹਿਰ ਬਿਸਾਲ।
ਕਠਗੜੇ ਬਿਖੈ ਬੜਿਗੇ ਉਤਾਲ॥ ੧੯॥ ਬਿਚ ਬਰੇ ਬਾਰਿ ਪਿਖਿ ਬਾਰਿ
ਬਾਰਿ[9]।ਅਰ ਰਹੇ ਓਜ ਅਰਿ ਧਾਰਿ ਧਾਰਿ।[10]ਛੂਟੇ ਤੁਫੰਗ ਬੁੰਗੇਰ ਫੇਰ। ਥਿਰ
ਥਿਰ ਕਟੌਚੀਆ ਲੀਨਿ ਘੇਰ[10]॥੨੦॥ ਪੁਨ ਭਯੋ ਜੁੱਧ ਕ੍ਰੁਧਤਿ ਕਰਾਰ–।

---

[1]ਦਬਾਉਣਲਈ। [2]ਵਾਜੇ ਵੱਜੇ। [3]ਕੂਕਦੇ ਹਨ। [4]ਭਜਾਨਕ ਕੁੱਤੇ। [5](ਏਹ ਧੱਕਾ ਦੇ ਦੇਕੇ ਨੇੜਾ ਹੀ ਨੇੜਾ ਕਰਦੇ ਆਉਂਦੇ ਹਨ)। [6]ਅੜੇ। [7]ਹਟਾ ਹਟਾ ਕੇ। [8]ਵਾੜ ਵਿੱਚ ਵੈਰੀ ਕ੍ਰੋਧ ਨਾਲ ਵਾੜ ਦਿਤੇ। [9]ਵਾੜੇ ਵਿਚ ਵੜੇ ਹੋਏ ਵੈਰ ਦੇਖਦੇ ਹਨ। [10]ਫੇਰ ਗੋਲੀਆਂ ਚਲਾਈਆਂ ਬੁੰਗੇ ਵਲ ਨੂੰ ਭਾਵ ਕਾਠਗੜੇ ਉਪਰ ਤੇ ਉਸ ਵਿਚ ਟਿਕੇ ਕਟੌਚੀਏ ਨੂੰ ਘੇਰ ਲਿਆ। (ਅ) ਬੁੰਗੇ ਦਾ ਅਰਥ ਬੁਰਜ ਬੀ ਕਰਦੇ ਹਨ ਪਰ 'ਬਿਚ ਬਿਰ' ਤੋਂ ਸਹੀ ਪਿਆ ਹੁੰਦਾ ਹੈ 'ਕਾਠਗੜ੍ਹ' ਯਾ 'ਵਾੜਾ'। (ੲ) ਬੁੰਗੇ ਦਾ ਅਰਥ ਫੌਜ ਦੀ ਬਾਰ ਬਰਦਾਰੀ ਬੀ ਹੁੰਦਾ ਹੈ।

*ਸ੍ਰੀ ਗੁਰੂ ਜੀ ਦੀ ਸ਼ੁੱਧ ਸਚਾਈ ਦਾ ਭਾਵ ਤੱਕੋ: ਜਦੋਂ ਗੋਲੀ ਰਾਜੇ ਨੂੰ ਵਜਦੀ ਹੈ ਤੇ ਆਪ ਨੇ ਵਜਦੀ ਵੇਖ ਲਈ ਹੈ ਤਾਂ ਕਹਿੰਦੇ ਹਨ ਕਿ ਮੇਰੀ ਗੋਲੀ ਰਾਜੇ ਨੂੰ ਵੱਜੀ। ਪਰ ਸੱਤ ਤੀਰ ਕਿਸੇ ਨੂੰ ਵੱਜੇ ਕਿ ਨਹੀਂ ਇਸ ਗੱਲ ਵਿਚ ਆਪ ਨਿਸ਼ਚਿਤ ਨਹੀਂ ਹੋਏ ਤਾਂ ਕਹਿੰਦੇ ਹਨ ਪਤਾ ਨਹੀਂ ਕਿਸ ਕਿਸ ਦੇ ਜਾਕੇ ਵੱਜੇ ਹਨ। ਵੱਜੇ ਜ਼ਰੂਰ ਸਰਦਾਰਾਂ ਤੇ ਆਗੂਆਂ ਨੂੰ ਹੋਣਗੇ ਕਿਉਂਕਿ ਆਪ ਦੱਸਦੇ ਹਨ ਕਿ ਇਸ ਦੇ ਮਗਰੋਂ ਵੈਰੀ ਨੂੰ ਹਾਰ ਹੋ ਗਈ, ਪਰ ਆਪ ਨਿਸ਼ਚਿਤ ਨਾ ਹੋਣ ਕਰਕੇ ਅਨਿਸ਼ਚਤ ਬਾਤ ਹੀ ਕਹਿੰਦੇ ਹਨ ਕਿ:–

"ਲਗੇ ਯਾ ਲਗੇ ਨਾ ਕਛੂ ਜਾਨ ਪਾਏ॥ ੧੮॥ ਸੁ ਤਉ ਲਉ ਦਈਵ
ਜੁੱਧ ਕੀਨੈ ਉਥਾਰੈ॥ ਤਿਨੈ ਖੇਦ ਕੈ ਬਾਰ ਕੇ ਬੀਚ ਡਾਰੈ"॥ [ਬ: ਨਾ:

ਛੁਟਕੰਤਿ ਬਾਨ ਗੋਰੀ ਹਜ਼ਾਰ। ਥਿਰ ਭਏ ਬੀਚ ਸ਼ੱਤ੍ਰੁਨਿ ਬਿਲੋਕਿ। ਤਬਿ ਸੁਭਟ ਆਪਨੇ ਲੀਨਿ ਰੋਕ॥੨੧॥–ਅਬਿ ਗਏ ਹਾਰ, ਥਿਰ ਹੋਇ ਗਾਢ। ਨਿਕਸਹਿ ਨ ਵਹਿਰ ਬਡ ਤ੍ਰਾਸਿ ਬਾਢਿ–। ਇਮ ਫਤੇ ਲੀਨਿ ਪ੍ਰਭੁ ਰਨ ਮਝਾਰ। ਦੁਇ ਦਿਸ਼ਿਨਿ ਬੀਰ ਲਖਿ ਕੈ ਉਦਾਰ॥੨੨॥ ਨਹਿ ਰਿਦੈ ਤ੍ਰਾਸ ਜਿਨ ਕੇ ਕਦਾਪਿ। ਰਿਪੁ ਕੋ ਪਲਾਇ ਹਤਿ ਤੀਰ ਆਪ। 'ਜਿਮ ਪ੍ਰਥਮ ਪਾਂਵਟਾ ਜੀਤ ਜੰਗ। ਗਨ ਸੈਲਪਤੀ ਕਰਿ ਤ੍ਰਾਸ ਸੰਗ॥੨੩॥ਅਬਿ ਤਿਸੀ ਰੀਤਿ ਇਹ ਜੀਤ ਪਾਇ।ਗੁਰ ਬੀਰ ਬਹਾਦੁਰ ਬਹੁ ਬਡਾਇ'। ਇਮ ਕਰਤਿ ਕੀਰਤੀ ਸੁਭਟ ਬ੍ਰਿੰਦ। ਹਟਿ ਪਰੇ ਸਿਵਰ ਨਿਜ, ਕਰਿ ਅਨੰਦ ॥ ੨੪ ॥

ਸ਼ੱਤ੍ਰੁਨਿ ਭਜਾਇ ਥਿਰ ਬਾਰ ਬਾਰਿ[1]।ਤਬਿ ਆਨਿ ਕਰਨੇ ਡੇਰਾ ਸੁਧਾਰਿ। ਦੁੰਦਭਿ ਬਜਾਇ ਹਰਖੰਤਿ ਬੀਰ।ਸਭਿ ਉਤਰ ਪਰੇ ਨਿਜ ਲੇ ਬਹੀਰ॥੨੫॥ ਸਤਿਗੁਰੂ ਸਿਵਰ ਆਪਨਿ ਲਗਾਇ। ਉਤ ਭੀਮਚੰਦ ਕੁਛ ਦੂਰ ਜਾਇ। ਡੇਰਾ ਉਤਾਰਿ ਆਨੰਦ ਧਾਰਿ।ਬਿੱਸ੍ਰਾਮ ਕੀਨਿ ਨਿਸ ਤਮ ਗੁਜ਼ਾਰਿ[2] ॥੨੬॥ ਨਹਿ ਦਿਸਹਿ ਨਿਕਟ ਤੇ ਜਾਤਿ ਕੋਇ। ਸਭਿ ਖਾਨ ਪਾਨ ਕਰਿ ਅਰਧ ਸੋਇ[3]।ਤਬਿ ਅਲਫਖਾਨ ਕਾਟੋਚ ਸੰਗ[4]।ਮਿਲਿ ਮੰਤ੍ਰ ਕੀਨਿ'ਨਹਿ ਬਨਹਿ ਜੰਗ॥੨੭॥ਤਜਿ ਬਾਰਿ[5] ਚਲਹੁ ਇਸ ਬਾਰ[6]ਆਪ।ਮਰਿ ਬਿਝੜਵਾਲੀਆ, ਸੁਭਟ ਖਾਪ[7]। ਗੁਰ ਬਡੋ ਬੀਰ ਇਨ ਕੌ ਸਹਾਇ। ਹਤਿ ਇਕ ਤੁਰੰਗ ਤੇ ਜੀਤ ਪਾਇ ॥ ੨੮॥ ਜਬਿ ਹੋਇ ਪ੍ਰਾਤਿ ਘਮਸਾਨ ਘੋਰ। ਰਿਪੁ ਪਰਹਿੰ ਆਨ ਚਹੂੰ ਓਰ ਜੋਰ। ਲਰਿ ਮ੍ਰਿਤੁ ਪਾਇ ਨ੍ਰਿਪ ਕੇ ਸੁਭੱਟ[8]।ਬਿਨ ਦਯਾਲ ਭਿਰੇ ਤਹਿ ਕੋ ਦਬੱਟ[9] ?॥੨੯॥ ਗੁਰ ਬਰੇ ਬੀਰ ਕਰਿ ਰੇਲ ਪੇਲ[10]। ਹੁਇ ਖਰੋ ਕੌਨ ਤਿਨ ਹੇਲ ਝੇਲ[11]। ਨਾਹਕ ਮਰੰਤਿ[12], ਤਜਿ ਦੇਹੁ ਜੁੱਧ। ਗੁਰ ਬਿਨਾ ਇਨਹੁ ਪਰ ਪੁਨਹ ਕ੍ਰੁੱਧ[13]॥੩੦॥ਕਰਿ ਮਹਾਂ ਜੰਗ ਜੀਤੈਂ ਨਿਸੰਗ[14]। ਇਕ ਰੰਗ ਸਦਾ ਹਮ ਤੋਹਿ ਸੰਗ'।ਇਮ ਚਲਤਿ[15] ਬਾਤਿ ਸੁਨਿ ਅਲਫ-

[1]ਵਿਚ ਵਾੜੇ ਦੇ ਵਾੜਕੇ। [2]ਅੰਧੇਰੀ ਰਾਤ ਗੁਜ਼ਾਰਨ ਨੂੰ। [3]ਅਧੀ (ਰਾਤ ਤਕ) ਸੌਂ ਕੇ। (ਅ) ਔਧੇ ਸੌਂ ਗਏ। [4]ਤਦ ਅਲਫ ਖਾਨ ਨੇ ਕਟੋਚੀਏ ਨਾਲ। [5]ਵਾੜਾ ਛੱਡ ਕੇ। [6]ਇਸ ਵੇਰੀ ਭਾਵ ਹੁਣੇ। [7]ਸੂਰਮੇ ਖਪ ਗਏ, ਬਿਝੜ ਵਾਲੀਆ ਮਾਰਿਆ ਗਿਆ। [8](ਜੋ) ਲੜੇਗਾ (ਉਹ) ਮਰੇਗਾ (ਚਾਹੇ) ਰਾਜਾ ਚਾਹੇ ਸੂਰਮਾ ਹੋਵੇ। [9]ਦਿਆਲ ਤੋਂ ਬਿਨਾਂ ਦਬਾਉਣ ਵਾਲਾ ਓਥੇ ਕੌਣ ( ਜੰਗ ਵਿਚ ) ਭਿੜੇਗਾ। [10]ਗੁਰੂ ਜੁੱਧ ਵਿਚ ਵੜੇਗਾ ਤੇ ਰੇਲ ਪੇਲ ਕਰ ਦੇਵੇਗਾ ਭਾਵ ਭାਜੜ ਸਾਡੇ ਵਿਚ ਪਾ ਦੇਵੇਗਾ। [11]ਉਨ੍ਹਾਂ ਦਾ ਕੌਣ ਹੱਲਾ ਝੱਲੇਗਾ। [12]ਨਾਹਕ ਮਰਦੇ ਹੋ। [13]ਭਾਵ (ਜਦੋਂ ਏਹ) ਗੁਰੂ ਤੋਂ ਬਿਨਾਂ (ਹੋਣਗੇ ਤਦੋਂ) ਫੇਰ ਲੜਾਂਗੇ। [14]ਨਿਸੰਗ ਹੋਕੇ ਜਿੱਤਾਂਗੇ। [15]ਚਲਣ ਦੀ ਬਾਤ।

Sri Satguru Jagjit Singh Ji eLlibrary     NamdhariElibrary@gmail.com

ਖਾਨ। ਮਨ ਜਾਨਿ[੧] ਮਾਨਿ ਸਨਮਾਨ ਠਾਨਿ॥ ੩੧॥ 'ਨੀਕੀ ਭਨੰਤਿ ਹਮ ਆਇ ਫੇਰ। ਬਹੁ ਦੇਹਿਂ ਦੰਡ ਇਨ ਘੇਰਿ ਘੇਰਿ'। ਇਮ ਮੰਤ੍ਰ ਠਾਨਿ ਸਵ-ਧਾਨ ਹੋਇ। ਬਨਿ ਸ਼ੀਘ੍ਰ ਤਯਾਰ ਇਸ ਰੀਤਿ ਸੋਇ॥ ੩੨॥ ਇਕ ਨਰ ਬਿਠਾਇ ਊਚੇ ਸਥਾਨ। ਤਿਸ ਅੱਗ੍ਰ ਧਰਯੋ ਦੁੰਦਭਿ ਮਹਾਨ। 'ਸਭਿ ਨਿਸਾ ਬਜਾਵਤਿ ਰਹੋ ਏਹੁ। ਜਬਿ ਲਖਹਿਂ ਪ੍ਰਾਤਿ[੨] ਉਠਿ ਤਯਾਗ ਦੇਹੁ॥੩੩॥ ਚਲਿ ਆਉ ਭਾਜ' ਸਮੁਝਾਇ ਤਾਂਹਿ। ਚੜ੍ਹਿ ਹਯਨਿ ਪਧਾਨੇ ਸ਼ੀਘ੍ਰ ਮਾਂਹਿ। ਤਸ-ਕਰਨਿ ਗਤੀ[੩] ਸਭਿ ਅਪਨ ਧਾਰਿ। ਕਰਿ ਮੋਨ ਵਹਿਰ ਨਿਕਸੇ ਪਧਾਰਿ॥ ੩੪॥ ਨਹਿਂ ਲਖੇ ਜਾਤਿ ਗਮਨੇ ਸੁ ਧਾਮ। ਗੁਰੁ ਆਦਿ ਇਨਹੁਂ ਸਭਿ ਕਰਿ ਅਰਾਮ[੪]। ਜਬਿ ਭਈ ਭੋਰੁ ਦੁੰਦਭਿ ਸੁਨੰਤਿ। 'ਥਿਰ ਹੈਂ ਮਵਾਸ' ਸਗਰੇ ਭਨੰਤਿ ॥੩੫॥ ਤਬਿ ਗਯੋ ਬਜਾਵਨਹਾਰ ਭਾਜਿ। ਅਵਿਲੋਕ ਲੀਨਿ ਸੂਨੋ ਸਮਾਜ। ਰਿਪੁ ਗਏ ਭਾਗ ਤਜਿ ਲਾਜ ਦੀਨਿ। ਗਾ ਅਲਫਖਾਨ ਖਾਨਾਨਿ ਲੀਨ[੫] ॥ ੩੬ ॥ ਨਹਿਂ ਥਿਰ ਕਟੋਚੀਆ ਧੀਰ ਧਾਰਿ। ਨਹਿਂ ਅਰੇ ਮੂਢ ਗੋਦੀ ਗਵਾਰ। ਤਬਿ ਸਰਬ ਬਾਹਿਨੀ ਫੇਰ ਬੀਰ। ਹੁਇ ਸਨਧਬੱਧ ਗੇ ਬਾਰਿ ਤੀਰ ॥ ੩੭ ॥ ਸਭਿਹੂੰਨ ਜਾਇ ਲੀਨੋ ਨਿਹਾਰ। ਉਰ ਭੀਰੁ ਭੁਰ[੬] ਭਾਜੇ ਬਿਚਾਰ। ਮਨ ਹਰਖ ਧਾਰਿ ਕਰਿ ਜੀਤਿ ਬਾਤਿ[੭]। ਸੁਨਿ ਭੀਮਚੰਦ ਆਨੰਦ ਗਾਤਿ॥ ੩੮॥ ਤਬਿ ਨਿਕਟ ਨਦੌਣ ਡੇਰਾ ਸੁ ਡਾਰਿ। ਨਿਸ਼ਚਿੰਤ ਹੋਇ ਲਹਿ ਜੀਤ ਸਾਰਿ। ਸੁੰਦਰ ਤੁਰੰਗ ਸਰਿਤਾ ਬਿਲੋਕਿ। ਜਲ ਬਿਮਲ ਬਿਪਾਸਾ ਚਲਿ ਅਰੋਕ ॥੩੯॥ ਤਿਸ ਤੀਰ ਧੀਰ ਗੁਰ ਥਾਂਨ ਨੀਕ। ਪਿਖਿ ਸਿਵਰ ਕੀਨਿ ਉਤਰੀ ਅਨੀਕ[੮]। ਜਸੁ ਕਰੈਂ ਸਕਲ ਪ੍ਰਭੁ ਕੋ ਬਿਸਾਲ। 'ਸੇਵਕ ਨਿਵਾਜ ਰਿਪੁ ਕੋ ਕਰਾਲ' ॥ ੪੦ ॥ ਇਕ ਦਿਨ ਬਿਤਾਇ ਕਰਿ ਖਾਨ ਪਾਨ। ਸਤਿਗੁਰ ਬਿਰਾਜਿ ਊਚੇ ਸਥਾਨ। ਬਹੁ ਖਰੇ ਤਰੋਵਰ ਸਹਿਤ ਸੈਲ। ਸਲਿਤਾ ਸਥੋਗ ਕੀ ਕਰਤਿ ਸੈਲ॥੪੧॥ ਦਿਨ ਕਿਤਿਕ ਕੀਨਿ ਡੇਰਾ ਮੁਕਾਮ। ਰਾਜਨ[੯] ਦਿਖਾਇ ਅਪਨੇ ਸੁ ਧਾਮ। ਪ੍ਰਭੁ ਕੋ ਪ੍ਰਸੰਨ ਸਭਿ ਭਾਂਤਿ ਕੀਨਿ। ਬਹੁ ਸੁਜਸੁ ਕਹੈਂ ਬਨਿ ਅੱਗ੍ਰ ਦੀਨ ॥ ੪੨ ॥ 'ਰਿਪੁ ਬ੍ਰਿੰਦ ਮਰਬ

---

[੧]ਮਨ ਵਿਚ (ਚੰਗੀ ਗਲ) ਮੰਨਕੇ। [੨]ਜਦੋਂ ਸਵੇਰ ਹੋਈ ਦੇਖੋ। [੩]ਚੋਰਾਂ ਵਾਂਗ। [੪]ਗੁਰੂ ਆਦਿ (ਇਸ ਪਾਸੇ ਦੇ) ਅਰਾਮ ਵਿਚ ਸਨ। [੫]ਪਠਾਣਾਂ ਨੂੰ ਲੈਕੇ। [੬]ਦਿਲ ਦੇ ਡਾਵੇ ਕਾਇਰ। [੭]ਜਿੱਤ ਦੀਆਂ ਗੱਲਾਂ ਕਰਦੇ ਹਨ। [੮]ਸੈਨਾ। [੯]ਰਾਜਿਆਂ ਨੇ।

Sri Satguru Jagjit Singh Ji eLlibrary NamdhariElibrary@gmail.com

ਭੈ ਭੀਤ ਹੋਇ। ਤੁਮਰੇ ਪ੍ਰਤਾਪ ਭਾਗੇ ਸੁ ਜੋਇ'।ਇਸ ਰੀਤਿ ਦਯੋਸ ਕੌਤਿਕ ਬਿਤਾਇ। ਗੁਰ ਕਰਤਿ ਅਨੰਦ ਜਲ ਤਟ ਸੁਹਾਇ ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨਦੌਣ ਜੁੱਧ ਫਤੇ ਲੈਣ' ਪ੍ਰਸੰਗ ਬਰਨਨੰ ਨਾਮ ਦੁਇ ਚਤਵਾਰਿੰਸਤੀ ਅੰਸੂ ॥੪ ॥

੪੩. [ਆਲਸੂਨ ਮਾਰਨਾ]।

ਦੋਹਰਾ ॥ ਦ੍ਵੈ ਬਿੰਸਤ ਗਿਨਤੀ ਬਿਖੈ ਧਾਰਿ ਪਹਾਰਨਿ ਕੇਰਿ। ਮਹਾਂ ਬਹਾਦਰ ਬਿਦਤ ਭੇ ਸਤਿਗੁਰ ਬੀਰ ਬਡੇਰ॥ ੧ ॥ ਸੈਯਾ ਛੰਦ ॥ ਸ਼ੱਤ੍ਰੂ ਮਿੱਤ੍ਰੂ ਗਿਰਪਤੀ[1],ਪਹਾਰੀ ਸਭਾ ਲਗਾਹਿਂਬੀਰ[2] ਜਿਸ ਥਾਨ[3]। ਜਹਿਂ ਸੰਗ੍ਰਾਮ ਬਾਰਤਾ ਹੋਵਹਿ ਸ਼ਸਤ੍ਰ ਪ੍ਰਹਾਰਨਿ ਕਰਹਿਂ ਬਖਾਨ। ਤਹਾਂ ਪ੍ਰਥਮ ਗਿਨਤੀ ਮਹਿਂ ਸਗਰੇ ਕਲਗ਼ੀਧਰ ਕੋ ਗਿਨਹਿਂ ਮਹਾਨ ।'ਜੁੱਧ ਪ੍ਰਬਿਰਤੇ ਨਾਮ ਜਿ ਸਿਮਰਹਿਂ ਸੋ ਭੀ ਬਿਜੈ ਪਾਇ ਰਿਪੁ ਹਾਨਿ[4] ॥ ੨॥ ਬ੍ਰਿੰਦ ਸ਼ੱਤ੍ਰੂ ਹੁਇਂ, ਗਿਨਹਿਂ ਨ ਮਨ ਮਹਿਂ,ਥੋਰਨਿ ਸਾਥ ਹਤਹਿਂ ਹਥੀਆਰ[5]।ਨਿਰਭੈ ਹੋਇ ਪ੍ਰਵੇਸ਼ਤਿ ਰਨ ਮਹਿਂ, ਅਰਹਿ ਬੀਰ ਤਿਸ ਮਾਰਹਿਂ ਡਾਰ। ਰਿਪੁ ਨਹਿਂ ਠਹਿਰਹਿਂ ਭੈ ਧਰਿ ਭਾਜਹਿਂ, ਬਿਜੈ ਲੱਛਮੀ ਲੇਤਿ ਉਦਾਰ'। ਇੱਤਯਾਦਿਕ ਬਹੁ ਕਰਹਿਂ ਸੁਜਸੁ ਕੋ,ਦਰਸਹਿਂ ਬੰਦਹਿਂ ਆਨੰਦ ਧਾਰਿ॥੩॥ ਪੁਰਿ ਨਦੌਣ ਮਹਿਂ ਭੌਨ ਚੁਕੋਨੇ ਚੂਨੇ ਸੰਗ ਚਿਨਹਿ ਬਹੁ ਭਾਇ[6]। ਸੁੰਦਰ ਦਰ ਬਰ[7] ਬ੍ਰਿੰਦ ਬਨੇ* ਜਿਨ ਊਚੇ ਪੌਰ[8] ਕੌਰ[9] ਛਬਿ ਛਾਇ।ਥਲ ਭੀ ਤੁੰਗ ਬੰਗਲੇ ਸ਼ੋਭਤਿ ਊਪਰ ਕਲਸ ਰਖੇ ਦਿਪਤਾਇ।ਚਿੱਤ੍ਰਤਿ ਬਹੁਤ ਬਚਿੱਤ੍ਰ ਬਨਾਏ ਬਿਸਦ[10]ਬੈਠਕਾ ਬਿਸਤਰ ਥਾਇ[11]॥੪॥ਨਦੀ ਬਿਪਾਸਾ ਕੇ ਤਟ ਸੁੰਦਰਮੰਦਿਰ ਬਨੇ ਅਨੇਕ ਪ੍ਰਕਾਰ।ਜਿਤੇ ਗਿਰੇਸ਼੍ਵਰ ਪ੍ਰਭੁ ਕੋ ਸਾਦਰਹੇਤੁ ਦਿਖਾਵਨ ਬਿਨਤੀ ਧਾਰਿ।ਲੇ ਕਰਿ ਸੰਗ ਆਇ ਨਿਜ ਘਰ ਮਹਿਂ ਫਿਰਫਿਰ ਊਚੇ ਥਾਇਂ ਨਿਹਾਰ।ਹਰਖਾਵਤਿਹੈਂ ਸਕਲਪਛਾਨਹਿਂ ਮਾਨਹਿਂਦੇਤਿ ਅਕੋਰਉਦਾਰ॥੫॥ਅਸ਼ਟ ਦਿਵਸ ਲੌ ਪ੍ਰਭੁ ਮੁਕਾਮ ਕਰਿ ਰਹੇ ਹੇਰਿ ਕਰਿ ਥਲ ਰਮਣੀਕ। ਬਰ ਮੰਦਰ ਅਰੁ ਸੁੰਦਰ ਸੈਲਨ ਕਰੈਂ ਸੈਲ ਜਿਤ ਕਿਤ ਬਿਧਿ ਨੀਕ।ਕਲ ਸਲਿਤਾਸੁੰਦਰ[12]

---

[1]ਸ੍ਰੀ ਗੁਰੂ ਜੀ ਦੇ ਮਿਤ੍ਰ ਵਾ ਸ਼ੱਤ੍ਰ ਪਹਾੜੀ ਰਾਜੇ। [2]ਪਹਾੜੀ ਸੂਰਮੇ। [3]ਜਿੱਥੇ ਸਭਾ ਲਾ (ਬੈਠਦੇ) ਹਨ। [4]( ਐਉਂ ਕਹਿਦੇ ਹਨ ਕਿ ਜੇ ਕੋਈ) ਜੁੱਧ ਵਿਚ ਰਚਿਆਂ (ਕਲਗੀਧਰ ਜੀ ਦਾ) ਨਾਮ ਹੀ ਸਿਮਰ ਲਏਗਾ ਉਹ ਬੀ ਜਿੱਤ ਪਾਏਗਾ ਤੇ ਵੈਰੀ ਨੂੰ ਨਾਸ਼ ਕਰੇਗਾ। ਫਿਰ ਦੇਖੋ ਕਿ ਆਪ"")। [5]ਚਾਹੇ ਕਿੰਨੇ ਵੈਰੀ ਹੋਣ੍ਹ ਮਨ ਵਿਚ ਪ੍ਰਵਾਹ ਨਹੀਂ ਕਰਦੇ, ਥੋੜਿਆਂ ਨਾਲ ਹੀ ਹਥਯਾਰ ਵਾਹੁੰਦੇ ਹਨ। [6]ਚਿਣੇ ਹੋਏ ਸਨ ਬਹੁਤ ਤਰ੍ਹਾਂ ਦੇ। [7]ਸ੍ਰੇਸ਼ਟ। [8]ਦਰਵਾਜੇ। [9]ਕੋਲੇ। [10]ਚਿੱਟੇ। [11]ਖੁੱਲ੍ਹੀ ਥਾਂ ਵਿਚ। [12]ਸੁੰਦਰ ਨਦੀ ਦਾ ਸੁੰਦਰ (=ਨਿਰਮਲ) ਜਲ। *ਪਾ:-ਪਟੇ।

ਜਲ ਚਲਤਾ ਊਪਰ ਥਲ ਊਚੇ ਕਿਤਹੀਕ[1]। ਨਾਦਤਿ ਮਗ[2] ਤੇ ਉਰ ਅਹਿਲਾਦਤਿ, ਅਵਲੋਕਤਿ ਗੁਰ ਬਿਰਹਿਂ ਨਜੀਕ ॥ ੬ ॥ ਗਿਰਵਰ ਪਰ ਤਰੁਵਰ ਬਹੁ ਪ੍ਰਫੁਲਤਿ[3], ਕਰਤਿ ਸੈਲ ਬਹੁ ਦਿਵਸ ਬਿਤਾਇ। ਭੀਮਚੰਦ ਨ੍ਰਿਪ ਸੰਗ ਕਟੋਚੀ ਸੰਧਿ ਕਰਨ ਕੋ ਨਰਨ ਪਠਾਇ।ਇਕ ਦੁਇ ਬਾਰਫਿਰੇ ਜੁਗ ਅੰਤਰ ਸਰਬ ਅੰਤਰੋ ਨਿਕਸ ਬਿਲਾਇ[4]। ਠਹਿਰ੍ਯੋ ਮੇਲ ਪਰਸਪਰ ਕਰਨੋ, ਹਰਨੋ ਦ੍ਵੈਸ਼ ਰਿਦੇ ਹਰਖਾਇ ॥੭॥ ਰਣ ਪ੍ਰਿਯ ਸਤਿਗੁਰ ਕੋ ਨਹਿ ਬੂਝ੍ਯੋ ਜਿਨਹੁੰ ਬਿਜੈ ਲੈ ਦਬੀ ਮਹਾਨ।ਕੇਤਿਕ ਦਿਨ ਮੈਂ ਸੁਨੀ[5] ਸ਼੍ਰੋਨ ਸੁਧਿ 'ਮਿਲਨਿ ਗਿਰੇਸ਼ਨ ਠਹਿਰ੍ਯੋ ਆਨ'।ਮਹਾਰਾਜ ਤਬਿ ਕ੍ਰੁੱਧਉਰਰਿਸਧਰਿ-ਬੇਮੁਖ ਭਾ ਪਹਾਰੀਆ-ਜਾਨਿ।ਗੋਦੀ ਡਰਤਿਜੰਗ ਤੇ ਮਿਲਿਗੇ ਹਮਤੇ ਭੇਦ ਰਾਖਿਬੋ ਠਾਨਿ॥੮॥ਤ੍ਯਾਰੀ ਕੂਚ ਕਰਨਿ ਕੀ ਕੀਨਸਿ,ਬਜ੍ਯੋ ਦਮਾਮਾ ਤਬਿ ਰਣਜੀਤ। ਸਭਿ ਰਾਜਨ ਕੇ ਸ਼੍ਰੋਣ ਪਰੀ ਧੁਨਿ 'ਕੈਸੇ ਬਾਜ੍ਯੋ?'ਸੰਸੈ ਚੀਤ। 'ਪਰਿ ਬਿਗਾਰ ਹਿਤ ਰਨ ਕੇ ਹੋਯੋ ਕੈ[6] ਨਿਜ ਪੁਰਿ ਚਾਲਨ ਹਿਤ ਕੀਤਿ? ਪ੍ਰਥਮ ਨ ਸੁਨੀ, ਅਚਾਨਕ ਕਿਮ ਭਾ ? ਭੀਮਚੰਦ ਸੋਂ ਬਿਰਸ ਲਖੀਤਿ[7]" ॥ ੯ ॥ ਸੁਨਿ ਕਹਿਲੂਰਪਤੀ ਕਰਿ ਤੂਰਨ ਪਠ੍ਯੋ ਆਪਨੋ ਤਬਹਿ ਵਜ਼ੀਰ। 'ਸ੍ਰੀਪ੍ਰਭੁ ਸੋਂ ਬੂਝੋ ਸਭਿ ਕਾਰਨ ਕਿਮ ਧੁਨਿ ਕੀਨਿ ਨਿਸ਼ਾਨ ਗੰਭੀਰ'।ਧਾਇ ਉਤਾਇਲ ਆਇਸਿ[8] ਤਤਛਿਨ, ਮਿਲ੍ਯੋ ਨਮੋ ਕਰਿ ਚਰਨਨਿ ਧੀਰ। 'ਭੀਮਚੰਦ ਸੈਲੇਂਦ੍ਰ ਬੰਦਨਾ ਕਰੀ ਆਪਕੋ ਪਠਿ ਮੁਝ ਤੀਰ॥ ੧੦॥ ਸੰਸ਼ਯ ਭਯੋ ਕੀਨ ਧੁਨਿ ਕੈਸੇ ਹਿਤ ਬੂਝਨਿ ਕੇ ਤੂਰਨ ਆਇ'। ਸ਼੍ਰੀ ਕਲਗ਼ੀਧਰ ਕਹ੍ਯੋ ਕੋਪ ਕਰਿ 'ਹਮ ਕਿਹ ਹਿਤ ਆਨ੍ਯੋਂ ਸਹਿਸਾਇ[9]।ਫਤੇ ਭਈ ਲਖਿ ਗਰਬ੍ਯੋ ਮਾਨੀ, ਪ੍ਰਥਮ ਬਾਰਤਾ ਕੋ ਬਿਸਰਾਇ। ਹਮ ਕੋ ਸੁਧਿ ਭੀ ਕਰੀ ਨਹੀਂ ਕਿਮ,ਸ਼ੱਤ੍ਰਨਿ ਸੰਗ ਸੰਧਿ ਠਹਿਰਾਇ ॥ ੧੧ ॥ ਅਬਿ ਅਰੂਢ ਕਰਿ ਗਮਨਹਿ ਹਮ ਪੁਰਿ, ਨਾਹਕ ਕ੍ਯੋਂ ਬੈਠਹਿਂ ਇਸ ਥਾਇੰ। ਰਹ੍ਯੋ ਨ ਕਾਜ ਨਰੇਸ਼ੁਰ ਕੋ ਅਬਿ, ਕਰ੍ਯੋ ਸਪੂਰਨ ਜਿਸ ਹਿਤ ਆਇ'। ਸੁਨਿ ਵਜ਼ੀਰ ਕਰਿ ਬੰਦਨ ਗਮਨ੍ਯੋ ਕਹ੍ਯੋ ਜਾਇ ਰਾਜੇ ਸਮੁਝਾਇ। 'ਕਲਗ਼ੀਧਰ ਰਿਸ

[1]ਕਿਤਨੇ ਹੀ ਠੀਕਰ। [2]ਰਾਹ ਤੋਂ ( ਡਿਗਦਾ ) ਸ਼ਬਦ ਕਰਦਾ ਹੈ। [3]ਫੁੱਲਾਂ ਦੇ ( ਭਰੇ ਹੋਏ )। [4](ਕਟੋਚੀਏ ਦੇ ਆਦਮੀ ਇਕ ਦੋ ਵਾਰ ਦੋਹਾਂ ਦੇ ਵਿਚ ਫਿਰੇ ਤੇ ਸਾਰਾ ਫਰਕ ਦੂਰ ਹੋ ਗਿਆ। (ਅ) ਫਿਰਕੇ ਸਾਰਾ ਭੇਤ ਲੈ ਗਏ [ਅੰਤਰਾ=ਫਰਕ। ਭੇਤ]। [5](ਗੁਰੂ ਜੀ ਨੇ) ਸੁਣੀ। [6](ਕੋਈ) ਵਿਗਾੜ ਪੈ ਗਿਆ ਹੈ ਤੇ ਜੰਗ ਕਰਨ ਦੇ ਵਾਸਤੇ ( ਧੌਂਸੇ ਦਾ ਸ਼ਬਦ ) ਹੋਇਆ ਹੈ ਯਾ.......। [7]ਬਿਰਸੀ ਜਾਣੀ ਪੈਂਦੀ ਹੈ। [8]ਆਗ੍ਯਾ। [9]ਛੇਤੀ ਆਂਦਾ।

Sri Satguru Jagjit Singh Ji eLlibrary NamdhariElibrary@gmail.com

ਕਰਿ ਕੁਛ ਚਿਤ ਮਹਿ ਚਹਤਿ ਅਨੰਦਪੁਰਿ ਕੌ ਅਬਿ ਜਾਇ' ॥੧੨॥ਸੁਨਿ ਰਾਜੇ ਕਹਿ ਬਿਨੈ ਪਠਾਈ 'ਹਮ ਤੇ ਭੂਲ ਚੂਕ ਹੁਇ ਜਾਇ। ਠਹਿਰਹੁ ਗਮਨਹਿ ਸੰਗ ਸਰਬ ਹੀ ਬਖਸ਼ਹੁ ਆਪ ਖ਼ਤਾ ਜੁ ਕਰਾਇ[੧]'।ਆਨਿ ਕਹ੍ਯੋ ਜਬਿ ਗੁਰੂ ਨ ਮਾਨੀ 'ਹਮਰੋ ਠਹਿਰਨਿ ਨਹਿਂ ਕਿਸ ਭਾਇ'। ਜਬਿ ਨਿਸ਼ਚੈ ਚਿਤ ਲਖ੍ਯੋ ਨ ਟਿਕਹੈਂ ਭੀਮਚੰਦ ਆਯੋ ਉਤਲਾਇ॥੧੩॥ਪਦ ਅਰਬਿੰਦ ਬੰਦਨਾ ਠਾਨੀ ਅਰਪਨਿ ਕੀਨਿ ਅਕੋਰ ਤੁਰੰਗ।ਸੁੰਦਰ ਜ਼ੀਨ ਸੁ ਚਾਮੀਕਰ ਕੋ ਛਾਦ੍ਯੋ ਬਸਨ ਰੇਸ਼ਮੀ ਸੰਗ। ਬਸਤ੍ਰ ਦਿਯੋ ਪਸ਼ਮੰਬਰ ਨੀਕੋ ਰੁਖ਼ਸਦ ਭਏ ਪ੍ਰਭੂ ਨਹਿ ਰੰਗ[੨]। ਹਯ ਅਰੂਢ ਕਰਿ ਗਮਨੇ ਮਾਰਗ, ਬਜਤਿ ਨਗਾਰੋ ਧੁਨੀ ਉਤੰਗ ॥ ੧੪ ॥ ਚਢੀ ਬਾਹਿਨੀ ਸੰਗ ਸੂਰਮੇ ਮਾਰ ਬਕਾਰਾ ਕਰਤੇ ਚਾਲਾ[੩] 'ਕਾਚੀ ਮਤਿ ਪਹਾਰੀਏ ਕਾਰੇ, ਹੈਂ ਮਤਲਬ ਕੇ ਮੀਤ[੪] ਬਿਸਾਲ। ਪ੍ਰਭੁ ਜੀ ਇਨ ਸੋ ਕਹਾਂ ਮਿੱਤ੍ਰਤਾ ਜੋ ਨਹਿਂ ਰਾਖਹਿ ਧਰਮ ਸੰਭਾਲਿ'। ਦਯਾਰਾਮ ਜਬਿ ਇਸ ਬਿਧਿ ਭਾਖੀ ਨੰਦਚੰਦ ਬੋਲ੍ਯੋ ਗੁਰ ਨਾਲ ॥ ੧੫ ॥ 'ਗਏ ਬ੍ਯਾਹ ਮਹਿ ਕਰਨਿ ਭਲੇਰੋ ਸਵਾਲਾਖ ਤੇ ਬੋਲ ਬਡੇਰ। ਭੇ ਬਿਪਰੀਤ ਹੇਤ ਬੁਰਿਆਈ, ਕੁਟਿਲ ਮੂਢ ਬਾਂਛਤਿ ਲੇ ਘੇਰ[੫]। ਰਾਵਰ ਕੀ ਸਹਾਇਤਾ ਹੁਇ ਜਹਿਂ ਕੌਨ ਸ਼ੱਤ੍ਰ ਹੁਇ ਸਾਕਹਿ ਨੇਰ। ਕਰਿ ਬਲ ਘਾਟਾ ਆਨਿ ਛੁਰਾਯੋ ਉਲਟੇ ਸਭਿ ਸੁੱਖੇਨ ਹੀ ਫੇਰ[੬] ॥ ੧੬ ॥ ਦੇਖਹੁ ਫਤੇਸ਼ਾਹਿ ਕ੍ਯਾ ਕੀਨਸਿ ਕਹੇ ਸਬੰਧਿਨਿ ਕੇ ਮਤਿ ਹੀਨ।ਭਿਰ੍ਯੋ ਆਪ ਕੇ ਸੰਗ ਜੰਗ ਮਹਿਂ, ਪਾਇ ਪਰਾਜਯ ਅਪਜਸ ਲੀਨਿ। ਰਹ੍ਯੋ ਬਿਸੂਰਤ, ਸਰ੍ਯੋ ਨਹੀਂ ਕਛੁ ਤੁਮਰੀ ਮਹਿਮਾ ਲਖੀ ਨ ਪੀਨ[੭]।ਭੀਮਚੰਦ ਅਬਿ ਮਨ ਬਿਲੰਦ ਛਲ,ਸੰਧਿ ਆਪ ਹੀ ਰਿਪੁ ਸੋਂ ਕੀਨਿ॥੧੭॥ਜੌਂ ਕਰਿਨਹੀਂ ਸੰਘਾਰਹੁ ਦ੍ਯਾਲਹਿਤੌਇਹ ਹਾਰ ਪਾਇ ਬਿਚ ਜੰਗ[੮]। ਬ੍ਰਿੰਦ ਦਰਬ ਦੌਹੈਂ[੯] ਹਿਤ ਦੰਡਹਿ ਅਲਫ ਖਾਨ ਲੋਤੋ ਬਲਿ ਸੰਗ। ਕਰਿ ਸਹਾਇ ਕੌ ਰਖਿ ਬਚਾਇ ਕਰਿ, ਪੀਛੇ ਰਾਖ੍ਯੋ ਇਸ ਬਿਧਿ ਰੰਗ। ਬਿਨ ਰਾਵਰ ਕੀ ਮਰਜ਼ੀ ਪੂਛੇ ਕਰੀ ਬਾਰਤਾ ਅਬਹਿ ਕੁਢੰਗ' ॥ ੧੯ ॥ ਸੁਨਿ ਕੈ ਸ੍ਰੀ ਮੁਖ ਤੇ ਫੁਰਮਾਯੋ 'ਪਰਬਤ ਬਾਸੀ ਨਰ ਸਮੁਦਾਇ। ਪਾਬਰ ਪੂਜਕ ਪਾਬਰ ਬੁੱਧੀ,ਜਲ ਮਹਿ ਪਾਬਰ ਰਹੈ ਸਦਾਇ।

[੧]ਕੀਤੀ ਹੈ (ਮੈਂ)। [੨](ਪਰ) ਪ੍ਰਸੰਨ ਨਹੀਂ ਸਨ। [੩](ਸੂਰਮੇ ਕਹਿੰਦੇ ਹਨ:—)। [੪]ਗੌਂ ਦੇ ਯਾਰ। [੫]ਚਾਹੁੰਦੇ ਸੀ ਘੇਰ ਲੈਣਾ। [੬](ਅਸਾਂ ਨੇ) ਬਲ ਕਰਕੇ ਘਾਟਾ ਆਕੇ ਛੁਡਾ ਲਿਆ ਤੇ ਸੌਖ ਨਾਲ ਹੀ ਅਸੀਂ ਸਾਰੇ ਪਰਤ ਆਏ। [੭]ਭਾਰੀ। [੮]ਜੇ ਕਰ (ਆਪ) ਦਿਆਲ ਨੂੰ ਨਾ ਮਾਰਦੇ ਤਾਂ ਇਹ (ਜ਼ਰੂਰ) ਜੰਗ ਵਿਚ ਹਾਰ ਪਾਂਵਦਾ। [੯](ਭੀਮਚੰਦ) ਦੇਂਦਾ।

ਨਹਿਂ ਭੀਜਹਿ ਅਤਿ ਧਰਹਿ ਨਿਠੁਰਤਾ[1], ਤਯੋਂ ਮਨਮੁਖ ਇਹ ਜਾਨੇ ਜਾਇਂ। ਬਿਨ ਮਤਲਬ ਇਹ ਮੀਤ ਨ ਕਿਸ ਕੇ, ਬਿਨਸੇ ਕੂਰੇ ਸਹਿਜ ਸੁਭਾਇ[2]" ॥੧੯॥ਇਸ ਬਿਧਿ ਕਰਤਿ ਬਾਰਤਾਲਾਪਹਿ ਚਲੇ ਆਇਂ ਸਤਿ-ਗੁਰ ਭਗਵਾਨ। ਆਲਸੂਨ[3] ਇਕ ਗ੍ਰਾਮ ਨਿਹਾਰਯੋ ਹੁਤੋ ਪੰਥ ਮਹਿਂ ਬਸੈ ਮਹਾਨ।ਦੁੰਦਭਿ ਬਜਤਿ ਲੋਕ ਨਿਕਸੇ ਸਨਿ ਬਾਲਿਕ ਬੂਢੇ ਜੇਤਿਕ ਜ੍ਵਾਨ। ਊਰੇ ਥਾਨ ਥਿਰੇ ਅਵਿਲੋਕਤਿ ਅਸਵਾਰੀ ਪ੍ਰਭੁ ਕੀ ਦੁਤਿਖਾਨ[4]॥੨੦॥ਆਨ ਅਕੋਰ ਨ ਆਗੇ ਅਰਪੀ, ਨਮੋ ਨ ਕੀਨੀ ਜੋਰੇ ਹਾਥ। ਮਤਿ ਮੂਰਖ ਨਿਜ ਰਾਜੇ ਕੋ ਬਲ ਮਦ ਕਰਿ ਨਹਿਂ ਪ੍ਰਤਾਪ ਲਖਿ ਨਾਥ[5]। ਹੁਤੋ ਹੁਤਾਸਨ ਕੋਪ ਅੱਗ੍ਰ ਕਿਛ[6] ਗਿਰਪਤਿਭੀਮਚੰਦਕੇ ਸਾਥ।ਮਨੋ ਅਹੂਤੀਪਰੀ ਦਿਪਤਹਿਤ[7] ਨਹਿਂ ਗ੍ਰਾਮੀਨ[8] ਨਿਮਾਯੋ ਮਾਥ ॥੨੧॥ ਆਲਸੂਨ ਕੀ ਦਿਸ਼ਿ ਅਵਲੋਕਯੋ, ਗੁਰੂ ਪ੍ਰਤਾਪੀ ਆਇਸੁ ਦੀਨ*।"ਨੰਦ ਚੰਦ ਲੇ ਬ੍ਰਿੰਦ ਬਾਹਿਨੀ ਲੂਟਹੁ ਗ੍ਰਾਮ

---

[1]ਕਠੋਰਤਾ। [2](ਮਤਲਬ ਦੇ) ਦੂਰ ਹੋਇਆਂ ਸੁਭਾਵਕ ਹੀ ਬੂਠੇ ਹਨ। (ਅ) ਬੂਠੇ ਆਪੇ ਨਾਸ਼ ਹੋ ਜਾਣਗੇ। [3]ਨਾਮ ਹੈ ਪਿੰਡ ਦਾ। [4]ਸ਼ੋਭਾ ਦੀ ਖਾਣ। [5]ਸ਼੍ਰੀ ਕਲਗੀਧਰ ਜੀ ਦਾ। [6]ਅੱਗੇ ਹੀ ਕ੍ਰੋਧ ਰੂਪ ਅੱਗ ਕੁਛਕ ਸੀ। [7]ਪ੍ਰਕਾਸ਼ਨ ਵਾਸਤੇ। [8]ਪੇਂਡੂਆਂ ਨੇ।

*ਤ੍ਵਾਰੀਖ ਖਾਲਸਾ ਵਿੱਚ ਲਿਖਿਆ ਹੈ ਕਿ ਆਲਸੂਨ ਵਾਲੇ ਭੀਮਚੰਦ ਦੇ ਪੱਖੀ ਸਨ ਤੇ ਸਿੱਖਾਂ ਨਾਲ ਕ੍ਰੋਧ ਰਖਦੇ ਸੀ, ਉਹਨਾਂ ਦੋ ਤਿੰਨ ਵਾਰ ਅੱਗੇ ਸੰਗਤ ਬੀ ਲੁਟੀ ਸੀ ਤੇ ਹੁਣ ਉਨ੍ਹਾਂ ਨੇ ਸਿੱਖਾਂ ਨੂੰ ਵੱਧ ਘੱਟ ਬੋਲ ਕੇ ਖਿਝਾਇਆ, ਇਸ ਕਰਕੇ ਦੀਵਾਨ ਨੰਦ ਚੰਦ ਨੇ ਹੱਲਾ ਬੋਲ ਕੇ ਉਹਨਾਂ ਨੂੰ ਠੀਕ ਕੀਤਾ, ਇਸਤ੍ਰੀ ਬਾਲਿਕ ਬ੍ਰਿਧ ਨੂੰ ਸਿੱਖਾਂ ਨੇ ਕੁਛ ਨਾ ਕਿਹਾ।

ਸੁਰੇਂਦ੍ਰ ਸ਼ਰਮਾ ਦੇ ਲਿਖੇ ਦਸਮ ਗੁਰੂ ਜੀ ਦੇ ਜੀਵਨ ਵਿੱਚ ਐਉਂ ਲਿਖਤ ਹੈ:—ਰਾਸਤੇ ਮੇਂ ਭੀਮ ਕੇ ਘਰਾਣੇ ਕੇ ਕੁਛ ਰਾਜਪੂਤੋਂ ਨੇ ਸਿੱਖੋਂ ਸੇ ਛੇੜ ਛਾੜ ਕੀ। ਇਸ ਗਾਂਵ ਮੇਂ ਅਨੇਕ ਅਵਸਰੋਂ ਪਰ ਪਹਿਲੇ ਬੀ ਸਿਖ ਯਾਤ੍ਰੀਓਂ ਕੋ ਤੰਗ ਕੀਆ ਗਿਆ ਥਾ, ਇਨ ਲੋਗੋਂ ਸੇ ਅੱਛੀ ਤਰ੍ਹਾਂ ਸੁਲਬ ਲੇਨੇ ਕਾ ਸਿੱਖੋਂ ਕੋ ਇਸ ਸਮੇਂ ਉਚਿਤ ਅਵਸਰ ਮਿਲ ਗਿਆ।

ਕਵੀ ਸੰਤੋਖ ਸਿੰਘ ਜੀ ਨੇ ਬੀ ਅੱਗੇ ਰੁਤ ੩ ਅੰਸੂ ੩੩ ਅੰਕ ੩ ਤੋਂ ੬ ਵਿੱਚ ਪਤਾ ਦਿੱਤਾ ਹੈ ਕਿ ਜਿੱਥੋਂ ਦੇ ਲੋਕ ਸੰਗਤ ਨੂੰ ਲੁੱਟਿਆ ਕਰਦੇ ਸਨ ਯਥਾ:—

"ਪੰਥ ਬਿਸਾਲ ਬਿਦਤ ਨਿਤ ਭਯੋ। ਸਭਿਨਿ ਥੁਗਿਰਦੇ ਡਰ ਉਪਜਯੋ। ਸਿੰਘਨ ਕੋ ਸੰਘਰ ਲਖਿ ਗਾਢੋ। ਕੋ ਨ ਸੁਭਟ ਆਗੇ ਹੁਇ ਠਾਢੋ ॥੩॥ ਹਤਹਿਂ ਤੁਰੰਗਨਿ ਕੋ ਕਰਿ ਹੇਲਾ। ਊਪਰ ਪਰਹਿਂ ਰੇਲ ਅਰੁ ਪੇਲਾ। ਤਬਿ ਤੇ ਡਰ ਧਰਿ ਗ੍ਰਾਮ ਬਿਸਾਲਾ। ਸੰਗਤ ਕੋ ਨ ਕਹੈਂ ਕਿਸ ਕਾਲਾ ॥੪॥ ਸੰਧਜਾ ਸੁਬਹਿ ਚਲੀ ਮਗ ਆਵੈ।ਦੁਸ਼ਟ ਮਿਲਹਿ ਕੋ ਹਾਥ ਨ ਪਾਵੈ। ਪ੍ਰਥਮੇ ਆਲਸੂਨ ਕਹੁ ਮਾਰਾ। ਨੂਹ ਬਜਰੂੜ ਬਹੁਰ ਸੰਘਾਰਾ ॥੫॥ ਜੋ ਅਬਿ ਸੰਗਤ ਕੋ ਕਰਿ ਪਾਵੈ ਤਿਨ ਮਾਨਿੰਦ ਆਪ ਉਜਰਾਵੈ।ਲੇਨਿ ਰਹੇ ਦੇਨੋ ਬਨ ਜਾਇ . ਮਰਨ ਹੋਇ ਪੁਨ ਘਰ ਉਜਰਾਇ" ॥੬॥

ਵਸਤੁ ਲਿਹੁ ਛੀਨ ।ਅਰਹਿ ਪ੍ਰਹਾਰਹੁ, ਵਹਿਰ ਨਿਕਾਰਹੁ,ਦੇਹੁ ਤ੍ਰਿਦਾਰਕ[੧] ਕੁਮਤਿ ਮਲੀਨ। ਰਾਜਾ ਮੂਢ ਪੂਜਾ ਜੁਤਿ ਜਾਨਹਿਂ ਸਹਹਿਂ ਅਵੱਗਯਾ ਕੌ ਦੁਖ ਪੀਨ’ ॥ ੨੨ ॥ ਸੁਨਿ ਦਿਵਾਨ ਰਿਸ ਠਾਨਿ ਮਹਾਨੀ ਮਾਨ ਹੁਕਮ ਲੈ ਸੁਭਟਨ ਜਾਲ। ਭਯੋ ਪ੍ਰਵੇਸ਼ ਬਖਾਨਯੋਂ ਊਚੇ ‘ਲੂਟ ਲੇਹੁ ਇਨ ਕੌ ਧਨ ਮਾਲ’। ਸੁਨਿ ਜੋਧਾ ਤਬਿ ਧਾਮ ਧਰੇ ਸਭਿ ਬਾਸਨ[੨] ਬਸਨ[੩] ਸਮਾਜ ਬਿਸਾਲ। ਬਸਤ੍ਰ ਬਿਭੂਖਣ ਮਹਿਖਿ ਤੁਰੰਗਨਿ ਛੀਨ ਲੀਨਿ ਸਭਿ ਬਲ ਕੇ ਨਾਲ। ੨੩॥ ਜੋ ਅਰ ਪਰੇ[੪] ਸੁ ਅਰਿ ਕਰਿ[੫] ਮਾਰੇ ਕਾਤੁਰ ਕਟੇ ਤਰਜਨਾ ਸੰਗ[੬]। ਕੇਤਿਕ ਡਰ ਕਰਿ ਘਰ ਮਹਿਂ ਦੁਰ ਕਰਿ ਦਬਕ ਰਹੇ ਉਸਕੇ ਨਹਿ ਅੰਗ[੭]। ਕੋ ਦੁਰ ਦੁਰ ਕਰਿ[੮] ਗਏ ਭਾਜ ਕਰਿ ਬਹੁਰ ਨ ਮੁਰੇ ਮਹਾਂ ਦੁਖ ਢੰਗ। ਕੋ ਘਾਇਲ ਹ੍ਵੈ ਤਰਫਤਿ ਮੁਰਛਤਿ, ਕੋ ਸ਼੍ਰੋਣਤ ਕਰਿ ਭਏ ਸੁਰੰਗ[੯] ॥ ੨੪ ॥ ਕਿਤਿਕ ਸਮੁਖ ਹੁਇ ਪ੍ਰਾਨਨ ਕੋ ਤਜਿ ਮਰਿ ਸ਼ਸਤ੍ਰਨਤੇ ਹ੍ਵੈ ਕਰਿਘਾਤਿ[੧੦]। ਛੋਰਿ ਸਦਨ ਚਹੁੰ ਓਰ ਪਲਾਏ ਜਮ ਸਮ ਜਾਨਿ ਰਿਦੈ ਡਰਪਾਤਿ[੧੧]।ਲੂਟਯੋ ਦਲ ਨੇ ਗ੍ਰਾਮ ਵਸਤੁ ਸਭਿਕਰਿ ਉਜਾਰ ਕੀ ਸ਼ਮ ਮਗ ਜਾਤਿ[੧੨]।ਫਤੇ ਕੀਨਿ ਰਿਪੁ ਹਤੇ ਜਿਤੇ ਤਹਿਂ,ਦੁੰਦਭਿਬਜੇ ਸੁਨਤਿ ਥਰਕਾਤਿ[੧੩]॥੨੫॥ਸ੍ਰੀ ਸਤਿਗੁਰ ਕੋ ਇਮ ਪ੍ਰਤਾਪ ਲਖਿ ਨਿਕਟ ਨਿਕਟ ਕੇ ਗ੍ਰਾਮ ਜਿ ਬ੍ਰਿੰਦ। ਤ੍ਰਾਸ ਧਾਰਿ ਹੰਕਾਰ ਤ੍ਯਾਗ ਕਰਿ ਦੇ ਦੇ ਮਿਲਹਿ ਅਕੋਰ ਬਿਲੰਦ।–ਪ੍ਰਭੁ ਕੇ ਕ੍ਰੋਧ ਬਚੇ ਨਹਿ ਕਯੋਂ ਹੂੰ, ਨਹਿ ਸਹਾਇਤਾ ਹੋਇ ਨਰਿੰਦ[੧੪]–। ਦੁਰਗਧ ਦਧੀ ਸਿਖ ਲੇਤਿ ਸਭਿਨ ਤੇ ਸਮੁਖ ਨ ਬੋਲਹਿਂ ਕਰਹਿਂ ਨਿਕੰਦ[੧੫] ॥ ੨੬ ॥ ਦੋਹਰਾ ॥ ਮਾਰਿ ਗ੍ਰਾਮਕੋਂ*ਲੇ ਫਤੇ ਧਰਤਿ ਅਨੰਦ ਬਿਲੰਦ। ਪ੍ਰਵਿਸ਼ੇ ਸ੍ਰੀ ਆਨੰਦਪੁਰਿ

---

[੧]ਸਜ਼ਾ। ਰੋਕ।[੨]ਭਾਂਡੇ। [੩]ਬਸਤਰ। [੪]ਅੜੇ। [੫]ਵੈਰੀ (ਜਾਣਕੇ)। [੬]ਤਾੜਨਾ ਕੀਤੀ। [੭]ਹਿਲਾਏ ਨਹੀਂ। [੮]ਛੁਪ ਛੁਪ ਕੇ। [੯]ਲਾਲ। [੧੦]ਸ਼ਸਤ੍ਰਾਂ ਨਾਲ ਜ਼ਖਮੀ ਹੋਕੇ ਮਰੇ। [੧੧]ਡਰੇ। [੧੨]ਰਾਹੇ ਦੂਰ ਪਏ। (ਅ) ਰਸਤੇ ਜਾਂਦਿਆਂ। [੧੩]ਕੰਬੇ। [੧੪]ਰਾਜੇ ਦੀ। [੧੫](ਜੋ) ਮਾਰ ਦੇਣਗੇ।

*ਆਲਸੂਨ ਪਿੰਡ ਵਿੱਚ ਸਿੱਖਾਂ ਤੇ ਸੰਗਤਾਂ ਦੀ ਲੁੱਟ ਦਾ ਮਾਲ ਬਹੁਤ ਸੀ ਤੇ ਘਰ ਘਰ ਜਮਾ ਸੀ, ਜੈਸਾ ਤਵਾ: ਖਾਲਸਾ ਤੇ ਹੋਰਥੋਂ ਪਤਾ ਲਗਦਾ ਹੈ ਕਿ ਉਹ ਸਦਾ ਲੁਟਦੇ ਰਹਿੰਦੇ ਸਨ, ਸੋ ਉਹ ਮਾਲ ਜੋ. ਲੁੱਟਾਂ ਦਾ ਉਨ੍ਹਾਂ ਪਾਸ ਸੀ, ਸਿਖ ਉਹ ਲੁੱਟਕੇ ਲਿਆਏ ਸੀ ਤੇ ਹੋਰ ਕੁਛ ਦੰਡ ਵਜੋਂ ਬੀ ਲੁਟਿਆ ਹੋਊ। ਛੇਵੇਂ ਸਤਿਗੁਰਾਂ ਦੇ ਵੇਲੇ ਤੋਂ ਲੁੱਟ ਮਨ੍ਹੇਂ ਸੀ। ਜਿੱਥੇ ਕਿਤੇ ਲੁਟ ਲੈਣ ਦਾ ਜ਼ਿਕਰ ਆਇਆ ਹੈ ਓਥੇ ਲੁੱਟੇ ਸਾਮਾਨ ਵਾਪਸ ਲੈਣ ਦਾ ਯਾ ਦੁਸ਼ਟਾਂ ਦੇ ਕੀਤੇ ਅਤਯਾਚਾਰਾਂ ਦਾ ਦੰਡ ਦੇਣਾ ਕਾਰਨ ਲੁੱਟ ਦਾ ਸਦੀਵ ਸਮਝ ਲੈਣਾ ਚਾਹੀਏ। ਅਕਾਰਣ ਕਿਸੇ ਨੂੰ ਕਦੇ ਮਾਰਨ ਲੁੱਟਣ ਦੀ ਆਗਯਾ ਨਹੀਂ ਹੋਈ।

ਤੇਗ ਬਹਾਦਰ ਨੰਦ ॥ ੨੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਆਲਮੁਨ ਲੂਟਨ' ਪ੍ਰਸੰਗ ਬਰਨਨੰ ਨਾਮ ਤੀਨ ਚੱਤਵਾਰਿੰਸਤੀ ਅੰਸੂ ॥ ੪੩ ॥

੪੪. [ਆਨੰਦ ਪੁਰ । ਬਾਬਾ ਜੋਰਾਵਰ ਸਿੰਘ ਜੀ ਜਨਮ]।

ਦੋਹਰਾ ॥ ਸੁਨਿ ਸਤਿਗੁਰ ਆਗਵਨ ਕੌ ਪੁਰਿ ਜਨ ਉਰ ਹਰਖਾਇ।ਨਿਕਸੇ ਆਗੂ ਲੇਨਿ ਹਿਤ ਸਾਦਰ ਮਿਲੇ ਸੁ ਆਇ॥੧॥ਨਿਸ਼ਾਨੀਛੰਦ॥ ਲੇ ਲੇ ਅਨਿਕ ਅਕੋਰ ਕੋ ਕਰਿ ਗੁਰ ਸੋਂ ਮੇਲਾ। ਦਰਸ਼ਨ ਕੌ ਆਨੰਦ ਲੇ ਕਰਿ ਜਨਮ ਸੁਹੇਲਾ। ਧੁਨਿ ਦੁੰਦਭਿ ਰਣਜੀਤ ਕੀ ਸੁਨਿ ਸੁਨਿ ਗਨ ਆਵਹਿ। ਦੌਰ ਦੌਰ ਪੁਰਿ ਪੌਰ ਤਜਿ ਦਲ ਦੁਤਿ ਦਰਸਾਵੈਂ ॥੨॥ ਮੰਗਲ ਅਨਿਕ ਪ੍ਰਕਾਰ ਕੋ ਪੁਰਿ ਬਿਖੈ ਰਚੰਤੀ। ਪੌਰ ਪੌਰ ਪਰ ਸਸਿਮੁਖੀ[1] ਥਿਰ ਹੁਇ ਦਰਸੰਤੀ। ਪ੍ਰਵਿਸ਼ੇ ਪ੍ਰਭੁ ਬਜ਼ਾਰ ਮਹਿ ਦੇਖਤਿ ਨਰ ਨਾਰੀ।ਗਨ ਚਕੋਰ ਜਨੁ ਚੰਦ ਕੋ ਆਗਮਨ ਬਿਚਾਰੀ ॥੩॥ ਪੁਸ਼ਪਨ ਕਉ ਬਰਖਾਵਹੀਂ ਗੁੰਦਤ੍ਰਿ ਦੇਂ ਮਾਲਾ[2]। ਗ੍ਰਹਨ ਕਰਤਿ ਲਖਿ ਭਾਵ ਕਉ ਹੁਇ ਹਰਖ ਬਿਸਾਲਾ। ਚਖ ਬਿਸਤਿ-ਰਤਿ ਸਰੋਜ ਤੇ[3] ਸਭਿ ਕੀ ਦਿਸ਼ਿ ਦੇਖੈਂ। ਕੁਸ਼ਲ ਪ੍ਰਸ਼ਨ ਸਭਿ ਸੋਂ ਕਰਹਿ ਦੇ ਮੋਦ ਬਿਸ਼ੇਖੈਂ ॥੪॥ ਭਾਟ ਨਕੀਬ ਪੁਕਾਰਤੇ ਸਭਿ ਅੱਗ੍ਰ ਚਲੰਤੇ। ਸੁਜਸੁ ਬਖਾਨਤਿ ਪ੍ਰਭੂ ਕਉ ਸਭਿਹੂੰਨ ਸੁਨੰਤੇ।ਪ੍ਰਵਿਸ਼ਹਿੰ ਸਤਿਗੁਰ ਦੁਰਗ ਮਹਿੰ ਜੋ ਬਨਯੋ ਨਵੀਨਾ। ਭਾਂਤ ਭਾਂਤ ਕੇ ਗ੍ਰਿਹ ਰਚੇ ਸੁਖਦਾ ਦੁਤਿ ਭੀਨਾ ॥੫॥ ਉਤਰਿ ਤੁਰੰਗਮ ਤੇ ਗਏ ਸੁੰਦਰ ਘਰ ਮਾਂਹੀ। ਪੀਠ ਪਲੰਘ ਕੀ ਪਰ ਥਿਰੇ ਧਰਿ ਆਯੁਧ ਪਾਹੀ। ਨੰਦ ਚੰਦ ਪ੍ਰੋਹਤ ਦੁਤੀ ਅਰੁ ਤੀਨਹੁ ਭ੍ਰਾਤਾ। ਆਇਸੁ ਤੇ ਨਿਜ ਨਿਜ ਸਿਵਰ ਉਤਰੇ ਸੁਖਦਾਤਾ[4]* ॥੬॥ ਸਭਿ ਸੈਨਾ ਕੇ ਸੂਰਮੇਆਇ ਸੁ ਲੂਟ ਲਯਾਏ[5]†।ਵਸਤੁ ਸੰਭਾਰ ਉਤਾਰਕਰਿ ਨਿਜ ਸਿਵਰ ਸੁਹਾਏ। ਖਾਨ ਪਾਨ ਕਰਿ ਜਾਮਨੀ ਹੁਇ ਸੁਪਤ ਬਿਤਾਈ।ਟਿਕੇ ਸਕਲ ਸੁਖ ਪਾਇ ਕਰਿ ਜੋਧਾ ਸਮੁਦਾਈ॥੭॥ ਭਈ ਪ੍ਰਾਤਿ ਜਾਗੇ ਪ੍ਰਭੂ ਕਰਿ ਸੌਚ ਸ਼ਨਾਨਾ।ਚਾਰ ਘਰੀ ਦਿਨ ਚਰੇ ਤੇ ਨਿਜ ਲਾਇ ਦਿਵਾਨਾ। ਚਹੁੰਦਿਸ਼ਿ ਕੀ ਗਨ ਸੰਗਤਾਂ ਇਕਠੀ ਪੁਰਿ ਹੋਈ।ਕਰਯੋ ਹੁਕਮ 'ਅਬਿ ਆਇਕੈ ਦਰਸਹਿ ਸਭਿ ਕੋਈ' ॥੮॥ਗਯੋ ਮੇਵਰਾ ਸਭਿਨਿ ਪਹਿ ਗੁਰ ਆਇਸੁ ਗਾਈ। ਸੁਨਿ

---

[1] ਚੰਦ੍ਰ ਮੁਖੀ (=ਇਸਤ੍ਰੀਆਂ)। [2] ਗੁੰਦੀਆ ਮਾਲਾ ਦਿੰਦੀਆਂ ਹਨ। [3] ਖਿੜੇ ਹੋਏ ਕਮਲ ਵਤ ਨੇਤ੍ਰਾਂ ਨਾਲ। [4] ਸੁਖਦਾਤੇ ਦੀ ਆਗਿਆ ਨਾਲ। [5] (ਨਾਲ) ਜੋ ਲੁੱਟ ਲਿਆਏ ਸੀ।

*ਪਾ:-ਸੁਖਗਾਤਾ। †ਦੇਖੋ ਪਿਛਲੇ ਪੰਨੇ ਦੀ ਟੂਕ।

Sri Satguru Jagjit Singh Ji eLlibrary NamdhariElibrary@gmail.com

ਸ਼ੌਨਨ ਮਹਿ ਅਨੰਦ ਭਾ ਤੂਰਨ ਸਮੁਦਾਇ। ਨਾਨਾ ਲੀਨਿ ਅਕੋਰ ਕਉ ਉਤਲਾਵਤਿ ਆਏ।ਮਨੋ ਤ੍ਰਿਖਾਤੁਰ ਤਾਲ ਕੀ ਸੁਧਿ ਸੁਨਿ ਕਰਿ ਧਾਏ॥੯॥ ਚਮਰ ਚਲਾਚਲ ਚਾਰੁ ਹੈ ਜਨੁ ਕਿਰਨ ਸਕੇਲੀ[1]।ਝੂਲਤਿ ਕਲਗੀ ਸੀਸ ਪਰ ਦਮਕਤਿ ਦੁਤਿ ਮੇਲੀ[2]। ਰੰਗਦਾਰ ਦਸਤਾਰ ਕੋ ਬੰਧੇਜ[3] ਅਨੂਠੋ। ਜਿਗਾ ਜਵਾਹਰਜਰਾਮਗੈ ਜ਼ਾਹਰਛਬਿ ਵੂਠੋ[4]॥੧੦॥ਬਦਨਚੰਦ ਅਹਿਲਾਦ ਕਰਿ[5]ਮੰਡਲ ਬਡ ਰੂਰਾ।ਕੁੰਡਲ ਡੋਲਤਿ ਕਰਨ ਯੁਗ ਸ਼ੋਭਤਿ ਗੁਰਸੂਰਾ। ਕਮਲ ਪਾਂਖਰੀ ਆਂਖ ਜੁਗ ਪੈਨੀ ਜੁਗ ਕੋਰਾਂ[6]। ਲਾਜ ਜਹਾਜ ਕ੍ਰਿਪਾ ਭਰੇ ਦੇਖਤਿ ਸਿਖ ਓਰਾ ॥ ੧੧ ॥ ਸ਼ਮਸ ਸਗਾਮ ਸੁੰਦਰ ਗਿਰਦ ਲਘੁ ਲਘੁ ਸਮੁਦਾਈ। ਸਹਿਜ ਸੁ ਚਿੱਕ੍ਨ ਕੇਸ਼ ਸ਼ੁਭ ਅਸ ਉਪਮਾ ਗਾਈ। ਰਤਨ ਉਡੁਗ, ਮੁਖ ਚੰਦ ਢਿਗ, ਪਸਰਨੋ ਤਮ ਜਾਲਾ[7]। ਦਿਪਤਿ ਦਸਨ ਮੁਸ਼-ਕਾਨ ਜੁਤਿ ਦੁਤਿ ਚਾਰੁ ਬਿਸਾਲਾ॥੧੨॥ ਮਨਹੁੰ ਸੁਰਨਿ ਕੀ ਸਭਾ ਮਹਿ ਕਮਲਾਸਨ ਬੈਸੇ। ਸਿਖ ਸੰਗਤਿ ਕੇ ਬੀਚ ਪ੍ਰਭੁ ਸ਼ੋਭਤਿ ਦੁਤਿ ਐਸੇ। ਦਰਸ਼ਨ ਕਰਿ ਕਰਿ ਬੰਦਨਾ ਗਨ ਅਰਪਿ ਅਕੋਰੈਂ।ਬੈਠਤਿ ਹੈਂ ਚਹੁੰਦਿਸ਼ਾ ਮਹਿ ਦੋਨਹੁ ਕਰ ਜੋਰੈਂ ॥ ੧੩ ॥ ਜਸ ਜਸ ਧਰਿ ਧਰਿ ਭਾਵਨਾ ਸਤਿਗੁਰੁ ਦਰਸੰਤੇ। ਤਸ ਤਸ ਪੂਰਵਤਿ ਸੰਗਤਾਂ ਅਰਦਾਸ ਕਰੰਤੇ। ਕ੍ਰਿਪਾ ਦ੍ਰਿਸ਼ਟਿ ਸਭਿਹੂੰਨ ਪਰ ਡਾਰਤਿ ਦਿਸ਼ਿ ਚਾਰੇ। ਮਨਹੁੰ ਸ੍ਰਿਸ਼ਟ ਕਰ ਉਤਪਤੀ ਬਿਧ ਤਿਨਹੁੰ ਨਿਹਾਰੇ[8]॥੧੪॥ਜਾਮ ਬਿਤੇ ਬਿਚ ਸਭਾ ਕੇ ਦਰਸ਼ਨ ਕੋ ਦੀਨਾ।ਕਰਿ ਨਿਹਾਲ ਤਬਿ ਸੰਗਤਾਂ ਉਠਿਬੇ ਮਨ ਕੀਨਾ। ਅਪਨ* ਸਦਨ ਮਹਿ ਪੁਨ ਗਏ ਬੈਠੇ ਗੁਨਖਾਨੀ।ਭੋਜਨ ਥਾਰ ਪਰੋਸਯੋ ਆਨਯੋਂ ਤਿਹ ਥਾਨੀ ॥੧੫॥ ਅਚਯੋ ਸ੍ਵਾਦ ਮਨਭਾਵਤੇ ਛੁਧਤੇ ਤ੍ਰਿਪਤਾਏ। ਢਰੇ ਦੁਪਹਿਰੇ ਸਤਿਗੁਰੂ ਲੋਚਨ ਅਲਸਾਏ।ਪੌਢੇ ਮ੍ਰਿਦੁਲ ਪ੍ਰਯੰਕ ਪਰ ਕੁਛ ਕੀਨਿ ਅਰਾਮੂ।ਸਵਾ ਜਾਮ ਦਿਨ ਕੇ ਰਹੇ ਜਾਗੇ ਸੁਖ ਧਾਮੂ॥੧੬॥ਗਰੀ ਬਦਾਮਨ ਆਦਿ ਗਨ ਰਗੜੀ ਸ਼ਰਦਾਈ।ਬਿਜੀਆ ਆਦਿਕ ਜਿਹ ਅਧਿਕ ਤਿਸ ਬੀਚ ਘੁਟਾਈ। ਆਨੀ

[1]ਮਾਨੋ ਕਿਰਨਾਂ ਇਕੱਠੀਆਂ ਕੀਤੀਆਂ ਹਨ।[2]ਮੇਲਕੇ। [3]ਬੰਨਣਾ, ਬੰਦਸ਼। [4]ਛਬੀ ਵੱਸ ਰਹੀ ਹੈ। [5]ਅਨੰਦ ਕਰਨ ਵਾਲਾ। [6]ਕੋਨਿਆਂ ਤੋਂ। [7]ਭਾਵ ਰਤਨ ਤਾਰੇ ਹਨ, ਚੰਦ੍ਰਮਾਂ ਮੁਖੜਾ ਹੈ ਦਾੜ੍ਹਾ ਹਨੇਰਾ ਹੈ। [ਸਾਫ਼ੇ ਦੇ ਲੜ ਤੇ ਜੋ ਮੱਥੇ ਤੇ ਪਲਮਦ ਹੈ ਉਸਦੀ ਝਾਲਰ ਅੱਗੇ ਮੋਤੀ ਲਗੇ ਹਨ, ਉਨ੍ਹਾਂ ਰਤਨਾਂ ਵਲ ਇਸ਼ਾਰਾ ਜਾਪਦਾ ਹੈ। ਜਿਗਾ ਵਿੱਚ ਬੀ ਜੁਆਹਰ ਪਿੱਛੇ ਦੱਸ ਆਏ ਹਨ। ਕਰਨ ਕੁੰਡਲਾਂ ਵਿਚ ਜੋ ਰਤਨ ਹੁੰਦੇ ਹਨ ਉਨਾਂ ਤੋਂ ਬੀ ਮੁਰਾਦ ਹੋ ਸਕਦੀ ਹੈ]।
[8]ਮਾਨੋਂ (ਰਬ ਕੇ ਸ੍ਰਿਸ਼ਟੀ ਨੂੰ) ਬ੍ਰਹਮਾ ਦੇਖਦਾ ਹੈ। *ਪਾ:-ਅਪਰ।

Sri Satguru Jagjit Singh Ji eLlibrary NamdhariElibrary@gmail.com

ਦਾਸਨ ਤਯਾਰ ਕਰਿ ਪਿਖਿ ਹੁਕਮ ਬਖਾਨਾ। 'ਹੁਤੀ ਅਫੀਮ ਬਿਦੇਸ਼ ਕੀ ਜਿਸ ਅਮਲ ਮਹਾਨਾ ॥ ੧੭ ॥ ਬਹੁ ਤਰੀਫ ਸਿਖ ਨੇ ਕਰੀ ਸੋ ਕੋਸ਼ ਮਝਾਰਾ।ਆਨੋ ਇਹਾਂ ਨਿਕਾਸ ਕਰਿ ਜਿਸ ਅਮਲ ਕਰਾਰਾ'। ਕੋਸ਼ਪ ਢਿਗ ਸੇਵਕ ਗਯੋ ਸਭਿ ਬਾਤਿ ਜਨਾਈ।ਕਹਿ ਕਰਿ ਪਤੇ ਬਿਦੇਸ਼ ਕੇ ਤਿਸ ਛਿਨ ਨਿਕਸਾਈ ॥ ੧੮ ॥ ਆਨੀ ਤੁਰਤ ਸਮੀਪ ਗੁਰ ਕਰ ਧਰੀ ਨਿਹਾਰੀ। ਦ੍ਵੈ ਰੰਚਕ[1] ਪਰਮਾਨ ਸਮ ਅੰਗੁਰੀਨ ਸੁਧਾਰੀ। ਕਰਿ ਗੁਲਕਾ ਕਰ ਤਰ ਧਰੀ[2] ਲੇ ਬਹੁਰ ਕਟੋਰਾ।ਕਰਯੋ ਪਾਨ ਸੁੱਖਾ ਤਬੈ, ਹਿਤ ਮਾਦਕ ਜੋਰਾ[3] ॥ ੧੯ ॥ ਮਾਵਾ ਖਾਇ ਅਫੀਮ ਕੋ[4]* ਪੁਨ ਸੌਚ ਸ਼ਨਾਨੇ। ਤਬਿ ਕੇ ਲਾਗੇ

[1]ਦੋ ਰਤੀ ਭਰ। [2]ਗੋਲੀ ਬਣਾਕੇ ਹੱਥ ਦੀ ਤਲੀ ਤੇ ਧਰੀ। [3]ਜ਼ੋਰ ਦਾ ਨਸ਼ਾ ਲੈਣ ਲਈ। [4]ਅਫੀਮ ਦਾ ਮਾਵਾ ਖਾਕੇ। *ਹਿਸਾਬ ਕਰਨ ਤੇ ਗੁਰੂ ਜੀ ਦੀ ਉਮਰਾ ਇਸ ਵੇਲੇ ੨੩, ੨੪ ਬਰਸ ਦੀ ਨਿਕਲਦੀ ਹੈ,ਇਸਵੇਲੇਅਫੀਮ ਲਗਜਾਣੀ ਕਿਵੇਂ'ਬੀ ਸੰਭਵ ਨਹੀਂ।ਪੰਜਾਬਵਿਚ ਅਕਸਰਅਫ਼ੀਮ ਬੁਢੇਪੇ ਵਿਚ ਸ਼ੁਰੂ ਹੁੰਦੀ ਹੈ। ਚੜ੍ਹਦੀ ਜਵਾਨੀ ਹੈ,ਬਲ ਅਮਿੱਤ ਹੈ,ਸੂਰਮਗਤੀ ਕਮਾਲ ਦੀ ਹੈ,ਆਪ ਅਵਤਾਰ ਹਨ, ਨਸ਼ਿਆਂ ਤੋਂ ਮਨ੍ਹੇ ਕਰਦੇ ਹਨ,ਤਮਾਕੂ ਤੱਕ ਦਾ ਵਰਤਣਾ ਹਰਾਮ ਕਰਾਰ ਦੇਂਦੇ ਹਨ, ਕੈਮੁੱਤਿਕ ਨਜਾਯ ਅਨੁਸਾਰ ਉਨ੍ਹਾਂ ਨੂੰ ਭੰਗ ਤੇ ਅਫੀਮ ਦਾ ਨਸ਼ਾ ਕੀਕੂੰ ਚੰਗਾ ਲੱਗ ਸਕਦਾ ਹੈ ? ਫਿਰ ਦੇਖੋ ਅਫੀਮ ਖਜ਼ਾਨੇ ਵਿਚੋਂ ਕਢਵਾਈ ਹੈ, ਕਦੇ ਪਹਿਲੋਂ ਦੀ ਕੋਈ ਸਿੱਖ ਲਿਆਇਆ ਸੀ ਤੇ ਉਹ ਪਈ ਸੀ। ਇਸਤੋਂ ਪਤਾ ਲਗਾ ਕਿ ਇਸ ਤੋਂ ਪਹਿਲੋਂ ਗੁਰੂ ਜੀ ਖਾਂਦੇ ਸਨ, ਕਿਉਂਕਿ ਸਿਖ ਢੂੰਡਕੇ ਚੀਜ਼ਾਂ ਓਹ ਲਿਆਉਂਦੇ ਸਨ ਜੋ ਗੁਰੂ ਜੀ ਵਰਤਦੇ ਸਨ, ਜੋ ਗੁਰੂ ਜੀ ਨਹੀਂ ਸਨ ਖਾਂਦੇ ਤਾਂ ਕਿਸੇ ਸਿੱਖ ਨੇ ਲਿਆਉਣੀ ਕਿਉਂ ਸੀ ਤੇ ਤਰੀਫ ਕਿਉਂ ਕਰਨੀ ਸੀ ? ਸੋ ਇਸ ਗਲ ਤੋਂ ਪਹਿਲੇ ਦੇ ਖਾਂਦੇ ਸਹੀ ਹੁੰਦੇ ਸਨ, ਪਰ ਕਵੀ ਜੀ ਕਹਿੰਦੇ ਹਨ ਕਿ ਅੱਜ ਹੀ ਸ਼ੁਰੂ ਹੋਈ ਹੈ ਇਹ ਪਰਸਪਰ ਵਿਰੋਧੀ ਗੱਲ ਹੋ ਗਈ।ਕਿਸੇ ਅਫੀਮ ਭੰਗ ਦੇ ਪ੍ਰੇਮੀ ਬੁੱਢੇ ਸਿੰਘ ਨੇ ਕਵਿ ਜੀ ਨੂੰ ਇਹ ਸਾਖੀ ਸੁਣਾਈ ਹੈ ਤੇ ਉਨ੍ਹਾਂ ਨੇ ਬਿਨ ਪੜਤਾਲੇ ਲਿਖ ਲਈ ਹੈ। ਕਵਿ ਜੀ ਦੇ ਸਮੇਂ ਨਿਹੰਗਾਂ ਵਿਚ ਸੁੱਖਾ ਆਮ ਸੀ ਤੇ ਰਾਜ ਘਰਾਂ ਵਿਚ ਸਰਦਾਈ ਸਾਦੀ ਜਾ ਸੁੱਖੇ ਵਾਲੀ ਤੇ ਅਫੀਮਾਂ ਦੇ ਰਿਵਾਜ ਟੁਰ ਪਏ ਸਨ। ਉਸ ਕਰਕੇ ਕਵੀ ਜੀ ਨੂੰ ਇਹ ਸਾਖੀ ਉਸ ਵੇਲੇ ਓਪਰੀ ਨਹੀਂ ਭਾਸੀ ਹੋਣੀ। ਸਿੱਖਾਂ ਵਿਚ ਭੰਗ ਸੁੱਖੇ ਦਾ ਰਿਵਾਜ ਸਤਿਗੁਰੂ ਜੀ ਤੋਂ ਦੇਰ ਚਿਰ ਬਾਦ ਪੰਥ ਦੀਆਂ ਘਾਲਾਂ ਕੁਰਬਾਨੀਆਂ ਥਕੇਵਿਆਂ ਸਰੀਰਕ ਟੋਟਾਂ ਵੇਲੇ ਪਹਿਲਾਂ ਦਵਾਈਮਾਤ੍ਰ ਟੁਰਗਿਆ ਸੀ, ਐਸ਼ੂਰਜ ਤੇ ਸੁਖ ਵੇਲੇ ਆਕੇ ਫਿਰ ਨਸ਼ੇ ਪਾਣੀ ਦੀ ਹੈਸੀਅਤ ਵਿਚ ਵਧਿਆ। ਨਿਹੰਗ ਸਿੰਘਾਂ ਦੀ ਬੇਨਜ਼ੀਰ ਤੇ ਸਤਿਕਾਰ ਯੋਗ ਜਥੇਬੰਦੀ ਨੂੰ ਤੇ ਲਗ ਪਗ ਸੰਪ੍ਰਦਾਇ ਨੂੰ ਇਹ ਸੁਖਾ ਖਾ ਗਿਆ ਹੈ। ਨਾ ਅਫੀਮ ਨਾ ਸੁੱਖਾ ਨਾ ਸ਼ਰਾਬ ਗੁਰੂ ਘਰ ਵਿਚ ਕੋਈ ਬੀ ਵਿਹਤ ਨਹੀਂ ਹਨ। ਕਵੀ ਜੀ ਆਪ ਭੀ ਅੱਗੇ ਜਾਕੇ ਰੁਤ ੫ ਅੰਸੂ ੨੮ ਅੰਕ ੨੩ ਵਿਚ ਲਿਖਦੇ ਹਨ:—'ਮਦਰਾ ਦਹਿਤ ਸਪਤ ਕੁਲ ਭੰਗ ਦਹੈ ਤਨ ਏਕ'। ਇੱਥੇ ਗੁਰਮਤ ਵਿਚ ਤਾਂ ਨਾਮ ਦਾ ਆਦਰਸ਼ਕ ਨਸ਼ਾ ਵਿਹਤ ਹੈ। ਫਿਰ ਪਹਿਲੇ ਦਿਨ ਹੀ ਦੋ ਰਤੀਆਂ ਖਾ ਲੈਣੀ ਬੀ ਇਕ ਅਤਯੋਕਤੀ ਹੈ। ਵਿਸ਼ੇਸ਼ ਲਈ ਦੇਖੋ ਰਾਸ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।

ਖਾਨ ਨਿਤ ਦਿਨਪ੍ਰਤਿ ਅਧਿਕਾਨੇ। ਕਿਤਿਕ ਦਿਵੱਸ ਬੀਤੇ ਜਬਹਿ ਇਕ ਦਿਨ ਤਬਿ ਆਈ। ਪਤਿਬਰਤਾ ਜੀਤੋ ਸੁ ਬ੍ਰਿਤ[੧] ਲੱਜਾ ਅਧਿਕਾਈ॥੨੦॥ ਪਤਿ ਕਉ ਪਾਇ ਇਕੰਤ ਮੈਂ ਕਰ ਜੋਰਿ ਖਰੀ ਹੈ।ਅਵਨੀ ਖਨਤਿ ਅੰਗੂਠ ਪਗ ਤਰੰ[੨] ਦ੍ਰਿਸ਼ਟਿ ਕਰੀ ਹੈ। ਚਿਤ ਮਹਿਂ ਦ੍ਰਿੜ੍ਹ ਮੂਰਤਿ ਬਸੈ ਨਹਿਂ ਸਮੁਖ ਬਿਲੋਕੈ। ਐਂਚਿ ਪ੍ਰੇਮ ਕੀ ਏਕ ਦਿਸ਼ਿ ਦੂਜੇ ਲਜ ਰੋਕੈ[੩]॥੨੧॥ਬਡਭਾਗਣ ਜਗ ਮਾਤਿ ਇਮ ਗੁਰ ਕੀ ਪਟਰਾਨੀ।ਮ੍ਰਿਦੁਲ ਸੁਸ਼ੀਲਾ ਗੁਣ ਨਿਧਾ ਸ਼ੁਭ ਮਤਿ ਮੈਂ ਸਯਾਨੀ। ਪ੍ਰਭੁ ਕ੍ਰਿਪਾਲ ਬਿਲੋਕਿ ਕਰਿ ਬਿਰਾਂ ਨੈਨ੍ਰਿ ਬਿਸਾਲਾ। ਜਾਨਿ ਕਾਮਨਾਵਾਨ ਮਨ ਬੋਲੇ ਤਿਸ ਕਾਲਾ॥੨੨॥'ਘਰਵਾਲਨ ਕੀ ਸੁਧ ਕਹਾਂ,ਅਭਿਲਾਖਾ ਕੋ ਹੈ?ਕਹੋ ਮਨੋਰਥ ਆਪਨੋ ਅਬਿਬਾਂਛਤਿ ਜੋ ਹੈ।ਜਿਸ ਹਿਤ ਕਰਿ ਆਗਵਨ ਕੋ ਥਿਰ ਭਈ ਸਲਾਜਾ। ਕਹੁ ਸੁਮੱਧਮੇ[੫]! ਬਾਰਤਾ ਜਿਸਬਿਧਿ ਕੋਕਾਜਾ'॥੨੩॥ਹਾਥਬੰਦਿਬੰਦਤਿ ਬਦਤਿ[੬]"ਪ੍ਰਭੁਅੰਤਰਜਾਮੀ! ਜਗਤ ਗੁਰੂ ਜਾਨੋ ਸਕਲ ਘਟਿ ਘਟਿ ਕੇ ਸ੍ਵਾਮੀ। ਚਾਰੋਂ ਚੱਕਨਿ ਸੰਗਤਾਂ ਚਾਹਤਿ ਚਿਤਪਾਵੈਂ।ਸਾਗਰਾਂਤਿ[੭]ਅਵਨੀ ਜਿਤਿਕਤੁ ਮਚਰਨਮਨਾਵੈਂ॥੨੪॥ ਪੂਰਵਹੁ ਸਭਿ ਕੀ ਕਾਮਨਾ ਨਹਿਂ ਊਨ ਖਜ਼ਾਨਾ। ਹੋਰੋ ਜਸ ਜਸ ਭਾਵਨਾ ਦਿਹੁ ਫਲ ਤਿਮ ਨਾਨਾ। ਤ੍ਰਿਧ ਸਰੀਰ ਕੀ ਮਤ ਗਤੀ[੮] ਜਿਮ ਹੁਇ ਤਿਮ ਜਾਨੋ। ਤੁਮ ਤੇ ਸੁਤ ਸਪਤਨਿ[੯] ਲਹਯੋ ਦੁਤਿਵਾਨ ਮਹਾਨੋ ॥ ੨੫॥ ਬਿਨ ਨੰਦਨ ਆਨੰਦ ਨਹਿਂ ਘਰ ਸੁੰਨ ਸਮਾਨਾ[੧੦]। ਦੀਪਕ ਜਥਾ ਪ੍ਰਕਾਸ਼ ਕਰਿ ਤਿਮ ਕਹਿਂ ਮਤਿਵਾਨਾ।ਪੂਖਨ[੧੧] ਕਰੈ ਪ੍ਰਕਾਸ਼ ਦਿਨ ਸਭਿ ਜਗ ਸੁਖਪਾਵੈ। ਨਿਸ ਕਾ ਦੀਪਕ ਚੰਦ ਹੈ ਤਮ ਦੂਖ ਨਸਾਵੈ"॥੨੬॥ ਭਾਖਯੋ ਕ੍ਰਿਪਾਨਿਧਾਨ 'ਕਰਿ ਸਿਖ ਸੰਤਨਿ ਸੇਵਾ। ਭੋਜਨ ਨਾਨਾ ਭਾਂਤਿ ਕੇ ਦੇ ਬਿਨ ਅਹੰਮੇਵਾ। ਪ੍ਰਾਪਤਿ ਹੁਇ ਸਭਿ ਕਾਮਨਾ ਸਤਿਸੰਗਤ ਪਾਸੀ। ਲਹੈਂ ਅਨੰਦ ਜੁਗ ਲੋਕ ਕੌ ਜੋ ਕਰਹਿ ਹੁਲਾਸੀ[੧੨]'॥੨੭॥ਸੁਨਿਕਰਿ ਮਾਨਯੋਂ ਹੁਕਮ ਕੋ ਕਰਿ ਨਮੋ ਸਿਧਾਰੀ।ਹਿਤ ਅਹਾਰ ਬਹੁ ਭਾਂਤਿ ਕੇ ਕਰਿਵਾਇਸੁ ਤਯਾਰੀ। ਅਬਿਤ ਸੰਤ ਸਿਖ ਜੋ ਹੁਤੇ ਤਿਨ ਕੌ ਤ੍ਰਿਪਤਾਵੈ।ਮਨ ਮਹਿਂਧਰਿ ਸੁਤਕਾਮਨਾ ਸਤਿਗੁਰੂ ਰਿਝਾਵੈ ॥ ੨੯॥ ਨਿਤ ਨਵੀਨ[੧੩] ਅਨਵਾਇ ਕਰਿ ਤਿਨ ਚਰਨ ਪਖਾਰੇ।

[੧]ਸ੍ਰੇਸ਼ਟ ਬ੍ਰਿਤੀ ਵਾਲੀ, ਸੁਹਣੇ ਆਚਾਰ ਵਾਲੀ। [੨]ਨੀਵੀਂ। [੩]ਲਜਿਆ ਰੋਕਦੀ ਹੈ। [੪]ਖੜੀ ਹੈ। [੫]ਹੇ ਸੁਪਤਨੀ! (ਅ) ਐਉਂ ਬੀ ਲਾਉਂਦੇ ਹਨ, ਸੁ ਮੱਧ ਮੇਂ ਬਾਰਤਾ=(ਜੋ) ਗਲ ਹੈ ਸੁਹਣੇ ਦਿਲ ਵਿੱਚ। [੬]ਕਹਿਣ ਲਗੀ (ਸ੍ਰੀ ਜੀਤੋ ਜੀ)। [੭]ਸਮੁੰਦਰ ਦੇ ਅੰਤਤਕ। [੮]ਗਤਿਮਿਤ, ਹਾਲਤ। [੯]ਸਉਕਣ ਨੇ। [੧੦]ਸੁੰਞ ਸਮਾਨ ਹੈ। [੧੧]ਸੂਰਜ। [੧੨]ਖੁਸ਼ੀ ਨਾਲ। [੧੩]ਨਵੇਂ (ਸਿਖ ਸੰਗਤ)।

Sri Satguru Jagjit Singh Ji eLlibrary NamdhariElibrary@gmail.com

ਲੇ ਕਰਿ ਬਿਜਨਾ ਹਾਥ ਮੈਂ ਸੁਖ[੧] ਪੌਨ ਝੁਲਾਰੇ। ਇੱਤਨਾਦਿਕ ਸੇਵਾ ਅਧਿਕ ਕਿਯ ਜੀਤੋ ਰਾਨੀ।ਪ੍ਰਭੁ ਮਨ ਪਰਮ ਪ੍ਰਸੰਨ ਭੇ ਸਗਰੇ ਸੁਖਦਾਨੀ ॥੨੯॥ਬੀਤਯੋ ਆਦਿਤਵਾਰ ਜਬਿ ਨਿਸ ਬਿਖੈ ਗੁਸਾਈਂ।ਬਸੇ ਮਹਿਲ ਹਿਤ ਪੁੱਤ੍ਰ ਕੇ, ਬਸਿ ਪ੍ਰੇਮ ਸਦਾਈ। ਸ੍ਰੀ ਜੀਤੋ ਕੀ ਕਾਮਨਾ ਤਬਿ ਪੂਰਨ ਕੀਨੀ। ਧਰਯੋ ਗਰਭ ਹਰਖਤਿ ਭਈ ਪਤਿ ਸੇਵ ਪ੍ਰਬੀਨੀ ॥ ੩੦ ॥ ਬਡਭਾਗਨ ਅਨੁਰਾਗਨੀ[੨] ਉਰ ਕੰਤ ਬਸਾਯੋ। ਨਿਸ ਬਾਸੁਰ ਚਿਤਵਤਿ ਸੁਮਤਿ ਅਤਿ ਪ੍ਰੇਮ ਵਧਾਯੋ। ਦਿਨਪ੍ਰਤਿ ਬ੍ਰਿੱਧਾ[੩] ਗਰਭ ਕੀ ਦੁਤਿ ਹ੍ਵੈ ਅਧਿਕਾਈ। ਮਨੋ ਦੂਜ ਤੇ ਚੰਦ੍ਰਮਾ ਪੂਰਵਤਿ[੪] ਸੁਖਦਾਈ ॥ ੩੧ ॥ ਜਿਸ ਮੰਦਰ ਮਹਿਂ ਮੁਦਿਤ ਚਿਤ ਥਿਰਤਾ ਕੋ ਧਾਰੈ। ਅਧਿਕ ਲਹੈਂ ਸ਼ੋਭਾ ਤਬਹਿ ਬਡਿ ਕਰਿ ਉਜਿਯਾਰੈ।ਬੀਤ ਗਏ ਨਵ ਮਾਸ ਇਮ ਹਰਖਤਿ ਪਰਿਵਾਰਾ।ਸਹਿਤ ਪੁੱਤ੍ਰ ਪਰਤੀਖਨਾ ਉਤਸਵ ਹੁਇ ਭਾਰਾ ॥੩੨॥ਚੇਤ ਸੁਦੀ ਥਿਤ ਸਪਤਮੀ ਕੁਜ ਬਾਸੁਰ[੫] ਆਵਾ। ਸੱਤ੍ਰਾਂ ਸੈ ਸੈਤਾਲੀਏ ਸੰਮਤ ਮੁਦ ਛਾਵਾ। ਭਲੇ ਲਗਨ ਗ੍ਰਹ ਊਚ ਕਛੁ ਜਨਮਯੋ ਸੁਖ ਪਾਏ। ਸੇਬਨਮਾਨ ਗਨ ਧਾਇ[੬] ਤੇ ਬਹੁ ਦੀਪ ਜਗਾਏ॥੩੩॥ ਮੰਗਲ ਮੰਗਲਵਾਰ ਮੈਂ ਬਜਿ ਉਠੀ ਬਧਾਈ। ਬਾਦਿਤ੍ਰ ਅਨਿਕ ਪ੍ਰਕਾਰ ਕੇ ਦਰ ਪਰ ਸਮੁਦਾਈ। ਸ੍ਰੀ ਗੁਜਰੀ ਬਹੁ ਭਾਂਤਿ ਕਰਿ ਉਤਸਵ ਕੋ ਠਾਨਾ। ਮੰਗਤਿ ਗਨ ਜਨ ਸੁਨਤਿ ਹੀ ਦੌਰੇ ਹਿਤ ਦਾਨਾ। ੩੪ ॥ ਭਈ ਭੀਰ ਬਡ ਪੌਰ ਪਰ ਧਨ ਪਾਇ ਉਦਾਰਾ । 'ਚਿਰੰਜੀਵ ਗੁਰ ਪੁੱਤ੍ਰ ਹੁਇ' ਸਭਿ ਬਾਕ ਉਚਾਰਾ। ਇਤ ਕਲਗ਼ੀਧਰ ਕੇ ਨਿਕਟ ਪਾਵਹਿਂ ਮਨ ਭਾਯੋ। ਆਸ਼ਿਖ ਕੀਰਤਿ ਕੇ ਸਹਿਤ ਸਭਿ ਕਹਤਿ ਸੁਨਾਯੋ। ੩੫॥ ਇਕ ਗੁਜਰੀ ਕੇ ਜਾਇ ਢਿਗ ਬਹੁ ਦੇਤਿ ਬਧਾਈ। ਹਰਿਤ ਦੂਰਬਾ ਅਰਪਿ ਕਰਿ ਪ੍ਰਾਪਤਿ ਮਨ ਭਾਈ[੭]। ਫੂਲਨਿ ਮਾਲ ਬਿਸਾਲ ਕੌ ਅਰੁ ਬੰਦਨਵਾਲਾਂ[੮]। ਸਭਿ ਦਰ ਪਰ ਬੰਧਨਿ ਕਰੀ ਦਲ ਹਰਿਤ ਬਿਸਾਲਾਂ[੯] ॥ ੩੬॥ ਮੁਕਤਾ ਲਰੀਅਨ ਪੋਇ ਕਰਿ ਵਿਚ ਕੰਚਨ ਸੂਤਾ[੧੦]। ਬਾਂਧੀ ਦ੍ਵਾਰੈ ਚਾਰੁ[੧੧] ਪਰ ਜਹਿ ਜਨਮ ਸਪੂਤਾ। ਸੋਢਿਬੰਸ ਕੀ ਰੀਤਿ ਸਭਿ ਕਹਿ ਕਰਿ

[੧]ਸੁਖਦਾਈ। [੨]ਪ੍ਰੇਮਣ ਨੇ। [੩]ਵਧਣ ਨਾਲ। [੪]ਪੂਰਣ ਹੋ ਰਿਹਾ ਹੈ। [੫]ਮੰਗਲਵਾਰ। [੬]ਦਾਈਆਂ। [੭]ਹਰਾ ਖੱਬਲ ਘਾਸ ਸਮਰਪਨ ਕਰਕੇ ਪ੍ਰਾਪਤ ਕਰਦੇ ਹਨ ਮਨੋ ਕਾਮਨਾ। [੮]ਤੋਰਣ। [੯]ਸਾਰੇ ਦਰਾਂ ਤੇ ਹਰੇ ਪੱਤੇ ਬਹੁਤੇ ਬੰਨ੍ਹੇ। [੧੦]ਭਾਵ ਮੋਤੀਆਂ ਦੀਆਂ ਲੜੀਆਂ ਪ੍ਰੋਤੀਆਂ ਹਨ ਤਿੱਲੇ ਦੇ ਸਤ ਵਿਚ। [੧੧]ਸੁੰਦਰ।

Sri Satguru Jagjit Singh Ji eLlibrary NamdhariElibrary@gmail.com

ਕਰਿਵਾਈ । ਪੌਤ੍ਰ ਜਨਮ ਤੇ ਮੋਦ ਮਨ ਗੁਜਰੀ ਸੁਖ ਪਾਈ ॥੩੭॥ ਦੂਸਰ ਜੰਗ ਨਦੌਣ ਕੋ ਜਯ ਲੈ ਕਰਿ ਆਏ । ਜਨਮ ਪੁੱਤ੍ਰ ਭਾ ਦੂਸਰੇ ਬਹੁ ਬਜੇ ਵਧਾਏ।ਰਿਦੈ ਬਿਚਾਰਨੋ ਸਤਿਗੁਰੂ ਧਰਿਬੇ ਹਿਤ ਨਾਮੂ। 'ਜੋਰਾਵਰ ਸਿੰਘ*' ਤਬਿ ਕਹਨੋ ਬਿਦਤਨੋ ਸੁਖ ਧਾਮੂ ॥ ੩੮ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਜ਼ੋਰਾਵਰ ਸਿੰਘ ਜਨਮ' ਪ੍ਰਸੰਗ ਬਰਨਨੰ ਨਾਮ ਚਤੁਰ ਚੱਤ੍ਵਾਰਿੰਸਤੀ ਅੰਸੂ ॥ ੪੪ ॥

---

*ਸਾਹਿਬਜ਼ਾਦਿਆਂ ਦੇ 'ਜਨਮ-ਕ੍ਰਮ' ਪਰ ਕੁਛ ਰਾਇ ਦਾ ਵਖੇਵਾਂ ਹੈ, ਸਾਰੀ ਖੋਜ ਇਸ ਪ੍ਰਕਾਰ ਹੈ:-

੧. ਕਵਿ ਸੰਤੋਖ ਸਿੰਘ ਜੀ ਦੇ ਦਿਤੇ ਜਨਮ ਤਿੱਥਾਂ ਦੇ ਹਿਸਾਬ ਸਾਹਿਬਜ਼ਾਦਿਆਂ ਦਾ ਕ੍ਰਮ ਇੱਕੁਰ ਹੈ:-

ਬਾਬਾ ਅਜੀਤ ਸਿੰਘ ਜੀ, ਮਾਘ ਸੁਦੀ ਚੌਥ ਸੰਮਤ ੧੭੪੩†, ਮਾਤਾ ਸੁੰਦਰੀ ਜੀ ਦੇ ਉਦਰੋਂ ।
ਬਾਬਾ ਜ਼ੋਰਾਵਰ ਸਿੰਘ ਜੀ, ਚੇਤ ਸੁਦੀ ਸੱਤਮੀ ਸੰਮਤ ੧੭੪੭, ਮਾਤਾ ਜੀਤੋ ਜੀ ਦੇ ਉਦਰੋਂ ।
ਬਾਬਾ ਜੁਝਾਰ ਸਿੰਘ ਜੀ, ਮਾਘ ਸੁਦੀ ਏਕਮ ਸੰਮਤ ੧੮੫੩†, " "
ਬਾਬਾ ਫਤਹ ਸਿੰਘ ਜੀ, ਫਗਨ ਸੁਦੀ ਇਕਾਦਸ਼ੀ ਸੰਮਤ ੧੭੫੫, " "

ਇਸ ਮੂਜਬ ਆਪ ਨੇ ਏਥੇ ਵਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਉਨ੍ਹਾਂ ਤੋਂ ਛੋਟੇ ਜੋਰਾਵਰ ਸਿੰਘ ਜੀ ਦੀ ਸ਼ਹਾਦਤ ਚਮਕੌਰ ਦੱਸੀ ਹੈ ਤੇ ਬਾਬਾ ਜੁਝਾਰ ਸਿੰਘ ਤੇ ਬਾਬਾ ਫਤਹ ਸਿੰਘ ਜੀ ਦੀ ਸ਼ਹਾਦਤ ਸਰਹਿੰਦ ਵਿਚ ਦੱਸੀ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ੧੯੦੦ ਵਿਚ ਮੁਕਾ ਹੈ।

੨. ਗੁਰ ਬਿਲਾਸ ਭਾਈ ਸੁੱਖਾ ਸਿੰਘ ਜੀ ਜੋ ਸੰਮਤ ੧੮੫੪ ਵਿਚ ਲਿਖਿਆ ਗਿਆ, ਇਸ ਵਿਚ ਸ਼ਹਾਦਤ ਦੇ ਪ੍ਰਸੰਗ ਵਿਚ ਸੂਰਜ ਪ੍ਰਕਾਸ਼ ਵਾਲਾ ਹੀ ਕ੍ਰਮ ਦਿੱਤਾ ਹੈ। ਇਸ ਤੋਂ ਪਤਾ ਲੱਗਾ ਕਿ ਕਵਿ ਸੰਤੋਖ ਸਿੰਘ ਜੀ ਨੇ ਆਪਣਾ ਕ੍ਰਮ ਇਸੇ ਗੁਰ ਬਿਲਾਸ ਤੋਂ ਲੀਤਾ ਹੈ।

੩. ਸੌ ਸਾਖੀ ਵਿਚ ਮਾਤਾ ਜੀਤੋ ਜੀ ਦੇ ਸਪੁਤ੍ਰਾਂ ਦਾ ਕ੍ਰਮ ਇਹ ਦਿੱਤਾ ਹੈ:-ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ,ਤੇ ਬਾਬਾ ਫਤਹ ਸਿੰਘ ਅਤੇ ਬਾਬਾ ਅਜੀਤ ਸਿੰਘ ਜੀ ਮਾਤਾ ਸੁੰਦਰੀ ਜੀ ਦੇ ਬੇਟੇ ਦੱਸੇ ਹਨ, ਪਰ ਇਸ ਨੇ ਤ੍ਰਿਹਾਂ ਪਹਿਲਿਆਂ ਦੀ ਸਾਖੀ ਪਹਿਲੋਂ ਦਿੱਤੀ ਹੈ ਤੇ ਬਾਬਾ ਅਜੀਤ ਸਿੰਘ ਜੀ ਦੀ ਪਿਛੋਂ ਦਿੱਤੀ ਹੈ, ਜਿਸ ਤੋਂ ਜਾਪਦਾ ਹੈ ਕਿ ਏਹ ਬਾਬਾ ਫਤਹ ਸਿੰਘ ਤੇ ਬਾਬਾ ਅਜੀਤ ਸਿੰਘ ਜੀ ਨੂੰ ਛੋਟੇ ਗਿਣਦਾ ਹੈ। ਸੋ ਇਸ ਦਾ ਸਾਰਾ ਕ੍ਰਮ ਇੱਕੁਰ ਹੋਇਆ:-

ਬਾਬਾ ਜੁਝਾਰ ਸਿੰਘ ਜੀ।
ਬਾਬਾ ਜ਼ੋਰਾਵਰ ਸਿੰਘ ਜੀ।
ਬਾਬਾ ਫਤਹ ਸਿੰਘ ਜੀ।
ਬਾਬਾ ਅਜੀਤ ਸਿੰਘ ਜੀ।

੪. ਕਵਿ ਸੈਨਾਪਤਿ ਦਾ ਕ੍ਰਮ ਪਹਿਲੋਂ ਤਾਂ ਇਹ ਜਾਪਦਾ ਹੈ:-ਬਾਬਾ ਰਣਜੀਤ ਯਾ

[ਬਾਕੀ ਟੂਕ ਏਥੋਂ ਅਗਲੇ ਪੰਨੇ ਦੇ ਹੇਠ।]

---

†ਇਹ ਸੰਮਤ ਸ੍ਰੀ ਗੁਰ ਪ੍ਰਤਾਪ ਸੂਰਜ ਵਿਚ ਨਹੀਂ ।, ਹੋ। ਹਰ ਲਿਖਿਆਂ ਤੋਂ ਮੁਕਾਬਲਾ ਕਰਕੇ ਪਾਏ ਗਏ ਹਨ। ਤਿੱਥਾਂ ਗੁਰ ਪ੍ਰਤਾਪ ਸੂਰਜ ਵਿਚੋਂ ਮਾਨੀਆਂ ਹੈਨ।

Sri Satguru Jagjit Singh Ji eLlibrary NamdhariElibrary@gmail.com

## ੪੫. [ਸ੍ਰੀ ਗੁਰੂ ਜੀ ਦਾ ਪ੍ਰਤਾਪ]।

**ਦੋਹਰਾ॥ ਜ਼ੋਰਾਵਰ ਸਿੰਘ ਨਾਮ ਧਰਿ ਸੁਨਿ ਹਰਖ੍ਯੋ ਪਰਵਾਰ। ਉਤ ਅਜੀਤ ਸਿੰਘ ਖੇਲਤੇ ਭੂਖਨ ਸ਼ਬਦ ਸੁ ਧਾਰਿ॥ ੧॥ ਚੌਪਈ॥ ਸਤਿਗੁਰ ਘਰ ਜੁਗ**

---

[ਪਿਛਲੇ ਪੰਨੇ ਦੀ ਬਾਕੀ ਟੂਕ]

ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹ ਸਿੰਘ, ਪਰ ਅੱਗੇ ਜਾਕੇ ਗੜਬੜ ਪੈ ਜਾਂਦੀ ਹੈ। ਉਹਨਾਂ ਦਾ ਚਮਕੌਰ ਜੁਧ ਬਾਬਤ ਦੋਹਾ ਹੈ:—'ਜਬ ਦੇਖਿਓ ਜੁਝਾਰ ਸਿੰਘ ਸਮਾ ਪਹੂਚਿਓ ਆਨ। ਦੌਰਿਓ ਦਲ ਮੈਂ ਧਾਇਕੈ ਕਰ ਮੈਂ ਗਹੀ ਕਮਾਨ'। ਫਿਰ ਅੱਗੇ ਇਕ ਦੋ ਵੇਰ ਜੁਝਾਰ ਨਾਮ ਆ ਕੇ ਅੰਕ ੬੩, ੬੪ ਵਿਚ ਜ਼ੋਰਾਵਰ ਸਿੰਘ ਜੀ ਲੜਦੇ ਜਾਪਦੇ ਹਨ। ਪਰ ਅੰਕ ੭੩ ਵਿਚ ਜੋ ਸਾਹਿਬਜ਼ਾਦੇ ਸਰਹਿੰਦ ਆਏ ਹਨ, ਉਹਨਾਂ ਵਿਚ ਦੱਸਦੇ ਹਨ ਕਿ—'ਭਾਰੀ ਜਵਾਬ ਜੁਝਾਰ ਦਏ ਸੁਨਿ ਕੈ ਸਭ ਦੂਤਨ ਅੰਗ ਪਿਰਾਏ'। ਫਿਰ ਅੰਕ ੭੫ ਵਿਚ ਸਰਹਿੰਦ ਵਿਚ ਪ੍ਰਾਣ ਤਜਣ ਵਾਲੇ ਸਾਹਿਬਜ਼ਾਦਿਆਂ ਦੇ ਨਾਮ ਐਉਂ ਦਿਤੇ ਹਨ:—'ਫਤੇ ਸਿੰਘ ਜੁਝਾਰ ਸਿੰਘ ਇਹ ਬਿਧ ਤਜੇ ਪਰਾਨ। ਪਰਗਟ ਭਏ ਇਹ ਲੋਕ ਮੈਂ ਜਾਨਤ ਸਕਲ ਜਹਾਂਨ'। ਸੋ ਇਨ੍ਹਾਂ ਦੇ ਲਿਖੇ ਵਿਚ ਟਪਲਾ ਹੀ ਲਗਦਾ ਹੈ, ਪਹਿਲਾਂ ਜੁਝਾਰ ਸਿੰਘ ਜੀ ਨੂੰ ਚਮਕੌਰ ਲੜਦੇ ਦੱਸਦੇ ਹਨ ਫੇਰ ਸਰਹੰਦ ਵਿਚ ਜਵਾਬ ਕਰਦੇ ਤੇ ਪ੍ਰਾਣ ਤਜਦੇ ਦੱਸਦੇ ਹਨ।

ਇਹ ਖਿਆਲ ਭੀ ਕੀਤਾ ਜਾਂਦਾ ਹੈ ਕਿ ਜੁਝਾਰ ਸਿੰਘ ਜ਼ੋਰਾਵਰ ਸਿੰਘ ਜੀ ਇਕੋ ਸਾਹਿਬਜ਼ਾਦੇ ਜੀ ਦੇ ਦੋ ਨਾਮ ਸਨ, ਇਕ ਨਾਮ ਹੈ ਤੇ ਇਕ ਅੱਲ ਹੈ। ਪਰ ਇਹ ਗਲ ਜ਼ਫਰਨਾਮੇ ਵਿਚ ਆਏ ਸ੍ਰੀ ਮੁਖ ਵਾਕ ਤੋਂ ਗ਼ਲਤ ਹੋ ਜਾਂਦੀ ਹੈ ਜਿੱਥੇ ਸਾਹਿਬਜ਼ਾਦੇ ਚਾਰ ਗਿਣੇ ਹਨ:—

'ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤ ਚਾਰ।
ਕਿ ਬਾਕੀ ਬਿਮਾਂਦਸਤ ਪੇਚੀਦਹ ਮਾਰ। [ਹਿ: ੧-੭੮,

੫. ਭਾਈ ਰਤਨ ਸਿੰਘ ਜੀ ਭੰਗੂ ਨੇ ਚਮਕੌਰ ਵਿਚ ਸ਼ਹੀਦ ਹੋਣ ਵਾਲੇ ਨਾਮ:—
ਬਾਬਾ ਜੁਝਾਰ ਸਿੰਘ ਜੀ ਤੇ ਬਾਬਾ ਜ਼ੋਰਾਵਰ ਸਿੰਘ ਜੀ ਦਿਤੇ ਹਨ।
ਸਰਹਿੰਦ ਦੇ ਸ਼ਹੀਦ ਬਾਬਿਆਂ ਦੇ ਨਾਮ ਨਹੀਂ ਦਿਤੇ। ਸੋ ਇਨ੍ਹਾਂ ਦੇ ਹਿਸਾਬ ਬਾਬਾ ਫਤਹ ਸਿੰਘ ਤੇ ਬਾਬਾ ਅਜੀਤ ਸਿੰਘ ਜੀ ਛੋਟੇ ਸਹੀ ਹੁੰਦੇ ਹਨ ਜਿਨ੍ਹਾਂ ਨੂੰ ਆਪ ਸ਼ੀਰ ਖੋਰ ਕਹਿੰਦੇ ਤੇ ਨਾਮ ਨਹੀਂ ਦਿੰਦੇ। ਸੋ ਸਾਖੀ ਨਾਲ ਇਹ ਗਲ ਮੇਲ ਖਾਂਦੀ ਹੈ।

੬. ਮਹਿਮਾ ਪ੍ਰਕਾਸ਼ (ਬਾ: ਸਰੂਪ ਦਾਸ ਵਾਲੇ) ਤੋਂ ਬੀ ਇਹੋ ਗਲ ਸਹੀ ਹੁੰਦੀ ਹੈ ਜੋ ਰਤਨ ਸਿੰਘ ਜੀ ਭੰਗੂ ਨੇ ਲਿਖੀ ਹੈ। ਉਹਨਾਂ ਨੇ ਲਿਖਿਆ ਹੈ ਕਿ 'ਦੋਨੋ ਛੋਟੇ ਸ੍ਰੀ ਬਾਬਾ ਫਤਹ ਸਿੰਘ ਜੀ ਸ੍ਰੀ ਬਾਬਾ ਰਣਜੀਤ ਸਿੰਘ ਜੀ ਕੋ ਹੁਕਮ ਹੂਆ ਜੋ ਤੁਸੀਂ ਆਗੇ ਚਲੋ। ਔਰ ਦੋਨੋਂ ਸਾਹਿਬਜ਼ਾਦੇ ਬਡੇ ਜੋ ਥੇ ਆਗੇ ਸ਼ਹੀਦ ਹੋ ਚੁਕੇ ਥੇ। ਚਮਕੌਰ ਜੀ ਦੇਹੁਰਾ ਹੈ ਦੋਨੋਂ ਸਾਹਿਬਾਂ ਦਾ ਨਾਮ ਸ੍ਰੀ ਬਾਬਾ ਜੁਝਾਰ ਸਿੰਘ ਜੀ ਸ੍ਰੀ ਬਾਬਾ ਜ਼ੋਰਾਵਰ ਸਿੰਘ ਜੀ'। ਮਹਿਮਾ ਪ੍ਰਕਾਸ਼ ਦਾ ਸੰਮਤ ੧੮੩੩ ਬਿਕ੍ਰਮੀ ਹੈ।

੭, ਤਵਾਰੀਖ ਖਾਲਸਾ ਵਿਚ ਇਹ ਕ੍ਰਮ ਦਿਤਾ ਹੈ:—

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

Sri Satguru Jagjit Singh Ji eLlibrary NamdhariElibrary@gmail.com

ਸਾਹਿਬਜ਼ਾਦੇ। ਮਾਤ ਬਿਲੋਕਤਿ ਜਿਤ ਅਹਿਲਾਦੇ। ਬਸਨ ਬਿਭੂਖਨ ਪਾਇ ਨਵੀਨੇ। ਡੀਠ ਨ ਲਗਹਿ ਦਿਠੌਨਾ ਦੀਨੇ[1] ॥ ੨ ॥ ਕਰਹਿ ਦੁਲਾਰਨ ਦਾਈ ਦਾਏ[2]। ਪੁਰਿ ਨਰ ਨਾਰਿ ਹੇਰਿ ਹਰਖਾਏ। ਸੰਗਤਿ ਸਹਿਤ ਮਸੰਦਨਿ ਬ੍ਰਿੰਦ। ਸੁਨਹਿ ਜਨਮ ਗੁਰ ਨੰਦ ਅਨੰਦ ॥ ੩ ॥ ਅਲੰਕਾਰ ਰਚਨਾ

[1](ਇਸ ਕਰਕੇ) ਕਾਲਾ ਦਾਗ਼ ਲਾਇਆ। [2]ਦਾਈ=ਪਾਲਣ ਵਾਲੀ। ਦੁੱਧ ਚੁੰਘਾਉਣ ਵਾਲੀ। ਦਾਇਆ=ਖਿਡਾਵਾ।

[redacted] [ਪਿਛਲੇ ਪੰਨੇ ਦੀ ਬਾਕੀ ਟੂਕ]

ਬਾਬਾ ਅਜੀਤ ਸਿੰਘ ਜੀ।
ਬਾਬਾ ਜੁਝਾਰ ਸਿੰਘ ਜੀ।
ਬਾਬਾ ਜ਼ੋਰਾਵਰ ਸਿੰਘ ਜੀ।
ਬਾਬਾ ਫਤਹ ਸਿੰਘ ਜੀ।

੮. ਮਿ: ਮੈਕਾਲਫ ਤੇ ਸ: ਖਜ਼ਾਨ ਸਿੰਘ ਜੀ ਨੇ ਜੋ ਕ੍ਰਮ ਦਿਤਾ ਹੈ ਸੋ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਾਲਾ ਹੀ ਹੈ:—

੯. ਕਨ੍ਹੱਯਾ ਲਾਲ, ਦੌਲਤ ਰਾਏ, ਸਾਧੂ ਗੋਬਿੰਦ ਸਿੰਘ ਜੀ ਆਦਿਕ ਲੇਖਕਾਂ ਨੇ ਇਹ ਕ੍ਰਮ ਦਿਤਾ ਹੈ:—

ਬਾਬਾ ਅਜੀਤ ਸਿੰਘ ਜੀ।
ਬਾਬਾ ਜੁਝਾਰ ਸਿੰਘ ਜੀ।
ਬਾਬਾ ਜ਼ੋਰਾਵਰ ਸਿੰਘ ਜੀ।
ਬਾਬਾ ਫਤਹ ਸਿੰਘ ਜੀ।

੧੦. ਜੋ ਕ੍ਰਮ ਸਰਹਿੰਦ ਵਿਚ ਸੀਨੇ ਬਸੀਨੇ ਸੇਵਾਦਾਰਾਂ ਦੇ ਯਾਦ ਆ ਰਿਹਾ ਹੈ* ਸੋ ਇਹੋ ਹੈ ਜੋ ਉਪਰ ਅੰਕ ੭ ਤੇ ੯ ਵਿਚ ਆਇਆ ਹੈ:—

੧੧. ਮਹਿਮਾ ਪ੍ਰਕਾਸ਼ ਵਾਰਤਕ ਦੇ ਰਚੇ ਜਾਣ ਦਾ ਸੰਮਤ ੧੭੯੮ ਹੈ ਇਨ੍ਹਾਂ ਨੇ ਪੁਸਤਕ ਦੇ ਅੰਤ ਵਿਚ ਬੰਸਾਵਲੀ ਗੁਰੂ ਘਰ ਦੀ ਦਿਤੀ ਹੈ ਉਸ ਵਿਚ ਕ੍ਰਮ ਇਹੋ ਦਿਤਾ ਹੈ ਜੋ ਸਰਹਿੰਦ ਵਿਚ ਸੀਨੇ ਬਸੀਨੇ ਆ ਰਿਹਾ ਹੈ। ਯਥਾ:—

ਬਾਬਾ ਅਜੀਤ ਸਿੰਘ ਜੀ।
ਬਾਬਾ ਜੁਝਾਰ ਸਿੰਘ ਜੀ।
ਬਾਬਾ ਜ਼ੋਰਾਵਰ ਸਿੰਘ ਜੀ।
ਬਾਬਾ ਫਤਹ ਸਿੰਘ ਜੀ।

ਹੁਣ ਤਕ ਦੀਆਂ ਮਿਲੀਆਂ ਗਵਾਹੀਆਂ ਤੋਂ ਇਹ ਉਗਾਹੀ ਸਭ ਤੋਂ ਪੁਰਾਤਨ ਹੈ ਤੇ ਲਿਖਣ ਵਾਲੇ ਨੇ ਸਪਸ਼ਟ ਲਿਖਿਆ ਹੈ, ਗੁਰ ਸ਼ੋਭਾ ਦੇ ਲੇਖ ਵਾਂਙੂ ਭਰਮ ਕੋਈ ਨਹੀਂ ਪੈਂਦਾ ਇਸ ਕਰਕੇ ਇਸੇ ਕ੍ਰਮ ਨੂੰ ਸਹੀ ਮੰਨਣਾ ਠੀਕ ਹੈ।

*ਗਿਆਨੀ ਸਰਦਾਰ ਮਾਨ ਸਿੰਘ ਜੀ।

Sri Satguru Jagjit Singh Ji eLlibrary NamdhariElibrary@gmail.com

ਬਿਧਿ ਨਾਨਾ। ਸੁਧਰਾਵਹਿ[1] ਦੇ ਦਰਬ ਮਹਾਨਾ। ਭਾਂਤਿ ਭਾਂਤਿ ਕੇ ਬਸਨ ਬਨਾਵਹਿ। ਗੁਰੂ ਰਿਝਾਵਨਿ ਕਾਰਨ ਲਜਾਵਹਿ॥ ੪॥ ਕਲਗੀਧਰ ਘਰ ਉਤਸਵ ਘਨੇ। ਦਿਨ ਪ੍ਰਤਿ ਹੋਤਿ ਅਨੰਦ ਕੋ ਜਨੇ[2]। ਦਿਵਸ ਬਸੋਏ[3] ਕੋ ਬਡ ਮੇਲਾ। ਚਹੁੰ ਦਿਸ਼ਿ ਤੇ ਨਰ ਨਾਰਿ ਸਕੇਲਾ॥ ੫॥ ਸ਼ਸਤ੍ਰ ਸਜਾਇ ਉਚ ਥਲ ਬੈਸੇ। ਬੀਚ ਸਭਾ ਕੇ ਰਘੁਵਰ ਜੈਸੇ। ਵਸਤੁ ਅਜਾਇਬ ਪੁੰਜ ਅਕੋਰ। ਅਰਪਤਿ ਆਨਿ ਦੁਊ ਕਰ ਜੋਰਿ॥ ੬॥ ਜੁਗ ਲੋਕਨਿ ਕੀ ਚਹਿ ਕੱਲਯਾਨਾ। ਦਰਸ਼ਨ ਦਰਸਹਿ ਭਾਵ ਮਹਾਨਾ। ਸੁਤ ਬਿਤ ਆਦਿ ਰਿਦੇ ਕਰਿ ਆਸ। ਖਰੇ ਹੋਇ ਭਾਖਤਿ ਅਰਦਾਸ॥੭॥ ਤਨ ਅਰੋਗਤਾ ਜਾਚਤਿ ਸੋਈ। ਭਗਤਿ ਗਯਾਨ ਚਹਿ ਸੇਵਤਿ ਕੋਈ। ਲੋਕ ਹਜ਼ਾਰਹੁੰ ਦਰਸ਼ਨ ਕਰਿ ਕਰਿ। ਲਹੈਂ ਕਾਮਨਾ ਮੁਦ ਉਰ ਧਰਿ ਧਰਿ॥ ੮॥ ਆਪ ਆਪਨੇ ਸਦਨ ਸਿਧਾਰੈਂ। ਚਹੁੰ ਦਿਸ਼ਿ ਮਹਿ ਸ਼ੁਭ ਸੁਜਸੁ ਪਸਾਰੈਂ। ਕੇਚਿਤ ਰਹੈਂ ਸਮੀਪ ਗੁਸਾਈਂ। ਸੇਵਤਿ ਚਰਨ ਕਮਲ ਸੁਖਦਾਈ॥ ੯॥ ਸਾਹਿਬ-ਜ਼ਾਦਨ ਕੌ ਦਰਸੰਤੇ। ਕਰਹਿ ਦੁਲਾਰਨਿ ਅਨੰਦ ਵਧੰਤੇ। ਪੋਤ੍ਰਨ ਕੋ ਪ੍ਰਤਿ-ਪਾਰਨ ਆਛੇ। ਸ੍ਰੀ ਗੁਜਰੀ ਨਿਤ ਸ੍ਰੇਯਹਿ ਬਾਛੇ[4]॥੧੦॥ ਧਰਹਿ ਪ੍ਰੇਮ ਨਿਜ ਅੰਕ ਬਿਠਾਰਹਿ। ਬਾਰਿ ਬਾਰਿ ਮੁਖ-ਕਮਲ ਨਿਹਾਰਹਿ।—ਸੁਤ ਕੋ ਬੈਸ ਬ੍ਰਿੱਧਤਾ ਪਾਵਹਿ—। ਰਿਦੇ ਬਿਚਾਰਤਿ ਮੋਦ ਉਪਾਵਹਿ॥ ੧੧॥ ਸ੍ਰੀ ਅਜੀਤ ਸਿੰਘ ਆਂਗਨ ਮਾਂਹੀ। ਪਾਇ ਬਿਭੂਖਨ ਸ਼ਬਦ* ਉਠਾਹੀਂ। ਕਰਹਿ ਹਕਾ-ਰਨ ਨਿਕਟ ਬਿਠਾਵਹਿ। ਤਊ ਦੌਰਿ ਖੇਲਨਿ ਹਿਤ ਜਾਵਹਿ॥੧੨॥ ਮਾਤ੍ਰ ਸੁੰਦਰੀ ਸੁੰਦਰ ਨੰਦਨ। ਅਵਿਲੋਕਤਿ ਕਰਤਾ ਅਭਿਬੰਦਨ[5]। ਰੱਛਾ ਠਾਨਤਿ ਅਨਿਕ ਪ੍ਰਕਾਰਨਿ। ਦਧਿ ਓਦਨ[6] ਅਚਵਾਇ ਅਹਾਰਨਿ॥੧੩॥ ਪਿਤਾ ਸਮੀਪ ਜਾਤਿ ਜਿਹ ਸਮੇਂ। ਦੇਖਿ ਅਪਰ ਕੋ ਠਾਨਤਿ ਨਮੇ[7]। ਬਾਲਿਕ ਲੀਲਾ ਕਰਤਿ ਦਿਖਾਵਤਿ। ਸਭਿਹਿਨ ਕੇ ਮਨ ਮੋਦ ਉਪਾਵਤਿ॥ ੧੪॥ ਸ੍ਰੀ ਜ਼ੋਰਾਵਰ ਸਿੰਘ ਲਘੁ ਬਯ ਮੈਂ। ਰਹੈਂ ਸਦਨ ਮਹਿ ਬ੍ਰਿੰਦਨ ਤਿਯ ਮੈਂ। ਵਧਤਿ ਦੋਹਿ ਨਿਸ ਦਿਨ ਪ੍ਰਤਿਪਾਰਹਿ। ਦਾਸੀ ਦੇਤਿ ਵਿਲਾਸ ਉਚਾਰਹਿ॥ ੧੫॥ ਇਸ ਬਿਧਿ ਦ੍ਵੈ ਕਲਗੀਧਰ ਨੰਦਨ। ਦਰਸ਼ਨ ਦੇਤਿ ਕਰਤਿ

[1]ਬਣਵਾਉਂਦੇ ਹਨ। [2]ਜਣਾਵਣ ਵਾਲੇ। [3]ਵਸਾਖੀ। [4]ਸੁਖ ਮੰਗਦੀ ਹੈ। [5]ਦੇਖਣ ਵਾਲੇ ਨਮਸਕਾਰ ਕਰਦੇ ਹਨ। [6]ਦਹੀਂ ਚਾਵਲ। [7]ਹੋਰ (ਸਿਖਾਂ) ਨੂੰ (ਨਮੋ ਕਰਦਿਆਂ) ਦੇਖਕੇ ਨਮਸਕਾਰ ਕਰਦੇ ਹਨ। (ਅ) (ਜੇਹੜਾ) ਕੋਈ (ਸਾਹਿਬਜ਼ਾਦਿਆਂ ਨੂੰ) ਦੇਖਦਾ ਹੈ ਨਮਸਕਾਰ ਕਰਦਾ ਹੈ। *ਪਾ:—ਬਸਤ੍ਰ।

Sri Satguru Jagjit Singh Ji eLlibrary NamdhariElibrary@gmail.com

ਅਭਿਬੰਦਨ ।ਹਸਤਿ ਹਸਾਵਤਿ ਲੀਲਾ ਠਾਨਤਿ।ਦਾਸ ਅਨੇਕ ਸਾਥ ਅਨੁ-
ਮਾਨਤਿ[੧]-॥੧੬॥ ਜਬਿ ਸਤਿਗੁਰ ਅਲਸੂਨ ਉਜਾਰਾ। ਪਰੀ ਧਾਂਕ ਤਬਿ
ਬਾਇਸ ਧਾਰਾ ।ਸਰਬ ਧਾਰ[੨] ਤੇ ਤ੍ਰਾਸਤਿ*ਰਿਦੇ।-ਛੀਨਹਿ ਰਾਜ ਗੁਰੂ ਜਦ
ਕਦੇ-॥ ੧੭ ॥ ਕੇਤਿਕ ਸੰਧਿ ਕਰੀ ਮਿਲਿ ਗਏ। ਸਾਹਿਬ ਕਰਾਮਾਤ ਲਖਿ
ਲਏ। ਪਠਹਿ ਮੁਸਾਹਿਬ ਕੈ ਚਲਿ ਆਪ।ਦਰਸਹਿਂ ਬਦਨ ਪਾਪ ਗਨਖਾਪ
॥੧੮॥ਅਨਿਕ ਪ੍ਰਕਾਰ ਉਪਾਇਨ ਆਛੇ।ਪਠਤਿ ਰਹੇ ਗੁਰ ਸੋਂ ਰਸ ਬਾਂਛੇ।ਜੇ
ਸੈਲਨ ਕੀ ਵਸਤੁ ਅਜਾਇਬ। ਬਾਰਿ ਬਾਰਿ ਭੇਜਹਿਂ ਢਿਗ ਸਾਹਿਬ॥੧੯॥
ਤਿਨਕੇ ਸੰਗ ਤਿਸੀ ਹੀ ਰੀਤ। ਕਲਗ਼ੀਧਰ ਵਰਤਹਿ ਹਿਤ ਚੀਤ। ਕ੍ਰਿਪਾ
ਦ੍ਰਿਸ਼ਟਿ ਕੌ ਧਾਰਨ ਕਰੈਂ।ਰਾਜਨੀਤ ਕੇ ਬਚੰਤ ਉਚਰੈਂ॥੨੦॥ਕੇਤਿਕ ਧਰ-
ਹਿਂ ਦੁਸ਼ਟਤਾ ਮੰਦੇ। ਤੇ ਨਿਤ ਰਹਿ ਸਵਧਾਨ ਬਿਲੰਦੇ।ਦੇ ਬੀਰਨਿ ਕੋ ਜੰਗ
ਸਮਾਜੂ। ਰਾਖਹਿ ਤਯਾਰ-ਹੋਹਿ[੩] ਕਬਿ ਕਾਜੂ-॥ ੨੧ ॥ ਨਰ ਅਨੰਦ ਪੁਰਿ
ਬੇਮੁਖ ਜੋਈ। ਗੁਰ ਮਹਿਮਾਂ ਕੋ ਲਖੈਂ ਨ ਤੇਈ। ਉਰ ਮਹਿ ਡਰ ਧਰਿ
ਕੁਮਤਿ ਗਵਾਰੇ। ਛੋਰਿ ਸ਼ਹਿਰ ਕੋ ਭਾਜਿ ਸਿਧਾਰੇ ॥੨੨॥ਅਪਰ ਗ੍ਰਾਮ ਪੁਰਿ
ਮਹਿ ਚਲਿ ਬਾਸੇ। ਦੇਖਤਿ ਲੋਕ ਕਰਹਿ ਸਭਿ ਹਾਸੇ। ਕਹੂੰ ਜੀਵਕਾ ਹਾਥ
ਨ ਆਈ। ਹਾਰੇ ਕਰਿ ਕਰਿ ਅਨਿਕ ਉਪਾਈ ॥ ੨੩ ॥ ਜਿਨ ਪਰ ਕੋਪ
ਗੁਰਨਿ ਕੋ ਹੋਵੈ।ਲੋਕ ਪ੍ਰਲੋਕ ਤਿਨਹੁੰ ਕੋ ਖੋਵੈ[੪]। ਇਹਾਂ[੫]ਸਦਾ ਦਾਰਿਦ ਬਸਿ
ਰਹੈਂ। ਮਾਂਗਹਿ ਨਹਿ ਬਿਰਾਟਕਾ[੬] ਲਹੈਂ ॥ ੨੪ ॥ ਤਜੈਂ ਪ੍ਰਾਨ ਜਮਦੂਤ
ਹਰੈਤੈ[੭]।ਨਰਕ ਜਾਤਨਾ[੮]† ਘਨੀ ਸਹੈਤੈ।ਜਿਨ ਤੇ ਲੇਹਿ ਗੁਰੂ ਮੁਖ ਫੇਰੀ।
ਪ੍ਰਥਮ ਮਿੱਤ੍ਰ ਤਿਨ ਬਨਿ ਹੈਂ ਬੈਰੀ[੯]॥ ੨੫ ॥ ਜਹਾਂ ਜੇਵਰੀ ਪਿਖਿ ਕਰ
ਘਾਲਹਿ[੧੦]।ਤਹਿ ਕ੍ਰੂਰਨ ਦਾਰੁਨ ਹ੍ਵੈ ਬ੍ਯਾਲਹਿ[੧੧]।ਜਹਾਂ ਲੇਨਿ ਹਿਤ ਕੰਚਨ
ਤਾਕਹਿ। ਤਹਿ ਤਤਕਾਲ ਮੂਠ ਹ੍ਵੈ ਖ਼ਾਕਹਿ॥੨੬॥ ਦੌਰਤਿ ਇਹਾਂ ਲਖਹਿ
ਮੁਦ ਲੈਹੈਂ[੧੨]। ਅਨਿਕ ਭਾਂਤਿ ਤਹਿ ਸਾਸਨ ਪੈਹੈਂ। ਦੁਖ ਦਾਇਕ ਹ੍ਵੈ

[੧]ਨਾਲ ਦੇ ਦਾਸ ਅਨੇਕ ਤਰ੍ਹਾਂ ਨਾਲ ਅਨੁਮਾਨ ਕਰਦੇ ਹਨ (ਅ)..... ਸਤਿਕਾਰ ਕਰਦੇ ਹਨ। [੨]ਸਾਰੀਆਂ ਧਾਰਾਂ (ਦੇ ਰਾਜੇ)। [੩]ਹੋਣਗੇ। [੪]ਨਾਸ਼ ਹੋ ਜਾਂਦਾ ਹੈ। [੫]ਇਸ ਲੋਕ ਵਿੱਚ। [੬]ਕੌਡੀ। [੭]ਪਕੜਦੇ ਹਨ। [੮]ਤਾੜਨਾ। [੯]ਪਹਿਲਾਂ ਤਾਂ ਉਹਨਾਂ ਦੇ ਮਿੱਤ ਹੀ ਵੈਰੀ ਬਣ ਜਾਂਦੇ ਹਨ। [੧੦]ਜਿੱਥੇ ਵੇਖਕੇ ਰੱਸੀ ਹੱਥ ਪਾਉਂਦੇ ਹਨ। [੧੧]ਸਰਪ। [੧੨]ਦੌੜਦੇ ਹਨ ਇਹ ਜਾਣਕੇ ਕਿ ਇੱਥੇ ਤਾਂ ਅਨੰਦ ਲਵਾਂਗੇ।

*ਪਾ:-ਸਰਬ ਤ੍ਰਾਸ ਕੋ ਧਾਰਤਿ। †ਪਾ:-ਜਾਚਨਾ।

ਹੈਂ ਸੁਰ ਸਾਰੇ। ਜਥਾ ਚੋਰ ਕੋ ਚਹਿ ਸਭਿ ਮਾਰੇ॥੨੭॥ਛੋਰਿ ਅਨੰਦਪੁਰਿ ਕੋ ਜੋ ਗਏ। ਤਿਨ ਕੌ ਦੁਖਦ ਸਕਲ ਥਲ ਭਏ। ਨਹਿਂ ਕਿਨਹੂੰ ਕੀਨੋ ਸਨਮਾਨੁ। ਦੁਖਤਿ ਛੁਧਤਿ ਸੋ ਭਏ ਮਹਾਨੂੰ॥੨੮॥ਥਕਤਿ ਹੋਇ ਥਿਰ ਕੈ ਜਹਿ ਕਹਾਂ। ਚਿੰਤਾਤੁਰ ਵ੍ਯਾਕੁਲ ਮਨ ਮਹਾਂ। ਬਹੁਰ ਅਨੰਦਪੁਰਿ ਕੌ ਚਲਿ ਆਏ। ਪਰੀ ਬਿਪਤ ਦੀਰਘ ਡਰਪਾਏ॥ ੨੯ ॥ ਹੁਇ ਨਿਰਲਾਜ ਬਸੇ ਹਿਤ ਜੀਵਾ। ਲਾਗੇ ਕਰਨ ਅਹਾਰ ਸਦੀਵਾ। ਕਿਤਿਕ ਬਰਖ ਇਸ ਭਾਂਤਿ ਬਿਤਾਏ।ਚੁਨਿ ਚੁਨਿ ਚੋਰ ਸਭੈ ਗਹਿ ਘਾਏ ॥੩੦ ॥ ਜੇਤਿਕ ਭਾਜ ਸ਼ਹਿਰ ਤੇ ਗਏ। ਭੂਖ ਮਰਤਿ ਫਿਰ ਆਵਤਿ ਭਏ। ਦਿਨ ਪ੍ਰਤਿ ਅਧਿਕ ਅਧਿਕ ਪਰਤਾਪਾ। ਵਧੈ ਗੁਰਨਿ ਕੋ ਦੁਸ਼ਟਨਿ ਖਾਪਾ ॥ ੩੧ ॥ ਕਬਹੂੰ ਘਨੀ ਸੈਨ ਹੁਇ ਜਾਵੈ।ਰਹੈਂ ਨਿਕਟ ਚਹੁੰ ਦਿਸ਼ਿ ਸਿਖ ਆਵੈਂ। ਕਬਹੂੰ ਅਪਨੇ ਸਦਨ ਸਿਧਾਰਹਿ। ਸੁਤ ਬਨਿਤਾ ਕੇ ਨੇਹ ਸੰਭਾਰਹਿ ॥੩੨॥ ਚਾਕਰ ਕਬਹੁਂ ਘਨੇ ਹੁਇ ਜਾਇਂ।ਕਬਹੁਂ ਦਰਬ ਲੇ ਘਰਹੁਂ ਸਿਧਾਇਂ। ਗੁਰ ਕੇ ਸੰਗ ਜੰਗ ਕਬਿ ਹੋਇ। ਕਬਹੂੰ ਕਰਹਿਂ ਸੈਧਿ ਰਿਪੁ ਜੋਇ॥ ੩੩ ॥ ਕਬਹੁਂ ਅਖੇਰ ਬ੍ਰਿਤ ਕੋ ਕਰੈਂ। ਦੁੰਦਭਿ ਬਜਹਿ ਸੁਭਟ ਸੰਗ ਚਰੈਂ। ਮਨ ਭਾਵਤਿ ਬਿਚਰਤਿ ਬਹੁ ਕਾਨਨ। ਸ਼ੱਤ੍ਰੁਨਿ ਤ੍ਰਾਸ ਨਾਦ ਸੁਨਿ ਕਾਨਨਿ॥੩੪॥ਗ੍ਰਾਮ ਨਗਰ ਜੋ ਮਗ ਮਹਿਂ ਆਵੈ। ਮਿਲਹਿ ਭੇਟ ਦੇ ਸੀਸ ਨਿਵਾਵੈ। ਸੋ ਅਪਨੀ ਰੱਛ੍ਯਾ ਕਰਿ ਲੇਤਿ। ਤਿਹ ਕੋ ਸੁਭਟ ਤ੍ਰਾਸ ਨਹਿ ਦੇਤਿ॥ ੩੫ ॥ ਅਕਰੈ[1] ਅਹੰਕਾਰ ਤੇ ਜੋਇ। ਆਗੇ ਨਿਕਸ ਨ ਨਰਮੀ* ਹੋਇਂ। ਤਿਨ ਘਰ ਤੇ ਦਧਿ ਦੁਗਧ ਨਿਕਾਰੈਂ।ਗਹੈਂ ਛਾਂਗ[2] ਜੇਤਿਕ ਹੁਇ,ਮਾਰੈਂ ॥੩੬॥ ਕਾਸ਼ਟ ਘਾਸ ਜਿ ਸੰਚਨੇ ਹੋਇ। ਛੀਨ ਲੇਤਿ ਬਸ ਚਲੈ ਨ ਕੋਇ। ਕਰਤੇ ਰਹੈਂ ਉਤੰਗ ਪੁਕਾਰ। ਬੋਲੈ ਬਹੁਤ, ਖਾਹਿ ਸੋ ਮਾਰ[3] ॥੩੭ ॥ ਇਸ ਪ੍ਰਕਾਰ ਨਿਜ ਤੇਜ ਟਿਕਾਯੋ। ਸਭਿ ਰਾਜਨਿ ਮਨ ਤ੍ਰਾਸ ਉਪਾਯੋ। ਸਿਖ ਸੰਗਤਿ ਨਿਤ ਵਧਹਿ ਬਿਸਾਲਾ। ਸਤਿਗੁਰ ਦਰਸ਼ਨ ਕਰਹਿਂ ਸੁਖਾਲਾ ॥ ੩੮ ॥ ਦੀਪਮਾਲ ਵੈਸਾਖੀ ਜੋਇ। ਦਿਨ ਇੱਤਯਾਦਿ ਪੁਰਬ ਕੋ ਹੋਇ।ਚਹੂੰ ਦਿਸ਼ਨਿ ਤੇ ਚਲਿਚਲਿ ਆਵਹਿਂ। ਕਰਿ ਦਰਸ਼ਨ ਬਾਂਛਤਿ ਕੌ ਪਾਵਹਿਂ ॥ ੩੯ ॥ ਬਸਨ ਬਿਭੂਖਨ ਦਰਬ ਬਿਸਾਲਾ। ਹਯ ਹੱਥ੍ਯਾਰ ਆਦਿ ਵਥੁ ਜਾਲਾ। ਅਰਪਹਿਂ ਗੁਰ ਪਗ

[1]ਆਕੜੇ। [2]ਬੱਕਰੇ। [3]ਜੋ ਬਹੁਤ ਬੋਲੇ ਉਹ ਮਾਰ ਖਾਂਦਾ ਹੈ।

*ਸ਼ੁਧ ਪਾਠ—ਨੰਮ੍ਰੀ—ਜਾਪਦਾ ਹੈ।

ਪੰਕਜ ਪਾਸ । ਅਨਿਕ ਬਿਧਿਨਿ ਕੀ ਕਰਿ ਅਰਦਾਸ॥੪੦॥ ਕੋ ਤੂਸ਼ਨ ਹੀ ਮਨ ਕਰਿ ਜਾਚੇ । ਕੋ ਕਰ ਜੋਰਤਿ ਬਾਕ ਉਬਾਚੇ । ਸਗਰੇ ਪਾਇਂ ਕਾਮਨਾ ਗੁਰ ਤੇ । ਕਰਹਿਂ ਪ੍ਰੇਮ ਪਦ ਪੰਕਜ ਉਰ ਤੇ ॥ ੪੧ ॥ ਕੇਤਿਕ ਸੁਮਤਿ ਭੁਗਤਿ ਕੋ ਪਾਵੈਂ । ਸਤਿ ਸੰਗਤਿ ਮਿਲਿ ਦਿਵਸ ਬਿਤਾਵੈਂ।ਕੇਚਿਤ ਕਰਤਿ ਪ੍ਰੇਮ ਤੇ ਸੇਵਾ। ਜਿਸ ਤੇ ਰੀਝਹਿਂ ਸ੍ਰੀ ਗੁਰਦੇਵਾ॥ ੪੨ ॥ ਕਰਾਮਾਤਿ ਆਦਿਕ ਸਭਿ ਪਾਇ । ਬ੍ਰਹਮ ਗਜਾਨ ਮਹਿਂ ਰਹਿਂ ਲਿਵਲਾਇ। ਸ਼ੱਤ੍ਰ ਮਿੱਤ੍ਰ ਮਹਿਂ ਬ੍ਰਿਤੀ ਸਮਾਨਾ । ਰਾਚੇ ਏਕ ਰੰਗ ਤਜਿ ਨਾਨਾ ॥੪੩॥ ਕੋ ਕੋ ਗਿਆਨੀ-ਅਹਿ, ਤਰੇ ਅਨੇਕ । ਭਉਜਲ ਉਬਰੇ ਪਾਇ ਬਿਬੇਕ । ਸਿੱਧਾਂ ਸਰਬ ਪਾਇਂ* ਆਨੰਦੇ । ਗੁਰ ਸੇਵੇ ਜਿਨ, ਭਾਗ ਬਿਲੰਦੇ ॥੪੪॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ੍ਰੀ ਗੁਰ ਪ੍ਰਤਾਪ' ਪ੍ਰਸੰਗ ਬਰਨਨੰ ਨਾਮ ਪੰਚ ਚੱਤ੍ਵਾਰਿੰਸਤੀ ਅੰਸੂ ॥ ੪੫ ॥

੪੬. [ਦਿਲਾਵਰ ਖਾਂ ਦੇ ਪੁੱਤ੍ਰ ਦੀ ਚੜ੍ਹਾਈ]।

ਦੋਹਰਾ ॥ ਸ੍ਰੀ ਜੀਤੋ ਸਤਿਸੰਗ ਕੋ ਸੇਵਹਿ ਤਿਸਹਿ ਪ੍ਰਕਾਰ । ਅਸਨ ਬਸਨ ਕੌ ਦੇਤਿ ਹੈ ਕਰਿ ਉਰ ਭਾਵ ਉਦਾਰ† ॥ ੧ ॥ ਚੌਪਈ ॥ ਮਧੁਰ ਸਲਵਨ ਤੁਰਸ਼ ਧ੍ਰਿਤਿ ਸ੍ਵਾਦ । ਕਰਵਹਿ ਬਿੰਜਨ ਚਾਵਰ ਆਦਿ । ਪਾਇਸ ਬਨਹਿ ਪਾਇ ਬਿਰ ਮੇਵੇ । ਅਥਿਤਨ ਕੌ ਹਕਾਰਿ ਬਹੁ ਦੇਵੇ ॥ ੨ ॥ ਚਾਹਤਿ ਚਿਤ ਪ੍ਰਸੰਨਤਾ ਪਤਿ ਕੀ । ਨਿੰਮ੍ਰੀ ਰਹੈ ਸਦਾ ਗਤਿ ਮਨਕੀ। ਪਿਖਹਿ ਨਗਨ ਕੋ ਬਸਨ ਉਢਾਵਹਿ। ਇਮ ਸੰਤਨਿ ਸਿਖ ਸੇਵ ਕਮਾਵਹਿ ॥੩॥ ਪਤਿ ਮੂਰਤਿ ਉਰ ਮਹਿ ਦ੍ਰਿੜ੍ਹ ਵਾਸੀ । ਨਿਸ ਦਿਨ ਪ੍ਰੇਮ ਵਧਯੋ ਅਬਿਨਾਸ਼ੀ।ਅਧਿਕ ਰਹੈ ਦਰਸ਼ਨ ਕੀ ਲਾਲਸ । ਸੇਵਾ ਕਰਤਿ ਨ ਠਾਨਹਿ ਆਲਸ ॥ ੪ ॥ ਇਮ ਸ੍ਰੀ ਜੀਤੋ ਕੋ ਲਖਿ ਭਾਉ। ਬਸੀ ਪ੍ਰੇਮ ਗੁਰ ਸਹਿਜ ਸੁਭਾਉ। ਮੰਦਿਰ ਤਿਸ ਕੇ ਚਲਿ ਕਰਿ ਆਏ। ਅਭਿਲਾਖਾ ਪੂਰਨ ਸਮੁਦਾਏ ॥ ੫ ॥ ਤਿਥ ਨਵਮੀ ਤਥਿ ਸੁਰ ਗੁਰ ਵਾਰ˚ । ਬਸੇ ਨਿਸਾ ਮਹਿ ਕਰੁਨਾ ਧਾਰਿ । ਸੰਤਤਿ ਕੇਰ ਕਾਮਨਾ ਜਾਨੀ । ਪ੍ਰੇਮ ਬਸੀ ਹੁਇ ਪੂਰਨ ਠਾਨੀ ॥ ੬ ॥ ਦੀਨ ਰਿਦੇ ਤਿਹ ਮੋਦ ਘਨੇਰਾ । ਸਫਲ ਮਨੋਰਥ ਕਰਿ ਤਿਸ ਬੇਰਾ । ਸਕਲ ਜਾਮਨੀ ਮਹਿਲ ਬਿਤਾਈ । ਆਏ ਵਹਿਰ ਹੋਤਿ ਅਰੁਣਾਈ ॥੭ ॥ ਸੌਚ ਸ਼ਨਾਨ ਠਾਨਿ ਗੁਰ ਪੂਰੇ। ਬੈਠੇ ਦੇ ਦਰਸ਼ਨ ਮੁਖ ਰੂਰੇ।ਭਯੋ ਸਗਰਭਾ ਦੂਜੀ ਵਾਰ । ਸ੍ਰੀ ਜੀਤੋ ਮਨ ਅਨੰਦ ਉਦਾਰ ॥੮॥ਜ਼ੋਰਾਵਰ ਸਿੰਘ ਸੁੰਦਰ ਸੋਹੇ । ਖੇਲਤਿ

˚ਵੀਰਵਾਰ । *ਪਾ:—ਤਤਕਾਲ । †ਸਤਿਸੰਗ ਦੀ ਸੇਵਾ ਸਤਿਗੁਰਾਂ ਨੇ ਆਪਣੇ ਮਹਿਲਾਂ ਤੋਂ ਹੀ ਕਰਵਾਈ ਹੈ । ਕਿਤਨਾ ਵਧੀਕ ਗੁਰ ਸਿੱਖਾਂ ਵਿਚ ਇਹ ਭਾਵ ਲੋੜੀਏ ।

ਬਿਚਰਤਿ ਪਗ ਬਲ ਹੋਹੇ । ਜ਼ੇਵਰ ਜ਼ੇਬ ਜਵਾਹਰ ਜਰੇ । ਦੌਰਤਿ ਅੰਗਨਿ ਨਾਦਤਿ ਖਰੇ[1] ॥ ੯ ॥ ਦੁਤੀ ਅਜੀਤ ਸਿੰਘ ਬਿਚਰੰਤੇ । ਦਾਸੀ ਦਾਸ ਸਾਥ ਰਖਿਯੰਤੇ। ਮਿਲ ਦ੍ਵੈ ਭ੍ਰਾਤਾ ਖੇਲਤਿ ਕਬੈ। ਸੁੰਦਰਤਾ ਸਰੀਰ ਮੈਂ ਸਬੈ॥੧੦॥ ਪਿਖਹਿ ਸੰਗਤਾਂ ਹਰਖਹਿਂ ਬੰਦਹਿਂ।ਸੁੰਦਰ ਸਤਿਗੁਰਬੰਸ ਬਿਲੰਦਹਿ । ਜਹਿਂ ਕਹਿਂ ਦੇਸ਼ ਬਿਦੇਸ਼ਨਿ ਬਿਖੈ । ਕਰਹਿਂ ਸਰਾਹਨ ਪੁਨ ਪੁਨ ਪਿਖੈਂ॥੧੧॥ਸ੍ਰੀ ਗੁਜਰੀ ਜੁਗ ਪੌਤ੍ਰ ਹਕਾਰੈ।ਬਾਰਿਬਾਰਿ[2]ਕਰਿਪਾਸਿਬਿਠਾਰੈ।ਬਸਨ ਬਿਭੂਖਨ ਅੰਗ ਸੁਧਾਰਹਿ । ਹੇਰਿ ਹੇਰਿ ਕਰਿ ਆਨੰਦ ਧਾਰਹਿ॥੧੨॥ ਨਿਜ ਹਾਥਨਿ ਅਚਵਾਇ ਅਹਾਰਾ।ਕਰਹਿ ਸਪ੍ਰੇਮ ਪੌਤ੍ਰ ਪ੍ਰਤਿਪ੍ਯਾਰਾ।ਦੋਨਹੁੰਬਿਚਰਤਿ ਕਬਿ ਚਲਿ ਆਵੈਂ।ਸਾਥ ਅਦਾਬ ਪਿਤਹਿ[3]ਸਿਰ ਨਯਾਵੈਂ॥੧੩॥ ਨਿਕਟ ਬਿਠਾਇ ਕਹੈਂਗੁਰਪੂਰੇ।'ਹੋਹਿਂ ਸ਼ਸਤ੍ਰ ਧਾਰੀਜੁਗਸੂਰੇ।ਤੁਰਕ ਰਿਪੁਨ ਕੌ ਦੇਹੈਂ ਤ੍ਰਾਸਾ। ਰਣ ਠਾਨਹਿਂ ਬਹੁ ਕਰਹਿਂ ਬਿਨਾਸ਼ਾ' ॥੧੪॥ ਇਸ ਪ੍ਰਕਾਰ ਜੁਗ ਸਾਹਿਬ ਜ਼ਾਦੇ । ਬਧਹਿ ਸ਼ਰੀਰ ਹੋਹਿਂ ਅਹਿਲਾਦੇ । ਸ੍ਰੀ ਕਲਗ਼ੀਧਰ ਸੈਨ ਸਮੇਤਾ । ਖੇਲਹਿਂ ਅਖੇਰ ਬ੍ਰਿਤ ਕੇ ਹੇਤਾ ॥ ੧੫ ॥ ਬੇਮੁਖ ਹੋਹਿਂ ਲੂਟ ਤਿਹ ਲੇਹੀ। ਰੋਕਹਿ, ਮਿਲਹਿ ਆਨਿ ਕਰਿ ਜੇਹੀ । ਦੂਰ ਦੂਰ ਲੌ ਤੇਜ ਬਿਸਾਲਾ।ਬਿਦਤ ਭਯੋ ਸਭਿ ਮਹਿ ਤਿਸ ਕਾਲਾ ॥ ੧੬ ॥ 'ਭੀਮਚੰਦ ਕੀ ਕਰੀ ਸਹਾਇ । ਅਲਫ ਖਾਨ ਕੋ ਦੀਨਿ ਭਜਾਇ' । ਤਿਸ ਕੋ[4] ਤੁਰਕ ਬਿਚਾਰਤਿ ਰਹੇ । ਲਰਨਿ ਗੁਰੂ ਸੰਗ ਕੋ ਚਿਤ ਚਹੇ॥੧੭॥ਮਹਾਂਬੀਰ ਬਰ ਜਾਨਹਿ ਮਨ ਮਹਿਂ। ਦੇਤਿ ਨ ਅਰਨ[5] ਅਰਿਨਿ ਕੌ[6]ਰਨ ਮਹਿਂ। ਹੁਤੋ ਦਿਲਾਵਰ ਖਾਨ ਪਠਾਨਾ। ਪੰਚਹਜ਼ਾਰੀ ਮਨਸਬਵਾਨ[7]॥੧੮॥ਸੁਨਿ ਗੁਰ ਜਸੁ ਕੌ ਤਿਸਹਿ ਨ ਸਹਯੋ । 'ਪਠੌਂ ਬਾਹਿਨੀ ਮੈਂ' ਤਬਿ ਕਹਯੋ । ਇਮ ਕਹਿ ਤਯਾਰੀ ਕੀਨਿ ਬਿਲੰਦ । ਬਹੁ ਸਮੁਝਾਇ ਪਠਾਯੋ ਨੰਦ[8] ॥੧੯॥'ਜਾਹੁ ਸੈਨ ਲੈ ਸੁਭਟ ਹਜ਼ਾਰ। ਲਰਿ ਕਰਿ ਲੇਹੁ ਅਨੰਦਪੁਰਿ ਮਾਰਿ । ਜੇ ਕਰਿ ਦੇਹੈਂ ਦਰਬ ਘਨੇਰੇ । ਲੈ ਕਰਿ ਤਜਿ ਆਵਹੁ ਤਿਸ ਬੇਰੇ ॥ ੨੦ ॥ ਨਤੁ ਸੰਗ੍ਰਾਮ ਕੀਜੀਅਹਿ ਭਾਰੀ'।ਸੁਨਿ ਪਿਤ ਤੇ ਹੋਯੋ ਤਬਿ ਤਯਾਰੀ । ਗੁਲਕਾਂ ਗਨ ਬਰੂਦ ਬਰਤਾਈ।ਬੀਨ ਬੀਨ ਜੋਧਾ ਸਮੁਦਾਈ ॥ ੨੧ ॥ ਦੁੰਦਭਿ ਕੋ ਬਜਾਇ ਤਬਿ ਚਾਲਾ । ਮਗ ਅਨੰਦ ਪੁਰਿ ਕੇ ਪਗ ਘਾਲਾ ।–ਸਭਿ ਗਿਰਪਤਿ ਤੇ ਧਨ ਕੌ ਲੈਨਾ–। ਆਦਿ

---

[1]ਛੈਣੀ ਤਰ੍ਹਾਂ ਸ਼ਬਦ ਕਰਦੇ ਹਨ (ਜ਼ੇਵਰ) । [2]ਬਲਿਹਾਰ ਬਲਿਹਾਰ ਹੋਕੇ । [3]ਅਦਬ ਨਾਲ ਪਿਤਾ ਜੀ ਨੂੰ । [4]ਤਿਸ (ਬਾਤ) ਨੂੰ । [5]ਅੜਨ । [6]ਵੈਰੀ ਨੂੰ । [7]ਓਹਦੇ ਵਾਲਾ । [8]ਪੁੱਤ੍ਰ ਨੂੰ ।

ਦਿਲਾਵਰ ਖਾਂ ਬਡ ਸੈਨਾ[1]॥੨੨॥ਗੁਰ ਦਿਸ਼ਿ ਪੰਠਯੋ ਪੂਤ ਕੋ ਪਹਿਲੇ।–ਇਤ
ਤੇ ਜ਼ੋਰ ਸਰਬ ਕੌ ਲਹਿ ਲੈ[2]–। ਇਹ ਬਿਧਿ ਉਰ ਮਹਿਂ ਧਾਰਿ ਗੁਮਾਨੀ।
ਭੇਜਯੋ ਨੰਦਨ ਕਰਿ ਅਗੁਵਾਨੀ॥ ੨੩ ॥ 'ਜਾਇ ਅਨੰਦ ਪੁਰਿ ਨਿਸ ਮਹਿਂ
ਲਰਿਈ। ਸਭਿ ਇਕ ਬਾਰਿ ਹੱਲ ਕੌ ਕਰਿਈ'। ਇਹ ਮਸਲਤ ਕਰਿ ਪੂਤ
ਪਠਾਨ। ਭਯੋ ਅਰੂਢਨਿ ਸੈਨ ਮਹਾਨ[3] ॥ ੨੪ ॥ ਸਰਿਤਾ ਪਾਰ ਹੁਤੋ ਤਿਸ
ਡੇਰਾ। ਭਈ ਜਾਮਨੀ ਤਿਮਰ ਘਨੇਰਾ। ਦੈਕ ਘਰੀ ਬੀਤੀ ਜਬਿ ਜਾਨੀ।
ਸ਼ੀਘ੍ਰ ਤਯਾਰ ਭੀ ਚਮੂੰ ਮਹਾਨੀ ॥੨੫॥ ਚਲਿ ਕਰ ਸਰਿਤਾ ਕੇ ਤਟ ਆਇ।
ਸੀਤ ਕਾਲ ਠਰਿਗੇ ਕਰ ਪਾਇ[4]। ਕੋ ਨਰ ਹੇਰਿ ਅਨੰਦ ਪੁਰਿ ਆਯੋ।ਪਹੁੰ-
ਚਯੋ ਜਹਿਂ ਗੁਰ ਪੌਰ ਸੁਹਾਯੋ ॥੨੬॥ ਰਹੀ ਦਿਸ਼ਨਿ ਮਹਿਂ ਬਹੁ ਤਕਰਾਈ।
ਚੌਂਕੀ ਦੇਤਿ ਬੀਰ ਸਮੁਦਾਈ। ਦ੍ਵਾਰਪਾਲ ਆਲਮ ਤਹਿਂ ਖਰਯੋ। ਤਿਹ ਕੇ
ਸੰਗ ਜਸੂਸ[5] ਉਚਰਯੋ ॥ ੨੭ ॥ 'ਕਹਾਂ ਪਰੇ ਹੋ ਸੁਪਤਿ ਸੁਖਾਰੇ ? ਆਯੋ
ਤੁਰਕਨ ਦਲ ਬਲ ਭਾਰੇ।ਸੁਧਿ ਹਜ਼ੂਰ ਕੌ ਦਿਹੁ ਇਸ ਕਾਲਾ।ਬਨੈਂ ਸੁਚੇਤ
ਸਮੈਂ ਨ ਬਿਸਾਲਾ[6]' ॥ ੨੮ ॥ ਸੁਨਿ ਆਲਮ ਦਲ ਕੋ ਆਗਵਨੂ। ਤੂਰਨ
ਪ੍ਰਵਿਸ਼ਯੋ ਅੰਤਰ ਭਵਨੂ।ਕਰੁਨਾ ਸਿੰਧੁ ਪ੍ਰਯੰਕ ਸੁਹਾਏ। ਹੁਤੇ ਮਹਾਂ ਸੁਖ ਮੈਂ
ਸੁਪਤਾਏ॥੨੯॥ ਚਰਨ ਕਮਲ ਸੁੰਦਰ ਜੁਗ ਦਰਸੇ। ਮਰਦਤਿ ਸਨੇ ਸਨੇ
ਕਰ ਪਰਸੇ। ਭਏ ਪ੍ਰਬੋਧਤਿ[7] ਅੰਗ ਹਿਲਾਏ। ਬੂਝਯੋ 'ਕਵਨ ਚਰਨ ਕਰ
ਲਾਏ?'॥੩੦॥ਹ੍ਵੈ ਠਾਂਢੋ ਕਰਿ ਜੋਰਿ ਅਲਾਯੋ।'ਪ੍ਰਭੁ ਜੀ ਤੁਰਕਨ ਕੋ ਦਲ
ਆਯੋ। ਚਹਤਿ ਅਨੰਦਪੁਰਿ ਬਿਖੈ ਪ੍ਰਵੇਸ਼ਾ।ਠਾਂਢੋ ਸਰਿਤਾ ਪਾਰ ਅਸ਼ੇਸ਼ਾ[8]॥
੩੧॥ ਹੁਕਮ ਆਪਨੋ ਸੁਭਟਨ ਦੀਜੈ। ਬਨਹਿਂ ਸੁਚੇਤ ਹੇਤ ਰਣ ਕੀਜੈ'।
ਸ਼੍ਰੀ ਮੁਖ ਤੇ ਤਤਛਿਨ ਫੁਰਮਾਯੋ। 'ਨਰ ਗਨ ਪਠਿ ਸਭਿ ਦੇਹੁ ਜਗਾਯੋ'॥
੩੨॥ ਸੁਨਿ ਕਰਿ ਆਲਮ ਤੂਰਨ ਧਰਿ ਕੈ। ਚਮੂੰ ਬਿਲੰਦ ਜਗਾਵਨ ਕਰਿ
ਕੈ। ਬਾਜ ਉਠਯੋ ਰਣਜੀਤ ਨਗਾਰਾ। ਪਰਯੋ ਸ਼ੋਰ ਪੁਰਿ ਮੈਂ ਤਬਿ ਭਾਰਾ ॥
੩੩॥ ਨੰਦਚੰਦ ਤੇ ਆਦਿਕ ਜੋਧਾ। ਤਤਛਿਨ ਸਾਜੀ ਹੁਇ ਧਰਿ ਕ੍ਰੋਧਾ[9]।
ਦਯਾਰਾਮ ਪ੍ਰੋਹਤ ਜੁਤਿ ਆਯੋ। ਕਲਗ਼ੀਧਰ ਢਿਗ ਸੀਸ ਨਿਵਾਯੋ॥੩੪॥

[1]ਦਿਲਾਵਰ ਦੀ ਵੱਡੀ ਸੈਨਾ ਆਦਿਕ ਨੇ ਅਨੰਦਪੁਰ ਦੇ ਰਸਤੇ ਪੈਰ ਰੱਖੇ ਕਿ ਸਾਰਿਆਂ ਰਾਜਿਆਂ ਤੋਂ ਧਨ ਲੈਣਾ ਹੈ। [2]ਇਧਰੋਂ ਭਾਵ ਗੁਰੂ ਜੀ ਵਲੋਂ ਸਾਰਿਆਂ ਦੇ ਜ਼ੋਰ ਦਾ ਪਤਾ ਲਗ ਜਾਏਗਾ। [3]ਮਹਾਨ ਸੈਨਾ ਸਮੇਤ। [4]ਹੱਥ ਪੈਰ ਠਰ ਗਏ। [5]ਖੁਫੀਆ ਖਬਰ ਲਿਆਉਣ ਵਾਲੇ ਨੇ। [6]ਬਹੁਤਾ ਸਮਾਂ ਨਹੀਂ (ਹੁਣ)। [7]ਸਾਵਧਾਨ ਹੋਏ, ਜਾਗੇ। [8]ਸਾਰਾ ਹੀ। [9]ਕ੍ਰੋਧ ਧਾਰ ਕੇ ( ਫੌਜ ) ਤਿਆਰ ਕਰ ਲਈ।

Sri Satguru Jagjit Singh Ji eLlibrary NamdhariElibrary@gmail.com

ਦੇਖਤਿ ਹੁਕਮ ਕੀਨਿ ਗੁਰ ਪੂਰੇ। 'ਗਮਹੁ ਅੱਗੂ ਲੈ ਕਰਿ ਸਭਿ ਸੂਰੇ।ਮਾਰਹੁ ਦੁਸ਼ਟਨਿ ਸਮੁਖ ਤੁਫੰਗੈ। ਤੀਨੋ ਤਹਾਂ ਭਾਨਜੇ ਸੰਗੈ' ॥ ੩੫ ॥ ਅਪਰ ਮੁਖੀ ਜੋਧਾ ਸਭਿ ਚਾਲੇ।ਬਾਜੇ ਦੁੰਦਭਿ ਨਾਦ ਬਿਸਾਲੇ। ਸ਼ਲਖੈਂ ਛੁਟੀ ਤੁਫੰਗਨ ਕੇਰੀ। ਤੜਭੜ ਭੀ ਇਕ ਬਾਰ ਘਨੇਰੀ ॥ ੩੬ ॥ ਗਰਜੇ ਜੋਧਾ ਸ਼ਬਦ ਉਤੰਗਾ। ਪਰਜੋ ਸ਼ੋਰ ਭਾਰੋ ਇਕ ਸਿਗਾ[1]। ਨਿਕਸੇ ਵਹਿਰ ਨਗਰ ਤੇ ਤਬੈ। ਸ਼ਲਖ ਤੁਫੰਗਨ ਕੀ ਕਰਿ ਸਬੈ ॥੩੭॥ ਸ੍ਰੀ ਪ੍ਰਭੁ ਮਾਨਵ ਅਪਰ ਪਠਾਯੋ। ਸਕਲ ਬਾਹਿਨੀ ਕੌ ਸਮੁਝਾਯੋ।—ਰੋਕਹੁ ਦੁਸ਼ਟਨ ਕੋ ਚਲਿ ਆਗਾ। ਹਤੋ ਤੁਫੰਗ ਜੰਗ ਬਡ ਜਾਗਾ[2] ॥ ੩੮ ॥ ਸੁਨਿ ਸੁਨਿ ਬੀਰ ਚੌਂਪ ਕਰਿ ਭਲੇ। ਸਵਾਧਾਨ ਬਨਿ ਆਗੇ ਚਲੇ। ਬਾਜੇ ਭੇਰਿਨਿ ਕੇ ਭੁੰਕਾਰਾ।ਊਚੇ ਧੌਂਸਨਿ ਕੇ ਧੁੰਕਾਰਾ ॥ ੩੯ ॥ ਬੀਰ ਬ੍ਰਿੰਦ ਕੇ ਬੋਲ ਬਕਾਰਾ[3]। ਉਠੇ ਤੁਰੰਗਨ ਕੇ ਹਿਨਕਾਰਾ। ਤੁਪਕ ਅਵਾਜ਼ ਉਠੇ ਇਕ ਵਾਰਾ। ਉਠਜੋ ਨਾਦ ਸਰਿਤਾ ਕੇ ਪਾਰਾ ॥ ੪੦ ॥ ਇਕ ਤੋ ਸੀਤ ਕਾਲ ਬਡ ਪਾਰਾ[4]। ਭਏ ਪਿੰਗ ਸਮ ਥਿਰ ਜਲ ਪਾਰਾ[5]। ਹਾਥ ਪਾਵ ਜੜ੍ਹ ਸਮ ਹੁਇ ਗਏ। ਸ਼ਸਤ੍ਰ ਉਠਾਇ ਸਕੇ ਨਹਿ ਲਏ[6]॥੪੧॥ਦੁਤੀਏ ਗੁਰ ਦਲ ਕੌ ਬਡ ਸ਼ੋਰ। ਏਕੈ ਬਾਰਿ ਭਯੋ ਬਡ ਜ਼ੋਰ[7]। ਹੁਇ ਭੈ ਭੀਤ ਜੀਤ ਨਹਿਂ ਜਾਨੀ।—ਨਾਹਕ ਹੋਇ ਸਭਿਨਿ ਕੀ ਹਾਨੀ—॥ ੪੨ ॥ ਖਾਨ ਦਿਲਾਵਰ ਸੁਤ ਕੇ ਪਾਸ। ਅਸ ਮਸਲਤ ਬੋਲੇ ਧਰਿ ਤ੍ਰਾਸ। 'ਗੁਰ ਕੇ ਸੰਗ ਜੰਗ ਕੋ ਕਰਨੋ। ਨਹਿਂ ਆਛੋ ਲਖਿ ਹੁਇ ਅਬਿ ਮਰਨੋ ॥ ੪੩॥ ਸੂੰਨ ਭਏ[8] ਤਨ ਪਾਰੇ[9] ਪਰੇ। ਸ਼ਸਤ੍ਰ ਨ ਉਠਹਿਂ ਊਚ ਕਰ ਕਰੇ[10]। ਸਰਿਤਾ ਬਿਖੈ ਬਰਹਿ ਜਿਸ ਕਾਲ।ਬਿਨ ਹੀ ਮਾਰੇ ਹੁਇ ਭਟ ਕਾਲ[11]॥੪੪॥ ਕਜੋਂ ਨਾਹਕ ਦੇਤੇ ਹੋ ਪ੍ਰਾਨ। ਉਤ ਤੇ ਪਹੁੰਚੀ ਸੈਨ ਮਹਾਨ। ਜਿਸ ਮਹਿਂ ਊਚੀ ਪਰੀ ਪੁਕਾਰ। ਕੋ ਜਾਨਹਿ ਹੁਇ ਕਿਤਿਕ ਹਜ਼ਾਰ ॥ ੪੫ ॥ ਛੀਨ ਲੇਹਿੰਗੇ ਲਧ ਹਥਿਯਾਰਾ।ਕਰੋ ਸਮੁਖ ਸੋ ਲੈਹੈਂ ਮਾਰਾ।ਤੁਝ ਕੇ ਭਾਖਹਿਂ[12]ਸਭਿ

[1]ਇਕੱਠਾ ਹੀ। [2]ਗੋਲੀਆਂ ਮਾਰੋ (ਤੇ) ਜੰਗ ਵਡੇ ਥਾਂ (ਤੇ ਮਚਾਓ) ਭਾਵ ਸ਼ਹਿਰੋਂ ਦੂਰ ਅਗੇ ਵਧਕੇ। (ਅ) ਵਡਾ ਜੰਗ ਲੱਗਣ ਲਗਾ ਹੈ। [3]ਸੂਰਮਿਆਂ ਦਾ ਉਤਸਾਹ ਭਰਿਆ ਸ਼ੋਰ। [ਸੰਸਃ, ਬੁਕਾਰ=ਸ਼ੇਰ ਦੀ ਗੱਜ]। [4]ਪਾਲਾ। [5]ਜਲ ਦੇ ਪਾਰ ਖੜੇ (ਵੈਰੀ) ਪਿੰਗਲੇ ਵਾਙੂ ਹੋ ਰਹੇ ਹਨ। [6]ਸ਼ਸਤ੍ਰ ਚਾ ਕੇ ਹੱਥਾਂ ਵਿੱਚ ਫੜ ਨਹੀਂ ਸਕਦੇ। [7]ਬੜੇ ਜ਼ੋਰ ਦਾ। [8]ਸੁੰਨ ਹੋ ਗਏ। [9]ਪਾਲੇ। [10]ਹੱਥ ਉੱਚਾ ਕਰਕੇ ਸ਼ਸਤ੍ਰ ਨਹੀਂ ਫੜੇ ਜਾਂਦੇ। [11]ਸੂਰੇ ਮਰਨਗੇ। [12]ਕਹਿਣਗੇ।

ਅਨ ਜਾਨ।ਨਾਹਕ ਦਏ ਜਾਇ ਜਿਸ ਪ੍ਰਾਨ'॥੪੬॥ਮਿਲਿ ਖਾਨਨਿ ਸਮੁਝਾਵਨਿ ਕਰਯੋ। ਲਖਿ ਗੁਰ ਬੀਰ ਬਲੀ ਉਰ ਡਰਯੋ।ਰਹਯੋ ਠਟਕ ਤਬਿ ਨਦੀ ਕਿਨਾਰੇ। ਨਹੀਂ ਪਾਵ[੧] ਕੋ ਜਲ ਮਹਿ ਡਾਰੇ ॥੪੭॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁੱਤੇ 'ਦਿਲਾਵਰ ਖਾਨ ਪੁੱਤਰ' ਪ੍ਰਸੰਗ ਬਰਨਨੰ ਨਾਮ ਖਸ਼ਟ ਚਤ੍ਵਾਰਿੰਸਤੀ ਅੰਸੂ ॥ ੪੬ ॥

## ੪੭. [ਖਾਨਜ਼ਾਦੇ ਦੀ ਭਾਜੜ ਤੇ ਬਰਵਾ ਲੁਟਣਾ]।

ਦੋਹਰਾ॥ਪੁੱਤ੍ਰ ਦਿਲਾਵਰ ਕੋ ਤਬੈ ਬਨਿ ਕਾਤੁਰ ਭੈਭੀਤ।ਗੁਰ ਪ੍ਰਤਾਪ ਦੀਰਘ ਲਖਯੋ,ਤਜੀ, ਆਸ ਨਹਿ ਜੀਤ[੨]॥੧॥ ਭੁਜੰਗ ਪ੍ਰਯਾਤ ਛੰਦ॥ ਪਰਯੋ ਭੂਰ ਪਾਰੋ[੩] ਸੁ ਪਿੰਗੇ[੪] ਸਮਾਨੈ।ਸੁਨਯੋ ਸ਼ੋਰ ਦੂਜੇ ਚਮੂੰ ਕੇ ਮਹਾਨੈ। ਬਿਨਾ ਜੰਗ ਤੇ ਤ੍ਰਾਸ ਕੋ ਭੂਰ ਧਾਰੇ। ਮਿਲੇ ਸੂਮ ਸੋਫੀ[੫] ਸਿਪਾਹੀ ਡਰਾਰੇ ॥ ੨ ॥ ਬਿਨਾ ਸ਼ਸਤ੍ਰ ਝਾਰੇ ਭਏ ਏਣ[੬] ਜੈਸੇ। ਮਹਾਂ ਮੂੜ੍ਹ ਗੀਦੀ[੭] ਚਲੇ ਭਾਜਿ ਤੈਸੇ। 'ਗੁਰੂ ਜੰਗ ਬੀਰੰ ਜਬੈ ਆਪ ਆਵੈ। ਕਹੋ ਕੌਨ ਜੋਧਾ' ਸੁ ਬੀਰੰ ਬਿਰਾਵੈ ॥ ੩ ॥ ਪਰਾਜੈ ਕਰੈ[੮] ਛੋਰਿ ਤੀਖੇ ਸੁ ਤੀਰੰ'।ਇਮੰ ਬੋਲਤੇ ਜਾਤਿ ਭਾਜੇ ਸੁ ਬੀਰੰ।ਯਥਾ ਸ਼ੇਰ ਸੂਤੇ ਉਠਹਿ ਜਾਗ ਸੋਈ। ਕਰੀ[੯] ਬ੍ਰਿੰਦ ਭਾਗੈਂ ਬਿਨਾ ਲਾਜ ਹੋਈ ॥ ੪ ॥ ਦੋਹਰਾ ॥ ਚਲਤਿ[੧੦] ਪੰਥ ਮੈਂ ਆਇਗੋ ਬਰਵਾ ਗ੍ਰਾਮ ਸੁ ਨਾਮ। ਕਰਿ ਮਸਲਤ ਲੂਟਯੋ ਤਬੈ ਬਸਹਿ ਜਿਤਿਕ ਤਹਿ ਧਾਮ॥੫॥ਭੁਜੰਗ ਪ੍ਰਯਾਤ ਛੰਦ॥ ਨਹੀਂ ਲੋਕ ਜਾਨੈ ਭਜੇ ਭੀਰੁ ਹ੍ਵੈ ਕੈ। ਲੁਟਯੋ ਗ੍ਰਾਮ ਕੋ ਜੋਰ ਮੂੜ੍ਹੇ ਜਨੈ ਕੈ[੧੧]। ਗੁਰੂ ਊਪਰੇ ਓਜ ਲਾਗਯੋ ਨ ਕੋਈ। ਬਲੀ ਹੀਨ ਜਾਨਯੋ ਲੁਟਯੋ ਗ੍ਰਾਮ ਸੋਈ[੧੨] ॥

---

[੧]ਪੈਰ। [੨](ਲੜਾਈ ਛੱਡ) ਦਿੱਤੀ (ਕਿ) ਜਿੱਤ ਦੀ ਆਸ ਨਹੀਂ ਹੈ। (ਅ) ਜਿੱਤ ਨਾ ਹੁੰਦੀ (ਦੇਖ ਕੇ) ਲੜਾਈ ਦੀ ਆਸ ਛੱਡ ਦਿੱਤੀ। [੩]ਪਾਲਾ। [੪]ਪਿੰਗਲੇ। [੫][ਅ:, ਸੂਮ=ਭੈੜੇ ਸ਼ਗਨਾਂ ਵਾਲਾ। ਸੋਫੀ=ਪਸ਼ਮ ਪਹਿਨਣ ਵਾਲਾ। ਸੂਫੀ ਨਾਮ ਫਕੀਰ ਦਾ ਬੀ ਹੈ]। ਪੰਜਾਬੀ ਦੇ ਮੁਹਾਵਰੇ ਵਿਚ ਸੂਮ=ਬਖੀਲ, ਕੰਜੂਸ ਨੂੰ ਕਹਿੰਦੇ ਹਨ ਤੇ ਸੋਫੀ=ਨਸ਼ਾ ਨਾ ਪੀਣ ਵਾਲੇ ਨੂੰ। ਸੂਮ ਸੋਫੀ ਇਕੱਠੇ ਪਦ ਦਾ ਭਾਵ ਹੈ ਬਦਸ਼ਗਨਾ ਤੇ ਕੰਜੂਸ ਕਿਉਂਕਿ ਦਾਰੂ ਪੀਣ ਵਾਲੇ ਸੂਫੀ ਨੂੰ ਆਪਣੇ ਵਿਚ ਕੰਟਕ ਤੇ ਬਦਸ਼ਗਨਾ ਸਮਝਦੇ ਹਨ ਤੇ ਸੂਮ ਨੇ ਵੀ ਪੀਣੀ ਨਹੀਂ ਕਿਉਂਕਿ ਫੇਰ ਪਿਆਉਣੀ ਪੈਂਦੀ ਹੈ ਤੇ ਪਿਆਉਣੀ ਨਹੀਂ ਕਿਉਂਕਿ ਪੈਸੇ ਖਰਚਣੇ ਪੈਂਦੇ ਹਨ। ਕਵੀ ਜੀ ਦਾ ਕਟਾਖਜ ਇਹ ਹੈ:-ਸੂਮ=ਓਹ ਆਦਮੀ ਜੋ ਬੀਰਤਾ ਦੇ ਕੰਮਾਂ ਵਿਚ ਬਦਸ਼ਗਨਾ ਹੈ ਤੇ ਸੋਫੀ ਜੋ ਬੀਰਤਾ ਰੂਪੀ ਨਸ਼ੇ ਤੋਂ ਸੱਖਣਾ ਹੈ। (ਅ) ਦੂਜੇ ਵਾਸਤੇ ਤਾਂ ਖਰਚੇ ਕੁਛ ਨਾਂ ਤੇ ਆਪ ਬਨ ਠਨ ਕੇ ਰਹੇ ਇਹੋ ਜਿਹੇ ਆਦਮੀ ਲਈ ਬੀ ਮੁਹਾਵਰਾ ਹੈ ਕਿ ਇਹ ਤਾਂ ਸੂਮਸੋਫੀ ਹੈ। [੬]ਹਰਨ। [੭]ਭਾਵ ਕਮਜ਼ੋਰ ਦਿਲ। ਜੁਧ ਕਰਨ ਵਾਲਾ। [੮]ਹਰਾ ਦੇਂਦਾ ਹੈ, ਜਿਤ ਲੈਂਦਾ ਹੈ। [੯]ਹਾਥੀ। [੧੦](ਪਠਾਣਾਂ ਨੂੰ)ਜਾਂਦਿਆਂ। [੧੧]ਮੂਰਖਾਂ ਨੇ ਜੋਰ ਜਣਾਕੇ। [੧੨]ਪਿੰਡ ਨੂੰ ਬਲਹੀਨ ਜਾਣਕੇ ਲੁੱਟਿਆ।

Sri Satguru Jagjit Singh Ji eLlibrary NamdhariElibrary@gmail.com

੬ ॥ ਜਥਾ ਬਾਨੀਓ ਮਾਸ ਕੋ ਨਾਂਹਿ ਖਾਵੈ । ਚਹੈ ਸ੍ਵਾਦ ਕੋ ਰੋਰ ਕੋ ਰਿੰਧ ਖਾਵੈ[1] । ਤਥਾ ਮੂਢ ਕੀਨੀ ਉਜਾਰਯੋ ਸੁ ਗ੍ਰਾਮੰ । ਲਹਯੋ ਅੰਨ ਆਦਿਕ ਜਿਤੀ ਸੌਜ ਧਾਮੰ ॥੭॥ ਜਥਾ ਮੱਤ ਹਾਥੀ ਡਰੇ ਸ਼ੇਰ ਹੇਰੈ[2] । ਮ੍ਰਿਗੀ ਔਰ ਪੈ ਜ਼ੋਰ ਘਾਲੈ ਘਨੇਰੋ[3] । ਦਰੈ ਪਾਇ ਸੰਗਾ[4], ਤਥਾ ਗ੍ਰਾਮ ਮਾਰਾ । ਗੁਰੂ ਸਾਵ-ਧਾਨੀ ਪਿਖੀ[5] ਤ੍ਰਾਸ ਧਾਰਾ ॥ ੮ ॥ ਨਰਾਜ ਛੰਦ ॥ ਭਲਾਨ[6] ਆਨ ਗ੍ਰਾਮ ਕੋ ਬਿਲੋਕਿ ਡੇਰ ਕੀਨਿਓਂ । ਗੁਰੂ ਗੁਬਿੰਦ ਸਿੰਘ ਕੀ ਨ ਓਰ ਡੀਠ ਦੀਨਿਓਂ । ਕ੍ਰਿਪਾ ਨਿਕੇਤ ਕੀ ਕ੍ਰਿਪਾ* ਕ੍ਰਿਪਾਨ ਕੇਤੁ ਜਾਂਹਿਕੈ[7] । ਕਹੋ ਸੁ ਕੌਨ ਦੂਸਰੋ ਬਿਗਾਰ ਕਾਜ ਤਾਂਹਿ ਕੇ ॥ ੯ ॥ ਭਲਾਨ ਗ੍ਰਾਮ ਮੈਂ ਮੁਕਾਮ ਏਕ ਦੋਇ ਕੀਨਿਯਾਂ । ਪਲਾਇ ਫੇਰ ਮੂਢ ਗੋ ਸੁ ਧੀਰ ਛੋਰਿ ਦੀਨਿਯਾਂ । ਪਿਤਾ ਸਮੀਪ ਜਾਇਕੈ ਨਿਵਾਇ ਸੀਸ ਬੈਠਿਓ । ਨ ਬਾਕ ਆਇ ਤੁੰਡ ਤੇ ਸਲਾਜ ਧਾਮ ਪੈਠਿਓ[8] ॥੧੦॥ ਸਭਾ ਮਝਾਰ ਖਾਨ ਕੀ ਜਥੈ ਨ ਬੈਨ ਪ੍ਰਾਹਿ ਕੌ[9] । ਗੁਲਾਮ ਧਾਮ ਤੌਨ ਕੋ ਹੁਸੈਨ ਨਾਮ ਤਾਹਿਕੋ[10] । ਦਿਲਾਵਰੈ ਪਠਾਨ ਪਾਸ ਓਜ ਆਪ ਤੋਲਿਓ । ਹੰਕਾਰ ਧਾਰਿ ਭੂਰ ਕੋ[11] ਗ਼ਰੂਰ ਸੰਗ ਬੋਲਿਓ ॥ ੧੧ ॥ 'ਗੁਰੂ ਗੁਬਿੰਦ ਸਿੰਘ ਪੈ ਪੁਰੇ ਅਨੰਦ ਜਾਇਹੋਂ । ਬਰੌਂ[12] ਸੁ ਦੂਨ ਤਾਂਹਿ ਮਾਰਿ ਦੂਨ ਦ੍ਰਬ[13] ਲ੍ਯਾਇਹੋਂ । ਕਰੌਂ ਸੁ ਜੀਤ ਜ਼ੋਰ[14] ਮੈਂ ਬਿਲੰਦ ਦੰਡ ਦੇਇਹੈ[15] । ਨਹੀਂ ਤ ਲੋਹ ਕ੍ਰੋਹ ਕੋ ਸੁ ਸੀਸ ਆਪ ਲੇਇ ਹੈਂ[16] ॥੧੨॥ ਸੁ ਦੇਇ ਮੋਹਿ ਆਗਿਆ ਸਮੇਤ ਬ੍ਰਿੰਦ ਬਾਹਿਨੀ । ਸਿਧਾਇ ਸ਼ੀਘ੍ਰ ਜੀਤ ਹੋਂ ਫਰੰਕ ਬਾਹਿ ਦਾਹਨੀ[17]' । ਦਿਲਾਵਰਾ ਪਠਾਨ 'ਸਾਧ ਸਾਧ' ਤਾਂਹਿ ਭਾਖਿਯੋ । ਉਛਾਹਿ ਕੋ ਬਿਸਾਲ ਧਾਰਿ ਜੰਗ ਕੋ ਭਿਲਾਖਯੋ ॥੧੩॥ ਸਮੂਹ ਸੈਨ ਤਯਾਰ ਦ੍ਵੈ ਹਜ਼ਾਰ ਸੰਗ ਦੀਨਿਯਾਂ ।

---

[1] ਰੋੜਾਂ ਨੂੰ ਰਿੰਨ੍ਹ ਕੇ ਖਾਂਦਾ ਹੈ ਇਹ ਉਦਾਹਰਨ ਬਚਿਤ੍ਰ ਨਾਟਕ ਵਿੱਚੋਂ ਹੈ:—ਸਾਲਿਨ ਰਸ ਜਿਮ ਬਾਨੀਜੇ ਰੋਰਨ ਖਾਤ ਬਨਾਇ । [2] ਸ਼ੇਰ ਵੇਖਕੇ ਡਰਿਆ ਹੋਇਆ । [3] ਬਹੁਤਾ ਜ਼ੋਰ ਪਾਂਵਦਾ ਹੈ (ਹਾਥੀ) । [4] ਪੈਰਾਂ ਨਾਲ ਦਲਣਾ ਕਰੇ (ਹਾਥੀ) । [5] ਸ੍ਰੀ ਗੁਰੂ ਜੀ ਦੀ ਸਾਵਧਾਨਤਾ ਦੇਖਕੇ । [6] ਨਾਮ ਪਿੰਡ ਦਾ । [7] ਜਿਸ ਦੇ ਝੰਡੇ ਵਿਚ ਕ੍ਰਿਪਾਨ (ਦਾ ਚਿੰਨ੍ਹ) ਹੈ ਉਸ ( ਕਲਗੀਧਰ ਪਰ ) ( ਕ੍ਰਿਪਾ ਦੇ ਨਿਕੇਤ=) ਕ੍ਰਿਪਾ ਦੇ ਘਰ ਵਾਹਿਗੁਰੂ ਦੀ ਕ੍ਰਿਪਾ ਹੈ । (ਅ) ( ਕ੍ਰਿਪਾਨ ਕੇਤੁ=ਅਸਿਧੁਜ ਭਾਵ) ਅਕਾਲ ਪੁਰਖ ਜੋ (ਕ੍ਰਿਪਾ ਨਿਕੇਤ=) ਕ੍ਰਿਪਾ ਦਾ ਘਰ ਹੈ ਉਸ ਦੀ ਕ੍ਰਿਪਾ ਜਿਸ ਦੇ ਉਤੇ ਹੈ । [8] ਸਹਿਤ ਲੱਜਿਆ ਦੇ ਘਰ ਵਿਚ ਵੜਿਆ । [9] ਕਹਿਆ ਕੋਈ । [10] ਤਿਸਦੇ ਘਰ ਦਾ ਨੌਕਰ ਹੁਸੈਨ ਨਾਮ ਸੀ ਤਿਸਦਾ । [11] ਬਹੁਤੇ ਹੰਕਾਰ ਨੂੰ ਧਾਰਕੇ । [12] ਪ੍ਰਵੇਸ਼ ਕਰਕੇ । [13] ਦੁਗਣਾ ਧਨ । [14] ਜਿੱਤ ਕੇ ਅਧੀਨ ਕਰਾਂਗਾ । [15] ਬਹੁਤਾ ਦੰਡ (ਦਾ ਧਨ) ਦੇਵੇਗਾ । [16] ਲੋਹ (=ਸ਼ਸਤ੍ਰਾਂ) ਦਾ ਕ੍ਰੋਧ ਆਪਣੇ ਸਿਰ ਤੇ ਲਵੇਗਾ । [17] ਫਰਕਦੀ ਹੈ ਭੁਜਾ ਸੱਜੀ (ਮੇਰੀ) । *ਪਾ:—ਕ੍ਰਿਪਾ ਨਿਕੇਤ ਗੋਪਤਾ ।

Sri Satguru Jagjit Singh Ji eLlibrary NamdhariElibrary@gmail.com

ਬਰੂਦ ਬ੍ਰਿੰਦ ਗੋਰੀਯਾਂ, ਖਤੰਗ, ਚਾਂਪ ਚੀਨਿਯਾਂ[1]। ਗ਼ਰੂਰ ਭੂਰ ਸੂਰਮਾਨ ਖੀਨ ਖੀਨ ਲੀਨਿਯੋ।ਤੁਰੰਗ ਜ਼ੀਨ ਤੰਗ ਐਂਚਿ ਐਂਚਿ[2] ਤਯਾਰ ਕੀਨਿਯੋ। ॥ ੧੪ ॥ ਅਰੂਢ ਹ੍ਵੈ ਬਜਾਇ ਦੁੰਦਭਾਨ ਬ੍ਰਿੰਦ ਚਾਲਿਯੋ। ਪੁਰੋ ਅਨੰਦ ਸ੍ਰੀ ਗੁਰੂ ਅਨੰਦ ਮੈਂ ਬਿਸ਼ਾਲਯੋ[3]।ਜਬੈ ਪਠਾਨ ਪੂਤ ਸੂਧ[4] ਸ਼ੋਰ ਕੋ ਮਹਾਨਯੋ। ਅਧੀਰ ਹੋਇ ਭੀਰੁ ਭੇ ਭਲਾਨ ਕੌ ਪਲਾਨਯੋਂ ॥[5]੧੫॥ਬਿਲੋਕਿ ਦੂਰਦੂਰ ਲੌ ਦਿਵਾਨ ਨੰਦ ਚੰਦ ਹੀ। ਥਿਰੇ ਲਰੈਨ ਹੇਤੁ ਸੋਂ ਲਏ ਚਮੂੰ ਬਿਲੰਦ ਹੀ। ਉਡੀਕ ਕੀਨਿ ਸ਼ੱਤ੍ਰ ਕੀ ਬਰਿੱਤ੍ਰ[5] ਜੰਗ ਦੇਨ ਕੋ। ਪਰਾ[6] ਬਨਾਇ ਸੈਨ ਕੋ ਅਗਾਊ ਆਇ ਲੈਨ ਕੋ ॥ ੧੬ ॥ ਸੁਨਯੋ ਜਬੈ ਪਲਾਇਗੋ ਬਿਜੈ ਲਈ ਮਹਾਨ ਕੋ।ਅਨੰਦ ਹ੍ਵੈ ਸੁ ਜੀਤ ਕੋ ਬਜਾਇ ਕੈ ਨਿਸ਼ਾਨ[7] ਕੋ।ਤੁਫੰਗ ਬ੍ਰਿੰਦ ਛੋਰਿਯਾਂ ਅਵਾਜ਼ ਦੂਰ ਦੂਰ ਮੋਂ।ਗ਼ਰੂਰ ਭੂਰ ਪੂਰ ਕੈ ਗਰੂਰ*ਨੂਰ ਸੂਰਮੋਂ[8] ॥ ੧੭॥ ਸਮਾਜ ਪੁੰਜ ਗਾਜ ਕੈ[9] ਪੁਰੋ ਅਨੰਦ ਕੋ ਮੁਰੇ। ਧਰੇ ਅਨੰਦ ਕੋ ਸਭੈ ਜੈਕਾਰ ਦੀਹ ਕੋ ਕਰੇਂ। ਪ੍ਰਵੇਸ਼ ਹ੍ਵੈ ਅਸ਼ੇਸ਼ ਹੀ ਵਿਸ਼ੇਸ਼ ਜੀਤ ਪਾਇਕੈ। ਤੁਰੰਗ ਆਪ ਆਪਨੇ ਸੁ ਥਾਨ ਮੈਂ ਟਿਕਾਇ ਕੈ ॥ ੧੮ ॥ ਰਹੀ ਸੁ ਜਾਮ ਜਾਮਨੀ ਕ੍ਰਿਪਾ ਨਿਕੇਤ[10]ਜਾਨਿ ਕੈ।ਤਬੈ ਸੁ ਤਯਾਗਿ ਨੀਂਦ ਕੋ ਸ਼ਨਾਨਸੌਚ ਠਾਨਿ ਕੈ। ਧਰੇ ਸ਼ਰੀਰ ਚੀਰ ਕੋ ਸੁ ਬੀਰ ਦੇਹਿ ਧੀਰਜੇ। ਸਜਾਇ ਆਯੁ-ਧਾਨ ਕੌ ਬਿਸਾਲ ਜਾਂਹਿ ਬੀਰਜੈ[11] ॥ ੧੯ ॥ ਪ੍ਰਤੀਖਤੇ ਨਿਜੈ ਦਲੈ ਬਲੈ ਬਿਲੰਦ ਜੰਗਕੋ[12]।ਪ੍ਰਭਾਤਿਲੌ ਪ੍ਰਭੂ ਥਿਰੇ ਨ ਜਾਨ ਕੌਨ ਢੰਗਕੋ[13]। ਅਰੂਢਿ ਮਾਰਤੰਡ[14] ਤੇ ਪ੍ਰਚੰਡ ਸੂਰ[15]ਆਇਕੈ।ਅਨੰਦ[16] ਨੰਦਚੰਦ ਆਦਿ ਬੰਦਨਾ

[1]ਧਨੁਖ ਦੇਖੇ। (ਅ) ਚੀਨੀ ਧਨੁਖ। [2]ਖਿੱਚ ਖਿੱਚ ਕੇ। [3]ਬੜੇ ਅਨੰਦ ਵਿਚ (ਹਨ)। [4]ਸੁਣਿਆਂ। [5]ਸੁਹਣਾ। [6]ਸਫ ਬੰਨ੍ਹ ਕੇ। [7]ਧੌਂਸੇ। [8]ਭਾਰੇ (ਗ਼ਰੂਰ=) ਹੰਕਾਰ ਵਿਚ ਭਰੇ ਜਾ ਕੇ ਰਣ ਦੇ ਵਡੇ ਬਲਵਾਨ ਸੂਰਮੇ [ਅ:, ਗ਼ੁਰੂਰ=ਹੰਕਾਰ। ਹਿੰ: ਗ਼ਰੂਰ ਨੂਰ=ਗੁਰੂ+ਗਨ+ਊਰ। ਗੁਰੂ=ਭਾਰੇ। ਰਨ=ਮੈਦਾਨ ਜੰਗ। ਊਰ=ਊਰਜ=ਬਲ]। (ਅ) ਵਡੇ ਹੰਕਾਰ ਵਿਚ ਭਰਕੇ ਵਡੇ ਚਮਕਾਰ ਵਾਲੇ ਸੂਰਮੇ। ( ੲ ) ਵਡੇ ਹੰਕਾਰ ਨਾਲ ਭਰਕੇ ਹੰਕਾਰ ਦੇ ਨੂਰ ਨਾਲ ( ਚਮਕਦੇ ) ਸੂਰੇ। [9]ਸਮੂਹ ਸੂਰਮਿਆਂਦਾ ਸਮਾਜ ਗੱਜਕੇ। [10]ਭਾਵ ਸ੍ਰੀਕਲਗੀਧਰ ਜੀ। [11]ਜਿਸਦਾ ਮਹਾਂ ਬਲ ਹੈ। [12]ਉਡੀਕਦੇ ਹਨ ਆਪਣੇ ਦਲ ਨੂੰ ਜਿਸਦਾ ਬਲ ਜੰਗ ਲਈ ਬਹੁਤ ਵਡਾ ਹੈ। [13]ਸਵੇਰ ਤਾਈਂ ਖੜੇ ਰਹੇ( ਯਾ ਟਿਕੇ ਰਹੇ) ਕੋਈ ਨਹੀਂ ਜਾਣਦਾ ਜੋ ਕਿਸ ਲਈ (ਖੜੇ ਹਨ), ਕਵਿ ਜੀ ਦੱਸਦੇ ਹਨ ਕਿ ਕਿਸੇ ਨੂੰ ਪਤਾ ਨਹੀਂ ਲਗਾ ਕਿ ਸ਼ਸਤ੍ਰ ਧਾਰਕੇ ਪਹਿਰ ਭਰ ਕਿਉਂ (ਖੜੇ ) ਰਹੇ, ਹੁਣ ਸਮਝ ਸੱਕਣਾ ਤਾਂ ਖਰਾ ਕਠਨ ਹੈ। ਖਿਆਲ ਹੋ ਸਕਦਾ ਹੈ ਕਿ ਆਤਮ ਬਲ ਆਪਣੀ ਸੈਨਾ ਵਿਚ ਧਿਆਨ ਨਾਲ ਭਰਦੇ ਰਹੇ ਹਨ। [14]ਸੂਰਜ ਚੜ੍ਹੇ ਤੇ। [15]ਤੇਜ ਵਾਲੇ ਸੂਰਮੇ। [16]ਅਨੰਦ ਸਮੇਤ।

*ਪਾ:-ਕਦੂਰ।

Sri Satguru Jagjit Singh Ji eLlibrary NamdhariElibrary@gmail.com

ਸੁ ਗਾਇਕੈ॥੨੦॥ ਸੁਨਾਇ ਜੰਗ ਬਾਰਤਾ 'ਉਭੀਕ ਸ਼ੱਤ੍ਰੁ ਕੀਨਿਯਾ। ਭਯੇ ਨ ਆਇ ਸਾਮੁਹੇ ਬਿਸਾਲ ਤ੍ਰਾਸ ਭੀਨਿਯਾ। ਪ੍ਰਤਾਪੁ ਦੀਹ ਆਪਕੋ ਸਕੈ ਨ ਆਇ ਤੀਰ ਕੋ। ਪ੍ਰਸਿੱਧ ਦੇਸ਼ ਬ੍ਰਿੰਦ ਮੈਂ, ਸਹੈ ਸੁ ਕੌਨ ਤੀਰ ਕੋ॥ ੨੧॥ ਨਦੀ ਕਿਨਾਰ ਪਾਰ ਕੋ, ਨ ਪਾਇ ਨੀਰ ਬੋਰਿਓ[1]। ਅਧੀਰ ਭੀਰੁ ਭੂਰ ਹੈ ਉਛਾਹਿ ਜੁੱਧ ਛੋਰਯੋ'। ਕ੍ਰਿਪਾ ਨਿਧਾਨ ਸੁਨੇ[2] ਕਾਨ ਬੈਨ ਕੋ ਬਖਾਨਿਓ। 'ਸਹਾਇ ਸ਼੍ਰੀ ਅਕਾਲ ਕੀ ਬਿਸ਼ਾਲ ਤੇ[3] ਪਲਾਨਿਓ*॥੨੨॥ਮਹਾਨ ਮਾਨ ਹਾਨਿਯੇ[4] ਕ੍ਰਿਪਾਨ ਬਾਨ ਸੰਗ ਹੀ।ਬਹੋਰ ਸ਼ੱਤ੍ਰੁ ਆਇ ਹੈਂ[5] ਮਚਾਇ ਦਾਇ ਜੰਗ ਹੀ[6]। ਸਮੇਤ ਬ੍ਰਿੰਦ ਸੈਨ ਸਾਵਧਾਨ ਹੀ ਰਹੀਜਿਯੇ। ਤੁਰੰਗ ਆਯੁ-ਧਾਨ ਕੋ ਭਟਾਨ[7] ਬਾਂਟ ਦੀਜਿਯੇ'॥ ੨੩ ॥ ਪੁਰੇ ਅਨੰਦ ਮੈਂ ਅਨੰਦ ਯੋਂ ਬਿਲੰਦ ਹੋਇਓ। ਦਿਵਾਨ ਮੈਂ ਦਿਵਾਨ ਸਾਥ[8] ਯੋਂ ਪ੍ਰਭੂ ਪ੍ਰਭੋਇਓ[9]। ਉਤੇ ਪਠਾਨ ਕੋ ਗੁਲਾਮ ਜ਼ੋਰ ਸੈਨ ਆਇਓ[10]।ਹੁਸੈਨ ਨਾਮ ਜਾਸਕੋ ਪ੍ਰਤਾਪ ਕੋ ਜਨਾਇਓ ॥੨੪॥ ਪੁਰਾ ਪਧਾਨਿ[11] ਆਨਿ ਕੈ ਅਵਾਨ ਗ੍ਰਾਮ[12] ਲੂਟਿਓ। ਭਯੋ ਜੁ ਕੋਇ ਸਾਮੁਹੇ ਸੁ ਠਾਨਿ ਜੰਗ ਕੂਟਿਓ।ਸਮਾਜ ਗ੍ਰਾਮ ਧਾਮ ਕੋ[13] ਸੁ ਛੀਨ ਛੀਨ ਲੀਨਿਓ।ਜਨਾਇ ਜ਼ੋਰ ਆਪਨੋ ਹੰਕਾਰ ਪੀਨ ਕੀਨਿਓ॥੨੫॥ ਬਹੋਰ ਡੱਢਵਾਰਿਯਾ[14] ਸੰਗ੍ਰਾਮ ਘਾਲਿ[15] ਜੀਤਿਓ।ਸੁ ਦੰਡ ਲੀਨ ਦਰਬ ਕੋ ਕੁਨੀਤਿ ਮੈਂ ਪ੍ਰਤੀਤਯੋ[16]। ਕਿਤੇਕ ਸੈਲਰਾਜ ਮੇਲ ਹੇਤੁ ਪਾਸ ਆਵਹੀਂ। ਸਮੂਹ ਤੇ ਸੁ ਲੇਤਿ ਦਾਮ[17] ਦੰਡ ਕੋ ਚੁਕਾਵਹੀ॥੨੬॥ਕਿਤੇਕ ਸੈਲਪਾਲ ਕੇ ਸੁ ਨੰਦ ਬੰਦ ਮੈਂ ਕਿਯੇ[18]।'ਬਿਲੰਦ ਦਰਬ ਦੇਹਿੰਗੇ ਤ ਛੋਰਿਹੈਂ' ਸੁਨੈ ਦਿਏ। ਕਟੋਚੀਆ ਕ੍ਰਿਪਾਲ ਭੀਮਚੰਦ ਜੋ ਕਲੂਰਿਯਾ। ਮਿਲੇ ਅਕੋਰ ਦੇਇ ਦੇਇ ਹੇਰਿ ਓਜ ਪੂਰਿਯਾ[19]†॥੨੭॥ਬਿਸਾਲ ਦੂਨ ਮੈਂ ਪ੍ਰਵੇਸ਼ ਲੂਟ ਲੂਟ ਲੀਨਿਓ। ਸਤ੍ਰਾਸ ਭੀਰ ਭੂਰ ਹੈ ਕਿਸੂ ਨ ਜੰਗ ਕੀਨਿਓ। ਮਹਾਨ ਅੰਨ ਛੀਨ ਛੀਨ

[1]ਨਦੀ ਦੇ ਪਾਰਲੇ ਕਿਨਾਰੇ ਤੇ (ਰਿਹਾ) ਉਸ ਨੇ ਜਲ ਵਿਚ ਪੈਰ ਬੀ ਨਾ ਡੋਬਿਆ। [2]ਸੁਣਕੇ। [3]ਭਾਰੀ ਸਹਾਇਤਾ ਨਾਲ। [4]ਹੰਕਾਰ ਨੂੰ ਨਾਸ਼ ਕਰਨਾ। [5]ਫੇਰ ਵੈਰੀ ਔਣਗੇ। [6]ਜੰਗ ਦਾ ਦਾਉ ਲਗਾ ਕੇ। [7]ਸੂਰਮਿਆਂ ਨੂੰ। [8]ਸਭਾ ਵਿਚ ਦਿਵਾਨ ਨੰਦ ਚੰਦ ਨਾਲ। [9]ਕਹਿਆ। [10]ਭਾਵ ਦਿਲਾਵਰਖਾਨ ਪਠਾਣ ਦਾ ਨੌਕਰ ਜੋੜ ਕੇ ਸੈਨਾ ਆ ਰਿਹਾ ਹੈ। [11]ਪਹਿਲਾਂ ਬਲ ਕੇ। [12]ਨਾਮ ਹੈ ਪਿੰਡ ਦਾ। [13]ਪਿੰਡ ਦੇ ਘਰਾਂ ਦਾ। [14]ਫਿਰ ਡਢਵਾਲੀਏ ਨੂੰ। [15]ਕਰ ਕੇ। [16]ਕੁਨੀਤੀ ਵਿਚ ਭਰੋਸੇ ਵਾਲਾ ਹੋਇਆ (ਹੁਸੈਨੀ) ਭਾਵ ਜ਼ੁਲਮ ਕਰਨ ਲੱਗਾ। [17]ਦਮੜੇ, ਰੁਪੱਯੇ। [18]ਪਹਾੜੀ ਰਾਜਿਆਂ ਦੇ ਪੁੱਤ੍ਰ ਕੈਦ ਕੀਤੇ। [19]ਪੂਰਾ ਬਲ ਵਾਲਾ ਦੇਖ ਕੇ।

*ਕਿੰਨਾਂ ਨਿੰਮ੍ਰਤਾ ਭਰਿਆ ਭਰੋਸਾ ਸਿਖਾ ਰਹੇ ਹਨ। †ਪਾ:-ਹੇਰਿਯੋ ਸੁ ਘੂਰਿਆ।

Sri Satguru Jagjit Singh Ji eLlibrary NamdhariElibrary@gmail.com

ਸੈਨ ਬਾਂਟ ਦੀਨਿਯੰ। ਰਿਦੇ ਗੁਰੂ ਪੂਰੋਨ ਕੌ[1] ਪ੍ਰਭਾਵ ਨਾਂਹਿ ਚੀਨਿਯੰ॥੨੮॥ ਕਰੇਤਿ ਕਾਜ ਖੋਟ ਕੌ ਬਿਚਾਰ ਕੌ ਨ ਠਾਨਿਯੰ। ਬਿਸਾਲ ਮੂਢ ਆਤਮਾ ਗ਼ੁਲਾਮ ਬੁੱਧਿਵਾਨਯੰ[2]।ਨਿਵੇਸਘਾਲਿ ਦੂਨਮੈਂ ਜਨਾਇਜੋਰਆਪਨੋ।ਖਸੋਟ ਲੇਤਿ ਕਾਹੁੰ ਕੌ ਮਹਾਨ ਦੇਤਿ ਤਾਪਨੋ[3] ॥ ੨੯ ॥ ਬਿਨਾਇ ਦੋਸ਼ ਕੇਤਨੇ* ਕਰੇਤਿ ਉਤਪਾਤਿ ਕੌ[4]। ਸਤ੍ਰਾਸ ਹੋਇ ਦੂਨ ਮੈਂ ਨ ਕੋਪ ਧਾਰਿ ਘਾਤ ਕੌ[5]। ਮਿਲੈਂ ਅਨੇਕ ਆਨਿਕੈ ਅਕੋਰ ਹਾਥ ਜੋਰਿ ਕੈ।ਕਿਤੇਕ ਭਾਜਿ ਜਾਤਿ ਹੈਂ, ਕਿਤੇਕ ਲੈਂ ਨਿਹੋਰਿ ਕੈ[6] ॥੩੦ ॥ ਦੋਹਰਾ ॥ ਇਸ ਪ੍ਰਕਾਰ ਸਭਿ ਦੂਨ ਮਹਿ ਘਾਲਣੋ ਜੋਰ ਸੁਜੋਰ[7]। ਅਭਿਲਾਖਤਿ ਮੂਰਖ ਰਿਦੇ–ਚਲੌਂ ਅਨੰਦਪੁਰਿ ਓਰ–॥ ੩੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਹੁਸੈਨੀ ਆਗਵਨ' ਪ੍ਰਸੰਗ ਬਰਨਨੰ ਨਾਮ ਸਪਤ ਚਤੁਵਾਰਿੰਸਤੀ ਅੰਸੂ ॥ ੪੭ ॥

੪੮. [ਗੁਪਾਲ ਤੇ ਹੁਸੈਨੀ ਦੀ ਸੁਲਹ ਲਈ ਸੰਗਤੀਆ ਸਿੰਘ ਆਇਆ]।

ਦੋਹਰਾ ॥ ਭੂਪ ਕ੍ਰਿਪਾਲ ਕਟੋਚੀਆ ਭੀਮਚੰਦ ਤੇ ਆਦਿ। ਮਿਲੇ ਸੁ ਰਾਖਹਿ ਨਿਕਟ ਤਿਸ ਕਹਿ ਸਾਦਰ ਸੰਬਾਦ[8] ॥ ੧ ॥ ਚੌਪਈ ॥ ਇਕਠੀ ਸੈਨ ਕਰਤਿ ਸਮੁਦਾਯਾ। ਰਹੈ ਅਨੰਦ ਪੁਰਿ ਗੁਰੂ ਢਿਗ ਆਯਾ।–ਸੰਘਰ ਘਾਲ[9] ਘਨੋ ਘਮਸਾਨਾ। ਕਰੋਂ ਪਰਾਜਯ, ਕੈ ਹੁਇ ਹਾਨਾ[10] ॥੨॥ ਦੇਉਂ ਚਮੂੰ ਕੋ ਜ਼ੋਰ ਬਡੇਰਾ। ਮਿਲਹਿਂ ਤ ਲੈਹੋਂ ਦਰਬ ਘਨੇਰਾ। ਭੇਜਨੋ ਪੁੱਤ੍ਰ ਦਿਲਾਵਰ ਖਾਨ।ਜਿਨ ਤੇ ਡਰ ਹਟਿ ਗਯੋ ਨਿਦਾਨ[11]॥੩॥ਤਿਸ ਕਾਰਨ ਤੇ ਮੈਂ ਚਢਿ ਆਯੋ।ਸੰਚਿ[12] ਘਨੋ ਦਲ ਸੰਗ ਪਠਾਯੋ। ਨਹੀਂ ਅਨੰਦਪੁਰਿ ਮਾਰੌਂ ਜਾਵਦ। ਬਨੈ ਨ ਹਟਿ ਕਰਿ ਜੈਬੋ ਤਾਵਦ ॥ ੪ ॥ ਲਰਿਬੇ ਕੋ ਬਲ ਕੇਤਿਕ ਧਰੈਂ। ਦੇਖੋਂ ਅਬਿ ਜੇਤੋ ਰਣ ਕਰੈਂ–। ਇਮ ਗਿਨਿ ਗਿਨਿ ਮਨ ਠਾਨਹਿ ਤਯਾਰੀ।

---

[1]ਪੂਰਨ ਗੁਰੂ ਦਾ। [2]ਗੁਲਾਮਾਂ ਵਾਲੀ ਬੁੱਧੀ ਰਖਣ ਵਾਲਾ (ਖੋਟੇ ਕਾਜ ਕਰਨ ਵਿਚ)। [3]ਸਜ਼ਾ। [4]ਬਿਨਾਂ ਦੋਸ਼ ਕਰਨ ਦੇ ਬੀ ਕਿੰਨਿਆਂ ਨਾਲ ਉਪੱਦ੍ਰਵ ਕੀਤੇ। [5]ਕਿਸੇ (ਪਹਾੜੀਏ) ਨੂੰ (ਉਨ੍ਹਾਂ ਨੂੰ) ਮਾਰਨ ਲਈ ਕ੍ਰੋਧ ਨਾ ਆਇਆ। [6]ਕਿੰਨੇ ਕੁ ਬੇਨਤੀ ਕਰਕੇ (ਭੇਟਾ) ਲੈਕੇ (ਮਿਲਦੇ ਹਨ)। [7]ਭਾਵ ਬਹੁਤਾ ਜ਼ੋਰ। (ਅ) (ਹੋਰਨਾਂ ਨੂੰ ਨਾਲ) ਜੋੜਕੇ ਜ਼ੋਰ ਪਾਇਆ। [8]ਜੋ ਮੇਲ ਕਰਦਾ ਹੈ ਉਸ ਨੂੰ ਆਦਰ ਨਾਲ ਪਾਸ ਰੱਖਦੇ ਹਨ ਤੇ ਦੱਸਦੇ ਹਨ (ਗੁਰੂ ਜੀ ਨਾਲ) ਝਗੜੇ ਦੀ ਗਲ। (ਅ) ਮਿਲੇ ਹਨ ਹੁਸੈਨੀ ਨਾਲ) (ਜੋ ਉਨ੍ਹਾਂ ਨੂੰ ਆਦਰ ਨਾਲ ਕੋਲ ਰੱਖਦਾ ਹੈ ਉਸ ਨੂੰ (ਉਹ ਰਾਜੇ ਗੁਰੂ ਜੀ ਨਾਲ) ਝਗੜੇ ਦੀ ਗਲ ਕਹਿੰਦੇ ਹਨ। [9]ਜੰਗ ਕਰਾਂਗਾ ਵਡੇ ਘਮਸਾਨ ਦਾ। (ਅ) ਘੇਰਾ ਪਾਕੇ ਘਮਸਾਨ ਕਰਾਂਗਾ। [10]ਜਿੱਤ ਲਵਾਂਗਾ ਜਾਂ ਮਾਰਿਆ ਜਾਏਗਾ। [11]ਮੂਰਖ (ਦਿਲਾਵਰ ਦਾ ਪੁੱਤ੍ਰ)। [12]ਇਕੱਠਾ ਕਰਕੇ।

*ਪਾ:–'ਬਿਹਾਇ ਦਯੋਸ ਕੇਤਨੋ' ਅਤੇ 'ਬਿਤਾਇ ਦਯੋਸ ਕੇਤਨੋ' ਬੀ ਦੋ ਪਾਠਾਂਤ੍ਰ ਹੋਰ ਦੱਸੀਦੇ ਹਨ।ਛਾਪੇ ਵਿਚ ਪਾਠ ਹੈ–ਬਿਦਾਇ ਦੋਸ਼ ਕੇਤਨੋ।

ਦਿਨ ਪ੍ਰਤਿ ਮੇਲ ਕਿਯੋ[1] ਦਲ ਭਾਰੀ ॥ ੫ ॥ ਤਜੈਂ ਤਜੈਂ ਕਰਿ ਹੰਕਾਰ ਘਨੇਰਾ। ਰਹੈਂ ਅਨੰਦਪੁਰਿ ਪਾਵਨ ਘੇਰਾ।ਨੰਦਚੰਦ ਤੇ ਆਦਿ ਮਸੰਦ। ਸ੍ਰੀ ਗੁਜਰੀ ਪੁਤਿ ਦੁਖਿਤਿ ਬਿਲੰਦ ॥ ੬ ॥ ਤੀਨ ਭਾਨਜੇ ਪ੍ਰੋਹਿਤ ਔਰ। ਸਮੁਝਾਵਹਿ ਸੋਢੀ ਕੁਲ ਮੌਰ।'ਮਹਾਰਾਜ! ਤੁਮ ਅਹੋ ਨਿਚਿੰਤ। ਪਰਜੋ ਨੇਰ ਸ਼ੱਤ੍ਰੁ ਬਲਵੰਤ ॥ ੭ ॥ ਤੁਮ ਸੋਂ ਚਾਹਤਿ ਕਰਯੋ ਲਰਾਈ। ਆਜ ਕਾਲ ਮੈਂ ਦੇਰੈ ਨ ਕਾਈ। ਸਭਿ ਗਿਰਪਤਿ ਦੈ ਦੈ ਬਹੁ ਧਨ ਕੌ। ਮਿਲੇ ਜਾਤਿ ਹਤਿ ਧੀਰਜ ਮਨ ਕੋ ॥੮॥ ਕਯੋਂ ਨ ਕਰੋ ਅਪਨੀ ਤਕਰਾਈ। ਕੈ ਮਸੰਦ ਦਿਹੁ ਅੱਗ੍ਰ ਪਠਾਈ। ਸੰਧਿ ਕਰਹੁ ਨਹਿ ਬੈਰ ਵਧਾਵਹੁ। ਜਯੋਂ ਕਯੋਂ ਕਰਿ ਇਤ ਤੇ ਉਲਟਾਵਹੁ ॥੯॥ ਸੈਨ ਘਨੀ ਸੰਗ, ਕਰੋ ਨ ਰਨ ਕੋ[2]। ਫੇਰ ਦੇਹੁ ਕਛ ਦੇ ਕਰਿ ਧਨ ਕੋ'। ਗੁਜਰੀ ਆਦਿਕ ਜਬਿ ਇਮ ਕਹਯੋ। ਮਿਲਨਿ ਹੇਤੁ ਸਭਿਹਿਨਿ ਕਹਿ ਲਹਯੋ[3] ॥ ੧੦ ॥ ਗਰਜੇ ਸਭਾ ਬੀਰ ਬਲ ਭਾਰੀ। 'ਹਮ ਇਨ ਕੀ ਜੜ੍ਹ ਦੇਇ ਉਖਾਰੀ। ਰਾਜ ਪ੍ਰਤਾਪ ਦੂਰ ਸਭਿ ਜੈ ਹੈ। ਨਹੀਂ ਨਗਾਰਬੰਦ ਕੋ ਹ੍ਵੈ ਹੈ ॥ ੧੧ ॥ ਧਨ ਗਨ ਛੀਨਹਿਂ ਰੰਕ ਬਨਾਵਹਿ। ਨਿਜ ਦਾਸਨ ਕੋ ਰਾਜ ਵਧਾਵਹਿ। ਜੋ ਗ਼ੁਲਾਮ ਲੇ ਦਲ ਸਮੁਦਾਈ। ਆਇ ਕਰੈ ਹਮ ਸੰਗ ਲਰਾਈ ॥ ੧੨ ॥ ਇਮ ਰਣ ਕਰਹਿ ਉਪਾਵਹਿ ਤ੍ਰਾਸਾ। ਹੱਥਸਾਰਨ ਤੇ ਹੋਇ ਬਿਨਾਸ਼ਾ। ਖੜਗਕੇਤੁ ਕੇ ਕੌਤਕ ਪਿਖੇ। ਕਹਾਂ ਕਰਤਿ ਹੈ ਸੁਖ ਸੋਂ ਲਖੇ ॥੧੩॥ ਅਪਰ ਥਾਨ ਹੀ ਮਰਿ ਕਰਿ ਰਹੇ। ਹਮਰੀ ਨਹਿ ਸਮੀਪਤਾ ਲਹੇ। ਘਟਾ ਸਮਾਨ ਬਨਾਵਤਿ ਆਵੈ। ਕਾਲ ਕਰਮ ਕੋ ਮਰਮ ਨ ਪਾਵੈ ॥ ੧੪ ॥ ਬਾਯੁ ਮਨਿੰਦ ਉਡਾਇ ਖਪਾਵੈ[4]। ਪਿਖਿਨਿ ਰਹੇ ਕਿਤ ਸੁਨਿਯ ਨ ਜਾਵੈ[5]। ਤਊ ਨੰਦ ਚੰਦ ਸੁਨੀਯਹਿ ਕਾਨ। ਰਨ ਸਮਾਜ ਕਰਿ ਬਨਿ ਸਵਧਾਨ ॥ ੧੫ ॥ ਗੁਲਕਾਂ ਗਨ ਬਰੂਦ ਬਰਤਾਵੇ। ਸੁਧਿ ਕੋ ਰਖੇ ਜਸੂਸ ਪਠਾਵੇ। ਸਰਬ ਪ੍ਰਕਾਰ ਧਾਰਿ ਤਕਰਾਈ। ਆਵਹਿ ਰਣ ਕਰਿ ਹੈਂ ਅਗਵਾਈ[6]' ॥ ੧੬ ॥ ਇਸਿ ਬਿਧਿ ਕਥਾ ਅਨੰਦਪੁਰਿ ਕੇਰੀ। ਦ੍ਰਿੜ੍ਹਤਾ ਕਰਹਿ ਦਿਵਾਨ ਬਡੇਰੀ। ਚਮੂੰ ਬ੍ਰਿੰਦ ਕੋ ਰਾਖਿ ਬਟੇਰੀ। ਬਿਚਰਤਿ ਹੈਂ ਅਰੂਢਿ ਚਹੂੰ ਓਰੀ ॥੧੭॥ ਉਤੈ ਹੁਸੈਨ ਖਾਨ ਹੰਕਾਰੀ। ਕਰੇ ਬਟੋਰਨ ਭਾ

[1]ਕੱਠ ਕੀਤਾ। [2](ਸ਼ੱਤ ਪਾਸ) ਸੈਨਾ ਬਹੁਤੀ (ਹੈ ਤਾਂਤੇ ਉਸ ਨਾਲ) ਜੰਗ ਨਾ ਕਰੋ। [3]ਕਹਿੰਦੇ ਹਨ ਸਾਰੇ (ਏਹ) ਜਾਣਿਆਂ (ਗੁਰੂ ਜੀ ਨੇ)। [4]ਨਾਸ਼ ਕਰੇਗਾ (ਪਰਮੇਸ਼ਰ। [5]ਵੇਖਣਾ ਤਾਂ ਕਿਤੇ ਰਹਿਆ ਸੁਣਿਆ ਨਹੀਂ ਜਾਵੇਗਾ। [6]ਜੇ ਆਵੇ ਤਾਂ ਅੱਗੋਂ ਜੰਗ ਕਰਾਂਗੇ। (ਅ) ਜੇ ਜੰਗ ਕਰਨ ਆਵੇ ਤਾਂ ਅਗਵਾਈ ਕਰਾਂਗੇ, ਭਾਵ ਵਧ ਕੇ ਲੜਾਂਗੇ।

ਦਲ ਭਾਰੀ। ਭਯੋ ਸੁ ਤ੍ਯਾਰ ਅਨੰਦ ਪੁਰਿ ਆਵਨ। ਤਬਿ ਗੁਪਾਲ[1] ਨਰ ਕੀਨਿ ਪਠਾਵਨ ॥੧੮॥ 'ਤ੍ਰਾਸ ਗੁਲੇਰੀਆਨ ਕੇ ਮਨਕੋ। ਮਿਲ੍ਯੋ ਚਹਿਤ ਦੇ ਕਰਿ ਕਛੁ ਧਨ ਕੋ'। ਸੁਨਿ ਹੁਸੈਨ ਤਿਨ ਨਿਕਟ ਹਕਾਰਾ। [2]'ਮਿਲਹੁ ਮੋਹਿ ਕੌ ਬਿਨਾ ਅਵਾਰਾ ॥ ੧੯ ॥ ਜਥਾ ਅਪਰ ਨ੍ਰਿਪ ਦੀਨਸਿ ਦਰਬਾ। ਤਿਮ ਇਹ[3] ਦੇਹਿ ਮਿਲਹੁ ਸੰਗ ਸਰਬਾ[4]। ਸੈਨ ਸਮੇਤ ਕਟੋਚੀ ਜੈਸੇ। ਭੀਮਚੰਦ ਕਹਿਲੂਰੀ ਤੈਸੇ॥੨੦॥ਤਥਾ ਗੁਪਾਲ ਗੁਲੇਰੀ ਆਇ। ਰਹੈ ਸੰਗ ਮਮ ਜਿਤ ਚਢਿ ਜਾਇ[5]'। ਇਮ ਸੁਨਿ ਦੂਤ ਗਯੋ ਨ੍ਰਿਪ ਤੀਰ। ਕਥ ਹੁਸੈਨ ਕੀ ਕਹੀ ਸੁ ਧੀਰ[6]॥੨੧॥ ਸੁਨਿ ਗੋਪਾਲ ਲੀਨਿ ਕੁਛ ਦਰਬ। ਚਢਿ ਕਰਿ ਚਲ੍ਯੋ ਸੰਗ ਲੇ ਸਰਬ। ਰਾਮ ਸਿੰਘ ਇਕ ਸੈਲਪ ਆਨ[7]। ਚਲ੍ਯੋ ਗੁਪਾਲ ਸੰਗ ਹਿਤ ਠਾਨਿ ॥੨੨॥ [8]'ਜੋ ਕਰਿ ਇਹ ਨਹਿਂ ਹੋਤਿ ਬਖੇਰਾ[9]। ਖਾਨ ਹੁਸੈਨ ਗੁਮਾਨ ਘਨੇਰਾ। ਤੌ ਦਿਨ ਦੋ ਇਕ ਮੈਂ ਕਰਿ ਤ੍ਯਾਰੀ। ਹੁਤੋ ਸਕੇਲ੍ਯੋ ਦਲ ਭਟ ਭਾਰੀ ॥੨੩॥ ਆਇ ਅਨੰਦਪੁਰਿ ਘਾਲਤਿ ਜ਼ੋਰ। ਲੇ ਗਿਰਪਤਿ ਸਭਿ ਅਪਨੀ ਓਰ। ਹੋਤਿ ਘੋਰ ਘਮਸਾਨ ਘਨੇਰਾ[10]। ਲਸ਼ਕਰ ਜਿਸ ਕੇ ਸੰਗ ਬਡੇਰਾ ॥ ੨੪ ॥ ਹੋਇ ਪਰਤ ਜਿਮ ਸਤਿਗੁਰ ਕਰਤੇ[11]। ਕਿਧ ਸਹਾਇ ਅਬਿ ਅਸਿਧੁਜ ਕਰਤੇ[12]।ਭਾ ਪਹਾਰੀਆਨਿ ਸੰਗ ਬਖੇਰਾ। ਪਰ੍ਯੋ ਗਰੇ* ਤਿਨ ਜੰਗ ਬਡੇਰਾ ॥ ੨੫ ॥ ਕਾਲ ਕਰਮ ਸੋ ਪੂਰਨ ਕਰੇ। ਆਪਸ ਬਿਖੇ ਸਪਰਧਾ[13]ਧਰੇ।ਰਾਮ ਸਿੰਘ ਕੋ ਸਹਿਤ ਗੁਪਾਲ।ਆਨਿ ਪਹੂੰਚ੍ਯੋ ਤਹਿਂ ਜਿਸ ਕਾਲ ॥੨੬॥ ਬਾਸੁਰ ਜਾਮ ਰਹ੍ਯੋ ਤਬਿ ਆਯੋ। ਪਿਖਿ ਹੁਸੈਨ ਮਨ ਬਹੁ ਗਰਬਾਯੋ। ਭੀਮਚੰਦ ਜਿਹ ਸੰਗ ਕਹਲੂਰੀ। ਅਰੁ ਕਟੋਚ ਸੰਗ ਸੈਨਾ ਭੂਰੀ॥੨੭॥ਲਖੈ-ਕਿ ਮਹਿ ਮਹਿਂ[14] ਮੋ ਸਮ ਔਰ ਨਾਭਯੋ ਤ੍ਰਾਸ ਮੋ ਤੇ ਸਭਿ ਠੌਰਨ।ਚਹੌਂ ਰਾਜ ਜਿਹ ਛੀਨ ਨਿਕਾਰੌਂ।ਜਿਹ ਕੋ[15] ਚਹੌਂ ਬਾਂਧਿ ਕਰਿ ਡਾਰੌਂ॥੨੯॥ ਦਰਬ ਦੰਡ ਕੋ ਪੂਰਬ ਲੈਕੈ। ਦਲ ਜੁਤਿ ਪੁਨ ਗੁਪਾਲ ਸੰਗ ਕੈ ਕੈ। ਲਰਿ ਹੌਂ ਸ੍ਰੀ ਗੁਬਿੰਦ ਸਿੰਘ ਸੰਗ। ਬਡ ਲਸ਼ਕਰ ਤੇ ਘਾਲਹੁ

[1]ਰਾਜਾ ਗੁਪਾਲ ਨੇ। [2]ਦੂਤ ਨੂੰ ਹੁਸੈਨਾ ਕਹਿੰਦਾ ਹੈ। [3]ਗੁਪਾਲ। [4]ਸਾਰਿਆਂ ਨਾਲ ਮਿਲ ਜਾਓ। [5]ਜਿਧਰ ਮੈਂ ਚੜ੍ਹ ਜਾਵਾਂ। [6]ਧੀਰਜ ਨਾਲ। [7]ਪਹਾੜੀ ਰਾਜਾ ਹੋਰ ਸੀ। [8]ਕਵੀ ਕਹਿਦਾ ਹੈ। [9]ਇਸ ਬਖੇੜੇ ਦਾ ਅਗੇ ਵਰਨਨ ਆਵੇਗਾ। [10]ਭਾਵ, ਬੜਾ ਭਯਾਨਕ ਜੰਗ ਹੁੰਦਾ। [11]ਜਿਵੇਂ ਸਤਿਗੁਰ ਕਰਦੇ ਤਿਵੇਂ ਹੀ ਹੋ ਜਾਂਦੀ। [12]ਹੁਣ ਪ੍ਰਮਾਤਮਾਂ ਕਰਤੇ ਨੇ (ਸ੍ਰੀ ਕਲਗੀਧਰ ਜੀ ਦੀ) ਸਹਾਇਤਾ ਕੀਤੀ। [13]ਈਰਖਾ। [14]ਪ੍ਰਿਥਵੀ ਵਿਚ। [15]ਜਿਸ ਨੂੰ। *ਪਾ:-ਹੁਤੇ।

Sri Satguru Jagjit Singh Ji eLlibrary NamdhariElibrary@gmail.com

ਜੰਗ ॥੨੯॥ ਛੀਨ ਅਨੰਦ ਪੁਰਿ ਵਹਿਰ ਨਿਕਾਰੋਂ । ਨਿਜ ਸੁਾਮੀ ਕੀ ਕਾਰ ਸੁਧਾਰੋਂ'–। ਨਿਜ ਮੰਤ੍ਰੀਨ ਸੰਗ ਇਮ ਕਹੈ। ਲਰਨਿ ਗੁਰੂ ਸੰਗ ਨਿਸ ਦਿਨ ਚਹੈ॥੩੦॥ਮਿਲਯੋ ਗੁਪਾਲ ਹੁਸੈਨੀ ਸਾਥ । ਦੇਨਿ ਲਗਯੋ ਧਨ ਲਯਾਇ ਜੁ ਹਾਥ॥ਗਰਬਤਿ ਕੋ[1] ਪਸੰਦ ਨਹਿ ਆਵਾ।ਕਹਤਿ ਭਯੋ 'ਇਹ ਥੋਰੋ ਲਯਾਵਾ ॥੩੧॥ ਇਸ ਤੇ ਦੁਗਨ ਆਨਿ ਜਬਿ ਦੀਜੈ । ਪੀਛੇ ਮੇਲ ਮੋਹਿ ਸੰਗ ਕੀਜੈ। ਜੇ ਨਹਿੰ ਦੇਹੁ ਤੋਹਿ ਰਜਧਾਨੀ । ਛੀਨੌਂ ਜਾਨਿ ਕਰੌਂ ਸਭਿ ਹਾਨੀ[2]'॥੩੨॥ ਸੁਨਿ ਗੁਪਾਲ ਨ੍ਰਿਪ ਸੋ ਨਹਿੰ ਮਾਨੀ। ਕਪਟ ਠਾਨਿ ਕਰਿ ਗਿਰਾ ਬਖਾਨੀ। 'ਆਨੌਂ ਜਾਇ ਸਦਨ ਕਉ ਹੇਰਿ । ਲੇ ਧਨ ਮਿਲਹੁਂ ਪਹੁੰਚ ਕਰਿ ਫੇਰ' ॥੩੩॥ ਰਿਪੁ ਤੇ ਦੂਰ ਨਿਕਸ ਜਬਿ ਗਯੋ। ਸਭਿ ਧਨ ਸਾਂਭ ਪਯਾਨਾ ਕਿਯੋ । ਕਹਤਿ ਭਯੋ, 'ਇਹ ਭੀ ਨਹਿ ਦੈਹੈਂ । ਸਮੁਖ ਹੋਇ ਕਰਿ ਲੋਹ ਬਜੈ ਹੈਂ' ॥੩੪॥ ਇਮ ਕਹਿ ਪਹੁੰਚਯੋ ਜਾਇ ਗੁਲੇਰ। ਤਕਰਾਈ ਬਹੁ ਕਰਿ ਤਿਸ ਬੇਰ। ਲਖਯੋ ਹੁਸੈਨਖਾਨ ਜਬਿ ਐਸੇ । ਜਰਯੋ ਕ੍ਰੋਧ ਹੁਇ ਪਾਵਕ ਜੈਸੇ ॥ ੩੫ ॥ ਲੋਚਨ ਬਦਨ ਲਾਲ ਹੁਇ ਗਯੋ।ਭਲਾ ਬੁਰਾ ਕਛੁ ਲਖਤਿ ਨ ਭਯੋ।ਕਹਯੋ 'ਤੁਰਤ ਦੁੰਦਭਿ ਬਜਵਾਇ । ਸਕਲ ਅਰੂਢਹੁ ਬਿਲਮ ਬਿਹਾਇ' ॥ ੩੬ ॥ ਚਢਯੋ ਚਮੂੰ ਲੈ ਬਜਯੋ ਨਗਾਰਾ । ਜਾਇ ਤਹਾਂ ਪੁਰਿ ਘੇਰੋ ਡਾਰਾ । ਵਸਤੁ ਵਹਿਰ ਤੇ ਪਹੁੰਚਤਿ ਅੰਤਰ[3] । ਰਾਖੀ ਸਗਰੀ ਬਰਜਿ ਨਿਰੰਤਰ॥੩੭॥ਤ੍ਰਿਣ ਅੰਨਾਦਿਕ ਸਕਲ ਹਟਾਯੋ। 'ਹਤੋ ਹੇਲ ਕਰਿ[4]' ਭਾਖਿ ਪਠਾਯੋ।ਜਬਿ ਕਛੁ ਪਹੁੰਚਨਿ ਦਿਯੋ ਨ ਅੰਤਰ । ਸੂਰ ਸਮੂਹ ਰਿਸਾਇ ਨਿਰੰਤਰ ॥੩੮॥ ਕਹਯੋ ਗੁਪਾਲ ਸੰਗ 'ਰਣ ਕਰੈਂ।ਨਿਕਸਿ ਵਹਿਰ ਹਮ ਹਤਿ ਹਤਿ ਲਰੈਂ[5]' । ਨ੍ਰਿਪ ਸੁਨਿ 'ਧੀਰਜ' ਭਟਨਿ ਅਲਾਯੋ।ਸੰਧਿ ਕਰਨਿ ਕੋ ਦੂਤ ਪਠਾਯੋ॥੩੯॥ਹੁਤੋ ਗ਼ੁਲਾਮ ਦਿਲਾਵਰਖਾਨਾ । ਹੇਰਿ[6] ਹੁਸੈਨਖਾਨ ਗਰਬਾਨਾ । ਸੈਨ ਪਠਾਨੀ ਜਾਨ ਮਹਾਨੀ।'ਲਰਿ ਕਰਿ ਮਾਰੋ'ਮਸਲਤ ਠਾਨੀ॥੪੦॥ਦੂਤ ਆਨਿ ਜਬਿ ਬਾਤ ਸੁਨਾਈ । ਨਹਿ ਮਾਨੀ ਰਿਸ ਧਾਰਿ ਅਲਾਈ । 'ਦਸ ਹਜ਼ਾਰ ਅਬਿ ਧਨ ਗਿਨ ਲੈਹੌਂ । ਤੌ ਗੁਪਾਲ ਕੋ ਰਸ ਰਖਵੈਹੌਂ ॥ ੪੧ ॥ ਨਾਂਹਿ ਤ ਲਰ ਕਰਿ ਛੀਨੌਂ ਰਾਜ।ਲੂਟ ਲੇਇ ਹੌਂ ਸਕਲ ਸਮਾਜ'।ਇਸ ਪ੍ਰਕਾਰ ਜਬਿ ਫਿਰੇ

[1]ਹੰਕਾਰੀ ਦੇ । [2]ਜਾਣ ਲੈ ਕਿ ਖੋਹਕੇ ਸਾਰੀ ਨਾਸ਼ ਕਰ ਦਿਆਂਗਾ । [3]ਜੋ ਅੰਦਰ ਪਹੁੰਚਦੀ ਸੀ । [4]ਮਾਰੋ ਹੱਲਾ ਕਰਕੇ । [5](ਸ਼ਸਤ੍ਰ) ਮਾਰ ਮਾਰਕੇ ਲੜਾਂਗੇ । [6]ਦੇਖ ਕੇ (ਦੂਤ ਨੂੰ) ।

ਦੁਬਾਰੇ*।ਸ਼੍ਰੀਗੁਰ ਕੇ ਭਟ ਕਿਤਿਕ ਹਕਾਰੇ[1]॥੪੨॥ ਆਨਿ ਬੇਨਤੀ ਜਬਹਿ ਉਚਾਰੀ। 'ਨ੍ਰਿਪ ਗੁਪਾਲ ਹੈ ਸ਼ਰਣ ਤੁਹਾਰੀ। ਪਠੈ ਦਾਸ ਪਰਧਾਨ ਜੁ ਹੋਇ।ਤੁਰਕਨਿ ਸੰਗ ਮਿਲਾਵਹਿ[2] ਸੋਇ' ॥੪੩॥ ਸ਼੍ਰੀ ਕਲਗੀਧਰ ਸੁਨਤਿ ਬਿਚਾਰਾ। ਸੰਗਤੀਆ ਸਿੰਘ ਨਿਕਟ ਹਕਾਰਾ। ਸਪਤ ਸਊਰ ਤਾਂਹਿ ਸੰਗ ਕੀਨੇ। 'ਗਮਨਹੁ ਨ੍ਰਿਪ ਗੁਪਾਲ ਢਿਗ ਚੀਨੇ ॥ ੪੪ ॥ ਜਿਮ ਗੁਲੇਰੀਏ ਕੋ ਹੁਇ ਭਲੋ। ਤਿਮ ਸਭਿ ਕਰੋ, ਤਾਂਹਿ ਸੰਗ ਮਿਲੋ[3]'। ਪ੍ਰਭੁ ਤੇ ਰੁਖਸਦ ਹੁਇ ਕਰਿ ਗਯੋ। ਤਿਸੀ[4] ਸੈਨ ਮਹਿੰ ਮਿਲਤੇ ਭਯੋ॥੪੫॥ ਭੀਮਚੰਦ ਅਰੁ ਦੁਤੀ ਕ੍ਰਿਪਾਲ। ਮੇਲ ਕਰਾਂਵਨਿ ਚਹਯੋ ਗੁਪਾਲ। ਸੰਗਤੀਆ ਸਿੰਘ ਦੁਹਨ ਹਕਾਰਾ[5]।ਪਠਨਿ ਹੇਤੁ ਕਹੁ[6] ਬਾਕ ਉਚਾਰਾ॥੪੬॥'ਦੇ ਕਰਿ ਧਰਮ[7] ਲਯਾਉ ਤੂੰ ਜਾਇ। ਸੰਗ ਹੁਸੈਨ ਸੁ ਦੇਹੁ ਮਿਲਾਇ। ਗੁਰ ਕੇ ਦਾਸ ਪਤੀਆਵਹਿ ਤੋਹੀ[8]†।ਕਰਹਿ ਕਾਜ ਇਮ ਸ਼ਾਂਤਿ ਸੁ ਹੋਹੀ ॥੪੭॥ ਦੋਹਰਾ॥ਕਹੌ ਸਕਲ ਕੇ ਧਰਮ ਕਰਿ[9] ਆਛੀ ਰੀਤਿ ਪਕਾਇ'। ਸੰਗਤੀਆ ਸਿੰਘ ਤਬਿ ਗਯੋ ਜਹਿਂ ਗੁਪਾਲ ਗਿਰਰਾਇ‡ ॥ ੪੮ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਗੁਪਾਲ ਹੁਸੈਨੀ' ਪ੍ਰਸੰਗ ਬਰਨਨੰ ਨਾਮ ਅਸ਼ਟ ਚੱਤਵਾਰਿੰਸਤੀ ਅੰਸੂ ॥ ੪੮ ॥

## ੪੯. [ਹੁਸੈਨੀ ਬੱਧ ਗੁਪਾਲ ਦੀ ਫਤਹ। ਜੁਝਾਰ ਸਿੰਘ ਜਨਮ].।

ਦੋਹਰਾ ॥ ਭੇਜਯੋ ਸਭਿਹਿਨਿ ਕੋ ਜਬੈ ਮਿਲਯੋ ਗੁਪਾਲਹਿ ਜਾਇ।ਆਸ਼ੈ ਕਹਯੋ ਸੁਨਾਇ ਕਰਿ 'ਚਲਹੁ ਮਿਲਹੁ ਗਿਰਰਾਇ ॥੧॥ ਚੌਪਈ॥ਤੋਹਿ ਭਲੇ ਹਿਤ ਮੋਹਿ ਪਠਾਯੋ। ਧਾਂਤਿ ਧਰਮ ਹੇਤੁ ਕਰਿ ਆਯੋ[10]। ਨਹਿ ਬਿਗਰਹਿੰਗੇ ਸੰਗ ਤਿਹਾਰੇ। ਕਰੀ ਬਾਤ ਮੈਂ ਅਨਿਕ ਪ੍ਰਕਾਰੇ ॥ ੨॥ ਜੋ ਕਰਿ ਧਰਮ ਜਾਹਿੰਗੇ ਹਾਰ। ਸ਼੍ਰੀ ਸਤਿਗੁਰ ਮੈਂ ਦੀਨਿ ਮਝਾਰ।ਤਊ ਫਤੇ ਤੇਰੀ ਤਬਿ ਹੋਇ।ਧਰਮ ਹੀਨ ਰਿਪੁ ਹਾਰਹਿ ਸੋਇ' ॥ ੩ ॥ ਇੱਤਯਾਦਿਕ ਨ੍ਰਿਪ ਕੋ ਸਮੁਝਾਯੋ। ਗੁਰ

---

[1](ਗੁਪਾਲ ਨੇ) ਸੱਦੇ। [2]ਮੇਲ ਕਰਾ ਦੇਵੇ। [3]ਨਾਲ ਮਿਲ ਕੇ। [4]ਭਾਵ ਹੁਸੈਨੀ ਦੀ ਸੈਨਾ ਵਿਚ। [5]ਦੁਹਾਂ (ਕ੍ਰਿਪਾਲ ਤੇ ਭੀਮਚੰਦ ਨੇ) ਬੁਲਾਇਆ। [6]ਭੇਜਣ ਦੇ ਵਾਸਤੇ। [7]ਭਾਵ ਧਰਮ ਦੀ ਸੌਂਹ। [8]ਤੂੰ ਗੁਰੂ ਦਾ ਦਾਸ ਹੈਂ (ਇਉਂ) ਭਰੋਸਾ ਕਰੇਗਾ ਤੇਰੇ ਪਰ। [9]ਸਾਰਿਆਂ ਦੇ ਧਰਮ ਦੀ ਸੌਂਹ ਦੇ ਕਰਿਕੇ। [10]ਧਰਮ (ਮੈਂ ਜਾਮਨੀ) ਵਿਚ ਦੇਕੇ ਆਇਆ ਹਾਂ। *ਪਾਃ-ਨਿਹਾਰੇ।

†ਲੋਕਾਂ ਦੇ ਦਿਲਾਂ ਵਿਚ ਗੁਰੂ ਕੇ ਸਿੱਖਾਂ ਦਾ ਕਿੰਨਾਂ ਭਰੋਸਾ ਸੀ।

‡ਗੁਰੂ ਸਾਹਿਬ ਦਾ ਹੁਕਮ ਸੰਗਤੀਆ ਸਿੰਘ ਨੂੰ ਇਹ ਸੀ ਕਿ ਹਰ ਤਰ੍ਹਾਂ ਗੁਪਾਲ ਦੀ ਸਹਾਇਤਾ ਕਰਨੀ ਹੈ; ਜਿਸ ਵਿਚ ਇਸ ਦਾ ਭਲਾ ਹੋਵੇ। ਗੁਪਾਲ ਨੇ ਆਪਣਾ ਭਲਾ ਇਸ ਵੇਲੇ ਸੁਲਹ ਵਿਚ ਜਾਤਾ ਹੈ, ਇਸ ਕਰਕੇ ਸੰਗਤੀਆ ਸਿੰਘ ਨੇ ਵਿਚ ਹੋਕੇ ਸਹਾਇਤਾ ਕੀਤੀ ਹੈ।

Sri Satguru Jagjit Singh Ji eLlibrary NamdhariElibrary@gmail.com

ਕੋ ਨਾਮ ਸੁਨਤਿ ਹੁਲਸਾਯੋ। ਕਹਤਿ ਭਯੋ 'ਜੇ ਪ੍ਰਭੁ ਢਿਗ ਆਇ।ਤੌ ਸੰਦੇਹ
ਨਹਿ ਮੁਝ ਬਨਿ ਆਇ' ॥ ੪ ॥ ਸੰਗਤੀਆ ਸਿੰਘ ਕੇ ਸੰਗ ਭਯੋ। ਵਹਿਰ
ਨਿਕਸਿ ਗਨ ਦਲ ਯੁਤਿ ਅਯੋ। ਭੀਮਚੰਦ ਅਰੁ ਜਹਾਂ ਕ੍ਰਿਪਾਲ। ਤਹਾਂ
ਆਨਿ ਕਰਿ ਮਿਲ੍ਯੋ ਗੁਪਾਲ ॥ ੫ ॥ ਬੈਠੇ ਸਭਿ ਮਸਲਤ ਕੌ ਕੀਨਿ।ਖਾਨ
ਹੁਸੈਨ ਸੰਗ ਬਡ ਲੀਨਿ।"ਦਸ ਹਜ਼ਾਰ ਦੀਜੈ ਧਨ ਆਨਿ।ਤੌ ਮੇਲਹਿਂ ਇਹ
ਨਿਸ਼ਚੈ ਜਾਨਿ' ॥੬ ॥ ਸੁਨਿ ਗੁਪਾਲ ਬੋਲ੍ਯੋ 'ਧਨ ਏਤੌ। ਹੌਂ ਨਹਿਂ ਦੇਤਿ
ਲਰੈ ਰਿਪੁ ਕੇਤੌ[1]'। ਜਬਿ ਕ੍ਰਿਪਾਲ ਹੁਇ ਬੈਠਸਿ ਨਜਾਰੋ। ਭੀਮਚੰਦ ਕੇ ਸੰਗ
ਬਿਚਾਰੇ ॥੭॥ 'ਐਸ ਘਾਤਿ[2]' ਫਿਰਿ ਹਾਥ ਨ ਐਹੈ।ਸਭਿਹੂ ਫੇਰਿ ਸਮੋਂ ਛਲਿ
ਜੈਹੈ[3]। ਗੋਪਾਲੇ ਸੁ ਅਬੈ ਗਹਿ ਲੀਜੈ। ਕੈਦ ਕੀਜੀਐ ਕੈ ਬਧ ਕੀਜੈ[4]'।
੮॥ ਤਿਨ ਸੁਧਿ ਜਬਹਿ ਤਨਕ ਸੁਨਿ ਪਾਈ। ਨਿਜ ਦਲ ਬਿਖੈ ਗਯੋ ਨ੍ਰਿਪ
ਧਾਈ। ਲਖ੍ਯੋ ਕ੍ਰਿਪਾਲ-ਭਾਜਿ ਇਹ ਚਾਲਾ-। ਕੋਪ੍ਯੋ ਹਿੰਮਤ ਸਹਿਤ
ਬਿਸਾਲਾ ॥ ੯ ॥ ਖਾਨ ਹੁਸੈਨ ਘਾਲਿ ਘਮਸਾਨਾ। ਲਰੇ ਸਰਬ ਹੀ ਬਜੇ
ਨਿਸ਼ਾਨਾ[5]। ਇਤ ਨ੍ਰਿਪ ਦੁਇ ਜਸਵਾਲ ਗੁਪਾਲ[6]। ਸਨਮੁਖ ਲੋਹਾ ਲੀਨਿ
ਕਰਾਲ[7] ॥੧੦॥ ਉਤ ਤੀਨਹੁੰ, ਇਕ ਖਾਨ ਹੁਸੈਨ। ਭੀਮਚੰਦ ਦੂਸਰ ਬਡ
ਸੈਨ। ਤ੍ਰਿਤੀਆ ਬਡੋ ਕ੍ਰਿਪਾਲ ਕਟੋਚ। ਬਰਛੀ ਗੁਲਕਾਂ ਬਾਨਨ ਮੋਚ[8]।
੧੧॥ ਦਾਰੁਨ ਜੰਗ ਭਯੋ ਇਨ ਕੇਰਾ। ਕਾਰਚੋਲ[9] ਚਮਕੇ ਤਿਸ ਬੇਰਾ।
ਹਥਾਵੱਥ[10] ਮਿਲਿਗੇ ਇਕ ਵਾਰੀ।ਮਰੇ ਛਿਨਕ ਮਹਿ ਗਨ ਭਟਭਾਰੀ॥੧੨॥
ਸਭਿ ਰਣ[11] ਗੁਰ ਗੁਬਿੰਦ ਸਿੰਘ ਕਹ੍ਯੋ। ਬੀਚ ਬਚਿੱਤ੍ਰ ਨਾਟਕੇ ਲਹ੍ਯੋ।
ਸਪਤ ਸਊਰਨ ਸਹਿਤ ਸੁ ਲਰ੍ਯੋ। ਸੰਗਤੀਆ ਸਿੰਘ ਰਣ ਮਹਿ ਮਰ੍ਯੋ।
੧੩॥ ਜੰਗ ਹੁਸੈਨੀ ਘਾਲ੍ਯੋ ਘਨੋ। ਲਰਤਿ ਬਿਸਾਲ ਤਹਾਂ ਹੀ ਹਨੋ[12]।ਪੁਨ
ਕਟੋਚੀਆ ਬਲੀ ਕ੍ਰਿਪਾਲ। ਪਰਸ਼ਾਰਥ ਜਿਨ ਕੀਨਿ ਬਿਸਾਲ ॥ ੧੪ ॥ ਸੋ
ਭੀ ਮਾਰਿ ਲੀਨਿ ਰਣ ਮਾਂਹੀ। ਕਟ੍ਯੋ ਕ੍ਰਿਪਾਨ ਸੰਗ ਸਿਰ ਜਾਂਹੀ। ਹਿੰਮਤ
ਕਿੰਮਤ[13] ਸਹਿਤ ਸੰਘਾਰਾ। ਤੀਨੋ ਜਬਿ ਮਾਰੇ ਸਰਦਾਰਾ[14] ॥ ੧੫ ॥ ਤਬਿ

[1]ਇਤਨਾ ਧਨ ਮੈਂ (ਕਦੇ) ਨਹੀਂ ਦਿਆਂਗਾ (ਭਾਵੇਂ) ਵੈਰੀ ਕਿਤਨਾ ਹੀ ਲੜੇ। [2]ਦਾਉ। [3]ਇਹ ਸਾਰਾ ਸਮਾਂ ਫਿਰ ਢਲ ਜਾਏਗਾ। [4]ਇਹ ਸ੍ਰੀ ਮੁਖਵਾਕ ਹੈ ਦੇਖੋ ਬਚਿੱਤ੍ਰ ਨਾਟਕ ਧਿਆ ੧੧ ਛੰਦ ੧੪ ਤੇ ੧੫। [5]ਨਗਾਰੇ। [6]ਰਾਮ ਸਿੰਘ ਤੇ ਗੁਪਾਲ। [7]ਭਾਵ ਜੰਗ ਅਰੰਭਿਆ। [8]ਛੱਡੇ। [9]ਸ੍ਰੀ ਸਾਹਿਬ। [10]ਹੱਥੋ ਹੱਥੀ। [11]ਭਾਵ ਜੁੱਧ ਦਾ ਹਾਲ ਗੁਰੂ ਜੀ ਨੇ ਲਿਖਿਆ ਹੈ। [12]ਓਥੇ ਹੀ ਮਾਰਿਆ ਗਿਆ। [13]ਦੋ ਪਹਾੜੀਏ ਜੋਧ। [14]ਹੁਸੈਨੀ ਤੋਂ ਵਖਰੇ ਇਹ ਤਿੰਨ ਪਹਾੜੀਏ ਭੂਪਤਿ ਅਰਥਾਤ:-੧. ਰਾਜਾ ਕ੍ਰਿਪਾਲ, । ੨. ਹਿੰਮਤ । ੩. ਕਿੰਮਤ ।

Sri Satguru Jagjit Singh Ji eLlibrary NamdhariElibrary@gmail.com

ਗੁਲੇਰੀਆ ਹੇਰਿ ਕ੍ਰਿਪਾਲ[1]। ਲੇ ਰਣ ਕੀ ਜੈ[2] ਹਰਖ ਬਿਸਾਲ। ਬਜੇ ਫਤੇ ਕੇ ਊਚ ਨਗਾਰੇ। ਰਿਪੁ ਦਲ ਭਾਜਿ ਚਲ੍ਯੋ ਬਿਨ ਮਾਰੇ ॥ ੧੬॥ ਬਿਨ ਸਰਦਾਰ ਲਰੈ ਕੋ ਰਨ ਮੈਂ। ਦਾਰੁਨ ਮਾਚੋ[3] ਧੀਰ ਨ ਮਨ ਮੈਂ। ਆਪ ਆਪਨੇ ਥਾਨ ਸਿਧਾਰੇ। ਮਿਲ੍ਯੋ ਜੁ ਬਹੁ ਦਲ, ਭਯੋ ਕਿਨਾਰੇ[4] ॥ ੧੭ ॥ ਸ੍ਰੀ ਸਤਿਗੁਰ ਪਰ ਰਿਪੁ ਚਢਿ ਆਯੋ। ਚਾਹਤਿ ਪੁਰਿ ਅਨੰਦ ਛੁਰਵਾਯੋ। ਲਸ਼ਕਰ ਘਨੋ ਬਟੋਰਤਿ ਆਨ੍ਯੋ। ਕਰਤਾ ਪੁਰਖ ਸੁ ਤਤਛਿਨ ਹਾਨ੍ਯੋ॥੧੮॥ ਰਾਖਿ ਲੀਓ ਗੁਰ ਕੋ ਜਗਰਾਈ। ਲੋਹ ਘਟਾ ਅਨਤੈ[5] ਬਰਸਾਈ*। ਕਰਿ ਹੰਕਾਰ ਜੁ ਦਲ ਬਲ ਕੇਰਾ। ਸ੍ਰੀ ਪ੍ਰਭੁ ਸਨ[6] ਚਹਿ ਕਰਨ ਬਖੇਰਾ॥੧੯॥ ਸੋ ਪੂਰਾ ਉਤਰਹਿ ਕਿਮ ਨਾਂਹੀ। ਮਰਿ ਪਰ ਜਾਹਿ ਬਾਦ[7] ਜਗ ਮਾਂਹੀ। ਕਰ੍ਯੋ ਧਰਮ ਨਿਬਹ੍ਯੋ ਨ ਕ੍ਰਿਪਾਲ। ਸੋ ਰਣ ਮਹਿ ਹਤਿ ਦਿਯੋ ਗੁਪਾਲ[8]॥੨੦॥ ਫਤੇ ਪਾਇ ਕਰਿ ਗੁਰ ਢਿਗ ਗਯੋ[9]। ਡੇਰਾ ਪੁਰਿ ਅਨੰਦ ਕਰਿ ਦਯੋ। ਸਭਾ ਸਥਾਨ ਪ੍ਰਭੁ ਚਲਿ ਆਏ। ਸੁਭਟ ਮਸੰਦ ਥਿਰੇ ਸਮੁਦਾਏ ॥੨੧॥ ਚਮਰ ਚਰਾਚਰ[10] ਸਿਰ ਪਰ ਢੋਰਤਿ। ਚਹੂੰ ਓਰ ਸਭਿ ਚਰਨ ਨਿਹੋਰਤਿ। ਤਬਿ ਗੁਲੇਰੀਆ ਗੁਰੂ[11] ਬੁਲਾਯੋ। ਹਿਤ ਦਰਸ਼ਨ ਕੇ ਹਰਖਤਿ ਆਯੋ ॥ ੨੨ ॥ ਧਰਿ ਅਕੋਰ ਕਰ ਜੋਰਿ ਪ੍ਰਨਾਮੁ। ਮੁਸਕਾਵਤਿ ਸ਼੍ਰੀ ਪ੍ਰਭੁ ਅਭਿਰਾਮੁ। 'ਆਵਹੁ ਬਡ ਜੈਤਾ ਬਰ ਬੀਰ। ਦੁਸ਼ਮਨ ਨਾਸ਼ ਕਰੇ ਧਰਿ ਧੀਰ' ॥ ੨੩ ॥ ਆਇਸੁ ਪਾਇ ਸੁ ਬੈਠ੍ਯੋ ਪਾਸ। ਸਰਬ ਬਾਰਤਾ ਕਰੀ ਪ੍ਰਕਾਸ। 'ਦਗ਼ਾ ਕਰਤਿ ਮੋ ਕੌ ਚਹਿ ਗਹ੍ਯੋ। ਸੋ ਫਲ ਤਾਤਕਾਲ ਹੀ ਲਹ੍ਯੋ ॥ ੨੪ ॥ ਰਾਵਰ ਕੀ ਸਹਾਇਤਾ ਪਾਇ। ਹਤੇ ਸ਼ੱਤ੍ਰ ਗਨ ਖੜਗ ਚਲਾਇ। ਤਜੀ ਨ ਥਾਉਂ ਕਟੇ ਗਿਰ ਮਰੇ[12]। ਭੀਮ ਕ੍ਰੂਰ ਸਿੰਘਰ ਕੌ ਕਰੇ[13]॥੨੫॥ ਆਗਯਾ ਦੇਹੁ ਅਬੈ ਪੁਰਿ ਜਾਵੌਂ। ਘਾਇਲ ਭਟਨ ਸੇਵ ਕਰਿਵਾਵੌਂ'। ਤਬਿ ਸਤਿਗੁਰ ਦੇ ਕਰਿ ਸਿਰੁਪਾਉ। ਰੁਖਸਦ ਕਰ੍ਯੋ ਚਢ੍ਯੋ ਹਰਖਾਉ ॥ ੨੬ ॥ ਇਮ ਕਲਗ਼ੀਧਰ ਆਨੰਦ ਧਾਰੇ। ਦਾਸ

[1]ਕ੍ਰਿਪਾਲ (ਕਟੋਚੀਏ ਨੂੰ ਮਰਿਆ) ਦੇਖਕੇ। [2]ਰਣ ਦੀ ਜੈ ਲੈਕੇ। [3]ਭਾਵ ਭਯਾਨਕ ਜੰਗ ਮਚਿਆ ਯਾ ਭਯਾਨਕਤਾ ਛਾਇਆ। [4]ਜੋ ਮਿਲਿਕੇ ਦਲ ਬਹੁਤ ਹੋਇਆ ਸੀ ਕਿਨਾਰੇ ਹੋ ਗਿਆ ਭਾਵ ਖਿੰਡ ਗਿਆ। [5]ਸ਼ਸਤ੍ਰਾਂ ਦੀ ਘਟਾ ਹੋਰ ਥੇ ਵੱਸ ਪਈ। [6]ਸਾਥ। [7]ਬਿਅਰਥ। [8]ਗੁਪਾਲ ਨੇ (ਮਾਰ ਲਿਆ ਕ੍ਰਿਪਾਲ ਕਟੋਚੀਆ)। [9](ਗੁਪਾਲ) ਆਯਾ। [10]ਚੰਚਲ। [11]ਗੁਰੂ ਜੀ ਨੇ। [12]ਭਾਵ ਆਪਦਾ ਘੱਲਿਆ ਸਰਦਾਰ ਸੰਗਤੀਆ ਤੇ ਉਸ ਦੇ ਸਾਥੀ। [13]ਭਾਵ ਭਯਾਨਕ ਜੁੱਧ ਕਰਕੇ (ਉਹ ਮਰੇ)। *ਸ੍ਰੀ ਮੁਖ ਵਾਕ ਇਵ ਹੈ:—'ਰਾਖ ਲੀਓ ਹਮ ਕੋ ਜਗਰਾਈ। ਲੋਹ ਘਟਾ ਅਨਤੈ ਬਰਸਾਈ'।

Sri Satguru Jagjit Singh Ji eLlibrary NamdhariElibrary@gmail.com

ਉਬਾਰਿ ਸ਼ੱਤ੍ਰ ਨਿਰਵਾਰੇ। ਮਾਘ ਮਾਸ ਪਾਛਲ ਪਖ ਆਯੋ। ਬਾਸੁਰ ਆਦਿਤਵਾਰੋਂ ਸੁਹਾਯੋ॥੨੭॥ਏਕਮ ਥਿਤ ਨਿਸ ਦੋਇ ਘਟੀ ਜਬਿ।ਸ਼੍ਰੀ ਜੀਤੋ ਤੇਪੁੱਤ੍ਰ ਭਯੋ ਤਬਿ।ਸੇਬਨਮਾਨਿ[1] ਧਾਇਨ ਤੇ ਹੋਏ। ਸੁਨਿ ਉਤਸਾਹਿ ਹਰਖਿ ਸਭਿ ਕੋਏ॥੨੮॥ਬਾਜ ਉਠੇ ਦਰ ਪਰ ਸ਼ਦਿਯਾਨੇ[2]। ਤੋਂਪ ਬੰਦੂਕਨਿ ਸ਼ਲਖ ਮਹਾਨੇ। ਭਯੋ ਕੁਲਾਹਲ ਆਨੰਦਪੁਰਿ ਮੈਂ। ਆਨੰਦ ਭਾ ਨਰ ਨਾਰਿਨ ਉਰ ਮੈਂ॥੨੯॥ਗਾਵਤਿ ਗੀਤ ਬ੍ਰਿੰਦ ਪਿਕਬੈਨੀ[3]। ਮਿਲੀ ਆਨਿ ਗੁਰ ਘਰ ਮ੍ਰਿਗ ਨੈਨੀ। ਸ਼੍ਰੀ ਗੁਜਰੀ ਕੋ ਦੇਤਿ ਬਧਾਈ। ਮਾਨਹਿ ਮਾਨ ਸਹਿਤ ਮੁਦ ਪਾਈ ॥੩੦॥ ਮੰਗਲ ਵਸਤੁ ਅਨੇਕ ਪ੍ਰਕਾਰਨਿ। ਸਭਿ ਹੀ ਕਰਤਿ ਦਿਖਾਇ ਸੁ ਨਾਰਨਿ।ਹਰਖਤਿ ਇਮ ਪ੍ਰਭਾਤਿ ਹੁਇ ਆਈ। ਭਈ ਦਿਵਸ ਮਹਿੰ ਦੂਗਨ ਬਧਾਈ ॥ ੩੧ ॥ ਜਾਚਕ ਭੀਰ ਆਇ ਦਰ ਹੋਈ। ਦਰਬ ਪਟਾਦਿ ਪਾਇ ਸਭਿ ਕੋਈ। 'ਚਿਰੰਜੀਵ ਹੁਇ' ਆਸ਼ਿਖ ਦੇਤਿ। ਕੀਰਤਿ ਕਰਤਿ ਜਾਤਿ ਧਨ ਲੇਤਿ ॥ ੩੨ ॥ ਆਨ ਹੀਜ[4] ਦ੍ਵੈ ਹਾਥਨਿ ਤਾਲੀ। ਢੋਲਕ ਟਲਕਾ ਬਜਤਿ ਬਿਸਾਲੀ। ਗਾਵਤਿ ਨਾਚਤਿ ਲੇਤਿ ਭਵਾਲੀ। ਤਾਲ ਮਿਲਾਇ ਘੁੰਗਰੂ ਨਾਲੀ॥੩੩॥ਇੱਤਯਾਦਿਕ ਉਛਾਹਿ ਬਡ ਹੋਵਾ। ਮਿਲਿ ਮਿਲਿ ਮੇਲ ਸਿਭਿਨਿਹੂੰ ਜੋਵਾ।ਨਿਜ ਕੁਲ ਰੀਤਿ ਕੀਨਿ ਬਡ ਮਾਤਾ।ਮਿਲੀ ਆਨਿਗਨ ਨਾਗਰਿ ਕਾਂਤਾ[5] ॥ ੩੪॥ ਸ਼੍ਰੀ ਸਤਿਗੁਰ ਤਬਿ ਨਾਮ ਬਿਚਾਰਾ। ਰਿਪੁ ਦਲ ਸਕਲ ਦੂਰ ਹੀਟਾਰਾ।ਨਿਕਟ ਨ ਆਇ ਅਪਰ ਹੀ ਮਾਰਯੋ। ਇਮ 'ਜੁਝਾਰ ਸਿੰਘ*' ਨਾਮ ਉਚਾਰਯੋ† ॥੩੫॥ ਸੁਨਿ ਪਰਵਾਰ ਅਨੰਦਤਿ ਹੋਵਾ। ਤੀਨੋ ਗੁਰੁ ਨੰਦਨ ਕੋ ਜੋਵਾ। ਬਿਚਰਹਿੰ ਅਜਰ ਬਿਖੈ ਹਰਖੰਤੇ। ਧਾਵਤਿ ਭੂਖਨ ਸ਼ਬਦ ਉਠੰਤੇ ॥੩੬॥ ਸ਼੍ਰੀ ਅਜੀਤ ਸਿੰਘ ਚਢਹਿੰ ਤੁਰੰਗਮ। ਸੇਵਕ ਹੁਇੰ ਸੰਬੂਹ ਤਬਿ ਸੰਗਮ[6]। ਤਿਮ ਜੋਰਾਵਰ ਸਿੰਘ ਮੁਖ ਸੁੰਦਰ।ਬਿਚਰਤਿ ਬਾਹਰ ਅੰਦਰ ਮੰਦਰ ॥੩੭॥ਬਹੁ ਜੁਝਾਰ ਸਿੰਘ ਕੋਂ ਦੁਲਰਾਵੈਂ। ਦਾਈ ਦਾਧਾ ਅੰਕ ਉਠਾਵੈਂ। ਅਨਿਕ ਬਰਨ ਕੇ ਬਸਨ ਬਨਾਵਤਿ। ਗੋਟਾ ਦਮਕਤਿ ਦੁਤਿ

[1]ਸੇਵਾ ਕਰਨ ਯੋਗ। [2]ਖੁਸ਼ੀ ਦੇ ਵਾਜੇ। [3]ਭਾਵ ਇਸਤ੍ਰੀਆਂ। [4]ਹੀਜੜੇ, ਖੁਸਰੇ। [5]ਨਗਰ ਦੀਆਂ ਇਸਤ੍ਰੀਆਂ। [6]ਤਦ ਸੇਵਕ ਨਾਲ ਬਹੁਤ ਹੁੰਦੇ ਹਨ।

*ਸਾਹਿਬਜ਼ਾਦਿਆਂ ਦੇ ਨਾਮ ਕ੍ਰਮ ਤੇ ਜਨਮ ਤਿੱਥਾਂ ਬਾਬਤ ਦੇਖੋ ਇਸੇ ਰੁਤ ਦੇ ਅੰਸੂ ੪੪ ਅੰਕ ੩੮ ਦੀ ਹੇਠਲੀ ਟੂਕ।

†ਨਦੌਣ ਵਿਖੇ ਤਾਂ ਜੁੱਧ ਹੋਇਆ ਸੀ, ਉਸ ਦੀ ਫਤੇ ਮਗਰੋਂ ਅਵਤਰੇ ਸਾਹਿਬਜ਼ਾਦੇ ਦਾ ਨਾਮ ਜੁਝਾਰ ਸਿੰਘ ਢੁੱਕਦਾ ਹੈ। ਹੁਣ ਤਾਂ ਅਸਿਧੁਜ ਦੇ ਬਲ (=ਜ਼ੋਰ) ਨਾਲ ਬਲਾ ਟਲੀ ਹੈ ਇਸ ਬੇਟੇ ਦਾ ਨਾਉਂ ਜ਼ੋਰਾਵਰ ਸਿੰਘ ਹੀ ਢੁਕਦਾ ਹੈ।

ਚਿਤ ਭਾਵਤਿ॥੩੮॥ ਤੀਨਹੁ ਕੇ ਸਰੀਰ ਬਿਰਧੰਤੇ।ਜਨੁ ਤ੍ਰੈ ਬਿਧਿ ਪਾਵਕ[1] ਲਖਿਯੰਤੇ। ਤੁਰਕ ਤਰੁਨਿ[2] ਕੀ ਜਰ ਕੌ ਜਾਰਨਿ। ਨਿਜ ਸਿੱਖਨ ਕੇ ਸੁਖ ਕੇ ਕਾਰਨ ॥੩੯॥ ਜੋਧਾ ਬਲੀ ਹੋਹਿੰਗੇ ਰਨ ਮੈਂ। ਪ੍ਰਾਨ ਤਜਨ ਲੌ ਧੀਰਜ ਮਨ ਮੈਂ।ਗੁਰ ਨੰਦਨ ਅਬਿ ਬੰਦਨ ਜੋਗ।ਸਿਖ ਪਰਵਾਰ ਆਦਿ ਸਭਿ ਲੋਗ॥ ੪੦ ॥ ਸ੍ਰੀ ਗੁਜਰੀ ਕੋ ਅਧਿਕ ਸਨੇਹੁ। ਪ੍ਰਤਿਪਾਰਨ ਪੌਤ੍ਰਨਿ ਅਛੇਹੁ[3]। ਕਰਿ ਇਕਠੇ ਨਿਜ ਨਿਕਟਿ ਬਿਠਾਵਹਿ। ਪਰਚਾਵਤਿ ਭੋਜਨ ਅਚਵਾਵਹਿ ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ੍ਰੀ ਜੁਝਾਰ ਸਿੰਘ ਜਨਮ' ਪ੍ਰਸੰਗ ਬਰਨਨੰ ਨਾਮ ਏਕੋਨ ਪੰਚਾਸਤੀ ਅੰਸੂ। ੪੯ ॥

## ੫੦. [ਕਵੀਆਂ ਦੀ ਕਦਰ। ਬਾਬਾ ਫਤਹ ਸਿੰਘ ਜਨਮ]।

ਦੋਹਰਾ॥ਸ੍ਰੀ ਕਲਗੀਧਰ ਅਨੰਦਪੁਰ ਬਿਲਸਤਿ ਬਹੁਤ ਬਿਲਾਸ॥ਜਿਤਕਿਤ ਤੇ ਬਹੁ ਗੁਨੀ ਨਰ ਸੁਨਿ ਜਸੁ ਆਵਤਿ ਪਾਸ ॥ ੧॥ ਚੌਪਈ ॥ ਚਹੁੰ ਕੁੰਟਨ ਤੇ ਦੂਰ ਕਿ ਨੇਰੇ।ਹੋਇ ਕਿਸੂ ਗੁਨ ਬਿਖੈ ਬਡੇਰੇ। ਇਕ ਤੌ ਦਰਬ ਲਾਲਸਾ ਧਰੈਂ। ਦੁਤੀਏ ਗੁਰ ਦਰਸ਼ਨ ਮੁਦ ਧਰੈਂ ॥ ੨ ॥ ਪਾਵਹਿ ਸੌਜ[4] ਪਸਾਰਹਿ ਜਸੁ ਕੌ। ਤਹੌਂ ਤਹੌਂ ਆਇ ਸੁਨਾਵਹਿ ਰਸ ਕੌ[5]। ਪੂਰਬ ਦੱਛਨ ਪੱਛਮ ਉੱਤਰ।ਪੰਡਤ ਕਰਤਿ ਪ੍ਰਸ਼ਨ ਦੈਂ ਉੱਤਰ[6]॥੩॥ਕਵਿਤਾ ਕਾਵਯ ਬਨਾਵਹਿ ਜੋਈ।ਨਵ ਰਸ ਸਹਿਤ ਬਿਭੂਖਨ[7] ਕੋਈ।ਸੋ ਆਇ ਚਲਿ ਸਤਿਗੁਰ ਦ੍ਵਾਰੇ। ਰੁਚਿਰ ਕਵਿੱਤ ਬਨਾਇ ਉਚਾਰੇਂ ॥ ੪ ॥ ਸੁਨਿ ਪ੍ਰਸੰਨ ਹ੍ਵੈ ਦੈਂ ਧਨ ਰਾਸ। ਸਾਦਰ ਨਿਤ ਰਾਖਤਿ ਗੁਰ ਪਾਸਿ। ਕੇਸ਼ਵ ਦਾਸ ਹੁਤੋ ਕਵਿ ਜੋਇ। ਭਯੋ ਬੁੰਦੇਲ ਖੰਡ ਮਹਿ ਸੋਇ॥੫॥ ਤਿਸ ਕੋ ਪੁੱਤ੍ਰ ਕੁਵਰ ਹੈ ਨਾਮੁ।ਸੋ ਭੀ ਰਚਤਿ ਗਿਰਾ ਅਭਿਰਾਮੁ। ਤੁਰਕ ਕਰਨ ਨਵਰੰਗ ਚਿਤ ਚਹਯੋ[8]। ਗੁਨੀ ਅਧਿਕ ਹਿੰਦੁਨਿ ਮਹਿ ਲਹਯੋ[9] ॥ ੬ ॥ ਜਬਹਿ ਕੁਵਰ ਸੁਧ ਇਸ ਬਿਧਿ ਪਾਈ। ਤ੍ਯਾਗਿ ਦੇਸ਼ ਘਰ ਗਯੋ ਪਲਾਈ। ਰਿਦੇ ਬਿਚਾਰਯੋ ਬਸਨ ਸਥਾਨ। ਨਹਿ ਪ੍ਰਾਪਤਿ ਭਾ ਬੀਚ ਜਹਾਨ॥੭॥ਸੁਨੀ ਹੁਤੀ ਸੁਧਿ ਸ੍ਰੀ ਗੁਰ ਕੇਰੀ।-ਇਕ ਸਮ ਨਿਬਹੈ ਸ਼ਕਤਿ ਘਨੇਰੀ[10]-। ਦੂਰਿ ਕਰਿ ਦੂਰ ਦੂਰ[11] ਨਿਤ ਚਲਿ ਕਰਿ।

---

[1] ਤਿੰਨ ਤਰ੍ਹਾਂ ਦੀਆਂ ਅਗਨੀਆਂ। ਦੇਖੋ ਅਗਲੇ ਅੰਸ ਦਾ ਅੰਕ ੩੯। [2] ਤੁਰਕਾਂ ਰੂਪ ਬ੍ਰਿਛਾਂ ਦੀ। [3] ਨਿਰੰਤਰ, ਬਹੁਤ। [4] ਸਾਜ ਸਮਾਨ। [5] (ਕਵਿਤਾ ਵਿਚ ਰਚੇ) ਰਸਾਂ ਨੂੰ। [6] (ਗੁਰੂ ਜੀ) ਦਿੰਦੇ ਹਨ ਉੱਤਰ। [7] ਅਲੰਕ੍ਰਿਤ, ਸਜੀ ਹੋਈ। [8] ਨੁਰੰਗੇ ਨੇ (ਉਸ ਨੂੰ) ਤੁਰਕ ਕਰਨਾ ਚਾਹਿਆ। [9] ਹਿੰਦੂਆਂ ਵਿਚ ਵਡਾ ਗੁਣੀ ਜਾਣਕੇ। [10] ਇਕ (ਗੁਰੂ ਜੀ ਹੀ ਨੁਰੰਗੇ ਦੇ) ਸਮ ਬਹੁਤੀ ਸ਼ਕਤੀ ਵਾਲੇ ਹਨ ਨਿਬਾਹੁਣਗੇ (ਮੇਰਾ ਧਰਮ)। (ਅ) ਜਿਨ੍ਹਾਂ ਦੀ ਬਹੁਤੀ ਸ਼ਕਤੀ ਇਕ ਤਾਰ ਨਿਭਦੀ ਹੈ। [11] ਭਾਵ ਆਮ ਰਸਤਿਆਂ ਤੋਂ ਦੁਰੇਡੇ ਦੁਰੇਡੇ ਦੂਰ ਦੇ।

Sri Satguru Jagjit Singh Ji eLlibrary　NamdhariElibrary@gmail.com

ਪਹੁੰਚ੍ਯੋ ਆਨਿ ਅਨੰਦਪੁਰਿ ਹਿਤ ਕਰਿ॥੮॥ਰੁਚਿਰ ਕਵਿੱਤ ਕਿਤੂਕੋ[1] ਕਰਿ ਕੈ[2]॥ਮਿਲ੍ਯੋ ਗੁਰੂ ਸਨ ਤਬਹਿ ਉਚਰਿਕੈ। 'ਬਿਨਾ ਆਸਰੇ ਗਹ੍ਯੋ ਅਲੰਬ। ਜਗਤ ਗੁਰੂ! ਗੁਨ ਧਰਹੁ ਕਦੰਬ[3]॥੯॥ਸੁਨਾ ਨਿਥਾਵਨ ਕੇ ਤੁਮ ਥਾਨ।ਸਦਾ ਨਿਮਾਨਨ ਕੇ ਬਡ ਮਾਨ।ਅਹੋ ਨਿਤਾਨਨ ਕੇ ਤੁਮ ਤ੍ਰਾਨ। ਅਸ ਸ਼ੋਭਾ ਕੋ ਕਥਹਿ ਜਹਾਨ'॥੧੦॥ਸੁਨਿ ਸ਼੍ਰੀ ਪ੍ਰਭੁ ਸਾਦਰ ਬੈਠਾਯੋ।ਨਿਜ ਪ੍ਰਸੰਗ ਤਬਿ ਬਿੱਪ੍ਰ ਸੁਨਾਯੋ। 'ਤੁਰਕ ਤੇਜ ਤੇ ਬਿਨ ਬਲ ਹਿੰਦੂ[4]। ਧਰਮ ਬਿਨਾਸਤਿ ਮੇਲਤਿ ਬ੍ਰਿੰਦੂ[5] ॥੧੧॥ ਮਹਾਂ ਤ੍ਰਾਸ ਤੇ ਮੈਂ ਚਲਿ ਆਯੋ। ਚਹਤਿ ਆਪਨੋ ਧਰਮ ਬਚਾਯੋ'। ਸੁਨਿ ਸ਼੍ਰੀ ਸਤਿਗੁਰ ਧੀਰਜ ਦੀਨਾ।ਰੋਜ ਰਜਤਪਣ ਪੰਚ ਸੁ ਕੀਨਾ ॥੧੨॥ ਕਹ੍ਯੋ 'ਤੋਹਿ ਪਿਤ ਕਵੀ ਬਿਸਾਲਾ। ਰਚੀ ਆਦਿ[6] 'ਕਵਿ-ਪ੍ਰਿਯਾ'[7] ਰਸਾਲਾ। ਗ੍ਰੰਥ ਮਹਾਂਭਾਰਤ ਮਨ ਭਾਵੈ[8]। ਕਵਿ ਗਨ ਤੇ ਭਾਖਾ ਬਨਵਾਵੈਂ[9]॥੧੩॥ਇਮ ਕਹਿ ਰਾਖ੍ਯੋ ਨਿਕਟ ਹਮੇਸ਼ਾ।ਸੁਨਿ ਕਵਿ ਆਵਨਿ ਲਗੇ ਵਿਸ਼ੇਸ਼ਾ। ਦਰਬ ਬ੍ਰਿੰਦ ਦੇ ਰਾਖਹਿ ਤੀਰ। ਪਰਚਹਿ ਤਿਨ ਕੇ ਸੰਗ ਸਧੀਰ ॥੧੪॥ ਬਾਨੀ ਸ਼੍ਰੀ ਗੁਰ ਆਪ ਬਨਾਵੈਂ। ਰੰਡਿ ਚਰਿੱਤ੍ਰ ਆਦਿ ਗਨ ਭਾਵੈਂ[10]।ਰਿਦੇ ਬਿਚਾਰਹਿਂ ਬਹੁਤ ਕ੍ਰਿਪਾਲਾ।–ਰਚਹਿਂ ਰਚਨਿ ਕੋ ਪੰਥਬਿਸਾਲਾ ॥ ੧੫ ॥ ਸੁਨਿ ਅੰਨਯਾਇ ਤੁਰਕ ਕੋ ਭਾਰੀ। ਦੇਤਿ ਜਗਤ ਕੌ ਦੁਖ ਬੁਰਿ-ਆਰੀ। ਰਾਜ ਤੇਜ ਜਿਮ ਸਰਬ ਬਿਨਾਸੇ। ਪੰਥ ਖਾਲਸਾ ਸੁਖਦ ਪ੍ਰਕਾਸ਼ੇ। ੧੬॥ ਰਕਤਬੀਜ[11]ਕੇ ਜੁੱਧ ਕਰਾਲਾ। ਸਿਮਰਨ ਕੀਨਸਿ ਭਲੋ ਸੁ ਕਾਲਾ। ਜਗਤਮਾਤ ਕੌ ਬਰ ਤਿਹ ਸਮੇਂ। ਪੰਥ ਕਰਨ ਕੋ ਦੀਨਸਿ ਹਮੇਂ ॥ ੧੭ ॥ ਬਿਦਤ ਹੋਇ ਕਰਿ ਬਰ ਤਬਿ ਦੇਊ। ਸੋ ਅਬਿ ਸਮਾ ਭਯੋ ਬਿਧਿ ਤੇਊ।ਹੋਇ ਬਿੱਪ੍ਰ ਬਰ ਅਸ ਕਿਸ ਦੇਸ਼। ਪੂਜਹਿ, ਹੋਮ ਕਰਾਇ ਵਿਸ਼ੇਸ਼ ॥੧੮॥ ਜਥਾ ਜੋਗ ਬਿਧ[12]ਤੇ ਕਰਿਵਾਵਹਿ। ਕਲੀ ਕਾਲ ਦੇਵੀ ਬਿਦਤਾਵਹਿ। ਕਰਿ ਦਰਸ਼ਨ ਪੂਰਬ ਬਰ ਲੈਹੈਂ।ਪੀਛੇ ਪੰਥ ਖਾਲਸਾ ਕੈਹੈਂ*॥੧੯ ॥ਰੱਛਕ ਹਿੰਦੂ

[1]ਕੀਰਤੀ ਦੇ। (ਅ) ਕਿੰਨੇ ਕੁ। [2]ਰਚਕੇ। [3]ਸਮੂਹ ਗੁਣਾਂ ਨੂੰ ਧਾਰਦੇ ਹੋ। [4]ਹਿੰਦੂ ਬਲਹੀਨ ਹੋਏ ਹਨ। [5]ਬਹੁਤਿਆਂ ਦਾ ਧਰਮ ਨਾਸ਼ ਕਰਕੇ ਮੇਲਦੇ ਹਨ (ਆਪਣੇ ਮਜ਼ਹਬ ਵਿਚ)। [6]ਪਹਿਲਾਂ। [7]ਨਾਮ ਹੈ ਗ੍ਰੰਥ ਦਾ। [8]'ਮਹਾਂ ਭਾਰਤ'ਦਿਲ ਨੂੰ ਚੰਗਾ ਲਗਣ ਵਾਲਾ ਹੈ(ਜੰਗਾਂ ਕਰਕੇ)।[9]ਬਨਵਾ-ਵਾਂਗੇ। [10]ਆਦਿਕ(ਬੀਰ ਰਸ ਉਤਪਤਕਰਨ ਵਾਲੇ)ਸਾਰੇ(ਗ੍ਰੰਥ)ਚੰਗੇਲਗਦੇ ਹਨ। [11]ਨਾਮ ਦੈਂਤ ਦਾ। [12]ਰੀਤੀ ਸਹਿਤ। *ਇਹ ਕਥਨ ਜੇ ਕਵੀ ਜੀ ਦਾ ਹੈ ਤਾਂ ਵਦਤੋਵਯਾਘਾਤ ਹੈ ਪਿੱਛੇ ਰੁਤ ੨ ਅੰਸੂ ੨੪ ਅੰਕ ੬ ਵਿੱਚ ਕਹਿ ਆਏ ਹਨ:–'ਬ੍ਰਹਮਾਦਿਕ ਸਨਕਾਦਿਕ ਸਾਰੇ। ਸ਼ੇਸ਼ ਸਾਰਦਾ ਪਾਇ ਨ ਪਾਰੇ'।ਜੇ ਸਾਰਦਾ ਤੇ ਸ਼ੇਸ਼ਨਾਗ ਆਦਿ ਸਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਉਪਾਸਕ ਹਨ ਤਦ ਫੇਰ ਗੁਰੂ ਜੀ ਨੂੰ ਆਪਣੇ ਸੇਵਕਾਂ ਵਿੱਚੋਂ ਕਿਸੇ ਇਕ ਦੀ ਉਪਾਸਨਾ ਦੀ ਕੀ ਲੋੜ ਹੈ ?

Sri Satguru Jagjit Singh Ji eLlibrary NamdhariElibrary@gmail.com

ਧਰਮ ਕੇ ਬਨੈਂ। ਦੁਸ਼ਟ ਅਰਿਸ਼ਟਿ[1] ਪ੍ਰਬਲ ਕੋ ਹਨੈਂ-।ਇੱਤ੍ਯਾਦਿਕ ਪ੍ਰਭੁ ਚਿਤਵਤਿ ਰਹੈਂ।ਬਿੱਪ੍ਰ ਖੋਜਿਬੇ ਹਿਤ ਕਬਿਕਹੈਂ॥੨੦॥ਰਹ੍ਯੋ ਕੁੰਟਨਿ ਤੇ ਨਰ ਗਨ ਆਵੈਂ। ਅਨਿਕ ਅਕੋਰਨਿ ਕੋ ਅਰਪਾਵੈਂ। ਬਸਨ ਬਿਭੂਖਨ ਹਯ ਹੱਥਯਾਰ। ਵਸਤੁ ਅਜਾਇਬ ਦਰਬ ਉਦਾਰ॥ ੨੧॥ ਮਨੋਕਾਮਨਾ ਪਾਇ ਸਿਧਾਰੈਂ।ਕੀਰਤਿ ਚਾਰੋਂ ਬਰਨ ਉਚਾਰੈਂ। ਪੀਰ ਅਜ਼ਮਤੀ ਆਇ ਅਨੇਕੈਂ। ਬਪੁ ਖ਼ੁਦਾਇ ਲਖਿ ਮਸਤਕ ਟੇਕੈਂ॥੨੨॥ਪ੍ਰਸ਼ਨੋਤਰ ਕਰਿ ਉਰ ਹਰਖਾਵੈਂ। ਕਿਤਿਕ ਨਿਕਟ ਰਹਿ ਸੇਵ ਕਮਾਵੈਂ। ਤਿਮਹੀ ਬਹੁ ਜੋਗੀ ਸੰਨ੍ਯਾਸੀ। ਦਿਪਤਿ ਤੇਜ ਤੇ ਆਵਹਿ ਪਾਸੀ॥ ੨੩ ॥ ਜਪੀ ਤਪੀ ਬਹੁ ਭੇਖ ਵਿਰਾਗੀ। ਦਰਸਹਿ ਪ੍ਰਭੁ ਕੋ ਜੋ ਬਡਭਾਗੀ।ਰਚਹਿਂ ਅਨਿਕ ਛੰਦਨ ਕੀ ਬਾਨੀ।ਸੁੰਦਰ ਰਸ ਸ਼ਿੰਗਾਰ ਕੇ ਸਾਨੀ[2] ॥ ੨੪ ॥ ਬਰਣਨ ਕਰੈਂ ਬਹੁਤ ਰਸਬੀਰ[3]। ਥਿਰ ਸੰਗ੍ਰਾਮ ਧਰੰਨ ਭਟ ਧੀਰ[4]। ਅਧਿਕ ਰੌਦ੍ਰ ਪੁਰਖਾਰਥ ਜੋਧਾ[5]।ਲਗਹਿ ਸ਼ਸਤ੍ਰ ਜਿਮ ਬਢ ਹੈ ਕ੍ਰੋਧਾ ॥ ੨੫ ॥ ਜਿਸਤੇ ਸ਼ਕਤਾ ਅਰੁ ਸ੍ਵੈਤਾਨ। ਵਧੈ ਬੀਰਤਾ ਮਨ ਮਹਿ ਆਨ। ਕੋ ਅਸ ਕਾਇਰ ਹ੍ਵੈ ਜਗ ਮਾਂਹੀ। ਸੁਨਿ ਪਠਿ ਹ੍ਵੈ ਉਤਸਾਹ ਨ ਜਾਂਹੀ ॥ ੨੬ ॥ ਰਣ ਮਹਿਮਾ ਕੋ ਕਹੈਂ ਸਚਾਨੀ। ਚਹਿਬੇ ਸਭਿ ਨਰ ਆਯੁਧ ਪਾਨੀ[6]। ਆਨ[7] ਕਵੀ ਬਹੁ ਪਾਸ ਥਿਰੇ ਹੈਂ। ਅਨਿਕ ਭਾਂਤਿ ਕੀ ਗਿਰਾ ਕਰੇ ਹੈਂ॥ ੨੭ ॥ ਮਨ ਭਾਵਤ ਬਹੁ ਲਹੈਂ ਪਦਾਰਥ। ਦਰਬ ਦੀਹ ਲੇ ਪੂਰਵਹਿ ਸ੍ਵਾਰਥ। ਭਾਰਤ ਕੇ ਗਨ ਪਰਬ ਉਦਾਰਾ[8]। ਜਿਨ ਮਹਿ ਬਰਨਯੋਂ ਜੰਗ ਅਖਾਰਾ ॥ ੨੮॥ ਸੋ ਕਵੀਅਨਿ ਤੇ ਕਹਿ ਬਨ-ਵਾਏ। ਅਨਿਕ ਛੰਦ ਸੁੰਦਰ ਬਿਧਿ ਗਾਏ। ਸ੍ਰੀ ਅਜੀਤ ਸਿੰਘ ਅਨੰਦ ਬਿਲੰਦ।ਬੈਠਹਿਂ ਨਿਕਟ ਪਿਤਾ ਸੁਖਕੰਦ॥੨੯॥ ਖੇਲਤਿ ਸ੍ਰੀ ਜੁਝਾਰ ਸਿੰਘ ਆਵੈਂ। ਪਿਤਾ ਸਮੀਪ ਥਿਰਹਿਂ ਹਰਖਾਵੈਂ। ਅੰਕ ਬਿਖੈ ਦਾਯਾ ਲੇ ਆਵਹਿ। ਸ੍ਰੀ ਜ਼ੋਰਾਵਰ ਸਿੰਘ ਸੁਹਾਵਹਿਂ* ॥ ੩੦ ॥ ਹੇਰਿ ਹੇਰਿ ਹੋਵਤਿ ਬਲਿਹਾਰੀ। ਕਰਹਿਂ ਸਰਾਹਨਿ ਬਹੁ ਨਰ ਨਾਰੀ। ਜ਼ੇਵਰ ਜਬਰ ਜੋਤਿ ਜਿਨ ਜ਼ਾਹਰ। ਜਗਮਗ ਜ਼ਾਹਰ ਜਰੇ ਜਵਾਹਰ ॥੩੧॥ ਸ੍ਰੀ ਜੀਤੋ ਕੀ ਬਹੁ ਅਭਿਲਾਖਾ।

[1]ਉਪੱਦ੍ਰਵੀ। [2]ਵਾਲੀ, ਮਿਲੀ ਹੋਈ। [3]ਬੀਰ ਰਸ। [4]ਸੂਰਮਿਆਂ ਦਾ ਧੀਰਜ ਧਰਨਾ। [5]ਰੌਦ੍ਰ ਰਸ ਤੇ ਜੋਧਿਆਂ ਦਾ ਪੁਰਸ਼ਾਰਥ। [6]ਚਾਹੁੰਦੇ ਹਨ ਕਿ ਸਾਰੇ ਪੁਰਸ਼ ਹੱਥ ਵਿਚ ਸ਼ਸਤ੍ਰ ਧਾਰੀ ਹੋ ਜਾਣ। [7]ਹੋਰ। [8]ਮਹਾਂਭਾਰਤ (ਗ੍ਰੰਥ) ਦੇ ਸਾਰੇ ਅਧ੍ਯਾਯ।

*ਏਥੇ ਕਵਿ ਜੀ ਕੋਲੋਂ ਸ੍ਰੀ ਜੁਝਾਰ ਸਿੰਘ ਜੀ ਖੇਲਦੇ ਤੇ ਜ਼ੋਰਾਵਰ ਸਿੰਘ ਜੀ ਕੁੱਛੜ ਚੁਕੇ ਆਏ ਕਹਿਣ ਤੋਂ ਜੁਝਾਰ ਸਿੰਘ ਜੀ ਦੂਸਰੇ ਬੇਟੇ ਸਹੀ ਹੋਏ।

Sri Satguru Jagjit Singh Ji eLlibrary NamdhariElibrary@gmail.com

ਗੁਰ ਪਤਿ ਬਿਖੈ ਭ੍ਰਾਵ ਨਿਤ ਰਾਖਾ। ਮਾਨਹਿ ਸਦਾ ਜਥਾ ਪ੍ਰਭੁ ਕਹੈਂ। ਤਿਮ ਸੇਵਤਿ ਸਤਿ ਸੰਗਤਿ ਰਹੈ॥ ੩੨॥ ਪਤਿ ਮੂਰਤਿ ਕੋ ਰਿਦੈ ਬਸਾਵੈ। ਥਿਰ ਕਰਿ ਮਨ ਕੋ ਮੋਦ ਉਪਾਵੈ। ਬਹੁ ਅਭਿਲਾਖਾ ਲਖਿ ਕਰਿ ਸ੍ਵਾਮੀ। ਤਿਸਕੇ ਮੰਦਿਰ ਅੰਤਰਜਾਮੀ॥ ੩੩॥ ਵਾਰ ਸਨਿਸ਼ਚਰ ਕੀ ਨਿਸ ਜਬੈ। ਬਸੇ ਜਾਇ ਜੀਤੋ ਗ੍ਰਿਹ ਤਬੈ। ਕਰਿ ਕੈ ਮੰਗਲ ਅਨਿਕ ਪ੍ਰਕਾਰੇ। ਸੇਵਹਿ ਚਰਨ ਕਮਲ ਹਿਤ ਧਾਰੇ॥ ੩੪॥ ਚੌਥੀ ਵਾਰ ਨੰਦ[1] ਚੌਥੇ ਹਿਤ। ਨਿਜ ਘਰ ਬਸੇ ਅਨੰਦ ਦੈਬੇ ਹਿਤ। ਪੰਚਮ ਬੇਰਿ ਨ ਬਸੇ ਗੁਸਾਈਂ। ਬ੍ਰਹਮ-ਚਰਜ ਧਰਿ ਬੈਸ ਬਿਤਾਈ॥ ੩੫॥ ਇਕ ਸੀਤਾ ਬਿਨ ਜਿਮ ਰਘੁਬੀਰ। ਸਰਬ ਆਰਬਲ ਰਾਖੀ ਧੀਰ। ਪ੍ਰਾਤਿ ਆਇ ਕਰਿ ਸੌਚ ਸ਼ਨਾਨੇ। ਜੀਤੋ ਗਰਭ ਧਰਯੋ ਸਭਿ ਜਾਨੇ॥੩੬॥ ਕਰੇ ਬਿਤਾਵਨ ਨਵਮ ਮਹੀਨੇ। ਫਾਗਨ ਸੁਦਿ ਬੁਧਵਾਰ ਸੁ ਚੀਨੇ। ਸੰਮਤ ਹੁਤੋ ਸਤਾਰਾਂ ਸੈਧਾ। ਪਚਵੰਜਾ[2] ਊਪਰ ਥਿਤ ਵੈਧਾ॥ ੩੭॥ ਚਤੁਰਥ ਪੁੱਤ੍ਰ* ਜਨਮ ਕੋ ਲੀਨਾ। ਬਜੀ ਵਧਾਈ ਉਮਗਾ ਨਵੀਨਾ। ਤਿਥ ਇਕਾਦਸ਼ੀ ਉਤਸਵ ਕਿਤੋ[3]। ਤਬਿ ਨਖੱਤ੍ਰ ਅਨੁਰਾਧਾ ਹੁਤੋ॥ ੩੯॥ ਤੀਨ ਪੁੱਤ੍ਰ ਸ੍ਰੀ ਜੀਤੋ ਕੇਰੇ। ਤੀਨ ਅਗਨਿ[4]† ਤਨ ਧਾਰਿ ਉਪਤਿ ਬਡੇਰੇ। ਇਕ ਦਖਣਾਤਨ, ਗ੍ਰਾਹਿਪਤਨ ਬੀਜੀ। ਮਹਾਂ ਪ੍ਰਸਥ ਅਵ-

[1] ਪੁੱਤ੍ਰ। [2] ੧੭੫੫। [3] ਕੀਤਾ। [4] ਤ੍ਰੈ ਅਗਨੀਆਂ ਰੂਪ।

*ਸਾਹਿਬਜ਼ਾਦਿਆਂ ਦੇ ਜਨਮ ਤਿੱਥਾਂ ਬਾਬਤ ਦੇਖੋ ਇਸੇ ਰਾਸਿ ਦੇ ਅੰਸੂ ੪੪ ਅੰਕ ੩੮ ਦੀ ਹੇਠਲੀ ਟੂਕ ਤੇ ਇਸੇ ਅੰਸੂ ਦਾ ਅੰਕ ੩੦।

†ਕਰਮ ਕਾਂਡ ਨੇ ਛੇ ਅਗਨੀਆਂ ਮੰਨੀਆਂ ਹਨ:—'ਗਾਰ੍ਹਪਤਯ, ਆਹਵਨੀਯ, ਦਕਸ਼ਨਾਗਨਿ, ਸਭਯਾਗਨਿ, ਆਵਸਥਯ ਤੇ ਔਪਾਸਨਾਗਨਿ। ਇਹਨਾ ਵਿਚੋਂ ਪਹਿਲੀਆਂ ਤਿੰਨ ਮੁੱਖ ਹਨ।

੧. ਗਾਰ੍ਹਪਤਯ ਉਹ ਅਗਨੀ ਹੈ ਜਿਸ ਨਾਲ ਜੱਗ ਦੇ ਭਾਂਡੇ ਗਰਮ ਕੀਤੇ ਜਾਂਦੇ ਹਨ। ਜੱਗ ਲਈ ਰੋਟੀ ਪਕਾਉਣ ਤੋਂ ਲੈ ਸੰਸਕਾਰ ਤਕ ਸਾਰੀ ਕ੍ਰਿਤ ਇਸੇ ਅਗਨੀ ਨਾਲ ਕਰਦੇ ਹਨ। ਹਰੇਕ ਗ੍ਰਿਹਸਥੀ ਨੂੰ ਇਸ ਅਗਨੀ ਦੀ ਰਖਯਾ ਕਰਨੀ ਮੰਨੀ ਗਈ ਹੈ।

੨. ਦਕਸ਼ਨਾਗਨਿ ਉਹ ਹੈ ਜੋ ਜੱਗ ਦੇ ਮੰਡਪ ਵਿਚ ਗਾਰ੍ਹਪਤਯ ਅਗਨੀ ਦੇ ਦੱਖਣ ਪਾਸੇ ਵੱਲ ਥਾਪੀ ਜਾਂਦੀ ਹੈ।

੩. ਆਹਵਨੀਯ ਅਗਨੀ ਉਹ ਹੈ ਜੋ ਗਾਰ੍ਹਪਤਯ ਅਗਨੀ ਵਿਚੋਂ ਲੈ ਕੇ ਮੰਤ੍ਰ ਉਚਾਰ ਕੇ ਮੰਡਪ ਵਿਚ ਪੂਰਬ ਦੇ ਪਾਸੇ ਸਥਾਪਨ ਕੀਤੀ ਜਾਂਦੀ ਹੈ। ਹਵਨ ਇਸ ਨਾਲ ਹੁੰਦਾ ਹੈ। ਇਸ ਨੂੰ ਕਵੀ ਜੀ ਨੇ ਮਹਾਂਪ੍ਰਸਤ ਲਿਖਿਆ ਹੈ। (ਅ) ਤ੍ਰੈ ਅਗਨੀਆਂ ਚਕਿਤਸਾ ਵਾਲਿਆਂ ਨੇ ਬੀ ਮੰਨੀਆਂ ਹਨ, ਓਹ ਏਹ ਹਨ:—੧. ਭੌਮ=ਜੋ ਲਕੜੀ ਆਦਿ ਤੋਂ ਬਾਲੀ ਦੀ ਹੈ। ੨. ਦਿਵਯ=ਜੋ ਬਿਜਲੀ ਵਿਚ ਹੁੰਦੀ ਹੈ। ੩. ਜਠਰ=ਜੋ ਪੇਟ ਵਿਚ ਭੋਜਨ ਪਚਾਉਂਦੀ ਹੈ। ਪਰ ਏਥੇ ਇਹਨਾਂ ਤੋਂ ਕਵੀ ਜੀ ਦੀ ਮੁਰਾਦ ਨਹੀਂ ਹੈ। ਕਵੀ ਜੀ ਨੇ ਇਹ ਸੌ ਸਾਖੀ ਦੀ ਸਾਖੀ ਪਰ ਤੋਂ ਲੈਕੇ ਲਿਖਿਆ ਹੈ।

Sri Satguru Jagjit Singh Ji eLlibrary NamdhariElibrary@gmail.com

ਭਈ[1] ਸੁ ਤੀਜੀ ॥੩੯॥ ਤੁਰਕਨਿ ਤੇਜ ਮਹਿਦ ਬਨ ਜੋਵਾ। ਇਨ ਅਪਰਾਧ[2] ਦਗਧ ਸੋ ਹੋਵਾ। ਸਿੰਘਨ ਕੇ ਦਾਰਿਦ ਬਡ ਸੀਤ। ਇਨ ਤੇ ਸ਼ੀਘ੍ਰ ਗਯੋ ਬਹੁ ਬੀਤ ॥ ੪੦ ॥ ਮਾਤ ਸੁੰਦਰੀ ਕੋ ਸੁਤ ਸੂਰਾ। ਸ਼ਸਤ੍ਰਨਿ ਕੀ ਬਿੱਦਯਾ ਮਹਿ ਪੂਰਾ। ਰਣ ਮਹਿਂ ਅਨਗਨ ਤੁਰਕ ਪ੍ਰਹਾਰੇ।ਨਹਿਂ ਠਹਿਰਨ ਕੌ ਦੀਨਿ ਅਗਾਰੇ ॥ ੪੧ ॥ ਚਾਰਹੁੰ ਕੋ ਸਰੂਪ ਦੁਤਿ ਚਾਰੂ। ਚਤੁਰ ਸੁਮਤਿ ਕੇ ਮਨਹੁੰ ਪਹਾਰੂ। ਦਿਨ ਪ੍ਰਤਿ ਸ਼ਸਤ੍ਰਨਿ ਕੋ ਅੱਭ੍ਯਾਸਾ। ਪਿਤ ਕੀ ਆਇਸੁ ਮੈਂ ਜਿਮ ਦਾਸਾ ॥ ੪੨ ॥ ਰੁਤਿ ਦੂਜੀ ਅਬਿ ਪੂਰਨ ਹੋਈ। ਕਹੌਂ ਕਥਾ ਪੁਨ ਆਗਲ ਜੋਈ। ਦਸਹੁੰ ਗੁਰਨ ਕੇ ਚਰਨ ਮਨਾਇ। ਜਥਾ ਸ਼ਕਤਿ ਸਭਿ ਦੇਉਂ ਸੁਨਾਇ ॥ ੪੩ ॥

[ਅਰਦਾਸ]

ਕਬਿੱਤ ॥ ਸੀਰ ਨਾ ਸੁਸੰਗ ਮੈਂ, ਕੁਸੰਗ ਮੈਂ ਸੰਤੋਖ ਸਿੰਘ, ਰਮਯੋ ਨਿਤ ਪਾਪਨਿ ਮੈਂ, ਮਿਲਯੋ ਕਬਿ ਧੀਰ ਨਾ। ਧੀਰ ਨਾ ਧਰਤਿ ਕਾਮ ਲੰਪਟ ਕਠੋਰ, ਕੂਰ ਬੋਰਯੋ* ਮੈਂ ਬਿਕਾਰਨ ਮੈਂ, ਭਯੋ ਮਨ ਤੀਰ ਨਾ। ਤੀਰ ਨਾ ਪਛਾਨਯੋ ਤੁਮੈਂ, ਦੂਰ ਕਰਿ ਜਾਨਯੋ ਪ੍ਰਭੂ ! ਆਪਨੇ ਉਧਾਰ ਕੀ ਬਿਚਾਰੀ ਤਤਬੀਰ ਨਾ। ਬੀਰ ਨਾ ਭਗਤ, ਭੇਖ ਧਾਰੀ ਹਿਤ ਨਾਰੀ ਜਿਮ, ਰਾਖੀ ਪੈਜ ਤੈਸੇ ਮੇਰੀ ਹੇਰੋ ਤਕਸੀਰ ਨਾ ॥ ੪੪ ॥

[ ਸੀਰ=ਹਿੱਸਾ, ਸੰਬੰਧ, ਮੇਲ [ ਹਿੰਦੀ, ਸੀਰ=ਸਾਂਝ। ਪੰਜਾ:, ਸੀਰ=ਹਿੱਸਾ ]
ਸੁਸੰਗ=ਸ੍ਰੇਸ਼ਟ ਸੰਗ, ਭਾਵ ਨਾਮੀ ਪੁਰਖਾਂ ਦਾ ਸੰਗ। ਬੋਰਯੋ=ਡੋਬ ਰਿਹਾ ਹੈ।
ਤੀਰ=ਤੀਰ, ਤੀਰ ਵਰਗਾ ਭਾਵ ਸਿੱਧਾ। ਤੀਰ=ਨੇੜੇ।
ਤਤਬੀਰ=ਜੁਗਤਿ, ਉਪਾਉ। [ਫਾ: ਤਦਬੀਰ] ਬੀਰ=ਸੂਰਮਾਂ, ਬਹਾਦਰ।
ਮੁਰਾਦ ਹੈ ਕਿ ਦਇਆ ਦਾਨ ਉਤਸਾਹ ਤੇ ਸੂਰਮਗਤੀ ਦੇ ਕੰਮ ਮੈਂ ਨਹੀਂ ਕੀਤੇ।
ਤਕਸੀਰ=ਗੁਨਾਹ, ਪਾਪ, [ਫ਼ਾ:; ਤਕਸੀਰ] ]

ਅਰਥ—( ਹੇ ਪ੍ਰਭੂ ! ) ਮੈਂ ਸੰਤੋਖ ਸਿੰਘ ਨੇ ਸਤਿਸੰਗਤ ਨਾਲ ਕਦੀ ਮੇਲ ਨਹੀਂ ( ਰਖਿਆ ਤੇ ਸਦਾ ) ਕੁਸੰਗ ਵਿਚ ( ਮੇਲ ਰਖਿਆ ਹੈ ), ਪਾਪਾਂ ਵਿਚ ਮੈਂ ਨਿਤ ਪ੍ਰਵਿਰਤ ਰਿਹਾ ਹਾਂ, ( ਮੈਨੂੰ ) ਕਦੇ ਧੀਰਜ ਨਹੀਂ ਪ੍ਰਾਪਤਿ ਹੋਇਆ। ਹਾਂ, ( ਮੇਰਾ ) ਮਨ ਧੀਰਜ ਨਹੀਂ ਧਰਦਾ, ( ਇਹ ) ਕਠੋਰ ਕਾਮ ਵਿਚ ਲੰਪਟ ਹੈ ( ਮੈਨੂੰ ) ਝੂਠੇ

---

[1]ਪ੍ਰਗਟ ਹੋਈ। [2]ਸਾਹਿਬਜ਼ਾਦਿਆਂ ਦਾ ਅਪਰਾਧ ਕਰਨੇ ਤੇ (ਉਹਨਾਂ ਦਾ ਤੇਜ) ਦਗਧ ਹੋਇਆ, ਗੋਇਆ, ਇਹਨਾਂ ਨੂੰ ਮਾਰਨ: ਤੁਰਕਾਂ ਲਈ ਤ੍ਰੈ ਹੋਮ ਅਗਨੀਆਂ ਪ੍ਰਜ੍ਵਲਤ ਕਰਨੀਆਂ ਸਨ ਜਿਨ੍ਹਾਂ ਵਿਚ ਉਹਨਾਂ ਦਾ ਰਾਜ ਤੇਜ ਅਹੂਤੀ ਹੋ ਗਿਆ। *ਪਾ:—ਬੋਰਯੋ।

Sri Satguru Jagjit Singh Ji eLlibrary NamdhariElibrary@gmail.com

ਵਿਕਾਰਾਂ ਵਿਚ ਡੋਬ ਰਿਹਾ ਹੈ, (ਕਿਸੇ ਉਪਾਉ ਨਾਲ ਅਜੇ ਤੱਕ ਇਹ ਮਨ ਸਿੱਧਾ) ਤੀਰ ਨਹੀਂ ਹੋਇਆ। ਹੇ ਪ੍ਰਭੂ ਤੈਨੂੰ (ਮੈਂ) ਨੇੜੇ ਨਾ ਪਛਾਣਿਆਂ ਤੇ (ਸਦਾ) ਦੂਰ ਹੀ ਕਰਕੇ ਜਾਣਦਾ ਰਿਹਾ (ਤੇ ਆਪਣੇ) ਉਧਾਰ ਦੀ (ਕਦੇ ਕੋਈ) ਜੁਗਤ ਨਾ ਵਿਚਾਰੀ। (ਹੇ ਪ੍ਰਭੂ।) ਜਿਵੇਂ ਓਹ (ਤਰਖਾਣ ਪੁੱਤ੍ਰ) ਨਾ ਸੂਰਮਾਂ ਤੇ ਨਾ (ਤੇਰਾ ਮੁੱਢ ਤੋਂ) ਭਗਤ ਸੀ (ਕੇਵਲ) ਨਾਰੀ ਦੇ ਵਾਸਤੇ (ਉਸ ਨੇ ਵਿਸ਼ਨੂੰ ਦਾ) ਭੇਖ ਧਾਰਿਆ (ਹੋਇਆ ਸੀ) (ਤੇ ਤੂੰ) ਉਸ ਦੀ ਪੈਜ ਰੱਖੀ ਸੀ ਤਿਵੇਂ ਹੀ ਮੇਰੀ ਕੋਈ ਤਕਸੀਰ ਨਾ ਵੇਖੋ (ਤੇ ਪੈਜ ਰੱਖ ਦਿਖਾਓ)।

**ਚੌਥੀ ਸਤਰ ਵਿਚ ਦਿਤੇ ਇਸ਼ਾਰੇ ਦੀ ਕਥਾ**—ਇਕ ਰਾਜ ਕੰਨਿਆਂ ਨੇ ਵਿਸ਼ਨੂੰ ਜੀ ਦਾ ਸਰੂਪ, ਜਸ ਤੇ ਬਲ ਸੁਣਕੇ ਪ੍ਰਣ ਕੀਤਾ ਕਿ ਮੈਂ ਵਿਸ਼ਨੂੰ ਤੋਂ ਬਿਨਾਂ ਕਿਸੇ ਹੋਰ ਨਾਲ ਵਿਆਹ ਨਹੀਂ ਕਰਨਾ। ਇਕ ਚਤੁਰ ਜੁਆਨ ਸੁੰਦਰ ਲੜਕੇ ਨੇ ਜੋ ਤਰਖਾਣੀ ਕਾਰੀਗਰੀ ਦਾ ਕਮਾਮ ਕਰਦਾ ਸੀ ਰਾਜ ਕੰਨਿਆਂ ਨੂੰ ਵੇਖਕੇ ਉਸ ਨਾਲ ਵਿਆਹ ਕਰਨ ਦੀ ਪੱਕੀ ਧੁਨ ਲਾ ਲਈ ਸੀ। ਗਰੀਬ ਆਦਮੀ ਦੇ ਯਤਨ ਨਿਸ਼ਫਲ ਜਾਣੇ ਹੀ ਸਨ, ਪਰ ਅੰਤ ਉਸ ਨੂੰ ਰਾਜ ਕੰਨਿਆਂ ਦੇ ਪ੍ਰਣ ਦਾ ਪਤਾ ਲੱਗਾ, ਤਦ ਉਸ ਨੇ ਇਕ ਹਵਾ ਵਿਚ ਉਡਣ ਵਾਲਾ ਗਰੁੜ ਬਣਾਇਆ, ਦੋ ਬਾਹਾਂ ਬਨਾਉਟੀ ਲਾਈਆਂ ਤੇ ਵਿਸ਼ਨੂੰ ਦਾ ਵੇਸ ਧਾਰਕੇ ਉੱਡਕੇ ਰਾਜ ਮਹਿਲ ਆ ਪਹੁੰਚਾ। ਭੇਖ ਨਿਭ ਗਿਆ ਵਿਆਹ ਹੋ ਗਿਆ। ਵੱਖਰੇ ਮਹਿਲ ਵਿਚ ਰਹਿਣ ਬਹਿਣ ਲੱਗੇ, ਬਨਾਵਟੀ ਵਿਸ਼ਨੂੰ ਨੇ ਪੱਜ ਬਣਾ ਲਿਆ ਕਿ ਰਾਜ ਕੰਨਿਆਂ ਦੇ ਅਤੀ ਪ੍ਰੇਮ ਦੇ ਕਾਰਨ ਮੈਂ ਮਨੁੱਖ ਰੂਪ ਵਿਚ ਹੀ ਇਸ ਦੇ ਜੀਉਂਦੇ ਜੀ ਇਸ ਪਾਸ ਰਹਾਂਗਾ।

ਕੁਛ ਸਮਾਂ ਪਾਕੇ ਉਸ ਕੰਨਿਆਂ ਦੇ ਪਿਤਾ ਰਾਜਾ ਤੇ ਕਿਸੇ ਹੋਰ ਰਾਜਾ ਵੱਲੋਂ ਹਮਲਾ ਹੋਇਆ, ਹਾਰ ਦੀਆਂ ਸੂਰਤਾਂ ਤੱਕਕੇ ਰਾਜਾ ਤੇ ਦਰਬਾਰੀ ਇਸ ਵਿਸ਼ਨੂੰ ਦੀ ਪੈਰੀਂ ਆ ਪਏ ਕਿ ਆਪ ਲਾਜ ਰੱਖੋ। ਉਸ ਨੇ ਕਿਹਾ ਚਿੰਤਾ ਨਾ ਕਰੋ, ਕੱਲ ਜੀਤ ਹੋਇਗੀ। ਰਾਜਾ ਤੇ ਦਰਬਾਰੀ ਤਾਂ ਚਲੇ ਗਏ, ਪਰ ਬਨਾਵਟੀ ਵਿਸ਼ਨੂੰ ਜੀ ਇਤਨੇ ਡਰੇ ਅਰ ਸਹਿਮੇ ਕਿ ਸੁਰਤ ਸੰਕੁਚਦੀ ਸੰਕੁਚਦੀ ਜੁੜ ਗਈ, ਅਰਦਾਸ ਵਿਚ ਲੀਨ ਹੋ ਗਈ, ਸਮੇਂ ਦੀ ਔਕੜ ਪੈ ਜਾਣ ਤੇ ਡੈ ਦੀ ਪ੍ਰਬਲਤਾ ਕਰਕੇ ਚਿਤ ਨਿਰਮਲ ਹੋਕੇ ਜੁੜਦਾ ਜੁੜਦਾ ਇਕ ਚਿਤ ਇਕ ਛਿਨ ਵਾਲੀ ਏਕਾਗ੍ਰਤਾ ਵਿਚ ਚਲਾ ਗਿਆ। ਅਗਲੇ ਦਿਨ ਜੁੱਧ ਵਿਚ ਗੈਬੀ ਮਦਦ ਆਈ ਤੇ ਜੁੱਧ ਫਤਹ ਹੋ ਗਿਆ। ਇਹ ਪ੍ਰਮਾਣ ਦੇਕੇ ਵਾਹਿਗੁਰੂ ਜੀ ਅੱਗੇ ਭਗਤ ਜੀ ਨੇ ਅਰਦਾਸ ਕੀਤੀ ਹੈ ਜੋ ਭਗਤ ਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿਚ ਆਈ ਹੈ। ਉਸ ਵੱਲ ਇਸ਼ਾਰਾ ਕਰਕੇ ਕਵੀ ਜੀ ਬਿਨੈ ਕਰਦੇ ਹਨ ਕਿ ਹੇ ਵਾਹਿਗੁਰੂ! ਆਪ ਅਰਦਾਸ ਪਾਪੀਆਂ ਦੀ ਬੀ ਸੁਣ ਲੈਂਦੇ ਹੋ, ਮੇਰੀਆਂ ਬੀ ਤਕਸੀਰਾਂ ਨਾ ਤੱਕੋ ਤੇ ਤ੍ਰੁਠ ਕੇ ਮੇਰੇ ਇਸ ਕਾਰਜ ਨੂੰ ਸਿਰੇ ਚਾੜ੍ਹੋ ਤੇ ਸੁਭਗਤੀ ਦਾਨ ਕਰੋ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ੍ਰੀ ਫਤੇ ਸਿੰਘ ਜੀ ਜਨਮ ਪ੍ਰਸੰਗ' ਬਰਨਨੰ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ ਨਾਮ ਪੰਚਾਸਤੀ ਅੰਸੂ ॥ ੫੦ ॥

---

**ਦੂਜੀ ਰੁਤ ਸਮਾਪਤਿ ਹੋਈ ॥**

Sri Satguru Jagjit Singh Ji eLlibrary NamdhariElibrary@gmail.com

# ਤੀਜੀ ਰਿਤੂ ਚੱਲੀ

ੴ ਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

[ਇਹ ਭੀ ਮੰਗਲ ਹੈਨ, ਅਰਥਾਂ ਲਈ ਦੇਖੋ ਰਾਸਾਂ ਦੇ ਆਦਿ]

## ਅਬ ਤ੍ਰਿਤਿਯ ਰੁਤ ਕਥਨੰ।

ਅੰਸੂ ੧. [ਮੰਗਲ। ਬ੍ਰਾਹਮਣਾਂ ਦੀ ਪ੍ਰੀਖਯਾ]

### ੧. 'ਕਵਿ-ਸੰਕੇਤ' ਮਿਰਯਾਦਾ ਦਾ ਮੰਗਲ।

ਦੋਹਰਾ ॥ ਸਾਰਦ ਬਾਰਦ ਨਾਰਦਹਿ ਪਾਰਦ ਇੰਦ ਮਨਿੰਦ।
ਬਰਣ ਰੂਪ ਕੋ ਬਰਣ ਬਰ ਨਮੋ ਚਰਣ ਅਰਬਿੰਦ ॥ ੧ ॥

{ ਸਾਰਦ ਬਾਰਦ=ਸਰਦ ਰੁਤ ਦਾ ਬੱਦਲ। ਪਾਰਦ=ਪਾਰਾ। ਬਰਣ=ਰੰਗ।
ਬਰਣ=ਵਰਣਨ ਹੁੰਦਾ ਹੈ। ਕਥਨ ਕੀਤਾ ਜਾਂਦਾ ਹੈ। ਬਰ=ਸ੍ਰੇਸ਼ਟ। }

**ਅਰਥ**-(ਜਿਸ ਸਰੱਸ੍ਵਤੀ ਦਾ) ਸਰਦ ਰੁਤ ਦੇ ਬੱਦਲ, ਨਾਰਦ, ਪਾਰੇ ਤੇ ਚੰਦ੍ਰਮਾਂ ਵਰਗਾ ਸ੍ਰੇਸ਼ਟ ਰੰਗ ਰੂਪ ਕਥਨ ਕੀਤਾ ਜਾਂਦਾ ਹੈ, ਤਿਸਦੇ ਚਰਨਾਂ ਕਵਲਾਂ (ਉਪਰ ਮੇਰੀ) ਨਮਸਕਾਰ ਹੈ।

### ੨. ਇਸ੍ਟ ਗੁਰੂ-ਦਸੋਂ ਗੁਰੂ ਸਾਹਿਬਾਨ ਦਾ-ਮੰਗਲ।

ਸ੍ਰੀ ਨਾਨਕ, ਅੰਗਦ, ਅਮਰ, ਰਾਮਦਾਸ, ਅਰਜੰਨ।
ਹਰਿ ਗੋਬਿੰਦ, ਹਰਿਰਾਇ ਗੁਰ, ਹਰੀਕ੍ਰਿਸ਼ਨ ਪਗ ਮੰਨ ॥ ੨ ॥
ਤੇਗ ਬਹਾਦਰ, ਦਸਮ ਗੁਰ, ਸਭਿਕੇ ਚਰਨ ਮਨਾਇ।
ਰੁਤ ਬਰਨੌਂ ਅਬਿ ਤੀਸਰੀ ਜਿਮ ਦੇਵੀ ਬਿਦਤਾਇ ॥ ੩ ॥

**ਅਰਥ**-ਸ੍ਰੀ (ਗੁਰ) ਨਾਨਕ (ਦੇਵ, ਸ੍ਰੀ ਗੁਰ) ਅੰਗਦ ( ਦੇਵ, ਸ੍ਰੀ ਗੁਰੂ) ਅਮਰ ( ਦਾਸ, ਸ੍ਰੀ ਗੁਰ) ਰਾਮਦਾਸ, (ਸ੍ਰੀ ਗੁਰ) ਅਰਜਨ (ਦੇਵ, ਸ੍ਰੀ ਗੁਰ) ਹਰਿਗੋਬਿੰਦ, (ਸ੍ਰੀ) ਗੁਰੂ ਹਰਿ ਰਾਇ (ਤੇ ਸ੍ਰੀ ਗੁਰੂ) ਹਰਿ ਕ੍ਰਿਸ਼ਨ ਜੀ ਦੇ ਚਰਨਾਂ ਨੂੰ ਮਨਾਉਂਦਾ ਹਾਂ ॥੨॥ (ਤੇ ਫਿਰ ਸ੍ਰੀ ਗੁਰ) ਤੇਗ ਬਹਾਦਰ, ਦਸਮ ਗੁਰ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ( ਗੁਰਾਂ) ਦੇ ਚਰਨਾਂ ਨੂੰ ਪੂਜ ਕੇ ਹੁਣ ਤੀਸਰੀ ਰੁਤ ਕਥਨ ਕਰਦਾ ਹਾਂ ਜਿਵੇਂ ਦੇਵੀ ਪ੍ਰਗਟਾਈ ਸੀ।

ਦਿਜ ਖੋਜਨ ਹਿਤ ਸਤਿਗੁਰੂ ਚਿਤਵਤਿ ਅਨਿਕ ਉਪਾਇ। ਮਖ ਮਿਸ[੧] ਕਰਿ ਬਹੁ ਦੇਸ਼ ਤੇ ਲੀਨੇ ਬ੍ਰਿੰਦ ਬੁਲਾਇ ॥੪॥ ਤੋਟਕਛੰਦ ॥ 'ਧਨ ਦੇਹਿ ਘਨੋਂ' ਸਭਿ ਸੰਗ ਭਨਯੋ। ਇਮ ਦੇਸ਼ ਬਿਦੇਸ਼ ਮਝਾਰ ਸੁਨਯੋ। ਦ੍ਵਿਜ ਆਗਮ ਬੇਦ ਸ੍ਰੁਤੀ ਬਿਤ ਜੋ[੨]। ਬਿਤ ਭੇਦ ਖੜੰਗਨ ਕੋ ਜਿਤ ਜੋ[੩] ॥ ੫ ॥ ਸਭਿ ਬੇਦ ਸੁ

---

[੧]ਯੱਗ ਦੇ ਸਾਂਗੇ, ਯੱਗ ਦੇ ਬਹਾਨੇ। [੨]ਸ਼ਾਸਤ੍ਰਾਂ ਤੇ ਵੇਦ ਦੀਆਂ ਸ੍ਰੁਤੀਆਂ ਦੇ ਵੇਤਾ ਸਨ ਜੇਹੜੇ ਦਿਜ।
[੩]ਵੇਦ ਦੇ ਛੇ ਅੰਗਾਂ ਦੇ ਭੇਦ ਜਾਣਨ ਵਾਲਿਆਂ ਨੂੰ ਬੀ ਜਿੱਤ ਲੈਣੇ ਵਾਲੇ ਜੋ ( ਬ੍ਰਾਹਮਣ ਸਨ )।
ਛੇ ਅੰਗ ਵੇਦ ਦੇ ਏਹ ਹਨ:-ਸਿਖ੍ਯਾ, ਕਲਪ, ਵ੍ਯਾਕਰਣ, ਨਿਰੁਕਤ, ਛੰਦ, ਜ੍ਯੋਤਿਸ਼।

Sri Satguru Jagjit Singh Ji eLlibrary NamdhariElibrary@gmail.com

ਮੰਤ੍ਰਨਿ ਗਜਾਤ ਧਰੈਂ।ਜਿਨ ਕੋ ਪਠਿ ਦੇਵ ਪ੍ਰਸੰਨ ਕਰੈਂ।ਹਵਨਾਦਿਕ ਰੀਤਿ ਪਛਾਨਤਿ ਹੈਂ। ਸਭਿ ਪੂਜਨ ਕੀ ਬਿਧਿ ਜਾਨਤਿ ਹੈਂ॥੬॥ਪੁਰਿ ਗ੍ਰਾਮਨ ਮਾ-ਨਵ ਭੇਜਿ ਦਿਯੋ।ਨਿਜ ਨੇਰ ਕਿ ਦੂਰਹਿ ਜਾਨਿ ਲਿਯੋ।ਸਭਿ ਕੋ ਬੁਲਿਵਾਇ ਅਨੰਦਪੁਰੇ।ਬਹੁ ਆਵਤਿ ਭੇ ਬਡ ਮੇਲ ਕਰੇ॥੭॥ ਦਿਸ਼ ਪੂਰਬ ਕੇ ਪੁਰਿ ਕੌਨ ਗਨੇ। ਸ਼ਿਵ ਕੋ ਪੁਰਿ ਔ ਮਥੁਰਾਦਿ ਘਨੇ। ਪੁਨ ਔਧ, ਪ੍ਰਯਾਗ, ਦਿਲੀ ਜੁ ਭਲੇ। ਸੁਨਿ ਕੈ ਗੁਰ ਕੇ ਮਖ ਆਇਂ ਚਲੇ ॥੮॥ ਕਸ਼ਮੀਰ, ਲਹੌਰ ਜਿ ਔਰ ਘਨੇ।ਬਹੁ ਥਾਵਨਿ ਕੇ ਨਹਿਂ ਜੋਇ ਗਨੇ।ਬਿਤ ਬੇਦਨ ਕੇ ਦਿਜ[1]ਆਵਤਿ ਹੈਂ। ਪੁਰਿ ਆਨੰਦ ਮਾਨਹਿ[2] ਪਾਵਤਿ ਹੈਂ ॥੯॥ਦੋਹਰਾ॥ ਬੇਤਾ ਬਿੱਦਯਾ ਸਕਲ ਕੇ ਸੋ ਆਵਤਿ ਚਿਤ ਚਾਇ। ਕਦਰ ਸ਼ਨਾਸੀ[3] ਸਤਿਗੁਰੂ ਦੇਹਿਂ ਦਰਬ ਸਮੁ-ਦਾਇ॥ ੧੦ ॥ ਤੋਟਕ ਛੰਦ ॥ ਕਿਹ ਲੌ ਗਨੀਅਹਿ ਦਿਜ ਆਇ ਗਏ।ਪੁਰਿ ਆਨੰਦ ਮੈਂ ਬਿਸਰਾਮ ਕਿਏ। ਸਭਿ ਚਾਵਰ ਚੂਨ ਘ੍ਰਿਤਾਦਿ ਲਹੈਂ। ਕਰਿ ਭੋਜਨ ਕੋ ਦਰਸੰਨ ਚਹੈਂ ॥੧੧॥ ਦਿਜ ਪੁੰਜਹਿ ਪੁੰਜ ਸੁ ਡੇਰ ਕਿਯੋ[4]।ਬਿਨ ਬਿੱਦਯ ਸਬਿੱਦਯ ਮਿਲੰਤਿ ਭੁਏ[5]।–ਪਰਖੈਂ ਇਨ ਕੋ–ਇਮ ਠਾਨਿ ਮਨੈ[6]। ਗੁਰ ਆਇਸੁ ਦੀਨਿ ਮਹਾਨ ਜਨੈ[7] ॥ ੧੨ ॥ 'ਗਨ ਭੋਜਨ ਪਾਕ[8] ਅਨੇਕ ਕਰੋ। ਮਿਸ਼ਟਾਨ ਸਲੋਨਹਿ ਸ੍ਵਾਦ ਧਰੋ'।ਸੁਨਿ ਆਇਸੁ ਬ੍ਰਿੰਦ ਮਸੰਦ ਲਗੇ। ਨਿਸ ਬਾਸੁਰ ਮੈਂ ਚਿਰਕਾਲ ਜਗੇ ॥ ੧੩ ॥ ਕਰਿ ਭੋਜਨ ਤ੍ਯਾਰ ਅਨੇਕ ਬਿਧੀ।ਧਰਿ ਲਾਇ ਅੰਬਾਰ ਬਨੰਤਿ ਸਿਧੀ[9]।ਭਰਿ ਕੋਸ਼ਠ ਮੋਦਕ ਸੰਗ ਘਨੇ। ਗਨ ਪੂਪਨਿ ਪਾਕ ਸੁ ਕੌਨ ਗਨੇ[10] ॥ ੧੪ ॥ ਬਰ ਪੂਰ ਕਚੌਰ ਮਸਾਲਨ ਤੇ। ਕਰਿ ਲੀਨਿ[11], ਬਰੇ[12] ਦਧੀ ਡਾਲਨ ਤੇ। ਮਿਰਚਾਂ ਗਨ ਜੀਰਕ ਤੇ ਧਨੀਆਂ। ਘ੍ਰਿਤ ਤੇ ਸਭਿ ਪਾਕ ਭਲੇ ਬਨੀਆਂ ॥ ੧੫ ॥ ਨਰ ਸੈਂਕਰਿ ਨੀਤ ਬਨਾਵਤਿ ਹੈਂ।ਕਰਿ ਕੋਸ਼ਠ ਪੂਰ ਟਿਕਾਵਤਿ ਹੈਂ। ਬਹੁ ਕੀਨਿ ਤਿਹਾ-ਵਲ ਤ੍ਯਾਰ ਜਬੈ। ਸਭਿ ਕੋ ਬੁਲਵਾਇ ਸੁ ਲੀਨਿ ਤਬੈ ॥ ੧੬ ॥ਸੈਯਾ ਛੰਦ॥ ਪਠਯੋ ਮੇਵੜਾ ਸ੍ਰੀ ਕਲਗੀਧਰ ਤਿਸ ਨੇ ਊਚੇ ਭਨਯੋਂ ਸੁਨਾਇ। 'ਹੁਕਮ

---

[1]ਵੇਦ ਵੇਤਾ ਬ੍ਰਹਮਨ। [2]ਆਦਰ। [3]ਕਦਰ ਪਛਾਣਨ ਵਾਲੇ। [4]ਬੁੰਡਾਂ ਦੇ ਬੁੰਡ ਬ੍ਰਾਹਮਣਾਂ ਨੇ ਡੇਰੇ ਕਰ ਲਏ। [5]ਵਿਦਿਆ ਤੋਂ ਬਿਨਾਂ ਤੇ ਵਿਦਵਾਨ ਇਕੱਠੇ ਹੋਏ। [6]ਮਨ ਵਿਚ। [7]ਵਡੇ ਸੇਵਕਾਂ ਨੂੰ। [8]ਭੋਜਨ ਤੇ ਪਕਵਾਨ। (ਅ) ਪੱਕੀ ਰਸੋਈ। [9]ਜਦ ਤਿਆਰ ਹੋ ਜਾਂਦੇ ਹਨ ਤਾਂ ਮਾਨੋ ਢੇਰ ਲਾ ਦਿੰਦੇ ਹਨ। [10]ਪੂੜੇ (ਆਦਿਕ) ਸਾਰੇ ਪਕਵਾਨ ਕੌਣ ਗਿਣੇ। [11]ਪੂਰੀਆਂ ਕਚੌਰੀਆਂ ਚੰਗੇ ਮਸਾਲਿਆਂ ਨਾਲ ਭਰ ਲਈਆਂ (ਭਾਵ ਪੀਠੀ ਲੂਣ ਮਸਾਲੇ ਆਦਿ ਪਾਕੇ)। [12]ਵੜੇ।

ਕਰਯੋ ਸ਼੍ਰੀਸਤਿਗੁਰ ਪੂਰੇ,ਸੁਨਿਬੇ ਜੋਗ ਬਿੱਪ੍ਰਸਮਦਾਇ¹।ਖੀਰ ਖੰਡਜੋ ਖਾਇ ਅਹਾਰੇ ਪੰਜ ਰਜਤਪਨ ਸੋ ਅਬਿ ਪਾਇ। ਆਮਿਖ ਅਚਵੈ ਪੰਚ ਅਸ਼ਰਫੀ ਗੁਰ ਢਿਗ ਤੇ ਲੇ ਸਦਨ ਸਿਧਾਇ' ॥੧੭॥ ਬਹੁਤ ਬਾਰਿ ਸਭਿਹੂੰਨ ਸੁਨਾਯੋ ਦ੍ਵੈ ਪੰਕਤਿ ਭਰਿ ਦੀਨਿ ਬਿਠਾਇ।ਲੋਭ ਗ੍ਰਸੇ ਬਹੁ ਬਿੱਪ੍ਰ ਹਰੀ ਮਤਿ² ਮਾਸ ਅਸਨ ਕੋ ਮਨ ਲਲਚਾਇ। ਧਰਮ ਛੋਰਿ ਕਰਿ ਥਿਰੇ ਆਨਿ ਤਹਿਂ ਲੋਹਾਂ ਮੁਹਰ ਕੋ ਪੰਚ ਅਲਾਇ।ਖੀਰ ਖਾਨ ਹਿਤ ਰਹੇ ਅਲਪ ਹੀ ਜਾਨਯੋ ਜਿਨਹੁ -ਪ੍ਰਲੋਕ ਗਵਾਇ³-॥੧੮॥ਆਮਿਖਹਾਰੀ ਭਏ ਹਜ਼ਾਰੌਂ ਥਿਰ ਪੰਕਤਿ ਕਰਿ ਕੈ ਬਰਤਾਇ। ਇਕ ਦਿਸ਼ਿ ਗਨ ਪਕਵਾਨ ਪਰੋਸੇ ਜੇ ਬਹੁ ਦਿਨ ਕੇ ਰਖੇ ਬਨਾਇ।ਦੋਨਹੁ ਪੰਕਤਿ ਕੋ ਮਨਭਾਵਤਿ ਦੀਨਿ ਅਸਨ ਆਛੇ ਤ੍ਰਿਪਤਾਇ। ਜੇਤਿਕ ਚਹਯੋ ਅਰਪ ਸਭਿਹਿਨਿ ਕੌ ਜਲ ਤੇ ਚੁਰਾ ਕਰਯੋ ਸਮੁਦਾਇ॥੧੯॥ ਪ੍ਰਭੁ ਸੋਂ ਭਨਯੋ 'ਸੁਨਹੁ ਸ਼੍ਰੀ ਸਤਿਗੁਰ ਆਮਿਖ ਹਾਰੀ ਦਿਜ ਸਮੁਦਾਇ⁴। ਤਿਨ ਤੇ ਅਲਪ ਅਚਯੋ ਪਕਵਾਨਹਿਂ⁵, ਅਬਿ ਦਛਨਾ ਕੋ ਥਿਰੇ ਸਬਾਇ'। ਉਠਿ ਕਰਿ ਗਏ ਬਿਲੋਕਨ ਕੀਨੋ ਜਿਨਹੁ ਲੋਭ ਤੇ ਧਰਮ ਗਵਾਇ।ਬਾਰਹਿ ਬਾਰ ਉਚਾਰ ਧਿਕਾਰਹਿ 'ਨਹੀਂ ਬਿੱਪ੍ਰ ਤੁਮ ਦੰਭ ਕਮਾਇ॥੨੦॥ਅਪਕਰਮੀ ਨਿਜ ਧਰਮਹਿ ਭ੍ਰਿਸ਼ਟੀ, ਬਿਗਰੇ ਆਪ ਬਿਗਾਰਹਿਂ ਔਰ। ਉਚਿਤ ਸਜ਼ਾਇ ਦੇਨਿ ਕੋ ਤੁਮ ਸਭਿ, ਦੇਹਿਂ ਅਬਹਿ, ਬਡ ਮਾਰਹਿ ਠੌਰ।-ਪ੍ਰਥਮ ਬੁਲਾਇ ਦੰਡ ਗੁਰ ਦੀਨੋ-ਭਲੋ ਬੁਰੋ ਭਾਖੈਂ⁶ ਸਭਿ ਠੌਰ। ਯਾਂਤੇ ਛਿਮਾਧਰੀ ਮਨ ਜਾਨਹੁਂ, ਨਹਿ ਪ੍ਰਲੋਕ ਜਾਨਯੋ ਮਤਿ ਬੌਰ'⁷॥੨੧॥ਇੱਤਯਾਦਿਕ ਬਹੁ ਕਹਯੋ ਧਿਕਾਰੇ ਬਹੁਰ ਦੱਛਨਾ ਹਿਤ ਫੁਰਮਾਇ। 'ਪੰਚ ਪੰਚ ਇਨ ਦੇਹੁ ਰਜਤਪਨ⁸ ਨਹਿ ਛੂਛੇ ਨਿਜ ਸਦਨ ਸਿਧਾਇਂ*। ਪੁਨਪੰਕਤਿ ਦੂਜੀ ਮਹਿ

¹ਜੋ ਸਾਰੇ ਬ੍ਰਹਮਣਾਂ ਦੇ ਸੁਣਨੇ ਯੋਗ ਹੈ। ²ਮੱਤ ਮਾਰੀ ਗਈ। ³ਗੁਵਾਬਦਾ ਹੈ। ⁴ਭਾਵ ਬਹੁਤੇ ਹਨ। ⁵ਉਨ੍ਹਾਂ ਨਾਲੋਂ ਥੋੜਿਆਂ ਨੇ (ਦੂਸਰੇ) ਪਕਵਾਨ ਛਕੇ ਹਨ। ⁶ਕੋਈ ਭਲਾ ਕੋਈ ਬੁਰਾ ਕਹੇਗਾ (ਕਿ ਨਾਲੇ) ਪਹਿਲੋਂ (ਘਰ) ਸੱਦੇ ਹੋਨੇ ਤੇ (ਨਾਲੇ ਫੇਰ) ਗੁਰੂ ਜੀ ਨੇ ਦੰਡ ਦਿੱਤਾ। ⁷(ਤੁਸਾਂ) ਮਤ ਦੇ ਬਾਵਲਿਆਂ ਨੇ ਪ੍ਰਲੋਕ ਦਾ ਖਯਾਲ ਨਹੀਂ ਕੀਤਾ। ⁸ਰੁਪਏ।

*ਇਉਂ ਬੀ ਸ੍ਰੋਤ ਹੈ ਕਿ ਇਕ ਇਕ ਮੋਹਰ ਦੇਣੀ ਕੀਤੀ ਸੀ ਮਾਸ ਅਹਾਰੀਆਂ ਨੂੰ ਸੋ ਉਨ੍ਹਾਂ ਨੂੰ ਤਾਂ ਇੰਨੀ ਹੀ ਮਿਲੀ ਤੇ ਨਾ ਮਾਸ ਖਾਣ ਵਾਲਿਆਂ ਨੂੰ ਪੰਜ ਪੰਜ ਰੁਪੱਯੇ ਕਹੇ ਸਨ ਉਨ੍ਹਾਂ ਨੂੰ ਇੰਨੀ ਦੱਛਨਾ ਤੇ ਪੰਜ ਪੰਜ ਮੁਹਰਾਂ ਇਨਾਮ ਮਿਲੀਆਂ। ਇਹ ਖਿਆਲ ਕਰਨਾ ਕਿ ਜੋ ਕੁਛ ਮੂੰਹੋਂ ਕਿਹਾ ਸੀ ਉਸ ਤੋਂ ਘਟ ਦਿੱਤਾ ਸਜ਼ਾ ਵਜੋਂ, ਗਲਤ ਹੈ ਕਿਉਂਕਿ ਦੰਡ ਯੋਗ ਸਮਝਕੇ 'ਛਿਮਾਧਾਰੀ' ਲਿਖਿਆ ਹੈ। ਛਿਮਾਧਾਰੀ ਤਾਂ ਜੋ ਮੁਖਵਾਕ ਸੀ ਸੋ ਦਿੱਤਾ। ਪਰ ਜਿਨਾਂ ਪਰ ਖੁਸ਼ ਹੋਏ ਉਨ੍ਹਾਂ ਨੂੰ ਹੋਰ ਵੱਧ ਇਨਾਮ ਦਿੱਤੇ, ਇਹ ਮਿਹਰ ਹੈ।

ਗਮਨੋ 'ਸ-ਧ ਾ ੀ' ਸ੍ਰੀ ਬਦਨ ਅਲਾਇ।'ਧਰਿ ਸੰਤੋਸ਼ ਧਰਮ ਨਹਿ ਛੋਰਯੋ ਜੋ ਪ੍ਰਲੋਕ ਮਹਿ ਕਰਹਿ ਸਹਾਇ' ॥੨੨॥ ਪੰਚ ਪੰਚਦੀਨਾਰ ਦੀਨਿ ਤਿਨ ਸਿਵਰ ਕਰਾਯਹੁ ਪੁਨ ਸਨਮਾਨ।ਅਮਿਖਹਾਰੀ ਰੁਖਸਦ ਕੀਨੇ ਪਹੁੰਚੇਆਪ ਆਪਨੇ ਥਾਨ।ਪਛੁਤਾਵਤਿ ਬਹੁਹਾਸ ਹੁਯੋ ਤਿਨ, ਮਰਯੋ ਨ ਕਾਰਜ ਸੰਕਟ ਮਾਨਿ। ਧਰਮ ਸਹਿਤ ਜੋ ਭਏ ਪ੍ਰਫੁੱਲਤ, ਰਖਿ ਪ੍ਰਲੋਕ ਪਾਯੋ ਧਨ ਪਾਨ[1]॥ ੨੩॥ਕਲਗ਼ੀਧਰ ਕੇ ਕੌਤਕ ਐਸੇ ਬਿਦਤ ਭਯੋ ਤਬਿ ਸਕਲ ਜਹਾਨ।ਇਮ ਪਰਖਨ ਕਰਿ ਦਿਜਬਰ ਰਾਖੇ ਸੁਧਿ ਤਿਨ ਕੀਲੇਖਾਨ ਰੁ ਪਾਨ।ਦਿਨ ਪ੍ਰਤਿ ਕਰਹਿ ਦਿਵਾਵਨ ਨੀਕੇ ਕੇਤਿਕ ਸਮੈਂ ਬਿਤਯੋ ਮਨ ਜਾਨਿ। ਬਸੇ ਅਨੰਦ-ਪੁਰਿ ਉਰ ਅਨੰਦ ਕਰਿ* ਗੁਰ ਜਸੁ ਉਚਰਤਿ ਰਹੇ ਮਹਾਨ ॥ ੨੪ ॥ਕਰੇ ਅਵਾਹਨ ਇਕ ਦਿਨ ਦਿਜਬਰ ਸਰਬ ਪੁਰਿਨਿ ਕੇ ਬਹੁ ਬੁਧਿਵੰਤ।ਸਾਦਰ ਕੀਨਿ ਬਿਠਾਵਨਿ ਤਿਨ ਕੋ ਕਰਿ ਆਸ਼ਿਖ ਪ੍ਰਭੁ ਕੋ ਸੁਖਵੰਤ[2] । 'ਚਿਰ ਜੀਵਹੁ ਤੁਮ ਗੰਗ ਜਮਨ ਲਗਿ ਤੇਜ ਪ੍ਰਤਾਪ ਬਢੈ ਅਤਿਯੰਤ । ਅਸ਼ਟਹੂੰ ਦਿਗਪਾਲਨ ਕੇ ਸਮ ਤੁਮ ਰਾਜ ਸਾਜ ਮਹਿ ਬਡ ਬਲਵੰਤ'॥੨੫॥ਸਭਿ ਸੋਂ ਪ੍ਰਸ਼ਨ ਕਰਯੋ ਕਲਗ਼ੀਧਰ 'ਸੁਨਹੁ ਬਿੱਪ੍ਰ ਬਰ ਬਿੱਦਯਾਵੰਤ । ਸ੍ਰੀ ਜਗਮਾਤ ਚੰਡਕਾ ਕਾਲੀ ਤਿਸ ਪੂਜਨ ਕੋ ਹਮ ਚਿਤਵੰਤਿ†।ਜਥਾ ਪ੍ਰਯੋਗ ਮੰਤ੍ਰ ਜਪ ਦੇ ਬਲਿ[3] ਆਗਮ ਨਿਗਮ ਬਿਖੈ ਲਖਿਯੰਤਿ । ਤਥਾ ਭਨਹੁ ਹਮ ਸੰਗ ਸਰਬ ਹੀ ਜਿਮ ਜਾਨਤਿ ਹੋ ਸਕਲ ਮਤੰਤ' ॥ ੨੬ ॥ ਮੁੱਖਯ ਬਿੱਪ੍ਰ ਬਰ ਬਹੁ ਬਿਚਾਰ ਕਰਿ ਸਤਿਗੁਰ ਸੰਗ ਸੁਨਾਵਨ ਕੀਨਿ ।'[4]ਬਰਨੀ ਕਰਨਿ, ਪ੍ਰਯੋਗ ਮੰਤ੍ਰ ਕੋ ਨਿਜ ਕਾਰਜ ਸਾਧਿਕ ਬਿਧਿ ਪੀਨ।ਇਸ ਪ੍ਰਕਾਰ ਕੇ ਅਬਿ ਅਨੇਕ ਦਿਜ[5] ਖੋਜਹੁ ਪ੍ਰਾਪਤਿ ਹੋਇਂ ਪ੍ਰਬੀਨ । ਦੁਗਨ ਚੌਗੁਨੀ ਪੂਜਾ ਕਰਿਬੇ

---

[1]ਧਨ ਬੀ ਪਾ ਲਿਆ ਤੇ ਪ੍ਰਲੋਕ ਬੀ ਰੱਖ ਲਿਆ। [2]ਗੁਰੂ ਜੀ ਨੂੰ ਸੁਖ ਵਾਲੀ ਅਸ਼ੀਰਵਾਦ ਦਿੱਤੀ। [3]ਜਿਵੇਂ ਮੰਤ੍ਰ ਜਾਪ ਤੇ ਬਲੀਆਂ ਦੇਣੀਆਂ। [4]ਸਾਧਨ, ਉਪਚਾਰ, ਵਰਨੀਆਂ ਕਰਕੇ ਤੇ ਮੰਤ੍ਰ ਦੇ ਪ੍ਰਯੋਗ (ਕਰਕੇ) ਆਪਣੇ ਕਾਰਜ ਨੂੰ ਚੰਗੀ ਵਿਧੀ ਨਾਲ ਸਿਰੇ ਚਾੜ੍ਹ ਦੇਣ ਵਾਲੇ (ਜੋ ਹਨ ਸੋ ਇਸ ਤਰ੍ਹਾਂ ਦੇ ਬ੍ਰਾਹਮਣ ਅਨੇਕ ਹੁਣ (ਬੀ) ਹਨ। ਭਾਵ ਵਰਨੀਆਂ ਤੇ ਪ੍ਰਯੋਗ ਕਰਨ ਵਾਲੇ ਬ੍ਰਾਹਮਣ ਮਿਲ ਜਾਂਦੇ ਹਨ। [ਵਰਨੀ=ਪੂਜਾ,ਮੰਤ੍ਰਾਂ ਦਾ ਉਚਾਰ, ਮੰਗਲ ਕਾਰਜ ਕਰਾਉਣ ਵਾਲੇ ਨੂੰ ਦਾਨ ਆਦਿ। ਜਾਂ ਇਉਂ ਬੀ ਕਹਿੰਦੇ ਹਨ ਕਿ ਮੰਤ੍ਰ ਉਚਾਰਣਦੀ ਇਕ ਮਾਲਾ ਜਦ ਹਜ਼ਾਰ ਵਾਰ ਫਿਰ ਜਾਵੇ ਤਾਂ ਇਕ ਵਰਨੀ ਕਹੀਦੀ ਹੈ। ਪ੍ਰਯੋਗ ਮੰਤ੍ਰ ਕੇ=ਮੰਤ੍ਰਾਂ ਦੇ ਸਿੱਧ ਕਰਨ ਦੇ ਉਪਚਾਰ।] ਇਸ ਤੁਕ ਦਾ ਕੁਛ ਭਾਵ ਅੰਕ ੨੯ ਦੀ ਦੂਜੀ ਤੁਕ ਵਿਚ ਕਵੀ ਜੀ ਨੇ ਖੋਹਲ ਦਿੱਤਾ ਹੈ।

*ਪਾ:-ਪੁਰ। †ਦੇਵੀ ਪੂਜਨ ਸੰਬੰਧੀ ਉੱਧਾਰ ਦੇਵੀ ਦੇ ਪ੍ਰਸੰਗ ਦੀ ਸਮਾਪਤੀ ਪਰ ਆਵੇਗਾ। ਦੇਖੋ ਇਸੇ ਰੁਤ ਦੇ ਅੰਸੂ ੧੨ ਦੇ ਅੰਤ।

Sri Satguru Jagjit Singh Ji eLlibrary NamdhariElibrary@gmail.com

ਕਾਰਜ ਸਧਹਿ[1],ਆਪ ਲਿਹੁ ਚੀਨ॥੨੭॥ਪ੍ਰੇਖ ਦੇਤਿ ਬਰ ਕਾਰਜ ਹੋਵਤਿ[2], ਵਿਹ ਤੇ ਬਾਤਿ ਸਰਬ ਬਨਿ ਆਇ। ਕਰਨਿ ਪ੍ਰਤੱਖ ਪਾਵਨੋ ਦਰਸ਼ਨ, ਇਹ ਦੁਰਲਭ, ਕਿਮ ਹ੍ਵੈ ਨ ਉਪਾਇ। ਸਤਿਜੁਗ ਤ੍ਰੇਤਾ ਦ੍ਵਾਪੁਰ ਮਾਂਹੀ ਮ੍ਰਿੱਤੁਲੋਕ ਨਹਿਬਿਦਤ ਦਿਖਾਇ[3]।ਅਬਿਤੌ ਕਲਜੁਗ ਕਹਾਂ ਸਧਹਿ ਬਿਧਿ, ਹਮਰੇ ਮਨ ਮਹਿ ਇਸ ਬਿਧਿ ਆਇ॥ ੨੮ ॥ ਆਪ ਸਰਬ ਹੀ ਸਮਰਥ ਧਰਤੇ[4], ਕਹਹੁ ਚਹਹੁ ਦੁਰਲਭ ਭੀ ਪਾਇ।ਪੂਜਨਿ, ਮੰਤ੍ਰ ਪਠਨਿ, ਆਰਾ-ਧਨਿ, ਇਕ ਕਾਸ਼ੀ ਮੈਂ ਹੈ ਦਿਜਰਾਇ। ਕੇਸ਼ੋਦਾਸ ਨਾਮ ਜਿਸ ਬਿਦਤਨੇ ਅਪਰ ਨ ਸਮਸਰ ਤਿਸ ਕੇ ਕਾਇ[5]। ਸੋ ਆਵਹਿ ਧਨ ਅਨਗਨ ਪਾਵਹਿ ਕਰਿਵਾਵਹਿ ਬਿਧਿ ਜਿਮ ਬਨਿਆਇ॥ ੨੯ ॥ ਜੋ ਰਾਵਰ ਕੋ ਹੈ ਬਹੁ ਲਾਲਸ ਜਨੋਂ ਕਨੋਂ ਕਰਿ ਦਿਜ ਲੇਹੁ ਬੁਲਾਇ। ਤੁਮ ਸਮਰੱਥ ਅਕਰਨ ਭਿ ਕਰਿ ਲਿਹੁ ਅਪਰ ਜਿ ਪੰਡਿਤ ਕੈ ਨਰਰਾਇ[6]। ਕਰਿਬੋ ਕਹੂੰ ਰਹਨੋ ਤਿਨਹੂੰ ਤੇ ਨਹੀਂ ਨਾਮ ਲੇ ਸਕਹਿ, ਲਜਾਇ[7]। ਸ਼੍ਰੀ ਕਲਗੀਧਰ ਸੁਨਿ ਦਿਜ ਗਨ ਤੇ, ਲੋਕ ਰੀਤਿ ਜਿਮ ਭੇ ਹਰਖਾਇ[8] ॥ ੩੦ ॥ ਦੋਹਰਾ ॥ ਉਠੇ ਪ੍ਰਭੂ ਮਜਲਸ ਤਜੀ ਮੰਦਿਰ ਪ੍ਰਵਿਸ਼ੇ ਜਾਇ।ਨਿਜ ਨਿਜ ਥਲ ਸਿਖ ਦਾਸ ਦਿਜ ਪਹੁੰਚੇ ਬਹੁ ਜਸੁ ਗਾਇ॥੩੧॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਜੱਗ ਕਰਨ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥ ੧॥

੨.[ਸੰਗਤਾਂ ਦੇ ਮੇਲੇ ਤੇ ਚਾਉ, ਉਤਸਾਹ ਹੋਲੀ]।

ਦੋਹਰਾ ॥ ਮਾਸ ਬਿਤੇ ਕੇਤਿਕ ਜਬਹਿ ਦਿਨਪ੍ਰਤਿ ਚਹਤਿ ਵਿਸ਼ੇਸ਼।–ਬਿਦ-ਤਹਿ ਦੇਵੀ ਚੰਡਕਾ ਉਪਜਹਿ ਪੰਥ ਅਸ਼ੇਸ਼–॥ ੧ ॥ ਚੌਪਈ ॥ ਆਯੋ ਫਾਗੁਨ ਮਾਸ ਸੁਹਾਵਤਿ।ਗਾਵਤਿ ਰਿਦੈ ਪ੍ਰਮੋਦ ਬਧਾਵਤਿ। ਸਭਿ ਮਹਿ ਕਰਿ ਬਸੰਤ ਪਰਧਾਨ। ਅਪਰ ਰਾਗ ਸਭਿ ਗਾਇੰ ਸੁਜਾਨ ॥੨॥ ਪੂਰਿ ਅਨੰਦ ਆਨੰਦ

[1]ਪੂਜਾ ਕਰਨੇ ਤੇ ਕਾਰਜ ਸਿੱਧ ਹੋ ਜਾਂਦਾ ਹੈ। [2](ਦੇਵੀ) ਲੁਕਕੇ ਵਰ ਦੇਂਦੀ ਹੈ ਤੇ ਕਾਰਜ ਹੋ ਜਾਂਦਾ ਹੈ। [3]ਸਤਜੁਗ ਤ੍ਰੇਤਾ ਦੁਆਪਰ ਵਿਚ ਮਾਤ ਲੋਕ ਤੇ (ਕਦੇ ਵੀ ਕਿਸੇ) ਪ੍ਰਗਟ ਨਹੀਂ (ਕਰ) ਦਿਖਾਈ (ਅ)'''ਪ੍ਰਗਟ ਹੋਕੇ ਦਿੱਸੀ ਨਹੀਂ। [4]ਸਾਰੀਆਂ ਤਾਕਤਾਂ ਦੇ ਧਾਰਨ ਵਾਲੇ ਹੋ। [5]ਕੋਈ ਬੀ। [6]ਰਾਜਾ। [7](ਇਸ ਤਰ੍ਹਾਂ ਦਾ ਕੰਮ) ਕਰਨਾ ਤਾਂ ਉਨ੍ਹਾਂ ਤੋਂ ਕਿਤੇ ਰਿਹਾ ਨਾਮ ਹੀ ਨਹੀਂ ਲੈ ਸਕਦੇ (ਸਗੋਂ ਨਾਮ ਲੈਣ ਤੇ ਬੀ) ਲੱਜਾ ਕਰਦੇ ਹਨ। [8]ਲੋਕ ਰੀਤੀ ਰੱਖਣ ਲਈ ਖੁਸ਼ ਹੋਏ ਅਰਥਾਤ ਅੰਦਰੋਂ ਖੁਸ਼ੀ ਨਹੀਂ ਸਨ ਗੇ। ਭਾਵ ਇਹ ਹੈ ਕਿ ਆਪ ਨੂੰ ਲੋੜ ਕੋਈ ਨਹੀਂ ਦੇਵੀ ਅਰਾਧਨ ਦੀ, ਐਵੇਂ ਇਕ ਚੋਜ ਕਰਦੇ ਹਨ ਤੇ ਖੁਸ਼ੀ ਦੀ ਲੋਕ ਰੀਤੀ ਵਾਙ ਹੱਸੇ ਹਨ, ਵਿਚੋਂ ਨਹੀਂ, ਕਿਉਂਕਿ ਆਪ ਦੇਵੀ ਤੋਂ ਵੱਡੇ ਹਨ।

ਬਿਲੰਦਲੋ।ਜਹਿਂ ਕਹਿਂ ਗਾਵਹਿਂ ਗੁਣ ਪਦ ਬੇਦਲੋ।ਚਲਿ ਆਯਹੁ ਹੋਲੇ ਕਉ ਮੇਲਾ। ਚਹੁਂ ਦਿਸ਼ਿ ਤੇ ਨਰ ਭਏ ਸਕੇਲਾ ॥ ੩ ॥ ਚਾਰਹੁਂ ਬਰਨ ਸਿੱਖ ਗੁਰ ਕੇਰੇ।ਦਰਸ਼ਨ ਚਾਹਤਿ ਆਇਂ ਘਨੇਰੇ। ਪੂਰਬ[1] ਜਗੰਨਾਥ ਲਗਿ ਸੰਗਤਿ। ਅਪਰ ਟਾਪੂਅਨਿ ਕੀ ਮਿਲਿ ਪੰਗਤਿ॥੪॥ਦੱਖਣ ਮਹਿਂ ਦੁਵਾਰਕਾ ਤਾਂਈ। ਪਹੁੰਚੇ ਸਿੱਖ ਆਨਿ ਸਮੁਦਾਈ। ਪਸ਼ਚਮ ਬਲਖ ਬੁਖਾਰਾ ਆਦਿ। ਆਵਹਿਂ ਸਿੱਖ ਧਰਹਿਂ ਅਹਿਲਾਦ ॥ ੫ ॥ ਤਿਮ ਹੀ ਉੱਤਰ ਦਿਸ਼ਾ ਬਹੀਰਾ। ਆਇਂ ਕਮਾਊਂ ਅਰੁ ਕਸ਼ਮੀਰਾ। ਕਹਿਂ ਲੌ ਦੇਸ਼ ਨਗਰ ਕੌ ਗਿਨੀਅਹਿ। ਕਹਿਂ ਲੌ ਸੰਗਤਿ ਨਾਮ ਸੁ ਭਨੀਅਹਿ॥੬॥ਦਸਮੇ ਪਾਤਸ਼ਾਹੁ ਜਸੁਦੂਨਾ।ਸੁਨਹਿਂ ਚਹੂੰਨ ਕਹੂੰ ਦਸ ਗੂਨਾ[2]। ਉਪਜਹਿ ਦਰਸ਼ਨ ਕੀ ਅਭਿਲਾਖਾ। ਆਵਹਿਂ ਚਲੇ ਭਾਉ ਬਡ ਰਾਖਾ ॥੭॥ਜਥਾ ਸ਼ਕਤਿ ਲੇ ਲੇ ਉਪਹਾਰ। ਚਹੈਂ ਸੁ ਅਰਪਨਿ ਗੁਰ ਦਰਬਾਰ। ਦਿਨ ਹੋਲੀ ਕੋ ਕਰਹਿਂ ਉਦੇਸ਼[3]। ਚਲਹਿਂ ਘਰਨਿ ਤੇ ਸਿੱਖ ਅਸ਼ੇਸ਼॥੮॥ਆਨਿ ਅਨੰਦ ਪੁਰਿ ਮੈਂ ਕਿਯ ਡੇਰਾ।ਜਹਿਂ ਮੰਗਲ ਨਿਤ ਹੋਤਿ ਘਨੇਰਾ।ਸ਼ਬਦ ਕੀਰਤਨ ਕੀ ਧੁਨਿ ਉਠੇ। ਜਨੁ ਇਕ ਸਮ ਘਨ ਅੰਮ੍ਰਿਤ ਵੁਠੇ ॥ ੯ ॥ ਹੋਤਿ ਕੁਲਾਹਲ ਜਹਿਂ ਤਹਿਂ ਭਾਰੇ। ਬਜਤਿ ਮ੍ਰਿਦੰਗ[4] ਰਬਾਬ ਉਦਾਰੇ। ਚਾਰੁ ਸਿਤਾਰ, ਦੁਤਾਰ[5], ਸਿਰੰਦਾ। ਬਜਹਿ ਤਾਲ ਮਿਲਿ ਦੇਤਿ ਅਨੰਦਾ ॥ ੧੦ ॥ ਸ੍ਰੀ ਗੁਰ ਤੇਗਬਹਾਦਰ ਕੇਰਾ। ਜਹਿਂ ਸ਼ੋਭਤਿ ਦਰਬਾਰ ਬਡੇਰਾ। ਤਹਿਂ ਸੰਗਤ ਕੋ ਮੇਲ ਉਦਾਰਾ। ਗਾਵਹਿ ਨਟ, ਸਾਰੰਗ, ਮਲਾਰਾ[6] ॥੧੧॥ ਜੈਤਸਿਰੀ, ਸ਼੍ਰੀ ਰਾਗ, ਧਮਾਰ[7]। ਗੌੜੀ, ਮਾਝ, ਬਿਭਾਸ[8], ਬਹਾਰ[9]। ਸੂਹੀ, ਸੋਰਠ, ਦੇਵਗੰਧਾਰ।ਆਸਾ, ਰਾਮਕਲੀ, ਬੈਰਾਰ[10]॥ ੧੨ ॥ ਲਲਿਤ, ਬਿਲਾਵਲ, ਜੈਜਾਵੰਤੀ। ਗੁਜਰੀ, ਅਰੁ ਕਿਮਾਚ ਧਨਵੰਤੀ[11]। ਦੀਪਕ,

---

[1]ਪੂਰਬ ਵਲੋਂ। [2]ਚੌਗੁਣਾ ਤੇ ਕਿਤੇ ਦਸ ਗੁਣਾ। [3]ਨਿਯਤ ਕਰਦੇ ਹਨ। [ਸੰਸ:, ਉਦ੍ਰਿਸ਼ੂ= ਅੰਗਿਆ ਹੋਇਆ]। [4]ਇਕ ਪਤਲੇ ਸਿਰਿਆਂ ਵਾਲੀ ਢੋਲਕੀ ਜਿਸ ਦੇ ਦੋਵੇਂ ਪੁੜੇ ਜੋੜੀ ਵਾਂਙ ਇਕ ਕਾਲਾ ਤੇ ਇਕ ਆਟਾ ਲਾਉਣ ਵਾਲਾ ਹੁੰਦਾ ਹੈ। [5]ਦੁਤਾਰਾ ਨਾਮੇ ਸਾਜ਼। [6]ਤ੍ਰੈਏ ਰਾਗਾਂ ਦੇ ਨਾਮ ਹਨ। [7]ਹੋਲੀ ਵਿਚ ਗਾਉਣ ਦਾ ਇਕ ਗੀਤ ਤੇ ਇਕ ਤਾਲ ਦਾ ਭੀ ਨਾਮ ਹੈ। [8]ਅੰਮ੍ਰਿਤ ਵੇਲੇ ਦਾ ਇਕ ਰਾਗ। ਪ੍ਰਭਾਤੀ ਬਿਭਾਸ ਨਾਮ ਗੁਰਬਾਣੀ ਵਿਚ ਬੀ ਆਯਾ ਹੈ। [9]ਬਸੰਤ ਨਾਲ ਮਿਲਦੀ ਇਕ ਰਾਗਨੀ। [10]ਬੈਰਾੜੀ। [11]ਧੰਨਯਤਾ ਜੋਗ। ਖਮਾਚ ਤੇ ਗੂਜਰੀ ਰਾਗਣੀਆਂ। ਇਥੇ ਧਨਵੰਤੀ ਸੰਗਯਾ ਪਦ ਨਹੀਂ ਵਿਸ਼ੇਸ਼ਣ ਹੈ।

Sri Satguru Jagjit Singh Ji eLlibrary NamdhariElibrary@gmail.com

ਭੈਰਉ, ਸੁਭ ਹਿੰਡੋਲ। ਗਾਵਤਿ ਪਰਜ[੧], ਤਿਲੰਗ* ਕਲੋਲ[੨] ॥ ੧੩ ॥
ਮਾਲਕੌਂਸ, ਕਲਿਯਾਨ, ਕਿਦਾਰਾ। ਗੌਂਡ,ਤੁਖਾਰੀ, ਮੇਘ ਉਦਾਰਾ।ਮਾਲ-
ਸਿਰੀ, ਸੁ ਬਸੰਤ, ਬਿਹਾਗ। ਅਰੁ ਸੁਘਰਈ[੩] ਰਾਗ ਅਨੁਰਾਗ[੪] ॥ ੧੪ ॥
ਇੱਤਯਾਦਿਕ ਰਾਗਨਿ ਕੋ ਗਾਵੈਂ।ਮਿਲਿ ਮਿਲਿ ਗੁਨੀ ਮੋਦ ਉਪਜਾਵੈਂ।ਜਹਾਂ
ਜਹਾਂ ਬੈਠਨਿ ਗੁਰ ਥਾਨ। ਤਹਾਂ ਲਾਇ ਕੈ ਅਧਿਕ ਦਿਵਾਨ॥੧੫॥ਸੰਗਤਿ
ਘਨੀ ਭਈ ਤਬਿ ਆਇ। ਬਜਹਿ ਮ੍ਰਿਦੰਗਨ ਧੁਨੀ ਸੁਹਾਇ।ਦਰਸ਼ਨ ਕਹੁ
ਚਾਹਤਿ ਕਿਯ ਡੇਰੇ। ਭੀਰ ਅਨੰਦਪੁਰਿ ਭਈ ਘਨੇਰੇ ॥੧੬॥ ਮਹਾਂ ਕੁਲਾ-
ਹਲ ਜਹਿ ਕਹਿ ਹੋਵਤਿ। ਸੰਗਤਿ ਮਿਲਹਿ ਪਰਸਪਰ ਜੋਵਤਿ। ਬੰਦੈਂ,
ਕੁਸ਼ਲ ਪ੍ਰਸ਼ਨ ਕੋ ਕਰੈਂ।ਦੂਰਿ ਦੂਰਿ ਕੇ ਮਿਲਿ ਹਿਤ ਧਰੈਂ॥੧੭॥ਸਾਚੋ ਸਾਕ
ਜਾਨ ਗੁਰਭਾਈ[੫]। ਬੈਠਿ ਪਰਸਪਰ ਪ੍ਰੀਤਿ ਵਧਾਈ। ਨਿਕਸਹਿ ਵੈਹਿਰ
ਪ੍ਰਤੀਖਤਿ ਗੁਰ ਕੌ। ਦਰਸ਼ਨ ਕਰਨਿ ਮਨੋਰਥ ਉਰ ਕੋ ॥ ੧੮ ॥ ਕੇਤਿਕ
ਕਰਤਿ ਪਾਠ ਗੁਰਬਾਨੀ। ਕੇਚਿਤ ਅਰਥਨਿ ਕਰਤਿ ਵਖਾਨੀ। ਕੇਚਿਤ
ਸੁਨਹਿ, ਕਮਾਵਹਿ ਕੋਈ। ਕੇਚਿਤ ਸੱਤਿਨਾਮ ਸਿਮਰੋਈ॥੧੯॥ ਕੇਚਿਤ
ਅਰਥਨਿ ਪਠਿ ਸੰਬਾਦਹਿ[੬]।ਕਿਤਿਕ ਸਰਾਹਤਿ ਪ੍ਰਾਪਤਿ ਸ੍ਵਾਦਹਿ[੭]।ਅਧਿਕ
ਰੰਗ ਸੰਗਤਿ ਮਹਿ ਹੋਤਿ। ਕਰਿ ਕਰਿ ਪੰਗਤ ਅਨੰਦ ਉਦੋਤਿ ॥ ੨੦ ॥
ਕਰਹਿ ਤਿਹਾਵਲ ਬਹੁ ਧਨ ਕੇਰਾ। ਗੁਰ ਅਰਦਾਸ ਉਚਰਿ ਤਿਸ ਬੇਰਾ।
ਸਿੱਖ ਜੋਰਿ ਕਰ ਹੁਇ ਸਮੁਦਾਈ।ਇਕ ਸਮ ਬਾਂਟ ਬਂਟ ਕਰਿ ਖਾਈ[੮]॥੨੧॥
ਕਹੂੰ ਪੁਰਾਨਨ ਕੀ ਹੁਇ ਕਥਾ। ਪ੍ਰਥਮ ਭਟਨ ਕੇ ਰਨ ਭੂ ਜਥਾ†। ਮਿਲੇ
ਕਵੀ ਗਨ ਕਾਵ੍ਯ ਬਨਾਵਹਿ। ਧਨ ਸਮੁਦਾਇ ਰੋਜ਼ ਕੋ ਪਾਵਹਿ ॥ ੨੨ ॥
ਗੁਨੀ ਲੁਹਾਰ ਲੋਹ ਕੌ ਘਰਤੇ। ਸ਼ਸਤ੍ਰ ਅਜਾਇਬ ਬਹੁ ਬਿਧਿ ਕਰਤੇ।
ਤੋਮਰ,ਤੀਰ,ਤੁਪਕ, ਤਰਵਾਰ।ਘਰਿ ਘਰਿ[੯]ਅਰਪਤਿ ਹੈਂ ਹੱਥਸਾਰ ॥੨੩ ॥

---

[੧]ਨਾਮ ਰਾਗ ਦਾ। [੨]ਭਾਵ ਤਾਨਾਂ ਸਹਿਤ। [੩]ਇਕ ਰਾਗਣੀ ਦਾ ਨਾਮ ਜੋ ਸੰਪੂਰਣ ਜਾਤ ਦੀ ਹੈ, ਕਾਨੜੇ ਨਾਲ ਮਿਲਦੀ ਹੈ। [੪]ਪ੍ਰੇਮ ਕਰਕੇ। [੫](ਸਿੱਖਾਂ ਨੇ)ਗੁਰ ਭਾਈਆਂ ਨੂੰ ਸੱਚੇ ਸਾਕ ਜਾਣਕੇ......। [੬]ਚਰਚਾ ਕਰਦੇ ਹਨ। [੭]ਕਈ ਸਲਾਹੁੰਦੇ ਹਨ (ਬਾਣੀ ਦਾ ਜੋ ਉਨ੍ਹਾਂ ਨੂੰ) ਸੁਆਦ ਪ੍ਰਾਪਤ ਹੁੰਦਾ ਹੈ। [੮]ਇੱਕੋ ਜਿਹਾ ਹਿੱਸਾ ਵੰਡਕੇ ਖਾਂਦੇ ਹਨ। [੯]ਘੜ ਘੜ ਕੇ।

*ਪਾ:—'ਗਾਵਤਿ ਪਰਜਤਿ ਸੰਗ' ਪਰ ਇਹ ਛਾਪੇ ਵਾਲਿਆਂ ਦੀ ਭੁੱਲ ਹੈ।

†ਜੁੱਧ ਦਾ ਚਾਉ ਤੇ ਬੀਰਰਸੀ ਉਮਾਹ ਪੈਦਾ ਕਰਨ ਲਈ ਪੁਰਾਣਾਂ ਵਿੱਚ ਕਥੇ ਸੂਰਮਿਆਂ ਦੇ ਜੁਧਾਂ ਦੇ ਹਾਲਾਂ ਦੀ ਕਥਾ।

Sri Satguru Jagjit Singh Ji eLlibrary NamdhariElibrary@gmail.com

ਜਿਤਿਕ ਜਗਤ ਮਹਿ ਗੁਨੀ ਜਿ ਨਾਨਾ। ਨਿਜ ਨਿਜ ਬਿੱਦ੍ਯਾ ਕਰਹਿ ਮਹਾਨਾ। ਅਰਪਨਿ ਕਰਿ ਕਰਿ ਗੁਰੂ ਰਿਝਾਵੈਂ।ਮਨ ਭਾਵਤਿ ਧਨ ਗਨ ਕੋ ਪਾਵੈਂ ॥੨੪॥ ਸੁਨਿ ਜਸੁ ਦੂਰ ਦੂਰ ਤੇ ਆਇ। ਬਨਹਿ ਧਨਾਢਿ ਨਿਕੇਤ ਸਿਧਾਇ। ਸਭਿ ਮਿਲਿ ਫਾਗਨ ਮਾਸ ਬਿਤਾਯੋ। ਖੇਲਤਿ ਫਾਗ[1] ਅਨੰਦ ਉਪਾਯੋ ॥੨੫॥ ਅਲਤਾ ਗਨ ਅੰਬੀਰ ਗੁਲਾਲ[2]। ਲਾਲ ਪੀਤ ਭਰਿ ਰੰਗ ਬਿਸਾਲ। ਮਿਲਤਿ ਖੁਸ਼ੀ ਹੁਇ ਊਪਰ ਡਾਰਹਿ। ਨਾਨਾ ਰੰਗ ਬਸਤ੍ਰ ਕੇ ਧਾਰਹਿ ॥੨੬॥ ਜਮਹਿ* ਸਭਿਨਿ ਕੇ ਬਦਨ ਗੁਲਾਲ। ਪਰਹਿ ਪਛਾਨਹਿ ਨਹਿ ਤਿਸ ਕਾਲ। ਇਕ ਸਮ ਹੋਇ ਫਿਰਹਿ ਜਨੁ ਮਾਤੇ। ਗਾਇ ਸ਼ਬਦ ਮੁਖ ਪ੍ਰੇਮ ਸੁ ਰਾਤੇ॥੨੭॥ਗਰੀ ਗਰੀ ਆਨੰਦਪੁਰਿ ਕੇਰੀ। ਇਕ ਸਮ ਲਾਲ ਭੁਈ ਤਿਸੁ ਬੇਰੀ। ਮਾਨੋ ਘਟਾ ਧਰਨੋ ਰੰਗ ਲਾਲ। ਉਡਤਿ ਬਿਲੰਦਹਿ ਬ੍ਰਿੰਦ ਗੁਲਾਲ ॥ ੨੮ ॥ ਗਹਿ ਗਹਿ ਮਾਰਤਿ ਹੈਂ ਪਿਚਕਾਰੀ। ਨਾਨਾ ਰੰਗ ਮਹਾਂ ਛਬਿ ਧਾਰੀ। ਇਕ ਸਨਮੁਖ ਹੁਇ ਊਪਰ ਡਾਲਹਿ। ਬਿਨਾ ਓਟ ਇਕ ਮੁਖ ਪਰ ਝਾਲਹਿ ॥ ੨੯ ॥ ਇਸ ਪ੍ਰਕਾਰ ਸਿਖ ਸੰਗਤਿ ਬਾਹਰ। ਫਾਗਹਿ[1] ਖੇਲਤਿ ਮਿਲਿ ਮਿਲਿ ਜ਼ਾਹਰ। ਦਰਸ਼ਨ ਦੇਨਿ ਹੇਤੁ ਗੁਰ ਪੂਰੇ। ਬੋਲੇ ਬਾਕਨਿ ਸ੍ਰੀ ਮੁਖ ਰੂਰੇ॥੩੦॥'ਅਧਿਕ ਉਤੰਗ ਦਮਦਮਾ ਜਹਾਂ।ਰਚਹੁ ਫਰਸ਼ ਕੋ ਅਦਭੁਤ ਤਹਾਂ। ਅਪਰ ਸਕਲ ਹੀ ਕੀਜਹਿ ਤ੍ਯਾਰੀ। ਰੰਗ ਅਨਿਕ ਬਿਧਿ ਲੇਹੁ ਨਿਕਾਰੀ ॥੩੧॥ਅਨਗਨ ਅਲਤਾ ਕਰਹੁ ਗੁਲਾਲ[2]। ਤਹਿ ਹੀ ਧਰੀਐ ਲਯਾਇ ਉਤਾਲ। ਸਭਿ ਸੰਗਤਿ ਕੇ ਗਮਨਹਿ ਡੇਰੇ। ਸੁਧ ਦਰਸ਼ਨ ਕੀ ਕਹਿ ਇਸ ਬੇਰੇ ॥ ੩੨ ॥ ਕਰਹਿ ਮੇਵਰਾ ਇਹ ਸਭਿ ਕਾਰ। ਕੀਜਹਿ ਸਕਲ ਸਮਾਜ ਤ੍ਯਾਰ'। ਸੁਨਿ ਕਰਿ ਦਾਸ ਹੁਕਮ ਗੁਰ ਕੇਰੇ। ਗਏ ਦਮਦਮੇ ਊਚ ਬਡੇਰੇ॥ ੩੩ ॥ ਜੋ ਜੋ ਆਇਸੁ ਤਤਛਿਨ ਕਰੀ। ਖੇਲਹਿ ਫਾਗ ਸੌਜ ਸਭਿ ਧਰੀ।ਸਭਿ ਸੰਗਤਿ ਕੋ ਸੁਧਿ ਤਬਿ ਹੋਈ। ਭੁਏ ਅਨੰਦ ਆਇ ਸਭਿ ਕੋਈ ॥੩੪॥ ਅਪਨੀ ਅਪਨੀ ਲੀਨਿ ਅਕੋਰੀ।

---

¹ਹੋਲੀ। ²ਹੋਲੀਆਂ ਵਿਚ ਉਡਾਏ ਜਾਣ ਵਾਲੇ ਲਾਲ ਧੂੜੇ ਨੂੰ ਗੁਲਾਲ ਤੇ ਅਲਤਾ ਕਹਿਦੇ ਹਨ। ਗੁਲਾਲ ਅਕਸਰ ਸਿੰਘਾੜੇ ਦੇ ਆਟੇ ਦਾ ਬਣਦਾ ਹੈ। ਅਲਤਾ ਵਧੇਰੇ ਬਰੀਕ ਹੁੰਦਾ ਹੈ ਤੇ ਲਾਖ ਦੇ ਰੰਗ ਤੋਂ ਬਣਦਾ ਹੈ। [ਅਲਤਾ ਦਾ ਮੂਲ ਅਲਕ੍ਤ ਹੈ। ਸੰਸ:, ਅਲਕ੍ਤ=ਲਾਖ। 'ਅਲਕ੍ਤ' ਪਦ 'ਅਰਕ੍ਤ' ਦਾ ਹੀ ਦੂਸਰਾ ਰੂਪ ਹੈ। ਅ+ਰਕ੍ਤ=ਜਿਸ ਤੋਂ ਵਧੀਕ ਲਾਲ ਹੋਰ ਨਾ ਹੋਵੇ, ਸੋ ਲਾਖ]।

*ਪਾ:-ਪਰਹਿ।

ਪੁਨ ਸਮਾਜ ਖੇਲਨ ਕੋ ਹੋਰੀ। ਸੇਤ ਪੁਸ਼ਾਕ ਸਕਲ ਗੁਰ ਪਹਿਰੀ। ਅਦ-
ਭੁਤ ਦੁਤਿ ਸਭਿ ਤਨ ਪਰ ਠਹਿਰੀ ॥੩੫॥ ਮੁਕਤਾ ਹੀਰੇ ਲਗੇ ਜਵਾਹਰ।
ਅਲੰਕਾਰ ਪਹਿਰੇ ਦੁਤਿ ਜ਼ਾਹਰ। ਨਿਕਸੇ ਮੰਦਰ ਤੇ ਚਲਿ ਆਏ। ਭਾਟ
ਨਕੀਬ ਬੋਲਿ ਅਗਵਾਏ ॥ ੩੬ ॥ ਸਿਰ ਪਰ ਚਵਰ ਢੁਰਤਿ ਬਡ ਸ਼ੋਭਾ।
ਪਿਖਿ ਪ੍ਰਭੁ ਪ੍ਰਭਾ[1] ਕੌਨ ਨਹਿਂ ਲੋਭਾ। ਮੰਦ ਮੰਦ ਤਹਿਂ ਕੋ ਚਲਿ ਆਏ। ਜਹਾਂ
ਦਮਦਮਾ ਊਚ ਸੁਹਾਏ ॥੩੭॥ ਊਪਰ ਚਢੇ ਸੁਪਾਨ[2] ਘਨੇਰੀ। ਪਾਛੇ ਗਮਨਤਿ
ਸਿਖ ਤਿਸ ਬੇਰੀ। ਸੁਰਨ ਸਿੰਘਾਸਨ ਭਾਸਤੋ ਰੂਰੋ। ਊਪਰ ਬੈਠਿ ਗਏ ਗੁਰ ਪੂਰੋ
॥੩੮॥ ਚਮਰਦਾਰ ਪਾਛੇ ਹੁਇ ਖਰੋ। ਬਾਰਿ ਬਾਰਿ ਢੋਰਨਿ ਕੋ ਕਰੋ। ਸਿਖ
ਮਸੰਦ ਸਮੀਪੀ ਆਏ। ਚਹੁੰ ਦਿਸ਼ਿ ਬੈਠੇ ਬੀਰ ਸੁਹਾਏ ॥੩੯॥ ਸੰਗਤਿ ਬ੍ਰਿੰਦ
ਆਵਨੇ ਲਾਗੀ। ਦੇਤਿ ਦਰਸ ਪ੍ਰਭੁ ਲਖਿ ਅਨੁਰਾਗੀ। ਅਰਪਨ ਲਗੇ ਅਨੇਕ
ਅਕੋਰਾ। ਬਾਰਿ ਬਾਰਿ ਬੰਦਹਿਂ ਕਰਿ ਜੋਰਾ ॥੪੦॥ ਪੁਨ ਪ੍ਰਭੁ ਪਰ ਗੁਲਾਲ ਛਿਰ-
ਕਾਏ। ਅਲਤਾ ਗਨ ਸੁਗੰਧ ਮਹਿ ਪਾਏ। ਆਪਸ ਮਹਿ ਸਿਖ ਖੇਲਨਿ ਲਾਗੇ।
ਰੰਗ ਅਨੇਕਨ ਮਹਿ ਪਟ ਪਾਗੇ[3] ॥੪੧॥ ਕਹੌਂ ਕਹਾਂ ਲਗਿ ਕੌਤਕ ਘਨੇ।
ਰਿਦੇ ਅਨੰਦ ਬਿਲੰਦੇ ਸਨੇ। ਕਰੀ ਕਾਮਨਾ ਪੂਰਨ ਉਰ ਕੀ। ਜੋ ਜੋ ਚਹਤਿ
ਹੁਤੇ, ਦ੍ਰਿਗ ਗੁਰ ਕੀ ॥ ੪੨ ॥ ਦਰਸ਼ਨ ਬਦਨ ਚੰਦ ਕੋ ਕਰੈਂ। ਬ੍ਰਿੰਦ
ਚਕੋਰ ਤ੍ਰਿਪਤਿ ਨਹਿ ਧਰੈਂ। ਮੋਹਤਿ ਮਨ ਕੋ ਸੁੰਦਰਤਾਈ। ਕੋ ਅਸ ਮੰਦ
ਜੁ ਨਹਿਂ ਬਿਰਮਾਈ[4] ॥ ੪੩ ॥ ਬਡ ਉਤਸਵ ਕਰਿ ਖੇਲਨ ਫਾਗ। ਦੇਖਿ
ਬਧੇ ਸਿੱਖਨਿ ਅਨੁਰਾਗ। ਆਛੀ ਰੀਤਿ ਦਰਸ ਕੋ ਦੀਨਿ। ਪੁਨ ਉਠਿਬੇ ਚਿਤ
ਸਤਿਗੁਰ ਕੀਨਿ ॥੪੪॥ ਮੰਦਿਰ ਅਪਨੇ ਜਾਇ ਸੁਹਾਏ। ਸਿਤ ਘਨ ਮਹਿ
ਜਿਮ ਸਸਿ ਪ੍ਰਵਿਸਾਏ[5]। ਸੰਗਤਿ ਗਈ ਸਕਲ ਨਿਜ ਡੇਰੇ। ਗੁਨ ਗਨ
ਬਰਨਨਿ ਕਰਤਿ ਬਡੇਰੇ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ
'ਸੰਗਤਿ ਮੇਲਾ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥ ੨ ॥

### ੩. [ਹਿੰਦੂ ਤੁਰਕਾਂ ਦਾ ਸੰਗਤਾਂ ਨੂੰ ਮਖੌਲ ਤੇ ਤੰਗ ਕਰਨਾ]।

ਦੋਹਰਾ ॥ ਸਤਿਗੁਰ ਕ੍ਰਿਪਾਨਿਧਾਨ ਜੀ ਕਰਤਿ ਅਨੇਕ ਬਿਲਾਸ। ਚਾਹਤਿ
ਧਰਮ ਸਥਾਪਨੋ ਦੁਸ਼ਟਨਿ ਕਰਨ ਬਿਨਾਸ਼ ॥੧॥ ਚੌਪਈ॥ ਜਬਹਿ ਬਸੋਏ[6]
ਕੋ ਦਿਨ ਆਵੈ। ਚਹੁੰ ਦਿਸ਼ਿ ਤੇ ਸੰਗਤਿ ਉਮਡਾਵੈ। ਜਿਮ ਗ੍ਰੀਖਮ ਬੀਤੇ
ਜਿਸ ਕਾਲ। ਚਹੁੰ ਦਿਸ਼ਿ ਉਮਡਹਿ ਘਟਾ ਬਿਸਾਲ ॥੨॥ ਪ੍ਰੇਮ ਧਰੇ ਆਨੰਦ-

[1]ਗੁਰ ਜੀ ਦੀ ਸ਼ੋਭਾ। [2]ਪੌੜੀਆਂ। [3]ਬਸਤ੍ਰ ਰੰਗੇ ਗਏ। [4]ਮੋਹਿਤ ਨਾ ਹੋ ਜਾਵੇ। [5]ਚਿਟੇ ਬੱਦਲ ਵਿਚ ਚੰਦ ਵਾਂਗੂ ਜਾ ਪ੍ਰਵੇਸ਼ੇ। [6]ਵੈਸਾਖੀ।

Sri Satguru Jagjit Singh Ji eLlibrary NamdhariElibrary@gmail.com

ਪਰਿ ਆਵਤਿ। ਸ਼ਬਦ ਅਖੰਡ ਕੀਰਤਨ ਗਾਵਤਿ। ਜਨੁ ਚਾਖਤਿ ਹੈਂ ਅੰਮ੍ਰਿਤਧਾਰਾ। ਦਰਸ਼ਨ ਕਰਹਿਂ ਅਨੰਦ ਉਦਾਰਾ॥੩॥ ਧੰਨੀ ਘੇਪ ਸੁ ਝੰਗ ਸਿਆਲਾ। ਆਵਤਿ ਲੰਮੇ ਦੇਸ਼ ਬਿਸਾਲਾ।ਪੁਰਿ ਮੁਲਤਾਨ ਦੇਸ਼ ਮਨਕੇਰਾ[੧]। ਨਰ ਪਸ਼ੌਰ ਕੇ ਪ੍ਰੇਮ ਘਨੇਰਾ ॥੪॥ ਕਾਬੁਲ, ਖੁਰਾਸਾਨ, ਕੰਧਾਰਾ। ਬਲਖ, ਬੁਖਾਰਾ ਆਇ ਹਜ਼ਾਰਾ। ਕਹਿਂ ਲਗਿ ਗਿਨੀਅਹਿ ਪਸ਼ਚਮ ਬਾਸੀ। ਆਇਂ ਸੰਗਤਾਂ ਹੇਤਿ ਹੁਲਾਸੀ॥੫॥ ਸਫਲ ਜਨਮ ਦਰਸ਼ਨ ਕਰਿ ਜਾਨਹਿਂ। ਬਹੁ ਮੋਲੀ ਭੇਟਾ ਗਨ ਆਨਹਿਂ।ਸੁਤ ਬਨਿਤਾ ਕੋ ਲੇ ਕਰਿ ਸਾਥ।ਪਰਮ ਪੁਨੀਤ ਹੋਇਂ ਪਿਖਿ ਨਾਥ ॥੬॥ ਚਲੀ ਸਮੂਹ ਸੰਗਤਾਂ ਆਵੈਂ। ਹਿੰਦੁ ਤੁਰਕ ਉਰ ਕਿਸ ਨਹਿ ਭਾਵੈਂ। ਜੋ ਸਿਰ ਤੇ ਗੰਜਾ ਹੁਇ ਲਾਲ[੨]। ਤਿਸਹਿ ਸੁਹਾਇਂ ਨ ਕੇਸ ਬਿਸਾਲ॥੭॥ ਕਿਸ ਬਿਧਿ ਕਰਿ ਜੋ ਕਾਨੋ ਹੋਇ। ਤਿਸ ਨ ਸੁਖਾਵੈ ਸੁਠਿ ਦ੍ਰਿਗ ਜੋਇ[੩]। ਜਹਿਂ ਨਕਟੇ ਹੋਵਹਿਂ ਸਮੁਦਾਇ।ਸੁੰਦਰ ਨਾਕ ਨ ਤਹਾਂ ਸੁਹਾਇ ॥੮॥ ਤਿਮ ਸ਼੍ਰੀ ਸਤਿਗੁਰ ਕੀ ਸੁਭ ਸੰਗਤਿ। ਦਿਨਪ੍ਰਤਿ ਨਿਕਸਤਿ ਨਈਂ ਸੁ ਰੰਗਤ। ਗਾਵਤਿ, ਭਜਨ ਕਰਤਿ ਗੁਰ ਆਵੈਂ।ਤੁਰਕ ਮੁਲਖ ਪਤਿ[੪] ਕੋ ਨਹਿ ਭਾਵੈਂ ॥੯॥ ਦੇਖਤਿ ਹਿੰਦੂ ਨਕਲ ਬਨਾਵਤਿ[੫]। ਕਰਿ ਕਰਿ ਆਪਸ ਮਹਿ ਹਰਖਾਵਤਿ[੬]। ਜਿਸ ਕਿਸ ਬਿਧਿ ਤੇ ਤੁਰਕ ਬਿਸਾਦ[੭]।ਪਿਖਿ ਸਿੱਖੀ ਕੋ ਬਾਦਤਿ ਬਾਦ[੮]॥੧੦॥[੯]ਇਮ ਪਿਖਿ ਸੰਗਤਿ ਜਾਨੀ ਮਨ ਮੈਂ।-ਦ੍ਵੈ ਰਿਪੂ, ਦੇਖਿ ਹਰਖ ਨਹਿ ਇਨ ਮੈਂ[੯]।ਜਰੇ ਜਾਹਿ ਪਿਖਿ ਜਰੈਂ ਨ[੧੦] ਏਹੀ।ਜਨੁ* ਐਸ਼੍ਵਰਜੁ ਇਨਹੁ ਕੋ ਲੇਹੀ[੧੧]-॥੧੧॥ਗੁਰ ਢਿਗ ਸਗਰੀ ਸੰਗਤਿ ਆਈ। ਦਰਸਤਿ ਦ੍ਰਿਗ ਭਰਿ ਅਭਿਮਤਿ[੧੨] ਪਾਈ।ਪੁਨ ਕਰ ਜੋਰਿ ਕਰੀ ਅਰਦਾਸ। ਸ਼੍ਰੀ ਸਤਿਗੁਰ ਸਾਹਿਬ ਕੇ ਪਾਸ ॥ ੧੨ ॥ 'ਹਿੰਦੂ ਤੁਰਕ

---

[੧]ਜ਼ਿਲਾ ਮੀਆਂਵਾਲੀ ਵਿਚ ਭੱਖਰ ਤੋਂ ਵੀਹ ਮੀਲ ਪੁਰ ਮਨਕੇਰਾ ਇਕ ਨੱਗਰ ਕੋਟ ਵਿਚ ਵੱਸਦਾ ਹੈ, ਇਲਾਕੇ ਵਿਚ ਗੁਰੂ ਕੀਆਂ ਸੰਗਤਾਂ ਹਨ। ਸਿੱਖ ਰਾਜ ਸਮੇਂ ਇਹ ਨੱਗਰ ਸਿੱਖ ਰਾਜ ਵਿਚ ਸੀ। [੨](ਟੋਟਣ ਜਿਸ ਦਾ) ਲਾਲ ਹੋਵੇ ਗੰਜ ਦੀ ਬੀਮਾਰੀ ਨਾਲ। [੩]ਜਿਸ ਦੇ ਨੇਤ੍ਰ ਸੁਹਣੇ (ਸਲਾਮਤ) ਹੋਣ ਉਹ ਉਸ ਨੂੰ ਨਹੀਂ ਸੁਖਾਉਂਦਾ। [੪]ਪਾਤਸ਼ਾਹ ਨੂੰ। [੫]ਨਕਲ ਬਣਾਂਵਦੇ ਹਨ (ਸਿੱਖਾਂ ਦੀ)। [੬]ਭਾਵ ਨਕਲਾਂ ਲਾਕੇ ਖੁਸ਼ ਹੁੰਦੇ ਹਨ। [੭]ਵਿਖਾਂਧ ਕਰਦੇ ਹਨ। [੮]ਵਿਅਰਥ ਝਗੜੇ ਕਰਦੇ ਹਨ। [੯]ਐਉਂ (ਤੁਰਕਾਂ ਨੂੰ ਵਿਖਾਂਧ ਤੇ ਹਿੰਦੂਆਂ ਨੂੰ ਮਖੌਲ ਕਰਦਿਆਂ) ਦੇਖਕੇ ਸੰਗਤ ਨੇ ਮਨ ਵਿਚ ਜਾਣਿਆਂ ਕਿ (ਸਾਡੇ) ਦੁਇ ਦੁਸ਼ਮਨ ਹਨ, ( ਸਾਨੂੰ ) ਤੱਕਕੇ ਇਨ੍ਹਾਂ ਵਿਚ ਖੁਸ਼ੀ ਨਹੀਂ ਰਹਿੰਦੀ। [੧੦]ਏਹ (ਸੰਗਤ ਨੂੰ) ਦੇਖਕੇ ਸੜਦੇ ਜਾਂਦੇ ਹਨ ਸਹਾਰਦੇ ਨਹੀਂ। [੧੧]ਮਾਨੋ ਇਨ੍ਹਾਂ ਦਾ ਐਸ਼੍ਵਰਜ(ਸਿਖ)ਖੋਹ ਰਹੇ ਹਨ। [੧੨]ਮਨ ਦੀ ਚਾਹੀ ਗਲ। ਅਭਿਲਾਖਾ। *ਪਾ:-ਜਰ।

Sri Satguru Jagjit Singh Ji eLlibrary　NamdhariElibrary@gmail.com

ਆਵਤਿ ਕੋ ਹੇਰੈਂ। ਬਿਨ ਕਾਰਨ ਤੇ ਖਿਝਹਿਂ ਘਨੇਰੇ।ਕਿਸ ਕੇ ਸੰਗ ਨ ਬੈਰ ਹਮਾਰੇ। ਆਵਤਿ ਜਾਤਿ ਤੂਸ਼ਨੀ ਧਾਰੇਂ ॥੧੩॥ ਟਰਹਿਂ ਹੇਰਿ ਹਮ,ਕਰੈਂ ਨ ਕੈਸੇ। ਸੋ ਦੁਖ ਪਾਇਂ ਸ਼ੱਤ੍ਰ ਹ੍ਵੈ ਜੈਸੇ। ਆਵਨ ਜਾਨਿ ਖੇਦ ਕਰਿ ਹੋਵਤਿ[1]। ਹਿੰਦੂ ਤੁਰਕ ਬਿਪਰਜੈ ਹੋਵੰਤਿ ॥ ੧੪ ॥ ਬਿਨ ਕਾਰਨ ਦ੍ਰੋਹੀ ਮਦ ਮੱਤੇ। ਹਸਹਿਂ ਸੰਗ ਤਿਨ ਆਪ ਕੁਪੱਤੇ। ਪ੍ਰਭੁ ਕੋ ਸਿਮਰਨ ਕਰਨੋ ਨ ਭਾਵੈ। ਅਪਨੋ ਲੋਕ ਪ੍ਰਲੋਕ ਗਵਾਵੈ' ॥੧੫॥ ਸੁਨਿ ਕਲਗ਼ੀਧਰ ਬਚਨ ਬਖਾਨੇ। 'ਤੁਮ ਗੁਰਮੁਖ ਸਿਖ ਸੁਨਹੁੰ ਸਿਆਨੇ। ਮਗ ਮਹੁਂ ਚਲਤਿ ਸ਼ਸਤ੍ਰ ਤੇ ਹੀਨ। ਮਹਾਂਬਲੀ ਭੀ ਦੀਖਤਿ ਦੀਨ ॥੧੬॥ ਗਮਨ ਬਿਦੇਸ਼ ਸ਼ਸਤ੍ਰ ਨਹਿਂ ਰਾਖਹੁ। ਜਿਹਬਾ ਬਿਨ ਜਬਾਬ ਕਿਮ ਭਾਖਹੁ। [2]ਸ਼ਸਤ੍ਰ ਸਮੇਤ ਸ਼ੱਤ੍ਰ ਜੋ ਹੇਰਹਿ। ਸ਼ਕਤਿ ਬਿਨਾ ਨ ਪ੍ਰਹਾਰ ਬਡੇਰਹਿ[3] ॥੧੭॥ ਜੇ ਪ੍ਰਹਾਰ ਹੁਇ,ਕਰਹੁ ਲਰਾਈ। ਲੋਹੁ ਬਿਜੈ,ਗੁਰ ਹੋਇਂ ਸਹਾਈ। ਅਬਿ ਕੇ ਮੇਲੇ ਦਰਸ਼ਨ ਆਵਹੁ। ਅਪਨੇ ਅੰਗਨਿ ਸ਼ਸਤ੍ਰ ਲਗਾਵਹੁ॥੧੮॥ ਸਭਿ ਜੁਗ ਮਹਿੰਮਾ ਸ਼ਸਤ੍ਰ ਮਹਾਨ। ਕਲਿ ਮੈਂ ਅਤਿਸ਼ੈ ਖੜਗ ਪ੍ਰਧਾਨ। ਪਿਖਹਿਂ ਪ੍ਰਤਾਪ ਦਬਕ ਰਿਪੁ ਜਾਵਹਿਂ। ਮਿੱਤ੍ਰ ਸ਼ੱਤ੍ਰ ਸਭਿ ਮਿਲਿ ਹਰਖਾਵਹਿਂ ॥ ੧੯ ॥ ਨਿਤਪ੍ਰਤਿ ਸ਼ਸਤ੍ਰ ਕਰਹੁ ਅੱਭ੍ਯਾਸ। ਦੋਨਹੁਂ ਲੋਕ ਦੇਤਿ ਸੁਖ ਰਾਸ। ਸਮੁਖ ਮਰੇ ਤੇ ਸੁਰਗ ਸਿਧਾਵੈਂ। ਸੁਖ ਕੋ ਅਨਿਕ ਪ੍ਰਕਾਰ ਬਿਹਾਵੈਂ[4] ॥੨੦॥ ਜੀਵਤ ਜੀਤਹਿ ਸ਼ੱਤ੍ਰ ਬਡੇਰੇ। ਮਹਿ ਮਹਿਂ[5] ਸੁਖ ਕੋ ਭੋਗ ਘਨੇਰੇ। ਸ਼ਸਤ੍ਰ ਮਹਾਤਮ ਮਹਾਂ ਮਹਾਨੋ। ਯਾਂਤੇ ਸ਼ਸਤ੍ਰ ਗਹਿਨ ਕੋ ਠਾਨੋ' ॥ ੨੧ ॥ ਸੁਨਿ ਕਰਿ ਸ੍ਰੀ ਸਤਿਗੁਰ ਉਪਦੇਸ਼। ਭੁਈ ਸੰਗਤਾਂ ਬਿਦਾ ਅਸ਼ੇਸ਼। ਅਪਨੇ ਸਦਨ ਗਏ ਸੁਖ ਪਾਇ। ਪੁਨ ਸੰਚੈ ਹੱਥਯਾਰ ਕਰਾਇ॥੨੨॥ ਕਿਤਿਕ ਮਾਸ ਕੇ ਬਿਤੇ ਪਿਛਾਰੀ। ਗੁਰ ਦਰਸ਼ਨ ਕੀ ਕੀਯਸਿ ਤਯਾਰੀ। ਨਿਜ ਨਿਜ ਅੰਗਨਿ ਸ਼ਸਤ੍ਰ ਲਗਾਏ। ਖੜਗ ਗਾਤਰੇ, ਸਿਪਰ ਉਠਾਏ ॥ ੨੩ ॥ ਕਿਨਹੂ ਤਰਕਸ਼ ਗਹੀ ਕਮਾਨ। ਪੇਸ਼ਕਬਜ਼[6], ਜਮਦਾੜ੍ਹ[7] ਮਹਾਨ। ਸਮ ਸੈਨਾ ਕੇ ਸੰਗਤਿ ਹੋਈ। ਗਮਨੀ ਮਗ ਦੇਖਤਿ

[1]ਦੁੱਖ ਨਾਲ ਹੁੰਦਾ ਹੈ। [2]ਸ਼ਸਤ੍ਰ ਸਮੇਤ ਤੁਸਾਨੂੰ ਵੇਖਕੇ ਸ਼ੱਤ੍ਰੂ ਦੀ ਤਾਕਤ ਨਹੀਂ ਕਿ ਤੁਸਾਂ ਪਰ ਵੱਡਾ ਵਾਰ ਕਰ ਸਕੇ। (ਅ) [3]ਸ਼ਕਤਿ ਹੀਨ(ਹੋ ਜਾਇਗਾ) ਤੇ ਵਾਰ ਨਹੀਂ ਕਰੇਗਾ। [4]ਅਨੇਕ ਪ੍ਰਕਾਰ ਦੇ ਸੁਖਾਂ ਵਿਚ ਬੀਤਦੀ ਹੈ, ਭਾਵ ਸੁਖ ਭੋਗਦਾ ਹੈ। [5]ਪ੍ਰਿਥਵੀ ਵਿਚ। [6]ਕਟਾਰ [ਫਾ:,ਪੇਸ਼ਕਬਜ਼] [7]ਜਮਧਰ। ਤ੍ਰਿੱਖੀ ਤੇ ਮੁੜਵੀਂ ਨੋਕ ਵਾਲੀ ਕਟਾਰ।

Sri Satguru Jagjit Singh Ji eLlibrary NamdhariElibrary@gmail.com

ਸਭਿ ਕੋਈ ॥੨੪॥ ਹਿੰਦੂ ਤੁਰਕ ਅਲਪ ਜੋ ਹੇਰੈਂ । ਤ੍ਰਾਸਤਿ ਹੋਇ ਸਕਹਿਂ ਨਹਿਂ ਨੇਰੇ। ਜਿਸ ਬਲ ਬ੍ਰਿੰਦ ਹਿੰਦੁ ਕੈ ਤੁਰਕਾ।ਤਹਿਂ ਰਣ ਕਰਹਿਂ ਧਾਰਿ ਬਲ ਗੁਰ ਕਾ॥੨੫॥ ਕੇਤਿਕ ਸਿੱਖਨ ਮਰੇ ਲਰਿ ਤਹਾਂ। ਹਿੰਦੂ ਤੁਰਕ ਹੁਤੇ ਨਰ ਜਹਾਂ।ਕੇਤਿਕ ਘਾਇਲ ਗ੍ਰਾਮਨ ਛੋਰੇ। ਬਚੇ ਸੁ ਆਇ ਸ਼੍ਰੀ ਗੁਰ ਓਰੇ ॥੨੬॥ ਪਹੁੰਚੇ ਪੁਰਿ ਅਨੰਦ ਗੁਰ ਦਰਸੇ। ਧਰੇ ਹਰਖ ਪਗ ਪੰਕਜ ਪਰਸੇ। ਜਿਮ ਮਾਰਗ ਮਹਿ ਮਚੀ ਲਰਾਈ। ਸਗਰੀ ਸਤਿਗੁਰ ਨਿਕਟ ਸੁਨਾਈ ॥੨੭ ॥ ਸੁਨਿ ਸ਼੍ਰੀ ਕਲਗੀਧਰ ਹਰਖਾਏ। ਸਿੱਖਨ ਕੇ ਉਤਸਾਹ ਬਧਾਏ:– 'ਇਮ ਹੀ ਸ਼ੱਤ੍ਰਨ ਸੋਂ ਬਨਿ ਆਵੈ।ਡਰਹਿਂ,ਬਹੁਰ ਨਹਿਂ ਨਰ ਕਰਾਵੈਂ॥੨੮॥ ਅਪਨੇ ਦਾਉ ਘਾਉ ਸੰਭਾਰਹੁ। ਕਰਹਿਂ ਬਧੀਕੀ ਸ਼ਸਤ੍ਰ ਪ੍ਰਹਾਰਹੁ'। ਸੁਨਿ ਸਤਿਗੁਰ ਤੇ ਸਿੱਖਨਾ ਸਾਰੇ। ਸਭਿਨਿ ਸਿੱਖਨ ਗਨ ਸ਼ਸਤ੍ਰ ਸੰਭਾਰੇ ॥ ੨੯॥ ਆਵਹਿ ਦਰਸ਼ਨ ਕੀ ਕਰਿ ਆਸਾ। ਨਹੀਂ ਕਾਲ ਕੋ ਧਾਰਹਿ ਤ੍ਰਾਸਾ।ਅਪਰ ਤੀਨ ਦਿਸ਼ ਕੇ ਨਰ ਆਏ।ਸੈਨਾ ਕੇ ਸਮ ਸ਼ਸਤ੍ਰ ਸਜਾਏ॥੩੦॥ ਭੇ ਇਕੱਤ੍ਰ ਸਿਖ ਪਸ਼ਚਮ ਵਾਸੀ। ਖੜਗ ਸਿਪਰ ਰਾਖਹਿਂ ਨਿਜ ਪਾਸੀ। ਬ੍ਰਿੰਦ ਬ੍ਰਿੰਦ ਹੁਇ ਆਵਤਿ ਮਗ ਮੈਂ। ਸਿੱਖਨ ਸੂਰਮੇ ਬਿਦਤੇ ਜੰਗ ਮੈਂ ॥ ੩੧॥ ਕਰਤਿ ਭਜਨ ਕੋ ਪ੍ਰੇਮ ਵਧਾਵੈਂ। ਗਾਪੈਂ ਪਗ, ਜੋ ਮਗ ਥਕ ਜਾਵੈ। ਭਾਉ ਪਰਸਪਰ ਭਾ ਅਧਿਕਾਈ। ਨਿਜ ਕਰ ਸਿਖ[1] ਸਿਖ ਕੇ ਮੁਖ ਪਾਈ ॥ ੩੨ ॥ ਆਪਸ ਮਹਿਂ ਮਰਦਤਿ ਹੈਂ ਅੰਗ[2]।ਮੱਜਨ ਕਰਿਵਾਵਹਿ ਹਿਤ ਸੰਗ॥ ਸਿਖ ਕੋ ਲੈ ਸਿਖ ਬਸਤ੍ਰ ਪਖਾਰੈ। ਹਸ ਕਰਿ ਮਿਲਹਿ ਪ੍ਰੇਮ ਉਰ ਧਾਰੈਂ ॥੩੩ ॥ ਭੋਜਨ ਇਕ ਸਥਾਨ ਸਭਿ ਕਰਿਹੀਂ । ਕਰਿ ਅਰਦਾਸ ਧਯਾਨ ਕੋ ਧਰਿਹੀਂ । ਉਠੈ ਪ੍ਰਾਤਿ ਬਡ ਕਰੈਂ ਸ਼ਨਾਨ। ਬਸਤ੍ਰ ਸ਼ਸਤ੍ਰ ਤੇ ਹੁਇ ਸਵਧਾਨ ॥੩੪॥ ਇਮ ਸੁਚੇਤ ਹੁਇ ਮਗ ਮਹੁ ਚਲੈਂ । ਜਹਾਂ ਸਿੱਖ ਕਰਿ ਭਾਉ ਸੁ ਮਿਲੈਂ।ਚਲਤਿ ਪੰਜਾਬ ਦੇਸ਼ ਮੈਂ ਆਏ।ਦੇਖਿ ਬ੍ਰਿੰਦ ਸਿਖ, ਤੁਰਕ ਰਿਸਾਏ ॥ ੩੫ ॥ ਹਿੰਦੂ ਮਿਲਿ ਮਿਲਿ ਹਾਸੀ ਠਾਨਹਿ। ਬਹੁ ਪ੍ਰਕਾਰ ਕੀ ਨਕਲ ਬਖਾਨਹਿ। ਖਿਝਹਿਂ ਤੁਰਕ ਸਿੱਖਨ ਗਨ ਜੋਈ। ਹੋਨਹਾਰ ਹੋਵਤਿ ਹੈ ਸੋਈ ॥ ੩੬ ॥ ਕਿਸ ਮਾਨਸ ਕੇ ਬਸਿ ਮਹਿਂ ਨਾਂਹਿ।ਹੋਇ ਅਵੱਸ਼ਯ ਜੁ ਭਾਵੀ ਆਹਿ। ਕਿਤ ਕਿਤ ਨੋਕ ਚੋਕ[3] ਮਗ ਭਈ। ਸੁਲਗਤਿ ਅਗਨਿ ਅਧਿਕ ਹੁਇ ਗਈ[4] ॥੩੭॥

[1]ਆਪਣੇ ਹੱਥੀਂ ਸਿੱਖ। [2]ਭਾਵ ਥਕਾਨ ਵੇਲੇ ਮਾਲਸ਼ਾਂ ਕਰਦੇ ਹਨ। [3]ਬੋਲੀ ਠੋਲੀ। [4]ਧੁਖਦੀ ਅੱਗ ਵਧ ਗਈ।

ਚਲੇ ਸ਼ਸਤ੍ਰ ਕੀਨਸਿ ਘਮਸਾਨਾ। ਕਾਟੇ ਗਨ ਸ਼ੱਤ੍ਰ ਬਲਵਾਨਾ। ਗੁਰ ਸਹਾਇਤਾ ਐਸੀ ਕਰੀ।ਜਿਸਤੇ ਚਮੂੰ ਬੈਰੀਅਨਿ ਦਰੀ ॥੩੮॥ ਸਿਰ ਧਰ ਕਰ ਕੈ ਧਰਨਿ ਗਿਰਾਏ[1]। ਦੇਖਿ ਤੇਜ ਪੁਨ ਚਲੇ ਪਲਾਏ। ਬਹੁਰ ਤ੍ਰਾਸ ਧਰਿ ਨੇਰ ਨ ਕਰੈਂ।ਮਰੇ ਹੇਰਿ ਬਹੁ ਹਿਰਦੈ ਛਰੈਂ॥੩੯॥ਦੁਇ ਤ੍ਰੈ ਵਾਰ ਜੁੱਧ ਕਰਿ ਕ੍ਰੋਧਾ। ਬਢਤਿ ਬਢਤਿ ਬਹੁ ਬਢ੍ਯੋ ਬਿਰੋਧਾ।ਪਿਖਿ ਸਮੂਹ ਕੌ ਸੰਗਤਿ ਅਰੀ[2]। ਨਹਿਂ ਰੋਕਹਿ ਧਰਿ ਕਰਿ ਉਰ ਅਰੀ[3] ॥੪੦॥ ਕੀਰਤਨ ਕਰਤਿ ਅਨੰਦਤਿ ਉਰਮੈਂ। ਸੰਗਤਿ ਪਹੁੰਚੀਆਨੰਦਪੁਰਿਮੈਂ।ਸ਼੍ਰੀ ਸਤਿਗੁਰ ਕੋ ਪੂਜਨ ਕਰ੍ਯੋ। ਤਨ ਮਨ ਧਨ ਅਰਪਨ ਸਭਿ ਕਰ੍ਯੋ ॥ ੪੧॥ ਖੁਸ਼ੀ ਕਰੀ ਸਤਿ-ਗੁਰ ਬਿਗਸਾਏ। 'ਤੁਮ ਨਿਹਾਲ ਭੇ' ਬਾਕ ਅਲਾਏ। ਬੂਝ੍ਯੋ 'ਮਗ ਬ੍ਰਿਤੰਤੁ ਕਿਮ ਭਯੋ?'। ਜਿਮ ਬੀਤ੍ਯੋ ਸਿੱਖਨ ਕਹਿ ਦਯੋ॥ ੪੨॥ 'ਬਡ਼ੀ ਸਪਰਦਾ ਬਢੀ ਗੁਸਾਈਂ! ਤੁਮ ਬਿਨੁ ਹਮਰੋ ਕੋ ਨ ਸਹਾਈ।ਆਵਨਿ ਜਾਨਿ ਕਠਨ ਬਡ ਭਯੋ। ਹਿੰਦੂ ਤੁਰਕ ਬੈਰ ਬਧਿ ਗਯੋ॥ ੪੩॥ ਕੈ[4] ਸਿਖ ਮਰੇ ਲਰਾਈ ਲਰਿ ਕੈ।ਰਾਵਰਿ ਚਰਨ ਧ੍ਯਾਨ ਉਰ ਧਰਿਕੈ। ਕੇਤਿਕ ਘਾਇਲ ਗ੍ਰਾਮਨਿ ਛੋਰੇ। ਹੋਇ ਅਬ੍ਰਿਣ[5] ਆਵਹਿ ਤੁਮ ਓਰੇ ॥੪੪॥ ਕਿਸਹੁ ਨ ਜਾਨਹਿ, ਹਮ ਪਰਦੇਸੀ।ਹਿੰਦੂ ਤੁਰਕ ਰਿਪੁ ਵਧੇ ਵਿਸ਼ੇਸ਼ੀ।ਤੁਮ ਸਿੱਖਨ ਕੇ ਹੋਹੁ ਸੁਆਮੀ। ਜਾਨਤਿ ਸਭਿ ਕੀ, ਅੰਤਰਜਾਮੀ ॥੪੫॥ ਰੱਛਾ ਕਰਹੁ ਆਪ ਦੇ ਹਾਥ। ਤੁਮ ਅਲੰਬ ਇਕ ਸਿੱਖਨਿ ਸਾਥ। ਬਨਹੁ ਸਹਾਇਕ ਤੌ ਇਹ ਰਹੈਂ। ਅਪਰ ਉਪਾਵ ਨ ਕੋਊ ਲਹੈਂ'॥੪੬॥ਸਿੱਖਨ ਕੇ ਦੁਖ ਸੁਨਿ ਕਰਿ ਨਾਥ। ਚਿਤ ਮਹਿ ਚਿਤਵਹਿ ਚਿੰਤਾ ਸਾਥ। ਦ੍ਵੈ ਘਟਿਕਾ ਲਗਿ ਧਾਰੀ ਮੌਨ। ਭਰੀ ਸਭਾ ਨਹਿਂ ਬੋਲ੍ਯੋ ਕੌਨ ॥੪੭॥ ਪੁਨ ਪ੍ਰਯੰਕ ਪਰ ਪੌਢੇ ਦਯਾਲ। ਸਿੱਖਨਿ ਰੱਛ੍ਯਾ ਚਿਤਹਿ ਬਿਸਾਲ।-ਅਜ਼ਮਤਿ ਕੋ ਬਲ ਕਰਨੋ ਨਾਂਹੀ। ਇਸ ਬਿਨ ਸਿੱਧ ਕਾਜ ਨਹਿ ਆਹੀ[6]॥੪੮॥ਕੋ ਬਿਧ ਕਰਹਿਂ?-ਬਿਚਾਰਤਿ ਏਵ। ਪੰਥ ਸ਼ਸਤ੍ਰ ਧਰਿ ਚਹਿਂ ਗੁਰਦੇਵ।-ਕਰਾਮਾਤ ਬਲ ਬਨਹਿ ਨ ਕਰਿਬੋ-। ਸ਼ਸਤ੍ਰ ਪ੍ਰਹਾਰਨਿ ਇੱਛਾ ਧਰਿਬੋ ॥ ੪੯॥ ਜਿਮ ਸ੍ਰੀ ਰਾਮਚੰਦ ਰਣ ਕਰ੍ਯੋ।

---

[1]ਸਿਰ, ਧੜ, ਹੱਥ (ਵੱਖ ਵੱਖ) ਕਰਕੇ ਧਰਤੀ ਤੇ ਡੇਗੇ। [2]ਭਾਵ ਬਹੁਤਿਆਂ ਵਿਰੋਧੀਆਂ ਨੂੰ ਵੇਖ ਕੇ ਬੀ ਸੰਗਤ ਅੜ ਖੜੋਂਦੀ ਹੈ। [3](ਵੈਰੀ ਅੱਗੇ ਵਾਂਗ ਹੁਣ) ਚਿਤ ਵਿਚ ਅੜੀ ਧਾਰਕੇ ਰੋਕਦੇ ਨਹੀਂ। [4]ਕਈ ਕੁ। [5]ਜ਼ਖਮ ਰਹਿਤ ਹੋਕੇ ਭਾਵ ਰਾਜ਼ੀ ਹੋਕੇ। [6]ਭਾਵ ਕਰਾਮਾਤ ਬਿਨਾ ਕਾਜ ਸਿੱਧ ਨਹੀਂ ਹੋਵੇਗਾ।

Sri Satguru Jagjit Singh Ji eLlibrary NamdhariElibrary@gmail.com

ਅਜ਼ਮਤਿ ਬਿਨ ਸ਼ਸਤ੍ਰਨਿ ਸੰਗ ਲਰਨੋ।ਜਿਮ ਸ਼੍ਰੀ ਕ੍ਰਿਸ਼ਨ ਲਰੇ ਬਹੁ ਬਾਰੀ। ਬਲ ਧਰਿ ਕੀਨੇ ਸ਼ੱਤ੍ਰ ਪ੍ਰਹਾਰੀ ॥ ੫੦ ॥ ਸੋ ਮਿਰਜਾਦਾ ਰਖਿਬੋ ਚਾਹਤਿ। ਹਤੌਂ ਤੁਰਕ ਰਣ ਹੇਤੁ ਉਮਾਹਤਿ। ਬਹੁਤ ਬਿਚਾਰਤਿ ਪੁਨ ਚਿਤ ਆਈ।-ਸ਼ਸਤ੍ਰਨਧਾਰੀ ਚੰਡਿ ਮਨਾਈ[੧] ॥੫੧॥ ਸੁਭਟ ਸ਼ਿਰੋਮਨਿ ਸ਼ਕਤਿ ਮਹਾਨੀ। ਮਹਾਂ ਜੋਗਮਾਯਾ[੨] ਜਗ ਰਾਨੀ। ਬਨੈ ਅਰਾਧਨ ਤਿਸ ਕੋ ਅਬੈ। ਰਣ ਕੇ ਕਾਜ ਕਰਹਿ ਸਿਧ ਸਬੈ ॥ ੫੨ ॥ ਦੁਰਗਾ ਜਿਨ ਕੋ ਭਈ ਸਹਾਇ। ਰਣ ਤੇ ਬਿਜੈ ਲਈ ਤਿਨ ਪਾਇ। ਹਮਰੇ ਮਾਤ ਪਿਤਾ ਇਹ ਦੋਊ। ਪੁਰਖ ਅਕਾਲ ਚੰਡਿਕਾ ਜੋਊ॥੫੩॥ਇਨ ਕੀ ਹਮਹੁ ਉਪਾਸਨ ਭਾਵੈ। ਅਪਰਨਿ ਤੇ ਕਸ਼ ਕਰ ਮਹਿਂ ਪਾਵੈਂ। ਕਰਾਮਾਤ ਜੇ ਜਗ ਬਿਦਤਾਵੌਂ। ਇਕ ਦਿਨ ਗਨ ਤੁਰਕਨਿ ਬਿਨਸਾਵੌਂ॥੫੪॥ਹਿੰਦੂ ਜਬਰ ਜ਼ੋਰ ਕਰਿ ਲੇਊਂ[੩]। ਸਕਲ ਰਾਜ ਸਿੱਖਨ ਕੌ ਦੇਊਂ। ਅਜ਼ਮਤ ਬਿਦਤਹਿ ਬ੍ਰਤ[੪] ਹੁਇ ਨਾਸ਼।ਯਾਂਤੇ ਨਾਂਹਿਨ ਬਨੈ ਪ੍ਰਕਾਸ਼ ॥ ੫੫ ॥ ਜਗ ਕਾਰਨ ਤਾਰਨ ਜਗ ਮਾਤਾ। ਸੰਤ ਸਹਾਇ ਸਦਾ ਸੁਖਦਾਤਾ। ਖੜਗ ਜੁੱਧ ਜਗ ਮਹਿ ਬਿਦਤਾਵੈਂ। ਸਨੇ ਸਨੇ ਕਰਿ ਸ਼ੱਤ੍ਰਨਿ ਖਪਾਵੈਂ ॥ ੫੬ ॥ ਛਿਤ ਛੱਤ੍ਰੀ ਧੂਮ ਹੁਇ ਪਰਕਾਸ਼। ਸਭਿ ਦੁਰਬੁੱਧਿ ਮਲੇਛਬਿਨਾਸ਼-॥ਇਮ ਬਿਚਾਰਿ ਕਰਵਟ ਲੇ ਉਠੇ।ਸਿੱਖਨ ਸੋਂ ਬੋਲੇ ਉਰ ਤੁਠੇ*॥੫੭॥'ਤੁਮਰੇ ਹਿਤ ਜਗ ਮਾਤ ਮਨਾਵੈਂ।ਪੂਜ ਮਹਾਂ ਕਲਿ ਮਹਿ ਬਿਦਤਾਵੈਂ। ਰਣ ਕਰਤੇ ਨਿਤ ਬਨਹਿ ਸਹਾਈ। ਸ਼ੱਤ੍ਰਨਿ ਸਗਰੇ ਦੇਹਿ ਖਪਾਈ' ॥੫੮॥ ਇੱਤ੍ਯਾਦਿਕ ਕਹਿ ਧੀਰਜ ਦੀਨਾ। ਸਿੱਖਨ ਕੋ ਮਨ ਆਨੰਦ ਭੀਨਾ। ਆਪ ਪੂਜਿਬੇ ਉੱਦਮ ਕੀਨਾ। ਸ਼੍ਰੀ ਕਲਗੀਧਰ ਗੁਰੂ ਪ੍ਰਬੀਨਾ ॥ ੫੯ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤੀ ਰੁਤੇ 'ਸਿੱਖਨ ਲਰਿ ਆਵਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥ ੩ ॥

## ੪. [ਕੇਸ਼ਵ ਦਾਸ ਮਿਲਨਾ]।

ਦੋਹਰਾ॥ਚਿਤਵਤ ਬਿਦਤਨਿ ਚੰਡਕਾ ਸ਼੍ਰੀ ਸਤਿਗੁਰ ਮਹਾਰਾਜ।ਸੁਪਤਿ ਜਥਾ ਸੁਖ ਨਿਸ ਬਿਖੈ ਬਡੋ ਗ਼ਰੀਬ ਨਿਵਾਜ ॥੧॥ਪਾਧੜੀ ਛੰਦ ॥ਉਠਿ ਪ੍ਰਾਤਿ ਤੇਜ

---

[੧]ਸ਼ਸਤ੍ਰਧਾਰੀਆਂ ਨੇ ਚੰਡੀ ਹੀ ਮਨਾਈ ਹੈ। [੨]ਏਥੇ ਈਸ਼੍ਵਰ ਦੀ ਸ਼ਕਤੀ ਤੋਂ ਮੁਰਾਦ ਹੈ। ਵਿਸ਼ੇਸ਼ ਲਈ ਦੇਖੋ, ਰਾਸ ੧੦ ਅੰਸੂ ੪੮ ਅੰਕ ੧੪ ਦੀ ਹੇਠਲੀ ਟੂਕ। [੩]ਜਰਵਾਣੇ ਹਿੰਦੂਆਂ ਨੂੰ ਅਧੀਨ ਕਰ ਲਵਾਂ। [੪](ਕਰਾਮਾਤ ਨਾ ਦੱਸਣ ਦਾ) ਨਿਯਮ। *ਇਹ ਉਥਾਨਕਾ ਮਹਿਮਾ ਪ੍ਰਕਾਸ਼ (ਛੰਦਾ ਬੰਦੀ) ਦੀ ਹੈ, ਵਾਰਤਕ ਮਹਿਮਾ ਪ੍ਰਕਾਸ਼ ਵਿਚ ਜੋ ਉਸ ਤੋਂ ਪੁਰਾਤਨ ਹੈ ਦੇਵੀ ਦਾ ਪ੍ਰਸੰਗ ਹੀ ਨਹੀਂ ਹੈ। †ਪਾ:-ਸ਼ੁਧ ਪਾਠ:-ਸਿਜ-ਜਾਪਦਾ ਹੈ।

Sri Satguru Jagjit Singh Ji eLlibrary NamdhariElibrary@gmail.com

ਤੇ ਤੇਜ ਰੂਪ[1]। ਖੁਲਿਯੰਤਿ ਪਲਕ ਲੋਚਨ ਅਨੂਪ। ਪਢਿਯੰਤਿ ਸ਼ਬਦ ਚਹੂੰ ਓਰ ਜੋਰ[2]। ਧੁਨਿ ਰਾਗ ਸੁ ਮਧੁਰ ਮ੍ਰਿਦੰਗ ਘੋਰ ॥ ੨ ॥ ਝਰਨੰਤਿ ਤਾਰ ਬਾਜੰਤਿ ਬੈਨ[3]। ਗਾਵੰਤਿ ਗਯਾਨ ਦਾ ਗੁਰਨਿਬੈਨ[4]। ਧਰਿਯੰਤਿ ਰਿਦੈ ਜਿਨਕੋ ਬਿਚਾਰ। ਨਸ਼ਟੰਤਿ ਕਾਮ ਆਦਿਕ ਬਿਕਾਰ ॥੩॥ ਝੜਿਯੰਤਿ ਡੰਕ ਨੌਬਤ ਬਜੰਤਿ[5]। ਤ੍ਰਸਿਯੰਤਿ ਸ਼ੱਤ੍ਰ ਸ੍ਰੌਨੇ ਸੁਨੰਤਿ[6]। ਬੋਲਤਿ ਨਕੀਬ ਸਤਿਗੁਰਪ੍ਰਤਾਪ। ਜਹਿਂ ਕਹਾਂ ਹੋਤਿ ਕਰਤਾਰ ਜਾਪ॥੪॥ ਡੰਕੇ ਰਣੰਕ, ਖੜਕੈਂ ਘੜਿਯਾਲ[7]। ਦਰ ਪਢਹਿ ਭਾਟ ਕੀਰਤਿ ਬਿਸਾਲ। ਬਜਿਯੰਤਿ ਸੰਖ ਤੁਰਰੀ ਅਨੇਕ। ਸੁਨਿ ਉਠਤਿ ਸਿੱਖ ਧਾਰਤਿ ਬਿਬੇਕ[8] ॥ ੫ ॥ ਮੰਗਲ ਮਹਾਨ ਮੰਦਰ ਸੁ ਪੌਰ। ਤਜਾਗੰਤਿ ਨੀਂਦ ਹਿੰਦਵਾਨ ਮੌਰ[9]। ਤਿਸ ਕਾਲ ਅਲੰਕ੍ਰਿਤ[10] ਆਇ ਦਾਸਾਲੇ ਸ਼ਾਤਕੁੰਭ ਕੋ ਕੁੰਭਪਾਸ[11]*॥੬॥ ਅਧਿਕੈ ਸੁਗੰਧਿ ਮਹਿਕਾਰ ਸੰਗ। ਬਹੁ ਰਗੜ ਬਿਦਾਮਨਿ ਸਹਿਤ ਭੰਗ॥ ਏਲਾ[12] ਲਵੰਗ[13] ਮਿਰਚਾਨਿਕਾਰਿ[14]। ਮੇਲਨੇ ਗੁਲਾਬ ਬਿਚ ਸਰਦ ਬਾਰਿ ॥ ੭ ॥ ਜੁਤਿ ਛੱਤ੍ਰਧਾਰਿ[15] ਸਤਿਗੁਰ ਛਕਾਇ। ਪੁਨ ਸੌਚ ਨਾਨ ਕਰਿਤੇ ਬਨਾਇ। ਬਹੁ ਦੂਰ ਦੇਸ਼ ਕੇ ਬਸਤ੍ਰ ਆਇ। ਸੂਖਮ ਬਿਸਾਲ ਮੁਲ ਕੋ ਮੰਗਾਇ ॥ ੮ ॥ ਪੋਸ਼ਿਸ਼ ਨਵੀਨ ਪਹਿਰੈ ਪ੍ਰਭਾਤਿ। ਪੁਨ ਅਲੰਕਾਰ ਸ਼ੋਭੰਤਿ ਗਾਤਿ। ਦਿਨ ਚਰਨੇ ਸਿੰਘਾਸਨ

[1]ਤੇਜ ਦਾ ਹੀ ਤੇਜ ਰੂਪ ਗੁਰੂ ਜੀ ਜਾਗੇ। [2]ਜ਼ੋਰ ਨਾਲ। [3]ਸਾਜ਼ਾਂ ਦੀਆਂ ਤਾਰਾਂ ਦੀ ਝਰਨਾਟ ਪੈਂਦੀ ਹੈ (ਤੇ ਸਾਜ਼ਾਂ ਵਿੱਚੋਂ) ਬੋਲ ਵਜਦੇ ਹਨ। [4]ਗੁਰਬਾਣੀ। [5]ਡੰਕੇ ਧੌਂਸੇ ਵਜ ਰਹੇ ਹਨ। [6]ਵੈਰੀ ਕੰਨੀ ਸੁਣਕੇ ਡਰਦੇ ਹਨ। [7]ਡੰਕੇ ਵਜਦੇ ਹਨ ਘੜਿਆਲ ਖੜਕਦੇ ਹਨ। [8]ਹੁਸ਼ਿਆਰ ਹੋ ਜਾਂਦੇ ਹਨ। [9]ਭਾਵ ਗੁਰੂ ਜੀ। [10](ਵਰਦੀ ਆਦਿਕ ਨਾਲ) ਸਜਿਆ ਫਬਿਆ। [11]ਸੋਨੇ ਦਾ ਘੜਾ ਨਾਲ ਲੈਕੇ [ਸੰਸ:, ਸ਼ਾਤਕੰਭ=ਸੋਨਾ। ਸ਼ਤਕੁੰਭ ਨਾਮ ਪਰਬਤ ਦਾ ਹੈ, ਜਿਥੋਂ ਸੋਨਾ ਨਿਕਲਦਾ ਹੈ। ਸ਼ਤਕੁੰਭ ਤੋਂ ਜੋ ਨਿਕਲੇ ਸੋ ਸ਼ਾਤਕੁੰਭ]। [12]ਲਾਚੀ। [13]ਲੌਂਗ। [14]ਕਾਲੀਆਂ ਮਿਰਚਾਂ। [15]ਅਫੀਮ ਦੇ ਨਾਲ [ਪੋਸਤ ਦੇ ਡੋਡੇ ਤੇ ਛਤਰ ਹੁੰਦਾ ਹੈ। (ਅ) ਨਿਹੰਗ ਸਿੰਘ ਅਫੀਮ ਛਕ ਕੇ ਪਾਤਸ਼ਾਹੀ ਬੇਪ੍ਰਵਾਹੀ ਦੀ ਮੌਜ ਲੁੱਟਣ ਕਰਕੇ ਬੀ ਛਤਰਧਾਰ ਨਾਮ ਦੱਸਦੇ ਹਨ]।

*ਪਾ:—'ਸ਼ਾਂਤਿ ਕੁੰਭ' ਪਾਠ ਕਰਕੇ ਸ਼ਾਂਤੀ ਦਾ ਘੜਾ (ਗੁਰੂ ਜੀ) ਅਰਥ ਕਰਨਾ ਗ਼ਲਤੀ ਹੈ। ਲਿਖਾਰੀਆਂ ਨੇ ਭੁੱਲ ਨਾਲ ਕਿਤੇ ਪਾਠ 'ਸ਼ਾਂਤਿ ਕੁੰਭ' ਬੀ ਕੀਤਾ ਹੈ।

+ਸ਼ਾਯਦ ਕਵਿ ਜੀ ਗੁਰਬਿਲਾਸ ਕ੍ਰਿਤ ਭਾ: ਸੁਖਾ ਸਿੰਘ ਦੇ ਮਗਰ ਚਲ ਰਹੇ ਹਨ। ਆਪ ਖੋਜ ਨਹੀਂ ਕੀਤੀ। ਸਿੱਖ ਜਦ ਰਾਜ ਸਾਜ ਵਿਚ ਆ ਗਏ ਤਦ ਦੇ ਵਰਤਾਰੇ ਹਨ, ਉਦਯ ਬਲ ਦੇ ਸਮੇਂ ਏਹ ਵਰਤਾਰੇ ਨਹੀਂ ਸਨ। ਦੇਖੋ ਰਾਸਿ ੪ ਅੰਸੂ ੪੪ ਅੰਕ ੧੧ ਤੇ ਰੁਤ ੨ ਅੰਸੂ ੪੪ ਅੰਕ ੨੦ ਦੀਆਂ ਹੇਠਲੀਆਂ ਟੂਕਾਂ।

Sri Satguru Jagjit Singh Ji eLlibrary NamdhariElibrary@gmail.com

ਪਰ ਬਿਰੀਤਿ। ਜੁਤਿ ਬਸਤ੍ਰ ਸ਼ਸਤ੍ਰ ਅਤਿਸ਼ੈ ਸੁਭੰਤਿ ॥੯॥ ਤਬਿ ਏਕ ਸਿੱਖ ਗੁਰ ਨਿਕਟ ਆਇ। ਕਰਿ ਜੋਰਿ ਅਰਜ਼ ਐਸੇ ਸੁਨਾਇ।'ਗੁਰ ਪਾਤਿਸ਼ਾਹ! ਦਿਜ ਜਹਿਂ ਸਰਾਹਿ। ਰਾਵਰਿ ਸਮੀਪ ਕਹਿ ਗਾਥ ਜਾਹਿ॥੧੦॥ਪੁਰਿ ਮਹਾਂ[੧] ਦੇਵ[੨] ਕੇ ਬਸਤਿ ਜੋਇ।ਚਲਿ ਆਇ ਬਾਗ ਮਹਿ ਉਤਰ ਸੋਇ। ਕਹਿਂ ਜਾਂਹਿ ਸੁ ਕੇਸ਼ਵ ਦਾਸ ਨਾਮ*। ਬਿਧਿ ਚੰਡ ਪੁਜਿਬੇ ਗੁਨਨ ਧਾਮ[੨] ॥ ੧੧ ॥ ਜਿਹ ਸੰਗ ਬ੍ਰਿੰਦ ਨਰ ਜੁਤਿ ਪ੍ਰਤਾਪ।ਜਗਮਾਤ[੩] ਸੁ ਜਾਤ੍ਰਾ ਜਾਤਿ ਆਪ। ਮੁਝ ਕੌ ਬੁਲਾਇ ਬੂਝਨੋ ਬ੍ਰਿਤੰਤ।ਮੈਂ ਕਹ੍ਯੋ ਆਪਕੋ ਸਭਿ ਮਤੰਤ॥੧੨॥ਸੁਨਿ ਅਨੰਦ ਧਾਰਿ ਪੁਨ ਪੁਨ ਬੁਝੇਇ। ਚਿਤ ਚਹਤਿ ਕਿ–ਗੁਰੂ ਬੁਲਾਇ ਲੇਇਂ। ਕਰਿ ਦਰਸ ਪ੍ਰਭੂ ਕੋ ਜਾਉਂ ਫੇਰ–। ਇਹੁ ਆਸ਼ੈ ਪਰਖ੍ਯੋ ਤਾਂਹਿ ਹੇਰਿ[੪] ॥ ੧੩ ॥ ਚਲਿ ਆਇ ਆਪ ਤੇ ਲਖਿਯ ਨਾਂਹਿ[੫]। ਚਿਤ ਚਹਤਿ ਅਧਿਕ ਹੁਇ ਮੇਲ ਪਾਹਿ[੬]। ਪ੍ਰਭੁ ਭ੍ਰਮ ਸਮੂੰਥ ਮਨ ਫੇਰ ਲੀਨਿ। ਬਾਂਛਤਿ ਜੁ ਰਿਦੈ ਆਗਵਨ ਕੀਨਿ[੭] ॥ ੧੪ ॥ ਸੁਨਿ ਸ਼੍ਰੌਨ ਬੈਨ ਗੁਰ ਹਰਖ ਧਾਰਿ। 'ਧੰਨ ਧੰਨ ਖੜਗ ਕੇਤੈ' ਉਚਾਰਿ। 'ਨਿਜ ਸੇਵਕਾਨ ਕੇ ਕਰਤਿ ਕਾਜ। ਘਟ ਘਟ ਬਿਆਪ ਰਾਜਾਨਿਰਾਜ'॥੧੫॥ਤਬਿ ਦਯਾਰਾਮ ਅਰ ਨੰਦ ਚੰਦ।ਨਿਜ ਢਿਗ ਹਕਾਰ ਕਰਿ, ਕਹਿ ਮੁਕੰਦ। 'ਉਪਬਨਹਿ ਬਿਖੈ ਬਰ ਬਿੱਪ੍ਰ ਆਇ। ਸਨਮਾਨ ਕਰਹੁ ਤਿਸ ਨਿਕਟ ਜਾਇ ॥ ੧੬ ॥ ਸਭਿ ਖਾਨ ਪਾਨ ਢਿਲ ਲਗਿ ਜਿਤੇਕ।ਗੁਰ ਦੇਗ ਭਾਖਿ ਦੀਜੈ ਤਿਤੇਕ। ਬਿਨ ਮਿਲੇ ਅੱਗ੍ਰ ਨਹਿ ਉਚਿਤ ਜਾਨ[੮]। ਕਿਤ ਕੌ ਪਯਾਨ ?ਸਭਿ ਲੇਹੁ ਜਾਨ' ॥੧੭॥ ਸੁਨਿ ਦੁਊ ਸੁਮਤਿ ਗਮਨੇ ਸ਼ਿਤਾਬ। ਜਹਿਂ ਆਬ ਸਹਿਤ ਉਪਬਨ ਅਜਾਬ[੯]। ਤਹਿ ਪਿਖ੍ਯੋ ਬਿੱਪ੍ਰ ਬੈਠ੍ਯੋ ਸਮਾਨ[੧੦]। ਤਰੁ ਤਰੇ ਸਥੰਡਲ[੧੧] ਸ਼ੁਭ ਮਹਾਨ ॥ ੧੯ ॥ ਮਨ

[੧]ਕਾਂਸ਼ੀ। [੨]ਬਿਧੀ ਨਾਲ ਚੰਡੀ ਨੂੰ ਪੂਜਣ ਵਿਚ ਗੁਣ ਦਾ ਘਰ ਹੈ ਜੋ। [੩]ਜਵਾਲਾ ਜੀ। [੪]ਤਿਸ ਨੂੰ ਵੇਖਕੇ। [੫]ਇਹ ਗਲ ਮਲੂਮ ਨਹੀਂ ਹੁੰਦੀ ਕਿ ਆਪੇ ਟੁਰਕੇ ਆਪ ਪਾਸ ਆਵੇ। (ਅ) ਪਤਾ ਨਹੀਂ ਲਗਦਾ ਕਿ ਸੱਦੇ ਬਿਨਾਂ ਆਪੇ (ਕੀਕੂੰ) ਆ ਗਿਆ ਹੈ। [੬](ਪਰ) ਚਿਤ ਵਿਚ ਬਹੁਤ ਚਾਹੁੰਦਾ ਹੈ (ਕਿ ਸਤਿਗੁਰੂ) ਨਾਲ ਮੇਰਾ ਮੇਲ ਹੋਵੇ। [੭]ਜਿਸ ਨੂੰ ਆਪ ਚਾਹੁੰਦੇ ਸੀ ਰਿਦੇ ਵਿਚ (ਓਹ) ਆ ਗਿਆ ਹੈ। [੮](ਸਾਨੂੰ) ਮਿਲੇ ਬਿਨਾ (ਉਸ ਦਾ) ਅੱਗੇ ਜਾਣਾ ਯੋਗ ਨਹੀਂ। [੯]ਅਜੀਬ। [੧੦]ਸਹਿਜ ਹੀ, ਭਾਵ ਕੋਈ ਆਸਨ ਤਕੀਏ ਲਾ ਕੇ ਨਹੀਂ ਸੀ ਬੈਠਾ ਹੋਇਆ। (ਅ) ਮਾਨ ਸਹਿਤ। [੧੧]ਬ੍ਰਿਛ ਦੇ ਹੇਠਾਂ ਥੜੇ ਤੇ।

*ਗੁਰ ਬਿਲਾਸ ਸੁਖਾ ਸਿੰਘ ਨੇ ਦੱਤਾ ਨੰਦ ਉਦੈਨੀ ਲਿਖਿਆ ਹੈ, ਬਾਵਾ ਸੁਮੇਰ ਸਿੰਘ ਜੀ ਨੇ ਆਪਣੇ ਗੁਰ ਬਿਲਾਸ ਵਿਚ ਦੋਹਾਂ ਤੋਂ ਵੱਖਰਾ ਕਾਲੀ ਦਾਸ ਗੁਜਰਾਤੀ ਲਿਖਿਆ ਹੈ।

Sri Satguru Jagjit Singh Ji eLlibrary NamdhariElibrary@gmail.com

ਪੰਚ ਮੋਦਕ ਧਰਿ ਅੱਗ੍ਰ ਤਾਂਹਿ।ਕਰ ਬੰਦਿ ਬੰਦਨਾ ਬੈਠਿ ਪਾਹਿ। 'ਦਿਜ ਜੂ! ਗੁਰੂ ਕੀ ਦੇਗ਼ ਲੇਹੁ। ਸਭਿ ਰੰਕ ਰਾਵ ਲੇ ਖਾਤਿ ਏਹੁ॥ ੧੯॥ ਪ੍ਰਭੁ ਪਠਿਓ ਹਮਹਿ ਤੁਮ ਕਰਨਿ ਮਾਨ। ਕਿਸ ਦੇਸ਼ ਅੱਗ੍ਰ ਕਰਿ ਹੋ ਪਯਾਨ?। ਕਿਸ ਨੱਗ੍ਰ ਦੇਸ਼ ਰਾਵਰਿ ਨਿਕੇਤ?ਪ੍ਰਸਥਾਨ ਕਰਨਿ ਕੌ ਕੌਨ ਹੇਤੁ?'॥੨੦॥ਸੁਨਿ ਬਿੱਪ੍ਰ ਭਨਯੋ 'ਸ਼ਿਵ ਨਗਰ' ਬੀਚ। ਘਰ ਤਹਾਂ, ਮੋਖ ਜਹਿ ਊਚ ਨੀਚ। ਚਿਰਕਾਲ ਬਿਤਯੋ ਚਿਤ ਚਹਤਿ ਭੂਰ।ਜ੍ਵਾਲਾਮੁਖੀ ਪਰਸਨਿ ਜ਼ਰੂਰ॥੨੧॥ ਔਚਕ ਸੁ ਭਈ ਅਬਿਕੇ ਬਿਸਾਲ। ਬਿਨ ਇੱਛ ਤਯਾਰ ਭੇ ਲੋਕ ਜਾਲ। ਮਹਿਮਾ ਹਮਹਿਂ ਸੁ ਗੁਰ ਕੀ ਸੁਨੰਤਿ। ਨਿਤ ਦੇਤਿ ਦਾਨ ਕੀਰਤਿ ਲਹੰਤਿ ॥੨੨॥ਅਬਿ ਆਨਿ ਭਯੋ ਤਿਨ ਨਗਰ ਡੇਰ।ਮਿਲਿ ਕਰਿ ਕ੍ਰਿਪਾਲ ਗਮਨੈਂ ਸੁ ਫੇਰ। ਹਮਰੋ ਬਖਾਨ ਆਸ਼ੀਰ ਬਾਦ।ਪ੍ਰਭੁ ਮਿਲਉਂ ਆਨਿ,ਜਬਿ ਕਰਹਿ ਯਾਦ' ॥੨੩॥ ਸੁਨਿ ਦਯਾਰਾਮ ਅਰੁ ਨੰਦਚੰਦ। ਸਭਿ ਭਨੀ ਗਾਥ, ਢਿਗ ਗੇ ਮੁਕੰਦ। ਗੁਰ ਕਹਯੋ ਫੇਰ 'ਸੁਧਿ ਲੇਹੁ ਸਰਬ। ਸਹਿ ਬਿੱਦ੍ਯ ਗੁਨੀ ਕੈ ਹੋਤਿ ਗਰਬ'[*] ॥ ੨੪ ॥ ਸੁਨਿਕੈ ਦਿਵਾਨ ਸਭਿ ਕਿਛ ਪੁਚਾਇ। ਬਾਂਛਤਿ ਜਿ ਵਸਤੁ ਸੋ ਸੋ ਬਤਾਇ। ਦਿਨ ਗਯੋ ਬੀਤ ਰਹਿ ਜਾਮ ਏਕ। ਕੁਛ ਕਰਿ ਅਰਾਮ ਸਾਗਰ ਬਿਬੇਕ ॥ ੨੫ ॥ ਸੁੱਖਾ ਅਫੀਮੁ ਛਕਿ ਸੌਰ ਠਾਨਿ*। ਤਿਸ ਕਾਲ ਬਹੁਰ ਕਰਿਕੈ ਸ਼ਨਾਨ। ਤਨ ਬਸਤ੍ਰ ਸ਼ਸਤ੍ਰ ਕੋ ਪਹਿਰ ਲੀਨ। ਕਲਗ਼ੀ ਸੁ ਜਿਗਾ ਸਿਰ ਧਰਨਿ ਕੀਨਿ ॥੨੬॥ ਮੰਦਿਰ ਸੁਵਰਨ ਮੁਕਰਨਿ ਜਰਾਇ। ਤਿਹ ਹੇਮ ਸਿੰਘਾਸਨ ਕੋ ਡਸਾਇ। ਸਿਤ ਆਸਤਰਨ ਬੰਧਾਨ ਕੀਨਿ। ਰੇਸ਼ਮ ਸੁ ਡੋਰ ਗੁੰਫਾਨਿ ਪੀਨ ॥੨੭॥ਤਿਸ ਪਰ ਬਿਰਾਜਿ ਕਰੁਨਾ ਨਿਧਾਨ। ਸਭਿ ਥਿਰੇ ਸਮੀਪੀ ਨਿਕਟ ਆਨਿ। ਗੁਲਵਾਨ ਚਤੁਰ ਕਵਿ ਬੁੱਧਿਵੰਤ। ਜੋ ਲਖਹਿ ਭੇਦ ਬਡ ਰਸਾਭਵੰਤ ॥ ੨੮ ॥ ਤਬਿ ਦਯਾਰਾਮ ਕੋ ਢਿਗ ਬੁਲਾਇ। 'ਦਿਜ ਲਯਾਉ ਜਾਉ, ਨਹਿ ਬਿਲਮ ਲਾਇ'। ਸੁਨਿ ਹੁਕਮ ਗਯੋ ਅਸਵਾਰ ਹੋਇ। ਤਿਸ ਨਿਕਟ ਜਾਇ ਕਹਿ ਬਾਕ ਸੋਇ[*] ॥ ੨੯ ॥ 'ਗੁਰ ਕਰਤਿ ਯਾਦ, ਚਲੀਅਹਿ ਹਜ਼ੂਰ। ਤਤਕਾਲ ਚਢਯੋ ਸੁਨਿ ਬਹਿਲ ਰੂਰ। ਆਯੋ ਸਮੀਪ ਨਰ ਕਿਤਿਕ ਸਾਥ। ਪਠਿ ਆਸ਼ਿਖ[*] ਸ੍ਰੀ ਢਲ

---

[*]ਕਾਂਸ਼ੀ। [*]ਭਾਵ ਵਿਦਯਾ ਵਾਲਾ ਗੁਣੀ ਹੰਕਾਰੀ ਹੁੰਦਾ ਹੈ। [*]ਉਸ ਨੇ। [*]ਅਸ਼ੀਰਬਾਦ ਪੜ੍ਹੀ।

*ਦੇਖੋ ਰਾਸਿ ੪ ਅੰਸੂ ੪੪ ਅੰਕ ੧੧ ਦੀ ਤੇ ਰੁਤ ੨ ਅੰਸੂ ੪੪ ਅੰਕ ੨੦ ਦੀ ਹੇਠਲੀ ਟੂਕ।

Sri Satguru Jagjit Singh Ji eLlibrary NamdhariElibrary@gmail.com

ਲੀਨਿ ਹਾਥ॥ ੩੦ ॥ ਗੁਰ ਅੱਗ੍ਰ ਅਰਪਿ ਕਰਿ ਦਰਸ ਕੀਨਿ। ਤਬਿ ਚੌਕੀ ਦਾਸ ਡਸਾਇ ਦੀਨਿ*। ਬਰ ਬਿੱਪ੍ਰ ਬੈਠਿ ਅਵਿਲੋਕਿ ਰੂਪ[੧]।-ਮਨ ਮੋਹਨ ਕ੍ਰਿਸ਼ਨ ਕਿ ਤਨ ਅਨੂਪ ॥ ੩੧ ॥ ਜਿਮ ਕਹ੍ਯੋ ਪੁਰਾਨਨਿ ਮਹਿਂ ਸੁਭਾਇ। ਤਿਮ ਸੁੰਦਰ ਤਨ ਗੁਨ ਜੁਤਿ ਸੁਹਾਇ। ਆਕਰਖ ਸੁ ਚਿਤ ਬਰਬਸਹਿਂ ਲੇਤਿ[੨]-। ਗੁਰ ਕੋ ਸਮਰਥ ਲਖਿ ਬਲ ਨਿਕੇਤ ॥ ੩੨ ॥ ਤਬਿ ਦਯਾਸਿੰਘੁ ਬੂਝ੍ਯੋ ਸੁ ਤੌਨ। 'ਦਿਜ ਜੂ! ਕਹਹੁ ਤੁਮ ਇਸ਼ਟ ਕੌਨ ? ਕਿਹ ਕੋ ਅਰਾਧ ਸੇਵਤਿ ਮਹਾਨ ? ਕਿਸ ਨਿਕਟ ਚਹਤਿ ਆਪਨ ਕਲ੍ਯਾਨ ?' ॥ ੩੩ ॥ ਦਿਜ ਕਹੈ ਸੁ ਕੇਸ਼ਵ ਦਾਸ ਫੇਰ। 'ਹਮ ਇਸ਼ਟ ਚੰਡਿਕਾ ਸਭਿ ਬਡੇਰ। ਜਿਹ ਨਿਕਟ ਜਾਚਤੇ ਦੇਵ ਸਰਬ। ਜਿਹ ਖੰਡ ਕੀਨਿ ਸ਼ੱਤ੍ਰੁਨਿ ਗਰਬ† ॥੩੪॥ ਤਿਸ ਜਗਤ ਮਾਤ ਕੋ ਮੁੱਖ੍ਯ ਥਾਨ। ਜ੍ਵਾਲਾਮੁਖੀ ਸੁ ਬਿਦਤਨੈਂ ਜਹਾਨ। ਤਿਸ ਦਰਸ ਪਰਸਿਬੇ ਹਰਸ਼[੩] ਧਾਰਿ। ਘਰ ਦੇਸ਼ ਦੂਰ ਤਜਿਕੈ ਪਧਾਰਿ ॥੩੫॥ ਸਭਿ ਆਦਿ ਸ਼ਕਤਿ ਦੇਵਾਨ ਦੇਵ। ਬ੍ਰਹਮਾਦਿ ਜੋਹਿ ਕੀ ਕਰਤਿ ਸੇਵ।

---

[੧]ਬ੍ਰਾਹਮਣ ਨੇ ਬੈਠਕੇ ਡਿੱਠਾ ਗੁਰੂ ਜੀ ਦਾ ਰੂਪ। [੨]ਮੱਲੋਮੱਲੀ ਚਿਤ ਨੂੰ ਖਿੱਚ ਲੈਂਦੇ ਹਨ। [੩]ਅਨੰਦ।

*ਬ੍ਰਾਹਮਣਾਂ ਦਾ ਇੰਨਾ ਸਤਿਕਾਰ ਕਿ ਸਤਿਗੁਰ ਦੇ ਹਜ਼ੂਰ ਚੌਂਕੀ ਡਾਹ ਕੇ ਕੋਈ ਬੈਠ ਸਕੇ ਤਦੋਂ ਰਿਵਾਜ ਨਹੀਂ ਸੀ। ਇਹ ਬੀ ਬ੍ਰਾਹਮਣਾਂ ਦੇ ਜ਼ੋਰ ਸਮੇਂ ਦਾ ਤ੍ਰੀਕਾ ਸੀ ਜੋ ਏਥੇ ਕਲਪ ਲਿਆ ਗਿਆ ਹੈ। ਅਗਲੀਆਂ ਤੁਕਾਂ ਵਿਚ ਬ੍ਰਾਹਮਣ ਗੁਰੂ ਜੀ ਨੂੰ ਸਮਰਥ ਤੇ ਅਵਤਾਰ ਮੰਨ ਲੈਂਦਾ ਹੈ, ਫਿਰ ਕਿਵੇਂ ਬਰਾਬਰੀ ਵਿਚ ਬੈਠ ਸਕਦਾ ਹੈ। ਫਿਰ ਪੰਜਵੀਂ ਰੁਤ ਦੇ ਕਬਿੱਤਾਂ ਵਿਚ ਬੜੇ ਬੜੇ ਕਵੀ ਤੇ ਬ੍ਰਾਹਮਣ ਪੰਡਿਤ ਸਤਿਗੁਰੂ ਜੀ ਨੂੰ ਗੁਰ ਅਵਤਾਰ ਤੇ ਗੋਬਿੰਦ ਅਵਤਾਰ ਪ੍ਰਤੱਖ੍ਯ ਵੇਖਕੇ ਮੰਨ ਰਹੇ ਹਨ, ਅਵਤਾਰ ਮੰਨ ਕੇ ਚੌਂਕੀ ਤੇ ਬੈਠਣ ਦਾ ਹੀਆ ਕੌਣ ਕਰ ਸਕਦਾ ਹੈ।

†ਕਵਿ ਜੀ ਪਿੱਛੇ ਰਾਸਿ ੧੧ ਅੰਸੂ ੫੦ ਅੰਕ ੧੨, ੧੩, ੧੫, ੧੭ ਵਿਚ ਦੱਸ ਆਏ ਹਨ ਕਿ ਦੇਵੀ ਦੈਂਤਾਂ ਤੋਂ ਨੱਸ ਕੇ ਛਪਦੀ ਫਿਰੀ ਤੇ ਦਸਮੇਸ਼ ਜੀ (ਦੁਸ਼ਟ ਦਮਨ) ਨੇ ਉਸ ਦੀ ਰੱਖ੍ਯਾ ਕੀਤੀ, ਹੁਣ ਕੇਸ਼ਵ ਦਾਸ ਜੀ ਦੱਸ ਰਹੇ ਹਨ ਕਿ ਉਸ ਨੇ ਸਾਰੇ ਵੈਰੀਆਂ ਦਾ ਗਰਬ ਦੂਰ ਕੀਤਾ ਸੀ, ਪਿਛਲੇ ਲੇਖ ਨਾਲ ਏਹ ਢੁਕਦਾ ਨਹੀਂ। ਫਿਰ ਦੇਖੋ ਜਿਸ ਦੀ ਰੱਖ੍ਯਾ ਗੁਰੂ ਜੀ ਨੇ ਕੀਤੀ ਉਸ ਨੂੰ ਅਜਿੱਤ ਸਮਝਕੇ ਸੱਦਣ ਦੀ ਕੀ ਲੋੜ ਹੈ ਤੇ ਜੇ ਉਹ ਹੈ ਤੇ ਕ੍ਰਿਤੱਗ੍ਯ ਹੈ ਤਾਂ ਆਪਣੇ ਰੱਖਣ ਹਾਰ ਦੀ ਕੁਮਕ ਲਈ ਆਪੇ ਆਵੇ, ਅਰਾਧਨਾ ਦੀ ਖੇਚਲ ਕਿਉਂ ਦੇਵੇ ?

ਲਿਵ ਲਗੀ ਸਦਾ ਤਿਸ ਨਾਮ ਕੇਰ। ਮੈਂ ਕਰੌਂ ਧਯਾਨ ਪੂਜਾ ਘਨੇਰ'॥੩੬॥ ਸੁਨਿ ਗੁਰੂ ਬੂਝਨਾ ਕੀਨਿ ਤਾਂਹਿ। 'ਜਗ ਮਾਤ ਪੂਜਿਬੇ ਹਮਹਿ ਚਾਹਿ। ਜਿਸ ਤੇ ਪ੍ਰਤੱਛ ਹੁਇ ਦਰਸ ਦੇਹਿ। ਹਮ ਹੇਰਿ ਰੂਪ ਬਰ ਮਾਂਗ ਲੇਹਿ* ॥੩੭॥ ਤੁਮ ਪੈ ਬਿਧਾਨ ਇਹ ਸਕਲ ਆਇ। ਕੀਜੈ ਪ੍ਰਯੋਗ ਸਭਿ ਬਿਧਿ ਬਨਾਇ। ਚਹੀਏ ਸਮਿੱਗ੍ਰੀ ਤਬਿ ਜਿਤੇਕ†। ਜੋ ਦੁਲਭ ਹੋਇ ਕਹੀਯਹਿ ਤਿਤੇਕ ॥੩੮॥ ਜਿਮ ਮੰਤ੍ਰ ਪਾਠ ਅਰੁ ਹਮਨ ਹੋਇ। ਰਹਿ ਕਿਤਿਕ ਕਾਲ ਲਗਿ, ਕਹਹੁ ਸੋਇ। ਗਨ ਦਿਜਨ ਭਨੀ ਮਹਿਮਾ ਤੁਮਾਰ। ਬਿਧਿ ਚੰਡਿ ਪੂਜਿਬੇ ਮਹਿ ਉਦਾਰ ॥ ੩੯ ॥ ਦੋਹਰਾ ॥ ਪ੍ਰਾਪਤਿ ਹੋਇਓ ਆਨ ਕਰਿ ਹੈ ਜਿ ਬਿਧਾਨ ਪ੍ਰਬੀਨ[1]। ਕਰਹੁ ਬਿਦਾਂਤ ਸ੍ਰੀ ਚੰਡਿਕਾ ਤੇਜ ਤੁਰਕ ਹਿਤ ਹੀਨ[2]। ॥੪੦॥ ਸ੍ਰੀ ਕਲਗ਼ੀਧਰ ਕੇ ਬਚਨ ਸੁਨਿ ਕਰਿ ਸਭਿ ਦਿਜ ਗਾਇ। ਕੌਤਿਕ ਸਮੈਂ ਬਿਚਾਰ ਕਰਿ ਬੋਲਨ ਚਾਹਿ ਉਠਾਇ ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ ਕੇਸ਼ਵ ਦਾਸ ਦਿਜ ਮਿਲਨ ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

## ੫. [ਸਮਿੱਗ੍ਰੀ ਮੰਗਾਉਣੀ]।

ਦੋਹਰਾ ॥ 'ਸ੍ਰੀ ਸਤਿਗੁਰ ਮਹਾਂਰਾਜ ਪ੍ਰਭੁ! ਸੁਨਿਯਹਿ ਹੇਤੁ ਜਿਤੇਕ। ਹਮਨ ਕਰਨਿ ਅਰੁ ਬਲੀ ਮਹਿ ਚਹਿਹਿ ਬਨਹਿ ਤਿਤੇਕ[3] ॥ ੧ ॥ ਚੌਪਈ ॥ ਪ੍ਰਥਮੈ ਘਨੋ ਦਰਬ ਹੀ ਚਹੀਯਹਿ। ਜਿਸ ਤੇ ਸਭਿ ਕਾਰਜ ਨਿਰਬਹੀਯਹਿ। ਲਾਖ ਅਹੂਤੀ ਦੇਬੇ ਹੇਤੁ। ਮੇਲ ਸਮਿੱਗ੍ਰੀ ਲੇ ਧਨ ਦੇਤਿ ॥ ੨ ॥ ਲਾਖਹੁ ਕੀ ਗਿਨਤੀ ਤਬਿ ਹੁਇ। ਸਧਹਿ ਹਜ਼ਾਰਨਿ ਤੇ ਨਹਿ ਸੋਇ[4]। ਪੁਨ ਛਤ੍ਰੀ ਸ਼ੁਧ[5] ਸਭਿ ਬਿਧਿ ਜਾਨੋ। ਨ੍ਰਿਭੈ ਆਦਿ ਗੁਨ ਮੈਂ ਜਿਸ ਮਾਨੋ॥੩॥ ਜਬਿ ਤੇ ਹਮਨ ਕਰਨਿ ਲਗਿ ਪਰੈਂ। ਤਬਿ ਤੇ ਨੇਮ ਬਿਖਮ ਸਭਿ ਧਰੈ[6]। ਬ੍ਰਹਮਚਰਜ ਤੇ ਆਦਿਕ ਜੋਈ। ਮਨ ਦ੍ਰਿੜ ਰਾਖਿ, ਨ ਡੋਲਨਿ ਦੋਈ‡॥੪॥ ਸਰਬ ਰਿਖੀਕ ਜੀਤ ਕਰਿ ਰਹੈ। ਸੁਨਹਿ ਨ ਬਹੁ ਕਿਛ ਮੁਖ ਨਹਿ ਕਹੈ।

---

[1]ਬਿਧੀ (=ਤ੍ਰੀਕਾ) ਵਿਚ ਪ੍ਰਬੀਨ। [2]ਤੁਰਕਾਂ ਦੇ ਤੇਜ ਦੇ ਨਾਸ਼ ਵਾਸਤੇ। [3]ਇਕੱਠਾ ਕਰਨਾ ਬਣਦਾ ਹੈ ਤਿਤਨਾ ਕੁ। [4]ਹਜ਼ਾਰਾਂ ਰੁਪੱਯਾਂ ਨਾਲ ਸੋ (ਉਹ ਕਾਰਜ) ਨਹੀਂ ਸਿੱਧ ਹੋਵੇਗਾ। [5]ਸ਼ੁਧ ਜੋ ਪਵਿੱਤ੍ਰ ਹੋਵੇ। [6]ਕਠਨ ਨੇਮ (ਜੋ ਅਸੀਂ ਦੱਸਦੇ ਹਾਂ) ਧਾਰਨ ਕਰੇ (ਉਹ ਖੱਤ੍ਰੀ)।

*ਇਹ ਵਾਕ ਦਸਮ ਸਤਿਗੁਰ ਜੀ ਦੇ ਜਾਪਦੇ ਨਹੀਂ ਕਿਉਂਕਿ ਆਪ ਸ੍ਰੀ ਅਕਾਲ ਪੁਰਖ ਜੀ ਨੂੰ ਸਨਮੁਖ ਕਰਕੇ ਆਖ ਰਹੇ ਹਨ:—'ਤੁਮਹਿ ਛਾਡਿ ਕੋਈ ਅਵਰ ਨ ਧਿਆਊਂ ॥ ਜੋ ਬਰ ਚਹੋਂ ਸੁ ਤੁਮ ਤੇ ਪਾਊਂ' ॥ [ਚੌ: ਅੰਕ ੪] ਪੁਨ:—'ਨ ਨਾਮ ਆਨ ਕੇ ਜਪੋਂ' 'ਨ ਧਿਆਨ ਆਨ ਕੋ ਧਰੋਂ' ॥ [ਬਚਿ: ਨਾ: ੩੬-੩੭-੩੮]

†ਪਾਠਾਂਤ੍ਰ—'ਤਿਹ ਹਿਤ ਸਮਿੱਗ੍ਰੀ ਚਹਿ ਜਿਤੇਕ।'

‡ਪਾ:—ਮਨ ਦ੍ਰਿੜ੍ਹ ਰਾਖਨਿ, ਡੋਲ ਨ ਦੇਈ।

Sri Satguru Jagjit Singh Ji eLlibrary NamdhariElibrary@gmail.com

ਸੰਜਮ ਮਹਿੰ ਤਨ ਮਨ ਕੌ ਰਾਖੈ। ਏਕ ਅਰਾਧਨ ਮੈਂ ਅਭਿਲਾਖੈ॥੫॥ਅਬਿ ਕਲਜੁਗ ਕੌ ਕਾਲ ਕਰਾਲਾ। ਨਹਿੰ ਮਨ ਸੁਧਰਹਿ- ਧਰਹਿ ਬਿਕਾਲਾ[1]। ਪੂਜਾ ਕਰਨਿ ਕਰਾਵਨਹਾਰੇ। ਦੋਨਹੁ ਨੇਮ ਨ੍ਰਿਬਾਹਹਿੰ ਸਾਰੇ ॥ ੬ ॥ ਸਤਿ-ਜੁਗ ਤ੍ਰੇਤਾ ਦ੍ਵਾਪੁਰ ਮਾਂਹੀ। ਸੁਗਮ ਚੰਡਿਕਾ ਦਰਸ਼ਨ ਨਾਂਹੀ। ਅਬਿ ਕਲਿਕਾਲ ਪ੍ਰਬਿਰਤਯੋ ਭਾਰੀ॥ਭਈ ਭ੍ਰਿਸ਼ਟ ਬਹੁ ਸ੍ਰਿਸ਼ਟੀ ਸਾਰੀ॥੭॥ ਤਜਿ ਭੁਜਿ ਮ੍ਰਿਤੁ ਲੋਕ ਸੁਰ ਸਾਰੇ॥ਮੇਰੁ ਆਦਿ ਗਿਰ ਬਿਖੈ ਪਧਾਰੇ॥ਗੋਰਖ ਆਦਿ ਸਿੱਧ ਜਗ ਵਿਰਤੇ। ਪਿਖਿ ਅਧਰਮ ਕੋ ਅਬਿ ਨ ਬਿਚਰਤੇ॥੮॥ਯਾਂਤੇ ਬਹੁ ਦੁਹਸਾਧਯਾ ਦੇਵੀ[2]। ਦਰਸ ਪ੍ਰਤੱਛ ਦਿਖਾਇ ਅਭੇਵੀ[3]। ਧਨ ਕੀ ਸੁਨਹੁ ਤਹਾਂ ਤੇ ਆਵੈ। ਨਹੀ ਰਸਾਇਨ ਕੋ ਜੁ ਬਨਾਵੈ॥੯॥ ਤੁਮ ਢਿਗ ਰਾਜ ਨ ਅਵਨੀ ਕੇਰਾ। ਜਿਸ ਕਰਿ ਆਵੈ ਦਰਬ ਘਨੇਰਾ॥ ਤੁਰਕ ਤੇਜ ਤਪ ਰਹਯੋ ਬਿਸਾਲਾ॥ਕਰਹਿ ਕਰਾਵਹਿ ਪਾਪ ਕੁਚਾਲਾ॥੧੦॥ਇਸ ਬਿਧਿ ਬਹੁਤ ਬਿਖਮ ਹੀ ਜਾਨੋ॥ਸ਼ਕਤਿ ਧਰਹੁ ਤੁਮ ਰਹਹੁ ਜਿ ਠਾਨੋ'॥ਸੁਨਿਕਰਿ ਦਯਾਰਾਮਤਬਿ ਬੋਲਾ। 'ਪ੍ਰਭੁ ਦਿਸ਼ਿ ਤੇ ਚਿਤ ਰਖਹੁ ਅਡੋਲਾ ॥ ੧੧ ॥ ਧਨ ਕੀ ਕਮੀ ਨ ਇਨ ਕੋ ਕੋਈ। ਜਿਨ ਕੋ ਕਰ ਪਾਰਸ ਹੀ ਹੋਈ[4]। ਛੱਤ੍ਰੀ ਸ਼ੁੱਧ ਮਹਾਨ ਮਹਾਨੇ। ਪ੍ਰਥਮ ਜੁਗਨਿ ਨਹਿ ਇਨਹਿੰ ਸਮਾਨੇ ॥੧੨॥ ਸੂਰਜਬੰਸ ਬਿਖੈ ਜਨਮਏ॥ਜਿਸ ਮਹਿ ਮਹਾਂ ਧਨੁਰ ਧਰ[5] ਥਿਏ॥ਰਾਮਚੰਦ ਆਦਿਕ ਬਲਵੰਤੇ। ਰਘੁ, ਦਿਲੀਪ, ਨ੍ਰਿਪ ਸਗਰ[6] ਭਨੰਤੇ ॥ ੧੩ ॥ ਇੰਦ੍ਰਜਿਤ ਇਨ ਕੌ ਨ ਸਮਾਨਾ॥ਗਿਨੀਐ ਕੌਨ ਮਹਾਨ ਮਹਾਨਾ[7]॥ਚਤੁਰਪੁੱਤ੍ਰ ਹਿਤ ਚਾਰਹੁੰਬਾਰੀ[8]। ਬ੍ਰਹਮਚਰਜ ਬੀਤੀ ਬਧ ਸਾਰੀ ॥ ੧੪ ॥ ਜਿਸ ਕੋ ਬਰਨ ਕਰਹਿੰ ਇਕ ਬਾਰੇ। ਤਿਸ ਕੋ ਮਨ ਟਿਕ ਜਾਹਿ ਸੁਖਾਰੇ। ਨਿਜ ਮਨ ਬਸ ਕਰਿਬੇ ਕਯਾ ਕਹੀਯਹਿ। ਜਨਕ ਸਮਾਨ ਬ੍ਰਿਤੀ ਜਿਨ ਲਹੀਯਹਿ* ॥ ੧੫ ॥ ਸਤਿਗੁਰ ਦਿਸ਼ਿ ਤੇ ਰਖਹੁ ਭਰੋਸਾ। ਜਿਨ ਮਹਿ ਲਖਹੁ ਆਦਿ ਸੰਤੋਸ਼ਾ[9]॥ ਆਪ ਕਰੋ ਕੌਤਿਕ ਦਿਨ ਥੋਰਾ। ਕਹਯੋ ਨ ਮਾਨਹੁੰ ਲਿਹੁ ਦ੍ਰਿਗ ਹੇਰਾ'॥ ੧੬ ॥ ਇਮ

[1]ਵਿਕਾਰਾਂ ਨੂੰ ਧਾਰਦਾ ਹੈ। [2]ਕਠਨਤਾ ਨਾਲ ਸਾਧੀ ਜਾਣ ਵਾਲੀ ਹੈ ਦੇਵੀ। [3]ਪ੍ਰਤੱਖ ਦਰਸ਼ਨ ਦਿਖਾਉਣ ਦੇ ਭੇਤ ਨੂੰ ਨਾ ਦੇਣ ਵਾਲੀ ਹੈ। [ਸਿਸ:, ਭੇਵ=ਭੇਦ, ਮਰਮ। ( ਅ ਹਿੰਦੀ ਭੇਵਨਾਂ ਤੋਂ ਭੇਵ। ਅਭੇਵੀ=ਨਾ ਭਿੱਜਣ ਵਾਲੀ ]। [4]ਜਿਨ੍ਹਾਂ ਦਾ ਹੱਥ ਹੀ ਪਾਰਸ ਹੈ। [5]ਧਨੁਖ ਧਾਰੀ। [6]ਰਾਜਿਆਂ ਦੇ ਨਾਮ ਹਨ। [7]ਵਡਿਆਂ ਤੋਂ ਵਡਾ। [8]ਚਾਰ ਬਾਰ (ਗ੍ਰਿਹਸਥ ਕੇਵਲ ਕੀਤਾ ਹੈ)। [9]ਸੰਤੋਖ ਆਦਿ ਗੁਣ।

*ਭਾਈ ਨੰਦ ਲਾਲ ਨੇ ਤਾਂ ਸਭ ਤੋਂ ਉੱਚੇ ਆਪ ਨੂੰ ਦੱਸਿਆ ਹੈ।

Sri Satguru Jagjit Singh Ji eLlibrary NamdhariElibrary@gmail.com

ਸਤਿਗੁਰ ਕੇ ਰੁਖ ਕੋ ਜਾਨਿ।ਦਯਾਰਾਮ ਨੇ ਕੀਨਿ ਬਖਾਨ। ਸ੍ਰੀ ਪ੍ਰਭੁ ਕਹਯੋ 'ਸਿਵਰ ਕੋ ਘਾਲਹੁ। ਤੁਰਕਨਿ ਛੈ ਕੌ ਕਾਜ ਬਿਸਾਲਹੁ॥ ੧੭ ॥ ਜੋ ਤੁਮ ਕਾਂਖਹੁ ਭਾਖਹੁ ਜੈਸੇ। ਤੂਰਨ ਸਭਿ ਤਯਾਰੀ ਹੁਇ ਤੈਸੇ। ਹੋਤਿ ਪ੍ਰਾਤਿ ਧਨ ਤੁਮਹਿਂ ਦਿਖਾਵਹਿਂ। ਸਕਲ ਸੌਜ ਤਤਕਾਲ ਅਨਾਵਹਿਂ* ॥ ੧੮॥ ਅਪਰ ਕਹਾਂ ਕਹਿਯੈ ਤੁਮ ਤਾਂਈ। ਰਹਹੁ ਪਰਖਿਯੇ ਲਖੋ ਸੁ ਜਾਈ[1]। ਕੇਸ਼ਵ-ਦਾਸ ਸੁਨਤਿ ਪੁਨ ਕਹਯੋ। 'ਅਤਿ ਦੁਹੁ-ਸਾਧ ਕਰਮ ਸਭਿ ਲਹਯੋ ॥੧੯॥ ਤੁਮ ਸਮਰਥ ਤੇ ਸਭਿ ਬਨਿ ਆਵੈ। ਕਰਹੁ ਅਕਰਨ ਜਥਾ ਮਨ ਭਾਵੈ। ਆਛੀ ਬਾਤ,ਕਰੋਂ ਮੈਂ ਡੇਰਾ।ਕਾਜ ਸਿੱਧ ਇਹੁ ਪੁੰਨ ਬਡੇਰਾ॥੨੦॥ ਬਿਦਤਿ ਹੋਇਾ ਤੁਮ ਕੇ ਜਗਮਾਤਾ। ਜਗ ਤੁਰਕਾਨ ਤੇਜ ਪੁਨ ਹਾਤਾ। ਹਿੰਦੂ ਧਰਮ ਕੌ ਹੈ ਇਹ ਬਾਰਾ[2]। ਨਾਂਹਿਤ ਜਾਤਿ ਨਸ਼ਟ ਹ੍ਵੈ ਸਾਰਾ[3]॥੨੧॥ ਇਮ ਕਹਿ ਬਿੱਪ੍ਰ ਬਾਗ ਮਹਿ ਆਯੋ। ਡੇਰਾ ਕਰਿ ਮੁਕਾਮ ਹਰਖਾਯੋ।ਉਤ ਸਤਿ-ਗੁਰ ਚਾਹਤਿ ਕ੍ਰਿਤ ਕੀਨਾ। ਸਿੱਧ ਮਨੋਰਥ ਹ੍ਵੈ ਹਿਤ ਭੀਨਾ ॥ ੨੨ ॥ ਘਰੀ ਨਿਸਾ ਕਰਿ ਖਾਨੁ ਰੁ ਪਾਨਾ।ਸੁਪਤਿ ਜਥਾਸੁਖ ਕ੍ਰਿਪਾਨਿਧਾਨਾ।ਬਡੀ ਪ੍ਰਾਤਿ ਉਠਿ ਸੌਚ ਸ਼ਨਾਨੇ। ਪਹਿਰੇ ਬਸਤ੍ਰ ਸ਼ਸਤ੍ਰ ਦੁਤਿਵਾਨੇ ॥੨੩॥ਦਿਨਪਤਿ[4] ਉਦੇ ਭਯੋ ਹਰਖਾਏ। ਸਿੱਖ ਮਸੰਦ ਦਾਸ ਭਟ ਆਏ। ਕਰਿ ਪਗ ਬੰਦਨ ਪਾਸ ਥਿਰੇ ਹੈਂ। ਸ੍ਰੀ ਕਲਗ਼ੀਧਰ ਹੁਕਮ ਕਰੇ ਹੈਂ:—॥ ੨੪ ॥ 'ਕਾਰਦਾਰ ਗੁਰ ਘਰ ਕੇ ਜੇਤੇ। ਇਕ ਥਲ ਮਿਲਿ ਕਰਿ ਅਬਿ ਤੁਮ ਤੇਤੇ। ਪਰਸੈਂ ਜੇਤਿਕ ਰਖੀ ਅਕੋਰ। ਸਭਿ ਕੋ ਕਰੋ ਏਕ ਥਲ ਜੋਰ॥੨੫॥ਆਨ ਸੁਨਾ-ਵਹੁ ਧਨ ਹ੍ਵੈ ਕੇਤਾ। ਅਬਿ ਕੇ ਮੇਲੇ ਆਯਹੁ ਜੇਤਾ। ਸੁਨਿ ਕਰਿ ਹੁਕਮ ਮਿਲੇ ਤਬਿ ਸਾਰੇ। ਸਭਿ ਅਕੋਰ ਕੋ ਕੀਨਿ ਸ਼ੁਮਾਰੇ[5]॥੨੬॥ ਧਨ ਨੌ ਲਾਖ ਕਰੀ ਮਿਲਿ ਗਿਨਤੀ।ਪ੍ਰਭੁ ਢਿਗ ਭਨੀ।ਜੋਰਿ ਕਰ ਬਿਨਤੀ।ਸ੍ਰੀਮੁਖ ਹੁਕਮ ਕਰਯੋ ਸੁਨਿ ਲੀਜੈ। 'ਸਕਲ ਕੋਸ਼ ਮਹਿ ਜਮਾ ਕਰੀਜੈ ॥ ੨੭ ॥ ਸੰਗਤਿ ਅਰੁ ਮਸੰਦ ਜਿਸੁ ਦੇਸ਼।ਨਹਿ ਆਏ ਸੋ ਲਖਹੁ ਅਸ਼ੇਸ਼॥ਲਿਖਹੁ ਹੁਕਮਨਾਮੇ ਤਿਨ ਤਾਂਈਂ। ਗੁਰ ਧਨ ਸਗਰੋ ਦੇਹੁ ਪੁਚਾਈ ॥ ੨੮ ॥ ਜੇਤਿਕ †ਸਿਖ ਸੰਗਤਿ ਅਬਿ ਆਏ। ਕਰਹੁ ਬਿਸਰਜਨ[6] ਦੇ ਸਿਰੁਪਾਏ। ਸੁਭਟਨਿ ਕੌ

---

[1]ਰਹੋ ਪਰਖੇ (ਆਪੇ) ਜਾਣ ਲਓਗੇ। [2]ਇਹ ਵੇਲਾ ਹੈ। (ਅ) ਵਾੜਾ ਭਾਵ ਰੱਖਯਕ ਹੈ ਗੁਰ ਸਿੱਖੀ ਦਾ ਮੰਡਲ। [3]ਸਾਰਾ ਨਸ਼ਟ ਹੋ ਜਾਂਦਾ। [4]ਸੂਰਜ। [5]ਗਿਣਤੀ। [6]ਵਿਦਾ। *ਪੰਡਿਤ ਦੀ ਤਸੱਲੀ ਲਈ ਧਨ ਦਿਖਾਉਣਾ ਇਕ ਨਿਊਨਤਾ ਹੈ ਜੋ ਮਾਮੂਲੀ ਜਿਹਾ ਅਮੀਰ ਬੀ ਨਹੀਂ ਸਹਿ ਸਕਦਾ, ਫੇਰ ਗੁਰੂ ਜੀ ਕਦ ਏਡੇ ਨੀਵੇਂ ਜਾ ਸਕਦੇ ਹਨ! †ਪਾ:—ਹੋਨਿ।

Sri Satguru Jagjit Singh Ji eLlibrary NamdhariElibrary@gmail.com

ਦੀਜੈ ਦਰਮਾਹਾਂ। ਰੁਖਸਦ ਕਰਹੁ ਜਾਹਿ ਘਰ ਮਾਹਾਂ*॥੨੯॥ਕੇਤਿਕ ਸਮੈਂ ਬਸਹਿ ਪੁਨ ਆਵੈਂ। ਨਿਜ ਕੁਟੰਬ ਮਹਿ ਬੈਸ ਬਿਤਾਵੈਂ'। ਸਚਿਵ, ਮਸੰਦ, ਖ੍ਵਾਸ[੧], ਦਿਵਾਨ। ਸੁਨਿ ਗੁਰੁ ਕਾਜ ਭਏ ਸਵਧਾਨ ॥ ੩੦ ॥ ਜਥਾ ਜੋਗ ਮਿਲਿ ਸਭਿਹਿਨਿ ਕੀਨਾ। ਦੇਨਿ ਲੇਨਿ ਜਿਸ ਬਿਧਿ ਕੋ ਚੀਨਾ।ਰੁਖ-ਸਦ ਕਰੇ ਦਏ ਸਿਰੁਪਾਊ। ਲੇ ਕਰਿ ਗਮਨੇ ਸਿਖ ਸਮੁਦਾਊ ॥ ੩੧ ॥ ਜੇਤਿਕ ਚਹੀਅਹਿ ਕਾਰਜ ਹੇਤੁ। ਕਹਿ ਸਤਿਗੁਰ ਸੋ ਰਖੇ ਨਿਕੇਤ[੨]। ਸਭਿ ਬਿਧਿ ਸੁਚਿਤ ਹੋਇ ਗੋਸਾਈਂ। ਪਠੇ ਸਿੱਖ ਦਿਜ ਲੀਨਿ ਬੁਲਾਈ ॥੩੨॥ ਆਸ਼ਿਖਬਾਦ[੩] ਆਨਿ ਕਰਿ ਦੀਯਸ। 'ਅਵਨਿ ਸਿੰਧੁ ਬਿਰ ਜੇਤਿਕ ਲੀਯਸ[੪]। ਤਿਸ ਮਹਿ ਤਪਹੁ ਤੇਜ ਅਤਿ ਤੈ ਕੈ[੫]। ਜਿਮ ਬ੍ਰਿਖ ਰਾਸ਼ਿ ਬਿਖੈ ਰਵਿ ਐਕੈ[੬] ॥੩੩॥ ਬੈਠੇ ਨਿਕਟ ਬਿੱਪ੍ਰ ਬਰ ਗੁਰ ਕੇ। ਉਚਰੇ[੭] ਤਬਹਿ ਮਨੋਰਥ ਉਰ ਕੇ। 'ਦਿਜ ਜੁ! ਸੌਜ ਲਿਖਾਵਹੁ ਸਾਰੀ। ਹਮਨ ਕਰਨ ਕੀ ਆਹੁਤਵਾਰੀ[੮] ॥੩੪॥ ਬਾਂਛਤਿ ਜਿਤਿਕ ਤਾਂਹਿ ਤੇ ਦੂਨੀ। ਕਿਸੂ ਵਸਤੁ ਤੇ ਹੋਇ ਨ ਊਨੀ। ਸਰਬੇ ਸਾਬ ਕਹਹੁ ਕਿਛੁ ਨਾਂਹੀ। ਕੋਸ਼ ਅਤੁਟ ਦੀਨਸਿ ਗੁਰ ਪਾਹੀ'॥੩੫॥ ਕੇਸ਼ੋਦਾਸ ਬਿਚਾਰੀ ਤਬੈ। ਜਿਤਿਕ ਪ੍ਰਮਾਣ[੯] ਅਹੂਤੀ ਸਬੈ। ਤਿਸ ਅਨੁਸਾਰ ਘ੍ਰਿੰਤ ਜਵ ਤਿਲੈ। ਤੰਦੁਲ, ਮੇਵਾ, ਖੰਡ ਸੁ ਮਿਲੈ ॥੩੬॥ ਪਿਸਤਾ, ਗਰੀ, ਬਿਦਾਮ, ਸੁਪਾਰੀ। ਖਾਰਕ[੧੦] ਖੋਪਾ[੧੧],ਦਾਖ ਸੁਧਾਰੀ। ਧੂਪ ਧੁਖਾਵਨਿ ਕੇ ਹਿਤ ਘਨੀ।ਅਨਿਕ ਸੁਗੰਧਿ ਚੰਦਨ ਸਨੀ। ੩੭॥ ਸੀਸੇ ਭਰੇ ਗੁਲਾਬ ਸੁ ਕੇਰੇ। ਅਪਰ ਗੰਧ ਘਨਸਾਰ[੧੨] ਘਨੇਰੇ। ਸਭਿ-ਹਿਨਿ ਕੋ ਪ੍ਰਮਾਨ ਲਿਖਿ ਕਰਿ ਕੈ।ਦਯੋ ਬਿੱਪ੍ਰ ਬਰ ਕਰ ਸਤਿਗੁਰ ਕੇ ॥੩੮॥ ਅਪਰ ਬਾਰਤਾ ਕਹੀ ਕਹਾਈ। ਜਿਸ ਪ੍ਰਕਾਰ ਬਿਦਤਹਿ ਜਗ ਮਾਈ। ਖਾਤਰ ਜਮਾ[੧੩] ਬਿੱਪ੍ਰ ਕੀ ਹੋਈ।–ਗੁਰ ਸਮਰਥ ਕਰਿ ਸਕਹੈਂ ਸੋਈ–॥੩੯॥ ਸਰਬ ਰੀਤਿ ਮਨ ਅਪਨ ਜਮਾਯਹੁ[੧੪]। ਜਿਮ ਨਿਸ਼ਚੈ ਚਾਹਤਿ ਤਿਮ

---

[੧]ਨਫਰ। [੨]ਘਰ ਵਿੱਚ। [੩]ਅਸ਼ੀਰਵਾਦ। [੪]ਸਮੁੰਦਰ ਨੇ ਜਿਤਨੀ ਕੁ ਧਰਤੀ ਆਪਣੇ ਵਿੱਚ ਲਈ ਹੋਈ ਹੈ ਭਾਵ ਸਾਰੀ ਧਰਤੀ ਉਤੇ। [੫]ਤਿਸ ਥਾਂ ਵਿੱਚ ਆਪਦਾ ਵੱਧ ਤੋਂ ਵੱਧ ਤੇਜ ਤਪੇ। [੬]ਜਿਵੇਂ ਕਿ ਬ੍ਰਿਖ ਰਾਸ਼ੀ ਵਿੱਚ ਆਕੇ ਸੂਰਜ (ਅਤਿ ਤੇਜ ਧਾਰੀ ਹੁੰਦਾ ਹੈ)। [ਬ੍ਰਿਖ ਰਾਸ਼ੀ ਵਿੱਚ ਸੂਰਜ ਜੇਠ ਮਹੀਨੇ ਹੁੰਦਾ ਹੈ]। [੭](ਗੁਰੂ ਜੀ ਨੇ) ਆਖੇ। [੮]ਅਹੁਤੀਆਂ ਵਾਲੀ (ਸਮੱਗ੍ਰੀ)। [੯]ਅੰਦਾਜ਼ਾ। [੧੦]ਛੁਹਾਰੇ। [੧੧]ਗਰੀ। [੧੨]ਕਪੂਰ [ਸੰਸ:, ਘਨਰਸ, ਘਨਸਾਰ]। [੧੩]ਤਸੱਲੀ। [੧੪]ਭਾਵ ਤਸੱਲੀ ਕਰ ਲਵੀ। *ਰਾਜਸੀ ਠਾਠ ਰਚਕੇ ਰਾਜਧਾਨੀ ਨੂੰ ਸੂਰਮਿਆਂ ਤੋਂ ਖਾਲੀ ਕਰ ਲੈਣ, ਏਹ ਗੁਰੂ ਜੀ ਕਦੇ ਨਹੀਂ ਸਨ ਕਰ ਸਕਦੇ।

ਪਾਯਹੁ। ਉਰ ਧਰਿ ਹਰਖ ਕਹਤਿ 'ਪ੍ਰਭੁ ਸੁਨੀਅਹਿ।ਅਤਿ ਉੱਤਮ ਬਿਧਿ ਚਿਤ ਮਹਿਂ ਗੁਨੀਅਹਿ ॥੪੦॥ ਬੇਦ ਉਕਤਿ ਸ਼ਾਸਤ੍ਰੋਕਤਿ ਸਾਰ[੧]। ਮੈਂ ਸਭਿ ਖੋਜਿ ਧਰੀ ਨਿਰਧਾਰਿ। ਤੰਤ੍ਰ ਸ਼ਾਸਤ੍ਰ ਮੈਂ ਬਿਧਾਂ ਹਜ਼ਾਰੇ। ਲਾਖਹੁਂ ਪਢੇ ਸ਼ਲੋਕ ਬਿਚਾਰੇ ॥ ੪੧ ॥ ਅਗ੍ਯਾਨੀ ਆਦਿ ਦੇਵਤਾ ਜੋਈ। ਪਢਿ ਕਰਿ ਬਿਦਤਾਵਨਿ ਕਰਿ ਸੋਈ। ਅਬਿ ਕਰਤਾ ਦੁਰਲਭ ਜਗ ਹੋਯੋ[੨]। ਯਾਂਤੇ ਮੰਤ੍ਰ ਫੁਰਤਿ ਨਹਿ ਕੋਯੋ ॥ ੪੨ ॥ ਅਬਿ ਜਗਮਾਤਿ ਕ੍ਰਿਪਾ ਜੇ ਕਰੈ। ਤੁਮ ਸਰੀਰ ਤੇ ਪੂਰੀ ਪਰੈ[੩]। ਸਿੱਧ ਹੋਇ ਸੰਕਲਪ ਤੁਮਾਰਾ। ਇਹ ਗ੍ਯਾਨੀ ਕੋ ਲੱਛਣ ਸਾਰਾ[੪]" ॥ ੪੩ ॥ ਸਤਿਗੁਰ ਕਹ੍ਯੋ 'ਮਿਸਰ ਜੂ ! ਐਸੇ।ਹੁਇ ਹੈ ਸਰ ਅਬਿ ਭਾਖਤਿ ਜੈਸੇ। ਸਮਾ ਸਮਾਜ ਮਿਲ੍ਯੋ ਸਭਿ ਆਈ। ਕ੍ਯੋਂ ਨ ਕਾਜ ਪੂਰਨ ਹੁਇ ਜਾਈ'॥੪੪॥ ਹੁਕਮ ਪਾਇ ਦਿਜਬਰ ਨਿਜ ਡੇਰੇ। ਗਮਨ੍ਯੋਂ ਚਿਤਵਤਿ ਚਿਤ ਬਹੁਤੇਰੇ। ਮਹਾਰਾਜ ਨਰ ਮੁੱਖ੍ਯ ਬੁਲਾਏ। ਲ੍ਯਾਵਨ ਹੇਤੁ ਸੌਜ ਸਮੁਦਾਏ ॥੪੫॥ ਧਨ ਕੀ ਹੁੰਡੀ ਨਗਰਨਿ ਮਹੀਆ। ਤਤਛਿਨੁ ਦੇ ਕਰਿ ਪਠਿ ਜਹਿ ਕਹੀਆ।ਤੂਰਨ ਪਠੇ ਸਕਟ ਭਰਿ ਲ੍ਯਾਯੋ।ਮੇਵਾ,ਘ੍ਰਿਤ,ਆਦਿਕ ਸਮੁਦਾਯੋ ॥ ੪੬ ॥ ਚਤੁਰ ਬਨਜ ਮਹਿਂ[੫] ਗਮਨੇ ਸੋਈ। ਕਰੇ ਖਰੀਦਨ ਜਹਿਂ ਜਹਿਂ ਹੋਈ। ਮੋਲ ਸਕਲ ਵਸਤੁ ਕੋ ਆਏ। ਨਗਰ ਸਮੂਹਨ ਮਹਿ ਫਿਰ ਲ੍ਯਾਏ ॥ ੪੭ ॥ ਇਤਿ ਸ੍ਰੀਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸੌਜ ਅਨਾਵਨ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥ ੫ ॥

## ੬. [ਹੋਮ ਦਾ ਢਿੱਲਾ]।

ਦੋਹਰਾ। ਕੇਸਰ, ਏਲਾ ਜੁਗਮ ਬਿਧਿ[੬], ਖਾਰਕ, ਦਾਖਨਿ ਬ੍ਰਿੰਦ। ਖੋਪਾ,ਗਰੀ, ਬਿਦਾਮ ਕੀ ਆਨੇ ਸਕਟ ਬਿਲੰਦ ॥ ੧ ॥ ਚੌਪਈ। ਜਹਿਂ ਕਹਿਂ ਤੇ ਘ੍ਰਿਤ ਸੈਂਕਰ ਮਨੇ[੭]।ਤਿਲ, ਜਵ, ਤੰਦੁਲ ਲੇ ਕਰਿ ਘਨੇ। ਸੰਚੇ ਭਯੋ ਅਨੰਦਪੁਰਿ ਆਇ। ਚਹੀਅਤਿ ਸੁ ਵਸਤੂ[੮] ਸਕਲ ਅਨਾਇ ॥ ੨ ॥ ਸਰਬ ਸਮਿੱਗ੍ਰੀ ਹੋਯਸਿ ਤ੍ਯਾਰੀ।ਲਿਯੋ ਬਿੱਪ੍ਰ ਕੋ ਨਿਕਟ ਹਕਾਰੀ। ਆਸ਼ਿਖ ਦੇ ਕਰਿ ਬੈਠ੍ਯੋ ਪਾਸੀ। ਸ੍ਰੀ ਕਲਗ਼ੀਧਰ ਗਿਰਾ ਪ੍ਰਕਾਸ਼ੀ ॥ ੩ ॥ 'ਦਿਜਬਰ ! ਸੁਨੋ ਜੁ ਆਇਸੁ ਦਈ। ਸਕਲ ਵਸਤੁ ਇਕਠੀ ਹੁਇ ਗਈ।ਹਮਨਿ ਕਰਨਿ[੯] ਪਠਿ ਮੰਤ੍ਰਨਿ

---

[੧]ਵੇਦ ਉਕਤੀ ਤੇ ਸ਼ਾਸਤ੍ਰ ਉਕਤੀ ਦਾ ਸਾਰ ਹੈ। [੨]ਭਾਵ ਪ੍ਰਗਟ ਕਰਾਵਣੇ ਵਾਲਾ ਜੈਸੇ ਆਪ ਹੋ, ਵੈਸਾ ਜਗ ਤੇ ਕੋਈ ਨਹੀਂ। [੩]ਭਾਵ ਦੇਵੀ ਪ੍ਰਗਟ ਹੋਵੇ। [੪]ਗਯਾਨੀ ਦਾ ਇਹ ਲੱਛਣ ਸਾਰ ਹੈ (ਜੋ ਸੰਕਲਪ ਕਰਦਾ ਹੈ ਉਹ ਪੂਰਾ ਹੋ ਜਾਂਦਾ ਹੈ)। [੫]ਵਿਹਾਰ ਵਿਚ ਸਿਆਣੇ। [੬]ਲਾਚੀਆਂ ਦੋਹਾਂ ਤਰ੍ਹਾਂ ਦੀਆਂ (ਛੋਟੀਆਂ, ਵੱਡੀਆਂ)। [੭]ਸੈਂਕੜੇ ਮਣ। [੮]ਸਾਰੀ ਚਾਹੀਦੀ ਵਸਤੂ। [੯]ਹਵਨ ਕਰਨਾ,

ਸੰਗ। ਤਿਥ ਸ਼ੁਭ ਪਿਖਿ ਤੁਮ ਕਰਹੁ ਅਰੰਭਾ[1]॥੪॥ ਕੇਸ਼ਵ ਕਹਯੋ 'ਬਿਧਾਨ ਕਰੈਹੌਂ[2]। ਲਾਖ ਦਰਬ ਕੀ ਦਛਨਾ ਲੈਹੌਂ[*]। ਜੇਤਿਕ ਬਿਧਿ ਬੇਦੋਕਤਿ ਅਹੈ। ਤੰਤ੍ਰੋਕਤਿ ਸ਼ਾਸਤ੍ਰ ਮਹਿ ਕਹੈ ॥ ੫ ॥ ਜਥਾ ਕਰਮ ਸਗਰੀ ਕਰਿ-ਵਾਵੌਂ। ਮਹਾਂ ਅਰੰਭ ਸਰਬ ਪੁਰਵਾਵੌਂ। ਬਿਦਤਿ ਹੋਨਿ ਕੈਧੌਂ ਹੁਇ ਨਾਹੀ। ਇਹ ਸਭਿ ਸ਼ਕਤਿ ਆਪ ਕੇ ਪਾਹੀ॥੬॥ਇਸ ਮਹਿ ਭਲਾ ਬੁਰਾ ਜੋ ਕਰਮ। ਸਰਬ ਤੁਮਾਰੇ ਕਰ, ਬਿਨ ਭਰਮ[3]। ਮੈਂ ਤੌ ਹਮਨ ਕਰਾਵਨ ਪਰ ਹੌਂ। ਬਿਧੀ ਬਤਾਵਨਿ ਕ੍ਰਮ ਤੇ ਕਰਿਹੌਂ ॥੭॥ ਇਕ ਮਨ ਹੋਇ ਮੰਤ੍ਰ ਕੋ ਪਠਨੋ। ਬਿਨ ਸ਼ੰਕਲਪ ਧਯਾਨ ਕੋ ਠਟਨੋ। ਤਨ ਮਨ ਤੇ ਸ਼ੁਧ ਰਹਨਿ ਹਮੇਸ਼ਾ। ਤੁਮ ਅਧੀਨ ਇੱਤਯਾਦਿ ਅਸ਼ੇਸ਼ਾ ॥ ੮ ॥ ਅਸ਼ਟ ਪ੍ਰਕਾਰ ਕਾਮ ਕੋ ਤਯਾ-ਗਨ। ਬ੍ਰਹਮਚਰਜ ਹੁਇ ਇਕ ਲਿਵਲਾਗਨ'। ਸੁਨਿ ਸ਼੍ਰੀ ਮੁਖ ਤੇ ਧੀਰਜ ਕੈਹੈਂ[4]। 'ਸੇਵਾ ਲੱਛ ਦੱਛਨ ਹਮ ਦੈਹੈਂ ॥ ੯॥ ਅਪਰ ਕਰਮ ਜੇਤਿਕ ਤੁਮ ਭਨੇ। ਹਮ ਸੈਚੇ ਕਿਧ, ਮਨ ਗੁਨ ਘਨੇ[5]‡। ਇਤ ਦਿਸ਼ਿ ਕੀ ਚਿੰਤਾ ਨ ਕਰੀਜੈ। ਸਰਬ ਕਾਜ ਪਰ ਉਰ ਪਰਖੀਜੈ[6] ॥੧੦ ॥ ਨਿਜ ਕ੍ਰਿਤ ਪਰ ਤੁਮ ਬਨਹੁ ਸੁਚੇਤ। ਕਰਹੁ ਸਕਲ ਬਿਦਤਨ ਕੇ ਹੇਤ।ਨੀਕੋ ਦਿਨ ਅਬਿ ਲੇਹੁ ਬਿਚਾਰ। ਪ੍ਰਥਮ ਅਰੰਭ[7] ਲਗਹਿ ਜਬਿ ਕਾਰ ॥ ੧੧ ॥ ਹਮਨ ਵਸਤੁ ਕੀ ਕਮੀ ਨ ਕਾਈ। ਆਨਤਿ ਰਹੈਂ ਸਿੱਖ ਸਮੁਦਾਈ'।ਲਖਿ ਉਦਾਰਤਾ[8] ਪ੍ਰਭੁ ਕੀ ਘਨੀ। ਕੇਸ਼ਵ ਅਨੰਦ ਰਿਦੈ ਭਰਿ ਭਨੀ:—॥੧੨॥ 'ਧੰਨਿ ਗੁਰੂ ਕਲਿ ਕਾਲ ਮਝਾਰਾ। ਦੇਵਿ ਅਰਾਧਨ ਉੱਦਮ ਧਾਰਾ। ਤੁਰਕ ਤੇਜ ਹੈ, ਹਿੰਦੂ ਉਬਾਰਨਿ।ਕਰਹੁ ਕ੍ਰਿਭੀ ਉਪਕਾਰ ਕਿ ਕਾਰਨ§॥੧੩॥ ਨਿਸ ਦਿਨ ਰਹਿਬੋ ਬਨੈ ਸੁਚੇਤ। ਮਮ ਕਹਿਨੋ ਸਭਿ ਤੁਮਰੇ ਹੇਤ।ਅਲਪ ਅਹਾਰ ਘ੍ਰਿਤ ਤਿਲੁ ਕੋਰਾ। ਅਲਸਾਵਹੁ ਨਹਿ, ਜਾਗ ਘਨੇਰਾ'। ੧੪ ॥ ਇਮ ਕਹਿ ਪੱਤ੍ਰਾ

[1]ਇਕ ਰਸ। [2](ਸਭ ਕੁਛ) ਵਿਧੀ ਸਹਿਤ ਕਰਾਂਗਾ (ਪਰ)। [3]ਇਹ ਸਭ ਕੁਛ ਆਪਦੇ ਹੱਥ ਵਿੱਚ ਹੈ ਨਿਸ਼ਚੇ ਹੀ। [4]ਧੀਰਜ ਦੇਂਦੇ ਹਨ। [5]ਮਨ ਵਿਚ ਜਾਣ ਲੈ ਕਿ (ਅਸਾਂ) ਸਾਰੇ ਸੋਚੇ ਕੀਤੇ ਹੋਏ ਹਨ। [6](ਸਾਡੇ) ਸਾਰੇ ਕੰਮਾਂ ਵਿਚ ਜਾਚ ਕਰਕੇ ਰਿਦੇ ਦੀ (ਤਸੱਲੀ ਕਰ ਲੈਣੀ)। [7]ਪਹਿਲੋਂ (ਜਿਸ ਦਿਨ) ਆਰੰਭ ਹੋਵੇ। [8]ਬਖਸ਼ਸ਼। [*]ਧਨ ਦੇ ਯਾਚਕ (ਪੰਡਤਾਂ)ਪ੍ਰਤੀ ਸ੍ਰੀ ਮੁਖ ਵਾਕ ਇਹ ਹਨ:—ਜਾਚਿਕ ਜਿਤਿਕ ਧਨ ਆਸ ਜਿਤੇ ਤਿਤਲੋਕ ਗਯੋ ਪਰਲੋਕ ਗਵਾਯੋ॥੨ ॥[੩੩ ਸਵਯੇ]। †ਫਿਰ ਸਵਾ ਲੱਖ ਕਿਸ ਗੱਲ ਦਾ ਮੰਗਦਾ ਹੈ ? ‡ਪਾ—ਭਨੇ। §ਗੁਰੂ ਜੀ ਦੇ ਉਪਕਾਰ ਵਿੱਚ ਪੰਡਤ ਕੀਹ ਕੁਰਬਾਨੀ ਕਰ ਰਿਹਾ ਹੈ। ਸਵਾ ਲੱਖ ਲੈਕੇ ਹਿੰਦੂ ਰੱਖਯਾ ਦਾ ਕੰਮ ਕਰਾਉਣਾ ਪੰਡਤ ਦੀ ਖ਼ੁਦਗਰਜ਼ੀ ਦਾ ਸੂਚਕ ਹੈ।



Sri Satguru Jagjit Singh Ji eLlibrary NamdhariElibrary@gmail.com

ਬਿੱਪ੍ਰ ਨਿਕਾਰ॥ਭਲੋ ਮਹੂਰਤ ਹੇਰਿ ਬਿਚਾਰ॥ਮਾਸ ਮਾਧਵਾ[1]* ਪੂਰਨਮਾਸ਼ੀ। ਪੁਖ ਨਿਛੱਤ੍ਰ ਨੰਦਾ ਤਿਥ ਭਾਸੀ[2] ॥੧੫॥ 'ਹੈ ਗੁਰਵਾਰ[3] ਗੁਰੂ ਸਮ ਜਾਨੋ। ਪ੍ਰਥਮ ਅਰੰਭ ਤਿਸੀ ਦਿਨ ਠਾਨੋ। ਰਹੋ ਕਿਤਿਕ ਦਿਨ ਕੀਜਹਿ ਤਯਾਰੀ। ਥਲ ਇਕਾਂਤ ਕੋ ਲੇਹੁ ਬਿਚਾਰੀ ॥ ੧੬ ॥ ਸੋ ਸੁਧਰਾਇ ਸੌਜ ਧਰਿਵਾਵਹੁ। ਪਾਵਨ ਥਾਨ ਜੁ ਮੋਹਿ ਬਤਾਵਹੁ'। ਸੁਨਿ ਦਿਜ ਤੇ ਸਤਿਗੁਰੂ ਬਿਚਾਰਾ। 'ਗਿਰ ਪਰ ਥਾਨ', ਪ੍ਰਸੰਗ ਉਚਾਰਾ[4] ॥੧੭॥ 'ਕੁਛਕ ਸੈਲਪਰ ਗਾਹਕ ਰਹੈਂ। ਫਿਰ ਤਹਿ ਪਸੂ ਚਰਾਵਤਿ ਅਹੈਂ। ਏਕ ਧੇਨੁ ਸੁੰਦਰ ਸਰਬੰਗ॥ਪਾਵਨ ਬਹੁ ਕਪਲਾ[5] ਤਿਸ ਰੰਗ ॥ ੧੮ ॥ ਹਰਿਤ ਹਰਿਤ ਤ੍ਰਿਣ ਚਰਤਿ ਉਚੇਰੇ[6]। ਗਿਰ ਕੇ ਸ਼ਿਖਰ ਜਾਇ ਇਕ ਬੇਰੇ। ਸ਼ੁਭਿ ਥਲ ਪਰ ਥਿਰ ਹ੍ਵੈ ਕਰਿ ਰਹੈ। ਦੁਗਧ ਸ੍ਰਵਤਿ[7] ਅਸਥਨ ਤੇ ਅਹੈ ॥੧੯॥ ਜੇਤਿਕ ਪੈ ਹੋਵਤਿ ਤਿਸ ਕੇਰਾ। ਸੀਂਚਤ ਹੈ ਸੋ ਥਾਨ ਭਲੇਰਾ॥ਬਹੁਰ ਮਿਲੈ ਸਭਿ ਧੇਨੁਨਿ ਸੰਗ। ਹ੍ਵੈ ਸੰਧਯਾ ਤਜਿ ਸੈਲ ਉਤੰਗ ॥੨੦॥ ਚਲਿ ਆਵਤਿ ਪੁਨ ਅਪਨੇ ਧਾਮੂ। ਜਿਸ ਢਿਗ ਧੇਨੁ ਸੁ ਨੈਨਾ ਨਾਮੂ[8]। ਦੋਹਨਿ ਲਗੇ ਬੈਠਿ ਕਰਿਤਰੇ॥ਅਸਥਨਿ ਛੂਛੇ ਹੇਰਨਿ ਕਰੇ॥੨੧॥ਕਾਰਨ ਕੋਇ ਨ ਮਨ ਮੈਂ ਪਾਯੋ॥-ਕਿਨਹੁ ਨਿਕਾਸਯੋ ਪੈ?-ਬਿਸਮਾਯੋ॥ਦਿਵਸ ਆਗਲੇ ਤਿਮਹੀ ਹੋਈ॥ਨੈਨੋ ਛੀਰ ਨ ਪਾਯੋ ਕੋਈ॥੨੨॥ਬੂਝ ਰਹਯੋ ਕਿਨਹੂੰ ਨ ਬਤਾਯੋ। ਖੋਜਿ ਰਹਯੋ ਕਿਛ ਭੇਵ ਨ ਪਾਯੋ। ਛੋਰੀ ਧੇਨੁ ਪ੍ਰਭਾਤੀ ਕਾਲ। ਛਪਿ ਕੈ ਚਲਯੋ ਪਿਖਿਨਿ ਹਿਤ ਨਾਲ॥੨੩॥ਦੂਰ ਦੂਰ ਸੋ ਦੇਖਤਿ ਰਹਯੋ। ਤੀਨ ਪਹਿਰ ਲਗਿ ਨਹਿ ਕਛੁ ਲਹਯੋ। ਚਾਰ ਘਰੀ ਦਿਨ ਜਬਹੂੰ ਜਾਨਾ। ਪਹੁੰਚੀ ਸੁਰਭੀ ਤਾਂਹਿ ਸਥਾਨਾ ॥ ੨੪ ॥ ਊਪਰ ਖਰੀ ਸ੍ਰਵੇ ਥਨ ਤਬੈ। ਨਿਕਸਯੋ ਦੁਗਧ ਸੀਂਚ ਥਲ ਸਬੈ। ਤੀਨ ਪ੍ਰਕ੍ਰਮਾ ਫਿਰ ਕਰਿ ਕਰੀ। ਸੀਸ ਨਿਵਾਇ ਸਦਨ ਕੌ ਫਿਰੀ ॥੨੫॥ ਪੁਨ ਨੈਨਾ ਗਮਨਯੋ ਤਿਸ ਥਾਨਾ। ਅਵਿਲੋਕਤਿ ਮਨ ਭਯੋ ਹਿਰਾਨਾ। ਨਮੋ ਕੀਨਿ ਘਰ ਕੋ ਚਲਿ

[1]ਵਿਸਾਖ। [2](ਪੰਡਤ ਨੂੰ) ਵਿਸਾਖ ਦਾ ਮਹੀਨਾ ਪੁੱਖ ਨਿਛੱਤ੍ਰ ਪੂਰਨ ਮਾਸ਼ੀ ਸੁਭਾਗ ਥਿਤ ਹੋਕੇ ਭਾਸੀ (=ਜਾਣ ਪਈ)। ਨੰਦਾ ਪਦ ਦਾ ਅਰਥ ਹੈ ਸੁਭਾਗ, ਖੁਸ਼ੀ ਵਾਲੀ। ਉਂਵ ਹਰ ਪੱਖ ਦੀ ਏਕਮ, ਛਟ, ਤੇ ਏਕਾਦਸ਼ੀ ਨੂੰ ਬੀ ਨੰਦਾ ਤਿਥ ਕਹਿੰਦੇ ਹਨ। ਇਹ ਤਿਥਿ ਵੀ ਕਵਿ ਜੀ ਨੇ ਸੌ ਸਾਖੀ ਤੋਂ ਲਈ ਹੈ। [3]ਵੀਰਵਾਰ। [4](ਉਸਦਾ) ਪ੍ਰਸੰਗ ਆਖਿਆ:-। [5]ਭੂਰੇ ਰੰਗ ਦੀ।(ਅ)ਚਿਟੀ। [6]ਉਚੇਰੇ ਥਾਂ ਭਾਵ ਪਹਾੜ ਦੇ ਉਪਰ ਨੂੰ ਜਾਕੇ। (ਅ) ਉਚੇ ਉਗੇ ਹੋਏ ਹਰੇ ਹਰੇ ਤ੍ਰਿਣ। [7]ਚੋਂਦਾ ਰਿਹਾ। [8]ਨਾਮ ਨੈਨਾ ਸੀ। *ਪਾ:-ਮੇਖਵਾ।

Sri Satguru Jagjit Singh Ji eLlibrary NamdhariElibrary@gmail.com

ਆਯੋ। ਬੁਧਿਵੰਤਨਿ ਕੇ ਨਿਕਟਿ ਬਤਾਯੋ ॥ ੨੬ ॥ ਸ਼ਕਤਿਵੰਤਿ ਸੋ ਥਾਨ ਪਛਾਨਾ। ਨੈਣੋ ਤਬੈ ਸੁਧਾਰਨਿ ਠਾਨਾ। ਜਾਨਿ ਚੰਡਿਕਾ ਤਹਾਂ ਮਨਾਈ। ਪੂਜਨ ਲਗੋ ਲੋਕ ਸਮੁਦਾਈ* ॥ ੨੭ ॥ ਜਨਨ[1] ਕਾਮਨਾ ਪੂਰਨ ਕਰੈ। ਜਥਾ ਭਾਵਨਾ ਤਿਸ ਥਲ ਧਰੈ।ਗਿਰਿਨਿ ਬ੍ਰਿੰਦ ਮਹਿ ਗਿਰ ਸੋ ਊਚੋ।ਬਿਖਮ ਪੰਥ ਤੇ ਹੈ ਨ ਪਹੂਚੋ ॥੨੮॥ ਪਾਵਨ ਮਹਾਂ ਇਕੰਤ ਭਲੇਰਾ। ਇਸ ਕਾਰਜ ਕੋ ਨੀਕੋ ਹੇਰਾ[2]। ਚਲੋ ਪ੍ਰਾਤਿ ਕੋ ਹੇਰਨਿ ਕਰੀਅਹਿ।ਪੁਨ ਸੁਧਾਰਿਬੇ ਹੇਤੁ ਉਚਰੀਅਹਿ' ॥ ੨੯॥ਸੁਨਿ ਕੇਸ਼ਵ ਨੀਕੇ ਮਨ ਮਾਨੀ।'ਭਲੀ ਬਾਤ' ਇਮ ਕਹਿ ਕਰਿ ਬਾਨੀ। ਆਇਸੁ ਪਾਇ ਗਯੋ ਨਿਜ ਡੇਰੇ। ਚਿਤਵਤਿ ਦੇਵੀ ਕਾਜ ਬਡੇਰੇ ॥ ੩੦ ॥ ਅਗਲੀ ਪ੍ਰਾਤਿ ਭਈ ਜਬਿ ਆਇ। ਗਏ ਗੁਰੂ ਦਿਜ ਲੀਨਿ ਬੁਲਾਇ।ਸਨੇ ਸਨੇ ਪਰਬਤ ਪਰ ਚਢੇ। ਸਥਾਨ ਦੇਖਿ ਉਰ ਆਨੰਦ ਬਢੇ ॥੩੧॥ ਕਰਿ ਪਸੰਦ ਸੋ ਥਾਨ ਮਹਾਨਾ।ਹਰਖਤਿ ਕੇਸ਼ੋ ਦਾਸ ਬਖਾਨਾ। 'ਭਲੋ ਸਥਲ ਹੈ ਮਨ ਕੋ ਭਾਯੋ। ਜਿਸ ਤੇ ਮਮ ਅਸ ਨਿਸ਼ਚੈ ਆਯੋ ॥੩੨॥ ਹੋਇ ਬਿਦਤ ਜਗਦੰਬਾ[3] ਜੈਸੇ। ਸਕਲ ਸਮਾਜ ਮਿਲਤਿ ਹੈ ਐਸੇ[4]। ਅਚਲ ਅਨਾਸੀ ਸੁਜਸੁ ਤੁਮਾਰਾ। ਪਸਰਹਿਗੋ ਸਭਿ ਜਗਤ ਮਝਾਰਾ॥੩੩॥ ਚੱਕ੍ਰਵਰਤਿ ਭੂਪਤਿ ਬਹੁ ਭਏ। ਧਰਤਾ ਸਰਬ ਸ਼ਕਤਿ ਉਪਜਏ। ਕਿਸ ਤੇ ਕਾਜ ਨ ਐਸੋ ਸਰਯੋ। ਜਸ ਉਤਸਾਹ ਆਪ ਨੇ ਧਰਯੋ ॥ ੩੪ ॥ ਆਦਿ ਸ਼ਕਤਿ, ਮਧੁਕੈਟਭ ਮਰਦਨ। ਰਕਤਬੀਜ ਸੁੰਭਾਦਿਕ ਅਰਦਨ[5]। ਬਿਸ਼ੇ

---

[1]ਦਾਸਾਂ ਦੀ। [2]ਇਹ ਸਬਬ ਕਰਕੇ (ਉਸ ਥਾਂ) ਨੂੰ ਚੰਗਾ ਪਛਾਣਿਆ ਹੈ। [3]ਦੇਵੀ। [4]ਸਾਰੇ ਸਮਾਜ ਇਸ ਤਰ੍ਹਾਂ (ਆਪੇ) ਮਿਲਦੇ ਹਨ। [5]ਦਮਨ ਕਰਨ ਵਾਲੀ।

*ਇਹ 'ਨੈਣਾਂ ਦੇਵੀ' ਵਾਲੇ ਟਿੱਲੇ ਦੀ ਪ੍ਰਸਿੱਧਤਾਈ ਦਾ ਮੂਲ ਦੱਸਿਆ ਹੈ। ਨੈਣੋ ਨਾਮ ਵਾਲੇ ਮਨੁੱਖ ਦੀ ਗਾਂ ਸੀ, ਦੁੱਧ ਆਪੇ ਚੋ ਜਾਂਦਾ ਸੀ, ਆਪੇ ਮਿਥ ਲਿਆ ਕਿ ਚੰਡਕਾ ਦਾ ਥਾਂ ਹੋਣਾ ਹੈ। ਨੈਣੋ ਦੇ ਨਾਂ ਤੋਂ ਨੈਣਾਂ ਦੇਵੀ ਦਾ ਥਾਂ ਬਣ ਗਿਆ। ਇਥੋਂ ਇਹ ਬੀ ਸਹੀ ਹੋ ਗਿਆ ਕਿ ਏਥੇ ਮੰਦਰ ਕੋਈ ਨਹੀਂ ਸੀ ਕੇਵਲ ਕਿਸੇ ਨੈਣੋ ਗੁੱਜਰ ਦੇ ਨਾਮ ਕਰਕੇ ਟਿੱਲੇ ਦਾ ਨਾਂ ਸੀ। ਜੈਸੇ ਵਾਕ ਬੀ ਹੈ 'ਨੈਣੂ ਤੁੰਗਕੇ ਚਰਨ ਤ'—ਨੈਣਾ (ਨਾਮੇ) ਟਿੱਲੇ ਦੇ ਹੇਠਾਂ। ਅਗੇ ਅੰਕ ੩੬, ੩੭, ੩੮, ਵਿਚ ਇਹੋ ਪਤਾ ਲਗਦਾ ਹੈ ਕਿ ਮੰਦਰ ਕੋਈ ਨਹੀਂ ਸੀ। ਸੌ ਸਾਖੀ ਦੇ ਕਰਤਾ ਨੇ (ਸਾਖੀ ੧੭ ਵਿੱਚ) 'ਨੈਣੂ ਪੁੱਤ੍ਰੀ' ਬੀ ਲਿਖਿਆ ਹੈ। 'ਚੰਡਿਕਾ' ਤਾਂ ਨੈਣੋ ਦੀ ਪੁੱਤ੍ਰੀ ਕਦੇ ਨਹੀਂ ਸੀ। 'ਨੈਣੂ ਪੁੱਤ੍ਰੀ' ਤੋਂ ਨੈਣੂ ਦੀ ਪੁਤਲੀ ਬੀ ਅਰਥ ਨਹੀਂ ਹੋ ਸਕਦਾ ਕਿਉਂਕਿ ਮੂਰਤੀ ਚਥੇ ਕੋਈ ਪਹਿਲਾਂ ਹੈਸੀ, ਇਹ ਗਲ ਕਿਤੇ ਬੀ ਦੱਸੀ ਹੀ ਨਹੀਂ ਗਈ।

ਬਿਲੋਚਨ ਕੇ ਸੋ ਕਰਨੀ[1] । ਕੌਨ ਸਕੈ ਕਰਿ ਐਸੀ ਕਰਨੀ' ॥ ੩੫॥ ਤਬਿ ਸਿੱਖਨਿ ਸੋਂ ਗੁਰੂ ਬਖਾਨਾ । 'ਕਰਹੁ ਸੁਧਾਰਨਿ ਭਲੇ ਸਥਾਨਾ । ਸੁੰਦਰ ਮੰਦਿਰ ਦਿਹੁ ਬਨਵਾਇ । ਜਹਾਂ ਸਮਿੱਗ੍ਰੀ ਦੇਹਿ ਟਿਕਾਇ ॥ ੩੬॥ ਹਮਨਿ ਕੁੰਡ ਕੋ ਜਥਾ ਅਕਾਰਾ । ਕਾਰੀਗਰ ਸੋਂ ਬਿੱਪ੍ਰ ਉਚਾਰਾ । ਦੂਰ ਉਰੇ ਚੌਂਕੀ ਨਰ[2] ਥਿਰੈ । ਜੋ ਸਭਿ ਰੀਤਿ ਸੁਰੇਤੀ ਧਰੈਂ॥੩੭॥ਰਚਹੁ ਸਬਲ' ਇੱਤਯਾਦ ਬਤਾਇ । ਆਇ ਪੁਨਿ ਗੁਰ ਬਿੱਪ੍ਰ ਮਿਲਾਇ । ਤੂਰਨ ਤਯਾਰੀ ਸਭਿ ਕਰਿ-ਵਾਈ । ਹਮਨ ਸਮਿੱਗ੍ਰੀ ਤਹਾਂ ਪੁਚਾਈ ॥ ੩੮ ॥ ਦਿਵਸ ਪ੍ਰਤੀਖਨਿ ਲਗੇ ਕ੍ਰਿਪਾਲਾ । ਕਰਹਿ ਅਰੰਭ ਪ੍ਰਥਮ ਜਿਸ ਕਾਲਾ । ਨਿਤ ਪ੍ਰਤਿ ਦਿਜਬਰ ਪਹੁੰਚੇ ਪਾਸ। ਕਰਹਿ ਬਾਰਤਾਲਾਪ ਪ੍ਰਕਾਸ਼ ॥੩੯॥ ਪੂਜਨਿ ਹਮਨ ਕਰਨਿ ਬਿਧਿ ਸਾਰੀ।ਕਹਿ ਕਹਿ ਸਭਿ ਕਿਛੁ ਠਾਨਸਿ ਤਯਾਰੀ । ਸੈਂਕਰ ਮਨ ਮੇਵਾ ਮਿਸ਼ਟਾਨ । ਤਿਲ ਘ੍ਰਿਤ, ਜਵ ਤੰਦੁਲ ਸਭਿ ਆਨਿ ॥ ੪੦ ॥ ਕਹਿ ਕਹਿ ਪ੍ਰਭੁ ਸੋ ਤਹਾਂ ਪੁਚਾਏ । ਥਾਨ ਸੁਧਾਰਯੋ ਨੀਕ ਬਨਾਏ । ਹਮਨ ਕੁੰਡ ਜਿਸ ਜੁਗਤਿਬਤਾਯੋ।ਸੋਤੀਭਲੀ ਭਾਂਤਿਕਰਿਵਾਯੋ*॥੪੧॥ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਹਮਨ ਤਯਾਰੀ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ । ੬ ॥

## ੭. [ਹਮਨ ਆਰੰਭ] ।

ਦੋਹਰਾ ॥ ਪੂਰਨਮਾ ਵੈਸਾਖ ਕੀ ਜਬਿ ਦਿਨ ਆਯੋ ਸੋਇ । ਮੰਗਲ ਕਰੇ ਅਨੇਕ ਬਿਧਿ ਹਰਖਤਿ ਭੇ ਸਭਿ ਕੋਇ ॥ ੧ ॥ ਚੌਪਈ ॥ ਨੌਬਤ ਬਾਜਤਿ ਪ੍ਰਭੁ ਦਰਬਾਰਾ । ਲਘੁ ਦੁੰਦਭਿ ਕੋ ਸ਼ਬਦ ਉਦਾਰਾ । ਸੰਖ ਨਫੀਰਨ ਫੂਕ ਭਰੀ ਹੈ । ਧੁਨੀ ਉਠਾਵਨਿ ਊਚ ਕਰੀ ਹੈ ॥੨॥ ਪਣਵ ਪਟਹਿ ਅਰੁ ਢੋਲ ਬਿਸਾਲੇ। ਮੁਰਲੀ ਗੋਮੁਖ[3] ਸ਼ਬਦ ਉਠਾਲੇ । 'ਜੈ ਜਗਦੰਬਾ' ਊਚ ਉਚਾਰੇ। ਰੰਕਨ ਗਨ ਦੇ ਦਰਬ ਉਦਾਰੇ ॥ ੩ ॥ ਸਭਿਹੂੰ 'ਜੈ ਗੁਰ' ਬਾਕ ਸੁਨਾਯਹੁ । ਬਾਰਹਿ ਬਾਰ ਪ੍ਰਸ਼ਾਦ ਬ੍ਰਤਾਯਹੁ । ਧੂਪ ਧੁਖਾਵਤਿ ਫੂਲਨ ਮਾਲਾ । ਚੰਦਨ ਆਦਿ ਸੁਗੰਧਤਿ ਸਾਲਾ[4] ॥ ੪ ॥ ਸਮਾ ਜਾਨਿ ਦਿਜ ਕੇਸ਼ਵ ਆਯਹੁ । ਆਸ਼ਿਖ 'ਤਪਤਹਿ ਤੇਜ[5]' ਸੁਨਾਯੋ । ਅਪਰ ਬਿੱਪ੍ਰ ਜੋ ਸਤਿਗੁਰ ਪਾਸ।ਬੇਦ ਘੋਖ ਕੋ ਕਰਤਿ ਪ੍ਰਕਾਸ਼[6] ॥ ੫ ॥ ਸਭਿ ਹਿੰਦੁਵਾਇਨ ਸਿਰ ਕੋ ਮੌਰ । ਖਰੋ

[1]ਨੇਤ੍ਰਾਂ ਦੇ ਵਿਸ਼ਯ ਭਾਵ ਪ੍ਰਤੱਖ ਤਿਸ (ਦੇਵੀ) ਦਾ ਕਰਨਾ । [2]ਪੁਰਸ਼ਾਂ ਦੀਆਂ । [3]ਨਰਸਿੰਙ੍ਹ (ਰਣ ਸਿੰਗੇ) । [4](ਉਹ) ਥਾਂ ਸੁਗੰਧਤਿ ਕਰ ਦਿੱਤੀ। [5](ਆਪ ਦਾ)ਤੇਜ ਪ੍ਰਕਾਸ਼ੇ, ਅਸੀਸ ਸੁਣਾਈ । [6]ਵੇਦ ਧੁਨੀ ਨੂੰ ਪ੍ਰਗਟ ਕਰਦੇ ਹਨ

*ਪਰੰਤੂ ਗੁਰ ਬਿਲਾਸ ਵਿਚ ਦੋ ਢਾਈ ਵਰ੍ਹੇ ਪਹਿਲਾਂ ਨਦੀ ਕਿਨਾਰੇ ਹਵਨ ਨਾਕਾਯਾਬ ਹੋਇਆ ਤਾਂ ਫਿਰ 'ਨੈਣਾ ਟਿੱਲਾ' ਚੁਣਿਆ ਗਿਆ ਦੱਸਿਆ ਹੈ ।

ਕਰੇ* ਦਿਜ ਪੂਰਨ ਪੌਰ[1] । ਭਯੋ ਕੁਲਾਹਲ ਅਨਿਕ ਪ੍ਰਕਾਰ। ਕੇਸ਼ਵ ਕਹੈ ਸੁ ਕੀਨੀ ਕਾਰ[2]॥੬॥ਗਮਨੇ ਪੁਨ ਪ੍ਰਭੁ ਦਿਜ ਸੰਗ ਲੀਨੇ । ਆਸ਼ਿਖ ਬਾਦ ਮਾਤ ਮਿਲਿ ਦੀਨੇ। 'ਪੂਰੋ ਮਨੋਰਥ ਨੌ ਗੁਰ ਆਇ।ਜਗ ਮਾਤਾ ਤੁਮ ਹੋਹਿ ਸਹਾਇ ॥ ੭ ॥ ਸਫਲੋ ਕ੍ਰਿਤ ਕਰਨੋ ਜੋ ਚਾਹਤਿ । ਕਾਰਨ ਪਰਉਪਕਾਰ ਉਮਾਹਤਿ' । ਧੁਖਤਿ ਧੂਪ ਚਾਲਤਿ ਗੁਰ ਆਗੇ। ਪੁਸ਼ਪਨਿ ਬਰਖਾ ਮੋਚਨਿ ਲਾਗੇ॥੮॥ ਨੇਮ ਸਮੇਤ ਬਿੱਪ੍ਰ ਲੈ ਨਾਲ । ਗਮਨੇ ਮੰਗਲ ਹੋਤਿ ਕ੍ਰਿਪਾਲ । ਸਿੱਖ ਮਸੰਦ ਹਜ਼ਾਰਹੁੰ ਸੰਗ । ਦਿਜਬਰ ਗੁਨੀ ਸੁ ਪਾਵਨ ਅੰਗ ॥ ੯॥ ਗਿਰ ਕੇ ਨਿਕਟ ਪਹੂੰਚੇ ਜਾਇ । ਖਰੇ ਭਏ ਨਰ ਜੁਤਿ ਸਮੁਦਾਇ[3] । ਜਥਾਜੋਗ ਸਭਿਹਿਨਿ ਸੋਂ ਕਰਿ ਕਰਿ । ਦੇਕੈ ਹੁਕਮ ਕਰੇ ਤਹਿਂ ਇਸਥਿਰ॥੧੦॥ ਹਯ ਆਰੂਢਿ ਅਰੂਢਤਿ ਸੈਲ[4] । ਗਮਨੇ ਗੁਰੂ ਬਿਖਮ ਬਡ ਗੈਲ[5] । ਕੁਛ ਜੋਧੇ ਤਹਿਂ ਕਰੇ ਟਿਕਾਵਨ। 'ਆਵਹਿ ਕੋਇ ਤ ਕਰਤਿ ਹਟਾਵਨਿ' ॥੧੧॥ਗਿਰ ਪਰ ਚਢੇ ਤੁਰੰਗ ਉਤੰਗ । ਦਿਜ ਕੇਸ਼ਵ ਪਿਖਿ ਅਚਰਜ ਸੰਗ । ਨਰ ਭੀ ਨੀਠ ਨੀਠ ਧਰਿ ਪਾਇ । ਗਹਿ ਗਹਿ ਤ੍ਰਿਣਨਿ ਨੀਠ ਹੀ ਜਾਇਂ ॥ ੧੨ ॥ ਹਯ ਪਰ ਚਢਿ ਗਮਨੇ ਤਹਿ ਕੋਇ । ਇਕ ਕਲਗ਼ੀਧਰ ਹੀ ਇਮ ਹੋਇ । ਸ਼ਿਖਰ ਸੈਲ ਕੇ ਪਹੁੰਚੇ ਜਾਇ।ਉਤਰੇ ਹਯ ਪਰ ਤੇ ਸੁਖਦਾਇ॥੧੩॥ ਪਹੁੰ-ਚਨੋ ਬਿੱਪ੍ਰ ਜਾਇ ਤਿਸ ਥਾਨ । ਕਰੀ ਬਤਾਵਨ ਹਮਨ ਬਿਧਾਨ[6] । ਸਕਲ ਸਮਿੱਗ੍ਰੀ ਲੇ ਸਮੁਦਾਈ । ਗਨ ਦਾਸਨਿ[7] ਪ੍ਰਭੁ ਢਿਗ ਪਹੁੰਚਾਈ ॥ ੧੪ ॥ ਹਮਨ ਕੁੰਡ ਕੀ ਪਸ਼ਚਮ ਦਿਸ਼ਿ ਮੈਂ।ਦੱਖਨ ਦਿਸ਼ਿ ਦਿਜ ਥਿਰ ਉਰ ਬਿਸ-ਮੈਂ।ਕਰ ਪਗ ਕਰੇ ਪਖਾਰਨਿ ਦੋਇਨ।ਬਰਜੇ ਅਪਰ,ਰਹਯੋ ਤਹਿਂ ਕੋਇ ਨ ॥ ੧੫ ॥ ਸੋਲਹਿ ਅੱਖਰ† ਮੰਤ੍ਰ ਬਤਾਯੋ । 'ਇਕ ਮਨ ਹੁਇ ਪਠੀਯਹਿ‡' ਸਿਖਰਾਯੋ । 'ਸ੍ਵਾਹਾ ਕਹੋ ਮੰਤ੍ਰ ਪਠਿ ਜਬੈ।ਅਗਨਿ ਅਹੂਤੀ ਪਾਵਹੁ ਤਬੈ' ॥ ੧੬॥ਇੱਤਯਾਦਿਕ ਬਿਧਿ ਅਪਰ ਬਤਾਈ।ਬਿੱਪ੍ਰ ਹੁਤਾਸਨ ਕੁੰਡ ਜਗਾਈ । ਸ਼ੁੱਧ ਮਹਾਂ ਸੁਰ ਮੰਤ੍ਰ ਉਚਾਰੇ[8] । 'ਸ੍ਵਾਹਾ' ਕਹਿ ਆਹੁਤਿ ਕੋ ਡਾਰੇ ॥ ੧੭ ॥

[1]ਸਾਰੇ ਬ੍ਰਾਹਮਣ ਡਿਉਢੀ ਵਿਚ ਖੜੇ ਕੀਤੇ। [2]ਜੋ ਕੇਸ਼ਵ ਨੇ ਕਹੀ ਓਹ ਕਾਰ ਕੀਤੀ। [3]ਸਾਰੇ ਪੁਰਸ਼ਾਂ ਸਮੇਤ । [4]ਪਹਾੜ ਪਰ ਚੜ੍ਹੇ। [5]ਰਾਹ ਬੜਾ ਔਖਾ ਸੀ। [6]ਹਵਨ ਦੀ ਵਿਧੀ। [7]ਬਹੁਤੇ ਦਾਸਾਂ ਨੇ। [8]ਉਚੀ ਸੁਰ ਨਾਲ ਸ਼ੁੱਧ ਮੰਤ੍ਰ ਉਚਾਰੇ। *ਪਾ:-ਕਹੈਂ। †ਉਣ ਉਣ ਮੁਣ ਮੁਣ ਗੁਣ ਗੁਣ ਚੁਣ ਚੁਣ। ਦੇਖੋ ਇਸੇ ਰੁਤ ਦਾ ੩੯ ਅੰਸੂ ਤੇ ੧੭ ਅੰਕ। ਇਹ ਮੰਤ੍ਰ ਸੌ ਸਾਖੀ ਦੀ ਸਤਾ-ਰ੍ਹਵੀਂ ਸਾਖੀ ਤੋਂ ਲਿਆ ਜਾਪਦਾ ਹੈ। ‡ਪਰ ਦਸਮ ਗੁਰ ਜੀ ਦੇ ਸ੍ਰੀ ਮੁਖਵਾਕ ਏਹ ਹਨ:-'ਨ ਜਾਪ ਆਨ ਕੋ ਜਪੋਂ' । ਪੁਨਾ-'ਨ ਨਾਮ ਆਨ ਉਚਰੋਂ' [ਬਚਿੱਤ੍ਰ ਨਾਟਕ ੬, ੩੬-ਤੋਂ-੪੦]।

Sri Satguru Jagjit Singh Ji eLlibrary NamdhariElibrary@gmail.com

ਸੁਮਨਸ[1] ਅਰਪਤਿ ਧੂਪ ਧੁਖਾਵਤਿ।ਘ੍ਰਿਤ ਕੇ ਦੀਪਕ ਕਿਤਿਕ ਜਗਾਵਤਿ।
ਚੰਦਨ ਚਰਚਹਿ ਛਿਰਕਿ ਗੁਲਾਬ। ਚਹੁੰ ਦਿਸ਼ਿ ਮਹਿਕਤਿ ਗੰਧਿ ਸ਼ਿਤਾਬ
॥ ੧੮ ॥ ਧੂਮ ਹੋਮ ਕੋ ਉਠਨੇ ਉਚੇਰੇ। ਧਾਰ ਗਗਨ ਪਹੁੰਚੀ ਸੁਰ ਨੇਰੇ।
ਮੰਤ੍ਰ ਪਾਠ ਕੋ ਭਾਖਤਿ ਜਨੈਂ ਸਨੈਂ। ਆਹੁਤਿ ਪਰਹਿ ਹੁਤਾਸਨ ਤਨੈਂ ਤਨੈਂ
॥੧੯॥ ਆਦਿ ਸ਼ਕਤਿ ਕੋ ਧਾਰਤਿ ਧਯਾਨਾ। ਇਕ ਤੌ ਚਤੁਰਭੁਜੀ ਬਲ-
ਵਾਨਾ। ਚੰਦ੍ਰਸ਼ੇਖਰੀ[2], ਆਯੁਧ ਧਰਨੀ। ਉੱਗ੍ਰ ਤੇਜ ਦੁਸ਼ਟਨ ਕੋ ਦਰਨੀ
॥੨੦॥ਕ੍ਰਿਪਾ ਠਾਨਿ ਦਾਸਨ ਕੀ ਰੱਖਕ।ਕ੍ਰੋਪ ਕ੍ਰੂਰ ਤੇ ਦੁਰਜਨ ਭੱਖਕ।
ਤਿਸ ਤੇ ਅੱਸ਼ਟਭੁਜੀ ਕੋ ਧਯਾਨਾ। ਜੁਾਲਾਮੁਖ ਤੇ ਬਮਤਿ[3] ਮਹਾਨਾ॥੨੧॥
ਲਾਲ ਬਿਲੋਚਨ ਮੁੰਡਨ ਮਾਲੀ[4]। ਛੂਟੇ ਬਾਲ ਕਰਾਲ ਬਿਸਾਲੀ। ਦਾਰੁਣ
ਤੁੰਙਾ ਰੰਙਿ ਕਪਾਲੀ[5]। ਅੰਗ ਦਿਗੰਬਰ ਭੀਖਨ ਕਾਲੀ ॥ ੨੨ ॥ ਦਾਰੁਨ
ਦੀਰਘ[6] ਪੰਕਤਿ ਵਾਲੀ। ਸਰਪ ਫੁੰਕਾਰੇ ਹਾਥ ਕਰਾਲੀ[7]। ਚਰਮੰ ਸ਼ੁਸ਼ਕਾ
ਨਖਨ ਬਿਸਾਲੀ[8]। ਅਧਿਕ ਉਗਾਲਤਿ ਜੁਾਲਾ ਮਾਲੀ[10]*॥੨੩॥ ਇੱਤਯਾ-
ਦਿਕ ਧਰਿ ਧਯਾਨ ਦੁਹਨ ਕੋ†।ਥਿਰਤਾ ਦੇ ਕਰਿ ਚੰਚਲ ਮਨ ਕੋ।ਹਮਨ
ਕਰਤਿ ਉਠਿ ਲਾਟ ਉਚੇਰੀ। ਸੌਂਜ ਘ੍ਰਿਤਾਦਿਕ ਪਰਤਿ ਘਨੇਰੀ ॥ ੨੪ ॥
ਪ੍ਰਥਮ ਦਿਵਸ ਬੈਠੇ ਇਕ ਆਸਨ। ਏਕ ਆਸ ਬਿਨ ਦੂਸੀ ਆਸ ਨ।
ਪਾਂਚ ਪਹਿਰ ਲਗਿ ਇਕ ਸ਼੍ਰਮ ਕੀਨੋ। ਹੋਤਿ ਨਿਰੰਤਰ ਹੋਮ ਪ੍ਰਬੀਨੋ
॥੨੫॥ ਸਹਿਤ ਮੰਤ੍ਰ ਕੇ ਜੇਤਿਕ ਭਯੋ। ਤੇਤਿਕ ਸੌਂਜ ਹਮਨ ਕਰਿ ਦਯੋ।
ਬਿੱਪ੍ਰ ਸਮੇਤ ਉਠੇ ਪ੍ਰਭੁ ਫੇਰ। ਕਰਿ ਅਰਾਮ ਨਿਸ ਭਈ ਸਬੇਰ ॥ ੨੬ ॥
ਸੌਚ ਸ਼ਨਾਨ ਠਾਨਿ ਗੁਰ ਤਹਾਂ। ਤਿਮਹੀ ਬਿੱਪ੍ਰ ਕਰੀ ਸੁਧ ਮਹਾਂ। ਬਹੁਰ
ਬੈਠਿ ਕਰਿ ਤਿਸ ਹੀ ਆਸਨ। ਕਰਨਿ ਲਗੇ ਸ੍ਰੀ ਚੰਡਿ ਉਪਾਸਨ ॥੨੭॥

[1]ਫੁਲ। [2]ਮੱਥੇ ਤੇ ਚੰਦ੍ਰਮਾ ਵਾਲੇ (ਸ਼ਿਵ) ਦੀ ਸ਼ਕਤੀ ਦੁਰਗਾ। (ਅ) ਮੱਥੇ ਤੇ ਚੰਦ੍ਰਮਾ ਵਾਲੀ (ਦੇਖੋ ਰੁਤ ੨ ਅੰਃ ੧੦, ਅੰਕ ੨੫)। [3]ਨਾਸ਼ਕ। [4]ਮੂੰਹੋਂ ਅੱਗ ਕੱਢਦੀ ਹੈ। [5]ਸਿਰਾਂ ਦੀ ਮਾਲਾ ਧਾਰਨ ਵਾਲੀ। [6]ਖੱਪਰ (ਰੱਖਣ)ਵਾਲੀ। [7]ਦਾੜ੍ਹਾਂ ਵੱਡੀਆਂ। [8]ਹੱਥ ਵਿਚ ਭਯਾਨਕ ਸੱਪ ਫੁੰਕਾਰੇ ਮਾਰਦਾ ਹੈ। [9]ਵਡੇ ਵਡੇ ਨਹੁੰਆਂ ਵਾਲੀ। [10]ਅੱਗ ਦੀਆਂ ਲਾਟਾਂ। *ਕਿਤਨਾਂ ਭਯਾਨਕ ਰੂਪ ਬੱਧਾ ਹੈ। ਕੌਣ ਉੱਜਲਤਾ ਦਾ ਪ੍ਰੇਮੀ ਐਸਾ ਧਯਾਨ ਧਰ ਸਕਦਾ ਹੈ ? ਦਸਮੇਸ਼ ਜੀ ਦਾ ਅਪਨਾ ਸ੍ਰੀ ਮੁਖਵਾਕ ਹੈਃ—'ਨ ਧਿਆਨ ਆਨ ਕੋ ਧਰੋਂ'। ਪੁਨਾਃ—'ਪਰੰਮ ਧਿਆਨ ਧਾਰੀਐ' ਪੁਨਾਃ—'ਤ੍ਰਿਮੇਕ ਰੂਪ ਰਾਖਏ' [ਬਚਿਃ ਨਾਃ ੬, ੩੬ ਤੋਂ-੪੦] ਹਾਂ, ਦੇਵੀ ਦੇ ਬੀਰਤਾ ਦੇ ਹਾਲਾਤ ਸੁਣਾ ਸੁਣਾਕੇ ਬੀਰ ਤੇ ਰੌਦ੍ਰ ਰਸੀ ਉਮਾਹ ਉਦੀਪਨ ਕਰਨੇ ਹੋਰ ਬਾਤ ਹੈ।

†ਧਿਆਨ ਤਾਂ ਇਕ ਨੁਕਤੇ ਤੇ ਟਿਕਿਆਂ ਸਿੱਧ ਹੁੰਦਾ ਹੈ, ਓਹੋ [illegible] ਅਠ ਸਰੂਪੀ ਦਾ ਧਯਾਨ ਕੀਕੂੰ ਥਿਰ ਹੁੰਦਾ ਹੈ ? ਇਥੇ ਦੇਵੀਆਂ ਭੀ ਦੋ ਹੋ ਗਈਆਂ ਹਨ, ਇਕ ਨਹੀਂ ਰਹੀ।

Sri Satguru Jagjit Singh Ji eLlibrary NamdhariElibrary@gmail.com

ਮੰਤ੍ਰਨਿ ਕੌ ਉਚਾਰ ਬਹੁ ਬਾਰੀ। ਕਰ ਪੰਕਜ ਤੇ ਆਹੁਤਿ ਡਾਰੀ। ਉਠਤਿ
ਧੂਮ ਬਹੁ ਚਢ੍ਯੋ ਅਕਾਸ਼ਾ। ਤਿਲ ਘ੍ਰਿਤ ਪਰੇ ਸੁ ਲਾਟ ਪ੍ਰਕਾਸ਼ਾ ॥ ੨੮ ॥
ਕੇਸ਼ਵ ਦਾਸ ਪਠਹਿ ਮੁਖ ਜਸੈਂ ਜਸੈਂ। ਪਾਇਂ ਅਹੂਤੀ ਸ੍ਰੀ ਪ੍ਰਭੁ[1] ਤਸੈਂ ਤਸੈਂ।
ਆਸਨ ਸਾਧਿ[2] ਏਕ ਰਸੁ ਬੈਸੇ। ਛੋਡਿ ਪਰਾਯਨ[3] ਕਰਿ ਮਨ ਤੈਸੇ ॥੨੯॥
ਨਿੰਦ੍ਰਾ, ਛੁਧਾ, ਗਿਰਾ ਨਿਜ ਜੀਤ[4]। ਆਸਨ ਬੈਠੇ ਪਰਮ ਪੁਨੀਤ। ਪ੍ਰਥਮ
ਦਿਵਸ ਜਿਵ ਦੂਸਰ ਦਿਨ ਕੋ। ਕਰੀ ਸੁ ਕ੍ਰਿਤ ਸਥਿਰ ਕਰਿ ਮਨ ਕੋ ॥੩੦॥
ਪੰਚ ਜਾਮ ਲੌ ਹੋਮ ਅਰੰਭਾ। ਦਾਸ ਬਿਲੋਕਤਿ ਭੁਏ ਅਚੰਭਾ। ਸੁਖੀ ਆਰ-
ਬਲ ਸਕਲ ਬਿਤਾਈ। ਕਠਨ ਕ੍ਰਿਆ ਇਕ ਬਾਰਿ ਉਠਾਈ ॥ ੩੧॥ ਭੂਮ
ਸੇਜ ਕਰਿ, ਭੋਜਨ ਬਰਜਨੇ। ਪੰਚ ਪਹਿਰ ਲਗਿ ਬੈਠਨ ਸਿਰਜਨੋ[5]। ਏਕ
ਜਾਮੁ ਜਬਿ ਨਿਸਾ ਬਿਤਾਈ। ਕਰਹਿ ਅਰਾਮ ਉਠੇ ਗੋਸਾਈਂ ॥੩੨॥ ਕੁਛ
ਫਿਰ ਕਰਿ ਇਤ ਉਤ ਤਿਸ ਥਾਨ। ਪੌਢੇ ਬਿਨਾ ਨੀਂਦ ਭਗਵਾਨ। ਦੇਵੀ
ਰੂਪ ਬਿਖੈ ਲਿਵ ਲਾਗੀ। ਛੁਧਾ ਪਿਪਾਸਾ ਨਿੰਦ੍ਰਾ ਤਜਾਗੀ ॥੩੩॥ ਪੁਨ ਪ੍ਰਭਾਤਿ
ਉਠਿ ਸੌਚ ਸ਼ਨਾਨੇ। ਬੈਠਿ ਹਮਨ ਕੀ ਕ੍ਰਿਤ ਕੋ ਠਾਨੇ। ਦਿਜਬਰ ਤੇ
ਕ੍ਰਿਤ ਹੋਇ ਨ ਏਤੀ*। ਕਰਤਿ ਹਮਨ ਪ੍ਰਭੁ ਪਠਿ ਕਰਿ ਤੇਤੀ ॥੩੪॥ ਇਸੀ
ਪ੍ਰਕਾਰ ਕਿਤਿਕ ਦਿਨ ਕਰਨੀ। ਕਰੀ ਬਿਖਮ ਤਪ ਤੇ ਜਿਮ ਬਰਨੀ[6]।
ਹਮਨ ਵਸਤੁ ਸਗਰੀ ਚਲਿ ਆਵੈ। ਧਰੇ ਮੌਨ ਸੇਵਕ ਧਰਿ ਜਾਵੈ ॥ ੩੫ ॥
ਘ੍ਰਿਤ ਸੈਂਕਰੇ ਮਨ ਪਹੁੰਚੈ ਹੈ। ਤਿਲ, ਜਵ, ਮੇਵਾ, ਤੰਦੁਲ ਲਯੈਹੈਂ। ਬਹੁ
ਸਰਕਰਾ[7] ਆਨਿ ਕਰਿ ਧਰੈਂ। ਬਿੱਪ੍ਰ ਹੁਕਮ ਤੇ ਮੇਲਨਿ ਕਰੈਂ ॥ ੩੬ ॥
ਬਾਸਨ ਭਰੇ ਉਠਾਵੈਂ ਦੋਊ[8]। ਜਾਇ ਟਿਕਾਵੈਂ ਗੁਰ ਢਿਗ ਸੇਊ[9]। ਪਰਹਿ ਅਹੂਤੀ
ਹੋਇ ਸੁ ਰੀਤੋ[10]। ਤਿਮ ਹੀ ਭਰੈਂ ਸੌਜ ਜਿਮ ਕੀਤੋ[11] ॥ ੩੭ ॥ ਜਿਤਿਕ
ਪ੍ਰਮਾਣ ਅਹੂਤੀ ਕੇਰਾ। ਲੇਹਿ ਤਿਤਿਕ ਨਹਿ ਘਾਟ ਘਨੇਰਾ। ਮੁਖ ਤੇ ਪੜਹਿ
ਮੰਤ੍ਰ ਕੋ ਜਬੈ। ਅੰਤ੍ਰ[12] ਅਹੂਤੀ ਡਾਰੈਂ ਤਬੈ ॥ ੩੮ ॥ ਇਸੀ ਰੀਤਿ ਕਰਤੇ
ਪ੍ਰਭੁ ਰਹੇ। ਬਿਦਤਿ ਜਗਤ ਮਹਿ ਜਿਤ ਕਿਤ ਲਹੇ। ਜਿਤਿਕ ਬਿੱਪ੍ਰ ਤੇ ਬੈਠਨੇ
ਜਾਇ। ਤਿਤਿਕ ਕਰਾਇ ਬਹੁਰ ਉਠਿ ਜਾਇ* ॥੩੯॥ ਪ੍ਰਭੁ ਇਕ ਆਸਨ

[1] ਗੁਰੂ ਜੀ। [2] ਆਸਨ ਲਗਾਕੇ। [3] ਆਸਰੇ। [4] ਨੀਂਦ, ਭੁੱਖ ਤੇ ਬੋਲਣਾ ਜਿੱਤਿਆ। [5] ਧੁੱਦੇ ਮੌਣਾ।
[6] ਬੈਠਣਾ ਕੀਤਾ। [7] ਜਿਵੇਂ ਵਰਣਨ ਕੀਤੀ ਹੈ, ਕਈ ਦਿਨ ਕਠਨ ਤਪੱਸਯਾ ਨਾਲ ਕਰਨੀ (=ਕ੍ਰਿਤ)
ਇਉਂ ਕੀਤੀ। [8] ਖੰਡ। [9] ਦੋਵੇਂ (ਸੇਵਕ)। [10] ਖਾਲੀ। [11] ਸਮੱਗ੍ਰੀ ਨਾਲ ਉਵੇਂ ਭਰਦੇ ਹਨ ਜਿਵੇਂ
ਕਿ (ਖਾਲੀ) ਕੀਤਾ ਸੀ। [12] (ਕੁੰਡ) ਵਿਚ।

*ਜਦ ਪੰਡਤ ਵਿਚ ਤਪੱਸਯਾ
ਕਰਨ ਦਾ ਬਲ ਇੰਨਾ ਘੱਟ ਹੈ ਤਾਂ ਦੇਵੀ ਪ੍ਰਤੱਖ ਕਰਨ ਦਾ ਮਾਨ ਕਿਸ ਗੱਲੇ ਕਰਦਾ ਸੀ ਤੇ
ਸਦਾ ਲੋਭ ਕਿਸ ਮੇਹਨਤ ਦਾ ਮੰਗਦਾ ਸੀ ?

Sri Satguru Jagjit Singh Ji eLlibrary NamdhariElibrary@gmail.com

ਪ੍ਰਾਤੀ ਬੈਸੇ। ਜਾਮ ਰਾਤਿ ਲੌ ਇਸਥਿਰੁ ਤੈਸੇ।ਪਠਨਿ ਹਮਨ, ਮਨ ਕਰਿਬੋ ਧਯਾਨ। ਏਕਲ ਕਰਤੇ ਗੁਰ ਭਗਵਾਨ ॥ ੪੦ ॥ ਦੋਹਰਾ ॥ ਏਕ ਅਰਾਧਨ ਚੰਡਿਕਾ ਭੁਏ ਪਰਾਯਨ[1] ਧੀਰ। ਬਿਦਤਹਿ ਦੇਬੇ ਹੇਤੁ ਬਰ ਪੰਥ ਕਰਨ ਕੋ ਬੀਰ[2] ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤੀਯ ਰੁਤੇ 'ਦੇਵੀ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥ ੭ ॥

੮. [ਸ਼ਿਕਾਰ। ਹੋਮ]।

ਦੋਹਰਾ ॥ ਪੰਚ ਪਹਿਰ ਲੌ ਕਿਤਿਕ ਦਿਨ ਕਰਿ ਕੈ ਹਮਨ ਪ੍ਰਕਾਰ। ਸਵਾ ਪਹਿਰ ਕੋ ਨੇਮ ਪੁਨ ਕੀਨਿਸਿ ਬਿੱਪ੍ਰ ਉਚਾਰਿ ॥ ੧॥ ਚੌਪਈ ॥ 'ਸ੍ਰੀ ਪ੍ਰਭੁ ! ਕਿਰਤ ਘਨੀ ਇਹ ਜਾਨੋ।ਲਾਖਹੁੰ ਪਰੈਂ ਅਹੂਤੀ ਮਾਨੋ। ਇਤੋ ਬਿਖਮ ਤਪੁ ਕਰੀਅਹਿ ਨਾਹਿ ਨਾਸਨੇ ਸਨੇ ਪੁਰਵਹੁ ਨਿਜ ਚਾਹਿਨ' ॥੨॥ ਪੁਨ ਸਤਿਗੁਰ ਕਰਿ ਸੌਚ ਸ਼ਨਾਨ। ਸਵਾ ਪਹਿਰ ਬੈਠੇਂ ਇਕ ਥਾਨ। ਪਰੈ ਅਹੂਤੀ ਜੇਤਿਕ ਜਬੈ। ਮੰਤ੍ਰ ਪਠਨ ਕਰਿ ਹੋਮਹਿਂ[3] ਤਬੈ ॥ ੩ ॥ ਅਲਪ ਅਹਾਰ ਕਰਹਿਂ ਪ੍ਰਭੁ ਨੀਤ। ਪਾਇਸ ਆਦਿ ਸ਼ਾਂਤਕੀ ਚੀਤ[4]। ਨਹਿ ਬਹੁ ਬੋਲੈਂ ਨਿਸ ਦਿਨ ਮਾਂਹੀ। ਚਿਤਵੈਂ ਚੰਡੀ ਚਿਤ, ਅਨ ਨਾਂਹੀ[5] ॥੪॥ ਇਕ ਦਿਨ ਪ੍ਰਭੂ ਪਾਛਲੇ ਜਾਮੂ। ਸੁੱਖਾ ਛਕਿ ਅਫੀਮ ਸੁਖ ਧਾਮੂ*। ਸੌਚ ਸ਼ਨਾਨ ਠਾਨਿ ਕਰਿ ਚਹਯੋ। ਪਹਿਰੇ ਬਸਤ੍ਰ ਸ਼ਸਤ੍ਰ, ਬਚ ਕਹਯੋ:—॥੫॥ 'ਹਯ ਪਰ ਜ਼ੀਨ ਪਾਇ ਤਤਕਾਲਹਿ। ਆਨਹੁ ਨਿਕਟ ਅਖੇਰਹਿ ਚਾਲਹਿ'। ਸੁਨਤਿ ਦਾਸ ਆਨਯੋ ਕਰਿ ਤਯਾਰ। ਤਤਛਿਨ ਭੁਏ ਪ੍ਰਭੂ ਅਸਵਾਰ ॥ ੬॥ ਗਏ ਬਿਪਨ ਕੋ ਗਹਿਵਰ ਜਬੈਂ[6]। ਜੋਧਾ ਸੰਗ ਹਯਨ ਚਢਿ ਤਬੈ। ਕਛੀ ਅਖੇਰ ਬ੍ਰਿੱਤ ਮ੍ਰਿਗ ਮਾਰੇ। ਜਾਤਿ ਪਲਾਏ ਤੀਰ ਪ੍ਰਹਾਰੇ ॥੭ ॥ ਕਾਨਨ ਕੌ ਅਵਿਗਾਹਿਨ[7] ਕਰਿਕੈ। ਜੁਰਰੇ ਬਾਜ ਉਡਾਏ ਧਰਿਕੈ। ਲਗਰ, ਝਗਰ[8], ਬਾਸ਼ੇ ਅਰੁ ਸ੍ਵਾਨ। ਚੀਤਨ ਕੇ ਕਰਿ ਖੇਲ ਮਹਾਨ ॥ ੮ ॥ ਘਟਿਕਾ ਦਿਵਸ ਰਹੇ ਤਬਿ ਆਏ। ਆਨੰਦ ਪੁਰਿ ਆਨੰਦ ਉਪਜਾਏ। ਕਰੇ ਬਿਲੋਕਨਿ ਕੇਸ਼ਵ ਦਾਸ। ਗਨ ਜੀਵਨ ਕੋ ਕੀਨਿ ਬਿਨਾਸ਼ ॥ ੯ ॥ ਕੋਲ[9] ਸਸੇ ਇੱਤਯਾਦਿਕ ਮਾਰੇ। ਤੀਤਰ, ਲਵੇ, ਬਟੇਰ ਪ੍ਰਹਾਰੇ। ਬੰਧ ਮਤੰਗਨਿ ਪਰ ਲਟਕਾਏ।

---

[1]ਚੰਡਿਕਾ ਅਰਾਧਨ ਦੇ ਪਰਾਯਨ (ਆਸ਼੍ਰੇ)। [2]ਸੂਰਬੀਰ ਪੰਥ ਦੇ ਰਚਣੇ ਨੂੰ। [3]ਹੋਮ ਕਰਦੇ ਹਨ। [4]ਚਿਤ ਨੂੰ ਸਤੋਗੁਣੀ ਰੱਖਣ ਵਾਲੇ ਖੀਰ ਆਦਿਕ (ਸੂਖਮ) ਭੋਜਨ ਖਾਂਦੇ ਹਨ। [5]ਹੋਰ ਨਹੀਂ। [6]ਸੰਘਣੇ ਬਨ ਵਿਚ। [7]ਗਾਹ ਕਰਕੇ। [8]ਇਕ (ਸ਼ਿਕਾਰੀ) ਪੰਛੀ, ਲਗਰ ਦਾ ਨਰ। [9]ਸੂਰ।

*ਸੌ ਸਾਖੀ ਵਿਚ ਹੀ ਲਿਖਿਆ ਹੈ 'ਮਦਰਾ ਦਹਿਤਾ ਸਪਤ ਕੁਲ ਭੰਗ ਦਹੇ ਤਨ ਏਕ'। ਇਹ ਉਥੇ ਗੁਰੂ ਹੁਕਮ ਕਰਕੇ ਦੱਸਿਆ ਹੈ। ਦੂਸਰੇ ਹੋਮ ਕਰਨ ਕਰੋੜ ਵਾਲੇ ਲਈ ਨਸ਼ੇ ਮਨ੍ਹਾਂ ਹਨ।ਪੰਡਿਤ ਨੇ ਅੱਗੇ ਜਾਕੇ ਸ਼ਿਕਾਰ ਤੇ ਇਤਰਾਜ਼ ਕੀਤਾ ਹੈ ਪਰ ਭੰਗ ਅਫੀਮ ਤੇ ਕਿਉਂ ਨਹੀਂ ਕੀਤਾ ?

Sri Satguru Jagjit Singh Ji eLlibrary NamdhariElibrary@gmail.com

ਹਯਨਿ ਕੁੰਜ[1] ਕੇ ਭਟ ਗਨ ਲਜਾਏ॥ ੧੦ ॥ਬ੍ਰਿੰਦ ਜੀਵ ਮ੍ਰਿਤੁ ਪੇਖੇ ਜਬੈ। ਕ੍ਰਿਪਾ ਅਧੀਨ ਭਯੋ ਦਿਜ ਤਬੈ। ਦਰਸ਼ਨ ਕਰਨ ਸਮਾ ਨਿਜ ਜਾਨੇ।ਚਲਿ ਆਯੋ ਸਤਿਗੁਰ ਜਿਸ ਥਾਨੇ ॥ ੧੧ ॥ ਆਸ਼ਿਖ ਬਾਦ ਉਚਾਰਨਿ ਕਰਯੋ। ਹੁਕਮ ਪਾਇ ਚੌਂਕੀ ਪਰ ਥਿਰਯੋ। ਲਖਿ ਅਵਸਰ ਕੋ ਬਾਕ ਬਖਾਨਾ।'ਨ੍ਰਿਪ ਕੋ ਸੇਵਨ ਕਠਨ ਮਹਾਨਾ[2] ॥੧੨॥ ਤਊ ਜਿ ਕਛੁ ਬੂਝਯੋ ਨ੍ਰਿਪ ਚਹੈ।ਮਤਿ ਅਨੁਸਾਰ ਸੁਮਤਿ ਤਬਿ ਕਹੈ। ਬਿਨਾ ਬੂਝਿਬੇ[3] ਕਹਨ ਨ ਬਨੇ। ਨਹਿ ਸਨਮਾਨਹਿ, ਜੋ ਇਮ ਭਨੇ[4]॥੧੩॥ ਧੀਰ ਪੁਰਸ਼[5] ਕੀ ਹੈ ਅਸ ਚਾਲ।ਤਊ ਜਿ ਹੁਇ ਉਪਕਾਰ ਬਿਸਾਲ।ਬਿਨਾ ਬੂਝਿਬੇ ਬੁੱਧਿਜਨ ਕਹੈਂ।ਮਾਨਹਿ ਨ੍ਰਿਪ ਕੈਧੌਂ ਨਹਿ ਚਹੈਂ[6] ॥ ੧੪ ॥ ਮਹਾਂ ਪ੍ਰਯੋਗ ਬਨੇ ਤੁਮ ਕਰਤਾ। ਬਿਘਨ ਨ ਪਰੈ, ਚਹੌਂ ਗਨ ਹਰਤਾ[7] । ਮੰਗਲ ਆਦਿ ਪੁੰਨ ਬਹੁ ਦਾਨ।ਕਰਿਬੇ ਬਨਹਿ ਕਾਜ ਸਿਧ ਠਾਨਿ ॥ ੧੫ ॥ ਤੁਮ ਗਨ ਮ੍ਰਿਗਨਿ ਪੰਛੀਅਨਿ ਘਾਯੋ।ਨਾਹਕ ਹਿੰਸਾ ਕਰਮ ਕਮਾਯੋ। ਬਡ ਬੁਧਿਵੰਤਨ ਕੇ ਸਿਰਮੌਰ। ਰਿਦੈ ਬਿਚਾਰਹੁ ਹਰਿ ਸਿਰਮੌਰ[8] ॥੧੬॥ ਸਭਿ ਜੀਵਨ ਮਹਿ ਬਯਾਪਯੋ ਸੋਇ।ਸਿਤਿਕ ਜਗਤ ਦੀਖਤਿ ਸਭਿ ਕੋਇ। ਹਿੰਸਾ ਕਰਨੀ ਨਾਹਨ ਨੀਕੀ। ਜੋ ਤੁਮ ਕਰੀ ਖਗਨਿ ਮ੍ਰਿਗ ਜੀ ਕੀ॥੧੭॥ਮੈਂ ਚਾਹੌਂ ਹੁਇ ਪੂਰ ਪ੍ਰਯੋਗ।ਨਾਹਿ ਤ ਕਰੈਂ ਹਾਸ ਸਭਿ ਲੋਗ।ਦੇਵਿ ਅਰਾਧਨ ਤਤਪਰ ਰਹੀਅਹਿ। ਜਿਸ ਤੇ ਬਿਦਤਹਿ ਤਿਮ ਤੁਮ ਚਹੀਯਹਿ ॥੧੮॥ਹਿੰਸਾ ਕੇ ਸਮ ਦੋਸ਼ ਨ ਕੋਈ। ਆਗੇ ਜਸੇਂ ਰਾਵਰਿ ਇਛ ਹੋਈ। ਤਥਾ ਕਰਹੁ ਮਨ, ਸਮੁਝਿ ਬਿਚਾਰਹੁ। ਮਮ ਬਚ ਭਲੋ ਬੁਰੋ ਨਿਰਧਾਰਹੁ*॥੧੯॥ ਸੁਨਿ ਕਰਿ ਦਿਜਬਰ ਕੇ ਅਸ ਬੈਨ। ਮਨ ਮੁਰਝਾਨੋ

[1](ਕਾਠੀ ਦੇ) ਕੁੰਡਿਆਂ ਨਾਲ ਲਟਕਾਏ। [2]ਰਾਜੇ ਦੀ ਸੇਵਾ ( ਨੌਕਰੀ ਕਰਨੀ ) ਬੜੀ ਔਖੀ ਹੈ। [3]ਬਿਨਾਂ ਪੁੱਛੇ। [4]ਐਵੇਂ ਜੋ ਆਖੇ। [5]ਬੁਧੀਮਾਨ। [6]ਚਾਹੇ ਰਾਜਾ ਮੰਨੇ ਯਾ ਨਾ ( ਮੰਨੇ )। [7]ਮੈਂ ਚਾਹੁੰਦਾ ਹਾਂ ਕਿ ਸਾਰੇ (ਵਿਘਨ) ਨਾਸ਼ ਹੋਣ। [8]ਹਰੀ ਜੋ ਸਾਰਿਆਂ ਦਾ ਸ਼ਿਰੋਮਣੀ ਹੈ।

*ਕਾਲੀ ਜਿਸ ਦੀ ਅਰਾਧਨਾ ਹੋ ਰਹੀ ਹੈ, ਰਾਖਸ਼ਭੱਖਣੀ ਹੈ, ਇਸ ਦੀ ਮੂਰਤੀ ਅੱਗੇ ਸੈਂਕੜੇ ਬੱਕਰੇ ਰੋਜ਼ ਭੇਟਾ ਹੁੰਦੇ ਹਨ, ਬਿੰਧਯਾ ਚਾਲੇ ਕਾਲੀ ਮੰਦਰ ਵਿਚ ਲਹੂ ਨਹੀਂ ਸੁੱਕਦਾ, ਜੁਆਲਾ ਜੀ ਬਕਰਿਆਂ ਦਾ ਭੋਗ ਲਗਦਾ ਹੈ, ਇਹੋ ਹਾਲ ਕਾਲੀ ਘਾਟ ਕਲਕਤੇ ਹੈ। ਫਿਰ ਜੁੱਧਾਂ ਜੰਗਾਂ ਦੇ ਲਹੂ ਦੇਵੀ ਨੂੰ ਅਰਪਨ ਹੁੰਦੇ ਹਨ। ਗੁਰੂ ਜੀ ਤੋਂ ਪ੍ਰਗਟ ਹੋਣ ਵੇਲੇ ਦੇਵੀ ਲਹੂ ਦੀ ਭੇਟ ਲੈਂਦੀ ਹੈ ਫਿਰ ਏਥੇ ਕੇਸ਼ਵ ਦਾਸ ਜੀ ਐਉਂ ਜਣਾਉਂਦੇ ਹਨ ਕਿ ਮਾਨੋ ਦੇਵੀ ਕੋਈ 'ਜੋਨੀ' ਵਰਜਕਤੀ ਹੈ। ਪ੍ਰਗਟ ਹੋਕੇ ਬੀ ਤਾਂ ਦੇਵੀ ਨੇ ਕ੍ਰਿਪਾਨ ਦੇਣੀ ਤੇ ਤੁਰਕ ਮਾਰਨੇ ਦੱਸਣੇ ਹਨ। ਦੇਵੀ ਨੂੰ ਸ਼ਿਕਾਰ ਤੱਕਕੇ ਖੁਸ਼ ਹੋਣਾ ਚਾਹੀਦਾ ਸੀ ਕਿ ਨਰਾਜ਼ ? ਦੇਵੀ ਪ੍ਰਗਟਾਉਣ ਦੇ ਪ੍ਰਸੰਗਾਂ ਵਿਚ ਐਸੀਆਂ ਅਸੰਗਤੀਆਂ ਅਨੇਕਾਂ ਹਨ।

ਕਰੁਨਾ ਨੈਨ[੧]। ਸਭਿ ਸੁਭਟਨ ਸੌਂ ਬਚਨ ਬਖਾਨਾ। 'ਕਰ ਦਿਹੁ ਮ੍ਰਿਗ ਖਗ ਬੰਧਨ ਹਾਨਾ ॥੨੦॥ ਪੰਡਿਤ ਕੋ ਪ੍ਰਮੋਦ[੨] ਹਮ ਰਾਖਨਿ। ਕਹ੍ਯੋ[੩] ਮਾਨੀਐ ਕਰਿ ਅਭਿਲਾਖਨ'। ਤਤਛਿਨ ਭਟਨਿ ਛੋਰਿ ਜਬਿ ਦੀਏ। ਮਰੇ ਹੁਤੇ ਸਮੁਦਾਇ ਸੁ ਜੀਏ ॥੨੧॥ ਕੋ ਉਡਿ ਚਢੇ ਅਕਾਸ਼ ਮਝਾਰਾ। ਕੋ ਦੌਰੇ ਭੂ ਪਰ ਡਰ ਧਾਰਾ। ਕੋ ਚਿਤ ਚਾਂਏ ਕੋ ਚਿਤ ਦਾਂਏ। ਧਾਏ ਜਨੁ ਜੀਵਤ ਗਹਿ ਲ੍ਯਾਏ ॥੨੨॥ ਕੇਸ਼ਵ ਅਵਿਲੋਕਤ ਬਿਸਮਾਯੋ। 'ਧੰਨ ਧੰਨ' ਕਹਿ ਜਸੁ ਬਿਰਧਾਯੋ। 'ਪੂਰਨ ਪੁਰਖ ਅਹੋ ਸਮਰੱਥ। ਮਾਰਨ ਜੀਵਾਲਨਿ ਤੁਮ ਹੱਥ ॥੨੩॥ ਮੈਂ ਨਹਿ ਜਾਨਿ ਸਕ੍ਯੋ ਅਸ ਭੇਵ। ਜਗਤ ਈਸ਼ ਤੁਮ ਦੇਵਨ ਦੇਵ। ਜਥਾ ਜੋਗ ਰਾਵਰਿ ਗੁਰਿਆਈ[੪]। ਮਾਨਹਿ ਚੈਨ ਦਾਸ ਸਮੁਦਾਈ ॥੨੪॥ ਕ੍ਯੋਂ ਨਹਿ ਸਿਖ ਕੋ ਕਸ਼ਟ ਮਿਟਾਵਹੁ। ਅੰਤਕ[੫] ਦੁਖ ਤੇ ਅੰਤ ਬਚਾਵਹੁ। ਪੁੰਨ ਪਾਪ ਕੇ ਲਗਹਿ ਨ ਲੇਸ਼ੂ। ਨਰ ਲੀਲਾ ਠਾਨਹੁ ਜਗਤੇਸ਼ੂ! ॥੨੫॥ ਜਿਸ ਪਰ ਕ੍ਰਿਪਾ ਆਪ ਕੀ ਹੋਇ। ਪ੍ਰਭੁ ਸਰੂਪ ਤੁਮ ਜਾਨਹਿ ਸੋਇ। ਅਬਿ ਨਿਸ਼ਚਾ ਮੇਰੇ ਮਨ ਆਯੋ। ਧਰਮ ਹੇਤੁ ਤਨ ਕੋ ਤੁਮ ਪਾਯੋ*' ॥੨੬॥ ਸੁਨਿ ਪ੍ਰਭੁ ਕਹ੍ਯੋ 'ਤੁਮਹਿ ਅਨੁਸਾਰੇ। ਕਰਮ ਕਰਨਿ ਸਭਿ ਹਮ ਉਰ ਧਾਰੇ। ਜੋ ਤੁਮ ਕਹੁ ਇਹ ਲਗਹਿ ਨ ਆਛੇ। ਨਹੀ ਕਦਾਚਿਤ ਹਮ ਕਹੁ ਬਾਂਛੇ' ॥੨੭॥ ਸੁਨਿ ਹਰਖਾਇ ਗਯੋ ਨਿਜ ਡੇਰੇ। ਰਿਦੇ ਬਿਚਾਰ ਕਰਤਿ ਬਹੁਤੇਰੇ।–ਇਸ ਜਗ ਮਹਿ ਧਨ ਪਾਵਨ ਆਦਿ। ਇਨ ਤੇ ਬਨਹਿ ਮੋਹਿ ਅਹਿਲਾਦ ॥੨੮॥ ਦੁਤੀਏ ਜਸੁ ਪਾਵੌਂ ਅਬਿਨਾਸ਼ੀ। ਜਿਤ ਕਿਤ ਜਗ ਮਹਿ ਗੁਰਸਿਖ ਰਾਸੀ। ਤ੍ਰਿਤੀਏ ਇਨ ਸੰਗ ਨਾਮ ਸੁ ਮੇਰਾ। ਰਹੇ ਸਦਾ ਥਿਰ ਜਗਤ ਬਡੇਰਾ ॥੨੯॥ ਇਨ ਕੀ ਕਥਾ ਕਰਹਿ ਕਵਿ ਜੋਈ। ਜਗਦੰਬਾ ਜਗ ਮਹਿ ਬਿਦਤੋਈ। ਤਹਾਂ ਨਾਮ ਮੇਰੋ ਬਰਨੈਂਗੇ। ਲੋਕ ਹਜ਼ਾਰਹੁਂ ਸੁਨਹਿ ਭਨੈਂਗੇ ॥੩੦॥ ਨਿਸ਼ਚੈ ਅਸਿਧੁਜ ਕੋ ਗੁਰਨੰਦ†। ਸੁਜਸੁ ਬਿਦਤ ਜਿਮ ਪੂਰਨ ਚੰਦ। ਪੁਨ

---

[੧]ਬ੍ਰਾਹਮਣ ਦਾ ਮਨ ਮੁਰਝਾਇਆ (ਦੇਖਿਆ) ਗੁਰੂ ਜੀ ਨੇ। [੨]ਖੁਸ਼ੀ। [੩](ਇਸ ਦਾ)ਕਿਹਾ। [੪]ਭਾਵ ਆਪ ਦੀ ਗੁਰਿਆਈ ਠੀਕ ਠੀਕ ਗੁਰਿਆਈ ਹੈ। (ਅ) ਗੁਰਿਆਈ ਦੇ ਆਪ ਲਾਇਕ ਹੋ। [੫]ਜਮ ਦੇ।

*ਜੋ ਸਮਰਥ ਮਾਰੇ ਜੀਵ ਜਿਵਾ ਸਕਦਾ ਹੈ ਉਸ ਦੀ ਸ਼ਕਤੀ ਵਿਚ ਕਿਸ ਗੱਲੋਂ ਨ੍ਯੂਨਤਾ ਹੈ ਕਿ ਦੇਵੀ ਨੇ ਜੋ ਪੂਰੀ ਕਰਨੀ ਹੈ? ਤੇ ਜਿਸ ਨੂੰ ਫਿਰ ਕੇਸ਼ੋ ਦਾਸ ਐਸੇ ਜੀਵ ਦੀ ਸਹਾਇਤਾ ਦੀ ਲੋੜ ਹੈ।

†ਜੋ ਵਾਹਿਗੁਰੂ ਦਾ ਪੁੱਤ੍ਰ ਹੈ ਉਸ ਨੂੰ ਆਦਿ ਸ਼ਕਤੀ ਜੋ ਮਾਤਾ ਹੈ ਕਿਵੇਂ ਪ੍ਰੋਖ ਹੋ ਸਕਦੀ ਹੈ? ਕਦੇ ਪੁੱਤ੍ਰ ਨੂੰ ਮਾਂ ਪਿਉ ਭੀ ਉਹਲੇ ਹੁੰਦੇ ਹਨ।

Sri Satguru Jagjit Singh Ji eLlibrary NamdhariElibrary@gmail.com

ਪਰਲੋਕ ਬਿਖੈ ਸੁਖ ਪਾਇ। ਸਕਲ ਰੀਤਿ ਕੀ ਕਰਹਿਂ ਸਹਾਇ ॥ ੩੧ ॥ ਦੀਰਘ ਹੁਤੇ ਭਾਗ ਮਮ ਪੂਰਬ। ਮਿਲ੍ਯੋ ਅਚਾਨਕ ਪ੍ਰਭੁ ਅਪੂਰਬ[੧]। ਜਗ-ਦੰਬਾ ਕੋ ਬਿਦਤਨ ਮਾਂਹੀ। ਅਬਿ ਸੰਦੇਹ ਬਨੈ ਕਿਮ ਨਾਂਹੀ ॥ ੩੨ ॥ ਨਰ ਲੀਲਾ ਕੇ ਹੁਇ ਅਨੁਸਾਰੀ। ਮੁਹਿ ਜਸੁ ਦੈਨ ਆਦਿ ਕ੍ਰਿਤ ਕਾਰੀ*–। ਇਮ ਦ੍ਵਿਜਿੰਦ੍ਰ ਆਨੰਦ ਬਿਲੰਦ। ਕਰਤਿ ਬਿਚਾਰਨਿ ਕਿੱਤ ਮੁਕੰਦ[੨]† ॥ ੩੩ ॥ ਨਿਸਾ ਭਈ ਕਰਿ ਖਾਨ ਰੁ ਪਾਨ। ਸੁਪਤਿ ਜਥਾ ਸੁਖ ਕ੍ਰਿਪਾਨਿਧਾਨ। ਜਾਮ ਜਾਮਨੀ ਤੈ ਉਠਿ ਜਾਗੇ। ਸੌਚ ਸ਼ਨਾਨ ਕਰਨ ਤਬਿ ਲਾਗੇ॥੩੪॥ ਸੁੱਖਾ ਅਰੁ ਅਫੀਮ ਛਕਿ ਕਰਕੈ। ਬਸਤ੍ਰ ਸ਼ਸਤ੍ਰ ਦੁਤਿਵੰਤ ਪਹਿਰਿ ਕੈ। ਬਿੱਪ੍ਰ ਹਕਾ-ਰਯੋ ਸੰਗ ਮਿਲਾਇ। ਚਢਿ ਤੁਰੰਗ ਗਮਨੇ ਸੁਖਦਾਇ ॥ ੩੫ ॥ ਕੇਸ਼ੋ ਦਾਸ ਅਰੂਢਿ ਝੰਪਾਨ[੩]। ਨੈਨਾਦੇਵੀ ਕੀਨਿ ਪਯਾਨ। ਸੌਜ ਸਮਾਜ ਹਮਨ ਕੋ ਸਾਰਾ। ਰਾਖ੍ਯੋ ਦਾਸਨ ਬਹੁ ਕਰਿ ਤਯਾਰਾ ॥ ੩੬ ॥ ਉਤਲਾਵਤਿ ਪਹੁੰਚੇ ਗੋਸਾਈਂ। ਦਿਵਸ ਚਢੇ ਲਗਿ ਥਿਰੇ ਸਥਾਈ[੪]। ਸਵਾ ਪਹਿਰ ਕੋ ਹਮਨ ਕਰੰਨ। ਨੇਮ ਸਹਿਤ ਸੋ ਮੰਤ੍ਰ ਪਠੰਨ ॥੩੭॥ ਦੁਹਿਦਿਸ਼ਿ ਹਮਨ ਕੁੰਡ ਕੇ ਆਸਨ। ਏਕ ਬਿਨਾ ਜਿਨ ਦੂਜੀ ਆਸ ਨ। ਬੈਠੇ ਦ੍ਵਿਜ ਸਮੇਤ ਬਿਧਿ ਸੰਗ॥ ਸੂਚ ਹ੍ਵੈ ਕਰਿ ਜਲ ਤੇ ਸਰਬੰਗ ॥ ੩੮ ॥ ਧ੍ਯਾਨ ਭਗਵਤੀ ਕੋ ਤਬਿ ਠਾਨਾ॥ ਦੁਹਿਨ ਬਦਨ ਤੇ ਮੰਤ੍ਰ ਬਖਾਨਾ। ਪਾਵਕ ਬਿਖੈ ਅਹੁਤਿ ਕਰਿ ਪਾਵਨ। ਕੀਨਿ ਹੁਤਾਸਨ ਲਾਟ ਉਠਾਵਨਿ ॥੩੯॥ ਵਹਿਰ ਕੁੰਡ ਤੇ ਚਰੂ[੫] ਨ ਪਰੈ। ਬਿਧਿ ਸੋਂ ਗੁਰੂ ਪਾਇਬੋ ਕਰੈਂ। ਹਮਨ ਸੁ ਲੱਛਨ ਹੋਵਤਿ ਜਯੋਂ ਜਯੋਂ। ਬਿੱਪ੍ਰ ਅਨੰਦ ਧਰਤਿ ਹੈ ਤਯੋਂ ਤਯੋਂ ॥ ੪੦ ॥ ਪਠਨਿ ਮੰਤ੍ਰ ਕੋ ਨੇਮ ਜਿਤੇਕ। ਬਿਧਿ ਸੋਂ ਹੋਮਤਿ ਪਠ੍ਯੋ ਤਿਤੇਕ। ਬਹੁਰ ਉਠੇ ਪ੍ਰਭੁ ਪੁਰਿ ਤੇ ਆਏ। ਮੰਗਲ ਮੋਦ ਹੋਤਿ ਸਮੁਦਾਏ ॥ ੪੧ ॥ ਅਲਪ ਅਹਾਰ ਕਰੈਂ ਪ੍ਰਭੁ ਤਬੈ। ਅਲਪ ਬੋਲਿਬੋ ਸੁਨਿਬੋ ਸਬੈ। ਨਿੰਦ੍ਰਾ ਅਲਪ, ਸੁ ਜਾਗਤਿ ਰਹੈਂ। ਦੇਵੀ ਬਿਦਤਿਨਿ ਕੋ

[੧]ਅਸਚਰਜ। [੨]ਮੁਕੰਦ (ਗੁਰੂ ਜੀ ਦੀ) ਕੀਰਤੀ ਬਿਚਾਰਦਾ ਹੈ। [੩]ਪਾਲਕੀ ਤੇ। [੪]ਉਸ ਥਾਂ ਤੇ। (ਅ) ਟਿਕਕੇ। [੫]ਅਹੁਤੀ ਦੇਣ ਵਾਸਤੇ ਤਿਆਰ ਕੀਤਾ ਅੰਨ [ਸੰਸ:, ਚਰੁ]।

*ਜੇ ਕਿਸੇ ਨੂੰ ਜਸ ਦੇਣ ਤੇ ਜਗਤ ਲੀਲ੍ਹਾ ਕਰਨ ਲਈ ਹੀ ਸਾਰਾ ਕੁਛ ਕਰ ਰਹੇ ਹਨ ਤਾਂ ਸਹੀ ਹੋ ਗਿਆ ਕਿ ਆਪ ਨੂੰ ਦੇਵੀ ਪ੍ਰਗਟਾਉਣ ਦੀ ਆਵੱਸ਼ਕਤਾ ਨਹੀਂ ਸੀ ਇਹ ਇਕ ਚੋਜ ਸੀ, ਤਾਂ ਵੀ ਆਪਦਾ ਇਸ਼ਟ ਦੇਵੀ ਸਿੱਧ ਨਹੀਂ ਹੁੰਦਾ।

†ਪਾ:–ਕਰਤਿ ਬਿਚਾਰ ਸੁ ਕ੍ਰਿੱਤ ਮੁਕੰਦ।

Sri Satguru Jagjit Singh Ji eLlibrary NamdhariElibrary@gmail.com

ਚਿਤ ਚਹੈਂ ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਅਘੋਰ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥ ੮ ॥

### ੯. [ ਸੁਪਨ ਦਰਸ਼ਨ ]।

ਦੋਹਰਾ ॥ ਕਰਤੇ ਹਮਨ ਬਿਧਾਨ ਕੋ ਬੀਤ ਗਏ ਪੰਚ ਮਾਸ। ਸੌਜ ਹਜ਼ਾਰਹੁਂ ਮਣ ਪਰੀ ਪਾਵਕ ਭਏ ਪ੍ਰਕਾਸ਼ ॥ ੧ ॥ ਚੌਪਈ ॥ ਮਾਸ ਅਸੌਜ ਸੁਕਲ ਪਖ ਆਯੋ। ਨੌਮੀ ਦਿਵਸ ਅਨੰਦ ਉਪਾਯੋ। ਸਰਬ ਠੌਰ ਤੇ ਪੂਜ ਬਡੇਰੀ[1]। ਹਮਨ ਸੁ ਮੰਤ੍ਰ ਕੀਨ ਬਹੁ ਬੇਰੀ ॥੨ ॥ ਪੰਚ ਪਹਿਰ ਕੋ, ਨਉ ਦਿਨ ਹੋਵਾ[2]। ਨਿਸ ਮਹਿ ਦੇਵੀ ਦਰਸ਼ਨ ਜੋਵਾ। ਸੁਪਨ ਬਿਖੈ ਮਿਲਿ ਕਰਿ ਜਗਮਾਈ। ਨਿਜ ਆਵਨਿ ਕੋ ਦਿਯੋ ਬਤਾਈ ॥ ੩ ॥ 'ਹੇ ਸੁਤ! ਹੋਮਹੁ ਮੰਤ੍ਰ ਸਮੇਤਾ। ਧਰਹੁ ਧ੍ਯਾਨ ਮਮ ਆਵਨਿ ਹੇਤਾ। ਸਮੋ ਹੋਇ ਦਰਸ਼ਨ ਕੋ ਜਬੈ। ਏਕ ਵਾਰ ਆਵੌਂ ਚਲਿ ਤਬੈ ॥੪॥ ਸਫਲ ਮਨੋਰਥ ਕਰਹੁਂ ਤੁਹਾਰਾ। ਦੇਹੌਂ ਬਰ ਜਿਮ ਰਿਦੈ ਮਝਾਰਾ'। ਸੁਪਤਹਿ ਸਵਾ ਜਾਮ ਕੇ ਜਾਮੁ। ਉਠੇ ਸੁਪਨ ਜਾਨਯੋ ਅਭਿਰਾਮੁ[3]॥੫॥ਸੌਚ ਸ਼ਨਾਨੇ ਅਨੰਦ ਮਹਾਨਾ।ਬਸਤ੍ਰ ਸ਼ਸਤ੍ਰ ਬੈਠੇ ਸਵਧਾਨਾ। ਦਿਜਬਰ ਮਿਲਯੋ ਆਨਿ ਥਿਰ ਹੋਵਾ। ਕਹਯੋ ਗੁਰੂ ਜਿਮ ਸਪਨਾ ਜੋਵਾ ॥੬॥ ਸੁਨਿ ਕਰਿ ਕੇਸ਼ਵਦਾਸ ਅਨੰਦਯੋ। 'ਜੈ ਜਗਦੰਬਾ' ਕਹਿ ਕਹਿ ਬੰਦਯੋ। 'ਸਫਲਹਿਗੀ ਸਭਿ ਕ੍ਰਿਤ ਹਮਾਰੀ। ਜਿਸ ਦਿਨ ਦਰਸ ਲੇਹੁ ਇਕ ਬਾਰੀ ॥ ੭ ॥ ਸੁਨਹੁ ਗੁਰੂ ਜੀ ਅਧ* ਕ੍ਰਿਤ[4] ਹੋਈ। ਬਿਦਤਹਿ ਜਿਸ ਦਿਨ ਪੂਰਨ ਸੋਈ[5]। ਨੇਮ ਸਮੇਤ ਹਮਨ ਕੋ ਕਰਹੁ। ਧ੍ਯਾਨ ਜਥਾਵਤ ਨਿਤਪ੍ਰਤਿ ਧਰਹੁ ॥ ੮ ॥ ਪਠਿ ਪਠਿ ਮੰਤ੍ਰ ਹੋਮ ਹੁਇ ਜੇਤਾ। ਕਾਰਜ ਬਨਯੋ ਜਾਨੀਐ ਤੇਤਾ'। ਸੁਨਿ ਦਿਜ ਤੇ ਸਤਿਗੁਰ ਚਿਰਕਾਲਾ। ਲਗੇ ਬੈਠਿਬੇ ਤਬਹਿ ਬਿਸਾਲਾ ॥੯॥ ਦ੍ਵਾਦਸ਼ ਜਾਮਹਿ ਕੋ ਇਕ ਆਸਨ[6]। ਹੋਮ ਕਰਹਿ ਬਡ ਲਾਟ ਪ੍ਰਕਾਸ਼ਨਿ। ਅੰਮ੍ਰਿਤ ਵੇਲੇ ਬੈਠਨਿ ਕਰੇ। ਸੰਧ੍ਯਾ ਲਗਿ ਇਕ ਸਮ ਹੀ ਥਿਰੇ॥੧੦॥ਸਰਬ ਨਿਸਾ ਪੁਨ ਪਠਤੇ ਰਹੈਂ।ਅਗਲੇ ਦਿਵਸ ਹਮਨ ਹੀ ਚਹੈਂ।

[1]ਸਾਰੇ ਥਾਵਾਂ ਤੇ (ਦੇਵੀ) ਬਹੁਤ ਪੂਜੀ ਦੀ ਹੈ। [2]ਪੰਜ ਪਹਿਰ (ਰੋਜ਼ ਪੂਜਾ ਕਰਦਿਆਂ) ਨੌ ਦਿਨ ਹੋ ਗਏ ਸਨ (ਨੌਮੀ ਥਿਤ ਵਾਲੇ ਦਿਨ)। [3]ਸੁਤੇ ਹੋਏ ਸਵਾ ਪਹਿਰ ਰਾਤ ਰਹਿੰਦੀ ਉਠੇ, (ਉਸ) ਸੁਪਨੇ ਨੂੰ ਚੰਗਾ ਜਾਣਿਆ। [4]ਅੱਧੀ ਕਾਰ। [5]ਜਿਸ ਦਿਨ ਪ੍ਰਗਟੇਗੀ ਉਸ ਦਿਨ ਪੂਰੀ ਹੋਵੇਗੀ। [6]ਬਾਰਾਂ ਪਹਿਰ ਦਾ ਇਕ ਆਸਨ। *ਪਾ:—ਅਬ।

Sri Satguru Jagjit Singh Ji eLlibrary NamdhariElibrary@gmail.com

ਸੰਧਯਾ ਦ੍ਵਤੀ ਹੋਇ ਤਬ ਹਟੈਂ । ਦ੍ਵਾਦਸ਼ ਪਹਿਰ ਮੰਤ੍ਰ ਹੀ ਰਟੈਂ* ॥ ੧੧ ॥ ਤਬਿ ਕਿਛ ਖਾਨ ਪਾਨ ਕੋ ਕਰੈਂ । ਨਿੰਦ੍ਰਾ ਅਲਪ ਭੂਮ ਪਰ ਥਿਰੈਂ। ਚਤੁਰ ਪਹਿਰ ਬਿਸਰਾਮ ਕਰੰਤੇ । ਅੰਮ੍ਰਿਤ ਵੇਲੇ ਉਠਤਿ ਪਠੰਤੇ ॥੧੨॥ ਤਿਮ ਹੀ ਹਮਨ ਅਗਨਿ ਮਧ ਕਰੈਂ । ਚਰੂ ਸੁ ਕਰ ਪੰਕਜ ਮਹੁ ਧਰੈਂ¹ । ਦ੍ਵਾਦਸ਼ ਪਹਿਰ ਹੋਮ ਆਰੰਭਾ । ਸਕਲ ਬਿਲੋਕਤਿ ਭਏ ਅਚੰਭਾ॥੧੩॥ ਮਹਾਂ ਉੱਗ੍ਰ ਤਪ ਤਾਪਨ ਕਰਿਹੀਂ।ਰੈਨ ਦਿਨਾ ਮਨ ਧ੍ਯਾਨ ਸੁ ਧਰਿਹੀਂ । ਚਤੁਰਭੁਜੀ ਮਹਿ ਬ੍ਰਿਤਿ ਠਹਿਰਾਈ । ਭੇ ਇਕ ਰੂਪ ਨ ਅੰਤਰ ਰਾਈ ॥ ੧੪॥ ਕੇਤਿਕ ਦਿਨ ਇਸ ਬਿਧਿ ਕੋ ਕਰਿਕੈ । ਕਰਤਿ ਪ੍ਰਸੰਨ ਚੰਡਿ ਹਿਤ ਧਰਿਕੈ। ਪੁਨ ਗੁਰ ਅਪਰ ਨੇਮ ਕੋ ਲਾਗੇ।ਸਵਾ ਜਾਮ ਜਾਮਨਿ ਤੇ ਜਾਗੇ॥੧੫॥ਦ੍ਵੈ ਘਟਿਕਾ ਮਹਿ ਸੌਚ ਸ਼ਨਾਨੈ । ਜਾਮ ਰਹੀ ਤੇ ਹੋਮਨਿ ਠਾਨੈਂ । ਸਵਾਜਾਮ ਦਿਨ ਆਵਹਿ ਜਾਵਦ । ਬੈਠੇ ਰਹੈਂ ਏਕ ਰਸ ਤਾਵਦ॥੧੬॥ਗਿਰ ਪਰ ਹੀ ਬਾਸਾ ਬਹੁ ਕਰੇਂ । ਆਇ ਕਦਾਚਿਤ ਆਨੰਦਪੁਰੇ । ਪੂਰਬ ਦੇਸ਼ ਆਦਿ ਬੰਗਾਲਾ। ਉਤ ਕੀ ਸੰਗਤਿ ਮੇਲ ਬਿਸਾਲਾ ॥੧੭॥ ਬ੍ਰਹਮਪੁੱਤ੍ਰ ਲਗਿ ਢਾਕਾ ਆਦਿ । ਪਟਨਾ ਅਰੁ ਮਖਸੂਦਾਬਾਦ । ਦਰਸ਼ਨ ਹੇਤੁ ਅਨੰਦਪੁਰਿ ਆਏ । ਅਨਿਕ ਅਕੋਰਨਿ ਅਰਪਨਿ ਲ੍ਯਾਇ ॥ ੧੮ ॥ ਆਨਿ ਅਨੰਦਪੁਰਿ ਡੇਰਾ ਕੀਨਾ । ਸਿੱਖ ਹਜ਼ਾਰਹੁੰ ਬਡੇ ਪ੍ਰਬੀਨਾ । ਸੁਨਯੋਂ ਸਭਿਨਿ 'ਸਤਿਗੁਰ ਗਿਰ ਪਰ ਹੈਂ । ਜਗਦੰਬਾ ਕੋ ਪੂਜਨਿ ਕਰਿਹੈਂ' ॥੧੯॥ ਲਯੋ ਮਸੰਦ ਸੰਗ ਤਬਿ ਸੰਗਤਿ । ਦਰਸ਼ਨ ਚਹੈਂ ਪ੍ਰੇਮ ਮਨ ਰੰਗਤਿ । ਗਏ ਸਕਲ ਚਲਿਕੈ ਤਿਸ ਥਾਨਾ । ਜਹਾਂ ਬਿਰਾਜਤਿ ਕ੍ਰਿਪਾਨਿਧਾਨਾ ॥ ੨੦ ॥ ਮੰਤ੍ਰ ਪਾਠ ਕਰਿ ਲੀਨਿ ਹਮਨ ਜਬਿ । ਉਠੇ ਭਵਨ ਤੇ ਆਨਿ ਪ੍ਰਭੂ ਤਬਿ।ਨਾਨਾ ਚਿੱਤ੍ਰਿਤਿ ਫਰਸ਼ਮਹਾਨਾ। ਬੈਠਿ ਬਿਰਾਜਤਿ ਭੇ ਤਿਸ ਥਾਨਾ ॥ ੨੧ ॥ ਹੁਕਮ ਭਯੋ 'ਸੰਗਤਿ ਅਬਿ ਆਵੈ । ਮਨੋ ਕਾਮਨਾ ਦਰਸ਼ਨ ਪਾਵੈ' । ਜਾਇ ਮੇਵਰੇ ਤੁਰਤ ਹਕਾਰੇ । ਸਹਿਤ ਮਸੰਦਨ ਸਿੱਖ ਹਜ਼ਾਰੇ॥੨੨॥ਹਰਖਤਿ ਹੁਇ ਕਰਿ ਅਨਿਕ ਅਕੋਰ।

¹ਹੱਥ ਕਵਲ ਵਿਚ ਧਾਰਦੇ ਹਨ ਚਰੂ ।

*੧੨ ਪਹਿਰ ਯਾ ੩੬ ਘੰਟੇ ਦਾ ਇਕ ਆਸਨ, ਬਿਨਾ ਨਿੰਦ੍ਰਾ ਤੇ ਅੰਨ ਜਲ ਦੇ ਹੋ ਸਕਨਾ ਗੁਰੂ ਜੀ ਲਈ ਮੁਮਕਿਨ ਤਾਂ ਹੈ ਪਰ ਅਤਯੰਤ ਕਸ਼ਟ ਵਾਲਾ ਹੈ। ਅੱਗ ਦੇ ਸਾਹਮਣੇ ਬੈਠਣਾ, ਸਹਿਜਾਨੰਦ ਵਿਚ ਰਹਿਣ ਵਾਲੇ ਰਾਜ ਜੋਗ ਵਾਲੇ ਅਵਤਾਰ, ਜਨਮ ਤੋਂ ਸਿੱਧੀਆਂ ਦੀ ਪ੍ਰਾਪਤੀ ਵਾਲੇ ਕਿਵੇਂ ਇੰਨੇ ਕਸ਼ਟ ਵਿਚ ਨਿਜ ਨੂੰ ਪਾ ਸਕਦੇ ਹਨ ? ਕਵਿ ਜੀ ਪੰਡਤ ਜੀ ਦਾ ੩੬ ਘੰਟੇ ਨਾਲ ਬੈਠਣਾ ਨਹੀਂ ਦੱਸ ਰਹੇ ।

ਆਏ ਸ਼ੀਘ੍ਰ ਦਰਸ਼ ਕੀ ਲੋਰਾ।ਜੋਰਿ ਜੋਰਿ ਕਰ,ਪਗ ਸਿਰ ਧਰਿ ਧਰਿ। ਅਰ-
ਪਹਿ ਅੱਗ੍ਰ ਬੇਨਤੀ ਕਰਿ ਕਰਿ ॥ ੨੩ ॥ ਇਕ ਮਾਲੀ ਪਟਨੇ ਬਸਕੀਨ[1] ॥
ਬੰਦਤਿ ਚਰਨ ਦਰਸ ਕੋ ਕੀਨਿ। ਤਿਸ ਕੌ ਦੇਖਤਿ ਪ੍ਰਭੂ ਬਖਾਨਾ। 'ਕ੍ਯਾ
ਤੁਵ ਨਿਕਟ ਭੇਟ ਹਿਤ ਆਨਾ?' ॥੨੪॥ 'ਮਹਾਰਾਜ ਮੈਂ ਬਾਗ ਲਗਾਯੋ।
ਹਿਤ ਰਾਵਰ ਕੇ ਤਰੁਵਰ ਲ੍ਯਾਯੋ। ਉੱਤਮ ਬਛ ਰਸਾਲ ਕੋ ਅਹੈ। ਲਗਹਿ
ਤਹਾਂ ਜਿਹਠਾਂ ਪ੍ਰਭੁ ਕਹੈਂ' ॥੨੫॥ ਸੁਨਿ ਸਤਿਗੁਰ ਨਿਜ ਧਨੁਖ ਸੰਭਾਰਾ।
ਖੈਂਚਤਿ ਤਬਹਿ ਬਾਨ ਕੋ ਮਾਰਾ। ਸਵਾ ਕੋਸ ਪਰ ਉਤਰ੍ਯੋ ਜਾਈ। ਤਿਤ
ਦਿਸ਼ਿ ਤਿਸ ਕੋ ਦੀਨਿ ਬਤਾਈ ॥ ੨੬ ॥ ਸੇਵਕ ਲੇ ਕਰਿ ਸੰਗ ਸਿਧਾਏ।
ਗਡਨੇ ਤੀਰ ਜਹਿ ਬਾਨ ਦਿਖਾਏ। ਤਹਾਂ ਅਰੋਪਨਿ ਕੀਨਸਿ ਮਾਲੀ।ਪ੍ਰਤਿ-
ਪਾਲਾ ਪੁਨ ਭਈ ਬਿਸਾਲੀ ॥੨੭॥ ਅਬਿਲੌ ਖਰ੍ਯੋ ਸੁਨ੍ਯੋ ਹਮ ਜੋਇ।ਨਹਿ
ਲੋਚਨ ਤੇ ਦੇਖ੍ਯੋ ਸੋਇ। ਸਭਿ ਸੰਗਤਿ ਕੋ ਖੁਸ਼ੀ ਬਿਸਾਲਾ। ਸਤਿਗੁਰ
ਕਰਤਿ ਭਏ ਤਿਸ ਕਾਲਾ ॥ ੨੮ ॥ ਜਥਾਜੋਗ ਦੈ ਦੈ ਸਿਰੁਪਾਊ। ਪੁਰਹਿ
ਕਾਮਨਾ ਭਏ ਬਿਦਾਊ। ਹੋਇ ਨਿਹਾਲ ਸੁਜਸੁ ਕੋ ਕਰਿਤੇ ਦੂਨ ਚਉਨ
ਭਾਉ ਕੋ ਧਰਿਤੇ ॥ ੨੯ ॥ ਅਧਿਕ ਅਨੰਦਤਿ ਸਦਨ ਸਿਧਾਰੇ। ਜਹਿ ਕਹਿ
ਗੁਰੁ ਬ੍ਰਿਤੰਤ ਉਚਾਰੇ। 'ਰਾਖਹਿ ਪੈਜ ਹਿੰਦੂਅਨਿ ਕੇਰੀ। ਤੁਰਕ ਰਾਜ ਕੀ
ਜਰਾਂ ਉਖੇਰੀ ॥ ੩੦ ॥ ਕਠਨ ਅਧਿਕ ਤਪ ਤਨ ਮਹਿ ਧਾਰ੍ਯੋ। ਨਿੰਦ੍ਰਾ
ਅਸਨ ਅਲਪ ਨਿਰਧਾਰ੍ਯੋ।'ਬ੍ਰਹਮ ਪੁਤ੍ਰ ਲਗਿ ਇਹੀ ਪ੍ਰਸੰਗਾ। ਉਚਰਤਿ
ਗਮਨੇ ਲੋਕ ਨਿਸੰਗਾ ॥੩੧॥ ਇਤ ਸਤਿਗੁਰ ਨਿਤ ਪਾਠ ਕਰੰਤੇ। ਡਾਰਿ
ਅਹੁਤੀ 'ਜੈ' ਉਚਰੰਤੇ।ਪਾਨੀ ਪੀਵਨ ਅਸਨ ਅਚਨ ਕੋ। ਸੰਜਮ ਬਿਖਮ[2]
ਰੋਕ ਰਖਿ ਮਨ ਕੋ ॥ ੩੨ ॥ ਘਾਮ ਸੀਤ ਝਾਲਹਿ ਬਹੁ ਤਨ ਪਰ। ਨਾਨਾ
ਭਾਂਤਿਨ ਕੇ ਸੁਖ ਪਰਹਰਿ।ਭੂਖ ਪ੍ਯਾਸ ਤੇ ਡੋਲਤਿ ਨਾਂਹੀ। ਭਏ ਜਿਤੇਂਦ੍ਰੀ
ਏਕੈ ਚਾਹੀ ॥ ੩੩ ॥ ਗਿਰ ਪਰ ਬਾਸਾ ਕਰਹਿ ਘਨੇਰੇ। ਇਕ ਲਿਵਲਾਗੀ
ਵਧਹਿ ਵਧੇਰੇ। ਸੁਰਤਿ ਸੰਕੋਚਿ, ਦ੍ਵਾਰ ਦਸ ਸ੍ਵਾਸ। ਕਰਹਿ ਟਿਕਾਵਨਿ[3]
ਧ੍ਯਾਨ ਪ੍ਰਕਾਸ਼ ॥੩੪॥ ਏਕ ਰੂਪ ਹੁਇ ਅੰਤਰ ਹਰ੍ਯੋ[4]। ਸੁਰਨਿ ਬਿਖੈ ਖਰ-
ਭੁਰ ਤਬਿ ਪਰ੍ਯੋ। ਸ਼ਕਤਿ ਇੰਦ੍ਰਾਨੀ ਆਦਿਕ ਜੇਈ। ਆਇ ਅਗਾਰੀ
ਥਿਰ ਹ੍ਵੈ ਤੇਈ ॥ ੩੫ ॥ ਨਿਜ ਪ੍ਰਭਾਵ ਕੋ ਕਰਤਿ ਬਖਾਨੀ। 'ਹਮਰੋ ਦਰਸ

---

[1]ਦਾ ਵੱਸਣ ਵਾਲਾ। [2]ਕਠਨ ਸੰਜਮ ਕਰਦੇ ਹਨ। [3]ਦਸਵੇਂ ਦੁਆਰ ਸੁਆਸ ਟਿਕਾਉਂਦੇ
ਹਨ। [4]ਭੇਦ ਦੂਰ ਕੀਤਾ।

Sri Satguru Jagjit Singh Ji eLlibrary NamdhariElibrary@gmail.com

ਦੁਲਭ ਲਿਹੁ ਮਾਨੀ'। ਧਨਦ[1] ਸ਼ਕਤਿ ਨਿਜ ਕਹੈਂ ਪ੍ਰਭਾਊ। 'ਨਵ ਨਿੱਧਨ ਹਮ ਤੇ ਲਿਹੁ ਪਾਊ'॥੩੬॥ ਸਿੱਧ ਅਸ਼ਟ ਦਸ਼ ਕਰਹਿਂ ਉਚਾਰੀ। 'ਕਜੋਂ ਤੁਮ ਤਾਪ ਤਪਹੁ ਤਨ ਭਾਰੀ। ਹਮ ਸਗਰੀ ਰਾਵਰਿ ਅਨੁਸਾਰੀ। ਰਹਹੁ-ਸੁ ਕਰਹਿਂ ਨ ਲਾਗ ਅਵਾਰੀ'॥੩੭॥ ਕੌਨ ਕੌਨ ਗਿਨੀਅਹਿ ਸਭਿ ਆਈ। ਤਿਨ ਦਿਸ਼ਿ ਨਹਿਂ ਗੁਰ ਦ੍ਰਿਸ਼ਟਿ ਚਲਾਈ। ਮਨ ਅਡੋਲ ਰਾਖਜੋ ਤਿਸ ਬੇਰਾ। ਚਲੇ ਪੌਨ[2] ਜਿਮ ਅਚਲ ਸੁਮੇਰਾ॥੩੮॥ ਜੋ ਪ੍ਰਮੇਸ਼ੁਰੀ[3] ਆਦਿ ਸ਼ਕਤਿ ਹੈ। ਤਿਸੀ ਧਯਾਨ ਮਹਿਂ* ਚਿਤ ਅਸ਼ਕਤ ਹੈ[4]। ਜਿਸਹਿ ਅਰਾਧਹਿਂ ਸ਼ਿਵ, ਬਿਧਿ, ਬਿਸ਼ਨੂ। ਬਰਨ[5], ਕੁਬੇਰ, ਸੂਰ, ਸਸਿ, ਜਿਸ਼ਨੂ[6]॥੩੯॥ ਸਭਿ ਸੁਰ ਰੱਛਕ, ਭੱਛਕ ਦੁਸ਼ਟਨਿ। ਜਨ ਕੇ ਸੁਖਦਾ, ਕਟਹਿਂ ਅਰਿਸ਼ਟਨਿ[7]। ਸ਼ੇਖਸ਼ਾਂਇ ਮਹਿ ਜੋ ਲੈ ਭਈ[8]। ਬਿਧਿ ਕੀ ਰੱਛਨਾ ਹਿਤ ਨਿਕਸਈ ॥ ੪੦ ॥ ਮਧੁਕੈਟਭ ਕੀ ਮਰਦਨ ਕਰਤਾ। ਪੁਨ ਮਹਿਖਾਸੁਰ ਕੀ ਰਣ ਦਰਤਾ। ਧੂੰਮ੍ਰਨੈਨ ਕੀ ਪ੍ਰਾਨਨਿ ਹਰਤਾ। ਚੰਡਮੁੰਡ[9] ਕੀ ਓਜ ਨਿਵਰਤਾ। ੪੧ ॥ ਸ਼ੁੰਭ ਨਿਸ਼ੁੰਭ ਸੰਘਾਰਨ ਕਾਲੀ। ਨਾਸੇ ਅਨਗਨ ਦੁਸ਼ਟ ਕੁਚਾਲੀ। †ਜਗ ਕਰਤਾ ਪ੍ਰਿਤਪਾਲ ਬਿਸਾਲੀ। ਸਭਿ ਸੰਘਾਰਨਿ ਪ੍ਰਲੈ ਕਰਾਲੀ[10]। ੪੨ ॥ ਜਿਸ ਕੋ ਆਦਿ ਨ ਅੰਤ ਕਦਾਈ। ਕਿਸ ਤੇ ਪਾਰ ਨ ਪਾਯੋ ਜਾਈ। ਪਰਮ ਜੋਤਿ ਕੀ ਜੋਤਿ ਮਹਾਨੀ†। ਸਿਮਰੇ ਜਹਾਂ ਕਹਾਂ ਬਰ ਦਾਨੀ ॥੪੩॥

[1]ਕੁਬੇਰ ਦੀ। [2]ਪੌਣ ਚੱਲਣ ਨਾਲ। [3]ਮਹਾਂ ਮਾਇਆ। [4]ਮਗਨ, ਤਦਾਕਾਰ। [5]ਵਰੁਣ। [6]ਇੰਦ੍ਰ। [7]ਉਪੱਦ੍ਰਵ, ਕਸ਼ਟ, ਬਿਪਤਾ। [8]ਸ਼ੇਸ਼ਨਾਗ ਪਰ ਸੈਨ ਵਾਲੇ (=ਵਿਸ਼ਨੂੰ) ਵਿੱਚ ਜੋ ਲੀਨ ਹੋਈ। [9]ਨਾਮ ਦੋ ਦੈਂਤਾਂ ਦਾ। [10]ਭਯਾਨਕ ਪ੍ਰਲੈ ਕਰਨੇ ਵਾਲੀ।

*ਪਾ:—ਤਿਸ ਮਹਿਂ ਨਿਸ ਦਿਨ।

†ਹੁਣ ਇਥੋਂ ਦੇਵੀ ਨੂੰ ਅਕਾਲ ਪੁਰਖ ਦੇ ਲੱਛਣ ਦਿੱਤੇ ਜਾ ਰਹੇ ਹਨ:—ਜਗਤ ਕਰਤਾ, ਪ੍ਰਤਿਪਾਲਕ, ਸੰਘਾਰਨ ਵਾਲੀ, ਆਦਿ ਅੰਤ ਤੋਂ ਰਹਿਤ ਭਾਵ ਬੇਅੰਤ, ਪਾਰ ਤੋਂ ਰਹਿਤ ਭਾਵ ਅਪਾਰ, ਪਰਮ ਜਯੋਤੀ ਸਰੂਪ ਦੀ ਜਯੋਤ ਰੂਪ ਭਾਵ ਪ੍ਰਕਾਸ਼ ਰੂਪ। ਜਯੋਤ ਕਦੇ ਜਯੋਤੀ ਸਰੂਪ ਤੋਂ ਵੱਖਰੀ ਸ਼ਖਸੀਅਤ ਨਹੀਂ ਰੱਖਦੀ, ਸੂਰਜ ਤੇ ਧੁੱਪ ਦੋ ਸ਼ਖਸੀਅਤਾਂ ਨਹੀਂ ਹਨ। ਫਿਰ ਜਿਸਨੂੰ ਅਪਾਰ ਤੇ ਬੇਅੰਤ ਕਿਹਾ ਹੈ ਉਹ ਇਕੋ ਹੋ ਸਕਦਾ ਹੈ, ਦੋ ਨੂੰ ਅਪਾਰ ਤੇ ਬੇਅੰਤ ਕਹਿਣਾ ਦੋਹਾਂ ਨੂੰ ਪਾਰ ਵਾਲੇ ਤੇ ਅੰਤ ਵਾਲੇ ਕਹਿਣ ਤੁਲ ਹੈ। ਇਸ ਲਈ ਜੇ ਦੇਵੀ ਤੇ ਅਕਾਲ ਪੁਰਖ ਦੁਇ ਅਪਾਰ ਤੇ ਬੇਅੰਤ ਹਨ ਤਾਂ ਇੱਕੋ ਵਜੂਦ ਹੈ ਦੋ ਨਹੀਂ। ਜੇ ਦੋ ਹਨ ਤਾਂ ਦੋਵੇਂ ਅਪਾਰ ਤੇ ਬੇਅੰਤ ਨਹੀਂ ਹੋ ਸੱਕਦੇ, ਦੇਵੀ ਫਿਰ ਬ੍ਰਹਮਾ ਬਿਸ਼ਨੂ ਮਹੇਸ਼ ਵਾਙੂ ਇਕ ਰਚੀ ਹੋਈ ਸ਼ਖਸੀਅਤ ਕਲਪਣੀ ਪਊ।

ਤਾਂਹਿ ਅਰਾਧਨਿ ਤਤਪਰ ਹੋਇ। ਤਪਹਿਂ ਤਪਨਿ, ਜਾਵਦ ਨਹਿਂ ਜੋਇ[1]।
ਧ੍ਯਾਨ ਪਰਾਯਨ ਕਰਨਿ ਪ੍ਰਤੱਛ[2]। ਦਰਸ ਬਿਲੋਚਨ ਗੋਚਰ ਸ੍ਵੱਛ[3]॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ ਦੇਵੀ ਪ੍ਰਸੰਗ ਬਰਨਨੰ ਨਾਮ ਨਵਮੋਂ ਅੰਸੂ ॥੯॥

## ੧੦. [ਪ੍ਰਗਟ ਹੋਣ ਦੇ ਚਿੰਨ੍ਹ]।

ਦੋਹਰਾ॥ ਮੰਤ੍ਰ ਪਢਤਿ ਕਰਤੇ ਹਵਨ ਕਰਤਿ ਧ੍ਯਾਨ ਦਿਨ ਰੈਨ। ਕਰਹਿ ਪ੍ਰਸ਼ੰਸਾ, ਗੁਨ ਕਥਨਿ, ਕਹਹਿ ਸੁਨੈ ਨਹਿ ਬੈਨ ॥੧॥ ਚੌਪਈ॥ ਕਰਤਿ ਸੁਬਿਧਿ ਪ੍ਰਯੋਗ[4] ਗੁਰ ਪੂਰੇ। ਸਰਬ ਪ੍ਰਕਾਰ ਤਪੇ ਤਪ ਰੂਰੇ। ਬੀਤ ਗਏ ਨਉ ਮਾਸ ਕਰੰਤੇ। ਦਸਵੇਂ ਬਿਖੈ ਅਧਿਕ ਬਿਤਵੰਤੇ[5]॥੨॥ ਫਾਗਨ ਮਾਸ ਤਥਾ ਬਿਧਿ ਕਰੈਂ। ਹੋਮਤਿ ਚਰੂ ਮੰਤ੍ਰ ਕੋ ਰਰੈਂ। ਨਿਸ ਦਿਨ ਬਾਸ ਸੈਲ ਪਰ ਕੈ ਕੈ। ਖਾਨ ਪਾਨ ਕੋ ਸੰਜਮ ਪੈਕੈ[6]॥੩॥ ਜਾਗਤਿ ਰਹੈਂ ਨੀਂਦ ਤਜਿ ਦੀਨੀ। ਏਕ ਅਰਾਧਨ ਪਰ ਮਤਿ ਭੀਨੀ। ਉਸਤਤਿ ਕਰਤਿ ਅਨੇਕ ਪ੍ਰਕਾਰਾ। ਬ੍ਰਹਮ ਕਵਚ[7] ਕੋ ਜਾਪ ਉਚਾਰਾ॥੪॥ ਚੰਡੀ ਪਾਠ ਜਪਹਿ ਬਹੁ ਬਾਰੀ। ਨਾਮ ਹਜ਼ਾਰਹੁੰ ਕਰਹਿ ਉਚਾਰੀ। ਛੰਦ ਅਚਕੜੇ ਗ੍ਰੰਥ ਮਝਾਰਾ[8]। ਆਦਿ ਮੋਹਿਨੀ ਛੰਦ ਉਚਾਰਾ॥੫॥ ਤਿਨ ਮਹਿਂ ਭਨਹਿ ਨਾਮ ਜੋ ਬ੍ਰਿੰਦਾ। ਗੁਰ ਕਵਿਤਾ ਮਹਿ ਬਨੇ ਬਿਲੰਦਾ। ਸੋ ਸਭਿ ਨਾਮ ਰਟਹਿ ਬਹੁ ਬਾਰੀ। ਨਾਮੋ ਕਰਨਿ ਤਿਨ ਸੰਗ ਉਚਾਰੀ॥੬॥ ਜਾਨੀ ਪਰੀ ਬਿਦਤ ਅਬਿ ਹੁਇ ਹੈ। ਸਫਲ ਕਰੈਗੀ ਕ੍ਰਿਤ ਸਭਿ ਕੁਇ ਹੈ[9]। ਇਮ ਹੀ ਫਾਗਣ ਮਾਸ ਬਿਤਾਯੋ। ਚਢ੍ਯੋ ਚੇਤ ਸੁੰਦਰ ਦਰਸਾਯੋ॥੭॥ ਕੁਸਮਤਿ[10] ਕਾਨਨ ਭੇ ਸਭਿ ਥਾਈਂ।

---

[1]ਜਦ ਤਕ ਨਹੀਂ ਵੇਖਦੇ (ਦਰਸ਼ਨ)। [2]ਪ੍ਰਤੱਖ ਕਰਨ ਦੇ ਧਿਆਨ ਪਰਾਇਣ ਹੋਏ। [3]ਪਵਿੱਤ੍ਰ ਦਰਸ ਨੂੰ ਨੇਤ੍ਰਾਂ ਨਾਲ ਕਰਿਆ ਚਾਹੁੰਦੇ ਹਨ। [4]ਵਿਧੀ ਸਹਿਤ ਪ੍ਰਯੋਗ। [5]ਬਹੁਤ ਬੀਤਣ ਲਗੇ। [6]ਖਾਨ ਪਾਨ ਸੰਜਮ ਦਾ ਪਾਕੇ। [7]ਦੁਰਗਾ ਦੇ ਨਾਵਾਂ ਦਾ ਮੰਤ੍ਰ। ਕਹਿੰਦੇ ਹਨ ਕਿ ਇਹ ਬ੍ਰਹਮਾਂ ਨੇ ਮਾਰਕੰਡੇ ਨੂੰ ਦੱਸਿਆ ਸੀ। ਇਹ ਅੰਗਾਂ ਦੀ ਰੱਖਿਆ ਕਰਨ ਵਾਸਤੇ ਹੈ। ਤੰਤ੍ਰ ਸ਼ਾਸਤ੍ਰਾਂ ਵਿਚ ਸਰੀਰ ਦੇ ਅੱਡ ਅੱਡ ਅੰਗਾਂ ਦੀ ਰੱਖਿਆ ਵਾਸਤੇ ਅੱਡ ਅੱਡ ਮੰਤ੍ਰ ਪੜ੍ਹੇ ਜਾਂਦੇ ਹਨ, ਜਿਨ੍ਹਾਂ ਨੂੰ ਕਵਚ ਆਖਦੇ ਹਨ। [8]ਪਾਰਸ ਨਾਥ ਰੁਦ੍ਰ ਵਲ ਇਸ਼ਾਰਾ ਹੈ ਜਿੱਥੇ ਅਚਕੜੇ ਛੰਦ ਵਿਚ ਦੇਵੀ ਦੇ ਨਾਮ ਆਏ ਹਨ। ਅਚਕੜਾ ਇਕ ਛੰਦ ਦਾ ਨਾਮ ਹੈ ਜਿਸ ਵਿਚ ਚਾਰ ਰਗਣ ਇਕ ਤੁਕ ਵਿਚ ਹੁੰਦੇ ਹਨ (SIS SIS SIS SIS)। ਯਥਾ:—ਭੈਰਵੀ ਭੈਹਰੀ ਭ੍ਰਮਰਾ ਭਾਮਨੀ ॥ ਤ੍ਰਿੱਕਦਾ ਦਰਪਣਾ ਚਾਵੜਾ ਮਾਨਵੀ॥ ਜੋਬਨਾ ਜੇਕਰੀ ਜੰਭਰੀ ਜਾਲਪਾ ॥ ਤੋਤਲਾ ਤੂੰਦਲਾ ਤੈਤਲੀ ਕਾਲਕਾ [ਪਾਰਸ ਨਾਥ ੬੯ ॥]। [9]ਸਾਰੀ ਕ੍ਰਿਤ ਨੂੰ ਸਫਲ ਕਰੇਗੀ। [10]ਬਾਗ ਫੁੱਲ ਖਿੜ ਪਏ।

Sri Satguru Jagjit Singh Ji eLlibrary NamdhariElibrary@gmail.com

ਭੌਰ ਗੁੰਜਾਰਤਿ ਹੈਂ ਸਮੁਦਾਈ। ਫੂਲ ਪ੍ਰਫੁੱਲਤਿ ਬਰਨ ਬਰਨ ਕੇ। ਭਾਸਤਿ ਚਾਰੁ[1]ਅਕਾਰ ਤਰਨਿ ਕੌ[2]॥੮॥ਊਚੇ ਗਿਰ ਕੇ ਸ਼ਿਖਰ ਸਥਿਰ ਹੈਂ। ਅਵਿਲੋਕਤਿ ਤਰੁਵਰ ਤਰ ਤਰ ਹੈਂ[3]। ਮਾਸ ਇਕਾਦਸ਼ਮੋ ਤਬਿ ਆਯੋ। ਚਾਹਤਿ ਸ੍ਰੀ ਚੰਡੀ ਬਿਦਤਾਯੋ॥੯॥ਹਮਨ ਕਰਿਨਿ ਲਾਗੇ ਪੁਨ ਘਨੋ। ਮੇਵਾ ਅਧਿਕ ਘ੍ਰਿਤ ਕੇ ਸਨੋ।ਸਗਨ ਹੋਨਿ ਲਾਗੇ ਸ਼ੁਭ ਸਾਰੇ।ਲਾਟ ਦਾਹਨੀਦਿਸ਼ਾ ਉਸਾਰੇ[4] ॥ ੧੦ ॥ ਆਹੁਤਿ ਜੋ ਕਰ ਕਮਲ ਮਝਾਰੇ। ਸਮੁਖ ਆਇ ਹਿਤ ਲੈਨਿ ਅਹਾਰੇ[5]।ਇੱਤਯਾਦਿਕ ਪਿਖਿ ਬਿੱਪ੍ਰ ਪ੍ਰਬੀਨੋ।–ਹੁਇ ਹੈ ਬਿਦਤ–ਰਿਦੈ ਇਮ ਚੀਨੋ॥੧੧॥ਪ੍ਰਭੁ ਸੋਂ ਕਰੀ ਜਨਾਵਨ ਸੋਈ। 'ਕਾਜ ਸਿੱਧ ਭਾ ਬਿਲਮ ਨ ਕੋਈ। ਆਪ ਸੁਚੇਤ ਬਨਹੁ ਸਭਿ ਭਾਂਤੀ। ਬਿਦਤਹਿ ਮਾਸ ਦਿਵਸ ਕੈ ਰਾਤੀ ॥ ੧੨ ॥ ਅੱਗ੍ਰ ਖਿਰਹੁ ਧੀਰਜ ਉਰ ਧਰਨੀ। ਹਾਥਨਿ ਜੋਰਿ ਪ੍ਰਸ਼ੰਸਾ ਕਰਨੀ।ਬਰ ਜਾਚਹੁ ਸਭਿ ਮਾਤਾ ਕਹੀ।ਕਰੋ ਮਨੋਰਥ ਜੋ ਅਬਿ ਅਹੀ॥੧੩॥ ਅਰਪਨ ਕਰਹੁ ਭੇਟ ਜੋ ਤਬੈ। ਤਯਾਰੀ ਕਰਿ ਰਾਖਹੁ ਅਬਿ ਸਬੈ'। ਸੁਨਿ ਸਤਿਗੁਰੂ ਅਨੰਦ ਉਪਾਯੋ। ਪੁਨ ਕੇਸ਼ਵ ਕੋ ਬਾਕ ਸੁਨਾਯੋ॥੧੪॥ 'ਤੁਮ ਹੀ ਹੋ ਇਕ ਓਟ ਹਮਾਰੀ*। ਨਿਜ ਛੱਤ੍ਰੀ ਕੇ ਦਿਜ ਰਖਵਾਰੀ। ਪਿਤਾ ਸਮਾਨ ਸਦਾ ਹੀ ਕਰਤੇ। ਬਿੱਪ੍ਰ ਸਾਰਸੁਤ ਸਭਿ ਇਮ ਧਰਤੇ॥੧੫॥ ਭੋਰ ਦੇਨ ਤੇ ਆਦਿਕ ਕਰਿਬੇ। ਸਭਿ ਤੁਮ ਹੀ ਤੇ ਕਾਰਜ ਸਰਬੇ'।ਸੁਨਿ ਦਿਜਬਰ ਬਹੁ ਪ੍ਰੇਮ ਉਪਾਯੋ। 'ਧੰਨ ਧੰਨ ਗੁਰ' ਬੈਨ ਸੁਨਾਯੋ ॥ ੧੬ ॥ 'ਤੁਰਕਨਿ ਜਰਾਂ ਉਖਾਰਨਿ ਹੇਤੂ। ਚੰਡਿ ਅਰਾਧੀ ਹੋਇ ਸੁਚੇਤ। ਇਮ ਹੀ ਕਰਤਿ ਅਮੱਸਯਾ ਆਈ।ਤਬਿ ਤੇ ਪੂਜਾ ਗੁਰੂ ਵਧਾਈ॥੧੭॥ਪਾਂਚ ਪਹਿਰ ਲੌ ਹਮਨ ਕਰੰਤੇ।

---

[1]ਸੁਹਣੇ। [2]ਸੂਰਜ ਦੀ ਸ਼ਕਲ ਦੇ।(ਅ) ਦਿਨ੍ਹਾ ਦਿਨਕਾਰੇ। [3]ਦੇਖਦੇ ਹਨ ਬ੍ਰਿੱਛਾਂ ਨੂੰ(ਜੋ)ਹੇਠਾਂ(ਵਲ ਨੂੰ) ਬਹੁਤੇ (ਨਜ਼ਰ ਪੈਂਦੇ ਹਨ)। [4]ਨਿਕਲਣ ਲਗੀ। [5](ਲਾਟ ਆਪ) ਸਾਹਮਣੇ ਆਕੇ ਲੈਂਦੀ ਹੈ।

*ਇਹ ਵਾਕ ਗੁਰੂ ਜੀ ਕਦ ਕਹਿ ਸਕਦੇ ਹਨ ਜਿਨ੍ਹਾਂ ਨੇ ਕਿਹਾ ਹੈ:–"ਪਾਇੰ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਿਓ"।ਪਿੱਛੇ ਕਵਿ ਜੀ ਕਹਿ ਆਏ ਹਨ ਕਿ ਸਾਰਦਾ ਆਦਿ ਗੁਰੂ ਕੇ ਦਾਸ ਹਨ। ਦੇਖੋ ਰੁਤ ੨ ਅੰਸੂ ੩੪ ਅੰਕ ੬ ਤੇ ੭। ਤਦ ਇਕ ਜੀਵ ਨੂੰ ਕਦ ਆਪਣਾ ਆਸਰਾ ਕਹਿ ਸਕਦੇ ਹਨ। ਕੇਸ਼ਵ ਦਾਸ ਉਨ੍ਹਾਂ ਨੂੰ ਅਵਿਤਾਰ ਤੇ ਵਾਹਿਗੁਰੂ ਦਾ ਪੁੱਤ੍ਰ ਮੰਨ ਆਇਆ ਹੈ। (ਦੇਖੋ ਏਸੇ ਰੁਤ ਦਾ ਅੰਸੂ ੮ ਅੰਕ ੨੪ ਤੋਂ -੬)।ਫਿਰ ਕੇਸ਼ਵਦਾਸ ਨੇ ਕੋਈ ਖਾਸ ਗਲ ਕੀਤੀ ਹੈ ਉਹ ਗਲ ਕੋਈ ਨਹੀਂ ਆਈ। ਉੱਗ੍ਰ ਤਪ ਸੰਜਮ ਖਰਚ ਸਭ ਆਪ ਕਰ ਰਹੇ ਹਨ, ਕਿਹੜੀ ਗੱਲੇ ਜੋਤੀ ਵਡਿਆਈ ਦਾ ਹੱਕਦਾਰ ਹੋਗਿਆ ਹੈ। ਤਾਤੇ ਇਹ ਗੁਰਵਾਕ ਨਹੀਂ ਸਮਝਣੇ ਚਾਹੀਏ।

ਤੀਨ ਪਹਿਰ ਬਿੱਸ੍ਰਾਮ ਧਰੰਤੇ। ਪਾਛਲ ਪਖ ਨੌਰਾਤ੍ਰੇ ਆਏ। ਧਰਨੋ ਬਰਤ ਕੁਛ ਪੀਯ ਨ ਖਾਏ॥ ੧੮॥ ਇਕ ਆਸਨ ਪਰ ਦਿਵਸ ਬਿਤਾਵੈਂ। ਮੰਤ੍ਰ ਸਮੇਤ ਅਹੁਤੀ ਪਾਵੈਂ। 'ਜੈ ਦੇਵੀ! ਜੈ ਚੰਡ ਕਰਾਲੀ! ਜੈ ਜੈ ਅੰਬੇ[1] ਬਾਹੁ ਬਿਸਾਲੀ॥੧੯॥ਧਰਨੀ ਮਹਿ ਜਸੁ ਉੱਤਮ ਕਰਨੀ॥ਕਰਨੀ[2]ਸਮ ਰਿਪੁਤਰੁ ਕੋ ਹਰਨੀ[3]।ਹਰਨੀ ਸਮ ਦ੍ਰਿਗ,ਕੰਚਨ ਬਰਨੀ[4]।ਬਰਨੀ[5] ਬੇਦਨਿ ਆਯੁਧ ਧਰਨੀ[6] ॥੨੦॥ ਭਰਨੀ[7] ਜਗਤ ਸਦਾ ਬਯ ਤਰਨੀ[8]। ਤਰਨੀ ਸਮ ਜਗ ਕਾਰਜ ਕਰਨੀ॥ਕਰ ਨੀਰਜ ਤੇ ਦੁਸ਼ਟਨਿਵਰਨੀ[9]।[10]ਵਰਨੀ ਬੰਕ੍ਰ,ਸੁਭਤਿ ਆਭਰਨੀ[10]*॥੨੧॥ਨਮੋ ਨਮੋ ਤੁਵ ਪਦ ਅਰਬਿੰਦਾ। ਨਮੋ ਨਮੋ ਕੋ ਹ੍ਵੈ ਨ ਮਨਿੰਦਾ। ਨਮੋ ਨਮੋ ਮਧੁ ਕੈਟਭ ਮਾਰਨਿ[11]। ਨਮੋ ਨਮੋ ਪਿੰਗਾਛ[12] ਪ੍ਰਹਾ-ਰਨਿ[13]॥੨੨॥ਨਮੋਨਮੋ ਹੈਰਾਮ[14]ਸਰੂਪਾ†।ਨਮੋ ਨਮੋ ਸ੍ਰੀਕ੍ਰਿਸ਼ਨਅਨੂਪਾ†। ਨਮੋ ਨਮੋ ਜਨ ਕੋ ਬਰਦਾਨੀ। ਨਮੋ ਨਮੋ ਦੁਰਗੇਯ ਭਵਾਨੀ॥ ੨੩॥ ਜੈ ਜੈ ਲੋਚਨ ਲੋਹਿਤ ਕਾਲੀ[15]। ਜੈ ਦਿਗੰਬਰਾ, ਆਨਨ ਜ੍ਵਾਲੀ। ਜੈ ਜੈ ਅਸ਼ਟ ਭੁਜਾ ਬਲਵਾਲੀ। ਜੈਜੈ ਭੀਮਾ ਮੁੰਡਨਿ ਮਾਲੀ[16]॥੨੪॥ਜੈ ਜੈ ਭੱਦ੍ਰਾ ਲਘੁ ਸਸਿ ਭਾਲੀ[17]। ਭਵਾ ਭੈਹਰਾ[18] ਭੂਰ ਕ੍ਰਿਪਾਲੀ॥ਛੂਟੇ ਸਿਰ ਪਰ ਬਾਲ ਬਿਸਾਲੀ। ਜੈ ਜੈ ਰਣ ਮਹਿ ਰੂਪ ਕਰਾਲੀ'॥੨੫॥ ਕਹਿ ਲਗਿ ਕਹੌਂ ਨਾਮ ਜਗ ਮਾਤਾ। ਸਿਮਰਤਿ ਗੁਰ ਏਕੋ ਰੰਗ ਰਾਤਾ। ਭੂਖ ਪਿਆਸਾ ਲਖੈਂ ਨ ਦੋਈ। ਇਸ ਬਿਧਿ ਪ੍ਰੇਮ ਪਰਾਇਣ ਹੋਈ॥ ੨੬॥ ਉਚਰਹਿ ਉਸਤਤਿ

---

[1]ਮਾਤਾ। [2]ਹਸਤਨੀ। [3]ਵੈਰੀ ਰੂਪੀ ਬ੍ਰਿਛ ਨੂੰ ਹਥਨੀ ਵਤ ਨਾਸ਼ ਕਰਨ ਵਾਲੀ। [4]ਸੋਨੇ ਦੇ ਰੰਗ ਵਾਲੀ। [5]ਕਹੀ ਹੈ। [6]ਸ਼ਸਤ੍ਰ ਧਾਰੀ। [7]ਪੋਖਣ ਵਾਲੀ,ਪਾਲਣ ਵਾਲੀ। [8]ਜਵਾਨ ਆਯੂ ਵਾਲੀ। [9]ਹਥਾਂ ਕਵਲਾਂ ਨਾਲ ਦੁਸ਼ਟਾਂ ਦੇ ਨਾਸ਼ ਕਰਨ ਵਾਲੀ। (ਅ) (ਕਰਨੀ+ਰਜ=) (ਦੁਸ਼ਟਾਂ ਨੂੰ ਮਾਰਕੇ) ਧੂੜ ਕਰ ਦੇਣ ਵਾਲੀ। [10]ਬਿਮਣੀਆਂ ਟੇਢੀਆਂ ਹਨ, ਗਹਿਣੇ ਸ਼ੋਭਦੇ ਹਨ। [11]ਮਾਰਨੇ ਵਾਲੀ। [12]ਨਾਮ ਦੈਂਤ। [13]ਮਾਰਨ ਵਾਲੀ। [14]ਰਾਮਚੰਦ੍ਰ। [15]ਹੇ ਕਾਲੀ ਲਾਲ ਰੰਗ ਦੇ ਨੇਤ੍ਰਾਂ ਵਾਲੀ। [16]ਭੈ ਦਾਇਕ, (ਗਲੇ ਵਿਚ) ਸਿਰਾਂ ਦੀ ਮਾਲਾ ਵਾਲੀ। [17]ਕਲਜਾਨ ਰੂਪ ਤੇ ਮੱਥੇ ਵਿੱਚ ਛੋਟਾ ਚੰਦ੍ਰਮਾ ਹੈ ਜਿਸਦੇ। [18]ਕਲਜਾਨ ਰੂਪ ਤੇ ਭੈ ਦੂਰ ਕਰਨ ਵਾਲੀ ਯਾ ਸੰਸਾਰ ਦੇ ਭੈ ਹਰਨ ਵਾਲੀ।

*ਰਾਸ ੧ ਅੰਸੂ ੧ ਅੰਕ ੭ ਵਿੱਚ ਦੇਵੀ ਦੀ ਇਸ ਤਰ੍ਹਾਂ ਦੀ ਉਸਤਤ ਥੋੜੇ ਥੋੜੇ ਪਦਾਂ ਦੇ ਫਰਕ ਤੇ ਅੱਗੇ ਬੀ ਆ ਚੁੱਕੀ ਹੈ।

†ਰਾਮ ਤੇ ਕ੍ਰਿਸ਼ਨ ਸਰੂਪ ਕਹਿਣ ਤੋਂ ਸਾਫ ਹੈ ਕਿ ਇਹ ਕੇਵਲ ਵਿਸ਼ਨੂੰ ਜੀ ਨੂੰ [illegible] ਇਸਤ੍ਰੀ ਲਿੰਗ ਵਿੱਚ ਵਰਣਨ ਕਰਨਾ ਹੈ।

Sri Satguru Jagjit Singh Ji eLlibrary NamdhariElibrary@gmail.com

ਅਨਿਕ ਪ੍ਰਕਾਰੀ। ਗੁਨ ਗਨ ਸਿਮਰਤਿ ਪਰਉਪਕਾਰੀ। ਹਮਨ ਕਰਤਿ
ਹੈਂ ਮੰਤ੍ਰ ਉਚਾਰਤਿ। ਨਿਸ ਦਿਨ ਧ੍ਯਾਨ ਚੰਡਿ ਕੋ ਧਾਰਤਿ ॥ ੨੭ ॥
ਦਿਵਸ ਅਸ਼ਟਮੀ ਕੋ ਜਬਿ ਆਵਾ। ਬਾਰਿ ਬਾਰਿ ਭੂਚਾਲ ਜਨਾਵਾ। ਜੇਤਿਕ
ਦਾਸ ਨਿਕਟ ਹਿਤ ਸੇਵਾ। ਸ਼ਾਰਤ ਕਰੀ ਤਿਨਹਿਂ ਗੁਰਦੇਵਾ ॥ ੨੮ ॥ ਪ੍ਰਭੁ
ਰੁਖ ਲਖਿ ਕਰਿ ਤੁਰਤ ਸਿਧਾਰੇ। ਗਿਰਵਰ ਤੇ ਉਤਰੇ ਤਬਿ ਸਾਰੇ। ਇਕ
ਦਿਜ ਦੂਜੇ ਆਪ ਗੁਸਾਈਂ। ਲੱਛਨ ਬਿਦਤਨ ਕੇ ਸਮੁਦਾਈ॥੨੯॥ ਲਖਿ
ਕਰਿ ਬਿੱਪ੍ਰ ਧੀਰ ਉਰ ਹਾਲਾ। ਨਿਜ ਜੀਵਨ ਕੋ ਤ੍ਰਾਸ ਬਿਸਾਲਾ। ਮਨ
ਮਹਿ ਗਿਨ ਕਰਿ ਗਟੀ ਅਨੇਕੂ। ਬੋਲ੍ਯੋ 'ਸੁਨੀਐ ਜਲਧਿ ਬਿਬੇਕੂ!॥੩੦॥
ਅਬਿ ਬਿਦਤਨ ਮਹਿ ਬਿਲਮ ਨ ਜਾਨੋ।ਜਬਿ ਸਨਮੁਖ ਹੁਇ ਰੂਪਭਧਾਨੋ।
ਮਾਂਗਹਿ ਭੇਟ ਪ੍ਰਸਿੰਨ ਬਹੁ ਹੋਇ। ਦੇਨੀ ਚਹਿਯਤਿ ਹਮ ਕੋ ਸੋਇ[1] ॥ ੩੧॥
ਯਾਂਤੇ ਕਹੌਂ ਮਨੋਰਥ ਅਪਨਾ। ਜਾਗ੍ਰਤ ਹੀ ਮੁਝ ਆਯੋ ਸੁਪਨਾ। ਆਨਹੁੰ
ਭੇਟ ਜਾਇ ਕਰਿ ਸੋਊ। ਜਿਸਤੇਂ ਸਿੱਧ ਕਾਜ ਸਭਿ ਹੋਊ ॥ ੩੨ ॥ ਸੰਧ੍ਯਾ
ਆਜ ਹੋਇ ਹੈਂ ਦਰਸ਼ਨ। ਕੈਧੋ ਹੋਇਂ ਪ੍ਰਭਾਤੇ ਪਰਸਨ'[2]। ਇਸ ਬਿਧਿ ਭਾਖਿ
ਬਾਕ ਤਿਸ ਠੋਰਾ। ਚਲ੍ਯੋ ਮਿਸਰ ਕਛੁ ਮਨ ਭ੍ਯੋ ਬੋਰਾ[3] ॥ ੩੩ ॥ ਕਰਤਿ
ਉਤਾਇਲ ਉਲੰਘਤਿ ਗੈਲ। ਤਤਛਿਨ ਉਤਰਿ ਆਇ ਸਭਿ ਸੈਲ। ਇਕ
ਸ਼੍ਰੀ ਸਤਿਗੁਰ ਆਪੇ ਰਹੇ। ਅਪਰ ਨ ਖਗ ਮਿਗ ਕੋ ਤਹਿਂ ਲਹੇ ॥ ੩੪ ॥
ਬੀਤ੍ਯੋ ਦਿਵਸ ਪ੍ਰਭੁ ਅਨੁਰਾਗੇ। ਪਰੀ ਜਾਮਨੀ ਏਕਲ ਜਾਗੇ। ਪੰਚ ਕੋਸ
ਲਗਿ ਜੀਵ ਨ ਕੋਊ।ਬਿਦਤਨਿ ਰਿਦੈ ਪ੍ਰਤੀਖਤਿ ਸੋਊ॥੩੫॥ ਮੰਤ੍ਰ ਪਠਤਿ
ਹੈਂ ਹਮਨ ਕਰੰਤੇ। ਇਕ ਆਸਨ ਪਰ ਸੁਚਿਤ ਥਿਰੰਤੇ। ਬਹੁਰ ਪ੍ਰਭਾਤਿ
ਭਈ ਜਬਿ ਆਇ। ਆਦਿਤ ਵਾਰ ਅਦਿਤ ਉਦਤਾਇ[4] ॥ ੩੬ ॥ ਭਯੋ
ਪ੍ਰਕਾਸ਼ ਅਪੂਰਬ ਹੇਰਾ। ਗਰਜ੍ਯੋ ਸ਼ਬਦ ਅਕਾਸ਼ ਬਡੇਰਾ। ਤੜਿਤਾ ਸਮ
ਥਰਕਤਿ ਦਰਸਾਵੈ। ਬਾਰਿ ਬਾਰਿ ਭੂ ਕੰਪਨ ਆਵੈਂ ॥ ੩੭ ॥ ਪੌਨ ਪ੍ਰਚੰਡ
ਬਿਸਾਲੇ ਚਾਲਾ। ਗਰਜਤਿ ਘਨ ਕੀ ਘਟਾ ਕਰਾਲਾ। ਤੁਰਤ ਅਕਾਸ਼
ਬਿਮਲ ਹੁਇ ਗਯੋ। ਅਧਿਕ ਪ੍ਰਕਾਸ਼ ਦਸੋ ਦਿਸ਼ ਭਯੋ ॥ ੩੮ ॥ ਇਕ ਸਮ
ਬੈਠੇ ਧੀਰਜ ਧਾਰੀ। ਪਠਤਿ ਮੰਤ੍ਰ ਅਰੁ ਆਹੁਤਿ ਡਾਰੀ। ਕਈ ਬਾਰ
ਦਾਮਨ[5] ਸੀ ਦਮਕਤਿ। ਗਿਰ ਕੇ ਸ਼ਿਖਰ ਨਿਕਟ ਹ੍ਵੈ ਚਮਕਤਿ ॥ ੩੯ ॥

[1] ਭੇਟਾ ਲਿਆਉਣ ਦੇ ਬਹਾਨੇ ਖਿਸਕਣ ਲਗਾ ਹੈ। [2] ਸੋ ਸਾਖੀ ਦੇ ਵਾਕ ਹਨ। [3] ਬਹਾਨਾ ਬਣਾਕੇ ਬ੍ਰਾਹਮਣ ਖਿਸਕ ਗਏ ਹਨ ਸੱਭੇ। [4] ਐਤਵਾਰ ਨੂੰ ਸੂਰਜ ਉਦੇ ਹੋਇਆ। [5] ਬਿਜਲੀ।

Sri Satguru Jagjit Singh Ji eLlibrary NamdhariElibrary@gmail.com

ਕਈ ਬਾਰਿ ਘਟ ਸਮ ਬਨ ਜਾਇ। ਕੜ ਕੜ ਭੈਰਵ[1] ਨਾਦ ਉਠਾਇ।
ਕਈ ਬਾਰਿ ਸਭਿ ਕਿਛ ਹੈ ਸ਼ਾਂਤਿ।ਅਵਨੀ ਸੁੰਦਰ ਨਭ ਜਿਸ ਭਾਂਤਿ॥੪੦॥
ਰਹੇ ਅਡੋਲ,ਉਠੇ ਨਹਿ ਕੈਸੇ।ਹੋਮਹਿ ਪਠਤਿ ਮੰਤ੍ਰ ਕੋ ਤੈਸੇ।–ਅਬਿ ਪ੍ਰਗਟਹਿਂਗੀ–ਧਰਤਿ ਉਡੀਕੀ।–ਦਰਸ਼ਨ ਕਰਹਿ ਦੇਵਿ ਬਿਧਿ ਨੀਕੀ–॥੪੧॥
ਦੋਹਰਾ॥ ਢਰਯੋ ਦੁਪਹਿਰਾ ਇਮ ਸਭੈ ਇਕ ਰਸ ਰਹੇ ਕ੍ਰਿਪਾਲੁ। ਹੋਤਿ ਭਯੋ ਤ੍ਰਿਤੀਓ ਪਹਿਰ ਬਹੁਰੋ ਆਇ ਭੁੰਚਾਲ॥੪੨॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਦੇਵੀ' ਪ੍ਰਸੰਗ ਬਰਨਨ ਨਾਮ ਦਸਮੋ ਅੰਸੂ॥੧੦॥

## ੧੧. [ਦੇਵੀ ਦਾ ਪ੍ਰਗਟ ਹੋਣਾ]।

ਦੋਹਰਾ॥ ਛੇਵ ਪਹਿਰ ਦਿਨ ਕੇ ਰਹੇ ਨੌਮੀ ਆਦਿਤਵਾਰ। ਚੇਤ ਮਾਸ ਪਖ ਸੁਕਲ ਮਹਿ ਬਿਦਤੀ ਜਗਤ ਅਧਾਰ[2]॥੧॥ ਸੈਯਾ॥ ਪੌਨ ਪ੍ਰਚੰਡ ਅਖੰਡ ਦਿਸ਼ਾ[3], ਮਹਿ ਮੰਡਲ ਮਹਿਂ ਬਡ ਧੂਲ ਉਡਾਈ*। ਘੋਰ ਘਟਾ ਚਹੂੰ ਓਰ ਘਨਾਘਨ ਘੋਖਤਿ ਘੋਖ ਘਨੋ ਘੁਮਡਾਈ[4]। ਦੀਰਘ ਦਾਰੁਨ ਨਾਦ ਦਸੋ ਦਿਸ਼ਿ ਯੌਂ ਕੜਕਯੋ ਤੜਿਤਾ ਤੜਕਾਈ[5]। ਏ ਸਭਿ ਲੱਛਨ ਬੀਚ ਅਕਾਸ਼ ਪ੍ਰਕਾਸ਼ ਭਏ ਡਰ ਦੇ ਸਮੁਦਾਈ[6]॥੨॥ ਭੂਮ ਬਿਖੈ ਭੁਵਚਾਲ[7] ਬਿਸਾਲ ਕਰਾਲ ਭਯੋ ਭਯ ਦਾ ਸਮੁਦਾਈ[8]। ਡੋਲ ਡਗਾ ਮਗ ਭੇੜ ਪਹਾੜ ਦੜਾਦੜ ਸ਼੍ਰਿੰਗ ਟੁਟੇ ਅਧਿਕਾਈ[9]। ਸਿੰਧ ਨਦੀ[10] ਉਛਲੈਂ ਛਲਿਕੈਂ ਮਛ ਕੱਛਪ ਗ੍ਰਾਹ ਸ ਯੌਂ ਡਰਪਾਈ। ਕਾਨਨ ਤੇ ਉਖਰੇ ਤਰੁ ਦੀਰਘ ਮੂਲ ਮਹਾਂ ਦ੍ਰਿੜ ਕਾਂਡ ਬਡਾਈ[11]॥੩॥ ਯੌਂ ਨਭ ਭੂਮ ਮੈਂ ਸ਼ੋਰ ਪਰਯੋ ਚਹੂੰ ਚੱਕਨ ਤ੍ਰਾਸ ਪ੍ਰਲੈ ਕਹੁ ਮਾਨਯੋ।ਦੀਰਘ ਨਾਦ ਸੁਨਯੋਂ ਸਭਿ ਹੀ ਬਿਸਮੇ–ਮਤਿ ਹੋਇ ਕਛੂ ਨਹਿ ਜਾਨਯੋਂ।–ਫੂਟ ਪਰੈ ਬ੍ਰਹਮੰਡ ਅਖੰਡ ਹੀ? ਕੈ ਬਚ ਜਾਇ? ਕਿਨੂੰ ਬਲ ਠਾਨਯੋ[12]? ਕੈ ਉਤਪਾਤ ਕੋ ਹੇਤੁ ਮਹਾਨ ਭਯਾਨ ਬਿਨਾਸ਼ ਸਮਾਨ

---

[1]ਭਯਾਨਕ। [2]ਜਗਤ ਦਾ ਆਸਰਾ ਰੂਪ। [3]ਪੌਣ ਸਭ ਦਿਸ਼ਾ ਵਿਚ ਇਕੋ ਜੇਹੀ ਤੇਜ਼ (ਹੋ ਗਈ)। [4]ਭਯਾਨਕ ਘਟਾ ਚਾਰ ਪਾਸਿਆਂ ਤੋਂ ਸੰਘਣੀਆਂ ਤੋਂ ਸੰਘਣੀਆਂ ਹੁੰਦੀਆਂ ਘੁੰਮ ਕੇ ਉਮਡੀਆਂ ਆ ਰਹੀਆਂ ਤੇ ਕਠੋਰ ਅਵਾਜ਼ ਨਾਲ ਗਰਜਦੀਆਂ ਹਨ। [ਘੋਰ=ਭਯਾਨਕ। ਘਨਾਘਨ=ਸੰਘਣੀਆਂ ਤੋਂ ਸੰਘਣੀਆਂ। ਘੋਖਤ=ਗਜਦੀਆਂ। ਘੋਖ=ਅਵਾਜ਼। ਘਨੋ=ਕਠੋਰ। ਜ਼ੋਰ ਦੀ। ਘੁਮਡਾਈ=ਘੁੰਮ ਕੇ ਉਮਡੀਆਂ। (ਅ) ਘਨਾਘਨ=ਘਨ ਤੇ ਅਘਨ=ਅਹਰਣ ਤੇ ਹਥੌੜਾ ਜਿਵੇਂ ਵੱਜਦਾ ਹੈ]। [5]ਬਿਜਲੀ ਤੜਫਕੇ ਐਉਂ ਕੜਕੀ ਕਿ ਭਯਾਨਕ ਨਾਦ ਹੋਇਆ। [6]ਡਰ ਦੇਣ ਵਾਲੇ ਸਾਰੇ ਲੱਛਣ......। [7]ਭੁਚਾਲ। [8]ਸਾਰਿਆਂ ਨੂੰ ਡਰਾ ਦੇਣ ਵਾਲਾ। [9]ਪਹਾੜ ਡਗਮਗਾ ਕੇ ਡੋਲਦੇ ਹਨ ਮਾਨੋ (ਭੇੜ=) ਜੰਗ ਹੋ ਰਿਹਾ ਹੈ ਤੇ ਕਈ ਚੋਟੀਆਂ ਡਿੱਗ ਰਹੀਆਂ ਹਨ। [10]ਸਮੁੰਦਰ ਤੇ ਨਦੀਆਂ। [11]ਟਾਹਣੇ ਵਡੇ। [12]ਕਿਸ ਨੇ ਬਲ (ਐਸਾ) ਕੀਤਾ ਹੈ? ਕਿ ਬ੍ਰਹਮੰਡ ਹੁਣ ਬਚੇਗਾ ਕਿ ਫੁੱਟ ਹੀ ਜਾਏਗਾ?

*ਪਾ:–ਉਠਾਈ।

Sri Satguru Jagjit Singh Ji eLlibrary NamdhariElibrary@gmail.com

ਪਛਾਨਯੋ[੧] ॥ ੪ ॥ ਤ੍ਰਿਭੰਗੀ ਛੰਦ ॥ ਪ੍ਰਗਟੀ ਜਗਰਾਨੀ, ਸਭਿ ਗੁਨ ਖਾਨੀ, ਜਨ ਬਰਦਾਨੀ, ਭੂਰ ਪ੍ਰਭਾ[੨]। ਕਜ਼ਾ ਸੂਰਜ ਇੰਦੈ, ਹੈ ਨ ਮਨਿੰਦੈ, ਪਿਖਿ ਦ੍ਰਿਗ ਮੁੰਦੈ ਦੇਵ ਸਭਾ[੩]। ਕਜ਼ਾ ਪਾਵਕ ਰਾਸੈਂ[੪], ਤੜਿਤਾ ਭਾਸੈ, ਕਹਾਂ ਪ੍ਰਕਾਸੈ, ਹੈ ਸਮ ਨਾ[੫]। ਕਿਹ ਨਦਰ ਨ ਠਹਿਰੈ, ਝਾਂਕਤਿ ਹਹਿਰੈ, ਔਗਨਿ ਥਹਿਰੈ, ਧ੍ਰਿਤ ਜਮ ਨਾ[੬] ॥ ੫ ॥ ਜੁਗ ਚਰਨ ਬਿਸਾਲਾ, ਨਖਨ ਕਰਾਲਾ, ਜੰਘਨਿ ਤਾਲਾ ਤਰੁ ਜਥਾ[੭]। ਕਟ ਮੈਂ ਅਲਬਾਲਾ ਹਾਡਨਿਮਾਲਾ[੮] ਪਿਖਿ ਭੈਹਾਲਾ ਉਦਰ ਤਥਾ[੯]। ਪ੍ਰਿਸਟੀ ਪਰ ਬਾਲਾ[੧੦] ਲਟਕੇ ਜਾਲਾ ਦੀਰਘ ਕਾਲਾ ਰੰਗ ਸਜਾ। ਤਰੁ ਕੇ ਜਨੁ ਡਾਲਾ, ਸੁੰਡ ਕਿ ਬਜਾਲਾ, ਕੈ ਬਡ ਬਯਾਲਾ ਅਸ਼ਟ ਭੁਜਾ[੧੧] ॥੬॥ ਗਰ ਮੈਂ ਧਰਿ ਮਾਲਾ ਮੁੰਡਨ ਜਾਲਾ[੧੨] ਬਹੁਤ ਕਰਾਲਾ ਦਾੜ੍ਹ ਬਢੀ। ਦੈਤਨ ਕੀ ਪਾਲਾ ਖਰੀ ਕੁਢਾਲਾ, ਦੀਰਘ ਜ੍ਵਾਲਾ ਮੁੰਹ ਕਢੀ[੧੩]। ਭ੍ਰਿਕੁਟੀ ਚਢਿ ਭਾਲਾ, ਲੋਚਨ ਲਾਲਾ, ਸੀਸ ਬਿਸਾਲਾ ਬਾਲ ਮਹਾਂ[੧੪]। ਤਨ ਸਭਿ ਬਿੱਕ੍ਰਾਲਾ, ਦਿਸ਼ ਪਟਵਾਲਾ, ਕਰ ਕਰਵਾਲਾ ਲਾਹਲਹਾ[੧੫] ॥੭॥ ਗਨ ਜੋਗਨਿ ਸੰਗਾ ਤਨ ਜਿਨ ਨੰਗਾ ਮਹਾਂ ਕੁਰੰਗਾ[੧੬] ਨਾਚਤਿ ਹੈਂ। ਬਹੁ ਭੂਤ ਸੁ ਪ੍ਰੇਤਾ ਕੇਤਿਕ ਕੇਤਾ ਗਹਿ ਕਰ ਲੇਤਾ ਮਾਚਤਿ ਹੈਂ[੧੭]। ਮੁਖ ਹੜ ਹੜ ਹਾਸੈਂ ਬਾਕ ਪ੍ਰਕਾਸ਼ੈਂ ਫਿਰ ਚਹੁ ਪਾਸੈ ਕ੍ਰੀੜ ਕਰੈਂ। ਬਹੁ ਬੀਰ ਬਿਲਾਸੈਂ ਦੋਇ ਪਚਾਸੈ[੧੮] ਅੱਗ੍ਰ ਪ੍ਰਕਾਸੈਂ[੧੯] ਮੋਦ ਧਰੈਂ ॥੮॥ ਕਰਤੀ ਭੁਮਚਾਲਾ[੨੦], ਸੈਲ ਬਿਸਾਲਾ ਸ਼੍ਰਿੰਗ ਉਤਾਲਾ[੨੧] ਫੇਰਤਿ ਹੈ। ਗਰਜਤਿ ਰਵ[੨੨] ਭਾਰੀ ਭੀਖਨ ਕਾਰੀ ਗਣਨਿ ਅਗਾਰੀ

---

[੧]ਕਿਸੇ ਮਹਾਨ ਉਪਦ੍ਰਵ ਦੇ ਵਾਸਤੇ ਭਯਾਨਕ ਪ੍ਰਲੋ ( ਆਈ ) ਵਾਂਗ ਪਛਾਣਿਆ ਜਾਂਦਾ ਹੈ। [੨]ਬੜੀ ਸ਼ੋਭਾ ਵਾਲੀ। [੩]ਵੇਖ ਕੇ ਨੇਤ੍ਰ ਮੀਟ ਲੈਂਦੀ ਹੈ ਦੇਵਤਿਆਂ ਦੀ ਸਭਾ। [੪]ਸਾਰੀਆਂ। [੫]ਬਰਾਬਰ ਨਹੀਂ ਹੋ ਸਕਦੀਆਂ। [੬]ਤਕਦਿਆਂ ਕਾਂਬਾ ਛਿੜਦਾ ਹੈ, ਅੰਗ ਥਿੜਕਦੇ ਹਨ, ( ਐਸੇ ਕਿ ) ਜਮ ਬੀ ਧੀਰਜ ਨਹੀਂ ਧਾਰ ਸਕਦਾ। (ਅ) ਧੀਰਜ ਨਹੀਂ ਜੰਮਦਾ। [੭]ਤਾੜ ਬ੍ਰਿਛ ਵਾਂਗੂ ਜੰਘਾਂ। [੮]ਲੱਕ ਦੇ ਚਾਰੋਂ ਪਾਸੇ ਹੱਡਾਂ ਦੀ ਮਾਲਾ ਹੈ। [੯]ਤਿਵੇਂ ਪੇਟ ਭੀ (ਭਯਹਾਲਾ=) ਭਿਆਨਕ ਦਿੱਸਦਾ ਹੈ। (ਅ) ਐਸੀ ਸੂਰਤ ਵੇਖ ਕੇ) ਉਦਰ ਭਾਵ ਰਿਦਾ ਡਰ ਨਾਲ ਹਿੱਲ ਜਾਂਦਾ ਹੈ। [੧੦]ਵਾਲ। [੧੧]ਅੱਠ ਬਾਹਾਂ ਮਾਨੋਂ ਬ੍ਰਿੱਛ ਦੇ ਡਾਲ ਹਨ ਯਾ ਮਸਤ ਹਾਥੀਆਂ ਦੇ ਸੁੰਡ ਹਨ ਯਾ ਵੱਡੇ ਵੱਡੇ ਮਾਨੋਂ ਸੱਪ ਹਨ [ਸੰਸ:, ਵਯਾਲ=ਸਪ, ਮਸਤ ਹਾਥੀ]। [੧੨]ਧਾਰੀ ਹੋਈ ਬਹੁਤੇ ਸਿਰਾਂ ਦੀ ਮਾਲਾ। [੧੩]ਮੂੰਹ ਤੋਂ ਅੱਗ ਕਢ ਰਹੀ ਹੈ। [੧੪]ਸਿਰ ਵਡਾ ਵਾਲ ਬਹੁਤੇ। [੧੫]ਦਿਸ਼ਾਂ ਹੀ ਬਸਤ੍ਰ (ਹਨ ਭਾਵ ਨੰਗੀ ਹੈ) ਤੇ ਹੱਥ ਵਿਚ ਤਲਵਾਰ ਲਹਿ ਲਹਿ (ਕਰਦੀ ਭਾਵ ਚਮਕਦੀ) ਹੈ। [੧੬]ਭੈੜੇ ਰੰਗ ਵਾਲੀਆਂ। [੧੭]ਕਿਤਨਿਆਂ ਦੇ ਹਥਾਂ ਵਿਚ ਖੰਡੀਆਂ ਫੜੀਆਂ ਹਨ ( ਤੇ ਓਹ ਸ਼ੋਰ ) ਮਚਾਂਵਦੇ ਹਨ। ( ਅ ) ਪ੍ਰਕਾਸ਼ਦੇ ਹਨ। [੧੮]ਬਵੰਜਾ ਬੀਰ। [੧੯]ਅੱਗੇ ਪ੍ਰਕਾਸ਼ਦੇ ਹਨ। [੨੦]ਭੂਚਾਲ। [੨੧]ਉੱਚੀਆਂ ਚੋਟੀਆਂ ਨੂੰ। [੨੨]ਆਵਾਜ਼ ਨਾਲ।

ਤੋਰਤਿ ਹੈਂ[1] । ਜਿਤ ਕਿਤ ਦਮਕੰਤੀ, ਜ੍ਵਾਲ ਬਮੰਤੀ,ਭੈ ਬਰਧੰਤੀ ਆਵਤਿ ਹੈ। ਕਿਲਕਿਤ ਕਿਲਕਾਰੀ ਡਾਕਨ ਡਾਰੀ[2] ਬੇਗ ਜੁ ਧਾਰੀ ਪਾਵਤਿ ਹੈਂ[3] ॥ ੯ ॥ ਦੋਹਰਾ ॥ ਭੀਮ ਭੇਖ ਤੇ ਭੈ ਹਰਾ[4] ਗਿਰ ਕੇ ਸਿਰ ਪਟ ਆਇ। ਖਰੀ ਭਈ 'ਬਰੰ ਬ੍ਰੂਹ[5]' ਬਚ ਊਚੇ ਕਹ੍ਯੋ ਸੁਨਾਇ ॥ ੧੦ ॥ ਚੌਪਈ ॥ 'ਜੈ ਜਗ-ਦੰਬਾ' ਕਹਿ ਗੁਰ ਖਰੇ। ਸਕਲ ਰੂਪ ਕੋ ਦੇਖਨਿ ਕਰੇ। ਏਕ ਬਾਰ ਨਖ ਸ਼ਿਖ ਤੇ ਹੇਰਿ। ਨਮੋ ਕਰਤਿ ਚਖ ਮੀਚੇ ਫੇਰ ॥੧੧॥ ਹਾਥ ਜੋਰਿ ਸਨਮੁਖ ਹੀ ਰਹੇ। ਰਿਦੇ ਮਨੋਰਥ ਦੇਵੀ ਲਹੇ[6]। ਪਲਟ੍ਯੋ ਚਤੁਰਭੁਜੀ ਪੁਨ ਰੂਪ। ਕੰਚਨ ਬਰਨੀ ਭਈ ਅਨੂਪ ॥੧੨॥ ਚੜ੍ਹੀ ਸਿੰਘ ਪਰ ਆਯੁਧ ਧਰੇ। ਚਾਰ ਚੰਦ੍ਰ ਭਾਲਾ ਛਬਿ ਭਰੇ[7] । 'ਮਾਂਗ ਪੁੱਤ੍ਰ ! ਦੇਵੋਂ ਅਬਿ ਤੋਹੀ। ਸੇਵਾ ਕਰਤਿ ਰਿਝਾਯੋ ਮੋਹੀ॥੧੩॥ਪ੍ਰਥਮ ਪ੍ਰਤੱਗਯਾ ਸਿਮਰੌਂ ਸੋਇ। ਚਹਹੁ ਸੁ ਕਹੌਂ ਸੰਪੂ-ਰਨ ਹੋਇ'। ਮ੍ਰਿਦੁ ਬਚ ਮੋਦ ਭਰੇ ਸੁਨਿ ਫੇਰ।ਖੋਲਿ ਬਿਲੋਚਨ ਦਰਸ਼ਨ ਹੇਰ ॥ ੧੪ ॥ 'ਦਿਹੁ ਬਰ ਮਾਤਾ ਪੰਥ ਉਪਾਵਉਂ*। ਤੁਰਕ ਰਾਜ ਕੋ ਤੇਜ ਖਪਾਵਉਂ । ਹਿੰਦੂ ਧਰਮ ਨਿਤ ਹੋਇ ਬਿਨਾਸ਼ੇ। ਜਿਹ ਬਚਾਇ ਪੁਨ ਕਰੌਂ

[1]ਕਾਲੀ (ਆਪਣੇ) ਗਣਾਂ ਨੂੰ ਅੱਗੇ ਤੋਰਦੀ ਹੈ। [2]ਡੈਣਾਂ ਦੀ ਡਾਰ। [3]ਧਮਾਲ ਪਾਉਂਦੀਆਂ ਹਨ। [4]ਭਯਾਨਕ ਰੂਪ ਵਾਲੀ ਤੇ ਭੈ ਦਾਇਕ [ ਸੰਸ:, ਭੈ ਹਰਾ=ਭੈ ਹਰਨ ਵਾਲੀ । ਪੁਨ:—ਪੰਜਾ: ਭੈਹਰਾ=ਡਰਾਉਣੀ, ਭਯਾਨਕ]। [5]ਵਰ ਮੰਗ। [6]ਰਿਦੇ ਦਾ ਮਨੋਰਥ ਦੇਵੀ ਨੇ ਜਾਣਿਆਂ। [7]ਸੁਹਣਾ ਚੰਦ੍ਰਮਾ ਮੱਥੇ ਵਿਚ ਛਬੀ ਨੂੰ ਭਰ ਰਿਹਾ ਹੈ।

*ਬਚਿੱਤ੍ਰ ਨਾਟਕ ਵਿਚ ਸ੍ਰੀ ਮੁਖਵਾਕ ਹੈ ਕਿ ਅਕਾਲ ਪੁਰਖ ਨੇ ਗੁਰੂ ਜੀ ਨੂੰ ਆਪ ਸੱਦ ਕੇ ਕਿਹਾ ਕਿ ਪੰਥ ਚਲਾਓ, ਯਥਾ:—"ਤਪ ਸਾਧਤ ਹਰਿ ਮੋਹਿ ਬੁਲਾਇਓ" ਪੁਨ:—"ਮੈਂ ਅਪਨਾ ਸੁਤ ਤੋਹਿ ਨਿਵਾਜਾ ॥ਪੰਥ ਪ੍ਰਚੁਰ ਕਰਿਬੇ ਕਹੁ ਸਾਜਾ ॥ ਜਾਹਿ ਤਹਾਂ ਤੈ ਧਰਮ ਚਲਾਇ ॥ ਕਬੁਧ ਕਰਨ ਤੇ ਲੋਕ ਹਟਾਇ ॥ ੨੯ ॥" ਸਤਿਗੁਰੂ ਜੀ ਨੇ ਬਿਨੈ ਕੀਤੀ ਕਿ ਆਪ ਸਹਾਇਤਾ ਕਰੋ ਤਾਂ ਪੰਥ ਚਲ ਸਕਦਾ ਹੈ:—"ਠਾਢ ਭਇਓ ਮੈ ਜੋਰਿ ਕਰਿ ਬਚਨ ਕਹਾ ਸਿਰ ਨਯਾਇ ॥ ਪੰਥ ਚਲੈ ਤਬ ਜਗਤ ਮੈਂ ਜਬ ਤੁਮ ਕਰਹੁ ਸਹਾਇ ॥ ੩੦ ॥" ਕਵਿ ਜੀ ਦੇ ਕਥਨ ਅਨੁਸਾਰ ਗੁਰੂ ਜੀ ਨੂੰ ਪੰਥ ਚਲਾਉਣ ਦਾ ਸ਼ੌਕ ਹੈ ਤੇ ਮਾਤਾ ਕੋਲੋਂ ਆਪ ਇਸ ਲਈ ਵਰ ਮੰਗਦੇ ਹਨ। ਇਸ ਤਰ੍ਹਾਂ ਕਹਿਣ ਨਾਲ ਬਚਿੱਤ੍ਰ ਨਾਟਕ ਦੇ ਕਥਨ ਨਾਲ ਉਲਟ ਪੱਖ ਹੋ ਜਾਂਦਾ ਹੈ। ਦੁਹਾਂ ਵਿਚੋਂ ਪ੍ਰਮਾਣੀਕ ਵਾਕ ਸ੍ਰੀ ਮੁਖਵਾਕ ਹੈ। ਇਸ ਕਰਕੇ ਇੱਥੇ ਦੱਸਿਆ ਪ੍ਰਸੰਗ ਗ਼ਲਤ ਹੈ। ਫਿਰ ਇਹ ਦੇਵੀ ਜੋ ਅਕਾਲ ਪੁਰਖ ਦੀ ਹੀ ਸ਼ਕਤੀ ਸੀ ਉਸ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਮੇਰੇ ਮਾਲਕ ਨੇ ਆਪ ਤਾਂ ਇਹਨਾਂ ਨੂੰ ਘੱਲਿਆ ਹੈ, ਤੇ ਸਹਾਈ ਹੋਣ ਦਾ ਵਰ ਦੇਕੇ ਘੱਲਿਆ ਹੈ। ਪਤੀ ਦੇ ਵਰ ਨਾਲ ਭੂਸ਼ਤ ਹੋ ਚੁਕੇ ਨੂੰ ਮੁੜ ਆਪਣੇ ਅੱਗੇ ਕਸ਼ਟ ਤਪ ਕਰਨ ਤੇ ਪ੍ਰਾਰਥਨਾ ਕਰਾਉਣ ਵਿਚ ਦੇਵੀ ਆਪਣੇ ਮਾਲਕ ਦੀ ਅਵੱਗਯਾ ਕਰ ਰਹੀ ਹੈ। ਦੂਸਰੇ ਵਿਚਾਰ ਯੋਗ ਬਾਤ ਇਹ ਹੈ ਕਿ ਜੋ ਧੁਰੋਂ ਵਰ ਲੈਕੇ ਆਇ ਹਨ, ਉਹਨਾਂ ਨੂੰ ਫੇਰ ਵਰਾਂ ਦੀ ਕੀ ਲੋੜ ਬਾਕੀ ਹੈ'

[ਬਾਕੀ ਨੋਟ ਦੇਖੋ ਅਗੇ ਪੰਨੇ ਦੇ ਹੇਠ]

Sri Satguru Jagjit Singh Ji eLlibrary NamdhariElibrary@gmail.com

ਪ੍ਰਕਾਸ਼ੇ ॥ ੧੫ ॥ ਤੁਮ ਕਰ ਤੇ ਅਸ ਆਯੁਧ[1] ਪਾਵਉਂ। ਜਿਹ ਪਖਾਰਿ ਨਿਜ ਪੰਥ ਪਿਲਾਵੌਂ[2]। ਜਿਸ ਤੇ ਧਾਰਹਿ ਤੇਜ ਕਰਾਲਾ। ਜੀਤਹਿ ਸ਼ੱਤ੍ਰੁਨਿ ਬਲੀ ਬਿਸਾਲਾ ॥ ੧੬ ॥ ਸਦਾ ਸਹਾਇ ਪੰਥ ਕੀ ਕੀਜੈ। ਦਿਨ ਪ੍ਰਤਿ ਵਧੈ ਇਹੀ ਬਰ ਦੀਜੈ। ਤੋਹਿ ਚਰਿੱਤ ਬਸਹਿਂ ਮਨ ਮੋਰੇ। ਸਿਮਰੌਂ ਜਿਨ ਕੌ ਸੰਝ ਸਵੇਰੇ ॥ ੧੭ ॥ ਰਚਨ ਪੰਥ ਅਰੁ ਤੁਰਕਨਿ ਖੋਇ। ਕਰਹੁ ਕ੍ਰਿਪਾ ਬਰ ਦੀਜਹੁ ਦੋਇ'। ਇਮ ਸੁਨਿ ਹਸੀ ਬਾਕ ਸ਼ੁਭ ਕੀਨੋ। 'ਪੰਥ ਸਕੇਸ ਪੁੱਤ੍ਰ! ਮੈਂ ਦੀਨੋ ॥ ੧੮ ॥ ਇਸ ਮਹਿ ਭੇਦ ਇਤਿਕ ਰਹਿ ਗਇਊ। ਪ੍ਰਥਮ ਦਰਸ ਦ੍ਰਿਗ ਮੀਚਤਿ ਭਇਊ। ਯਾਂਤੇ ਤੁਮ ਤਨ ਤ੍ਯਾਗਨ ਪਾਛੈ[3]। ਚਾਲੀ ਬਰਸ ਬਿਤੈਂ ਜਬਿ ਆਛੈ ॥ ੧੯ ॥ ਵਧਹਿ ਪੰਥ ਜਗ ਵਿਖੈ ਬਿਸਾਲਾ। ਤੇਜ ਤੁਰਕ ਤਬਿ ਹਤਹਿ ਕਰਾਲਾ। ਪੂਰਨ ਹੁਇ ਅਭਿਲਾਖ ਤੁਮਾਰੀ। ਸਾਚ ਹੋਇ ਸਭਿ ਜਥਾ ਉਚਾਰੀ'॥ ੨੦ ॥ ਨਿਜ ਕਰ ਤੇ ਸਤਿਗੁਰ ਕੋ ਦਈ। ਯਾਂਤੇ ਕਰਦ ਨਾਮ ਬਿਦਤਈ*। 'ਇਹ ਲੇ ਕਰਿ ਜਲ ਜੁਤਿ ਮਿਸ਼ਟਾਨ। ਫੇਰਨ ਕਰਹੁ ਆਪਨੇ ਪਾਨ ॥ ੨੧ ॥ ਸੂਰ ਹੋਇਗਾ ਸਿਦਕ ਤੁਮਾਰਾ[4]। ਹੋਰਿ ਸ਼ੱਤ੍ਰ ਭ੍ਰਾ ਜਹਿਂ ਛਰ ਧਾਰਾ। ਅਬਿ ਦੀਜਹਿ ਕਛੁ ਭੇਟ ਹਮਾਰੀ। ਹੇ ਸੁਤ! ਜਿਸ ਤੇ ਹੁਇ ਸੁਖ ਭਾਰੀ'॥੨੨॥ ਸੁਨਿ ਗੁਰ ਕਰਦ ਕਰੀ ਕਰ ਧਾਰਨ। ਹਤਿ ਨਿਜ ਤਨ ਕਿਯ ਰਕਤ ਨਿਕਾਰਨਿ। ਸੋ ਲੇ ਕਰਿ ਜਗ ਮਾਤ ਪ੍ਰਸੰਨ। ਪੁਨ ਗੁਰ ਦੇਨਿ ਭੇਟ ਕਰ ਅੰਨ[5] ॥੨੩॥ 'ਸ਼ਸਤ੍ਰਨਿ ਸੋਂ ਹਤਿ ਹੁਇ ਬਿਰਬਾਦੇ[6]। ਚਾਰਹੁ ਦੀਨੇ

[1]ਐਹੋ ਜਿਹਾ ਹਥਿਆਰ। [2]ਜਿਸ ਨੂੰ ਧੋਕੇ (ਪਿਲਾ ਕੇ ਲੋਕਾਂ ਨੂੰ) ਆਪਣੇ ਪੰਥ ਵਿੱਚ ਰਲਾਵਾਂ। [3]ਨੇਤ੍ਰ ਮੀਚਣ ਦੇ ਹੋਰ ਕਾਰਨ ਅਗਲੇ ਅੰਸੂ ਦੇ ਅੰਕ ੪੦ ਵਿਚ ਦੱਸਣਗੇ। [4]ਤੁਹਾਡਾ (ਪੰਥ) ਸਿਦਕਵਾਨ ਤੇ ਸੂਰਮਾਂ ਹੋਵੇਗਾ। [5]ਫੇਰ ਗੁਰੂ ਜੀ ਨੇ ਦੂਜੀ ਭੇਟ ਦੇਣੀ ਕੀਤੀ। (ਅ) ਇਉਂ ਬੀ ਲਾਉਂਦੇ ਹਨ:-ਫੇਰ ਗੁਰੂ ਜੀ ਨੇ ਭੇਟ ਦੇਣ ਲਈ ਦੂਜੇ ਹੱਥ ਨਾਲ (ਚੁਲੀ ਦਿੱਤੀ)। [6]ਜੋ ਜੰਗ ਵਿਚ ਮਰਨਗੇ ਸ਼ਸਤ੍ਰਾਂ ਨਾਲ।

*ਇਹ ਵਿਤਪੱਤੀ ਕਵਿ ਜੀ ਦੀ ਆਪਣੀ ਕਾਢ ਹੈ, ਅਸਲ ਵਿਚ ਕਰਦ ਪਦ ਫ਼ਾਰਸੀ 'ਕਾਰਦ' ਦਾ ਪੰਜਾਬੀ ਰੂਪ ਹੈ। ਫਾਰਸੀ ਵਿਚ ਕਾਰਦ ਇਕ ਪ੍ਰਕਾਰ ਦੀ ਛੁਰੀ ਯਾ ਇਕ ਪ੍ਰਕਾਰ ਦੇ ਮੁੜਨ ਵਾਲੇ ਚਾਕੂ ਨੂੰ ਕਹਿੰਦੇ ਹਨ। ਕਰਦ ਜੋ ਖਾਲਸੇ ਵਿਚ ਵਰਤੀਂਦੀ ਹੈ ਉਸਦੀ ਸ਼ਕਲ ਕ੍ਰਿਪਾਨ ਤੇ ਤਲਵਾਰ ਤੋਂ ਕੁਛ ਜੁਦਾ ਹੈ। ਦੇਖੋ ਹੇਠਲੀ ਟੂਕ, ਅੰਸੂ ੧੯ ਅੰਕ ੧੨ ਦੀ।

[ਪਿਛਲੇ ਪੰਨੇ ਦੀ ਬਾਕੀ ਟੂਕ]

ਸ੍ਰੀ ਗੁਰ ਨਾਨਕ ਦੇਵ ਜੀ ਨੇ ਬੀ ਕਿਹਾ ਹੈ 'ਢਾਢੀ ਸਚੈ ਮਹਲਿ ਖਸਮਿ ਬੁਲਾਇਆ' ਜਦ ਉਥੋਂ ਵਰ ਮਿਲਿਆ, ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੋਰ ਕਿਸੇ ਤੋਂ ਏਥੇ ਆਕੇ ਵਰ ਨਹੀਂ ਮੰਗੇ। ਤਿਵੇਂ ਦਸਮੇ ਜਾਮੇ [illegible] [illegible] ਲੈਕੇ ਆਏ ਹੋਇਆਂ ਕਿਸੇ ਹੋਰਸ ਤੋਂ ਵਰ ਮੰਗਣ ਦੀ ਕੀ ਲੋੜ ਸੀ?

Sri Satguru Jagjit Singh Ji eLlibrary NamdhariElibrary@gmail.com

ਸਾਹਿਬਜ਼ਾਦੇ। ਲਾਖਹੁੰ ਸਿੰਘ ਧਰਹਿ ਉਰ ਕ੍ਰੁੱਧ। ਹੁਇ ਤੁਮ ਭੇਟ ਮ੍ਰਿਤਕ ਥਿਰ ਜੁੱਧ"[1] ॥ ੨੪ ॥ ਇਮ ਬਰ ਦੇਤਿ, ਲੇਤਿ ਨਿਜ ਭੇਟ। ਤਤਛਿਨ ਅਪਨਿ ਪ੍ਰਕਾਸ਼ ਸਮੇਟਿ।ਅੰਤਰਧਯਾਨ ਭਈ ਜਗ ਮਾਈ।ਤਬਿ ਲੰਕੜੀਏ[2] ਗਿਰਾ ਅਲਾਈ ॥ ੨੫ ॥ 'ਮਮ ਬਾਨਾ ਕਛਨੀ ਇਹੁ ਲੀਜੈ। ਅਪਨੇਂ ਸਰਬ ਪੰਥਮੈਂ ਦੀਜੈ। ਜੰਗ ਸਮੈਂ ਕੋ ਹੈ ਇਹ ਬਾਨਾ।ਯਾਂਤੇ ਹੁਇ ਹੈ ਤੇਜ ਮਹਾਨਾ ॥੨੬॥ ਪੰਥਤੁਮਾਰੇ ਬਲ ਬਿਰਧਾਊਂ।ਜੁੱਧ ਸਹਾਇ ਹੇਤੁ ਮੈਂ ਆਊਂ'। ਇਮ ਕਹਿ ਲੋਪ ਭਯੋ ਤਤਕਾਲਾ। ਕਰਦ ਹਾਥ ਧਰਿ ਥਿਰੇ ਕ੍ਰਿਪਾਲਾ ॥ ੨੭ ॥ ਬਰ ਲੈ ਕਰਿ ਬਹੁ ਮੁਖ ਪਰ ਲਾਲੀ। ਜਾਗਤਿ ਜੋਤਿ ਤੇਜ ਬਹੁ ਵਾਲੀ। ਨੈਤ੍ਰ ਖੁਮਾਰੀ ਸੋਂ ਚਢਿ ਰਹੇ। ਰਿਦੇ ਪ੍ਰਮੋਦ ਅਧਿਕ ਹੀ ਲਹੇ ॥੨੮॥ ਕਮਰ ਕਸੇ ਜੁਤਿ ਤਰਕਸ਼ ਅਸੀ[3]।ਹਾਥਕਮਾਨ ਕਠਨ ਅਤਿਲਸੀ[4]।ਕਰਿ ਇੱਛਾ ਪੂਰਨ ਉਠਿ ਚਲੇ। ਸਨੇ ਸਨੇ ਗਿਰਵਰ ਕੇ ਤਲੇ ॥ ੨੯॥ ਭੁਏ ਸ਼ਬਦ ਭੂਚਾਲ ਘਨੇਰੇ। ਘਨੇ ਲੋਕ ਆਨੰਦਪੁਰਿ ਕੇਰੇ।ਸੁਨਿ ਲਖਿ ਹਿਤ[5]*ਤਿਤ ਕੋ ਚਲਿ ਆਏ। ਸੈਲ ਤਰੇ ਥਿਰ ਭੇ ਸਮੁਦਾਏ ॥ ੩੦ ॥ ਧਰੇ ਸ਼ਸਤ੍ਰ ਬੈਠੇ ਭਟ ਜਹਾਂ।ਮਨੋ ਪੌਰ ਸੋ ਬਨ ਕਰਿ ਰਹਾਂ[6]।ਉਲੰਘ ਅਗਾਰੀ ਜਾਇ ਨ ਕੋਈ। ਸਭਿ ਕੋ ਰੋਕਤਿ ਹੈਂ ਤਹਿ ਸੋਈ ॥ ੩੧ ॥ ਕੇਸ਼ਵਦਾਸ ਅਗਾਰੀ ਹੋਵਾ। ਲਾਲ ਗੁਲਾਲ ਦਰਸ ਕੋ[7] ਜੋਵਾ। ਦਈ ਅਸੀਸ 'ਸੁਖੀ ਨਿਤ ਰਹੀਅਹਿ। ਦੇਵੀ ਬਿਦਤ ਪ੍ਰਸੰਗ ਸੁ ਕਹੀਅਹਿ ॥੩੨॥ਮਨ ਬਾਂਛਤਿ ਜੈਸੇ ਬਰ ਲੀਨੋ। ਜਗਦੰਬਾ ਜਿਮ ਦਰਸ਼ਨ ਦੀਨੋ। ਕਹਨਿ ਸੁਨਨ ਜਿਮ ਆਪਸ ਮਾਂਹੀ। ਕ੍ਰਿਪਾ ਕਰਹੁ ਭਾਖਹੁ ਮੁਝ ਪਾਹੀ'॥੩੩॥ਸ੍ਰੀ ਮੁਖ ਤੇ ਤਬਿ ਸਰਬ ਸੁਨਾਯੋ। ਪ੍ਰਥਮ ਸਰੂਪ ਦਰਸ ਜਿਮ ਪਾਯੋ।'-ਬਰੰਬ੍ਰਹ-ਸ਼੍ਰੀ ਬਦਨ ਉਬਾਰੇ। ਤਬਿ ਹਮ ਇੱਛਤ ਚਿਤ ਕੇ ਜਾਰੇ ॥੩੪॥-ਏਵੰ ਮਸਤੁ[8]-ਕਹਿ ਭੇਟ ਸ ਲੈਕੇ। ਅੰਤਰ ਧਯਾਨ ਭਈ ਬਰ ਦੈ ਕੈ। ਲਘੁ ਕ੍ਰਿਪਾਨ ਇਹੁ ਕਰ ਤੇ ਦੀਨਿ।ਅਤਿ ਅਨੰਦ ਤੇ ਸਿਰ ਧਰਿ ਲੀਨਿ ॥ ੩੫ ॥ ਬਿੱਪ੍ਰ ਤੁਹਾਰੀ ਕਰੁਨਾ ਪਾਇ†।

[1]ਜੁੱਧ ਵਿਚ ਮਰਕੇ ਤੁਹਾਡੀ ਭੇਟਾ ਹੋਣਗੇ। [2]ਦੇਵੀ ਦਾ ਚੋਬਦਾਰ [ਸੰ: ਲਗੁੜ=ਚੋਬ, ਸੋਟਾ। ਲਗੁੜ ਤੋਂ ਲਗੁੜੀਆ, ਲੰਕੜੀਆ, ਲੌਂਕੜਾ, ਲੰਕੁਰਾ ਆਦਿ ਪਦ ਬਣੇ ਹਨ]। [3]ਕਿਰਪਾਨ। [4]ਚਮਕ ਰਹੀ ਹੈ। [5]ਸੁਣਕੇ ਦੇਖਣ ਲਈ। [6]ਮਾਨੋ (ਸਿਖ ਰੱਖਿਆ ਲਈ) ਡਿਉਢੀ ਬਣ ਰਹੇ ਹਨ। [7]ਗੁਲਾਲ ਵਤ ਦਰਸ਼ਨ (ਸ੍ਰੀ ਗੁਰੂ ਜੀ ਦਾ)। [8]ਇਵੇਂ ਹੀ ਹੋਵੇ [ਸੰਸ:, ਏਵੰ ਅਸ੍ਤੁ]।

*ਪਾ:-ਕਰਿ। †ਡਰਦਾ ਮਾਰਿਆ ਕੇਸ਼ੋਦਾਸ ਤਾਂ ਪਹਿਲੋਂ ਤੋਂ ਭੱਜਾ ਫਿਰਦਾ ਹੈ ਇਸਦੀ ਕ੍ਰਿਪਾ ਨਾਲ ਕਾਰਜ ਸਿੱਧ ਕੀਕੂੰ ਹੋਇਆ ਹੈ ?

Sri Satguru Jagjit Singh Ji eLlibrary NamdhariElibrary@gmail.com

ਕਾਰਜ ਸਿੱਧ ਭਏ ਸਮੁਦਾਇ'। ਇੱਤ੍ਯਾਦਿਕ ਸਭਿ ਭਨ੍ਯੋ ਪ੍ਰਸੰਗ। ਸੁਨਿ ਕੇਸ਼ਵ ਚਿਤ ਆਨੰਦ ਸੰਗ॥੩੬॥ 'ਧੰਨ ਧੰਨ ਤੁਮ ਸਤਿਗੁਰ ਪੂਰੇ। ਪਿਖਿ ਪ੍ਰਮਿਸਰੀ[1] ਦਰਸ਼ਨ ਰੂਰੇ॥ਇਸ ਪ੍ਰਕਾਰ ਨਹਿ ਕਿਨਹੁੰ ਨਿਹਾਰੀ॥ਭਏ ਸ਼ਕਤਿ ਜੁਤਿ ਬਡ ਅਵਤਾਰੀ ॥ ੩੭ ॥ ਕਸ਼ਟ ਅਨਿਕ ਸਹਿ ਕੈ ਤਪ ਘਾਲਾ। ਹਮਨ ਜੱਗਯ ਜਿਨ ਕੀਏ ਬਿਸਾਲਾ। ਜਪ ਕੋ ਜਾਪਤਿ ਬੈਸ ਬਿਤਾਈ। ਕਿਨਹੁੰ ਨ ਇਮ ਦੇਖੀ ਜਗ ਮਾਈ॥੩੮॥ਕਲੀਕਾਲ ਮਹਿਂ ਦਰਸ਼ਨ ਭਯੋ। ਤੁਮ ਸਮ ਜਗ ਮਹਿਂ ਅਪਰ ਨ ਬਿਯੋ। ਸੋ ਵਿਭੈਸ ਅਵਿਤੈਸ਼ ਬਿਸਾਲੇ। ਕੋ ਮਹਿਮਾ ਕਹੀਐ ਇਸ ਕਾਲੇ ॥ ੩੯ ॥ ਅਬਿ ਚਲਿ ਅਨੰਦ ਪੁਰੇ ਆਨੰਦ। ਦਿਜ ਦੀਨਨ ਦਿਹੁ ਦਾਨ ਬਿਲੰਦ॥ਪੂਰਨ ਭਈ ਸਗਲ ਅਭਿਲਾਖਾ'॥ਮਹਾਂ ਮਹਾਤਮਇਮ ਦਿਜ ਭਾਖਾ॥੪੦॥ਲੇ ਤਿਹ ਸਾਥ ਨਾਥ ਤਬਿ ਚਲੇ॥ਗਿਰਵਰ ਕੇ ਉਤਰਤਿ ਭੇ ਤਲੇ। ਬਦਨ ਬਿਸਾਲ ਲਾਲ ਹੁਇ ਰਹ੍ਯੋ। ਜੋ ਕਿਸ ਹੂੰ ਤੇ ਜਾਤਿ ਨ ਲਹ੍ਯੋ[2] ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸ੍ਰੀ ਦੇਵੀ ਪ੍ਰਗਟ ਹੋਨ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋ ਅੰਸੂ ॥ ੧੧ ॥

### ੧੨. [ਕੇਸ਼ੋ ਦਾਸ ਦਾ ਰੁਖ਼ਸਤਾ]।

ਦੋਹਰਾ॥ਸਿਖ ਸੰਗਤਿ ਭਟ ਸ਼ਸਤ੍ਰ ਧਰਿ ਦਰਸ ਕਰਨਿ ਕੇ ਚਾਇ॥ ਖਰੇ ਹੁਤੇ ਪਹੁੰਚੇ ਤਹਾਂ ਬਦਨ ਜੋਤਿ ਦਿਪਤਾਇ ॥ ੧ ॥ ਚੌਪਈ ॥ ਧਾਇ ਧਾਇ ਹੁਇ ਕਰਿ ਅਗਵਾਏ। ਨਮੋ ਕਰਨ ਕੋ ਨਰ ਉਤਲਾਏ॥ਦਿਪਤ ਤੇਜ[3] ਕੇ ਚਰ-ਨਨ ਪਰੈਂ। ਦਰਸ ਅਪੂਰਬ ਗੁਰ ਕੇ ਕਰੈਂ॥੨॥ਉੱਗ੍ਰ* ਤੌਰ ਗੁਰ ਕੋ ਤਬਿ ਦੇਖਾ। ਰਹੇ ਤੂਸ਼ਨੀ ਠਾਨਿ ਅਸ਼ੇਖਾ। ਅਦਬ ਸਾਥ ਸੁਕਚਿਤ ਹੁਇ ਦੂਰ। ਪਾਛੇ ਗਮਨੈਂ ਸੰਕਤਿ ਭੂਰ ॥੩॥ਕੇਤਿਕ ਦਿਜ ਆਸ਼ਿਖ ਕੋ ਦੇਤੇ। ਭਨਹਿ ਬਧਾਈ ਮੰਗਲ ਕੇਤੇ। ਭਏ ਤੁਰੰਗਮ ਪਰ ਅਸਵਾਰ। ਨਰ ਕਰਿ ਦਰਸ਼ਨ ਹੋਵਤਿ ਲਾਰ ॥ ੪ ॥ ਸੰਧ੍ਯਾ ਸਮੈਂ ਹੋਤਿ ਲੌ ਆਏ। ਆਨੰਦਪੁਰਿ ਮੈਂ ਹੋਤਿ ਬਧਾਏ॥ਸ੍ਰੀ ਗੁਜਰੀ ਢਿਗ ਜਿਸ ਨਰ ਕਹ੍ਯੋ। ਚਿਤ ਮਹਿ ਚਹ੍ਯੋ ਪਦਾਰਥ ਲਹ੍ਯੋ॥ ੫ ॥ ਤਿਮ ਹੀ ਦੋਨਹੁੰ ਮਹਿਲ ਅਨੰਦੇ। ਧਨ ਭੂਖਨ ਦੇ ਬਸਤ੍ਰ ਬਿਲੰਦੇ॥ਪੁੱਤ੍ਰ ਅਜੀਤਸਿੰਘ ਹੁਇ ਆਗੇ॥ਬਿਛਰੇ ਚਿਰਕੇ ਪਿਤ ਪਗ ਲਾਗੇ॥ ੬॥ ਜਿਤ ਦੇਖਹਿਂ ਤਿਤ ਸਹਿਜ ਸੁਭਾਏ॥ ਲੋਕ ਹਜ਼ਾਰਹੁੰ ਸੀਸ ਨਿਵਾਏਂ। ਜ਼ੋਰਾਵਰ ਸਿੰਘ ਤਬਿ ਚਲਿ ਆਏ। ਸੰਗ ਜੁਝਾਰ ਸਿੰਘ ਹਰਖਾਏ ॥ ੭ ॥

[1]ਦੇਵੀ ਦਾ। [2]ਡਿੱਠਾ ਨਹੀਂ ਜਾਂਦਾ। [3]ਪ੍ਰਕਾਸ਼ ਦੇ ਤੇਜ ਵਾਲੇ (ਸ੍ਰੀ ਗੁਰੂ ਜੀ ਦੇ)। *ਪਾ:—ਔਰ।

ਬੰਦਨਕਰਤਿ ਸੰਗ ਹੀ ਚਲੇ।ਪੁਰਿ ਨਰ ਨਾਰਿਦਰਨ[1] ਹ੍ਵੈ ਖਲੇ।ਕਰਬੰਦਹਿ
ਅਰੁ ਸੀਸ ਨਿਵਾਵਹਿਂ। ਔਰ ਤੌਰ ਪਰਖਹਿਂ ਬਿਸਮਾਵਹਿਂ॥ ੮ ॥ ਕਹਨਿ
ਸੁਨਨਿ ਕਿਹਸੋਂ ਨਹਿਂ ਕਰਿਹੀਂ।ਰਸ ਭਰਿਦ੍ਰਿਗਨਹਿਂ ਕਿਸਹੁ ਨਿਹਰਿਹੀਂ।
ਉਦਾਸੀਨ ਸਭਿ ਸੋਂ ਰਸੁ ਏਕ। ਤੇਜ ਉੱਗ੍ਰ ਤੇ ਜਲਧਬਿਬੇਕ ॥ ੯॥ ਪੁਰਿ
ਮਹਿਂ ਮੰਗਲ ਅਨਿਕ ਪ੍ਰਕਾਰਾ। ਗੁਰ ਆਗਮਨ ਜਲਦ[2] ਜਨੁ ਭਾਰਾ।
ਜਲ ਪ੍ਰਮੋਦ ਕੋ[3] ਬਹੁ ਬਰਖਾਯੋ। ਤਪਤ ਹੁਤੀ ਊਪਰ ਰਹਿ ਛਾਯੋ ॥ ੧੦ ॥
ਮੰਦਿਰ ਸੁੰਦਰ ਅੰਦਰ ਗਏ। ਚਾਰੁ ਸਿੰਘਾਸਨ ਬੈਠਤਿ ਭਏ। ਪੰਚਾਂਮ੍ਰਿਤ
ਘਰਿ ਘਰਿ ਪ੍ਰਤਿ ਹੋਵਾ।ਅਤਿ ਪ੍ਰਿਯ ਗੁਰ ਕੋ ਦਰਸ਼ਨ ਜੋਵਾ ॥੧੧॥ ਆਨਿ
ਕਰਾਵਤਿ ਸਿਖ ਅਰਦਾਸ। ਧਰਹਿ ਤੂਸ਼ਨੀ ਬੈਠਹਿ ਪਾਸ। ਦੀਪਕਮਾਲਾ
ਸਭਿਹਿਨ ਕਰੀ।ਘਰ ਘਰ ਕੇ ਸ਼ਿਖਰਨ[4] ਪਰ ਧਰੀ॥੧੨॥ਨੌਬਤ ਬਾਜਤਿ
ਦੀਰਘ ਪੌਰ। ਸਿਖ ਨਵੀਰਨਿ ਕੇ ਗਨ ਸ਼ੋਰ। ਅਤਿ ਉਤਸਵ ਭਾ ਨਗਰ
ਮਝਾਰੀ। 'ਜੈ ਸਤਿਗੁਰ ਕੀ' ਕਹਿ ਨਰ ਨਾਰੀ ॥੧੩॥ ਖਾਨ ਪਾਨ ਕਰਿ,
ਕਰਿ ਗੁਰ ਬਾਤੀ। ਸਗਰੇ ਸੁਪਤਿ ਜਥਾ ਸੁਖ ਰਾਤੀ।ਬਡੀ ਪ੍ਰਾਤਿ ਤੇ ਸਤਿ-
ਗੁਰ ਜਾਗੇ। ਸੌਚ ਸ਼ਨਾਨ ਕਰਨਿ ਪ੍ਰਭੁ ਲਾਗੇ ॥੧੪॥ ਬਸਤ੍ਰ ਸ਼ਸਤ੍ਰ ਸਭਿ
ਅੰਗ ਸਜਾਏ। ਲੈਨਹਾਰ ਜੇ ਧਨ ਗਨ ਆਏ। ਸਭਿ ਕੋ ਦੀਨਸਿ ਦਾਨ
ਘਨੇਰੇ-। ਲੇ ਕਰਿ ਸਭਿ ਕੇ ਅਨੰਦ ਘਨੇਰੇ ॥੧੫॥ ਹੁਕਮ ਜੋਂਗਨ ਕਰਿਬੇ
ਕਹੁ ਦਯੋ।ਅਨਿਕ ਅਹਾਰ ਸਨਿਗਧ[5] ਭਯੋ। ਪੂਪ ਪੂਰਕਾ ਬਹੁ ਪੰਚਾਂਮ੍ਰਿਤ।
ਬਿੱਪ੍ਰ ਸਾਧ ਬੋਲੇ ਪਠਿ ਜਿਤ ਕਿਤ[6] ॥ ੧੬ ॥ ਮਨ ਭਾਵਤਿ ਭੋਜਨ ਕੋ
ਖਾਯਹੁ। ਅਧਿਕ ਦਾਨ ਸਭਿਹਿਨਿ ਕਹੁ[7] ਪਾਯਹੁ।ਪਿਖਿ ਉਦਾਰਤਾ[8] ਗੁਰ
ਉਰ ਕੇਰੀ। ਬਿਸਮ ਕੁਬੇਰ ਸੁਮੇਰ ਬਡੇਰੀ[9] ॥ ੧੭ ॥ 'ਜੇ ਰੁਖ ਕਰਿ ਇਤ
ਕੋ ਬਲ ਧਰੈਂ।ਹਮ ਕੋ ਲਟ ਬਾਂਟਿਬੋ ਕਰੈਂ'। ਬ੍ਰਿੰਦ ਅਸ਼ਰਫੀ ਧਨੇ ਰਜਤ-
ਧਨ। ਜਾਚਕ ਕਰੇ ਨਿਹਾਲ ਅਨਿਕ ਗਨ[10]॥੧੮॥ ਦਾਨ ਦੇਖਿ ਬਿਸਮਤਿ
ਨਰ ਨਾਰੀ। ਭਯੋ ਕੁਲਾਹਲ ਪੁਰਿ ਮਹਿ ਭਾਰੀ।ਦਿਜ ਕੇਸ਼ਵ ਤਬਿ ਨਹੀਂ
ਬੁਲਾਯੋ। ਬਿਦਤਨ ਸਮੈ ਜੁ ਉਠਿ ਕਰਿ ਆਯੋ ॥ ੧੯ ॥ ਤਿਨ ਸੁਨਿ
ਅਧਿਕ ਰੁਸਬੋ ਲੀਨਾ[11]।—ਮੁਹਿ ਨ ਹਕਾਰਨੋ ਇਹੁ ਕਨਾ ਕੀਨਾ—। ਸ੍ਰੀ

---

[1]ਦਰਵਾਜ਼ਿਆਂ ਵਿਚ। [2]ਬੱਦਲ। [3]ਖੁਸ਼ੀ ਰੂਪੀ ਜਲ। [4]ਉਪਰਲੀਆਂ ਛੱਤਾਂ। [5]ਘਿਉ ਵਿਚ ਤਲਿਆ ਹੋਇਆ। [6]ਸੱਦ ਭੇਜੇ ਜਿੱਥੋਂ ਕਿੱਥੋਂ। [7]ਸਭਨਾਂ ਨੇ। [8]ਬਖਸ਼ਿਸ਼। [9]ਸੁਮੇਰ ਕੁਬੇਰ ਬਹੁਤ ਅਸਚਰਜ(ਹੋਕੇ ਕਹਿੰਦੇ ਹਨ:—)। [10]ਅਨੇਕਾਂ ਜਾਚਕਾਂ ਦੇ ਸਮੂਹ ਨਿਹਾਲ ਕੀਤੇ। [11]ਰੁੱਸਣਾ ਕੀਤਾ।

ਅੰਤਰਜਾਮੀ ਸਭਿ ਜਾਨੀ।ਨੰਦਚੰਦ ਸੋਂ ਗਿਰਾ ਬਖਾਨੀ॥੨੦॥'ਅਬਿਪੰਡਿਤ ਕੋ ਆਨਿ ਹਕਾਰੀ। ਅਸ ਕਹੁ–ਬਿਸਰ ਗਯੋ ਤਿਸ ਬਾਰੀ*'। ਸੁਨਿ ਕਰਿ ਹੁਕਮ ਗੁਰੂ ਕਹੁ ਐਸੇ। ਤਹਿੰ ਗਮਨਯੋਂ ਜਹਿੰ ਪੰਡਿਤ ਬੈਸੇ ॥੨੧॥ 'ਦਿਜ ਜੂ ! ਸਤਿਗੁਰ ਤੁਮਹਿ ਹਕਾਰਾ। ਸਹਿਤ ਦੱਛਨਾ ਲੇਹੁ ਅਹਾਰਾ'। ਬਿੱਪ੍ਰ ਕਹਯੋ'ਅਬਿ ਹੌਂ ਨਹਿ ਜਾਵੌਂ।ਨਹੀਂ ਸੁ ਭੋਜਨਮੁਖ ਮਹਿਪਾਵੌਂ॥੨੨॥ਪ੍ਰਥਮ ਬਿੱਪ੍ਰ ਸਿਖ ਸਾਧ ਜਿਵਾਏ। ਪਾਛੇ ਤੇ ਮੁਝ ਬੋਲਿ ਪਠਾਏ। ਸਹਿ ਨ ਜਾਇ ਬਿਪਰੀਤ ਬਡੇਰੀ। ਹੁਤੋ ਮੁੱਖਯ ਸੁਧਿ ਨਹਿੰ ਤਿਸ ਕੇਰੀ ॥੨੩॥ਕਰਮ ਜਿ ਉੱਤਮ ਜਗਤ ਮਝਾਰੀ। ਸਰਬ ਬਿਖੈ ਹਮ ਰਹਤਿ ਅਗਾਰੀ। ਅਬਿ ਪਸ਼-ਚਾਤੀ ਕਿਮ ਨਹਿ ਜਾਊਂ। ਅਚਊਂ ਅਸਨ ਬ੍ਰਹਮੱਤ[1] ਲਜਾਊਂ ॥ ੨੪॥ ਨਿਜ ਗੁਰ ਢਿਗ ਕਹੀਏ ਅਰਦਾਸਾ। ਦਿਜ ਨਹਿ ਆਇ ਤੁਮਾਰੇ ਪਾਸਾ'। ਸੁਨਿ ਕੈ ਨੰਦਚੰਦ ਕਹਿ ਬਾਨੀ। 'ਧੀਰਜ ਧਰੀਏ ਤੁਮ ਗੁਨਖਾਨੀ ॥੨੫॥ ਤਜਹੁ ਕੋਪ ਤਬਿ ਰਹੇ ਨ ਵਾਦੂ।ਅਬਿ ਤੁਮ ਚਲਿ ਕੈ ਅਚਹੁ ਪ੍ਰਸਾਦੂ।ਨਰ ਸਮਾਨ ਸਤਿਗੁਰੁ ਨ ਪਛਾਨਹੁ। ਜਗਤ ਈਸ਼ ਅਵਤਾਰ ਪ੍ਰਮਾਨਹੁ॥੨੬॥ ਤਿਨ ਸੰਗ ਰੂਸਨਿ ਕਿਮ ਬਨਿ ਆਵੈ।ਤਸ ਕਰੀਐ ਜਸ ਉਨ ਮਨ ਭਾਵੈ। ਜਾਤਿ ਹੰਕਾਰ ਕਰਹੁ ਸਭਿ ਨਾਸ਼ੀ। ਉਠਿ ਕਰਿ ਗਮਨਹੁ ਹਰਖਤਿ ਪਾਸੀ' ॥੨੭॥ ਸੁਨਿ ਬੋਲਯੋ ਦਿਜ 'ਇਮ ਨ ਉਚਰੀਅਹਿ। ਨਿਜ ਗੁਰ ਬਾਕ ਬਿਚਾਰਨਿ ਕਰੀਅਹਿ।ਦੋਸ਼ ਲਗੈ,ਬੋਲਤਿ ਹਹੁ ਜੈਸੇ।ਕਲਕੀਧਰ ਬਰਨਯੋਂ ਨਿਜ ਐਸੇ:–॥ ੨੮ ॥ ਜੋ ਹਮ ਕੋ ਪਰਮੇਸਰ ਉਚਰਿ ਹੈ॥ ਤੇ ਸਭ ਨਰਕਿ ਕੁੰਡ ਮਹਿ ਪਰਿਹੈ॥ ਮੋ ਕੋ ਦ ਸ ਤਵਨ ਕਾ ਜਾਨੋ॥ ਯਾ ਮੈ ਭੇਦ ਨ ਰੰਚ ਪਛਾਨੋ॥

ਇਕ ਤੌ ਤਿਨ ਮੁਖ ਕੋ ਪਰਮਾਨਾ। ਦੂਜੇ ਔਰ ਸੁਨਹੁ ਦੇ ਕਾਨਾ। ਜਬਿ ਪ੍ਰਗਟੀ ਚੰਡੀ ਖਲਾ ਡਾ। ਭੇਖ ਭਯਾਨ ਚਕਿਤ ਨਵਖੰਡਾ[2]॥ ੨੯॥ ਤਬਿ ਧੀਰਜ ਉਰ ਰਹਯੋ ; ਕੋਈ। ਦੇਖਤਿ ਨੈਨ ਮੂੰਦ ਲਿਯ ਦੋਈ†।

[1]ਬ੍ਰਹਮਨ ਪੁਣਾ। [2]ਨਵਖੰਡਾਂ ਨੂੰ ਹੈਰ ਨ ਕਰਨ ਵਾਲੀ। *ਜੇ ਪੰਡਤਦੀ ਵਿਧੀ ਕਾਮਯਾਬ ਹੋਈ ਹੁੰਦੀ ਤਾਂ ਇਹ ਬ੍ਰਾਹਮਣ ਤੇ ਹੋਰ ਪੰਡਿਤ, ਪਹਿਲਾਂ ਪੂਜੇ ਜਾਂਦੇ। ਸਿੱਖਾਂ ਨੂੰ ਪਹਿਲੇ ਬੁਲਾਉਣਾ ਬ੍ਰਾਹਮਣਾਂ ਨੂੰ ਭੁੱਲ ਜਾਣਾ ਇਹ ਸੂਚਕ ਹਨ ਇਸ ਗੱਲ ਦੇ ਕਿ ਬ੍ਰਾਹਮਣ ਦੀ ਰਚਾਈ ਖੇਲ ਕਾਮਯਾਬ ਨਹੀਂ ਹੋਈ। ਕਿਉਂਕਿ ਚੇਤਿਓਂ ਭੁੱਲਦਾ ਉਹ ਹੈ ਜਿਸਦਾ ਸਤਿਕਾਰ ਯਾ ਅਹਿਸਾਨ ਡੂੰਘੇ ਚਿੱਤ ਵਿਚ ਨਾ ਹੋਵੇ। †ਕੇਸੋ ਕਿਸ ਹੌਸਲੇ ਨਾਲ ਕਹਿ ਰਿਹਾ ਹੈ, ਆਪ ਤਾਂ ਪ੍ਰਗਟਣ ਤੋਂ ਪਹਿਲਾਂ ਹੀ ਭੱਜ ਆਯਾ ਹੈ। ਫਿਰ ਕਵਿ ਜੀ ਦੱਸ ਆਏ ਹਨ ਕਿ ਇੱਕ ਵੇਰ ਵੇਖਕੇ ਨੇਤ੍ਰ ਮੁੰਦੇ ਸਨ, ਪਹਿਲੋਂ ਹੀ ਤਾਂ ਨਹੀਂ ਮੁੰਦੇ। ਸੌ ਸਾਖੀ ਨੇ ਬੀ ਲਿਖਯਾ ਹੈ:–ਨਿਰਖੀ ਏਕ ਬਾਰ ਮੁਖ ਚੰਡਾ।

ਜੋ ਅਵਤਾਰ* ਹੁਤੇ ਤਿਸ ਕਾਲਾ। ਧੀਰਜ ਧਾਰਤਿ ਰਿਦੈ ਬਿਸਾਲਾ॥੨੦॥ ਯਾਂਤੇ ਮੋਹਿ ਪ੍ਰਤੀਤ ਨ ਆਵੈ। ਤੂੰ ਸਭਿ ਜਾਨੈ ਬਿਨਾਂ ਅਲਾਵੈਂ[1]। ਨੰਦ ਚੰਦ ਤਬਿ ਬਾਕ ਬਖਾਨਾ। 'ਸੁਨਹੁ ਬਿੱਪ੍ਰ! ਤੁਮ ਭੇਵ ਨ ਜਾਨਾ॥੨੧॥ ਤਿਸਹੀ ਤੇ ਸੰਸਾ ਉਰ ਤੋਰੇ। ਨਿਰਨੈ ਕਰਿ ਗੁਨੀਐ ਬਚ ਮੋਰੇ। ਗੁਰੂ ਭਗਤਿ ਬਪੁ ਤੇ ਅਵ-ਤਾਰਾ[2]। ਪੂਰਬ ਰੂਪ ਨ ਕਰਹਿ ਉਚਾਰਾ[3]॥੨੨॥ ਜਸੇਂ ਸ੍ਵਾਂਗੀ ਜਗ ਸ੍ਵਾਂਗ ਬਨਾਵੈ। ਤਸ ਕਿਰਿਆ ਕਰਿ ਤਥਾ ਅਲਾਵੈ। 'ਸੂਕਰ ਰੂਪ ਧਰਾ ਗੁਨ ਖਾਨੀ। ਘੁਰ ਘੁਰ ਸ਼ਬਦ ਕ੍ਰਿਯਾ ਇਸ ਠਾਨੀ॥੨੩॥ ਨਰਸਿੰਘ ਰੂਪ ਬਨਾਇ ਬਹੋਰੀ। ਗਰਜ ਕ੍ਰਿਆ ਤਸ ਕਰੀ, ਨ ਔਰੀ[4]'। ਤਿਸ ਬਿਧਿ ਲਖੀਅਹੁ ਗਤਿ ਇਨ ਕੇਰੀ। ਭਗਤਿ ਰੀਤਿ ਕੀ ਰਹਤਿ ਘਨੇਰੀ॥੨੪॥ ਰੂਪ ਵਾਸਤਵ ਨਹੀਂ ਲਖਾਯੋ। ਆਸ਼ੈ ਅਪਰ, ਸੁ ਨਹਿ ਤੁਮ ਪਾਯੋ[5]। ਬ੍ਰਹਮਾ ਵਿਸ਼ਨੁ ਰੁਦ੍ਰ ਮਹੀ-ਆਨ[6]। ਇਨ ਪਰ ਤਰਕ ਕਰੀ[7] ਤਿਸ ਥਾਨ॥੨੫॥ ਤਹਾਂ ਆਪ ਕੋ ਨਹਿ ਇਮ ਕਹਿਤੇ†। ਤੋ ਬਹੁ ਲੋਕ ਰਿਦੈ ਇਮ ਲਹਿਤੇ। ਸਭਿ ਕੋ ਤਰਕਤਿ ਭੇ ਇਸ ਬਾਂਈ[8]। ਪਰਮੇਸ਼ੁਰਤਾ ਅਪਨਿ ਜਨਾਈ॥੨੬॥ ਇਮ ਬਿਚਾਰ ਕਰਿ ਤਹਾਂ ਬਖਾਨਾ। ਜੋ ਅਵਤਾਰ ਸੁ ਦਾਸੁ ਸਮਾਨਾ[9]। ਨਿਜ ਸਰੂਪ ਪਰਮੇਸ਼ੁਰ ਕੇਰਾ। ਧ੍ਯਾਵਤਿ ਰਹੇ ਸੁ ਸੰਝ ਸਵੇਰਾ॥੨੭॥ ਇਹ ਭੀ ਤਿਹ ਸਥਾਨ ਬਚ ਕਹਯੋ। ਜਿਸ ਤੇ ਆਸ਼ੈ ਬੁਧਿ ਜਨ ਲਹਯੋ।

ਇਹ ਬਿਧ ਕਰਤ ਤਪੱਸਯਾ ਭਯੋ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ॥

॥੨੮॥ ਅਰੁ ਲੋਚਨ ਮੁੰਦਨ ਕੀ ਰੀਤਾ। ਸੋ ਸੁਨਿ ਧਰੀਅਹਿ ਚੀਤ ਪ੍ਰਤੀਤਾ। ਪ੍ਰਗਟੀ ਜਬਿ ਜਗ ਮਾਤ ਅਗਾਰੀ। ਦਰਸ਼ਨ ਦੇਖਿ ਹਰਖ ਭਾ ਭਾਰੀ॥੨੯॥ ਰਿਦੈ ਬਿਚਾਰਯੋ-ਕਿਸ ਅਸ ਥਾਂਏ[10]। ਉਚਿਤ ਅੰਗ ਜਹਿ

[1]ਗੁਰੂ ਜੀ ਭਗਤੀ ਦਾ ਰੂਪ ਧਾਰਕੇ ਅਵਤਾਰ ਹੋਏ ਹਨ। [2](ਇਸ ਕਰਕੇ ਆਪਣੇ) ਪਹਿਲੇ (ਪਰਮੇਸੁਰ ਰੂਪ) ਦਾ ਨਾਉਂ ਨਹੀਂ ਲੈਂਦੇ। [3]ਹੁਣ ਬ੍ਰਾਹਮਣ ਨੂੰ ਉਸਦੇ ਘਰ ਦੇ ਪ੍ਰਮਾਣ ਦੇਂਦੇ ਹਨ। [4]ਹੋਰ ਨਾ ਕੀਤੀ। [5]ਆਸ਼ਾ ਹੋਰ ਸੀ ਸੋ ਤੈਂ ਨਹੀਂ ਪਾਇਆ। [6]ਵਡੇ। [7]ਤਰਕ ਕੀਤੀ ਹੈ (ਗੁਰੂ ਜੀ ਨੇ ਆਪਣੀ ਬਾਣੀ ਵਿਚ)। [8]ਭਾਵ ਦਸਮਗ੍ਰੰਥ ਵਿੱਚ। [9]ਜੇਹੜੇ ਅਵਤਾਰ ਹੋਏ ਹਨ (ਪ੍ਰਮੇਸ਼ੁਰ ਅੱਗੇ) ਦਾਸ ਸਮਾਨ ਹਨ। [10](ਅੰਗਾਂ ਵਿਚ ਯੋਗ) ਕੇਹੜਾ ਐਸਾ ਥਾਂ ਹੈ (ਜਿੱਥੇ ਇਸ ਦੇਵੀ ਦਾ ਰੂਪ ਬਸਾਈਏ)।

*ਇਹ ਪੰਡਤ ਦਾ ਵਦਤੋਵ੍ਯਾਘਾਤ ਯਾ ਝੂਠ ਬੋਲਨ ਤੁੱਲ ਹੈ। ਪਿਛੇ ਪੂਰੇ ਸਿਦਕ ਨਾਲ ਮੰਨ ਆਇਆ ਕਿ 'ਜਗਤ ਈਸ਼ ਤੁਮ ਏਵਨ ਦੇਵ' ਤਥਾ:—'ਨਰ ਲੀਲਾ ਠਾਨਹੁ ਜਗਤੇਸ਼ੁ।' 'ਅਬਿ ਨਿਸਚਾ ਮੇਰੇ ਮਨ ਆਯੋ' [ਅੰਸੂ ੮ ਅੰਕ ੨੪]। ਕੋਈ ਸਾਕੇ 'ਨੈਣ ਮੁੰਦਣੇ' ਨਰ ਲੀਲਾ ਤੋਂ ਬਾਹਰ ਹਨ। †ਪਾ:—ਕਰਤੇ।

Sri Satguru Jagjit Singh Ji eLlibrary NamdhariElibrary@gmail.com

ਰੂਪ ਬਸਾਏਂ–। ਸਭਿ ਤਨ ਮਹਿਂ ਪਾਵਨ ਹੈਂ ਨੈਨਾ। ਤਹਾਂ ਬਾਸ ਦੀਨਸਿ ਗੁਨ ਐਨਾ[1] ॥੪੦॥–[2]ਪੰਥ ਅਗਾਰੀ ਟਿਕੈ ਨ ਕੋਊ। ਜੋਤਿ ਤੇਜ ਲੋਚਨ ਧਰਿ ਸੋਊ[3]।ਰਹਿਤਵਾਨਿ ਸਿਖ ਸਿੰਘ ਜੁ ਮੇਰੇ। ਦੁਸ਼ਟੈਂ ਨਸ਼ਟੈਂ ਦ੍ਰਿਸ਼ਟਿ* ਸੁ ਹੇਰੈ[4] ॥ ੪੧ ॥ ਬਹੁ ਤੁਰਕਨਿ ਸੰਗ ਏਕ ਲਰਾਊਂ। ਅਸ ਪ੍ਰਤਾਪ ਜੁਤਿ ਪੰਥ ਚਲਾਊਂ–। ਇਹ ਕਾਰਨ ਦ੍ਰਿਗ ਕਰੇ ਮਿਲਾਵਨ।ਦੇਖਿ ਦੇਵਿ ਕੋ ਬਾਸਿ ਬਸਾਵਨ[5]' ॥ ੪੨ ॥ ਇਸ ਬਿਧਿ ਨੰਦ ਚੰਦ ਬਹੁ ਭਾਂਤੀ। ਕਰੀ ਅਸ਼ਰਧਾ ਦਿਜ ਉਰ ਹਾਤੀ। ਲੀਨਿ ਮਨਾਇ ਸੰਗ ਲੇ ਗਮਨਾ। ਜਹਾਂ ਬਿਰਾਜਤਿ ਸ੍ਰੀ ਗੁਰ ਭਵਨਾ ॥ ੪੩ ॥ ਕਲਗ਼ੀਧਰ ਬਡ ਆਦਰ ਦੀਨਾ। ਨਿਕਟਿ ਬਿਠਾਇ ਤੋਖ[6] ਬਹੁ ਕੀਨਾ। ਨੰਦਚੰਦ ਸਭਿ ਭਨਨੋਂ ਪ੍ਰਸੰਗਾ। ਬਾਨੀ ਛੰਦ ਸਵੈਯਨ ਸੰਗਾ ॥ ੪੪ ॥

ਸ੍ਰੀ ਮੁਖਵਾਕ ॥ ਸ੍ਵੈਯਾ ॥

ਜੋ ਕਛੁ ਲੇਖ ਲਿਖਿਯੋ ਬਿਧਨਾ ਸੋਊ ਪਾਈਯਤ ਮਿਸਰ ਜੂ ਸੋਕ ਨਿਵਾਰੋ ॥
ਮੇਰੋ ਕਛੂ ਅਪਰਾਧ ਨਹੀ ਗਯੋ ਯਾਦ ਤੇ ਭੂਲਿ ਨ ਕੋਪ ਚਿਤਾਰੋ ॥
ਬਾਗੋ[8] ਨਿਹਾਲੀ ਪਠੈ ਦਿਯੋਂ ਆਜ ਭਲੇ ਤੁਮ ਕੋ ਨਿਸਚੈ ਜੀਅ ਧਾਰੋ ॥
ਛੱਤ੍ਰੀ ਸਭੈ ਕ੍ਰਿਤ ਬਿੱਪਨ ਕੇ ਇਨਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ[9] ॥ ੧ ॥
ਜੁੱਧ ਜਿਤੇ ਇਨਹੀ† ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ॥ ਅਘ
ਓਘ ਟਰੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ ॥ ਇਨ
ਹੀ ਕੇ ਪ੍ਰਸਾਦਿ ਸੁ ਬਿੱਦਿਆ ਲਈ ਇਨ ਹੀ ਕੀ ਕ੍ਰਿਪਾ ਸਭ ਸ਼ੱਤ੍ਰੁ ਮਰੇ ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ ॥ ੨ ॥
ਸੇਵ ਕਰੀ ਇਨ ਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦੀਯੋ ਇਨ ਹੀ ਕੋ ਭਲੋ ਅਰ ਆਨ ਕੋ ਦਾਨ ਨਾ ਲਾਗਤ ਨੀਕੋ ॥

---

[1]ਭਾਵ ਗੁਰੂ ਜੀ ਨੇ। [2]ਗੁਰੂ ਜੀ ਵਿਚਾਰਦੇ ਹਨ ਕਿ:–[3]ਉਹ ਜੋਤੀ ਦਾ ਤੇਜ (ਪੰਥ) ਨੇਤ੍ਰਾਂ ਵਿੱਚ ਧਾਰਨ ਕਰੇਗਾ। [4]ਦ੍ਰਿਸ਼ਟੀ ਦੇ ਵੇਖਣ ਨਾਲ ਦੁਸ਼ਟਾਂ ਦਾ ਨਾਸ਼ ਕਰਨਗੇ। [5]ਦੇਖਕੇ ਦੇਵੀ ਨੂੰ (ਨੇਤ੍ਰਾਂ ਰੂਪ) ਘਰ ਵਿੱਚ ਬਸਾਇਆ। [6]ਪ੍ਰਸੰਨ। [7]ਭਾਵ ਗੁਰੂ ਜੀ ਨੇ ਸ੍ਵੱਯੇ ਛੰਦਾਂ ਵਿਚ ਬਾਣੀ ਰਚਕੇ ਦੱਸਿਆ ਹੈ। [8]ਪੁਸ਼ਾਕ। [9]ਛੱਤ੍ਰੀਆਂ ਦੀ ਸਾਰੀ ਕ੍ਰਿਤ (ਬੀਰਤਾ) ਬ੍ਰਾਹਮਣਾਂ ਦੇ ਵਾਸਤੇ ਹੈ; ਭਾਵ ਬ੍ਰਾਹਮਣ ਰੱਖਯਾ ਵਾਸਤੇ (ਇਸ ਕਰਕੇ ਬੀ ਤੁਹਾਨੂੰ ਵਾਜਬ ਹੈ ਕਿ) ਇਹਨਾਂ ਤੇ ਕ੍ਰਿਪਾ ਦ੍ਰਿਸ਼ਟੀ ਰੱਖਿਆ ਕਰੋ। *ਪਾ:–ਸ੍ਰਿਸ਼ਟ।

†ਇਨਹੀ ਤੋਂ ਛੱਤ੍ਰੀ ਮੁਰਾਦ ਹੈ ਤੇ ਛੱਤ੍ਰੀਆਂ ਤੋਂ ਭਾਵ ਸਿੱਖਾਂ ਦੀ ਹੈ ਜੋ ਸ਼ਸਤ੍ਰ ਧਾਰੀ ਹਨ, ਤੇ ਬ੍ਰਾਹਮਣਾਂ ਤੋਂ ਪਹਿਲਾਂ ਅੰਨ ਪਾ ਚੁਕੇ ਹਨ ਤੇ ਉਹਨਾਂ ਪਰ ਕੇਸ਼ੋ ਦਾਸ ਜੀ ਕੋਪ ਹੋ ਰਹੇ ਹਨ। ਜੇ ਇਹ ਵਾਕ ਬ੍ਰਾਹਮਣਾਂ ਪ੍ਰਤੀ ਹੁੰਦੇ ਤਾਂ ਸੁਣਕੇ ਮਿਸਰ ਜੀ ਨੂੰ ਚਟਪਟੀ ਨਾ ਲਗਦੀ, ਨਾ ਸੜਦੇ ਤੇ ਨਾ ਕ੍ਰੋਧ ਚੜ੍ਹਦਾ ਤੇ ਨਾ ਰੋਜ਼ੀ ਦੇ ਫਿਕਰ ਵਿੱਚ ਪੈ ਕੇ ਰੋ ਪੈਂਦੇ।

ਆਗੋ. ਫਲੈ ਇਨ ਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥
ਮੋ ਗ੍ਰਹ ਮੈ ਮਨ ਤੇ ਤਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ॥ ੩ ॥
ਦੋਹਰਾ ॥ ਚਟਪਟਾਇ ਚਿਤ ਮੈ ਜਰਯੋ ਤ੍ਰਿਣ ਜਿਉਂ[1] ਕ੍ਰੁੱਧਤਿ ਹੋਇ ॥
ਖੋਜ ਰੋਜ ਕੇ ਹੇਤ ਲਗ ਦਯੋ ਮਿਸਰ ਜੂ ਰੋਇ[2]* ॥੪੪॥

ਚੌਪਈ ॥ ਸਾਦਰ ਬਹੁਰ ਅਹਾਰ ਖਵੱਯਾ। ਦਖਨਾ ਲੱਛ ਸਵਾ ਸੁ ਰੁਪੱਯਾ। ਦਰਬ ਪਠਯੋ ਸਭਿ ਅਪਨੇ ਧਾਮ। ਰਹਯੋ ਕਛਕ ਗੁਰ ਢਿਗ ਬਿਸ੍ਰਾਮ॥੪੫॥ ਪੁਨ ਵਰ ਲੈਬੇ ਹੇਤੁ ਉਚਾਰਾ। 'ਸ੍ਰੀ ਗੁਰ ਜੀ ਹੁਇ ਪੰਥ ਤੁਮਾਰਾ। ਕਰਹਿ ਜੰਗ ਤੁਰਕਨਿ ਕੌ ਮਾਰੈ। ਬਿਜੈ ਪਾਇ ਸਭਿ ਵਸਤੁ ਸੰਭਾਰੈ॥੪੬॥ਅਵਨੀ ਰਾਜ ਕਰਹਿ ਬਹੁਤੇਰਾ। ਤਿਨ ਮਹਿ ਜਨਮ ਹੋਇ ਪੁਨ ਮੇਰਾ'। ਸੁਨਿ ਕਲਗ਼ੀਧਰ ਭੁਏ ਪ੍ਰਸੰਨ। 'ਸਿੰਘ ਬਨਨਿ ਚਾਹਯੋ ਤੂੰ ਧੰਨ ॥ ੪੭ ॥ ਤੀਨ ਵਾਰ ਹੁਇ ਪੰਥ ਮਝਾਰੀ। ਲੈ ਹੈਂ ਸਿੰਘਨ ਮਹਿ ਸਿਰਦਾਰੀ†'। ਇਹੁ ਬਰ ਪਾਇ ਹਰਖ ਕੋ ਧਰਿ ਕੈ। ਬਿੱਪ੍ਰ ਕਲੇਵਰ ਕੋ ਤਜਿ ਕਰਿ ਕੈ ॥੪੮॥ ਭਯੋ ਖਾਲਸੇ ਮਹਿ ਸਰਦਾਰ। ਹਨੇ ਤੁਰਕ ਬਹੁ ਜੰਗ ਮਝਾਰ। ਬ੍ਰਿੰਦ ਭੋਗ ਭੋਗੇ ਸੁਖ ਪਾਇ। ਕਥਾ ਬਿੱਪ੍ਰ ਕੀ ਭੀ ਇਸ ਭਾਇ‡ ॥ ੪੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤੀਯ ਰੁਤੇ 'ਬਿੱਪ੍ਰ' ਪ੍ਰਸੰਗ ਬਰਨਨੰ ਨਾਮ ਦੁਆਦਸ਼ਮੋ ਅੰਸੂ ॥ ੧੨॥

---

[1]ਕੱਖਾਂ ਵਾਂਗੂ (ਕੱਖ ਅੱਗ ਨਾਲ ਛੇਤੀ ਭੜਕਦੇ ਹਨ)। [2]ਖੋਜ ਰੋਜ=ਨਿੱਤ ਦੀ ਪਈ ਪਿਰਤ ਦੇ (ਗੁਆਚ ਜਾਣ) ਕਾਰਨ ਬ੍ਰਾਹਮਨ ਰੋ ਪਿਆ। [ਖੋਜ=ਪੈਰਾਂ ਦੀ ਪੈਖੜ ਨਾਲ ਪੈ ਗਿਆ ਰਸਤਾ ਭਾਵ ਪਿਰਤ। ਰੋਜ=ਰੋਜ਼=ਹਰ ਦਿਨ, ਨਿੱਤਯ। ] (ਅ) (ਹੁਣ ਨਵੇਂ) ਰੁਜ਼ਗਾਰ ਦੀ ਢੂੰਡ (ਕਰਨੀ ਪਏਗੀ ਇਸ) ਕਾਰਨ ਬ੍ਰਾਹਮਣ ਰੋ ਪਿਆ। [ਰੋਜ=ਰੋਜ਼ੀ, ਗੁਜ਼ਰਾਨ। ਖੋਜ=ਢੂੰਡ, ਭਾਲ]।

*ਇਸ ਤੋਂ ਸਾਫ ਪਤਾ ਲੱਗ ਰਿਹਾ ਹੈ ਕਿ ਬ੍ਰਾਹਮਣ ਦਾ ਰੁਜ਼ੀਨਾ ਬੰਦ ਹੋਇਆ ਹੈ। ਰੋਜ਼ੀਨਾ ਬੰਦ ਹੋਣਾ ਤੇ ਉਸ ਦਾ ਰੋਣਾਂ ਸੂਚਕ ਹੈ ਉਸ ਦੇ ਅਨਾਦਰ ਦਾ, ਅਨਾਦਰ ਸੂਚਕ ਇਸ ਗਲ ਦਾ ਹੈ ਕਿ ਦੇਵੀ ਪ੍ਰਗਟੀ ਨਹੀਂ। ਜੇ ਪ੍ਰਗਟੀ ਹੁੰਦੀ ਤਾਂ ਉਸ ਦੇ ਨਵੇਂ ਰੁਜ਼ੀਨੇ ਲਗਦੇ, ਨਾ ਕਿ ਅਗਲੇ ਬੀ ਬੰਦ ਹੁੰਦੇ।

†ਇਹ ਬੀ ਕਵਿ ਜੀ ਨੇ ਸੌ ਸਾਖੀ ਤੋਂ ਲਿਆ ਹੈ, ਸੌ ਸਾ: ਨੇ ਤੀਸਰੇ ਜਨਮ ਇਸ ਨੂੰ ਲਾਹੌਰ ਦਾ ਮਾਲਕ ਹੋਣਾ ਤੇ ਰਣ ਸਿੰਘ (ਰਣਜੀਤ ਸਿੰਘ) ਨਾਮ ਵਾਲਾ ਹੋਣਾ ਲਿਖਿਆ ਹੈ।

‡ਇਹ ਪਿਛਲਾ ਦੇਵੀ ਅਵਾਹਨ ਦਾ ਸਾਰਾ ਪ੍ਰਸੰਗ ਡਾਢਾ ਗੰਭੀਰਦਾਰ ਤੇ ਖੋਜ ਦਾ ਮੁਥਾਜ ਹੈ, ਇਸ ਕਰਕੇ ਇਸ ਵਿਸ਼ੇ ਤੇ ਜੋ ਖੋਜ ਕੀਤੀ ਗਈ ਹੈ ਅਗਲੇ ਪੰਨਿਆਂ ਤੇ ਦਿੱਤੀ ਹੈ। ਇਸ ਖੋਜ ਤੋਂ ਬਾਦ ਫਿਰ ਮੂਲ ਪਾਠ ਤੇਰ੍ਹਵੇਂ ਅੰਸੂ ਦਾ ਅਰੰਭ ਹੋਵੇਗਾ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਪਿਛੇ ਆਏ ਦੇਵੀ ਦੇ ਪ੍ਰਸੰਗ ਪਰ ਖੋਜ

# ਦੇਵੀ [ਕਾਲੀ, ਦੁਰਗਾ, ਹਿਮ ਪੁੱਤ੍ਰੀ, ਭਵਾਨੀ ਆਦਿ]

ਦੇਵੀ ਸਬੰਧੀ ਖੋਜ ਕਰਨ ਵਿਚ ਅਸੀਂ ਇਸਦੇ ਤ੍ਰੈ ਪਹਿਲੂ ਵਿਚਾਰੇ ਹਨ:-(੧) ਦੇਵੀ ਹਿੰਦੂ ਮਤ ਦੀ ਪੂਜੀ ਜਾ ਰਹੀ ਇਕ ਪ੍ਰਸਿੱਧ ਵਜਕਤੀ ਹੈ। ਇਸ ਲਈ ਪਹਿਲੀ ਖੋਜ 'ਹਿੰਦੂ ਮਤ ਵਿਚ ਦੇਵੀ' ਦੇ ਵਿਸ਼ੇ ਪਰ ਹੋਵੇ। (੨) ਇਸਤੋਂ ਬਾਦ 'ਸਿੱਖ ਧਰਮ ਵਿਚ ਦੇਵੀ ਦੀ ਕੀਹ ਜਗਾ ਹੈ' ਇਸ ਪਰ ਖੋਜ ਕੀਤੀ ਜਾਵੇ। (੩) ਇਸਤੋਂ ਮਗਰੋਂ ਇਸ ਘਟਨਾ ਦੀ ਖੋਜ ਕੀਤੀ ਜਾਵੇ ਕਿ 'ਦਸ਼ਮੇਸ਼ ਜੀ ਨੇ ਕੋਈ ਦੇਵੀ ਨੈਣੇ ਦੇ ਟਿੱਲੇ ਉਤੇ ਪ੍ਰਗਟਾਈ ਕਿ ਨਹੀਂ ?'

ਇਸ ਤੀਸਰੇ ਵਿਸ਼ੇ ਤੇ ਜੋ ਕੁਛ ਖੋਜ ਨਾਲ ਲੱਭਾ ਹੈ ਉਸ ਨੂੰ ਬੀ ਤ੍ਰੈ ਅੰਗਾਂ ਵਿਚ ਵੰਡਕੇ ਲਿੱਖਾਂਗੇ। ਪਹਿਲੇ ਵਿਚ ਗੁਰੂ ਸਾਹਿਬ ਜੀ ਦੇ ਵਕਤ ਤੋਂ ਲਗਪਗ ਚਾਲੀ ਵਰ੍ਹੇ ਬਾਦ ਤੱਕ ਦੇ ਲੇਖਕਾਂ ਦੀ ਪੜਤਾਲ,ਫਿਰ(੨)ਲਗਪਗ ਸੰਮਤ ੧੯੪੬ ਬਿ: ਤੱਕ ਦੇ ਲੇਖਕਾਂ ਦੀ ਪੜਤਾਲ। (੩)ਫਿਰ ਉਸਦੇ ਬਾਦ ਤੋਂ ਹੁਣ ਦੇ ਜ਼ਮਾਨੇ ਤਕ ਦੇ ਲੇਖਕਾਂ ਦੀ ਪੜਤਾਲ। ਇਸ ਵਿਉਂਤ ਨੂੰ ਅੱਗੇ ਰੱਖਕੇ ਹੇਠਾਂ ਅਸੀਂ ਆਪਣੀ ਖੋਜ ਸੰਖੇਪ ਕਰਕੇ ਦੇਂਦੇ ਹਾਂ।

## ੧. ਹਿੰਦੂ ਮਤ ਵਿਚ ਦੇਵੀ।

ਜਿਵੇਂ ਕਿਸੇ ਬੀ ਹਿੰਦੂ ਪੂਜਜ ਵਜਕਤੀ ਦੀ ਅਸਲੀਅਤ ਖੋਜਣ ਲਗਿਆਂ ਮੁਸ਼ਕਲਾਂ ਦਾ ਸਾਹਮਣਾ ਪੈਂਦਾ ਹੈ ਤਿਵੇਂ ਦੇਵੀ ਦੀ ਅਸਲੀਅਤ ਲੱਭਣ ਦਾ ਮਾਮਲਾ ਹੈ। ਜਿੰਨਾਂ ਢੂੰਡੋ,ਲੱਭੋ, ਉਤਨੇ ਹੀ ਗੁੰਝਲ ਆਉਂਦੇ ਹਨ। ਬੜੀ ਢੂੰਡ ਭਾਲ ਦੇ ਬਾਦ ਜੇ ਕੁਛ ਸਮਝ ਗੋਚਰਾ ਖਿਆਲ ਬਨਾਉਣ ਵਲ ਪਈਏ ਤਾਂ ਜਾਪਦਾ ਹੈ ਕਿ ਆਰਯ ਕੌਮ ਦੇ ਹਿੰਦ ਵਿਚ ਆਉਣ ਤੋਂ ਪਹਿਲਾਂ ਜੋ ਕਾਲੇ ਰੰਗ ਦੇ ਅਸਲੀ ਲੋਕ ਏਥੇ ਵਸਦੇ ਸਨ ਉਨ੍ਹਾਂ ਵਿਚੋਂ ਵਿੰਧਜਾਚਲ ਪਰਬਤ ਦੇ ਕੋਈ ਵਾਸੀ 'ਕਾਲੀ' ਦੇ ਉਪਾਸਕ ਸਨ। ਕਾਲੀ ਉਨ੍ਹਾਂ ਲੋਕਾਂ ਦੀ ਪੂਜਜ ਮੂਰਤੀ ਸੀ। ਖਾਸ ਕਰ ਉਹ ਲੋਕ ਜਿਨ੍ਹਾਂ ਨੂੰ 'ਠੱਗ' ਆਖਦੇ ਸਨ ਇਸ ਦੇ ਉਪਾਸਕ ਸਨ। ਵਿੰਧਜਾਚਲ ਨਾਲ ਦੇਵੀ ਦਾ ਇਹ ਸੰਬੰਧ ਹਿੰਦੂ ਖਿਆਲ ਵਿਚ ਹੁਣ ਤੱਕ ਮੌਜੂਦ ਹੈ ਤੇ ਭਾਈ ਸੰਤੋਖ ਸਿੰਘ ਨੇ ਭੀ ਰਾਸ ੧੧ ਅੰਸੂ ੫੦ ਅੰਕ ੧੪ ਵਿਚ ਲਿਖਿਆ ਹੈ ਕਿ ਦੈਂਤਾਂ ਨੂੰ ਮਾਰਦੀ ਦੇਵੀ ਹਾਰ ਤੇ ਥੱਕ ਕੇ ਵਿੰਧਜਾਚਲ ਤੇ ਜਾਕੇ ਛੋਟੀ ਮੂਰਤ ਧਾਰਕੇ ਟਿਕ ਗਈ, ਇਸ ਕਰਕੇ 'ਵਿੰਧਜਾਚਲ ਵਾਸਣੀ' ਬੀ ਇਸਦਾ ਇਕ ਨਾਮ ਹੈ। ਜਿੱਥੇ ਕੁ ਵਿੰਧਜਾ ਪਰਬਤ ਗੰਗਾ ਵਲ ਨੂੰ ਨੇੜੇ ਢੁਕਦੇ ਹਨ ਓਥੇ ਕੁ ਇਸੇ ਨਾਮ ਦੇ ਟਿਕਾਣੇ ਇਸ ਦੀ ਪੂਜਾ ਹੁੰਦੀ ਹੈ, ਜੋ ਮਿਰਜ਼ਾ ਪੁਰ ਦੇ ਲਾਗੇ ਕਰਕੇ ਹੈ। ਕਹਿੰਦੇ ਹਨ ਕਿ ਏਥੇ ਇਸਦੀ ਮੂਰਤੀ ਦੇ ਅੱਗੇ ਜੋ ਬਲੀਆਂ ਹੁੰਦੀਆਂ ਹਨ ਉਨ੍ਹਾਂ ਦਾ ਲਹੂ ਕਦੇ ਸੁੱਕਣਾ ਨਹੀਂ ਪਾਉਂਦਾ* । ਕਈ ਲੋਕਾਂ ਨੇ ਖਿਆਲ ਦੁੜਾਇਆ ਹੈ ਕਿ ਇਹ ਕਾਲੀ ਸ਼ਾਇਦ ਕੋਈ ਵਿੰਧਜਾਚਲ ਦੇ ਕਾਲੇ ਰੰਗ ਦੇ ਵਾਸੀਆਂ ਦੀ ਮਹਾਰਾਣੀ ਸੀ ਜੋ ਪਿੱਛੋਂ ਦੇਵਤਾ ਮੰਨੀ ਗਈ। ਉਹ ਆਰਯ ਕੁਲ ਦੇ ਹਮਲਾਆਵਰਾਂ ਨਾਲ ਲੜਦੀ ਰਹੀ ਹੈ। ਉਨ੍ਹਾਂ ਦੇ ਵਡਿਕਿਆਂ ਨੂੰ ਉਹ ਲੋਕ ਅਸੁਰ ਕਹਿੰਦੇ ਰਹੇ ਹਨ । ਏਸ ਖਿਆਲ ਵਾਲੇ ਲੋਕੀ ਕਹਿੰਦੇ

*ਡੌਸਨ—'ਕਲਾਸੀਕਲ ਡਿ: ਆਫ ਹਿੰਦੂ ਮਾਈਥਾਲੋਜੀ'।

Sri Satguru Jagjit Singh Ji eLlibrary NamdhariElibrary@gmail.com

ਹਨ ਕਿ ਦੇਵੀ ਦਾ ਰੰਗ ਕਾਲਾ ਹੈ ਤੇ ਜੋ ਦੇਵੀ ਦੇ ਹੱਥੀਂ ਵੱਢੇ ਹੋਏ ਸਿਰ ਸ਼ਤ੍ਰੂਆਂ ਦੇ ਦਿਖਾਏ ਜਾਂਦੇ ਹਨ ਓਹ ਚਿੱਟੇ ਰੰਗ ਦੇ (ਭਾਵ ਆਰਯ ਲੋਕਾਂ ਦੇ ਸਿਰ) ਹਨ*।

ਵਿੰਧ੍ਯਾਚਲ ਵਾਸਣੀ ਕਾਲੀ ਦੀ ਉਪਾਸਨਾਂ 'ਠੱਗ' ਕੌਮ ਵਿਚ ਨਿਰਸੰਸੇ ਰਹੀ ਹੈ। ਠੱਗ ਲੋਕ ਇਕ ਪੁਰਾਣਾ ਫਿਰਕਾ ਸੀ, ਜਿਸ ਵਿਚ ਮੁਸਲਮਾਨ ਭੀ ਪਿੱਛੋਂ ਆਕੇ ਸ਼ਾਮਲ ਹੋਏ ਸਨ, ਪਰ ਮੁਸਲਮਾਨਾਂ ਤੋਂ ਪਹਿਲਾਂ ਇਹ ਫਿਰਕਾ ਬਲਕਿ ਆਰਯਾਂ ਤੋਂ ਭੀ ਪਹਿਲੇ ਮੌਜੂਦ ਸੀ। ਇਹ ਲੋਕ ਵਿਸਾਹ ਕੇ ਲੋਕਾਂ ਨੂੰ ਲੁੱਟਣਾ ਤੇ ਗਲ ਵਿੱਚ ਦੁਪੱਟਾ ਯਾ ਫਾਹੀ ਪਾਕੇ ਮਾਰ ਦੇਣਾ ਅਪਣਾ ਕਮਾਮ ਸਮਝਦੇ ਸਨ ਅਤੇ ਇਸ ਨੂੰ ਪਾਪ ਨਹੀਂ ਸਨ ਜਾਣਦੇ। ਸਗੋਂ ਮਾਰਕੇ ਉਹ ਕੋਈ ਧਾਰਮਕ ਰਸਮਾਂ ਕਰਦੇ ਸਨ, ਜਿੰਨ੍ਹਾਂ ਵਿੱਚ ਕੁਹਾੜੇ ਦੀ ਪੂਜਾ ਬੀ ਹੁੰਦੀ ਸੀ; ਪਰ ਵਿਸ਼ੇਸ਼ ਕਰਕੇ ਦੇਵੀ ਦਾ ਆਰਾਧਨ ਹੁੰਦਾ ਸੀ ਤੇ ਲੁੱਟ ਦਾ ਬਹੁਤਾ ਮਾਲ ਦੇਵੀ ਦੇ ਅਰਪਨ ਕਰਦੇ ਸਨ। ਏਹ ਲੋਕ ਸਮਝਦੇ ਸਨ ਕਿ ਅਸੀਂ 'ਕਾਲੀ' ਦੀ ਆਗਜ੍ਯਾ ਵਿੱਚ ਇਹ ਸਭ ਕੁਛ ਕਰਦੇ ਹਾਂ†। ਚੀਨੀ ਮੁਸਾਫਰ ਹ੍ਯੂਨਤਸੰਗ ਨੇ ਸਿਰ ਬੀਤੀ ਦੱਸੀ ਹੈ ਕਿ ਅਜੁੱਧਿਆ ਤੋਂ ਜਦ ਉਹ ਹਰਸ਼ਮੁਖ ਨੂੰ ਟੁਰਿਆ ਤਾਂ ਰਸਤੇ ਵਿਚ ਠੱਗਾਂ ਨੇ ਉਸ ਨੂੰ ਆ ਫੜਿਆ ਤੇ ਦੇਵੀ ਅੱਗੇ ਬਲੀ ਦੇਣ ਲਈ ਚੁਣਿਆਂ‡। ਸੋ ਇਸ ਤਰ੍ਹਾਂ ਕਾਲੀ ਇਕ ਪੁਰਾਤਨ ਪੂਜ੍ਯ ਪਰ ਭੈਦਾਯਕ ਮੂਰਤੀ ਅਸਲੀ ਵਸਨੀਕਾਂ ਦੀ ਪੂਜ ਦੇਵੀ ਸਹੀ ਹੁੰਦੀ ਹੈ।

'ਆਰਯ ਹਿੰਦੂ' ਪਾਸੇ ਵਲੋਂ ਜਦ ਖੋਜ ਕਰੋ ਤਾਂ ਵੇਦ ਵਿਚ ਪਦ 'ਕਾਲੀ' ਆਇਆ ਤਾਂ ਹੈ ਪਰ ਦੇਵੀ ਦੇ ਅਰਥਾਂ ਵਿਚ ਨਹੀਂ ਸਗੋਂ ਅਗਨੀ ਦੀਆਂ ਸੱਤ ਜੀਭਾਂ ਵਿਚੋਂ ਇਕ ਦਾ ਨਾਮ 'ਕਾਲੀ' ਹੈਸੀ ਜੋ ਕਿ ਹੋਮ ਦੀਆਂ ਆਹੂਤੀਆਂ ਨੂੰ ਲੈਂਦੀ ਸੀ। ਅਗਨੀ ਦੀਆਂ ਸਤ ਜੀਭਾਂ ਵਿੱਚੋਂ 'ਕਾਲੀ' ਭਿਆਨਕ ਯਾ ਕਾਲੇ ਰੰਗ ਦੀ ਜੀਭ ਸੀ§। ਵੇਦਾਂ ਦੇ ਦੇਵਤੇ ਅਕਸਰ ਪ੍ਰਕਾਸ਼ ਸਰੂਪ ਹਨ। ਕੁਛ ਜ਼ਿਕਰ ਵੇਦਾਂ ਤੋਂ ਪਹਿਲੇ ਸਮੇਂ ਦਾ ਯਾ ਉਹਨਾਂ ਦੇ ਆਰੰਭ ਸਮੇਂ ਦਾ ਇਨਸਾਨੀ ਕੁਰਬਾਨੀ ਬਾਬਤ ਤਾਂ ਹੈ||। ਪਰ ਇਸ ਦੀ ਥਾਵੇਂ ਪਿੱਛੋਂ ਵੈਦਿਕ ਰਿਖੀਆਂ ਨੇ ਅਸ੍ਵਮੇਧ ਥਾਪ ਲਿਆ ਸੀ। ਸਮੁਚੇ ਤੌਰ ਤੇ ਵੈਦਕ ਦੇਵਤੇ 'ਪ੍ਰਕਾਸ਼ ਮਈ' ਸਨ, ਖੂੰਖਾਰ ਨਹੀਂ ਸਨ। ਦੇਵ ਦਾ ਅਰਥ (ਦਿਵ=) ਪ੍ਰਕਾਸ਼ ਹੈ। ਇਉਂ ਜਾਪਦਾ ਹੈ ਕਿ ਦੇਵੀ ਦਾ ਖਿਆਲ ਹਿੰਦੂਆਂ ਵਿਚ ਕੁਛ ਸਮਾ ਪਾ ਕੇ ਇਸ ਤਰ੍ਹਾਂ ਉਤਪਤ ਹੋਇਆ ਸੀ ਕਿ ਵੇਦਕ ਦੇਵਤਿਆਂ ਦੇ ਮਗਰੋਂ ਉਹਨਾਂ ਨੇ ਤ੍ਰੈ ਮੁੱਖ ਦੇਵਤਾ ਮੰਨੇ, ਫਿਰ ਸਮਾਂ ਪਾਕੇ ਤ੍ਰੈ ਦੇਵਤਿਆਂ ਦੀਆਂ ਉਹਨਾਂ ਨੇ ਤ੍ਰੈ ਸ਼ਕਤੀਆਂ ਮੰਨੀਆਂ¶। ਵੇਦ

---

*ਫ੍ਰੇਰਰ—'ਸ਼ਕਤੀ ਐਂਡ ਸ਼ਕਤਾ'।

†ਐਨਸਾਈਕਲੋਪੀਡੀਆ ਬ੍ਰਿਟੈਨੀਕਾ ੯ ਐਃ।

‡'ਹਿੰਦ ਦਾ ਪੁਰਾਤਨ ਇਤਿਹਾਸ' ਟ੍ਰੈਕਟ ਨੰ: ੪੪੨ ਸਫਾ ੧੩ ਖਾਃ ਟ੍ਰੈਃ ਸੁਃ।

§ਡਉਸਨ।

||ਦੇਖੋ ਰਿਗ ਵੇਦ ਅਸ਼ਟਕ ੧, ਅਜੀਗ੍ਰਤ ਦੇ ਪੁਤਰ ਸ਼ੁਨਾਸ਼ੇਪ ਦੇ ਪ੍ਰਾਰਥਨਾ ਵਿਚ ਉਚਾਰੇ ਗਏ ਮੰਤ੍ਰ ਤੇ ਬਾਲਮੀਕੀ ਰਾਮਾਯਣ ਬਾਲ ਕਾਂਡ ਅਧ੍ਯਾਯ ੬੧, ੬੨ ਤੇ ਭਾਗਵਤ ਮਨੂਸਿੰਮ੍ਰਤੀ, ਵਿਸ਼ਨੂੰ ਪੁਰਾਣ ਆਦਿ ਜਿਨ੍ਹਾਂ ਵਿਚ ਇਹ ਪ੍ਰਸੰਗ ਆਇਆ ਹੈ।

¶ਐਨਸਾਈਕਲੋਪੀਡੀਆ ਬ੍ਰਿਟੈਨੀਕਾ ੯ ਐਃ।

Sri Satguru Jagjit Singh Ji eLlibrary NamdhariElibrary@gmail.com

ਵਿੱਚ ਜੋ 'ਰੁੱਦ੍ਰ' ਦੇਵਤਾ ਹੈ ਉਹ ਅਸਲ ਵਿਚ 'ਗਰਜ ਦੇ ਤੂਫਾਨ' ਦਾ ਦੇਵਤਾ ਹੈ, ਮਗਰੋਂ ਓਹ ਹਿੰਦੂ ਤ੍ਰਿਧਾ ਮੂਰਤੀ ਦਾ 'ਸ਼ਿਵ' ਮੰਨਿਆਂ ਗਿਆ, ਜਿਸ ਦੇ ਵੱਸ ਵਿੱਚ ਸੰਘਾਰ ਤੇ ਪ੍ਰਲਯ ਹੋਈ। ਜਦੋਂ ਤ੍ਰੈ ਮੁੱਖੀ ਦੇਵਤੇ ਬ੍ਰਹਮਾ, ਵਿਸ਼ਨੂ, ਸ਼ਿਵ, ਤੇ ਤ੍ਰੈ ਇਨ੍ਹਾਂ ਦੀਆਂ ਸ਼ਕਤੀਆਂ ਮੰਨੀਆਂ ਗਈਆਂ ਤਾਂ ਪਾਰਬਤੀ ਸ਼ਿਵ ਦੀ ਸ਼ਕਤੀ ਬਣੀ ਤੇ ਸ਼ਿਵ ਦੀ ਪ੍ਰਲਯ ਤੇ ਸੰਘਾਰ ਵਾਲੇ ਗੁਣਾਂ ਨੂੰ ਉਨ੍ਹਾਂ ਦੀ ਸ਼ਕਤੀ ਵਿਚ ਮੰਨਿਆ ਗਿਆ।

ਮਹਾਂ ਭਾਰਤ ਵਿਚ ਅਸੀਂ ਦੇਵੀ ਦਾ ਜ਼ਿਕਰ ਸ਼ਿਵ ਦੀ ਵਹੁਟੀ ਦੀ ਹੈਸੀਅਤ ਵਿਚ ਕਈ ਨਾਵਾਂ ਹੇਠ ਪੜ੍ਹਦੇ ਹਾਂ, ਪ੍ਰੰਤੂ ਦੇਵੀ ਦੀ ਮੁੱਖਤਾ ਤੇ ਸ਼ਾਕਤਕ ਮਤ ਦੇ ਤ੍ਰੀਕਿਆਂ ਤੇ ਪੂਜਾ ਦੇ ਪ੍ਰਕਾਰ ਤੇ ਹੋਰ ਵਾਧੇ ਏਹ ਸਭ ਹੋਰ ਪੁਰਾਣਾਂ ਦੇ ਸਮੇਂ ਹੋਏ ਹਨ* ।

ਚਾਹੇ ਮਹਾਂ ਭਾਰਤ ਵਿਚ ਸਤੋਤ੍ਰ ਹਨ ਜਿਨ੍ਹਾਂ ਵਿਚ ਦੇਵੀ ਨੂੰ ਮਾਸ ਸ਼ਰਾਬ ਦੀਆਂ ਬਲੀਆਂ ਲੈਣ ਵਾਲੀ ਦੱਸਿਆ ਹੈ ਪਰ ਉਥੋਂ ਇਹ ਨਹੀਂ ਸਹੀ ਹੁੰਦਾ ਕਿ 'ਸ਼ਾਕਤਕ ਮਤ' ਯਾ 'ਤਾਂਤ੍ਰਿਕ ਮਤ' ਤਦੋਂ ਜਾਰੀ ਸੀ, ਕਿਉਂਕਿ ਚੀਨੀ ਮੁਸਾਫਰਾਂ ਦੇ ਸਫਰ ਨਾਮੇ ਪੜ੍ਹੋ ਤਾਂ ਉਨ੍ਹਾਂ ਵਿਚ ਤਾਂਤ੍ਰਿਕਾਂ ਦਾ ਜ਼ਿਕਰ ਨਹੀਂ ਹੈ ਤੇ ਅਮਰ ਕੋਸ਼ (ਜੋ ਈ: ਸੰਨ ਤੋਂ ਕੁਛ ਸਾਲ ਪਹਿਲਾਂ ਯਾ ਸ਼ਾਇਦ ਪੰਜਵੀਂ ਸਦੀ ਵਿਚ ਬਣਿਆ ਸੀ) ਵਿਚ ਇਸ ਪਦ ਦਾ ਅਰਥ ਕਿਸੇ 'ਮਤ' ਯਾਂ ਕਿਸੇ 'ਮਤਾਵਲੰਬੀ ਸ਼ਾਸਤ੍ਰ' ਦੇ ਅਰਥਾਂ ਵਿਚ ਨਹੀਂ ਆਇਆ† ।

ਇਹ ਬੀ ਖਿਆਲ ਕੀਤਾ ਜਾਂਦਾ ਹੈ ਕਿ ਦੇਵੀ ਹਿੰਦੂ ਜ਼ਾਤੀ ਵਿਚ ਕੋਈ ਜੋਧਾ ਮਹਾਂਬੀਰ ਹੋਈ ਹੈ ਜੋ ਸ਼ਾਕਾ ਹਮਲਾਆਵਰਾਂ ਨਾਲ ਲੜਦੀ ਤੇ ਉਨ੍ਹਾਂ ਅਸੁਰਾਂ ਦੇ ਵੱਡੇ ਮਾਰਦੀ ਰਹੀ, ਉਸ ਦੀ ਬੀਰਤਾ ਦੇ ਗੀਤਾਂ ਤੇ ਕਹਾਣੀਆਂ ਨੇ ਉਸ ਨੂੰ ਦੇਵੀ ਰੂਪਤਾ ਦਿੱਤੀ ਹੈ । 'ਸ਼ਾਕਾ ਜੁੱਧ' ਅਕਸਰ ਉੱਤਰੀ ਹਿੰਦ ਵਿਚ ਹੋਏ ਹਨ ਤੇ ਇੱਥੇ ਹੀ ਇਸ ਦਾ ਸ਼ੇਰ ਤੇ ਚੜ੍ਹਨਾ, ਬਲਵਾਨ ਹੋਣਾ ਤੇ ਰਾਖਸ਼ਾਂ ਨੂੰ ਮਾਰਨਾ ਵਧੇਰੇ ਪ੍ਰਸਿੱਧ ਹੈ । ਭਾਈ ਵਿੱਤ ਸਿੰਘ ਜੀ ਨੇ ਸੰਭਾਵਨਾ ਕੀਤੀ ਹੈ ਕਿ ਦੇਵੀਆਂ ਰਾਜਪੁਤਾਨੇ ਦੀਆਂ ਬੀਰ ਰਾਜ-ਕੰਨਿਆਂ ਸਨ । ਰਾਖਸ਼ ਮਰਹਟੇ ਸਨ ਜੋ ਰਾਜਪੂਤਾਂ ਦੀਆਂ ਸੁੰਦਰ ਕੰਨਿਆਂ ਨੂੰ ਲੈਣ ਆਉਂਦੇ ਸਨ। ਅੱਗੋਂ ਜੋ ਜੋ ਰਾਜਪੂਤ ਕੰਨਿਆਂ ਬੀਰ ਰਸ ਵਿਚ ਆਕੇ ਇਨ੍ਹਾਂ ਨਾਲ ਲੜੀਆਂ ਤੇ ਫਤਹਯਾਬ ਹੋਈਆਂ ਉਹ ਪ੍ਰਸਿੱਧ ਤੇ ਪੂਜ ਹੋ ਗਈਆਂ, ਸੋ ਇਹ ਇਤਿਹਾਸਕ ਰਾਜ ਕੰਨਯਾਂ ਹੀ ਦੇਵੀ ਦਾ ਮੂਲ ਹਨ। ਰਾਖਸ਼ਾਂ ਦੇ ਨਾਮ ਸੁੰਭ, ਨਿਸੁੰਭ, ਚੰਡ, ਆਦਿਕਾਂ ਦਾ ਮਰਹਟੇ ਨਾਮਾਂ ਦਾ ਸ਼ਿਵਾਜੀ ਭਾਂਡੂ ਜੀ ਆਦਿਕਾਂ ਨਾਲ ਮਿਲਨਾ ਦੱਸਕੇ ਇਸ ਦੇ ਸਬੂਤ ਵਿਚ ਪੇਸ਼ ਕੀਤਾ ਹੈ ਤੇ ਫਿਰ ਦੱਸਿਆ ਹੈ ਕਿ ਦਸਮ ਗ੍ਰੰਥ ਵਿਚ ਜੋ ਮਾਰਕੰਡੇ ਪੁਰਾਣ ਦੇ ਆਧਾਰ ਤੇ ਚੰਡੀ ਦਾ ਪ੍ਰਸੰਗ ਹੈ ਉਸ ਵਿਚ ਦੇਵੀ ਦਾ ਵਰਣਨ ਜੁਆਨ ਸੁੰਦਰ ਇਸਤ੍ਰੀ ਵਤ ਹੀ ਹੈ। ਉਹ ਬੈਠੀ ਹੋਈ ਸੀ ਕਿ ਸੁੰਭ ਦੈਂਤ ਦਾ ਭਰਾ ਆ ਗਿਆ, ਉਸਦਾ ਰੂਪ ਦੇਖਕੇ ਆਪਣੇ ਭਰਾ ਨਾਲ ਵਿਆਹ ਕਰ ਲੈਣ ਲਈ ਉਸਨੂੰ ਪ੍ਰੇਰਨ ਲਗਾ। ਇਹ ਵਾਰਤਾ ਬੀ ਐਉਂ ਦੀ ਹੀ ਸਹੀ ਹੁੰਦੀ ਹੈ ਜਿਵੇਂ ਦੇਵੀ ਕਿਸੇ ਬੀਰ ਰਾਜ ਕੰਨਿਆਂ ਦਾ ਅਪਣੇ ਸਤ ਰੱਖਣ ਲਈ ਕਿਸੇ ਜਰਵਾਣੇ ਰਾਜੇ ਨਾਲ ਲੜਕੇ ਫਤਹ ਪਾਉਣ ਦਾ ਕੋਈ ਵਾਕਿਆ ਦੇਵੀ ਦਾ ਮੁੱਢ ਹੈ। ਗਜਾਨੀ ਗਿਆਨ

*ਫਰੂਸਨ । †ਸਰ ਚਾਰਲਸ ਏਲੀਅਟ—'ਹਿੰਦੂਇਜ਼ਮ ਐਂਡ ਬੁੱਧਿਜ਼ਮ' ।

ਸਿੰਘ ਜੀ ਨੇ ਸੰਭਾਵਨਾ ਕੀਤੀ ਹੈ ਕਿ ਸੰ: ੬੬੫ ਈ: ਤੋਂ ਪਹਿਲਾਂ ਈਰਾਨ ਦੀ ਰਾਣੀ 'ਸਮੀਰਮਾ' ਉੱਤਰੀ ਹਿੰਦ ਤੇ ਕਾਬਜ਼ ਹੋ ਗਈ ਸੀ, ਉਸੇ ਨਾਲ ਹਿਠਾੜ ਦੇ ਰਾਜੇ ਸੁੰਭ ਨਸੁੰਭ ਦੀ ਲੜਾਈ ਹੁੰਦੀ ਰਹੀ। ਕੀ ਜਾਣੀਏ ਕਿ ਉਸੇ 'ਸਮੀਰਮਾ' ਨੂੰ ਦੇਵੀ ਕਹਿਕੇ ਉਸ ਦੇ ਜੰਗਾਂ ਨੂੰ ਵਰਣਨ ਕਰਕੇ ਪਦਮ ਪੁਰਾਣ ਬਣਾਇਆ ਗਿਆ ਹੋਵੇ ਤੇ ਪਹਾੜਾਂ ਦੀ ਰਾਣੀ ਵਿਸ਼ੇਸ਼ ਕਰਕੇ ਓਹੋ ਪ੍ਰਸਿੱਧ ਹੋਈ ਹੋਵੇ। ਉਪਰਲੇ ਹਾਲ ਤੋਂ ਪਤਾ ਲਗਾ ਕਿ 'ਕਾਲੀ' ਤਾਂ ਹਿੰਦ ਦੇ ਪੁਰਾਣੇ ਅਸਲੀ ਵਸਨੀਕਾਂ ਦੀ ਇਕ ਪੂਜਯ ਮੂਰਤੀ ਹੈਸੀ ਤੇ ਆਰੀਆਂ ਵਿਚ ਕਿਸੇ ਵੀਰ ਵਯਕਤੀ ਦੇ ਕਰਤਬਾਂ ਤੋਂ ਅਤੇ ਫਿਰ ਦੇਵਤਿਆਂ ਦੀਆਂ ਸ਼ਕਤੀਆਂ ਦੇ ਖਿਆਲ ਤੋਂ ਦੇਵੀ ਦਾ ਇਕ ਖਿਆਲ ਟੁਰ ਪਿਆ।

ਇਹ ਬੀ ਯਾਦ ਰਹੇ ਕਿ ਸ਼ਿਵਜੀ ਦੀ ਵਹੁਟੀ ਦੱਸੀ ਜਾਣ ਵੇਲੇ ਪਾਰਬਤੀ ਕਨਖਲ ਦੇ ਆਰਯ ਰਾਜਾ ਦੱਖਯ ਪ੍ਰਜਾਪਤਿ ਦੀ ਬੇਟੀ ਦੱਸੀ ਜਾਂਦੀ ਹੈ, ਜਿਸ ਤੋਂ ਬੀ ਅਨੁਮਾਨ ਹੁੰਦਾ ਹੈ ਕਿ ਮ੍ਰਿਦੁਲ ਦੇਵੀ* ਆਰਯ ਖਿਆਲ ਦੀ ਜਾਈ ਹੈ ਤੇ ਭਿਆਨਕ ਦੇਵੀ ਪੁਰਾਣੇ ਦੱਸ੍ਯੂ (ਕਾਲੇ) ਲੋਕਾਂ ਦੀ ਕਾਲੀ ਮਾਈ ਹੈ। ਪਾਰਬਤੀ ਦਾ ਪਿਤਾ ਹਿਮਾਲਯ ਪਹਾੜ ਬੀ ਮੰਨਿਆ ਗਿਆ ਹੈ, ਇਸ ਤੋਂ ਬੀ ਹਿਮਾਲਯ ਦੀ ਜਾਈ ਆਰਯ ਦੇਵੀ ਸਹੀ ਹੋਈ ਤੇ ਵਿੰਧਿਆਚਲ ਪਰਬਤ ਵਾਸਨੀ 'ਕਾਲੀ' ਪੁਰਾਤਨ ਅਸਲੀ ਵਸਨੀਕਾਂ ਦੀ ਦੇਵੀ ਸਹੀ ਹੋਈ।

ਜਦੋਂ ਆਰਯ ਲੋਕ ਅਸਲੀ ਕੌਮਾਂ ਨਾਲ ਖਲਤ ਮਲਤ ਹੋਏ ਤੇ ਉਨ੍ਹਾਂ ਦੇ ਵੈਦਕ ਮਤ ਉਨ੍ਹਾਂ ਲੋਕਾਂ ਨੇ ਗ੍ਰਹਿਣ ਕੀਤੇ ਤਦ ਉਨ੍ਹਾਂ ਦੀਆਂ ਪੂਜਾ ਬੀ ਇਨ੍ਹਾਂ ਨਾਲ ਵਿਚ ਖਲਤ ਮਲਤ ਹੋਈਆਂ। ਇਸ ਤਰ੍ਹਾਂ ਹਿਮਾਲਯ ਦੀ 'ਗਿਰਜਾ' ਤੇ ਵਿੰਧੀਆਚਲ ਵਾਸਣੀ ਕਾਲੀ ਦੇ ਦੇਵੀਆਂ ਦੇ ਖਿਆਲ ਇਕ ਥਾਵੇਂ ਆ ਜੁੜੇ, ਪਰ ਦੁਹਾਂ ਦੇ ਦੋ ਰੰਗਾ ਰੂਪ ਅੱਡ ਅੱਡ ਦਿਖਾਏ ਗਏ।

ਹਰ ਹਾਲ ਇਹ ਜਾਪਦਾ ਹੈ ਕਿ ਕਾਲੇ ਪੁਰਾਤਨ ਹਿੰਦਵਾਸੀਆਂ ਤੇ ਆਰਯ ਕੁਲ ਦੇ ਸੂਰਬੀਰਾਂ ਦੇ ਜੰਗਾਂ, ਸੁਲਹਾਂ, ਕੱਠੇ ਰਹਿਣ, ਇਕ ਦੂਜੇ ਤੇ ਅਸਰ ਪਾਉਣ ਦੇ ਮਿਲ ਗੋਭਿਆਂ ਦੇ ਸਮੇਂ ਦੁਇ ਦੇਵੀਆਂ ਦੇ ਖਿਆਲ ਮਿਲਕੇ ਇਕੋ ਦੇਵੀ ਬਣ ਗਈ,ਜਿਸ ਦੇ ਰੂਪ ਦੋ ਮੰਨੇ ਗਏ, ਇਕ ਮ੍ਰਿਦੁਲ ਤੇ ਇਕ ਭਿਆਨਕ। ਇਸ ਦੀ ਮ੍ਰਿਦੁਲ ਰੂਪਤਾ ਦੇ ਨਾਮ ਹਨ:-ਉਮਾ (=ਰੌਸ਼ਨ), ਗੌਰੀ (=ਗੋਰੇ ਰੰਗ ਵਾਲੀ), ਪਾਰਬਤੀ (=ਪਰਬਤ ਦੀ ਬੇਟੀ), ਜਗਦੰਬਾ (=ਜਗਤ ਦੀ ਮਾਤਾ) ਤੇ ਭਵਾਨੀ ਆਦਿਕ।

ਦੇਵੀ ਨੂੰ ਭਿਆਨਕ ਰੂਪਤਾ ਵਿਚ ਇਸ ਕਿਸਮ ਦੇ ਨਾਮ ਦਿੱਤੇ ਗਏ ਹਨ:-ਕਾਲੀ, ਸ਼ਯਾਮਾ, ਚੰਡੀ, ਚੰਡਿਕਾ (=ਰੁਦ੍ਰ), ਭੈਰਵੀ (=ਭਿਆਨਕ)। ਇਸ ਦੇ ਇਸ ਸਰੂਪ ਨੂੰ ਬੱਕਰਿਆਂ ਬੋਟਿਆਂ ਆਦਿਕਾਂ ਦੀਆਂ ਖ਼ੂਨੀ ਬਲੀਆਂ ਦਿੱਤੀਆਂ ਜਾਂਦੀਆਂ ਹਨ, ਤੇ ਇਹ ਬੀ ਪਤਾ ਲਗਦਾ ਹੈ ਕਿ ਕਈ ਵੇਰ ਪਿਛਲੇ ਸਮੇਂ ਮਨੁੱਖ ਬਲੀਆਂ ਬੀ ਦਿੱਤੀਆਂ ਗਈਆਂ ਹਨ। ਤਾਂਤ੍ਰਿਕ ਲੋਕ ਜੋ ਕੁਛ ਆਮ ਤੌਰ ਤੇ ਕਰਦੇ ਹਨ ਉਨ੍ਹਾਂ ਦਾ ਸਾਰਾ ਜ਼ਿਕਰ ਕੁਛ ਸੁਖਦਾਈ ਨਹੀਂ, ਇਸ ਕਰਕੇ ਉਨ੍ਹਾਂ ਕਰਨੀਆਂ ਦਾ ਵੇਰਵਾ ਛੋੜਦੇ ਹਾਂ। ਕਾਲੀ ਦੀ ਪੁਸ਼ਾਕ ਕਾਲੀ ਖੱਲ ਹੈ,ਭਿਆਨਕ ਰੂਪ ਹੈ,

---

*ਉਤਰੀ ਪਹਾੜਾਂ ਵਿਚ ਵੈਸ਼ਨੋ ਦੇਵੀ, ਖੀਰ ਭਵਾਨੀ, ਚਿੰਤਪੁਰਨੀ ਆਦਿ ਮ੍ਰਿਦੁਲ ਮੂਰਤੀਆਂ ਦੇ ਵੱਖਰੇ ਟਿਕਾਣੇ ਅਜੇ ਬੀ ਹਨ। ।ਸੰਪਾਦਕ।

Sri Satguru Jagjit Singh Ji eLlibrary NamdhariElibrary@gmail.com

ਲਹੂ ਚੋਂਦਾ ਹੈ, ਸੱਪ ਤੇ ਖੋਪਰੀਆਂ ਗਲੇ ਲਟਕਦੀਆਂ ਹਨ। ਦੁਰਗਾ (=ਜੋ ਕਠਨਤਾ ਨਾਲ ਮਿਲੇ) ਦਾ ਰੂਪ ਸੁਹਣਾ ਗੋਰਾ ਦੱਸਦੇ ਹਨ ਤੇ ਸ਼ੇਰ ਤੇ ਸਵਾਰ ਪਰ ਬੜੇ ਤੇਜ ਤੁੰਦ ਪ੍ਰਭਾਉ ਵਾਲੀ।

ਭਵਾਨੀ, ਉਮਾ, ਪਾਰਬਤੀ, ਦੁਰਗਾ, ਚੰਡੀ, ਕਾਲੀ, ਇਨ੍ਹਾਂ ਦੇਵੀ-ਖਿਆਲਾਂ ਦੀ ਜੋ ਬੀ ਅਸਲੀਅਤ ਹੋਵੇ ਹਿੰਦ ਵਿਚ ਇਸ ਨੇ ਹਿੰਦੂਆਂ ਦੇ ਫਿਲਸਫਾਨਾ ਖਿਆਲਾਤ ਦੇ ਵਧਣ ਨਾਲ ਕੀਹ ਸ਼ਕਲ ਇਖਤਿਆਰ ਕੀਤੀ ਜੋ ਉੱਚੇ 'ਤੰਤ੍ਰ ਸ਼ਾਸਤ੍ਰਾਂ' ਦੇ ਧਾਰਕਾਂ ਨੇ ਫਿਲਸਫੇ ਦੇ ਰੰਗ ਵਿਚ ਵਰਣਨ ਕਰਨ ਦਾ ਜਤਨ ਕੀਤਾ ਹੈ, ਸੋ ਹੁਣ ਵਿਚਾਰਨੇ ਯੋਗ ਹੈ। ਹਿੰਦੂ ਦਿਮਾਗ ਨੇ ਦੇਵੀ ਦੀ ਵਜਬਤੀ ਤੋਂ ਉਠਕੇ ਇਸ ਖਿਆਲ ਨੂੰ ਇਕ ਦਾਰਸ਼ਨਕ ਰੂਪ ਬੀ ਦਿਤਾ ਹੈ ਤੇ ਉਹ ਇਹ ਹੈ ਕਿ 'ਜਨਮ ਤੇ ਮੌਤ' ਦੋਵੇਂ ਜੋੜੇ ਹਨ। ਜਿਸ ਸੁੰਦਰ ਦਿਆਲ ਮੂਰਤੀ ਤੋਂ ਜਨਮ ਜੀਵਨ ਤੇ ਜੀਵਨ ਰਸ ਮਿਲਦੇ ਹਨ, ਉਸੇ ਤੋਂ ਹੀ ਮੌਤ ਵਰਗੀ ਭਿਆਨਕ ਸ਼ੈ ਮਿਲਦੀ ਹੈ। ਅਤੇ ਇਹ ਕਿ ਉਹ ਬ੍ਰਹਮ ਵਰਗੀ ਹੈਸੀਅਤ ਵਿਚ ਨਿਰਗੁਣ ਤੇ ਨਿਰਲੇਪ ਹੈ ਤੇ ਉਸ ਦੀ ਸ਼ਕਤੀ ਮ੍ਰਿਦੁਲ ਰੂਪ ਧਾਰਕੇ ਪ੍ਰਕ੍ਰਿਤੀ ਹੋਕੇ ਜੀਵਨ ਦੇ ਰਹੀ ਹੈ ਤੇ ਭਿਆਨਕ ਰੂਪ ਵਿਚ ਲੈ ਕਰ ਰਹੀ ਹੈ*।

†ਦਾਰਸ਼ਨਿਕ ਖਿਆਲ ਵਿਚ ਵਰਣਨ ਕਰਨ ਵਾਲੇ ਕਹਿੰਦੇ ਹਨ 'ਕਾਲੀ' ਪਦ 'ਕਾਲ' ਤੋਂ ਹੈ, ਜੋ ਕੁਛ ਸ਼ਕਤੀ ਕਾਲ (ਸਮੇਂ, Time) ਵਿਚ ਪ੍ਰਗਟ ਕਰਦੀ ਹੈ ਉਸੇ ਨੂੰ ਆਪਣੇ ਵਿਚ ਖਿੱਚ ਲੈਂਦੀ ਹੈ। ਇਹ ਕਾਲ (ਸਮੇਂ) ਨੂੰ ਬੀ ਖਾ ਜਾਂਦੀ ਹੈ ਇਸ ਕਰਕੇ ਕਾਲੀ ਹੈ। ਐਉਂ ਕਾਲੀ 'ਕਾਲ ਰਹਿਤ' ਅਰਥਾਂ ਵਿਚ ਮਾਨੋ ਇਕ ਬ੍ਰਹਮ ਦਾ ਬੀ ਵਾਚਕ ਹੋ ਗਈ। ਕਾਲੀ ਖੋਪਰੀਆਂ ਮੁਰਦਿਆਂ ਮਸਾਣਾਂ ਦੇ ਅਲੰਕਾਰ ਵਿਚ ਇਸ ਕਰਕੇ ਦੱਸੀ ਜਾਂਦੀ ਹੈ ਕਿ ਉਹ ਸਾਰੀ ਰਚਨਾਂ ਨੂੰ ਲਯ ਕਰ ਲੈਣ ਵਾਲੀ ਸ਼ਕਤੀ ਹੈ। ਦੇਵੀ ਨੂੰ ਕਾਲੇ ਰੰਗ ਦੀ ਤਾਂ ਕਹਿੰਦੇ ਹਨ ਕਿ ਉਹ ਸਭ ਦ੍ਰਿਸ਼ਟਮਾਨ ਨੂੰ ਸ਼ੂਨਯ ਵਿਚ ਦੇਸ਼ ਕਾਲ ਤੋਂ ਪਰੇ ਲੈ ਜਾਂਦੀ ਹੈ‡। ਫਿਰ ਓਹ ਦਿਗੰਬਰੀ ਹੈ—ਦਿਸ਼ਾ ਦੇ ਕਪੜਿਆਂ ਵਾਲੀ—ਭਾਵ ਨੰਗੀ, ਕਿਉਂਕਿ ਕਪੜੇ ਪਹਿਨਣ ਨਾਲ ਹਦ ਬੰਦੀ ਲੱਗ ਗਈ, 'ਨਾਂ ਕਪੜਿਆਂ ਵਾਲੀ' ਕਹਿਣ ਤੋਂ ਉਹ 'ਅਨੰਤ' ਸਹੀ ਹੋਈ। ਫਿਰ ਉਹ ਮਾਇਆ ਹੈ ਜਿਸ ਤੋਂ ਜਗਤ ਰਚਿਆ ਜਾਂਦਾ ਹੈ, ਇਸ ਤਰ੍ਹਾਂ ਉਹ ਨਿਰਗੁਣ ਪਾਰਬ੍ਰਹਮ ਦੀ ਇਕ ਸ਼ਕਤੀ ਹੈ ਜੋ ਰਚਣਹਾਰ ਹੈ। ਇਸ ਕਰਕੇ ਉਹ ਕਦੇ ਸ਼ਿਵ ਦੀ ਚਿੱਟੀ ਲੋਥ ਪਰ ਖੜੀ ਦੱਸੀ ਜਾਂਦੀ ਹੈ। ਸ਼ਿਵ ਚਿੱਟਾ ਹੈ ਕਿਉਂਕਿ ਉਹ ਸ਼ੁੱਧ ਚੇਤਨਤਾ ਦਾ ਸਰੂਪ ਹੈ। ਲੋਥ ਦੀ

---

*ਸਰ ਚਾਰਲਸ ਏਲੀਅਟ। †ਵੁਡਰਫ।

‡ਕਿਸੇ ਥਾਵੇਂ ਅੰਤ੍ਰੀਵ ਅਰਥ ਦੱਸਣ ਵਾਲੇ ਤਾਂਤ੍ਰਿਕ ਦਾਨਿਆਂ ਨੇ ਸਿਰਾਂ ਦਾ ਅਰਥ ਦੱਸਿਆ ਹੈ:—ਬਦੀ ਦੇ ਪਹਿਲੂ ਜੋ ਦੇਵੀ ਨੇ ਫਤੇ ਕੀਤੇ ਹਨ। ਫਿਰ ਮੁੰਡਨਮਾਲਾ ਜੋ ੫੧ ਯਾ ੫੨ ਸਿਰਾਂ ਦੀ ਖੋਪਰੀਆਂ ਦੀ ਹੈ ਉਸ ਬਾਬਤ ਕਹਿੰਦੇ ਹਨ ਕਿ ਉਹ ਵਰਣਮਾਲਾ ਦੇ ੫੧ ਯਾ ੫੨ ਅੱਖਰ ਹਨ (ਸੰਸਕ੍ਰਿਤ ਪੈਂਤੀ ਦੇ ਅੱਖਰ ੫੦, ੫੧ ਯਾ ੫੨ ਹਨ। ਇਹ ਵਰਣਮਾਲਾ 'ਨਾਮ ਰੂਪ' ਵਾਲੇ ਸੰਸਾਰ ਦੀ ਲਖਾਯਕ ਹੈ। ਬਹੈਸੀਅਤ ਰਚਨਹਾਰ ਦੇ ਓਹ ਇਹ ਅੱਖਰਾਂ ਦੀ ਮਾਲਾ ਪਹਿਨ ਰਹੀ ਹੈ, ਬਹੈਸੀਅਤ ਲਯ ਕਰਨਹਾਰ ਓਹ ਇਨ੍ਹਾਂ ਨੂੰ ਬੀ ਲਯ ਕਰ ਜਾਂਦੀ ਹੈ।

[ਸੂਰਜ

Sri Satguru Jagjit Singh Ji eLlibrary NamdhariElibrary@gmail.com

ਸ਼ਕਲ ਮੂਰਤਾ ਪਨ ਦੱਸਣ ਵਾਸਤੇ ਨਹੀਂ ਪਰ ਉਸ ਦੇ ਅਤੀਤ, ਅਲੇਪ, ਅਬਦਲ, ਇਕਰਸ, ਨਿਰਵਿਕਾਰ ਸਰੂਪ ਦੱਸਣ ਤੋਂ ਹੈ ਤੇ ਦੇਵੀ ਜੋ ਲੋਥ ਪਰ ਖੜੀ ਹੈ ਸੋ ਬਦਲਣ ਵਾਲਾ, ਰਚਨ ਵਾਲਾ, ਸੰਘਾਰ ਕਰਨ ਵਾਲਾ ਸਰੂਪ ਹੈ ਤੇ ਉਸੇ ਅਬਦਲ ਦੀ ਸ਼ਕਤੀ ਦੀ ਮੂਰਤੀ ਹੈ। ਅਸਲ ਵਿਚ ਦੋਵੇਂ ਇਕ ਹਨ, ਇਕ ਵਜੂਦ ਦੇ ਦੋ ਰੰਗ ਹਨ, ਇਕ ਨਿਰਵਿਕਾਰ, ਇਕ ਰਸ, ਅਬ-ਦਲ ਤੇ ਦੂਸਰਾ ਬਦਲਨੇ ਵਾਲਾ ਜੋ ਅਬਦਲ ਦਾ ਹੀ ਸਰਗੁਣ ਰੂਪ ਹੈ।

ਹੁਣ ਵਿਚਾਰ ਜੋਗ ਇਹ ਬਾਤ ਹੈ ਕਿ ਇਕ ਪਾਸੇ ਤਾਂ ਅਸਲੀ ਰੂਪ ਵਿਚ ਮਿਰਜ਼ਾ ਪੁਰ ਦੇ ਲਾਗਲਾ ਵਿੰਧਜਾ ਦਾ ਮੰਦਰ ਅਤੇ ਕਲਕਤੇ ਵਿਚ ਕਾਲੀ ਬਾੜੀ ਦੇ ਮੰਦਰਾਂ ਦੀ ਭਯਦਾਇਕ ਦਸ਼ਾ ਤੇ ਦੇਵੀ ਦਾ ਬੁੱਤ ਹੈ ਤੇ ਦੇਵੀ ਪੂਜਾ ਦੇ ਨਾਮ ਤੇ ਤਾਂਤ੍ਰਿਕ ਰਸਮਾਂ ਤੇ ਹੋਰ ਜਾਦੂ ਟੂਣੇ ਆਦਿਕ ਵਹਿਮੀ ਕੰਮ ਹਨ, ਦੂਜੇ ਪਾਸੇ ਉਪਰ ਦੱਸੀ 'ਖਯਾਲੀ ਦੇਵੀ' ਦੀ ਬਾਬਤ ਉਪਰ ਕਥੇ ਖਿਆਲ ਹਨ। ਦੋਵੇਂ ਇਕ ਅਚਰਜ ਵਿਰੋਧੀ ਭਾਵ ਹਨ, ਜਿਨ੍ਹਾਂ ਵਿਚ ਅਮਿਣਵਾਂ ਫਾਸਲਾ ਹੈ। ਸੋਚ ਕਰਨ ਵਾਲਾ ਕੀਹ ਸੋਚ ਕਰੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਵੀਆਂ ਦੇ ਲਿਖੇ ਮੂਜਬ ਕਿਸ ਦਾ ਆਵਾਹਨ ਕੀਤਾ, ਕਿਉਂਕਿ ਗੁਰਬਿਲਾਸ ਤੇ ਗੁਰ ਪ੍ਰਤਾਪ ਸੂਰਜ ਆਦਿਕਾਂ ਦੇ ਲੇਖਕ ਸਾਰੇ ਖਿਆਲਾਂ ਦੀ ਖਿਚੜੀ ਜੇਹੀ ਪੇਸ਼ ਕਰਦੇ ਹਨ।

ਕਾਲੀ ਦਾ ਪੁਰਾਤਨ ਜਾਂਗਲੀ ਲੋਕਾਂ ਦੀ ਪੂਜਯ ਹੋਣਾ ਤੇ ਕਈ ਵੇਰ ਬੇਗੁਨਾਹਾਂ ਦੇ (ਠੱਗਾਂ ਆਦਿਕਾਂ ਦੇ ਹੱਥੋਂ) ਖੂਨ ਦਾ ਇਸ ਦੀ ਮੂਰਤੀ ਅੱਗੇ ਅਰਪਨ ਹੋਣਾ, ਇਧਰੋਂ ਦੁਰਗਾ ਆਦਿ ਦੇ ਬੀਰਰਸੀ ਕੰਮ, ਉਧਰ ਤਾਂਤ੍ਰਿਕ ਰਸਮਾਂ ਦੇ ਹਾਲ ਜਿਹੇ ਕੁ ਹਨ ਸਭ ਨੂੰ ਨਜ਼ਰਅੰਦਾਜ਼ ਕਰਕੇ ਜੇ ਨਿਤਾਰਕੇ ਦੇਵੀ ਉਪਾਸਕਾਂ ਦਾ ਉੱਚੇ ਤੋਂ ਉੱਚਾ ਖਿਆਲ ਲਈਏ ਤਾਂ ਪਤਾ ਲਗਦਾ ਹੈ ਕਿ ਏਹ ਲੇਖਕ ਖਿੱਚ ਖਿੱਚ ਕੇ ਤੇ ਵੀਚਾਰਾਂ ਨਾਲ ਪੁਣ ਪੁਣ ਕੇ ਦੇਵੀ ਦੇ ਖਿਆਲ ਨੂੰ ਫਿਲਸਫੇ ਦੇ ਖਿਆਲ ਵਿਚ ਲੈ ਗਏ ਹਨ ਕਿ ਜਿਵੇਂ ਕਈਆਂ ਨੇ ਫਿਲਸਫੇ ਵਿਚ ਬ੍ਰਹਮ ਦੇ ਹੇਠਾਂ ਸੰਸਾਰ ਦੇ ਰਚਨ, ਪਾਲਣ ਤੇ ਸੰਘਾਰ ਕਰਨ ਵਾਲੀ ਇਕ ਸਰਗੁਣ ਵਜਕਤੀ 'ਈਸ਼੍ਵਰ' ਮੰਨੀ ਹੈ, ਜਿਵੇਂ ਵੈਸ਼ਨਵਾਂ ਵਿਚ ਨਿਰਗੁਣ ਪ੍ਰਮਾਤਮਾਂ ਦੇ ਹੇਠਾਂ ਉਸੇ ਤੋਂ ਹੋਈ ਜਗਤ ਪ੍ਰਬੰਧ ਕਰਨ ਵਾਲੀ ਤੇ ਧਿਆਨ ਜੋੜਨ ਲਈ ਮੰਨੀ ਗਈ ਇਕ ਸਰਗੁਣ ਵਿਜਕਤੀ ਹੈ, ਜਿਸ ਨੂੰ 'ਵਿਸ਼ਨੂੰ' ਸੱਦਦੇ ਹਨ, ਤਿਵੇਂ ਉੱਚੇ ਤੇ ਫਿਲਸਫਾਨਾ ਸ਼ਾਕਤਕ ਮਤ ਵਿਚ 'ਦੇਵੀ' ਇਕ ਸਰਗੁਣ ਵਜਕਤੀ ਹੈ ਜੋ ਨਿਰਗੁਣ ਪ੍ਰਮਾਤਮਾ ਦੇ ਅਲੇਪ ਹੋਣ ਕਰਕੇ ਜਗਤ ਦਾ ਰਚਨ ਪਾਲਨ ਤੇ ਸੰਘਾਰ ਕਰਦੀ ਮੰਨੀ ਗਈ ਹੈ।

ਹੁਣ ਅਸਾਂ ਗੁਰਮਤ ਵਿਚ ਦੇਵੀ ਦੀ ਥਾਂ ਲੱਭਣੀ ਹੈ। ਇਸ ਕਰਕੇ ਦੇਵੀ ਦੇ ਇਸ ਉੱਚੇ ਖਿਆਲ ਨੂੰ ਜੋ ਹਿੰਦੂ ਫਿਲਸਫਾ ਨੇ 'ਸਰਗੁਣ ਈਸ਼੍ਵਰੱਤ' ਦਾ ਦਿਤਾ ਹੈ ਲੈਕੇ ਟੁਰਦੇ ਹਾਂ:-

## ੨. ਗੁਰਮਤ ਵਿਚ ਦੇਵੀ।

ਗੁਰੂ ਘਰ ਵਿਚ ਅਕਾਲ ਪੁਰਖ ਨੂੰ 'ਕਾਦਿਰ ਤੇ ਕਰਤਾ ਤੇ ਫੇਰ ਅਲੇਪ*' ਮੰਨਿਆਂ

*'ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ'॥ [ਵਾ: ਆ: ਮ: ੧

Sri Satguru Jagjit Singh Ji eLlibrary NamdhariElibrary@gmail.com

ਹੈ। 'ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾਧਾਰਿ ਜਿਨਿ ਸਗਲੀ ਮੋਹੀ* ।' ਉਸੇ ਨੂੰ ਹ ਮੰਨਿਆਂ ਹੈ:—ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ* ॥

ਪੁਨਾ:—ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ* ॥

ਪੁਨਾ:—ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥ ਆਪਨੈ ਭਾਣੈ ਲਏ ਸਮਾਏ* ॥ ਇਨ੍ਹਾਂ ਸਭਨਾਂ ਤੁਕਾਂ ਵਿਚ ਅਕਾਲ ਪੁਰਖ ਨਿਰਗੁਣ ਪ੍ਰਮਾਤਮਾਂ ਵਲ ਇਸ਼ਾਰਾ ਹੈ। ਕਿਉਂਕਿ ਅਗਲੀਆਂ ਤੁਕਾਂ ਵਿਚ ਉਸ ਰਚਨਹਾਰ ਨੂੰ ਅਛਲ, ਅਛੇਦ, ਅਭੇਦ, ਏਕ, ਬੇਅੰਤ, ਊਚ ਤੇ ਊਚਾ, ਬੇਸ਼ੁਮਾਰ, ਅਥਾਹ, ਅਗਾਣਤ ਅਤੋਲ ਕਹਿ ਰਹੇ ਹਨ। ਇਹ ਕਰਤੱਵਜ (ਰਚਨ ਪਾਲਨ ਸੰਘਾਰ ਆਦਿ) ਵੱਖਰੇ ਸਰਗੁਣ ਸਰੂਪ 'ਈਸ਼੍ਵਰ' ਯਾ 'ਵਿਸ਼ਨੂੰ' ਯਾ 'ਭਵਾਨੀ' ਦੇ ਨਹੀਂ ਆਖੇ, ਸ਼ੁਧ ਚੇਤਨ ਅਕਾਲ ਪੁਰਖ ਦੇ ਕਹੇ ਹਨ। ਜਿਸ ਨੂੰ ਨਿਰਗੁਣ ਨਿਰੰਕਾਰ ਕਹਿੰਦੇ ਹਨ ਗੁਰੂ ਜੀ ਉਸੇ ਨੂੰ ਕਹਿੰਦੇ ਹਨ:—'ਦੁਹੂ ਪਾਖ ਕਾ ਆਪਹਿ ਧਨੀ*' ॥ ਪੁਨਾ:—'ਆਪਹਿ ਕਉਤਕ ਕਰੈ ਅਨਦ ਚੋਜ ॥ ਆਪਹਿ ਰਸ ਭੋਗਨ ਨਿਰਜੋਗ*' ॥ ਪੁਨਾ:—'ਕੇਵਲ ਕਾਲ ਈ ਕਰਤਾਰ ॥ ਆਦਿ ਅੰਤ ਅਨੰਤਿ ਮੂਰਤਿ ਗੜਨ ਭੰਜਨ ਹਾਰ†' ॥ ਤੇ ਨਾਲ ਦੱਸਦੇ ਹਨ ਕਿ 'ਕਰਨਹਾਰੁ ਨਾਨਕ ਇਕੁ ਜਾਨਿਆ*'। ਕਰਨਹਾਰ ਓਹੀ ਇਕੋ ਆਪ ਹੈ ਤੇ ਜਦ 'ਭਾਵੇ' ਸ੍ਰਿਸ਼ਟੀ ਉਹ ਆਪ ਰਚਦਾ ਹੈ ਤੇ ਅਪਣੇ 'ਹੁਕਮ' ਮਾਤ੍ਰ ਨਾਲ ਸਾਰੀ ਰਚਨਾਂ ਕਰਦਾ ਹੈ ਯਥਾ:—'ਹੁਕਮੀ ਹੋਵਨਿ ਆਕਾਰ'। ਫਿਰ ਜੇ ਸੋਚੀਏ ਕਿ ਹੁਕਮ ਦੇਣ ਕਰਕੇ ਉਹ ਵਿਕਾਰੀ ਹੋ ਜਾਏਗਾ ਤਾਂ ਅੱਗੇ ਦੱਸਿਆ ਹੈ ਕਿ 'ਹੁਕਮੁ ਨ ਕਹਿਆ ਜਾਈ'। ਅਰਥਾਤ ਅਕਾਲ ਪੁਰਖ ਰਚਨਹਾਰ ਹੈ, ਹੁਕਮ ਨਾਲ ਰਚਦਾ ਹੈ; 'ਹੁਕਮ ਕਰਨਾ' ਵਿਕਾਰੀ ਹੋਣਾ ਨਹੀਂ ਕਿਉਂਕਿ ਜਿਵੇਂ ਉਹ ਆਪ ਕਥਨ ਤੋਂ ਪਰੇ ਹੈ ਉਸ ਦਾ ਹੁਕਮ ਬੀ ਕਥਨ ਤੋਂ ਪਰੇ ਹੈ,ਅਸੀਂ ਉਸਦੇ ਹੁਕਮ ਨੂੰ ਕਥਨ ਨਹੀਂ ਕਰ ਸਕਦੇ,ਉਸਨੂੰ ਵਿਕਾਰ ਆਦਿ ਕੁਛ ਨਹੀਂ ਕਹਿ ਸਕਦੇ।ਉਹ ਆਪ ਸੱਤ੍ਯ ਹੈ ਉਸਦਾ ਹੁਕਮ ਸੱਤ੍ਯ ਹੈ। ਯਥਾ:—'ਸਚਾ ਤੇਰਾ ਹੁਕਮ ਸਚਾ ਫੁਰਮਾਣੁ।'ਭਾਵ ਜਿਵੇਂ ਉਹ ਆਪ ਸੱਤ੍ਯ ਹੈ ਤਿਵੇਂ ਫੁਰਮਾਣ ਸੱਤ੍ਯ ਹੈ। ਜਿਸ ਨੂੰ ਸੱਤ੍ਯ ਕਿਹਾ ਜਾਵੇ ਉਹ ਵਿਕਾਰ ਨਹੀਂ ਕਿਹਾ ਜਾ ਸਕਦਾ।

ਅਸੀਂ ਆਪਣਾ ਹੁਕਮ, ਫੁਰਨਾ, ਵਿਚਾਰ ਸਾਈਂ ਵਿਚ ਅਰੋਪ ਕੇ ਉਸ ਦਾ ਵਿਕਾਰੀ ਹੋਣਾ ਖਿਆਲ ਕਰਦੇ ਹਾਂ, ਪਰ ਉਸ ਦਾ 'ਹੁਕਮ' ਤਾਂ ਉਸਦੇ 'ਸਰੂਪ' ਵਾਂਙੂ ਸਾਡੀ ਸਮਝ ਤੇ ਕਥਨ ਤੋਂ ਪਰੇ ਹੈ। ਉਹ ਆਪਣੇ ਹੁਕਮ ਨੂੰ,—ਕਰਨੀ ਕਰਤਬ ਨੂੰ—ਆਪ, ਕੇਵਲ ਆਪ, ਜਾਣਦਾ ਹੈ 'ਅਪਨੇ ਕਰਤਬ ਜਾਨੇ ਆਪਿ*'। ਜਦ ਅਸੀਂ ਕਹਿੰਦੇ ਹਾਂ ਕਿ ਉਸ ਵਿਚ ਹੁਕਮ ਨਹੀਂ, ਭਾਣਾ ਨਹੀਂ, ਕਰਤਬ ਨਹੀਂ, ਤਾਂ ਅਸੀਂ ਉਸ ਹੁਕਮ, ਭਾਣੇ ਤੇ ਕਰਤਬ ਦੀ ਗੱਲ ਕਰਦੇ ਹਾਂ ਜਿਸ ਦੇ ਅਸੀਂ ਜਾਣੂ ਹਾਂ। ਜਿਸ ਦੇ ਅਸੀਂ ਜਾਣੂ ਨਹੀਂ ਉਸ ਦਾ ਇਹ ਵੇਰਵਾ ਅਸੀਂ ਕਿਵੇਂ ਦੱਸ ਸਕਦੇ ਹਾਂ, ਕਿ ਜੇ ਉਸ ਵਿਚ ਹੁਕਮ ਹੋਵੇਗਾ ਤਾਂ ਉਹ ਵਿਕਾਰੀ ਹੋ ਜਾਏਗਾ ?

ਜਦ ਉਹ ਸੱਤ੍ਯ ਤੇ ਚੇਤਨ ਫਿਰ ਪ੍ਰਿਯ—(ਆਨੰਦ) ਮੰਨਿਆ ਜਾਂਦਾ ਹੈ ਤਦ ਜ਼ਰੂਰ ਉਸ ਦਾ ਕੋਈ ਆਪਣਾ ਕਾਰਯ ਕਰਤਬ ਹੈ ਜਿਸ ਦੇ ਅਸੀਂ ਜਾਣੂ ਨਹੀਂ। ਜੇ ਚੇਤਨ ਹੈ ਉਹ

*ਗਉ: ਸੁਖ: ਮ: ੫ । †ਸ਼: ਹਜ਼ਾ: ਪਾ: ੧੦ ।

ਮੂਲੋਂ ਹੀ ਜੜ੍ਹ ਪਦਾਰਥ ਵਾਂਙੂੰ ਅੱਠੂ ਕੀਕੂੰ ਹੋ ਸਕਦਾ ਹੈ ? ਹਾਂ ਉਸ ਦੀ ਕ੍ਰਿਯਾ ਸਾਡੀ ਕ੍ਰਿਯਾ ਸਮਾਨ ਨਹੀਂ ਉਹ ਜੋ ਕੁਛ ਹੈ ਉਸੇ ਵਰਗਾ ਸੱਤਜ ਹੈ। ਮਤਲਬ ਇਹ ਕਿ ਗੁਰੂ ਜੀ ਨੇ ਅਪਣੇ ਅਕਾਲ ਪੁਰਖ ਨੂੰ ਨਿਰੰਕਾਰ ਤੇ ਕਰਤਾ ਕਾਦਰ ਤੇ ਫਿਰ ਅਲੇਪ ਕਿਹਾ ਹੈ, ਜਗਤ ਦਾ ਰਚਨ-ਹਾਰ ਕਹਿਕੇ ਵਿਚੇ ਵੱਸਣ ਵਾਲਾ ਕਿਹਾ ਹੈ। ਜਗਤ ਕੋਠੜੀ ਤੇ ਸੱਚੇ ਨੂੰ ਵਿਚ ਰਹਿਣ ਵਾਲਾ ਦੱਸਿਆ ਹੈ ਤੇ 'ਬਲਿਹਾਰੀ ਕੁਦਰਤਿ ਵਸਿਆ' ਦੱਸਿਆ ਹੈ, ਉਸ ਦੀ ਕੋਈ ਸ਼ਕਤੀ ਉਸ ਤੋਂ ਭਿੰਨ ਨਹੀਂ*। ਕਿਸੇ ਸ਼ਕਤੀ ਦਾ ਉਸ ਨਾਲ ਵਹੁਟੀ ਗੱਭਰੂ ਦਾ ਸੰਬੰਧ ਨਹੀਂ†। ਸਰਬ ਸ਼ਕਤੀ-ਮਾਨ ਹੈ ਤੇ ਜੋ ਕੁਝ ਕਰਦਾ ਹੈ ਹੁਕਮ ਨਾਲ ਕਰਦਾ ਹੈ, ਹੁਕਮੀ ਹੈ ਤੇ ਫੇਰ ਅਲੇਪ ਤੇ ਇਕੋ ਹੈ‡, ਅਨੰਤ ਹੈ, ਅਨਾਦਿ ਹੈ, ਬ੍ਰਹਮ ਹੈ, ਪਾਰਬ੍ਰਹਮ ਹੈ। ਗੁਰਮਤ ਦਾ ਇਹ ਵਰਣਨ ਕੀਤਾ ਵਾਹਿਗੁਰੂ ਜੀ ਦਾ ਸਰੂਪ ਗੁੰਜਾਇਸ਼ ਨਹੀਂ ਰਹਿਣ ਦੇਂਦਾ ਕਿ ਉਸਨੂੰ ਭੀ ਕਿਸੇ ਨਰ ਸਰੂਪ(ਬ੍ਰਹਮਾ, ਵਿਸ਼ਨੂੰ ਮਹੇਸ਼) ਯਾ ਨਾਰੀ (ਦੇਵੀ) ਰੂਪਤਾ ਵਿਚ ਅਲੱਗ ਅਰਾਧਿਆ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਦ ਦੇਵੀ ਨੂੰ—ਕਲਕੱਤੇ ਯਾ ਵਿੰਧਯਾਚਲ ਵਾਲੀ ਦੇਵੀ ਨਾਂ ਪਰ ਫਿਲਸਫਾਨਾ ਖਿਆਲ ਦੀ ਦੇਵੀ ਦੀ—ਪੂਜਾ ਤੋਂ ਮਨ੍ਹੇ ਕੀਤਾ ਹੈ ਤਾਂ ਦੇਵੀ ਨੂੰ 'ਆਦਿ ਭਵਾਨੀ' ਕਿਹਾ ਹੈ। ਅਰਥਾਤ ਫਿਲਸਫੇ ਦੇ ਖਿਆਲ ਵਾਲੀ ਦੇਵੀ ਦੀ ਪੂਜਾ ਬੀ ਨਹੀਂ ਦੱਸੀ ਤੇ ਫੁਰਮਾਇਆ ਹੈ:—

ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥ [ਗੋਂਡ ਨਾਮ:

ਫੇਰ ਇਤਿਹਾਸਕ ਪੱਖ ਵਿਚ ਢੂੰਡਿਆਂ ਭਾਈ ਭਗੀਰਥ ਦੀ ਸਾਖੀ ਬੀ ਇਹੋ ਗਲ ਦੱਸਦੀ ਹੈ ਕਿ ਧਿਆਨ ਵਿਚ ਕਸਾਈ ਦੇਵੀ ਨੇ ਉਸਨੂੰ ਗੁਰੂ ਨਾਨਕ ਵਲ ਘੱਲਿਆ ਤੇ ਆਪ ਨੂੰ ਮੁਕਤੀ ਦੇਣੋ ਅਸਮਰੱਥ ਦੱਸਿਆ§। ਦੂਸਰੇ ਗੁਰੂ ਜੀ ਨੂੰ ਜੋ ਪਹਿਲਾਂ ਦੇਵੀ ਦੇ ਉਪਾਸ਼ਕ ਸਨ ਗੁਰੂ ਨਾਨਕ ਦੇ ਦੁਆਰੇ ਝਾੜੂ ਦੇਂਦੀ ਦੇਵੀ ਦੇ ਦਰਸ਼ਨ ਹੋਏ¶। ਫਿਰ ਭਾਈ ਭੈਰੋਂ ਦੀ ਦੇਵੀ ਵਾਲੀ ਸਾਖੀ ਜੋ 'ਦਬਿਸਤਾਨੇ ਮਜ਼ਾਹਬ' ਵਾਲੇ ਨੇ ਲਿਖੀ ਹੈ ਜਿਸ ਵਿਚ ਭੈਰੋ (ਯਾ ਫੇਰੂ) ਨਾਮੇ ਸਿੱਖ ਨੇ ਦੇਵੀ ਦੀ ਮੂਰਤ ਦਾ ਨੱਕ ਕੱਟ ਦਿੱਤਾ ਸੀ। ਫਿਰ ਨੌਵੇਂ ਸਤਿਗੁਰੂ ਜੀ ਦਾ ਮੁਕਾਬਲਾ ਕਰਨੇ ਦੇਵੀ ਅਸਮਰੱਥਾ ਦੱਸਦੀ ਹੈ‖। ਫਿਰ ਦਸਵੇਂ ਪਾਤਸ਼ਾਹ ਦਾ ਪੰਥ ਨੂੰ 'ਇਕ ਅਕਾਲ ਪੁਰਖ ਦਾ ਉਪਾਸ਼ਕ ਬਨਾਉਣਾ', 'ਵਾਹਿਗੁਰੂ ਜੀ ਕੀ ਫਤਹ ਸਿਖਾਲਣੀ', 'ਵਾਹਿਗੁਰੂ ਜੀ ਕਾ ਖਾਲਸਾ' ਦੱਸਣਾ, ਇਨ੍ਹਾਂ ਸਾਰੇ ਵਾਕਿਆਤ ਤੋਂ ਪਤਾ ਲੱਗਾ ਕਿ ਵਾਹਿਗੁਰੂ ਦੀ ਕਿਸੇ

---

*'ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥' [ਗਉੜੀ ਸੁਖਮਨੀ ਮ: ੫

†'ਤਹ ਮਾਤ ਨ ਬੰਧੁ ਨ ਮੀਤ ਨ ਜਾਇਆ' ॥ [ਜਾਇਆ—ਇਸਤ੍ਰੀ]। [ਮਾਰੂ ਮ: ੫

ਤਥਾ:—'ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ।' [ਆ: ਮ: ੧

ਤਥਾ:—'ਤੇਜ ਕੋ ਪ੍ਰਚੰਡ ਹੈ ਅਖੰਡਣ ਕੋ ਖੰਡ ਹੈ, ਮਹੀਪਨ ਕੋ ਮੰਡ ਹੈ ਕਿ ਇਸਤ੍ਰੀ ਹੈ ਨ ਨਰੁ ਹੈ' ॥ ੯ ॥੨੬੧॥ [ਅਕਾਲ ਉਸਤਤਿ।

‡ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ [ਵਾਰ ਆਸਾ ਮ: ੧

§ਦੇਖੋ ਸ੍ਰੀ ਗੁਰ ਨਾ: ਪ੍ਰਕਾਸ਼ ਪੂਰਬਾਰਧ ਅਧ੍ਯਾ: ੨੭ ਅੰਕ ੧੫,੧੬,੧੭ ਤੇ ੨੪।

¶ਦੇਖੋ ਤਵਾਰੀਖ ਖਾਲਸਾ ਹਿਸਾ ੧ ਠੈ: ੨ ਪੰਨਾ ੫੧੪ ਤੀ: ਐ:।

‖ਦੇਖੋ ਸ੍ਰੀ ਗੁਰ ਪ੍ਰਤਾਪ ਸੂਰਜ ਰਾਸ ੧੨ ਅੰਸੂ ੯ ਅੰਕ ੨੯ ਤੋਂ ੩੬ ਤੱਕ।

Sri Satguru Jagjit Singh Ji eLlibrary NamdhariElibrary@gmail.com

ਸ਼ਕਤੀ ਨੂੰ ਵਾਹਿਗੁਰੂ ਤੋਂ ਨਿਖੇੜਕੇ ਪੂਜਣਾ ਦਸਾਂ ਸਤਿਗੁਰਾਂ ਦੀ ਸਿੱਖਯਾ ਵਿਚ ਨਹੀਂ ਹੈ।

ਗੁਰੂ ਜੀ ਨੇ ਵਾਹਿਗੁਰੂ ਜੀ ਵਿਚ 'ਲਿੰਗ ਭੇਦ' ਨਹੀਂ ਮੰਨਿਆ । ਜਿਸ ਦਾ ਕੋਈ ਲਿੰਗ ਨਹੀਂ ਉਸ ਨੂੰ ਕਿਸੇ ਲਿੰਗ ਵਿਚ ਸੰਬੋਧਨ ਕਰ ਲੈਣਾ ਲਿੰਗ ਰਹਿਤ ਮੰਨਣ ਤੁੱਲ ਹੈ। ਉਸ ਨੂੰ ਪਿਤਾ ਕਹਿ ਲੈਣਾ ਵੈਸਾ ਹੀ ਹੈ ਜੈਸਾ ਮਾਤਾ ਕਹਿਣਾ । ਇਸ ਤਰ੍ਹਾਂ ਦੀ ਉਪਾਸਨਾ ਗੁਰਬਾਣੀ ਵਿਚ ਆਈ ਹੈ; ਪੰਚਮ ਗੁਰੂ ਜੀ ਨੇ ਫੁਰਮਾਇਆ ਹੈ:—

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ [ਮਾਝ ਮ: ੫]

ਇਸ ਵਿਚ ਅਕਾਲ ਪੁਰਖ ਦੇ ਅਖੰਡ ਸਰੂਪ ਦੀ ਹੀ ਉਪਾਸਨਾ ਹੈ, ਕੋਈ ਸ਼ਕਤੀ ਉਸ ਤੋਂ ਨਿਖੇੜਕੇ ਉਸ ਦੀ ਵੱਖਰੀ ਵਜਕਤੀ ਫਰਜ਼ ਕਰਕੇ ਨਹੀਂ ਅਰਾਧੀ ਜਾ ਰਹੀ।

ਦਸਮੇਂ ਪਾਤਸ਼ਾਹ ਜੀ ਨੇ ਬੀ ਆਪਣੇ ਅਰਾਧਨਾ ਯੋਗ ਇਸ਼ਟ ਅਕਾਲ ਪੁਰਖ ਜੀ ਨੂੰ ਅਭੇਦ, ਅਰੂਪ, ਅਨਾਦ, ਅਭੂਤ, ਅਖੰਡ, ਅਛਿੱਜ, ਅਭੇਦ ਆਦਿ ਗੁਣਾਂ ਨਾਲ ਗਾ ਕੇ ਉਸਦੇ ਇਕੋ ਅਖੰਡ ਰੂਪ ਦਾ ਪਤਾ ਦਿੱਤਾ ਹੈ* ਤੇ ਉਸੇ ਨੂੰ ਹੀ 'ਨਮੋ ਪਰਮ ਗਯਾਤਾ ॥ ਨਮੋ ਲੋਕ ਮਾਤਾ [ਜਾਪੁਜੀ]' ਆਖਿਆ ਹੈ। ਫਿਰ ਦੂਸਰੀਆਂ ਵਜਕਤੀਆਂ ਨੂੰ ਸਪਸ਼ਟ ਨਾਮ ਦੇ ਦੇ ਕੇ 'ਪਾਇ ਗਹੇ ਜਬ ਤੇ ਤੁਮਰੇ' ਵਿਚ ਖੋਹਲਕੇ ਪੂਜਨ ਤੋਂ ਵਰਜਿਆ ਹੈ ਤੇ ਇਉਂ ਬੀ ਕਿਹਾ ਹੈ 'ਬ੍ਰਹਮਾਦਿਕ ਸਬ ਹੀ ਪਚ ਹਾਰੇ। ਬਿਸਨੁ ਮਹੇਸ੍ਵਰ ਕੌਨ ਬਿਚਾਰੇ। [ਚਉ: ਅ:]' ਜਿਸ ਤੋਂ ਸਿੱਧ ਹੈ ਕਿ ਆਪ ਇਕ ਅਖੰਡ ਅਕਾਲ ਮੂਰਤੀ ਦੇ ਉਪਾਸਕ ਹਨ†। ਉਸੇ ਨੂੰ ਪਿਤਾ ਉਸੇ ਨੂੰ ਮਾਤਾ ਕਹਿਕੇ ਪਿਆਰ ਕਰਨਾ ਇਹ ਸਿੱਧਾਂਤ ਦਸਾਂ ਹੀ ਗੁਰੂ ਸਾਹਿਬਾਂ ਦਾ ਸਿੱਧ ਹੁੰਦਾ ਹੈ।

ਸੋ (੧) ਗੁਰਬਾਣੀ ਵਿਚ ਜਿਥੇ ਕਿਤੇ ਪਰਮੇਸ਼ੁਰ ਦੀ ਤਾਕਤ, ਸੱਤਜ, ਬਲ, ਸਮਰੱਥਾ ਸ਼ਕਤੀ ਦੇ ਅਰਥਾਂ ਵਿਚ ਭਵਾਨੀ ਆਦਿ ਕੋਈ ਪਦ ਆਇਆ ਹੈ ਸੋ ਅਕਾਲ ਪੁਰਖ ਦੇ ਵਜੂਦ ਤੋਂ ਅਭਿੰਨ ਹੋਣ ਕਰਕੇ ਉਸੇ ਦਾ ਬੋਧਕ ਹੈ। ਸੱਤਜਾ ਯਾ ਸ਼ਕਤੀ 'ਸ਼ਕਤੇ' ਤੋਂ ਭਿੰਨ ਹੋਕੇ ਵਜੂਦ ਨਹੀਂ ਰਖਦੀ ਜਿਵੇਂ ਦਸਮੇਸ਼ ਜੀ ਨੇ ਫੁਰਮਾਇਆ ਹੈ:—

*ਦਸਮ ਗੁਰਵਾਕ:—ਅਜੈ ਰੂਪ ਅਨਭੈ ਪ੍ਰਭਾ ਅਤਿ ਬਲਿਸਟ ਜਲ ਬਲਿ ਕਰਣ ॥ ਅੱਚੁਤ ਅਨੰਤ ਅੱਦ੍ਵੈ ਅਮਿਤ ਨਾਥ ਨਿਰੰਜਨ ਤਵ ਸਰਣ ॥੧॥੩੨॥ [ਗਜਾਨ ਪ੍ਰਬੋਧ ਪੁਨਾ:—ਨਮੋ ਨਾਥ ਪੂਰੇ ਸਦਾ ਸਿੱਧ ਕਰਮੰ ॥ ਅਛੇਦੀ ਅਭੇਦੀ ਸਦਾ ਏਕ ਧਰਮੰ ॥ ਕਲੰਕੰ ਬਿਨਾਂ ਨਿਹਕਲੰਕੀ ਸਰੂਪੇ ॥ ਅਛੇਦੰ ਅਭੇਦੰ ਅਖੇਦੰ ਅਨੂਪੇ ॥ [ਗਜਾਨ ਪ੍ਰਬੋਧ ਪੁਨਾ:—ਬੇਦ ਕਤੇਬ ਕੇ ਭੇਦ ਸਭੇ ਤਜ, ਕੇਵਲ ਕਾਲ ਕ੍ਰਿਪਾ ਨਿਧ ਮਾਨਿਯੋ। [੩੩ ਸ੍ਵੈਯੇ 'ਕੇਵਲ' ਕਹਿਣ ਨਾਲ ਅਕਾਲ ਪੁਰਖ ਨੂੰ ਵਾਹਦ, ਇੱਕੋ, ਅਦ੍ਵੈਤ ਸਿੱਧ ਕਰ ਰਹੇ ਹਨ। ਯਥਾ:—ਭਜੋ ਸੁ ਏਕ ਨਾਮਯੰ ॥ ਜੁ ਕਾਮ ਸਰਬ ਠਾਮਯੰ ॥ ਨ ਜਾਪ ਆਨ ਕੋ ਜਪੋ ॥ ਨ ਅਉਰ ਥਾਪਨਾ ਥਪੋ ॥ ੩੭ ॥ ਬਿਅੰਤਿ ਨਾਮੁ ਧਿਆਇ ਹੋ ॥ ਪਰਮ ਜੋਤਿ ਪਾਇ ਹੋ ॥ ਨ ਧਿਆਨ ਆਨ ਕੋ ਧਰੋ ॥ ਨ ਨਾਮ ਆਨ ਉਚਰੋ ॥੩੮॥ ਤਵੱਕ ਨਾਮ ਰਤਿਯੰ। ਨ ਆਨ ਮਾਨ ਮਤਿਯੰ ॥ ਪਰੱਮ ਧਿਆਨ ਧਾਰੀਯੰ ॥ ਅਨੰਤ ਪਾਪ ਟਾਰੀਯੰ ॥ ੩੯ ॥ ਤੁਮੇਵ ਰੂਪ ਰਾਚਿਯੰ ॥ ਨ ਆਨ ਦਾਨ ਮਾਚਿਯੰ ॥ ਤਵੱਕ ਨਾਮੁ ਉਚਾਰੀਯੰ ॥ ਅਨੰਤ ਦੂਖ ਟਾਰੀਯੰ ॥ ੪੦ ॥ [ਬਚਿੱਤ੍ਰ ਨਾਟਕ ਧਿ: ੬

Sri Satguru Jagjit Singh Ji eLlibrary NamdhariElibrary@gmail.com

ਪ੍ਰਥਮ ਕਾਲ ਸਭ ਜਗ ਕੋ ਤਾਤਾ ॥ ਤਾਂ ਤੇ ਭਯੋ ਤੇਜ ਬਿਖ੍ਯਾਤਾ ॥ ਸੋਈ ਭਵਾਨੀ ਨਾਮ ਕਹਾਈ ॥ ਜਿਨ ਸਗਰੀ ਯਹ ਸ੍ਰਿਸਟਿ ਉਪਾਈ ॥ ੨੯ ॥ [ਚਉ. ਅਵਤਾ:

ਇਥੇ ਭਵਾਨੀ ਕੋਈ ਵੱਖਰੀ ਵਜਕਤੀ ਨਹੀਂ ॥ ਇਸੇ ਭਾਵ ਦਾ ਇਕ ਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ:—

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ [ਪ੍ਰਭਾਤੀ ਕਬੀਰ ਜੀ

'ਪ੍ਰਥਮ ਕਾਲ ਸਭ ਜਗ ਕੋ ਤਾਤਾ' ਤੋਂ 'ਤੇਜ' ਉਤਪਤ ਹੋਣਾ ਤੇ ਉਸ ਤੋਂ ਜਗਤ ਰਚਨਾ ਹੋਈ ਤੇ 'ਅਵਲਿ ਅਲਹ' ਨੇ 'ਨੂਰ' ਪੈਦਾ ਕਰਨਾ ਤੇ ਨੂਰ ਤੋਂ ਸਾਰੀ ਰਚਨਾ ਰਚੀ ਇਕੋ ਭਾਵ ਦੇ ਖਿਆਲ ਹਨ, ਦੂਹਾਂ ਵਿਚ ਵਾਹਿਗੁਰੂ ਅਭੇਦ ਤੇ ਅਖੰਡ ਹੈ ਤੇ ਅਲਗ ਵਜਕਤੀ ਤੇਜ ਨੂੰ ਯਾਂ ਨੂਰ ਨੂੰ ਨਹੀਂ ਕਿਹਾ । ਗੁਰੂ ਜੀ ਸਦਾ ਆਪਣੇ ਅਕਾਲ ਪੁਰਖ ਨੂੰ 'ਅੱਛੁਤ ਅਨੰਤ ਅੱਦ੍ਵੈ ਅਮਿਤ ਨਾਥ ਨਿਰੰਜਨ ਤਵ ਸਰਣ' ਆਖਦੇ ਹਨ । ਉਸ ਨੂੰ ਆਪ ਕਦੇ ਦੋ ਰੂਪਾਂ ਵਿਚ ਵੰਡੀਂਦਾ ਨਹੀਂ ਕਹਿੰਦੇ* । ਇਸੇ ਭਾਵ ਵਿਚ ਦਸਮ ਗੁਰੂ ਜੀ ਦੇ ਏਹ ਵਾਕ ਹਨ:—

ਨਮੋ ਪਰਮ ਗਜਾਤਾ ॥ ਨਮੋ ਲੋਕ ਮਾਤਾ ॥ [ਸ੍ਰੀ ਜਾਪੁਜੀ

'ਸਰਬ ਕਾਲ ਹੈ ਪਿਤਾ ਅਪਾਰਾ ॥ ਦੇਬਿ ਕਾਲਕਾ ਮਾਤ ਹਮਾਰਾ' ॥ [ਬਚਿੱ: ੧੪, ੫

ਇਸ ਵਿਚ ਕਾਲਕਾ ਦੇਬਿ ਕਹਿਕੇ ਉਸੇ ਮਹਾਂ ਕਾਲ ਨੂੰ ਜਣਾਇਆ ਹੈ । 'ਮਾਤ' ਇਸਤ੍ਰੀ ਲਿੰਗ ਪਦ ਵਰਤਕੇ ਇਸਦੇ ਸੰਬੰਧ ਕਾਰਕ ਦੀ ਵਿਭਕਤੀ 'ਹਮਾਰਾ' ਪੁਲਿੰਗ ਵਰਤਿਆ ਹੈ । ਪੁਲਿੰਗ ਪਦ 'ਹਮਾਰਾ' ਵਰਤਣ ਤੋਂ ਪ੍ਰਯੋਜਨ ਇਹੋ ਗਲ ਜਨਾਉਣ ਦਾ ਹੈ ਕਿ ਸਰਬ ਕਾਲ ਤੇ ਦੇਬਿ ਕਾਲਕਾ ਇਕੋ ਨੂੰ ਕਹਿ ਰਹੇ ਹਨ, ਵੱਖਰੀ ਵਜਕਤੀ ਨਹੀਂ ਮੰਨ ਰਹੇ । ਫਿਰ ਇਸ ਤਰ੍ਹਾਂ ਕਿਹਾ ਹੈ:—

ਤਹ ਹਮ ਅਧਿਕ ਤਪੱਸਜਾ ਸਾਧੀ ॥ ਮਹਾ ਕਾਲ ਕਾਲਕਾ ਅਰਾਧੀ ॥ ੧ ॥
ਇਹਿ ਬਿਧਿ ਕਰਤ ਤਪੱਸਜਾ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥ [ਬਚਿ: ਨਾ:

ਇਸ ਵਿਚ ਬੀ 'ਮਹਾਂ ਕਾਲ ਕਾਲਕਾ' ਇੱਕੋ ਅਭੇਦ ਵਜਕਤੀ ਦੇ ਵਾਚਕ ਹਨ । ਜੇ ਕਦੇ ਮਹਾਂ ਕਾਲ ਕਾਲਕਾ ਦੋ ਅੱਡ ਅੱਡ ਵਜਕਤੀਆਂ ਹਨ ਤਾਂ ਆਰਾਧਕ ਜੀ ਨੂੰ ਕਹਿਣਾ ਚਾਹੀਦਾ ਸੀ ਕਿ 'ਤ੍ਰੈ ਤੇ ਏਕ ਰੂਪ ਹੁਇ ਗਇਓ' । ਦ੍ਵੈ ਕਹਿਣ ਤੋਂ ਸਪਸ਼ਟ ਹੈ ਕਿ ਮਹਾਂ ਕਾਲ ਕਾਲਕਾ ਇਕ ਅਭੇਦ ਵਜਕਤੀ ਹੈ† । ਜੇ ਆਪ ਕਾਲਕਾ ਵੱਖਰੀ ਮੰਨਦੇ ਤਾਂ ਅੱਗੇ

---

*ਇਕ ਬਿਨ ਦੂਸਰ ਸਿਉ ਨ ਚਿਨਾਰ ॥ [ਸ਼: ਹਜ਼ਾਰੇ ਪਾ: ੧੦
ਪੁਨਾ:—ਆਦਿ ਪੁਰਖ ਜਿਨ ਏਕ ਪਛਾਨਾ ॥ ਦੁਤੀਆ ਭਾਵ ਨ ਮਨ ਮਹਿ ਆਨਾ ॥ ੨੧ ॥
ਜੋ ਜੋ ਭਾਵ ਦੁਤਿਯ ਮਹਿ ਰਾਚੇ ॥ ਤੇ ਤੇ ਮੀਤ ਮਿਲਨ ਤੇ ਬਾਚੇ ॥
ਏਕ ਪੁਰਖ ਜਿਨ ਨੈਕ ਪਛਾਨਾ ॥ ਤਿਨ ਹੀ ਪਰਮ ਤੱਤ ਕਹ ਜਾਨਾ ॥੨੨॥ [ਚਉ: ਅਵ:

†ਕਵੀ ਜੀ ਨੇ ਬੀ ਜਦ ਸਤਿਗੁਰੂ ਜੀ ਦੇ ਇਸ ਤਪ ਦਾ ਹਾਲ ਲਿਖਿਆ ਹੈ ਤਾਂ ਸਤਿਗੁਰ ਜੀ ਦੇ ਵਾਹਿਗੁਰੂ ਵਿਚ ਲੀਨ ਹੋਣ ਬਾਬਤ ਐਉਂ ਕਿਹਾ ਹੈ:—

[illegible]

ਉਸੇ ਨੂੰ 'ਅਲਖ ਗੁਰਦੇਵ ਤੇ ਪ੍ਰਭੂ' ਇਉਂ ਕਿਉਂ ਲਿਖਦੇ, ਯਥਾ:—'ਤਾਤ ਮਾਤ ਮੁਰ ਅਲਖ ਅਰਾਧਾ ॥ ਬਹੁ ਬਿਧਿ ਜੋਗ ਸਾਧਨਾ ਸਾਧਾ ॥ ਤਿਨ ਜੋ ਕਰੀ ਅਲਖ ਕੀ ਸੇਵਾ ॥ ਤਾਤੇ ਭਏ ਪ੍ਰਸੰਨਿ ਗੁਰਦੇਵਾ' ॥ [ਬਚਿ: ਨਾ:

ਕਿਉਂਕਿ ਅੱਗੇ ਦੱਸਦੇ ਹਨ। 'ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥ ਤਬ ਹਮ ਜਨਮ ਕਲੂ ਮਹਿ ਲੀਆ ॥' ਉਸ ਪ੍ਰਭੂ ਨੇ ਜਦ ਮੈਨੂੰ ਆਗਿਆ ਦਿਤੀ ਜਿਸ ਨੂੰ 'ਮਹਾਂ ਕਾਲ ਕਾਲਕਾ' ਕਹਿ ਆਏ ਹਨ, ਹੁਣੇ ਉਸੇ ਨੂੰ ਅਲਖ ਗੁਰਦੇਵ ਤੇ ਪ੍ਰਭੂ ਕਹਿ ਰਹੇ ਹਨ।

ਫਿਰ ਅੱਗੇ ਕਿਹਾ ਹੈ:—ਅਕਾਲ ਪੁਰਖ ਬਾਚ:—'ਮੈ ਅਪਨਾ ਸੁਤ ਤੋਹਿ ਨਿਵਾਜਾ' ਇਥੇ ਕੇਵਲ ਅਕਾਲ ਪੁਰਖ ਜੀ ਨੇ ਕਿਹਾ ਹੈ ਕਿ ਮੈਂ ਤੈਨੂੰ ਆਪਣਾ ਪੁੱਤ੍ਰ ਨਿਵਾਜਿਆ, ਜੇ ਕਾਲਕਾ ਵੱਖਰੀ ਹੁੰਦੀ ਤਾਂ ਨਾਲ ਕਾਲਕਾ ਬਾਚ ਭੀ ਹੁੰਦਾ, ਫਿਰ ਧਿਆ ਦੇ ਅੰਤ ਵਿਚ ਲੇਖ ਹੈ:— 'ਆਗਿਆ ਕਾਲ ਜਗ ਪ੍ਰਵੇਸ਼ ਕਰਨੰ'। ਫਿਰ ਕਹਿੰਦੇ ਹਨ:—'ਜੋ ਨਿਜ ਪ੍ਰਭੁ ਮੋ ਸੋਂ ਕਹਾ ਸੋ ਕਹਿਹੋਂ ਜਗ ਮਾਹਿ' ॥ ਇਹ ਅਸੀਂ ਦੱਸ ਆਏ ਹਾਂ ਕਿ ਲਿੰਗ ਰਹਿਤ ਅਕਾਲ ਪੁਰਖ ਨੂੰ ਸਰਬ ਲਿੰਗ ਵਿਚ ਕਹਿ ਜਾਣਾ ਉਸ ਨੂੰ ਅਲਿੰਗ ਕਹਿਣ ਦੇ ਹੀ ਤੁੱਲ ਹੈ।

ਪਰ ਜਿੱਥੇ (੨) ਦੇਵੀ ਦੀ ਅਲੱਗ ਰੂਪਤਾ ਆਵੇਗੀ ਓਥੇ ਦੇਵਤਿਆਂ ਵਾਂਙੂ ਉਹ ਵਜਕਤੀ ਅਕਾਲ ਪੁਰਖ ਤੋਂ ਨੀਵੀਂ, ਉਸ ਦੇ ਚਰਨਾਂ ਵਿਚ ਵੱਸਣ ਵਾਲੀ ਵਰਣਨ ਹੋਵੇਗੀ, ਯਥਾ:—

[ਪਿਛਲੇ ਪੰਨੇ ਦੀ ਬਾਕੀ ਟੂਕ]

ਜੀਤਜੋ ਮਨ ਹੁਇ ਧਜਾਨ ਪਰਾਇਨ ਕਰਤਾ ਪੁਰਖ ਸਾਥ ਲਿਵ ਲਾਇ ॥ ਸਰਬ ਜੋਤਿ ਕੀ ਜੋਤਿ ਉਦੋਤਕ ਅਸ ਸਰੂਪ ਮਹਿਂ ਰਹੇ ਸਮਾਇ ॥ ਏਕ ਰੂਪ ਹੁਇ ਤਨ ਸੁਧ ਬਿਸਰੀ ਪਾਰਬ੍ਰਹਮ ਪਰਮੇਸੁਰ ਪਾਇ ॥ ਬੀਤੇ ਬਰਖ ਅਸੰਖ ਏਕ ਭੇ ਮੂਰਤ ਤਪ ਕੀ ਤਨੂ ਸੁਹਾਇ ॥ ੪੦ ॥ [ਰਾਸ ੧੧ ਅੰਸੂ ੪੯।

ਜਿਸਦਾ ਸਪਸ਼ਟ ਅਰਥ ਇਹ ਹੈ ਕਿ ਸ੍ਰੀ ਗੁਰੂ ਜੀ ਨੂੰ ਇਸ ਵੇਲੇ 'ਕਰਤਾ ਪੁਰਖ ਸਰਬ ਜੋਤੀ ਮਯ, ਜਯੋਤੀ ਪ੍ਰਕਾਸ਼ ਦੇਣ ਵਾਲੇ ਪਾਰਬ੍ਰਹਮ ਪਰਮੇਸੁਰ' ਵਿਚ ਸਮਾ ਗਏ ਦੱਸ ਰਹੇ ਹਨ। ਇਹ ਉਹੋ ਵਕਤ ਹੈ ਜਿਸ ਵੇਲੇ ਬਾਬਤ ਸ੍ਰੀ ਮੁਖਵਾਕ ਹੈ 'ਤਹ ਹਮ ਅਧਿਕ ਤਪੱਸਜਾ ਸਾਧੀ ॥ ਮਹਾਂ ਕਾਲ ਕਾਲਕਾ ਅਰਾਧੀ ॥ ਇਹਿ ਬਿਧਿ ਕਰਤਿ ਤਪੱਸਜਾ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ' ॥ ਭਾਵੇਂ ਹ ਕਿ ਕਵੀ ਜੀ 'ਮਹਾਂ ਕਾਲ ਕਾਲਕਾ' ਦਾ ਅਰਥ 'ਕਰਤਾ ਪੁਰਖ, ਜਯੋਤੀਆਂ ਨੂੰ ਜਯੋਤੀ ਦਾਤਾ, ਪਾਰਬ੍ਰਹਮ, ਪਰਮੇਸੁਰ' ਕਰ ਰਹੇ ਹਨ। ਮਹਾਂ ਕਾਲ ਤੇ ਕਾਲਕਾ ਦੇਵੀ ਦੇ ਵਜਕਤੀਆਂ ਅਰਥ ਨਹੀਂ ਕਰ ਰਹੇ। ਤੇ ਅੱਗੇ ਇਸੇ ਪ੍ਰਸੰਗ ਵਿਚ ਅਕਾਲ ਪੁਰਖ ਹੀ ਗੁਰੂ ਜੀ ਨੂੰ ਸੱਦਦੇ, ਵਰ ਬਖ਼ਸ਼ਤ ਕਰਦੇ ਤੇ ਜਗਤ ਵਲ ਟੋਰਦੇ ਦੱਸਦੇ ਹਨ, ਯਥਾ:—

"ਮੈਂ ਅਪਨਾ ਸੁਤ ਤੋਹਿ ਨਿਵਾਜਿਓ ਪੰਥ ਪ੍ਰਚੁਰ ਕਰੀਅਹਿ ਜਗ ਜਾਇ ॥" ੨੦

ਇਸ ਪਰ ਗੁਰੂ ਜੀ ਨੇ ਜੋ ਕੁਛ ਕੀਤਾ ਸੋ ਕਵੀ ਜੀ ਐਉਂ ਦੱਸਦੇ ਹਨ:—

ਆਇਸੁ ਮਾਨਿ ਸੀਸ ਪਰ ਪ੍ਰਭੁ ਕੀ ਬਾਰਬਾਰ ਅਭਿਬੰਦਨ ਕੀਨਿ ॥
ਕਰਤਾ ਪੁਰਖ ਅਕਾਲ ਕ੍ਰਿਪਾਲੰ ਏਕੰਕਾਰ ਸੁ ਗੁਰੂ ਪ੍ਰਬੀਨ ॥ ੩੪ ॥ [ਰਾ: ੧੧—੫੨

ਇਨ੍ਹਾਂ ਪ੍ਰਮਾਣਾਂ ਤੋਂ ਭੀ ਇਹੋ ਸਿੱਧਾਂਤ ਨਿਕਲਦਾ ਹੈ ਕਿ ਕਵੀ ਜੀ ਆਪ ਭੀ 'ਮਹਾਂ ਕਾਲ ਕਾਲਕਾ' ਦਾ ਅਰਥ 'ਪ੍ਰਭੂ, ਕਰਤਾ ਪੁਰਖ, ਅਕਾਲ, ਏਕੰਕਾਰ' ਕਹਿ ਰਹੇ ਹਨ।

Sri Satguru Jagjit Singh Ji eLlibrary NamdhariElibrary@gmail.com

ਅਨਹਦ ਰੂਪ ਅਨਾਹਦ ਬਾਨੀ ॥ ਚਰਨ ਸਰਨ ਜਿਹ ਬਸਤ ਭਵਾਨੀ ॥ [ਅਕਾ: ਉਸ: ੫,

ਇਥੇ ਵਾਹਿਗੁਰੂ ਜੀ ਨੂੰ ਦੇਸ਼ ਕਾਲ ਤੋਂ ਪਰੇ ਦੱਸ ਕੇ ਭਵਾਨੀ ਨੂੰ ਚਰਨਾਂ ਵਿਚ ਵੱਸਣ ਵਾਲੀ ਦੱਸਿਆ ਹੈ, ਫਿਰ ਦਸਮ ਗੁਰੂ ਜੀ ਫੁਰਮਾਉਂਦੇ ਹਨ:—

ਕਈ ਦੇਵਿ ਆਦਿ ਕੁਮਾਰ* ॥ ਕਈ ਕ੍ਰਿਸਨ ਬਿਸਨੁ ਅਵਤਾਰ ॥ [ਅਕਾ:—੩੬ (੧੬੮)

ਪੁਨਾ:—ਲਖ ਲਖਮੀ ਲਖ ਬਿਸਨ ਕਿਸਨ ਕਈ ਨੇਤਿ ਬਤਾਵਹਿੰ† ॥ [ਗਜਾਨ ਪ੍ਰਬੋਧ

ਪੁਨਾ:—ਸਿਰਜੇ ਦਾਨੇ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥ ਤੈਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸ ਕਰਾਇਆ ॥ ਤੈਥੋ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਸਿਰੁ ਘਾਇਆ ॥ ਤੈਥੋ ਹੀ ਬਲੁ ਕ੍ਰਿਸਨ ਲੈ ਕੰਸ ਕੇਸੀ ਪਕੜ ਗਿਰਾਇਆ ॥ ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ ॥ ਕਿਨੀ ਤੇਰਾ ਅੰਤੁ ਨ ਪਾਇਆ ॥ ੨ ॥
[ਭਗਉਤੀ ਕੀ ਵਾਰ

ਇਹੋ ਸਿੱਧਾਂਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ, ਯਥਾ:—

ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥ [ਗੋਂਡ: ਮ: ੫

ਤਥਾ:—ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ...... [ਆਸਾ ਮ: ੧

ਪੁਨਾ:—ਕੋਟਿ ਦੇਵੀ ਜਾਕਉ ਸੇਵਹਿ ਲਖਿਮੀ ਅਨਿਕ ਭਾਂਤਿ ॥ [ਆਸਾ ਮ: ੫

ਤਥਾ:—ਅਨਿਕ ਦੇਵੀ ਦੇਵਾ ਬਹੁ ਭਾਂਤਿ ॥ [ਸਾਰਗ ਮ: ੫

ਤਥਾ:—ਦੁਰਗਾ ਕੋਟਿ ਜਾਕੈ ਮਰਦਨੁ ਕਰੈ ॥ ਪੁਨਾ:—ਕੋਟਿ ਸਕਤਿ ਸਿਵ ਆਗਿਆਕਾਰ ॥

ਪੁਨਾ:—ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥ [ਜਪੁਜੀ

ਫਿਰ ਇਨ੍ਹਾਂ ਸ਼ਕਤੀਆਂ ਨੂੰ ਅਕਾਲ ਪੁਰਖ ਦੀ ਤਰ੍ਹਾਂ ਸਰਵੱਗ ਨਹੀਂ ਮੰਨਿਆਂ ਸਗੋਂ ਅੱਗਿਆਨ ਦਾ ਹਨੇਰਾ—ਚਾਹੇ ਕਿਸੇ ਤਰ੍ਹਾਂ ਦਾ ਹੋਵੇ—ਇਨ੍ਹਾਂ ਦੇ ਦੁਆਲੇ ਦੱਸਿਆ ਹੈ।

ਯਥਾ:—ਦੇਵੀ ਦੇਵਾ ਮੂਲੁ ਹੈ ਮਾਇਆ ॥ ਪੁਨਾ:—ਭਰਮੇ ਸੁਰਿ ਨਰ ਦੇਵੀ ਦੇਵਾ ॥ [ਸੁਖ:

ਪੁਨਾ:—ਮਾਇਆ ਮੋਹੇ ਦੇਵੀ ਸਭਿ ਦੇਵਾ ॥ ਪੁਨਾ:—ਦੇਵੀਆ ਨਹੀ ਜਾਨੈ ਮਰਮ ॥

ਪੁਨਾ:—ਦੇਵੀ ਮਰਮੁ ਨ ਪਾਇਆ ॥ [ਪ੍ਰਭਾ: ਮ: ੫

ਫਿਰ ਇਨ੍ਹਾਂ ਦੀ ਉਪਾਸਨਾ ਕਰਨ ਬਾਬਤ ਇਹ ਵਾਕ ਹੈਨ:—

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ [ਸੋਰ: ਮ: ੧

ਪੁਨਾ:—ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥ ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥ [ਗਉੜੀ ਮ: ੧

---

*ਆਦਿ ਕੁਮਾਰ ਦੇਵੀਆਂ। ਆਦਿ ਕੁਮਾਰ ਦਾ ਅਰਥ 'ਸਨਤ ਕੁਮਾਰ' ਲਾਉਣੇ ਦਾ ਖਿਆਲ ਆ ਸਕਦਾ ਹੈ, ਪਰ ਗਿਆਨੀ ਸਮੂਹ ਦੀ ਸੋਧੀ ਹੋਈ ਬੀੜ ਵਿਚ 'ਦੇਵਿ' ਦੇ 'ਵ' ਨੂੰ ਸਿਆਰੀ ਹੈ ਜਿਸ ਦਾ ਸਪਸ਼ਟ ਅਰਥ ਦੇਵੀ ਹੈ, 'ਆਦਿ ਕੁਮਾਰ' ਇਸ ਦਾ ਵਿਸ਼ੇਸ਼ਣ ਹੈ।

†ਇਸੇ ਛੰਦ ਦੇ ਅਖੀਰ ਵਿਚ ਆਪ ਨੂੰ ਜਿਸ ਦੀ ਸ਼ਰਨ ਦੱਸਦੇ ਹਨ ਉਸ ਦਾ ਸਰੂਪ ਐਉਂ ਕਹਿੰਦੇ ਹਨ:—"ਅਭੰਗ ਰੂਪ ਅਨੰਤ ਪ੍ਰਭਾ ਅਤਿ ਬਲਿਸਟ ਜਲ ਥਲਿ ਕਰਣ ॥ ਅੱਛੂਤ ਅਨੰਤ ਅੱਦ੍ਵੈ ਅਮਿਤ ਨਾਥ ਨਿਰੰਜਨ ਤਵ ਸਰਣ" ॥ ੧ ॥ ੩੨ ॥ [ਗਿਆਨ ਪ੍ਰਬੋਧ

Sri Satguru Jagjit Singh Ji eLlibrary NamdhariElibrary@gmail.com

ਪੁਨਾਃ—ਠਾਕੁਰ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥ [ਭੈਰਃ ਮਃ ੫
ਪੁਨਾਃ—ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ ॥ [ਗਉੜੀ ਕਬੀਰ
ਪੁਨਾਃ—ਮਹਾ ਮਾਈ ਕੀ ਪੂਜਾ ਕਰੈ । ਨਰ ਸੈ ਨਾਰਿ ਹੋਇ ਅਉਤਰੈ ॥ [ਗੋਂਡ ਨਾਮਃ

(੩) ਤੀਸਰਾ ਰੂਪ ਦੇਵੀ ਦਾ ਮਿੱਟੀ, ਪੱਥਰ, ਕਾਠ ਦੀ ਮੂਰਤੀ ਹੈ, ਉਸ ਸੰਬੰਧੀ ਗੁਰਵਾਕ ਇਉਂ ਹਨਃ—ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ ॥
ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ॥ [ਗਉੜਿ ਕਬੀਰ ਜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਰ ਪ੍ਰਕਾਰ ਦੀ ਮੂਰਤੀ ਪੂਜਨ ਮਨ੍ਹੈ ਹੈ ਤੇ ਦਸਮ ਗੁਰੂ ਜੀ ਨੇ ਮੂਰਤੀ ਪੂਜਾ ਦੇ ਉਲਟ ਕਹਿੰਦਿਆਂ ਆਪ ਨੂੰ 'ਬੁਤਸ਼ਿਕਨ' ਕਿਹਾ ਹੈ । ਸੋ ਦੇਵੀ ਦੀ ਕਾਸ਼ਟ, ਮ੍ਰਿਤਕਾ,ਪਖਾਣ ਕਾਗਜ਼ ਦੀ ਮੂਰਤੀ-ਪੂਜਾ ਦਸਾਂ ਹੀ ਸਤਿਗੁਰਾਂ ਦੇ ਮਤ ਵਿਚ ਨਹੀਂ ਹੈ, ਯਥਾਃ—ਪਖਾਣ ਪੂਜ ਹੋ ਨਹੀਂ । [ਬਚਿੱਤ੍ਰ ਨਾਟਕ ੬-੩੫
ਪੁਨਾਃ—ਪਾਹਨ ਕੌ ਅਸਥਾਲਯ ਕੋ ਸਿਰ ਨਿਯਾਇ ਫਿਰਿਓ ਕਛੁ ਹਾਥ ਨ ਆਇਯੋ [੩੩ ਸ੍ਵੱਯੇ
ਸੋ ਸਿੱਖ ਸ਼ਾਸਤ੍ਰਾਂ ਅਤੇ ਲਿਟ੍ਰੇਚਰ ਦੀ ਪੜਤਾਲ ਕਰਨ ਤੇ ਦੇਵੀ ਦੇ ਤ੍ਰੈ ਪੱਖ ਐਉਂ ਸਿੱਧ ਹੋਏਃ—

੧. ਅਕਾਲ ਪੁਰਖ ਸਰਬ ਸ਼ਕਤੀਮਾਨ ਹੋਣ ਕਰਕੇ ਉਸ ਦੀ ਸ਼ਕਤੀ ਉਸੇ ਦੇ ਨਾਲ ਅਭੇਦ ਹੈ । ਸ਼ਕਤਾ ਤੇ ਸ਼ਕਤੀ ਇਕ ਰੂਪ ਹਨ । ਸ਼ਕਤੇ ਤੋਂ ਸ਼ਕਤੀ ਨਿੱਖੜਕੇ ਵੱਖਰਾ ਰੂਪ ਧਾਰਕੇ ਉਸ ਤੁੱਲਯ ਅਲੱਗ ਵਜਕਤੀ ਨਹੀਂ ਧਾਰਦੀ । ਅਕਾਲ ਪੁਰਖ ਵਿਚ ਲਿੰਗ ਭੇਦ ਨਾ ਹੋਣ ਕਰਕੇ ਗੁਰ ਸਿੱਖੀ ਵਿਚ ਉਸ ਨੂੰ ਮਾਤਾ ਪਿਤਾ ਦੋਹਾਂ ਹੀ ਸੰਬੋਧਨਾਂ ਨਾਲ ਯਾਦ ਕੀਤਾ ਗਿਆ ਹੈ । 'ਅੱਲਾ ਤੇ ਅੱਲਾ ਦਾ ਨੂਰ' 'ਜਗਤ ਦਾ ਤਾਤ ਤੇ ਉਸ ਦਾ ਤੇਜ' ਦੋ ਵਜਕਤੀਆਂ ਨਹੀਂ ਹਨ, ਇਕੋ ਅੱਦ੍ਵੈ ਅਖੰਡ, ਅਛੇਦ, ਅਭੇਦ ਸਰੂਪ ਹੈ । 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਤੇ 'ਤੁਮ ਮਾਤ ਪਿਤਾ ਹਮ ਬਾਰਿਕ ਤੇਰੇ' ਆਦਿਕ ਸੰਬੋਧਨ ਉਸੇ ਦੇ ਹਨ ।

੨. ਇਕ ਐਸੀ ਵਜਕਤੀ ਨੂੰ ਜੋ ਅਲੱਗ ਰੂਪ ਵਾਲੀ ਹੋਵੇ ਤੇ ਆਪਣਾ ਭਿੰਨ ਵਜੂਦ ਰੱਖਦੀ ਹੋਵੇ 'ਓਹੁ ਵੇਖੈ ਓਨਾ ਨਦਰਿ ਨ ਆਵੈ' 'ਲਖ ਬ੍ਰਹਮੇ ਬਿਸਨ ਮਹੇਸ' 'ਦੇਵੀਆ ਨਹੀ ਜਾਨੈ ਮਰਮ' ਆਖਿਆ ਹੈ । ਇਸੇ ਵੱਖਰੇ ਵਜੂਦ ਲੈਣ ਵਾਲੀ ਵਜਕਤੀ ਨੂੰ ਵਾਹਿਗੁਰੂ ਦੇ ਦਰ-ਬਾਰ ਸ਼ਰਨ ਵਿਚ ਵੱਸਣ ਵਾਲੀ ਜਨਾਂ ਵਾਂਙੂ ਚੇਰੀ ਕਿਹਾ ਹੈ*। ਇਸ ਦੇ ਪ੍ਰਮਾਣ ਪਿਛੇ ਦੇ ਆਏ ਹਾਂ । ਗੁਰ ਬਿਲਾਸ ਗੁਰ ਪ੍ਰਤਾਪ ਸੂਰਜ ਆਦਿਕਾਂ ਨੇ ਜੋ ਪਹਿਲੇ ਅੰਕ ਵਿਚ ਕਥਨ ਕੀਤਾ ਪੱਖ ਲਿਆ ਹੈ ਤਾਂ ਗੁਰਮਤ ਵਿਰੁਧ ਨਹੀਂ, ਪਰ ਉਨ੍ਹਾਂ ਲੇਖਕਾਂ ਨੇ ਪੱਖ ਇਹ ਦੂਸਰਾ ਲਿਆ ਹੈ । ਦੇਵੀ ਨੂੰ ਸ਼ਕਤੀ, ਜਯੋਤੀ ਸਰੂਪ ਦੀ ਜਯੋਤਿ ਮੰਨਕੇ ਵੱਖਰੀ ਵਜਕਤੀ ਕਲਪਿਆ ਹੈ ਤੇ ਕੇਵਲ ਆਤਮਕ ਵਜਕਤੀ ਮਾਤ੍ਰ ਨਹੀਂ ਕਲਪਿਆ ਸਗੋਂ ਉਸਨੂੰ ਸ਼ਰੀਰਕ ਆਕਾਰ, ਰੰਗ ਰੂਪ ਰੇਖ ਦਿਤੇ ਹਨ । ਨਾਕੇਵਲ ਗੁਪਤ ਜਗਤ ਵਿਚ ਲਿੰਗ ਸ਼ਰੀਰ ਵਰਗੇ ਚਿਹਨ ਚੱਕ੍ਰ ਦਿਤੇ ਹਨ, ਸਗੋਂ ਲਹੂ ਦੀ ਭੇਟਾ ਲੇਕੇ, ਚੱਟਕੇ ਖੁਸ਼ ਹੋਣ ਵਾਲੀ ਤੇ (ਸ਼ਰੀਰਕ) ਹੱਥਾਂ ਨਾਲ ਲੋਹੇ ਦੀ

*ਫਿਰ ਅਕਾਲ ਪੁਰਖ ਨੂੰ ਅਜੂਨੀ ਕਿਹਾ ਹੈ, ਯਥਾਃ—'ਅਜੋਨੀ । ਅਯੋਨੀ' । ਤੇ ਦਿਹ ਸਭੇ ਜੂਨਾਂ ਵਿਚ ਕਹੇ ਹਨ । ਯਥਾਃ—'ਜੈਸਿ ਜੂਨਿ ਇਕ ਦੈਤ ਬਖਨਿਯਤ ॥ ਤਯੋਂ ਇਕ ਜੂਨਿ ਦੇਵਤਾ ਜਨਿਯਤ ॥'

Sri Satguru Jagjit Singh Ji eLlibrary NamdhariElibrary@gmail.com

ਕਰਦ ਦੇਣ ਵਾਲੀ ਬੀ ਦੱਸਿਆ ਹੈ ।

ਇਸ ਹਾਲਤ ਵਿਚ ਦੇਵੀ ਗੁਰਬਾਣੀ ਦੇ ਇਸ ਅਸੂਲ ਹੇਠਾਂ ਆ ਗਈ 'ਦੇਵੀਆ ਨਹੀ ਜਾਨੈ ਮਰਮ' । ਜੀਕੂੰ ਬ੍ਰਹਮਾ, ਬਿਸਨੂੰ ਸਿਵ, ਅਕਾਲ ਪੁਰਖ ਨੂੰ ਨਹੀਂ ਵੇਖਦੇ ਪਰ ਓਹ ਉਨ੍ਹਾਂ ਨੂੰ ਵੇਖਦਾ ਹੈ* ਤਿਵੇਂ ਦੇਵੀ ਦਾ ਦਰਜਾ ਹੋ ਗਿਆ । ਓਹ ਅਕਾਲ ਪੁਰਖ ਨਹੀਂ ਪਰ ਓਹ ਉਸਦੇ ਚੇਲੇ† ਤੇ ਚੇਰੀਆਂ‡ ਵਿਚ ਆ ਗਈ । ਗੁਰੂ ਮਤ ਵਿਚ ਅਕਾਲ ਪੁਰਖ ਤੋਂ ਹੇਠਾਂ ਕਿਸੇ 'ਕੀਤੇ' ਦੀ ਪੂਜਾ ਵਿਹਤ ਨਹੀਂ "ਬਿਨ ਕਰਤਾਰ ਨ ਕਿਰਤਮ ਮਾਨੋ।ਆਦਿ ਅਜੋਨ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ"[ਸ਼:ਹ:੫:੧੦]।ਇਸ ਕਿਸਮ ਦੀ ਦੇਵੀ ਲਈ ਸ੍ਰੀਗੁਰੂਗ੍ਰੰਥ ਜੀ ਦਾ ਵਾਕ ਹੈ:—

"ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥"

ਆਦਿ ਗੁਰੂ ਸਾਹਿਬਾਂ ਦੀ ਬਾਣੀ ਤੇ ਦਸਮੇਂ ਗੁਰਾਂ ਦੀ ਆਪਣੀ ਬਾਣੀ ਭਰਪੂਰ ਹੈ ਇਨ੍ਹਾਂ ਪ੍ਰਮਾਣਾਂ ਨਾਲ ਜਿਨ੍ਹਾਂ ਦਾ ਭਾਵ ਹੈ ਕਿ ਐਸਿਆਂ ਨੂੰ ਅਸੀਂ 'ਆਂਖ ਤਰੇ ਨਹੀ ਆਨਯੋ'। ਜਿਸ ਤੋਂ ਸੰਭਵ ਨਹੀਂ ਭਾਸਦਾ ਕਿ ਦਸਮੇਸ਼ ਗੁਰੂ ਜੀ ਨੇ ਦੇਵੀ ਉਪਾਸਨਾ ਕੀਤੀ ਹੋਵੇ ।

ਬੀਰਰਸ ਤੇ ਜੁੱਧ ਵਿਦਿਆ ਦੇ ਸਿਖਾਂ ਵਿਚ ਆਦਿ ਕਰਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਵਤਾਰ ਸਮੇਂ ਕਵਿ ਜੀ ਆਪ ਗਿਣਕੇ ਦੱਸ ਆਏ ਹਨ ਕਿ ਸਾਰੇ ਦੇਵੀ ਦੇਵਤੇ ਆਏ ਤੇ ਗੁਰੂ ਜੀ ਦਾ ਪੂਜਨ ਕੀਤਾ ਤੇ ਕਿਹਾ ਕਿ 'ਆਪ ਦਾ ਅਵਤਾਰ ਤੁਰਕਾਂ ਦੇ ਨਾਸ਼ ਹੇਤ ਹੋਇਆ ਹੈ, ਸਾਨੂੰ ਹੁਕਮ ਕਰੋ, ਜੋ ਕਹੋ ਕਰੀਏ' ਯਥਾ:—

'ਜਸੋਂ ਹੁਇ ਆਇਸੁ ਰਾਵਰ ਕੀ ਹਮ ਕਾਜ ਕਰੇਂ ਤਿਮ ਦਿਹੁ ਫੁਰਮਾਏ' ॥

ਫਿਰ ਦੇਵਤੇ ਤੇ ਜੋਗਨੀਆਂ ਆਦਿ ਕੁਛ ਮੰਗਦੇ ਹਨ, ਗੁਰੂ ਜੀ ਦੇਂਦੇ ਹਨ, ਉਨ੍ਹਾਂ ਵਿਚ ਕਾਲੀ ਨੂੰ ਕਹਿੰਦੇ ਹਨ:—'ਕਾਲੀ ! ਕਪਾਲ ਭਰੋ ਅਪਨੇ ਪਲ ਸ੍ਰੋਣਤ ਸੰਗ ਉਮੰਗ ਬਿਸਾਲਾ ।'

ਏਥੇ ਕਾਲੀ, ਰੁੱਦ੍ਰ, ਨਾਰਦ,ਜੋਗਨੀਆਂ,ਬੀਰ ਬਵੰਜਾ ਸਾਰੇ ਦਾਸ ਬਣਕੇ ਆਉਂਦੇ ਹਨ, ਹੱਥ ਜੋੜਦੇ ਮੱਥੇ ਟੇਕਦੇ ਤੇ ਪੂਜਨ ਕਰਦੇ ਹਨ ਤੇ ਗੁਰੂ ਜੀ ਮਾਲਕ ਦੀ ਹੈਸੀਅਤ ਵਿਚ ਹੁਕਮ ਦੇਂਦੇ ਤੇ ਦਾਨ ਕਰਦੇ ਹਨ । ਸਿੱਖ ਮਤ ਅਨੁਸਾਰ ਇਹੋ ਹੀ ਦਰਜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦੇਵਤਿਆਂ ਨਾਲ ਹੈ । ਕਵਿ ਜੀ ਆਪ ਦੇਵੀ ਦੇਉਤਿਆਂ ਨੂੰ ਗੁਰੂ ਜੀ ਦੀ ਅਰਾਧਨਾ ਕਰਨ ਵਾਲੇ ਦੱਸਦੇ ਹਨ । ਫਿਰ ਸੋ ਸਾਖੀ ਤੇ ਹੋਰ ਲੇਖਕਾਂ ਦਾ ਐਵੇਂ ਹੀ ਪਾਸਾ ਪਲਟਾ ਦੇਣਾ ਤੇ ਯਕਾਯਕ ਦੇਵੀ ਨੂੰ ਪੂਜਾ ਜੋਗ ਬਣਾ ਦੇਣਾ ਤੇ ਗੁਰੂ ਜੀ ਦਾ ਮਿਰਟਾਂ ਵਿਚ ਪੈਕੇ ਉਸ ਨੂੰ ਪ੍ਰਗਟਾਉਂਦੇ ਦੱਸਣਾ ਯੁਕਤੀ ਸਿੱਧ ਨਹੀਂ ਰਹਿੰਦਾ । ਜਿਹੜੀ 'ਕਾਲੀ' ਛੇਵੇਂ ਜਾਮੇ ਤਾਂ ਬਿਨਾਂ ਆਵਾਹਨ, ਬਿਨਾਂ ਪ੍ਰਯੋਗ, ਆਪੇ ਪਈ ਪ੍ਰਗਟ ਹੁੰਦੀ ਹੈ ਤੇ ਹਾਜ਼ਰ ਹੋਕੇ ਯਾਚਨਾ ਕਰ ਰਹੀ ਹੈ ਤੇ ਗੁਰੂ ਜੀ ਉਸਨੂੰ ਕਹਿ ਰਹੇ ਹਨ:—'ਲਹੂ ਦੇ ਖੱਪਰ ਭਰੋ', ਉਹੋ ਦਸਮੇਂ ਜਾਮੇਂ ਪ੍ਰਗਟਣ ਲਈ ਇਤਨੇ ਖੇਚਲੇ ਦੇਂਦੀ ਹੈ ਤੇ ਫੇਰ ਪ੍ਰਗਟ ਹੋਕੇ ਬੀ ਭੇਟਾ ਮੰਗਦੀ ਹੈ, ਇਹ ਗੱਲ ਅਟਪਟੀ ਹੋਣ ਦੇ ਸਿਵਾ ਦਲੀਲ ਦੀ ਕਸਵੱਟੀ ਤੇ ਕੋਈ ਹੋਰ ਕਸ ਨਹੀਂ ਦੇਂਦੀ। ਦਸਵੇਂ ਗੁਰਾਂ ਦੀ ਦੇਵੀ ਤੋਂ ਉੱਚੀ ਪਦਵੀ-ਬਾਬਤ ਕਵੀ ਸੰਤੋਖ ਸਿੰਘ ਜੀ ਆਪ ਲਿਖਦੇ ਹਨ:—

ਯਥਾ:—ਬ੍ਰਹਮਾਦਿਕ ਸਨਕਾਦਿਕ ਸਾਰੇ ॥ ਸ਼ੇਖ ਸਾਰਦਾ ਪਾਇੰ ਨ ਪਾਰੇ ॥ ੫ ॥

---

*ਓਹੁ ਵੇਖੈ ਓਨਾ ਨਦਰਿ ਨ ਆਵੈ ॥ [ਜਪੁਜੀ—੩੦

†ਤਿਨਿ ਚੇਲੇ ਪਰਵਾਣੁ ॥ ‡ਦੁਰਗਾ ਕੋਟਿ ਜਾਕੈ ਮਰਦਨੁ ਕਰੈ ॥

ਧਯਾਨ ਵਿਖੈ ਜੋਗੀਸੁਰ ਧਯਾਵੈਂ॥ ਰਿਖਿ ਨਾਰਦ ਤੇ ਆਦਿਕ ਗਾਵੈਂ॥ਇੰਦ੍ਰਾਦਿਕ
ਸੁਰ ਕਿੰਨਰ ਜੱਛ ॥ ਬਿੱਦਯਾਧਰ ਗੰਧਰਬ ਪ੍ਰਤੱਛ ॥ ੬ ॥ ਚਰਨ ਕਵਲ ਤੁਵ
ਕਰਹਿ ਅਰਾਧਨ ॥ ਤਪ ਆਦਿਕ ਸਾਧਹਿ ਗਨ ਸਾਧਨ ॥੭॥ [ਰੁਤ ੨ ਅੰਸੂ ੨੪.

ਫਿਰ ਇੰਨੇ ਉੱਚੇ ਹੋਕੇ ਆਪਣੇ ਤੋਂ ਨੀਵੇਂ ਦੀ ਉਪਾਸਨਾ ਕਰਨ ਦੀ ਕੀ ਲੋੜ ਸੀ। ਕੰਮ ਸੀ ਤਾਂ ਆਗਿਆ ਕਰ ਘੱਲਦੇ ਉਹ ਹਾਜ਼ਰ ਹੋ ਜਾਂਦੀ। ਐਸੀਆਂ ਯੁਕਤੀਆਂ ਪਰ ਲੇਖਕਾਂ ਨੇ ਵਿਵੇਚਨਾ ਕੋਈ ਨਹੀਂ ਕੀਤੀ ਜਾਪਦੀ ਤੇ ਮੁਤਾਬਕ ਹੀ ਅਪਣਾ ਖੰਡਨ ਆਪ ਕਰਦੇ ਗਏ ਤੇ ਕਹੀ ਗਏ ਹਨ ਕਿ ਬੀਰਰਸ ਉਤਪੰਨ ਕਰਨ ਵਾਸਤੇ ਵਾਹਿਗੁਰੂ ਜੀ ਦੀ ਬੀਰਰਸੀ ਸ਼ਕਤੀ ਨੂੰ ਪ੍ਰਗਟ ਕਰਨ ਦੀ ਲੋੜ ਸੀ। ਇਸ ਵਿਚ ਬੀ ਫਿਰ ਵਦਤੋਵਯਾਘਾਤ ਹੁੰਦਾ ਚਲਾ ਗਿਆ ਹੈ। ਕਿਉਂਕਿ ਅਰੂਪ ਅਰੇਖ ਅਲਿੰਗ ਸ਼ਕਤੀ ਦੀ ਉਪਾਸਨਾਂ ਹੀ ਨਹੀਂ ਹੋਈ, ਇਸ ਲਈ ਕਿ ਦੇਵੀ ਜਿਸਦਾ ਕਵੀਆਂ ਨੇ ਗੁਰ ਬਿਲਾਸ ਤੇ ਗੁਰਪ੍ਰਤਾਪ ਸੂਰਜ ਮੈ ਸਾਖੀ ਆਦਿਕਾਂ ਵਿਚ ਵਰਨਨ ਕੀਤਾ ਹੈ, ਉਹ ਤਾਂ ਨਾ ਕੇਵਲ ਸਰਗੁਣ ਮਾਤ੍ਰ ਹੈਸੀ ਸਗੋਂ ਸ਼ਰੀਰ ਧਾਰੀ ਬੀ ਸੀ ਕਿਉਂਕਿ ਉਸਨੂੰ ਤਾਂ ਉਹ ਉਂਗਲੀ ਤੋਂ ਛੋਟਾ ਦਿੱਤੀ ਲਹੂ ਦੀ ਬੂੰਦ ਨੂੰ ਚੂਸ ਲੈਣ ਵਾਲੀ (ਜਿਹਬਾ ਅੰਗ ਵਾਲੀ), ਦੋਲੀ ਵਿਚ ਲੈਕੇ ਪਿਆਰ ਕਰਨ ਵਾਲੀ, ਹੱਥੋਂ ਕਰਦ ਦੇਣ ਵਾਲੀ ਦੱਸਕੇ ਨਿਰਾ ਸ਼ਕਤੀ ਮਾਤ੍ਰ ਨਹੀਂ ਨਿਰੀ ਅਰੂਪ ਰੂਪਾ ਬੀ ਨਹੀਂ ਪਰ ਸ਼ਰੀਰਕ ਅੰਗਾਂ ਵਾਲੀ ਸਿੱਧ ਕਰ ਰਹੇ ਹਨ। ਤਾਂ ਤੇ ਕਵੀ ਸ਼ਕਤੀ ਮਾਤ੍ਰ ਹੀ ਨਹੀਂ ਦੱਸ ਰਹੇ,ਪਰ ਇਕ ਵੱਖਰੀ ਭਿੰਨ ਵਜਕਤੀ ਜਿਸਦੀ ਸਰਗੁਣਤਾ ਸ਼ਰੀਰ ਧਾਰੀ ਹੋਣ (ਸਾਕਾਰਤਾ) ਤੱਕ ਅੱਪੜਦੀ ਹੈ। ਇਹ ਅਸੀਂ ਦੱਸ ਆਏ ਹਾਂ ਕਿ ਐਸੀਆਂ ਵ੍ਯਕਤ ਵਜਕਤੀਆਂ ਨੂੰ ਪਰਮੇਸੁਰ ਤੁੱਲ ਕਰਤਾ ਮੰਨਕੇ ਪੂਜਣਾ, ਗੁਰੂ ਸਿੱਧਾਂਤ ਵਿਚ ਮਨ੍ਹੇ ਹੈ।

ਹੁਣ ਅਸੀਂ ਇਹ ਦੇਖਣਾ ਹੈ ਕਿ ਆਇਆ ਬੀਰਰਸੀ ਸਹਾਇਤਾ ਦੀ ਮੰਗ ਸਤਿਗੁਰ ਜੀ ਆਪਣੇ ਆਦਰਸ਼, ਆਪਣੇ ਇਸ਼ਟ ਅਕਾਲਪੁਰਖ ਪਾਸੋਂ ਕਰਦੇ ਹਨ ਕਿ ਨਹੀਂ ਕਿ ਜਿਸ ਪਾਸੋਂ ਹੋਰ ਸਾਰੀਆਂ ਮੰਗਾਂ ਮੰਗਦੇ ਹਨ। ਅਰਥਾਤ ਜਿਸਨੂੰ ਸਰਬ ਸ਼ਕਤੀਮਾਨ ਕਹਿੰਦੇ ਹਨ ਉਸ ਵਿਚ 'ਬਲਬੀਰਤਾ' ਦਾ ਨਿਵਾਸ ਮੰਨਦੇ ਹਨ ਕਿ ਨਹੀਂ ? ਉਸੇ ਤੋਂ ਬੀਰ ਰਸ ਦੀ ਦਾਤ ਲੈਂਦੇ,ਅਤੇ ਮਿਲੀ ਤੇ ਸ਼ੁਕਰਾਨੇ ਕਰਦੇ ਹਨ ਕਿ ਨਹੀਂ ? ਕਿਉਂਕਿ ਜੇ ਉਸੇ ਤੋਂ ਇਹ ਲੋੜ ਪੂਰੀ ਕਰਦੇ ਲੱਭ ਪੈਣ ਤਦ ਫਿਰ ਕਿਸੇ ਹੋਰ ਵੱਖਰੀ ਬੀਰਰਸੀ ਸ਼ਕਤੀ ਦੀ ਉਪਾਸਨਾ ਆਪੇ ਹੀ ਵਾਧੂ ਤੇ ਨਿਰ ਅਰਥਕ ਦਿੱਸ ਪਵੇਗੀ। ਅਕਾਲ ਪੁਰਖ ਵਿਚ 'ਬੀਰਤਾ ਸ਼ਕਤੀ' ਪਰਥਾਇ ਵਾਕ:—

ਅਤਿ ਸੂਰਾ ਜੇ ਕੋਊ ਕਹਾਵੈ ॥ ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥ [ਸੁਖਮਨੀ।

ਪੁਨਾ:—ਦਾਨ ਕੇ ਦਿਵੱਯਾ ਮਹਾ ਮਾਨ ਕੇ ਬਢੱਯਾ ਅਵਸਾਨ ਕੇ ਦਿਵੱਯਾ ਹੈ ਕਟੱਯਾ
ਜਮ ਜਾਲ ਹੈ ॥ ਜੁੱਧ ਕੇ ਜਿਤੱਯਾ ਅਬਿਰੁੱਧ ਕੇ ਮਿਟੱਯਾ ਮਹਾ ਬੁੱਧਿ ਕੇ ਦਿਵੱਯਾ
ਮਹਾ ਮਾਨ ਹੂੰਕੇ ਮਾਨ ਹੈ ॥ [ਅਕਾਲ ਉਸਤਤ ੨੫੩

ਪੁਨਾ:—ਜੁੱਧ ਕੇ ਜਿਤਈਆ, ਰੰਗ ਭੂਮ ਕੇ ਭਵਈਆ ਭਾਰ ਭੂਮ ਕੇ ਮਿਟਈਆ ਨਾਥ
ਤੀਨ ਲੋਕ ਗਾਈਐ ॥ [ਗਿਆਨ ਪ੍ਰਬੋਧ ੧. ੪੩.

ਪੁਨਾ:—ਗਾਲਬ ਗਿਟੰਦਾ ਜੀਤ ਤੇਜ ਕੇ ਦਿਹੰਦਾ.....॥ [ਗਿਆਨ ਪ੍ਰਬੋਧ ੩. ੪੫.

ਪੁਨਾ:—ਜੋਤ ਕੇ ਜਰਿੰਦਾ ਜੰਗ ਜਾਫਰੀ ਦਿਹੰਦਾ.....॥ [ਗਿਆਨ ਪ੍ਰਬੋਧ ੧. ੪੬.

ਪੁਨਾ:—ਅਕਾਲ ਪੁਰਖ ਕੀ ਰੱਛਾ ਹਮਨੈ ॥ ਸਰਬ ਲੋਹ ਦੀ ਰੱਛਿਆ ਹਮਨੈ ॥ ਸਰਬ

ਕਾਲ ਜੀ ਕੀ ਰੱਛਿਆ ਹਮਨੈ॥ ਸਰਬ ਲੋਹ ਜੀ ਦੀ ਸਦਾ ਰੱਛਿਆ ਹਮਨੈ* ॥

ਇਸੀ ਤਰ੍ਹਾਂ ਜੋ ਜੁੱਧਾਂ ਜੰਗਾਂ ਦੀ ਕਾਮਯਾਬੀ ਯਾ ਰੱਖਿਆ ਹੋਣ ਪਰ ਯਾ ਜੁੱਧਾਂ ਵਿਚੋਂ ਅਤਿ ਵਿਰੋਧੀ ਹਾਲਤ ਵਿੱਚੋਂ ਆਪ ਸਹੀ ਸਲਾਮਤ ਬਚ ਜਾਣ ਪਰ ਆਪਦੇ ਸ੍ਰੀ ਮੁਖਵਾਕ ਅਕਾਲ ਪੁਰਖ ਦੇ ਸ਼ੁਕ੍ਰਾਨੇ ਤੇ ਟੇਕ ਦੇ ਹੀ ਮਿਲਦੇ ਹਨ, ਜੋ ਦੱਸਦੇ ਹਨ ਕਿ ਭੰਗਾਣੀ ਤੋਂ ਲੈਕੇ ਚਮਕੌਰ ਸਾਕੇ ਤਕ ਦੇ ਮਾਰਕਿਆਂ ਵਿਚ ਇੱਕੋ ਰਵਸ਼ ਗੁਰੂ ਸਾਹਿਬ ਜੀ ਦੀ 'ਅਕਾਲ ਪੁਰਖ ਦੇ ਸ਼ੁਕਰੀਏ ਤੇ ਟੇਕ ਦੀ' ਰਹੀ ਹੈ ਤੇ ਕਿਤੇ ਫਰਕ ਨਹੀਂ ਆਇਆ, ਯਥਾ ਸ੍ਰੀ ਮੁਖਵਾਕ:—

੧. ਜੰਗ ਭੰਗਾਣੀ ਫਤੇ ਹੋਣ ਪਰ ਸ੍ਰੀ ਮੁਖਵਾਕ:—ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ ॥

੨. ਖਾਨਜ਼ਾਦੇ ਦੇ ਭੱਜ ਜਾਣ ਪਰ:—ਪ੍ਰਭ ਬਲ ਹਮੈ ਨ ਛੁਇ ਸਕੇ ਭਾਜਤ ਭਏ ਨਿਦਾਨ ॥

੩. ਹੁਸੈਨੀ ਜੁੱਧ ਫਤੇ ਹੋਣ ਪਰ:—

ਰਾਖਿ ਲੀਯੋ ਹਮ ਕੋ ਜਗਰਾਈ ॥ ਲੋਹ ਘਟਾ ਅਨਤੇ ਬਰਸਾਈ ॥ ੬੯ ॥

੪ ਸ਼ਾਹਜ਼ਾਦੇ ਦੇ ਆਉਣ ਪਰ:—

ਮੈ ਤਨ ਕਸ਼ਟ ਨ ਦੇਖਨ ਪਾਯੋ। ਆਪ ਹਾਥ ਦੇ ਨਾਥ ਬਚਾਯੋ ॥

੫. ਚਮਕੌਰ ਤੋਂ ਸਲਾਮਤ ਬਚ ਜਾਣ ਪਰ ਜ਼ਫਰਨਾਮੇ ਵਿਚ:—

---

*ਗੁਰੂ ਜੀ ਦਾ ਜੀਵਨ ਘੋਖਣ ਨਾਲ ਪਤਾ ਲਗਦਾ ਹੈ ਕਿ ਆਪ ਨੇ ਜੋ ਤ੍ਰੀਕਾ ਬੀਰ ਰਸ ਉਤਪਤ ਕਰਨ ਦਾ ਵਰਤਿਆ ਉਹ ਇਹ ਸੀ ਕਿ ਇਕ ਅਕਾਲ ਪੁਰਖ ਨੂੰ ਹੀ ਬੀਰ ਰਸ ਪ੍ਰਦਾਤਾ ਦੱਸਿਆ, ਕਿਉਂਕਿ ਉਹ ਸਰਬ ਸ਼ਕਤੀਮਾਨ ਹੈ, ਉਸ ਵਿਚ ਸਾਰੇ ਬਲ ਤੇ ਸਾਰੀਆਂ ਸ਼ਕਤੀਆਂ ਹਨ। ਫਿਰ ਆਪ ਨੇ ਬੀਰਰਸੀ ਬਾਣੀ ਰਚੀ ਜਿਸ ਨੇ ਉਤਸਾਹ ਭਰਿਆ। ਫਿਰ ਅੰਮ੍ਰਿਤ ਛਕਾਕੇ ਸਭਨਾਂ ਵਿਚ ਵਾਹਿਗੁਰੂ ਸਿਮਰਨ ਤੇ ਪ੍ਰੇਮ, ਭ੍ਰਾਤ੍ਰੀ ਪਿਆਰ ਉੱਦਮ ਤੇ ਉਤਸਾਹ ਦਾਨ ਕੀਤਾ। ਫਿਰ ਲੰਗਰ ਸਾਂਝਾ ਕਰਕੇ ਜਾਤ ਪਾਤ ਮੇਟਕੇ ਸ਼ਸਤ੍ਰ ਵਿੱਦਿਆ ਸਿਖਾਕੇ ਆਪ ਕਰਕੇ ਤੇ ਆਪਣੇ ਸਾਹਮਣੇ ਕਰਾਕੇ ਸਿੱਖਾਂ ਨੂੰ ਆਪਣੇ ਆਪ ਦੇ ਆਸਰੇ ਉੱਠਣਾ ਸਿਖਾਲਿਆ। ਨਾਮ ਨਾਲ ਸਾਈਂ ਨਾਲ ਜੁੜੇ ਰਹਿਕੇ ਤੇ ਤੇਗ ਨਾਲ ਸ੍ਵੈਸਹਾਰੇ ਤੇ ਟਿਕਕੇ ਸੁਖਦਾਈ ਬੀਰ ਬਣਾਇਆ। ਸ਼ਸਤ੍ਰਾਂ ਦਾ ਭਰੋਸਾ ਇੰਨਾ ਵਧਾਇਆ ਕਿ ਅਕਾਲ ਪੁਰਖ ਦੇ ਨਾਵਾਂ ਵਿਚ ਸ਼ਸਤ੍ਰਾਂ ਦੇ ਨਾਮ ਵਰਤੇ। ਭਾਵ ਇਹ ਸੀ ਕਿ ਧਯਾਨ ਅੰਦਰੋਂ ਅਕਾਲ ਪੁਰਖ ਵੱਲ ਰਹੇ ਤੇ ਬਾਹਰ ਹੱਥ ਸ਼ਸਤ੍ਰ ਤੇ ਜਾਵੇ। ਅੰਦਰ ਲਿਵ ਜੁੜੀ ਰਹੇ ਤੇ ਬਾਹਰ ਉਸੇ ਸਾਈਂ ਦਾ ਤੇਜ ਤੇ ਬਲ ਤੇ ਉਸ ਦਾ ਪ੍ਰਕਾਸ਼ ਸ਼ਸਤ੍ਰਾਂ ਵਿਚ ਚਮਕਾਰੇ ਮਾਰੇ। ਆਪਣੇ ਡੌਲੇ ਫਰਕਨ ਪਰ ਝੂਠੀ ਹਉਮੈਂ ਨਾ ਆਵੇ, ਸ਼ੁੱਧ ਬੀਰਰਸ ਤੇ ਭਰੋਸੇ ਵਾਲਾ ਬੀਰਰਸ ਤੇ ਜਗਤ ਨੂੰ ਸੁਖ ਦੇਣ ਵਾਲਾ ਬੀਰਰਸ ਉਦਜਤ ਰਹੇ। ਜੈਸੇ ਤੇਗ ਉਪਲਖਿਤ ਅਕਾਲਪੁਰਖ ਦੀ ਮਹਿਮਾ ਕਰਦੇ ਹਨ:—

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ ॥ ਭੁਜਦੰਡ
ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥ ਸੁਖ ਸੰਤਾ ਕਰਣੰ ਦੁਰਮਤਿ
ਦਰਣੰ ਕਿਲਬਿਖ ਹਰਣੰ ਅਸ ਸਰਣੰ ॥ ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ
ਮਮ ਪ੍ਰਤਿਪਾਰਣ ਜੈ ਤੇਗੰ ॥ ੨ ॥ [ਬ: ਨਾਟਕ

ਅਗਰ ਬਰਯਕ ਆਯਦ ਦਹੋ ਦਸ ਹਜ਼ਾਰ॥ ਨਿਗਾਹਬਾਨ ਓਰਾ ਸ਼ਵਦ ਕਿਰਦਗਾਰ*॥
ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ॥ ਕਿ ਮਾਰਾ ਨਿਗਾਹਸਤ ਯਜ਼ਦਾਂ ਸ਼ੁਕਰ†॥
ਕਿ ਓ ਰਾ ਗ਼ਰੂਰਸਤ ਬਰ ਮੁਲਕੋ ਮਾਲ॥ ਵ ਮਾਰਾ ਪਨਾਹਸਤ ਯਜ਼ਦਾਂ ਅਕਾਲ‡॥
ਪੁਨਃ—ਨ ਪੇਚੀਦ ਮੂਏ ਨ ਰੰਜੀਦ ਤਨ॥ ਕਿ ਬੇਰੂੰ ਖੁਦਾ ਬੁਰਦ ਦੁਸ਼ਮਨ ਸ਼ਿਕਨ§॥੪੪॥

ਸਾਰੇ ਬੀਰ ਰਸੀ ਜੁੱਧ ਜੰਗ ਦੇ ਸਮਿਆਂ ਪਰ ਆਪਣੀ ਟੇਕ ਤੇ ਰੱਖਿਆ ਤੇ ਕਾਮਯਾਬੀ ਦਾ ਦਾਤਾ ਅਕਾਲ ਪੁਰਖ ਨੂੰ ਦੱਸ ਰਹੇ ਹਨ। ਜਿਸ ਤੋਂ ਆਪ ਜੀ ਦੀ ਅਹਿੱਲ ਟੇਕ ਉਸੇ ਤੇ ਹੀ ਸਹੀ ਹੋ ਰਹੀ ਹੈ ਤੇ ਉਸੇ ਨੂੰ ਬੀਰਰਸ ਦਾਤਾ ਸਿੱਧ ਕਰ ਰਹੇ ਹਨ।

ਇਕ ਹੋਰ ਪਹਿਲੂ ਬੀ ਇਸੇ ਸਿਲਸਿਲੇ ਵਿੱਚ ਤੱਕਣਾ ਹੈ:—

ਬੀਰ ਰਸ ਛੇਵੇਂ ਸਤਿਗੁਰੂ ਜੀ ਆਪ ਪ੍ਰਗਟ ਕਰ ਚੁਕੇ ਸਨ। ਓਦੋਂ ਕੋਈ ਦੇਵੀ ਨਹੀਂ ਸੀ ਅਰਾਧੀ ਗਈ। ਫਿਰ ਬੀਰਰਸ ਭੰਗਾਣੀ ਦੇ ਜੁੱਧ ਵਿਚ ਲਾਲ ਚੰਦ ਜੀ ਹਲਵਾਈ ਵਰਗਿਆਂ ਅੰਦਰ ਸ੍ਰੀ ਕਲਗੀਧਰ ਜੀ ਆਪ ਪ੍ਰਗਟ ਕਰ ਚੁਕੇ ਸਨ, ਫਿਰ ਦੇਵੀ ਅਰਾਧ ਕੇ ਬੀਰਰਸ ਪ੍ਰਗਟ ਕਰਨ ਦੀ ਲੋੜ ਲੇਖਕਾਂ ਦਾ ਪ੍ਰਤਖ ਅਪਰ ਵਦਤੋਵਿਆਘਾਤ ਹੈ। ਫਿਰ ਅਕਾਲ ਪੁਰਖ ਦੀਆਂ ਹੋਰ ਸ਼ਕਤੀਆਂ ਨੂੰ ਅਲਗ ਅਲਗ ਕਰਕੇ, ਵੱਖਰੇ ਵਜੂਦ ਦੇਕੇ ਪੂਜਣ ਦੀ ਬੀ ਕੋਈ ਮਿਸਾਲ ਗੁਰੂ ਘਰ ਵਿਚ ਨਹੀਂ ਮਿਲਦੀ। ਕਿਸੇ ਗੁਰੂ ਸਾਹਿਬ ਜੀ ਨੇ ਸਿੱਖੀ ਦੀ ਪ੍ਰਤਿਪਾਲਾ, ਰਿਜ਼ਕ ਰੋਟੀ ਦੀ ਬਾਹੁਲਤਾ ਵਾਸਤੇ 'ਵਿਸ਼ਨੂੰ ਸ਼ਕਤੀ' ਯਾ 'ਵਿਸ਼ਨੂ ਵਜਕਤੀ' ਦੀ ਵੱਖਰੀ ਪੂਜਾ ਨਹੀਂ ਕੀਤੀ। ਆਪ ਨੇ ਸਿੱਖਾਂ ਦੀ ਸੰਤਾਨ ਬ੍ਰਿਧੀ ਲਈ ਬ੍ਰਹਮਾ ਯਾ 'ਬ੍ਰਹਮਾ ਸ਼ਕਤੀ' ਦੀ ਵੱਖਰੀ ਉਪਾਸਨਾ ਨਹੀਂ ਕੀਤੀ। ਅਪਣੇ ਸਿੱਖਾਂ ਨੂੰ ਬ੍ਰਿੱਧਾਯੂ ਕਰਨ ਲਈ ਸ਼ਿਵ ਕਿ 'ਸ਼ਿਵ ਸ਼ਕਤੀ' ਦੀ ਵੱਖਰੀ ਉਪਾਸਨਾ ਨਹੀਂ ਕੀਤੀ ਕਿ ਮੇਰੇ ਸਿੱਖਾਂ ਨੂੰ ਛੇਤੀ ਨਾ ਮਾਰਿਆ ਕਰ, ਕੇਵਲ 'ਕਾਲੀ' ਸ਼ਕਤੀ ਦੀ ਨਿਖੇੜਵੀਂ ਪੂਜਾ ਦੀ ਕਿਉਂ ਲੋੜ ਪਈ?

ਫਿਰ ਕਵੀਆਂ ਦੇ ਲਿਖੇ ਮੂਜਬ ਪਿਛਲੇ ਜਨਮ ਦੇਵੀ ਰਾਖਸ਼ਾਂ ਤੋਂ ਹਾਰਕੇ ਬਿੰਧਯਾਚਲ ਵਿੱਚ ਜਾਕੇ ਮੂਰਤੀ ਬਣ ਗਈ ਸੀ, ਉਸ ਦੇ ਸ਼ੱਤ੍ਰੂਆਂ ਨੂੰ ਗੁਰੂ ਜੀ ਨੇ ਮਾਰਿਆ ਸੀ ਤੇ ਦੇਵੀ ਉਨ੍ਹਾਂ ਦੀ ਸਹਾਇਤਾ ਕਰਨੇ ਤੇ ਸ਼ੁਕਰ ਗੁਜ਼ਾਰ ਹੋਈ ਸੀ। ਇਸ ਹਾਲ ਵਿਚ ਉਨ੍ਹਾਂ ਨੂੰ ਦੇਵੀ ਦੀ ਪੂਜਾ ਕਰਨ ਦੀ ਕੀ ਲੋੜ ਸੀ, ਜੇ ਦੇਵੀ ਨੇ ਕ੍ਰਿਤੱਗਯਤਾ ਪ੍ਰਗਟ ਕਰਨੀ ਸੀ ਤੇ ਗੁਰੂ ਜੀ ਦੇ ਅਹਿਸਾਨ ਦੇ ਬਦਲੇ ਕਲਜੁਗ ਵਿਚ ਮਦਦ ਸੀ ਤਾਂ ਆਪੇ ਕਿਉਂ ਨਾ ਆ ਗਈ, ਇਤਨੇ ਕਠਨ ਤਪ ਕਿਉਂ ਕਰਵਾਏ ਤੇ ਐਤਨੀਆਂ ਬਲੀਆਂ ਕਿਉਂ ਮੰਗੀਆਂ? ਪਿਛਲੇ ਜਨਮ ਦੀ ਗੁਰੂ ਜੀ ਦੀ ਕੀਤੀ ਸਹਾਇਤਾ ਦੀ ਕ੍ਰਿਤੱਗਯਤਾ ਦੇਵੀ ਨੇ ਕੀਹ ਦਿਖਾਈ? ਤੇ ਵਰ ਦਿੱਤਾ ਤਾਂ ਕੀਹ ਦਿੱਤਾ? ਚਾਰੋਂ ਪੁੱਤ੍ਰ ਬਲੀ ਦਿਓ, ਲੱਖਾਂ ਸਿਖ ਬਲੀ ਦਿਓ, ਆਪਣਾ ਲਹੂ ਦਿਓ, ਥਾਲੀ ਵਰ੍ਹੇ ਦੁੱਧ ਪਾਓ ਤਾਂ ਪੰਥ ਕੁਛ ਕਾਮਯਾਬ ਹੋਣ ਲਗੇਗਾ, ਇੰਨਾਂ ਚਿਰ ਤੁਰਕ ਸਿੱਖਾਂ ਦੀ ਖੂਬ ਅਲਖ ਮੁਕਾਉਂਦੇ ਰਹਿਣਗੇ। ਇਹ ਵਰ ਸੀ ਕਿ ਸ੍ਰਾਪ? ਸਗੋਂ ਇਸ ਤੋਂ ਤਾਂ ਦੇਵ।

*ਮੇਰਾ ਰਾਖਾ ਕਰਤਾਰ ਹੈ। †ਅਕਾਲ ਪੁਰਖ ਦੇ ਸ਼ੁਕਰ ਦੀ ਟੇਕ ਹੈ ਮੈਨੂੰ।
‡ਅਕਾਲ ਪੁਰਖ ਦੀ ਮੈਨੂੰ ਪਨਾਹ ਹੈ। §ਅਰਿ ਨਾਸ਼ਕ ਵਾਹਿਗੁਰੂ ਨੇ ਮੈਨੂੰ ਵਾਲ ਵਿੰਗਾ ਹੋਏ ਬਿਨਾਂ ਕੱਢ ਆਂਦਾ।

Sri Satguru Jagjit Singh Ji eLlibrary NamdhariElibrary@gmail.com

ਦੀ ਕਰਤੂਤੀ ਪ੍ਰਗਟ ਹੁੰਦੀ ਹੈ। ਉਪਰਲੀਆਂ ਸਾਰੀਆਂ ਵਿਚਾਰਾਂ ਤੋਂ ਸਪਸ਼ਟ ਸਿੱਧ ਹੁੰਦਾ ਹੈ ਕਿ ਵੱਖਰੀ ਵਿਅਕਤੀ ਦੇਵੀ ਦੀ ਪੂਜਾ ਗੁਰਮਤ ਵਿਚ ਨਹੀਂ ਹੈ ਤੇ ਨਾਂ ਹੀ ਗੁਰੂ ਦਸਮੇਸ਼ ਜੀ ਦੇ ਵਾਕਾਂ ਵਿੱਚ ਹੈ।

ਦੇਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਇਸ਼ਟ ਪੂਜਨ ਮੰਨਣੋ ਕਵਿ ਸੰਤੋਖ ਸਿੰਘ ਜੀ ਆਪ ਬੀ ਇਨਕਾਰ ਕਰਦੇ ਹਨ। ਇਕ 'ਅਨੰਦ ਘਨ' ਨਾਮੇ ਸਾਧੂ ਨੇ ਜਪੁਜੀ ਦੀ ਅਨਰਥਾਂ ਵਾਲੀ ਟੀਕਾ ਕੀਤੀ ਸੀ, ਉਸ ਵਿੱਚ ਉਸ ਨੇ 'ਗੁਰ ਈਸਰੁ ਗੁਰੁ ਗੋਰਖੁ ਬਰਮਾ ਗੁਰੂ ਪਾਰਬਤੀ ਮਾਈ' ਦੇ ਅਰਥਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਛੇ ਗੁਰੂ ਦੱਸੇ ਸਨ। ਕਵੀ ਜੀ ਨੇ ਫਿਰ 'ਗਰਬ ਗੰਜਨੀ ਟੀਕਾ' ਜਪੁ ਸਾਹਿਬ ਦੀ ਤਿਆਰ ਕੀਤੀ, ਉਸ ਵਿਚ ਇਸ ਦਾ ਖੂਬ ਰੱਦ ਕੀਤਾ ਤੇ ਦਸਾਂ ਗੁਰੂ ਸਾਹਿਬਾਂ ਦਾ ਇਸ਼ਟ 'ਦੇਵੀ' ਆਦਿਕ ਕੋਈ ਸਾਬਤ ਨਹੀਂ ਕੀਤਾ ਯਥਾ:—"ਜੇਕਰ ਅਪਨੇ ਗੁਰ ਬ੍ਰਹਮਾਂ ਕੋ ਮਾਨਤੇ ਸ੍ਰੀ ਗੁਰੂ ਜੀ ਤੋ ਐਸੇ ਬ੍ਰਹਮਾਂ ਕੋ ਅਪਨੀ ਬਾਣੀ ਮੈਂ ਨਹੀਂ ਕਹਿਤੇ। 'ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥' ਇਤਿਆਦੀ ਸ਼ਬਦੋਂ ਮੈਂ ਤਰਕਤ ਹੀ ਰਹੇ। ਜੇਕਰ ਇਨ ਤ੍ਰਿਅਨ ਕੋ ਗੁਰੂ ਮਾਨਤੇ, ਕਿਤੇ ਤੋ ਕਹਿਤੇ 'ਹੇ ਸਿਖ ਬ੍ਰਹਮਾ ਕੋ ਭਜਨ ਕਰ'। ਵਾ 'ਸ਼ਿਵਜੀ ਕੇ ਲਿੰਗ ਕੀ ਪੂਜਾ ਕੋ ਅਧਿਕ ਫਲ ਹੈ, ਸੋ ਕਰਤ ਰਹੁ'। ਵਾ 'ਤੀਨੋ ਦੇਵੀਆਂ ਕੀ ਉਪਾਸਨਾ ਕਰ*'। ਜੋ ਸਿੱਖਜ ਹੋਤ ਹੈਂ ਸੋ ਅਪਨੇ ਗੁਰਨ ਕੋ ਉਪਦੇਸ਼ ਬਤਾਵਤ ਹੈਂ। ਐਸੇ ਸ੍ਰੀ ਅਰਜਨ ਜੀ ਪੰਜਵੇਂ ਪਾਤਸ਼ਾਹ ਨੇ ਅਨੇਕ ਸਥਾਨ ਬਿਖੈ ਗੁਰ ਨਾਨਕ ਜੀ ਕੀ ਮਹਿਮਾ ਕੋ ਬਰਨਨ ਕੀਏ ਹੈ। [ਪ੍ਰਮਾਣ] 'ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥' ਇਤਿਆਦੀ ਅਨੇਕ ਬਾਰ ਕਹਯੋ ਹੈ। ਗ੍ਰੰਥ ਸਾਹਿਬ ਕੇ ਪੜ੍ਹਨ ਵਾਰੇ ਜੋ ਸਿਖ ਹੈਂ ਸੋ ਸਰਬ ਜਾਨਤ ਹੈਂ। ਔਰ ਅਬ ਤੀਕ ਗੁਰੂ ਜੀ ਕੋ ਉਪਦੇਸ਼ ਸਿੱਖ ਕਮਾਵਤ ਹੈਂ। ਬਿਸ਼ਨ ਸ਼ਿਵ ਕੀ ਪੂਜਾ, ਪਾਹਨ ਕੀ ਜੋ ਹੈ, ਤਿਸ ਕੋ ਬਿਵਰਜਤਿ ਕਰਨੇ ਹੈ [ਪ੍ਰਮਾਨ] 'ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥ ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥ ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ' ॥ ਲਿੰਗ ਸਾਲਿਗਰਾਮ ਪਾਹਨ ਕੋ ਜੋ ਪੂਜਨ ਹੈ ਤਿਨੇ ਤੇ ਅਪਣੇ ਪੰਥ ਕੋ ਬਰਜਯੋ ਹੈ। ਸਤਿਗੁਰਨ ਕੇ ਹਜ਼ੂਰ ਕੀ ਸਾਖੀ ਨਹੀਂ ਕੋਈ ਲਿਖੀ ਹੋਈ ਹੈ। ਸ਼੍ਰਵਨ ਭੀ ਕੋਈ ਨਹੀਂ ਕਰੀ ਹੈ: ਜੋ ਬ੍ਰਹਮਾ ਸ਼ਿਵ ਆਦਿ ਕੀ ਉਪਾਸਨਾ ਕਰਹੁ। ਐਸੇ ਉਪਦੇਸ਼ ਗ੍ਰੰਥ ਜੀ ਬਿਖੇ ਭੀ ਨਹੀਂ ਲਿਖਯੋ। ਮਨ ਕੀ ਮਤਿ ਕਰ ਜੋ ਅਨੰਦ ਘਨ ਲਿਖ ਗਯੇ ਹੈ ਤਿਸ ਤੇ ਕਿਸੀ ਨੇ ਮਾਨ ਕਰ ਅੰਗੀਕਾਰ ਬੀ ਨਹੀਂ ਕਰ ਲਯੋ ਹੈ। ਜੋ ਰੁਦ੍ਰਾਖ ਤੁਲਸੀ ਮਾਲਾ ਧਾਰਿਕੇ ਤਿਲਕ ਆਦਿ ਕਰਨ ਲਗ ਪਰੇ ਹੈਂ। ਯਾਂਹੀ ਤੇ ਕਹਯੋ ਅਨੰਦਘਨ ਨੀਰ ਮਥ ਗਯੋ ਹੈ। ਸਤਿਗੁਰੂ ਕੇ ਉਪਦੇਸ਼ ਹੈ ਜਿਸ ਰੀਤਿ ਕੋ ਸੋ ਤੋ ਸਿੱਧ ਕੀ ਰੀਤਿ ਸੋਂ ਗਰਜਤਿ ਹੈ ਦੇਸਨ ਪਰਦੇਸਨ ਮੈਂ:—ਭਾਣਾ ਮਾਨਣੋ, ਹਉਮੈ ਕੋ ਤਜਣੋ, ਸਤਿਨਾਮ ਕੋ ਸਿਮਰਨ, ਸਰੂਪ ਕੀ ਪ੍ਰਾਪਤਿ ਇਹ ਮਤਿ ਸਤਿਗੁਰਨ ਕੋ। ਜੇਕਰ ਐਸੇ ਅਪਰ

*ਦੇਖੋ ਏਥੇ ਸਿੱਖਾਂ ਵਿੱਚ ਤਿੰਨਾਂ ਦੇਵੀਆਂ ਦੀ ਪੂਜਾ ਦਾ ਕਵੀ ਸੰਤੋਖ ਸਿੰਘ ਜੀ ਆਪ ਖੰਡਨ ਕਰ ਰਹੇ ਹਨ, ਜਿਨ੍ਹਾਂ ਵਿੱਚ ਦੁਰਗਾ ਸ਼ਾਮਲ ਹੈ।

ਮਤ ਜੋ ਹੈਂ ਤਿਨ੍ਹੋਂ ਮੈਂ ਕੈਸੇ ਮਿਲਤ ਹੈਂ। ਹੈਰੰਨਗਰਭ ਸ਼੍ਰੀ ਬ੍ਰਹਮਾ ਕੇ ਸੇਵਕਨ ਕੋ ਮਤ। ਸ਼ੈਵੀਨ ਸਿਵ ਕੇ ਉਪਾਸਕੀ, ਤਿਨ ਕੌ ਮਤ। ਤੀਨੋ ਦੇਵਨ ਕੇ ਮਤ ਆਦਿ ਔਰ ਅਨੇਕ ਹੈਂ ਪਰਸਪਰ ਬਿਰੋਧੀ ਏਕ ਦੂਸਰੇ ਕੋ ਖੰਡਨ ਕਰਤ ਹੈਂ। ਤਿਸ ਕੋ ਔਰ ਖੰਡਤ ਹੈਂ। ਅਪਨੇ ਪਖ ਬਾਦ ਕੇ ਹੇਤ ਅਨੇਕਾਨ ਅਨੇਕ ਤਰਕ ਉਠਾਵਤ ਹੈਂ, ਅਪਨੇਂ ਮਤ ਕੇ ਅਨੁਸਾਰ ਬੇਦ ਕੀ ਸ੍ਰੁਤੀ ਖੋਜ ਖੋਜ ਰਾਖੀ ..., ਔਰ ਕੇ ਖੰਡਬੇ ਹਿਤ ਖੋਜ ਲਈ ਹੈਂ। ਆਪਨੇ ਸਤਿਗੁਰ ਨਿਰਵੈਰ ਜਿਸ ਮੈਂ ਜੀਵਨ ਕੋ ਕੱਲਯਾਨ ਹੋਇ ਸੋ ਕਹਿ ਗਏ ਹੈਂ ਸੂਧੀ ਬਾਤ। ਜਿਸ ਕੋ ਇਸ ਰੀਤਿ ਕੀ ਗਿਆਤਾ ਨਹੀਂ ਸੋ ਅਨੇਕ ਕਲਪਨਾ ਉਠਾਵਤ ਹੈਂ। ਜਿਨੋ ਨੇ ਇਹ ਸਮਝ ਰਾਖੀ ਹੈ ਬਹੁਰ ਸਤਿਗੁਰ ਕੇ ਉਪਦੇਸ਼ ਕਮਾਵਤੇ ਹੈ, ਤਿਨ ਕੋ ਮੁਕਤਿ ਪ੍ਰਾਪਤ ਸੁਖੈਨ ਹੀ ਹੁਇ ਆਵਤ ਹੈ। ਔਰ ਜੋ ਸ਼ਾਸਤ੍ਰਨ ਮੈਂ ਹੋਕਰ ਪਖਬਾਦ ਕੋ ਉਠਾਵਤ ਹੈਂ ਬਹੁਰ ਸਤਿਗੁਰ ਕੇ ਮਤ ਕੋ ਰਲਾਯੋ ਚਾਹਤਿ ਹੈਂ ਸੋ ਅਨਜਾਨ ਹੀ ਠਗਨੇ ਜਾਵਗੇ, ਨਿਸ਼ਚੇ ਵਾਰੇ ਜੋ ਸਿੱਖ ਹੈਂ ਸੋ ਤੋ ਸੁਪਨ ਮਾਤ੍ਰ ਭੀ ਤਿਨਕੋ ਕਹਿਨੋ ਨਹੀਂ ਮਾਨੈਂਗੇ। ਐਸੀ ਐਸੀ ਤਰਕਾਂ ਅਨੇਦਪਨ ਕੇ ਅਰਥ ਕਰਨੇ ਪਰ ਔਰ ਅਨੇਕ ਉਠਤਿ ਹੈਂ। ਸ੍ਰੀ ਗੁਰੂ ਦਸਵੀਂ ਪਾਤਸ਼ਾਹੀ ਇਸੀ ਬਾਤ ਤੇ ਭਵਿੱਖਤ ਬਿਚਾਰ ਕੇ ਅਪਨੇ ਗੁਰਨ ਕੋ ਨਿਰਨਾ ਕਰ ਗਏ ਹੈਂ। ਜੋ ਲੋਕ ਆਗੇ ਤੇ ਸਤਿਗੁਰਨ ਕੋ ਸਮਝਹਿੰਗੇ ਨਹੀਂ, ਕੋਈ ਕਿਸੀ ਕੇ ਮਤ ਕੋ ਅਨੁਮਾਨੰ ਕਰੈਗੇ ਕੋਈ ਕਿਸੀ ਕੋ ਕਹੈਗੇ। ਯਾਂਹੀ ਤੇ ਗੁਰ ਬਤਾਇ ਗਏ ਹੈਂ ਸੋਈ ਕਹਤਿ ਹੈਂ—'ਆਦਿ ਅੰਤ ਏਕੈ ਅਵਤਾਰਾ ॥ ਸੋਈ ਗੁਰੂ ਸਮਝੀਅਹੁ ਹਮਾਰਾ ॥' ਅਰੁ ਦੇਵੀ ਜੋ ਪ੍ਰਤੱਖ ਕਰੀ ਕਹਿਤੇ ਹੈਂ, ਸੋ ਕੈਸੇ ਜੋ ਅਨੇਕ ਸਥਾਨ ਬਿਖੈ ਅਪਨੀ ਬਾਣੀ ਮੈਂ ਉਸਤਤਿ ਚੰਡਿਕਾ ਕੀ ਕਰੀ ਹੈ*, ਤਿਸ ਕੋ ਸੁਨਿਕੈ ਪੀਛੈ ਤੇ ਲੋਕ ਅਨੇਂਦ

*ਦਸਮ ਗ੍ਰੰਥ ਵਿਚ ਚੰਡੀ ਚਰਿਤ੍ਰ ਦੀ ਹੋਂਦ ਨੂੰ ਹੀ ਕਈ ਆਦਮੀ ਦੇਵੀ ਪੂਜੇ ਜਾਣ ਦਾ ਸਬੂਤ ਦੱਸਦੇ ਹਨ। ਪ੍ਰੰਤੂ ਦਸਮ ਗ੍ਰੰਥ ਵਿਚ ਚੰਡੀ ਚਰਿਤ੍ਰ ਤੋਂ ਛੁਟ ੨੪ ਅਵਤਾਰਾਂ ਦੇ ਪ੍ਰਸੰਗ ਵੀ ਦਿੱਤੇ ਹਨ ਤੇ ਇਹ ਵੀ ਉਸੇ ਤਰ੍ਹਾਂ ਰਾਮਾਇਨ ਤੇ ਭਾਗਵਤ ਆਦਿਕ ਗ੍ਰੰਥਾਂ ਦੇ ਸੁਤੰਤ੍ਰ ਉਲਥੇ ਹਨ ਜਿਵੇਂ ਮਾਰਕੰਡੇ ਪੁਰਾਣ ਦੇ ਵਿੱਚੋਂ ਚੰਡੀ ਚਰਿੱਤ੍ਰ ਆਦਿਕ ਦੇ ਉਲਥੇ ਕੀਤੇ ਗਏ ਹਨ। ਜਿਵੇਂ ਚੰਡੀ ਚਰਿੱਤ੍ਰ ਵਿਚ ਚੰਡੀ ਦੀ ਮਹਿਮਾ ਹੈ ਤਿਵੇਂ ਹੀ ਰਾਮਾਇਨ ਤੇ ਭਾਗਵਤ ਆਦਿਕ ਦੇ ਉਲਥਿਆਂ ਵਿਚ ਸ੍ਰੀ ਰਾਮ ਚੰਦਰ ਤੇ ਕ੍ਰਿਸ਼ਨ ਜੀ ਦੀ ਉਸਤੁਤਿ ਹੈ, ਏਹ ਉਸਤਤੀਆਂ ਭੀ ਮੂਲ ਗ੍ਰੰਥਾਂ ਦੇ ਭਾਵਾਂ ਅਨੁਸਾਰ ਹਨ। ਸੋ ਜਿਸ ਤਰ੍ਹਾਂ ੨੪ ਅਵਤਾਰਾਂ ਦੇ ਪ੍ਰਸੰਗ ਦਸਮ ਗ੍ਰੰਥ ਵਿਚ ਹੋਣ ਤੋਂ ਗੁਰੂ ਜੀ ਇਨ੍ਹਾਂ ਦੇ ਉਪਾਸ਼ਕ ਨਹੀਂ ਸੋ ਤਿਵੇਂ ਹੀ ਚੰਡੀ ਚਰਿੱਤ੍ਰ ਆਦਿਕ ਦਾ ਰਚਿਆ ਜਾਣਾ ਇਹ ਕਿਸੇ ਤਰ੍ਹਾਂ ਵੀ ਸਿੱਧ ਨਹੀਂ ਕਰ ਸਕਦਾ ਕਿ ਗੁਰੂ ਜੀ ਦੇਵੀ ਭਗਤ ਸੇ, ਜੈਸਾ ਕਿ ਉੱਪਰ ਦੱਸੇ ਕਵਿ ਸੰਤੋਖ ਸਿੰਘ ਜੀ ਦੇ ਪ੍ਰਮਾਣ ਵਿਚ ਕਵਿ ਜੀ ਆਪ ਹੀ ਮੰਨ ਰਹੇ ਹਨ ਕਿ ਦਸੇ ਗੁਰੂ ਸਾਹਿਬ ਦੇਵੀ ਦੇਵਾਂ ਦੇ ਉਪਾਸਕ ਨਹੀਂ ਸਨ। ਇਨ੍ਹਾਂ ਉਲਥਿਆਂ ਦੇ ਅੰਤ ਵਿਚ ਉਲਥੇ ਕਰਨ ਦਾ ਆਸ਼ਯ ਵੀ ਦੱਸਿਆ ਹੈ ਜਿਹਾ ਕਿ ਚੰਡੀ ਚਰਿੱਤ੍ਰ ਦੇ ਅੰਤ ਵਿਚ ਲਿਖਿਆ ਹੈ:—

ਸੁਨੈ ਸੂੰਮ ਸੋਫੀ ਲਰੈ ਜੁੱਧ ਗਾਢੇ ॥੨੬੦॥

ਅਤੇ ਕ੍ਰਿਸ਼ਨਾ ਅਵਤਾਰ ਦੇ ਅੰਤ ਵਿਚ ਲਿਖਿਆ ਹੈ:—ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ॥ ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥ ਆਦਿ

ਘਨ ਐਸੇ ਕਹਿਤੇ ਹੈਂ ਜੋ ਦਸਵੀਂ ਪਾਤਸ਼ਾਹੀ ਕੋ ਗੁਰੂ ਦੇਵੀ ਹੈ। ਤਹਾਂ ਭੀ ਨਿਰਨੈਂ ਕਰ ਗਏ ਹੈਂ। ਪ੍ਰਮਾਣ:–'ਅਰੁ ਸਿਖ ਹੌ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ ॥' 'ਮਨ' ਨਾਮ ਗੁਰ ਕੋ ਹੈ ਸੋ ਪ੍ਰਥਮ ਪਾਤਸ਼ਾਹੀ ਤੇ ਦਸਵੀਂ ਪ੍ਰਯੰਤ ਸਰਬ ਕੋ ਏਕ ਆਸ਼ੇ ਹੈ। ਏਕ ਹੀ ਇਨ ਕੋ ਗੁਰ ਹੈ। ਏਕ ਹੀ ਇਨ ਕੋ ਸਰੂਪ ਹੈ। ਮੁਕਤਿ ਹਿਤ ਏਕ ਹੀ ਉਪਦੇਸ਼ ਹੈ। ਜੋ ਬਿਲੱਖਣ ਸਮਝਤ ਹੈ ਤਿਨੈਂ ਤੇ ਮੂਰਖ ਅਧਿਕ ਔਰ ਕੌਨ ਹੈ ?"

ਕਵਿ ਸੰਤੋਖ ਜੀ ਦੀ ਇਹ ਲਿਖਤ ਨਿਰਸੰਸੇ ਕਰਦੀ ਹੈ ਕਿ ਆਪ ਗੁਰੂ ਜੀ ਨੂੰ ਦੇਵੀ ਪੂਜਾ ਕਰਨ ਵਾਲਾ ਨਹੀਂ ਮੰਨਦੇ। ਦਸਾਂ ਗੁਰੂ ਸਾਹਿਬਾਂ ਦਾ ਪੂਜ੍ਯ ਇਕ ਅਕਾਲ ਨੂੰ ਮੰਨਦੇ ਹਨ।

ਕੌਤਕ–ਦੇਵੀ ਸਿੱਧ ਕੀਤੀ ਦਾ ਪ੍ਰਸੰਗ ਲਿਖਦੇ ਹੋਏ ਕਵੀ ਲੋਕ ਦੇਖਦੇ ਹਨ ਕਿ ਗੁਰੂ ਘਰ ਵਿਚ ਅਕਾਲ ਪੂਜਾ ਤੋਂ ਛੁੱਟ ਹੋਰ ਕੁਛ ਨਹੀਂ ਫਿਰ ਗੁਰੂ ਜੀ ਨੂੰ ਮਹਾਨ ਜਯੋਤੀ ਗੋਬਿੰਦ ਰੂਪ ਮੰਨਦੇ ਹਨ ਤੇ ਦੇਵੀ ਨੂੰ ਛੋਟੀ ਵਯਕਤੀ ਗੁਰਬਾਣੀ ਵਿਚ ਪੜ੍ਹਦੇ ਹਨ, ਤੇ ਆਪ ਭੀ ਲਿਖਦੇ ਹਨ। ਅਕਾਲ ਪੁਰਖ ਨੂੰ ਸਰਬ ਸਮਰੱਥ ਤੇ ਸ਼ਕਤੀਮਾਨ ਮੰਨਦੇ ਹਨ ਫਿਰ ਕੋਈ ਲੋੜ ਨਹੀਂ ਰਹਿੰਦੀ ਕਿ ਦੇਵੀ ਕਿਉਂ ਪੂਜਣੀ ਸੀ, ਤਦੋਂ ਇਸ ਗਲ ਨੂੰ ਇਕ 'ਕੌਤਕ ਮਾਤ੍ਰ' ਕਹਿਕੇ ਯੁਕਤੀ ਦਾ ਹਥਿਆਰ ਹੱਥੋਂ ਛੋੜ ਦੇਂਦੇ ਹਨ, ਯਥਾ:–ਦੇਵੀ ਦੇਵ ਕਿਤਿਕ ਜੋ ਆਹੀ। ਪਦ ਪੰਕਜ ਗੁਰ ਮੱਧ ਸਮਾਹੀਂ। ਇਹ ਭੀ ਇਕ ਕੌਤਕ ਕੋ ਕਾਜਾ। ਕਰਤਿ ਚਰਿੱਤ੍ਰ ਗਰੀਬ ਨਿਵਾਜਾ ॥

[ਗੁ:ਬਿ: ਸੁਖਾ ਸਿੰਘ ਪੰਨਾ ੨੦੩.

ਅਰਥਾਤ ਦੇਵੀ ਦੇਵ ਜਿਤਨੇ ਭੀ ਹਨ, ਗੁਰੂ ਜੀ ਦੇ ਪਗਪੰਕਜ ਵਿਚ ਸਮਾਏ ਹੋਏ ਹਨ, ਇਹ ਗੁਰੂ ਜੀ ਇਕ ਕੌਤਕ ਦਾ ਕਮ ਕਰਦੇ ਹਨ, ਭਾਵ ਕੋਈ ਖੇਡ ਮਾਤਰ ਚੋਜ ਸੀ।

ਕੌਤਕ ਨਾਮ ਹੈ ਤਮਾਸ਼ੇ ਦਾ, ਯਥਾ:–'ਕੌਤਕ ਕੋਡ ਤਮਾਸਿਆ'। ਸੋ ਜੇ ਫਰਜ਼ ਕਰ ਲਈਏ ਕਿ ਕੋਈ ਗਲ ਹੋਈ ਹੈ ਤਾਂ ਦੇਵੀ ਦਾ ਪ੍ਰਗਟਾਉਣਾ ਇਕ ਤਮਾਸ਼ੇ ਮਾਤ੍ਰ ਸੀ। ਇਸ ਤੋਂ ਸੰਭਾਵਨਾ ਹੁੰਦੀ ਹੈ ਕਿ ਦਰਬਾਰ ਵਿਚ ਕੱਠੇ ਹੋ ਗਏ ਸ਼ਾਕਤਕ ਮਤ ਦੇ ਪੰਡਤਾਂ ਦੇ ਕਹਿਣੇ ਪਰ ਕਿ ਆਪ ਬੀਰ ਰਸ ਪੈਦਾ ਕਰ ਰਹੇ ਹੋ ਕਦੇ ਦੇਵੀ ਪ੍ਰਗਟਾਓ ਤਾਂ ਕਾਰਜ ਸੁਖਿਨ ਹੋ ਜਾਵੇ। ਇਸ ਗਲ ਪਰ ਆਮੰਨਾ ਨਾ ਕਰਕੇ ਗੁਰੂ ਜੀ ਦਾ ਪ੍ਰੀਖਿਆ ਹਿਤ ਕਹਿ ਦੇਣਾ ਕਿ ਕਰਕੇ ਦਿਖਾਓ, ਤੇ ਉਨ੍ਹਾਂ ਦੀ ਕਹੀ ਸਾਰੀ ਲੋੜ ਪੂਰੀ ਕਰ ਦੇਣੀ ਤੇ ਤਮਾਸ਼ਾ ਦੇਖੀ ਚੱਲਣਾ ਤੇ ਅੰਤ ਸਿੱਧ ਨਾ ਹੋਣ ਤੇ ਤਲਵਾਰ ਨੂੰ ਹੀ ਪਰਤੱਖ ਸ਼ਕਤੀ ਦਿਖਾਕੇ ਤੇ ਅਪਣੇ ਤਿਆਰ ਕੀਤੇ ਸਿੱਖਾਂ ਦਾ ਬਾਹੂਬਲ ਹੀ ਤਾਕਤਵਰ ਦੱਸਕੇ ਉਨ੍ਹਾਂ ਨੂੰ ਸਤਿਕਾਰਨਾ ਤੇ ਯੱਗ ਕਰਕੇ ਸਨਮਾਨਤ ਕਰਨਾ ਅਤੇ ਨਾਕਾਮਯਾਬ ਹੋਏ ਬ੍ਰਾਹਮਣਾਂ ਨੂੰ ਨਾ ਸੱਦਣਾਂ ਤੇ ਉਨ੍ਹਾਂ ਦਾ ਗੁੱਸਾ ਤੇ ਨਿਰਾਸਤਾ ਉਸ ਪਰ ਸ੍ਰੀ ਮੁਖਵਾਕ 'ਜੋ ਕੁਛ ਲੇਖ ਲਿਖਯੋ ਬਿਧਨਾ' ਦੱਸ ਰਿਹਾ ਹੈ ਕਿ ਆਪ ਨੇ ਸਿਖਾਂ ਨੂੰ ਹੀ ਵਿਸ਼ੇਸ਼ਤਾ ਦਿੱਤੀ ਹੈ। ਕੌਤਕ ਦਾ ਭਾਵ ਲੈਕੇ ਜੇ ਫਰਜ਼ ਹੀ ਕਰ ਲਈਏ ਤਾਂ ਇਸ ਜਾ ਇਸ ਕਿਸਮ ਦੇ ਕਿਸੇ ਹੋਰ ਚੋਜ ਵੱਲ ਹੀ ਜਾਂਦਾ ਹੈ, ਸੋ ਕੌਤਕ ਲਈ ਕਰਨਾ ਭੀ ਦੇਵੀ ਨੂੰ 'ਗੁਰੂ ਜੀ ਦੀ ਪੂਜ੍ਯ' ਅਰ ਉਨ੍ਹਾਂ ਤੋਂ ਅਰਾਧੀ ਗਈ ਸਿੱਧ ਨਹੀਂ ਕਰਦਾ*।

ਅੰਤ ਵਿਚ ਇਕ ਹਾਸੇ ਵਾਲੀ ਗੱਲ ਇਸ ਪੱਖ ਵਿਚ ਲਿਖਣੀ ਜ਼ਰੂਰੀ ਬਣਦੀ ਹੈ ਕਿ

*ਇਸ ਤੇ ਵਿਸ਼ੇਸ਼ ਵੀਚਾਰ ਅਗਲੇ ਅੰਕ ਵਿਚ ਆਵੇਗੀ।

Sri Satguru Jagjit Singh Ji eLlibrary NamdhariElibrary@gmail.com

ਅਕਸਰ ਗਿਆਨੀ 'ਪ੍ਰਕ੍ਰਿਤੀ, ਮਾਇਆ' ਨੂੰ ਤੇ ਇਸ ਦੇਵੀ ਯਾ ਸ਼ਕਤੀ ਨੂੰ ਇੱਕੋ ਗੱਲ ਦੱਸਦੇ ਹਨ। ਪਰ ਇਹ ਸ਼ਕਤੀ ਜੋ ਦੇਵੀ ਹੋ ਕੇ ਪ੍ਰਗਟੀ ਦੱਸੀ ਜਾਂਦੀ ਹੈ, ਸਜੀਵ ਹੈ, ਚੇਤਨ ਵਜੂਦ (ਵਜਕਤੀ) ਰੱਖਦੀ ਹੈ, ਤੇਜ ਦਿਸਦਾ ਅਸਲਾ ਹੈ, ਫਿਰ ਏਹ ਸ਼ੁੱਧ ਚੇਤਨ ਨਾਲ ਅਭੇਦ ਬੀ ਬਾਜ਼ੇ ਵੇਲੇ ਦੱਸੀ ਜਾਂਦੀ ਹੈ*। ਪ੍ਰੰਤੂ ਸਾਂਖ ਵਾਲੀ 'ਪ੍ਰਕ੍ਰਿਤੀ' ਤੇ ਵੇਦਾਂਤ ਵਾਲੀ 'ਮਾਯਾ' ਜੜ੍ਹ ਹਨ, ਉਪਾਧੀਆਂ ਹਨ। ਸਾਂਖ ਦੀ ਪ੍ਰਕ੍ਰਿਤੀ ਪੁਰਖ ਨੂੰ ਆਛਾਦਨ ਕਰਨ ਵਾਲੀ ਤੇ ਫਸਾਉਣ ਵਾਲੀ ਹੈ। ਵੇਦਾਂਤ ਦੀ ਮਾਇਆ ਭੁਲੇਵਾ ਤੇ ਭੁਲੇਖਾ ਦੇਣ ਵਾਲੀ, ਅਗਜਾਨ ਤੇ ਅੰਧੇਰਾ ਹੈ। ਫਿਰ ਪ੍ਰਕ੍ਰਿਤੀ ਤੇ ਮਾਇਆ ਨੂੰ ਮਾੜਾ ਕਿਹਾ ਜਾਂਦਾ ਹੈ। ਇਸ ਨੂੰ ਦੂਰ ਕਰਨਾ, ਇਸ ਤੇ ਜਿੱਤ ਪਾਉਣੀ, ਇਸ ਦੇ ਫੰਧੇ ਤੋਂ ਛੁੱਟਣਾ ਜੀਵਨ ਦਾ ਪਰਮਾਰਥ ਸਮਝਿਆ ਜਾਂਦਾ ਹੈ। ਉਧਰ ਦੇਵੀ ਯਾ ਸ਼ਕਤੀ ਪੂਜਨੀਕ ਕਹੀ ਦੀ ਹੈ, ਸਤਿਕਾਰ ਯੋਗ ਦੱਸੀਦੀ ਹੈ, ਧਿਆਨ ਯੋਗ ਦੱਸੀ ਜਾਂਦੀ ਹੈ। ਫਿਰ ਦੋਹਾਂ ਨੂੰ ਇਕ ਕਿਵੇਂ ਕਯਾਸ ਕੀਤਾ ਜਾਂਦਾ ਹੈ? ਸੋ ਜੇ ਦੇਵੀ ਨੂੰ ਪ੍ਰਕ੍ਰਿਤੀ ਤੇ ਮਾਇਆ ਨਾਲ ਪ੍ਰਯਾਯਵਾਚੀ ਸਮਝਿਆ ਜਾਏਗਾ ਤਾਂ ਆਪੇ ਹੀ ਉਹ ਤਿਆਗਣੇ ਯੋਗ ਤੇ ਨਾਂ ਪੂਜਣੇ ਯੋਗ ਸਿੱਧ ਹੋ ਗਈ। ਉਸ ਤੋਂ ਜਗਤ ਨੂੰ ਉਭਾਰਨ ਵਾਸਤੇ ਹੀ ਆਪ ਆਏ ਸਨ। ਉਸ ਦੀ ਪੂਜਾ ਦਸਮੇਂ ਗੁਰੂ ਜੀ ਨੇ ਕਾਸ ਨੂੰ ਕਰਨੀ ਸੀ।

੩. ਤੀਸਰਾ ਸਰੂਪ ਦੇਵੀ ਦਾ ਦੇਵੀ ਦੀ ਮੂਰਤੀ ਹੈ। ਸੋ ਸਿਖ ਲੇਖਕਾਂ ਨੇ, ਜਿਨ੍ਹਾਂ ਦੇ ਜ਼ਿਕਰ ਅਸਾਂ ਪਿੱਛੇ ਕੀਤੇ ਹਨ, ਕਿ ਜਿਨ੍ਹਾਂ ਨੇ ਦੇਵੀ ਪੂਜੀ ਲਿਖੀ ਹੈ ਉਨ੍ਹਾਂ ਨੇ ਦੇਵੀ ਦੀ ਮੂਰਤੀ ਦੀ ਪੂਜਾ ਕੀਤੀ ਗਈ ਦਾ ਜ਼ਿਕਰ ਨਹੀਂ ਕੀਤਾ। ਉਨ੍ਹਾਂ ਨੇ ਨਹੀਂ ਦੱਸਿਆ ਕਿ ਕਿਸੇ ਪੱਥਰ, ਮਿੱਟੀ, ਕਾਠ ਯਾ ਧਾਤੂ ਆਦਿ ਦੀ ਘੜੀ ਮੂਰਤੀ ਜੋ ਵਿੰਧਯਾਚਲ ਤੇ ਕਾਲੀ ਘਾਟੀ ਤੇ ਹੋਰ ਥਾਈਂ ਪੂਜੀ ਜਾ ਰਹੀ ਹੈ ਗੁਰੂ ਜੀ ਨੇ ਪੂਜੀ ਸੀ। ਇਸ ਕਰਕੇ ਇਸ ਤੇ ਬਹਿਸ ਦੀ ਲੋੜ ਨਹੀਂ। ਉਹ ਗਜਾਨੀ ਜੋ ਕਥਾ ਵਾਰਤਾ ਕਰਦੇ ਹਨ ਉਹ ਬੀ ਦੇਵੀ ਦੀ ਮੂਰਤੀ ਦੀ ਪੂਜਾ ਕੀਤੀ ਗਈ ਸ੍ਵੀਕਾਰ ਨਹੀਂ ਕਰਦੇ। ਦੇਵੀ ਦੀ ਮੂਰਤੀ ਦਾ ਪੂਜਨ ਨਾ ਗੁਰਬਾਣੀ ਵਿੱਚ ਹੈ, ਨਾਂ ਗੁਰ ਇਤਿਹਾਸ ਵਿਚ ਹੈ, ਨਾਂ 'ਦੇਵੀ ਪ੍ਰਗਟ ਕਰਨਾ, ਸਿੱਧ ਕਰਨ ਵਾਲੇ ਉਪਰਲੇ ਲੇਖਕਾਂ ਦੀ ਰਚਨਾ ਵਿੱਚ ਹੈ। ਇਸ ਲਈ ਦੇਵੀ ਦਾ ਇਹ ਪੱਖ ਹੋਰ ਵਿਚਾਰ ਗੋਚਰਾ ਨਹੀਂ।

## ੩. ਇਤਿਹਾਸਕ ਪਹਿਲੂ!

ਇਸ ਪਾਸੇ ਦੀ ਖੋਜ ਕਰਨ ਵਿਚ ਤ੍ਰੈ ਸਮੇਂ ਨਿਯਤ ਹੁੰਦੇ ਹਨ, (ੳ) ਗੁਰੂ ਜੀ ਦੇ ਸਮੇਂ ਤੋਂ ੧੯੩੩ ਤਕ ਦਾ ਸਮਾਂ (ਅ) ੧੯੩੩ ਤੋਂ ੧੯੪੬ ਤੇ (ੲ) ੧੯੪੬ ਤੋਂ ਹੁਣ ਤਕ ਦਾ ਸਮਾਂ†।

### ੳ. [ਗੁਰੂ ਜੀ ਦਾ ਆਪਣਾ ਤੇ ਉਸ ਤੋਂ ਪਿੱਛੋਂ ਸੰ: ੧੯੩੩ ਤੱਕ ਦਾ ਸਮਾਂ]

ਹੁਣ ਅਸਾਂ ਖੋਜ ਕਰਨੀ ਹੈ ਕਿ ਗੁਰੂ ਜੀ ਦੇ ਦੇਵੀ ਪੂਜਣ ਤੇ ਪ੍ਰਗਟਾਉਣ ਸੰਬੰਧੀ

*ਏਥੇ ਭਾਈ ਸੰਤੋਖ ਸਿੰਘ ਜੀ ਦਾ ਇਹ ਵਾਕ:—ਪਰਮ ਜਯੋਤਿ ਕੀ ਜੋਤਿ ਮਹਾਨੀ॥ ਸਿਮਰੇ ਜਹਾਂ ਤਹਾਂ ਬਰਦਾਨੀ॥ [ਰੁਤ ੩ ਅੰਸੂ ੯ ਅੰਕ ੪੩

†ਇਹ ਸਮੇ ਦੀ ਵੰਡ ਉਨ੍ਹਾਂ ਇਤਿਹਾਸਕ ਸਾਮਾਨਾਂ ਤੇ ਕੀਤੀ ਗਈ ਹੈ ਜੋ ਇਸ ਲੇਖ ਦੇ ਲਿਖਣ ਤਕ ਦੇਖਣ ਵਿੱਚ ਆਏ।

Sri Satguru Jagjit Singh Ji eLlibrary NamdhariElibrary@gmail.com

ਇਤਿਹਾਸਕਿ ਖੋਜ ਖੋਜੀ ਨੂੰ ਕਿੱਥੇ ਲੈ ਜਾਂਦੀ ਹੈ। ਅਰਥਾਤ ਕਿ ਇਹ ਗਲ ਅਮਰ ਵਾਕਿਆ ਸਿੱਧ ਹੁੰਦੀ ਹੈ ਕਿ ਨਹੀਂ ਕਿ ਨੈਣੇ ਦੇ ਟਿੱਲੇ* ਤੇ ਦੇਵੀ ਅਰਾਧੀ ਗਈ ਤੇ ਪ੍ਰਗਟ ਹੋਈ ਤੇ ਉਸਨੇ ਵਰ ਦਿੱਤੇ ਆਦਿ?

੧. ਸਭ ਤੋਂ ਪਹਿਲਾਂ ਸਾਨੂੰ ਦਸਮ ਗੁਰਬਾਣੀ ਤੇ ਖਾਸ ਕਰ ਬਚਿੱਤ੍ਰ ਨਾਟਕ ਵਿੱਚ ਖੋਜ ਕਰਨੀ ਚਾਹੀਦੀ ਹੈ। ਉਸ ਵਿਚ ਪਹਿਲੇ ਕਿਸੇ ਜਨਮ ਦੇ ਜ਼ਿਕਰ ਵਿੱਚ ਪਦ 'ਮਹਾਂ ਕਾਲ ਕਾਲਕਾ†' ਆਇਆ ਹੈ ਜਿਸ ਦੀ ਵੀਚਾਰ ਪਿੱਛੇ ਕਰ ਆਏ ਹਾਂ। ਫਿਰ ਬੀਰਰਸ ਉਦੀਪਕ ਚੰਡੀ ਦੇ ਤ੍ਰੈ ਲੇਖ—ਚਰਿੱਤ੍ਰ ਤੇ ਵਾਰ ਆਦਿਕ—ਹਨ, ਓਹ ਸੰਸਕ੍ਰਿਤ ਪੁਸਤਕਾਂ (ਮਾਰਕੰਡੇ ਪੁਰਾਣ ਆਦਿਕ) ਦੇ ਸੁਤੰਤ੍ਰ ਤੇ ਸੰਖੇਪ ਤਰਜਮੇ ਹਨ ਤੇ ਉਨ੍ਹਾਂ ਵਿੱਚ ਬੀ ਇਹ 'ਅਮਰ ਵਾਕਿਆ' ਕਿਤੇ ਨਹੀਂ ਆਉਂਦਾ ਕਿ ਅਸਾਂ ਨੇ ਨੈਣੇ ਦੇ ਟਿੱਲੇ ਤੇ ਦੇਵੀ ਪੂਜੀ ਤੇ ਪ੍ਰਗਟਾਈ। ਇਨ੍ਹਾਂ ਵਿੱਚ ਬੀਰਰਸ ਦੇ ਨਕਸ਼ੇ ਕਮਾਲ ਦੇ ਬੱਧੇ ਹਨ ਤੇ ਪ੍ਰਯੋਜਨ ਇਹ ਹੈ ਕਿ ਬੀਰਰਸੀ ਸਾਹਿਤ੍ਯ ਪੜ੍ਹ ਸੁਣਕੇ ਖਾਲਸੇ ਵਿੱਚ ਬੀਰਰਸ ਦਾ ਉਤਸ਼ਾਹ ਵਧੇ, ਜੈਸਾ ਕਿ ਲਿਖਿਆ ਹੈ:—"ਸੁਨੈ ਸੂਮ ਸੋਫੀ‡ ਲਰੈ ਜੁੱਧ ਗਾਢੈ" [ਚੰਡੀ ਚਰਿਤ੍ਰ—੨]। ਫਿਰ ਪਹਿਲੇ ਚੰਡੀ ਚਰਿਤ੍ਰ ਵਿਚ ਮਾਰਕੰਡੇ ਪੁਰਾਣ ਦਾ ਪਤਾ ਧਿਆਵਾਂ ਦੇ ਨਾਲੋ ਨਾਲ ਦਿਤਾ ਤੇ ਅੰਤ ਵਿਚ ਕਿਹਾ ਹੈ, 'ਕਉਤਕ ਹੇਤ ਕਰੀ ਕਵਿ ਨੇ ਸਤਿਸਯ ਕੀ ਕਥਾ ਇਹ ਪੂਰੀ ਭਈ ਹੈ'। ਖੋਜ ਕਰਨ ਤੇ ਦੂਏ ਪ੍ਰਸੰਗ ਪੌਰਾਣਕ ਸੰਖੇਪ ਤਰਜਮੇ ਹਨ, ਇਥੋਂ ਤਾਈਂ ਕਿ ਅੰਤਲੀਆਂ ਮਹਾਤਮ ਦੀਆਂ ਤੁਕਾਂ ਬੀ ਮੂਲ ਦੇ ਹੀ ਭਾਵ ਤਰਜਮਾ ਹੋਏ ਹਨ। ਇਨ੍ਹਾਂ ਵਿੱਚ 'ਚੰਡੀ ਚਰਿਤ੍ਰ ਉਕਤ ਬਿਲਾਸ' ਪਦ ਕਿਤੇ ਮੁੱਢ ਵਿਚ ਤੇ ਕਿਤੇ ਧਿਆਵਾਂ ਦੇ ਅੰਤ ਪਰ ਆਉਂਦਾ ਹੈ, ਜਿਸਦਾ ਮਤਲਬ ਹੈ ਕਿ ਇਹ ਤਰਜਮਾ ਹੈ ਅਥਵਾ ਬਿਲਾਸ ਦੀ ਖ਼ਾਤਰ ਕਿਹਾ ਜਾ ਰਿਹਾ ਹੈ§ ਤੇ ਅੰਤ ਵਿੱਚ 'ਕਉਤਕ ਹੇਤ ਕਰੀ ਕਵਿ ਨੇ' ਆਉਣ ਤੋਂ ਇਨ੍ਹਾਂ ਦਾ ਲਿਖਿਆ ਜਾਣਾ ਇਕ੍ਯਾਪਤੀ ਦਾ ਪ੍ਰਯੋਜਨੀਕ ਸਿੱਧ ਨਹੀਂ ਹੁੰਦਾ। ਚੰਡੀ ਚਰਿੱਤ੍ਰ ਪਹਿਲੇ ਦੇ ਮੁੱਢ ਵਿਚ ਅਕਾਲ ਪੁਰਖ ਦਾ ਸਪਸ਼ਟ ਮੰਗਲ ਕੀਤਾ ਹੈ ਤੇ ਮਗਰੋਂ ਇਹ ਤੁਕ ਬੀ ਪਈ ਹੈ:—'ਕ੍ਰਿਪਾ ਸਿੰਧ! ਤੁਮਰੀ ਕ੍ਰਿਪਾ ਜੋ ਕੁਛ ਮੋ ਪਰਿ ਹੋਇ॥ ਰਚੋਂ ਚੰਡਕਾ ਕੀ ਕਥਾ ਬਾਣੀ ਸੁਭ ਸਭ ਹੋਇ'॥ ਜਿਸ ਤੋਂ ਸਪਸ਼ਟ ਹੈ ਕਿ ਆਪਣਾ ਇਸ਼ਟ 'ਅਕਾਲ ਪੁਰਖ' ਹੈ, ਜਿਸ ਦੀ ਸਹਾਇਤਾ ਮੰਗ ਰਹੇ ਤੇ ਇਹ ਕਥਾ ਜੰਗ ਕਰਨ ਦਾ ਉਤਸ਼ਾਹ ਤੇ ਰੌਦ੍ਰ ਰਸ ਭਰਨ ਲਈ ਲਿਖਣ ਲਗੇ ਹਨ ਤੇ ਅੰਤ ਵਿਚ 'ਕਉਤਕ ਹੇਤ ਕਰੀ'

---

*ਕਵਿ ਜੀ ਨੇ ਨੈਣੇ ਗੁੱਜਰ ਦੇ ਨਾਮ ਤੋਂ ਟਿੱਲੇ ਦਾ ਇਹ ਨਾਉਂ ਬਣਿਆ ਦੱਸਿਆ ਹੈ।

†ਗਿਆਨੀ ਦਿੱਤ ਸਿੰਘ ਜੀ ਨੇ ਇਸ ਦਾ ਤਰਜਮਾ 'ਕਾਲ ਕਾ ਮਹਾਂ ਕਾਲ' ਕੀਤਾ ਹੈ ਤੇ 'ਅਰਾਧੀ' ਦਾ ਅਰਥ ਕੀਤਾ ਹੈ 'ਅਰਾਧਨ ਵਾਲਾ'।

‡ਕਾਇਰ।

§ਉਕ੍ਤ=ਕਹੀ ਹੋਈ। (ਪਹਿਲਾਂ ਕਿਸੇ ਦੀ) ਆਖੀ ਹੋਈ। ਬਿਲਾਸ=ਪ੍ਰਸੰਨ ਕਰਨੇ ਵਾਲੀ ਕ੍ਰਿਯਾ (ਯਾ ਕਥਾ)। ਉਕ੍ਤ ਬਿਲਾਸ=ਪਹਿਲਾਂ ਕਹੀ ਹੋਈ (ਦੇਵੀ ਦੀ) ਕਰਨੀ ਜੋ ਪੜ੍ਹਿਆਂ ਪ੍ਰਸੰਨਤਾ ਦੇਵੇ। ਇਸ ਦਾ ਮਤਲਬ ਸਾਫ ਹੈ ਕਿ ਸੰਸਕ੍ਰਿਤ ਵਿਚ ਕਹੇ ਗਏ ਦੇਵੀ ਦੇ ਕਾਰਨਾਮਿਆਂ ਦੀ ਕਥਾ ਦਾ ਇਹ ਤਰਜੁਮਾ ਯਾ ਉਲਥਾ ਹੈ। (ਅ) ਉਕਤ ਬਿਲਾਸ=ਕਥਾ ਜੋ ਬਿਲਾਸ ਮਾਤ੍ਰ ਲਈ ਆਖੀ ਗਈ ਹੋਵੇ।

ਕਹਿਕੇ ਅਪਨੀ ਜ਼ਿਮੇਂਵਾਰੀ ਤੋਂ ਅਲਹਿਦਗੀ ਸਾਫ਼ ਸਾਫ਼ ਦੱਸ ਰਹੇ ਹਨ। ਬਚਿੱਤ੍ਰ ਨਾਟਕ ਤੋਂ ਜੋ ਹੋਰ ਉਗਾਹੀ ਮਿਲਦੀ ਹੈ ਸੋ ਏਹ ਹੈ:— ਗੁਰੂ ਜੀ ਫੁਰਮਾਉਂਦੇ ਹਨ:—

(ੳ) ਤਪ ਸਾਧਤ ਹਰਿ ਮੋਹਿ ਬੁਲਾਯੋ ॥ ਇਮ ਕਹਿਕੈ ਇਹ ਲੋਕ ਪਠਾਯੋ ॥ ੨੮ ॥

ਅਕਾਲ ਪੁਰਖ ਬਾਚ ਚੌਪਈ :—

(ਅ) ਮੈਂ ਅਪਨਾ ਸੁਤਿ ਤੋਹਿ ਨਿਵਾਜਾ॥ ਪੰਥ ਪ੍ਰਚੁਰਿ ਕਰਿਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥ ਕੁਬੁੱਧਿ ਕਰਨ ਤੇ ਲੋਕ ਹਟਾਇ ॥੨੯॥

ਕਬਿਬਾਚ ਦੋਹਰਾ:—

(ੲ) ਠਾਂਢ ਭਯੋ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਿਯਾਇ ॥
ਪੰਥ ਚਲੈ ਤਬ ਜਗਤ ਮੇ ਜਬ ਤੁਮ ਕਰਹੁ ਸਹਾਇ ॥ ੩੦ ॥ ਚੌਪਈ:—

(ਸ) ਇਹ ਕਾਰਨਿ ਪ੍ਰਭ ਮੋਹਿ ਪਠਾਇਓ॥ ਤਬ ਮੈਂ ਜਗਤ ਜਨਮੁ ਧਰਿ ਆਇਓ ॥

(ਹ) ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰੁਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮੁ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥੪੨॥

(ਕ) ਇਹੈ ਕਾਜ ਧਰਾ ਹਮ ਜਨਮੰ ॥ ਸਮੁਝਿ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨਿ ॥

ਇਨ੍ਹਾਂ ਵਾਕਾਂ ਵਿਚ ਅਕਾਲ ਪੁਰਖ ਦਾ ਗੁਰੂ ਜੀ ਨੂੰ ਸੱਦਣਾਂ, ਪੰਥ ਰਚਨ ਦਾ ਹੁਕਮ ਦੇਣਾ, ਪੁੱਤ੍ਰ ਹੋਣ ਦਾ ਮਾਣ ਬਖਸ਼ਣਾ, ਧਰਮ ਚਲਾਉਣ ਤੇ ਦੁਸ਼ਟਾਂ ਦਾ ਮੂਲ ਪੱਟਣ ਆਦਿਕ ਬਾਬਤ ਹੁਕਮ ਦੇਣੇ, ਸ਼ਾਂਤਿ ਤੇ ਬੀਰਰਸੀ ਵਰ ਦੇਣੇ ਤਾਂ ਇਕ 'ਅਮਰ ਵਾਕਜਾ' ਦੀ ਤਰ੍ਹਾਂ ਅਰਥਾਤ ਇਕ ਇਤਿਹਾਸਕ ਹੋਈ ਘਟਨਾ ਦੇ ਰੂਪ ਵਿਚ ਸਫੁਟ ਲਿਖੇ ਹਨ ਪਰ ਕੋਸ਼ੋ ਦਾਸ ਨੂੰ ਲੈਕੇ ਹਵਨ ਕਰਕੇ ਦੇਵੀ ਦਾ ਆਵਾਹਨ, ਪ੍ਰਗਟਣਾ ਤੇ ਉਸਦਾ ਕਹਿਣਾ ਕਿ ਪੰਥ ਰਚੋ ਆਦਿ ਕੋਈ ਵਾਕਜਾ ਇਸ ਉਪਰਲੇ ਵਾਕਜਾ ਵਾਂਙੂ ਇਤਿਹਾਸਿਕ ਘਟਨਾ ਦੇ ਰੂਪ ਵਿਚ ਨਹੀਂ ਮਿਲਦਾ।

੨. ਦਸਮ ਗ੍ਰੰਥ ਸਾਰੇ ਪਰ ਅਸੀਂ ਇਸ ਵੇਲੇ ਇਤਿਹਾਸਿਕ ਜਾ ਭਾਵ ਬੋਧਕ ਵਿਵੇਚਨਾ ਨਹੀਂ ਕਰ ਰਹੇ। ਸਮੂਚੇ ਸੰਚਨ ਵਿਚ ਜਿਵੇਂ ਕਿ ਹੈ ਅਸੀਂ ਇਸ ਪੱਖ ਦੀ ਟੋਲ ਕਰਦੇ ਹਾਂ ਤਾਂ ਦੇਵੀ ਪੂਜਨ ਦੀ ਘਟਨਾ 'ਇਤਿਹਾਸਿਕ ਹੋਈ ਘਟਨਾ' ਦੇ ਰੂਪ ਵਿਚ ਕਿਤੇ ਨਹੀਂ ਮਿਲਦੀ। ਜਿਵੇਂ ਚੰਡੀ ਦੀ ਵਾਰ ਵਿਚ ਦੇਵੀ ਦੇ ਪ੍ਰਸੰਗ ਹੈਨ, ਤਿਵੇਂ ਅਵਤਾਰਾਂ* ਦੇ ਸੰਚੇ ਤੇ 'ਚਰਿੱਤ੍ਰਾਂ' ਵਿਚ ਬੀ ਕਿਤੇ ਕਿਤੇ ਦੇਵੀ ਦੇ ਜ਼ਿਕਰ ਮਿਲਦੇ ਹਨ ਪਰ ਇਨ੍ਹਾਂ ਵਿਚ ਬੀ 'ਦੇਵੀ ਸਤਿਗੁਰਾਂ ਨੇ ਆਪ ਪੂਜੀ ਹੈ' ਦੀ ਕੋਈ ਇਤਿਹਾਸਿਕ ਘਟਨਾ ਵਾਲੀ ਲਿਖਤ ਨਹੀਂ ਮਿਲਦੀ। ਚਰਿੱਤ੍ਰਾਂ ਵਿਚ ਦਿੱਤੀਆਂ ਕਹਾਣੀਆਂ ਵਿਚ ਜੇ ਕਿਸੇ ਨਾਯਕ ਨਾਯਕਾ ਦੇ ਦੇਵੀ ਪੂਜਨ ਯਾ ਵਰ ਪ੍ਰਾਪਤੀ ਆਦਿ ਦਾ ਜ਼ਿਕਰ ਆਇਆ ਹੈ ਤਾਂ ਉਹ ਉਸੇ ਕਹਾਣੀ ਵਿਚ ਕਥੇ ਅਨਯ ਪੁਰਖਾਂ ਦੇ ਧਰਮ ਵਿਸ਼੍ਵਾਸ਼ ਤੇ ਕਰਤੱਤ੍ਰ ਦਾ ਸੂਚਕ ਹੈ, ਪਰ ਗੁਰੂ ਜੀ ਦਾ ਵਿਸ਼੍ਵਾਸ ਯਾ ਗੁਰੂ ਜੀ ਦੇ ਨਿਜ ਨਾਲ ਵਰਤੀ ਘਟਨਾ ਦਾ ਸਬੂਤ ਨਹੀਂ ਹੈ। ਫਿਰ ਜਦ ਚਰਿੱਤ੍ਰਾਂ ਦੀ ਹੋਰ ਖੋਜ ਕਰੀਏ ਤਾਂ ਸਗੋਂ ਉਥੋਂ ਹੀ ਦੇਵਤਿਆਂ ਦੇ ਸਿਧ ਕਰਨ ਕਰਾਵਨ ਵਾਲਿਆਂ ਦੇ ਉਲਟ ਬੀ ਸਾਮਾਨ ਮਿਲ ਜਾਂਦਾ ਹੈ, ਜੋ ਦੱਸਦਾ ਹੈ ਕਿ

*ਅਵਤਾਰ ਭੀ ਪੌਰਾਣਕ ਪੁਸਤਕਾਂ ਦੇ ਆਧਾਰ ਤੇ ਲਿਖੀਆਂ ਗਈਆਂ ਹਨ।

Sri Satguru Jagjit Singh Ji eLlibrary NamdhariElibrary@gmail.com

ਮੰਤ੍ਰ ਪ੍ਰਯੋਗ ਆਦਿ ਨਾਲ ਦੇਵਤਿਆਂ ਨੂੰ ਸਿੱਧ ਕਰਨ ਦੀਆਂ ਜੁਗਤਾਂ ਪੁਰ ਮਖੌਲ ਉਡਾਏ ਗਏ ਹਨ। ਦੇਖੋ ਚਰਿੱਤ੍ਰ ੨੬੬ ਜਿਸ ਵਿਚ ਐਉਂ ਲਿਖਿਆ ਹੈ:—

"ਸੁਨਹੁ ਬਿੱਪ੍ਰ ਤੁਮ ਮੰਤ੍ਰ ਦੇਤਿ ਜਿਹ॥ ਲੂਟ ਲੇਤ ਤਿਹ ਘਰ ਬਿਧਿ ਜਿਹ ਕਿਹ॥ ਤਾਂ ਕਹਿ ਕਛੂ ਗਜਾਨ ਨਹਿ ਆਵੈ॥ ਮੂਰਖ ਅਪਨਾ ਮੂੰਡ ਮੁੰਡਾਵੈ॥੨੯॥ ਤਿਹ ਤੁਮ ਕਹਹੁ ਮੰਤ੍ਰ ਸਿਧਿ ਹ੍ਵੈ ਹੈ॥ ਮਹਾਂ ਦੇਵ ਤੋਕੋ ਬਰੁ ਦੈ ਹੈ॥ ਜਬ ਤਾਂਤੇ ਨਹਿ ਹੋਤ ਮੰਤ੍ਰ ਸਿਧਿ॥ ਤਬ ਤੁਮ ਬਚਨ ਕਹਤ ਹੋ ਇਹ ਬਿਧਿ॥੩੦॥ ਕਛੁ ਕੁਕ੍ਰਿਯਾ ਤੁਮ ਤੇ ਭਯੋ॥ ਤਾਂਤੇ ਦਰਸ ਨ ਸਿਵਜੂ ਜਯੋ॥ ਅਬ ਤੈ ਪੁੰਨਯ ਦਾਨ ਦਿਜ ਕਰੁ ਰੇ॥ ਪੁਨ ਸਿਵ ਕੇ ਮੰਤ੍ਰਹ ਅਨੁਸਰੁ ਰੇ॥੩੧॥ ਉਲਟੋ ਡੰਡ ਤਿਸੀ ਤੇ ਲੇਹੀ॥ ਪੁਨ ਤਿਹ ਮੰਤ੍ਰ ਰੁਦ੍ਰ ਕੋ ਦੇਹੀ॥ ਭਾਂਤਿ ਭਾਂਤਿ ਤਾ ਕੋ ਭਟਕਾਵੈਂ॥ ਅੰਤ ਬਾਰ ਇਮ ਭਾਖਿ ਸੁਨਾਵੈਂ॥੩੨॥ ਤੋਤੇ ਕਛੂ ਅੱਛਰ ਰਹਿ ਗਯੋ॥ ਕੈ ਕਛੁ ਭੰਗ ਕ੍ਰਿਯਾ ਤੇ ਭਯੋ॥ ਤਾਂਤੇ ਤੁਹਿ ਬਰੁ ਰੁਦ੍ਰ ਨ ਦੀਨਾ॥ ਪੁੰਨਯ ਦਾਨ ਚਹੀਯਤ ਪੁਨਿ ਕੀਨਾ॥੩੩॥ ਇਹ ਬਿਧਿ ਮੰਤ੍ਰ ਸਿਖਾਵਤਿ ਤਾ ਕੋ॥ ਲੂਟਾ ਚਹਿਤ ਬਿੱਪ੍ਰ ਘਰ ਜਾਕੋ॥ ਜਬ ਵਹੁ ਦਰਬ ਰਹਿਤ ਹ੍ਵੈ ਜਾਈ॥ ਔਰ ਧਾਮ ਤਬ ਚਲਤ ਤਕਾਈ॥੩੪॥ ਦੋਹਰਾ॥ ਮੰਤ੍ਰ ਜੰਤ੍ਰ ਅਰੁ ਤੰਤ੍ਰ ਸਿਧ ਜੌ ਇਨ ਮਹਿ ਕਛੁ ਹੋਇ॥ ਹਜ਼ਰਤਿ ਹ੍ਵੈ ਆਪਹਿ ਰਹਹਿ ਮਾਂਗਤ ਫਿਰਤ ਨ ਕੋਇ"॥੩੫॥

ਇਸ ਵਿਚ ਹੁਣ ਦੇਵਤਾ ਸਿੱਧ ਕਰਨ ਦੇ ਦਾਵੇਦਾਰਾਂ ਦੀਆਂ ਚਲਾਕੀਆਂ ਦੱਸੀਆਂ ਗਈਆਂ ਤੇ ਅੰਤ ਵਿਚ ਗੱਜ ਵੱਜ ਕੇ ਕਹਿ ਦਿੱਤਾ ਹੈ ਕਿ ਜੰਤ੍ਰਾਂ ਮੰਤ੍ਰਾਂ ਵਿਚ ਐਸੀਆਂ ਸਿੱਧੀਆਂ ਇਹ ਲੋਕ ਰਖਦੇ ਹਨ ਤਾਂ ਦਰ ਦਰ ਮੰਗਦੇ ਕਿਉਂ ਫਿਰਦੇ ਹਨ, ਹਜ਼ਰਤ ਬਣਕੇ ਕਿਉਂ ਨਹੀਂ ਬੈਠ ਜਾਂਦੇ। ਫਿਰ ਇਸੇ ਚਰਿੱਤ੍ਰ ਵਿਚ ਪ੍ਰਯੋਗ ਆਦਿ ਦਾ ਆਪ ਖੰਡਨ ਕੀਤਾ ਹੈ:—

"ਧਨੀ ਪੁਰਖ ਕਹੁ ਲਖਿਦਿਜ ਦੋਖ ਲਗਾਵਹੀ॥ ਹੋਮ ਜਗਯ ਤਾਂਤੇ ਬਹੁ ਭਾਂਤ ਕਰਾਵਹੀ॥ ਧਨਿਯਹਿ ਕਰਿ ਨਿਰਧਨੀ ਜਾਤ ਧਨ ਖਾਇਕੈ॥ ਹੋ ਬਹੁਰ ਨ ਤਾਕੋ ਬਦਨ ਦਿਖਾਵਤ ਆਇਕੈ॥ ੭੬॥ ਚੌਪਈ॥ ਕਾਹੂ ਲੈ ਤੀਰਥਨ ਸਿਧਾਵੈ॥ ਕਾਹੂ ਅਫਲ ਪ੍ਰਯੋਗ ਬਤਾਵੈਂ॥ ਕਾਝਨ ਜਜੋਂ ਮਿਤ੍ਰਾਤ ਧਨੁ ਪਰ॥ ਜਜੋ ਕਿਲਕਿਲਾ ਮਛਰੀਯੋ ਕੂ ਪਰ"॥੭੭॥

ਫਿਰ ਇਨ੍ਹਾਂ ਚਰਿੱਤ੍ਰਾਂ ਦੇ ਅੰਤ ਵਿਚ ਇਕ ਰੋਮਾਂਚਿਕ (Romantic) ਕਹਾਣੀ ਬੀਰ ਰਸੀ ਜੋਸ਼ ਪੈਦਾ ਕਰਨੇ ਵਾਲੀ ਲਿਖੀ ਗਈ ਮਿਲਦੀ ਹੈ। ਇਸ ਵਿਚ ਦੇ ਵੈਰੀ ਦਲਾਂ ਦੀ ਕ੍ਰੋਧ ਅਗਨੀ ਤੋਂ ਇਕ ਤ੍ਰੀਮਤ ਉਪਜ ਪੈਂਦੀ ਹੈ ਤੇ ਉਹ 'ਸਾਈਂ' ਜੀ ਨਾਲ ਵਿਆਹ ਕਰਨ ਲਈ ਤਪ ਕਰਦੀ ਹੈ। 'ਸਾਈਂ' ਜੀ ਉਸ ਨੂੰ ਵਰ ਦੇਂਦੇ ਹਨ ਕਿ ਜਦ ਤੂੰ ਸ੍ਵਾਸਬੀਰਜ ਰਾਖਸ਼ ਨੂੰ ਮਾਰ ਲਵੇਂਗੀ ਤਾਂ ਤੇਰੀ ਮੁਰਾਦ ਪੁੱਗੇਗੀ। ਇਹ ਅਲੰਕਾਰਿਕ ਤ੍ਰੀਮਤ ਫੇਰ ਦੇਵੀ ਨੂੰ ਅਰਾਧਦੀ ਹੈ। ਇਹ ਤ੍ਰੀਮਤ ਰਾਖਸ਼ ਨਾਲ ਜੁੱਧ ਕਰਕੇ ਕਾਮਯਾਬ ਨਹੀਂ ਹੁੰਦੀ। ਜੰਗ ਦੇ ਹਾਲਾਤ ਬੜੇ ਜੋਸ਼ਦਾਰ ਬੀਰਤੇ ਰੌਦ੍ਰ ਰਸ ਦੇ ਪ੍ਰਭਾਵਸ਼ਾਲੀ ਹਨ। ਅੰਤ ਵਿਚ 'ਸਾਈਂ' ਜੀ—ਸ਼੍ਰੀ ਅਸਿਕੇਤ ਜੀ—ਆਪ ਰਾਖਸ਼ ਨੂੰ ਮਾਰਨ ਵਿਚ ਕਾਮਯਾਬ ਹੁੰਦੇ ਹਨ, ਪਰ ਫਿਰ ਉਸ ਅਲੰਕਾਰਕ ਤ੍ਰੀਮਤ ਦਾ ਜ਼ਿਕਰ ਨਹੀਂ ਆਉਂਦਾ। ਰੌਦ੍ਰ ਤੇ ਬੀਰ ਰਸੀ ਉਮਾਹ ਤੇ ਜੋਸ਼ ਵਰਣਨ ਵਿਚ ਕਹਾਣੀ ਦਾ

Sri Satguru Jagjit Singh Ji eLlibrary NamdhariElibrary@gmail.com

ਸਿਲਸਿਲਾ ਹੀ ਲੋਪ ਹੋ ਜਾਂਦਾ ਹੈ*। ਫਿਰ ਇਸ ਕਹਾਣੀ ਦੇ ਅੰਤ ਪਰ ਸ੍ਰੀ ਗੁਰੂ ਜੀ ਦੀ ਪ੍ਰਸਿੱਧ ਚੌਪਈ ਆਉਂਦੀ ਹੈ। ਇਹ ਚੌਪਈ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਦਾ ਕਿ ਸ੍ਵੈਯਾ 'ਪਾਇ ਗਹੇ ਜਬਤੇ ਤੁਮਰੇ' ਰਾਮਾਵਤਾਰ ਦੇ ਅੰਤ ਪਰ ਯਾ 'ਮੈ ਨ ਗਨੇਸਹਿ' ਕ੍ਰਿਸ਼ਨਾਵਤਾਰ ਵਿਚ ਆਉਂਦੇ ਹਨ। ਇਸ ਚੌਪਈ ਵਿਚ ਵਾਕ ਆਉਂਦੇ ਹਨ:—'ਤੁਮਹਿ ਛਾਡਿ ਕੋਈ ਅਵਰ ਨਾ ਧਯਾਊਂ ॥ ਜੋ ਬਰ ਚਹੋਂ ਸੁ ਤੁਮਤੇ ਪਾਊਂ' ॥

ਇਸ ਚੌਪਈ ਵਿਚ ਬ੍ਰਹਮਾ, ਸ਼ਿਵ, ਵਿਸ਼ਨੂ ਆਦਿਕਾਂ ਨੂੰ ਕਾਲ ਦੇ ਕੀੜੇ ਹੋਏ (ਕ੍ਰਿਤ) ਦੱਸਿਆ ਹੈ ਤੇ ਇਨ੍ਹਾਂ ਦੇ ਕਰਨਹਾਰ ਨੂੰ ਆਪਣਾ ਪੂਜਯ ਦੱਸਿਆ ਹੈ। ਯਥਾ:—

ਜਵਨ ਕਾਲ ਸਭ ਲੋਕ ਸਵਾਰਾ ॥ ਨਮਸਕਾਰ ਹੈ ਤਾਹਿ ਹਮਾਰਾ ॥"......."
ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥

ਇਸ ਵਿਚ ਉਸੇ ਸਿਰਜਣਹਾਰ ਕਰਤਾਰ ਨੂੰ ਨਿਰਲੇਪ ਨਿਰੰਕਾਰ ਕਹਿਕੇ ਨਿਰਗੁਣ ਸਰੂਪ ਵਾਲਾ ਦੱਸਦੇ ਹਨ। ਯਥਾ:—ਤੁਮ ਸਭ ਹੀ ਤੇ ਰਹਤ ਨਿਰਾਲਮ ॥ ਜਾਨਤ ਬੇਦ ਭੇਦ ਅਰ ਆਲਮ ॥ ਨਿਰੰਕਾਰ ਨਿਰਬਿਕਾਰ ਨ੍ਰਿਲੰਭ ॥ ਆਦਿ ਅਨੀਲ ਅਨਾਦਿ ਅਸੰਭ ॥

ਇਸੇ 'ਦੁਹੂੰ ਪਾਖਕਾ ਆਪਹਿ ਧਨੀ' ਦੇ ਅੱਗੇ ਫੇਰ ਬੀਰ ਰਸੀ ਸਹਾਯਤਾ ਲਈ ਅਰਦਾਸ ਕਰਦੇ ਹਨ†:—ਅਬ ਰੱਛਾ ਮੇਰੀ ਤੁਮ ਕਰੋ ॥ ਸਿੱਖਯ ਉਬਾਰ ਅਸਿੱਖਯ ਸੰਘਰੋ ॥

ਦੁਸਟ ਜਿਤੇ ਉਠਵਤ ਉਤਪਾਤਾ ॥ ਸਕਲ ਮਲੇਛ ਕਰੋ ਰਣਘਾਤਾ ॥

ਫਿਰ ਆਪਣੇ ਅਸੂਲ ਮੂਜਬ ਕਿ ਵਾਹਿਗੁਰੂ ਨੂੰ ਹਰ ਲਿੰਗ ਵਿਚ ਵਰਣਨ ਕਰਨਾ ਅਲਿੰਗ ਵਰਣਨ ਕਰਨ ਤੁੱਲ ਹੈ, ਆਪ ਨੇ ਕਿਹਾ ਹੈ:—ਕ੍ਰਿਪਾ ਕਰੀ ਹਮ ਪਰ ਜਗ ਮਾਤਾ ॥ ਗ੍ਰੰਥ ਕਰਾ ਪੂਰਨ ਸੁਭ ਰਾਤਾ ॥ ਕਿਲਬਿਖ ਸਕਲ ਦੇਹ ਕੋ ਹਰਤਾ‡ ॥ ਦੁਸ਼ਟ ਦੋਖਿਯਨ ਕੋ ਛੈ ਕਰਤਾ‡॥" ਇਥੇ ਉਸਨੂੰ ਜਗਮਾਤਾ ਕਹਿਕੇ ਪੁਲਿੰਗ ਵਾਚੀ ਪਦਾਂ 'ਕੋ ਹਰਤਾ' ਤੇ 'ਕੋ ਕਰਤਾ' ਨਾਲ ਯਾਦ ਕੀਤਾ ਹੈ ਤੇ ਅੱਗੇ ਇਸੇ ਜਗਮਾਤਾ ਨੂੰ ਪੁਲਿੰਗ ਵਾਚਕ ਪਦਾਂ ਨਾਲ ਯਾਦ ਕਰੀ ਟੁਰੀ ਜਾਂਦੇ ਹਨ:—ਸ੍ਰੀ ਅਸਿਧੁਜ ਜਬ ਭਏ ਦਿਆਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥

---

*ਅਸਲ ਵਿਚ ਇਹ ਚਰਿੱਤ੍ਰ ਪ੍ਰਬੋਧ ਚੰਦ੍ਰ ਨਾਟਕ ਵਾਂਙੂ ਹੈ। ਇਸਦਾ ਸਾਹਿੱਤਕ ਸਾਰਾ ਬੀਰ ਰਸੀ ਹੈ ਤੇ ਅੰਤ੍ਰੀਵ ਭਾਵ ਹੋਰ ਹੈ। ਆਸੁਰੀ ਦੈਵੀ ਸੰਪਦਾ ਦੇ ਜੁੱਧ ਤੋਂ ਸ਼ੁੱਧ ਬੁੱਧੀ ਦੀ ਉਤਪਤੀ ਤੇ ਉਸ ਦਾ ਬ੍ਰਹਮ ਵਿਦਿਆ ਨੂੰ ਦੇਵੀ ਰੂਪ ਵਿਚ ਆਰਾਧਨ ਤੇ ਹਰ ਸ੍ਵਾਸ ਵਿਚ ਪੈ ਰਹੀ ਮਾਨਸਿਕ ਮੈਲ ਨਾਲ ਜੁੱਧ ਤੇ ਅੰਤ ਰੱਬ ਜੀ ਦੇ ਆਪਣੇ ਬਲ ਨਾਲ ਇਸ ਮਾਇਆ ਦਾ ਅੰਤ ਹੋਕੇ ਆਤਮਾ ਦੀ ਅਗਿਆਨ ਪਰ ਜੈ ਤੇ ਪ੍ਰਮਾਤਮਾ ਵਿਚ ਸ਼ੁੱਧ ਬੁੱਧੀ ਦੀ ਅਜਾਣੇ ਲਯਤਾ ਆਦਿਕ ਵਿਸ਼ੇ ਦਰਸਾਏ ਹਨ।

†ਭਾਈ ਅਵਤਾਰ ਸਿੰਘ ਜੀ ਵਹੀਰੀਏ ਨੇ ਦੇਵੀ ਦੇ ਖਾਕਾ ਨੂੰ ਉਦਾ ... ਦੇ ਸਕਲ ਵਿਚ ਉਸ ਨੂੰ ਵਾਹਿਗੁਰੂ ਜੀ ਨਾਲ ਇਕ ਰੂਪ ਦਰਸਾਇਆਂ ਦੇਵੀ ਨੂੰ ਗੁਰੂ ਜੀ ਦਾ ਜੁੱਧ ਦੇਵਤਾ War God ਕਹਿਆ ਹੈ। ਪਰ ਇਸ ਚੌਪਈ ਵਿਚ ਗੁਰੂ ਜੀ ਨੇ ਨਿਰੰਕਾਰ ਨੂੰ ਹੀ 'ਨਿਰਬਿਕਾਰ, ਨਿਰਲੰਭ, ਆਦਿ, ਅਨੀਲ, ਅਨਾਦਿ, ਅਸੰਭ, ਬ੍ਰਹਮਾ ਬਿਸਨੂੰ ਦਾ ਸਿਰਜਣਹਾਰ' ਦੱਸਦੇ ਹੋਏ ਆਪਣਾ ਜੁੱਧ ਦੇਵ ਮੰਨ ਕੇ ਉਸੇ ਅੱਗੇ ਬੀਰਰਸੀ ਅਰਦਾਸ ਕੀਤੀ ਹੈ।

‡'ਕਰਤਾ' 'ਹਰਤਾ' ਪਦ ਹਿੰਦੀ ਬਯਾਕਰਣ ਅਨੁਸਾਰ ਦੋਹਾਂ ਲਿੰਗਾਂ ਵਿਚ ਪੁਲਿੰਗ ਲਿਖੇ ਹਨ। ਬਾਬਾ ਠਾਕੁਰ ਸਿੰਘ ਜੀ ਭਲੇ ਕੇ ਆਪਣੇ ਦਸਮ ਗ੍ਰੰਥ ਦੇ ਪ੍ਰਮਾਣਾਂ ਵਿਚ ਇਸੇ ਜਗਮਾਤਾ ਦਾ ਅਰਥ ਕੀਤਾ ਹੈ—ਜਗਤ ਦੇ ਮਾਤਾ ਪਿਤਾ ਰੂਪ। ਐਉਂ ਵੀ ਕਹਿੰਦੇ ਹਨ:— "ਜਗਤ ਨੂੰ ਜਨਮ ਦੇਣ ਵਾਲਾ ॥"

Sri Satguru Jagjit Singh Ji eLlibrary NamdhariElibrary@gmail.com

ਇਹ ਬੇਨਤੀ ਵਾਲੀ ਚੌਪਈ ਅਸਿਕੇਤੁ ਸੰਗ੍ਰਾਮ ਚਰਿੱਤ੍ਰ ਦੇ ਅਖੀਰ ਪਰ ਅਰ ਚਰਿੱਤ੍ਰਾਂ ਦੇ ਗ੍ਰੰਥ ਦੇ ਅਖੀਰ ਪਰ ਰੱਖਕੇ ਜਣਾ ਦਿੱਤਾ ਹੈ ਕਿ ਗ੍ਰੰਥ ਵਿਚ ਆਏ ਕਿੱਸੇ ਕਹਾਣੀਆਂ ਤੋਂ ਮੇਰੇ ਇਸ਼ਟ, ਮੇਰੇ ਗੁਰੂ, ਮੇਰੇ ਜੁੱਧ ਦੇਵ War God ਦਾ ਭੁਲੇਖਾ ਨਾ ਖਾ ਜਾਣਾ। ਏਹ ਕਿੱਸੇ ਕਹਾਣੀਆਂ ਬੁੱਧੀ ਦੀ ਤੀਖਣਤਾ* ਤੇ ਬੀਰਰਸੀ ਉਮਾਹ ਲਈ ਹਨ। ਇਹ ਚੌਪਈ ਲਿਖ ਦੇਣ ਨਾਲ ਚਰਿੱਤ੍ਰਾਂ ਵਿਚ ਕਿ ਸਾਰੇ ਸੰਚਯ ਵਿਚ ਕਿਤੇ ਬੀ ਆਏ ਦੇਵੀ ਦੇ ਜ਼ਿਕਰ ਨੂੰ ਗੁਰੂ ਜੀ ਦਾ ਇਸ਼ਟ ਲਖਾਯਕ ਸਮਝਣ ਦੀ ਮਨਾਹੀ ਆ ਗਈ। ਅਚਰਜ ਨਹੀਂ ਕਿ ਸਾਰੇ ਸੰਚਯ ਨੂੰ ਤਰਤੀਬ ਦੇਣ ਵਾਲਿਆਂ ਦਾ ਇਸ ਚਰਿੱਤ੍ਰ ਪਖ੍ਯਾਨ ਨੂੰ ਸਾਰੇ ਦੇ ਅਖੀਰ ਪਰ (ਕੇਵਲ ਜ਼ਫਰਨਾਮੇ ਤੋਂ ਪਹਿਲਾਂ) ਰੱਖਣ ਵਿਚ ਇਹੋ ਭਾਵ ਹੋਵੇ ਕਿ ਇਸ ਚੌਪਈ ਦੇ ਪਾਠ ਤੋਂ ਸਪਸ਼ਟ ਹੋ ਜਾਵੇ ਕਿ ਗੁਰੂ ਜੀ ਦਾ ਅਰਾਧਿਆ ਗਿਆ, ਪੂਜਿਆ ਗਿਆ ਤੇ ਜੰਗ ਲਈ ਆਵਾਹਨ ਕੀਤਾ ਗਿਆ ਦੇਵ ਇੱਕੋ ਅਕਾਲ ਪੁਰਖ ਹੈ, ਤਾਂਕਿ ਪਾਠਕਾਂ ਨੂੰ ਕਦੇ ਭੁਲੇਖਾ ਨਾਂ ਪਵੇ ।

ਸੋ ਇਸ ਤੇ ਹੋਰ ਰਚਨਾਂ ਵਿੱਚੋਂ ਬੀ ਸਾਨੂੰ ਇਤਿਹਾਸਕ ਘਟਨਾ ਦਾ ਕੋਈ ਲੇਖ ਨਾਂ ਮਿਲਿਆ, ਸਗੋਂ ਇਹ ਥਹੁ ਲੱਗਾ ਕਿ 'ਗੁਰੂ ਜੀ ਦਾ ਇਸ਼ਟ ਅਕਾਲ ਪੁਰਖ ਹੈ', ਤੇ ਇਹ ਬੀ ਸੂਹ ਪੈ ਗਈ ਕਿ ੧੭੫੩ ਵਿਚ, ਜਦੋਂ ਕਿ ਕਵੀ ਸੁੱਖਾ ਸਿੰਘ ਜੀ ਮੰਨਦੇ ਹਨ ਕਿ ਦੇਵੀ ਪੂਜੀ ਜਾ ਰਹੀ ਸੀ†, ਉਸੇ ੧੭੫੩ ਵਿਚ ਮੁੱਕੇ ਚਰਿੱਤ੍ਰ ਪਖ੍ਯਾਨ ਨਾਮੇ ਗ੍ਰੰਥ ਵਿਚ ਦੇਵਤਾ ਪ੍ਰਗਟ ਕਰਨ ਦੇ ਦਾਵੇਦਾਰਾਂ ਦੀਆਂ ਚਲਾਕੀਆਂ ਦਾ ਪਾਜ ਬੀ ਖੁਹਲਿਆ ਗਿਆ ਹੈ ਤੇ ਉਸ ਵਿਚ ਦੱਸੇ ਹਥਕੰਡੇ ਕੇਸ਼ੋਦਾਸ ਦੇ ਬਹਾਨਿਆਂ ਨਾਲ ਅਚਰਜ ਟਾਕਰਾ ਖਾਂਦੇ ਹਨ। ਯਥਾ:—ਢਾਈ ਸਾਲ ਬਾਦ ਆਖਿਆ ਕਿ ਏਕਾਂਤ ਨਹੀਂ ਹੁਣ ਟਿੱਲੇ ਤੇ ਚੱਲੋ, ਹਾਲਾਂਕਿ ਪਹਿਲੇ ਥਾਂ ਆਪ ਲੱਭਾ ਸੀ। ਫਿਰ ਕਿਹਾ ਕਿ ਤੁਸੀਂ ਸ਼ਿਕਾਰ ਖੇਡਦੇ ਹੋ ਇਹ ਛੱਡੋ ਤਾਂ ਪ੍ਰਗਟੇਗੀ; ਹਾਲਾਂਕਿ ਦੇਵੀ ਸੰਢਿਆਂ ਤੇ ਬੱਕਰਿਆਂ ਦੀਆਂ ਬਲੀਆਂ ਆਪ ਲੈਂਦੀ ਹੈ। ਫਿਰ ਕਿਹਾ ਪੁੱਤ੍ਰ ਬਲੀ ਦੇਵੋ। ਜਦ ਸਭਨੀ ਗੱਲੀਂ ਰੁਕ ਗਏ ਤਾਂ ਬਹਾਨਾ ਬਣਾਕੇ ਪੰਡਤ ਹੇਠਾਂ ਉਤਰ ਆਏ।

ਇਸੇ ਤਰ੍ਹਾਂ ਰਾਮਾਵਤਾਰ ੧੭੫੫ ਹਾੜ ਵਿਚ ਮੁੱਕਾ ਹੈ। ਜੇ ਹਵਨ ਨੇ ਤ੍ਰੈ ਚਾਰ ਸਾਲ

*ਯਾਦ ਰਹੇ ਕਿ ਚਰਿੱਤ੍ਰਾਂ ਵਿਚ ਜਿਨ੍ਹਾਂ ਦੀ ਉਥਾਨਕਾ ਦਿੱਤੀ ਹੈ ਕਿ ਇਕ ਰਾਜਾ ਆਪਣੀ ਰਾਣੀ [illegible] ਦੇ ਕਹੇ [illegible] ਆਪਣੇ ਪੁਤ੍ਰ ਨੂੰ ਫਾਂਸੀ ਦੇਣ ਲਗਾ ਸੀ ਤਾਂ ਮੰਤ੍ਰੀ ਨੇ ਉਸ ਪੁਤ੍ਰ ਦੇ ਬਚਾਉਣ ਲਈ ਉਸ ਨੂੰ ਕਿੱਸਾ ਚਰਿੱਤ੍ਰ ਸੁਣਾਏ। ਇਸ ਉਥਾਨਕਾ ਤੋਂ ਵਿਰੁਧ ਹੋਰ ਕੋਈ ਚਰਿੱਤ੍ਰਾਂ ਦੇ ਨਾਲ ਸਬੰਧ ਠੀਕ ਨਹੀਂ। ਦੂਜੀ ਗਲ ਇਹ ਹੈ ਕਿ ਚਰਿੱਤ੍ਰਾਂ ਨੂੰ 'ਪਖ੍ਯਾਨ' ਕਿਹਾ ਹੈ। 'ਪਖ੍ਯਾਨ' ਪਦ ਦਾ ਸੰਸਕ੍ਰਿਤ ਰੂਪ 'ਉਪਾਖ੍ਯਾਨ' ਹੈ, ਜਿਸ ਦਾ ਅਰਥ ਹੈ ਕਿੱਸਾ, ਕਹਾਣੀ, ਉਹ ਕਹਾਣੀ ਜੋ ਕਿਸੇ ਤੋਂ ਸੁਣੀ ਹੋਈ ਹੋਵੇ, (ਦੇਖੋ ਮੰ: ਸਿ: ਵਿਲੀਅਮ ਕੋਸ਼), ਸੋ ਚਰਿੱਤ੍ਰ ਕਈ ਸੋਮਿਆਂ ਤੋਂ ਆਈਆਂ ਕਹਾਣੀਆਂ ਹਨ।

†੧੭੫੬ ਦੀ ਵਿਸਾਖੀ ਨੂੰ ਖਾਲਸਾ ਪ੍ਰਗਟਾਇਆ। ਸਾਰੇ [illegible] ਕਿ ਦੇਵੀ [illegible] ਤੋਂ ਪਹਿਲੇ ਆਵਾਹਨ ਹੋਈ। ਭਾਈ ਸੰਤੋਖ ਸਿੰਘ ਜੀ [illegible] ਵਿਚ ਦੇਵੀ ਪ੍ਰਗਟੀ ਤੇ ਵਿਸਾਖ ਵਿਚ ਅੰਮ੍ਰਿਤ ਜਾਰੀ ਕੀਤਾ ਦਸਦੇ ਹਨ। ਇਸ ਵਿਸਾਖ ੧੭੫੫ ਦੇ ਵਿਸਾਖ ਵਿਚ ਪਾਹੁਲ ਜਾਰੀ ਹੋਇਆ। [illegible] ੧੭੫੬ ਲਿਖਿਆ ਹੈ (ਸੰ: 'ਪਚ [illegible] ਵਿਚ [illegible] ਤੇ ਪਪ [illegible] ਵਿਚ ਹੀ [illegible]')। [illegible] ਹਵਨ ਦਾ ਜ਼ਿਕਰ ਹੈ ਪਰ ਭਾਈ ਸੁੱਖਾ ਸਿੰਘ ਜੀ ਨੇ ਹਵਨ [illegible] ਤਾਂ [illegible] ਹੈ, [illegible] ਸਾਲ ਦੇ [illegible] ਗੁਰ ਬਿਲਾਸ (ਭਾ: ਸੁਖਾ ਸਿੰਘ) ਵਿਚ ਲਿਖਿਆ ਹੈ ਕਿ [illegible] ਹਵਨ ਦੇ ਮੁਕਣੇ ਪਰ ਖਾਲਸਾ [illegible]:—'[illegible]'। ਇਸ [illegible] ਹਵਨ ਪਰ [illegible] ਸਾਲ ਲੱਗੇ, ਤਾਂ ਤੇ ੧੭੫੨ ਦੇ [illegible] ਹਵਨ [illegible] ਕਿ ੧੭੫੩ ਵਿਚ ਭੀ ਜਿਸ ਸੀ ਅਤੇ ੧੭੫੩ ਵਿਚ ਹੀ 'ਚਰਿੱਤ੍ਰ' ਦਾ ਲਿਖਣਾ ਜਾਣੇ ਮਹਿਤ ਹੋਇਆ ਹੈ।

Sri Satguru Jagjit Singh Ji eLlibrary NamdhariElibrary@gmail.com

ਲਏ ਤਦ ਬੀ, ਜੇ ਇਕ ਸਾਲ ਲਿਆ ਤਦ ਬੀ ੧੭੫੫ ਦੇ ਹਾੜ ਵਿਚ ਹਵਨ ਹੋ ਰਿਹਾ ਸੀ। ਸੋ ਲਿਖਤਾਂ ਲਿਖੀਆਂ ਜਾ ਰਹੀਆਂ ਦੇ ਸਮੇਂ ਬੀ ਸਾਨੂੰ ਉਨ੍ਹਾਂ ਦਿਨਾਂ ਵਿਚ ਹੋ ਰਹੇ ਹਵਨ ਦਾ ਯਾਂ ਦੇਵੀ ਪ੍ਰਗਟ ਦਾ ਕੋਈ ਸਬੂਤ ਕਿਸੇ ਲਿਖਤ ਵਿਚੋਂ ਨਹੀਂ ਮਿਲਦਾ ਸਗੋਂ ਰਾਮਾਵਤਾਰ ਦੇ ਅਖੀਰ ਪਰ ਇਹ ਸ੍ਵੈਯਾ ਮਿਲਦਾ ਹੈ:-

ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ॥ ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨਾ ਮਾਨਯੋ॥ ਸਿੰਮ੍ਰਿਤਿ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ॥ ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਬ ਤੋਹਿ ਬਖਾਨਯੋ॥ ੮੬੩॥

ਇਸ ਸ੍ਵੈਯੇ ਤੋਂ ਪਤਾ ਲਗਾ ਕਿ ੧੭੫੫ ਵਿੱਚ, ਜਦੋਂ ਕਿ ਸਾਰੇ ਸਹਿਮਤ ਹਨ ਕਿ ਹਵਨ ਹੋ ਰਿਹਾ ਸੀ, ਓਦੋਂ ਉਸੇ ੧੭੫੫ ਦੇ ਹਾੜ ਮਹੀਨੇ ਗੁਰੂ ਜੀ ਇਹ ਸ੍ਵੈਯਾ ਰਚ ਰਹੇ ਹਨ ਜਿਸ ਵਿਚ ਕਿ ਰਾਮ, ਰਹੀਮ, ਪੁਰਾਨ, ਕੁਰਾਨ, ਸਿੰਮ੍ਰਿਤ, ਸ਼ਾਸਤ੍ਰ, ਬੇਦ, ਪੁਰਾਣ ਆਦਿ ਸਾਰਿਆਂ ਦਾ ਮੰਨਣਾ ਮਨ੍ਹੇ ਕਰ ਰਹੇ ਹਨ, ਜਿਸਤੋਂ ਬੀ ਇਹੋ ਸਿੱਧ ਹੁੰਦਾ ਹੈ ਕਿ ਪੁਰਾਣੋਕਤਿ ਕਿਸੇ ਦੇਵੀ ਦੇਵਤੇ ਦੇ ਆਵਾਹਨ ਕਰਨ ਵਿਚ ਪ੍ਰਵਿਰਤ ਹੋਣਾ ਸੰਭਵ ਨਹੀਂ ਕਿ ਇਕ ਪਾਸੇ ਤਾਂ ਆਪ ਪੂਜਾ ਕਰ ਰਹੇ ਹੋਣ ਤੇ ਦੂਜੇ ਪਾਸੇ ਦੇਵੀ ਪੂਜਾ ਪ੍ਰਤਿਪਾਦਨ ਕਰਨਵਾਲੇ ਗ੍ਰੰਥਾਂ ਦਾ ਤਿਆਗ ਕੀਤਾ ਜਾ ਰਿਹਾ ਹੋਵੇ।

੩. ਭਾਈ ਨੰਦ ਲਾਲ—ਹੋਰ ਤਲਾਸ਼ ਅਸੀਂ ਭਾਈ ਨੰਦ ਲਾਲ ਜੀ ਦੀ ਰਚਨਾ ਵਿਚ ਕਰ ਸਕਦੇ ਹਾਂ ਜੋ ਗੁਰੂ ਜੀ ਦੇ ਸਮੇਂ ਹੋਏ ਹਨ। ਆਪ ਖਾਲਸਾ ਰਚਨ ਤੋਂ ਪਹਿਲੇ ਤੇ ਉਸ ਵੇਲੇ ਅਨੰਦਪੁਰ ਸਾਹਿਬ ਸਨ*। ਸਗੋਂ ਦੇਵੀ ਦੇ ਪ੍ਰਗਟਣ ਤੋਂ ਬਾਦ ਰੁੱਸੇ ਬ੍ਰਾਹਮਣਾਂ ਨੂੰ ਮਨਾਉਣ ਵੇਲੇ ਨੰਦ ਲਾਲ ਜੀ ਗਏ ਦਾ ਪਤਾ ਬੀ ਚਲਦਾ ਹੈ†। ਸੋ ਐਨ ਮੌਕੇ ਤੇ ਆਪ ਓਥੇ ਮੌਜੂਦ ਸਨ। ਫਿਰ ਗੁਰੂ ਸਾਹਿਬ ਜੀ ਨੂੰ ਬਹਾਦਰ ਸ਼ਾਹ ਦਾ ਸੰਦੇਸ ਲੈਕੇ ਮਿਲੇ ਹਨ। ਆਗਰੇ ਤੋਂ ਸਾਹਿਬ ਦੱਖਣ ਵਲ ਗਏ ਹਨ ਤੇ ਨੰਦ ਲਾਲ ਜੀ ਆਪ ਤੋਂ ਵਿਛੜਕੇ ਦੇਸ਼ ਨੂੰ ਮੁੜੇ ਤੇ ਕੁਛ ਸਮੇਂ ਮਗਰੋਂ ਪ੍ਰਲੋਕ ਗਏ ਹਨ। ਇਨ੍ਹਾਂ ਦੀ ਰਚਨਾਂ ਵਿਚ ਬੀ ਸਾਨੂੰ ਇਸ ਘਟਨਾ ਦਾ ਕੋਈ ਲੇਖ ਨਹੀਂ ਮਿਲਦਾ। ਹਾਂ ਗੁਰੂ ਜੀ ਨੂੰ ਸਾਰੇ ਦੇਵੀ ਦੇਵਤਿਆਂ ਤੋਂ ਉੱਚਾ ਲਿਖਿਆ ਤਾਂ ਮਿਲਦਾ ਹੈ ਪਰ ਇਸ ਵਾਕਿਆ ਦਾ ਕੋਈ ਹਾਲ ਨਹੀਂ ਖੁਲ੍ਹਦਾ। ਭਾਈ ਸਾਹਿਬ ਜੀ 'ਤੌਸੀਫੋਸਨਾ' ਦੀ 'ਸਲਤਨਤ ਦਹਮ' ਵਿੱਚ ਇਸ ਪ੍ਰਕਾਰ ਲਿਖਦੇ ਹਨ:—

| | |
|---|---|
| ਸਦ ਹਜ਼ਾਰਾਂ ਈਸ਼ਰੋ ਬ੍ਰਹਮਾਓ ਅਰਸ਼ੋ ਕੁਰਸੀ ਖ਼੍ਵਾਹਿੰਦਾਏ ਪਨਾਹਸ਼...... | ਲੱਖਾਂ ਈਸ਼ਰ (ਸ਼ਿਵ) ਤੇ ਬ੍ਰਹਮਾਂ, ਅਰਸ਼ਾਂ ਕੁਰਸਾਂ ਦੇ ਵਾਸੀ ਉਸ ਦੀ ਪਨਾਹ ਚਾਹੁਣ ਵਾਲੇ ਹਨ। |
| ਵ ਸਦ ਹਜ਼ਾਰਾਂ ਰਾਮੋ ਰਾਜਾ ਕਾਹਨੋ ਕਿਸ਼ਨ ਖ਼ਾਕਬੋਸਿ ਅਕ੍ਦਾਮਸ਼...... | ਤੇ ਲੱਖਾਂ ਸ੍ਰੀ ਰਾਮਚੰਦ੍ਰ ਜੀ ਰਾਜੇ ਤੇ ਕਾਨ੍ਹ ਕ੍ਰਿਸ਼ਨ ਜੀ ਉਸ ਦੇ ਚਰਨਾਂ ਦੀ ਧੂੜੀ ਚੁੰਮਣ ਵਾਲੇ। |

*ਦੇਖੋ ਗੁ: ਬਿ: ਬਾਬਾ ਸੁਮੇਰ ਸਿੰਘ। †ਤਾਰੀਖ ਬੂਟੇ ਸ਼ਾਹ।

Sri Satguru Jagjit Singh Ji eLlibrary NamdhariElibrary@gmail.com

ਵ ਸਦ ਹਜ਼ਾਰਾਂ ਇੰਦਰੋ ਮਾਰੇ ਹਜ਼ਾਰ
ਜ਼ੁਬਾਂ ਤੌਸੀਫ ਗੋਇਸ਼। ਵ ਸਦ ਹਜ਼ਾਰਾਂ
ਈਸ਼੍ਵਰੋ ਬ੍ਰਹਮਾਂ ਅਕ਼ੀਦਤ ਪਰਵਰਸ਼, ਵ
ਸਦ ਹਜ਼ਾਰਾਂ ਉੱਮਿ ਕੁਦਸੀ ਦਰਖਿਦਮਤਸ਼''

ਲਖਾਂ ਇੰਦਰ ਤੇ ਸ਼ੇਸ਼ਨਾਗ ਹਜ਼ਾਰਾਂ ਜ਼ਬਾਨਾਂ ਨਾਲ ਉਸ ਦੀ ਸਿਫਤ ਕਰਨ ਵਾਲੇ, ਲਖਾਂ ਈਸ਼ਰ (ਸ਼ਿਵ) ਤੇ ਬ੍ਰਹਮਾ ਉਸ ਦਾ ਨਿਸ਼ਚਾ ਢੂੰਡਣ ਵਾਲੇ ਤੇ ਲੱਖਾਂ ਦੇਵੀਆਂ ਉਸ ਦੀ ਟਹਿਲ ਵਿਚ ਹਨ।

ਸਰਵਰਾਂ ਰਾ ਤਾਜ ਗੁਰ ਗੋਬਿੰਦ ਸਿੰਘ।
ਬਰ ਤਰੀਂ ਮਿਅ਼ਰਾਜ ਗੁਰ ਗੋਬਿੰਦ ਸਿੰਘ।
ਉ ਮਿ ਕੁਦਸ ਬਕਾਰ ਗੁਰ ਗੋਬਿੰਦ ਸਿੰਘ।
ਗਾਸ਼ੀਆ ਬਰਦਾਰ ਗੁਰ ਗੋਬਿੰਦ ਸਿੰਘ।

ਸਰਦਾਰਾਂ ਦੇ ਤਾਜ ਗੁਰੂ ਗੋਬਿੰਦ ਸਿੰਘ ਜੀ ਹਨ। ਉੱਚੇ ਤੋਂ ਉੱਚੇ ਆਦਰਸ਼ ਵਾਲੇ ਹਨ ਅਤੇ ਦੇਵੀਆਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਵਿਚ ਹਨ ਤੇ ਓਹ ਕਾਠੀ ਦਾ ਗ਼ਾਸ਼ਨ ਚੁੱਕਣ ਵਾਲੀਆਂ (ਟਹਿਲ ਵਾਲੀਆਂ) ਹਨ।

ਜੁਮਲਾ ਦਰ ਫੁਰਮਾਨ ਗੁਰ ਗੋਬਿੰਦ ਸਿੰਘ।
ਬਰਤਰਾਮਦ ਸ਼ਾਨਿ ਗੁਰ ਗੋਬਿੰਦ ਸਿੰਘ।

ਸਾਰੇ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਵਿਚ ਹਨ, ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨ ਸਭ ਤੋਂ ਉਚੇਰੀ ਹੈ।

ਬਰ ਦੋ ਆਲਮ ਦਸਤ ਗੁਰ ਗੋਬਿੰਦ ਸਿੰਘ।
ਜੁਮਲਾ ਉਲਵੀ ਪਸਤ ਗੁਰ ਗੋਬਿੰਦ ਸਿੰਘ।
[ਤੌਸੀਫੋ ਸਨਾ

ਉਪਰ ਦੋ ਜਹਾਨਾਂ ਦੇ ਹੱਥ ਗੁਰੂ ਗੋਬਿੰਦ ਸਿੰਘ ਜੀ ਦਾ ਹੈ, ਸਾਰੇ ਉੱਚੇ ਗੁਰੂ ਗੋਬਿੰਦ ਸਿੰਘ ਜੀ ਦੇ ਅੱਗੇ ਨੀਵੇਂ ਹਨ।

ਹਜ਼ਾਰਾਂ ਚੁ ਧ੍ਰੂ ਹਜ਼ਾਰਾ ਚੁ ਵਿਸ਼ਨ।
ਬਸੇ ਰਾਮ ਰਾਜਾ ਬਸੇ ਕਾਨ੍ਹ ਕ੍ਰਿਸ਼ਨ।
ਹਜ਼ਾਰਾਂ ਚੁ ਦੇਵੀ ਚੁ ਗੋਰਖ ਹਜ਼ਾਰ।
ਕਿ ਪੇਸ਼ੇ ਕਦਮਹਾਏ ਓ ਜਾਂ ਸਿਪਾਰ।

ਹਜ਼ਾਰਾਂ ਧ੍ਰੂ, ਹਜ਼ਾਰਾਂ ਵਿਸ਼ਨ, ਬਹੁਤੇ ਰਾਮ ਰਾਜੇ, ਬਹੁਤੇ ਕਾਨ੍ਹ ਕ੍ਰਿਸ਼ਨ, ਹਜ਼ਾਰਾਂ ਦੇਵੀਆਂ, ਹਜ਼ਾਰਾਂ ਗੋਰਖ ਉਨ੍ਹਾਂ ਦੇ ਕਦਮਾਂ ਅੱਗੇ ਜਾਨਾਂ ਵਾਰਦੇ ਹਨ। [ਜੋਤ ਬਿਕਾਸ।

ਭਾਈ ਸਾਹਿਬ ਭਾਈ ਨੰਦ ਲਾਲ ਜੀ ਦੇ ਇਹ ਵਾਕ ਦਸਮ ਪਾਤਸ਼ਾਹ ਦੀ ਹਜ਼ੂਰੀ ਵਿਚ ਦੇਵੀ ਦਾ ਉਹ ਦਰਜਾ ਦੱਸਦੇ ਹਨ ਜੋ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਵਿਚ ਝਾੜੂ ਦੇਣ ਦਾ ਤਵਾ: ਖਾ: ਨੇ ਦੱਸਿਆ ਹੈ ਤੇ ਭਾ: ਗੁਰਦਾਸ ਜੀ ਨੇ ਬੀ ਲਿੱਖਿਆ ਹੈ:—

"ਸਤਿਗੁਰ ਨਾਨਕ ਦੇਵ ਦੇਵ ਦੇਵੀ ਸਭਿ ਧਿਆਵਹਿ*" [ਕਬਿੱਤ ਸ੍ਵੈਯੇ—੬

ਜੇ ਐਸਾ ਮਹਾਨ ਵਾਕਿਆ ਕੋਈ ਹੋਇਆ ਹੁੰਦਾ ਕਿ ਜਿਸ ਵਿੱਚ ਗੁਰੂ ਸਾਹਿਬ ਦੇਵੀ ਦੀ

*ਸੀਨੇ ਬਸੀਨੇ ਇਕ ਆਰਤਾ ਗੁਰ ਨਾਨਕ ਦੇਵ ਜੀ ਦਾ ਚਲਾ ਆਇਆ ਹੈ। ਜਿਸ ਨੂੰ ਬਾਬੇ ਸ੍ਰੀ ਚੰਦ ਜੀ ਦਾ ਦੱਸਿਆ ਜਾਂਦਾ ਹੈ, ਉਸ ਵਿਚ ਛਾਪ ਬੀ ਸ੍ਰੀ ਚੰਦ ਜੀ ਦੀ ਹੈ। ਖੋਜ ਕਰਨ ਤੇ ੧੫੦ ਬਰਸ ਪਿਛੇ ਤਕ ਦੀ ਸੀਨਾ ਬਸੀਨਾ ਗੁਵਾਹੀ ਇਸ ਦੇ ਤਦੋਂ ਤੇ ਉਸ ਤੋਂ ਪਹਿਲੋਂ ਬੀ ਪੜ੍ਹੇ ਜਾਣ ਦੀ ਲੱਭਦੀ ਹੈ। ਇਸ ਵਿੱਚ ਬੀ ਦੇਵੀ ਨੂੰ ਗੁਰੂ ਜੀ ਅੱਗੇ ਜੋਤਾਂ ਜਗਾਉਣ ਵਾਲੀ, ਦੱਸਿਆ ਹੈ ਯਥਾ:—ਕੋਟਿ ਦੇਵੀ ਜਾਂ ਕੀ ਜੋਤਿ ਜਗਾਵੈਂ ॥

ਇਸ ਆਰਤੇ ਦਾ ਮੁੱਢ ਹੈ "ਆਰਤਾ ਕੀਜੈ ਨਾਨਕ ਸ਼ਾਹ ਪਾਤਸ਼ਾਹ ਕਾ" ਤੇ ਹੁਣ ਤੱਕ ਅਨੇਕ ਧਰਮਸਾਲਾਂ ਅਖਾੜਿਆਂ ਤੇ ਗੁਰ ਮੰਦਰਾਂ ਵਿੱਚ ਇਹ ਰੋਜ਼ ਉਚਾਰਿਆ ਜਾਂਦਾ ਹੈ।

Sri Satguru Jagjit Singh Ji eLlibrary NamdhariElibrary@gmail.com

ਪੂਜਾ ਕਰਦੇ ਤਾਂ ਭਾਈ ਨੰਦ ਲਾਲ ਜੀ ਜੋ ਪੱਕੇ ਸਿੱਖ ਤੇ ਉਸ ਵੇਲੇ ਪਾਸ ਮੌਜੂਦ ਸਨ ਤੇ ਦ੍ਰਿਸ਼ਟਾ ਸਨ ਸਾਰੀ ਗਲ ਦੇ, ਉਹ ਐਸੇ ਵਾਕਿਆ ਦੀ ਹੋਂਦ ਦੇ ਸਾਹਮਣੇ ਦੇਵੀ ਨੂੰ ਗੁਰੂ ਸਾਹਿਬ ਦੇ ਕਦਮਾਂ ਦੀ ਪੂਜਕ ਕਿਵੇਂ ਆਖ ਸਕਦੇ ? ਭਾਈ ਸਾਹਿਬ ਆਪਣੀ ਰਚਨਾ ਗੁਰੂ ਸਾਹਿਬ ਜੀ ਨੂੰ ਸੁਣਾਇਆ ਬੀ ਕਰਦੇ ਸਨ। ਗੁਰੂ ਸਾਹਿਬ ਜੀ ਕੀਕੂੰ ਦੇਵੀ ਦੀ ਸ਼ਾਨ ਵਿਚ ਇਹ ਗਲ ਸੁਣਦੇ ਤੇ ਭਾਈ ਜੀ ਦੀ ਰਚਨਾਂ ਵਿਚ ਲਿਖੀ ਰਹਿਣ ਦੇਂਦੇ ?

੪. ਗੁਰ ਸ਼ੋਭਾ—ਫਿਰ ਸਾਨੂੰ 'ਗੁਰ ਸ਼ੋਭਾ' ਨਾਮੇ ਗ੍ਰੰਥ ਮਿਲਦਾ ਹੈ ਜਿਸ ਦੇ ਸ਼ੁਰੂ ਵਿਚ ਸੰਨ ੧੭੫੮ ਦਿੱਤਾ ਹੈ ਜਿਸਤੋਂ ਜਾਪਦਾ ਹੈ ਕਿ ਇਹ ਪੁਸਤਕ ਆਰੰਭ ਕਰਨ ਦਾ ਸੰਮਤ ਹੈ। ਇਸ ਹਿਸਾਬ ਏਹ ਲੇਖਕ, ਕਵਿ ਸੈਨਾਪਤ, ਜੋ ਗੁਰੂ ਜੀ ਦਾ ਅਪਣਾ ਦਰਬਾਰੀ ਕਵੀ ਸੀ, ਆਨੰਦ ਪੁਰ ਮੌਜੂਦ ਸੀ। ਇਹ ਅੰਮ੍ਰਿਤ ਛਕਾਉਣ ਤੇ ਖਾਲਸਾ ਪ੍ਰਗਟਾਉਣ ਦਾ ਜ਼ਿਕਰ ਦੇਂਦਾ ਹੈ, ਪਰ ਇਹ ਲੇਖਕ ਹੋਮ ਤੇ ਦੇਵੀ ਪ੍ਰਯੋਗ ਕੁਛ ਨਹੀਂ ਦੇਂਦਾ ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ ਪ੍ਰਗਟ ਹੋਣ ਪਰ ਐਉਂ ਲਿਖਦਾ ਹੈ:—

ਜੈ ਜੈ ਜੈ ਦੇਵ ਕਰੈਂ ਸਭ ਹੀ ਤਿਹ ਆਨ ਪਰੇ ਗੁਰ ਕੀ ਸਰਣੈ।

ਅਰਥਾਤ ਸਾਰੇ ਦੇਵਤੇ ਗੁਰੂ ਜੀ ਦੇ ਸ਼ਰਨ ਆ ਪਏ ਤੇ ਜੈ ਜੈ ਕਰਨ ਲਗੇ। ਇਹ ਸੱਜਨ ਜੋ ਦਰਬਾਰ ਵਿੱਚ ਮੌਜੂਦ ਹੈ, ਅੰਮ੍ਰਿਤ ਤੇ ਖਾਲਸਾ ਰਚਨ ਦਾ ਹਾਲ ਦੱਸਦਾ ਹੈ, ਇਸ ਦਾ ਇਹ ਕੁਛ ਤਾਂ ਦੱਸਣਾ ਪਰ ਦੇਵੀ ਦਾ ਹਾਲ ਨਾ ਲਿਖਣਾ ਤੇ ਗੁਰੂ ਜੀ ਨੂੰ ਦੇਵਤਿਆਂ ਤੋਂ ਵਡਾ ਦੱਸਣਾ ਦੇਵੀ ਪ੍ਰਗਟਾਉਣ ਦੇ ਵਾਕਿਆ ਦੇ ਵਿਰੁੱਧ ਜਾਂਦਾ ਹੈ । ਕਦੇ ਹੋ ਸਕਦਾ ਹੈ ਕਿ ਇੱਡਾ ਵੱਡਾ ਵਾਕਿਆ ਜੇ ਹੋਇਆ ਹੁੰਦਾ ਤਾਂ ਇਸਨੂੰ ਇਹ ਲੇਖਕ ਭੁੱਲ ਜਾਂਦਾ, ਅੰਮ੍ਰਿਤ ਤੇ ਖਾਲਸੇ ਦਾ ਹਾਲ* ਤਾਂ ਲਿਖੇ ਤੇ ਹੋਮ ਅਰ ਦੇਵੀ ਦੇ ਵਡੇ ਵਾਕਿਆ ਨੂੰ ਨਜ਼ਰ ਅੰਦਾਜ਼ ਕਰੇ। ਸੋ ਸਭ ਤੋਂ ਪੁਰਾਣੇ ਇਤਿਹਾਸਕਾਰ ਦੀ ਜੋ ਨਿਕਟ ਵਰਤੀ ਸੀ ਚੁੱਪ ਇਕ ਭਾਰੀ ਸਬੂਤ ਹੈ ਦੇਵੀ ਪ੍ਰਗਟਣ ਦੇ ਵਿਰੁੱਧ ਫਿਰ ਨਿਰੀ ਚੁੱਪ ਹੀ ਨਹੀਂ ਸੈਨਾਪਤਿ ਜੀ ਆਪਣੀ ਪੁਸਤਕ ਵਿਚ ਚੰਡੀ ਨੂੰ ਉਨ੍ਹਾਂ ਦੀ ਗਿਣਤੀ ਵਿਚ ਗਿਣਦੇ ਹਨ ਜਿਨ੍ਹਾਂ ਨੂੰ ਅਕਾਲ ਪੁਰਖ ਜੀ ਆਪਣੇ ਨਾਲ ਅਨੰਨਿ ਨਾ ਰਹਿਣ ਕਰਕੇ ਮਨਮੁਖ ਕਰ ਰਹੇ ਹਨ ਤੇ ਕਹਿ ਰਹੇ ਹਨ ਕਿ ਹੇ ਗੁਰੂ ਗੋਬਿੰਦ ਸਿੰਘ ! ਤੈਨੂੰ ਮੈਂ 'ਮੇਰਾ ਪੰਥ' ਬਨਾਉਣੇ ਲਈ ਰਚਿਆ ਹੈ (ਦੇਖੋ ਸਫਾ ੬)। ਜੇ ਕਦੀ ਚੰਡੀ ਪੂਜੀ ਗਈ ਹੁੰਦੀ ਤਾਂ ਕਵੀ ਸੈਨਾਪਤਿ ਜੀ ਉਸਨੂੰ ਮਨਮੁਖ ਹੋਈਆਂ ਦੀ ਫਹਿਰਿਸਤ ਵਿਚ ਨਾ ਦਰਜ ਕਰਦੇ। ਇਸੇ ਤਰ੍ਹਾਂ ਸਫਾ ੧੧੧ ਪਰ ਦੇਵੀਆਂ ਆਦਿਕਾਂ ਤੋਂ ਬਡਾ 'ਕੇਵਲ ਪੂਜਾ ਜੋਗ' ਹਰ ਪ੍ਰਭੂ ਨੂੰ ਦੱਸਿਆ ਨੇ। ਫਿਰ ਖਾਲਸੇ ਨੂੰ 'ਵਾਹਿਗੁਰੂ ਨੂੰ ਮਨਾਕੇ' (ਸਫਾ ੪੪) ਜੁੱਧ ਕਰਦਾ ਦੱਸਿਆ ਹੈ, ਦੇਵੀ ਮਨਾਕੇ

*ਚਾਣਾਕ੍ਯਾ ਨੀਤੀ ਦੇ ਤਰਜਮੇ ਵਿਚ ਕਵਿ ਸੈਨਾਪਤ ਨੇ ਗੁਰੂ ਜੀ ਦੇ ਦਰਬਾਰ ਵਿਚ ਆਪਣੇ ਕਵੀ ਹੋਣ ਦਾ ਆਪ ਪਤਾ ਦਿੱਤਾ ਹੈ। ਗੁਰ ਸ਼ੋਭਾ ਦਾ ਸੰਮਤ ਆਪ ਨੇ ਦਿੱਤਾ ਹੈ 'ਸੰਮਤ ਸਤ੍ਰਹ ਸੈ ਭਏ ਬਰਖ ਅਠਾਵਨ ਬੀਤ' ਇਸ ਨੂੰ ਕਈ ਪਾਠਕ 'ਅਠਾਨਵ' (੧੭੯੮) ਬੀ ਪੜ੍ਹਦੇ ਹਨ, ਤਦ ਬੀ ਇਹ ਵਾਰਤਕ ਮਹਿਮਾ ਪ੍ਰਕਾਸ਼ ਤੋਂ ਮਗਰੋਂ ਦਾ ਨਾ ਹੋਇਆ। ਪਰ ਸਹੀ ਗਲ ਇਉਂ ਜਾਪਦੀ ਹੈ ਕਿ ਆਪ ਨੇ ੧੭੫੮ ਵਿਚ ਗ੍ਰੰਥ ਸ਼ੁਰੂ ਕੀਤਾ ਹੈ ਤੇ ਮੁਕਾਇਆ ੧੭੬੫ ਤੋਂ ਬਾਦ ਕਦੇ ਹੈ।

ਨਹੀਂ ਦੱਸਿਆ । ਮਾਨੋਂ ਵਾਹਿਗੁਰੂ ਨੂੰ ਹੀ ਸਿੱਖਾਂ ਦਾ ਜੁੱਧ ਦੇਵਤਾ ਕਿਹਾ ਹੈ । ਫਿਰ ਕਵਿ ਸੈਨਾ-ਪਤਿ ਨੇ ਪਦ 'ਭਗਵਤੀ' ਤਲਵਾਰ ਅਰਥਾਂ ਵਿਚ ਵਰਤਿਆ ਹੈ (ਸਫਾ ੮੬) ।

੫. ਅਖਬਾਰ ਨਵੀਸ ਔਰੰਗਜ਼ੇਬ—ਭਾਈ ਰਾਮ ਕਿਸ਼ਨ ਸਿੰਘ ਜੀ ਹਿਸਟੋਰੀਅਨ (ਧੂਰੀ) ਨੇ ਮੁੱਦਤ ਹੋਈ ਇਕ ਐਲਾਨ ਖੋਜਕੇ ਲੱਭਾ ਸੀ ਤੇ ਦੱਸਿਆ ਸੀ ਕਿ ਇਹ ਔਰੰਗਜ਼ੇਬ ਦੇ ਅਖਬਾਰ ਨਵੀਸ ਨੇ,ਜੋ ਅਨੰਦ ਪੁਰ ਸੀ,ਓਦੋਂ ਲਿਖਕੇ ਅੰਮ੍ਰਿਤ ਛਕਾਉਣ ਦੇ ਸਮਾਚਾਰ ਔਰੰਗ-ਜ਼ੇਬ ਨੂੰ ਲਿਖਣ ਵੇਲੇ ਘੱਲਿਆ ਸੀ । ਇਸ ਦੀ ਇਬਾਰਤ ਅਸੀਂ ਹੇਠਾਂ ਦੇਂਦੇ ਹਾਂ*:—

ਹਮਹ ਰਾ ਦਰ ਯਕ ਮਜ਼ਹਬ ਦਰਾਇੰਦ ਕਿ ਦੂਈ ਅਜ਼ ਮਿਆਂ ਬਰਖੇਜ਼ਦ, ਵ ਹਰ ਚਹਾਰ ਬਰਨ ਕੌਮੇ ਹਨੂਦ ਅਜ਼ ਬ੍ਰਹਮਨ ਵ ਛਤ੍ਰੀ ਵ ਸ਼ੂਦ੍ਰ ਵ ਵੈਸ਼ ਕਿ ਹਰ ਯਕੇ ਰਾ ਦਰ ਧਰਮ ਸ਼ਾਸਤ੍ਰ ਦੀਨ ਇਲਹਦਾ ਮੁਕੱਰਰਸਤ, ਆਂ ਰਾ ਤਰਕ ਦਾਦਹ ਬਰ ਯਕ ਤਰੀਕੇ ਸਲੂਕ ਨੁਮਾਇੰਦ । ਵ ਹਮਹ ਬਰਾਬਰੰਦ, ਵ ਯਕੇ ਖ਼ੁਦ ਰਾ ਬਰ ਦੀਗਰੇ ਤਰ-ਜੀਹ ਨ ਦਿਹਦ, ਵ ਆਂ ਅਮਲੇ ਕੇਸ਼ ਅਜ਼ ਮਿਆਂ ਬਰਦਾਸ਼ਤਹ ਤਰੱਕੀ ਬਯਾਬੰਦ ਵ ਤੀਰਥਹਾਏ ਮਾਨਿੰਦ ਗੰਗਾ ਵਗ਼ੈਰਾ ਆਂ ਕਿ ਦਰ ਵੇਦ ਵ ਸ਼ਾਸਤ੍ਰ ਤਾਲੀਮੇ ਆਂਹਾ ਤਾਕੀਦ ਰਫ਼ਅਤ ਅਸਤ ਅਜ਼ ਖਾਤਿਰ ਬਦਰ ਕੁਨੰਦ । ਵ ਸਿਵਾਏ ਅਜ਼ ਗੁਰੂ ਨਾਨਕ ਵ ਖ਼ਲਫ਼ਾਏ ਓ ਬਦੀਗਰ ਅਜ਼ ਸਨਾਦੀਦੇ ਹਨੂਦ ਮਿਸਲ ਰਾਮ, ਕਿਸ਼ਨ, ਵ ਬ੍ਰਹਮਾ ਵ ਦੇਵੀ ਇਅਤਕਾਦ ਨ ਨੁਮਾਇੰਦ । ਵ ਪਾਹੁਲੇ ਮਨ ਗਿਰਫ਼ਤਹ ਮਰਦੁਮਾਂ ਹਰ ਚਹਾਰ ਬਰਨ ਦਰ ਯਕ ਜ਼ਰਫ਼ ਬਿਖ਼ੁਰੰਦ, ਵ ਅਜ਼ ਯਕ ਦਿਗਰ ਇਸਲਾ ਨ ਬੁਰੰਦ । ਹਮ-ਚੁਨੀ ਸੁਖ਼ਨਾਨ ਬਿਸਿਯਾਰ ਗੁਫ਼ਤੰਦ । ਚੂੰ ਮਰਦੁਮਾਂ ਬਿਸ਼ੁਨੀਦੰਦ ਬਿਸਿਯਾਰੇ ਅਜ਼ ਬ੍ਰਹਮਨਾਂ ਵ ਛਤ੍ਰੀਆਂ ਬਰਖਾਸਤੰਦ ਵ ਗੁਫ਼ਤੰਦ, ਕਿ ਮਾ ਮਜ਼ਹਬੇ ਕਿ ਗੁਰੂ ਨਾਨਕ ਵ ਹਮਹ ਗੁਰੂਆਂ ਬਦਾਂ ਕਾਯਲ ਨ ਸ਼ੁਦਹ ਬਾਸ਼ੰਦ ਵ ਮਹਜ਼ਬੇ ਕਿ ਮੁਖ਼ਾਲਫ਼ੇ ਵੇਦ ਸ਼ਾਸਤ੍ਰ ਬਵਦ ਹਰਗਿਜ਼ ਕਬੂਲ ਨਮੇ ਕੁਨੇਮ, ਵ ਮਜ਼ਹਬੇ ਕੁਹਨਾ ਰਾ ਕਿ ਪੇਸ਼ੀਨਾਨ ਬਰ ਆਂ ਅਕਦਾਮ ਨਮੂਦਹਅੰਦ ਬਗੁਫ਼ਤਹ ਕੋਦਕੇ ਅਜ਼ਾਂ ਦਸਤ ਨ ਦਿਹੇਮਾਈਂ ਬਿਗੁ-ਫ਼ਤੰਦ ਮਗਰ ਬਿਸਤ ਹਜ਼ਾਰ ਕਸ ਰਜ਼ਾ ਦਾਦੰਦ ਵ ਮੁਤਾਬਿਅਤ ਬਰ ਜ਼ੁਬਾਂ ਆਵੁਰਦੰਦ ॥

ਅਰਥ—'ਸਾਰੇ ਇਕ ਮਜ਼ਹਬ ਵਿਚ ਆ ਜਾਣ ਤਾਂ ਜੋ ਦੂਈ ਵਿਚੋਂ ਉਠ ਜਾਏ । ਹਿੰਦੂ ਕੌਮ ਦੇ ਚਾਰੇ ਵਰਨ ਬ੍ਰਾਹਮਣ, ਛੱਤ੍ਰੀ, ਵੈਸ਼ ਤੇ ਸ਼ੂਦਰ ਕਿ ਧਰਮ ਸ਼ਾਸਤਰ ਵਿਚ ਹਰ ਇਕ ਦਾ ਧਰਮ ਅਲਹਿਦਾ ਨੀਯਤ ਹੈ ਉਸਨੂੰ ਛੱਡਕੇ ਇਕੋ ਢੰਗ ਤੇ ਪ੍ਰੇਮ ਕਰਨ, ਸਾਰੇ ਬਰਾਬਰ ਹਨ ਤੇ ਕੋਈ ਇਕ ਆਪਣੇ ਆਪ ਨੂੰ ਦੂਜੇ ਨਾਲੋਂ ਵਡਾ ਨਾ ਸਮਝੇ ਤੇ ਉਨ੍ਹਾਂ ਰਸਮਾਂ ਰਿਵਾਜਾਂ ਨੂੰ ਛੱਡਕੇ ਤਰੱਕੀ ਕਰਨ । ਤੇ ਤੀਰਥ,ਜਿਹਾ ਕਿ ਗੰਗਾ ਆਦਿਕ, ਇਨ੍ਹਾਂ ਦੀ ਮਹੱਤਤਾ ਵੇਦਾਂ ਸ਼ਾਸਤ੍ਰਾਂ ਵਿਚ ਮੌਜੂਦ ਹੈ ਦਿਲ ਵਿਚੋਂ ਕੱਢ ਦੇਣ,ਗੁਰੂ ਨਾਨਕ ਤੇ ਉਨ੍ਹਾਂ ਤੋਂ ਪਿੱਛੋਂ ਹੋਏ ਗੁਰੂ ਸਾਹਿਬਾਂ ਤੋਂ ਸਿਵਾ

*ਇਹੋ ਐਲਾਨ ਮਿ: ਮੈਕਾਲਫ ਨੇ ਆਪਣੇ ਪੁਸਤਕ 'ਸਿਖ ਰਿਲੀਜਨ' ਦੀ ਜਿ: ੫ ਸਫਾ ੯੩ ਪਰ ਦਿੱਤਾ ਹੈ, ਤੇ ਇਹੋ ਭਾ: ਦਿੱਤ ਸਿੰਘ ਜੀ ਨੇ ਛਾਪਿਆ ਹੈ, (ਦੇਖੋ ਦੁਰਗਾ ਪ੍ਰਬੋਧ ਸ: ੪੨੮) । ਫਿਰ ਐਥੇ ਜ਼ਰਾ ਜ਼ਰਾ ਫਰਕ ਤੇ ਇਹੋ ਇਬਾਰਤ 'ਉਮਦਾਤੁਲ ਤਵਾਰੀਖ਼' ਦੇ ਦਫ਼ਤਰ ਅੱਵਲ ਦੇ ਤਤਿੱਮੇ ਵਿੱਚ ਭੀ ਲਿਖੀ ਹੈ, ਭਾਵ ਸਾਰਾ ਇਹੋ ਹੈ ।

Sri Satguru Jagjit Singh Ji eLlibrary NamdhariElibrary@gmail.com

ਹਿੰਦੂਆਂ ਦੇ ਹੋਰ ਦੇਵੀ ਦੇਵਤੇ ਜਿਹਾ ਕਿ ਰਾਮ ਕ੍ਰਿਸ਼ਨ ਬ੍ਰਹਮਾਂ ਦੇਵੀ ਉਪਰ ਭਰੋਸਾ ਨਾ ਲਿਆਉਣ । ਮੇਰੀ ਪਾਹੁਲ ਲੈਕੇ ਚਾਰ ਵਰਨ ਇਕ ਬਰਤਨ ਵਿਚ ਛਕਣ ਤੇ ਇਕ ਦੂਜੇ ਤੋਂ ਘ੍ਰਿਣਾ ਨਾ ਕਰਨ । ਇਸ ਤਰ੍ਹਾਂ ਬਹੁਤ ਸਾਰੀਆਂ ਗਲਾਂ ਆਖੀਆਂ । ਜਦ ਲੋਕਾਂ ਨੇ ਸੁਣੀਆਂ,ਛਤ੍ਰੀਆਂ ਤੇ ਬ੍ਰਾਹਮਣਾਂ ਵਿਚੋਂ ਬਹੁਤ ਸਾਰੇ ਉਠ ਖਲੋਤੇ* ਤੇ ਕਹਿਣ ਲਗੇ ਕਿ ਅਸੀਂ ਉਸ ਮਜ਼ਹਬ ਨੂੰ, ਜੋ ਗੁਰੂਨਾਨਕ ਤੇ ਦੂਜੇ ਗੁਰੂ ਸਾਹਿਬਾਂ ਨੇ ਨਹੀਂ ਧਾਰਿਆ ਤੇ ਵੇਦਾਂ ਸ਼ਾਸਤ੍ਰਾਂ ਦੇ ਉਲਟ ਹੈ ਉੱਕਾ ਹੀ ਨਹੀਂ ਮੰਨਾਂਗੇ ਤੇ ਪੁਰਾਣਾ ਮਜ਼ਹਬ, ਜਿਸ ਤੇ ਕੇ ਵਡੇ ਪਾਬੰਦ ਰਹੇ ਹਨ, ਇਕ ਮੁੰਡੇ ਦੇ ਕਹਿਣ ਤੇ ਨਹੀਂ ਛੱਡਾਂਗੇ, ਐਉਂ ਆਖਿਓ ਨੇ, ਪਰ ਵੀਹ ਹਜ਼ਾਰ ਆਦਮੀਆਂ ਨੇ ਪਰਵਾਨ ਕਰ ਲਿਆ ਤੇ ਗੁਰੂ ਜੀ ਦੇ ਫੁਰਮਾਨ ਨੂੰ ਮੰਨ ਲਿਆ ।'

ਇਸਨੂੰ ਪੜ੍ਹਕੇ ਬੀ ਇਹੋ ਸਿੱਟਾ ਨਿਕਲਦਾ ਹੈ ਕਿ ਖਾਲਸਾ ਸਾਜਣ ਵੇਲੇ ਗੁਰੂ ਜੀ ਨੇ ਆਪਣੀ ਉੱਮਤ ਨੂੰ ਹਿੰਦੂ ਬੰਧਨਾਂ ਤੋਂ ਅਲਗ ਕਰ ਲਿਆ ਸੀ । ਜੇ ਕਦੀ ਦੇਵੀ ਪੂਜੀ ਤੇ ਪ੍ਰਗਟਾਈ ਹੁੰਦੀ ਤਾਂ ਇਸ ਵੇਲੇ ਹਿੰਦੂ ਧਰਮ ਦੇ ਇਸ ਕਮਾਲ ਦੇ ਕਾਇਲ ਹੋਏ ਹੋਏ ਗੁਰੂ ਜੀ ਹਿੰਦੂ ਧਰਮ ਦਾ ਵਧੇਰੇ ਸਤਿਕਾਰ ਪ੍ਰਗਟ ਕਰਦੇ, ਪਰ ਇਸਦੇ ਉਲਟ ਹਿੰਦੂ ਅਵਤਾਰਾਂ ਤੇ ਦੇਵੀ, ਹਿੰਦੂ ਪੁਸਤਕਾਂ, ਹਿੰਦੂ ਤੀਰਥਾਂ ਤੇ ਰਸਮਾਂ ਦਾ ਤਿਆਗ ਇਕ ਤਟਸਥ ਗੁਵਾਹੀ ਹੈ ਜੋ ਦੱਸਦੀ ਹੈ ਕਿ ਹਿੰਦੂ ਮਤ ਦੀ ਪੂਜਨ ਦੇਵੀ ਨਹੀਂ ਪੂਜੀ ਗਈ ।

੬. ਵਾਰਤਿਕ ਮਹਿਮਾ ਪ੍ਰਕਾਸ਼—ਇਸਦੇ ਰਚੇ ਜਾਣ ਦਾ ਸੰਮਤ ੧੭੯੮ ਹੈ । ਅਰਥਾਤ ਗੁਰੂ ਜੀ ਦੇ ਸਚ ਖੰਡ ਪਧਾਰਨ ਤੋਂ ੩੩ ਸਾਲ ਮਗਰੋਂ। ਇਸ ਵਿਚ ਵੀ ਦੇਵੀ ਦਾ ਪ੍ਰਸੰਗ ਨਹੀਂ ਹੈ ਕੇਵਲ ਇਤਨੀ ਇਬਾਰਤ ਮਿਲਦੀ ਹੈ:—"ਏਕ ਬੇਰ ਗੁਰੂ ਜੀ ਕਾਸ਼ੀ ਕੇ ਪਾਂਡੇ ਬੁਲਾਏ, ਤਿਨ ਸੋਂ ਹੋਮ ਕਰਾਇਆ ਖਾਲਸੇ ਕਾ ਪੰਥ ਚਲਾਇਆ ।" ਇਸ ਗ੍ਰੰਥ ਵਿਚ ਦੇਵੀ ਪ੍ਰਗਟਾਉਣ ਦਾ ਕੋਈ ਜ਼ਿਕਰ ਨਹੀਂ,ਸੰਭਵ ਹੈ ਕਿ ਇਹੋ ਦੋ ਵਿਚਾਰੇ ਹੀ ਮੁੱਢ ਹੋਏ ਹੋਣ ਅੱਗੇ ਦੀ ਸਾਰੀ ਕਥਾ ਘੜੀ ਜਾਣ ਦੇ । ਪਰੰਤੂ ਇਸ ਪੁਸਤਕ ਵਿਚ ਦੇਵੀ ਨੂੰ ਗੁਰੂ ਸਾਹਿਬਾਨ ਦੀ ਉਪਾਸਕ ਸਾਫ ਸਾਫ ਲਿਖਿਆ ਹੈ ਜਥਾ:—'ਸਰਬ ਦੇਵੀ ਦੇਵਤਾ ਸਿਧ ਮੁਨ ਜਨ ਦਰਸ਼ਨ ਕੋ ਆਏ' । [ਸਾ: ੧]

## ਅ. [੧੮੩੩ ਤੋਂ ਲਗ ਪਗ ੧੯੪੬ ਤੱਕ ਦਾ ਸਮਾ] ।

੭. ਮਹਿਮਾ ਪ੍ਰਕਾਸ਼ (ਛੰਦਾ ਬੰਦੀ)—ਇਹ ਗ੍ਰੰਥ ੧੮੩੩ ਦਾ ਲਿਖਤ ਹੈ । ਇਸਦੇ ਲੇਖਕ ਬਾਵਾ ਸਰੂਪ ਦਾਸ ਜੀ ਭੱਲੇ ਹਨ । ਇਹ ਪਹਿਲਾ ਗ੍ਰੰਥ ਹੈ ਜਿਸ ਵਿਚ ਦੇਵੀ ਦਾ ਪ੍ਰਸੰਗ ਹੈ† ।

* ਮੁਰਾਦ ਅਸ਼ਰਧਕਾਂ ਤੋਂ ਹੈ । † ਅਜ ਕਲ ਹੀ (ਇਸ ਗ੍ਰੰਥ ਦੀ ਦੂਜੀ ਐਡੀਸ਼ਨ ਛਪਦਿਆਂ ਦਿਨ ੧੯੩੫ ਵਿਚ)ਇਕ ਹੋਰ ਲਿੱਖਿਤ ਨਜ਼ਰੋਂ ਗੁਜ਼ਰੀ ਹੈ,ਇਸ ਦਾ ਸੰਮਤ ਯਾ ੧੮੦੮ ਹੈ ਯਾ ੧੮੧੯ ਬਿ: । ਹਰ ਹਾਲ ਇਹ ਮਹਿਮਾ ਪ੍ਰਕਾਸ਼ (ਛੰਦਾਬੰਦੀ) ਤੋਂ ਪਹਿਲੋਂ ਦੀ ਲਿਖਤ ਹੈ ਅਰ ਗੁਰ ਸ਼ੋਭਾ ਤੇ ਵਾਰਤਿਕ ਮਹਿਮਾ ਪ੍ਰਕਾਸ਼ ਤੋਂ ਮਗਰਲੀ । ਇਸ ਵਿਚ ਦੇਵੀ ਦਾ ਪ੍ਰਸੰਗ ਗੁਰ ਬਿਲਾਸ ਭਾ: ਸੁਖਾ ਸਿੰਘ ਨਾਲ ਕੁਛ ਕੁਛ ਮਿਲਦਾ ਵਰਣਿਤ ਹੈ । ਇਸ ਗ੍ਰੰਥ ਵਿਚ ਬੀ ਉਹੋ ਕੌਤਕ ਵਾਲੀ ਗਲ ਲਿਖੀ ਹੈ, ਯਥਾ:—'ਇਹ ਭੀ ਕੌਤਕ ਕੀਨ ਹੈ ਜੋ ਮਨ ਪਰਉਪਕਾਰ ॥ ਆਪ ਨਿਆਰੇ ਹੋਇਕੈ ਧਰ ਦੇਵੀ ਸਿਰ ਭਾਰ ॥'

ਫਿਰ ਇਸ ਲੇਖਕ ਨੇ ਬੀ ਗੁਰੂ ਜੀ ਨੂੰ ਦੇਵੀ ਤੋਂ ਵਡਾ ਤੇ ਦੇਵੀ ਦਾ ਪੂਜਕ ਮੰਨਿਆ ਹੈ,ਯਥਾ:—

ਕੋਟ ਦੁਰਗਾ ਐ ਤੇਖਤ ਹਜਾਰਾ । ਜਾ ਚਰਨਨਿ ਮਹਿ ਪ੍ਰਗਟ ਨਿਹਾਰਾ ।

[illegible]

Sri Satguru Jagjit Singh Ji eLlibrary NamdhariElibrary@gmail.com

ਆਪਦੇ ਲਿਖੇ ਦਾ ਸੰਖੇਪ ਇਹ ਹੈ:—ਕਿ ਸੰਗਤ ਦੇ ਇਕੇਰਾਂ ਲੁੱਟੇ ਮਾਰੇ ਜਾਣ ਦੀ ਖਬਰ ਸੁਣਕੇ ਗੁਰੂ ਜੀ ਉਦਾਸ ਹੋਏ, ਚੁਪ ਰਹੇ, ਤੇ ਮੰਜੇ ਤੇ ਲੇਟ ਮੋੜਦੇ ਰਹੇ ਕਿ ਜੇ ਸਿੱਧੀ ਨਾਂ ਵਰਤੀਏ ਤਾਂ ਕਾਰਜ ਸਿਰੇ ਨ ਚੜ੍ਹੂ, ਜੇ ਵਰਤੀਏ ਤਾਂ ਸਿੱਧੀ ਦੱਸਣੀ ਨਹੀਂ ਇਉਂ ਇਹ ਪ੍ਰਣ ਭੰਗ ਹੁੰਦਾ ਹੈ ਤਾਂ ਤੇ ਚੰਡੀ ਪ੍ਰਗਟਾਉਣ ਦੀ ਸੋਚ ਕੇ ਪਰਬਤ ਦੇ ਸ਼ਿਖਰੇ ਜਾ ਚੜ੍ਹੇ, ਪੰਡਤ ਸਮੱਗ੍ਰੀ ਲਿਆਏ ਤੇ ਹੋਮ ਅਰੰਭਿਆ। ਪੰਡਤ ਨੇ ਕਿਹਾ ਕਿ ਦੇਵੀ ਪ੍ਰਗਟ ਹੋਈ ਤਾਂ ਅਸੀਂ ਮੂਰਛਾ ਹੋ ਜਾਵਾਂਗੇ ਤੁਸੀਂ ਸਮਰਥ ਹੋ ਦਰਸ਼ਨ ਕਰੋਗੇ, ਅਸੀਂ ਭੋਗ ਦਾ ਥਾਲ ਤਿਆਰ ਕਰ ਦੇਂਦੇ ਹਾਂ, ਤੁਸਾਂ ਇਹ ਭੇਟਾ ਅੱਗੇ ਧਰ ਦੇਣੀ ਤੇ ਪ੍ਰਸੰਨ ਕਰਕੇ ਕਾਰਜ ਬਨਾ ਲੈਣਾ। ਸੋ ਦੇਵੀ ਪ੍ਰਗਟੀ, ਪ੍ਰਕਾਸ਼ ਹੋਇਆ, ਅੱਠ ਭੁਜਾਂ ਸਨ, ਅੱਠ ਹਥਿਆਰ ਹੱਥ ਵਿੱਚ ਸਨ, ਸੂਰਜ ਵਰਗਾ ਪ੍ਰਕਾਸ਼ ਸੀ। ਫਿਰ 'ਲੇ ਭੇਟ ਭੋਗ ਮਾਤਾ ਬਿਗਸਾਨੀ ॥ ਤਹਿੰ ਭਈ ਅਲੋਪ ਜਹਿੰ ਤੇ ਪ੍ਰਗਟਾਨੀ'। [ਸਾ: ੨੦੫] ਤਦ ਸਤਿਗੁਰੁ ਪੰਡਤ ਜਗਾਏ ਕੁੰਡ ਵਿਚ ਜਲ ਦੁੱਧ ਪਾਯਾ, ਉਸ ਵਿਚੋਂ ਦੁਧਾਰਾ ਖੰਡਾ ਨਿਕਲਿਆ। ਪਰ ਇਸੇ ਪੁਸਤਕ ਵਿਚ ਦੇਵੀ ਨੂੰ ਸਤਿਗੁਰ ਦੀ ਆਨ ਮੰਨਣ ਵਾਲੀ ਲਿਖਿਆ ਹੈ, ਫਿਰ ਪੂਜੀ ਗਈ ਪਤਾ ਨਹੀਂ ਕਿਵੇਂ ਲਿਖਿਆ ਹੈ ? ਯਥਾ:—'ਮਾਨੁਖ ਦੇਵੀ ਦੇਵਤੇ ਸਭਿ ਰਾਖਤ ਗੁਰ ਕੀ ਆਨ'॥ [ਸਾ: ੨੦੭]

੮. ਵਾਰ ਭਗਉਤੀ ਪਾ: ੧੦ ਕ੍ਰਿਤ ਭਾਈ ਗੁਰਦਾਸ ਦੂਜਾ—[ਸੰਮਤ ੧੮੪੪ ਤੋਂ ਮਗਰੋਂ] ਇਹ ਵਾਰਾਂ ਭਾਈ ਗੁਰਦਾਸ ਦੇ ਅੰਤ ਤੇ ਲਿਖੀ ਮਿਲਦੀ ਹੈ, ਨਾਲ ਟੂਕ ਦਿੱਤੀ ਹੈ 'ਇਹ ਵਾਰ ਭਾਈ ਗੁਰਦਾਸ ਦੂਜੇ ਦੀ ਹੈ'। ਇਸ ਵਿਚ ਕੇਵਲ ਇਕ ਤੁਕ ਮਿਲਦੀ ਹੈ:—

'ਗੁਰ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ'। ਹੋਰ ਪ੍ਰਸੰਗ ਕੋਈ ਨਹੀਂ।

ਇਸ ਵਾਰ ਨੂੰ ਅਸਾਂ ਇਸ ਦੀ ਅੰਦਰਲੀ ਉਗਾਹੀ ਤੋਂ ਇਸ ਦਾ ਸਮਾਂ ਲੱਭਣ ਲਈ ਹੁਣ ਫੇਰ ਗਹੁ ਨਾਲ ਖੋਜਿਆ ਹੈ ਤਾਂ ਇਸ ਵਿਚ ਇਕ ਤੁਕ ਮਿਲੀ ਹੈ ਜੋ ਐਉਂ ਹੈ:—

'ਜਹ ਬਾਰਾਂ ਸਦੀ ਨਿਬੇੜ ਕਰ ਗੁਰ ਵਤੇ ਬੁਲਾਏ।'

ਇਸ ਤੋਂ ਪ੍ਰਗਟ ਹੁੰਦਾ ਹੈ ਕਿ ਲੇਖਕ ਜੀ ਬਾਰ੍ਹਵੀਂ ਸਦੀ ਨਿਬੜੀ ਨੂੰ ਦੇਖ ਰਹੇ ਹਨ

[ਪਿਛਲੇ ਪੰਨੇ ਦੀ ਟੂਕ ਦਾ ਬਾਕੀ]

ਦੇਵੀ ਦੇਵ ਕੋਟ ਥਰ ਥਾਹੀ। ਪਦ ਪੰਕਜ ਗੁਰ ਕੇ ਸਮ ਨਾਂਹੀ।

ਪਰ ਸਭ ਤੋਂ ਵਡੀ ਭੁੱਲ ਇਸ ਲੇਖਕ ਦੀ ਇਹ ਹੈ ਕਿ ਇਹ ਦੇਵੀ ਦੇ ਪ੍ਰਗਟ ਕਰਨ ਦਾ ਹਵਨ ੧੭੪੨ ਵਿਚ ਅਰੰਭਿਆ ਤੇ ੪ ਬਰਸ ਹੋਇਆ ਲਿਖਦਾ ਹੈ। ਅਰਥਾਤ— ੧੭੪੨—੪੬ ਦਾ ਸਮਾ। ਹੁਣ ਤਕ ਦੀ ਖੋਜ ਦੱਸਦੀ ਹੈ ਕਿ ਇਸ ਸਮੇਂ ਸਤਿਗੁਰ ਪਾਂਵਟੇ ਸਨ। ਕ੍ਰਿਸ਼ਨਾ ਅਵਤਾਰ ਪਾਂਵਟੇ ਰਚਿਆ, ਇਸ ਦਾ ਸੰਮਤ ੧੭੪੫ ਅਖੀਰ ਪਰ ਦਿੱਤਾ ਹੈ। ਸੋ ਨਿਸ਼ਚਿਤ ਤਦੋਂ ਗੁਰੂ ਜੀ ਅਨੰਦ ਪੁਰ ਨਹੀਂ ਸੇ। ੧੭੪੨ ਵਿਚ ਪਾਂਵਟੇ ਗਏ ਤੇ ੧੭੪੬ ਵਿਚ ਵਾਪਸ ਆਏ। ਦੇਵੀ ਦਾ ਮਾਜਰਾ ਅਨੰਦ ਪੁਰ ਦਾ ਹੈ. ਸੋ ਏਹ ਲੇਖਕ ਵੀ ਇਤਬਾਰ ਜੋਗ ਨਾ ਰਿਹਾ ਤੇ ਦੂਸਰੇ ਦੇਵੀ ਪ੍ਰਗਟਣ ਦਾ ਸੰਮਤ ਹੁਣ ਤਕ ਦੀ ਖੋਜ ਵਿਚ ਚੇਤ੍ਰ ੧੭੫੫ ਹੈ, ਵਿਸਾਖ ੧੭੫੬ ਵਿਚ ਖਾਲਸਾ ਸਾਜਿਆ ਹੈ, ਸੋ ਇਸ ਲੇਖਕ ਨੇ ਸਮਾਂ ਤੇ ਥਾਂ ਦੁਇ ਗ਼ਲਤ ਦਿੱਤੇ ਹਨ। ਫੇਰ ਇਸ ਲੇਖਕ ਨੇ ਭੰਗਾਣੀ ਤੇ ਨਾਦੌਣ ਦੇ ਜੁੱਧ ਸੰਮਤ ੧੭੪੨ ਤੋਂ ਮੁਹਰੇ ਰੱਖੇ ਹਨ ਇਹ ਵੀ ਇਤਿਹਾਸ ਵਿਰੁੱਧ ਹੈ।

ਇਸ ਬਿਧਿ ਇਹ ਵਾਰ ੧੮੪੪ ਬਿੱਕ੍ਰਮੀ ਤੋ ਪਗਰੋਂ ਦੀ ਰਚਨਾ ਜਾ ਟਿਕੇਗੀ। ਇਸ ਵਾਰ ਵਿਚ ਸੁਲਤਾਨਾਂ ਦਾ ਮਾਰਨਾ, ਛਤ੍ਰਪਤੀ ਚੁਣ ਚੁਣ ਮਾਰਨੇ, ਤੁਰਕਾਂ ਦਾ ਦਬ ਜਾਣਾ, ਬਾਂਗਾਂ ਦਾ ਰੋਕੇ ਜਾਣਾ, ਖਾਲਸੇ ਦੀਆਂ ਕਾਮਯਾਬੀਆਂ ਆਦਿਕ ਗੱਲਾਂ ਭੀ ਇਸੇ ਪਾਸੇ ਲੈ ਜਾਂਦੀਆਂ ਹਨ ਕਿ ਇਹ ੧੮੪੪ ਦੇ ਸਮੇਂ ਦੇ ਮਗਰੋਂ ਦੀ ਹੈ, ਕਿਉਂਕਿ ਇਹ ਘਟਨਾ ਗੁਰੂ ਜੀ ਦੇ ਸਮੇਂ ਦੀਆਂ ਨਹੀਂ ਹਨ,ਇਸੇ ਸਮੇਂ ਦੀਆਂ ਹਨ।ਸਰਬ ਲੋਹ ਗ੍ਰੰਥ ਵਿਚ ਵੀ ਇਹ ਵਾਰ ਆਈ ਹੈ,ਅਖੀਰ ਪਰ ਇਕ ਦੋਹੇ ਵਿਚ ਸੰਮਤ ੧੭੫੭ ਦਿੱਤਾ ਹੈ। ਪਰ ਸਰਬ ਲੋਹ ਗ੍ਰੰਥ ਦਾ ਸੰਮਤ (ਜੋ ਸਾਡੇ ਪਾਸ ਹੈ) ੧੭੫੫ ਦਿੱਤਾ ਹੈ। ੧੭੫੫ ਦੇ ਲਿਖੇ ਗ੍ਰੰਥ ਵਿਚ ੧੭੫੭ ਦੀ ਰਚਨਾ ਕਿਵੇਂ ਆ ਗਈ? ਫਿਰ ਇਥੇ ਇਸ ਵਾਰ ਨੂੰ ਬੋਲਣਾ ਭਾਈ ਗੁਰਦਾਸ ਭੱਲੇ ਦਾ ਲਿਖਿਆ ਹੈ ਜੋ ਗ਼ਲਤ ਹੈ। ਆਮ ਪੋਥੀਆਂ ਵਿਚ ਨਾ ਇਹ ਦੋਹਾ ਸੰਮਤ ਦਾ ਹੈ ਤੇ ਨਾ ਬੋਲਣਾ ਭਾਈ ਗੁਰਦਾਸ ਭੱਲੇ ਦਾ ਲਿਖਿਆ ਹੈ। ਤਾਂਤੇ ਵਿਚਲੀ (ਉਗਾਹੀ) 'ਬਾਰਾਂਸਦੀ ਨਿਬੇੜ ਕਰ' ਵਾਲੀ ਵਧੀਕ ਪੱਕੀ ਹੈ।

੯. ਸੌ ਸਾਖੀ—[ਲਗ ਪਗ ਸੰਮਤ ੧੮੯੦—੯੪]—ਇਸ ਵਿਚ ਹੋਰ ਸਾਖੀਆਂ ਵਾਂਙੂ ਲੇਖਕ ਵਲੋਂ ਦੇਵੀ ਦੀ ਸਾਖੀ ਨਹੀਂ ਦਿੱਤੀ ਹੋਈ, ਸਗੋਂ ਇਕ ਦਿਨ ਗੁਰੂ ਜੀ ਆਪ ਮਾਤਾ ਜੀ ਦੇ ਪੁੱਛਣ ਪਰ ਉਨ੍ਹਾਂ ਨੂੰ ਦੇਵੀ ਪ੍ਰਗਟਾਉਣ ਦੀ ਸਾਖੀ ਸੁਣਾਉਂਦੇ ਹਨ। ਉਸ ਵਿਚ ਹੀ ਅੱਖ ਮੀਟਣ ਤੇ ਚਾਲੀ ਵਰ੍ਹੇ ਮਗਰੋਂ ਪੰਥ ਦੇ ਜ਼ੋਰ ਫੜਨ ਦਾ ਜ਼ਿਕਰ ਹੈ। ਅਸਲ ਵਿਚ ਭਾਈ ਸੰਤੋਖ ਸਿੰਘ ਜੀ ਨੇ ਸਾਰਾ ਮਸਾਲਾ ਮਹਿਮਾ ਪ੍ਰਕਾਸ਼ (ਛੰਦਾ ਬੰਦੀ) ਗੁਰ ਬਿਲਾਸ ਭਾਈ ਸੁੱਖਾ ਸਿੰਘ ਤੇ ਸੌ ਸਾਖੀ ਤੋਂ ਲਿਆ ਹੈ*।

ਸੌ ਸਾਖੀ ਦੀ ਆਪਣੀ ਰਚਨਾ ਦੱਸਦੀ ਹੈ ਕਿ ਇਸ ਵਿਚ ਇਕ ਬ੍ਰਹਮਣ ਮਥੁਰਾ ਨਾਮੇ ਦਾ ਹੱਥ ਹੈ, ਫਿਰ ਕੋਈ ਨਰਾਇਣਦਾਸ ਮਿਸਰ ਮੰਨਦਾ ਹੈ ਕਿ ੧ ਸਾਖੀ ਦੇ ੪ ਦੋਹੇ ਮੈਂ ਪਾਏ ਹਨ, ਉਹ ਗੁਰੂ ਕਾ ਸਿੱਖ ਹੈ ਤੇ ਸਿਦਕ ਵਾਲਾ ਹੈ ਪਰ ਬ੍ਰਹਮਣੀ ਵਡੱਤ ਉਸ ਵਿਚ ਕਮਾਲ ਹੈ। ਸਿੱਖ ਹੋਏ ਬ੍ਰਾਹਮਣਾਂ ਨੂੰ ਉਹ ਉੱਚਾ ਥਾਪਦਾ ਹੈ ਤੇ ਹੋਰ ਭੀ ਸ਼ਾਸਤ੍ਰਕ ਵਿਸ਼ਵਾਸ਼ ਤੇ ਰੀਤਾਂ ਰਸਮਾਂ ਗੁਰਮਤ ਵਿਚ ਪਾਉਂਦਾ ਹੈ ਜੋ ਪੰਜਵੀਂ ਰੁਤ ਵਿਚ ਆਉਂਦੀਆਂ ਹਨ। ਸਤਾਰ੍ਹਵੀਂ ਸਾਖੀ ਦੇ ਅੰਤ ਵਿਚ ਜਿਸ ਵਿਚ ਦੇਵੀ ਦਾ ਜ਼ਿਕਰ ਹੈ ਬ੍ਰਹਮਣ ਜੀ ਦੱਸਦੇ ਹਨ ਕਿ ਕੇਸ਼ਵ ਬ੍ਰਹਮਣ ਨੂੰ ਸਤਿਗੁਰਾਂ ਨੇ ਵਰ ਦਿੱਤਾ ਕਿ ਇਹ ਤੀਸਰੇ ਜਨਮ ਲਾਹੌਰ ਜਾਵੇਗਾ, ਸਾਡਾ ਸਿੱਖ ਹੋਕੇ ਅਵਤਰੇਗਾ, ਇਸ ਦਾ ਨਾਮ ਰਣ ਸਿੰਘ (ਭਾਵ ਰਣਜੀਤ ਸਿੰਘ) ਹੋਵੇਗਾ, ਬਹੁਤਿਆਂ ਨਾਲ ਜੰਗ ਕਰਕੇ ਰਾਜ ਕਰੇਗਾ, ਉਸ ਤੀਸਰੇ ਜਨਮ ਲਾਹੌਰ ਜਾਕੇ ਸ਼ਰਨ ਆਕੇ ਉਧਰੇਗਾ। ਇੰਨੀ ਗੱਲ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਖ਼ੁਸ਼ ਕਰਨ ਵਾਸਤੇ ਇਹ ਸਾਖੀ ਘੜੀ ਗਈ ਸੀ ਕਿ ਤੁਸੀਂ 'ਕੇਸ਼ੂ ਦਾਸ' ਪੰਡਤ ਦੇ ਅਵਤਾਰ ਹੋ, ਜਿਸ ਤੋਂ ਮਹਾਰਾਜਾ ਸਾਹਿਬ ਨੂੰ ਬ੍ਰਹਮਣਾਂ ਵਲ ਝੁਕਾ ਲੈਣ ਦਾ ਪ੍ਰਯੋਜਨ ਸੀ। ਇਹੋ ਲੀਲਾ ਅਕਬਰ ਨੂੰ ਬ੍ਰਹਮਣ ਦਾ ਅਵਤਾਰ ਦੱਸਣ ਵਿਚ ਵਰਤੀ ਗਈ ਸੀ।

ਫਿਰ, ਸੌ ਸਾਖੀ ਵਿਚ ਇਸਦੇ ਰਚੇ ਜਾਣ ਦੇ ਦੋ ਸੰਮਤ ਆਏ ਹਨ। ਮੁੱਢ ਵਿਚ ਲੇਖਕ

*ਅੱਖ ਮੀਟਣ ਤੇ ਚਾਲੀ ਵਰ੍ਹੇ ਨੂੰ ਭਾਈ ਦਿੱਤ ਸਿੰਘ ਜੀ ਨੇ ਭਾਈ ਸੰਤੋਖ ਸਿੰਘ ਜੀ ਦੀ ਮਨੋਕਲਪਿਤ ਲਿਖਿਆ ਹੈ, ਪਰ ਕਵੀ ਸੰਤੋਖ ਸਿੰਘ ਜੀ ਨੇ ਇਹ ਖਿਆਲ ਸੌ ਸਾਖੀ ਤੋਂ ਲਿਆ ਹੈ।

Sri Satguru Jagjit Singh Ji eLlibrary NamdhariElibrary@gmail.com

ਦਸਦਾ ਹੈ ਕਿ ੧੭੯੧ ਵਿਚ ਲਿਖੀ ਗਈ। ਵਿਚਕਾਰੇ ਦਸਦਾ ਹੈ ਕਿ ੧੭੮੧ ਜੇਠ ਵਿਚ ੫੦ ਸਾਖੀਆਂ ਮੁੱਕੀਆਂ, ਅੰਤ ਤੇ ਜਾਕੇ ਫੇਰ ਦੱਸਦਾ ਹੈ ਕਿ ੧੭੮੧ ਵਿਚ ਸਾਰੀ ਮੁੱਕੀ। ਮੁੱਢ ਵਿਚ ੯੧, ਮੱਧ ਤੇ ਅੰਤ ਵਿਚ ੮੧, ਕੋਈ ਭੁੱਲ ਹੈ। ਸੰਮਤਾਂ ਦੀ ਇਹ ਗ਼ਲਤੀ ਅਖੇਪਕਾਰਾਂ ਦੀ ਹੱਥ ਚਲਾਕੀ ਦੀ ਭਾਰੀ ਦਲੀਲ ਹੈ। ਸਾਖੀ ੫੮ ਅੰਕ ੧੪, ੧੫ ਵਿਚ ਲੇਖਕ ਜੀ ਲਿਖਦੇ ਹਨ ਕਿ ਅਸਾਂ ਨਾਦਰ ਦਾ ਹਮਲਾ ਆਪ ਡਿੱਠਾ ਹੈ। ਨਾਦਰ ਦਾ ਹੱਲਾ ੧੭੯੬ ਬਿ: ਵਿਚ ਹੋਇਆ ਹੈ। ਜੇ ਸੌ ਸਾਖੀ* ੧੭੯੧ ਵਿਚ ਲਿਖੀ ਜਾ ਚੁਕੀ ਸੀ ਤਾਂ ਉਸ ਵਿਚ ਦਾ ਲੇਖਕ ੧੭੯੬ ਦੀ ਅੱਖੀਂ ਦੇਖੀ ਘਟਨਾ ਕੀਕੂੰ ਲਿਖ ਸਕਦਾ ਹੈ? ਸੋ ੮੧ ਵਿਚ ਮੁੱਕੀ ਯਾ ੯੧ ਵਿਚ ਮੁੱਕੀ ਵਿਚ ੯੬ ਦੀ ਘਟਨਾ ਨਹੀਂ ਆ ਸਕਦੀ। ਇਹ ਬੀ ਦਲੀਲ ਹਸਤਾਖੇਪਾਂ ਦੀ ਹੈ।

ਇਸੇ ਪੋਥੀ ਦੀ ੯੩ ਸਾਖੀ ਵਿਚ ਲਿਖਿਆ ਹੈ ਕਿ ਸਾਖੀਆਂ ਪੰਜ ਸੌ ਹਨ, ਸੌ ਸਾਖੀ ਸਾਹਿਬ ਰਾਮ ਕੌਰ ਜੀ ਨੂੰ ਮਿਲੀ, ਸੌ ਕਾਬਲੀ ਮਲ ਨੂੰ, ਸੌ ਸੁਲਤਾਨੀ ਸੂਰੇ ਨੂੰ, ੧੦੦ ਰਤੀਏ ਪੂਰਬ ਭੱਲ ਨੂੰ ਤੇ ਸੌ ਸੂਰਤ ਸਿੰਘ ਆਗਰੇ ਵਾਲੇ ਨੂੰ। ਇਹ ਗੱਲ ਭੀ ਸਾਖੀਆਂ ਦੀ ਪੋਥੀ ਦੀ ਬਣਾਵਟ ਦੀ ਦਲੀਲ ਹੈ।

ਇਸ ਵਿਚ ਸ਼ੱਕ ਨਹੀਂ ਕਿ ਸਾਹਿਬ ਰਾਮ ਕੌਰ ਜੀ ਨੇ ਸੰਗਤ ਨੂੰ ਸਾਖੀਆਂ ਸੁਣਾਈਆਂ ਤੇ ਉਹ ਕਿਸੇ ਵੇਲੇ ਲਿਖੀਆਂ ਗਈਆਂ ਹੋਣ ਤਾਂ ਬੀ ਅਚਰਜ ਨਹੀਂ। ਪਰ ਉਹ ਅਸਲ ਕਾਪੀ ਨਹੀਂ ਮਿਲਦੀ। ਅਸਲ ਕੀਹ ਸੰਨ ੧੯੦੫ ਤੋਂ ਪਹਿਲੇ ਦੀ ਲਿਖੀ ਹੋਈ ਕਾਪੀ ਬਹੁਤ ਕੋਸ਼ਿਸ਼ ਕਰਨ ਤੇ ਬੀ ਸਾਡੇ ਦੇਖਣ ਵਿਚ ਨਹੀਂ ਆਈ। ੧੮੭੩ ਈ: (੧੯੩੦ ਬਿ:) ਵਿਚ ਸਰ ਸ: ਅਤਰ ਸਿੰਘ ਜੀ ਨੂੰ ਬੀ ੧੮੯੪ ਬਿ: ਤੋਂ ਪੁਰਾਣੀ ਪੋਥੀ ਨਹੀਂ ਮਿਲੀ। ਇਸ ਤੋਂ ਮਗਰਲੇ ਕਿਸੇ ਸੰਮਤ ਦੀ ਮਿਲੀ ਹੋਊ ਜਿਸ ਤੋਂ ਓਹ ਇਸ ਦੇ ਰਚੇ ਜਾਣ ਦਾ ਸੰਮਤ ੧੮੯੪ ਅੰਗਦੇ ਹਨ। ਜਾਪਦਾ ਐਉਂ ਹੈ ਕਿ ਅਸਲ ਪੋਥੀ ਵਿਚ ਦੋ ਤ੍ਰੈ ਵਾਰੀ ਨਵੇਂ ਮਜ਼ਮੂਨ ਪੈਂਦੇ ਰਹੇ ਹਨ। ਬਾਬਾ ਸਾਹਿਬ ਸਿੰਘ, ਬਾਬਾ ਰਾਮ ਸਿੰਘ, ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਦਲੀਪ ਸਿੰਘ ਬਾਬਤ ਇਸ਼ਾਰੇ ਪਤੇ ਦੇਣੇ ਦੱਸਦੇ ਹਨ ਕਿ ਮੌਜੂਦਾ ਪਰਵਿਰਤ ਪੋਥੀ ੧੯੦੪-੫ ਤੋਂ ਪੁਰਾਣੀ ਨਹੀਂ ਹੈ। ਪਰ ਜੋ ਪੋਥੀ ਕਵੀ ਸੰਤੋਖ ਸਿੰਘ ਜੀ ਪਾਸ ਸੀ ਸੋ ੧੮੯੦ ਯਾ ੧੮੯੪ ਦੇ ਵਿਚਕਾਰਦੀ ਲਿਖੀ ਹੋਈ ਹੋਣੀ ਹੈ। ਜਦ ਤਕ ੧੮੯੦ ਤੋਂ ਪੁਰਾਣੀ ਪੋਥੀ ਲਿਖਤੀ ਨਾਂ ਮਿਲੇ ਤਦ ਤੱਕ ਇਹ ਸੰਭਾਵਨਾ ਸੱਚ ਤੋਂ ਦੂਰ ਨਹੀਂ ਹੋਵੇਗੀ, ਕਿ ਕਵੀ ਜੀ ਨੂੰ ਮਿਲੀ ਸੂਰਤ ਵਾਲੀ ਪੋਥੀ ਪੁਰਾਣੀ ਤੋਂ ਪੁਰਾਣੀ ੧੮੯੦ ਤੋਂ ੧੮੯੪ ਦੇ ਵਿਚ ਦੀ ਹੈ ਤੇ ਹੋਰ ਇਸ ਤੋਂ ਬੀ ਮਗਰੋਂ ਦੀਆਂ ਹੋਣਗੀਆਂ। ਜਦ ਤੱਕ ਕੋਈ ਨੁਸਖਾ ਪਹਿਲੇ ਦਾ ਲਿਖਿਆ ਨਾ ਮਿਲੇ ਤਦ ਤਕ ਹੁਣ ਵਾਲਿਆਂ ਨੂੰ ੧੭੮੧ ਯਾ ੧੭੯੧ ਦੇ ਸਮਝਣਾ ਭੁਲੇਖਿਆਂ ਵਿੱਚ ਪਾਉਣ ਵਾਲਾ ਹੈ। ਅਸਾਂ ਇਸ ਕਰਕੇ ਇਸ ਦਾ ਸਮਾਂ ੧੮੯੪ ਦੇ ਲਗ ਪਗ ਦਾ ਹਾਲੇ ਸਮਝਿਆ ਹੈ,

*ਭਾਈ ਸੁੱਖਾ ਸਿੰਘ ਨੇ ਦੇਵੀ ਦਾ ਪ੍ਰਸੰਗ ਸੁਣਿਆ ਸੁਣਾਯਾ ਲਿਖਿਆ ਦੱਸਿਆ ਹੈ। ਇਸਤੋਂ ਪਤਾ ਲੱਗਾ ਕਿ ਇਹ ਸੌ ਸਾਖੀ ਉਸ ਵੇਲੇ (੧੮੫੪ ਵਿਚ) ਹੈ ਨਹੀਂ ਸੀ ਕਿਉਂਕਿ ਜੋ ਸ਼ੈ ਇਸ ਵੇਲੇ ਇੱਡੀ ਪ੍ਰਸਿੱਧੀ ਰਖਦੀ ਹੈ ਓਹ ਤਦੋਂ ਕਿਵੇਂ ਇੰਨੀ ਗੁੰਮ ਨਾਮ ਰਹਿ ਸਕਦੀ ਸੀ, ਕਿ ਇਤਿਹਾਸਕਾਰ ਤੇ ਵਿਦ੍ਵਾਨ ਸਿੱਖ ਨੂੰ ਜੋ ਪ੍ਰਸੰਗ ਲੱਭ ਲੱਭ ਕੇ ਲਿਖ ਰਿਹਾ ਹੈ ਤੇ ਇਕ ਤਖ਼ਤ ਸਾਹਿਬ ਤੇ ਬੈਠਾ ਹੈ, ਜਿਥੇ ਪੁਸਤਕਾਂ ਤੇ ਪੋਥੀਆਂ ਦਾ ਪੁਸਤਕਾਲਯ ਤੇ ਤਖ਼ਤ ਸਾਹਿਬ ਦੇ ਗ੍ਰੰਥ ਮੌਜੂਦ ਹੋਣ; ਓਥੇ ਇਹ ਪੋਥੀ ਨਾ ਹੋਵੇ; ਜੇ ਹੋਵੇ ਤਾਂ ਭਾਈ ਜੀ ਦੀ ਵਾਕਫੀ ਤੋਂ ਉਹਲੇ ਰਹੇ।

ਕਿਉਂਕਿ ਸ੍ਰੀ ਗੁਰੂ ਪ੍ਰਤਾਪ ਸੂਰਜ ਤੋਂ ਨਿਰਸੰਸੇ ਸਹੀ ਹੋ ਰਿਹਾ ਹੈ ਕਿ ਪੋਥੀ ਕਵੀ ਜੀ ਪਾਸ ਹੈਗੀ ਸੀ ਤੇ ਗੁਰ ਪ੍ਰਤਾਪ ਸੂਰਜ ਲਗਪਗ ੧੮੯੨ ਤੋਂ ਆਰੰਭ ਹੋਕੇ ੧੯੦੦ ਵਿਚ ਮੁੱਕਾ ਹੈ।

ਸੌ ਸਾਖੀ ਵਿਚ ਦੇਵੀ ਦੇ ਪ੍ਰਸੰਗ ਹਨ, ਇਕ ਪਿਛਲੇ ਜਨਮ ਦਾ ਤੇ ਇਕ ਇਸ ਜਨਮ ਦਾ, ਇਸੇ ਵਿਚ ਦੇਵੀ ਪ੍ਰਗਟਾਉਣ ਦੀ ਸਾਖੀ ਮਿਲਦੀ ਹੈ। ਪਰ ਵੀਚਾਰ ਕਰਨ ਤੇ ਇਹ ਸਾਖੀ ਬਨਾਵਟੀ ਸਹੀ ਹੋ ਜਾਂਦੀ ਹੈ।ਅਸੀਂ ਗੁ:ਪ੍ਰ. ਸੂਰਜ, ਰਾ: ੧੧ ਅੰਸੂ ੫੧-੯ ਦੀ ਟੂਕ ਵਿਚ ਗੁਰੂ ਜੀ ਦੇ ਪਿਛਲੇ ਜਨਮ ਸੰਬੰਧੀ ਬਚਿੱਤ੍ਰ ਨਾਟਕ ਵਿਚ ਆਪ ਦੱਸੇ ਹਾਲਾਤ ਤੇ ਸੌ ਸਾਖੀ ਦੇ ਹਾਲਾਤ ਦਾ ਪਰਸਪਰ ਵਿਰੋਧ ਨਰੋਤਮ ਤਾਰਾਂ ਸਿੰਘ ਜੀ ਲਿਖਤ ਦੁਆਰਾ ਦਿਖਾ ਆਏ ਹਾਂ। ਗੁਰੂ ਜੀ ਹੇਮ ਕੁੰਟ ਦਾ ਪਤਾ ਹਿਮਾਲੇ ਵਿਚ ਦੱਸਦੇ ਹਨ ਤੇ ਸੌ ਸਾਖੀ ਵਾਲਾ ਵਿੰਧਯਾਚਲ ਵਿਚ। ਦੋਹੀਂ ਥਾਈਂ ਕਥਨ ਕਰਨ ਵਾਲੇ ਗੁਰੂ ਜੀ ਹਨ ਸੋ ਗੁਰੂ ਜੀ ਇਕ ਮਾਜਰੇ ਨੂੰ ਕਿਤੇ ਹਿਮਾਲਯ ਵਿਚ ਤੇ ਕਿਤੇ ਵਿੰਧ੍ਯਾਚਲ ਵਿਚ ਨਹੀਂ ਦੱਸ ਸਕਦੇ ਤਾਂਤੇ ਸੌ ਸਾਖੀ ਦਾ ਲੇਖ ਬਨਾਵਟੀ ਹੈ। ਫਿਰ ਇਸੇ ਸੰਬੰਧ ਵਿਚ ਦੇਖੋ ਰੁਤ ੩ ਅੰਸੂ ੩੫-੪੧ ਦੀ ਹੇਠਲੀ ਟੂਕ।

ਦੇਵੀ ਪੂਜਨ ਦਾ ਹੁਣ ਤਕ ਲੱਭਾ ਆਦਿ ਲੇਖਕ ਮਹਿਮਾ ਪ੍ਰਕਾਸ਼ ਛੰਦਾਬੰਦੀ ਹੈ। ਉਸ ਨੇ ਦੇਵੀ ਪੂਜਨ ਦੀ ਉਥਾਨਕਾ ਸੰਗਤ ਪਰ ਤੁਰਕਾਂ ਦੀ ਵਧੀਕੀ ਤੋਂ ਗੁਰੂ ਜੀ ਦਾ ਉਦਾਸ ਹੋਕੇ ਬੀਰਰਸ ਉਪਜਾਵਨ ਲਈ ਏਹ ਵਿਚਾਰ ਕਰਨਾ ਦੱਸਿਆ ਹੈ, ਪਰ ਸੌ ਸਾਖੀ ਨੇ ਘਾੜਤ ਹੋਰ ਘੜੀ ਹੈ ਜੋ ਇਤਿਹਾਸ ਦੇ ਬੀ ਵਿਰੁੱਧ ਹੈ। ਸੌ ਸਾਖੀ ਕਹਿੰਦੀ ਹੈ ਕਿ ਪਾਉਂਟੇ ਤੋਂ ਤੁਰੇ ਤਾਂ ਕੇਸੋਦਾਸ ਸੱਦਿਆ ਫੇਰ ਕਪਾਲ ਮੋਚਨ ਜਾ ਲੁਕੇ ਉਥੇ ਤੁਰਕ ਸੈਨਾਂ ਢੂੰਡਦੀ ਆਈ ਪਰ ਕਿਵੇਂ ਟਲ ਗਈ। ਫੇਰ ਨੈਣ ਪੁਰ ਆ ਗਏ, ਉਥੇ ਮਥਰਾ ਬ੍ਰਾਹਮਨ ਮਿਲਿਆ, ਫੇਰ ਧੂਨਕੀ ਆਏ ਸੱਤ ਦਿਨ ਬਾਦ ਮਤਾ ਕੀਤਾ ਕਿ ਨੈਨੂ ਪੁਤਰੀ*ਦੀ ਸੇਵਾ ਕੀਤੀ ਜਾਵੇ, ਫੇਰ ਪਹਾੜ ਜਾ ਚੜੇ ਤੇ ਪੰਜ ਪਹਿਰ ਦਾ ਹੋਮ ਅਰੰਭਿਆ। ਇਹ ਸਾਰੀ ਗਲ ਇਤਿਹਾਸ ਵਿਰੁੱਧ ਹੈ:—ਪਾਉਂਟੇ ਤੋਂ ਗੁਰੂ ਸਾਹਿਬ ਜੀ ੧੭੪੬ ਵਿਚ ਟੁਰੇ ਹਨ, ਖਾਲਸਾ ਵਿਸਾਖ ੧੭੫੬ ਵਿਚ ਪ੍ਰਗਟਿਆ ਸਾਰੇ ਲੇਖਕ ਦੇਵੀ ਦਾ ਵਾਕਿਆ ਉਸ ਤੋਂ ਪਹਿਲੇ ਚੇਤ ਵਿਚ ਦੱਖਦੇ ਹਨ, ਸੋ ੧੭੫੫ ਹੋਇਆ। ਸੌ ਸਾ: ਵਾਲਾ ੧੭੫੫ ਦੀ ਘਟਨਾ ਨੂੰ ੧੭੪੬ ਵਿਚ ਲੈ ਗਿਆ ਹੈ, ੯ ਬਰਸ ਦਾ ਟਪਲਾ ਘਾੜਤ ਘੜਨ ਵਿਚ ਖਾ ਗਿਆ ਹੈ। ਗੁਰੂ ਜੀ ਕਪਾਲ ਮੋਚਨ ਮੇਲੇ ਪਰ ਗਏ ਸਨ ਤੇ ਮੁੜਕੇ ਪਾਂਵਟੇ ਗਏ ਫਿਰ ਭੰਗਾਣੀ ਜੁੱਧ ਹੋਇਆ ਫੇਰ ਅਨੰਦਪੁਰ ਗਏ ਪਰ ਸੌ ਸਾਖੀ ਵਾਲਾ ਕਪਾਲ ਮੋਚਨ ਤੋਂ ਹੀ ਨੈਣਾਂ ਟਿੱਲੇ ਤੇ ਲੈ ਜਾਂਦਾ ਹੈ। ਇਸ ਤਰ੍ਹਾਂ ਦੀ ਇਤਹਾਸ ਵਿਰੁੱਧਤਾ ਤੋਂ ਇਸ ਸਾਖੀ ਦਾ ਕਿਸੇ ਇਤਿਹਾਸ ਤੋਂ ਨਾਵਾਕਫ ਦੇ ਹਥੀਂ ਠੱਪੇ ਜਾਣਾ ਸਹੀ ਹੋਗਿਆ।ਸੌ ਸਾਖੀ ਸਾਹਿਬ ਰਾਮ ਕੌਰ ਜੀ ਦੀ ਰਚਨਾ ਦੱਸੀ ਜਾਂਦੀ ਹੈ।ਜੇ ਇਹ ਸਾਖੀ ਸਾਹਿਬ ਰਾਮ ਕੌਰ ਜੀ ਨੇ ਲਿਖੀ ਹੁੰਦੀ ਤਾਂ ਉਹ ਸਤਿਗੁਰ ਜੀ ਦੇ ਹਜ਼ੂਰੀਏ ਇੱਡੀਆਂ ਭਾਰੀਆਂ ਇਤਿਹਾਸਿਕ ਭੁੱਲਾਂ ਕਦੇ ਨਾ ਕਰਦੇ।ਫਿਰ ਇਸੇ ਸੌ ਸਾਖੀ ਪੋਥੀ ਵਿੱਚ ਸਿਖਾਂ ਦੀਆਂ ਰਹਿਤਾਂ ਆਦਿਕ ਦੱਸਣ ਵੇਲੇ ਸਿੱਖਾਂ ਨੂੰ ਸੀਤਲਾ ਪੂਜਣ ਤੋਂ ਵਰਜਿਆ ਹੈ। ਸੀਤਲਾ ਦੁਰਗਾ ਦਾ ਹੀ ਰੂਪ ਮੰਨੀ ਜਾਂਦੀ ਹੈ†। ਸੌ ਸਾਖੀ ਦੀ ੬੨ਵੀਂ ਸਾਖੀ ਵਿੱਚ ਗੁਰੂ ਸਾਹਿਬ ਜੀ ਦੀ ਜ਼ਬਾਨੀ ਐਉਂ ਲਿਖਿਆ ਹੈ:—"ਮੇਰਾ ਸਿਖ ਸੀਤਲਾ ਨਾ ਮਾਨੈ"

*ਸੌ ਸਾਖੀ ਦੇ ਏਹ ਲਫਜ਼ ਬੀ ਅਟਪਟੇ ਹਨ 'ਨੈਣਾਂ' ਤਾਂ ਇਕ ਗੁਜਰ ਸੀ ਦੁਰਗਾ ਉਸ ਦੀ ਪੁੱਤ੍ਰੀ ਕਿਵੇਂ ?

†ਗੁਰੂ ਹਰਿ ਗੋਬਿੰਦ ਜੀ ਦੀ ਸੀਤਲਾ ਪੂਜਨ ਸਮੇਂ ਕਵੀ ਜੀ ਨੇ ਦੁਰਗਾ ਪੂਜਨ ਜਾਕਾ ਦੱਸਕੇ ਸੀਤਲਾ ਤੇ ਦੁਰਗਾ ਨੂੰ ਇੱਕੋ ਦਾ ਰੂਪ ਦੱਸਿਆ ਹੈ। ਦੇਖੋ ਰਾਸ ੩ ਅੰਸੂ ੧੨।

Sri Satguru Jagjit Singh Ji eLlibrary NamdhariElibrary@gmail.com

ਇਹ ਵਾਕ ਉਸੇ ਵਾਕ ਦੇ ਅਨਕੂਲ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹੈ:–

ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨ ਉਹੁ ਛਾਰ ਉਡਾਵੈ ॥੧॥ ਹਉ ਤਉ ਏਕ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥੧॥ ਰਹਾਉ ॥ ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥੨॥ ਮਹਾ ਮਾਈ ਕੀ ਪੂਜਾ ਕਰੇ । ਨਰ ਸੈ ਨਾਰਿ ਹੋਇ ਅਉਤਰੈ ॥੩॥ ਤੂ ਕਹੀਅਤਿ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥ ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥ [ਗੋਂਡ ਨਾਮ ਦੇਵ ਜੀ ।

ਉਪਰਲੀ ਵੀਚਾਰ ਤੋਂ ਸੌ ਸਾਖੀ ਦੇ ਏਹ ਪ੍ਰਸੰਗ ਬਨਾਵਟੀ ਹੋਣੇ ਸਹੀ ਹੋ ਗਏ ਤੇ ਫਿਰ ਉਸੇ ਸੌ ਸਾਖੀ ਵਿਚੋਂ ਦੇਵ ਦੀ ਪੂਜਾ ਦੀ ਮਨਾਹੀ ਥੀ ਮਿਲ ਗਈ ।

੧੦. ਗੁਰ ਬਿਲਾਸ ਭਾਈ ਸੁਖਾ ਸਿੰਘ ਜੀ [੧੮੫੪]–ਇਹ ਪੁਸਤਕ ਗੁਰੂ ਜੀ ਦੇ ਹਾਲਾਤ ਦੱਸਦੀ ਹੈ ਤੇ ਲਗ ਪਗ ਸੰਮਤ ੧੮੫੪ ਵਿਚ ਅਨੰਦਪੁਰ ਸਾਹਿਬ ਲਿਖੀ ਗਈ ਹੈ ।

ਇਸ ਵਿੱਚ ਦੇਵੀ ਦਾ ਪ੍ਰਸੰਗ ਹੈ ਪਰ ਅਧਯਾਯ ਦੇ ਅੰਤ ਵਿੱਚ ਇਸ ਦੇ ਕਰਤਾ ਭਾਈ ਸੁੱਖਾ ਸਿੰਘ ਜੀ ਦੱਸਦੇ ਹਨ ਕਿ ਇਹ ਪ੍ਰਸੰਗ ਉਨ੍ਹਾਂ ਨੇ ਰਵਾਇਤਾਂ ਤੋਂ ਲਿਆ ਹੈ । ਯਥਾ:–

'ਪ੍ਰਗਟ ਕਥਾ ਜਿਮ ਜਗਤ ਮੈਂ ਗਾਵਤ ਗੁਨੀ ਸੁਧੀਰ ॥ ਤਿਹ ਪ੍ਰਸਾਦ ਵਰਨਨ ਕਰੀ ਤੈਸ ਭਾਂਤ ਇਨ ਕੀਰ ।' ਇਸਤੋਂ ਪਤਾ ਲੱਗਾ ਕਿ ਆਪਦੀ ਲਿੱਖਤ ਸੁਣੀ ਸੁਣਾਈ ਰਵਾਯਤ ਦੇ ਆਧਾਰ ਤੇ ਹੈ । ਕਿਸੇ ਆਪ ਕੀਤੀ ਇਤਿਹਾਸਕ ਖੋਜ ਦਾ ਸਿੱਟਾ ਨਹੀਂ ਹੈ ।

੧੧. ਸ੍ਰੀ ਗੁਰ ਪ੍ਰਤਾਪ ਸੂਰਜ–[੧੯੦੦] ਇਸ ਦੇ ਪਾਠ ਤੇ ਮੁਕਾਬਲੇ ਕਰਨ ਤੋਂ ਸਾਫ਼ ਪਤਾ ਲਗ ਜਾਂਦਾ ਹੈ ਕਿ ਆਪ ਦੇ ਪਾਸ ਮਹਿਮਾ ਪ੍ਰਕਾਸ਼ (ਛੋਟਾ ਬੱਡੀ)ਹੈਸੀ, ਗੁਰਬਿਲਾਸ ਭਾ: ਸੁੱਖਾ ਸਿੰਘ ਦਾ ਬੀ ਹੈਸੀ ਤੇ ਸੌ ਸਾਖੀ ਦੀ ਪੋਥੀ ਬੀ ਹੈਸੀ । ਇਨ੍ਹਾਂ ਤੋਂ ਹਾਲ ਲੈਕੇ ਆਪ ਨੇ ਲਿਖਿਆ ਹੈ, ਆਪਣੀ ਖਾਸ ਖੋਜ ਕੀਤੀ ਦਾ ਕੋਈ ਇਸ਼ਾਰਾ ਆਪ ਨੇ ਨਹੀਂ ਦਿੱਤਾ ।

'ਦਸਮ ਗੁਰੂ ਜੀ ਦਾ ਇਸ਼ਟ ਯਾ ਗੁਰੂ ਦੇਵੀ ਨਹੀਂ ਸੀ' ਇਹ ਗਲ ਅਸੀਂ ਪਿੱਛੇ ਕਵੀ ਜੀ ਦੀ ਆਪਣੀ ਲਿਖਤ ਤੋਂ ਸਾਬਤ ਹੁੰਦੀ ਵੇਖ ਆਏ ਹਾਂ, ਵੇਖੋ ਪੰਨਾ ੪੯੮੨–੮੩ ਤੇ–੮੬–੮੭, ਆਪ ਨੇ ਦੇਵੀ ਨੂੰ ਗੁਰੂ ਚਰਨਾਂ ਵਿੱਚ ਵੱਸਣ ਵਾਲੀ ਦੱਸਿਆ ਹੈ ।

੧੨. ਗੁਰ ਬਿਲਾਸ ਕ੍ਰਿਤ ਬਾਬਾ ਸੁਮੇਰ ਸਿੰਘ ਜੀ [ਲਗ ਪਗ ਸੰਮਤ ੧੯੩੯] ਆਪ ਦੇ ਦੇਵੀ ਸੰਬੰਧੀ ਲੇਖ ਦਾ ਆਧਾਰ ਮਹਿਮਾ ਪ੍ਰਕਾਸ਼, ਗੁਰਬਿਲਾਸ ਤੇ ਗੁਰ ਪ੍ਰਤਾਪ ਸੂਰਜ ਤੇ ਹੈ । ਅਪਣੀ ਖੋਜ ਯਾ ਕਿਸੇ ਇਨ੍ਹਾਂ ਤੋਂ ਪੁਰਾਤਨ ਨੁਸਖੇ ਦੇ ਆਧਾਰ ਤੇ ਕੁਛ ਲਿਖਿਆ ਇਨ੍ਹਾਂ ਦੇ ਪੁਸਤਕ ਤੋਂ ਸਹੀ ਨਹੀਂ ਹੁੰਦਾ ।

੧੩. ਪੰਥ ਪ੍ਰਕਾਸ਼–[ਭੰਗੂ ਰਤਨ ਸਿੰਘ ਜੀ ਦਾ ਸੰਮਤ ੧੮੯੮ । ਭਾਈ ਗਿਆਨ ਸਿੰਘ ਗਿਆਨੀ ਜੀ ਦਾ ਸੰਮਤ ੧੯੪੬*] ।

ਗਿਆਨੀ ਗਿਆਨ ਸਿੰਘ ਜੀ ਦੇ ਪੱਥਰ ਦੇ ਛਾਪੇ (ਸੰਮਤ ੧੯੪੬) ਵਿੱਚ ਛਪੇ ਪੰਥ ਪ੍ਰਕਾਸ਼ ਵਿੱਚ ਦੇਵੀ ਪ੍ਰਗਟਾਈ ਲਿਖੀ ਹੈ । ਉਸ ਵਿੱਚ ਉਨ੍ਹਾਂ ਨੇ ਇਕ ਇਕਤਬਾਸ ਦਿੱਤਾ ਹੈ ਜੋ ਆਪਣੀ ਇਬਾਰਤ ਤੋਂ ਖਿਆਲ ਦੇ ਸਕਦਾ ਹੈ ਕਿ ਉਹ ਰਤਨ ਸਿੰਘ ਭੰਗੂ ਦੇ ਪੰਥ

*ਇਸ ਤੋਂ ਪਹਿਲਾਂ ੧੯੩੫ ਬਿ: ਦਾ ਪਤਾ ਚਲਦਾ ਹੈ ਕਿ ਉਸ ਸੰਮਤ ਵਿਚ ਇਹ ਪਹਿਲਾਂ ਛਪਿਆ ਸੀ, ਉਹ ਨੁਸਖਾ ਸਾਨੂੰ ਮਿਲਿਆ ਨਹੀਂ, ੧੯੪੬ ਦਾ ਅਸਾਂ ਪਾਸ ਹੈ ।

Sri Satguru Jagjit Singh Ji eLlibrary NamdhariElibrary@gmail.com

ਪ੍ਰਕਾਸ਼ ਤੋਂ ਲੀਤਾ ਗਿਆ ਹੈ। ਅਸਲ ਵਿੱਚ ਗਿਆਨੀ ਜੀ ਦਾ ਪੰਥ ਪ੍ਰਕਾਸ਼ ਭੰਗੂ ਜੀ ਦੇ ਪੰਥ ਪ੍ਰਕਾਸ਼ ਦੀ ਹੀ ਕਾਇਆਂ ਪਲਟ ਹੈ । ਅਸਾਂ ਨੂੰ ਇਹ ਉਪਰ ਦੱਸੀ ਇਬਾਰਤ,ਭੰਗੂ ਰਤਨ ਸਿੰਘ ਜੀ ਦੇ ਗ੍ਰੰਥ ਵਿੱਚ ਜੋ ਸਾਡੇ ਪਾਸ ਹੈ, ਨਹੀਂ ਮਿਲੀ। ਰਤਨ ਸਿੰਘ ਜੀ ਆਪਣਾ ਪੰਥ ਪ੍ਰਕਾਸ਼ ਕਪਤਾਨ ਮਰੇ ਨੂੰ ਸਿੱਖ ਇਤਿਹਾਸ ਸੁਣਾਕੇ ਲਿਖਦੇ ਹੁੰਦੇ ਸਨ। ਉਨ੍ਹਾਂ ਦੀ ਪੋਥੀ ਵਿਚ ਕਈ ਵੇਰ ਕਪਤਾਨ ਮਰੇ ਦਾ ਨਾਮ ਆਉਂਦਾ ਹੈ, ਜੋ ਇਸ ਇਬਾਰਤ ਵਿੱਚ ਬੀ ਆਇਆ ਹੈ ਜਿਸਦਾ ਸੰਖੇਪ ਭਾਵ ਐਉਂ ਹੈ:—'ਕਿ ਮਰੇ ਨੇ ਸਾਨੂੰ ਪੁੱਛਿਆ ਕਿ ਜਦ ਗੁਰੂ ਜੀ ਇਕ ਅਕਾਲ ਉਪਾ-ਸਿਕ ਸਨ ਤਾਂ ਦੇਵੀ ਕਿਉਂ ਪੂਜੀ, ਅਸਾਂ ਉੱਤਰ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸਭਾ ਵਿੱਚ ਬ੍ਰਾਹਮਣਾਂ ਨੇ ਕਿਹਾ ਕਿ ਕਲਜੁਗ ਵਿੱਚ ਦੇਵਤਾ ਪ੍ਰਗਟ ਨਹੀਂ ਹੋ ਸਕਦੇ ਤੇ ਗੁਰੂ ਜੀ ਨੇ ਕਿਹਾ ਕਿ ਨਹੀਂ, ਹੋ ਸਕਦਾ ਹੈ। ਬ੍ਰਾਹਮਣਾਂ ਨੇ ਹਠ ਕੀਤਾ ਤੇ ਗੁਰੂ ਜੀ ਨੇ ਆਪਣਾ ਵਾਕ ਪੂਰਾ ਕਰਨ ਲਈ ਪ੍ਰਗਟਾਕੇ ਵਿਖਾ ਦਿੱਤਾ'। ਇਹ ਗਲ ਭਾਈ ਗਿਆਨ ਸਿੰਘ ਨੇ ਆਪਣੀ ਵੱਲੋਂ ਦਿੱਤੀ ਹੈ, ਰਤਨ ਸਿੰਘ ਜੀ ਤੋਂ ਲਈ ਹੋਈ ਨਹੀਂ ਦੱਸੀ ਤੇ ਨਾਂ ਹੀ ਸਾਨੂੰ ਅਪਣੇ ਪਾਸ ਦੇ ਨੁਸਖੇ ਵਿੱਚ ਮਿਲੀ ਹੈ। ਇਸ ਲਈ ਇਹੋ ਖਿਆਲ ਕਰਨਾ ਚਾਹੀਏ ਕਿ ਰਤਨ ਸਿੰਘ ਜੀ ਦੇ ਪੰਥ ਪ੍ਰਕਾਸ਼ ਵਿੱਚ ਦੇਵੀ ਦਾ ਪ੍ਰਸੰਗ ਨਹੀਂ ਹੈ ।

ਗਿਆਨੀ ਗਿਆਨ ਸਿੰਘ ਜੀ ਨੇ ਆਪਣੇ ਇਸ ਪੰਥ ਪ੍ਰਕਾਸ਼ ਵਿਚ ਇਥੇ ਉਹੋ ਉਪਰਲਾ ਹੀ ਕਾਰਨ ਦੱਸਿਆ ਤੇ ਅੱਗੇ ਦੇਵੀ ਪ੍ਰਗਟ ਹੋਣ ਦੀ ਵਾਰਤਾ ਲਿਖੀ ਹੈ । ਪੜ੍ਹਨ ਤੋਂ ਸਪ-ਸ਼ਟ ਹੋ ਜਾਂਦਾ ਹੈ ਕਿ ਆਪ ਨੇ ਜੋ ਕੁਛ ਲਿਖਿਆ ਹੈ ਸੋ ਸ੍ਰੀ ਗੁਰੂ ਪ੍ਰਤਾਪ ਸੂਰਜ ਤੇ ਗੁਰਬਿਲਾਸ ਭਾਈ ਸੁੱਖਾ ਸਿੰਘ ਆਦਿਕਾਂ ਦੇ ਆਧਾਰ ਤੇ ਲਿਖਿਆ ਹੈ। ਕੋਈ ਨਵੀਂ ਲਿੱਖਤ ਯਾ ਇਸ ਖੋਜ ਵਿਸ਼ੇ ਪਰ ਇਨ੍ਹਾਂ ਨੂੰ ਨਹੀਂ ਮਿਲੀ*।

੧੪. ਇਸ ਸਮੇਂ ਦੇ ਹੋਰ ਲੇਖਕ:—ਇਸ ਸਮੇਂ ਦੇ ਖਿਆਲ ਦੇ ਅਨੁਯਾਈ ਲੇਖਕ ਪੰਡਤ ਤਾਰਾ ਸਿੰਘ ਜੀ (੧੯੩੪ ਬਿ:) ਨੇ 'ਗੁਰਮਤ ਨਿਰਣਯ ਸਾਗਰ' ਵਿੱਚ ਤੇ ਪੰਡਤ ਹਰਾ ਸਿੰਘ ਜੀ ਨੇ (੧੯੫੧ ਬਿ:) 'ਗੁਰੂ ਸਿਧਾਂਤ ਪਾਰਿਜਾਤ' ਸੰਸਕ੍ਰਿਤ ਵਿੱਚ ਤੇ ਪੰਡਤ ਸਾਧੂ ਸਿੰਘ ਜੀ (੧੯੫੬ ਬਿ:) 'ਗੁਰ ਸਿੱਖਿਆ ਪ੍ਰਭਾਕਰ' ਵਿੱਚ ਦੇਵੀ ਆਰਾਧਨ ਬਾਬਤ ਸੰਖੇਪ ਕਰਕੇ ਲਿਖਿਆ ਹੈ, ਇਨ੍ਹਾਂ ਦਾ ਵੇਰਵਾ ਅਗਲੇ ਨਕਸ਼ੇ ਵਿਚ ਆਵੇਗਾ।

ਹੋਰ ਬੀ ਕਈ ਲੇਖਕ ਇਸ ਸਮੇਂ ਦੇ ਹੋ ਸਕਦੇ ਹਨ ਪਰ ਸਭ ਦਾ ਸਮਾ ਇਸੇ ਸਮੇਂ ਵਿਚ ਆ ਜਾਂਦਾ ਹੈ ।

ਉਪਰ ਲਿਖੇ ਲੇਖਕਾਂ ਦੇ ਲਿਖੇ ਦੇਵੀ ਪ੍ਰਗਟਣ ਦੇ ਹਾਲਾਤ ਦੇ ਵੇਰਵਿਆਂ ਵਿੱਚ ਪ੍ਰਸਪਰ ਵਿਰੋਧ ਹੈਨ, ਇਨ੍ਹਾਂ ਵਿਰੋਧਾਂ ਨੂੰ ਸਪੁਟ ਸਮਝਣ ਲਈ ਅਸੀਂ ਅੱਗੇ ਇਕ ਨਕਸ਼ਾ ਦੇਂਦੇ ਹਾਂ।

ਇਕ ਮਾਜਰੇ ਦੇ ਵਰਣਨ ਦੇ ਵੇਰਵੇ ਵਿਚ ਜੋ ਲੇਖਕ ਪਰਸਪਰ ਵਿਰੋਧੀ ਗੱਲਾਂ ਲਿਖਣ ਤਾਂ ਉਨ੍ਹਾਂ ਦੇ ਦੱਸੇ ਸਾਰੇ ਹਾਲ ਸੱਚੇ ਨਹੀਂ ਕਰਾਰ ਦਿੱਤੇ ਜਾ ਸਕਦੇ। ਸਗੋਂ ਓਹ ਦਲੀਲ ਹੁੰਦੇ ਹਨ ਸਾਰੇ ਮਾਮਲੇ ਦੇ ਯਾ ਬਹੁਤ ਸਾਰੇ ਦੇ ਬਨਾਵਟੀ ਹੋਣ ਦੇ।

*ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਮੁੜਕੇ ਛਾਪਣ ਵੇਲੇ ਦੇਵੀ ਦੇ ਪ੍ਰਸੰਗ ਵਿਚ ਅਦਲਾ ਬਦਲੀ ਕੀਤੀ ਹੈ ਤੇ ਅੰਤ ਵਿੱਚ ਜੋ ਕੁਝ ਉਨ੍ਹਾਂ ਨੇ ਤਵਾਰੀਖ ਖਾਲਿਸਾ ਵਿੱਚ(ਜੋ ਉਨ੍ਹਾਂ ਨੇ ਸਭ ਤੋਂ ਮਗਰੋਂ ਦੀ ਐਡੀਸ਼ਨ ਵਿਚ) ਲਿਖਿਆ ਹੈ, ਪਹਿਲੇ ਆਪਣੇ ਲਿਖੇ ਦਾ ਖੰਡਨ ਕਰਦਾ ਹੈ। ਇਹ ਲੇਖ ਅਸੀਂ ਅਗਲੇ ਅੰਕ (ੲ) ਵਿਚ ਦਿਆਂਗੇ, ਦੇਖੋ ਪੰਨਾ ੫੦੦੯

ਜਿਸ ਸਮੇਂ ਦੇ ਦੇਵੀ ਪੂਜਾ ਦੇ ਵਿਰੁੱਧ ਲਾਏ ਲੇਖਕਾਂ ਦੇ ਪਰਮਾਣਕ ਵਿਵੇਰਾਂ ਦਾ ਨਕਸ਼ਾ:—

| ਨਾਮ ਇਤਿਹਾਸਕ ਗ੍ਰੰਥ | ੧ ਉਪਾਸਨਾ ਕੇ ਦੇਵੀ ਪ੍ਰਗਟ ਕੀ ਹੋਈ ਹੈ | ੨ ਦੇਵੀ ਦਾ ਪ੍ਰਗਟ ਹੋਣ ਵਾਲਾ ਅਸਥਾਨ ਕਿਹੜਾ ਸੀ। | ੩ ਹੋਮ ਦੀ ਸਮਿਗ੍ਰੀ | ੪ ਪ੍ਰਗਟ ਹੋਈ ਦੇਵੀ ਦੇ ਰੂਪ ਕੈਸਾ ਸੀ | ੫ ਪ੍ਰਗਟ ਦੇਖਕੇ ਗੁਰੂ ਜੀ ਮੰਗੀ ਕਿ ਨਹੀਂ | ੬ ਦੇਵੀ ਨੇ ਭੇਟਾ ਕੀ ਕੀਤੀ ਤੇ ਕਿਵੇਂ? | ੭ ਦੇਵੀ ਨੇ ਕੀ ਦੇ ਗਈ | ੮ ਹਵਨ ਆਰੰਭ ਦਾ ਸੰਮਤ | ੯ ਹਵਨ ਕਿੰਨਾ ਸਮਾਂ |
|---|---|---|---|---|---|---|---|---|---|
| ੧. ਮਹਿਮਾ ਪ੍ਰਕਾਸ਼ [illegible] | [illegible] | [illegible] ਨਹੀਂ | | [illegible] | [illegible] | [illegible] ਨਹੀਂ ਦਿੱਤਾ। | [illegible] ਕਰਿਆ। | | |
| ੨. ਗੁਰ ਬਿਲਾਸ [illegible] ਸਿੰਘ ਜੀ | [illegible] | [illegible] | ਦੇਵੀ ਦੇ [illegible] | [illegible] | ਕੋਈ ਨਹੀਂ ਮੰਗਿਆ। | [illegible] | [illegible] | | [illegible] ਦਿੱਤਾ ਹੈ। |
| ੩. ਸੌ ਸਾਖੀ | [illegible] | [illegible] | [illegible] | [illegible] | [illegible] | [illegible] | 'ਦੂਤੀ' | [illegible] | ਦਸ ਮਹੀਨੇ |
| ੪. ਸੂਰਜ ਪ੍ਰਕਾਸ਼ | [illegible] | [illegible] | [illegible] | [illegible] | [illegible] | [illegible] | 'ਖੜਗ' | ਵੈਸਾਖ ਦੀ ਪੂਰਨਮਾਸੀ ੧੭੫੫ | ੧੧ ਮਹੀਨੇ |
| ੫. ਗੁਰ ਬਿਲਾਸ [illegible] ਸਿੰਘ ਜੀ। | [illegible] | [illegible] | | [illegible] | ਨਹੀਂ ਮੰਗਿਆ | [illegible] | ਤ੍ਰਿਸੂਲ | | [illegible] |

*[illegible] ਬਚਿਤ੍ਰ ਨਾਟਕ ਵਿਚ ਲਿਖਿਆ ਹੈ।

| | | | | | | | | | |
|---|---|---|---|---|---|---|---|---|---|
| ੬. ਪੰਥ ਪ੍ਰਕਾਸ਼ ਗ੍ਰੰਥ ਗਿਆਨੀ ਗਿਆਨ ਸਿੰਘ ਜੀ | [illegible] | ਕਾਵਿਕ [illegible] ( ਛੰਦ ) [illegible] | | [illegible] | [illegible] | [illegible] | [illegible] | ੧੭੫੪ [illegible] | [illegible] |
| ੭. [illegible] | [illegible] | [illegible] | | [illegible] | | | | ੧੭੫੪ [illegible] | [illegible] |
| ੮. [illegible] | | | | [illegible] | | | | | |
| ੯. ਸ੍ਰੀ ਗੁਰ [illegible] (ਸਿੰਘਾਵਲੋਕਨ) | | | | | [illegible] | [illegible] | [illegible] | | |
| ੧੦. [illegible] | | | | [illegible] | | | [illegible] | | |

*[illegible]

ਇਹ ਨਕਸ਼ਾ ਦੱਸਦਾ ਹੈ ਕਿ ਇਨ੍ਹਾਂ ਸਾਰੇ ਲੇਖਕਾਂ ਦਾ ਦੇਵੀ ਪੂਜਨ ਦੇ ਪ੍ਰਸੰਗ ਵਰਨਣ ਕਰਨ ਦੇ ਵੇਰਵਿਆਂ ਵਿਚ ਇਖਤਲਾਫ ਹੈ। ਇਹ ਇਖਤਿਲਾਫ ਇਸ ਗਲ ਦਾ ਸੂਚਕ ਹੈ ਕਿ ਇਨ੍ਹਾਂ ਲੇਖਕਾਂ ਦੇ ਲੇਖ ਸੁਣੀਆਂ ਸੁਣਾਈਆਂ ਯਾਂ ਪਿੱਛੇ ਲਿਖੀਆਂ ਪਰ ਫੁਲ ਚੜ੍ਹਾਉਣ ਅਥਵਾ ਖਿਆਲੀ ਭੱਜ ਤ੍ਰੂਕ ਮਾਤ੍ਰ ਹਨ। ਫਿਰ ਜਦ ਨਾਲ ਇਹ ਗਲ ਦੇਖੀ ਜਾਵੇ ਕਿ ਛੋਟੀ ਤੋਂ ਛੋਟੀ ਦਾ ਲਿਖਤੀ ਹਾਲ ਸਾਨੂੰ ਮਿਲਦਾ ਹੈ ਸੋ ੧੮੩੩ ਅਰਥਾਤ ਦੇਵੀ ਪ੍ਰਗਟਾਉਣ ਦੇ ਦੱਸੇ ਸੰਮਤ ੧੭੫੫ ਤੋਂ ਲਗ ਪਗ ਅਠੱਤਰ ਸਾਲ ਮਗਰੋਂ ਤੋਂ ਮਿਲਨਾ ਆਰੰਭ ਹੁੰਦਾ ਹੈ ਤੇ ਉਹ ਲੇਖਕ ਬੀ ਉਸੇ ਪੁਸਤਕ ਵਿਚ ਦੇਵੀ ਨੂੰ ਗੁਰੂ ਜੀ ਦੀ ਆਨ ਮੰਨਣ ਵਾਲੀ ਤੇ ਪੂਜਕ ਆਪ ਪਿਆ ਲਿਖਦਾ ਹੈ। ੭੮ ਸਾਲ ਦੇ ਪਹਿਲੇ ਅਰਸੇ ਵਿਚ ਲਿਖਤੀ ਨਿਸ਼ਚਿਤ ਸਬੂਤ ਕੋਈ ਨਹੀਂ ਮਿਲਦਾ ਸੋ ਏਨੇ ਬਰਸ ਮਗਰੋਂ ਦੀ ਲਿਖਤ ਵਿਚ ਆਉਣ ਵਾਲੀ ਗਲ ਤੇ ਲਿਖਣ ਵਾਲੇ ਲੇਖਕਾਂ ਦੇ ਪਰਸਪਰ ਵਿਰੋਧਾਂ ਤੇ ਦੇਵੀ ਨੂੰ ਗੁਰੂ ਜੀ ਦੀ ਪੂਜਕ ਆਪੇ ਮੰਨਣ ਤੋਂ ਦੇਵੀ ਆਰਾਧਨ, ਪੂਜਨ, ਪ੍ਰਗਟ ਕਰਨ ਦੇ ਵਾਕਿਆ ਦੀ ਦਰੁਸਤੀ ਪਰ ਇਕ ਨਿਰਪੱਖ ਖੋਜੀ ਨੂੰ ਐਸਾ ਪ੍ਰਬਲ ਸੰਸਾ ਉਪਜਦਾ ਹੈ ਕਿ ਜੋ ਸਚਾਈ ਨੂੰ ਮੂਲੋਂ ਹਿਲਾ ਦੇਂਦਾ ਹੈ* ।

## ੲ. [ਲਗ ਪਗ ੧੯੪੬ ਤੋਂ ਹੁਣ ਤੱਕ ਦੇ ਲੇਖਕ]।

ਹੁਣ ਅਸਾਂ ੧੯੪੬ ਤੋਂ ਮਗਰੋਂ ਦੇ ਇਤਿਹਾਸਕਾਰਾਂ ਦੇ ਲੇਖ ਦੇਖਣੇ ਹਨ।

੧੫. ਤਵਾਰੀਖ ਖਾਲਸਾ—[ਸੰਃ ੧੯੫੪ ਤੋਂ ਮਗਰਲੇ ਕਈ ਐਡੀਸ਼ਨ] ਇਸ ਦੇ ਕਰਤਾ ਭਾਈ ਗਿਆਨ ਸਿੰਘ ਜੀ ਗਿਆਨੀ ਹਨ, ਇਨ੍ਹਾਂ ਦੇ ਪੰਥ ਪ੍ਰਕਾਸ਼ ਦਾ ਹਾਲ ਪਿਛਲੇ ਅੰਕ 'ਅ, ੧੩' ਵਿਚ ਦੇ ਆਏ ਹਾਂ। ਆਪ ਨੇ ਉਸ ਲੇਖ ਵਿਚ ਆਪਣੇ (ਪੰਥ ਪ੍ਰਕਾਸ਼ ਦੀ ਛੇਵੀਂ ਐਡੀਸ਼ਨ ਵਿਚ) ਲਿਖੇ ਬਿਰਤੰਤ ਨੂੰ ਅਗਿਆਨ ਦੇ ਕਾਰਣ ਦਸਿਆ ਹੈ ਯਥਾਃ—

ਏਹੋ ਬਾਤ ਜਗਤ ਬਿਦਤਾਈ ॥ ਜੋ ਅਬ ਲੋ ਹੈ ਫੈਲ ਰਹਾਈ ॥ ਸਿੱਖਨ ਪੁਸਤਕੋਂ ਮੈਂ<br>
ਲਿਖ ਰਾਖੀ ॥ ਸੋਈ ਪਿਖ ਮਾਖੀ ਪਰ ਮਾਖੀ ॥ ਮੈਂ ਭੀ ਮਾਰੀ ਭੂਲ ਕੇ ਖਾਸ ॥<br>
ਪਹਿਲੇ ਬੀੜ ਪੰਥ ਪਰਕਾਸ਼ ॥ ਸੋ ਫੈਲ੍ਯੋ ਬਹੁ ਜਗਤ ਮਝਾਰੀ ॥ ਅਬ ਸਤਿਗੁਰ ਜਬ<br>
ਕਿਰਪਾ ਧਾਰੀ ॥ ਬਖਸ਼ੀ ਸੁੱਧ ਬੁੱਧਿ ਇਵ ਸਾਰੀ ॥ ਆਪੇ ਪ੍ਰੇਰ੍ਯੋ ਸਤਿਗੁਰ ਸਾਚੀ ॥<br>
ਸਾਰੀ ਸਾਖੀ ਤਬ ਫੁਰਿ ਆਈ ॥ ਲਿਖੀ ਸੋਊ ਜੋ ਗੁਰੂ ਲਿਖਾਈ ॥　　[ਪੰਨਾ ੧੯੫

ਫਿਰ ਆਪ ਆਪਣੀ ਰਚੀ ਤ੍ਵਾਰੀਖ ਖਾਲਸਾ (ਸਫਾ ੧੬੭੦ ਐਡੀਸ਼ਨ ਤੀਜੀ) ਵਿਚ ਲਿਖਦੇ ਹਨਃ—'ਪੋਥੀਆਂ ਕਿਤਾਬਾਂ ਵਿਚ (ਜੋ ਓਦੂੰ ਪਿਛੋਂ ਲੋਕਾਂ ਨੇ ਬਣਾਈਆਂ ਹਨ) ਬਿਨਾਂ ਬਿਚਾਰੇ ਇਹ ਲਿਖ ਛਡਿਆ ਹੈ ਕਿ ਗੁਰੂ ਜੀ ਨੇ ਦੇਵੀ ਨੂੰ ਇਸ਼ਟ ਮੰਨਕੇ ਉਪਾਸ਼ਨਾ ਕੀਤੀ ਹੈ। ਉਨ੍ਹਾਂ ਪੋਥੀਆਂ ਕਿਤਾਬਾਂ ਨੂੰ ਹੀ ਪੜ੍ਹ ਸੁਣਕੇ ਤੇ ਹਿੰਦੂਆਂ ਦੇ ਬਹਿਕਾਏ ਹੋਏ ਕੱਚੇ ਸਿੱਖ ਗੁਰੂ ਜੀ ਨੂੰ ਦੇਵੀ ਦਾ ਉਪਾਸ਼ਕ ਮੰਨੀ ਬੈਠੇ ਹਨ। ਓਹ ਇਹ ਨਹੀਂ ਸਮਝਦੇ ਕਿ ਜਿਸ ਗੁਰੂ ਨਾਨਕ ਸਾਹਿਬ ਜੀ ਦੇ ਦਰਵਾਜ਼ੇ ਅੱਗੇ ਝਾੜੂ ਦਿੰਦੀ ਦੇਵੀ ਨੂੰ ਸਿਖ ਦੇਖਦੇ ਰਹੇ ਹਨ, ਫੇਰ ਉਸੇ ਟਹਿਲਣੀ ਦੀ ਸੇਵਾ ਉਸੇ ਗੁਰੂ ਜੀ ਦੀ ਗੱਦੀ ਦੇ ਮਾਲਕ, ਅਕਾਲ ਪੁਰਖ ਦੇ ਪੁੱਤ੍ਰ ਸ੍ਰੀ

*੧੮੦੮ ਜਾ ੧੮੧੯ ਦੀ ਲਿਖਤ ਅਸੀਂ ਪਿਛੇ ਦੱਸ ਆਏ ਹਾਂ ਕਿ ਅਪਨੇ ਗ਼ਲਤ ਸੰਮਤਾਂ ਤੋਂ ਹੀ ਬੇਇਤਬਾਰ ਹੋ ਜਾਂਦੀ ਹੈ। (ਦੇਖੋ ਹੇਠਲੀ ਟੂਕ ਸਫਾ ੪੯੯੯ ਨਿਸ਼ਾਨ †)।

ਕਲਗੀਧਰ ਜੀ ਕਰ ਸਕਦੇ ਹਨ ? ਕਦੀ ਨਹੀਂ ਕਰ ਸਕਦੇ ਤੇ ਨਾਂ ਹੀ ਕੀਤੀ।' ਸੋ ਇਸ ਲੇਖਕ ਜੀ ਨੇ ਆਪਣੀ ਪਹਿਲੀ ਲਿਖੀ ਵਾਰਤਾ ਨੂੰ ਤੇ ਪਿਛਲਿਆਂ ਸਾਰਿਆਂ ਦੀਆਂ ਲਿਖੀਆਂ ਵਾਰਤਾਂ ਨੂੰ ਬਨਾਵਟੀ ਤੇ ਝੂਠਿਆਂ ਸਿੱਧ ਕਰ ਦਿੱਤਾ ਹੈ।

੧੬. ਮੈਕਾਲਿਫ਼—[ਸੰਨ ੧੯੦੯ ਈ: ੧੯੬੬ ਬਿ:] ਆਪ ਨੇ ਦੇਵੀ ਦਾ ਪ੍ਰਸੰਗ ਤਵਾਰੀਖ ਖਾਲਸਾ ਦੇ ਆਖਰੀ ਐਡੀਸ਼ਨ ਵਾਙੂ ਦਿੱਤਾ ਹੈ, ਕੋਈ ਬਹੁਤਾ ਫਰਕ ਨਹੀਂ। ਆਖਰੀ ਪੈਰਾ ਉਨ੍ਹਾਂ ਦਾ ਇਹ ਹੈ:—

After Kesho had thus absconded, the Guru ordered that the material which had been collected for the ceremony should be thrown into the Hompit. Upon this a great flame shot up towards the heavens. When this was seen from afar, all the spectators felt certain that the Guru himself had caused Durga to appear. The Guru drew his sword and set out for Anandpur. When the people asked if the goddess had appeared to him, he raised his sword aloft, in as much as to say that by God's assistance his sword would perform the deeds which the Brahmans attributed to Durga. The people then erroneously believed that the goddess had given him the sword

[Vol. 5, Page 65.]

ਅਰਥਾਤ—ਜਦ ਕੇਸ਼ੋ ਐਉਂ ਭੱਜ ਗਿਆ ਤਾਂ ਗੁਰੂ ਜੀ ਨੇ ਆਗਿਆ ਕੀਤੀ ਕਿ ਸਾਰੀ ਸਮੱਗ੍ਰੀ ਜੋ ਜਮਾਂ ਹੈ ਹਵਨ ਕੁੰਡ ਵਿਚ ਪਾ ਦਿਓ। ਤਦੋਂ ਭਾਰੀ ਭਾਂਬੜ ਅਸਮਾਨਾਂ ਵਿਚ ਉਠਿਆ। ਜਦੋਂ ਇਹ ਮਹਾਨ ਸ਼ੁਅਲਾ ਦੂਰੋਂ ਦਿੱਸਿਆ ਲੋਕਾਂ ਨਿਸ਼ਚੇ ਜਾਤਾ ਕਿ ਗੁਰੂ ਜੀ ਨੇ ਆਪ ਦੁਰਗਾ ਨੂੰ ਪ੍ਰਗਟਾ ਲਿਆ ਹੈ। ਗੁਰੂ ਜੀ ਤਲਵਾਰ ਧੂ ਕੇ ਅਨੰਦਪੁਰ ਆਏ। ਜਦੋਂ ਲੋਕੀ ਪੁਛਣ ਕਿ ਕੀਹ ਦੁਰਗਾ ਪ੍ਰਗਟੀ ਹੈ ਤਾਂ ਤਲਵਾਰ ਉਚੀ ਉਠਾ ਦੱਸਣ, ਜਿਸ ਦਾ ਭਾਵ ਇਹ ਕਹਿਣੋ ਤੁੱਲ ਸੀ ਕਿ ਵਾਹਿਗੁਰੂ ਦੀ ਸਹਾਇਤਾ ਨਾਲ ਮੇਰੀ ਤਲਵਾਰ ਉਹ ਕੁਛ ਕਰੇਗੀ ਜੋ ਬ੍ਰਹਮਣ ਦੱਸਦੇ ਹਨ ਕਿ ਦੁਰਗਾ ਕਰਦੀ ਹੈ, ਲੋਕਾਂ ਨੇ ਤਦ ਗ਼ਲਤੀ ਨਾਲ ਮੰਨ ਲਿਆ ਕਿ ਦੇਵੀ ਆਪ ਨੂੰ ਤਲਵਾਰ ਦੇ ਗਈ ਹੈ*।

੧੭. ਲਾਲਾ ਦੌਲਤ ਰਾਇ ਜੀ 'ਸ੍ਵਾਨਹ ਉਮਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਵਿਚ ਲਿਖਦੇ ਹਨ:—"ਗੁਰੂ ਗੋਬਿੰਦ ਸਿੰਘ ਕੇ ਗ੍ਰੰਥ ਮੇਂ ਜੋ ਦਸਵੀਂ ਪਾਤਸ਼ਾਹੀ ਕਾ ਗ੍ਰੰਥ ਸਾਹਿਬ ਮਸ਼ਹੂਰ ਹੈ, ਏਕ ਬੜਾ ਹਿੱਸਾ ਦੇਵੀ ਦੁਰਗਾ ਔਰ ਰਾਖਸ਼ੋਂ ਕੇ ਜੰਗ ਸੇ ਪੁਰ ਹੈ। ਜਿਸਕੀ ਜ਼ਬਾਨ ਕੀ ਬਰਜੁਸਤਗੀ ਔਰ ਅਲਫਾਜ਼ ਕੀ ਚੁਸਤੀ, ਤਰਜ਼ਿ-ਬਿਆਨ ਕਾ ਜ਼ੋਰ, ਇਸ਼ਾਰਾਤ ਕਾ ਜੋਸ਼ ਇਸ ਤਰੀਕ ਸੇ ਬਿਆਨ ਕੀਆ ਗਿਆ ਹੈ, ਕਿ ਸਰਦੀਓਂ ਮੇਂ ਭੀ ਗਰਮੀ ਆ ਜਾਤੀ ਹੈ। ਚੂੰਕਿ ਇਸ ਗ੍ਰੰਥ ਸਾਹਿਬ ਮੇਂ ਇਕ ਬੜਾ ਹਿੱਸਾ ਦੇਵੀ ਕੇ ਜੰਗ ਕੇ ਕਾਰਨਾਮੋਂ ਸੇ ਮਾਮੂਰ ਹੈ ਇਸ ਸੇ ਯਿਹ ਨਤੀਜਾ ਨਿਕਾਲਨੇ ਕੀ ਕੋਸ਼ਿਸ਼ ਕੀ ਗਈ ਕਿ ਗੁਰੂ ਗੋਬਿੰਦ ਸਿੰਘ ਦੇਵੀ ਕੇ ਪੁਜਾਰੀ ਥੇ, ਮਗਰ ਯਿਹ ਗ਼ਲਤ ਹੈ, ਵੋਹ ਸਿਵਾਏ ਏਕ ਨਿਰੰਕਾਰ ਔਰ ਅਕਾਲ ਈਸ਼੍ਵਰ ਕੇ ਔਰ ਕਿਸੀ ਕੀ ਪੂਜਾ ਨਾ ਕਰਤੇ ਥੇ। ਔਰ ਨਾ ਕਿਸੀ ਦੇਵੀ ਦੇਵਤਾ ਕੀ ਪੂਜਾ ਜਾਇਜ਼

---

*ਲਗ ਪਗ ਇਸੇ ਕਿਸਮ ਦਾ ਹਾਲ ਸਾਧੂ ਗੋਬਿੰਦ ਸਿੰਘ ਜੀ ਨੇ ਦਿੱਤਾ ਹੈ ਜੋ ਇਸੇ ਸਮੇਂ ਵਿਚ ਹੋਏ ਹਨ।

Sri Satguru Jagjit Singh Ji eLlibrary NamdhariElibrary@gmail.com

ਬਤਲਾਤੇ ਥੇ, ਬਲਕਿ ਉਸਕੇ ਬਰਖਿਲਾਫ ਹਮੇਸ਼ ਉਪਦੇਸ਼ ਕਰਤੇ ਥੇ। ਇਸ ਗ੍ਰੰਥ ਸਾਹਿਬ ਮੇਂ ਜੋ ਨਜ਼ਮ ਰਜ਼ਮੀਆ ਮਾਬੈਨ ਦੇਵੀ ਔਰ ਰਾਖਸ਼ੋਂ ਕੇ ਦਰਜ ਹੈਂ ਉਸ ਮੇਂ ਦੇਵੀ ਕੀ ਤਾਰੀਫ ਔਰ ਬਹਾਦਰੀ ਕੇ ਕਾਰਨਾਮੇ ਕੇ ਜ਼ਿਕਰ ਕਰਨੇ ਕਾ ਏਕ ਔਰ ਬਾਇਸ ਹੈ, ਜਿਸ ਕੋ ਹਮ ਬਿਆਨ ਕਰਤੇ ਹੈਂ। ਦੇਵੀ ਕੋ ਉਸ ਜੋਸ਼ਦਾਰ ਨਜ਼ਮ ਮੇਂ ਰਾਖਸ਼ੋਂ ਪਰ ਫਤਹਯਾਬ ਕਰਨੇ ਕੇ ਲੀਏ ਏਕ ਹੀਰੋ ਫਰਜ਼ ਕੀਆ ਗਿਆ ਹੈ। ਔਰ ਬਮੁਕਾਬਲਾ ਦੁਸ਼ਮਣ ਕੇ ਉਸ ਹੀਰੋ ਦੇਵੀ ਕੀ ਤਾਰੀਫ ਬਹਾਦਰੀ ਔਰ ਖੂੰਨਖਾਰੀ ਵਗੈਰਾ ਵਗੈਰਾ ਕੀ ਗਈ ਹੈ। ਔਰ ਇਸ ਵਜਾ ਸੇ ਕਿ ਇਸ ਮੇਂ ਦੇਵੀ ਕੀ ਤਾਰੀਫ ਕੀ ਗਈ ਥੀ, ਯਿਹ ਕਹਾ ਜਾਤਾ ਹੈ ਕਿ ਵੋਹ ਦੇਵੀ ਪੂਜਕ ਥੇ, ਹਾਲਾਂਕਿ ਦੇਵੀ ਕੋ ਹੀਰੋ ਬਨਾਨੇ ਮੇਂ ਮਸਲਿਹਤ ਵਕਤ ਮੁਕਤਜ਼ੀ ਥੀ। ਔਰ ਹੀਰੋ ਬਨਾਨੇ ਕੀ ਜ਼ਰੂਰਤ ਮੇਂ ਜੈਸਾ ਕਿ ਹੂਆ ਕਰਤਾ ਹੈ ਹੀਰੋ ਕੀ ਤਾਰੀਫ ਔਰ ਤੌਸੀਫ ਭੀ ਲਾਜ਼ਮੀ ਹੋਤੀ ਹੈ, ਵਰਨਾ ਦੇਵੀ ਕੇ ਪੁਜਾਰੀ ਹਰਗਿਜ਼ ਨਾ ਥੇ, ਔਰ ਨਾ ਉਸ ਕੀ ਪੂਜਾ ਕੋ ਕਿਸੀ ਤਰ੍ਹਾਂ ਕਾਇਮ ਕਰਨਾ ਚਾਹਤੇ ਥੇ, ਬਲਕਿ ਏਕ ਅਕਾਲ ਪੁਰਖ ਈਸ਼੍ਵਰ ਕੇ ਬਾਦ ਐਸੀ ਦੇਵੀ ਦੇਵਤਾਓਂ ਕੀ ਪੂਜਾ ਕੋ ਗੁਨਾਹ ਸਮਝਤੇ ਥੇ। ਜੈਸਾ ਕਿ ਉਸ ਕੀ ਮਜ਼ਹਬੀ ਇਸਲਾਹ ਕਾ ਜ਼ਿਕਰ ਕਰਤੇ ਹੁਏ ਪਹਿਲੇ ਸਫੇ ਮੇਂ (ਹਮ) ਜ਼ਿਕਰ ਕਰ ਆਏ ਹੈਂ। ਲੇਕਨ ਬਾਵਜੂਦ ਉਨ ਕੇ ਇਸ ਨਜ਼ਮ ਮੇਂ ਜੋ ਦੀਗਰ ਸ਼ੁਅਰਾ ਕੀ ਬਨੀ ਹੂਈ ਹੈਂ ਔਰ ਸ੍ਰੀ ਮੁਖਵਾਕ ਯਾਨੀ ਖੁਦ ਗੁਰੂ ਗੋਬਿੰਦ ਸਿੰਘ ਕਾ ਅਪਨਾ ਕਲਾਮ ਨਹੀਂ ਹੈ, ਦੇਵੀ ਕੋ ਹੀਰੋ ਬਨਾਕਰ ਬਮੁਕਾਬਲਾ ਰਾਖਸ਼ੋਂ ਕੇ ਕਾਇਮ ਕੀਆ ਗਿਆ ਹੈ ਔਰ ਉਨ ਕੋ ਮਿਦਾਨਿ ਜੰਗ ਮੇਂ ਅਗਰ ਖੂਨ ਖਾਰੀ ਕੇ ਨਮੂਨੇ ਔਰ ਦੇਵੀ ਕੀ ਤਾਕਤ ਔਰ ਫਤਹ ਕੀ ਮਿਸਾਲੇਂ ਬਿਆਨ ਕੀ ਗਈ ਹੈਂ ਜੈਸਾ ਕਿ ਦੀਗਰ ਕੌਮੋਂ ਪਰ ਚੰਦ ਮਹਾਂ ਭਾਰਤ ਔਰ ਰਾਮਾਇਨ ਕੇ ਵਾਕਯਾਤ ਸੇ ਕ੍ਰਿਸ਼ਨ ਔਰ ਰਾਮਚੰਦ੍ਰ ਕੀ ਬਹਾਦਰੀਓਂ ਕੇ ਨਮੂਨੇ ਜ਼ਬਰਦਸਤ ਦੇਸ਼ ਭਾਸ਼ਾ ਨਜ਼ਮ ਮੇਂ ਬਿਆਨ ਕੀਏ ਗਏ ਹੈਂ। ਗ਼ਰਜ਼ ਤੋ ਯਿਹ ਥੀ ਕਿ ਸਿੱਖੋਂ ਕੋ ਜੋਸ਼ਦਾਰ ਦੇਸ਼ ਭਾਸ਼ਾ ਮੇਂ ਨਜ਼ਮ ਕੇ ਪੈਰਾਯਾ ਮੇਂ ਉਭਾਰਾ ਜਾਵੇ ਔਰ ਆਇੰਦਾ ਮਾਅਰਕਾ ਜੰਗਾ ਕੇ ਲੀਏ ਤਿਆਰ ਕੀਆ ਜਾਏ। ਔਰ ਮਹਿਜ਼ ਭਗਤੀ ਕੇ ਸਾਥ ਉਨ ਕੇ ਖਿਆਲਾਤ ਭੀ ਗਰਮ ਕੀਏ ਜਾਵੇਂ। ਅਗਰ ਕੋਈ ਹੀਰੋ ਕਰਾਰ ਨ ਦੀਆ ਜਾਤਾ ਤੋ ਭੀ ਖਿਆਲੀ ਬਾਤੇਂ ਮੁਸ਼ਕਲ ਸੇ ਜ਼ਹਨ ਨਸ਼ੀਨ ਹੋਤੀਂ। ਇਸ ਲੀਏ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨਜ਼ਮ ਮੇਂ ਜੰਗ ਕਾ ਫਤਹਯਾਬ ਹੀਰੋ ਦੇਵੀ ਕੋ ਕਾਯਮ ਕੀਆ।" [ਸਫਾ ੧੨੦

੧੮. ਗੁਰੂ ਗੋਬਿੰਦ ਸਿੰਘ ਕ੍ਰਿਤ ਸ੍ਰੀ ਸੁਰੇਂਦਰ ਸ਼ਰਮਾ (ਹਿੰਦੀ):—

"ਏਕ ਦਿਨ ਮਹਾਂ ਭਾਰਤ ਕੀ ਕਥਾ ਪੜ੍ਹੀ ਜਾ ਰਹੀ ਥੀ ਉਸ ਮੇਂ ਹਵਨ ਕਾ ਬੜਾ ਮਹਾਤਮ ਨਿਕਲਾ। ਕਥਾ ਵਾਚਕ ਏਕ ਪੁਰਾਣੇ ਢੰਗ ਕੇ ਪੰਡਤ ਥੇ ਉਨ੍ਹੋਂ ਨੇ ਕਥਾ ਕਹਿਤੇ ਕਹਿਤੇ ਯਿਹ ਕਹਿ ਦਿਯਾ ਕਿ ਯਦੀ ਕੋਈ ਕਾਲੀ ਕੋ ਹਵਨ ਸੇ ਪ੍ਰਸੰਨ ਕਰ ਬੁਲਾਵੇ ਤੋ ਕਾਲੀ ਕਾ ਦਰਸ਼ਨ ਹੋ ਸਕਤਾ ਹੈ। ਉਸਕੀ ਆਸ਼ੀਰਵਾਦ ਸੇ ਸਭ ਮਨੋਰਥ ਸਿੱਧ ਹੋ ਸਕਤੇ ਹੈਂ। ਇਸ ਪਰ ਬਹੁਤ ਸੇ ਲੋਗੋਂ ਨੇ ਗੁਰੂ ਗੋਬਿੰਦ ਸਿੰਘ ਜੀ ਪਰ ਬਹੁਤ ਜ਼ੋਰ ਡਾਲਾ ਇਸ ਲਿਯੇ ਕਿ ਵੋਹ ਹਵਨ ਕਰਕੇ ਕਾਲੀ ਮਾਈ ਕੋ ਬੁਲਾਏਂ, ਗੁਰਦੇਵ ਇਨ ਬਾਤੋਂ ਸੇ ਘ੍ਰਿਣਾ ਕਰਤੇ ਥੇ......। ਲਗ ਪਗ ਏਕ ਬਰਖ ਤਕ ਯੱਗ ਬਰਾਬਰ ਹੋਤਾ ਰਹਾ। ਯੱਗ ਕੇ ਪ੍ਰਧਾਨ ਪੁਰੋਹਿਤ ਪੰਡਤ ਕੇਸ਼ਵ ਦੇਵ

Sri Satguru Jagjit Singh Ji eLlibrary NamdhariElibrary@gmail.com

ਥੇ। ਇਤਨਾ ਅਧਿਕ ਸਮਯ ਬੀਤ ਜਾਨੇ ਪਰ ਭੀ ਜਬ ਕਾਲੀ ਪ੍ਰਗਟ ਨਾ ਹੁਈ ਤਬ ਗੁਰੂ ਜੀ ਨੇ ਪ੍ਰੋਹਤ ਸੇ ਕਹਾ—ਕਹੀਏ ਆਪਕਾ ਵਿਸ਼ਵਾਸ਼ ਝੂਠਾ ਨਿਕਲਾ ਨਾ ?......ਗੁਰੂ ਗੋਬਿੰਦ ਸਿੰਘ ਕੀ ਯਹ ਬਾਤ ਸੁਨ ਕਰ ਪ੍ਰੋਹਤ ਕੇ ਹੋਸ਼ ਉਡ ਗਏ। ਵੇ ਰਾਤ ਹੀ ਕੋ 'ਯਗ ਸ਼ਾਲਾ' ਛੋੜ ਕਰ ਕਹੀਂ ਭਾਗ ਗਏ। ਦੂਸਰੇ ਦਿਨ ਖੋਜਨੇ ਪਰ ਉਸ ਕਾ ਕਹੀਂ ਪਤਾ ਨਾ ਚਲਾ, ਗੁਰਦੇਵ ਨੇ ਯੱਗ ਸ਼ਾਲਾ ਮੇਂ ਉਪਸਥਿਤ ਸਬ ਲੋਗੋਂ ਕੋ ਸਿੱਖਿਆ ਦਈ ਕਿ ਇਸ ਪ੍ਰਕਾਰ ਕੀ ਝੂਠੀ ਔਰ ਅਗਿਆਨ ਪੂਰਨ ਬਾਤੋਂ ਕਾ ਕਭੀ ਵਿਸ਼ਵਾਸ਼ ਮਤ ਕਰੋ।" [ਪੰਨਾ—੨੨

੧੯. ਸਿੱਖੋਂ ਕਾ ਪ੍ਰੀਵਰਤਨ—ਕ੍ਰਿਤ ਡਾ: ਗੋਕਲ ਚੰਦ ਜੀ ਐਮ. ਏ.:—

ਗੁਰੂ ਕੋ ਏਕ ਅਮਰ ਤਥਾ ਸੱਤਯ ਈਸ਼੍ਵਰ ਕੇ ਅਤਿਰਿਕਤ, ਔਰ ਕਿਸੀ ਦੇਵੀ ਦੇਵਤਾ ਮੇਂ ਵਿਸ਼੍ਵਾਸ਼ ਨਾ ਥਾ ! ਪ੍ਰੰਤੂ (ਜੈਸਾ ਕਿ ਸਭ ਇਤਿਹਾਸ ਲੇਖਕ ਲਿਖਤੇ ਹੈਂ) ਇਸ ਮੇਂ ਕੁਛ ਸੰਦੇਹ ਨਹੀਂ ਕਿ ਗੁਰੂ ਨੇ ਦੇਵੀ ਸਾਖਯਾਤ ਕਰਨੇ ਕੇ ਸਪਸ਼ਟ ਉਦੇਸ਼ਯ ਸੇ ਏਕ ਬੜਾ ਯੱਗਯ ਰਚਾਇਆ ਪ੍ਰਤੀਤ ਹੋਤਾ ਹੈ। ਗੁਰੂ ਨੇ ਯਿਹ ਯੱਗਯ ਇਸ ਬਾਤ ਕੇ ਦਿਖਲਾਨੇ ਕੇ ਲੀਏ ਰਚਾਇਆ ਕਿ ਐਸੀ ਸ਼ਕਤੀ ਹੀ ਕੋਈ ਨਹੀਂ ਕੇਵਲ ਪਰਜਾ ਕੀ ਸਰਵਪ੍ਰਿਯਾ ਦੇਵੀ ਕਾ ਆਪਨੇ ਆਪ ਕੋ ਅਨੁਗ੍ਰਪਾਤ੍ਰ ਦਰਸਾ ਕਰ ਜਨ ਸਮੂਹ ਕੀ ਸਹਾਨੁਭੂਤਿ ਤਥਾ ਸ਼੍ਰਧਾ ਕੋ ਅਪਨੀ ਓਰ ਕਰਨੇ ਕੇ ਲੀਏ ਯਿਹ ਉਪਾਯ ਕੀਆ* ।ਕਹਿਤੇ ਹੈਂ ਕਿ ਇਸ ਯੱਗ ਮੇਂ ਏਕ ਬਰਖ ਲਗ ਗਿਆ। ......ਗੁਰੂ ਨੇ ਸਮਸਤ ਬਚੀ ਹੁਈ ਸਾਮੱਗਰੀ ਅਗਨੀ ਮੇਂ ਡਾਲ ਦੀ ਔਰ ਪਰਦੇ ਕੇ ਪੀਛੇ ਸੇ ਨੰਗੀ ਤਲਵਾਰ ਚਮਕਾਤੇ ਹੂਏ ਬਾਹਰ ਆਏ......ਇਸ ਮੇਂ ਸੰਦੇਹ ਨਹੀਂ ਕਿ ਗੁਰੂ ਨੇ ਲੋਗੋਂ ਕੋ ਖੜਗ ਕੇ ਪੂਜਨ ਕਰਨੇ ਕਾ ਉਪਦੇਸ਼ ਕੀਆ। ਕਿਉਂਕਿ ਗੁਰੂ ਕੇ ਅਨੁਸਾਰ ਉਨ ਦਿਨੋਂ ਕੇਵਲ ਖੜਗ ਹੀ ਏਕ ਐਸੀ ਦੇਵੀ ਥੀ ਜੋ ਉਨ ਕੀ ਰੱਖਯਾ ਕਰ ਸਕਤੀ ਥੀ। [ਪੰਨਾ ੧੩੧—੩੨

੨੦. ਇਸ ਜ਼ਮਾਨੇ ਵਿਚ ਕਈ ਇਕ ਹੋਰ ਛੋਟੇ ਵਡੇ ਤਿਤਿਹਾਸਕਾਰ ਹੋਏ ਹਨ, ਜਿਨ੍ਹਾਂ ਨੇ ਉੱਪਰ ਦਿੱਤੇ ਲੇਖਕਾਂ ਦੇ ਵਾਂਙ ਹੀ ਇਸ ਪ੍ਰਸੰਗ ਨੂੰ ਦਰਸਾਇਆ ਹੈ।

੨੧. ਦੁਰਗਾ ਪ੍ਰਬੋਧ ਕ੍ਰਿਤ ਗਿਆਨੀ ਦਿੱਤ ਸਿੰਘ ਜੀ [ਸੰ: ੧੯੫੬]

ਇਹ ਗ੍ਰੰਥ ਗੁਰ ਬਿਲਾਸ ਵਾਂਙੂ ਗੁਰ ਇਤਿਹਾਸ ਵਰਣਨ ਦਾ ਨਹੀਂ ਹੈ, ਪਰ ਦੇਵੀ ਪੂਜਣ ਦੇ ਇਤਿਹਾਸਿਕ ਪਹਿਲੂ ਪਰ ਵਿਚਾਰ ਖੋਜ ਬਹਿਸ ਦਾ ਹੈ। ਇਸ ਵਿਚ ਛੋਟੇ ਆਕਾਰ ਦੇ ਪੰਜ ਸੌ ਸਫਿਆਂ ਤੇ ਇਸ ਵਿਸ਼ੇ ਪਰ ਨਾਨਾਂ ਪਹਿਲੂਆਂ ਤੇ ਵਿਚਾਰ ਕੀਤੀ ਗਈ ਹੈ, ਆਪ ਦੀ ਵਿਚਾਰ ਦੇ ਸਿੱਧਾਂਤ ਬੜੀ ਮਿਹਨਤ ਤੇ ਵਿਦਵਤਾ ਨਾਲ ਲਿਖੇ ਹੋਏ ਹਨ। ਸਾਰੇ ਨੂੰ ਦੇਖਣ ਲਈ ਸਾਰਾ ਗ੍ਰੰਥ ਪੜ੍ਹਨਾ ਚਾਹੀਏ। ਨਮੂਨੇ ਮਾਤ੍ਰ ਅੱਗੇ ਦਿਖਾਲਦੇ ਹਾਂ:—

"ਇਹ ਸਾਰੇ ਪ੍ਰਸੰਗ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਜੀ ਮਹਾਰਾਜ ਨੂੰ ਜੋ ਕੁਛ ਕਰਨਾ ਪਿਆ ਸੋ ਬ੍ਰਾਹਮਣਾਂ ਦੇ ਪਾਖੰਡ ਜਾਲ ਦੇ ਤੋੜਨੇ ਪਿੱਛੇ ਕਰਨਾ ਪਿਆ, ਅਰ ਗੁਰੂ ਜੀ ਨੇ ਇਹ ਅੱਛੀ ਤਰ੍ਹਾਂ ਵਿਚਾਰ ਲੀਤਾ ਸੀ ਕਿ ਦੁਰਜਨ ਤੋਖ ਨਜਾਯ ਦ੍ਵਾਰਾ ਇਨ੍ਹਾਂ ਨੂੰ ਝੂਠੇ ਕਰਕੇ ਤ੍ਯਾਗਣਾ ਚਾਹੀਦਾ ਹੈ, ਜਿਸ ਪਰ ਇਨ੍ਹਾਂ ਦਾ ਕੋਈ ਉਜ਼ਰ ਬਾਕੀ ਨਾ ਰਹਿ ਜਾਏ।

*ਲੇਖਕ ਦਾ ਇਹ ਅਨੁਮਾਨ ਮਾਤ੍ਰ ਹੈ, ਇਤਿਹਾਸਕ ਸਬੂਤ ਇਸਦਾ ਆਪ ਪਾਸ ਕੋਈ ਨਹੀਂ।

Sri Satguru Jagjit Singh Ji eLlibrary NamdhariElibrary@gmail.com

"ਇਨ੍ਹਾਂ ਤੇ ਮਗਰੋਂ ਭਾਈ ਸੰਤੋਖ ਸਿੰਘ ਜੀ ਨੇ ਸੰਮਤ ੧੯੦੦ ਬਿੱਕ੍ਰਮੀ ਵਿਚ ਸੂਰਜ ਪ੍ਰਕਾਸ਼ ਬਨਾਇਆ ਇਸ ਵਾਸਤੇ ਇਹ ੧੪੫ ਸਾਲ ਮਗਰੋਂ ਰਚਿਆ ਹੈ। ਜਿਸ ਤੋਂ ਦੇਖ ਸਕੀਦਾ ਹੈ ਕਿ ਇਤਨੇ ਚਿਰ ਮਗਰੋਂ ਅਰਥਾਤ ਇਕ ਸੌ ਪੰਨਤਾਲੀ ਸਾਲ ਮਗਰੋਂ ਉਨ੍ਹਾਂ ਨੂੰ ਕਿਆ ਪਤਾ ਲਗ ਸਕਦਾ ਸੀ ਕਿ ਉਸ ਵੇਲੇ ਕਿਆ ਗਲ ਸੀ।

"ਇਨ੍ਹਾਂ ਤੋਂ ਮਗਰੋਂ ਗਿਆਨੀ ਗਿਆਨ ਸਿੰਘ ਜੀ ਨੇ ੧੯੩੫ ਬਿਕ੍ਰਮੀ ਵਿਚ ਪੰਥ ਪ੍ਰਕਾਸ਼ ਲਿਖਿਆ ਸੋ ਗੁਰੂ ਜੀ ਮਹਾਰਾਜ ਦੇ ੧੮੦ ਸਾਲ ਮਗਰੋਂ ਇਹ ਕਥਾ ਲਿਖੀ ਗਈ।

"ਇਸ ਤਰ੍ਹਾਂ ਬਾਬਾ ਸੁਮੇਰ ਸਿੰਘ ਜੀ ਨੇ ੧੯੩੯ ਬਿਕ੍ਰਮੀ ਵਿਚ ਅਪਨਾ ਗੁਰ-ਬਿਲਾਸ ਬਣਾਇਆ ਜਿਸਤੇ ਉਨ੍ਹਾਂ ਨੇ ੧੮੪ ਸਾਲ ਮਗਰੋਂ ਇਸੇ ਪ੍ਰਸੰਗ ਨੂੰ ਅਪਨੇ ਖਿਆਲ ਮੂਜਬ ਲਿਖਿਆ।

"ਹੁਣ ਜਦ ਅਸੀਂ ਇਨ੍ਹਾਂ ਕਵੀਆਂ ਦੇ ਪੁਸਤਕਾਂ ਨੂੰ ਉਸ ਦੇਵੀ ਵਾਲੇ ਕਾਰਜ ਤੋਂ ਸਦੀਆਂ ਮਗਰੋਂ ਲਿਖੇ ਵੇਖਦੇ ਹਾਂ ਤਦ ਫਿਰ ਕਿਸ ਤਰ੍ਹਾਂ ਮੰਨ ਲਈਏ ਕਿ ਇਹ ਸਭ ਸੱਚੇ ਹਨ ਯਾਂ ਇਨ੍ਹਾਂ ਦਾ ਪਰਸਪਰ ਵਿਰੋਧ ਨਾ ਹੋਵੇ।" [ਪੰਨਾ ੪੯੮

"ਪਹਿਲੇ ਤਾਂ ਗੁਰੂ ਜੀ ਨਾਲ ਇਹ (ਭਾਵ ਬ੍ਰਹਮਣ) ਝਗੜਾ ਕਰਦੇ ਰਹੇ ਕਿ ਦੇਵਤਾ ਬਿਧਿ ਵਤ ਕ੍ਰਿਯਾ ਕਰਨ ਤੇ ਪ੍ਰਗਟ ਹੋ ਜਾਂਦਾ ਹੈ। ਜਦ ਗੁਰੂ ਜੀ ਨੇ ਆਖਿਆ ਕਰਕੇ ਵਿਖਾਓ। ਤਦ ਸਿੱਧ ਕਰਨ ਵਾਲੇ ਵਡੇ ਵਿਦ੍ਵਾਨ ਪੰਡਤਾਂ ਦੇ ਹੋਣੇ ਦੀ ਲੋੜ ਚਾਹੀ। ਜਦ ਉਹ ਭੀ ਆ ਗਏ ਤਦ ਸਵਾ ਲੱਖ ਰੁਪਏ ਦੀ ਸਾਮਿਗਰੀ ਮੰਗੀ ਜੋ ਇਕ ਵਡੀ ਭਾਰੀ ਰਕਮ ਸੀ। ਫਿਰ ਜਦ ਉਹ ਭੀ ਮਨਜ਼ੂਰ ਹੋਈ ਤਦ ਸਵਾ ਲੱਖ ਰੁਪੱਯਾ ਦੱਛਣਾ ਦਾ ਮੰਗਿਆ ਅਰ ਮਨਜ਼ੂਰ ਕਰਾਯਾ, ਫਿਰ ਸਵਾ ਲੱਖ ਰੁਪੱਯੇ ਨਾਲ ਬ੍ਰਾਹਮਣਾਂ ਨੂੰ ਯੱਗ ਕਰਨਾ ਦੱਸਿਆ ਜਿਸ ਵਿਚ ਮਾਸ ਅਰ ਖੀਰ ਦੀ ਪ੍ਰੀਖਯਾ ਹੋਈ। ਉਸ ਤੋਂ ਮਗਰੋਂ ਨਦੀ ਦੇ ਕਿਨਾਰੇ ਹਵਨ ਕਰਨ ਦੀ ਜਗਾ ਬਨਾਉਣਾ ਆਖਿਆ ਜੋ ਬਨਵਾ ਲਈ। ਉਸ ਜਗਾ ਪਰ ਜਦ ਹਵਨ ਹੋਣ ਲਗਾ ਅਤੇ ਢਾਈ ਸਾਲ ਗੁਜਰੇ ਕੁਛ ਨਾ ਹੋਇਆ ਤਦ ਉਥੋਂ ਇਹ ਬਹਾਨਾ ਕਰਕੇ ਕਿ ਇਥੇ ਰੌਲਾ ਪੈਂਦਾ ਹੈ, ਕਿਤੇ ਇਕਾਂਤ ਸਥਾਨ ਚਲੀਏ, ਨੈਣਾਂ ਦੇਵੀ ਦੇ ਟਿੱਲੇ ਪੁੱਜੇ, ਉਥੇ ਜਾਕੇ ਗੁਰੂ ਜੀ ਦਾ ਸ਼ਿਕਾਰ ਖੇਲਨਾ ਹਟਾਇਆ ਅਤੇ ਅਹਿੰਸਾ ਪਰਮ ਧਰਮ ਬਤਾਇਆ।

"ਇਸ ਤੇ ਮਗਰੋਂ ਗੁਰੂ ਜੀ ਨੂੰ ਭੀ ਇਹ ਕਿਹਾ ਕਿ ਸਾਰੇ ਇੰਦਰੇ ਮਨ ਸਮੇਤ ਵਸ ਅਤੇ ਪਵਿੱਤ੍ਰ ਕਰਕੇ ਜਾਪ ਕਰੋ ਤਾਂ ਪ੍ਰਗਟੇਗੀ। ਸੋ ਭੀ ਕਰਨਾ ਪਿਆ ਅਰ ਪ੍ਰਿਥੀ ਪਰ ਆਸਨ ਕੀਤੇ, ਘਰ ਬਾਰ ਛੋੜ ਦਿਤਾ ਅਰ ਐਥੋਂ ਤਕ ਦੁਖ ਦਿੱਤਾ ਜੋ ਭੋਜਨ ਭੀ ਛੁਡਾ ਦਿੱਤਾ। ਅੰਤ ਨੂੰ ਜਦ ਕੁਛ ਨਾ ਬਣਿਆ ਤਦ ਪੁੱਤ੍ਰਾਂ ਦੇ ਸੀਸ ਮੰਗੇ ਜੋ ਇਕ ਹਤਕ ਦੀ ਗਲ ਸੀ, ਜਿਸ ਪਰ ਗੁਰੂ ਜੀ ਨੇ ਸਮਝ ਲੀਤਾ ਕਿ ਇਨ੍ਹਾਂ ਦਾ ਸਾਰਾ ਪਖੰਡ ਹੈ। ਅਰ ਭਾਈ ਸੁੱਖਾ ਸਿੰਘ ਦੇ ਕਥਨਾਂ ਅਨੁਸਾਰ ਇਹ ਆਖਿਆ ਕਿ ਆਪ ਜਿਤਨੇ ਸਿੱਖਾਂ ਦੇ ਸੀਸ ਚਾਹੁੰਦੇ ਹੋ ਲੈ ਲਵੋ ਜਦ ਅੰਤ ਨੂੰ ਕੁਛ ਨਾ ਹੋਇਆ ਤਦ ਬੱਦਲਾਂ ਦੀ ਘਨਘੋਰ ਅਰ ਪਉਣ ਦਾ ਜ਼ੋਰ, ਜੋ ਚੇਤਰ ਦੇ ਮਹੀਨੇ ਅਕਸਰ ਹੁੰਦਾ ਹੈ, ਦੇਖਕੇ ਇਹ ਬਹਾਨਾ ਕਰਕੇ ਕਿ ਸਾਥੋਂ ਦੇਵੀ ਦਾ ਪਰਤਾਪ ਨਹੀਂ ਝੱਲਿਆ ਜਾਵੇਗਾ, ਪਹਾੜ ਦੇ ਹੇਠਾਂ ਉਤਰ ਆਏ, ਜਿਸ ਤੇ ਗੁਰੂ ਜੀ ਹੀ ਕੱਲੇ ਰਹਿ ਗਏ, ਜਿਨ੍ਹਾਂ ਦੇ

Sri Satguru Jagjit Singh Ji eLlibrary NamdhariElibrary@gmail.com

ਇਸ ਛਲ ਪਰ ਗੁਰੂ ਜੀ ਮਹਾਰਾਜ ਨੂੰ ਅਤਯੰਤ ਹੀ ਕ੍ਰੋਧ ਆਇਆ ਅਰ ਤੇਗਾ ਹੱਥ ਵਿਚ ਲੈਕੇ ਪਹਾੜੀ ਤੇ ਨੀਚੇ ਉਤਰ ਆਏ ਅਤੇ ਸਭ ਡੇਰਾ ਭੀ ਉਸ ਜਗ੍ਹਾ ਤੇ ਉਠਾਕੇ ਅਨੰਦਪੁਰ ਲੈ ਆਂਦਾ।

"ਪ੍ਰੰਤੂ ਸਿੱਖਾਂ ਨੂੰ ਉਸ ਵਿਅਰਥ ਕੰਮ ਕਰਨੇ ਦੇ ਦਿਨਾਂ ਵਿਚ ਬਹੁਤ ਕਸ਼ਟ ਹੋਇਆ ਸਾ। ਇਸ ਵਾਸਤੇ ਉਹ ਸਾਰਾ ਗੁਦਾਮ ਜੋ ਉਸ ਡੇਰੇ ਦਾ ਬਾਕੀ ਸਾ, ਹੁਕਮ ਦਿੱਤਾ ਕਿ ਸਿੱਖਾਂ ਨੂੰ ਲੰਗਰ ਛਕਾ ਦੋ, ਜਿਸ ਪਰ ਵੱਡਾ ਭਾਰੀ ਯੱਗ ਹੋ ਗਿਆ ਅਰ ਆਪਣੀ ਸੰਗਤ ਨੂੰ ਛਕਾਇਆ ਪਰੰਤੂ ਉਹ ਬ੍ਰਾਹਮਣ ਜੋ ਹਵਨ ਕਰਾਉਂਦੇ ਕਰਾਉਂਦੇ ਡਰਦੇ ਹੇਠਾਂ ਉਤਰ ਆਏ ਸਨ ਸੋ ਬਾਗ਼ ਵਿਚ, ਜਿਥੇ ਉਨ੍ਹਾਂ ਦਾ ਅਸਲੀ ਡੇਰਾ ਸਾ ਭੁੱਖੇ ਬੈਠੇ ਰਹੇ। ਜਿਨ੍ਹਾਂ ਨੂੰ ਗੁਰੂ ਜੀ ਨੇ ਬੁਲਾਉਣਾ ਤਾਂ ਕਿਤੇ ਰਿਹਾ ਪੁੱਛਿਆ ਭੀ ਨਾ।

"ਦੋਹਰਾ॥ ਐਸੀ ਦੁਰਦਿਸ਼ ਦੇਖਕੇ ਤਦ ਉਹ ਬਿੱਪਰ ਲੋਗ॥ ਮਹਾਂ ਦੁਖੀ ਮਨ ਮਹਿੰ ਭਏ ਵਰਤ ਗਿਆ ਮਨ ਸੋਗ॥ ੨੫੦॥ ਲੱਗੇ ਕਰਨ ਵਿਚਾਰ ਮਨ ਭਿਆ ਨਿਰਾਦਰ ਭੂਰ॥ ਸਾਨੂੰ ਤਾਂ ਪੁਛਿਆ ਨਹੀਂ ਦੇਵਨ ਅੰਨ ਅਹਾਰ॥ ੨੫੧॥ ਮਨ ਵਿਚ ਗੁੱਸਾ ਖਾਇਕੇ ਗਏ ਗੁਰੂ ਕੇ ਪਾਸ। ਰੋਣਾ ਰੋਯਾ ਆਪਣਾ ਹੋਕੇ ਖਰੇ ਉਦਾਸ॥ ੨੫੨॥

"ਭਾਵ—ਜਦ ਗੁਰੂ ਜੀ ਮਹਾਰਾਜ ਨੇ ਉਨ੍ਹਾਂ ਨੂੰ ਭੋਜਨ ਲਈ ਬੀ ਨਾ ਪੁੱਛਿਆ ਤਦ ਓਹ ਗੁਰੂ ਜੀ ਦੇ ਪਾਸ ਜਾਕੇ ਸ਼ਿਕਾਇਤ ਕਰਨ ਲਗੇ ਕਿ ਮਹਾਰਾਜ ਆਪ ਨੇ ਗੁਵਾਰਾਂ ਸ਼ੂਦਰਾਂ ਅਤੇ ਵੈਸ਼ਾਂ ਨੂੰ ਤਾਂ ਵਡੇ ਆਦਰ ਨਾਲ ਭੋਜਨ ਛਕਾਏ ਅਰ ਅਸੀਂ ਬ੍ਰਾਹਮਣ ਜੋ ਭਗਵਾਨ ਦਾ ਮੁਖ ਹਾਂ ਭੁੱਖੇ ਬੈਠੇ ਰਹੇ,ਸਾਨੂੰ ਪੁਛਿਆ ਬੀ ਨਾ।

"ਇਸਦਾ ਉੱਤਰ ਗੁਰੂ ਜੀ ਮਹਾਰਾਜ ਨੇ ਵਡੀ ਧੀਰਜ ਨਾਲ ਉਨ੍ਹਾਂ ਨੂੰ ਦਿਤਾ ਅਰ ਆਖਿਆ ਕਿ ਇਹ ਸ਼ੂਦਰ ਵੈਸ਼ ਹੁਣ ਨਹੀਂ ਰਹੇ ਕਿੰਤੂ ਇਹ ਮੇਰਾ ਰੂਪ ਹਨ ਅਰ ਮੈਂ ਇਨ੍ਹਾਂ ਦੇ ਬਲ ਨਾਲ ਬਹੁਤ ਕੁਛ ਕੰਮ ਕੀਤੇ ਹਨ ਅਰ ਓਹ ਸਵੈਯੇ ਏਹ ਹਨ ਜੋ ਉਸ ਵੇਲੇ ਦੀ ਗੁਵਾਹੀ ਦੇਂਦੇ ਹਨ:—

ਯਥਾ ਸ੍ਵੈਯੇ ਪਾਤਸ਼ਾਹੀ ੧੦

ਜੋ ਕਛੁ ਲੇਖ ਲਿਖਿਓ ਬਿਧਨਾ ਸੋਊ ਪਾਈਯਤ ਮਿਸਰ ਜੂ ਸ਼ੋਕ ਨਿਵਾਰੋ॥ ਮੇਰੋ ਕਛੂ ਅਪਰਾਧ ਨਹੀ ਗਯੋ ਯਾਦ ਤੇ ਭੂਲਿ ਨ ਕੋਪ ਚਿਤਾਰੋ॥ ਬਾਗੋ ਨਿਹਾਲੀ ਪਠੈ ਦਿਯੋਂ ਆਜ ਭਲੇ ਤੁਮ ਕੋ ਨਿਹਚੈ ਜੀਅ ਧਾਰੋ॥ ਛੱਤ੍ਰੀ ਸਭੈ ਕ੍ਰਿਤ ਬਿਪਨ ਕੋ ਇਨਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ॥ ੧॥ ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥ ਅਘ ਓਘ ਟਰੈ ਇਨਹੀ ਕੇ ਪ੍ਰਸਾਦਿ ਇਨਹੀ ਕਿ ਕ੍ਰਿਪਾ ਫੁਨ ਧਾਮ ਭਰੇ॥ ਇਨਹੀ ਕੇ ਪ੍ਰਸਾਦਿ ਸੁ ਬਿੱਦਿਆ ਲਈ ਇਨਹੀ ਕੀ ਕ੍ਰਿਪਾ ਸਭ ਸ਼ਤ੍ਰੂ ਮਰੇ॥ ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀਂ ਮੋਸੇ ਗਰੀਬ ਕਰੋਰ ਪਰੇ॥ ੨॥ ਸੇਵ ਕਰੀ ਇਨਹੀ ਕੀ ਭਾਵਤ ਔਰ ਕੀ ਸੇਵ ਸੁਹਾਤ ਨ ਜੀ ਕੋ॥ ਦਾਨ ਦੀਯੋ ਇਨਹੀ ਕੋ ਭਲੋ ਅਰ ਆਨ ਕੋ ਦਾਨ ਨ ਲਾਗਤ ਨੀਕੋ॥ ਆਗੈ ਫਲੈ ਇਨਹੀ ਕੋ ਦਯੋ ਜਗ ਮੇ ਜਸੁ ਅਉਰ ਦਯੋ ਸਭ ਫੀਕੋ॥ ਮੋ ਗ੍ਰਿਹ ਮੇ ਮਨ ਤੇ ਤਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥੩॥ ਦੋਹਰਾ॥ ਚਟਪਟਾਇ ਚਿਤ ਮੈਂ ਜਰਯੋ ਤ੍ਰਿਣ ਜਿਉ ਕ੍ਰੁੱਧਿਤ ਹੋਇ॥ ਖੋਜ ਰੋਜ ਕੇ ਹੇਤ ਲਗ ਦਯੋ ਮਿਸਰ ਜੂ ਰੋਇ॥ ੪॥

"ਇਨ੍ਹਾਂ ਸ੍ਰੀ ਮੁਖਵਾਕਾਂ ਤੋਂ ਇਹ ਪਾਇਆ ਜਾਂਦਾ ਹੈ ਕਿ ਉਨ੍ਹਾਂ ਬ੍ਰਾਹਮਣਾਂ ਨੂੰ ਜੋ ਇਹ ਉਮੇਦ ਸੀ ਕਿ ਸਾਨੂੰ ਧਾਮੋ ਛਕਾਉਣਗੇ ਅਰ ਵਡੀ ਵਡੀ ਭਾਰੀ ਦੱਖਣਾ ਦੇਕੇ ਵਿਦਾ ਕਰਨਗੇ ਸੋ ਪੂਰੀ ਨਾ ਹੋਈ ਬਲਕਿ ਗੁਰੂ ਜੀ ਨੇ ਉਨ੍ਹਾਂ ਨੂੰ ਬੁਲਾਇਆ ਭੀ ਨਾ ਜਿਸ ਪਰ ਤੰਗ ਆਕੇ ਗੁਰੂ ਜੀ ਪਾਸ ਕੌੜੇ ਕੌੜੇ ਬਚਨ ਬੋਲਨ ਲਗੇ ਅਤੇ ਸਿੱਖਾਂ ਦੀ ਨਿੰਦਿਆ ਕੀਤੀ ਜਿਸ ਨੂੰ ਸੁਣਕੇ ਗੁਰੂ ਜੀ ਨੇ ਉਹਨਾਂ ਨੂੰ ਇਤਨਾਂ ਕਹਿਕੇ ਟਾਲ ਦਿੱਤਾ ਕਿ ਸਾਡੇ ਤੁਸੀਂ ਯਾਦ ਨਹੀਂ ਰਹੇ। ਇਸ ਵਾਸਤੇ ਡੇਰੇ ਚਲੋ ਤੁਹਾਨੂੰ ਉਥੇ ਹੀ ਅੰਨ ਤੇ ਬਸਤਰ ਪਹੁੰਚਾ ਦੇਵਾਂਗੇ ਅਰ ਆਪ ਨੂੰ ਐਡਾ ਗੁੱਸਾ ਨਹੀਂ ਕਰਨਾ ਚਾਹੀਦਾ ਕਿਉਂਕਿ ਤੁਸੀਂ ਸਾਡੇ ਯਾਦ ਨਹੀਂ ਆਏ। ਇਸਤੋਂ ਬਿਨਾਂ ਇਹ ਭੀ ਆਖਿਆ ਕਿ ਜੋ ਤੁਹਾਡੇ ਨਸੀਬਾਂ ਵਿਚ ਸਾ ਸੋਈ ਤੁਹਾਨੂੰ ਮਿਲ ਗਿਆ ਹੈ, ਅਰ ਸਾਡਾ ਤਾਂ ਤਨ ਮਨ ਅਤੇ ਧਨ ਸਭ ਸਿੱਖਾਂ ਦਾ ਹੀ ਹੈ। ਅਰ ਇਨ੍ਹਾਂ ਦੇ ਪਰਤਾਪ ਨਾਲ ਅਸੀਂ ਸਭ ਮਨੋਰਥ ਸਫਲੇ ਕੀਤੇ ਹਨ ਜਿਸ ਤੇ ਅਸੀਂ ਇਨ੍ਹਾਂ ਨੂੰ ਹੀ ਦਾਨ ਦੇਣਾ ਅੱਛਾ ਜਾਣਦੇ ਹਾਂ ਅਰ ਹੋਰ ਨੂੰ ਦੇਣਾ ਨਿਸਫਲ ਸਮਝਦੇ ਹਾਂ। ਜਿਸ ਉੱਤਰ ਨੂੰ ਸੁਣਕੇ ਉਹ ਮਿਸਰ ਇਸ ਤਰ੍ਹਾਂ ਜਲ ਬਲ ਗਿਆ ਜਿਸ ਤਰ੍ਹਾਂ ਅੱਗ ਲਗੀ ਤੋਂ ਕੱਖ ਬਲ ਉਠਦੇ ਹਨ ਅਰ ਅਪਣਾ ਹਮੇਸ਼ ਦਾ ਰੋਜ਼ੀਨਾ ਬੰਦ ਹੋਇਆ ਸੁਣਕੇ ਰੋ ਪਿਆ ਅਰ ਨਿਰਾਸ ਹੋ ਗਿਆ॥" [ਪੰਨਾ ੪੩੯ ਤੋਂ ੪੪੨

"ਭਾਵ ਇਸ ਪ੍ਰਸੰਗ ਨੂੰ ਜੇ ਯੁਕਤੀਆਂ ਉਕਤੀਆਂ ਨਾਲ ਭੀ ਵਿਚਾਰਿਆ ਜਾਏ ਤਾਂ ਭੀ ਸਾਨੂੰ ਇਤਨੀਆਂ ਮਿਲ ਸਕਦੀਆਂ ਹਨ ਜਿਨ੍ਹਾਂ ਨੂੰ ਸੁਣ ਸੁਣਕੇ ਮਨ ਥੱਕ ਜਾਂਦਾ ਹੈ। ਜਿਨ੍ਹਾਂ ਵਿੱਚੋਂ ਕੁਛਕ ਹੇਠਾਂ ਪ੍ਰਗਟ ਕੀਤੀਆਂ ਜਾਂਦੀਆਂ ਹਨ।

੧. ਪਹਿਲੇ ਜੋ ਦੇਵੀ ਦਾ ਪ੍ਰਗਟ ਹੋਣਾ ਸੱਚ ਹੁੰਦਾ ਤਾਂ ਐਡੀ ਭਾਰੀ ਕਰਾਮਾਤ ਵਾਲੇ ਪ੍ਰਸੰਗ ਨੂੰ ਗੁਰੂ ਮਹਾਰਾਜ ਜ਼ਰੂਰ ਆਪਣੇ ਸ੍ਰੀ ਮੁਖ ਵਾਕ ਤੇ ਗ੍ਰੰਥ ਸਾਹਿਬ ਵਿਚ ਲਿਖਦੇ ਕਿਉਂਕਿ ਉਹਨਾਂ ਦੇ ਜੀਵਨ ਵਿਚ ਇਹ ਇਕ ਸਭ ਤੋਂ ਵੱਡਾ ਪ੍ਰਸਿੱਧ ਅਚੰਭੇ ਵਾਲਾ ਕੰਮ ਸੀ, ਪਰੰਤੂ ਇਹ ਕਿਤੇ ਭੀ ਦਰਜ ਨਹੀਂ।

੨. ਜਿਨ੍ਹਾਂ ਬ੍ਰਾਹਮਣਾਂ ਦੇ ਯਤਨ ਨਾਲ ਹਵਨ ਕਰਨ ਤੇ ਦੇਵੀ ਪ੍ਰਸਿੱਧ ਹੋਈ ਸੀ ਉਨ੍ਹਾਂ ਦੇ ਨਾਮ ਅਰ ਉਨ੍ਹਾਂ ਦੀ ਬੁੱਧਿ ਵਿਦਿਆ ਅਤੇ ਮੰਤ੍ਰ ਜੰਤ੍ਰ ਵਿਚ ਨਿਪੁਨਤਾ ਜ਼ਰੂਰ ਹੀ ਪ੍ਰਗਟ ਕਰਦੇ ਅਰ ਅੱਗੇ ਨੂੰ ਖਾਲਸਾ ਲਈ ਬ੍ਰਾਹਮਣਾਂ ਦਾ ਪੂਜਨ ਦੱਸ ਜਾਂਦੇ,ਪ੍ਰੰਤੂ ਦਸਮ ਗ੍ਰੰਥ ਵਿਚ ਜਿੱਥੇ ਕਿੱਥੇ ਬ੍ਰਾਹਮਣਾਂ ਦੀ ਨਿੰਦਾ ਹੀ ਮਿਲਦੀ ਹੈ ਅਰ ਹਵਨ ਕਰਾਉਣ ਵਾਲਿਆਂ ਦਾ ਨਾਮ ਨਿਸ਼ਾਨ ਭੀ ਨਹੀਂ ਹੈ।

੩. ਜਿਸ ਤਰ੍ਹਾਂ ਮਾਛੀਵਾੜੇ ਵਾਲੇ ਅਤੇ ਮਾਲੇਰੀਆਂ ਪਠਾਣਾਂ ਪਾਸ ਅਜ ਤਕ ਹੁਕਮ-ਨਾਮੇ ਹਨ ਅਤੇ ਹਰ ਇਕ ਪੁਰਖ ਇਸ ਬਾਤ ਨੂੰ ਜਾਣਦਾ ਹੈ ਕਿ ਇਹ ਉਨ੍ਹਾਂ ਦੀ ਕੁਲ ਵਿੱਚੋਂ ਹਨ ਜਿਨ੍ਹਾਂ ਨੇ ਗੁਰੂ ਜੀ ਨੂੰ ਉੱਚ ਦਾ ਪੀਰ ਬਣਨੇ ਸਮੇਂ ਸਹਾਇਤਾ ਦਿੱਤੀ ਸੀ ਯਾਂ ਸਾਹਿਬ-ਜ਼ਾਦਿਆਂ ਦੀ ਸ਼ਹੀਦੀ ਸਮੇਂ ਆਹ ਦਾ ਨਾਰਾ ਮਾਰਿਆ ਸੀ। ਇਸੇ ਤਰ੍ਹਾਂ ਉਹਨਾਂ ਬ੍ਰਾਹਮਣਾਂ ਦੇ ਪਾਸ ਭੀ ਗੁਰੂ ਮਹਾਰਾਜ ਵਲੋਂ ਹੁਕਮਨਾਮੇ ਹੁੰਦੇ, ਜਿਸ ਤੇ ਖਾਲਸਾ ਜਾਣਦਾ ਕਿ ਇਹ ਉਸ ਦੱਤਾਨੰਦ ਉਜੈਨੀ ਯਾਂ ਕਾਂਸ਼ੀ ਵਾਲੇ ਕੇਸ਼ਵ ਅਤੇ ਗੁਜਰਾਤੀ ਕਾਲੀਦਾਸ ਦੇ ਖਾਨਦਾਨ ਵਿੱਚੋਂ ਹਨ,ਜਿਨ੍ਹਾਂ ਨੇ ਗੁਰੂ ਜੀ ਨੂੰ ਦੇਵੀ ਪ੍ਰਗਟ ਕਰਕੇ ਤਲਵਾਰ ਦਿਵਾਈ ਸੀ ਸੋ ਇਹ ਭੀ ਅੱਜ ਤੱਕ

ਕਿਤੋਂ ਨਾਮ ਨਿਸ਼ਾਨ ਤਕ ਨਹੀਂ ਸੁਣਿਆਂ ਜਾਂਦਾ।

੪. ਜਿਨ੍ਹਾਂ ਵੇਦਾਂ ਤੇ ਮੰਤ੍ਰਾਂ ਨਾਲ ਦੇਵੀ ਹਵਨ ਕੁੰਡ ਤੇ ਪ੍ਰਗਟ ਕੀਤੀ ਸੀ ਅਰ ਉਨ੍ਹਾਂ ਮੰਤ੍ਰਾਂ ਵਿਚ ਇਤਨੀ ਸਮਰਥਾ ਸੀ ਤਾਂ ਗੁਰੂ ਜੀ ਵੇਦਾਂ ਦਾ ਅਤੇ ਮੰਤ੍ਰਾਂ ਯੰਤ੍ਰਾਂ ਦਾ ਖੰਡਨ ਨਾ ਕਰਦੇ ਸਗੋਂ ਆਖਦੇ ਕਿ ਇਨ੍ਹਾਂ ਦੇ ਮੰਨਣੇ ਯਾਂ ਵਿਧਿ ਵਤ ਕਰਮ ਕਰਨ ਤੇ ਫਲ ਮਿਲਦਾ ਹੈ, ਇਸ ਵਾਸਤੇ ਖਾਲਸਾ ਇਨ੍ਹਾਂ ਨੂੰ ਜ਼ਰੂਰ ਮੰਨੇ।

੫. ਜਿਸ ਜਨੇਊ ਦੇ ਪਹਿਰਨ ਅਰ ਜਿਸ ਗਾਇਤ੍ਰੀ ਦੇ ਜਾਪ ਕਰਨ ਤੇ ਹਵਨ ਕਾਰਕਾਂ ਨੂੰ ਕਰਕੇ ਦੇਵਤਾ ਪ੍ਰਗਟ ਕਰਨ ਦੀ ਸ਼ਕਤੀ ਦਿੱਤੀ ਸੀ ਉਸ ਜਨੇਊ ਅਰ ਗਾਇਤ੍ਰੀ ਦਾ ਖਾਲਸਾ ਵਿੱਚੋਂ ਰਿਵਾਜ ਕਿਉਂ ਹਟਾਇਆ ਅਰ ਅੰਮ੍ਰਿਤਪਾਨ ਸਮੇਂ ਕਿਉਂ ਤੁੜਵਾਯਾ।

੬. ਜਿਨ੍ਹਾਂ ਲੋਕਾਂ ਨੂੰ ਹਵਨ ਵਿਚ ਸ਼ੂਦਰ ਜਾਣਕੇ ਵੜਨ ਦਿੱਤਾ ਨਹੀਂ ਆਖਦੇ ਅਰ ਬਾਬਾ ਸੁਮੇਰ ਸਿੰਘ ਜੀ ਦਸਦੇ ਹਨ ਕਿ ਬਾਹਰ ਰੋਕਣ ਲਈ ਰਾਖੇ ਬਿਠਾਏ ਸਨ ਸੋ ਜੇ ਇਹ ਗੱਲ ਸੱਚ ਹੁੰਦੀ ਤਾਂ ਗੁਰੂ ਜੀ ਉਨ੍ਹਾਂ ਹੀ ਸ਼ੂਦਰਾਂ ਨੂੰ ਅੰਮ੍ਰਿਤ ਵਿਚ ਸ਼ਾਮਲ ਕਰਕੇ ਵਰਨ ਵਿਵਸਥਾ ਕਿਉਂ ਤੋੜਦੇ ? ਜਿਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਜੀ ਅਕਾਲ ਪੁਰਖ ਦੇ ਰਚੇ ਹੋਏ ਮਨੁਖਾਂ ਨੂੰ ਹਿੰਦੂਆਂ ਵਾਂਗ ਹਕਾਰਤ ਦੀ ਨਿਗਾਹ ਨਾਲ ਨਹੀਂ ਦੇਖਦੇ ਸੇ ਸਗੋਂ ਆਪਣੇ ਅੰਗ ਜਾਣਕੇ ਪਿਆਰ ਕਰਦੇ ਸਨ ਅਰ ਛੱਤ੍ਰੀ ਬਣਾਉਂਦੇ ਸਨ।

੭. ਜੋ ਲੋਗ ਏਹ ਲਿਖਦੇ ਹਨ ਕਿ ਦੇਵੀ ਨੇ ਜੰਗ ਵਿਚ ਫਤੇ ਦੇਣ ਲਈ ਤਲਵਾਰ ਯਾਂ ਕਰਦ ਦਿੱਤੀ ਸੀ ਤਾਂ ਗੁਰੂ ਜੀ ਨੇ ਖਾਲਸੇ ਨੂੰ ਤਲਵਾਰ ਦਾ ਜੋ ਦੇਵੀ ਦੇ ਵਰ ਤੋਂ ਮਿਲੀ ਸੀ ਅੰਮ੍ਰਿਤ ਕਿਉਂ ਨਾ ਛਕਾਇਆ ਇਸਦੇ ਉਲਟ ਖੰਡੇ ਦਾ ਅੰਮ੍ਰਿਤ ਕਿਉਂ ਛਕਾਇਆ ਸੀ। ਅਤੇ ਅੱਜ ਤੱਕ ਇਹ ਪ੍ਰਚਲਤ ਰੀਤੀ ਹੈ।

੮. ਫਿਰ ਜਦ ਗੁਰੂ ਜੀ ਮਹਾਰਾਜ ਆਪਣੀ ਪੁਰੀ ਨੂੰ ਅਸਵਾਰਾ ਕਰਨ ਲਗੇ ਤਦ ਭੀ ਖਾਲਸਾ ਨੂੰ ਏਹੋ ਆਗਿਆ ਕੀਤੀ ਕਿ 'ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ। ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ' ਇਸ ਤੋਂ ਸਾਬਤ ਹੁੰਦਾ ਹੈ ਕਿ ਜੇ ਗੁਰੂ ਜੀ ਨੇ ਦੇਵੀ ਤੋਂ ਵਰ ਲੇਕੇ ਪੰਥ ਬਨਾਇਆ ਹੁੰਦਾ ਤਾਂ ਇਸ ਤਰ੍ਹਾਂ ਨਾ ਹੁਕਮ ਦੇਂਦੇ ਸਗੋਂ ਇਸ ਤਰ੍ਹਾਂ ਉਚਾਰਨ ਕਰਦੇ ਜਥਾ:—'ਆਗਿਆ ਦੁਰਗਾ ਨੇ ਦਈ ਤਬੀ ਚਲਾਯੋ ਪੰਥ। ਕਰੋ ਕੜਾਹੀ ਉਸਦੀ ਭੇਟਾਂ ਦੇ ਪੜ ਗ੍ਰੰਥ।' ਪ੍ਰੰਤੂ ਇਸ ਤਰ੍ਹਾਂ ਕੋਈ ਦੇਵੀ ਦੇਵਤੇ ਦਾ ਕਥਨ ਨਹੀਂ ਹੈ।

੯. ਜੇ ਗੁਰੂ ਜੀ ਦਾ ਦੇਵੀ ਪੂਜਨ ਕਰਨ ਦਾ ਸਿੱਧਾਂਤ ਸੀ ਤਾਂ ਪੰਜ ਕੱਕਿਆਂ ਦਾ ਧਾਰਨ ਅਰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਕਰਕੇ ਉਸਦੀ ਬਾਣੀ ਪਰ ਵਿਸ਼ਵਾਸ਼ ਕਰਨ ਦਾ ਉਪਦੇਸ਼ ਕਿਉਂ ਕੀਤਾ ਅਰ ਨਵੀਂ ਸੂਰਤ ਸ਼ਕਲ ਦਾ ਪੰਥ ਕਿਉਂ ਸਾਜਿਆ ਕਿੰਤੂ ਉਨ੍ਹਾਂ ਫੋਕੇ ਕੁੱਟਾਂ ਨਾਲ ਸਿੱਖਾਂ ਨੂੰ ਮਿਲਾਕੇ ਜੱਟੇ ਧਾਰਨ ਦਾ ਹੁਕਮ ਕਿਉਂ ਨਾ ਦਿੱਤਾ।

੧੦. ਨੈਣਾਂ ਦੇਵੀ ਦੇ ਭੌਨ ਪਰ ਜਿਥੋਂ ਦੇਵੀ ਪ੍ਰਗਟ ਹੋਈ ਦੱਸਦੇ ਹਨ ਜਾਕੇ ਪੂਜਾ ਕਰਨ ਦੀ ਆਗਿਆ ਕਿਉਂ ਨਾ ਦਿੱਤੀ ਅਰ ਕਿਉਂ ਨਾ ਦੱਸਿਆ ਕਿ ਕੁਲ ਪੰਥ ਨੈਣਾਂ ਦੇਵੀ ਦਾ ਦਰਸ਼ਨ ਕਰੇ।

੧੧. ਸਾਰੇ ਗੁਰਬਿਲਾਸਾਂ ਵਿੱਚ ਬਿਨਾਂ ਹਵਨ ਤੋਂ ਹੋਰ ਕੋਈ ਸਾਬਤ ਨਹੀਂ

ਕਰਦਾ ਕਿ ਗੁਰੂ ਜੀ ਕਦੇ ਨੈਨਾਂ ਦੇਵੀ* ਪਰ ਗਏ ਹੋਣ ਅਰ ਕਿਸੇ ਮੇਲੇ ਮੁਸਾਹਬੇ ਪਰ ਜਾਕੇ ਕੁਛ ਭੇਟਾ ਦਿੱਤੀ ਹੋਵੇ, ਕੇਵਲ ਇਹ ਇਕੋ ਫੇਰ ਦੀ ਗੱਲ ਦੱਸਦੇ ਹਨ, ਇਸ ਤੋਂ ਭੀ ਸਿੱਧ ਹੁੰਦਾ ਹੈ ਕਿ ਜੇ ਗੁਰੂ ਜੀ ਦੇਵੀ ਦੇ ਸ਼ਰਧਾਲੂ ਹੁੰਦੇ ਤਾਂ ਹਫਤੇ ਵਿਚ ਨਹੀਂ ਤਾਂ ਮਹੀਨੇ ਵਿਚ ਤਾਂ ਜ਼ਰੂਰ ਹੀ ਜਾਕੇ ਦਰਸ਼ਨ ਕਰਦੇ।" [ਦੁਰਗਾ ਪ੍ਰਬੋਧ ਪੰਨਾਂ ੪੯੦-੯੫

੨੭. ਇਸੀ ਤਰ੍ਹਾਂ ਸਰਦਾਰ ਬਹਾਦਰ ਭਾਈ ਕਾਹਨ ਸਿੰਘ ਨਾਭਾ ਨਿਵਾਸੀ ਜੀ ਨੇ ਦਸਮ ਗ੍ਰੰਥ ਦੀਆਂ ਬਾਣੀਆਂ ਪਰ ਟਿੱਪਣੀਆਂ ਦੇਂਦਿਆਂ ਚੰਗੀ ਵਿਦ੍ਵਤਾ ਨਾਲ ਦੇਵੀ ਦਾ ਨਾ ਪੂਜੇਜਾਣਾ ਸਿੱਧ ਕੀਤਾ ਹੈ ਤੇ ਦੱਸਿਆ ਹੈ ਕਿ ਦੇਵੀ ਦੇ ਪ੍ਰਸੰਗ ਤੇ ਉਸਤੁਤੀ ਸੰਸਕ੍ਰਿਤ ਅਸਲੀ ਗ੍ਰੰਥਾਂ ਦੇ ਭਾਵ ਤਰਜਮੇ ਹਨ, ਜੋ ਬੀਰ ਰਸੀ ਉਮਾਹ ਲਈ ਲਿਖੇ ਗਏ ਕਿੱਸੇ ਕਹਾਣੀਆਂ ਹਨ। ਏਹ ਗੁਰੂ ਜੀ ਨੂੰ ਦੇਵੀ ਪੂਜਕ ਹਰਗਿਜ਼ ਸਿੱਧ ਨਹੀਂ ਕਰਦੇ। ਦੇਖੋ ਗੁਰਮਤ ਸੁਧਾਕਰ ਆਦਿ।

## ਸਿੱਧਾਂਤ।

ਪਿਛਲੇ ਸਾਰੇ ਲੇਖ ਨੂੰ ਫੇਰ ਥੋੜੇ ਪਦਾਂ ਵਿਚ ਦੁਹਰਾਕੇ ਵਿਚਾਰ ਕਰੀਏ ਤਾਂ ਸਮਝ ਵਿਚ ਪੈਂਦਾ ਹੈ ਕਿ 'ਕਾਲੀ' ਅਪਨੇ ਆਰੰਭ ਵਿਚ ਹਿੰਦੂ (ਆਰਯ) ਦੇਵਤਾ ਨਹੀਂ, ਪਰ ਇਥੋਂ ਦੇ ਪਹਿਲੇ ਅਸਲੀ ਕਾਲੇ ਰੰਗ ਵਾਲੇ ਵਾਸੀਆਂ ਦੀ ਪੂਜਯ ਮੂਰਤੀ ਸੀ, ਜਿਨ੍ਹਾਂ ਨੂੰ ਆਰਯ ਲੋਕ ਯਾ ਪੁਰਾਤਨ ਹਿੰਦੂ ਦਸਯੂ ਤੇ ਰਾਖਸ਼ ਕਿਹਾ ਕਰਦੇ ਸਨ। ਆਰਯ ਵਡਕਿਆਂ ਵਿੱਚ ਅਪਣੇ ਦੇਵਤਿਆਂ ਦੀਆਂ ਸ਼ਕਤੀਆਂ ਦਾ ਖਿਆਲ ਤੇ ਉਸ ਨੂੰ ਉਨ੍ਹਾਂ ਦੀਆਂ ਇਸਤ੍ਰੀਆਂ ਦੇ ਰੂਪ ਵਿਚ ਵਜਾਖਣਾ ਦੇਰੀ ਹਿੰਦੂਆਂ ਦਾ ਮਗਰੋਂ ਦਾ ਖਿਆਲ ਹੈ। ਇਨ੍ਹਾਂ ਵਿਚ ਜੋ ਬੀਰ ਰਸੀ ਦੁਰਗਾ ਦਾ ਖਿਆਲ ਹੈ, ਚਾਹੋ ਉਹ ਕਿਵੇਂ ਉਪਜਿਆ ਕਾਲੀ ਪੂਜਣ ਵਾਲੇ ਅਸਲੀ ਵਸਨੀਕਾਂ ਦੀ ਪੂਜਯ ਮੂਰਤੀ ਦੇ ਖਿਆਲ ਨਾਲ ਖਲਤ ਮਲਤ ਹੋਕੇ ਸ਼ਾਕਤਿਕ ਯਾ ਤਾਂਤ੍ਰਿਕ ਮਤ ਦਾ ਮੂਲ ਮੁੱਢ ਬੱਝਾ ਤੇ ਅਨੇਕ ਤਰ੍ਹਾਂ ਦੀਆਂ ਨਾ ਕਥਨੇ ਯੋਗ ਲੀਲ੍ਹਾ ਦੇ ਮਗਰੋਂ ਇਹ ਮਤ ਹਠ ਯੋਗ ਦਿਆਂ ਕਈ ਸਾਧਨਾ ਵਲ ਉਠਦਾ ਅੰਤ ਫਿਲਸਫਾ ਦੇ ਖਿਆਲਾਂ ਨਾਲ ਜਾ ਮਿਲਿਆ ਤੇ ਦੁਰਗਾ ਦਾ ਖਯਾਲ ਆਦਿ ਭਵਾਨੀ ਵਿਚ ਆਕੇ ਈਸ਼੍ਵਰੱਤ ਦੇ ਦਰਜੇ ਤਾਈਂ ਅੱਪੜਿਆ।

ਗੁਰਮਤ ਵਿਚ ਦੇਵੀ ਉਪਾਸਨਾ ਮੁੱਢ ਤੋਂ ਨਹੀਂ ਹੈ, ਨਾ ਕਾਲੀ ਦੀ ਸੂਰਤ ਵਿਚ, ਨਾ ਦੁਰਗਾ ਦੀ ਸੂਰਤ ਵਿੱਚ ਤੇ ਨਾ ਆਦਿ ਭਵਾਨੀ ਦੇ ਖਿਆਲਾਂ ਵਿੱਚ। ਬਲਕਿ ਜੋ ਸਮਾਂ ਭਗਤਾਂ ਦਾ ਗੁਜ਼ਰਿਆ ਹੈ ਉਹ ਭੀ ਇਸ ਤੋਂ ਇਨਕਾਰ ਕਰਦੇ ਰਹੇ ਹਨ† ਤੇ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਮਾਣੀਕ ਬਾਣੀ ਹੋਕੇ ਚੜ੍ਹੀ। ਗੁਰ ਇਤਿਹਾਸ ਵਿਚ ਭੀ ਦੇਵੀ ਪੂਜਾ ਦੀ ਮਨਾਹੀ ਦੇ ਵਾਕਿਆਤ ਕਈ ਹਨ। ਦਸਮ ਗੁਰੂ ਜੀ ਦੇ ਵਾਕ ਬੀ ਇਕ ਅਕਾਲ ਦੀ ਪੂਜਾ ਦੇ ਬਿਨਾ ਕਿਸੇ ਹੋਰ ਦੀ ਪੂਜਾ ਪ੍ਰਤਿਸ਼ਟਾ ਇਸ਼ਟ ਭਾਵਨਾ ਦੇ,

*ਜੋ ਸਾਖੀ ਤੇ ਗੁ: ਪ੍ਰ: ਸੂਰਜ ਵਿਚ ਨੈਣੇ ਗੁਜਰ (ਯਾ ਜਟ) ਦੇ ਨਾਮ ਤੋਂ ਟਿੱਲੇ ਦਾ ਨਾਮ ਪਿਆ ਸਹੀ ਹੁੰਦਾ ਹੈ ਨਾਕਿ ਨੈਣਾਂ ਦੇਵੀ ਤੋਂ।

†ਮਹਾ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥ ੩॥
ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ॥ ੪॥

Sri Satguru Jagjit Singh Ji eLlibrary NamdhariElibrary@gmail.com

ਐਤਨੇ ਮਿਲਦੇ ਹਨ ਕਿ ਕੋਈ ਸੱਤਜ ਦਾ ਖੋਜੀ ਉਨ੍ਹਾਂ ਨੂੰ ਪੜ੍ਹਕੇ ਇਸ ਸਿੱਟੇ ਤੇ ਪੁਜੇ ਬਿਨਾਂ ਨਹੀਂ ਰਹਿ ਸਕਦਾ ਕਿ ਓਹ ਇਕ ਅਕਾਲ ਪੁਰਖ ਦੇ ਉਪਾਸਕ ਸੇ ਅਤੇ ਤਾਂਤ੍ਰਿਕ ਯਾ ਸ਼ਾਕਤਿਕ ਮਤ ਦੀ ਸ਼ਕਤੀ ਦੇ ਉਪਾਸਕ ਕਦੇ ਨਹੀਂ* ਸੇ।

ਗੁਰੂ ਸਾਹਿਬਾਨ ਨੇ ਕਦੇ ਬੀ ਕ੍ਰਿਤਮ ਵਸਤੂ ਯਾ ਵਜਕਤੀ ਨੂੰ ਆਪਣਾ ਇਸ਼ਟ ਨਹੀਂ ਮੰਨਿਆ। ਕੀਤੇ ਹੋਇਆਂ ਨੂੰ,ਚਾਹੇ ਕਿੰਨੇ ਉਚੇ ਹੋਣ,ਆਪ ਨੇ 'ਓਹੁ ਵੇਖੈ ਓਨਾ ਨਦਰਿ ਨ ਆਵੈ' ਦੱਸਿਆ ਹੈ, ਜਿਨ੍ਹਾਂ ਵਿਚ ਦੇਵੀ ਦਾ ਬੀ ਜ਼ਿਕਰ ਆਇਆ ਹੈ:—'ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥' ਉਧਰ ਸਾਖੀਆਂ ਵਿਚ ਦੇਵੀ ਪੂਜਾ ਦੀਆਂ ਮਨਾਹੀ ਦੀਆਂ ਸਾਖੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਪਸ਼ਟ ਵਾਕ 'ਮਹਾਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥' ਆਦਿ ਮੌਜੂਦ ਹਨ ਕਿ ਜਿਨਾਂ ਦਾ ਵੇਰਵਾ ਪਿਛੇ ਅੰਕ ੨ ਵਿਚ ਵਿਸਥਾਰ ਨਾਲ ਕਹਿ ਆਏ ਹਾਂ, ਸੋ ਸਭ ਤੋਂ ਪ੍ਰਗਟ ਹੈ ਕਿ ਇਸ ਮਤ ਵਿਚ ਦੇਵੀ ਦੀ ਮੂਰਤੀ ਦੀ, ਕਿ ਸ਼ਕਤੀ ਰੂਪ ਦੇਵੀ ਦੀ,ਕਿ ਸ਼ਾਕਤਿਕ ਤੇ ਤਾਂਤ੍ਰਿਕ ਮਤ ਦੀ ਕਿਸੇ ਬੀ ਸੂਰਤ ਵਿਚ ਮੰਨੀ ਗਈ ਦੇਵੀ ਦੀ ਪੂਜਾ ਯਾ ਇਸ਼ਟ ਭਾਵਨਾ ਦਾ ਆਦਰਸ਼ ਮੰਨਣਾ ਜਾਇਜ਼ ਤੇ ਵਿਹਤ ਨਹੀਂ।

ਗੁਰੂ ਸਾਹਿਬ ਜੀ ਦੇ 'ਅਸੂਲ ਪੜਤਾਲ' ਦੇ ਨੁਕਤੇ ਤੋਂ ਜੇ ਅਸੀਂ ਏਥੇ ਦੇਵੀ ਪ੍ਰਗਟਾਉਣ ਦੇ ਪ੍ਰਯੋਗ ਤੇ ਆਵਾਹਨ ਦੇ ਪ੍ਰਸੰਗ ਨੂੰ ੭ ਅੰਗਾਂ ਵਿਚ ਵੰਡਕੇ ਦਸਵੇਂ ਸਤਿਗੁਰਾਂ ਦੇ ਆਪਣੇ ਸ੍ਰੀ ਮੁਖਵਾਕਾਂ ਨਾਲ ਕਸਵਟੀ ਤੇ ਲਾਈਏ ਤਾਂ ਬੀ ਜੋ ਕੱਸ ਲਗਦੀ ਹੈ ਉਹ ਦੇਵੀ ਨੂੰ ਦਸਮ ਗੁਰੂ ਜੀ ਦਾ ਪੂਜਜ ਸਿੱਧ ਨਹੀਂ ਕਰਦੀ ਤੇ ਦੇਵੀ ਪ੍ਰਗਟਾਉਣ ਦੇ ਵਾਕਿਆ ਦੇ ਵਿਰੁੱਧ ਸਿੱਟਾ ਕੱਢਦੀ ਹੈ। ਜਥਾ:—

੧. ਹੋਮ—ਹੋਮ ਕਰਨਾ ਸਭ ਤੋਂ ਵੱਡਾ ਅੰਗ ਦੇਵੀ ਆਵਾਹਨ ਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕ ਤੇ ਭਾਈਗੁਰਦਾਸ ਜੀਦੇ ਵਾਕ ਇਸ ਕਰਮ ਕਰਨ ਵਿਰੁੱਧ ਤਾਂ ਅਨੇਕਾਂਹਨ, ਪਰ ਸ੍ਰੀਮੁਖਵਾਕ ਪਾ:੧੦ ਬੀ ਇਸੀ ਪ੍ਰਕਾਰ ਦੇ ਹਨ,ਜਥਾ:—'ਕਈ ਅਗਨ ਹੋਤ੍ਰ ਕਰੰਤ॥''ਸਭ ਕਰਮ ਫੋਕਟ ਮਾਨ ॥' ਪੁਨ:—'ਬਹੁ ਕਰਤ ਹੋਮ ਅਰੁ ਜੱਗ ਦਾਨ ॥ ਬਿਨ ਏਕ ਨਾਮ ਇਕ ਚਿੱਤ ਲੀਨ ॥ ਫੋਕਟੋ ਸਰਬ ਧਰਮਾ ਬਿਹੀਨ' ॥ ਫਿਰ ਕਿਵੇਂ ਸਮਝੀਏ ਕਿ ਜਿਸ ਕਰਮ ਨੂੰ ਆਪ ਫੋਕਟ ਕਹਿ ਰਹੇ ਹਨ ਉਸ ਨੂੰ ਆਪ ਨੇ ਕੀਤਾ ਹੋਵੇ।

੨. ਬਲੀ—ਕਿਹਾ ਜਾਂਦਾ ਹੈ ਕਿ ਇਸ ਆਵਾਹਨ ਵਿਚ ਬ੍ਰਾਹਮਣ ਨੇ ਬਲੀ ਦੇਣੀ ਜ਼ਰੂਰੀ ਦੱਸੀ, ਤੇ ਗੁਰੂ ਜੀ ਨੇ ਆਪਣੀ ਉਂਗਲੀ ਦਾ ਲਹੂ ਦਿੱਤਾ ਤੇ ਕਈ ਲੱਖ ਖਾਲਸੇ ਦੀ ਬਲੀ ਦੇਣ ਦਾ ਦੇਵੀ ਨਾਲ ਇਕਰਾਰ ਕੀਤਾ। ਬਲੀ ਦੇਣ ਪਰ ਸ੍ਰੀ ਮੁਖਵਾਕ ਪਾ: ੧੦ ਇਉਂ ਹੈ:—'ਤ੍ਰੈ ਬੀ ਬਲਿ ਪੂਜਾ ਉਰਝਾਏ ॥' ਇਸ ਵਿਚ ਬਲੀਆਂ ਲੈਣ ਵਾਲੇ ਦੇਵਤੇ ਦਸਮੇ ਗੁਰੂ ਜੀ ਨੇ ਆਪ 'ਵਾਹਿਗੁਰੂ ਦੇ ਦਰ ਅੱਪ੍ਰਵਾਣ ਹੋ ਗਏ' ਕਥਨ ਕੀਤੇ ਹਨ,

*ਏਥੇ ਪਿਛੇ ਪੰਨਾ ੪੯੮੭ ਜਿੱਥੇ ਕਵਿ ਸੰਤੋਖ ਸਿੰਘ ਜੀ ਨੇ ਦੱਸਿਆ ਹੈ ਕਿ ਦਸਮ ਗੁਰਬਾਣੀ ਵਿਚ ਦੇਵੀ ਦੀ ਸਤੁਤੀ ਆਉਣ ਤੋਂ ਉਨ੍ਹਾਂ ਨੂੰ ਦੇਵੀ ਉਪਾਸਕ ਮੰਨਣਾ ਭੁੱਲ ਹੈ।

ਇਸੇ ਤਰ੍ਹਾਂ ਦੌਲਤ ਰਾਇ ਵਰਗੇ ਇਤਰ ਮਤਾਵਲੰਬੀਆਂ ਨੇ ਬੀ ਦਸਮ ਗੁਰਬਾਣੀ ਪੜ੍ਹਕੇ ਦੇਵੀ ਦੇ ਵਿਸ਼ੇ ਤੇ ਏਹੋ ਹੀ ਰਾਇ ਕਾਇਮ ਕੀਤੀ ਹੈ। ਏਥੇ ਪਿੱਛੇ ਸਫਾ ੫੦੦੯ ਅੰਕ ੧੭।

Sri Satguru Jagjit Singh Ji eLlibrary NamdhariElibrary@gmail.com

ਫਿਰ ਕੀਕੂੰ ਹੋ ਸਕਦਾ ਹੈ ਕਿ ਆਪ ਨੇ ਕਿਸੇ ਦੇਵੀ ਨੂੰ ਬਲੀ ਦੇਣੀ ਜਾਇਜ਼ ਸਮਝੀ ਹੋਵੇ।

੩. ਹੋਤਾ (ਰਿਤੁਜ)—ਅਰਥਾਤ ਹੋਮ ਕਰਾਉਣ ਵਾਲਾ ਬ੍ਰਹਮਣ—ਇਹ ਬ੍ਰਹਮਣ ਪਹਿਲਾਂ ਦੱਖਣਾ ਖਰੀ ਕਰਦਾ ਹੈ, ਫਿਰ ਪਹਿਲਾਂ ਗੁਰੂ ਜੀ ਨੂੰ 'ਜਗਤ ਈਸ਼ ਤੁਮ ਦੇਵਨ ਦੇਵ' ਕਹਿੰਦਾ ਹੈ ਤੇ ਫੇਰ ਜੱਗ ਵੇਲੇ ਅਪਣੀ ਬੇ ਸਤਿਕਾਰੀ ਦੇ ਗੁੱਸੇ ਵਿਚ ਗੁਰੂ ਜੀ ਨੂੰ ਅਵਤਾਰ ਕਹਿਣੋ ਸਿਰ ਫੇਰਦਾ ਤੇ ਕਹਿੰਦਾ ਹੈ 'ਜੇ ਅਵਤਾਰ ਹੁਤੇ ਤਿਸ ਕਾਲਾ……ਯਾਂ ਤੇ ਮੋਹਿ ਪ੍ਰਤੀਤ ਨ ਆਵੈ' ਇਸ ਤੋਂ ਬ੍ਰਹਮਣ ਲਾਲਚੀ ਤੇ ਅਸੱਤਨਵਾਦੀ ਸਿੱਧ ਹੁੰਦਾ ਹੈ, ਐਸੇ ਬ੍ਰਹਮਣ ਨੂੰ ਹੋਤਾ ਥਾਪਣਾ ਯੋਗ ਨਹੀਂ ਕਿਉਂਕਿ ਕਵਿ ਜੀ ਦੇ ਲਿਖੇ ਅਨੁਸਾਰ ਗੁਰੂ ਜੀ ਬੀ ਆਪ ਪਹਿਲਾਂ ਮਾਸਾਹਾਰੀ ਬ੍ਰਹਮਣਾਂ ਨੂੰ ਮੋਹਰ ਤੇ ਨਾ ਮਾਸਾਹਾਰੀਆਂ ਨੂੰ ਰੁਪੱਯਾ ਦੱਖਣਾ ਦੇਣ ਵਿਚ ਲਾਲਚੀ ਬ੍ਰਹਮਣਾਂ ਦਾ ਪਾਜ ਉਘੇੜ ਆਏ ਹਨ ਤੇ ਫੇਰ ਲਾਲਚੀ ਤੇ ਡੋਲਣੇ ਨਿਸ਼ਚੇ ਵਾਲੇ ਨੂੰ ਰਿਤੁਜ ਕਿਸ ਤਰ੍ਹਾਂ ਥਾਪਨਾ ਸੀ ? ਤੇ ਸੱਚੇ ਬ੍ਰਹਮਣ ਦੇ ਲੱਛਣ ਗੁਰਬਾਣੀ ਵਿਚ ਲਿਖੇ ਹੋਏ ਹੈਸਨ ਹੀ। ਫਿਰ ਬ੍ਰਹਮਣ ਨੂੰ 'ਚਟਪਟਾਇ ਚਿਤ ਮੈਂ ਜਰਜੋ ਤ੍ਰਿਣ ਜਯੋਂ ਕ੍ਰੁੱਧਤ ਹੋਇ' ਸ੍ਰੀ ਮੁਖਵਾਕ ਵਿਚ ਅਤਿ ਕ੍ਰੋਧੀ ਦੱਸਿਆ ਹੈ। ਕ੍ਰੋਧੀ ਬ੍ਰਹਮਨ ਤੋਂ ਹੋਮ ਕਰਵਾਉਣਾ ਦਰੁਸਤ ਨਹੀਂ, ਫਿਰ ਕਈ ਵੇਰ ਬ੍ਰਹਮਨ ਨੇ ਅਪਨੀ ਅਸਮਰਥਾ ਦੱਸੀ ਹੈ ਤੇ ਅੰਤ ਉਹ ਕੱਸਾ ਹੀ ਨਿਕਲਿਆ। ਐਸਾ ਬ੍ਰਹਮਣ ਜੋ 'ਦੇਵੀ ਪ੍ਰਗਟੇਗੀ' ਤਾਂ ਕਹਿੰਦਾ ਹੈ ਪਰ ਦੇਵੀ ਪ੍ਰਗਟਣ ਦੀ ਥਾਲ ਆਪ ਨਹੀਂ ਬੋਲ ਸਕਦਾ ਕਰਨੀ ਹੀਨ ਬ੍ਰਹਮਣ ਹੈ, ਕਰਨੀ ਹੀਨ ਤੋਂ ਹੋਮ ਸਤਿਗੁਰਾਂ ਨੇ ਕੀਕੂੰ ਕਰਵਾਣਾ* ?

੪. ਮੰਤ੍ਰ—ਦੇਵੀ ਪ੍ਰਗਟਾਉਣ ਲਈ ਮੰਤ੍ਰ ਪੜ੍ਹਿਆ ਜਾਂਦਾ ਰਿਹਾ ਦੱਸਿਆ ਹੈ। ਉਹ ਮੰਤ੍ਰ 'ਫੁਰ ਫੁਰ ਮੁਣ ਮੁਣ ਗੁਣ ਗੁਣ ਰੁਣ ਰੁਣ' ਦਿੱਤਾ ਹੈ। ਇਹ ਗੁਰਬਾਣੀ ਨਹੀਂ, ਇਹ ਮੰਤ੍ਰ ਅਲਗ ਮੰਤ੍ਰ ਹੈ, ਓਪਰਾ ਮੰਤ੍ਰ ਹੈ। ਇਸ ਪਰ ਸ੍ਰੀ ਮੁਖਵਾਕ ਪਾ: ੧੦ ਇਹ ਹੈ:—'ਨਾ ਜਾਪ ਆਨ ਕੋ ਜਪੋ ॥ ਨ ਅਉਰ ਥਾਪਨਾ ਥਪੋ ॥' ਪੁਨਾ:—'ਕਾਮਨਾ ਮੰਤ੍ਰ ਕਸੀਰੇ ਕੇ ਕਾਮ ਨ ॥' ਕਾਮਨਾ ਅਰਥਾਤ (ਕਾਮਨਾ ਲਈ ਤੰਤ੍ਰ ਸ਼ਾਸਤ੍ਰਾਂ ਦੇ) ਜਪੇ ਮੰਤ੍ਰ ਦਮੜੀ ਮੁੱਲ ਨਹੀਂ ਰਖਦੇ।

ਪੁਨਾ:—'ਬਿਨਾ ਸਰਨ ਤਾਂਕੀ ਨਹੀਂ ਅਉਰ ਓਟੈ ॥ ਲਿਖੇ ਜੰਤ੍ਰ ਕੇਤੇ ਪੜ੍ਹੇ ਮੰਤ੍ਰ ਕੋਟੈ' ॥

ਪੁਨਾ:—'ਭਜੋ ਸੁ ਏਕ ਨਾਮਯੰ ॥ ਜੁ ਕਾਮ ਸਰਬ ਠਾਮਯੰ'।

੫. ਧਯਾਨ—ਇੱਥੇ ਧਯਾਨ ਦੇਵੀ ਦਾ ਧਰਕੇ ਆਵਾਹਨ ਹੁੰਦਾ ਦੱਸਿਆ ਗਿਆ ਹੈ। ਅਕਾਲ ਪੁਰਖ ਤੋਂ ਛੁੱਟ ਕਿਸੇ ਹੋਰਸ ਦਾ ਧਯਾਨ ਧਰਨ ਪਰ ਸ੍ਰੀ ਮੁਖਵਾਕ ਪਾ: ੧੦ ਇਉਂ ਹੈ:—'ਨ ਧਿਆਨ ਆਨ ਕੋ ਧਰੋ ॥ ਨ ਨਾਮ ਆਨ ਉਚਰੋ।' ਪੁਨਾ:—'ਜੇ ਜੇ ਅਉਰ ਧਿਆਨ ਕੋ ਧਰਹੀ ॥ ਬਹਿਸ ਬਹਿਸ ਬਾਦਨ ਤੇ ਮਰਹੀ ॥'

੬. ਵਰ—ਪ੍ਰਯੋਗ ਵਰ ਪ੍ਰਾਪਤੀ ਲਈ ਸੀ ਤੇ ਵਰ ਦੇਵੀ ਤੋਂ ਲੈਣਾ ਸੀ, ਇਸ ਪਰ ਸ੍ਰੀ ਮੁਖਵਾਕ ਅਕਾਲ ਪੁਰਖ ਨੂੰ ਸਨਮੁਖ ਕਰਕੇ ਐਉਂ ਹੈ:—

ਤੁਮਹਿ ਛਾਡਿ ਕੋਈ ਅਵਰ ਨ ਧਯਾਊਂ ॥ ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥

ਕਵੀ ਜੀ ਨੇ ਦੇਵੀ ਤੋਂ ਦੋ ਵਰ ਮੰਗਦੇ ਗੁਰੂ ਜੀ ਨੂੰ ਦੱਸਿਆ ਹੈ। ਯਥਾ:—'ਰਚਨ ਪੰਥ

---

*ਦੇਖੋ ਰੁਤ ੫. ਅੰਸੂ ੧੮ ਵਿਚ ਅਧਿਕਾਰੀ ਬ੍ਰਹਮਣ ਦੇ ਲੱਛਣ ਦੱਸੇ ਹਨ ਜੋ ਕਵਿ ਸੰਤੋਖ ਸਿੰਘ ਜੀ ਨੇ ਗੁਰੂ ਕੇ ਦਰਬਾਰ ਨਿਰਣਯ ਹੋਏ ਲਿਖੇ ਹਨ।

Sri Satguru Jagjit Singh Ji eLlibrary NamdhariElibrary@gmail.com

ਅਰ ਤੁਰਕਨ ਖੋਇ। ਕਰਹੁ ਕ੍ਰਿਪਾ ਬਰ ਦੀਜਹੁ ਦੋਇ ॥' [ਰੁਤ ੩-੧੧-੧੮

ਪਰ ਗੁਰੂ ਜੀ ਆਪ ਸਿੱਧਾ ਅਕਾਲ ਪੁਰਖ ਤੋਂ ਇਹ ਦੋਵੇਂ ਵਰ ਮੰਗ ਰਹੇ ਹਨ।
ਯਥਾ:—(ੳ) 'ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥'

(ਅ) 'ਦੁਸਟ ਜਿਤੇ ਉਠਵਤ ਉਤਪਾਤਾ ॥ ਸਗਲ ਮਲੇਛ ਕਰੋ ਰਣ ਘਾਤਾ ॥'
ਪੁਨਾ:—'ਹਮਰੇ ਦੁਸਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥'

ਕਵਿ ਸੰਤੋਖ ਸਿੰਘ ਜੀ ਆਪ ਬੀ ਇਸੇ ਗਲ ਦੀ ਪ੍ਰੋੜਤਾ ਕਰਦੇ ਹਨ, ਗੁਰੂ ਜੀ ਦੀ ਜ਼ੁਬਾਨੀ ਦੱਸਦੇ ਹਨ ਕਿ 'ਪੰਥ ਕੋ ਰਚਨ ਕੋ ਹੁਕਮ ਜਗਤੇਸ਼ ਹੈ' [ਰੁ: ੩ ਅੰਸੂ ੨੦ ਅੰਕ ੫] ਜਿਸ ਤੋਂ ਸਾਫ਼ ਹੈ ਕਿ ਜਦ ਅਕਾਲ ਪੁਰਖ ਦਾ ਹੁਕਮ ਪ੍ਰਾਪਤ ਹੈ ਤਾਂ ਫਿਰ ਕਿਸੇ ਇਤਰ ਦੇਵ ਤੋਂ ਇਹ ਵਰ ਮੰਗਣਾ ਅਸੰਗਤਿ ਹੈ।

੨. ਪ੍ਰਯੋਜਨ—ਜਿਨ੍ਹਾਂ ਸੱਜਨ ਲੇਖਕਾਂ ਨੇ ਦੇਵੀ ਪੂਜਨ ਦਾ ਸਾਰਾ ਪ੍ਰਸੰਗ ਲਿਖਿਆ ਹੈ ਉਸ ਵਿਚ ਸਾਰ ਸਿੱਧਾਂਤ ਦੀ ਗਲ ਆਵਾਹਨ ਦੇ ਅੰਤ ਪਰ ਦੇਵੀ ਦਾ ਪ੍ਰਗਟ ਹੋਣਾ ਦੱਸਿਆ ਹੈ। ਪਰੰਤੂ ਇਹੋ ਲੇਖਕ ਇਕ ਐਸੀ ਗਲ ਪੇਸ਼ ਕਰ ਜਾਂਦੇ ਹਨ ਕਿ ਜਿਸ ਤੋਂ ਸ੍ਰੀ ਮੁਖਵਾਕਾਂ ਦੁਆਰਾ ਹੀ ਘਟ ਤੋਂ ਘਟ ਦੇਵੀ ਦਾ ਪ੍ਰਗਟ ਹੋਣਾ (ਜੋ ਪ੍ਰਯੋਜਨ ਸੀ ਆਵਾਹਨ ਦਾ) ਆਪੇ ਖੰਡਨ ਹੋ ਜਾਂਦਾ ਹੈ। ਪ੍ਰਯੋਗ ਦੇ ਅੰਤ ਪਰ ਜੇ ਦੇਵੀ ਪ੍ਰਗਟ ਹੋ ਜਾਂਦੀ ਤਾਂ ਹੋਮ ਯੱਗ ਪ੍ਰਯੋਗ ਸਭ ਸਫਲ ਹੁੰਦੇ, ਇਸ ਸਫਲਤਾ ਦੇ ਅੰਤ ਪਰ ਹੋਤਾ ਜੀ ਨੂੰ ਦਾਨ ਸਨਮਾਨ ਤੇ ਅੱਗੋਂ ਦੀ ਪ੍ਰਤਿਪਾਲਾ ਨਾਲ ਸਨਮਾਨਿਆ ਜਾਂਦਾ ਤੇ ਉਹ ਖੁਸ਼ ਹੁੰਦਾ, ਪਰ ਕਵਿ ਜੀ ਆਪ ਦਸਮੇਸ਼ ਜੀ ਦੇ ਉਸ ਸਮੇਂ ਦੇ ਉਚਾਰੇ ਹੋਏ ਸ੍ਵੈਯੇ ਪੇਸ਼ ਕਰਦੇ ਹਨ (ਦੇਖੋ ਪਿਛੇ ਸਫਾ ੪੯੬੭)। ਉਨ੍ਹਾਂ ਸ੍ਵੈਯਾਂ ਵਿਚ ਬ੍ਰਹਮਣ ਨੂੰ ਸਿੱਖਾਂ ਦੇ ਪ੍ਰਸਾਦ ਵੇਲੇ ਜੱਗ ਵਿਚ ਨਾਂ ਬੁਲਾਉਣਾ, ਉਸਦਾ ਗੁੱਸੇ ਹੋ ਜਾਣਾ, ਫੇਰ ਸੱਦਣਾ, ਉਸਨੂੰ ਸਿੱਖਾਂ ਦੀ ਮਹਿਮਾ ਤੇ ਵਿਸ਼ੇਸ਼ਤਾ ਸ੍ਰੀ ਮੁਖ ਤੋਂ ਦੱਸਣੀ, ਗੋਯਾ ਬ੍ਰਹਮਣਾਂ ਨੂੰ ਗੌਣ ਵਰਣਨ ਕਰਨਾ, ਫੇਰ ਬ੍ਰਹਮਣ ਦਾ ਰੋਜ਼ੀਨਾ ਬੰਦ ਹੋਣਾ ਤੇ ਉਸ ਦਾ ਇਸ ਬੱਧੀ ਪਿਰਤ ਦੇ ਬੰਦ ਹੋਣ ਪਰ ਕ੍ਰੋਧ ਵਿਚ ਖਿਝਕੇ ਰੋ ਪੈਣਾ, ਸਾਰੇ ਇਸ ਗਲ ਦੇ ਸੂਚਕ ਹਨ ਕਿ ਜੋ ਦੇਵੀ ਆਵਾਹਨ ਕੀਤੀ ਗਈ ਸੀ ਤਾਂ ਦੇਵੀ ਪ੍ਰਗਟੀ ਨਹੀਂ, ਹੋਤਾ ਆਪਣੇ ਕਥਨ ਤੇ ਦਾਵੇ ਵਿਚ ਨਾਕਾਮਯਾਬ ਰਿਹਾ ਹੈ, ਇਸ ਕਰਕੇ ਸਤਿਗੁਰਾਂ ਉਸਨੂੰ ਭੁਲਾਯਾ ਹੈ ਤੇ ਉਹ ਰੋਜ਼ੀ ਬੰਦ ਹੋਣੇ ਪਰ ਰੋਯਾ ਹੈ। ਜੇ ਪ੍ਰਯੋਗ ਸਿੱਧੀ ਨੂੰ ਪ੍ਰਾਪਤ ਹੁੰਦਾ ਤਾਂ ਬ੍ਰਹਮਨ ਦਾਨ ਮਾਨ ਰੁਜ਼ੀਨਿਆਂ ਨਾਲ ਸਨਮਾਨਿਆਂ ਜਾਂਦਾ ਤੇ ਉਸਨੂੰ ਹਰ ਤਰ੍ਹਾਂ ਪ੍ਰਸੰਨ ਕੀਤਾ ਜਾਂਦਾ। ਹੋਤਾ ਜੀ ਨਾਲ ਹੋਯਾ ਸਲੂਕ ਤੇ ਉਸਦੀ ਨਿਰਾਸਤਾ ਸਬੂਤ ਹਨ ਉਸ ਵਲੋਂ ਗੁਰੂ ਜੀ ਦੀ ਉਪ੍ਰਾਮਤਾ ਦੇ। ਇਹ ਇੱਕੋ ਗਲ ਦੇਵੀ ਦੇ ਨਾ ਪ੍ਰਗਟ ਹੋਣੇ ਦੀ ਦ੍ਰਿੜ੍ਹ ਦਲੀਲ ਤੇ ਪੱਕਾ ਸਬੂਤ ਸਾਫ਼ ਦਿੱਸ ਰਹੀ ਹੈ। ਇਹ ਗਲ ਪਿੱਛੇ ਸਿੱਧ ਕਰ ਆਏ ਹਾਂ ਕਿ ਕੋਈ ਸ੍ਰੀ ਮੁਖਵਾਕ ਇਸ ਘਟਨਾ ਦੇ ਹੋਣ ਦੇ ਨਹੀਂ ਮਿਲਦੇ।

ਸੋ ਦਸਮ ਗੁਰੂ ਜੀ ਦਾ ਸਿੱਧਾਂਤ ਜੋ "ਜਾਗਤ ਜੋਤ ਜਪੈ ਨਿਸਬਾਸੁਰ" ਸ੍ਵੈਯੇ ਵਿਚ ਹੈ ਉਹ ਆਦਿ ਗੁਰੂ ਸਾਹਿਬਾਂ ਦੇ ਸਿੱਧਾਂਤ ਨਾਲ ਇਕ ਮਿਕ ਹੈ ਕਿ ਨਾਮ ਜਪਣ ਵਾਲਾ ਤੇ ਕ੍ਰਿਤਮ ਪਦਾਰਥ ਨੂੰ ਇਸ਼ਟ ਕਰ ਨਾ ਪੂਜਣ ਵਾਲਾ ਸਿੱਖ ਹੈ, ਖਾਲਸਾ ਹੈ। ਖਾਲਸੇ ਨੂੰ

Sri Satguru Jagjit Singh Ji eLlibrary NamdhariElibrary@gmail.com

ਸ਼ਸਤ੍ਰ ਵਿੱਦਯਾ ਬੀ ਸਿਖਾਈ ਤੇ ਪ੍ਰਗਟ ਸ਼ਰੀਰਕ ਸ਼ਕਤੀ ਤਲਵਾਰ ( ਸ਼ਸਤ੍ਰ ) ਨੂੰ ਕਿਹਾ। ਮਾਨਸਿਕ ਸ਼ਕਤੀ ਦਾ ਆਧਾਰ ਤੇ ਸੋਮਾ 'ਨਾਮ' ਤੇ ਸ਼ਰੀਰਕ ਸ਼ਕਤੀ ਦਾ ਆਧਾਰ 'ਕ੍ਰਿਪਾਣ' ਨੂੰ ਕਿਹਾ ਹੈ, ਇਥੋਂ ਤਾਈਂ ਕਿ 'ਭਗਉਤੀ' ਆਦਿ ਤਪ ਬੀ ਤਲਵਾਰ ਲਈ ਹੀ ਵਰਤਿਆ ਹੈ ਯਥਾ:—"ਲਈ ਭਗਉਤੀ ਦੁਰਗ ਸਾਹ ਵਰ ਜਾਗਨ ਭਾਰੀ ॥ ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ।" ਨਾਮ ਦਾ ਮਾਲਿਕ 'ਨਾਮੀ' ਅਕਾਲ ਪੁਰਖ ਤੇ ਬਾਹੂ ਬਲ ਤੇ ਸ਼ਸਤ੍ਰ ਦਾ ਮਾਲਿਕ ਉਹੋ ਅਸਿਕੇਤ ਅਕਾਲ ਪੁਰਖ ਮੰਨਿਆ ਹੈ। ਸਰੀਰਕ ਤੇ ਮਾਨਸਿਕ ਸ਼ਕਤੀਆਂ ਦਾ ਮਾਲਿਕ ਓਹ ਆਪ ਤੇ ਸਰੀਰਕ ਤੇ ਮਾਨਸਿਕ ਸ਼ਕਤੀਆਂ ਦੇ ਲਖਾਯਕ 'ਸ਼ਸਤ੍ਰ' ਤੇ 'ਨਾਮ' ਦੱਸੇ; ਇਸੇ ਵਾਸਤੇ ਨਾਮ ਬਾਬਤ ਕਿਹਾ ਹੈ, 'ਹਰਿ ਸਿਮਰਨਿ ਮਹਿ ਆਪਿ ਨਿਰੰਕਾਰਾ' ॥ ਤੇ ਸ਼ਸਤ੍ਰ ਨੂੰ ਬੀ ਸਰੀਰਕ ਸ਼ਕਤੀ ਤੇ ਸ਼ਕਤੀ ਦਾਤੇ ਦਾ ਰੂਪ ਕਹਿਕੇ 'ਖਗ ਖੰਡ ਬਿਹੰਡੰ' ਆਦਿਕ ਛੰਦਾਂ ਵਿਚ ਸੰਬੋਧਨ ਕੀਤਾ ਹੈ।

ਜਦ ਦਸਮ ਗੁਰੂ ਜੀ ਦੇ ਦੇਵੀ ਪੂਜਨ ਦੇ ਇਤਿਹਾਸਕ ਪੱਖ ਵਿੱਚ ਖੋਜ ਕਰੀਦੀ ਹੈ ਤਾਂ ਉਨ੍ਹਾਂ ਦੀ ਰਚਨਾ ਵਿਚ ਜਾਂ ਉਸ ਵੇਲੇ ਦੀ ਰਚਨਾ ਵਿਚ ਜੋ ਉਨ੍ਹਾਂ ਦੇ ਦਰਬਾਰ ਹੁੰਦੀ ਰਹੀ, ਜਿਸ ਦੇ ਪਤੇ ਕਿ ਹਾੜ੍ਹ ੧੭੫੫ ਤੱਕ ਦੇ ਅਤੇ ਚਮਕੌਰ ਯੁੱਧ ਦੇ ਮਗਰੋਂ ਤੱਕ ਦੇ ਮਿਲਦੇ ਹਨ ਇਸ ਵਾਕਿਆ ਦੇ ਵਰਣਨ ਦਾ ਜ਼ਿਕਰ ਨਹੀਂ ਹੈ। ਦੇਵੀ ਦੇ ਪੌਰਾਣਕ ਕਿੱਸੇ ਕਹਾਣੀਆਂ ਬੀਰਰਸੀ ਉਤਸਾਹ ਪੈਦਾ ਕਰਨ ਵਾਲੇ ਰੰਗਾਂ ਵਿਚ ਲਿਖੇ ਤਾਂ ਕਈ ਮਿਲਦੇ ਹਨ ਪਰ 'ਦੇਵੀ ਪੂਜੀ, ਪ੍ਰਗਟਾਈ, ਵਰ ਦਾਨ ਲਿਆ' ਇਸ ਅਮਰ ਵਾਕਿਆ ਦਾ ਜ਼ਿਕਰ ਕੋਈ ਨਹੀਂ ਮਿਲਦਾ। ੧੭੫੨—੫੩ ਵਿਚ ਹਵਨ ਅੰਤਿ ਤੇ ੧੭੫੫ ਬਿ: ਦੇਵੀ ਪ੍ਰਗਟਨ ਦੇ ਸੰਮਤ ਕਵੀਆਂ ਨੇ ਦਿਤੇ ਹਨ, ੧੭੫੬ ਵਿਚ ਗੁਰੂ ਜੀ ਦਾ ਸੱਚਖੰਡ ਗਮਨ ਹੈ। ਪਿੱਛੇ ਅਸੀਂ ਤੱਕ ਆਏ ਹਾਂ ਕਿ ੧੭੫੨ ਤੋਂ ੧੯੩੩ ਤਕ* ਕੋਈ ਲਿਖਤੀ ਸਬੂਤ ਨਹੀਂ ਮਿਲਦਾ ਕਿ ਦੇਵੀ ਪੂਜੀ, ਦੇਵੀ ਪ੍ਰਗਟੀ ਤੇ ਕ੍ਰਿਪਾਨ ਤੇ ਵਰ ਦੇ ਗਈ।

੧੭੫੮ ਵਿਚ ਲਿਖਣਾ ਅਰੰਭ ਹੋਇਆ ਗੁਰਸੋਭਾ ਨਾਮੇ ਗ੍ਰੰਥ,—ਇਸ ਵਿਚ ਗੁਰੂ ਜੀ ਦੇ ਇਤਿਹਾਸਿਕ ਵਾਕਿਆਤ ਹਨ ਤੇ ਆਪ ਦੇ ਦਰਬਾਰ ਦੇ ਕਵੀ ਸੈਨਾਪਤ ਨੇ ਲਿਖਿਆ ਹੈ,ਇਸ ਵਿਚ ਬੀ ਇਸ ਵਾਕਿਆ ਦਾ ਜ਼ਿਕਰ ਨਹੀਂ ਹੈ। ਹਾਲਾਂਕਿ ਅੰਮ੍ਰਿਤ ਤੇ ਖਾਲਸੇ ਦਾ ਸਾਰਾ ਪ੍ਰਸੰਗ ਹੈ ਤੇ ਦੇਵੀ ਨੂੰ ਇਹ ਲੇਖਕ ਵਾਹਿਗੁਰੂ ਵਲੋਂ ਮਨਮੁਖ ਹੋਇਆਂ ਦੀ ਫਹਿਰਿਸਤ ਵਿਚ ਗਿਣ ਰਿਹਾ ਹੈ। ਵਾਰਤਿਕ ਮਹਿਮਾ ਪ੍ਰਕਾਸ਼ ਇਸ ਤੋਂ ਮਗਰੋਂ ਦਾ ਲਿਖਿਆ ਗਿਆ ਗ੍ਰੰਥ ਹੈ। ਇਸ ਮਹਿਮਾ ਪ੍ਰਕਾਸ਼ ਦੇ ਰਚੇ ਜਾਣ ਦਾ ਸੰਮਤ ੧੭੯੮ ਹੈ.ਇਸ ਵਿੱਚ ਕੇਵਲ ਇਤਨੀ ਬਾਤ ਲਿਖੀ ਹੈ:—"ਏਕ ਬੇਰ ਗੁਰੂ ਜੀ ਕਾਂਸ਼ੀ ਕੇ ਪਾਂਡੇ ਬੁਲਾਏ, ਤਿਨ ਸੋਂ ਹੋਮ ਕਰਾਇਆ ਖਾਲਸੇ ਕਾ ਪੰਥ ਚਲਾਇਆ।" ਇਸ ਵਿੱਚ ਦੇਵੀ ਪੂਜਨ, ਪ੍ਰਗਟਨ, ਵਰ ਤੇ ਕ੍ਰਿਪਾਨ ਦੇਣ ਦਾ ਕੋਈ ਜ਼ਿਕਰ ਨਹੀਂ, ਸਗੋਂ ਦੇਵੀ ਨੂੰ ਗੁਰੂ ਕੀ ਉਪਾਸਕ ਇਸ ਨੇ ਲਿਖਿਆ ਹੈ ਤੇ ਭਗਉਤੀ ਪਦ ਨੂੰ ਤਲਵਾਰ ਅਰਥਾਂ ਵਿਚ ਵਰਤਿਆ ਹੈ ਯਥਾ 'ਅਬ ਮੈਂ ਸੰਗਤ ਕਉ ਭਗਉਤੀਆਂ ਵਡਾਵਾਂਗਾ'। ਇਸ ਤੋਂ ਸਿੱਧ ਹੈ ਕਿ ਇਸ ਸਮੇਂ ਤਕ, ਸਿੱਖ ਲੇਖਕਾਂ ਤੇ ਇਤਿਹਾਸਕਾਰਾਂ ਵਿੱਚ ਗੁਰੂ ਜੀ ਦੇ ਦੇਵੀ ਪੂਜਣ ਯਾ ਪ੍ਰਗਟ ਕਰਨ ਦਾ ਖਿਆਲ ਪੈਦਾ ਨਹੀਂ ਸੀ ਹੋਇਆ। ਹੋ ਸਕਦਾ ਹੈ ਕਿ

*ਦੇਖੋ ਹੇਠਲੀ ਟੂਕ ਨਿਸ਼ਾਨ † ਪੰਨਾ ੪੯੯੯ ਤੇ ਨਿਸ਼ਾਨ * ਪੰਨਾ ੫੦੦੮।

Sri Satguru Jagjit Singh Ji eLlibrary NamdhariElibrary@gmail.com

ਇਸ ਖਿਆਲ ਤੋਂ ਕਿ 'ਹੋਮ ਕਰਾਇਆ' (ਜੋਂ ਕਵਿ ਸੈਨਾਪਤ ਨੇ ਤਾਂ ਨਹੀਂ ਦਿੱਤਾ) ਅੱਗੋਂ ਸਾਰੀਆਂ ਸਾਜਨਾਂ ਸਾਜੀਆਂ ਗਈਆਂ ਹੋਣ। 'ਹੋਮ ਕਰਾਇਆ' ਲਫਜ਼ ਕਾਰਨ ਹੋਏ ਹੋਣ ਸਾਰੇ ਵਿਸਥਾਰ ਵੇ। ਮਹਿੰਮਾ ਪ੍ਰਕਾਸ਼ ਸਰੂਪ ਦਾਸ ਵਾਲੇ (੧੮੩੩ ਬਿ:) ਨੇ ਸ਼ਾਇਦ ਪਹਿਲੇ ਵਾਰਤਿਕ ਮਹਿੰਮਾ ਪ੍ਰਕਾਸ਼ ਤੋਂ ਹੋਮ ਦਾ ਖਿਆਲ ਲੈਕੇ ਦੇਵੀ ਆਵਾਹਨ ਵਿਚ ਆਪੂੰ ਲਿਖਿਆ ਹੋਵੇ। ਯਾ ੧੮੦੮-੧੯ ਵਾਲੀ ਲਿਖਿਤ ਤੋਂ ਲਿਆ ਹੋਵੇ। ਭਾ: ਸੁੱਖਾ ਸਿੰਘ ਜੀ ਨੇ (੧੮੫੪ ਬਿ:) ਗੁਰ ਬਿਲਾਸ ਵਿਚ ਤਾਂ ਆਪ 'ਰਵਾਇਤ ਸੁਣਕੇ ਲਿਖਿਆ' ਆਪੇ ਮੰਨਿਆ ਹੈ*। ਲਿਖਤੀ ਸਬੂਤ ਆਪ ਨੂੰ ਕੋਈ ਨਹੀਂ ਮਿਲਿਆ ਦੱਸਿਆ। ਓਹ ਇਸ ਦੀ ਪੂਰੀ ਪੂਰੀ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਲੈ ਰਹੇ। ਹੋ ਸਕਦਾ ਹੈ ਕਿ ਯੱਗ ਦਾ ਖਿਆਲ ਪਹਾੜੀ ਹਿੰਦੂ ਵਸੋਂ ਵਿਚ ਜਿੱਥੇ ਸਿਖ ਅਤਿ ਥੋੜੇ ਸਨ, ਸੀਨੇ ਬਸੀਨੇ ਦੇਵੀ ਦੇ ਖਿਆਲਾਂ ਵਿਚ ਬਦਲਦਾ ਤੇ ਵਧਦਾ ਸੁੱਖਾ ਸਿੰਘ ਜੀ ਤੱਕ ਅੱਪੜਿਆ ਹੋਵੇ। ਅੱਗੋਂ ਦੇ ਲਿਖਾਰੀਆਂ ਨੂੰ ਫਿਰ ਇਹ ਮਸਾਲਾ ਕਾਫੀ ਸੀ ਹੋਰ ਅਲੰਕਾਰ ਰਚਨਾਂ ਵਿਚ ਵਾਧੇ ਕਰਨ ਤੇ ਲਿਖਣ ਦਾ। ਐਉਂ ਸਿੱਖਾਂ ਵਿਚ ਇਸ ਗੱਲ ਦਾ ਭਾਉ ਉਸ ਸਮੇਂ ਵਧ ਗਿਆ ਹੋਣਾ ਹੈ ਜਦੋਂ ਕਿ ਹਿੰਦੂਆਂ ਨੂੰ ਖੁਸ਼ ਕਰਕੇ ਉਨ੍ਹਾਂ ਤੋਂ ਵਡਿਆਈ ਪ੍ਰਾਪਤ ਕਰਨ ਦਾ ਸ਼ੌਕ ਸਿੱਖਾਂ ਵਿਚ ਆਇਆ ਹੈ। ਤਦੋਂ ਗੁਰੂ ਜੀ ਦੀ ਸਮਰੱਥਾ ਦੱਸਣ ਲਈ ਦੇਵੀ ਦੀ ਰਵਾਇਤ ਇਕ ਸਬੂਤ ਬਣ ਗਈ ਕਿ ਵੇਖੋ ਉਨ੍ਹਾਂ ਕਲਜੁਗ ਵਿਚ ਦੇਵੀ ਪ੍ਰਗਟ ਕਰ ਲਈ ਜੋ ਕੰਮ ਕਿ ਅਵਤਾਰ ਸ਼ਿਰੋਮਣਿ ਦੇ ਸਿਵਾ ਕੋਈ ਨਹੀਂ ਕਰ ਸਕਦਾ। ਇਸ ਭਾਉ ਨੇ ਸਾਰੀ ਵਿਵੇਚਨਾ ਤੇ ਵਿਤ੍ਰਕ ਵਾਲੀ ਪੜਚੋਲ ਬੁੱਧੀ ਨੂੰ ਚੁਪ ਕਰਾਕੇ ਇਸ ਪੱਖ ਸਿੱਧੀ ਤੇ ਕਲਮਾਂ ਦੁੜਾ ਦਿੱਤੀਆਂ। ਪਰ ਜੇ ਅਸੀਂ ਦੇਵੀ ਦੇ ਪ੍ਰਗਟਾਉਣ ਵਾਲੇ ਲੇਖਕਾਂ ਨੂੰ ਸਮੇਤ ਗੁਰ ਪ੍ਰਤਾਪ ਸੂਰਜ ਦੇ ਪੜਤਾਲਦੇ ਹਾਂ ਤਾਂ ਅਸਲੀ ਪ੍ਰਯੋਜਨ ਦੀ ਕਾਮਯਾਬੀ ਬੀ ਨਜ਼ਰ ਨਹੀਂ ਪੈਂਦੀ ਕਿਉਂਕਿ ਹਵਨ ਦੀ ਸਮਾਪਤੀ ਵਿਚ ਇਨ੍ਹਾਂ ਲੇਖਕਾਂ ਦੇ ਆਪਣੇ ਲਿਖੇ ਮੂਜਬ ਕਈ ਬਰਸ ਲਗੇ ਤਾਂ ਕੁਝ ਨਾ ਬਣਿਆਂ, ਫਿਰ ਥਾਂ ਦਾ ਕਸੂਰ ਲੱਭਾ, ਸਦ ਉਚੇ ਤੇ ਏਕਾਂਤ ਥਾਂ ਤੇ ਗਏ ਤਾਂ ਕਦੇ ਬ੍ਰਹਮਚਰਜ ਦਾ ਬਹਾਨਾ, ਕਦੇ ਅਹਿੰਸਾ ਦਾ ਬਹਾਨਾ, ਆਖਰ ਪੁੱਤ੍ਰ ਬਲੀ ਦੇਣਾ ਕਹਿਣ ਤੇ ਗੁਰੂ ਜੀ ਨੂੰ ਦਮੋਂ ਕੱਢਣ ਦਾ ਜਤਨ ਕਰਨਾ ਤੇ ਓੜਕ ਹੋਤਾ ਜੀ ਦਾ ਬਹਾਨਾ ਬਣਾਕੇ ਟੁਰ ਆਉਣਾ, ਦਲੀਲਾਂ ਹਨ ਇਸ ਗਲ ਦੀਆਂ ਕਿ ਦੇਵੀ ਕੋਈ ਨਹੀਂ ਪ੍ਰਗਟੀ ਨਾਂ ਸ਼ੇਰ ਤੇ ਚੜ੍ਹਕੇ ਰਣ ਲੈਕੇ ਮੈਦਾਨ ਵਿਚ ਉਤਰੀ ਤੇ ਨਾਂ ਸੁੰਭ ਨਿਸੁੰਭ ਆਦਿਕਾਂ ਵਾਂਗ ਔਰੰਗਜ਼ੇਬ ਤੇ ਉਸ ਦੇ ਰਾਖਸ਼ ਦਲ ਨੂੰ ਸੰਘਾਰਿਆ। ਪਿੱਛੋਂ ਬ੍ਰਾਹਮਣਾਂ ਨੇ ਆਪਣੀ ਵਡਿਆਈ ਲਈ ਜਾਂ ਸਮਾਂ ਪਾਕੇ ਬਾਜ਼ੇ ਸਿੱਖਾਂ ਦਾ ਇਹ ਵਡਿਆਈ ਲੈਣ ਲਈ, ਕਿ ਸਾਡੇ ਗੁਰੂ ਜੀ ਨੇ ਕਲਜੁਗ ਵਿਚ ਦੇਵੀ ਪ੍ਰਗਟਾ ਹੀ ਲਈ ਜੋ ਕਿ ਅਵਤਾਰ ਦਾ ਕੰਮ ਹੈ, ਕਹਿ ਦੇਣਾ ਕਿ ਪ੍ਰਗਟੀ ਸੀ ਕੁਛ ਔਖਾ ਨਹੀਂ। ਵਿਚਾਰ ਜੋਗ ਬਾਤ ਇਹ ਹੈ ਕਿ ਜੇ ਲੜਨਾ ਮਰਨਾ ਸਿੱਖਾਂ ਨੇ ਹੀ ਸੀ ਤੇ ਦੇਵੀ ਨੇ ਨਿਰਾ ਵਰ ਹੀ ਦੇਣਾ ਸੀ ਜਾਂ ਜੁੱਧ ਵੇਲੇ ਉਤੋਂ ਪ੍ਰਭਾਵ ਮਾਤ੍ਰ ਹੀ ਦੇਣਾ ਸੀ ਤਾਂ ਉਹੋ ਪ੍ਰਭਾਵ ਸਿੱਧਾ ਅਕਾਲ ਪੁਰਖ ਤੋਂ ਲੈਣ ਵਿਚ ਕੀ ਕਮੀ ਸੀ, ਜਦ ਕਿ ਦੇਵੀ ਆਪ ਉਸੇ ਅਕਾਲ ਪੁਰਖ

*ਦੇਵੀ ਦੇ ਵਾਕਿਆ ਤੋਂ ਇਹ ਗ੍ਰੰਥ ੯੯ ਬਰਸ ਮਗਰੋਂ ਲਿਖਿਆ ਗਿਆ।

Sri Satguru Jagjit Singh Ji eLlibrary NamdhariElibrary@gmail.com

ਤੋਂ ਸਹਾਇਤਾ ਲੈਣ ਦੀ ਮੁਥਾਜ ਹੈ। ਜੇ ਦੇਵੀ ਸੁੰਭ ਨਿਸੁੰਭ ਆਦਿਕਾਂ ਨਾਲ ਲੜਨ ਸਮੇਂ ਸਰੀਰ ਧਾਰੀ ਹੋਈ ਸੀ ਤੇ ਦੇਵੀ ਨੇ ਕਿਸੇ ਅਸਥੂਲ ਤੱਤਾਂ ਵਾਲੇ ਸਰੀਰ ਵਿਚ ਤਦੋਂ ਕਾਰਨਾਮੇ ਕੀਤੇ ਸਨ ਤੇ ਸੁੰਭ ਨਿਸੁੰਭ ਆਦਿਕਾਂ ਦੇ ਸੀਸ ਕੱਟੇ ਸਨ ਤਦ ਹੁਣ ਭੀ ਉਸੇ ਤਰ੍ਹਾਂ ਸਾਰਾ ਜੰਗ ਦਾ ਕੰਮ ਆਪ ਕਰਨਾ ਸੀ। ਕਿਉਂਕਿ ਸੁੰਭ ਨਿਸੁੰਭ ਵੇਲੇ ਕਿਸੇ ਦੇ ਸਿਰ ਤੇ ਪ੍ਰਭਾਵ ਪਾ ਕੇ ਆਪ ਅਰਸ਼ਾਂ ਵਿਚ ਨਹੀਂ ਸੀ ਖੜੋਤੀ ਰਹੀ, ਪ੍ਰਤੱਖ ਮੈਦਾਨੇ ਜੰਗ ਵਿਚ ਆਕੇ ਲੜੀ ਸੀ। ਜੇ ਉਹ ਆਦਿ ਭਵਾਨੀ ਹੈ ਜਗੋਤ ਮਹਾਨੀ ਤੇ ਮਹਾਂ ਸ਼ਕਤੀ ਹੈ ਰਚਨ ਪਾਲਨ ਸੰਘਾਰ ਕਰਤਾ ਸੀ ਤਦ ਉਸ ਲਈ ਸਰੀਰ ਧਾਰਕੇ ਪ੍ਰਗਟ ਹੋਣਾ ਖੱਬੇ ਹੱਥ ਦਾ ਕਰਤਬ ਸੀ, ਉਸ ਮਹਾਂ ਕਾਲ ਦੀ ਸ਼ਕਤੀ ਪਰ ਕੋਈ ਕਾਲ, ਕੋਈ ਜੁਗ, ਕੋਈ ਸਮਾਂ ਪ੍ਰਬਲ ਨਹੀਂ ਹੋ ਸਕਦਾ ਕਿ ਕਲਜੁਗ ਉਸ ਨੂੰ ਸਰੀਰ ਧਾਰਣੋ ਵਰਜ ਸਕਦਾ ਹੈ। ਇਹ ਗਲ ਕਿ ਉਹ ਪ੍ਰਗਟ ਹੋਕੇ ਗਣਾਂ ਸਮੇਤ ਗੁਰੂ ਜੀ ਦੇ ਪੱਖ ਤੇ ਤੁਰਕਾਂ ਨਾਲ ਲੜੀ ਹੋਵੇ, ਯਾ ਇਸ ਤਰ੍ਹਾਂ ਦੀ ਕੋਈ ਹੋਰ ਗਲ ਹੋਈ ਹੋਵੇ, ਸਾਰੇ ਹੀ ਲੇਖਕ ਮੰਨਦੇ ਹਨ ਕਿ ਕੋਈ ਐਸੀ ਘਟਨਾ ਨਹੀਂ ਹੋਈ ਕਿ ਦੇਵੀ ਮੈਦਾਨ ਵਿਚ ਉਤਰਕੇ ਆਪ ਲੜੀ ਹੋਵੇ।ਦੇਵੀ ਦੀ ਨਿਰਾ ਵਰ ਮਾਤ੍ਰ ਦੇਣ ਦੀ ਕਿਅਰਥਤਾ ਗੁਰੂ ਜੀ ਦੇ ਅਪਣੇ ਵਾਕਾਂ ਤੋਂ ਸਿੱਧ ਹੋ ਰਹੀ ਹੈ ਕਿ ਜਿਨ੍ਹਾਂ ਨੇ ਅਦ੍ਰਿਸ਼ਟ ਸੰਸਾਰ ਵਿਚੋਂ ਸਭ ਤੋਂ ਵਡੇ ਅਕਾਲ ਪੁਰਖ ਤੋਂ 'ਵਰ' ਪ੍ਰਾਪਤ ਕਰ ਲਿਆ ਹੋਇਆ ਸੀ। ਲਗਪਗ ਸਾਰੇ ਗੁਰੂ ਜੀ ਨੂੰ ਦੇਵੀ ਤੋਂ ਉੱਚਾ ਤੇ ਦੇਵੀ ਨੂੰ ਕਈ ਵੇਰ ਉਨ੍ਹਾਂ ਦਾ ਅੰਤ ਨਾਂ ਪਾ ਸਕਣ ਵਾਲੀ ਉਨ੍ਹਾਂ ਦੇ ਮੁਕਾਬਲੇ ਤੇ ਅਲਪੱਗ ਮੰਨਦੇ ਹਨ, ਦੁਸ਼ਮਣਾਂ ਤੋਂ ਹਾਰ ਗਈ ਤੇ ਗੁਰੂ ਜੀ ਦੀ ਸਹਾਇਤਾ ਦੀ ਲੋੜਵੰਦ ਹੋਈ, ਗੱਲਾਂ ਮੰਨਦੇ ਹਨ। ਇਹ ਭੀ ਮੰਨ ਜਾਂਦੇ ਹਨ ਕਿ ਗੁਰੂ ਜੀ ਨੂੰ ਲੋੜ ਕੋਈ ਨਹੀਂ ਸੀ। ਕਵੀ ਸੰਤੋਖ ਸਿੰਘ ਜੀ ਨੇ ਤਾਂ ਜਪੁਜੀ ਦੇ ਟੀਕੇ ਵਿਚ ਆਪ ਸਿੱਧ ਕੀਤਾ ਹੈ ਕਿ ਦੇਵੀ ਗੁਰੂ ਜੀ ਦਾ ਇਸ਼ਟ ਨਹੀਂ ਸੀ। ਫਿਰ ਕਹਿੰਦੇ ਹਨ ਕਿ 'ਕੌਤਕ ਹੇਤ' ਗੁਰੂ ਜੀ ਨੇ ਹਵਨ ਤੇ ਆਵਾਹਨ ਦਾ ਖੇਲ ਰਚਾਇਆ ਸੀ। ਇਹ 'ਕੌਤਕ' ਪਦ ਸਭਨਾਂ ਨੇ ਲਗ ਪਗ ਵਰਤਿਆ ਹੈ ਤੇ ਚੰਡੀ ਚਰਿੱਤ੍ਰ ਦੇ ਅਖੀਰ ਪਰ ਭੀ ਲਫਜ਼ ਕੌਤਕ ਹੀ ਆਇਆ ਹੈ:—

ਯਥਾ:—"ਕਉਤਕ ਹੇਤ ਕਰੀ ਕਵਿ ਨੇ ਸਤਿਸਯ ਕੀ ਕਥਾ ਇਹ ਪੂਰੀ ਭਈ ਹੈ ॥"*

ਜਿਸਦਾ ਭਾਵ ਇਹ ਹੈ ਕਿ ਦੇਵੀ ਦੀ ਵਾਰ ਤੇ ਚਰਿੱਤ੍ਰ ਆਦਿ ਅਨੁਵਾਦ ਤਾਂ ਕੀਤੇ ਹਨ ਪਰ ਇਹ ਟਪਲਾ ਨਾਂ ਲਗੇ ਕਿ ਉਪਾਸਕ ਹੋਕੇ ਤਰਜਮੇ ਕੀਤੇ ਯਾ ਕਰਾਏ ਹਨ। ਇਸ ਲਈ ਆਪ ਨੇ ਇਹ ਅੰਤ ਪਰ ਦੱਸ ਦਿੱਤਾ ਕਿ ਏਹ 'ਕਉਤਕ ਹੇਤ' ਤਰਜਮਾ ਕੀਤਾ ਗਿਆ ਹੈ। ਇਸੀ ਤਰ੍ਹਾਂ ਕਵੀ ਕਹਿੰਦੇ ਹਨ ਕਿ ਦੇਵੀ ਪ੍ਰਗਟਾਉਣੀ ਭੀ 'ਕੌਤਕ ਮਾਤ੍ਰ' ਹੈ। ਕੌਤਕ ਦਾ ਮਤਲਬ ਹੈ ਤਮਾਸ਼ਾ,ਦਿਲਲਗੀ, ਐਸਾ ਕੰਮ ਜਿਸ ਵਿਚ ਓਪਰੇ ਦਿਲੋਂ ਕਿਸੇ ਚੋਜ ਲਈ ਲਗਿਆ ਜਾਵੇ। ਜੋ ਕੰਮ ਕੌਤਕ ਲਈ ਕੀਤਾ ਜਾਵੇ ਉਸ ਵਿਚ ਇਸ਼ਟਾਪਤੀ ਕਦੇ ਸ਼ਾਮਲ ਨਹੀਂ ਹੋ ਸਕਦੀ।

*ਮਾਰ ਕੰਡੇ ਪੁਰਾਣ ਵਿਚੋਂ ਚੰਡੀ ਚਰਿੱਤ੍ਰ ਤੇ ਚੰਡੀ ਦੀ ਵਾਰ ਦੇ ਖਿਆਲ ਲਏ ਹਨ। ਦੁਰਗਾ ਸਪਤਸ਼ਤੀ ਦਾ ਖੁੱਲ੍ਹਾ ਅਨੁਵਾਦ ਕਰਕੇ 'ਸਤਸਯ ਕੀ ਕਥਾ' ਇਸ ਨੂੰ ਕਿਹਾ ਹੈ ਦੇਖੋ ਮਾਰ ਕੰਡੇ ਪੁਰਾਣ ਅੱਧਿਆਯ ੮੧ ਤੋਂ ਅੱਗੇ।

Sri Satguru Jagjit Singh Ji eLlibrary NamdhariElibrary@gmail.com

ਸੋ ਜੇ ਪਹਿਲੇ 'ਕੌਤਕ' ਲਈ ਲਿਖਕੇ ਲੇਖਕ ਸੱਜਨ ਘਟਨਾ ਵਰਣਨ ਕਰਨ ਵੇਲੇ ਬੀ ਕੌਤਕ ਮਾਤ੍ਰ ਦਿਖਾਲਦੇ ਤਾਂ ਉਨ੍ਹਾਂ ਦੇ ਲਿਖੇ ਵਿਚ ਵਦਤੋ-ਵ੍ਯਾਘਾਤ ਨਾ ਪੈਂਦਾ, ਪਰ ਉਨ੍ਹਾਂ ਕੌਤਕ ਮਾਤ੍ਰ ਕਹਿੰਦਿਆਂ ਹੋਇਆਂ ਫੇਰ ਐਸੇ ਹਰਫ ਪਾਏ ਹਨ ਜਿਨ੍ਹਾਂ ਤੋਂ ਸ਼ਰਧਾ, ਭਾਵਨਾ ਤੇ ਪੂਜਾ ਪਈ ਸਪਸ਼ਟ ਸਿੱਧ ਹੁੰਦੀ ਹੈ, ਨਾ ਕੇਵਲ ਗੁਰੂ ਜੀ ਦੀ ਪਰ ਲੇਖਕਾਂ ਦੀ ਆਪਣੀ ਬੀ। ਇਹ ਅਸੀਂ ਦੱਸ ਆਏ ਹਾਂ ਕਿ ਇਨ੍ਹਾਂ ਲੇਖਕਾਂ ਪਾਸ ਕੋਈ ਲਿਖਤੀ ਪੱਕਾ ਸਬੂਤ ਦੇਵੀ ਪੂਜਨ ਦਾ ਹੈ ਨਹੀਂ ਸੀ। ਜਾਪਦਾ ਹੈ ਕਿ ਮਹਿਮਾ ਪ੍ਰਕਾਸ਼, ਗੁਰ ਬਿਲਾਸ ਤੇ ਸੌ ਸਾਖੀ* ਆਦਿਕ ਦੇ ਲੇਖ ਹੀ ਗੁਰ ਪ੍ਰਤਾਪ ਸੂਰਜ ਦਾ ਆਧਾਰ ਸਨ।

ਕੌਤਕ ਮਾਤ੍ਰ ਦੇ ਲੇਖਕਾਂ ਨੇ ਕੌਤਕ ਪਦ ਨੂੰ ਸਫਲ ਕਰਨ ਦਾ ਯਤਨ ਕੀਤਾ ਹੈ ਜੋ ਪਿਛੇ (ਸਫਾ ੫੦੦੮ ਤੋਂ ੫੦੧੬ ਪਰ) ਉਨ੍ਹਾਂ ਲੇਖਕਾਂ ਦੇ ਪ੍ਰਮਾਣਾਂ ਵਿਚ ਅਸੀਂ ਦਿਖਾ ਆਏ ਹਾਂ। ਗੁਰੂ ਜੀ ਨੇ ਕੌਤਕ ਹੇਤ 'ਸਤ ਸਯ' ਦੀ ਕਥਾ ਉਲਥਾ ਕੀਤੀ ਆਪ ਬੀ ਦੱਸੀ ਹੈ, ਉਸ ਭਾਵ ਦੀ ਸਫਲਤਾ ਲਈ ਇਸ ਸਮੇਂ ਦੇ ਲੇਖਕਾਂ ਨੇ ਦਸਮ ਗੁਰੂ ਜੀ ਦੀ ਬਾਣੀ ਨੂੰ ਵੀਚਾਰਕੇ ਜਿਸ ਵਿਚ ਆਵਾਹਨ ਦੀ ਘਟਨਾ ਦਾ ਕੋਈ ਜ਼ਿਕਰ ਨਹੀਂ ਤੇ ਬੀਰਰਸ ਉਦੀਪਕ ਸਾਹਿੱਤ ਵਿਚ ਬੀ ਕੇਵਲ ਕੌਤਕ ਮਾਤ੍ਰ ਲਈ ਲਿਖਿਆ ਪੜ੍ਹਕੇ ਆਪੋ ਆਪਣੀਆਂ ਸੰਭਾਵਨਾਂ ਕਹੀਆਂ ਹਨ। ਇਸ ਪ੍ਰਕਾਰ ਦੀਆਂ ਸੰਭਾਵਨਾਂ ਹੋਰ ਬੀ ਹੋ ਸਕਦੀਆਂ ਹਨ। ਮਸਲਨ ਇਹ ਕਿ ਸ਼ਾਕ-ਤਿਕ ਮਤ ਦੇ ਵਿਦਵਾਨਾਂ ਤੇ ਦਾਨਿਆਂ ਨੇ ਆਪਣੇ ਨਿਸ਼ਚੇ ਮੂਜਬ ਆਪ ਦੇਵੀ ਪ੍ਰਯੋਗ ਕਰਨੇ ਲਈ ਆਨੰਦਪੁਰ ਟਿਕਾਣਾ ਪਸੰਦ ਕਰਕੇ ਆਗਿਆ ਮੰਗੀ ਹੋਵੇ ਤੇ ਗੁਰੂ ਜੀ ਨੇ 'ਧਰਮ ਵਿਚ ਸੁਤੰਤ੍ਰਤਾ' ਦੇ ਅਸੂਲ ਮੂਜਬ ਦੁਖੀ ਜਾਣਕੇ ਆਗਿਆ ਅਰ ਮਾਲੀ ਸਹਾਇਤਾ ਬੀ ਦੇ ਦਿੱਤੀ ਹੋਵੇ, ਪਰੰਤੂ ਇਨ੍ਹਾਂ ਵਿਚੋਂ ਕਿਹੜੀ ਸੰਭਾਵਨਾ ਕਿਸੇ ਵਿਸ਼ੇਸ਼ ਇਤਿਹਾਸਕ ਸਬੂਤ ਦੇ ਆਧਾਰ ਤੇ ਇਨ੍ਹਾਂ ਨੇ ਲਿਖੀ ਹੈ ਇਸਦਾ ਕੋਈ ਵੇਰਵਾ ਕਿਸੇ ਨਹੀਂ ਦੱਸਿਆ। ਗੁਰੂ ਜੀ ਦੀ ਅਪਣੀ ਲਿਖੀ ਯਾ ਨਿਸਚੇ ਯੋਗ ਕਿਸੇ ਸਮਕਾਲੀ ਦੀ ਲਿਖੀ ਕੋਈ ਗਲ ਨਹੀਂ ਮਿਲਦੀ। ਸੋ ੧੯੪੬ ਤੋਂ ਮਗਰੋਂ ਦੇ ਲੇਖਕਾਂ ਨੇ ਪਹਿਲੇ ਲੇਖਕਾਂ ਦੇ ਲਿਖੇ ਨੂੰ ਇਕ ਅਮਰ ਵਾਕਿਆ ਸਮਝਕੇ ਤੇ ਦੂਜੇ ਪਾਸੇ ਗੁਰ ਰਚਿਤ ਬਾਣੀ ਤੋਂ ਗੁਰੂ ਜੀ ਦਾ ਨਿਸ਼ਚਾ ਇਕ ਅਕਾਲਪੁਰਖ

---

*ਇਤਨਾ ਛਪ ਚੁਕਣੇ ਪਰ ਐਡੀਟਰ ਖਾ: ਸਮਾਚਾਰ ਦੇ ਉੱਦਮ ਨਾਲ ਸਾਨੂੰ ਨਾਮ-ਧਾਰੀ ਦਰਬਾਰ ਦੇ ਰਾਮਹਰੀ ਪੁਸਤਕਾਲਯ ਵਿਚ ਜੋ ਸੌ ਸਾਖੀ ਦੀ ਪੋਥੀ ਹੈ ਦਰਬਾਰ ਦੀ ਕ੍ਰਿਪਾਲਤਾ ਨਾਲ ਉਸਦੇ ਦੇਖਣ ਦਾ ਅਵਸਰ ਮਿਲਿਆ ਹੈ। ਇਸਦੇ ਅਖੀਰ ਪਰ ਇਹ ਦੇ ਲਿਖੇ ਜਾਣ ਦਾ ਸੰਮਤ ੧੯੪੭ ਦਿੱਤਾ ਹੈ, ਪਰੰਤੂ ਇਹ ਗਲ ਵੀ ਦੱਸੀ ਹੈ ਕਿ ਇਸ ਸੰ: ੧੯੦੪ ਵਾਲੀ ਪੋਥੀ ਦਾ ਉਤਾਰ ਹੈ, ਇਸ ਨੁਸਖੇ ਤੋਂ ਬੀ ੧੯੦੪ ਤਕ ਦਾ ਹੀ ਪਤਾ ਲਗਾ। ੧੯੦੫ ਦਾ ਨੁਸਖਾ ਅਸਾਂ ਪਾਸ ਹੈ ਹੀ ਜਿਸ ਦਾ ਜ਼ਿਕਰ ਕਿ ਅਸੀਂ ਪਿੱਛੇ ਸਫਾ ੫੦੦੨ ਤੇ ਕਰ ਆਏ ਹਾਂ। ਇਹ ੧੯੦੫ ਦੀ ਲਿਖਤੀ ਸੌ ਸਾਖੀ ਸਾਨੂੰ ਭਾਈ ਕਨ੍ਹੱਯਾ ਸਿੰਘ ਜੀ ਸਪੁਤ੍ਰ ਭਾਈ ਸੁਖਾ ਸਿੰਘ ਜੀ ਗ੍ਰੰਥੀ ਬੁੰਗਾ ਮ: ਲਹਿਣਾ ਸਿੰਘ ਜੀ ਮਜੀਠੀਆ ਤੋਂ ਉਨ੍ਹਾਂ ਦੀ ਕ੍ਰਿਪਾ-ਲਤਾ ਨਾਲ ਪ੍ਰਾਪਤ ਹੋਈ ਹੈ। ਇਹ ਪੋਥੀ ਉਨ੍ਹਾਂ ਦੇ ਪਿਤਾਮਾ ਭਾਈ ਪ੍ਰੇਮ ਸਿੰਘ ਜੀ ਗ੍ਰੰਥੀ ਉਕਤ ਬੁੰਗਾ ਦੀ ਆਪਣੀ ਲਿਖੀ ਹੋਈ ਹੈ।

Sri Satguru Jagjit Singh Ji eLlibrary NamdhariElibrary@gmail.com

ਤੇ ਅਡੋਲ ਪਰਖਕੇ ਤੇ ਹਰ ਪ੍ਰਕਾਰ ਦੇ ਕ੍ਰਿਤਮ ਪੂਜਾ ਦੇ ਵਿਰੁੱਧ ਉਨ੍ਹਾਂ ਦੇ ਜ਼ੋਰਦਾਰ ਸਿਧਾਂਤ ਪੜ੍ਹਕੇ ਆਪਣੀ ਵਿੱਤ੍ਰੇਕ ਬੁੱਧੀ ਤੇ ਵਿਵੇਚਨਾ ਸ਼ਕਤੀ ਨਾਲ ਅਨੁਮਾਨ ਕੀਤਾ ਹੈ ਕਿ ਇਸ ਪ੍ਰਕਾਰ ਆਵਾਹਨ ਦਾ ਹੋਣਾ ਤੇ ਕੌਤਕ ਹੋਤ ਹੋਣਾ ਸੰਭਵ ਹੋ ਸਕਦਾ ਹੈ। ਪਰ ਆਪ ਸਾਹਿਬਾਂ ਨੇ ਬੀ ਆਪਣੀ ਪੱਖ ਸਿੱਧੀ ਲਈ ਕੋਈ ਅਹਿੱਲ ਪ੍ਰਮਾਣ ਨਹੀਂ ਦੱਸਿਆ।

ਪਿੱਛੇ ਅਸੀਂ ਦੱਸ ਆਏ ਹਾਂ ਕਿ ੧੮੩੩ ਤਕ ਕੋਈ ਲਿਖਤੀ ਉਗਾਹੀ ਦੇਵੀ ਪ੍ਰਗਟਣ ਦੀ ਨਹੀਂ ਮਿਲਦੀ। ੧੭੯੮ ਵਿਚ ਕੇਵਲ 'ਹੋਮ' ਮਾਤ੍ਰ ਦਾ ਜ਼ਿਕਰ ਮਿਲਦਾ ਹੈ*, ਪਰ ਅਸੀਂ ਪਿੱਛੇ ਦਿਖਾ ਆਏ ਹਾਂ ਕਿ ਇਹ ਲੇਖਕ ਵੀ ਉਸੇ ਪੋਥੀ ਵਿਚ ਲਿਖਦਾ ਹੈ ਕਿ 'ਸਰਬ ਦੇਵੀ ਦੇਵਤਾ ਸਿੱਧ ਮੁਨਿ ਜਨ ਦਰਸ਼ਨ ਕੋ ਆਏ' ਜਿਸ ਤੋਂ ਦਿੱਸ ਪਿਆ ਕਿ ਏਹ ਲੇਖਕ ਜੇ ਦੇਵੀ ਨੂੰ ਗੁਰੂ ਜੀ ਦਾ ਇਸ਼ਟ ਸਮਝਦਾ ਹੁੰਦਾ ਤਾਂ ਦੇਵੀ ਨੂੰ ਗੁਰੂ ਜੀ ਦੇ ਦਰਸ਼ਨਾਂ ਲਈ ਆਈ ਕਹਿਣੋਂ ਸੰਕੋਚਦਾ ਅਤੇ ਜੇ ਦੇਵੀ ਪ੍ਰਗਟੀ ਸੀ ਤਾਂ ਇਹ ਆਮ ਪ੍ਰਸਿੱਧ ਬਾਤ ਹੋਣੀ ਸੀ, ਇਸ ਲੇਖਕ ਨੂੰ ਕਿਵੇਂ ਨਾ ਪਤਾ ਲਗਦਾ ਤੇ ਪਤਾ ਲਗਦਾ ਤਾਂ ਇਹ ਲਿਖਣੋਂ ਸੰਕੋਚ ਨਾ ਕਰਦਾ ਤੇ ਨਿਰਾ 'ਹੋਮ ਕਰਾਇਆ' ਮਾਤ੍ਰ ਲਿਖਕੇ ਨਾ ਚੁਪ ਜਾਂਦਾ। ਇਸੇ ਤਰ੍ਹਾਂ ਹੁਣ ਸਾਡੀ ਨਜ਼ਰੋਂ ਗੁਜ਼ਰੀ ੧੮੦੮ ਯਾ ੧੮੧੯ ਵਾਲੀ ਲਿੱਖਤ ਸਿਮਤ ਹਾਲਤ ਦੱਸਦੀ ਹੈ, ਕੌਤਕ ਮਾਤ੍ਰ ਮੰਨਦੀ ਹੈ ਤੇ ਦੇਵੀ ਨੂੰ ਗੁਰੂ ਜੀ ਦੀ ਪੂਜਾ ਕਰਨ ਵਾਲੀ ਦੱਸਦੀ ਹੈ।

ਇਸ ਸਿਲਸਿਲੇ ਵਿਚ ਏਥੇ ਚਾਰ ਉਗਾਹੀਆਂ ਵਿਸ਼ੇਸ਼ ਵਿਚਾਰਨੇ ਯੋਗ ਹਨ। ਯਥਾ:—

(ੳ) ੧੭੫੫ ਦੇ ਹਾੜ ਵਿਚ ਰਾਮਅਵਤਾਰ ਦੇ ਅਖੀਰ ਵਿਚ ਸਤਿਗੁਰੂ ਜੀ ਨੇ ਇਹ ਸ੍ਵੈਯਾ ਆਪਣਾ ਲਿਖਿਆ ਹੈ:—

"ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨ ਮਾਨਯੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਬ ਤੋਹਿ ਬਖਾਨਯੋ ॥"

ਦੇਵੀ ਪ੍ਰਗਟਾਉਣ ਦੇ ਸਾਰੇ ਲੇਖਕ ਹਵਨ ਅਰੰਭ ਦੀਆਂ ਤਾਰੀਖਾਂ ਵਿਚ ਤਾਂ ਫਰਕ ਰਖਦੇ ਹਨ, ਪਰ ਹਾੜ ੧੭੫੫ ਵਿਚ ਹਵਨ ਹੋ ਰਿਹਾ ਸੀ ਇਸ ਪਰ ਸਾਰੇ ਸਹਿਮਤ ਹਨ†। ਇਸ ਸ੍ਵੈਯੇ ਵਿਚ ਗੁਰੂ ਜੀ ਇਕ ਅਕਾਲ ਪੁਰਖ ਤੋਂ ਛੁਟ ਸਾਰੇ ਮੁਸਲਮਾਨ ਹਿੰਦੂ ਏਤਕਾਦਾਂ ਤੋਂ ਆਪ ਨੂੰ ਸੁਤੰਤ੍ਰ ਦੱਸਦੇ ਹਨ। ਹੁਣ ਸੋਚਣ ਦੀ ਗਲ ਹੈ ਕਿ ਜਦ ਆਪ ਪੁਰਾਣਾਂ ਨੂੰ ਨਹੀਂ ਮੰਨਦੇ ਤਾਂ ਦੇਵੀ ਪੂਜਨ ਤਾਂ ਪੁਰਾਣਾਂ ਦਾ ਇਕ ਵੱਡਾ ਹਿੱਸਾ ਹੈ। ਇਹ ਕੀਕੂੰ ਹੋ ਸਕਦਾ ਹੈ ਕਿ ਇਕ ਪਾਸੇ ਹਵਨ ਦੇਵੀ ਦਾ ਪੌਰਾਣਕ ਰੀਤੀ ਨਾਲ ਹੋ ਰਿਹਾ ਹੋਵੇ ਦੂਜੇ ਪਾਸੇ ਰਾਮ ਰਹੀਮ ਪੁਰਾਨ ਕੁਰਾਨ ਸਾਰਿਆਂ ਦੇ ਮੰਨਣ ਤੋਂ ਇਨਕਾਰ ਕਰ ਰਹੇ ਹੋਣ। ਅਰਥਾਤ ਸਿੰਮ੍ਰਿਤੀਆਂ,

---

*ਸੇਵਾ ਦਾਸ ਦੀਆਂ ਪਰਚੀਆਂ ਵਿਚ ਭੀ ਇਹੋ ਹੂਬਹੂ ਮਹਿਮਾ ਪ੍ਰਕਾਸ਼ ਵਾਲੀ ਇਬਾਰਤ ਹੈ।

†ਨਵੀਨ ਲਿਖਤ ਵਾਲਾ ਸੰਮਤ ੧੭੪੨—੪੬ ਦੇਂਦਾ ਹੈ, ਪਰ ਤਦੋਂ ਗੁਰੂ ਜੀ ਪਾਉਂਟੇ ਸਨ ਤੇ ੧੭੪੫ ਸੰਮਤ ਕ੍ਰਿਸ਼ਨਾਂ ਅਵਤਾਰ ਦਾ ਪਾਉਂਟੇ ਵਿਚ ਬਹਿਕੇ ਲਿਖਣ ਦਾ ਉਸਦੇ ਅੰਦਰੋਂ ਮਿਲਦਾ ਹੈ, ਸੋ ੧੭੪੨—੪੬ ਵਿਚ ਦੇਵੀ ਦਾ ਸਿਮਤ ਗ਼ਲਤ ਹੋ ਗਿਆ।

Sri Satguru Jagjit Singh Ji eLlibrary NamdhariElibrary@gmail.com

ਸ਼ਾਸਤ੍ਰ, ਬੇਦ ਤੇ ਇਨ੍ਹਾਂ ਦੇ ਪ੍ਰਭੇਦ ਸਾਰਿਆਂ ਤੋਂ ਇਨਕਾਰ ਜ਼ੋਰ ਨਾਲ ਕਹੀ ਜਾਣ ਤੇ ਉਪਰ ਉਨ੍ਹਾਂ ਹੀ ਸ਼ਾਸਤ੍ਰਾਂ ਦੀ ਉਕਤ ਦੇਵੀ ਪੂਜੀ ਜਾਣ। ਗੁਰੂ ਜੀ ਦਾ ਰਵੱਯਾ ਸਦਾ ਸੰਗਤ (ਪਰਸਪਰ ਵਿਰੋਧ ਨਾ ਰੱਖਣ ਵਾਲਾ Consistent) ਰਿਹਾ ਹੈ, ਇਹ ਚਾਲ ਉਨ੍ਹਾਂ ਦੀ ਲਗਾਤਾਰ ਤੁਰੀ ਆਈ ਹੈ, ਦੇਖੋ ਜੋ ਸੰਮਤ ੧੭੪੫ ਵਿਚ ਕ੍ਰਿਸ਼ਨਾਵਤਾਰ ਰਚਿਆ ਤਾਂ ਉਸ ਵਿਚ ਆਪ ਨੇ ਇਹੋ ਹੀ ਆਖਿਆ ਹੈ:—

"ਮੈ ਨ ਗਨੇਸਹਿ ਪ੍ਰਿਥਮ ਮਨਾਊਂ ॥ ਕਿਸਨ ਬਿਸਨ ਕਬਹੂੰ ਨਹ ਧਿਆਊਂ ॥
ਕਾਨ ਸੁਨੇ ਪਹਿਚਾਨ ਨ ਤਿਨਸੋ ॥ ਲਿਵ ਲਾਗੀ ਮੋਰੀ ਪਗ ਇਨਸੋ ॥ ੪੩੩ ॥
ਮਹਾ ਕਾਲ ਰਖਵਾਰ ਹਮਾਰੋ ॥ ਮਹਾ ਲੋਹ ਮੈ ਕਿੰਕਰ ਥਾਰੋ ॥
ਅਪਨਾ ਜਾਨ ਕਰੋ ਰਖਵਾਰ ॥ ਬਾਹ ਗਹੇ ਕੀ ਲਾਜ ਬਿਚਾਰ" ॥ ੪੩੪ ॥
ਤੇ ਅੰਤ ਵਿਚ ਲਿਖਿਆ:—"ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥" ਇਸੀ ਤਰ੍ਹਾਂ ੧੭੫੩ ਵਿਚ ਮੁਕੇ ਚਰਿੱਤ੍ਰਾਂ ਦੇ ਅੰਤ ਪਰ ਚੌਪਈ ਲਿਖਕੇ ਅਪਣੇ ਪੂਜਯ ਇਸ਼ਟ ਤੇ ਜੁੱਧ ਦੇ ਦੇਵਤਾ ਅਕਾਲ ਪੁਰਖ ਦਾ ਪਤਾ ਦੇਕੇ ਆਪਣੀ ਅਲੱਗਤਾ ਤੇ ਇੱਕ ਅਕਾਲ ਉਪਾਸ਼ਨਾ ਦੀ ਉੱਚਤਾ ਦਰਸਾਈ ਹੈ।

ਜੋ ਮਾਰਕੰਡੇ ਪੁਰਾਣ ਦੀ ਦੁਰਗਾ ਸਤਸਈ ਤਰਜਮਾ ਹੋਈ ਤਾਂ ਉਸ ਦੇ ਅਖੀਰ ਤੇ 'ਕਉਤਕ ਹੇਤ ਕਰੀ ਕਵਿਨੇ ਸਤਿਸਯ ਕੀ ਕਥਾ ਇਹ ਪੂਰੀ ਭਈ ਹੈ' ਲਿਖਕੇ ਅਪਣੀ ਅਲੱਗਤਾ ਤੇ ਉੱਚਤਾ ਤੇ 'ਇਕ ਦੀ ਉਪਾਸਨਾ' ਦਾ ਪਹਿਲੂ ਲਗਾਤਾਰ ਇਕ ਰਸ ਇੱਕੋ ਦਿਖਾਲਦੇ ਚਲੇ ਗਏ ਹਨ। ਫਿਰ ਸਾਰੇ ਜੁੱਧਾਂ ਦੇ ਅੰਤ ਪਰ ਚਮਕੌਰ ਜੁੱਧ ਤਕ ਇਕ ਅਕਾਲ ਦੀ ਸਹਾਯਤਾ ਤੇ ਮਿਹਰ ਪੱਖ ਦਾ ਹੀ ਜ਼ਿਕਰ ਕਰਦੇ ਗਏ ਹਨ (ਦੇਖੋ ਸਫਾ ੪੯੮੪—੮੫)।

ਸੋ ਸਿੱਧ ਹੋਇਆ ਕਿ ੧੭੫੫ ਦਾ ਵਾਕ 'ਪਾਇ ਗਹੇ' ਵਾਲਾ ਜੋ ਉਨ੍ਹਾਂ ਦੇ ਇਸ਼ਟ ਦਾ ਸੂਚਕ ਹੈ ਅਰੰਭ ਤੋਂ ਅੰਤ ਤਕ ਇਕੋ ਲਗਾਤਾਰੀ ਖਿਆਲ ਹੈ ਜੋ ਲਖਾਯਕ ਹੈ ਇਸ ਗਲ ਦਾ ਕਿ ੧੭੫੫ ਵਿਚ ਦੇਵੀ ਇਸ਼ਟ ਜਾਣਕੇ ਵਰ ਲੈਣ ਲਈ ਪੂਜੀ ਨਹੀਂ ਗਈ।

(ਅ) ਜਿਸ ਸਮੇਂ ਨੂੰ ਦੇਵੀ ਪ੍ਰਗਟਣ ਦਾ ਅੰਤ ਤੇ ਉਸ ਸਮੇਂ ਕਵੀਆਂ ਨੇ ਜੱਗ ਕਰਨਾ ਲਿਖਿਆ ਹੈ ਉਸ ਸਮੇਂ ਦੀ ਦੇਰ ਦਿਕ ਉਗਾਹੀ ਗੁਰੂ ਜੀ ਦੀ ਸ੍ਰੀ ਮੁਖਵਾਕ ਮੌਜੂਦ ਹੈ ਜੋ ਕਵੀ ਸੱਜਣ ਆਪ ਪੇਸ਼ ਕਰਦੇ ਹਨ ਦੇਖੋ ਪਿੱਛੇ ਪੰਨੇ ੪੯੬੭ ਪਰ 'ਜੋ ਕਿਛੁ ਲੇਖ ਲਿਖਿਓ' ਵਾਲਾ ਸ੍ਵੈਯਾ।

ਇਨ੍ਹਾਂ ਸਾਰੇ ਸ੍ਵੈਯਾਂ ਨੂੰ ਗਹੁ ਨਾਲ ਵਿਚਾਰੀਏ ਤਾਂ ਇਹ ਕਿਸੇ ਪੰਡਿਤ ਦੇ ਆਦਰ ਦੇ ਨਹੀਂ ਪਰ ਤ੍ਰਿਸਕਾਰ ਦੇ ਸੂਚਕ ਹਨ। ਜੇ ਦੇਵੀ ਇਸ਼ਟ ਜਾਣ ਕੇ ਪੂਜੀ ਹੁੰਦੀ ਤੇ ਪ੍ਰਗਟ ਹੋਈ ਹੁੰਦੀ ਤਾਂ ਕਦੇ ਹੋਤਾ ਪੰਡਿਤ ਚੇਤਿਓਂ ਭੁੱਲ ਸਕਦਾ ਹੈ? ਫਿਰ ਜਦ ਓਹ ਸ਼ਿਕਵਾ ਕਰਦਾ ਹੈ ਕਿ ਤੁਸਾਂ ਬ੍ਰਾਹਮਣਾਂ ਨੂੰ ਗੌਨ ਕਰ ਦਿੱਤਾ ਤੇ ਛੱਤ੍ਰੀਆਂ* ਨੂੰ ਮੁੱਖਤਾ ਦੇ ਦਿੱਤੀ ਹੈ ਤਾਂ ਗੁਰੂ ਜੀ ਸਿੱਖਾਂ ਦੀ ਪ੍ਰੋੜਤਾ ਕਰਦੇ ਹੋਏ ਦੱਸਦੇ ਹਨ ਕਿ 'ਜੁੱਧ ਇਨ੍ਹਾਂ ਦੀ ਹੀ ਕ੍ਰਿਪਾ ਨਾਲ ਜਿੱਤੇ ਹਨ'। ਇਸ ਤੇ ਵੀ ਸਪਸ਼ਟ ਹੈ ਕਿ ਜੇ ਦੇਵੀ ਪ੍ਰਗਟੀ ਸੀ ਤਾਂ ਦੇਵੀ ਤੇ ਉਸ ਦੇ ਪ੍ਰਗਟਾਉਣ ਵਾਲੇ

*ਸਿੱਖਾਂ ਨੂੰ ਛੱਤ੍ਰੀ ਧਰਮ ਵਾਲੇ ਹੋਣ ਕਰਕੇ ਛੱਤ੍ਰੀ ਕਹਿ ਰਿਹਾ ਹੈ।

Sri Satguru Jagjit Singh Ji eLlibrary NamdhariElibrary@gmail.com

ਹੋਤਾ ਦੀ ਪ੍ਰਸ਼ੰਸ਼ਾ ਦਾ ਇਹ ਵੇਲਾ ਸੀ ਨਾ ਕਿ ਤ੍ਰਿਸਕਾਰ ਦਾ ਤੇ ਸਿੱਖਾਂ ਦੀ ਬੀਰ ਰਸੀ ਕਰਨੀ ਦੀ ਪ੍ਰਸ਼ੰਸ਼ਾ ਦਾ ? ਸਗੋਂ ਇਥੋਂ ਤਾਂ ਇਹੋ ਸਿੱਧ ਹੁੰਦਾ ਹੈ ਕਿ ਗੁਰੂ ਜੀ ਉਹੋ ਆਪਣਾ ਅਸੂਲ ਪ੍ਰਤਿਪਾਦਨ ਕਰ ਰਹੇ ਹਨ ਕਿ ਸ਼ਸਤ੍ਰ ਤੇ ਸ਼ਸਤ੍ਰਧਾਰੀ (ਜੋ ਅੰਦਰੋਂ ਨਾਮ ਰੰਗ ਨਾਲ ਰੱਤਾ ਹੈ) ਦੁਇ ਹੀ ਦੇਵੀ ਤੇ ਦੇਵਗਣ ਹਨ। ਬੀਰਰਸੀ ਪਹਿਲੂ ਤੇ ਅੱਗੇ ਦਾਨ ਦੇ ਅਧਿਕਾਰੀ ਤੇ ਜਿਨ੍ਹਾਂ ਨੂੰ ਦਾਨ ਦਿੱਤਾ ਅਗੋ ਫਲਦਾ ਹੈ ਸਿੱਖਾਂ ਨੂੰ ਵਰਨਨ ਕੀਤਾ ਹੈ। ਇਹ ਸਪਸ਼ਟ ਬ੍ਰਹਮਣ ਦਾ ਨਿਰਾਦਰ ਹੋ ਗਿਆ ਹੈ। ਅੰਤ ਦੇ ਦੋਹਿਰੇ ਵਿਚ ਸਾਫ ਦੱਸਦੇ ਹਨ ਕਿ ਮਿਸਰ ਜੀ ਕ੍ਰੋਧਾਤੁਰ ਹੋਕੇ ਖਿਜੇ ਤੇ ਰੋਜ਼ੀ ਦੇ ਮਾਰੇ ਜਾਣ ਦੇ ਖਿਆਲ ਵਿਚ ਪੈਕੇ ਰੋ ਪਏ। ਇਹ ਦਸ਼ਾ ਕਦੇ ਉਸ ਹੋਤਾ ਦੀ ਹੋ ਸਕਦੀ ਹੈ ਕਿ ਜਿਸਦੇ ਇਸ਼ਟ ਨਾਲ ਜਨਮਾਂਤ ਇਕ ਇਸ਼ਟ ਹੋਵੇ ਅਰ ਜਿਸ ਹੋਤਾ ਦੇ ਹੋਮ ਨਾਲ ਦੇਵਤਾ ਪ੍ਰਗਟ ਹੋ ਗਿਆ ਹੋਵੇ ?

(ੲ) ਤੀਜੀ ਉਗਾਹੀ ਬਾਹਰਲੀ ਹੈ, ਇਹ ਸ਼ੁਰੂ ੧੭੫੬ ਸੰਮਤ* ਦੀ ਹੈ। ਉਹ ਐਲਾਨ ਜੋ ਗੁਰੂ ਜੀ ਨੇ ਅੰਮ੍ਰਿਤ ਸਮੇਂ ਦਿੱਤਾ ਤੇ ਜਿਸ ਦਾ ਫਾਰਸੀ ਵਿਚ ਵੇਰਵਾ ਔਰੰਗਜ਼ੇਬ ਦੇ ਅਖਬਾਰ ਨਵੀਸ ਨੇ ਔਰੰਗਜ਼ੇਬ ਨੂੰ ਘੱਲਿਆ ਜੋ ਪਿੱਛੇ ਪੰਨਾ ੪੯੯੮ ਪਰ ਤਰਜਮੇ ਸਮੇਤ ਆ ਚੁਕਾ ਹੈ*। ਉਸ ਵਿਚ ਗੁਰੂ ਜੀ ਦਾ ਗੰਗਾ ਆਦਿ ਤੀਰਥਾਂ ਤੋਂ ਹੋੜਨਾ, ਪੌਰਾਣਾਂ ਆਦਿਕਾਂ ਤੋਂ ਛੁਡੌਣਾ ਤੇ ਰਾਮ ਕ੍ਰਿਸ਼ਨ ਅਵਤਾਰਾਂ ਤੇ ਦੇਵੀ ਦੀ ਪੂਜਾ ਤੋਂ ਵਰਜਨਾ ਸਾਰ ਹੈ ਕਿ ਕੋਈ ਦੇਵੀ ਨਹੀਂ ਪੂਜੀ ਗਈ ਕਿਉਂਕਿ ਜੇ ਕਿਸੇ ਹਿੰਦੂ ਦੇਵਤਾ ਨੇ ਪ੍ਰਤੱਖ ਹੋਕੇ ਜ਼ਾਹਿਰੀ ਕਰਾਮਾਤ ਵਿਖਾਈ ਸੀ ਤੇ ਹਵਨ ਜੈਸੀ ਵਿਧੀ ਕਾਮਯਾਬ ਹੋਈ ਸੀ, ਕ੍ਰਿਪਾਨ ਆਦਿ ਪਦਾਰਥ ਤੇ ਵਰ ਮਿਲੇ ਸਨ ਤਾਂ ਪੌਰਾਣਕ ਤ੍ਰੀਕਿਆਂ ਨਾਲ ਜੋੜ ਤੇ ਸੰਮਤੀ ਦੱਸੀ ਜਾਂਦੀ ਤੇ ਬ੍ਰਹਮਣ ਤੇ ਉਨ੍ਹਾਂ ਦੇ ਸਨਮਾਨ ਦੇ ਉਪਦੇਸ਼ ਹੁੰਦੇ, ਨਾਕਿ ਹੁਕਮ ਹੁੰਦਾ ਕਿ ਸਿਵਾਇ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਗੱਦੀ ਨਸ਼ੀਨ ਗੁਰੂ ਸਾਹਿਬਾਂ ਦੇ ਕਿਸੇ ਹੋਰ ਨੂੰ ਨਾਂ ਮੰਨੋ ਅਤੇ ਜ਼ਾਤ ਪਾਤ ਤੋੜਕੇ ਇਕ ਭਾਈ ਹੋ ਜਾਓ। ਅਰਥਾਤ ਹਿੰਦੂ ਮਤ ਦੀ ਰੀੜ੍ਹ ਦੀ ਹੱਡੀ—ਵਰਨਾਸ਼੍ਰਮ—ਨਾਲੋਂ ਟੁੱਟ ਜਾਓ। ਖਾਲਸਾ ਸਾਜਣਾ ਤੇ ਇਨ੍ਹਾਂ ਅਸੂਲਾਂ ਤੇ ਸਾਜਣਾ ਜਿਸਦਾ ਲਿਖਤੀ ਸਿੱਧਾਂਤ ਬਾਹਰ ਦੀ ਗਵਾਹੀ ਤੋਂ ਬੀ ਇਹੀ ਪਿਆ ਮਿਲਦਾ ਹੈ ਕਿ 'ਸ਼ਾਕਤਿਕ ਮਤ ਦੀ ਦੇਵੀ ਨੂੰ ਇਸ਼ਟ ਮੰਨਕੇ ਅਰਾਧਨਾ ਤੇ ਦੇਵੀ ਦਾ ਵਰ ਦੇਣਾ' ਐਸੀ ਗਲ ਕੋਈ ਨਹੀਂ ਹੋਈ।

(ਸ) ਇਸ ਸਬੂਤ ਵਿਚ ਚੌਥੀ ਗਵਾਹੀ ਇਹ ਮਿਲਦੀ ਹੈ ਕਿ ਰਹਿਤ ਨਾਮੇ ਆਦਿਕ ਜੋ ਦੇਵੀ ਪ੍ਰਗਟ ਦੇ ਦੱਸੇ ਜਾ ਰਹੇ ਸੰਮਤਾਂ ਤੋਂ ਮਗਰੋਂ ਦੇ ਲਿਖੇ ਗਏ ਹਨ, ਆਪਣੇ ਵਿਚ ਸਫੁਟ ਹੁਕਮ ਰਖਦੇ ਹਨ ਜੋ ਦੇਵੀ ਦੀ ਮਾਨਤਾ ਦੇ ਵਿਰੁੱਧ ਹਨ। ਜੇ ਕਦੇ ਦੇਵੀ ਪੂਜਾ ਪ੍ਰਗਟਾਈ ਹੁੰਦੀ ਤਾਂ ਇਹ ਸੱਜਣ ਮਾਨਤਾ ਦੇ ਵਾਕ ਤੇ ਹਦਾਯਤਾਂ ਲਿਖਦੇ, ਵਿਰੋਧਤਾ ਦੇ ਵਾਕ ਕਦੇ ਨਾਂ ਲਿਖਦੇ। ਵੰਨਗੀ ਮਾਤ੍ਰ ਪ੍ਰਮਾਣ ਇਉਂ ਹਨ:—

*੧੭੫੫ ਦੇ ਹਾੜ ਵਿਚ ਆਖਿਆ 'ਪਾਇ ਗਹੇ' ਤੇ ੧੭੫੬ ਦੇ ਸ਼ੁਰੂ ਵਿਚ ਦਿੱਤਾ ਇਹ ਐਲਾਨ ਇਕ ਭਾਵ ਦੇ ਹਨ। ਗੋਯਾ ੧੭੫੫ ਦੇ ਹਾੜ ਤੇ ੧੭੫੬ ਦੀ ਵੈਸਾਖੀ ਵਿਚ ਗੁਰੂ ਜੀ ਦਾ ਖਿਆਲ ਲਗਾਤਾਰ ਇਕੋ ਹੀ ਸਾਬਤ ਹੋ ਰਿਹਾ ਹੈ।

Sri Satguru Jagjit Singh Ji eLlibrary NamdhariElibrary@gmail.com

੧. ਰਹਿਤਨਾਮਾ ਚੌਪਾ ਸਿੰਘ ਜੀ:—

"ਗੁਰੂ ਕਾ ਸਿੱਖ ਗੋਰ, ਮੜ੍ਹੀ, ਮਸੀਤ, ਮੁੱਲਾਂ, ਕਾਜ਼ੀ, ਬ੍ਰਾਹਮਣ ਆਦਿਕ ਨੂੰ ਨਹੀਂ ਮੰਨੇ।"

੨. ਰਹਿਤਨਾਮਾ ਭਾਈ ਦਯਾ ਸਿੰਘ ਜੀ:—

"ਗੁਰੂ ਕਾ ਸਿੱਖ, ਮਟ, ਬੁੱਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੀਰ, ਬ੍ਰਾਹਮਣ ਪੁੱਛਣਾ, ਤਰਪਨ, ਗਾਯਤ੍ਰੀ ਕਿਤੇ ਵਲ ਚਿਤ ਦੇਵੈ ਨਾਹੀ"।

੩. ਰਹਿਤਨਾਮਾ ਭਾਈ ਪ੍ਰਹਲਾਦ ਸਿੰਘ ਜੀ:—

"ਅਕਾਲ ਪੁਰਖ ਕੋ ਛਾਡ ਕਰਿ ਭਜੇ ਦੇਵ ਕੁਈ ਔਰ। ਜਨਮ ਜਨਮ ਭ੍ਰਮਤਾ ਫਿਰੇ ਲਹੈ ਨ ਸੁਖ ਕੀ ਠੌਰ ॥੧੬॥ ਮੜ੍ਹੀ ਗੋਰ ਦੇਵਲ ਜੋ ਮਾਨੇ। ਪਰ ਪੰਥਨ ਕੋ ਊਚ ਬਖਾਨੈ। ਸੋ ਸਾਕਤ ਗੁਰ ਕਾ ਸਿਖ ਨਾਹੀਂ। ਵਾਸ ਪਿਓ ਜਮ ਕੰਕਰ ਪਾਹੀ ॥੨੨॥ ਬਾਝ ਗੁਰੂ ਸਿੱਖਨ ਕੀ ਸੇਵਾ। ਮਿਥਿਆ ਮਾਨੇ ਸੁਰ ਨਰ ਦੇਵਾ। ਲੇਣਾ ਦੇਣਾ ਖਾਲਸੇ ਆਨ ਦੇਵ ਸਭ ਝੂਠ। ਅਉਰ ਦੇਵ ਇਉਂ ਮਾਨੀਏ ਜਿਓ ਬਾਰੂ ਕੀ ਮੂਠ" ॥ ੨੯ ॥

੪. ਪ੍ਰੇਮ ਸੁਮਾਰਗ (੧੮੮੦ ਬਿ:):—

"ਮਠ, ਮੜ੍ਹੀ, ਬੁਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੀਰ, ਪੁਰਖ, ਬ੍ਰਾਹਮਣ ਪੁੱਛਣਾ, ਤਰਪਨ ਕਰਨਾ, ਗਾਯਤ੍ਰੀ, ਸ੍ਰਾਧ, ਹੋਰਤ ਕਿਤੇ ਵਲ ਦੇਖੇ ਨਾਹੀ"। [ਧਿਆ ੨

ਪੁਨਾ:—"ਦੇਵੀ ਦੇਵਤੇ ਦੇ ਇਸ਼ਟ ਪ੍ਰਸ਼ਾਦ ਨਾ ਖਾਵੈ"।

੫. ਮੁਕਤਨਾਮਾ—"ਤਜੇ ਸੀਤਲਾ ਭੇਰ"। ਪੁਨਾ:—"ਮੇਰਾ ਸਿਖ ਸੀਤਲਾ ਨਾ ਮਾਨੈ"।

ਏਹ ਸਾਰੇ ਪ੍ਰਮਾਣ ਵੀ ਦਲੀਲ ਇਸੇ ਗੱਲ ਦੀ ਹਨ ਕਿ ਦੇਵੀ ਗੁਰੂ ਜੀ ਦਾ ਇਸ਼ਟ ਪੂਜਨ ਕਦੇ ਨਹੀਂ ਸੀ ਤੇ ਨਾਹੀ ਇਹ ਜਾਣ ਕੇ ਅਰਾਧੀ ਤੇ ਪ੍ਰਗਟਾਈ ਗਈ ਹੈ।

ਇਤਿ ॥

Sri Satguru Jagjit Singh Ji eLlibrary NamdhariElibrary@gmail.com

੧੩. [ਪਹਾੜੀ ਰਾਜਿਆਂ ਨੂੰ ਉਪਦੇਸ਼]।

ਦੋਹਰਾ॥ਭੈਰਵ ਸ਼ਬਦ ਉਤੰਗ ਤੇ ਅਰੁ ਹੋਵਨਿ ਭੁਵਚਾਲ।ਸੈਲਪਤੀ ਸਭਿਹੂੰ ਲਖ੍ਯੋ ਬਿਦਤਨਿ ਕਾਲੀ ਕਾਲ ॥੧॥ ਚੌਪਈ॥ ਬਹੁਰ ਸੁਨਯੋਂ ਬਰ ਲੇ ਗੁਰ ਆਏ।ਅਦਭੁਤ ਲਖਿ ਕਰਿ ਉਰ ਬਿਸਮਾਏ।ਭੀਮਚੰਦ ਤੇ ਆਦਿਕ ਜੇਈ।ਦਰਸ਼ਨ ਕਰਿਬੇ ਚਾਹਤਿ ਸੋਈ॥੨॥ਪਠਿ ਪਠਿ ਕਰਿ ਬਹੁ ਬਿਧਿ ਉਪਹਾਰ। ਆਇ ਪਹੂਚੇ ਗੁਰ ਦਰਬਾਰ। ਸਭਾ ਸਥਾਨ ਬਿਸਾਲ ਸੁਹਾਵਾ। ਅਨਿਕ ਰੰਗ ਕੋ ਫਰਸ਼ ਡਸਾਵਾ ॥ ੩ ॥ ਥੀਰ ਸਿੰਘਾਸਨ ਸਤਿਗੁਰ ਕੇਰਾ। ਸੁਭਟ ਸਿੱਖ ਬੈਠੇ ਚਹੁ ਫੇਰਾ।ਚੇਤੇ ਆਦਿਕ ਬਡੇ ਮਸੰਦ। ਥੂਲ ਦੇਹਿ ਅਰੁ ਧਨੀ ਬਿਲੰਦ ॥੪॥ ਕਵਿ ਗੁਨ ਜਨ ਸੋਂ ਸਭਾ ਸਪੂਰਨ। ਬੈਠੇ ਸ਼ੋਭਤਿ ਹੈਂ ਬਿਧਿ ਰੂਰਨ।ਭੀਮਚੰਦ ਤੇ ਆਦਿਕ ਰਾਜੇ।ਪਹੁਚੇ ਪ੍ਰਭੁ ਮਿਲਿਨਿ ਕੇ ਕਾਜੇ ॥੫॥ਰਿਦੇ ਰਾਜ ਮਦ ਧਰੇ ਬਿਸਾਲਾ। ਸ਼ਸਤ੍ਰ ਬਿਭੂਖਨ ਜੁਤਿ ਭਟ ਜਾਲਾ। ਕਰ ਬੰਦੇ ਬੰਦਨ ਕਹੁ ਕਰੀ। ਧਨ ਕੀ ਭੇਟ ਅੱਗ੍ਰ ਕਰਿ ਧਰੀ ॥ ੬ ॥ ਆਇਸੁ ਲੇ ਬੈਠੇ ਗੁਰ ਤੀਰ। ਖੜਗ ਸਿਪਰ ਕਹੁ ਧਰੇ ਸਰੀਰ। ਦੇਵੀ ਬਿਦਤਨਿ ਤੇ ਬਿਸਮਾਏ। ਸਭਾ ਮਝਾਰ ਥਿਰੇ ਸਮੁਦਾਏ॥7॥ਲਾਲ ਗੁਲਾਲ ਗਾਤ੍ਰ ਕੋ ਰੰਗ। ਖੜਗ ਬਿਸਾਲ ਕਸੇ ਕਟ ਸੰਗ। ਤੀਖਨ ਤੀਰਨਿ ਭਰਯੋ ਨਿਖੰਗ। ਧਨੁਖ ਦਰਾਜ਼ ਨਿਠੁਰ ਬਰ ਅੰਗ॥ ੮ ॥ ਢੁਰਤਿ ਚਮਰ ਸੁੰਦਰ ਬਹੁ ਬਾਰੀ। ਝੂਲਤਿ ਕਲਗੀ ਅਤਿ ਛਬਿ ਵਾਰੀ।ਬਸਤ੍ਰ ਸ਼ਸਤ੍ਰ ਬਹੁ ਮੋਲ ਬਿਭੂਖਨ। ਸੁਭਹਿ ਸਿੰਘਾਸਨ ਪਰ ਬਿਨ ਦੂਖਨ॥ ੯ ॥ ਕੁਸ਼ਲ ਪ੍ਰਸ਼ਨ ਰਾਜਨ ਸਨ ਕੀਨਾ।ਹਾਥ ਜੋਰਿ ਸਭਿਹਿਨਿ ਭਨਿ ਦੀਨਾ।'ਮਹਾਰਾਜ! ਦੇਵੀ ਬਿਦਤਾਈ। ਤੁਮਰੇ ਬਿਨ ਕਰਿ ਕੌਨ ਸਕਾਈ ॥ ੧੦ ॥ ਦਰਸ਼ਨ ਕਰਿ ਬਾਂਛਤਿ ਬਰ ਲੀਨਾ।ਭੀਮ ਭੁੰਚਾਲ ਆਦਿ ਸਭਿ ਚੀਨਾ। ਤੁਰਕ ਤੇਜ ਤਪ-ਤਯੋ ਜਗ ਭਾਰੀ। ਬਿਨ ਰਾਵਰਿ ਕੋ ਕਰਿ ਨਿਰਵਾਰੀ[2]? ॥ ੧੧ ॥ ਨਿਏ ਮਨੋਰਥ ਪੰਥ ਕਰਨਿ ਕੋ।ਸਫਲਹਿ ਜਬਿ ਦਿਹੁ ਰਾਜ ਧਰਨਿ ਕੌ'।ਇੱਤਯਾਦਿਕ ਗਿਰਨਾਥ ਉਚਾਰੇ। ਸੁਨਿ ਗੁਰ ਭਏ ਪ੍ਰਸੰਨ ਉਦਾਰੇ ॥ ੧੨॥ਦੋਹਰਾ॥ 'ਸਿੱਖੀ ਗੁਰ ਕੀ ਗ੍ਰਹਨ ਤੁਮ ਕਰਹੁ ਸਕਲ ਮਿਲਿ ਆਪ। ਪਾਹੁਲ ਖੰਡੇ ਕੀ ਲਵੋ ਵਧਿ ਹੈ ਅਧਿਕ ਪ੍ਰਤਾਪ ॥੧੩॥ਚੌਪਈ॥ ਅਵਨੀ ਘਨੀ ਰਾਜ ਲੈ ਦੇਹੀਂ। ਅਪਰ ਨ੍ਰਿਪਤ ਸਭਿ ਸੇਵ ਕਰੇਹੀਂ। ਦਿਨ ਪ੍ਰਤਿ ਐਸ਼੍ਵਰਜ ਵਧਹਿ

[1]ਰਾਜਿਆਂ ਨਾਲ। [2]ਕੌਣ ਦੂਰ ਕਰੇ।

Sri Satguru Jagjit Singh Ji eLlibrary NamdhariElibrary@gmail.com

ਬਿਸਾਲਾ। ਕਰਹੁ ਸਦਾ ਧ੍ਰਮ ਕੀ ਪ੍ਰਤਿਪਾਲਾ' ॥੧੪॥ ਸੁਨ ਰਾਜਨਿ ਮਿਲਿ ਕਿਯਸਿ ਬਿਚਾਰਾ। ਏਕ ਮਤੇ ਕਰਿ ਸਭਿਨਿ ਉਚਾਰਾ। 'ਲਾਂਗ,ਉਪਵੀਤ, ਸਿਖਾ ਦਿਹੁ ਰਹਿਨੀ[1] । ਅਪਰ ਸਰਬ ਮਾਨਹਿਂ ਤੁਮ ਕਹਿਨੀ ॥ ੧੫ ॥ ਇਹ ਹਿੰਦੂ ਕੋ ਧਰਮ ਬਡੇਰਾ। ਸਰਹਿ ਨਹੀਂ ਇਸ ਬਿਨ ਕਿਸ ਬੇਰਾ*। ਪਾਤਕ[2] ਬਿਖੈ ਭੱਦ੍ਰ[3] ਭੀ ਕਰਨਾ।ਤਰਪਨਿ ਆਦਿ ਜਨੇਊ ਬਰਨਾ[4] ॥੧੬॥ ਜੇ ਨਹਿ ਧਰਹਿਂ ਧਰਮ ਨਹਿਂ ਰਹੈ। ਕਰਿ ਉਪਹਾਸ[5] ਅਪਰ ਨਰ ਕਹੈਂ। ਜਗਤ ਕਾਨ ਨਹਿ ਰਹੈ ਹਮਾਰੀ। ਜਿਸਕੇ ਬਰਤਹਿਂ ਹੁਇ ਅਨੁਸਾਰੀ ॥ ੧੭ ॥ ਪਾਹੁਲ ਦੇਹੁ ਆਪ ਕੀ ਜੋਊ। ਬਨਹਿਂ ਸਿੱਖ ਤੁਮਰੇ ਸਭਿ ਕੋਊ। ਰਾਵਰਿ ਰੀਤਿ ਬਤਾਵਹੁ ਜੈਸੇ। ਅੰਗੀਕਾਰ ਕਰਹਿਂ ਸਭਿ ਤੈਸੇ' ॥ ੧੮ ॥ ਕਲਗ਼ੀਧਰ ਬਿਗਸੇ ਸੁਨਿ ਬੈਨਾ।ਬੋਲੇ ਕ੍ਰਿਪਾ ਭਿਗੋਏ ਨੈਨਾ।'ਖਟ ਦਰਸ਼ਨ ਤੇ ਆਦਿਕ ਅਪਰੇ[6]। ਦੇਤਿ ਚਿੰਨ੍ਹ ਨਿਜ ਰੰਗਤਿ ਕਪਰੇ[7] ॥ ੧੯ ॥ ਪੂਰਬਲੇ ਬ੍ਰਹਮੇ ਕੀ ਕਾਨ[8]। ਸਕਲ ਮਿਟਾਇ ਦੇਤਿ ਮਤਿ ਆਨ[9]। ਹਮ ਤੇ ਤੁਮ ਕੋ ਰੀਤਿ ਭਲੇਰੀ। ਦੇਤੇ ਹੈਂ, ਸਭਿ ਲੇ ਤਿਨਿ ਹੇਰੀ ॥ ੨੦ ॥ ਜੋ ਸਰੂਪ ਪਰਮੇਸ਼ੁਰ ਦੀਨਸਿ। ਰਾਖਹੁ ਕੇਸ਼ ਮੁਹਰ ਗੁਰ ਕੀਨਸਿ[10]। ਖੜਗ ਜਨੇਊ ਹਿਤ ਇਸ ਲੋਗ[11]।ਹਨਹੁ ਦੁਸ਼ਟ ਭੋਗਹੁ ਛਿਤ ਭੋਗ॥ ੨੧ ॥ ਹਿਤ ਪ੍ਰਲੋਕ ਕੋ ਗਯਾਨ ਜਨੇਊ। ਪਹਿਰਹੁ ਪਾਇ ਸਰਬ ਸੁਖ ਜੋਊ। ਸਿੰਘਨਾਮ ਧਰਵਾਇ ਸਪ੍ਰੀਤੀ। ਪਹਿਰਹੁ ਕਾਛ ਸੁ ਪੂਰਬ ਰੀਤੀ ॥ ੨੨ ॥ ਦੈ ਹਜ਼ਾਰ ਸੰਮਤਿ ਬਿਤ ਗਯੋ।ਤਬਿ ਇਕ ਨੰਦ ਨ੍ਰਿਪਤਿ ਜਗ ਭਯੋ।ਤਿਨ ਬਿੱਪ੍ਰਨ ਤੇ ਭੈ ਕੁਛ ਮਾਨਾ।-ਬਰਨੀ ਕਰਹਿ ਮੰਤ੍ਰ ਪਢਿ ਨਾਨਾ[12]॥੨੩॥ਕਾਰਜ ਸਿੱਧ ਲੋਭਿ ਕਰਿ ਸੋਇ।ਮੋਹਿ ਬਿਗਾਰੈਂ ਅਸ ਨਹਿ ਹੋਇ[13]।ਬਰਨੀ ਕਰਹਿ ਰਾਜ ਉਲਟਾਵੈਂ।ਰਿਪੁ ਦਿਸ਼ਿ ਹੁਇ ਜਬਿ ਧਨ ਕਛੁ ਪਾਵੈਂ[14]-॥੨੪॥ਇਮ ਬਿਚਾਰ

[1]ਧੋਤੀ ਦੇ ਲਾਂਗੜ, ਜੈਊ ਤੇ ਬੋਦੀ (ਇਹ) ਰਹਿਣ ਦਿਓ। [2]ਮਰਨੇ। [3]ਸੀਸ ਆਦਿਕ ਮੁਨਾਵਣਾ। [4]ਤਰਪਨ ਆਦਿ ਕ੍ਰਿਯਾ ਲਈ ਜਨੇਊ (ਜ਼ਰੂਰੀ) ਕਿਹਾ ਹੈ (ਸ਼ਾਸਤ੍ਰ ਵਿੱਚ)। [5]ਮਖੌਲ। [6]ਖਟ ਦਰਸ਼ਨ ਵਾਲੇ ਤੇ ਹੋਰ (ਮਤਾਂ ਦੇ ਸਾਧੂ)। [7]ਆਪਣਾ ਚਿੰਨ੍ਹ ਤੇ ਰੰਗੇ ਹੋਏ ਕਪੜੇ ਦੇਂਦੇ ਹਨ। [8]ਪਹਿਲੀ ਬ੍ਰਹਮੇ ਦੀ ਕਾਣ (ਜਨੇਊ ਬੋਦੀ ਆਦਿ)। [9]ਹੋਰ ਮਤਾਂ ਵਾਲੇ। [10]ਮੋਹਰ ਛਾਪ ਲਾਈ ਹੈ ਭਾਵ ਵਾਹਿਗੁਰੂ ਦੀ ਦਾਤ ਨੂੰ ਹੀ ਮੁਹਰ ਬਨਾਯਾ ਹੈ। [11]ਖੜਗ ਰੂਪੀ ਜਨੇਊ (ਦਿੱਤਾ ਹੈ) ਇਸ ਲੋਕ ਵਿਚ (ਭਲੇ ਲਈ)। [12]ਕਿ ਨਾਨਾ ਮੰਤ੍ਰ ਪੜ੍ਹ ਕਰਕੇ ਬਰਨੀ ਕਰਦੇ ਹਨ (ਬ੍ਰਾਹਮਨ)। [13]ਕਿਤੇ ਐਸਾ ਨਾ ਹੋਵੇ ਕਿ ਮੇਰਾ ਕੁਛ ਵਿਗਾੜ ਕਰ ਦੇਣ (ਬ੍ਰਾਹਮਨ)। [14]ਭਾਵ,ਮਤਾਂ ਧਨ ਲੈਕੇ ਵੈਰੀ ਨਾਲ ਰਲ ਜਾਣ ਤੇ ਬਰਨੀ ਕਰਕੇ ਮੇਰਾ ਰਾਜ ਉਲਟਾ ਦੇਣ। *ਪਾ:-ਕੇਰਾ।

Sri Satguru Jagjit Singh Ji eLlibrary NamdhariElibrary@gmail.com

ਤਿਨ ਬਿੱਪ੍ਰ ਬੁਲਾਇ। ਕਛੁ ਧਨ ਦੇ ਕਰਿ ਸਿਰ ਮੁੰਡਵਾਏ। ਪੁਨ ਸ਼ਲੋਕ ਤਿਸ ਬਿਧਿ ਕੇ ਕਰੇ ।ਧਰਮ ਸ਼ਾਸਤ੍ਰਨਿ ਮੈਂ ਲੇ ਧਰੇ॥੨੫॥ਜਹਿਂ ਕਹਿਂ ਸਿਰ ਮੁੰਡਵਾਵਨਿ ਲਾਗੇ। ਰੀਤਿ ਬਿਪਰਜੈ ਇਮ ਭੀ ਆਗੇ। ਐਸੇ ਭਰਮ ਤਜਹੁ, ਰਖਿ ਕੇਸ਼*।ਪਹਿਰਹੁ ਕਾਛ ਸੁਭਟ ਬਰ ਬੇਸ॥੨੬॥ਜੋ ਅਸ ਨੀਕੋ ਬੇਖ ਨ

*ਇਹ ਗਲ ਨਿਰਵਿਵਾਦ ਸੱਚ ਹੈ ਕਿ ਕੇਸ਼ ਮਨੁੱਖ ਦੇ ਸਿਰ ਤੇ ਆਦਿ ਕਾਲ ਤੋਂ ਹਨ। ਹਰ ਮੁਲਕ ਵਿਚ,ਹਰ ਕੌਮ ਤੇ ਹਰ ਨਸਲ ਦੇ ਸਿਰ ਤੇ ਹਨ, ਸੰਸਾਰ ਭਰ ਦਾ ਸਾਹਿਤ੍ਯ ਦੱਸਦਾ ਹੈ ਕਿ ਧਾਰਮਕ ਭਾਵਾਂ ਵਾਲੇ ਮਨੁਖ ਖਾਸ ਕਰਕੇ ਤੇ ਆਮ ਲੋਕੀਂ ਆਮ ਕਰਕੇ ਕੇਸ਼ਾਂ ਨੂੰ ਬੜੀ ਗੌਰਵਤਾ ਦੀ ਚੀਜ਼ ਸਮਝਦੇ ਤੇ ਮੰਨਦੇ ਚਲੇ ਆ ਰਹੇ ਹਨ।

ਸੰਸਾਰ ਦੇ ਇਤਿਹਾਸ ਵਿਚ ਸਭ ਤੋਂ ਪੁਰਾਣੀ ਪੁਸਤਕ ਜੋ ਇਸ ਵੇਲੇ ਤਕ ਮਿਲੀ ਹੈ ਉਹ ਰਿਗ ਵੇਦ ਹੈ, ਹਿੰਦੂ ਤੇ ਆਰੀਆ ਸਮਾਜੀ ਇਸ ਨੂੰ ਅਕਾਸ਼ ਬਾਣੀ ਮੰਨਦੇ ਹਨ, ਰਿਗ ਵੇਦ ਮੰਡਲ ੮ ਸੂਕਤ ੧੭ ਦੇ ਵਿਚ ਦੂਜਾ ਮੰਤਰ ਇਹ ਹੈ:—

ਆਤ੍ਵਾ ਬ੍ਰਹਮਯੁਜਾ ਹਰੀ ਵਹਤਾਮਿੰਦ੍ਰ ਕੇਸ਼ਿਨਾ। ਉਪ ਬ੍ਰਹਮਾਣਿ ਨ: ਸ਼੍ਰਿਣੁ।

ਅਰਥ—( ਇੰਦ੍ਰ ) ਪ੍ਰਮਾਤਮਾ (ਕੇਸ਼ਿਨਾ) ਕੇਸ਼ਾਂ ਵਾਲੇ (ਬ੍ਰਹਮਯੁਜਾ) ਬ੍ਰਹਮ ਵਿਚ ਅਭੇਦ ਹੋਣ ਵਾਲੇ (ਹਰੀ) ਆਤਮਾਂ ਤੇ ਮਨ ਦੋਵੇਂ (ਤ੍ਵਾ) ਆਪਨੂੰ (ਆ ਵਹਤਾਮ) ਪ੍ਰਾਪਤ ਕਰੇ।

ਇਸ ਮੰਤ੍ਰ ਵਿਚ ਪ੍ਰਮਾਤਮਾਂ ਨੂੰ ਕੇਸ਼ਾਂ ਵਾਲੇ ਕਹਿਕੇ ਪ੍ਰਾਰਥਨਾਂ ਕੀਤੀ ਹੈ। ਇਸੇ ਤਰ੍ਹਾਂ ਨਾਲ ਰਿਗ ਵੇਦ ਮੰਡਲ ੬ ਸੂਕਤ ੫੫ ਮੰਤਰ ੨ ਵਿਚ ਬ੍ਰਹਮਚਾਰੀਆਂ ਦਾ ਜਟਾ ਜੂਟ ਹੋਣਾ ਮੰਨਿਆਂ ਹੈ। ਰਿਗ ਮੰਡਲ ੧ ਸੂਕਤ ੧੧੪ ਮੰਤਰ ੫ ਵਿਚ ਬ੍ਰਹਮਚਾਰੀਆਂ ਦੇ ਕੇਸ਼ਾਂ ਵਾਲੇ ਹੋਣ ਦੀ ਪ੍ਰਸ਼ੰਸਾ ਕੀਤੀ ਗਈ ਹੈ। ਰਿਗਵੇਦ ਦੇ ਵਿਚ ਅਜੇਹੇ ਕਾਫੀ ਮੰਤ੍ਰ ਹਨ ਜਿਨ੍ਹਾਂ ਵਿਚ ਵੇਦਾਂ, ਵਿਦਵਾਨਾਂ,ਧਨੀਆਂ ਤੇ ਪ੍ਰਮਾਤਮਾਂ ਦੇ ਪਿਆਰਿਆਂ ਦੇ ਸਿਰ ਤੇ ਕੇਸ਼ ਹੋਣਾ ਮੰਨਿਆਂ ਹੈ।

ਯਜੁਰ ਵੇਦ ਅਧਯਾਯ ੧੯ ਮੰਤ੍ਰ ੯੨ ਐਉਂ ਹੈ:—

"ਅਤਮਨ੍ਨੁਪਸਥੇ ਨ ਵ੍ਰਿਕਸ੍ਯ ਲੋਮ ਮੁਖੇ ਸ਼ਮਸ਼੍ਰੂਣਿ ਨ ਵ੍ਯਾਘ੍ਰ ਲੋਮ।
ਕੇਸ਼ੋ ਨ ਸ਼ੀਰ੍ਸ਼ਨ੍ਯਸ਼ਸੇ ਸ਼੍ਰਿਯੈ ਸ਼ਿਖਾ ਸਿਗ੍ਹੰਸ੍ਯ ਲੋਮ ਤ੍ਵਿਸ਼ਿਰਿੰਦ੍ਰਯਾਣਿ"

ਇਸ ਮੰਤ੍ਰ ਵਿਚ ਦੱਸਿਆ ਹੈ ਕਿ ਜੇਹੜਾ ਆਦਮੀ ਸਿਰ ਤੇ ਕੇਸ਼ ਰੱਖਦਾ ਹੈ ਉਹ ਤੇਜ ਪ੍ਰਤਾਪ ਤੇ ਐਸ਼੍ਵਰਜਵਾਨ ਹੁੰਦਾ ਹੈ। ਯਜੁਰ ਵੇਦ ਅਧਯਾਯ ੨੦ ਮੰਤ੍ਰ ੫ ਵਿਚ ਕੇਸ਼ਾਂ ਤੇ ਦਾੜ੍ਹੇ ਨੂੰ ਨੂਰਾਨੀ ਦੱਸਿਆ ਗਿਆ ਹੈ। ਇਕ ਦਰਜਨ ਤੋਂ ਵਧੀਕ ਮੰਤ੍ਰ ਯਜੁਰ ਵੇਦ ਵਿਚ ਹਨ ਜਿਨ੍ਹਾਂ ਵਿੱਚ ਕੇਸ਼ਾਂ ਦੀ ਮਹਿੰਮਾ ਕੀਤੀ ਗਈ ਹੈ।

ਸ਼ਾਮ ਵੇਦ ਦੇ ਪ੍ਰਪਾਠਕ ੩ ਅਧਯਾਯ ੨ ਦਾ ਮੰਤ੍ਰ ੨ ਐਉਂ ਹੈ:—

"ਅਤਸ੍ਤ੍ਵਾ ਗੀਰ੍ਭਿਰ੍ਦ੍ਯੁਗਇੰਦ੍ਰ ਕੇਸ਼ਿਭਿ: ਸੁਤਾਵਾਂ ਆਵਿਵਾਸਤਿ॥"

ਇਹਦੇ ਵਿਚ ਜਿਨ੍ਹਾਂ ਰਿਤ੍ਵਿਜਾਂ ਦੀ ਪ੍ਰਾਰਥਨਾਂ ਕਬੂਲ ਹੁੰਦੀ ਹੈ ਉਨ੍ਹਾਂ ਦੇ ਸਿਰਾਂ ਤੇ ਕੇਸ਼ਾਂ ਦਾ ਹੋਣਾ ਲਿਖਿਆ ਹੈ।

ਅਥਰਵ ਵੇਦ ਵਿਚ ੨੪ ਦੇ ਕਰੀਬ ਅਜਿਹੇ ਮੰਤਰ ਹਨ ਜਿਨ੍ਹਾਂ ਵਿਚ ਵਾਹਿਗੁਰੂ

(ਬਾਕੀ [illegible] ਅਗਲੇ ਪੰਨੇ ਦੇ ਹੇਠਾਂ)

Sri Satguru Jagjit Singh Ji eLlibrary NamdhariElibrary@gmail.com

ਭਾਵੈ। ਤਬਿ ਕਰੀਅਹੁ ਜਸ ਤੁਮ ਮਨ ਭਾਵੈ। ਜੇ ਨਹਿੰ ਲੇਵਹੁ ਇਹੁ ਮਗ

[ਪਿਛਲੇ ਪੰਨੇ ਦੀ ਬਾਕੀ ਟੂਕ]
ਅਗੇ ਪ੍ਰਾਰਥਨਾਂ ਕੀਤੀ ਗਈ ਹੈ ਕਿ ਸਾਡੇ ਸਿਰ ਦੇ ਕੇਸ਼ ਲੰਮੇ ਤੇ ਅਨਭੂਰ ਹੋਣ; ਰਿਸ਼ੀਆਂ ਤੋਂ ਮੰਗ ਕੀਤੀ ਗਈ ਹੈ ਕਿ ਉਹ ਦਵਾਈਆਂ ਦੱਸੋ ਜਿਨ੍ਹਾਂ ਦੇ ਵਰਤਣ ਨਾਲ ਸਿਰ ਤੇ ਕੇਸ਼ ਸਰਕਟ ਘਾਸ ਵਾਂਗ ਵਧਣ* ।

ਉਪਨਿਖ਼ਦਾਂ ਵਿਚ ਵੀ ਕੇਸ਼ਾਂ ਦੀ ਬੇਅੰਤ ਮਹਿਮਾ ਕੀਤੀ ਗਈ ਹੈ, ਛਾਂਦੋਗਜ ਉਪਨਿਖ਼ਦ ਵਿਚ ਪ੍ਰਪਾਠਕ ੧ ਖੰਡ ੬ ਪ੍ਰਵਾਕ ੬ ਐਉਂ ਹੈ:-

"ਅਥ ਯਦੇਵੈਤਦਾਦਿਤ੍ਯਸ੍ਯ ਸ਼ੁਕ੍ਲੰ ਭ਼ਾ: ਸੈਵ ਸਾऽਥ ਯੰਨੀਲੰ ਪਰ: ਕ੍ਰਿਸ਼ਨੰ
ਤਦਮਸ੍ਤਸਾਮ । ਅਥ ਯ ਏਖੋऽਨ੍ਤਰਾਦਿਤ੍ਯੇ ਹਿਰਣ੍ਮਯ: ਪੁਰੁਸ਼ੋ ਦ੍ਰਿਸ਼੍ਯਤੇ
ਹਿਰਣ੍ਯ ਸ਼ਮਸ਼੍ਰੁਰ੍ਹਿਰਣ੍ਯਕੇਸ਼ ਆਪ੍ਰਣਖਾਤ੍ ਸਰ੍ਵ ਏਵ ਸੁਵਰ੍ਣ: ॥"

(ਅੰਤਰਾਦਿਤ੍ਯੇ) ਇਸ ਦ੍ਰਿਸ਼ਟਮਾਨ ਜਗਤ ਵਿਚ (ਹਿਰੰਣਮਯ:) ਨੂਰਾਨੀ (ਪੁਰੁਸ਼ੋ) ਪ੍ਰਮਾਤਮਾਂ (ਦ੍ਰਿਸ਼੍ਯਤੇ) ਦਿਖਾਈ ਦੇਂਦਾ ਹੈ (ਹਿਰਣ੍ਯਸ਼ਮਸ਼੍ਰੂ) ਜਿਸ ਦੀਆਂ ਦਾੜ੍ਹੀ ਤੇ ਮੁੱਛਾਂ ਸੁਨਹਿਰੀ ਰੰਗ ਦੀਆਂ ਹਨ ਤੇ (ਹਿਰਣ੍ਯਕੇਸ਼) ਸੁਨਹਿਰੀ ਰੰਗ ਦੇ ਕੇਸ਼ ਹਨ।

ਮਨੂੰਸਿਮ੍ਰਤੀ ੪-੮੩ ਵਿਚ ਕੇਸ਼ਾਂ ਤੋਂ ਫੜਨਾ ਵਰਜਤ ਦੱਸਿਆ ਹੈ। ੮-੨੮੩ ਵਿੱਚ ਲਿਖਿਆ ਹੈ ਕਿ ਕੇਸ਼ਾਂ ਤੋਂ ਫੜਨ ਵਾਲੇ ਦੇ ਦੋਨੋਂ ਹੱਥ ਬਿਨਾ ਕਿਸੇ ਵਿਚਾਰ ਦੇ ਕਟਵਾ ਦਿਤੇ ਜਾਣ। ੭-੯੧ ਵਿਚ ਸਿਪਾਹੀਆਂ ਦੇ ਕੇਸ਼ ਹੋਣੇ ਮੰਨਿਆ ਹੈ। ੬-੨ ਵਿਚ ਗ੍ਰਹਸਤੀਆਂ ਦਾ ਕੇਸ਼ਾਧਾਰੀ ਹੋਣਾ ਮੰਨਿਆ ਹੈ। ੬-੬ ਵਿਚ ਲਿਖਿਆ ਹੈ ਕਿ ਬਾਨਪ੍ਰਸਤੀ ਜ਼ਰੂਰੀ ਕੇਸ਼ ਰਖਣ। ਇਸੇਤਰ੍ਹਾਂ ਵੇਦ ਉਪਨਿਖ਼ਦਾਂ ਸਿਮ੍ਰਤੀਆਂ ਤੇ ਪੁਰਾਣਾਂ ਵਿਚ ਕੇਸ਼ਾਂ ਦਾ ਰਖਣਾ ਜ਼ਰੂਰੀ ਦੱਸਿਆ ਗਿਆ ਹੈ ਤੇ ਕੇਸ਼ਾਂ ਦਾ ਕਤਲ ਕਰਾਉਣਾ ਮੌਤ ਦੀ ਸਜ਼ਾ ਬਰਾਬਰ ਕਰਾਰ ਦਿੱਤਾ ਗਿਆ ਹੈ।

ਆਦਿ ਵੇਦ ਤਿੰਨ ਹਨ। ਮੰਨੂਸਿਮ੍ਰਤੀ ਤੇ ਗੀਤਾ ਵਿਚ ਵੇਦ ਤਿੰਨ ਦੱਸੇ ਹਨ, ਇਸੇ ਤਰ੍ਹਾਂ ਪੁਰਾਤਨ ਕਿਸੇ ਕਿਸੇ ਸ਼ਾਸਤ੍ਰ ਵਿਚ ਭੀ ਤਿੰਨ ਹੀ ਹਨ, ਤਿੰਨਾਂ ਵਿਚ ਕੇਸ਼ ਜਾਨ ਬਰਾਬਰ ਪ੍ਰਿਯ ਦੱਸੇ ਹਨ। ਅਥਰਵ ਵੇਦ ਬਹੁਤ ਪਿਛੋਂ ਦੀ ਸ਼ੈ ਹੈ। ਉਸ ਦੇ ਵਿਚ ਵੀ ਕੇਸਾਂ ਦੇ ਵਧਣ, ਪੱਕੇ ਹੋਣ, ਅਨਭੂਰ ਹੋਣ ਤੇ ਕਾਲੇ ਹੋਣ ਲਈ ਪ੍ਰਾਰਥਨਾਂ ਹਨ, ਪਰ ਇਸ ਵਿਚ ਕੇਵਲ ਇਕ ਮੰਤ੍ਰ ("ਯੇਨਾ ਵਪਤ੍ ਸਵਿਤਾ ਕ੍ਸੁਰੇਣ ਸੋਮਸ੍ਯ ਰਾਜ੍ਞੋ ਵਰੁਣਸ੍ਯ ਵਿਦ੍ਵਾਨ। ਤੇਨ ਬ੍ਰਹਮਾਣੋ ਵਪਤੇ
[ਬਾਕੀ ਟੂਕ ੨੬ ਅਗਲੇ ਪੰਨੇ ਦੇ ਹੇਠ

*ਵਿਸ਼ੇਸ਼ ਲਈ ਵੇਖੋ:-ਰਿਗ ੬-੫੫-੨, ੩੮-੪੧-੯, ੩-੪੫-੧, ੫-੭-੭, ੫-੮-੨, ੩-੧੪-੧, ੩-੧੭-੧, ੮-੧੪-੧, ੬-੧੫-੧, ੪੪-੧੬੪-੧, ੬-੨-੩, ਆਦਿਕ। ਯਜੁਰ-੨੫-੩, ੨੦-੧, ੧੬-੨੯, ੧੬-੬੯, ੧੬-੧੦, ੧੧-੫੬, ੧੬-੪੦, ੪੩, ੨੦-੫, ੨੦-੫੩, ਸ਼ਾਮ-੩-੨-੮-੨, ੧-੯-੧-੧੮ ਅਥਰਵ-੬-੧੩੭-੧, ੧੧-੫-੬, ੧੯-੩੨-੨, ੧੯-੬-੧, ੧-੨੮-੪, ੬-੯-੧, ੬-੧੩੬-੨, ੬-੧੩੭-੨, ੬-੧੩੭-੩, ੧੪-੨-੬੮, ੧੧-੮-੧੧, ੧੧-੮-੧੨ ਆਦਿ।

ਪਾਵਨ। ਹਮ ਤੇ ਨਿਸਰੇ ਪੰਥ ਚਲਾਵਨਿ ॥੨੭॥ ਦੋਹਰਾ॥ ਕਿਰਤ ਕਰਤਿ ਚਾਰਹੁੰ ਬਰਨ ਬਨਿ ਤੁਰਕਨ ਤੇ ਦੀਨ ॥ ਤਿਨ ਕੋ ਪਾਹੁਲ ਦੇਹਿ ਹਮ

[ਪਿਛਲੇ ਪੰਨੇ ਦੀ ਬਾਕੀ ਟੂਕ ਇਹ ਹੈ]
ਦਮਸਜ ਗੋਮਾਨਸ੍ਵਾਨਯਾਮਸ੍ ਪ੍ਰਜਾਵਾਨ"। [ਅਥਰਵ ਕਾਂਡ ੬ ਸੂਕਤ ੬੮ ਮੰ: ੩ ।]) ਆਯਾ ਹੈ, ਜਿਸ ਵਿਚ ਜ਼ਿਕਰ ਹੈ ਕਿ ਇਸ ਬਾਲ ਦੇ ਕੇਸ਼ ਸੋਮਰਾਜਾ ਵਾਂਙੂ ਮੁੰਨੋ।

'ਸੋਮ ਰਾਜ' ਬਾਬਤ ਜ਼ਿਕਰ ਹੈ (ਦੇਖੋ ਹਿੰਦੂ ਕਲਾਸੀਕਲ ਡਿਕਸ਼ਨਰੀ) ਕਿ ਉਸ ਨੇ ਬ੍ਰਹਸਪਤੀ ਦੀ ਤੀਵੀਂ ਕੱਢੀ ਸੀ, ਤਿਵੇਂ 'ਉਤਸਾ' ਨਾਮ ਦੇ ਬ੍ਰਹਮਨ ਦੀ ਭੱਦ੍ਰਾ ਨਾਮੇ ਤੀਵੀਂ ਵਰਨ ਦੇਵ ਨੇ ਕੱਢੀ ਸੀ। ਤਦੋਂ ਪ੍ਰਾਈ ਤੀਵੀਂ ਕੱਢਣ ਵਾਲੇ ਨੂੰ ਜੀਉਂਦਾ ਫੂਕਦੇ ਸਨ (ਦੇਖੋ ਮੰਨੂ ਅ: ੮, ਮੰ: ੩੭੨ ।):—ਪੁਮਾਂਸੰ ਦਾਹਯੇਤ੍ਪਾਪੰ ਸ਼ਯਨੇ ਤਪ੍ਤ ਆਯਸੇ। ਅਭ੍ਯਾਦਧ੍ਯੁਸ਼੍ ਕਾਸ਼੍ਠਾਨਿ ਤਤ੍ਰ ਦਹ੍ਯੇਤ ਪਾਪ ਕ੍ਰਿਤ" ਸੋ ਸੋਮਰਾਜ ਤੇ ਵਰਨਦੇਵ ਨੂੰ ਇਹ ਸਜ਼ਾ ਮਿਲਨੀ ਸੀ। ਬ੍ਰਹਮਣ ਹੋਣ ਕਰਕੇ ਕੇਸ ਕਤਲ ਦੀ ਸਜ਼ਾ ਮਿਲੀ ਕਿਉਂਕਿ ਬ੍ਰਹਮਣ ਨੂੰ ਫਾਂਸੀ ਦੀ ਥਾਵੇਂ ਇਹ ਸਜ਼ਾ ਮਿਲਦੀ ਸੀ। ਯਥਾ:—"ਮੌਣ੍ਡ੍ਯੰ ਪ੍ਰਾਣਾਂਤਿ ਕੋਦੰਡੋ ਬ੍ਰਾਹਮਣਸ੍ਯ ਵਿਧੀਯਤੇ। ਇਤਰੇਸ਼ਾਂਤੁ ਵਰ੍ਣਾਨਾਂ ਦੰਡ: ਪ੍ਰਾਣਾਂਤਿ ਕੋ ਭਵੇਤ੍" [ਅ: ੮ ਮੰ: ੩੭੯]। ਅਰਥਾਤ—ਬ੍ਰਾਹਮਣ ਦਾ ਸਿਰ ਮੁੰਨਣਾਂ ਹੀ ਉਸ ਦਾ ਕਤਲ ਕਰਨਾ ਮੰਨਿਆਂ ਹੈ, ਦੂਜੇ ਵਰਣਾਂ ਦਾ ਕਤਲ ਕਰਨਾ ਮਾਰਨਾ ਹੀ ਹੈ। ਸੋ ਅਥਰਵ ਵੇਦ ਵਿਚ ਜੋ ਪ੍ਰਮਾਣ ਆਯਾ ਹੈ ਇਨ੍ਹਾਂ ਅਪ੍ਰਾਧੀਆਂ ਦੇ ਅਪ੍ਰਾਧ ਵਿਚ ਕਟੇ ਗਏ ਕੇਸ਼ਾਂ ਦਾ ਪ੍ਰਮਾਣ ਹੈ।

ਜਾਪਦਾ ਹੈ ਕਿ ਇਕ ਤਾਂ ਇਸ ਪ੍ਰਕਾਰ ਸਜ਼ਾਵਾਂ ਵਿਚ ਕੇਸ਼ ਹੀਨ ਹੋਏ ਲੋਕਾਂ ਤੇ ਉਨ੍ਹਾਂ ਦੀ ਉਲਾਦ ਤੋਂ ਇਹ ਭੈੜੀ ਰਵਸ਼ ਟੁਰੀ, ਦੂਜਾ ਪਤਾ ਕਵੀ ਜੀ* ਨੇ ਦਿੱਤਾ ਹੈ। ਨੰਦ ਖਾਨਦਾਨ ਦਾ ਮਗਧ ਵਿਚ ਰਾਜ ਚੰਦ੍ਰ ਗੁਪਤ ਤੋਂ ਪਹਿਲੇ ਨੱਵੇ ਇਕਾਨਵੇਂ ਬਰਸ ਤਕ ਰਿਹਾ ਹੈ। ਇਨ੍ਹਾਂ ਨੰਦਾਂ ਦੀ ਹੀ ਸਮਾਪਤੀ ਤੇ ਚੰਦ੍ਰ ਗੁਪਤ ਮੋਰਯ ਨੇ ਰਾਜ ਸਾਂਭਿਆ ਸੀ।

ਬੁੱਧ ਜੀ ਕੇਸ਼ਾਧਾਰੀ ਸਨ, ਪਰ ਉਨ੍ਹਾਂ ਦੇ ਭਿੱਖੂ ਤਯਾਗ ਦੇ ਬਹੁਤੇ ਜੋਸ਼ ਵਿਚ ਤੇ ਸਰੀਰਕ ਖੂਬਸੂਰਤੀ ਨੂੰ ਖਰਾਬ ਕਰਨ ਲਈ (ਇਸੇ ਤਰ੍ਹਾਂ ਜੈਨੀ ਭਿੱਖੂ) ਸਿਰ ਮੁੰਨਣ ਲਗ ਪਏ ਸੇ। ਇਥੋਂ ਰੀਸ ਵਧਦੀ ਗਈ। ਨੰਦ ਰਾਜਿਆਂ ਵਿਚੋਂ ਕਿਸੇ ਦਾ ਬ੍ਰਹਮਣਾਂ ਨੂੰ ਰਿਸ਼ਵਤ ਦੇਕੇ ਮੁੰਡਨ ਦੇ ਸਲੋਕ ਰਚਵਾਉਣੇ, ਸ਼ਾਸਤ੍ਰਾਂ ਵਿਚ ਅਖੇਪ ਕਰਵਾਉਣੇ ਤੇ ਉਨ੍ਹਾਂ ਨੂੰ ਬਲਹੀਨ ਕਰਨ ਵਾਸਤੇ ਲਾਲਚ ਨਾਲ ਕੇਸ਼ ਹੀਨ ਕਰਨਾ, ਇਹ ਪਤਾ ਕਵੀ ਜੀ ਨੇ ਉਪਰ ਦਿੱਤਾ ਹੈ। ਇਹ ਰਾਜੇ ਉਂਞ ਬੀ ਸ਼ੂਦਰ ਮੰਨੇ ਜਾਂਦੇ ਸਨ ਤੇ ਇਹ ਕੋਈ ਚਾਲ ਹਿੰਦੂਆਂ ਨੂੰ ਪਤਿਤ ਕਰਨ ਦੀ ਇਨ੍ਹਾਂ ਨੇ ਵਰਤੀ ਦਾ ਪਤਾ ਕਵੀ ਜੀ ਨੇ ਦਿਤਾ ਹੈ। ਵਿਸ਼ਨੂੰ ਪੁਰਾਣ ਵਿਚ 'ਮਹਾਂ ਪਦਮ ਨੰਦ' ਖਤ੍ਰੀਆਂ ਦਾ ਨਾਸ਼ ਕਰਤਾ ਲਿਖਿਆ ਹੈ। ਬੋਧ ਤੇ ਜੈਨ ਗ੍ਰੰਥਾਂ ਵਿਚ ਬੀ 'ਮਹਾਂ ਪਦਮ ਨੰਦ' ਨੂੰ ਨੀਚ ਕੁਲ ਦਾ ਮੰਨਿਆ ਹੈ।

ਇਸੇ ਤਰ੍ਹਾਂ ਇਬ੍ਰਾਨੀ ਤੇ ਇਸਲਾਮ ਦੇ ਪੈਗੰਬਰ ਤੇ ਈਸਾ ਜੀ ਕੇਸ਼ਾਧਾਰੀ ਸਨ। ਕੇਸ਼ਾਂ ਦੇ ਬਲ-ਦਾਤਾ ਹੋਣ ਦਾ ਜ਼ਿਕਰ ਪੁਰਾਣੇ ਅਹਦਨਾਮੇ ਵਿਚ ਹੈ। ਵਿਸ਼ੇਸ਼ ਲਈ ਦੇਖੋ ਕਾਜ਼ੀਯੂੰ, ਬਾਬ੧-੩ ਤੋਂ ੧੬।

*ਕਵੀ ਜੀ ਨੇ ਅੱਗੇ ਜਾਕੇ ਐਨ੧ ਅੰਸੂ ੪੭ ਵਿਚ ਵੀ ਕੇਸ਼ਾਂ ਬਾਬਤ ਖੋਲ੍ਹਕੇ ਲਿਖਿਆ ਹੈ।

ਛਿਤਪਤਿ ਕਰਹਿਂ ਪ੍ਰਬੀਨ ॥ ੨੮ ॥ ਚੌਪਈ ॥ ਸ੍ਰੁਭ ਕ੍ਰਿਤ ਬਿਨ ਬਲ ਹੀਨ ਅਨਾਥਾ।ਹਮ ਧਰਿ ਤਿਨ ਮਾਥੇ ਪਰ ਹਾਥਾ।ਤੁਰਕਨਕੋ ਦੇਂ ਤੁਰਤ ਤੁਰਾਈ[1]। ਮੁਗ਼ਲ ਚਮੂੰ ਦੇਂ ਗਰਦ ਮਿਲਾਈ ॥ ੨੯ ॥ ਸਿਵਕਾ ਘੋਰੇ ਗਜ ਅੰਬਾਰੀ। ਤੰਬੂ, ਭੇਰਿ, ਦਮਾਮੇ ਭਾਰੀ। ਰੂਪਾ, ਕੰਚਨ, ਬੱਜ੍ਰ[2] ਖਜਾਨਾ। ਰਾਜ ਸਾਜ ਔਰੋ ਬਿਧਿ ਨਾਨਾ ॥੩੦॥ ਹੁਕਮ ਚਲਤਿ ਹੈ ਜਹਿਂ ਕਹਿਂ ਜਿਨ ਕੋ। ਖੋਜਨੋ ਖੋਜ ਨ ਪਾਵਹਿ ਤਿਨ ਕੋ*[7]। ਭੀਮਚੰਦ ਸੁਨਿ ਮਾਨਿ ਅਚੰਭਾ। ਕਹਨਿ ਲਗਯੋ 'ਇਹ ਬਾਤ ਅਸੰਭਾ[3] ॥ ੩੧ ॥ ਇਕ ਇਕ ਛਾਂਗ ਲੇਤਿ ਇਕ ਖਾਹੀ[4]। ਵੇਤੇ ਸ਼ਸਤ੍ਰਨਿ ਵਿੱਦ੍ਯਾ ਮਾਂਹੀ। ਬਲ ਦੀਰਘ ਅਰੁ ਬੁੱਧਿ ਮਹਾਨੇ। ਰਾਜ ਸਾਜ ਗਿਨਤੀ ਨਹਿਂ ਜਾਨੇ[5]॥੩੨॥ਬਾਜ ਸਮਾਨ[6] ਜੁੱਧ ਮਹਿ ਮਾਨੀ। ਚਤੁਰ ਬਰਨ ਚਟਕਾ ਸਮ ਜਾਨੀ[7]। ਤਿਨ ਤੇ ਸੋ ਕਿਮ ਦੇਹੁ ਤੁਰਾਈ ? ਇਹ ਨਿਸ਼ਚੈ ਹਮ ਮਨ ਨਹਿ ਆਈ' ॥ ੩੩ ॥ ਸੁਨਿ ਰਾਜਨ ਤੇ ਪ੍ਰਭੂ ਬਤਾਵਹਿ। 'ਹਮ ਚਿਰੀਅਨਿ ਤੇ ਬਾਜ ਤੁਰਾਵਹਿਂ।ਜਿਮ ਸ੍ਰੀ ਰਾਮਚੰਦ ਜਗ ਹੋਏ। ਕਥਾ ਲਖਹਿ ਤਿਨ ਕੀ ਸਭਿ ਕੋਏ ॥੩੪ ॥ ਬਨਚਰ ਬਾਨਰ[8] ਕਰਾ ਤੁਛ ਜਾਤੀ। ਸੋ ਬਟੋਰ ਕਰਿ[9] ਅਧਿਕ ਜਮਾਤੀ। ਤੀਨਲੋਕ ਪਤਿ ਰਾਵਨ ਭਾਰੋ। ਜਿਸ ਤੇ ਸਰਬ ਸੁਰਾਸੁਰ ਹਾਰੇ ॥ ੩੫ ॥ ਤਿਨ ਬਾਨਰ ਤੇ ਨਾਸ਼ ਕਰਾਯੋ। ਬਿਨਾ ਬਿਲਮ ਦਲ ਸਕਲ ਖਪਾਯੋ।ਤਿਮ ਹਮ ਧਰਿ ਰੰਕਨ ਸਿਰ ਹਾਥਾ। ਪਾਹੁਲ ਦੇਹਿਂ ਤੇਜ ਕੇ ਸਾਥਾ ॥ ੩੬ ॥ ਸ਼ਸਤ੍ਰ ਗਹਾਇ ਅਨੇਕ ਪ੍ਰਕਾਰਾ। ਦੇਂ ਉਤਸਾਹ ਜੰਗ ਕੋ ਭਾਰਾ।ਅਬਿ ਅਵਨੀਪਤਿ ਤੁਰਕ ਬਡੇਰਾ। ਤਿਸ ਕੇ ਸੰਗ ਬਧਾਵੈਂ ਬੈਰਾ ॥ ੩੭ ॥ ਲਰਹਿ ਮਰਹਿਂ ਮਾਰਹਿ ਤੁਰਕਾਨੇ। ਕੇਤਿਕ ਬਾਸੁਰ ਮਹਿਂ ਕਰਿ ਹਾਨੇ। ਵਧਹਿ ਖਾਲਸਾ ਪਾਵਹਿ ਰਾਜੂ। ਹੁਇ ਅਵਨੀਸ਼ਨਿ ਕੇਰ[10]ਸਮਾਜੂ ॥੩੮ ॥ ਜੋ ਅਬਿ ਮਰਦ ਗਰਦ ਮਿਲ ਜੈ ਹੈਂ। ਸਿੰਘ ਸੂਰਮੇ ਜਗ ਬਿਦਤੈ ਹੈਂ। ਤੁਮ ਭੀ ਤਿਨ ਕੇ ਬਨਹੁ ਅਧੀਨ। ਜੋ ਨ ਬਨਹੁ, ਅਵਨੀ ਲੈਂ ਛੀਨ' ॥ ੩੯ ॥ ਭੀਮਚੰਦ ਆਦਿਕ ਸੁਨਿ ਕਰਿਕੈ। ਸਹਿ ਨ ਸਕਹਿਂ ਕਛੁ ਰਿਸ ਉਰ ਧਰਿ ਕੈ। ਕਹਿਤ ਭਯੋ 'ਹਮ ਤੋ ਨਹਿ

---

[1]ਨਾਸ਼। [2]ਕੀਮਤੀ ਪੱਥਰ ਹੀਰੇ ਆਦਿ। [3]ਅਨਹੋਣੀ। [4]ਇਕ ਇਕ (ਤੁਰਕ) ਇਕ ਇਕ ਬੱਕਰਾ ਖਾ ਜਾਂਦਾ ਹੈ। [5]ਤੁਰਕ ਰਾਜ ਸਾਜ ਦੀ ਗਿਣਤੀ ਤਾਂ ਜਾਣੀ ਹੀ ਨਹੀਂ ਜਾਂਦੀ। [6]ਬਾਜਾਂ ਵਾਂਗ। [7]ਚਿੜੀਆਂ ਵਤ (ਤੁੱਛ) ਜਾਣਦੇ ਹਨ ਚਹੁੰਆਂ ਵਰਨਾਂ ਨੂੰ। [8]ਬਾਂਦਰ। [9]ਇਕੱਠੇ ਕਰਕੇ। [10]ਰਾਜਿਆਂ ਵਰਗਾ। *ਇਸ ਵੇਲੇ ਮੁਗ਼ਲਾਂ ਦੀ ਕੈਸੀ ਸਮਾਪਤੀ ਹੋਈ ਹੈ।

Sri Satguru Jagjit Singh Ji eLlibrary NamdhariElibrary@gmail.com

ਮਾਨੈਂ।ਓਸ ਸੁ ਕੇਸ਼ ਕਾਛ ਨਹਿ ਠਾਨੈਂ ॥ ੪੦ । ਆਗੈ ਜਿਮ ਜਾਨਹੁ ਤਿਮ ਕਰਹੁ।ਰਤੁਰ ਬਰਨ ਪਰ ਨਿਜ ਕਰ[1] ਧਰਹੁ' । ਸੁਨਿ ਸਤਿਗੁਰ ਬੋਲੇ ਤਿਸ ਕਾਲਾ । 'ਤੁਮਹਿ ਰਾਜ ਕੋ ਮਦ ਗਿਰਪਾਲਾ ॥੪੧॥ ਸਿਖ ਜੋ ਬਨਤਿ ਰਾਜ ਵਧ ਜਾਤੇ ।–ਬਲ ਕਰਿ ਲੀਨਿ–ਕਹਤਿ ਗਰਬਾਤੇ[2]। ਦਯੋ ਗੁਰੂ ਕੋ ਜਾਨ-ਤਿ ਨਾਂਹੀ ।–ਰਾਜ ਪ੍ਰਸ਼ਤ ਕੋ–ਮਦ ਚਿਤ ਮਾਂਹੀ[3] ॥ ੪੨ ॥ ਚਾਰਹੁ ਬਰਨ ਰੰਕ ਜੋ ਲੈ ਹੈਂ।ਸਭਿ ਬਿਧਿ ਕੋ ਸਮਾਜ ਬਿਰਧੈ ਹੈ । ਜਾਨੈਂ ਕਹੈਂ–ਗੁਰੂ ਇਹ ਦੀਨੋ । ਗੁਰ ਪ੍ਰਤਾਪ ਬਲ ਤੇ ਹਮ ਲੀਨੋ–॥ ੪੩॥ਜਬਿ ਦੀਨਨਿ ਤੇ ਰਾਜ ਕਰਾਊਂ । ਦੀਨਬੰਧੁ ਗੁਰ ਤਦਿਨ[4] ਕਹਾਊਂ । ਰੰਕਨ ਕੇ ਸਿਰ ਪਰ ਕਰ ਧਾਰੌਂ । ਸ਼੍ਰੀ ਅਸਿਕੇਤੁ ਚਰਨ ਪਰ ਡਾਰੌਂ॥੪੪॥ ਯਾਂਤੇ ਹੋਨਹਾਰ ਤੁਮ ਪ੍ਰੇਰੇ। ਭੁਲੋ ਆਪਨੋ ਨਾਂਹਿ ਨ ਹੇਰੇ। ਲੇਹਿ ਖਾਲਸਾ ਰਾਜ ਤਿਹਾਰੇ। ਪਛੁਤੈਹਹੁ[5] ਅਬਿ ਨਹੀਂ ਸੰਭਾਰੋ' ॥ ੪੫ ॥ ਇੱਤਯਾਦਿਕ ਕਹਿਬੋ ਅਰੁ ਸੁਨਿਬੋ । ਭਯੋ ਭਲੇ, ਤੱਦਯਪਿ ਨਹਿ ਮਨਿਬੋ[6]।ਕਿਤਿਕ ਸਮੈਂ ਦਰਸ਼ਨ ਕੋ ਕਰਯੋ।ਪੁਨ ਕਰ ਜੋਰਿ ਉਠਨਿ ਚਿਤ ਧਰਯੋ ॥ ੪੬ ॥ ਬੰਦਨ ਕਰਿ ਗਮਨੇ ਨਿਜ ਡੇਰੇ। ਕਰਤਿ ਬਿਚਾਰਨਿ–ਬਚਨ ਬਡੇਰੇ।ਰੰਗ ਅਜਾਇਬ ਕੀ ਕਰਿ ਬਾਤਿ[7]।ਭਯੋ ਗੁਰੂ ਕੁਛ ਔਰੈਭਾਂਤਿ[8]–॥ ੪੭ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਮਿਲ ਪਤਨ' ਪ੍ਰਸੰਗ ਬਰਨਨੰ ਤ੍ਰਯੋਦਸ਼ਮੋਂ ਅੰਸੂ ॥ ੧੩ ॥

੧੪. [ਮਸੰਦਾਂ ਦੇ ਖੋਟ । ਦੋਤੇ]।

ਦੋਹਰਾ ॥ ਜਥਾ ਧਨੀ ਨਿਜ ਦਰਬ ਕੋ ਸਾਧਨ ਸੋਧਨ ਕੀਨ[9]।ਘਾਟ ਬਾਢ ਕੋ ਸਮੁਝਿ ਕੈ ਕਹੂੰ ਲੀਨ ਕਹੂੰ ਦੀਨ ॥੧॥ਚੌਪਈ॥ਤਯੋਂ ਕਲਗ਼ੀਧਰ ਲਗਹਿਂ ਸੰਭਾਰਨਿ।ਸੰਗਤਿ ਚਹੁੰ ਦਿਸ਼ਿ ਕੀ ਜਿਸ ਪਾਰ ਨ[10]। ਕਾਰਦਾਰ ਲਖਿ ਬਡੇ ਮਸੰਦ*।ਇਨ ਪੀਛੇ ਸਗਰੇ ਸਿਖ ਬ੍ਰਿੰਦ॥੨॥ਲਿਖੇ ਹੁਕਮਨਾਮੇ ਸਭਿ ਥਾਨ। 'ਪਰਬ ਬਸੋਏ ਕੋ ਬਡ ਜਾਨਿ । ਸਭਿ ਆਵਹਿ ਸਤਿਗੁਰ ਕੇ ਦਰਸ਼ਨ। ਸੰਗ ਸੰਗਤਾਂ ਲੈ ਮਸੰਦ ਗਨ' ॥੩॥ ਦੇਸ਼ ਬਿਦੇਸ਼ਨਿ ਲਿਖੇ ਪਠਾਏ। ਸਭਿ-ਹਿਨਿ ਕੌ ਗੁਰ ਹੁਕਮ ਸੁਨਾਏ। ਸੁਨਿ ਸਿੱਖਨ ਕੇ ਹਰਖ ਸੁ ਹੋਏ। 'ਗੁਰ

[1] ਹੱਥ। [2] ਬਲ ਕਰਕੇ ਲਿਆ ਹੈ ਇਹ ਹੰਕਾਰੀ ਹੋਕੇ ਤੁਸਾਂ ਕਹਿਣਾ ਸੀ। [3] ਪੁਸ਼ਤਾਂ ਤੋਂ ਰਾਜੇ ਹਾਂ ਇਸ ਗਲ ਦਾ ਮਦ ਹੈ। [4] ਤਿਸ ਦਿਨ। [5] ਪਛਤਾਓਗੇ। [6] ਤਦ ਬੀ ਨਾ ਮੰਨੇ। [7] ਭਾਵ, ਗੁਰੂ ਜੀ ਉਚੇ ਉਚੇ ਵਾਕ ਤੇ ਅਸਚਰਜ ਰੰਗ ਦੀਆਂ ਗੱਲਾਂ ਕਰਦੇ ਹਨ। [8] ਹੋਰ ਹੀ ਤਰ੍ਹਾਂ ਦਾ ਗੁਰੂ ਦਾ (ਸੁਭਾਵ) ਹੋ ਗਿਆ ਹੈ। [9] (ਇਧਰ ਉਧਰ) ਸੋਧ ਸਾਧ ਕਰਦਾ ਹੈ ਭਾਵ ਚੰਗੀ ਤਰ੍ਹਾਂ ਵਿਚਾਰਦਾ ਹੈ। [10] ਜਿਸ ਦਾ ਪਾਰ (ਅੰਤ) ਨਹੀਂ।

*ਪਾ: ਬਡ ਲਗੇ ਮਸੰਦ।

ਦਰਸ਼ਹਿ ਜਬਿ ਦਿਵਸ ਬਸੋਏ[1] ॥੪॥ ਕਰਤਿ ਪ੍ਰਤੀਖਨਿ ਸੋ ਦਿਨ ਆਵਾ। ਚਲਿਬੇ ਹਿਤ ਸਭਿ ਮਨ ਲਲਚਾਵਾ।ਨਿਜ ਨਿਜ ਸੰਗ ਸੰਗਤਾਂ ਬ੍ਰਿੰਦ।ਮਗ ਅਨੰਦਪੁਰਿ ਚਲੇ ਮਸੰਦ ॥ ੫ ॥ ਅਧਿਕ ਦਰਬ ਨਿਜ ਗ੍ਰਿਹਿ ਪਹੁੰਚਾਏ। ਦੇਨਿ ਹੇਤੁ ਗੁਰ ਅਲਪ ਸੁ ਲ੍ਯਾਏ। ਆਪਸ ਮਹਿਂ ਮਸੰਦ ਮਿਲਿ ਗਏ। ਚੌਰ ਚੌਰ ਸਭਿ ਇਕਠੇ ਭਏ ॥ ੬ ॥ ਨਹੀਂ ਤ੍ਰਾਸ ਗੁਰ ਕੋ ਉਰ ਧਰੈਂ। –ਹਮਰੇ ਬਿਨ ਬੈਠੇ ਕ੍ਯਾ ਕਰੈਂ[1]। ਦਰਬ ਸਕੇਲਹਿਂ ਹਮ ਫਿਰ ਸਾਰੇ। ਅਰਪਹਿ ਗੁਰ ਕੇ ਜਾਇ ਅਗਾਰੇ–॥ ੭ ॥ ਮੋਹ ਮਹਾਂ ਮਨ ਧਾਰਯੋ ਭਰਮ[2]। ਭਰਮ ਭਯੋ ਤਬਿ ਨਾਸ਼ਯੋ ਧਰਮ। ਧਰਮ ਛੁਟੇ ਬੇਮੁਖ ਹੁਇ ਗਏ। ਲੋਕ ਪ੍ਰਲੋਕ ਨਾਸ਼ ਸੁਖ ਕਏ[3]॥੮॥ਕਾਲ ਕਰਮ ਕੋ ਮੇਟ ਨ ਸਾਕੇ।ਆਨ ਨਰਨਿ ਜਿਮ ਗੁਰ ਕੋ ਤਾਕੇ[4]। ਅੰਤਰਜਾਮੀ ਨੇ ਸਭਿ ਜਾਨ੍ਯੋ।–ਦਰਬ ਮਸੰਦਨਿ ਮਨ ਬਿਰਮਾਨ੍ਯੋਂ ॥ ੯ ॥ ਮਮ ਸੰਗਤਿ ਕੋ ਸੰਕਟ ਦੇਤਿ। ਜਨੌਂ ਕਨੌਂ ਕਰਿ ਧਨ ਕੋ ਹਿਰਿ ਲੇਤਿ। ਮੋ ਬਿਨ ਰੱਛਕ ਤਿਨਹੁੰ ਨ ਕੋਈ। ਗਰਬ ਮਸੰਦਨਿ ਕੇ ਬਡ ਹੋਈ ॥੧੦॥ ਸਭਿ ਸੰਗਤਿ ਇਨ ਕੇ ਅਨੁਸਾਰੀ। ਫੇਰ ਦੇਤਿ ਮਨ ਕੁਟਿਲ ਕੁਚਾਰੀ। ਤਊ ਨ ਦੋਸ਼ ਸੰਗਤਾਂ ਕੇਰਾਏ ਮੂਰਖ ਲੋਭੀ ਧਨ ਹੇਰਿ ॥੧੧॥ ਬਾਕ ਕਰ੍ਯੋ ਸਪਤਮ ਪਤਿਸ਼ਾਹੁ। 'ਗੁਰ ਜਹਾਜ ਫੂਟ੍ਯੋ ਬਹੁ ਰਾਹੂ[5]'। ਸੋ ਅਬਿ ਬਰਨ ਬਿਦਤ ਹੀ ਭਯੋ।ਆਪ ਆਪ ਕੋ ਮਗ ਸਭਿ ਲਯੋ ॥੧੨॥ਸਗਰੀ ਸੰਗਤਿ ਹਮਰੇ ਸ਼ਰਨੀ। ਉਚਿਤ ਰੱਛ ਤਿਸ ਕੀ ਹਮ-ਕਰਨੀ।ਫੁਟ੍ਯੋ ਜਹਾਜ ਕਰੌਂ ਇਕ ਥਾਇ। ਦੁਰਬੁੱਧਿਨਿ ਕੋ ਦੇਉਂ ਸਜ਼ਾਇ ॥੧੩॥ਨਹੀਂ ਅਵਸਥਾ[6] ਮੇਰੀ ਜਾਨੈਂ।ਜਿਮ ਚਾਹਤਿ ਤਿਮ ਕਰੈਂ, ਬਖਾਨੈਂ। ਗੁਰ ਕੋ ਭੈ ਤਜਿ ਕਰਹਿ ਅਨਾਦਰ। ਆਪ ਪੁਜਾਵਹਿਂ[7] ਸੰਗਤਿ ਸਾਦਰ– ॥ ੧੪ ॥ ਇੱਤ੍ਯਾਦਿਕ ਗੁਰ ਬਹੁਤ ਬਿਚਾਰੈਂ।–ਬਧੇ ਮਸੰਦਨਿ ਗਰਬ ਪ੍ਰਹਾਰੈਂ। ਪਾਤਿਸ਼ਾਹ ਜਿਮ ਛੋਟਾ ਹੋਇ। ਮੂਢ ਬਿਅਦਬੀ ਕਰਿ ਹੈਂ ਸੋਇ ॥ ੧੫॥ ਦਰਬ ਲੋਭ ਤੇ ਰਿਦੇ ਹੰਕਾਰੇ। ਧਰਮ ਅਧਰਮ ਨ ਕਛੂ ਬਿਚਾਰੇਂ–। ਚਿਤ ਚਿਤਵਤਿ ਨਿਤ ਸਤਿਗੁਰ ਪੂਰੇ।–ਇਹ ਕਰਨੋ ਹੈ ਕਾਜ ਜ਼ਰੂਰੇ–॥ ੧੬॥ਦਿਵਸ ਬਸੋਏ ਕੋ ਤਬਿ ਆਯੋ।ਪ੍ਰਭੁ ਵਹਿਰ ਦੀਵਾਨ ਲਗਾਯੋ। ਸੁੰਦਰ

---

[1]( ਗੱਦੀ ਤੇ ) ਬੈਠੇ ਸਾਡੇ ਬਿਨਾਂ ( ਗੁਰੂ ਜੀ ) ਕੀ ਕਰਨਗੇ। [2]ਮਹਾਂ ਮੋਹ ਧਾਰਕੇ (ਮਨ ਵਿਚ ) ਭਰਮ ਧਾਰਿਆ। [3]ਦੋ ਸੁਖ ਨਾਸ਼ ਹੋਏ। [4]ਤੱਕਿਆ। [5]ਬਹੁਤਿਆਂ ਥਾਵਾਂ ਤੋਂ। [6]ਵਾਸਤਵ ਰੂਪ। [7]ਆਪਣੀ ਪਜਾ ਕਰਾਉਂਦੇ ਹਨ।

Sri Satguru Jagjit Singh Ji eLlibrary NamdhariElibrary@gmail.com

ਬਹੁ ਬਿਧਿ ਫਰਸ਼ ਕਰਾਯਹੁ। ਗਿਲਮ ਗ਼ਲੀਚੇ ਬਹੁਤ ਡਸਾਯਹੁ ॥ ੧੭ ॥ ਸ਼ਸਤ੍ਰ ਬਸਤ੍ਰ ਨਿਜ ਅੰਗ ਸਜਾਯਹੁ। ਚਾਰੁ ਬਿਭੂਖਨ ਕੋ ਦਿਪਤਾਯਹੁ। ਕੰਚਨ ਰੁਚਿਰ ਪ੍ਰਯੰਕ ਡਸਾਯਹੁ। ਆਸਤਰਨ ਕੋਮਲ ਕਰਿ ਛਾਯਹੁ ॥ ੧੮॥ ਤਾਂ ਪੁਰ ਬੈਠੇ ਪ੍ਰਭੁ ਸੁਹਾਯਹੁ। ਚਾਰੁ ਚਮਰ ਦਿਸ਼ਿ ਦੌਨ ਢੁਰਾਯਹੁ। ਆਨਿ ਆਨਿ ਸੰਗਤ ਦਰਸਾਯਹੁ। ਮਨ ਬਾਂਛਤਿ ਕੌ ਤਤਛਿਨ ਪਾਯਹੁ ॥੧੯॥ਆਵਤਿ ਭੁਏ ਮਸੰਦ ਬਿਲੰਦ। ਮਹਾਂ ਅਨੰਦਤਿ ਗਰਬਤਿ ਬ੍ਰਿੰਦ। ਜਿਨ ਕੇ ਸੰਗ ਸੰਗਤਾਂ ਗਨ ਹੈਂ। ਗੁਰ ਕੋ ਅਰਪਤਿ ਅਨਗਨ ਧਨ ਹੈਂ॥੨੦॥ ਬਸਤ੍ਰ ਬਿਭੂਖਨ ਚਢੇ ਘਨੇਰੇ। ਸਭਿ ਕੀ ਪੂਜਾ ਲੇ ਤਿਸ ਬੇਰੇ। ਸਕਲ ਉਪਾਇਨ ਕਰਿ ਇਕ ਥਾਈਂ। ਤਿਸ ਕੋ ਹੇਰਤਿ ਗੁਰ ਗੋਸਾਈਂ ॥ ੨੧॥ ਅਗਲੇ ਦਿਵਸ ਮਸੰਦ ਹਕਾਰੇ।ਸਭਿ ਬਿਠਾਇ ਕਰਿ ਬਾਕ ਉਚਾਰੇ। 'ਤੁਮ ਸਗਰੇ ਮੇਰੇ ਹਿਤਕਾਰੀ। ਮਮ ਸੰਗਤ ਤੁਮਰੇ ਅਨੁਸਾਰੀ॥੨੨॥ਦਰਬ ਚਢਨੋ ਮਮ ਆਗੈ ਥੋਰਾ। ਕਹਹੁ ਕਵਨ ਬਿਧਿ ਕਿਨਹਿ ਬਹੋਰਾ[1]। ਕਿਮ ਪੂਜਾ ਮਹਿਂ ਅਟਕ ਪਰੀ ਹੈ।ਅਲਪ ਚਢੀ,ਨਹਿਂ ਸਮੁਝ ਪਰੀ ਹੈ ॥੨੩॥ ਕੋ ਕਾਰਨ ਭਾ ਇਸੈ ਮਝਾਰੀ ? ਬੂਝਤਿ ਹੌਂ ਇਹ ਨਿਕਟ ਤੁਮਾਰੀ'। ਸੁਨਤਿ ਮਸੰਦਨਅਰਜ਼ ਗੁਜ਼ਾਰੀ।ਮਿਲਕਰਿ ਜੋ ਸਭਿ ਹੁਤੇ ਅਗਾਰੀ॥੨੪॥'ਜੇਸਿਖ ਹੁਤੇ ਅਧਿਕ ਧਨਵੰਤੇ। ਗੁਰ ਹਿਤ ਬਹੁ ਧਨ ਕੋ ਅਰਪੰਤੇ। ਸੋ ਮਰਿ ਗਏ ਨਹੀਂ ਕੋ ਰਹਯੋ। ਦੇਸ਼ ਬਿਦੇਸ਼ਨਿ ਹਮ ਹੂੰ ਲਹਯੋ ॥੨੫॥ ਅਬਿ ਗੁਰਸਿਖ ਗ਼ਰੀਬ ਜਗ ਮਾਂਹੀ। ਕਰਹਿਂ ਜਤਨ ਕੋ ਦਰਬ ਨ ਪਾਹੀਂ।ਤਿਨ ਪਰ ਆਪ ਕਰਹੁ ਅਬਿ ਕਰੁਨਾ। ਸਫਲਹਿ ਤਿਨਹੁ ਜਤਨ ਕਾ ਕਰਨਾ ॥੨੬॥ਧਨੀ ਹੋਇਂ ਤੌ ਬਹੁਤ ਚਢਾਵਹਿਂ। ਸ਼ਕਤਿ ਤੁਮਾਰੀ ਤੇ ਧਨ ਪਾਵਹਿਂ। ਕਰਹੁ ਨ ਕਰੁਨਾ, ਕਾਰਨ ਏਹੀ[2]। ਪੂਜਾ ਅਲਪ ਸਿੱਖ ਇਮ ਦੇਹੀਂ' ॥ ੨੭ ॥ ਸੁਨਿ ਗੁਰ ਕਹਹਿਂ 'ਤਜਹੁ ਚਤੁਰਾਈ। ਜਥਾ ਭੇਟ ਪੂਰਬ ਠਹਿਰਾਈ। ਦੇਤਿ ਰਹੇ ਸੋਈ ਅਬਿ ਦੀਜੈ। ਪੂਰਾ ਕਰਹੁ ਨ ਘਾਟਾ ਕੀਜੈ॥੨੮॥ ਫਿਕਰ ਕਰੋ ਜੇਤਾ ਧਨ ਰਹਯੋ। ਸੰਗਤਿ ਨਿਕਟ ਜੁ ਤੁਮ ਨੇ ਲਹਯੋ ਸੋ ਆਬ ਦੇਹੁ,ਲੋਭ ਨਹਿਂ ਧਾਰਹੁ। ਕਹਯੋ ਹਮਾਰੋ ਦ੍ਰਿੜ੍ਹ ਬੀਚਾਰਹੁ' ॥ ੨੯ ॥ ਸੁਨਿ ਮਸੰਦ ਸਤਿਗੁਰ ਤੇ ਆਏ। ਚਿਤਵਤਿ ਚਿੰਤਾ ਰਚਹਿਂ ਉਪਾਏ।—ਕਿਸੀ ਗੁਰੂ ਨੇ ਇਮ ਨਹਿਂ ਕਹਯੋ। ਜੇਤੋ ਦੇਤਿ ਤਿਤੋ ਹੀ ਲਹਯੋ—॥ ੩੦॥ ਕਰਿ ਮਸਲਤ

[1]ਕਿਸ ਨੇ ਰੋਕਿਆ ਹੈ (ਧਨ)। [2]ਆਪ ਕ੍ਰਿਪਾ ਨਹੀਂ ਕਰਦੇ ਇਹੋ ਹੀ ਕਾਰਨ ਹੈ।

Sri Satguru Jagjit Singh Ji eLlibrary NamdhariElibrary@gmail.com

ਸਭਿ ਹੁਇ ਇਕ ਠਾਏ। 'ਚੇਤੋ ਮਹਾਂ ਮਸੰਦ ਸਦਾਏ। ਹੁਤੋ ਮਸੰਦਨਿ ਕੋ ਅਗੁਵਾਇ। ਲੇਨਿ ਦੇਨਿ ਕੀ ਬਹੁ ਬਡਿਆਈ ॥ ੩੧ ॥ ਤਿਸ ਗ੍ਰਿਹ ਸਭਿ ਮਸੰਦ ਚਲਿ ਗਏ। ਨਿਜ ਨਿਜ ਭੇਟ ਅਰਪਤੇ ਭਏ। ਪੁਨ ਗੁਰ ਕੀ ਗਾਥਾ ਸਮੁਝਾਈ। 'ਹਮ ਕੋ ਨਿਸ਼ਠੁਰ ਗਿਰਾ ਅਲਾਈ ॥ ੩੨ ॥ ਕਹੈਂ-ਦਰਬ ਕਰਿ ਦਿਹੁ ਅਬਿ ਪੂਰਾ। ਸੰਗਤਿ ਅਰਪਨੋ ਚੌਰ ਹਦੂਰਾ-। ਹਮ ਸਭਿ ਨੇ ਕਹਿਕੈ ਸਮੁਝਾਏ। ਨਹਿਂ ਮਾਨਹਿਂ, ਕਹਿਂ[1]-ਦਿਹੁ ਧਨ ਲਯਾਏ-॥ ੩੩ ॥ ਤੂੰ ਪਤਿ ਸਕਲ ਮਸੰਦਨਿ ਕੇਰੀ। ਕਰਹੁ ਇਲਾਜ, ਬਨਹੁ ਇਸ ਬੇਰੀ[2]। ਨਾਂਹਿ ਤ ਬਿਗਰ ਪਰੈਂ ਜਿਸ ਕਾਲਾ। ਪੁਨਹਿ ਨ ਬਨਨੋ ਜਾਇ ਰਖਵਾਲਾ' ॥੩੪॥ ਸਰਬ ਮਸੰਦਨਿ ਤੇ ਸੁਨਿ ਚੇਤਾ। ਆਸ੍ਵਾਸਨ ਕਰਿ ਧੀਰਜ ਦੇਤਾ[3]। 'ਬਾਲਕ ਜੁਵਾ ਅਵਸਥਾ ਜੋਇ। ਇਨ ਕੋ ਅਸ ਸੁਭਾਵ ਹੀ ਹੋਇ ॥ ੩੫ ॥ ਜੋ ਮਨ ਉਪਜੈ ਕਹਤਿ ਬਚਨ ਕੋ। ਨਹੀਂ ਬਿਚਾਰਤਿ ਗੁਨ ਅਵਗੁਨ ਕੋ। ਮੈਂ ਤੁਮਰੇ ਹਿਤ ਬਹੁ ਸਮੁਝਾਵਹੁਂ। ਸਭਿਹਿਨਿ ਕੇ ਅਨੁਸਾਰਿ ਬਨਾਵਹੁਂ' ॥ ੩੬ ॥ ਸੁਨਿ ਮਸੰਦ ਸਗਰੇ ਹਰਖਾਏ। ਪਾਇ ਦਿਲਾਸੇ ਕੋ ਸਮੁਦਾਏ। ਅਗਲੇ ਦਿਨ ਚੇਤੋ ਚਲਿ ਗਯੋ। ਕਰਿ ਬੰਦਨ ਕੋ ਬੈਠਤਿ ਭਯੋ ॥ ੩੭ ॥ ਸਤਿਗੁਰ ਸਾਹਿਬ ਸੋਂ ਤਬਿ ਕਹੀ। 'ਸਭਿ ਮਸੰਦ ਤੁਮ ਸੇਵਾ ਗਹੀ। ਦੇਸ਼ ਬਿਦੇਸ਼ਨ ਤੇ ਧਨ ਲ੍ਯਾਵੈਂ। ਆਪ ਅਗਾਰੀ ਇਹ ਅਰਪਾਵੈਂ ॥ ੩੮ ॥ ਇਨ ਕੋ ਭੀ ਸਭਿ ਬਿਧਿ ਕੱਲਯਾਨ। ਬਖਸ਼ਤਿ ਹੋ ਤੁਮ ਖਾਨ ਰੁ ਪਾਨ। ਇਨ ਪਰ ਕਰਤਿ ਰਹਹੁ ਨਿਜ ਕਰੁਨਾ। ਬਖਸ਼ਹੁ ਸਦਾ ਰਾਖਿ ਕਰਿ ਸ਼ਰਨਾ ॥ ੩੯ ॥ ਸਰਬ ਗੁਰਨਿ ਕੇ ਆਗਯਾਕਾਰੀ। ਕਰਤੇ ਰਹੇ ਸੇਵ ਕੋ ਭਾਰੀ। ਅਬਿ ਰਾਵਰ ਕੇ ਸਭਿ ਅਨੁਸਾਰੀ। ਜੋ ਆਨਹਿਂ ਸੋ ਦੇਹਿਂ ਅਗਾਰੀ' ॥੪੦॥ ਸੁਨਿ ਚੇਤੋ ਤੇ ਗੁਰ ਬਿਕਸਾਏ। ਕਹਤਿ ਭਏ ਬਚ ਸਹਿਜਸੁਭਾਏ। 'ਸੁਨਿ ਭਾਈ ਚੇਤੋ ! ਇਨ ਬਾਤਾਨ[4]। ਤੂੰ ਮਸੰਦ ਹੈਂ ਬਡੋ ਪੁਰਾਤਨ ॥੪੧॥ ਮੋਹਿ ਮਸੰਦ ਕਰਹਿਂ ਬਿਰਮਾਵਨ। ਇਸ ਬਿਧਿ ਮੁਖ ਤੇ ਕਰਹਿਂ ਬਤਾਵਨਿ:- ਧਨੀ ਸਿੱਖ ਸਗਰੇ ਮਰਿ ਗਏ। ਜੋ ਗ਼ਰੀਬ ਅਬਿ ਜੀਵਤਿ ਭਏ॥੪੨॥ ਪੂਰੀ ਕਾਰ ਨਹੀਂ ਕੋ ਦੇਤਿ। ਸਭਿ ਤੇ ਅਲਪ ਜਾਇ ਹਮ ਲੇਤਿ-। ਇਹ ਦੁਰ-ਬਾਕ ਨ ਭਾਵਹਿ ਮੋਹੀ। ਮਮ ਸੰਗਤਿ ਨਿਤ ਨਵਤਨ[5] ਹੋਹੀ ॥੪੩॥ ਦਿਨ

[1]ਕਹਿੰਦੇ ਹਨ ਗੁਰੂ ਜੀ। [2]ਇਸ ਵੇਲੇ ਬਣੋ (ਪਤ ਸਾਰਿਆਂ ਦੀ ਭਾਵ ਪਤ ਰਖਣ ਵਾਲੇ ਬਣੋ)। [3]ਦਿਲਾਸਾ ਦੇਕੇ ਧੀਰਜ ਦਿੰਦਾ ਹੈ। [4]ਇਨ੍ਹਾਂ ਦੀਆਂ ਗਲਾਂ ਸੁਣ। [5]ਨਵੀਨ ਭਾਵ ਪ੍ਰਫੁੱਲਤ ਦਸ਼ਾ ਵਿੱਚ।

ਪ੍ਰਤਿ ਬਹੁ ਧਨਾਢ ਹੁਇ ਜੈ ਹੈਂ। ਜਿਨ ਕੀ ਸਮਤਾ ਕੋਇ ਨ ਪੈ ਹੈ। ਰਿਦੈ ਲੋਭ, ਬੋਲਹਿਂ ਦੁਰਬੈਨਾ।–ਸੰਗਤਿ ਬਿਖੈ ਧਨੀ ਅਬਿ ਹੈ ਨਾ–॥੪੪॥ਦਰਬ ਲੋਭ ਨੇ ਮਹਾਂ ਦਬਾਏ। ਕਾਰ ਗੁਰੂ ਕੀ ਥੋਰ ਲਿਆਏ। ਧਨ ਪੂਜਾ ਕੋ ਬਹੁਰ ਚੁਰਾਯੋ। ਮਤਿ ਹਤਿ ਹੋਈ, ਸੋ ਇਨ ਖਾਯੋ ॥੪੫॥ ਇਕ ਤੌ ਦੋਸ਼ ਚੁਰਾਵਨਿ ਕੇਰੋ। ਦੁਤੀਏ ਕਰਯੋ ਤ੍ਰਾਸ ਨਹਿਂ ਮੇਰੋ। ਕੂਰ ਬਾਰਤਾ ਕਰਹਿਂ ਸੁਨਾਵਨਿ। ਯਾਂ ਤੇ ਲਖੀਯਤਿ ਇਨ ਕੇ ਭਾਵ ਨ[2]' ॥ ੪੬ ॥ ਪੁਨ ਚੋਤੋ ਸਮੁਝਾਵਨਿ ਕਰੈ। 'ਸਭਿ ਮਸੰਦ ਰਾਵਰਿ ਅਨੁਸਰੈਂ। ਇਨ ਕੋ ਦੇਹੁ ਅਬੈ ਬਡਿਆਈ। ਜਨੋਂ ਸੰਗਤਿ ਮਾਨਹਿ ਸਮੁਦਾਈ ॥ ੪੭ ॥ ਬਹੁਰ ਦਰਬ ਕੋ ਲਯਾਇ ਘਨੇਰਾ। ਖਰਚ ਸੰਭਾਰਹਿ ਗੁਰ ਗ੍ਰਿਹ ਕੇਰਾ। ਨਹੀਂ ਅਨਾਦਰ ਤ੍ਰਾਸ ਦਿਖਾਵਹੁ[3]। ਗੁਰ ਦਯਾਲ ਹੈ ਏਵ ਲਖਾਵਹੁ' ॥ ੪੮ ॥ ਕਹਯੋ ਗੁਰੂ 'ਹਮ ਨੇ ਸਭਿ ਜਾਨੀ। ਜਿਮ ਪੰਖੀ ਹੈ ਗਿਰਾ ਬਖਾਨੀ। ਦੋਨਹੁੰ[4] ਦੋਸ਼ ਤੋਹਿ ਮੈਂ ਭਾਰੀ। ਤਿਨ ਕੇ ਸਮ ਤੇਰੀ ਮਤਿ ਮਾਰੀ ॥੪੯॥ ਕਾਰ ਚੁਰਾਵਨਿ ਬੋਲਨਿ ਕੂਰ। ਨ੍ਰਿਭੈ ਹੋਇ ਕਰਿ ਕਹਨਿ ਹਦੂਰ'। ਸੁਨਤਿ ਦੁਖਯੋ ਚੋਤਾ ਚਿਤ ਮਾਂਹੀ। ਸੁਾਮੀ ਮਹਿਂ ਨਿਸ਼ਚਾ ਉਰ ਨਾਂਹੀ[5]:–॥੫੦॥ “ਬਾਲ ਬੈਸ ਕੀ ਬੁੱਧਿ ਨ ਧਰੀਅਹਿ।ਹਮ ਸਮ ਕੌ ਇਮ ਨਹੀਂ ਉਚਰੀਅਹਿ।ਸ੍ਰੀ ਗੁਰ ਰਾਮ-ਦਾਸ ਤੇ ਆਦਿ। ਰਹੇ ਮਸੰਦ ਕਰਤਿ ਮਿਰਜਾਦ ॥ ੫੧ ॥ ਮਨ ਭਾਵਤਿ ਲਯਾਵਤਿ ਅਰ ਖਰਚਹਿ। ਸੰਗਤਿ ਸਗਰੀ ਤਿਨ ਕੌ ਅਰਚਹਿ। ਅਬਿ ਲੌ ਨਹੀਂ ਆਪ ਨੇ ਜਾਨੀ। ਧਰਹਿ ਧੀਰ ਸਭਿ ਲੇਹੁ ਪਛਾਨੀ' ॥੫੨॥ ਸੁਨਿ ਸਤਿਗੁਰ ਨੇ ਨਿਸ਼ਚੇ ਕਰੇ।–ਧਨ ਤੇ ਅੰਧ ਮਹਾਂ ਮਦ ਭਰੇ। ਸਰਬ ਗੁਰਨਿ ਕੇ ਆਗੈ ਏਹੀ। ਦਰਬ ਚੁਰਾਵਤਿ ਸਦਾ ਰਹੇਹੀ ॥੫੩॥ ਮੁਝ ਕੌ ਬਾਲਿਕ ਬੁੱਧਿ ਪਛਾਨਤਿ। ਸਤਿਗੁਰ ਭੇਦ ਨਹੀਂ ਮਨ ਮਾਨਤਿ। ਉਚਿਤ ਸਜਾਇ ਮਹਾਂ ਅਪਰਾਧੀ। ਸ਼ਰਧਾ ਕੀ ਨ ਸਾਧਨਾ ਸਾਧੀ[7]–॥ ੫੪ ॥ ਇਮ ਵਿਚਾਰ ਕਰਿ ਤੂਸ਼ਨਿ ਧਾਰੀ। ਅਪਰ ਪ੍ਰਸੰਗਨਿ ਬਾਤ ਉਚਾਰੀ। ਰਹਤਿ ਬਿਨਾਸ਼ਨ ਮੂਢ ਗੁਮਾਨੀ। ਮਹਾਂ ਲੋਭ ਤੇ ਜਿਨ ਮਤਿ ਹਾਨੀ॥੫੫॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਮਸੰਦਨ' ਪ੍ਰਸੰਗ ਬਰਨਨੰ ਨਾਮ ਚਤੁਰਦਸ਼ਮੋ ਅੰਸੂ ॥ ੧੪ ॥

---

[1]ਭਾਵ ਪੂਜਾ ਦਾ ਧਨ। [2]ਇਸ ਤੋਂ ਜਾਣੀਦਾ ਹੈ ਕਿ ਇਨ੍ਹਾਂ ਦੇ ਸ਼ੁਧਾ ਨਹੀਂ ਹੈ। [3]ਅਨਾਦਰ ਤੇ ਡਰ ਨਾ ਦਿਖਾਵੋ। [4]ਭਾਵ ਧਨ ਦਾ ਚੁਰਾਵਨਾ ਤੇ ਭੈ ਬਿਨਾਂ ਹੋਕੇ ਝੂਠ ਬੋਲਨਾ। [5](ਚੋਤੇ ਦੇ) ਅੰਦਰ ਗੁਰੂ ਜੀ ਤੇ ਭਰੋਸਾ ਨਹੀਂ ਹੈ। [6]ਮਸੰਦ ਕਹਿੰਦਾ ਹੈ। [7]ਸ਼ਰਧਾ ਦੀ ਸਾਧਨਾ ਨਹੀਂ ਸਾਧੀ।

Sri Satguru Jagjit Singh Ji eLlibrary NamdhariElibrary@gmail.com

## ੧੫. [ਚੋਤੋ ਮਸੰਦ ਦਾ ਖੋਟ]।

ਦੋਹਰਾ ॥ ਚਹੁੰਦਿਸ਼ਿ ਸੰਗਤਿ ਦੁਖੀ ਲਖਿ–ਕੂਰ ਮਸੰਦ ਬਿਲੰਦ। ਸ਼ਰਧਾ ਰਹਿਬੇ ਦੇਤਿ ਨਹਿ ਲੇ ਧਨ ਤਾੜਤਿ ਮੰਦ* ॥ ੧ ॥ ਚੌਪਈ ॥ ਅਨਿਕ ਪ੍ਰਕਾਰਨਿ ਕੇ ਸਿਖ ਮੇਰੇ।ਘਾਟ ਬਾਢ ਕੋ ਨੀਚ ਉਚੇਰੇ। ਕੇਚਿਤ ਨਿਰਧਨ ਕੋ ਧਨਵਾਨ।ਕੋ ਪ੍ਰੇਮੀ,ਕੋ ਨੇਮੀ ਮਾਨ॥੨॥ਕੇਚਿਤ ਕੋਮਲ ਪਰਉਪਕਾਰੀ। ਕੇਚਿਤ ਅਨਖੀ ਨਹਿਂ ਨ ਸਹਾਰੀ[1]। ਕੇਚਿਤ ਮੂਰਖ, ਕੇਚਿਤ ਪੰਡਤ। ਗੁਰਮੁਖ ਸਨਮੁਖ,ਪਰਮਤਿ ਖੰਡਤਿ[2]॥੩॥ਸ਼ਰਧਾ ਦ੍ਰਿਢ, ਅਨ† ਦ੍ਰਿਢਉਰ ਧਾਰੀ[3]‡। ਕੋ ਕਠੋਰ ਕੋ ਕਰਤਿ ਉਚਾਰੀ। ਬਸੀ ਮਸੰਦਨਿ ਸੰਗਤਿ ਰਹੀ। ਤੌ ਸਿੱਖੀ ਨਿਬਹੈ ਜਗ ਨਹੀਂ॥੪॥ਹਮ ਸ਼ਰੀਰ ਲਗਿ ਗੁਰੂ ਰਹੇ ਹੈਂ। ਸੁਧਿ ਸੰਗਤਿ ਕੀ ਸਦਾ ਲਹੇ ਹੈਂ। ਇਸ ਬਿਧਿ ਹਮਰੇ ਰਹੇ ਪਿਛਾਰੀ[4]। ਨ੍ਰਿਭੈ ਹੋਇਦੁਖ ਦੇਂ ਪੁਨ ਭਾਰੀ॥੫॥ਇਨ ਤੇ ਸੰਗਤਿਸਰਬ ਛੁਰਾਵੈਂ।ਦੇਂਸਿਖਕਾਰ ਆਪ ਹੀ ਆਵੈਂ[5]–। ਇਮ ਚਿਤਵਤਿ ਬੀਤਨੇ ਕਿਤ ਕਾਲਾ। ਸਦਾ ਸੰਗਤਾਂ ਆਇ ਬਿਸਾਲਾ ॥ ੬ ॥ ਬਡੀ ਮਾਤ ਅਰੁ ਗੁਜਰੀ ਪਾਸ। ਚੋਤੋ ਆਦਿਕ ਕਹਿ ਅਰਦਾਸ। 'ਗੁਰ ਕੀ ਬੈਸ ਬਾਲ ਬੁਧਿ ਅਹੈ§। ਨਿਠੁਰ ਮਸੰਦਨਿ ਕੋ ਬਚ ਕਹੈਂ ॥੭॥ਜਿਨ ਅਧੀਨ ਹੈ ਸੰਗਤਿ ਸਾਰੀ। ਬਿਗਰਿ ਮਸੰਦ ਸੁ ਦੇਹਿ ਬਿਗਾਰੀ। ਯਾਂਤੇ ਤੁਮ ਸੁਤ ਕੋ ਸਮੁਝਾਵਹੁ। ਚਹੂੰ ਦਿਸ਼ਨਿ ਮਹਿ ਨਹਿ ਬਿਗਰਾਵਹੁ ॥੮॥ ਕਰਿਬੋ ਗੁਰੂ ਮਸੰਦਨ ਹਾਥ।ਨਾਥ ਬਨਾਇ[6] ਨਿਵਾਵਹਿਂ ਮਾਥ। ਸੋਈ ਗੁਰੁ,ਪੂਜਹਿਂ ਤਿਸ ਆਇ।ਗਨ ਮਸੰਦ ਜਿਹ ਸੀਸ ਨਿਵਾਇ ॥ ੯ ॥ ਪੂਰਬ ਗੁਰ ਨਹਿਂ ਕਿਨਹੁਂ ਬਿਗਾਰੇ। ਰਹੇ ਮਸੰਦਨਿ ਕੇ ਅਨੁਸਾਰੇ। ਜਿਸ ਕੋ ਚਾਹਤਿ ਰਹੇ ਪੁਜਾਵਤਿ। ਸਭਿ ਗੁਰ ਬੰਸ ਗੁਰੂ ਕਹਿਲਾਵਤਿ ॥ ੧੦ ॥ ਇਹ ਰੁਖ਼ ਫਿਰੇ ਰਹਤਿ, ਨਹਿਂ ਮੇਲਹਿਂ। ਦੇਨਿ ਲੈਨਿ ਹਿਤ

---

[1] ਜ਼ਰ ਜਿੰਨੀ ਗਲ ) ਨਹੀਂ ਸਹਾਰਦੇ। [2]( ਕਈ ) ਪਰਾਏ ਮਤਾਂ ਨੂੰ ਖੰਡਨ ਕਰਨ ਵਾਲੇ। [3](ਕਈ) ਪੱਕੀ ਸ਼ਰਧਾ ਰਿਦੇ ਵਿਚ ਧਾਰਨ ਵਾਲੇ ( ਤੇ ਕਈ ) ਕੱਚੀ ( ਸ਼ਰਧਾ ਵਾਲੇ ਹਨ )। [4]ਜੇ ਇਸੇ ਤਰ੍ਹਾਂ ਰਹੇ ਸਾਡੇ ਪਿੱਛੋਂ। [5]ਆਪ ਹੀ ਆਕੇ ਸਿਖ ਕਾਰ ਦੇਵਨ। [6]ਸੁਆਮੀ ਬਣਾਕੇ (ਗੁਰੂ ਜੀ ਨੂੰ)।

*ਪਾ.–ਤਾੜ ਬਿਲੰਦ। †ਪਾ:–ਮਨ। ‡ਪਾ:–ਉਪਕਾਰੀ।

§ਚੋਤੇ ਨੇ ਜਿੰਨੀ ਵੇਰ ਸਤਿਗੁਰਾਂ ਨੂੰ ਬਾਲਕ ਕਿਹਾ ਹੈ, ਇਸ ਤੋਂ ਸ਼ੱਕ ਪੈਂਦਾ ਹੈ ਕਿ ਮਸੰਦਾਂ ਦਾ ਸੁਧਾਰ ਇਸ ਤੋਂ ਪਹਿਲੋਂ ਹੋ ਚੁੱਕਾ ਹੈ, ਕਿਉਂਕਿ ਇਸ ਵੇਲੇ ਗੁਰੂ ਜੀ ਦੀ ਆਰਬਲਾ ਤ੍ਰੀਹਾਂ ਦੇ ਲਗਪਗ ਹੈ।

Sri Satguru Jagjit Singh Ji eLlibrary NamdhariElibrary@gmail.com

ਨਹਿੰਨ ਸਕੇਲਹਿਂ[1]। ਕਿਮ ਨਿਰਬਾਹ ਹੋਇਗੋ ਐਸੇ ? ਰਹੈਂ ਮਸੰਦਨ ਸੋਂ ਅਬਿ ਜੈਸੇਂ[2]' ॥ ੧੧ ॥ ਸੁਨਿ ਮਾਤਾ ਤਿਨ ਕੋ ਲਖਿ ਸਾਰੋ। ਪੁੱਤ੍ਰ ਨਿਕਟ ਹੁਇ ਗਿਰਾ ਉਚਾਰੇ। 'ਚਹੁੰ ਦਿਸ਼ ਮਹਿਂ ਸਿਖ ਸੇਵਕ ਬ੍ਰਿੰਦ। ਕੋ ਸਮੀਪ ਕੋ ਦੂਰ ਬਿਲੰਦ ॥ ੧੨ ॥ ਕੋ ਪ੍ਰੇਮੀ ਦਰਸ਼ਨ ਹਿਤ ਆਵੈ[3]। ਨਾਤੁਰੁ ਕਾਰ ਜੁ ਗੁਰ ਅਰਪਾਵੈ[4]। ਸੋ ਸਭਿ ਸੰਚਯ ਕਰਹਿਂ ਮਸੰਦ। ਦੇਸ਼ ਬਿਦੇਸ਼ਨ ਦੂਰ ਬਿਲੰਦ ॥ ੧੩ ॥ ਅਪਨੋ ਖਾਨ ਪਾਨ ਭੀ ਕਰੈਂ। ਅਪਰ ਲਆਇ ਤੁਮ ਆਗੈ ਧਰੈਂ। ਇਹ ਕਦੀਮ ਗੁਰ ਘਰ ਕੀ ਰੀਤਿ। ਕਰਹੁ ਆਪ ਭੀ ਇਸ ਮਹੁਂ ਪ੍ਰੀਤਿ'॥੧੪॥ ਸ਼੍ਰੀ ਗੁਰ ਭਨ੍ਯੋਂ 'ਸੰਗਤਾਂ ਮੇਰੀ। ਕੀਨਿ ਮਸੰਦਨਿ ਦੁਖੀ ਘਨੇਰੀ। ਇਹ ਗਤਿ ਮੋ ਤੇ ਸਹ੍ਯੋ ਨ ਜਾਇ। ਨਿਸ ਬਾਸੁਰ ਸਿਖ ਗੁਰੂ ਧਿਆਇ' ॥ ੧੫ ॥ ਇਸ ਪ੍ਰਕਾਰ ਮਾਤਾ ਬਹੁ ਬਾਰੀ। ਹੇਤੁ ਮਸੰਦਨਿ ਕਰਹਿ ਉਚਾਰੀ। ਕੇਤਿਕ ਸਮਾ ਬਿਤਾਵਨਿ ਕੀਨਾ। ਆਵਹਿ ਸੰਗਤਿ ਨੀਤ ਨਵੀਨਾ ॥੧੬॥ ਜਿਸ ਤੇ ਚੇਤੋ ਲੇਤਿ ਅਕੋਰ। ਸੋ ਸਿਖ ਆਯਹੁ ਦਰਸ਼ਨ ਲੋਰਿ। ਆਗੇ ਸੁੰਦਰ ਭੇਟ ਪਠਾਈ। ਪੁਨ ਆਯੋ ਗੁਰ ਦੇਖਨਿ ਤਾਂਈ ॥੧੭॥ ਇਕ ਛੁਰਾ ਗੈਂਡੇ[5] ਕੋ ਬਨ੍ਯੋ। ਜਰ੍ਯੋ ਜਰਾਉ ਸੁ ਹੀਰਨਿ ਸਨ੍ਯੋ। ਅਦਭੁਤ ਸੁੰਦਰ ਅਧਿਕ ਸੁਹਾਯੋ। ਕਿਸ ਕਾਰਨ ਸਿਖ ਕੇ ਕਰ ਆਯੋ ॥ ੧੮॥ ਬਸਤੁ ਅਮੋਲਕ ਮਹਾਂ ਜਰਾਊ। ਨਿਰਧਨ ਸਿਖ ਲੇ ਕੀਨਿ ਦੁਰਾਊ। ਤੁਰਕ ਨਹੀਂ ਕੈ ਬਲ ਕਰਿ ਲੇਈ। ਇਸ ਕਾਰਨ ਤੇ ਨਹੀਂ ਦਿਖੇਈ ॥ ੧੯ ॥ ਦੁਰ੍ਯੋ ਦੁਰ੍ਯੋ ਬੇਚਨਕੋ ਚਹ੍ਯੋ[6]। ਬਿਕ੍ਯੋ ਨ ਕਿਤ, ਨਹਿਂ ਧਨਕੋ ਲਹ੍ਯੋ। ਚਿਰੰਕਾਲ ਕੋ ਘਰ ਮੈਂ ਧਰ੍ਯੋ। ਏਕ ਦਿਵਸ ਸਿਖ ਰਿਦੈ ਬਿਚਰ੍ਯੋ ॥੨੦॥–ਇਹ ਗੁਰ

[1]ਏਹ (ਗੁਰੂ ਜੀ ਮਸੰਦਾਂ ਨਾਲ) ਰੁਖ ਫੇਰੀ ਰਖਦੇ ਹਨ, ਮਿਲਾਪ ਨਹੀਂ ਕਰਦੇ; (ਸਿਰੋਪਾ) ਦੇਣ (ਤੇ ਭੇਟਾ) ਲੈਣ ਵਾਸਤੇ (ਮਸੰਦਾਂ ਨੂੰ) ਇਕੱਤ੍ਰ ਨਹੀਂ ਕਰਦੇ। (ਅ) ਗਿਆਨੀ ਐਉਂ ਬੀ ਲਾਉਂਦੇ ਹਨ:–(ਜੇ) ਏਹ (ਮਸੰਦ) ਮੂੰਹ ਫੇਰੀ ਰੱਖਣਗੇ ਤਾਂ ਮੇਲੇ ਨਹੀਂ ਹੋਣਗੇ ਤੇ ਗੁਰੂ ਜੀ ਨੂੰ ਭੇਟਾ ਦੇਣ ਤੇ ਸਿਰੋਪਾ ਲੈਣ ਲਈ (ਸੰਗਤਾਂ) ਇਕੱਤ੍ਰ ਨਹੀਂ ਕਰਨਗੇ ਤਾਂ......। [2]ਜੇ ਮਸੰਦਾਂ ਨਾਲ ਗੁਰੂ ਜੀ ਐਉਂ ਰਹੇ ਜਿਵੇਂ ਹੁਣ (ਰਹਿੰਦੇ ਹਨ)। [3]ਕੋਈ (ਕੋਈ) ਪ੍ਰੇਮੀ ਦਰਸ਼ਨ ਵਾਸਤੇ ਆਂਵਦਾ ਹੈ। [4]ਨਹੀਂ ਤਾਂ ਜੇਹੜੀ ਕਾਰ (ਸਿੱਖ ਦੂਰ ਦੇ) ਗੁਰੂ ਜੀ ਨੂੰ ਅਰਪਦੇ ਹਨ। [5]ਗੈਂਡੇ (ਦੇ ਚੰਮ) ਦਾ ਛੁਰਾ। ਗੈਂਡਾ ਇਕ ਵੱਡਾ ਪਸ਼ੂ ਹੈ ਜਿਸ ਦੇ ਨੱਕ ਪੁਰ ਸਿੰਗ ਹੁੰਦਾ ਹੈ। ਇਸ ਦਾ ਚਮੜਾ ਡਾਢਾ ਸਖਤ ਹੁੰਦਾ ਹੈ, ਢਾਲਾਂ ਇਸੇ ਦੀਆਂ ਬਣਦੀਆਂ ਸਨ। ਕਈ ਵੇਰ ਸੋਟੀਆਂ ਤੇ ਹੋਰ ਕੀਮਤੀ ਚੀਜ਼ਾਂ ਸੋਨੇ ਦੀ ਜੜਤ ਵਾਲੀਆਂ ਬੀ ਇਸ ਤੋਂ ਬਣਾਉਂਦੇ ਹਨ। ਹਿੰਦੂ ਇਸ ਦੇ ਚਮੜੇ ਨੂੰ ਪਵਿੱਤ੍ਰ ਮੰਨਦੇ ਹਨ। [6]ਚੋਰੀ ਚੋਰੀ ਵੇਚਣਾ ਚਾਹਿਆ।

Sri Satguru Jagjit Singh Ji eLlibrary NamdhariElibrary@gmail.com

ਘਰ ਕੋ ਲਾਇਕ ਅਹੈ। ਅਪਰ ਥਾਨ ਨਹਿਂ ਉਚਿਤਾ ਲਹੈ–। ਤਬਿ ਮਸੰਦ ਚੇਤੋ ਤਹਿਂ ਗਯੋ। ਉਗਰਾਹਤਿ ਗੁਰ ਕਾਰ ਸੁ ਭਯੋ ॥ ੨੧ ॥ ਸਿਖ ਨੇ ਗੁਰ ਮਸੰਦ ਕੋ ਜਾਨਿ।ਸੋ ਚੂਰਾ ਦੀਨਸਿ ਇਸ ਪਾਨਿ।ਕਹਯੋ ਕਿ 'ਗੁਰ ਕੀ ਮਾਤਾ ਹਾਥ[੧]।ਤਿਨ ਹਿਤ ਦੀਨਿ ਪ੍ਰੇਮ ਕੇ ਸਾਥ॥੨੨॥ਮਮ ਦਿਸ਼ਿ ਤੇ ਬੰਦਨ ਕਰਿ ਨੀਕੇ।ਅਰਪਹੁ ਸ਼੍ਰੀ ਗੁਰ ਚਰਨ ਨਜੀਕੇ'।ਅਪਰ ਕਾਰ ਧਨਗਨ ਕੋ ਲੈਕੈ।ਅਰੁ ਚੂਰਾ ਲੀਨਸਿ ਹਰਖੈਕੈ॥੨੩॥ਆਨਿ ਅਨੰਦਪੁਰ ਬਿਖੇ ਪ੍ਰਵੇਸ਼।ਨਿਜ ਘਰਿਮਹਿਂ ਬਸਿ ਨਿਸਾ ਅਸ਼ੇਸ਼।ਨਿਜ ਇਸਤ੍ਰੀਕੋ ਤਬਹਿ ਦਿਖਾਯੋ।ਦੇਖਤਿ ਹੀ ਤਿਹ ਚਿਤ ਬਿਰਮਾਯੋ ॥੨੪॥ 'ਇਹ ਚੂਰਾ ਮੁਝ ਕੋ ਪਤਿ! ਦੀਜੈ। ਮਹਾਂ ਅਮੋਲਕ ਰੁਚਿਰ ਲਖੀਜੈ'।ਤਿਯ ਕੇ ਕਹੇ ਗਈ ਮਤਿ ਮਾਰੀ।ਪਹਿਰਾਇਸੁ ਤਿਹ ਹਾਥਮਝਾਰੀ॥੨੫॥ਕੁਛ ਧਨ ਲੇ ਨਿਜਘਰਿ ਮਹਿਂਰਾਖ੍ਯੋ।ਹੇਤਿ ਪ੍ਰਾਤਿ ਗੁਰ ਦਰਸੁ ਭਿਲਾਖ੍ਯੋ।ਦੀਨਿਸਿ ਕਾਰ ਖਜ਼ਾਨੇ ਪਾਇ। ਰਹਯੋ ਸਮੀਪ ਬਹੁਰ ਤਿਸ ਭਾਇ॥ ੨੬ ॥ ਜਿਸ ਸਿਖ ਨੇ ਚੂਰਾ ਕਰ ਦੀਨ। ਸੋ ਆਯੋ ਦਰਸ਼ਨ ਇਛ ਕੀਨਿ। ਪ੍ਰਥਮ ਮਿਲਯੋ ਚੇਤੋ ਕੇ ਸਾਥ।ਬੂਝਨਿ ਕੀਨਿ ਭੇਟ ਕੀ ਗਾਥ ॥ ੨੭ ॥ 'ਗੁਰ ਢਿਗ ਕਰੀ ਕਿ ਨਹੀਂ ਪੁਚਾਵਨਿ। ਮੈਂ ਜੋ ਦਯੋ ਧਾਰਿ ਮਨ ਭਾਵਨਿ'।ਸੁਨਿ ਚੇਤੋ ਕਹਯੋ'ਤੈਂ ਜੋ ਦੀਨਿ।ਸੋ ਮੈਂ ਗੁਰੂਅਰਪਬੋ ਕੀਨ॥੨੮॥ ਬਹੁਤ ਖੁਸ਼ੀ ਗੁਰ ਕੀ ਤਬਿ ਹੋਈ। ਸੁਖ ਭੋਗਹੁ ਨਹਿ ਸੰਸੈ ਕੋਈ'। ਕੂਰ ਕਹਯੋ ਮੂਰਖ ਨੇ ਜਬੈ। ਚਿੰਤਾ ਬਯਾਪੀ ਚਿਤ ਅਤਿ ਤਬੈ॥੨੯॥–ਅਸ ਚੂਰਾ ਬਹੁਮੋਲਾ ਸੁੰਦਰ।ਅਪਰ ਨਹੀਂ ਸਿੱਖੀ ਕੇ ਅੰਦਰ।ਸਤਿਗੁਰ ਨਿਕਟ ਜਾਇ ਮਤ ਕਹੈ। ਤੌ ਮਮ ਭੇਤ ਸਕਲ ਜਨ ਲਹੈਂ[੨] ॥੩੦॥ ਯਾਂਤੇ ਜਤਨ ਕਰਹੁਂ ਅਬਿ ਐਸੇ। ਇਹ ਸਿਖ ਗੁਰ ਢਿਗ ਜਾਇ ਨ ਜੈਸੇ–।ਮਿਲਯੋ ਸੁ ਦ੍ਵਾਰਪਾਲ ਸੰਗ ਜਾਇ। ਕਛੁਕ ਦਰਬ ਦੇ ਕਹਯੋ ਸੁਨਾਇ॥੩੧॥ 'ਇਹ ਸਿਖ ਅੰਤਰ ਪ੍ਰਵਿਸ਼ਹਿ ਨਾਂਹੀ। ਦੇਖਿ ਰਖਹੁ ਸਿਮਰਹੁ ਮਨ ਮਾਂਹੀ[੩]। ਇਹ ਸਤਿਗੁਰ ਕੋ ਜਾਇ ਅਕਾਵੈ। ਮਤਿ ਹੀਨਾ ਮਾਂਗਨਿ ਚਲਿ ਆਵੈ ॥ ੩੨ ॥ ਅੱਗਯਾਨੀ ਜਾਨਤਿ ਕੁਛ ਨਾਂਹੀ। ਨਹਿਂ ਚੁਪ ਰਹਿਤ ਗੁਰੂ ਕੇ ਪਾਹੀ।ਨਹਿਂ ਕਿਸਕਾਲ ਪ੍ਰਵੇਸ਼ਨਿ ਦੀਜੈ। ਦ੍ਰਿਸ਼ਟ ਬਿਖੈ ਇਸ ਕੋ ਰਖਿ ਲੀਜੈ'॥੩੩॥ਇਸ ਪ੍ਰਕਾਰ ਬਹੁ ਕਰਿ ਤਕਰਾਈ। ਚੇਤੋ ਚਿਤ ਮੇਟੀ ਦੁਚਿਤਾਈ। ਦੇਖਿ [illegible] ਸਿਖ ਜਾਵਨਿ ਲਾਗਯੋ। ਦ੍ਵਾਰਪਾਲ ਹਟਕਤਿ ਤਿਹ ਆਗਯੋ[੪] ॥੩੪॥ ਚੇਤੋ ਸਾਥ

[੧]ਹੱਥ ਵਿਚ (ਪਹਿਨਣ ਵਾਸਤੇ)। [੨]ਸਾਰੇ ਲੋਕੀ ਜਾਣ ਲੈਣਗੇ। [੩]ਭਾਵ ਯਾਦ ਰੱਖਣਾ [੪]ਅੱਗੋਂ।

Sri Satguru Jagjit Singh Ji eLlibrary NamdhariElibrary@gmail.com

ਮਿਲਯੋ ਬਚ ਮਾਨੋ।ਸਿਖ ਕੋ ਅੰਤਰ ਦੇਇ ਨ ਜਾਨੋ।ਇਕ ਦੁਇ ਦਿਨ ਸਿਖ ਫਿਰਿ ਫਿਰਿ ਗਯੋ। ਨਹੀਂ ਗੁਰੂ ਕੋ ਦਰਸ਼ਨ ਭਯੋ॥੩੫॥ ਅਤਿ ਮੁਰਝਾਇ ਬਿਸੂਰਤ ਉਰ ਮੈਂ।–ਦਰਸ਼ਨ ਹਿਤ ਮੈਂ ਆਨੰਦਪੁਰਿ ਮੈਂ।ਚਲਿ ਆਯੋ ਕਰਿ ਪ੍ਰੇਮ ਬਿਸਾਲਾ। ਕੋ ਕਾਰਨ ਭਾ ਮੁਝ ਕੋ ਟਾਲਾ॥ ੩੬॥ ਅਪਰ ਸਿੱਖ ਗਨ ਦਰਸ਼ਨ ਪਾਵਹਿਂ। ਇਕ ਆਵਹਿਂ ਇਕ ਚਲਿ ਪੁਨ ਜਾਵਹਿਂ। ਗੁਰ ਸਰਬੱ-ਗਯ ਅਵੱਗਯਾ ਮੇਰੀ। ਬਰਜਯੋ ਦਰਸ਼ਨ ਤੇ ਕੋ ਹੇਰੀ[1]–॥ ੩੭ ॥ ਰਿਦੈ ਬਿਚਾਰਤਿ ਆਰਤ[2] ਹੋਵਤਿ। ਨਿਜ ਮਹਿ ਦੋਸ਼ ਨਹੀਂ ਕੋ ਜੋਵਤਿ। ਜਹਿ ਬੈਠਯੋ ਤਹਿ ਬੈਠਯੋ ਰਹੈ। ਜਿਤ ਦੇਖਤਿ, ਦੇਖਤਿ ਨਹਿ ਲਹੈ[3]॥੩੮॥ ਹੁਇ ਦਿਲਗੀਰ ਵਹਿਰ ਕੋ ਗਯੋ।ਇਕ ਤਰੁ ਤਰੇ ਜਾਇ ਥਿਤ ਭਯੋ। ਚਿਤਵਤਿ ਗੁਰ ਮੂਰਤਿ ਚਿਤ ਮਾਂਹੀ। ਪ੍ਰਾਪਤਿ ਭਯੋ ਸ਼ਾਂਤਿ ਕੋ ਨਾਂਹੀ॥੩੯। ਗਿਨਤੀ ਗਿਨਤਯੋ ਬਿਨਤੀ ਭਨੈ। 'ਹੇ ਪ੍ਰਭੁ ! ਆਪ ਕ੍ਰਿਪਾ ਕੇ ਸਨੈ। ਅੰਤਰਜਾਮੀ ਜਾਨਹੁ ਸਾਰੇ। ਜੋ ਅਵਗਨ ਮਮ ਬਡੋ ਚਿਤਾਰੇ॥੪੦॥ ਮੁਝ ਕੋ ਸੁਧ[4] ਕਿਸ ਬਿਧਿ ਕਰਿ ਦੇਵੈਂ।ਦਾਸ ਆਪਨੋ ਉਰ ਲਖਿ ਲੇਵੈਂ'। ਇੱਤ੍ਯਾਦਿਕ ਮਨ ਤੇ ਕਰਿ ਬਿਨਤੀ।ਚਰਨ ਕਮਲ ਚਿਤਵਤਿ ਅਤਿ ਗਿਨਤੀ॥੪੧॥ਦਾਸ ਰਿਦੇ ਕੀ ਸਭਿ ਬਿਧਿ ਜਾਨੀ। ਖੋਟ ਮਸੰਦਨ ਜੋ ਮਨ ਮਾਨੀ[5]। ਤਾਤਕਾਲ ਇਕ ਸਿੱਖ ਪਠਾਯੋ। ਤਿਸ ਤਰੁ ਕੇ ਤਰ੍ਹ, ਪਤੋ ਬਤਾਯੋ[6]॥੪੨॥ ਜਾਇ ਬਿਲੋਕਯੋ ਬੈਠਯੋ ਤਹਾਂ। ਬਦਨ ਮਲੀਨ ਦੀਨ ਮਨ ਮਹਾਂ। 'ਚਲਹੁ ਬੁਲਾਵਹਿਂ ਸਤਿ-ਗੁਰ ਤੋਹੀ। ਕੋ ਜਾਨੈ ਕੋ ਕਾਰਜ ਹੋਹੀ'॥੪੩॥ ਸੁਨਿ ਹਰਖਯੋ ਉਠਿ ਸੰਗ ਸਿਧਾਰਾ। ਚਲਿ ਆਯੋ ਸਤਿਗੁਰ ਕੇ ਦ੍ਵਾਰਾ। ਦ੍ਵਾਰਪਾਲ ਕਹਿ 'ਜਾਨ ਨ ਪਾਵਹਿ'।ਸਿਖ ਕਹਿ'ਸਾਹਿਬ ਆਪ ਬੁਲਾਵਹਿਂ'॥੪੪॥ਅੰਤਰ ਜਾਇ ਪ੍ਰਵੇ-ਸ਼ਤਿ ਭਯੋ।ਅੰਤ ਮਸੰਦਨ ਕੋ ਜਨੁ ਅਯੋ।ਕ੍ਰਰਨ ਕੋ ਕਿਦਾਰ ਜਨੁ ਹਰਯੋ[7]। ਕਰਕਾ ਗਨ ਸਿਖ ਆਵਨ ਕਰਯੋ[8] ॥ ੪੫ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਤ੍ਰਿਤਿਯ ਰੁਤੇ 'ਮਸੰਦਨ' ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋ ਅੰਸੂ ॥ ੧੫ ॥

੧੬. [ਵੇਤੋ ਮਸੰਦ ਦਾ ਖੋਟ। ਸਜ਼ਾ]।

ਦੋਹਰਾ ॥ ਸਿੱਖ ਪ੍ਰਵੇਸ਼ਯੋ ਅੰਤਰੇ ਪ੍ਰੇਮ ਨਿਰੰਤਰ ਧਾਰਿ। ਕਲਗ਼ੀਧਰ ਦਰ-

[1] ਕੇਹੜੀ ਵੇਖਕੇ (ਅਵੱਗਯਾ)। [2] ਦੁਖੀ। [3] ਜਿੱਧਰ ਦੇਖਦਾ ਹੈ ਦੇਖਦਿਆਂ ਨਹੀਂ ਜਾਣਦਾ (ਕਿ ਕੀ ਦੇਖਦਾ ਹਾਂ)। [4] ਖਬਰ। ਅ. ਮਨ ਨੂੰ ਸ਼ੁਧ ਕਰ ਦਿਹੋ। [5] ਮਨ ਦੇ ਜੋ ਹੰਕਾਰੀ ਹਨ ( ਮਸੰਦ )। [6] ਤਿਸ ਬ੍ਰਿਛ ਦੇ ਹੇਠ ਦਾ ਪਤਾ ਦੱਸਿਆ ( ਦਾਸ ਨੂੰ )। [7] ਮਾਨੋ ਝੂਠਿਆਂ ਦਾ ਖੇਤ ਹਰਿਆ ਸੀ। [8] ਮਾਨੋਂ ਗੜਿਆਂ ਦਾ ਬਦਲ ਰੂਪੀ ਸਿੱਖ (ਹਰਾ ਖੇਤ ਨਾਸ਼ ਕਰਨ ਨੂੰ) ਆਇਆ ਹੈ।

ਸਨੋ ਤਬਹਿ ਲਖਿ ਸਭਿ ਜਗ[1] ਕਰਤਾਰ ॥ ੧ ॥ ਚੌਪਈ ॥—ਪਾਰਬ੍ਰਹਮ ਕੀ ਮੂਰਤਿ ਜੋਤਿ—। ਲਖਿ ਕਰਿ[2] ਸਿਖ ਕੇ ਪ੍ਰੇਮ ਉਦੋਤ। ਪਰਯੋ ਚਰਨ ਪਰ ਬੰਦਨ ਕੀਨਿ।ਪੁਨ ਸਨਮੁਖ ਬੈਠਯੋ ਸੁਖ ਲੀਨ॥੨॥ਕ੍ਰਿਪਾ ਧਾਰਿ ਗੁਰ ਮ੍ਰਿ-ਦੁਲ ਅਲਾਯੋ।"ਹੇ ਪ੍ਰਿਯ ਸਿਖ! ਹਮ ਹਿਤ ਕਯਾ ਲ੍ਯਾਯੋ?" ਸੁਨਤਿ ਹਾਥ ਜੋਰੇ ਤਬਿ ਕਹਯੋ। 'ਅਦਭੁਤ ਚੂਰਾ[3] ਮੈਂ ਕਿਤ ਲਹਯੋ[4]॥੩॥ਲਾਯਕ ਜਾਨਿ ਆਪ ਕੇ ਘਰ ਕੀ। ਪ੍ਰਥਮ ਪਠਯੋ ਮੈਂ, ਪ੍ਰੀਤੀ ਉਰ ਕੀ। ਗੁਰ ਕੁਦਰਤਿ ਤੇ[5] ਮਮ ਕਰ ਆਯੋ। ਰੁਚਿਰ ਜਰਾਊ ਜਰਯੋ ਦਿਪਤਾਯੋ ॥੪॥ ਜਬਰ ਜਵਾਹਰ ਜਿਸ ਪਰ ਜਰੇ। ਕਿਸ ਕਾਰੀਗਰ ਨੇ ਸ਼ੁਭ ਕਰੇ। ਅਬਿ ਮਨ ਦਰਸ਼ਨ ਕੋ ਲਲਚਾਵਾ। ਰਹਯੋ ਨ ਗਯੋ ਆਪ ਚਲਿ ਆਵਾ' ॥ ੫ ॥ ਸ੍ਰੀ ਗੁਰ ਕਹਯੋ 'ਨ ਹਮ ਨੇ ਹੇਰਾ।ਹੁਤੋ ਬਿਭੂਖਨ ਪਠਯੋ ਜੁ ਤੇਰਾ।ਕਿਸ ਕੋ ਦਯੋ?ਬਤਾਵਨਿ ਕਰੀਐ। ਨਹੀਂ ਦੁਰਾਵਨ ਤਿਸਹਿ ਬਿਚਰੀਅਹਿ[6]' ॥ ੬ ॥ "ਮਹਾਂਰਾਜ ਜੀ! ਮਹਾਂ ਮਸੰਦ। ਜੋ ਗੁਰ ਕਾਰ ਲੇਤਿ ਹੈ ਬ੍ਰਿੰਦ। ਚੋਤੋ ਨਾਮ ਮੋਟ ਤਨ ਜਾਂਹੀ। ਮੈਂ ਸੰਭਾਰ ਦੀਨਸਿ ਤਿਸ ਪਾਂਹੀ॥੭॥ਲੈ ਸੰਗਤਿ ਤੇ ਬ੍ਰਿੰਦ ਅਕੋਰ। ਗ੍ਰਹਣ ਕਰੇ ਆਯੋ ਤੁਮ ਓਰ'[7]। 'ਜਿਮ ਨਹਿ ਜਾਨਹਿ ਸਭਿ ਕਿਛ ਜਾਨਿ। ਸਿਖ ਭੇਜਯੋ ਚੋਤੋ ਇਤ ਆਨ[8]॥੮॥ ਬੈਠਯੋ ਹੁਤੋ ਨਿਕੇਤ ਮਝਾਰੇ।ਕਹਯੋ 'ਚਲਹੁ ਸਤਿਗੁਰੂ ਹਕਾਰੇ'। ਸੁਨਤਿ ਸਚਿੰਤ ਉਠਯੋ ਤਤਕਾਲਾ।ਸਿਖ ਕੇ ਸੰਗ ਗੁਰੂ ਢਿਗ ਚਾਲਾ ॥੯॥ ਜਾਇ ਪ੍ਰਭੂ ਕੇ ਖਰੋ ਅਗਾਰੀ। ਗੁਰ ਆਸ਼ਯ ਲਖਿ ਸਿੱਖ ਉਚਾਰੀ।'ਸੁਨਿ ਭਾਈ! ਮੈਂ ਚੂਰਾ ਦੀਨਾ। ਗੁਰ ਘਰ ਹਿਤ ਸਮੁ-ਝਾਵਨ ਕੀਨਾ ॥ ੧੦ ॥ ਆਨਯੋ ਗੁਰੂ ਕਾਰ ਕੇ ਸਾਥ। ਅਰਪਨ ਕਰਯੋ ਕਿ ਨਹਿ ਢਿਗ ਨਾਥ?ਇਨਹਿ ਨਿਹਾਰਨਿ ਕਯੋਂਹੂ ਨ ਕੀਨਾ[9]? ਸੋ ਤੈਂ ਆਨਿ ਕਹਹੁ ਕਿਸ ਦੀਨਾ ? ॥੧੧॥ ਕਿਸ ਕਾਰਨ ਤੇ ਦਯੋ ਜਿ ਨਹਿ ਤਬਿ ?। ਆਨ ਅਰਪਨਾ ਕਰੀਅਹਿ ਸੋ ਅਬਿ'। ਗੁਰ ਮਾਯਾ ਚੋਤੋ ਬਿਰਮਾਯੋ।ਲੋਭ ਲਹਿਰ ਮਹਿ ਗ਼ੋਤਾ ਖਾਯੋ ॥੧੨॥ ਜਿਸ ਨੇ[10] ਬਡੇ ਬਡੇ ਛਹਿਕਾਏ। ਕਯਾ ਬਪੁਰਾ ਚੋਤੋ ਠਹਿਰਾਏ। ਨਟ ਕਰਿ[11] ਕਹਨਿ ਲਗਯੋ ਮੁਖ ਕੂਰ। 'ਮੂਰਖ

[1]ਜਗਤ ਦਾ। [2]ਪਾਰ ਬ੍ਰਹਮ ਦੀ ਜੋਤ ਹੀ (ਇਹ) ਮੂਰਤ ਹੈ ਐਸਾ ਲਖਕੇ। [3]ਚੂੜਾ। [4]ਵੇਖਿਆ ਸੀ। [5]ਭਾਵ ਆਪਦੀ ਸ਼ਕਤੀ ਕਰਕੇ। [6]ਉਸਦਾ (ਨਾਮ) ਲੁਕਾਉਣ ਦੀ ਨਾ ਸੋਚ ਕਰਨੀ। [7]ਸਿਖ ਨੇ ਕਿਹਾ। [8]ਸਭ ਕੁਛ ਜਾਣਨਹਾਰ(ਗੁਰੂ ਜੀ ਨੇ ਐਉਂ(ਕਿ ਮਾਨੋਂ) ਨਹੀਂ ਜਾਣਦੇ(ਇਕ) ਸਿੱਖ ਘੱਲਿਆ ਕਿ ਚੋਤੋ ਨੂੰ ਲਿਆਓ ਏਧਰ। [9]ਇਨ੍ਹਾਂ (ਮਹਾਰਾਜ ਜੀ ਨੇ) ਕਿਵੇਂ ਨਹੀਂ ਦੇਖਿਆ? [10]ਭਾਵ ਜਿਸ ਮਾਇਆ ਨੇ। [11]ਮੁੱਕਰ ਕੇ।

Sri Satguru Jagjit Singh Ji eLlibrary NamdhariElibrary@gmail.com

ਕਰਹਿ ਨ ਤ੍ਰਾਸ ਹਜ਼ੂਰ?॥ ੧੩॥ ਭੋ ਸਿਖ ! ਤੂੰ ਭੋਰਾ ਮਤਿ ਹਉਰਾ। ਬਿਸ-
ਰਨੈ ਹੋਇ, ਦੀਨਿ ਕਿਸ ਔਰਾ[੧]। ਸਿਮਰਨ ਕਰਿ, ਦੀਨੋ ਕਿਸ ਹਾਥ ?
ਮਹਾਂ ਮੋਲ ਹੁਤੋ ਜਿਹ ਸਾਥ' ॥੧੪॥ ਸੁਨਿ ਕਲਗੀਧਰ ਮ੍ਰਿਦੁਲ ਉਚਾਰੇ।
'ਭੋ ਚੇਤੋ! ਤੈਂ ਸਤਿਗੁਰ ਪਯਾਰੇ। ਸਿਖ ਨੇ ਕੀਨਿ ਭਾਵਨਾ ਜੋਇ। ਮੁਝ ਸੋਂ ਦੇਹੁ,
ਪੂਰੀਅਹਿ ਸੋਇ ॥੧੫॥ ਲੀਜਹਿ ਫਿਰ, ਇਕ ਦੁਇ ਦਿਨ ਮਾਂਹੀ। ਦੇਖਿ
ਰਖਹਿਂ ਤੁਝ ਤੇ ਹਮ ਨਾਂਹੀ'। ਨਿਡਰ ਹੋਇ ਕਰਿ ਕੋਪ ਉਚਾਰਯੋ। 'ਇਹੁ ਤੈਂ
ਸਾਕਤ ਗੁਰ ਕੋ ਮਾਰਯੋ ॥ ੧੬ ॥ ਆਇ ਹਜ਼ੂਰ ਕੂਰ ਬਡ ਕਹਯੋ। ਸਮੁਝ
ਬਿਨਾ ਗੁਰ ! ਸਚ ਕਹਿ ਗਹਯੋ[੨]। ਸਿਖ ਬਪੁਰਾ ਕਯਾ ਇਸ ਕੋ ਭਾਖੋ[੩]। ਹਮ
ਕੋ ਝੂਠ ਜਾਨਿ ਗੁਰ ਕਾਖੋ[੪] ॥ ੧੭ ॥ ਲਾਖਹੁਂ ਲਯਾਵਹਿਂ ਦਰਬ ਅਗਾਰੀ।
ਹਮਰੀ ਸਭਿ ਦੇਸ਼ਨਿ ਪਤ ਭਾਰੀ। ਜੋ ਨ ਦੇਤਿ ਸੋ ਭਿ ਪਿਖਿ ਦੇਵੈ[੫]। ਆਗੈ
ਧਰਿ ਸ਼ਰਧਾ ਗੁਰ ਸੇਵੈਂ ॥ ੧੮ ॥ ਹਮ ਬਹੁਤੇ ਨਿਜ ਕਾਜ ਸੁਧਾਰੈਂ। ਨਹਿ
ਕੀਮਤਿ ਉਰ ਗੁਰੂ ਬਿਚਾਰੈਂ। ਝੂਠ ਸਾਚ ਕੋ ਬਹੁ ਬਿਵਹਾਰ। ਨਹਿ ਜਾਨੈ ਗੁਰੂ
ਇਨ ਕੀ ਸਾਰ ॥ ੧੯ ॥ ਕਯਾ ਸਿਖ ਰੰਕ ਕੂਰ ਇਹੁ ਕਹੈ। ਹਮ ਕੋ ਤਸ-
ਕਰ ਸਮ ਗੁਰ ਲਹੈਂ। ਵਸਤੁ ਸੈਂਕਰੇ ਹਮ ਨਿਤ ਲਯਾਵੈਂ। ਦਿਖਰਾਵਹਿਂ ਕੋ
ਨਹੀਂ ਦਿਖਾਵਹਿ ॥ ੨੦ ॥ ਗੁਰੂ ਖਜ਼ਾਨੇ ਅਰਪਨਿ ਕਰੈਂ। ਸਭਿ ਗੁਰ
ਨਿਕਟ ਰੀਤ ਇਮ ਧਰੈਂ'। ਸੁਨਿ ਸਕੋਪ ਸਤਿਗੁਰੂ ਉਚਾਰੀ। 'ਲੋਭ ਲਹਿਰ
ਚੇਤੋ ! ਮਤਿ ਮਾਰੀ ॥ ੨੧॥ ਝੂਠ ਸਾਚ ਬਿਵਹਾਰ ਘਨੇਰੇ। ਪਰਖਨਿ ਹੈ ਕਿ
ਨਹੀਂ ਮਤ ਮੇਰੇ[੬]। ਸੋ ਅਬਿ ਸਗਰੀ ਤੋਹਿ ਦਿਖਾਵਹੁਂ। ਕਰਿ ਕੀਮਤਿ ਕੋ ਫਲ
ਪਹੁੰਚਾਵਹੁ ॥੨੨॥ ਜਥਾ ਭਾਵਨੀ ਤਯੋਂ ਫਲ ਪਾਵੈਂ। ਅਬਿ ਹਮ ਦੇਹਿਂ, ਨ
ਦੇਰ ਲਗਾਵੈਂ'। ਪੰਚ ਸਿੱਖ ਸਤਿਗੁਰੂ ਬੁਲਾਏ। ਬਡ ਮਸੰਦ ਕੇ ਸਦਨ
ਪਠਾਏ॥੨੩॥ 'ਇਸ ਕੇ ਘਰ ਪਰ ਅਹੈ ਚੁਬਾਰਾ। ਤਿਸ ਮਹੁਂ ਤਾਕੀ ਲਗਹਿ
ਕਿਵਾਰਾ। ਪਟ[੭] ਲਪੇਟ ਤਹਿ ਰਾਖਯੋ ਚੂਰਾ। ਸਿਖ ਕੋ ਦਿਯੋ ਹੁਤੋ ਜੋ ਰੂਰਾ'
॥੨੪॥ ਹੁਕਮ ਸੁਨਤਿ ਸਿਖ ਪੰਚਹੁਂ ਧਾਏ। ਤਬਿ ਚੇਤੋ ਨਿਜ ਗ੍ਰੀਵ ਨਿਵਾਏ।
ਅਵਨੀ ਖਨਤਿ ਨ ਨੈਨ ਉਠਾਏ। ਅੰਤ ਸਮਾ ਜਿਸ ਪਹੁੰਚਯੋ ਆਏ॥ ੨੫ ॥

[੧]ਕਿਸੇ ਹੋਰ ਨੂੰ ਦਿੱਤਾ-ਹੋਊਗਾ। [੨]ਹੇ ਗੁਰੂ ਜੀ ਆਪਨੇ ਸਮਝੇ ਬਿਨਾ ਸੱਚ ਕਰ ਮੰਨਿਆ ਹੈ। [੩]ਸਿਖ ਕੰਗਲਾ ਹੈ ਇਸਦੇ ਕਹੇ ਦਾ ਕੀ(ਵਜ਼ਨ)ਹੈ(ਬਪੁਰਾ=ਵਿਚਾਰਾ, ਕੰਗਲਾ)। [੪]ਕਖ ਵਾਂਙੂ ਹੌਲਾ)ਕਰ ਰਹੇ ਹੋ(ਅ) ਗੁੱਸੇ ਹੋ ਰਹੇ ਹੋ। [੫]ਜੋ(ਹੋਰ ਕਿਸੇ ਨੂੰ) ਨਾ ਦੇਵੇ(ਸਾਨੂੰ) ਦੇਖਕੇ ਉਹਬੀ ਦੇ ਦਿੰਦਾ ਹੈ। [੬]ਸਾਡੀ ਬੁੱਧੀ ਵਿੱਚ ਉਨ੍ਹਾਂ ਝੂਠੇ ਸੱਚੇ ਦੀ)ਪਰਖਣਾ ਹੈ ਕਿ ਨਹੀਂ। [੭]ਰੇਸ਼ਮ ਵਿਚ।(ਅ)ਕਪੜੇ ਵਿਚ।

Sri Satguru Jagjit Singh Ji eLlibrary NamdhariElibrary@gmail.com

ਘਰ ਮਹਿਂ ਪ੍ਰਵਿਸ਼ੇ ਚਰ੍ਹੇ ਚੁਬਾਰੇ। ਤੋਰੀ ਸਾਂਕਰ ਖੋਲਿ ਕਿਵਾਰੇ। ਤਤਛਿਨ ਚੂਰਾ ਲਯੋ ਨਿਕਾਸ॥ਆਨਯੋਂ ਕਲਗ਼ੀਧਰ ਕੇ ਪਾਸ॥੨੬॥ਅਦਭੁਤ ਚੂਰਾ ਸੁੰਦਰ ਦੇਖਾ॥ਸਿਖ ਪਰ ਕੀਨੀ ਖੁਸ਼ੀ ਵਿਸ਼ੇਖਾ॥'ਭਯੋ ਨਿਹਾਲ ਸਕਲ ਦੁਖ ਮੇਟਾ। ਅੰਤ ਬਿਖੈ ਹੋਇ ਨ ਜਮ ਭੇਟਾ'॥੨੭॥ਪੁਨ ਚੇਤੇ ਕੋ ਬੂਝਨਿ ਕਿਯੋ। 'ਤਸਕਰ ਪਾਪੀ ! ਇਹ ਕਯਾ ਭਯੋ? ਨਹਿਂ ਮੇਰੋ ਪਰਤਾਪ ਪਛਾਨਾ ? ਚੂਰੇ ਬਿਖੈ ਲੋਭ ਕੇ ਠਾਨਾ॥੨੮॥ਤਊ ਚੁਰਾਵਤਿ ਮੂਢਹ ਮੇਸ਼॥ਰਹੇ ਛਿਮਾ ਕਰਿ ਗੁਰੂ ਅਸ਼ੇਸ਼॥ਅਬਿ ਇਹ ਸਿਖ ਕੋ ਝੂਠਾ ਕਹੈ।ਬਾਰ ਬੁੱਧਿ[1] ਮੋਕਉ ਉਰਲਹੈ॥੨੯॥ ਤਾੜਤਿ ਸਿਖ ਕੋ ਮੋਹਿ ਹਦੂਰਾ॥ਕੂਰੋ ਆਪ ਕਹੈ ਇਸ–ਕੂਰਾ–।ਸਾਕਤ ਆਪ, ਕਹੈ–ਸਿਖ ਸਾਕਤ*–। ਮਤਿ ਹਤਿ ਨਿਜ–ਇਸ ਮਤਿ ਹਤਿ–ਭਾਖਤਿ ॥੩੦॥ ਭਰੇ ਗਰਬ ਗੁਰ ਦਰਬ ਚੁਰਾਇ। ਮਮ ਸੰਗਤਿ ਕੋ ਬਹੁ ਦੁਖਦਾਇ*। ਅਬਿ ਮੈਂ ਅਪਨੀ ਜੋ ਬੁਧਿ ਬਾਲ।ਕਰਿ ਦਿਖਰਾਵਹੁ ਇਸੈ ਬਿਸਾਲ'॥੩੧॥ ਭਾਖਯੋ ਹੁਕਮ 'ਕਰਾਹਾ ਲਯਾਵਹੁ। ਗੁੜ ਜਲ ਪਾਵਹੁ ਬਹੁਤ ਤਪਾਵਹੁ। ਚੇਤੇ ਕੋ ਇਸ਼ਨਾਨ ਕਰਾਵਹੁ॥ਹੈ ਪਲੀਤ ਅਬਿ ਪਾਕ ਬਨਾਵਹੁ॥੩੨॥ਬਾਲ-ਬੁੱਧਿ ਕੇ ਲਖਹੁ ਸੁਭਾਊ। ਜਸ ਕਛੁ ਕਰਯੋ ਸੁ ਤਸ ਫਲ ਪਾਊ'। ਗਹਿ ਸਿੱਖਨ ਤਿਸ ਵਹਿਰ ਨਿਕਾਰਾ। ਗੁੜ ਤਪਾਇ ਬਹੁ ਊਪਰ ਡਾਰਾ ॥ ੩੩॥ ਕੜਛਾ ਭਰਿ ਭਰਿ ਊਪਰ ਪਾਵਹਿਂ। ਬਹੁ ਪਾਪਨ ਕੀ ਮੈਲ ਮਿਟਾਵਹਿਂ। ਕਿਤਿਕ ਕਾਲ ਮਹਿਂ ਨਿਕਸੇ ਪ੍ਰਾਨਾ†।ਦੇਖਤਿ ਸਭਿ ਨੇ ਉਰ ਡਰ ਮਾਨਾ ॥ ੩੪॥ ਦਬਕੇ[2] ਸਗਰੇ ਖੋਟ ਕਰਨਿ ਤੇ। ਡਰੇ ਗੁਰੂ ਕੇ ਕ੍ਰੋਧ ਧਰਨ ਤੇ। ਸਭਿ ਮਸੰਦ ਮਨ ਖੋਟੇ ਹੋਇ[3]।–ਮਹਾਂ ਮਸੰਦ ਹਤਯੋ ਜਿਨ ਸੋਇ ॥ ੩੫॥ ਦਰਸ ਚੰਡਕਾ ਉਲਟੋ ਪਰਯੋ। ਮਾਰਨ ਲਗਯੋ ਨਰਨਿ ਰਿਸ ਭਰਯੋ॥ਮ੍ਰਿਦੁਲ ਬਾਕ ਕਿਸ ਸੋਂ ਨਹਿਂ ਕਹੈਂ॥ਫਿਰੇ ਤੌਰ ਸਭਿਹਿਨਿ ਸੋਂ ਰਹੈਂ॥੩੬॥ ਬਰਣ ਬਦਨ ਕੋ ਅਰੁਨ ਬਡੇਰੋ॥ਉੱਗ੍ਰ ਬਿਲੋਚਨ ਤੇ ਸਭਿ ਹੇਰੇਂ–।ਪ੍ਰਤਿ ਉੱਤਰ ਕੋ ਕਹਿ

[1] ਬਾਲ ਬੁੱਧੀ ਵਾਲਾ। [2] ਡਰੇ। [3] ਸੋਚਦੇ ਹਨ ਕਿ......। *ਸਿਖੀ ਦੇ ਦੁੱਖ, ਪਰ ਕਿਸ ਤਰ੍ਹਾਂ ਪੀੜਤ ਹੋ ਰਹੇ ਹਨ।

†ਦੋਸ਼ੀਆਂ ਨੂੰ ਦਬਕਾਉਣ ਲਈ ਤੇ ਦਬਕਾਕੇ ਬਕਾਉਣ ਲਈ ਇਸ ਤਰ੍ਹਾਂ ਦੇ ਪਰਤਾਵੇ ਤੇ ਡਰ ਪਿਛਲੇ ਸਮੇਂ ਦਿਤੇ ਜਾਇਆ ਕਰਦੇ ਸਨ। ਚਾਹੇ ਚੇਤੂ ਕਿਤਨਾ ਪਾਪੀ ਸੀ ਇਹ ਸਜ਼ਾ ਉਸ ਨੂੰ ਮਿਲੀ ਨਹੀਂ ਜਾਪਦੀ। ਤਵਾ: ਖਾਲਸਾ ਵਿਚ ਐਉਂ ਲਿਖਿਆ ਹੈ:—"ਉਸ ਦੀ (ਚੇਤੇ ਦੀ) ਇਸਤ੍ਰੀ ਨੇ ਜਾ ਕੇ ਮਾਤਾ ਜੀ ਦੇ ਚਰਨ ਫੜ ਲਏ। ਭਾਵੇਂ ਮਾਤਾ ਜੀ ਨੇ ਉਸ ਦੀ ਇਸਤ੍ਰੀ ਤੇ ਦਇਆ ਕਰਕੇ ਚੇਤੇ ਨੂੰ ਗੁਰੂ ਜੀ ਪਾਸੋਂ ਛੁਡਾ ਦਿਤਾ ਪਰ ਤਾੜਨਾ ਸਭਨਾਂ ਮਸੰਦਾਂ ਨੂੰ ਬਹੁਤ ਹੋਈ"।

Sri Satguru Jagjit Singh Ji eLlibrary NamdhariElibrary@gmail.com

ਨ ਸਕੈਤੋ[1]। ਆਪ ਆਪਨੇ ਚਿਤ ਡਰਪੰਤੋ[2] ॥੩੭॥ ਪੁਨ ਸੋਧਨਿ ਸੰਗਤਿ ਗੁਰ ਚਾਹਤਿ। ਪਰਖਨਿ ਸਿੱਖੀ ਬੀਰ ਉਮਾਹਤਿ।-ਖੋਜਨਿ ਕਰਿ ਕੈ ਪੰਥ ਚਲਾਵਨਿ। ਅਜਬ ਖਾਲਸਾ ਕਰੌਂ ਉਪਾਵਨ-॥ ੩੮ ॥ ਰਿਦੈ ਮਨੋਰਥ ਕੋ ਧਰਿ ਐਸੇ। ਚਿਤਵਤਿ ਸ੍ਰੀ ਸਤਿਗੁਰ ਬਿਧਿ ਤੈਸੇ। ਦੂਰ ਦੂਰ ਤੇ ਸੰਗਤਿ ਆਈ। ਜਿਸ ਮਹਿੰ ਪ੍ਰੇਮੀ ਸਿਖ ਸਮੁਦਾਈ ॥੩੯॥ ਚਹੂੰ ਦਿਸ਼ਿਨਿ ਤੇ ਗੁਰੂ ਹਕਾਰੇ। ਪਠੇ ਹੁਕਮਨਾਮੇ ਪੁਰਿ ਸਾਰੇ।ਧਰਿ ਧਰਿ ਸ਼ਸਤ੍ਰ ਤਨਾਗਿ ਨਿਜ ਘਰ ਕੋ। ਪ੍ਰਸਥਾਨੇ ਸਭਿ ਆਨੰਦ ਪੁਰਿ ਕੋ ॥ ੪੦ ॥ ਜਥਾਸ਼ਕਤਿ ਕਰ ਲੀਨਿ ਅਕੋਰ।ਸੁਨਿ ਸੁਨਿ ਹੁਕਮ ਚਲੇ ਗੁਰ ਓਰ।ਆਨਿ ਅਨੰਦਪੁਰਿ ਮੇਲਾ ਭਯੋ। ਸ੍ਰੀ ਕਲਗੀਧਰ ਕੋ ਪਿਖਿ ਲਯੋ ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਚੋਰੋ ਮਸੰਦ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥ ੧੬ ॥

## ੧੭. [ਸਿੱਖੀ ਪਰਖਣ ਦੇ ਤਾਉ ਤੇ ਕਸਵੱਟੀਆਂ]।

ਦੋਹਰਾ॥ਭਯੋ ਮੇਲ ਜਬਿ ਅਨੰਦਪੁਰਿ ਚਹੁੰਦਿਸ਼ਿ ਤੇ ਸਿਖ ਆਇ।ਭਈ ਭੀਰ ਦੀਰਘ ਤਹਾਂ ਦਰਸ ਚਾਹਿ ਅਧਿਕਾਇ ॥੧॥ ਚੌਪਈ॥ ਤਬਹਿ ਮੇਵਰੋ ਗੁਰ ਢਿਗ ਗਯੋ। ਥਿਰ ਹ੍ਵੈ ਅਰਜ਼ ਗੁਜ਼ਾਰਤਿ ਭਯੋ। 'ਮਹਾਰਾਜ! ਸੰਗਤਿ ਸਮੁਦਾਈ। ਸੁਨਿ ਆਇਸੁ ਚਹੁੰਦਿਸ਼ਿ ਤੇ ਆਈ॥੨॥ ਬਾਂਛਤਿ ਦਰਸ਼ਨ ਚੰਦ ਤੁਹਾਰੋ।ਜਿਮ ਚਕੋਰ ਤਿਮ ਮਿਲੇ ਹਜ਼ਾਰੋਂ।ਸਾਗਰ ਸਮ ਉਮਡੇ ਗਨ ਆਏ। ਚਹੁੰਦਿਸ਼ਿ ਪੁਰਿ ਕੇ ਡੇਰੇ ਪਾਏ' ॥੩॥ ਸੁਨਿ ਕਲਗੀਧਰ ਹੁਕਮ ਬਖਾਨਾ। 'ਜਹਾਂ ਦਮਦਮਾ ਊਚ ਮਹਾਨਾ। ਤਿਸ ਕੇ ਨਿਕਟ ਉਤੰਗ[3] ਸਥਾਨਾ। ਤਹਾਂ ਸੁਧਾਰਹੁ ਬਹੁ ਮੈਦਾਨਾ॥੪॥ਪੁਨ ਸ਼ਮਿਯਾਨੇ ਤਹਾਂ ਲਗਾਵਹੁ। ਤੰਬੂ ਰੁਚਿਰ ਕਨਾਤ ਤਨਾਵਹੁ'। ਸੁਨਤਿ ਮੇਵਰੋ ਬਾਹਿਰ ਆਯੋ। ਸਭਿ ਕੋ ਹੁਕਮ ਹਜ਼ੂਰ ਸੁਨਾਯੋ ॥ ੫॥ ਤੂਰਨ ਦਾਸ ਸੰਭਾਰਨਿ ਕੀਨੇ। ਹੁਇ ਆਇਸੁ ਅਨੁਸਾਰਿ ਪ੍ਰਬੀਨੇ। ਲਗਿ ਨਰ ਗਨ ਸੋ ਥਾਇ ਸੁਧਾਰੀ। ਬਿਖਮ ਹੁਤੀ ਕੀਨੀ ਸਮ ਸਾਰੀ। ੬ ॥ ਪੁਨ ਤੰਬੂ ਇਕ ਰੁਚਿਰ ਲਗਾਯੋ। ਬਹੁਤ ਦਰਬ ਜਿਸ ਊਪਰ ਲਾਯੋ। ਦੀਰਘ ਚਹੁੰਦਿਸ਼ਿ ਤਨੀ ਕਨਾਤ।ਲਾਲ ਰੰਗ ਕੀ ਸ਼ੁਭਤਿ ਬਨਾਤ ॥੭॥ ਤਾਨਿ ਚਾਨਣੀ ਲਗਿ ਚਹੁੰ ਓਰ। ਰੇਸ਼ਮ ਜ਼ਰੀ ਲਗੀ ਜਿਸ ਡੋਰ। ਕਲਸ ਚੋਬ ਕੰਚਨ ਕੇ ਬਨੇ। ਦਮਕਤਿ ਹੀਰੇ ਉਜਲ ਘਨੇ॥੮॥ਮੁਕਤਾ ਝਾਲਰ ਸੁੰਦਰ ਸੋਹੈ। ਅਵਿਲੋਕਤਿ ਸਭਿ ਕੋ ਮਨ ਮੋਹੈ। ਰਾਖਯੋ ਬੀਰ

[1]ਅਗੋਂ ਪਰਤਕੇ ਉਤਰ ਕੋਈ ਨਹੀਂ ਦੇ ਸਕਦਾ। [2](ਐਉਂ ਸੋਚਕੇ) ਆਪਣੇ ਚਿੱਤਾਂ ਵਿਚ ਡਰਦੇ ਹਨ ਪਰ ਪ੍ਰਤਿਉਤਰ ਨਹੀਂ ਕੋਈ ਦੇ ਸਕਦਾ। [3]ਉੱਚਾ।

Sri Satguru Jagjit Singh Ji eLlibrary NamdhariElibrary@gmail.com

ਬਿਸਾਲ ਮਦਾਨੇ । ਏਕ ਪੌਰ ਹਿਤ ਆਵਨ ਜਾਨੇ ॥੯॥ ਕਰਿ ਸਭਿ ਕਿਰਤ ਜਾਇ ਤਬਿ ਦਾਸ। ਸਤਿਗੁਰ ਪਾਸ ਕਰੀ ਅਰਦਾਸ।ਸੁਨਿ ਪ੍ਰਭੁ ਸੇਵਕ ਔਰ ਬੁਲਾਯੋ। ਏਕਾਕੀ ਹ੍ਵੈ ਅਸ ਫੁਰਮਾਯੋ॥ ੧੦ ॥ 'ਪਰੇ ਨਿਸਾ ਤਮ ਦੀਰਘ ਛਾਈ। ਪੰਚ ਛਾਂਗ ਲਿਹੁ ਸੰਗ ਛਪਾਈ। ਤੁਝ ਬਿਹੀਨ[1] ਕੋ ਦੇਖੈ ਨਾਂਹੀ। ਜਾਇ ਸੁ ਬੰਧਹੁ ਤੰਬੂ ਮਾਂਹੀ' ॥ ੧੧ ॥ ਰਜਨੀ ਪਰੀ ਦਾਸ ਨੇ ਤੈਸੇ। ਕਰੀ ਕਿਰਤ ਭਾਖੀ ਗੁਰ ਜੈਸੇ।ਕਾਹੂੰ ਨਰ ਨਹਿੰ ਭੇਵ ਲਖਾਯੋ।ਬਾਂਧਿ ਛਾਂਗ ਅੰਤਰ ਸੋ ਆਯੋ ॥੧੨॥ ਜਲ ਦਾਨਾ ਧਰਿ ਕਰਿ ਤਿਨ ਨੇਰੇ। ਨਿਕਸਯੋ ਵਹਿਰ ਸੁ ਰੱਛਕ ਹੇਰੇ। ਤਿਨ ਸੋਂ ਗੁਰ ਕੋ ਹੁਕਮ ਸੁਨਾਵੈ। 'ਨਹਿ ਅੰਤਰਿ ਕੋ ਪ੍ਰਵਿਸ਼ਨ ਪਾਵੈ' ॥੧੩॥ ਖਾਨ ਪਾਨ ਕਰਿ ਕੈ ਸਮੁਦਾਈ।ਸੁਪਤਿ ਜਥਾ ਸੁਖ ਨਿਸਾ ਬਿਤਾਈ। ਭਈ ਭੋਰ ਸਤਿਗੁਰ ਫੁਰਮਾਯੋ। 'ਸਭਿ ਸੰਗਤ ਕੋ ਦੇਹੁ ਸੁਨਾਯੋ ॥ ੧੪ ॥–ਦਰਸ਼ਨ ਕਰਹੁ ਸਕਲ ਹਰਖਾਏ। ਬਾਂਛਤਿ ਲੇਹੁ ਕਾਮਨਾ ਪਾਏ–'।ਸੁਨਿ ਨਕੀਬ ਸਭਿਹਿਨਿ ਕੇ ਡੇਰੇ।ਜਹਿ ਕਹਿ ਹੁਕਮ ਸੁਨਾਯੋ ਟੇਰੇ ॥੧੫॥ 'ਛੋਟੇ, ਬਡੇ, ਧਨੀ ਸਿਖ, ਨਿਰਧਨ। ਸਭਿ ਪਹੁੰਚਹਿ ਸਤਿਗੁਰ ਕੇ ਦਰਸ਼ਨ'। ਬਸਤ੍ਰ ਸ਼ਸਤ੍ਰ ਸਭਿ ਪਹਿਰਿ ਸਰੀਰ। ਚਲੇ ਗੁਰੂ ਸਿੰਘ ਰਵਨ ਸਧੀਰ[2]॥੧੬॥ਚਮਰ ਚਾਰੁ ਢੁਰਤੇ ਚਿਤ ਚੋਰਤਿ।ਕਲਗ਼ੀ ਝੂਲਤਿ ਝਲਕ ਛਬਿ ਛੋਰਤਿ। ਸੰਗ ਬਹੁਤ ਸਿੱਖਨ ਭਟ ਭੀਰਾ।ਡੇਰੇ ਮਾਹਿ ਗੇ ਗੁਨੀ ਗਹੀਰਾ ॥੧੭॥ ਗਿਲਮ ਗ਼ਲੀਚ[3] ਫਰਸ਼ ਰਮਣੀਕਾ। ਪਸ਼ਮ ਰੰਗ ਨਾਨਾ ਬਿਧਿ ਨੀਕਾ। ਹੀਰੇ ਜਰਤਿ ਪੁਰਟ[4] ਕੇ ਪਾਵੇ। ਸੁੰਦਰ ਬੀਚ ਪ੍ਰਯੰਕ ਸੁਹਾਵੇ॥੧੮॥ ਤਿਸ ਪਰ ਚਢਿ ਬੈਠੇ ਦੁਤਿ ਪਾਵਤਿ। ਆਵਤਿ ਚਲੇ ਸਿਖ ਹਰਖਾਵਤਿ। ਦਰਸ ਲਾਲਸਾ ਰਿਦੈ ਨ ਥੋਰੀ। ਆਨਿ ਪਹੂਚੇ ਸ੍ਰੀ ਪ੍ਰਭੁ ਓਰੀ ॥ ੧੯ ॥ ਸੋਹਤਿ ਸੁਠ ਸੋਢੀ ਕੁਲ ਟੀਕਾ।ਦਰਸ਼ਨ ਕਰਹਿ ਭਾਵ ਧਰਿ ਜੀਕਾ। ਜੁਗਲ ਚਰਨ ਅੰਬੁਜ ਅਰੁਨਾਰੇ।ਨਖ ਪਿਖਿ ਸਸਿ ਟੁਕਰਾ ਦੁਤਿ ਹਾਰੇ[5]॥੨੦॥ਮ੍ਰਿਦੁਲ ਅਧਿਕ ਰੇਖਾ ਜੁਤਿ ਤਰਵਾ[6]। ਸੋ ਦੁਤਿ ਜਾਨਹਿ ਜਿਨਹਿ ਨਿਹਰਿਵਾ[7]। ਜੁਗਲ ਜੰਘ ਕਦਲੀ ਇਕਸਾਰੀ[8]।ਕਟ ਮਹਿ ਕਾਛੀ ਕਛੀ ਛਬਿ ਨਯਾਰੀ॥

[1]ਤੇਰੇ ਬਿਨਾਂ। [2]ਸ਼ੇਰ ਦੀ ਚਾਲ ਵਾਲੇ ਧੀਰਜ ਵਾਨ ਗੁਰੂ ਜੀ ਚੱਲੇ। [3]ਉੱਨ ਦੇ ਬਿਛੌਣੇ ਤੇ ਗ਼ਲੀਚੇ [ਫਾ:, ਗਲੀਮ=ਉੱਨ ਦਾ ਵਿਛੌਣਾ। ਮੁਲਤਾਨ ਸ਼ੁਜਾਬਾਦ ਵਾਲੇ ਪਾਸੇ ਗਿਲਮ ਦਰੀ ਨੂੰ ਬੀ ਕਹਿੰਦੇ ਹਨ]। [4]ਸੋਨੇ ਦੇ [ਸੰਸ:, ਪੁਰਟ]। [5]ਚੰਦ ਦੀਆਂ ਟੁਕੜੀਆਂ ਨਹੁਵਾਂ ਨੂੰ ਦੇਖਕੇ ਆਪਣੀ ਦੁਤੀ ਹਾਰ ਦੇਣ। [6]ਤਲੀਆਂ। [7]ਜਿਸਨੇ ਡਿੱਠੀਆਂ ਹਨ। [8]ਕੇਲੇ ਵਾਂਗੂ ਇਕਸਾਰ ਹਨ।

੨੧ ॥ ਕੁੰਭੀ ਡਿੰਭੁ ਸੁੰਡ ਭੁਜਦੰਡੇ[1] । ਕੰਚਨ ਅੰਗਦ ਮੰਡਨ ਮੰਡੇ[2] । ਕਟ ਮਹਿੰ ਜਟਤਿ ਤੁਨੀਰ[3] ਸੁਹਾਯੋ । ਚੰਦ੍ਰਹਾਸੁ ਇਕ ਦਿਸ਼ਿ ਛਬਿ ਪਾਯੋ ॥੨੨॥ ਧਨੁਖ ਕਠੋਰ ਸਕੰਧੇ ਧਾਰਾ।ਕੋਸਨ ਲਗਿ ਜਿਸਕੀ ਹੈ ਮਾਰਾ। ਪੰਕਜ ਪਾਨ ਬਾਨ ਇਕ ਲੀਨੇ । ਕਬਿ ਕਬਿ ਫੇਰਿ ਪਿਖਹਿ ਦ੍ਰਿਗ ਦੀਨੇ ॥ ੨੩ ॥ ਅੰਸ ਉਤੰਗ[4] ਸਿੰਘ ਕੀ ਨਯਾਈ।ਜਾਮਾ ਗਰੇ ਬਿਮੋਲ ਸੁਹਾਈ। ਉਰ ਬਿਸਤਾਰ[5] ਮੋਤੀਅਨਿ ਮਾਲਾ । ਝੁਲਤਿ ਝਮਕ ਦੁਤਿ ਹੋਤਿ ਉਜਾਲਾ ॥ ੨੪ ॥ ਸ਼ਮਸ ਬਦਨ ਪਰ ਸੁੰਦਰ ਸੋਹੀ । ਮਧੁਪਾਵਲ ਪੰਕਜ ਪਰ ਹੋਹੀ[6] । ਕੁੰਡਲ ਚੰਚਲ ਕਾਨਨ ਮਾਂਹੀ । ਮੁਖ ਮੰਡਲ ਪਰ ਸ਼ੋਭਤਿ ਛਾਹੀਂ[7] ॥ ੨੫ ॥ ਕ੍ਰਿਪਾ ਭਰੇ ਦ੍ਵੈ ਨੈਨ ਰਸੀਲੇ । ਚਿਤਵਨ ਤਿਰਛੈ ਛਕਤਿ ਛਬੀਲੇ । ਬਿਨ ਗੁਨ ਧਨੁਖ ਕੁਟਲ ਅਸ ਭੌਹੈਂ[8] । ਭਾਲ ਭਾਗ ਭਰਿ ਹੁਇ ਸਭਿ ਸੌਹੈਂ ॥ ੨੬ ॥ ਚਿਕਨੇ ਕੇਸ ਪਾਸ ਸਰੁਸਾਏ[9] । ਜਨੁ ਪੰਨਗ ਛੌਨਾ[10] ਸਮੁਦਾਏ । ਸੀਸ ਬੰਧੀ ਉਸ਼ਨੀਕ[11] ਸੁਹਾਈ । ਊਪਰ ਜਿਗਾ ਅਧਿਕ ਛਬਿ ਛਾਈ ॥੨੭॥ ਕਲਗ਼ੀ ਝੂਲਤਿ ਉਤੰਗ ਸੁਰੰਗਾ[12] । ਜਟਤਿ ਜਵਾਹਰ ਜੋ ਬਹੁ ਰੰਗਾ । ਪੁਰਟ ਦੰਡ ਜਟਤੀ ਬਹੁ ਜਾਂਹੀ । ਫੁਰਤਿ ਚੌਰ ਚਾਰਹੁੰ ਦਿਸ਼ਿ ਮਾਂਹੀ[13] ॥੨੮॥ ਜਗਮਗ ਭੂਖਨ ਕਰਤਿ ਸਰੀਰਾ । ਬੈਠੇ ਬਿਕਸਤਿ ਮੁਖ ਬਰ ਬੀਰਾ । ਹਿੰਦੂ ਧਰਮ ਰੱਛਕ ਗੁਨਸਾਗਰ।ਤੁਰਕ ਤਰੁਨਿ ਤੋਰਨਿ ਗਜ ਨਾਗਰ ॥ ੨੯ ॥ ਜੋ ਅਸ ਧਯਾਨ ਰਿਦੇ ਮਹੁਂ ਧਰਿਹੀਂ । ਬਿਨੁ ਪ੍ਰਯਾਸ ਜਗ ਸਾਗਰ ਤਰਿਹੀਂ । ਤਬਿ ਸੰਗਤਿ ਸਗਰੀ ਚਲਿ ਆਈ । ਪਦ ਪੰਕਜ ਬੰਦਹਿੰ ਸਿਰ ਨਯਾਈ ॥ ੩੦ ॥ ਕ੍ਰਿਪਾ ਦ੍ਰਿਸ਼ਟਿ ਸੋਂ ਪਿਖਹਿੰ ਗੁਸਾਈਂ । ਬੈਠੇ ਸੁੰਦਰ ਸਭਾ ਲਗਾਈ । ਹੁਤੋ ਹਾਥ ਮਾਂਹਿ ਤੀਛਨ ਤੀਰਾ । ਸੋ ਪ੍ਰਵੇਸ਼ ਕਰਿ ਬੀਰ ਤੁਨੀਰਾ[14] ॥੩੧॥ ਖੜਗ ਖੈਂਚਿ ਕਰ ਲੀਨਸਿ ਚਮਕਤਿ।ਬਿਹਿਰਤਿ ਮਨਹੁ ਦਾਮਨੀ ਦਮਕਤਿ।ਘਨ ਸੁਰ ਸਮ ਬੋਲੇ ਗੁਨ ਖਾਨੀ । 'ਸਭਿ ਸੰਗਤਿ ਗੁਰ ਪ੍ਰਿਯਾ ਮਹਾਨੀ ॥ ੩੨ ॥

[1]ਭੁਜਦੰਡੇ ਹਾਥੀ ਦੇ ਬੱਚੇ ਦੀ ਸੁੰਡ ਵਰਗੇ ਹਨ । [ਸੰਸ:, ਕੁੰਭੀ=ਹਾਥੀ । ਸੰਸ:, ਡਿਭ=ਬੱਚਾ (ਅ) ਬਨਾਵਟ] । [2]ਸੋਨੇ ਦੇ ਬਣਾਏ ਹੋਏ ਬਹੁੱਟੇ ਸ਼ੋਭ ਰਹੇ ਹਨ । (ਅ) ਮੰਡਨ=ਬਹੁੱਟਾ ਨਾਮੇ ਗਹਿਣਾ । ਮੰਡੇ=ਸਜ ਰਹੇ ਹਨ । [3]ਜੜਾਊ ਭੱਥਾ । [4]ਮੋਢੇ ਉਚੇ ਹਨ । [ਸੰਸ:, ਅੰਸ਼] । [5]ਚੌੜੀ ਛਾਤੀ ਪਰ । [6](ਜਿਵੇਂ) ਭੌਰਿਆਂ ਦੀ ਪੰਗਤੀ ਕਵਲ ਪਰ ਹੁੰਦੀ ਹੈ । [7](ਉਨ੍ਹਾਂ ਦੀ) ਝਲਕ । [8]ਭੌਹਾਂ ਐਸੀਆਂ ਟੇਢੀਆਂ ਹਨ ਜਿਵੇਂ ਚਿੱਲੇ ਬਿਨਾਂ ਧਨੁਖ । [9]ਫਾਹੀ ਦੇ ਸਦਰਸ਼ ਹੈਨ । [10]ਸੱਪ ਦੇ ਬੱਚੇ । [11]ਦਸਤਾਰ । [12]ਸੁਹਣੇ ਰੰਗ ਵਾਲੀ । [13]ਸੋਨੇ ਦੀ ਡੰਡੀ ਵਾਲਾ, ਜੜਾਊ ਚੌਰ ਚਹੁੰ ਪਾਸੇ ਝੁਲ ਰਿਹਾ ਹੈ [ਸੰਸ:, ਪੁਰਟ=ਸੋਨਾ] । [14]ਭੱਥੇ ਵਿਚ ।

ਅਤਿ ਪ੍ਰਿਯ ਸਿੱਖ ਅਹੈ ਕੋ ਮੇਰਾ? ।ਅਪਨੋ ਸੀਸ ਦੇਹਿ ਇਸ ਬੇਰਾ । ਕਾਰਜ
ਪਰਜੋ ਆਨ ਇਸ ਕਾਲਾ। ਪੂਰਵਹਿ ਸਿਰ ਦੇ ਅਬਹਿ ਬਿਸਾਲਾ’ ॥ ੩੩ ॥
ਅਸ ਕਹਿ ਤੂਸ਼ਨ ਕੀਨ ਗੁਸਾਈਂ । ਕਰਾਚੋਲ[1] ਪਰ ਦ੍ਰਿਸ਼ਟਿ ਲਗਾਈ ।
ਸੁਨਤਿ ਬਾਤ ਸਗਰੇ ਬਿਸਮਾਏ । ਧੀਰਜ ਤਯਾਗ ਦੀਨਿ ਸਿਰ ਨਯਾਏ ॥
੩੪ ॥ ਗੁਰ ਦਿਸ਼ਿ ਦੇਖਿ ਸਕੈ ਨਹਿ ਕੋਊ।ਉੱਗ੍ਰ ਤੇਜ ਮੁਖ ਰਕਤੇ ਹੋਊ ।
ਖਯਾਲ ਟਲਾਇ ਪ੍ਰਭੁ ਕੁਛ ਕਾਲਾ।ਪੁਨ ਬੋਲੇ‘ਸੁਨਿ ਸੰਗਤਿ ਜਾਲਾ!॥੩੫॥
ਕੌ ਸਿਖ ਪ੍ਰਿਯ ਮੁਝ ਦੇਇ ਸੁ ਦਾਨਾ।ਕਰਹਿ ਕਾਜ ਅਰਪਹਿ ਨਿਜ ਪ੍ਰਾਨਾ ।
ਦੇਹ ਅਹੰ ਕਹੁ ਤਜਿ ਕਰਿ ਦੂਰ । ਧੀਰਜ ਧਰਿ ਦੇ ਸੀਸ ਹਜ਼ੂਰ’ ॥
੩੬ ॥ ਪੁਨ ਸੁਨਿ ਸੰਗਤਿ ਤੂਸ਼ਨ ਕੀਨਾ । ਸਨਮੁਖ ਹੋਇ ਨ[2], ਮਨ ਨ
ਪਤੀਨਾ । ਚਮਕੈ ਚੰਦ੍ਰਹਾਸ ਕਰ ਮਾਂਹੀ । ਧਾਰ ਸਕਨੋ ਧੀਰਜ ਕੋ ਨਾਂਹੀ ॥
੩੭॥ਬੈਠੇ ਕਿਤਿਕ ਬੇਰ ਜਬਿ ਬੀਤੀ।ਕਹਜੋ ਬਚਨ ਤ੍ਰਿਤੀਆ ਤਿਸ ਰੀਤੀ।
ਪਰਖਹਿ ਸਿੱਖਨਿ ਕੋ ਸੁਖਦਾਨੀ ।–ਲਾਖਹੁ ਸੰਗਤਿ ਮਹਿਦ ਮਹਾਂਨੀ ॥
੩੮ ॥ ਬੀਜ ਅਹੈ ਕੈਧੋਂ ਰਹਿ ਨਾਂਹੀ । ਜਿਸ ਤੇ ਹੋਇ ਸਰਬ ਨਿਰਬਾਹੀ ।
ਕੇਹਰਿ ਹੋਤਿ ਏਕ ਹੀ ਬਨ ਮੈਂ । ਕੈ ਨ ਪ੍ਰਵੇਸ਼ੈ ਡਰ ਧਰਿ ਮਨ ਮੈਂ ॥ ੩੯ ॥
ਤ੍ਰਿਤੀ ਬਚਨ ਜੋ ਪਰਤਉ ਖਾਲੀ । ਪੁਨ ਕੋ ਹੋਤਿ ਸੰਗਤਿ ਤਿਸੁ ਵਾਲੀ[3]–।
ਦਯਾ ਸਿੰਘ* ਇਕ ਬਸੈ ਲਹੌਰ । ਛੱਤ੍ਰੀ ਸਭਿ ਸਿੱਖਨਿ† ਸਿਰਮੌਰ ॥੪੦॥
ਰਿਦੈ ਬਿਚਾਰ ਕੀਨਿ ਤਬਿ ਤਾਂਹੀ ।–ਰੇ ਜਿਯ ! ਜਿਯਤਿ ਸਦਾ ਕੋ ਨਾਂਹੀ ।
ਐਸੋ ਸਮੋਂ ਨਹੀਂ ਪੁਨ ਪਾਵੈ।ਸਤਿਗੁਰ ਕਾਜ ਸੀਸ ਤੁਵ ਆਵੈ ॥੪੧॥ ਇਤੀ
ਬਿਲੰਬ ਕੀਨਿ ਧਿਕ ਤੋਹੀ । ਸੁਾਮੀ ਬਚਨ ਨ ਸਨਮੁਖ ਹੋਹੀ[4]–। ਇਮ
ਬਿਚਾਰ ਕਰਿ ਤੂਰਨ ਠਾਂਢਾ।ਰਿਦੈ ਬਿਖੈ ਧੀਰਜ ਧਰਿ ਗਾਢਾ॥੪੨॥ਬਿਨਤੀ
ਭਨੀ ਜੋਰਿ ਜੁਗ ਕਰ ਕੋ । ‘ਲੀਜਹਿ ਸਤਿਗੁਰ ਮੇਰੇ ਸਿਰ ਕੌ’ । ਸੁਨਿ
ਕਲਗ਼ੀਧਰ ਤਜਯੋ ਪ੍ਰਯੰਕਾ । [5]‘ਦੇਨੋ ਸਿਰ ਤੋ ਆਇ ਨਿਸ਼ੰਕਾ’ ॥ ੪੩ ॥

[1]ਤਲਵਾਰ । [2]ਭਾਵ ਹੈ, ਸਨਮੁਖ ਤੱਕਣ ਨਾਂ। [3](ਉਸ ਵੇਲੇ ਯਾ)ਉਸ ਸੰਗਤ ਦਾ ਫਿਰ ਵਾਲੀ ਕੌਣ ਹੁੰਦਾ । [4]ਸੁਾਮੀ ਦੇ ਬਚਨ (ਕਰਦਿਆਂ ਹੀ ਕਿਉਂ ) ਨਾ ਸਨਮੁਖ ਜਾ ਹੋਇਆ । [5](ਅਤੇ ਬੋਲੇ:–) ।

*ਇਥੇ ਪੰਜ ਪਿਆਰਿਆਂ ਦੇ ਪਹਿਲੇ ਨਾਮ ਬੀ ਸਿੰਘ ਹੀ ਦਰਸਾਏ ਹਨ, ਅਸਲ ਵਿਚ ਸਿੰਘ ਪਦ ਨਾਵਾਂ ਦੇ ਨਾਲ ਅੰਮ੍ਰਿਤ ਛਕਾਕੇ ਸਤਿਗੁਰਾਂ ਨੇ ਮਗਰੋਂ ਲਾਇਆ ਸੀ । ਜੀਵਨ ਭਾਈ ਬੁੱਢਾ (ਕ੍ਰਿਤ: ਭਾ: ਮੰਗਲ ਸਿੰਘ) ਵਿੱਚ ਪਹਿਲੇ ਪੰਜੇ ਨਾਉਂ ਐਉਂ ਦਸੇ ਹਨ, ਦਇਆ ਰਾਮ, ਧਰਮਦਾਸ, ਮੁਹਕਮ ਚੰਦ, ਸਾਹਿਬ ਚੰਦ ਤੇ ਹਿੰਮਤ ਜੀ ।

†ਸ਼ੁਧ ਪਾਠ ‘ਸਿਖਨ’ ਚਾਹੀਦਾ ਸੀ ।

Sri Satguru Jagjit Singh Ji eLlibrary NamdhariElibrary@gmail.com

ਇਮ ਕਹਿ ਗਹੀ ਬਾਂਹੁ ਤਿਸ ਕੇਰੀ। ਤੰਬੂ ਮਹਿ ਲੈ ਗੇ ਬਿਨ ਦੇਰੀ। ਹੁਤੋ ਫਰਸ਼ ਬਿਚ ਦਯੋ ਬਿਠਾਈ। ਕਹ੍ਯੋ'ਬੈਠਿ ਕਿਮ ਹੈ ਨ ਲਖਾਈ ॥੪੪॥ ਇਕ ਬਕਰੇ ਪਰ ਖੜਗ ਚਲਾਯੋ। ਸੀਸ ਜੁਦਾ ਕਰਿ ਰਕਤ ਬਹਾਯੋ। ਲੋਚਨ ਸ੍ਰਵਨ ਕਰੇ ਸਵਧਾਨਾ। ਗੁਰ ਦਿਸ਼ਿ ਪਿਖਹਿਂ ਸਭਿਨਿ ਡਰ ਮਾਨਾ ॥੪੫॥ ਸ਼ਬਦ ਸੁਨਯੋ ਅਜ ਕਾਟਨਿ ਕੇਰਾ। ਤੰਬੂ ਵਹਿਰ ਰਕਤ ਕੋ ਹੇਰਾ। ਦੋਨਹੁ ਪਤੀ ਪਰਖ ਕਰਿ ਜਾਨਾ।–ਸੰਘਾਰਯੋ ਸਿਖ–ਅਚਰਜ ਠਾਨਾ ॥੪੬॥ ਬਦਨ ਪੀਤ ਸਭਿ ਧੀਰਜ ਹਾਲੇ। ਕੌਨ ਗੁਰੂ ਕੇ ਚਲਿਤ ਸੰਭਾਲੇ। ਥਰਹਰਿ ਕੰਪੇ, ਹਹਿਰਹਿਂ ਉਰ ਮਾਹਿਂ। ਅਨਿਕ ਕਲਪਨਾ ਕਲਪਤਿ ਗੁਰ ਮਾਹਿਂ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿੱਖ' ਪ੍ਰਸੰਗ ਬਰਨਨੰ ਨਾਮ ਸਪਤ ਦਸਮੋ ਅੰਸੂ ॥ ੧੭ ॥

## ੧੮. [ਪੰਜ ਪਿਆਰੇ]।

ਦੋਹਰਾ॥ ਦਯਾ ਸਿੰਘ ਕੋ ਧੀਰ ਦੇ ਤੰਬੂ ਬਿਖੈ ਬਿਠਾਇ। ਕਲਗ਼ੀਧਰ ਨਿਕਸੇ ਵਹਿਰ ਕਿਸ ਜੁਤਿ ਬਦਨ ਦਿਖਾਇ ॥ ੧ ॥ ਚੌਪਈ॥ ਸ਼੍ਰੋਣਤ ਭੀਗਯੋ ਪਾਨ ਕ੍ਰਿਪਾਨਾ। ਨਰਨਿ ਲਖ੍ਯੋ ਗੁਰ ਹਤੀ ਕ੍ਰਿਪਾਨਾ। ਤਿਸੀ ਰੀਤਿ ਪੁਨ ਥਿਰੇ ਪ੍ਰਯੰਕਾ। ਹੇਰਤਿ ਸਗਰੇ ਭਏ ਸਸ਼ੰਕਾ॥੨॥ ਧੁਨਿ ਊਚੀ ਪੁਨ ਗੁਰੂ ਉਚਾਰਾ। ਔਰ ਦੇਇ ਸਿਰ ਕੋ ਸਿਖ ਪਯਾਰਾ। ਕਾਰਜ ਪਰ੍ਯੋ ਆਨ ਕਰਿ ਮੇਰਾ। ਸਿਰ ਦੀਨੇ ਬਿਨ ਹੋਹਿ ਨ, ਹੇਰਾ[1] ॥ ੩ ॥ ਸੁਨਿ ਪਿਖਿ ਸਰਬ ਰਹੇ ਬਿਸਮਾਈ। ਬੈਠੇ ਤੂਸ਼ਨ ਗ੍ਰੀਵ ਨਿਵਾਈ।–ਪੂਰਬ ਤੌ ਸੰਭ੍ਰਮ[2] ਕੁਛ ਅਹੇ। ਅਬਿ ਤੌ ਨਿਸ਼ਚੈ ਪਤਨੈਂ ਲਹੈ[3] ॥ ੪ ॥ ਲਖ੍ਯੋ ਸਭਿਨਿ[4]–ਇਕ ਹਤ੍ਯੋ ਅਗਾਰੀ। ਅਬਿ ਚਾਹਤਿ ਦੂਸਰ ਕੋ ਮਾਰੀ। ਕਿਤਿਕ ਬੇਰ ਪੁਨ ਕਹਿ ਜਗਦੀਸ਼ਾ। 'ਕੋ ਪਯਾਰੋ ਸਿਖ ਦੇਵਹਿ ਸੀਸਾ' ॥੫॥ ਜਬਿ ਹੂੰ ਤੀਜੋ ਬਚਨ ਉਚਾਰਾ। ਧਰਮ ਸਿੰਘ ਤਬਿ ਰਿਦੈ ਬਿਚਾਰਾ। ਜਾਤਿ ਜਾਟ ਹਸਤਨਪੁਰਿ ਵਾਸੀ। ਮਨ ਸੋਂ ਕਹਿ–ਕਯੋਂ ਭ੍ਰਾ ਪ੍ਰਣਿ ਨਾਸ਼ੀ[5] ॥ ੬ ॥ ਸਰਬ ਸਰੀਰ ਦੀਨਿ ਗੁਰ ਤਾਈਂ। ਕਰਹਿਂ ਤਥਾ ਜਿਮ ਜਥਾ ਸੁਹਾਈ[6]। ਗੁਰ ਕਰਤਬ ਮਹਿ ਕਯੋਂ ਕਰਿਸ਼ੰਕਾ। ਬੈਠਿ ਰਹ੍ਯੋ ਮਨ ਮਾਨਿ ਅਤੰਕਾ[7]–॥ ੭ ॥ ਇਮ ਬਿਚਾਰਿ ਤਤਛਿਨ ਹ੍ਵੈ ਠਾਂਢੋ। ਸੰਗਤ ਪਿਖਹਿ ਧੀਰ ਧਰਿ ਗਾਢੋ। ਕਹ੍ਯੋ ਨਿਸ਼ੰਕ ਜੋਰਿ ਜੁਗ ਕਰ ਕੋ। 'ਲਿਹੁ ਸਤਿਗੁਰ ਜੀ ਮੇਰੇ ਸਿਰ ਕੋ' ॥ ੮ ॥ ਦੇਖਿ ਸਿੱਖ ਪ੍ਰਿਯ

[1](ਇਹ ਗਲ ਅਸਾਂ ਚੰਗੀ ਤਰ੍ਹਾਂ) ਵੇਖ ਲਈ ਹੈ ਕਿ...... । [2]ਸੰਸਾ। [3]ਹੁਣ ਤਾਂ ਨਿਸਚੇ ਮਰਨਾ ਦਿੱਸਦਾ ਪਿਆ ਹੈ। [4]ਸਾਰਿਆਂ ਨੇ ਲਖ ਲਿਆ। [5]ਆਪਣੇ ਪ੍ਰਣ ਤੋਂ ਕਿਉਂ ਫਿਰਨਾ ਹੈਂ (ਜੋ ਅੱਗੇ ਦੱਸਦੇ ਹਨ:–)। [6]ਜਿਵੇਂ ਜੀਅ ਵਿਚ ਆਵੇ ਤਿਵੇਂ ਕਰਨ (ਗੁਰੂ ਜੀ)। [7]ਡਰ, ਮੰਨਕੇ।

Sri Satguru Jagjit Singh Ji eLlibrary NamdhariElibrary@gmail.com

ਉਠੇ ਪ੍ਰਯੰਕਾ। ਗਹਿ ਭੁਜ ਲੈਗੀ ਤਹਾਂ ਨਿਸ਼ੰਕਾ। ਤੰਬੂ ਬਿਖੈ ਜਾਇ ਬੈਠਾਯੋ। ਖੜਗ ਛਾਂਗ ਪਰ ਤਬਹਿ ਚਲਾਯੋ ॥੯॥ ਸ਼ਬਦ ਸੁਨਯੋਂ ਅਰੁ ਸ਼੍ਰੋਣਤ ਹੇਰਾ। ਸਭਿਨਿ ਲਖ੍ਯੋ ਸਿਖ ਕੋ ਕਟ ਗੇਰਾ। ਦਇਆ ਸਿੰਘ ਕੋ ਨਿਕਟ ਬਿਠਾਵਾ। 'ਬੈਠਹੁ, ਬਹਿਰ ਨ ਕਰੋ ਲਖਾਵਾ[1]' ॥੧੦॥ ਸਜਿ ਸ਼੍ਰੋਣਤ ਜੁਤਿ ਅਸਿ[2] ਕਰ ਲੀਨੇ। ਬਹਿਰ ਆਇ ਥਿਰ ਗੁਰੂ ਪ੍ਰਬੀਨੇ। ਦੇਖਤਿ ਉੱਗ੍ਰ ਤੇਜ ਅਵਰੇਖਾ[3]। ਸਭਿ ਕੋ ਅਚਰਜ ਹੋਤਿ ਵਿਸ਼ੇਖਾ ॥ ੧੧ ॥ ਫਿਰ ਗਈ ਕਾਰਨ ਮੁਖ ਜ਼ਰਦਾਈ[4]। ਉਠ੍ਯੋ ਚਹਤਿ, ਨਹਿ ਗਮਨ੍ਯੋਂ ਜਾਈ। ਸਨੇ ਸਨੇ ਬੋਲਤਿ ਨਿਜ ਮਾਂਹੀ। 'ਦਰਸ ਕਾਲਕਾ ਇਹ ਫਲ ਤਾਂਹੀ ॥ ੧੨ ॥ ਉੱਗ੍ਰ ਦੇਵਤਾ ਸਹ੍ਯੋ ਨ ਜਾਈ। ਉਲਟ ਪਰੀ ਮਤ ਅਪਰ ਬਨਾਈ। ਤਿਸ ਦਿਨ ਤੇ ਭਏ ਕ੍ਰੂਰ ਘਨੇਰੇ। ਬਡ ਮਸੰਦ ਮਾਰ੍ਯੋ ਬਿਨ ਬੇਰੇ ॥ ੧੩॥ ਅਬਿ ਸਿੱਖਨ ਸਿਰ ਕਾਟ ਗਿਰਾਏ। ਤੇਜ ਉੱਗ੍ਰ ਮੁਖ ਪਿਖ੍ਯੋ ਨ ਜਾਏ'। ਸਭਿਨਿ ਸੁਨਤਿ ਪੁਨ ਗੁਰੂ ਉਚਾਰਾ। 'ਅਪਰ ਦੇਹੁ ਸਿਰ ਕੋ ਸਿਖ ਪ੍ਯਾਰਾ' ॥ ੧੪॥ ਕੇਤਿਕ ਹੁਤੇ ਦੂਰ ਸੁਨਿ ਧਾਏ। ਸ੍ਰੀ ਗੁਜਰੀ ਢਿਗ ਜਾਇ ਸੁਨਾਏ। 'ਗੁਰ ਕੀ ਬੁੱਧਿ ਬਿਪਰਜੈ ਹੋਈ। ਖੜਗ ਸੰਗ ਕਾਟੇ ਸਿਖ ਦੋਈ ॥ ੧੫ ॥ ਪੁਨ ਅਪਰਨਿ ਕੋ ਬਾਕ ਸੁਨਾਵਤਿ।–ਕੋ ਸਿਰ ਦੇ ਸਿਖ, ਮੋ ਮਨ ਭਾਵਤਿ–। ਸਹ੍ਯੋ ਨ ਗਯੋ ਆਗਮਨ ਕਾਲੀ। ਕ੍ਰੂਰਿ ਕਰਮ ਕਰਤੇ ਅਸ ਚਾਲੀ ॥੧੬॥ ਅਪਰ ਉਪਾਇ ਨਹੀਂ ਬਨਿ ਆਵੈ। ਰੋਕ ਬਿਠਾਵਹੁ ਕਿਤਹੁੰ ਨ ਜਾਵੈ। ਥਿਰੈਂ ਪੌਰ ਪਰ ਸੁਭਟ ਘਨੇਰੇ। ਸਿਖ ਕੋ ਜਾਇ ਨਹੀਂ ਅਬਿ ਨੇਰੇ ॥੧੭॥ ਗੁਰ ਗਾਦੀ ਪਰ ਪੌਤ੍ਰ ਬਿਠਾਵਹੁ। ਸਭਿ ਸੰਗਤਿ ਕੇ ਬੀਚ ਪੁਜਾਵਹੁ'। ਸੁਨਤਿ ਮਸੰਦਨ ਤੇ ਅਸ ਬਾਨੀ। ਸ੍ਰੀ ਗੁਜਰੀ ਚਿਤ ਚਿੰਤਾ ਠਾਨੀ ॥ ੧੮ ॥ ਨਿਕਟ ਦਾਸ ਜੋ ਤੁਰਤ ਪਠਾਏ। 'ਦੇਖਹੁ ਭਲੇ ਦੇਹੁ ਸੁਧ ਆਏ'। ਪਰ੍ਯੋ ਨਗਰ ਮਹਿ ਰੌਰ ਬਿਸਾਲਾ। ਨਰ ਨਾਰੀ ਬਿਸਮੇ ਤਿਸ ਕਾਲਾ ॥੧੯॥ ਇਤ ਪ੍ਰਭੁ ਤੀਨਬਾਰ ਜਬਿ ਭਾਖੇ।–ਕੋ ਸਿਖ ਸਿਰ ਦੇ, ਗੁਰ ਅਭਿਲਾਖੇ–। ਇਮ ਸੁਨਿ ਕੈ ਬਚ ਕਲਗੀਧਰ ਕੇ। ਤੂਰਨ ਉਠ੍ਯੋ ਜੋਰਿ ਕਰ ਕਰਿਕੇ ॥ ੨੦ ॥ ਮੁਹਕਮ ਸਿੰਘ ਨਾਮ ਬੱਖ੍ਯਾਤੀ। ਨਾਮਦੇਵ ਕੀ ਜਿਸ ਤਨ ਜਾਤੀ[5]। ਵਾਸੀ ਹੁਤੋ ਦ੍ਵਾਰਕਾ

---

[1]ਬਾਹਰ ਪਤਾ ਨਾ ਲੱਗੇ। [2]ਸਜਰੇ ਲਹੂ ਵਾਲੀ ਤਲਵਾਰ। [3]ਵੇਖਣ ਵਾਲਿਆਂ ਨੇ (ਸ੍ਰੀ ਗੁਰੂ ਜੀ ਦਾ) ਉੱਗ੍ਰ ਤੇਜ ਦੇਖਿਆ। [4]ਕੱਛਿਆਂ ਦੇ ਮੂੰਹ ਤੇ ਪੀਲੱਤਣ ਫਿਰ ਗਈ। [5]ਭਾਵ ਛੀਂਬਾ ਜਾਤ ਦਾ।

Sri Satguru Jagjit Singh Ji eLlibrary NamdhariElibrary@gmail.com

ਨਗਰੀ। ਗ੍ਰਹਣ ਕਰੀ ਸਿੱਖੀ ਬਿਧਿ ਸਗਰੀ ॥ ੨੧ ॥ ਕਹਿਨਿ ਲਗ੍ਯੋ
'ਲੀਜੈ ਸਿਰ ਮੋਹੀ। ਕੀਜਹਿ ਛਿਮਾਂ ਬਿਲੰਬ ਜੁ ਹੋਹੀ'। ਸੁਨਿ ਤਿਹ
ਗਹ੍ਯੋ ਹਾਥ ਮਹਿ ਹਾਥਾ। ਲੈਗੇ ਤੰਬੂ ਮਹਿ ਜਗਨਾਥਾ ॥ ੨੨ ॥ ਦੋਨਹੁੰ
ਕੋ ਢਿਗ ਤ੍ਰਿਤੀ ਬਿਠਾਯੋ। ਤ੍ਰਿਤੀ ਛਾਗ ਪਰ ਖੜਗ ਚਲਾਯੋ। ਜਾਨ੍ਯੋ
ਸਭਿਨਿ 'ਹਨ੍ਯੋ ਸਿਖ ਜਾਈ'। ਰੁਧਿਰ ਧਾਰ ਤੈਂ ਠੌਰ ਬਹਾਈ ॥ ੨੩ ॥
ਚੰਚਲ ਗਤਿ ਸੋਂ ਬਾਹਰ ਆਏ। ਖੜਗ ਰਕਤ ਜੁਤਿ ਕਰ ਚਮਕਾਏ।
ਬੈਠਿ ਸਿੰਘਾਸਨ ਪਰ ਫੁਰਮਾਯੋ। 'ਜੋ ਸਿਖ ਸਿਰ ਦੇ ਮੋ ਮਨ ਭਾਯੋ'॥੨੪॥
ਸਾਹਿਬ ਸਿੰਘ ਸੈਨ ਤਨ ਜਾਤੀ[1]। ਬਿਦਰ ਪੁਰੀ ਵਾਸੀ ਬੱਖ੍ਯਾਤੀ। ਠਾਂਢੋ
ਭਯੋ ਜੋਰਿ ਕਰਿ ਹਾਥਾ। 'ਸਿਰ ਮੇਰੋ ਲਿਹੁ ਅਬਿ ਜਗਨਾਥਾ ॥ ੨੫ ॥
ਰਾਵਰਿ ਹੇਤੁ ਆਇ ਜੋ ਦੇਹੀ। ਬਹੁਰ ਰਾਖਨੀ ਕਾਰਜ ਕੇਹੀ' ਸੁਨਿ ਕਰਿ
ਤਤਛਿਨ ਉਠੇ ਗੁਸਾਈਂ। ਗਹੀ ਬਾਂਹ ਲੈਗੇ ਤਿਸ ਥਾਈਂ॥੨੬॥ ਤਿਨ ਸਮੀਪ
ਹੀ ਜਾਇ ਬਿਠਾਯਹੁ। ਚਤੁਰਥ ਅਜ ਪਰ ਖੜਗ ਚਲਾਯਹੁ। ਵਹਿਰ
ਸੁਨਤਿ ਸੰਗਤਿ ਬਿਸਮਾਈ।-ਕੋ ਜਾਨਹਿ ਗੁਰ ਕੋ ਕਸਾ ਭਾਵੈ! ॥ ੨੭ ॥
ਛੇਦਤਿ ਹੈਂ ਸਿੱਖਨ ਕੇ ਸੀਸਾ। ਜਾਨੀ ਜਾਇ ਨ ਗਤਿ ਜਗਦੀਸ਼ਾ-ਨਿਚੁ-
ਰਤਿ ਸ਼੍ਰੋਣਤ ਕਰ ਅਸਿ ਸੋਊ[2]। ਬੈਠੇ ਆਇ ਪਿਖਤਿ ਸਭਿ ਕੋਊ ॥ ੨੮ ॥
ਬਹੁਰ ਬਚਨ ਉਚਰ੍ਯੋ ਤਿਸ ਰੀਤੀ।'ਅਸ ਕੋ ਸਿਖ ਸਿਰ ਦੇ ਧਰਿ ਪ੍ਰੀਤੀ'।
ਬਿਸਮਾਨੇ ਸੁਨਿ ਸ਼੍ਰੋਨ ਮਝਾਰਾ।-ਸਭਿ ਸਿੱਖਨਿ ਕੋ ਚਹਤਿ ਸੰਘਾਰਾ?॥੨੯॥
ਹਤੇ ਚਾਰ ਪੁਨ ਅਪਰ ਪੁਕਾਰੈਂ[3]। ਧੰਨ ਸੁ[4] ਗੁਰ ਰਜਾਇ ਸਿਰ ਧਾਰੈਂ-ਹੁਤੇ
ਦੂਰ ਸੈ ਟਰਿ ਗੇ ਕਾਚੇ। ਲੋਕਨਿ ਸੋਂ ਗੁਰ ਕ੍ਰਿਆ ਉਬਾਚੇ[5] ॥੩੦॥ ਕਿਤਿਕ
ਬਚਾਇ ਦ੍ਰਿਸ਼ਟਿ ਕੋ ਗਏ। ਕਿਤਿਕ ਲਾਜ ਤੇ ਥਿਰ ਹੀ ਭਏ। ਗੁਰ ਸਨ-
ਮੁਖ ਨਹਿ ਸਾਕਹਿ ਦੇਖਿ। ਸ਼ੰਕਮਾਨ ਚਿਤ ਭਏ ਵਿਸ਼ੇਖ॥੩੧॥ ਤੀਨ ਵਾਰ
ਜਬਿ ਗੁਰੂ ਉਚਾਰਾ। 'ਦੇਹੁ ਸੀਸ ਕੋ ਸਿਖ ਮਮ ਪਯਾਰਾ'। ਹਿੰਮਤ ਸਿੰਘ
ਵਾਸੀ ਜਗੰਨਾਥ। ਝੀਵਰ ਜਾਤਿ ਬੰਦਿ ਦੈ ਹਾਥ॥ ੩੨ ॥ ਕਹਤਿ ਭਯੋ
'ਲੀਜੈ ਮਮ ਸਿਰ ਕੋ'। ਸੁਨਿ ਗੁਰ ਤੁਰਤ ਗਹ੍ਯੋ ਤਿਸ ਕਰ ਕੋ। ਅੰਤਰ ਤੰਬੂ
ਕੇ ਤਬਿ ਜਾਈ। ਪੰਚਮ ਅਜ ਪਰ ਤੇਗ਼ ਚਲਾਈ॥੩੩॥ ਭਯੋ ਸ਼ਬਦ ਸਭਿ-
ਹਿਨਿ ਸੁਨਿ ਪਾਯੋ। ਦੇਖ੍ਯੋ ਰੁਧਿਰ ਵਹਿਰ ਜਬਿ ਆਯੋ। ਹਨੇ ਪੰਚ ਸਿਖ

[1]ਭਾਵ ਨਾਈ। [2]ਹੱਥ ਵਿਚ ਓਹੋ ਤਲਵਾਰ। [3]ਮੰਗਦੇ ਹਨ। [4]ਧੰਨ (ਹਨ) ਓਹ ਜੋ।
[5]ਲੋਕਾਂ ਨੂੰ ਗੁਰੂ ਜੀ ਦੀ ਕ੍ਰਿਆ ਦੱਸਣ ਲੱਗੇ।

ਸਭਿ ਨੇ ਜਾਨੇ। ਗੁਰ ਆਸ਼ੈ ਨਹਿਂ ਸਕਹਿ ਪਛਾਨੇ ॥ ੩੪ ॥ ਦੋਹਰਾ ॥ ਅਸਿ ਪ੍ਰਵੇਸ਼ ਕਰਿ ਕੋਸ਼ ਮਹਿ[1], ਕ੍ਰਿਪਾ ਧਰੇ ਜੁਗ ਨੈਨ। ਗਹਿ ਗਹਿ ਅੰਗ ਲਗਾਇ ਤਿਨ ਰੁਚਿਰ ਸੁਖਦ ਕਹਿ ਬੈਨ ॥੩੫॥ 'ਮਮ ਸਰੂਪ ਤੁਮ ਅਬਿ ਭਏ, ਹੌਂ ਭਾ ਤੁਮਹਿਂ ਸਰੂਪ। ਬ੍ਰਹਮ ਗਯਾਨ ਦਿਢ ਰਿਦੇ ਹੈ ਪਦ ਅਤਿ ਲੀਨਿ ਅਨੂਪ!' ॥ ੩੬ ॥ ਪਰਮ ਪ੍ਰਸੰਨ ਭੇ ਪੰਚ ਪਰ ਅਸ ਮਨ ਉਪਮਾ ਆਇ। ਪਾਂਚਹੁ ਪਾਂਡਵ ਪਰ ਮਹਾਂ ਜਿਮ ਸ਼੍ਰੀ ਕ੍ਰਿਸ਼ਨ ਸਹਾਇ ॥ ੩੭ ॥ ਏਕ ਮੇਕ ਹ੍ਵੈ ਮਿਲਤਿ ਜਿਮ ਨ੍ਰਿਪਤਿ ਜੁਧਿਸ਼ਟਰ ਆਦਿ। ਛਠਮ ਰੂਪ ਗੋਬਿੰਦ ਕੌ[2]ਤਿਮ ਬਾਢ੍ਯੋ ਅਹਿਲਾਦ ॥੩੮॥ ਅਤਿ ਅਨੰਦ ਬਿਗਸੇ ਬਦਨ ਦਯਾ ਸਦਨ ਪਦ ਦੀਨ[3]। ਸੋਧ ਕਰੇ ਅਪਨੇ ਸਰਸ[4] ਗ੍ਯਾਨ ਪ੍ਰਬੀਨ ਪ੍ਰਬੀਨ[5] ॥੩੯॥ ਪਰਵਾਰਤਿ ਹੁਇ ਪੰਚ ਤੇ[6] ਵਹਿਰ ਆਇ ਸੁਖਦਾਇ[7]। ਸਾਦਰ ਨਿਕਟ ਬਿਠਾਇ ਕਰਿ ਥਿਰੇ ਪ੍ਰਯੰਕ ਡਸਾਇ ॥ ੪੦ ॥ ਸਭਿਨਿ ਸੁਨਾਵਨਿ ਕਾਰਨੇ ਊਚੇ ਕੀਨਿ ਬਖਾਨ। 'ਰਾਖ੍ਯੋ ਸਿੱਖੀ ਬੀਜ ਜਗ ਅੰਗਦ ਗੁਰੂ ਸਮਾਨ ॥੪੧॥ ਸਭਿ ਸੰਗਤਿ ਕੇ ਤਾਰਿਬੇ ਸਮਰਥ ਭੇ ਇਹ ਪੰਚ। ਜਾਨਹੁ ਮੋਹਿ ਸਮਾਨ ਤਿਨ ਭੇਦ ਰਹ੍ਯੋ ਨਹਿ ਰੰਚ' ॥੪੨॥ ਚੌਪਈ ॥ ਸੁਨਿ ਪਿਖਿ ਸੰਗਤਿ ਸਭਿ ਬਿਸਮਾਨੀ। 'ਗੁਰ ਕੀ ਗਤਿ ਕਿਛੁ ਜਾਇ ਨ ਜਾਨੀ। ਪਰਖਨਿ ਕਰਤਿ ਲਖੇ ਨਹਿ ਕਾਹੂੰ। ਕਰਮ ਬਿਲੋਕਿ ਤ੍ਰਾਸ ਮਨ ਮਾਂਹੂ ॥ ੪੩ ॥ ਧੰਨ ਧੰਨ ਗੁਰ ਅਚਰਜ ਚਰਿਤਾ। ਕੋ ਲਖਿ ਸਕਹਿ ਅਧਿਕ ਮਤਿ ਧਰਤਾ। ਲਘੁ ਬਿਸਾਲ ਸਭਿ ਸਿੱਖ ਤੁਮਾਰੇ। ਦੇਹੁ ਕਸੌਟੀ ਕੋ ਸੰਭਾਰੇ?' ॥੪੪॥ ਇੱਤ੍ਯਾਦਿਕ ਕਹਿ ਕਹਿ ਪਛੁਤਾਏ। ਤਿਨ ਪੰਚਹੁੰ ਕੋ ਸੀਸ ਨਿਵਾਏ। 'ਸਭਿ ਕੀ ਰਾਖ ਲੀਨਿ ਪਤਿ ਮਹਾਂ। ਧਰਿ ਧੀਰਜ ਊਚੇ ਪਦ ਲਹਾ' ॥ ੪੫ ॥ ਦੋਹਰਾ ॥ ਕਛੁਕ ਕਾਲ ਦਰਸ਼ਨ ਮਹਾਂ ਦੇਤਿ ਰਹੇ ਸਮੁਦਾਇ। ਉਠੇ ਬਹੁਰ ਗਮਨੇ ਸਦਨ ਸਿਖ ਗੇ ਨਿਜ ਨਿਜ ਥਾਇ ॥ ੪੬ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿਖ ਪਰਖਨ' ਪ੍ਰਸੰਗ ਬਰਨਨੰ ਨਾਮ ਅਸ਼ਟ ਦਸ਼ਮੋ ਅੰਸੂ ॥ ੧੮ ॥

## ੧੯. [ਅੰਮ੍ਰਿਤ ਛਕਾਇਆ]।

ਦੋਹਰਾ॥ ਇਮ ਪਰਖਤਿ ਸਿੱਖਨਿ ਭਲੇ ਸੋ ਦਿਨ ਦਿਯੋ ਬਿਤਾਇ। ਸ਼੍ਰੀ ਗੁਜਰੀ ਢਿਗ ਦਾਸ ਗੇ ਗੁਰ ਜਸੁ ਕਹ੍ਯੋ ਸੁਨਾਇ ॥ ੧ ॥ ਚੌਪਈ॥ 'ਨਹਿ ਪਰਖੇ

[1]ਮਿਆਨ ਵਿਚ ਤਲਵਾਰ ਨੂੰ ਕਰਕੇ। [2]ਕ੍ਰਿਸ਼ਨ ਦਾ। [3](ਦਯਾ ਦੇ ਘਰ=) ਗੁਰੂ ਜੀ ਨੇ (ਬ੍ਰਹਮ ਗਿਆਨੀ ਦੀ) ਪਦਵੀ ਦਿਤੀ। [4]ਸੋਧਕੇ ਆਪਣੇ ਤੁੱਲ ਕੀਤੇ। [5]ਗ੍ਯਾਨ ਪ੍ਰਬੀਨ (ਗੁਰੂ ਜੀ ਨੇ ਗ੍ਯਾਨ ਵਿਚ) ਪ੍ਰਬੀਨ ਕਰ ਦਿਤੇ। [6]ਪੰਜਾਂ ਨਾਲ ਘੇਰੇ ਹੋਏ। [7]ਗੁਰੂ ਜੀ।

Sri Satguru Jagjit Singh Ji eLlibrary NamdhariElibrary@gmail.com

ਗੁਰ ਕਰਮ ਭਲੇਰੇ[1]। ਜਹਿਂ ਕਹਿ ਨਿੰਦਾ ਕੀਨਿ ਘਨੇਰੇ। ਪਰਖਨਿ ਕਰੇ ਸਿੱਖ ਸਮੁਦਾਏ[2]। ਅਬਿ ਚਾਹਤਿ ਹੈਂ ਪੰਥ ਉਪਾਏ ॥੨॥ ਕੂਰੇ ਭਾਖਹਿ-ਕ੍ਰੂਰ ਸੁਭਾਉ-। ਜੇ ਕਾਚੇ,ਗੁਨ ਲਖਿ ਨ ਸਕਾਉ[3]। ਸੁਨਿ ਕਰਿ ਮਾਤ ਅਨੰਦਕੋ ਪਾਯੋ। ਅਤਿ ਚਿੰਤਾ ਜਬਿ ਪ੍ਰਥਮ ਸੁਨਾਯੋ ॥੩॥ ਖਾਨ ਪਾਨ ਕਰਿਕੈ ਸਮੁਦਾਈ। ਸੁਪਤਿ ਜਥਾ ਸੁਖ ਰਾਤਿ ਬਿਤਾਈ।ਰਹੀ ਜਾਮ ਜਾਗੇ ਸੁ ਕ੍ਰਿਪਾਲਾ। ਸਰਬ ਸੌਚ ਕੀਨਸਿ ਤਿਸ ਕਾਲਾ ॥ ੪ ॥ ਪੁਨ ਸ਼ਨਾਨ ਕਰਿ ਬਿਧਿ ਵਡ ਨੀਰਾ[4]। ਆਰ ਬੰਦ[5] ਕਛ ਤਜੀ ਉਤੀਰਾ[6]। ਕਰਨੈ ਅਪਰ ਧਰ ਕਟਿ ਕਛ ਤੀਰਾ[7]।ਚੀਰ ਸਰੀਰ ਪਹਿਰਿ ਬਰ ਬੀਰਾ॥੫॥ਕੇਸ ਪਾਸ ਛਬਿ ਰਾਸਸੁਧਾਰੇ[8]। ਜੂਰੇ ਕਰਿ ਬੰਧੀ ਦਸਤਾਰੇ। ਊਪਰ ਜਿਗਾ ਰਾਖਿ ਰਮਲੀਕਾ। ਕਲਗ਼ੀ ਧਰੀ ਤੁੰਗ ਬਿਧਿ ਨੀਕਾ ॥ ੬ ॥ ਖੜਗ ਨਿਖੰਗ ਬੰਧਿ ਕਟ ਸੰਗਾ। ਧਨੁਖ ਹਾਥ ਗਹਿ ਸੁੰਦਰ ਰੰਗਾ। ਮੂਛਨ ਤਾਉ ਦੀਨ ਕਰਿ ਬੰਕੀ। ਆਸਨ ਕਰਿ ਬੈਠੇ ਅਕਲੰਕੀ[9]॥੭॥ ਨਿਜ ਸਰੂਪ ਚਿਤਵਹਿ ਕਰਿ ਧਯਾਨਾ। ਇਸ ਪ੍ਰਕਾਰ ਸੌਂ ਕੀਨਿ ਬਿਧਾਨਾ। ਉਗੇ ਭਾਨੁ ਤੇ ਅੰਤਰਜਾਮੀ। ਚਾਹਤਿ ਪੰਥ ਚਲਾਵਨਿ ਕਾਮੀ ॥੮॥ ਉਠਿ ਕਰਿ ਗਮਨੇ ਤਜਿ ਕਰਿ ਆਸਨ। ਨਿਕਸਿ ਦੁਰਗਤੇ ਪਾਨ ਸਰਾਸਨ[10]।ਨਿੰਮ੍ਰੀ ਲੋਕ ਹਜ਼ਾਰਹੁ ਹੋਵਤਿ। ਪਾਵਨ ਬਨਹਿ ਦਰਸ ਕੋ ਜੋਵਤਿ ॥ ੯ ॥ ਚਢਿ ਤੁਰੰਗ ਆਏ ਤਿਸ ਥਾਨੇ। ਜਹਾਂ ਬੈਠਿ ਸਿਖ ਪਰਖਨਿ ਠਾਨੇ। ਨਾਮ ਕੇਸਗੜ੍ਹ ਹੈ ਤਿਸ ਕੇਰਾ। ਉਤਪਤਿ ਪੰਥ ਹੋਨਿ ਥਲ ਹੇਰਾ[11] ॥੧੦॥ਬੈਠੇ ਆਇ ਚਾਨਨੀ ਤਰੇ। ਸੁਭਟ ਸਿੱਖ ਸੈਂਕਰ ਤਹਿ ਖਰੇ। ਛਬਿ ਅਮੋਲ ਲੋਚਨ ਅਨਿਯਾਰੇ।ਦੇਖਹਿ ਦਯਾ ਦ੍ਰਿਸ਼ਟਿ ਦੁਖ ਟਾਰੇ ॥ ੧੧ ॥ ਤਿਹ ਛਿਨ ਇਕ ਬਾਸਨ ਮੰਗਵਾਯਾ। ਸਤੁੱਦ੍ਰਵ ਕੋ ਜਲ

[1](ਕੂੜੇ ਤੇ ਕੱਚਿਆਂ ਨੇ) ਗੁਰੂ ਜੀ ਦੇ ਭਲੇ ਕਰਮਾਂ ਦੀ ਪਰਖ ਨਹੀਂ ਕੀਤੀ। ( ਅ ) ਭਲੇਰੇ= ਭੋਰਿਆਂ ਨੇ...... (ਵਕ੍ਰੋਕਤੀ)। [2](ਗੁਰੂ ਜੀ ਨੇ ਤਾਂ) ਸਾਰੇ ਸਿੱਖ ਪਰਖੇ ਹਨ। [3]ਜੋ ਕੂੜੇ ਹਨ ਉਨ੍ਹਾਂ ਨੇ ਕਿਹਾ ਸੀ ਕਿ ਗੁਰੂ ਜੀ ਕ੍ਰੂਰ ਸੁਭਾ ਵਾਲੇ ਹੋ ਗਏ ਹਨ। ਜੋ ਕੱਚੇ ਹਨ ਗੁਣ ਨੂੰ ਲਖ ਨਹੀਂ ਸਕ ਸਕਦੇ। [4]ਵਿਧੀ ਪੂਰਵਕ ਜਲ ਵਿਚ। [5]ਨਾਲਾ [ਫਾ:, ਅਜ਼ਾਰ ਬੰਦ]। [6](ਗਿੱਲੀ) ਕੱਛ ਦਾ ਨਾਲਾ ਖੋਹਲਕੇ (ਕਛ) ਉਤਾਰੀ। [ ਸੰਸ,: ਉਤ੍ਰੀਰਣ=ਖੁਹਲਣਾ। ਤਜੀ=ਛੱਡੀ, ਲਾਹੀ ]। [7]ਲੱਕ ਨਾਲ ਕੱਛ ਹੋਰ ਧਾਰੀ [ਤੀਰਾ=ਕੋਲ, ਨਾਲ]। [8]ਕੇਸਾਂ ਨੂੰ ਫਾਹੀ ਨਾਲ ਤੁੱਲਤਾ ਇਸ ਵਾਸਤੇ ਦਿੰਦੇ ਹਨ ਕਿ ਇਨ੍ਹਾਂ ਦੀ ਸੁੰਦਰਤਾ ਵਿਚ ਪ੍ਰੇਮੀਆਂ ਦੇ ਦਿਲ ਫਸਦੇ ਹਨ। [9]ਭਾਵ ਗੁਰੂ ਜੀ। [10]ਹਥ ਵਿਚ ਧਨੁਖ (ਲਈ) ਕਿਲ੍ਹੇ ਤੋਂ ਨਿਕਲੇ। [11](ਅਸਾਂ) ਡਿੱਠਾ ਹੈ। (ਅ) ਦੇਖਿਆ ਨੇ।

ਸੁਚਿ ਅਨੁਵਾਦਾ। ਨਿਜ ਆਗੇ ਰਖਵਾਵਨਿ ਕੀਯੋ। ਜੋ ਕ੍ਰਿਪਾਨ ਸ੍ਰੀ ਦੇਵੀ ਦੀਯੋ*॥੧੨॥ਤਾ ਮਹਿ ਲਗੇ ਫੇਰਨੋ ਸ੍ਵਾਮੀ। ਬਦਨ ਬਦਤਿ ਬਾਨੀ ਅਭਿਰਾਮੀ। ਦਇਆ ਸਿੰਘ ਤੇ ਆਦਿਕ ਜੋਈ। ਪੰਚਹੁੰ ਖਰੇ ਅੱਗ੍ਰ ਕਰਿ ਤੇਈ ॥੧੩॥ਬਸਤ੍ਰ ਨਵੀਨ ਸ਼ਸਤ੍ਰ ਪਹਿਰਾਏ।ਜਟਤਿ ਜਵਾਹਰ ਜਿਨ ਸਮੁਦਾਏ। ਰੁਚਿਰ ਬਿਭੂਖਨ ਅੰਗ† ਸਜਾਏ। ਅਪਨੋ ਰੂਪ ਸਮਾਨ ਬਨਾਏ॥ ੧੪॥ 'ਕਹਹੁ ਵਾਹਿਗੁਰੂ' ਦਿਯ ਉਪਦੇਸ਼ਾ। ਹਾਥ ਜੋਰਿ ਥਿਰ ਸਿੱਖ ਵਿਸ਼ੇਸ਼ਾ। ਜਪੁਜੀ ਪਾਠ ਪ੍ਰਥਮ ਕਰਿ ਲੀਨਾ। ਬਹੁਰ ਸੈਯੇ ਪਢਿਬੋ ਕੀਨਾ॥੧੫॥ਪੌੜੀ ਪੰਥ ਅਨੰਦ ਪਢ੍ਯੋ ਹੈ। ਅੰਮ੍ਰਿਤ ਮੈਂ ਬਹੁ ਤੇਜ ਬਢ੍ਯੋ ਹੈ। ਤਿਸ ਛਿਨ ਚਟਕ[1] ਆਇਗੋ ਦੋਊ। ਸ੍ਰੀ ਗੁਰ ਦ੍ਰਿਸ਼ਟਿ ਪਰਤਿ ਭੇ ਸੋਊ॥ ੧੬॥ ਇਕ ਬਾਸਨ ਮਹਿ ਤਨਕ[2] ਸੁ ਪਾਯੋ। ਤਿਨ ਆਗੇ ਧਰਿ ਤਬਹਿ ਪਿਆਯੋ।ਭਏ ਖੀਰ ਰਸ ਪੀਵਤਿ ਦੋਊ। ਜੁੱਧ ਕਰਨਿ ਲਾਗੇ ਮਿਲਿ ਸੋਊ॥ ੧੭॥ ਚੂੰਚਨ ਪੰਖ ਪ੍ਰਹਾਰਨਿ ਕਰਿਹੀਂ। ਪੀਰ ਸਰੀਰ ਨ ਉਰ ਮਹਿ ਧਰਿਹੀਂ। ਰੁਧਰਿ ਚੁਚਾਤ ਅਧਿਕ ਤਨ ਮਾਂਹੀ।ਮਾਰਨ ਮਰਨਿ ਰੌਦ੍ਰ ਰਸੁ ਚਾਹੀਂ॥੧੮॥ਅਤਿਸ਼ੈ ਕਰਿ ਸੰਘਰ ਤਿਸ ਕਾਲਾ। ਮ੍ਰਿਤਕ ਭਏ ਪਹੁੰਚੇ ਸੁਰਸਾਲਾ[3]। ਘਟਕਾ

[1]ਚਿੜੇ। [2]ਥੋੜਾ (ਅੰਮ੍ਰਿਤ)। [3]ਸੁਰਗ। *ਦੇਵੀ ਦੇ ਹੱਥੋਂ ਮਿਲੀ ਕਿਸੇ ਕਰਦ, ਕਿਸੇ ਛੁਰੀ, ਕਿਸੇ ਕ੍ਰਿਪਾਨ ਲਿਖੀ ਹੈ, ਮਹਿਮਾਂ ਪ੍ਰਕਾਸ਼ ਨੇ ਕੁੰਡ ਠੰਢਾ ਕਰਨੇ ਪਰ ਉਸ ਵਿਚੋਂ ਖੰਡਾ ਨਿਕਲਿਆ ਦੱਸਿਆ ਹੈ। ਕਵਿ ਜੀ ਆਪ ਪਿੱਛੇ 'ਕਰਦ ਦਿਤੀ' ( ਦੇਖੋ ਰੁਤ ਇਹੋ ਅੰਸੂ ੧੧ ਅੰਕ ੨੦) ਦੱਸ ਆਏ ਹਨ, ਇੱਥੇ ਕ੍ਰਿਪਾਨ ਲਿਖਦੇ ਹਨ। ਦੇਵੀ ਪ੍ਰਗਟੀ ਕਿ ਨਾ ਕੁਛ ਦਿਤਾ ਕਿ ਨਾ ? ਇਸ ਪਰ ਵਿਚਾਰ ਲਈ ਪਿੱਛੇ ਦੇਖੋ ਅੰਸੂ ੧੨ ਅੰਕ ੪੯ ਦੀ ਹੇਠਲੀ ਟੂਕ।

ਇਸੇ ਅੰਸੂ ਦੇ ਅੰਕ ੨੨ ਤੋਂ ਪਤਾ ਲਗਦਾ ਹੈ ਕਿ ਕਵੀ ਜੀ ਕ੍ਰਿਪਾਨ ਤੇ ਖੰਡੇ ਨੂੰ ਇਕੋ ਕਹਿ ਰਹੇ ਹਨ ਇਸੇ ਅੰਸੂ ਦੇ ਅੰਕ ੪੫ ਵਿਚ ਅੰਮ੍ਰਿਤ ਨੂੰ ਖੰਡੇ ਪਾਹੁਲ ਕਹਿ ਰਹੇ ਹਨ। ਅੰਮ੍ਰਿਤ ਜੋ ਸਤਿਗੁਰੂ ਜੀ ਨੇ ਤਿਆਰ ਕੀਤਾ ਸੀ, ਉਸ ਵਿਚ ਨਾ ਕਰਦ ਫੇਰੀ ਸੀ ਨਾ ਕ੍ਰਿਪਾਨ ਪਰ ਖੰਡਾ ਜੋ ਦੋਧਾਰਾ ਹੁੰਦਾ ਹੈ। ਅਜ ਤਕ ਅੰਮ੍ਰਿਤ ਤਖਤਾਂ ਗੁਰਦੁਆਰਿਆਂ ਤੇ ਸਭ ਥਾਈਂ ਖੰਡੇ ਨਾਲ ਹੀ ਤਿਆਰ ਹੁੰਦਾ ਹੈ। ਭਾਈ ਗੁਰਦਾਸ ਦੂਜੇ ਤੇ ਸੌ ਸਾਖੀ ਵਿਚ ਭੀ ਖੰਡੇ ਦਾ ਹੀ ਜ਼ਿਕਰ ਹੈ, ਯਥਾ:— 'ਪੀਓ ਪਾਹੁਲ ਖੰਡ ਧਾਰ' ਤੇ ਸਿੱਖੀ ਤ੍ਰੈ ਪ੍ਰਕਾਰ ਦੀ ਵਿਚ ਇਕ ਖੰਡੇ ਦੇ ਅੰਮ੍ਰਿਤ ਦੀ ਸਿਖੀ ਗਿਣੀ ਹੈ। ਗੁਰੂ ਸਾਹਿਬ ਜੀ ਦੇ ਦਰਬਾਰ ਦੇ ਕਵੀ ਸੈਨਾਪਤਿ ਨੇ ਲਿਖਿਆ ਹੈ:—'ਦੇ ਖੰਡੇ ਕੀ ਪਾਹੁਲ ਤੇਜ ਬਢਾਯਾ'। ਪੁਨਃ:—'ਖੰਡੇ ਕੀ ਪਾਹੁਲ ਛਕੇ' ਰਹਿਤ ਨਾਮਾ ਦੇਸਾ ਸਿੰਘ ਵਿਚ ਲਿਖਿਆ ਹੈ। ਪ੍ਰੇਮ ਸੁਮਾਰਗ ਵਿਚ ਭੀ 'ਪਾਹੁਲ ਖੰਡੇ ਕੀ ਦੇਦਿ' ਲਿਖਿਆ ਹੈ। ਅੱਗੇ ਚਲਕੇ ਕਵੀ ਜੀ ਆਪ ਭੀ ਇਸੇ ਰੁਤ ਦੇ ਅੰਸੂ ੩੫ ਦੇ ਅੰਕ ੯ ਵਿਚ ਲਿਖਦੇ ਹਨ:—'ਖੰਡਾ ਧਾਰਿ ਸੁ ਪਾਹੁਲ ਛਾਪ'।

†ਪਾ:—ਜਿਗਾ।

Sri Satguru Jagjit Singh Ji eLlibrary NamdhariElibrary@gmail.com

ਲਗ ਦ੍ਰੈ ਚਟਕ ਤਮਾਸਾ। ਬਿਕਸਤਿ ਭਏ ਬਿਬੇਕ ਨਿਵਾਸਾ[1] ॥ ੧੯ ॥
ਬਹੁਰ ਪਵਿਤ ਫੇਰਤਿ ਸੁ ਕ੍ਰਿਪਾਨਾ। ਭਾ ਅੰਮ੍ਰਿਤ ਸੋ ਤੇਜ ਨਿਧਾਨਾ। ਰਾਮ-
ਕੁਇਰ ਕਹਿ ਸੰਤਹੁ ਸੁਨੀਅਹਿ। ਬਾਲ ਬੈਸ ਮੇਰੋ ਤਨ ਜਨੀਅਹਿ ॥੨੦॥
ਧਾਇ ਗਯੋ ਮੈਂ ਮਾਤਾ ਪਾਸ। ਜਹਿਂ ਬੈਠੀ ਜੀਤੋ ਸੁਖਰਾਸ। ਤਹਾਂ ਬੈਠਿ ਮੈਂ
ਸਕਲ ਸੁਨਾਈ। 'ਇਸ ਬਿਧਿ ਅੰਮ੍ਰਿਤ ਗੁਰੂ ਬਨਾਈ ॥ ੨੧ ॥ ਚਟਕ
ਆਪ ਮਹਿ ਲਰ ਕਰਿ ਮਰੇ। ਦੀਰਘ ਤੇਜ ਤਾਸ ਮਹਿ ਧਰੇ। ਜਲ ਮਹਿਂ
ਪਵਿਤ ਕ੍ਰਿਪਾਨ ਫਿਰੈ ਹੈਂ।ਪਾਹੁਲ ਖੰਡੇ ਕੀ ਅਬਿ ਦੈ ਹੈਂ'॥੨੨॥ਜੀਤੋ ਸ਼ੁਭ
ਮਤਿ ਕੀਨਿ ਬਿਚਾਰਨਿ।-ਪੰਥ ਖਾਲਸਾ ਸੁਤ ਇਹ ਕਾਰਨ। ਪਹੁੰਚਨਿ
ਬਨੈ ਕੰਤ ਕੇ ਪਾਸੇ-। ਇਮ ਬਿਚਾਰ ਬਹੁ ਲੀਨਿ ਪਤਾਸੇ ॥ ੨੩ ॥ ਘਰ ਤੇ
ਚਲਿ ਆਈ ਤਤਕਾਲਾ।ਅੰਮ੍ਰਿਤ* ਜਹਾਂ ਬਨਾਇ ਕ੍ਰਿਪਾਲਾ। ਪਤਿਕੋ ਰੁਖ
ਲਖਿ ਜਲ ਮਹਿ ਪਾਏ। ਸ਼੍ਰੀ ਸਤਿਗੁਰ ਅਵਿਲੋਕਿ ਅਲਾਏ ॥੨੪॥ 'ਭਲੋ
ਭਯੋ ਤੂੰ ਚਲਿ ਕਰਿ ਆਈ। ਨੀਰ ਬਿਖੈ ਪਾਈ ਮਧੁਰਾਈ। ਨਾਤੁਰ ਪੰਥ
ਹੋਤਿ ਬਡ ਕ੍ਰੂਰਾ। ਤੇਜ ਕ੍ਰੋਧ ਕਲਹਾ[2] ਕਰਿ ਪੂਰਾ॥੨੫॥ ਅਪਨਿ ਬਿਗਾਨਾ
ਸਮਝਤਿ ਨਾਂਹੀ।ਕਰਤਿ ਜੰਗ ਦਿਨ ਰੈਨ ਬਿਤਾਹੀ। ਮਿਲਿ ਆਪਸ ਮਹਿ
ਮੋਹ ਨ ਕਰਿਹੀਂ। ਰਿਸ ਮੈਂ ਭਰੇ ਸ਼ਸਤ੍ਰ ਪਰਹਰਿਹੀਂ ॥ ੨੬ ॥ ਅਬਿ
ਮਿਸ਼ਟਾਨ ਜੁ ਪਾਯਹੁ ਤੋਹੀ। ਯਾਂ ਤੇ ਪਯਾਰ ਪਰਸਪਰ ਹੋਹੀ। ਨਰ ਨਾਰੀ
ਦ੍ਵੈ ਤੇ ਸੰਤਾਨਾ। ਪ੍ਰਗਟਤਿ ਹੈ ਸਭਿਹੂੰ ਜਗ ਜਾਨਾ ॥ ੨੭ ॥ ਹੋਨਿ ਖਾਲਸਾ
ਸੰਤਤਿ ਕਾਲਾ[3]। ਚਲਿ ਆਈ ਭਾ ਭਲੋ ਬਿਸਾਲਾ'। ਇਮ ਕਹਿ ਅਪਨੇ
ਪੰਚਹੁ ਪਯਾਰੇ। ਦੇਖਨਿ ਕਰੇ ਖਰੇ ਅਗਵਾਰੇ ॥ ੨੮ ॥ ਕਮਲ ਪਾਨ
ਅੰਮ੍ਰਿਤ ਕੋ ਲੀਨੋ। ਦੇ ਕਰਿ ਤਿਨਹਿ ਪਿਆਵਨਿ ਕੀਨੋ। ਲੋਚਨ ਮਹਿਂ
ਛਿਰਕੇ ਫੁਨ ਮਾਰੇ।ਕੇਸ ਜੂਰ ਮੈਂ[4] ਅੰਜੁਲ ਡਾਰੇ॥੨੯॥ਵਾਸੀ ਨਾਮ ਬੂਝਿਬੋ
ਕੀਨਿ। ਪ੍ਰਿਥਮੈ ਦਯਾ ਸਿੰਘ ਕਹਿ ਦੀਨਿ। 'ਲਵਪੁਰ ਜਨਮ ਬਸਨ
ਕੋ ਧਾਮੂ। ਦਯਾ ਸਿੰਘ ਗੁਰ ਬਖਸ਼ਯੋ ਨਾਮੂ' ॥ ੩੦ ॥ ਦੂਸਰ ਕਹਯੋ 'ਹਸ-
ਤਨਾਪੁਰ ਕੋ। ਨਾਮ ਧਰਮ ਸਿੰਘ ਮੈਂ ਸਿਖ ਗੁਰ ਕੋ'। ਤ੍ਰਿਤੀਯੋ ਭਨਤਿ

---

[1]ਗੁਰੂ ਜੀ। [2]ਲੜਾਈ। [3]ਖਾਲਸਾ ਰੂਪ ਉਲਾਦ ਹੋਣ ਵੇਲੇ। [4]ਕੇਸ਼ਾਂ ਵਿਚ ਜੂੜੇ ਵਾਲੇ ਥਾਂ, ਭਾਵ ਦਸਮ ਦੁਆਰ।

*ਅੰਮ੍ਰਿਤ ਦੀ ਵਿਧੀ ਲਈ ਵੇਖੋ ਗੁਰਮਤ ਸਿਸਕਾਰ ਵਿਧੀ, ਜੋ ਚੀਫ਼ ਖਾਲਸਾ ਦੀਵਾਨ ਨੇ ਪੰਥ ਦੇ ਪ੍ਰਸਿੱਧ ਵਿਦਵਾਨਾਂ ਦੀ ਖੋਜ ਵਿਚਾਰ ਤੇ ਦੋ ਵੇਰ ਪੰਥ ਵਿਚ ਰਾਇ ਲਈ ਖੁਲ੍ਹੇ ਘੱਲ ਕੇ ਤੇ ਸਭ ਸੰਮਤੀਆਂ ਵੀਚਾਰ ਕੇ ਤਯਾਰ ਕੀਤੀ ਤੇ ਛਪਵਾਈ ਸੀ।

ਭਯੋ ਪ੍ਰਭੁ ਪਾਸੀ । 'ਪੁਰੀ ਦ੍ਵਾਰਕਾ ਹੈ ਮਮ ਵਾਸੀ ॥ ੩੧ ॥ ਮੁਹਕਮ ਸਿੰਘ ਨਾਮ ਹੈ ਮੋਰਾ' । ਚਤੁਰਥ ਸਿਖ ਬੋਲਯੋ ਕਰ ਜੋਰਾ । 'ਬਿਦਰਪੁਰੀ ਵਾਸੀ ਪਹਿਚਾਨੋ । ਸਾਹਿਬ ਸਿੰਘ ਨਾਮ ਮਮ ਜਾਨੋ' ॥ ੩੨॥ ਪੰਚਮ ਕਹਿ 'ਵਾਸੀ ਜਗੁ ਨਾਥ । ਹਿੰਮਤਿ ਸਿੰਘ ਨਾਮ, ਹੇ ਨਾਥ !' ਇਮ ਸਭਿ ਦਿਸ਼ਿ ਕੇ ਗੁਰੂ ਸਕੇਲੇ । ਚਾਰਹੁੰ ਬਰਣ ਏਕ ਕਰਿ ਮੇਲੇ॥੩੩॥ 'ਅਬਿ ਤੇ ਕਹਹੁ ਅਨੰਦ-ਪੁਰ ਵਾਸੀ' । ਪੰਚਹੁੰ ਨਾਮ ਧਰੇ ਗੁਨ ਰਾਸੀ[੧] । ਸ੍ਰੀ ਗੁਰ ਪੁਨ ਸਭਿ ਰਹਿਤ ਬਤਾਈ । ਜਿਸ ਤੇ ਸਦਾ ਅਨੰਦ ਕੋ ਪਾਈ ॥ ੩੪ ॥ 'ਮੀਣੇ ਅਰੁ ਮਸੰਦ ਧਿਰਮਲੀਏ । ਕੁੜੀ ਮਾਰਿ ਰਮਰਈ ਨ ਮਿਲੀਏ । ਸਵਾ ਰਜਤਪਣ ਅੰਮ੍ਰਿਤਸਰ ਜੀ । ਤਿਮ ਦੇ ਪਾਹੁਲ ਦਾ ਜੋ ਗੁਰ ਜੀ[੨] ॥ ੩੫॥ ਪਠਹੁ ਪ੍ਰੇਮ ਕਰਿ ਨਿਤ ਗੁਰਬਾਨੀ । ਸਿੰਘਨਿ ਸੇਵਾ ਕਰਹੁ ਮਹਾਨੀ।ਆਪਸ ਬਿਖੈ ਪ੍ਰੇਮ ਕੋ ਧਰਨਾ।ਗੁਰ ਨਿੰਦਕ ਸ਼ੱਤ੍ਰੁਨਿ ਹਤਿ ਕਰਨਾ॥੩੬॥ ਸ਼ਸਤ੍ਰਨਿ ਕੋ ਨਿਤ ਪ੍ਰਤਿ ਅੱਭਯਾਸਹੁ । ਨਹੀਂ ਤੁਰੱਕ ਪਰ ਉਰ[੩] ਬਿਸਵਾਸਹੁ । ਕੇਸਨ ਅਦਬ, ਨ ਕਛ ਬਿਨ ਰਹਿਨਾ । ਅਰਧ ਨਾਮ ਸਿੰਘਨਿ ਨਹਿੰ ਕਹਿਨਾ ॥ ੩੭ ॥ ਕਾਤੁਰਤਾ ਉਰ ਤੇ ਪਰਹਰਿਨੀ।ਬਲ ਕੇ ਸਹਿਤ ਸੂਰਤਾ ਧਰਨੀ। ਜੋਧੇ ਕੀ ਭੁਜ ਕੇ ਅਨੁਸਰੈ । ਦੁਊ ਲੋਕ ਲਟਕਤਿ ਹੈਂ ਪਰੈ ॥੩੮॥ ਜੇ ਜੀਤਹਿ ਸੁਖ ਇਸ ਜਗ ਮਾਂਹੀ । ਭਏ ਮ੍ਰਿਤਕ, ਆਗੇ ਸੁਖ ਪਾਂਹੀ । ਸੂਰ ਸੂਰ ਮੰਡਲ ਕੋ ਭੇਦੀ[੪]। ਪਹੁੰਚਤਿ ਊਪਰ ਸਦਾ ਅਖੇਦੀ[੫] ॥੩੯॥ ਛੱਤ੍ਰੀ ਧਰਮ ਪ੍ਰਥਮ ਗੁਨ ਧਰਨੋ।ਸਮੁਖ ਲਰਨ ਮਾਰਨ ਕੈ ਮਰਨੋ।ਅਬਿ ਲੌ ਜਸੁ ਮਰਿ ਸੁਰਗ ਪਹੂਚੇ। ਅਲਪ ਕਾਲ ਮਹਿੰ ਲਹਿੰ ਪਦ ਊਚੇ ॥੪੦ ॥ ਇੱਤਯਾਦਿਕ ਸਭਿ ਰਹਿਤਿ

[੧]ਗੁਣਾਂ ਦੀ ਖਾਨ (ਸਤਿਗੁਰ ਜੀ ਨੇ) ਪੰਜਾਂ ਦੇ ਨਾਮ (ਸਿੰਘ) ਰਖੇ । (ਅ) ਐਉਂ ਭੀ ਕਰਦੇ ਹਨ ਕਿ ਪੰਜਾਂ ਦੇ ਨਾਮ ਰਾਸਾਂ ਦੀ ਪੰਜਵੀਂ ਗਿਣਤੀ ਤੇ ਰਖੇ। ਪੰਜਵੀਂ ਰਾਸ 'ਸਿੰਘ' ਹੈ, ਭਾਵ, ਖਾਲਸਾ ਨੂੰ ਸਿੰਘ ਬਨਾ ਦਿੱਤਾ । [੨]ਗੁਰੂ (ਕੀ ਗੋਲਕ ਵਾਸਤੇ) ਪਾਹੁਲ ਦਾਤਿਆਂ ਨੂੰ ਦੇਵੇ ਮਸੰਦਾਂ ਨੂੰ ਹੁਣ ਭੇਟਾ ਲੈਣੋਂ ਬੰਦ ਕਰਨਾ ਹੈ ਇਸ ਕਰਕੇ ਗੁਰੂ ਕੀ ਗੋਲਕ ਵਾਸਤੇ ਜਿੱਥੇ ਸਾਰੇ ਪੰਥ ਦੇ ਭਲੇ ਦੇ ਕੰਮ ਹੋਣੇ ਹਨ ਅੰਮ੍ਰਿਤ ਵਾਲਿਆਂ ਦੇ ਹੱਥੀਂ ਅਪੜਾਉਣ ਦਾ ਰਿਵਾਜ ਟੋਰਿਆ । ਹੁਣ ਤਕ ੧। ਤਨਖਾਹ ਦਾ ਤੇ ੧।) ਗੁਰੂ ਗੋਲਕ ਦਾ ਕੱਢਿਆ ਜਾਂਦਾ ਹੈ । (ਅ) ਗੁਰੂ ਕਾ ਅੰਮ੍ਰਿਤ ਦਾਤੇ ਜੋ ਹਨ ਤਿਵੇਂ ਉਨ੍ਹਾਂ ਨੂੰ ਦੇਵੇ; ਕਹਿੰਦੇ ਹਨ ਕਿ ਪਹਿਲੇ ਇਹ ਰਿਵਾਜ ਜਾਰੀ ਰਿਹਾ ਹੈ ਕਿ ੧।) ਅੰਮ੍ਰਿਤ ਦਾਤਿਆਂ ਨੂੰ ਦਿੱਤਾ ਜਾਂਦਾ ਸੀ । ਇਹ ਉਨ੍ਹਾਂ ਦੇ ਨਿਰਬਾਹ ਮਾਤ੍ਰ ਲਈ ਸੀ । ਇਹ ਹੱਦ ਬੰਨ੍ਹ ਦਿੱਤੀ ਕਿ ਮਸੰਦਾਂ ਵਾਂਙੂ ਲੋਭੀ ਨਾ ਹੋ ਜਾਣ । [੩]ਦਿਲ ਵਿਚ । [੪]ਸ਼ਾਸਤ੍ਰਾਂ ਵਿਚ ਸੂਰਜ ਮੰਡਲ ਵਿਚ ਪਹੁੰਚਣਾ ਮਹਾਨ ਉੱਚੀ ਗਲ ਕਹੀ ਹੈ, ਉਸ ਤੋਂ ਬੀ ਅੱਗੇ ਦੀ ਗਤੀ ਸੂਰਮੇਂ ਦੀ ਦੱਸੀ ਹੈ । [੫]ਖੇਦ ਰਹਤ, ਮੁਕਤ ।

Sri Satguru Jagjit Singh Ji eLlibrary NamdhariElibrary@gmail.com

ਸੁਚਾਲੀ।ਜੋ ਰਾਖਹਿ ਤਿਨ ਕੋ ਹੌਂ ਵਾਲੀ'।ਇਮ ਸਤਿਗੁਰ ਨਿਜ ਸਿਖ ਸਮੁਝਾਵਹਿਂ। ਅਪਰ ਰਹਿਤ ਸੋ ਬਹੁਰ ਬਤਾਵਹਿਂ ॥ ੪੧ ॥ ਕਰਿ ਅਰਦਾਸੁ ਰਹਿਤ ਕੀ ਭਲੇ। 'ਪੰਚਾਂਮ੍ਰਿਤ ਅਚਿ ਪਾਂਚਹੁੰ ਮਿਲੇ। ਜਾਤਿ ਪਾਤਿ ਕੋ ਭੇਦ ਨ ਕੋਈ। ਚਾਰ ਬਰਨ ਅਚਵਹਿ ਇਕ ਹੋਈ ॥੪੨॥ ਮਤਿ ਊਚੀ ਰਾਖਹੁ ਮਨ ਨੀਵਾਂ।ਸਿਮਰਹੁ ਵਾਹਿਗੁਰੂ ਸੁਖ ਸੀਵਾਂ।ਗੋਰ ਮੜ੍ਹੀ ਅਰੁ ਪੰਥ ਅਨੇਕਾ। ਆਨ ਨ ਮਾਨਹਿ, ਰਾਖਿ ਬਿਬੇਕਾ[1]' ॥ ੪੩ ॥ ਕਬਿੱਤ ॥ ਵਾਹਿਗੁਰੂ ਜੀ ਕਾ ਭਯੋ ਖਾਲਸਾ ਸੁ ਨੀਕਾ ਅਤਿ ਵਾਹਿਗੁਰੂ ਜੀ ਕੀ ਮਿਲਿ ਫਤੇ ਸੋ ਬੁਲਾਈ ਹੈ। ਪੀਰ ਪਾਤਿਸ਼ਾਹ ਕਰਾਮਾਤੀ ਜੋ ਅਪਰ ਪੰਥ, ਹਿੰਦੂ ਕਿ ਤੁਰਕ ਹੂੰ ਕੀ ਕਾਨ ਕੋ ਮਿਟਾਈ ਹੈ। ਤੀਸਰਾ ਮਜਬ ਜਗ ਦੇਖਿਕੈ ਅਜਬ ਮਹਾਂ, ਬੈਰੀ ਕੋ ਗਜਬ[2] ਪਰਜੌ ਛੀਨੈਂ ਠਕੁਰਾਈ ਹੈ[3]। ਧਰਮ ਸਥਾਪਬੇ ਕੋ ਪਾਪਨ ਕੋ ਖਾਪਬੇ ਕੋ ਗੁਰੂ ਜਾਪਬੇ ਕੋ ਨਈ ਰੀਤਿ ਯੌਂ ਚਲਾਈ ਹੈ ॥ ੪੪ ॥ ਦੋਹਰਾ ॥ ਇਸ ਬਿਧਿ ਪੰਚਹੁ ਸਿੰਘਕੈ ਖੰਡੇ ਪਾਹੁਲ ਦੀਨਿ।ਵਹਿਰ ਬੇਖ ਉਰ ਗਯਾਨ ਦੇ ਅਪਨੇ ਸਮ ਸੋ ਕੀਨਿ ॥ ੪੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਅੰਮ੍ਰਿਤ ਦੇਨ' ਪ੍ਰਸੰਗ ਬਰਨਨੰ ਨਾਮ ਏਕ ਊਨ ਬਿੰਸਤੀ ਅੰਸੂ ॥ ੧੯ ॥

## ੨੦ [ਗੁਰੂ ਜੀ ਨੇ ਅੰਮ੍ਰਿਤ ਛਕਣਾ]।

ਦੋਹਰਾ ॥ ਪੰਚਹੁੰ ਕੋ ਸਮਰੱਥ ਕਰਿ ਸਭਿ ਬਿਧਿ ਸ੍ਰੀ ਗੁਰਦੇਵ। ਸਾਦਰ ਤਿਨਹੁੰ ਬਿਠਾਇ ਕਰਿ ਲਖਹਿ ਨ ਕੋ ਗੁਰ ਭੇਵ[4]॥੧॥ਕਬਿੱਤ॥ਪੂਰਨ ਪਰਮ ਜੋਤਿ ਪੰਥ ਕੇ ਉਦੋਤਿ ਪ੍ਰਭੁ ਉੱਠਕੇ ਸਿੰਘਾਸਨ ਤੇ ਖਰੇ ਆਪ ਹੋਇ ਕਰਿ। 'ਵਾਹਿਗੁਰੂ' ਉਚਾਰਤਿ ਸੁ ਪਾਹੁਲ ਕੋ ਜਾਚਤਿ ਬਿਸਾਲ ਤੇਜ ਰਾਜਤਿ ਇਕੱਤ੍ਰ ਕਰ ਦੋਇ ਕਰਿ[5]। ਖੜਗ ਨਿਖੰਗ ਕਟ ਕੱਸ ਕੈ, ਕੁਦੰਡ ਕੰਧ, ਜਮਧਰਾ ਧਰਿ ਕੈ ਕਰਦ ਚੱਕ੍ਰ ਜੋਇ ਕਰਿ[6] 'ਜੈਸੇ ਮਮ ਦੀਨਿ,ਬਿਧਿ ਸੰਗ ਤੁਮ ਲੀਨਿ ਪੰਜ[7], ਤੈਸੇ ਮੋਹਿ ਦੀਜੀਏ ਸੰਦੇਹ ਸਭਿ ਖੋਇ ਕਰਿ' ॥ ੨ ॥ ਅਦਭੁਤ ਬਾਨੀ ਸੁਨਿ ਕਾਨ ਮੈ ਹਰਾਨੀ ਹੋਇ ਸਿੰਘਨ ਬਖਾਨੀ 'ਕਹਾਂ ਕਹੋ ਆਪ ਦੀਨ ਕੋ ? ਜਾਤਿ ਕੇ ਕਮੀਨ,ਦੀਨ, ਰੰਕ ਹੈਂ ਅਧੀਨ, ਹੀਨ,

---

[1]ਹੋਰ ਦੀ ਆਨ ਨੂੰ ਨਾ ਮੰਨਣਾ ਤੇ ਵਿਚਾਰ ਰੱਖਣਾ। [2]ਬਿਪਤਾ [ਅ:, ਗ਼ਜ਼ਬ]। [3]ਰਾਜ ਖੋਹ ਲੈਣਗੇ। [4]ਗੁਰੂ ਜੀ ਦੇ ਭੇਦ ਨੂੰ ਕੋਈ ਨਹੀਂ ਜਾਣ ਸਕਦਾ। [5]ਇਕੱਠੇ ਕਰਕੇ ਦੋਵੇਂ ਹੱਥ। [6]ਜਮਧਰ, ਕਰਦ ਤੇ ਚੱਕ੍ਰ ਧਾਰਨ ਕਰਕੇ (ਜੋਇਕਰ=) ਦਿੱਸ ਰਹੇ ਹਨ। [7]ਪੰਜਾਂ ਨੇ।

ਕਾਮ ਕ੍ਰੋਧ ਪੀਨ, ਮਨ ਛੀਨ ਹੈਂ,ਨ ਚੈਨ ਕੌ[1]।ਬਿਸ਼ਈ ਮਲੀਨ ਜੀਵ ਸਭਿ ਤੇ ਸਦੀਵ ਨੀਵ ਜੰਤੁ ਸੁ ਗ਼ਰੀਬ ਹਮ, ਭਲੋ ਗੁਨ ਹੈ ਨ ਕੋ। ਏਕ ਬਲ ਭਯੋ ਤੁਮ ਹਾਥ ਦਯੋ ਸੀਸ ਧਰ, ਨਯੋ ਰੰਗ ਥਿਯੋ ਮਯੋ ਕਿਯੋ ਸੁਖ ਐਨ ਕੋ[2]*॥੩॥ਜੀਵਨ ਕੇ ਜੀਵ[3],ਬਲ ਸੀਵਹੋ[4] ਸਦੀਵ ਤੁਮ,ਤੀਨ ਲੋਕ ਨਾਥ ਸਭਿ ਸੁਰਾਸੁਰ ਬੰਦਤੇ[5]। ਆਇਸੁ ਮੈਂ ਪੌਨ ਪਾਨੀ ਆਨਿ ਕੀ ਕਹਾਨੀ ਕਹਾਂ[6], ਚਾਹੋ ਜਿਸ ਰਾਖਹੁ ਰਿਪੁ ਕ੍ਰੋਧ ਕੈ ਨਿਕੰਦਤੇ[7]। ਸ਼ਕਤਿ ਦੁਰਾਈ ਨਰ ਲੀਲਾ ਕੋ ਗੁਸਾਈਂ ਧਰੋ, ਦਾਸ ਕੋ ਬਡਾਈ ਦੇਤਿ ਸਦਾ ਹੀ ਅਨੰਦ ਤੇ। ਆਪ ਸਮਰੱਥ ਅਬਿ ਜੋਰਿ ਹਾਥ ਕੈਸੇ ਕਹੋ—ਅੰਮ੍ਰਿਤ ਕੋ ਦੈਹੋ—ਕਿਮ ਕਮੀ ਹੈ ਬਿਲੰਦ ਤੇ[8] ?'॥ ੪॥ ਬੋਲੇ ਗੁਰ ਪੂਰਨ ਪੁਰਖ "ਕਰਤਾਰ ਪ੍ਰਭੁ ਦੇਹ ਮੈਂ ਅਨੇਕ ਬਿਧਿ ਬਿਸ਼ਨੁ ਮਹੇਸ਼ ਹੈਂ।ਜੋਤੀ ਰੂਪ ਏਕੰਕਾਰ ਸਭਿ ਕੇ ਅਧਾਰ ਨਿਤ ਆਪ ਨਿਰਾਧਾਰ ਜਾਂ ਕੋ ਜਾਨਤਿ ਅਸ਼ੇਸ਼ ਹੈਂ[9]।[10]ਭਗਤਿ ਅਧੀਨ, ਕਾਲ ਛੀਨ ਮਹੀਆਨ ਮਹਾਂ ਤਾਕੋ ਸੁਤ ਜਾਨੋ ਮੋਹਿ ਸਭਿ ਤੇ ਵਿਸ਼ੇਸ਼ ਹੈ। ਸਿੱਖਨ ਅਧੀਨ ਤਿਨ ਮੋਕਉ ਚੀਨ ਲੇਹੁ ਚਿਤ, ਪੰਥ ਕੇ ਰਚਨ ਕੋ ਹੁਕਮ ਜਗਤੇਸ਼ ਹੈ[10]॥੫॥ਖਾਲਸਾ ਗੁਰੂ ਹੈ ਗੁਰੂ ਖਾਲਸਾ ਕਰੌਂ ਮੈਂ ਅਬਿ[11] ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨਿਓ। ਸ਼ੋਕ ਨ ਕਰੀਜੈ ਸਾਵਧਾਨ ਹੋਇ ਦੀਜੈ ਅਬਿ, ਅੰਮ੍ਰਿਤ ਛਕਾਵੋ ਮੁਹਿ ਜੈਸੇ ਤੁਮ ਲੀਨਿਓ। ਕਾਲ ਹੂੰ ਕੋ ਕਾਲ ਅਸਿਕੇਤ ਹੈ ਅਕਾਲ ਪ੍ਰਭੁ ਦੀਰਘ ਕ੍ਰਿਪਾਲ ਯੌਂ ਹੁਕਮ ਹਮੈਂ ਦੀਨਿਓ†। ਥਾਪਨਿ ਧਰਮ ਕੌ, ਉਥਾਪਨਿ[12] ਭਰਮ ਕੌ,

---

[1]ਮਨ ਦੁਰਬਲ ਤੇ ਬੇਚੈਨ ਹੈ, (ਅ) ਮਨ ਛਿਨਭਰ ਚੈਨ ਨਹੀਂ ਲੈਂਦਾ (ਟਿਕਦਾ ਨਹੀਂ)। [2]ਕ੍ਰਿਪਾ ਕਰਕੇ ਸਾਨੂੰ ਸੁੱਖਾਂ ਦਾ ਘਰ ਕਰ ਦਿੱਤਾ ਹੈ। [3]ਜੀਵਾਂ ਦੀ ਜਿੰਦ। [4]ਬਲ ਦੀ ਹੱਦ ਹੋ। [5]ਦੇਵ ਦੈਂਤ (ਤੁਹਾਨੂੰ) ਮੱਥਾ ਟੇਕਦੇ ਹਨ। [6]ਗੱਲ ਕੀ ਹੈ। [7]ਨਾਸ਼ ਕਰਦੇ ਹੋ। [8](ਆਪ ਐਡੇ)ਵਡੇ ਕਿਉਂ ਐਨੇ ਕਮੀ ਵਾਲੇ (ਨੀਵੇਂ) ਹੁੰਦੇ ਹੋ? [9]ਪ੍ਰਭੂ ਕਰਤਾਰ ਦੀ ਦੇਹ ਵਿਚ ਅਨੇਕ ਬ੍ਰਹਮਾਂ ਵਿਸ਼ਨ ਤੇ ਸ਼ਿਵਜੀ ਹਨ ਉਹ ਅਪਾਰ ਜੋਤੀ ਰੂਪ ਇਕ ਏਕੰਕਾਰ ਹੀ ਸਭ ਦਾ ਆਸਰਾ ਹੈ ਤੇ ਆਪ ਨਿਰ ਆਸਰਾ ਹੈ ਜਿਸ ਗਲ ਨੂੰ ਸਾਰੇ (ਸੰਤ) ਜਾਣਦੇ ਹਨ। [10]ਉਹ ਕਾਲ ਤੋਂ ਰਹਿਤ ਹੈ ਤੇ ਵਡਿਆਂ ਤੋਂ ਵਡਾ ਹੈ (ਫਿਰ ਦੇਖੋ ਕਿ ਉਹ) ਭਗਤਾਂ ਦੇ ਅਧੀਨ ਹੈ (ਉਸ ਐਡੇ) ਸਭ ਤੋਂ ਵਡੇ ਤੇ (ਫੇਰ ਭਗਤ ਅਧੀਨ ਦਾ) ਮੈਂ ਪੁਤਰ ਹਾਂ, ਤਿਵੇਂ ਤੁਸੀਂ ਮੈਨੂੰ ਸਿੱਖਾਂ ਦੇ ਅਧੀਨ ਜਾਣ ਲਓ ਚਿਤ ਵਿਚ; ਪੰਥ ਦੇ ਰਚਣ ਦਾ ਹੁਕਮ ਬੀ (ਉਸੇ) ਜਗਤ ਦੇ ਮਾਲਿਕ ਦਾ ਹੈ। [11]ਖਾਲਸਾ ਗੁਰੂ ਹੈ ਤੇ ਮੈਂ ਹੁਣ ਖਾਲਸੇ ਨੂੰ ਗੁਰੂ ਕਰਦਾ ਹਾਂ। [12]ਨਾਸ਼ਕਰਨ। *ਪਾ:—ਕਿਯੋ ਹਿਯੋ ਸੁਖ ਐਨਕੋ।

†ਦੇਖੋ ਏਥੇ ਕਾਲੀ ਨੇ ਪੰਥ ਸਾਜਣ ਦਾ ਹੁਕਮ ਦਿੱਤਾ ਗੁਰੂ ਜੀ ਨਹੀਂ ਦੱਸ ਰਹੇ। ਪਰ ਕਾਲ ਦਾ ਕਾਲ ਅਕਾਲ ਤੇ ਅਸਿਕੇਤੁ ਪ੍ਰਭੂ ਦਾ ਹੁਕਮ ਦੱਸ ਰਹੇ ਹਨ।

Sri Satguru Jagjit Singh Ji eLlibrary NamdhariElibrary@gmail.com

ਕੁਕਰਮ ਕੌ ਖਾਪਨ, ਸਿਮਰ ਨਾਮ, ਚੀਨਿਓ[1]*' ॥੬॥–ਸ੍ਵਾਮੀ ਕੋ ਹੁਕਮ ਨਹੀਂ ਮੇਟਬੋ–ਪ੍ਰਤੱਗਯਾ ਜਾਨਿ[2], ਮਾਨਿ ਗੁਰੂ ਬਾਕ ਹੂੰ ਕੋ ਅੰਮ੍ਰਿਤ ਸੁ ਲੀਨਿਓ।ਉਠ ਪੰਚਹੂੰ ਸਿੰਘ ਵਾਹਿਗੁਰੂ ਜੀ ਕੀ ਫਤੇ ਬੋਲਿ,ਆਗੇ ਖਰੇ ਗੁਰੂ ਤ ੫ ਪਾਹੁਲ ਕੋ ਦੀਨਿਓ।'ਪਟਨਾ ਜਨਮ ਵਾਸੀ,ਨਾਮ ਸ੍ਰੀ ਗੋਬਿੰਦ ਸਿੰਘ' ਬੂਝੇ ਤੇ ਬਖਾਨਯੋਂ ਪ੍ਰਭੁ ਸੀਖ੍ਯਾ ਮੈਂ ਪ੍ਰਬੀਨਿਓਂ।ਰਹਿਤ ਬਤਾਈ ਜੈਸੇ ਆਪ ਪੂਰਾ ਗਾਈ ਗੁਰੂ[3], ਰੀਤਿ ਧੌਂ ਚਲਾਈ ਬਿਦਤਾਈ ਸਭਿ ਚੀਨਿਓ ॥੭॥ 'ਪੰਚਨਕੋ ਮੇਲ ਪੇਲ ਦੇਹੁ[4],ਸੱਤਿਨਾਮ ਲੇਹੁ,ਰੱਛਯਾ ਕੋ ਕਰੇਹੁ ਸਿੱਖ ਸੰਤ ਸਮੁਦਾਇ ਕੌ।ਖਾਲਸੇ ਕੇ ਅੰਗ ਸੰਗ, ਜੰਗ ਕੋ ਧਰਹੁ ਨਿਸ਼ੰਗ, ਭੰਗ ਤੁਰਕਾਨ[5] ਤਬਿ ਹੂਜੀਏ ਸਹਾਇ ਕੌ। ਸਦਾ ਅਸਿਕੇਤ ਕੋ ਬਿਸਾਲ ਧਰੋ ਹੇਤ ਕੇ, ਅੱਭਯਾਸ ਨਿਤ ਆਯੁਧ ਸਮੂਹ ਰਿਪੁ ਘਾਇਕੌ'। ਸਾਰੇ ਜਗ ਨਾਇਕ ਕੋ ਰਹਿਤ ਬਤਾਇ ਕਰਿ ਫਤੇ ਕੋ ਬੁਲਾਇ ਕਰਿ ਆਨਦ ਉਪਾਇ ਕੌ ॥੮॥ਗੁਰੂ ਤੇਜ ਰਾਸਿ ਅਰਦਾਸ ਕੋ ਕਰਾਇ ਕਰਿਸੀਸ ਕੋ ਨਿਵਾਇ ਆਇ ਬੈਠੇ ਹੈਂ ਪ੍ਰਯੰਕ ਪਰ। ਰਹਿਤ ਬਤਾਈ ਪੁਨਃ 'ਧਰੋ ਸਦਾ ਸਿੰਘ ਮਨ, ਬੇਸ੍ਵਾ ਸੋਂ ਰਮਨਾ ਨਹਿ ਕੀਜੈ ਕਬਿ, ਸੰਕ ਕਰਿ[6]। ਸੁਚ ਸੋਂ ਰਹਿਨ ਉਠਿ ਪ੍ਰਾਤਿ ਮੈਂ ਸ਼ਨਾਨੋ ਤਨ,ਸ਼ਸਤ੍ਰ ਨਿਤੇ ਛੂਛੇ ਨਹੀਂ ਰਹੋ,ਰਿਪੁ ਭੰਗ ਕਰਿ[7]।ਕੇਸ ਕੱਛ ਕਰਦ ਗੁਰੁ ਕੀ ਤੀਨ ਮੁੱਦ੍ਰਾ[8] ਇਹ‡ ਪਾਸ ਤੇ ਨ ਦੂਰ ਕਰਹੁ ਸਦਾ ਅੰਗ ਸੰਗ ਧਰਿ' ॥੯॥ ਬਾਜੇ ਸੁਰਲੋਕ ਮੈ ਦਮਾਮੇ ਗੁਰੂ ਫਤੇ ਸੁਨਿ ਮੰਗਲ ਕੁਲਾਹਲ ਅਨੇਕ ਬਿਧਿ ਹੋਇ ਹੈ। ਰਹਯੋ ਜਗ ਧਰਮ ਕਰਮ ਹੋਮ ਜੱਗ ਆਦਿ ਤੁਰਕ ਬਿਨਾਸ਼ਤਾ ਕੋ ਪਾਇ ਸਭਿ ਕੋਇ ਹੈਂ[9]। ਪ੍ਰਗਟਯੋ ਸੁ ਪੰਥ, ਗ੍ਰੰਥ ਬਿਦਤੈ ਭੁਗਤਿ ਨਿਤ, ਸ਼ਾਂਤਿ ਬਰਤਾਇ ਕੈ ਧਰਾ ਕੋ ਭਾਰ ਖੋਇ

---

[1]ਨਾਮ ਦਾ ਸਿਮਰਨ ਕਰਾਉਣ ਲਈ, ਜਾਣ ਲਓ। [2](ਪੰਜੇ ਸਿੰਘ ਇਹ ਆਪਣੀ) ਪ੍ਰਤੱਗਯਾ ਜਾਣਕੇ। [3]ਜਿਵੇਂ ਪਹਿਲਾਂ ਗੁਰੂ ਜੀ ਨੇ ਦੱਸੀ ਸੀ। [4]ਪੰਜਾਂ ਦਾ ਮੇਲ ਹਟਾ ਦਿਓ। [5]ਜਿਥੇ ਖਾਲਸਾ ਤੁਰਕਾਂ ਨੂੰ ਨਾਸ਼ ਕਰੇ ਤਿੱਥੇ। [6]ਡਰ ਧਾਰਨ ਕਰੋ। [7]ਵੈਰੀਆਂ ਨੂੰ ਨਾਸ਼ ਕਰੋ। [8]ਤਿੰਨਾਂ ਨੂੰ ਤ੍ਰੈ ਮੁੰਦ੍ਰਾ ਕਹਿੰਦੇ ਹਨ (ਜਦ ਕੰਘਾ ਕੜਾ ਨਾਲ ਰਲੇ ਤਾਂ ਪੰਜ ਕਕਾਰ ਕਹਿੰਦੇ ਹਨ)। [9]ਹੁਣ ਜਗਤ ਵਿਚ ਜਗ ਧਰਮ ਕਰਮ ਹੋਣਾ ਆਦਿ ਸਭ ਬਚ ਗਏ ਤੇ ਤੁਰਕ ਸਾਰੇ ਵਿਨਾਸ਼ਤਾ ਨੂੰ ਪਾਉਣਗੇ।

*ਨਾਮ ਦਾਨ ਬੀ ਅੰਮ੍ਰਿਤ ਦੁਆਰਾ ਹੀ ਹੁੰਦਾ ਹੈ ਇਥੋਂ ਕੈਸਾ ਸਪਸ਼ਟ ਹੋ ਰਿਹਾ ਹੈ।

†ਦੇਖੋ ਇਸੇ ਅੰਸੂ ਦੇ ਅੰਕ ੨ ਦੀ ਹੇਠਲੀ ਤੁਕ। ‡ਪਾਠਾਂਤਰ ਐਉਂ ਬੀ ਕਿਸੇ ਨੁਸਖੇ ਵਿਚ ਸੁਣਿਆਂ ਹੈ:–"ਕੰਘਾ, ਕੇਸ, ਕਛ, ਕੜਾ, ਕਰਦ ਸੁ ਮੁੱਦ੍ਰਾ ਇਹ'।

ਹੈ[1]।ਅਪਸਰਾ ਨਾਰਿ ਕਰੈਂ,ਰਿਦੈ ਦੇਵ ਮੋਦ ਧਰੈਂ,ਕੌਤਕ ਅਨੇਕ ਤੇ ਬਿਨੋ-
ਦਤਿ ਸਮੋਇ ਹੈ[2] ॥ ੧੦ ॥ ਗੁਰੂ ਢਿਗ ਤਾਂਹੀ ਦਿਨ ਆਵਤਿ ਕਰਾਹ ਗਨ
ਹੇਤਿ ਅਰਦਾਸ ਬਰਤਾਵੈਂ ਚਿਤ ਚਾਇ ਕਰਿ।*ਕਾਛ ਪਹਿਰੀਜੀਏ,ਰਹਿਤ
ਗੁਰ ਧੀਜੀਏ,ਨਾਮਕੋ ਜਪੀਜੀਏ,ਜਹਾਜ ਗੁਰ ਪਾਇਕਰਿ।ਰਾਖਨੀਰਹਿਤ
ਸੁੱਧ ਸਿੱਖੀ ਕੇ ਸਹਿਤ ਸਿਖ, ਮੋਰ ਸਿਰਤਾਜ ਸੋਇ[3] ਸੈਸੇ ਹੂੰ ਨ ਕਾਇ ਕਰਿ।
ਅੰਮ੍ਰਿਤ ਕੋ ਪਾਨ ਕਰਿ,ਅੰਮ੍ਰਿਤ ਧਯਾਨ ਧਰਿ[4] ਅਮਰ ਸਰੂਪ ਹੋਇ ਸੁਧਾ-
ਸਰ ਨਾਇ ਕਰਿ॥੧੧॥ਸੈਯਾ॥ਬਾਰਬਧੂਨ ਕੇ ਸੰਗ ਰਮੈ ਨਰ† ਸੰਗਤਿ ਮਹਿੰ
ਨਹਿੰ ਮੇਲ ਸੁ ਪਾਵੈ।ਸੋ ਨਹਿ ਸਿੱਖ, ਗੁਰੂ ਨਹਿ ਮੈਂ ਤਿਹ, ਲੋਕ ਪ੍ਰਲੋਕ ਸੁ
ਮੂਲ ਨਸਾਵੈ[5]।ਜੌਂ ਪਛੁਤਾਇ ਪਰੈ ਸ਼ਰਨੀ ਪੁਨ ਆਪਨੋ ਦੋਸ਼ ਸਮੂਹ ਸੁਨਾਵੈ।
ਦੇ ਤਨਖਾਹ ਬਿਸਾਲ ਪਦਾਰਥ,ਫੇਰ ਨਹੀਂ ਮਨ ਤਾਂਹਿ ਮੈਂ[6] ਲਾਵੈ॥੧੨॥ਆ-
ਦਿ ਸੁਧਾਸਰ ਜੋ ਗੁਰਦ੍ਵਾਰ ਬਿਲੋਕਹਿ ਜਾਇਕੈ ਪਾਪ ਗਵਾਵੈ।ਤੌ ਭੀ ਜਥਾ-
ਵਤ[7] ਸਿੱਖਨ ਕੇ ਸਮ ਕੋ ਉਪਚਾਰ ਤੇ ਹੋਨਿ ਨ ਪਾਵੈ। ਦੀਹ ਕਲੰਕਤਿ
ਹ੍ਵੈ ਇਸ ਰੀਤਿ ਜਥਾ ਫੁਟ ਬਾਸਨ ਪਾਜ ਲਗਾਵੈ। ਦਾਗ਼ ਨ ਜਾਤਿ ਦਿਖਾਈ
ਸੁ ਦੇਤਿ ਪਰੰਤੁ ਸ ਬਾਸਨ ਕਾਜ ਹੀ ਆਵੈ॥੧੩॥ ਯਾਂਹੀ ਤੇ ਜਾਨਿ ਕਲੰਕ
ਅਮੇਟ,ਨਸ਼ੰਕ ਹ੍ਵੈ ਕੈ ਸੁ ਰਮੈ ਨਹਿ ਤਾਂਹੀ[8]।ਔਰ ਸਭੈ ਰਹਿਤਾਂ ਦਿਢ੍ਰਰਾਖਹੁ
ਧੀਰਜ ਧਾਰਿ ਕੈ ਤ੍ਯਾਗਹੁ ਨਾਂਹੀ। ਜੋ ਜਗ ਜੂਠ[9] ਸੁ ਧਰਮ ਬਿਨਾਸ਼ਕ

[1]ਪੰਥ ਪ੍ਰਗਟਿਆ ਹੈ ਗੁਰੂ ਗ੍ਰੰਥ ਦੀ ਦੱਸੀ ਭਗਤੀ ਨਿਤ ਫੈਲੇਗੀ, ਇਉਂ)ਸ਼ਾਂਤਿ ਵਰਤਾਕੇ (ਪੰਥ) ਧਰਾ ਦਾ ਭਾਰ ਦੂਰ ਕਰੇਗਾ ਭਾਵ ਬੀਰ ਰਸੀ ਕੰਮ ਕਰੇਗਾ। [2]ਅਨੰਦ ਵਿਚ ਸਮਾ ਰਹੇ ਹਨ। [3]ਸੋ ਮੇਰਾ ਸ਼ਿਰੋਮਣੀ ਸਿੱਖ ਹੈ। ਯਥਾ:—ਰਹਣੀ ਰਹੇ ਸੋਈ ਸਿਖ ਮੇਰਾ, ਓਹ ਸਾਹਿਬ ਮੈਂ ਉਸ ਕਾ ਚੇਰਾ। [4]ਭਾਵ ਅਕਾਲ ਪੁਰਖ ਦਾ ਧਿਆਨ ਧਰੇ। [5]ਜੜ੍ਹਾਂ ਨਾਸ਼ ਕਰੇਗਾ। [6]ਤਿਸ (ਦੋਸ਼) ਵਿਚ। [7]ਅਸਲੀ। [8]ਨਿਭਰ ਹੋਕੇ ਤਿਸ ਵੇਸ਼ਵਾ ਨੂੰ ਨਾ ਭੋਗਣਾ ਕਰੇ। [9]ਹੁੱਕਾ, ਤੰਬਾਕੂ।

*ਇਥੇ ਇਕ ਲਿਖਤੀ ਨੁਸਖੇ ਵਿਚ ਇਕ ਹੋਰ ਤੁਕ ਹੈ ਜਿਸ ਦਾ ਪਾਠ ਇਹ ਹੈ:— ਕੇਸ ਕੋ ਰਖੀਜੀਏ ਸੁ ਪਾਹੁਲਕੋ ਦੀਜੀਏ ਰਹਿਤ ਧਰ ਲੀਜੀਏ ਸਮੂਹਿਨ ਬਤਾਇ ਕਰਿ। ਤੇ ਉਸੇ ਨੁਸਖੇ ਵਿਚ ਇਸ ਛੰਦ ਦੀ ਅੰਤਲੀ ਤੁਕ ਹੈ ਨਹੀਂ।

†ਬੇਸ੍ਵਾ। ਬਾਰਬਧੂਨ ਤੋਂ ਮੁਰਾਦ ਮੁਸਲਮਾਨੀ ਦੀ ਹੈ, ਕਿਉਂਕਿ ਇਸ ਜਾਤੀ ਦੀਆਂ ਸੱਭੇ ਤ੍ਰੀਮਤਾਂ ਪੰਜਾਬ ਵਿਚ ਮੁਸਲਮਾਨ ਹੋ ਚੁਕੀਆਂ ਸਨ। 'ਮੁਸਲਮਾਨੀ ਰਮਨ' ਕਿਉਂ ਬੰਦ ਕੀਤਾ ਇਸਦਾ ਕਾਰਨ ਗੁਰੂ ਜੀ ਨੇ ਆਪ ਦੱਸਿਆ ਹੈ। ਮੁਸਲਮਾਨਾਂ ਤੋਂ ਦੁਖੇ ਖਾਲਸਿਆਂ ਨੇ ਉਨ੍ਹਾਂ ਤੇ ਫਤਹ ਪਾਉਣ ਦੇ ਸਮੇਂ ਉਨ੍ਹਾਂ ਨਾਲ ਉਹੋ ਵਰਤਾਉ ਕਰਨੇ ਸਨ ਜੋ ਉਹ ਹਿੰਦੂਆਂ ਨਾਲ ਕਰਦੇ ਰਹੇ ਸਨ, ਜਿਸ ਨਾਲ ਇਖਲਾਕ ਨੀਵਾਂ ਹੁੰਦਾ ਹੈ। ਇਸ ਕਰਕੇ ਗੁਰੂ ਜੀ ਨੇ ਮਨ੍ਹੇ ਕੀਤਾ ਸੀ, ਵਿਸ਼ੇਸ਼ ਲਈ ਦੇਖੋ ਰੁਤ ੬ ਅੰਸੂ ੨੦ ਅੰਕ ੧੯।

Sri Satguru Jagjit Singh Ji eLlibrary NamdhariElibrary@gmail.com

ਨਾ ਛੁਵਬੋ ਕਰੀਏ ਬਿਧਿ ਕਾਂਹੀ। ਨੀਰ ਸ਼ਨਾਨ, ਜਪੋ ਸਤਿਨਾਮ ਕਰੋ
ਹਿਤ ਦਾਨ ਮਹਾਂ ਸ਼ੁਭ ਯਾਂਹੀ॥੧੪॥ਸ੍ਰੀ ਅਸਕੇਤ ਤੇ ਲੈ ਬਖਸ਼ੀਸ਼ ਬਨੋਂਛਿਤ
ਈਸ਼ ਹਤੋ ਤੁਰਕਾਨਾ। ਸੰਘਰ ਤੇ ਨ ਮਿਟੋ ਕਬਹੂੰ ਦੁਹੂੰ ਲੋਕਨ ਕੋ ਸੁਖ
ਜਾਨਿ ਮਹਾਨਾ॥ਰਾਜ ਕਰੋ ਧੁਮ ਕੋ ਪ੍ਰਤਿਪਾਰਹੁ ਭੋਗਹੁ ਭੋਗ ਅਨੇਕ ਬਿਧਾਨਾ॥
ਅੰਤ ਸਮੈਂ ਗਤਿ ਆਛੀ ਕੋ ਪ੍ਰਾਪਤਿ,ਆਨ ਪਿਖੋ ਅਪਨੇ ਨ ਸਮਾਨਾ[1]॥੧੫॥
ਜੇ ਸਿਰਗੁੰਮ[2] ਅਹੈਂ ਜਗ ਮੈਂ ਮਰਨੇ ਪਰਨੇ ਮਹਿਂ ਮੇਲ ਨ ਕੀਜੈ।ਦੇਂ ਦਸ-
ਵੰਧ ਗੁਰੂ ਹਿਤ ਜੇ, ਤਿਨ ਕੋ ਨ ਕਮੀ ਧਨ ਕੋ ਸਫਲੀਜੈ। ਸ਼ੱਤ੍ਰੁਨਿ ਪੈ
ਬਿਸਵਾਸ ਧਰੋ ਨਹਿਂ ਕੀਜਹਿ ਅਨਾਦਰ ਨਾਂਹਿ ਮਿਲੀਜੈ। ਗੋਪ ਹੁਤੀ ਬਿਦ-
ਤਾਈ ਅਬੈ ਇਮ, ਸੀਖ ਕੌ ਧਾਰਿ ਰਿਦੈ ਜਗ ਜੀਜੈ' ॥੧੬॥ਦੋਹਰਾ॥ ਬਹੁਰ
ਪੰਚ ਸਿਖ ਖਰੇ ਕਰਿ ਅੰਮ੍ਰਿਤ ਦਯੋ ਛਕਾਇ। ਸੰਗਤਾ ਮੁਕਤੇ ਜਿਨ ਕਹੇ
ਭਏ ਸਿੰਘ ਹਰਖਾਇ ॥੧੭॥ਚੌਪਈ॥ ਦੇਵਾ ਸਿੰਘ ਰਾਮ ਸਿੰਘ ਧੀਰ। ਟਹਿਲ
ਸਿੰਘ ਈਸ਼ਰ ਸਿੰਘ ਬੀਰ। ਫਤੇ ਸਿੰਘ ਪੰਚਹੁੰ ਇਹ ਭਏ।ਮੁਕਤੇ ਨਾਮ ਗੁਰੂ
ਕਹਿ ਦਏ ॥ ੧੮ ॥ ਅਪਰ ਅਨੇਕ ਖਰੇ ਪੁਨ ਹੋਇ। ਅੰਮ੍ਰਿਤ ਖੰਡੇ ਕਾ ਲੇ
ਸੋਇ। ਅਪੁਨੀ ਵਾਸੀ ਨਾਮ ਬਤਾਵੈਂ। ਗੁਰ ਤੇ ਸੀਖਹਿ ਰਹਿਤ ਦ੍ਰਿੜਾਵੈਂ
॥੧੯॥ ਬਹੁਰ ਇਕਾਦਸ਼ ਹੈ ਸਿਖ ਖਰੇ[3]। ਅੰਮ੍ਰਿਤ ਲੀਨਿ ਬੀਰਰਸ ਭਰੇ।
ਬਖਸ਼ ਸਿੰਘ ਬਖਸ਼ੀਸ਼ ਸਿੰਘ ਪੁਨ। ਸਿੰਘ ਕਲਾਲ ਜਾਤਿ ਰਹਿਤੈ ਸੁਨਿ।
੨੦ ॥ ਭੈਰੋਵਾਲ ਗ੍ਰਾਮ ਕੇ ਸੋਇ। ਰਹੇ ਹਜ਼ੂਰ ਸਦਾਈ ਦੋਇ। ਸੁਰਸਿੰਘ[4]
ਕਾ ਸਿੰਧੂ ਸਿਖ ਭਯੋ। ਨਾਮ ਦਯਾਲ ਸਿੰਘ ਕਹਿ ਦਯੋ॥ ੨੧॥ ਖੱਤ੍ਰੀ ਸਿਖ
ਗੁਲਾਬਸਿੰਘ ਜਾਨੋ।ਗੌਤਮ ਰਿਖਿ ਜੀ ਕੀਨਿ ਬਖਾਨੋ[5]।ਬੇਗ ਸਿੰਘ ਅੰਬ੍ਰੀਕ
ਸਿੰਘ ਦੁਇ।ਜੰਬਰ[6] ਮਘਯਾਨੇ* ਵਾਸੀ ਸੁਇ ॥੨੨॥ ਭੰਡਾਰਾ ਸਿੰਘ ਸਿੰਘ
ਹਜ਼ਾਰਾ।ਦਰਬਾਰਾ ਸਿੰਘ ਤ੍ਰਿਤੀ ਉਚਾਰਾ। ਸੀਰੰਦ ਕੇ ਵਾਸੀ ਸਿਖ ਬਨੀਏ।
ਅੰਮ੍ਰਿਤ ਲੀਨਿ ਰਹਿਤ ਸਭਿ ਮਨੀਏ[7] ॥ ੨੩ ॥ ਭਯੋ ਖਰੋ ਘਨ ਸਿੰਘ ਸੁ

[1]ਹੋਰ ਨੂੰ ਆਪਣੇ ਸਮਾਨ ਨਾ ਵੇਖੋ (ਭਾਵ ਸੁਰਤ ਉੱਚੀ ਰਖੋ)। [2]ਕੇਸ ਰੱਖਕੇ ਜੋ ਮੁਨਾ ਦੇਵੇ। [3]ਫੇਰ ੧੧ ਸਿੱਖ ਖੜੇ ਹੋਏ। [4]ਨਾਮ ਪਿੰਡ ਜੋ ਮਾਝੇ ਵਿਚ ਹੈ। [5]ਭਾਵ ਗੋਤਮ ਰਿਖੀ ਕਰਕੇ ਉਸਨੂੰ ਬੁਲਾਇਆ ਕਰਦੇ ਸਨ। [6](ਪਹਿਲਾ) ਜੰਬਰ ਦਾ (ਤੇ ਦੂਜਾ) ਮਘਯਾਨੇ ਦਾ ਵਾਸੀ ਸੀ (ਅ) ਜੰਬਰ ਜਾਤ ਸੀ ਤੇ ਵਾਸੀ ਮਘਯਾਨੇ ਦੇ ਸਨ। [7]ਮੰਨਕੇ।

*ਜੰਬਰ ਲਾਹੌਰ ਦੇ ਜ਼ਿਲੇ ਵਿਚ ਛਾਂਗੇ ਮਾਂਗੇ ਪਾਸ ਇਕ ਪਿੰਡ ਹੈ 'ਜੰਬਰ ਮਘਯਾਨੇ' ਦੀ ਥਾਵੇਂ ਪਾਠਾਂਤ੍ਰ 'ਬੰਗ ਮਘਯਾਨਾ' ਬੀ ਕਿਸੇ ਨੁਸਖੇ ਵਿਚ ਸੁਣਿਆ ਹੈ।

Sri Satguru Jagjit Singh Ji eLlibrary NamdhariElibrary@gmail.com

ਨਾਮੂ। ਬਰਨ ਸਿੰਘ[1] ਫਾਲਜ[2] ਤਿਹ ਗ੍ਰਾਮੂ। ਆਲਮ ਸਿੰਘ ਨਚਨਾ ਗੁਰ ਕਹੈਂ[3]।ਸਿਆਲਕੋਟ ਕੀ ਵਾਸੀ ਅਹੈ ॥੨੪॥ਜਾਤਿ ਹੁਤੀ ਰਜਪੂਤ ਤਿਸੀਕੀ। ਸੀਖ ਰਹਿਤ ਲੇ ਪਾਹੁਲ ਨੀਕੀ[4]।ਪੁਰਿ ਮੁਲਤਾਨ ਅਲੀਪੁਰਿ ਨੇਰੇ। ਮਾਈ ਦਾਸ ਰਜਪੂਤ ਬਸੇਰੇ[5] ॥ ੨੫ ॥ ਤਿਸ ਕੇ ਮਨੀ ਰਾਮ ਸੁਤ ਹੋਯੋ। ਆਇ ਤਹਾਂ ਗੁਰਦਰਸ਼ਨ ਜੋਯੋ।ਪੰਚ ਪੁੱਤ੍ਰ ਲੇ ਅਪਨੇ ਸਾਥ। ਸ਼ਰਨੀ ਪਰਯੋ ਰਹਯੋ ਗੁਰਨਾਥ ॥੨੬॥ ਸੋ ਪੰਚਹੁੰ ਭ੍ਰਾਤਾ ਕਰਿ ਖਰੇ। ਸਿੰਘ ਨਾਮ ਤਿਨ ਕੇ ਗੁਰ ਧਰੇ। ਬਡੋ ਬਚਿੱਤ੍ਰ ਸਿੰਘ ਭਟ ਭਯੋ।ਉਦੇ ਸਿੰਘ ਦੂਸਰ ਬਿਦਤਯੋ ॥ ੨੭ ॥ ਅਨਕ ਸਿੰਘ ਅਰੁ ਅਜਬ ਸਿੰਘ ਪੁਨ।ਪੰਚਮ ਭਯੋ ਅਜਾਇਬ ਸਿੰਘਗੁਨਿ[6]। ਅੰਮ੍ਰਿਤ ਖੰਡੇ ਕੌ ਤਿਨ[7] ਦੀਨਾ। ਮਨਹੁੰ ਪੰਚ ਪਾਂਡਵ ਬਲ ਪੀਨਾ ॥੨੮॥ ਰਣ ਮਹਿਂ ਕਰੇ[8] ਕਰਮ ਜਿਨ ਭੀਖਨ। ਰਿਪੁ ਮਾਰੇ ਜਿਨ ਸ਼ਸਤ੍ਰਨਿ ਤੀਖਨ।ਇਨ ਤੇ ਆਦਿਕ ਭਏ ਹਜ਼ਾਰੇ*।ਅੰਮ੍ਰਿਤ ਲੇਤਿ ਰਹਿਤ ਕੋ ਧਾਰੇ ॥੨੯॥ ਕੌਨ ਕੌਨ ਕੇ ਗਿਨੀਐ ਨਾਮੂ। ਤਿਨ ਕੇ ਦੇਸ਼ ਨਗਰ ਕੇ ਗ੍ਰਾਮੂ।ਲੇ ਪਾਹੁਲ ਬਡ ਤੇਜ ਧਰੰਤੇ। ਪੀਰ ਮੀਰ ਕੋ ਕਛੁ ਨ ਗਿਨੰਤੇ[9] ॥ ੩੦ ॥ ਸਿਰ ਸਿਰ[10] ਬਲੀ ਆਪ ਸਿਰਦਾਰ। ਬੰਧਨ ਕਰੇ ਅੰਗ ਹਥਯਾਰ।ਰਾਤਿ ਦਿਵਸ ਸੰਘਰ ਕੋ ਚਾਹੈਂ। ਮਾਰ ਬਕਾਰਾ ਕਰਤਿ ਮਹਾਂ ਹੈਂ ॥ ੩੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਅੰਮ੍ਰਿਤ ਦੇਨਿ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥ ੨੦ ॥

### ੨੧. [ਖਾਲਸੇ ਦਾ ਵਧਣਾ]।

ਦੋਹਰਾ ॥ ਜੇਤਿਕ ਹੁਤੇ ਹਜ਼ੂਰ ਮਹਿਂ ਸਿਰ ਪਰ ਧਰਿ ਬਰ ਕੇਸ। ਪਾਹੁਲ ਲੇ ਸਿੰਘ ਨਾਮ ਧਰਿ ਪਹਿਰਿ ਕਾਛ ਸ਼ੁਭ ਭੇਸ॥੧॥ ਚੌਪਈ ॥ ਸ਼੍ਰੀ ਸਤਿਗੁਰ ਕੀ ਸੰਗਤਿ ਜਹਿਂ ਜਹਿਂ।ਲਿਖੇ ਹੁਕਮਨਾਮੇ ਗੁਰ ਤਹਿਂ ਤਹਿਂ। 'ਕੇਸ ਧਾਰਿ ਸਿਰ ਪਰ ਸਿਖ ਆਵੈਂ। ਹੋਹਿ ਸਿੱਖ, ਨਹਿਂ ਭੱਦ੍ਰ[11] ਕਰਾਵੈਂ ॥੨॥ ਜਗਤ ਜੂਠ[12] ਕੇ ਨੇਰ ਨ ਜਾਵੈਂ।ਪਾਹੁਲ ਖੰਡੇ ਕੀ ਲੇ ਆਵੈਂ'।ਲੇਕੇ[13] ਜਹਿਂ ਤਹਿਂ ਤੂਰਨ ਧਾਏ। ਸਤਿ ਸੰਗਤਿ ਕੋ ਜਾਇ ਸੁਨਾਏ ॥ ੩॥ ਸੁਨਿ ਕੇ ਕੇਤਿਕ ਭੇ ਅਨੁ-

[1]ਨਾਮ ਸਿੰਘਦਾ। [2]ਗ੍ਰਾਮ ਦਾ ਨਾਮ। [3]ਗੁਰੂ ਜੀ ਜਿਸ ਨੂੰ ਨਚਨਾ ਕਹਿੰਦੇ ਸਨ। [4]ਰਹਿਤ ਸਿਖ ਕੇ ਪਾਹੁਲ ਚੰਗੀ ਤਰ੍ਹਾਂ ਲਈ। [5]ਵਸਦਾ ਸੀ। [6]ਜਾਣ। [7]ਉਨ੍ਹਾਂ ਨੂੰ। [8]ਕੀਤੇ ਸਨ ਜਿਨ੍ਹਾਂ ਨੇ। [9](ਕਿਸੇ) ਪੀਰ ਮੀਰ ਨੂੰ ਕੁਛ ਵੀ ਨਹੀਂ ਗਿਣਦੇ (ਸਿੰਘ ਅੰਮ੍ਰਤੀਏ)। [10]ਭਾਵ ਆਪੋ ਆਪ ਹਰ ਕੋਈ ਬਲੀ ਸਰਦਾਰ ਹੈ। [11]ਮੁੰਡਨ। [12]ਤਮਾਕੂ। [13]ਭਾਵ ਹੁਕਮ ਨਾਮੇ ਲੈਕੇ।

*ਔਰੰਗਜ਼ੇਬ ਦੇ ਅਖਬਾਰ ਨਵੀਸ ਨੇ ਇਸ ਵੇਲੇ ੨੦ ਹਜ਼ਾਰ ਦੇ ਅੰਮ੍ਰਤ ਛਕਣ ਦੀ ਪਾਤਸ਼ਾਹ ਨੂੰ ਖਬਰ ਘੱਲੀ ਸੀ, ਦੇਖੋ ਇਸੇ ਰੁਤ ਦੇ ਅੰਸੂ ੧੨ ਦੇ ਅੰਕ ੪੯ ਦੀ ਹੇਠਲੀ ਟੂਕ ਦਾ ਪੰਨਾ ੪੯੯੮।

Sri Satguru Jagjit Singh Ji eLlibrary NamdhariElibrary@gmail.com

ਸਾਰੀ। ਕੌਤਿਕ ਭੁਏ ਦੁਖੀ ਉਰ ਭਾਰੀ। 'ਸ਼ਾਸਤ੍ਰਨ ਰੀਤਿ ਨੇਮ ਕਨੋਂ ਤੋਰਹਿ। ਜਾਤਿ ਪਾਤਿ ਕੋ ਕਿਮ ਹਮ ਛੋਰਹਿ'॥੪॥ਜਿਨ ਜਿਨ ਮਾਨਯੋਂ ਸੋ ਚਲਿ ਆਏ। ਗੁਰ ਕੇ ਚਰਨ ਕਮਲ ਸਿਰ ਨਯਾਏ। ਬੈਠੇ ਹੁਤੇ ਪ੍ਰਭੂ ਕੇ ਦਰਸ। ਨਿਕਟ ਸਿੰਘ ਧਰਿ ਸ਼ਸਤ੍ਰਨਿ ਹਰਸ਼[1]॥੫॥ਇਕ ਸਿਖ ਹਾਥ ਜੋਰਿ ਤਿਸ ਘਰੀ। ਅੱਗ੍ਰ ਪ੍ਰਭੂ ਕੇ ਬਿਨਤੀ ਕਰੀ। 'ਸਾਚੇ ਪਾਤਿਸ਼ਾਹੁ! ਤੁਮ ਪਾਸ। ਸੁਨੀਐ, ਕਰੌਂ ਏਕ ਅਰਦਾਸਿ ॥੬॥ਏਕ ਮਸੰਦ ਗਯੋ ਘਰ ਮੇਰੇ। ਹੇਰਤਿ ਉਠਯੋ ਅਧੀਨ ਘਨੇਰੇ। ਕਰਿ ਬੰਦਨ ਸਾਦਰ ਬੈਠਾਯੋ। ਜਥਾ ਸ਼ਕਤਿ ਮੈਂ ਅਸਨ ਕਰਾਯੋ॥੭॥ਹਾਥ ਜੋਰਿ ਮੈਂ ਕਹਯੋ-ਛਕੀਜੈ। ਖੁਸ਼ੀ ਗੁਰੂ ਵਿਸ਼ ਤੇ ਕਰਿ ਦੀਜੈ-। ਸੁਨਤਿ ਮਸੰਦ ਕੋਪ ਕਰਿ ਭਾਖਯੋ।-ਕਹੁ ਗੁਰ ਮਾਰੇ ਕਨਾ ਕਰਿ ਰਾਖਯੋ[2] ॥ ੮ ॥ ਦਾਲ ਰੋਟਕਾ ਚਹੈਂ ਛਕਾਵਨਿ। ਸੋ ਮੈਂ ਕਰੌਂ ਨਹੀ ਕਿਮ ਖਾਵਨ। ਗੁਰ ਪ੍ਰਸਾਦਿ ਜੋ ਕਰਹਿਂ ਕਰਾਹਿ। ਤੌ ਪ੍ਰਸੰਨ ਹ੍ਵੈ ਕੈ ਲਿਹੁਂ ਖਾਹਿ[3]-॥੯॥ਸੁਨਿ ਮਸੰਦ ਬਾਨੀ ਰਿਸ ਭਰੀ। ਸਿਖਨੀ ਸਹਤਿ ਬਿਨੈ ਮੈਂ ਕਰੀ।-ਹਮ ਗ਼ਰੀਬ ਘਰ ਦੇਖਨਿ ਕੀਜੈ। ਜੋ ਨਿਕਸੈ ਲੇ ਖਾਵਨ ਕੀਜੈ-॥੧੦॥ਪੁਨ ਮਸੰਦ ਬੋਲਯੋ ਹੰਕਾਰੀ।-ਆਗਯਾ ਹਮ ਕੌ ਗੁਰੂ ਉਚਾਰੀ। ਸਿਖ ਕੇ ਘਰ ਜਿਸ ਕੇ ਚਲਿ ਜਾਵਹੁ। ਬਿਨਾ ਤਿਹਾਵਲ ਅਪਰ ਨ ਖਾਵਹੁ-॥੧੧॥ ਸਤਿਗੁਰ ਪਾਤਸ਼ਾਹੁ! ਮੈਂ ਸੁਨਿ ਕਰਿ। ਤ੍ਰਿਯ ਕੇ ਲਹਿੰਗੋ ਗਹਿਣੇ ਧਰਿ ਕਰਿ। ਕਰਯੋ ਕਰਾਹੁ ਤਾਂਹਿ ਅਚਵਾਯਹੁ। ਦੇ ਅਰਦਾਸ ਬਿਦਾ ਕਰਿ ਆਯਹੁ॥੧੨॥ ਇਸ ਪ੍ਰਕਾਰ ਦੁਖ ਦੇਤਿ ਘਨੇਰੇ। ਫਿਰਕਤਿ ਬਹੁਰ ਜਾਤਿ ਜਿਸ ਬੇਰੇ[4]। ਹੁਕਮ ਆਪ ਕੋ ਹੋਵੈ ਜੈਸੇ। ਸੰਗਤਿ ਸਗਰੀ ਬਰਤਹਿ ਤੈਸੇ'॥੧੩॥ ਸੁਨ ਸਿੱਖਨਿ ਕੋ ਦੁਖ ਤਿਸ ਬੇਰਾ। ਅਰੁਣ ਬਰਣ ਮੁਖ ਕੋਪ ਘਨੇਰਾ। ਸਭਿ ਪ੍ਰਤਿ ਹੁਕਮ ਕਰਯੋ ਗੁਰ ਤਬੈ। 'ਲੂਟ ਮਸੰਦਨ ਕੋ ਲਿਹੁ ਸਬੈ॥੧੪॥ਘਰ ਤੇ ਦਿਹੁ ਨਿਕਾਸ ਕਰਿ ਮਾਰਿ। ਨਹਿ ਦੀਜੈ ਤਿਨ ਗੁਰ ਕੀ ਕਾਰ। ਸ੍ਵਾਨ ਮਨਿੰਦ ਮਸੰਦ ਬਿਲੰਦੇ। ਸਿੱਖਨਿ ਕਟਿ ਕਟਿ ਖਾਵਹਿ ਮੰਦੇ॥੧੫॥ਲੈਹੁ ਲਸ਼ਟਕਾ, ਸਿਰ ਪਰ ਮਾਰਿ। ਕੂਕਰ ਕੀ ਬਿਧਿ ਵਹਿਰ ਨਿਕਾਰਿ। ਜਿਸ ਗੁਰ ਪਾਪੀ[5] ਤੇ ਸਿਖ ਦੁਖੀ। ਬਿਚ ਪ੍ਰਲੋਕ ਕਨਾ ਕਰਿ ਹਹਿ ਸੁਖੀ ॥ ੧੬ ॥ ਬਿਚ ਦਰਗਾਹ

[1]ਪ੍ਰਭੂ ਦੇ ਦਰਸ਼ਨ ਲਈ ਪ੍ਰਸੰਨ ਬੈਠੇ ਸਨ ਨੇੜੇ ਦੇ ਸਿੰਘ ਸ਼ਸਤ੍ਰਾਂ ਨੂੰ ਧਾਰਕੇ। [2]ਕੀ ਤਿਆਰ ਕਰ ਰੱਖਿਆ ਹਈ? [3]ਗੁਰੂ ਕਾ ਪ੍ਰਸ਼ਾਦਿ ਜੋ ਕੜਾਹ ਹੈ ਜੇ ਕਰੇਂ ਤਾਂ ਪ੍ਰਸੰਨ ਹੋਕੇ ਛਕ ਲਵਾਂਗਾ। [4]ਜਿਸ ਵੇਲੇ ਜਾਂਦੇ ਹਨ। [5]ਇਥੇ 'ਗੁਰ' ਪਦ ਸਤਿਗੁਰ ਜੀ ਮਸੰਦਾਂ ਵਾਸਤੇ ਵਿਅੰਗ ਨਾਲ ਵਰਤ ਰਹੇ ਹਨ।

Sri Satguru Jagjit Singh Ji eLlibrary NamdhariElibrary@gmail.com

ਸਹਾਇਕ ਕਹਾਂ। ਜਿਸ ਗੁਰ ਤੇ ਦੁਖ ਲਹਿਂ ਨਿਤ ਇਹਾਂ'। ਗੁਰੁ ਹੁਕਮ ਸਿੰਘਨ ਸੁਨਿ ਪਾਯੋ। ਬੰਧਿ ਮਸੰਦ ਲੀਨਿ ਸਮੁਦਾਯੋ ॥੧੭॥ ਹੁਤੋ ਪਦਾਰਥ ਜੇਤਿਕ ਪਾਸ। ਲੀਨੋ ਲੂਟ ਸਮੇਤ ਅਵਾਸ। ਕਿਤਿਕ ਦਿਵਸ ਬੰਧਨ ਕਰਿ ਰਾਖੇ। ਬਾਰਿ ਬਾਰਿ ਬਿਨਤੀ ਪੁਨ ਭਾਖੇ ॥੧੮॥ ਕੇਤਿਕ ਮਾਸ ਬਿਤੇ ਤਬਿ ਛੋਰੇ। ਆਇ ਗੁਰੂ ਢਿਗ ਚਰਨ ਨਿਹੋਰੇ। ਦੇਖਿ ਦਯਾ ਕਰਿ ਪ੍ਰਭੂ ਬਤਾਯੋ। 'ਨਹਿ ਸਿੱਖਨਿ ਦੁਖ ਦੇਹੁ ਕਦਾਯੋ ॥੧੯॥ ਕਰਹਿਂ ਭਾਵਨਾ ਦੇਂ ਅਰਦਾਸ। ਸੋ ਪ੍ਰਸੰਨ ਹੁਇ ਲੀਜੈ ਪਾਸ। ਮੇਰੇ ਨਹਿਂ ਮਸੰਦ ਇਹੁ ਜਾਨਹੁ। ਰਾਖਸ਼ ਸਿੱਖਨ ਹੇਤ ਪਛਾਨਹੁ' ॥ ੨੦ ॥ ਇੱਤਯਾਦਿਕ ਜਬਿ ਪ੍ਰਭੁ ਫੁਰਮਾਯੋ। ਬ੍ਰਿੰਦ ਮਸੰਦਨ ਸੀਸ ਨਿਵਾਯੋ। 'ਪਾਤਸ਼ਾਹੁ! ਅਬਿ ਬਖਸ਼ਨਿ ਕਰਹੁ। ਪਿਛਲੀ ਭੂਲ ਨ ਹਿਯ ਮੈਂ ਧਰੋ ॥ ੨੧ ॥ ਹੁਕਮ ਆਪ ਕੋ ਭਾ ਅਬਿ ਜੈਸੇ। ਸਿੱਖਨ ਸਾਥ ਬਰਤ ਹੈਂ ਤੈਸੇ। ਜੋ ਦੇਵਹਿਂਗੇ ਕਰਿਕੈ ਭਾਉ। ਕਰਿਕੈ ਹਰਖ ਲੇਹਿ ਸੋ ਖਾਉ ॥੨੨॥ ਇਕ ਪਸ਼ਚਾਤਿ[1] ਬਹੁਤ ਕਨੌਂ ਮਾਰੇ। ਬਖਸ਼ਹੁ ਖੋਟੇ ਖਰੇ ਤੁਮਾਰੇ'। ਸ੍ਰੀ ਮੁਖ ਬੋਲੇ 'ਸੁਨੀਅਹਿ ਭਾਈ! ਸਿੱਖ ਸਿਦਕ ਕੋ ਹੋਤਿ ਸਦਾਈ[2] ॥੨੩॥ ਕਲੂਕਾਲ ਅਬਿ ਔਰੇ ਠਾਟਾ। ਗੁਰਘਰ ਬਿਖੇ ਨ ਧਨ ਕੋ ਘਾਟਾ। ਸਿਖ ਕੇ ਘਰ ਤੁਮ ਬਿਨਾ ਬੁਲਾਏ। ਨਹਿਂ ਪਹੁੰਚਹੁ ਕੁਛ ਲੇਨਿ ਕਦਾਏ' ॥ ੨੪ ॥ ਬ੍ਰਿੰਦ ਮਸੰਦ ਬੰਦ ਹੁਇ ਗਏ। ਧਨ ਬਿਨ ਭੂਖ ਮਰਤਿ ਪੁਨ ਭਏ। ਸ੍ਰੀ ਗੁਜਰੀ ਢਿਗ ਕਬਿ ਕਬਿ ਜਾਵੈਂ। ਅਨਿਕ ਭਾਂਤਿ ਕੀ ਬਾਤ ਬਨਾਵੈਂ ॥ ੨੫ ॥ 'ਕਹਾਂ ਖਰਚ ਚਾਲਹਿ ਗੁਰ ਘਰ ਕੇ। ਜੋ ਆਨਤਿ ਸੋ ਰੋਕਨਿ ਕਰਿਕੇ'। ਉੱਗ੍ਰ ਸੁਭਾਉ ਜਾਨਿ ਗੁਰ ਕੇਰਾ। ਨਹੀਂ ਜ਼ਿਕਰ ਕਰਤੀ[3] ਹੁਇ ਨੇਰਾ ॥੨੬॥ ਤਊ ਚਹਤਿ[4] ਸੁਤ ਕੋ ਸਮੁਝਾਵਨਿ। ਇਹ ਕਥ ਆਗੇ ਕਰੌਂ ਸੁਨਾਵਨਿ। ਜੋ ਸਿਖ ਹੁਕਮ ਮਾਨਿ ਚਲਿ ਆਏ। ਧਰੇ ਕੇਸ ਕਛ ਬੇਸ ਬਨਾਏ ॥ ੨੭ ॥ ਖੰਡੇ ਕੀ ਪਾਹੁਲ ਤਿਨ ਲੀਨੀ। ਆਯੁਧ ਅੰਗਨ ਮਹਿ ਧਰਿ ਲੀਨੀ। ਪੈਰੀਂ ਪੈਨਾ ਕਹਿ ਤਜਿ ਮਤੇ[5]। ਵਾਹਿਗੁਰੂ ਜੀ ਕੀ ਕਹਿ ਫਤੇ ॥ ੨੮ ॥ ਜਾਤਿ ਪਾਤਿ ਤੇ ਭਏ ਨਿਰਾਲੇ। ਰਾਜਨ ਸਮ ਹੰਕਾਰ ਬਿਸਾਲੇ। ਜਹਿ ਕਹਿ ਬਿਸਤਰਿਯੋ ਸੁ ਬ੍ਰਿਤਾਂਤਾ। ਭਯੋ ਖਾਲਸਾ ਜਗ ਬੱਖਯਾਤਾ ॥੨੯॥ ਦਿਨਪ੍ਰਤਿ ਵਧਨ ਲਗਯੋ ਜਿਮ ਚੰਦ। ਜਗ ਮਹਿ ਮਤ ਹੋਏ ਉਡ ਬ੍ਰਿੰਦ।

---

[1]ਇਕ ਪਿੱਛੇ। [2]ਸਿੱਖ ਸਦਾ ਹੀ ਸਿਦਕ ਦਾ ਹੁੰਦਾ ਹੈ। [3]ਮਾਤਾ ਜੀ ਜ਼ਿਕਰ ਨਹੀਂ ਕਰਦੇ। [4]ਮਾਤਾ ਜੀ ਚਾਹੁੰਦੇ ਹਨ। [5]ਪੈਰੀਂ ਪਏ (ਆਦਿਕ) ਕਹਿਣ ਦੇ ਮਤੇ ਤਜਕੇ।

ਕਿਸ ਕੌ ਬਦਹਿ ਨ ਉਰ ਹੰਕਾਰੀ। ਸਭਿ ਕੋ ਤਰਕ ਕਰਹਿ ਮਤਿ ਭਾਰੀ[1] ॥੩੦॥ਸੁਚ ਸੰਜਮ ਨਿਤ ਰਹਤਿ ਨਿਰਾਲੀ।ਗੁਰ ਸਿੱਖੀ ਕੌ ਬਹੁ ਪ੍ਰਤਿਪਾਲੀ। ਏਕ ਅਕਾਲ ਅਕਾਲ ਕਹੰਤੇ। ਆਂਖ ਤਰੇ ਨਹਿ ਅਪਰ ਰਖੰਤੇ ॥ ੩੧ ॥ ਦਿੱਲੀ ਆਦਿਕ ਪੁਰਿ ਜੋ ਸੰਗਤਿ। ਰਹਤਿ ਬੈਠਿਬੇ ਜਾਤੀ ਪੰਗਤਿ।ਤਿਨਕੋ ਗੁਰੂ ਥਾਨ ਨਹਿ ਭਾਏ। ਤਜੀ ਨ ਜਗਾਤ ਜੂਠ[2] ਦੁਖਪਾਏ॥੩੨॥ਪੂਰਬਲੇ ਜਿਨ ਭਾਗ ਮੰਦੇਰੇ।ਨਹਿ ਪਹੁੰਚੇ ਸਤਿਗੁਰ ਕੇ ਨੇਰੇ।ਨਹਿਖੰਡੇ ਕੀ ਪਾਹੁਲ ਲੀਨਿ। ਰਹਿਬੋ ਨਰਕ ਭਲੋ ਮਨ ਚੀਨ ॥੩੩॥ ਜਗਾਤ ਕਾਨ ਮਹਿ[3] ਡਰ ਕਰਿ ਰਹੇ। ਰਾਜ ਭੋਗ ਕੋ ਨਾਂਹਿਨ ਲਹੇ। ਜਿਨਕੇ ਪੂਰਬਲੇ ਬਡਭਾਗਾ। ਤਿਨ ਗੁਰ ਬਾਕਨਿ ਮਹਿ ਅਨੁਰਾਗਾ॥੩੪॥ ਦਿਨਪ੍ਰਤਿ ਹੋਹਿ ਸੈਂਕਰੇ ਖਰੇ। ਪਾਹੁਲ ਲੇਤਿ ਕੇਸ਼ ਸਿਰ ਧਰੇ। ਅੰਗੀਕਾਰ ਰਹਿਤ ਕੋ ਕਰੈਂ। ਗੁਰ ਬਿਸ-ਵਾਸ, ਅਪਰ ਪਰਹਰੈਂ ॥੩੫॥ ਕੇਚਿਤ ਸਿਖ ਰਹਿ ਇਕ ਦੁਇ ਮਾਸ। ਹ੍ਵੈ ਉਦਾਸ ਪੁਨ ਜਾਤਿ ਅਵਾਸ।ਰਹਿ ਘਰਿ ਮਹਿਂ ਗੁਰ ਨਿਕਟ ਪਧਾਰੈਂ।ਮਿਲਿ ਸਿੰਘਨ ਸੋਂ ਸਮਾ ਗੁਜ਼ਾਰੈਂ ॥੩੬॥ ਸ਼੍ਰੀ ਗੁਰ ਕਰੀ ਬਿਚਾਰਨਿ ਰਿਦੇ।–ਸੁਤ ਬਨਿਤਾ ਬਾਂਧਵ ਤਜਿ ਕਦੇ[4]।ਬਨੈਂ ਨਿਰਾਲੇ ਸਿਮਰਨ ਕਰੈਂ[5]।ਇਤਤੇ[6]ਰਿਦੇ ਉਦਾਸੀ ਧਰੈਂ ॥੩੭॥ ਹੁਇ ਆਵਤਿ ਹੈ ਮੋਹ ਬਿਸਾਲਾ[7]। ਮਿਲਹਿ ਜਾਹਿ, ਨਹਿ ਰਹਿ ਚਿਰਕਾਲਾ। ਸੋਫੀ ਸ਼ੂਮ ਪੰਥ ਨਹਿਂ ਰਾਖਨ[8]। ਕਿਧ ਕਿਸ ਦਾਰੁਨ ਕੇ ਅਭਿਲਾਖਨ[9]–॥ ੩੮ ॥ ਧਾਂਤੇ ਸ਼੍ਰੀ ਮੁਖ ਬਾਕ ਉਚਾਰਾ। 'ਹੁਇ ਸੁੱਖੇ ਕੀ ਦੇਗ਼ਾ ਉਦਾਰਾ। ਸਿੰਘ ਹੋਇ ਜਬਿ ਆਯੁਧ ਧਾਰੀ।ਮਾਦਕ[10]ਰਹੀ-ਧਤਿ ਅਨੰਦ ਮਝਾਰੀ ॥੩੯॥ ਸਭਿ ਮਾਦਿਕ ਤੇ ਬਿਜੀਆ[11] ਆਛੀ। ਕਨੌਂ ਕਿ ਮਹੇਸ਼ ਆਦਿ[12] ਇਹ ਬਾਛੀ*।'ਸਤਿਗੁਰ ਚਰਨ ਕਿ ਸਿਮਰਨ ਨਾਮੂ। ਨਿਸ਼ਚਲ ਬ੍ਰਿਤਿ ਟਿਕਹਿ ਅਭਿਰਾਮੂ ॥ ੪੦ ॥ ਚਿਤ ਕੀ ਚਿੰਤਾ ਦੇਤਿ

[1](ਹੋਰ ਮਤ) ਜੋ ਰਿਦੇ ਦੇ ਹੰਕਾਰੀ ਤੇ ਸਭ ਨੂੰ ਤਰਕ ਕਰਦੇ ਸਨ ਤਿਨ੍ਹਾਂ ਭਾਰੀ ਮਤਾਂ ਨੂੰ ਖਾਲਸਾ ਨਹੀਂ ਭਿੜਦਾ। [2]ਤੰਬਾਕੂ। [3]ਕਾਣ, ਲਾਜ। [4]ਕਦੇ ਨਾ ਕਦੇ ਸਿੱਖਾਂ ਨੂੰ ਪੁੱਤ੍ਰ ਇਸਤ੍ਰੀ, ਸਬੰਧੀ ਛੱਡਣੇ ਪੈਣਗੇ। [5]ਨਿਰਾਲੇ ਬਣ ਕੇ ਸਿਮਰਨ ਕਰਨਗੇ। [6]ਭਾਵ ਸਬੰਧੀਆਂ ਤੋਂ। [7]ਹੁਣ ਮੋਹ ਬਹੁਤ ਹੋ ਆਂਵਦਾ ਹੈ। [8]ਪੰਥ ਵਿੱਚ ਸੂਮ ਸੋਫੀ ਨਹੀਂ ਰੱਖਣੇ। ਵਿਸ਼ੇਸ਼ ਲਈ ਦੇਖੋ ਰੁਤ ੨ ਅੰਸੂ ੪੭ ਅੰਕ ੨ ਦਾ ਪ੍ਰਯਾਯ। [9](ਅਸਾਂ) ਕੀਤਾ ਹੈ ਕਿਸੇ ਭਯਾਨਕ (ਕੰਮ ਜੰਗ) ਦੀ ਇੱਛਾ ਕਰਕੇ। [10]ਨਸ਼ਾ [11]ਸੁੱਖਾ, ਭੰਗ। [12]ਸ਼ਿਵ ਆਦਿਕਾਂ ਨੇ।

*ਤੀਰਥਾਂ ਸ਼ਾਸਤ੍ਰਾਂ ਇਤਰ ਦੇਵਾਂ ਦੀ ਪੂਜਾ ਵਰਜ ਰਹੇ ਹਨ, 'ਕੋਊ ਆਂਖ ਤੇਰੇ ਨਹੀਂ ਆਨਿਓ' ਸਭ ਬਾਬਤ ਕਹਿ ਰਹੇ ਹਨ, ਫਿਰ ਸ਼ਿਵਜੀ ਦਾ ਪ੍ਰਮਾਣ ਦੇਕੇ ਭੰਗ ਚੰਗੀ ਕਹਿਣੀ ਸਤਿਗੁਰ ਦਾ ਵਾਕ ਨਹੀਂ ਹੋ ਸਕਦਾ। ਦੇਖੋ ਰੁਤ ੨ ਅੰਸੂ ੪੪ ਅੰਕ ੨੦ ਦੀ ਹੇਠਲੀ ਟੂਕ।

Sri Satguru Jagjit Singh Ji eLlibrary NamdhariElibrary@gmail.com

ਮਿਟਾਈ॥ਰਿਦੈ ਸੰਤੋਸ਼ ਕਰਹਿ ਸੁਖਦਾਈ। ਕਰਨੈ ਸੁਖਾ ਦੁਖ ਹਰਿਬੇ ਹੇਤੁ[1]। ਛਕਹਿ ਖਾਲਸਾ ਮਿਰਚ ਸਮੇਤ ॥੪੧॥ ਛੁਧਾ ਲਗਾਇ ਸਰੀਰ ਨਿਰੋਵਾ*। ਕਸ਼ਟ ਸਮੂਹਨਿ ਕੋ ਇਹ ਖੋਵਾ'। ਹੋਨਿ ਲਗੀ ਤਬਿ ਦੇਗ਼ ਬਿਸਾਲਾ। ਛਕਹਿ ਸਿੰਘ ਕੋ ਇਕ ਦ੍ਵੈ ਕਾਲਾ[2] ॥੪੨॥ ਪਹੁੰਚੈਂ ਨਿਕਟ ਗੁਰੂ ਕੇ ਫੇਰ। ਥਿਤਿ ਟਿਕਾਵਹਿ ਦਰਸ਼ਨ ਹੇਰਿ।ਮਾਰਬਕਾਰਾ ਦਿਨ ਪ੍ਰਤਿ ਦੂਨਾ।'ਦਿੱਲੀ ਲੂਟਹੁ ਲਵਪੁਰਿ ਸੂਨਾ' ॥੪੩॥ ਸ਼ੱਤ੍ਰਨਿ ਕੇ ਸਿਰ ਨੁਗਦਾ[3]ਮਾਰਹਿਂ।ਪਠਹਿਂ ਸ਼ਲੋਕ ਨਾਮ ਸੰਭਾਰਹਿਂ। ਫਰਹਿ ਦੁਪਹਿਰੇ ਛਕਿ ਛਕਿ ਜਾਵਹਿਂ ਸੌਚ ਸ਼ਨਾਨ ਕਰਹਿ ਹਰਖਾਵਹਿਂ॥ ੪੪ ॥ ਮਿਲਿ ਮਿਲਿ ਬੈਠਹਿ ਕੰਘਾ ਕਰਿ ਕਰਿ।ਚੁਨ ਚੁਨ ਪਾਗ ਬੰਧਿ ਮੁਦਿ ਭਰਿ ਭਰਿ।ਗੁਰਬਾਨੀ ਊਚੀਧੁਨਿ ਪਢੈਂ। ਕੋਵਿਤ ਸੁਨਹਿਂ ਪ੍ਰੇਮ ਉਰ ਬਢੈਂ ॥੪੫॥ਸ਼ਸਤ੍ਰ ਬੰਧਿ ਪੁਨ ਹੋਵਹਿ ਤਯਾਰੇ। ਆਇ ਗੁਰੂ ਢਿਗ ਦਰਸ ਨਿਹਾਰੈਂ। ਸੁੰਦਰ ਸਜਾਹਿ ਸ਼ਮਸ ਅਰੁ ਕੇਸ। ਬਾਂਛਹਿ ਕਰਿਬੇ ਜੰਗ ਹਮੇਸ਼॥੪੬॥ਨਈ ਰੀਤਿ ਇਮ ਪ੍ਰਗਟੀ ਜਬੈ। ਹਿੰਦੂ ਤੁਰਕ ਪਿਖਿ ਅਚਰਜ ਸਬੈ। ਆਛੀ ਰੀਤਿ ਰਹਿਤ ਸਭਿ ਆਛੀ[4]। ਆਛੋ ਬੇਸੁ ਕਾਛ ਕਟ ਕਾਛੀ[5] ॥੪੭॥ ਸ਼ਸਤ੍ਰ ਬਸਤ੍ਰ ਤੇ ਸੁੰਦਰ ਸੋਹੈਂ। ਰਿਪੁ ਸਿਰ ਗ਼ਜ਼ਬ,ਮਿੱਤ੍ਰ ਮਨ ਮੋਹੈਂ।ਜਗਾਤ ਜੂਠ ਕੇ ਢੁਕੈਂ ਨ ਨੇਰੇ।ਪਿਖਤਿ ਅਨਾਦਰ ਕਰਹਿ ਘਨੇਰੇ[6] ॥੪੮॥ ਐਸੋ ਪੰਥ ਖਾਲਸਾ ਹੋਵਾ। ਬਿਸਮਤਿ ਜਹਿਂ ਕਹਿਂ

[1]ਦੁੱਖਾਂ ਦੇ ਨਾਸ਼ ਵਾਸਤੇ। [2]ਕੋਈ ਇਕ ਕੋਈ ਦੋ ਵੇਲੇ। [3]ਭੰਗ ਛਾਣ ਲਈ ਦਾ ਫੋਗ। ਜੋ ਗੋਲਾ ਵੱਟਕੇ ਨਿਹੰਗ ਵੈਰੀ ਦਾ ਨਾ ਲੈਕੇ ਹਵਾ ਵਿਚ ਮਾਰਿਆ ਕਰਦੇ ਹਨ। [4]ਰੀਤ ਬੀ ਅੱਛੀ ਤੇ ਰਹਿਤ ਭੀ ਅੱਛੀ। [5]ਲੱਕ (ਤੇੜ) ਕੱਛ ਸਜਾਈ ਹੈ। [6](ਜਗਾਤ ਜੂਠ ਦਾ) ਬਹੁਤ ਅਨਾਦਰ ਕਰਦੇ ਹਨ।

*ਭੰਗ ਦੇ ਅਵਗੁਣ, ਕਵੀ ਜੀ ਨੂੰ ਇਸ ਵੇਲੇ ਯਾਦ ਨਹੀਂ ਹਨ। ਚਕਿਤਸਾ ਵਿਚ ਲਿਖਿਆ ਹੈ ਕਿ ਭੰਗ ਦੂਜੇ ਦਰਜੇ ਦੀ ਖੁਸ਼ਕ ਤੇ ਗਰਮ ਸ਼ੈ ਹੈ। ਰੋਜ਼ ਪੀਣੀ ਕਬਜ਼ ਕਰਦੀ ਹੈ, ਬਦਹਵਾਸੀ ਪੈਦਾ ਕਰਦੀ ਹੈ। ਪੱਠਿਆਂ ਤੇ ਨਸਾਂ ਨੂੰ ਕਮਜ਼ੋਰ ਕਰਦੀ ਹੈ, ਹਾਜ਼ਮਾ ਵਿਗਾੜਦੀ ਹੈ ਕਿਉਂਕਿ ਮਿਹਦੇ ਦੀਆਂ ਰਤੂਬਤਾਂ ਨੂੰ ਜਜ਼ਬ ਕਰਦੀ ਹੈ, ਦਲਿੱਦ੍ਰੀ ਤੇ ਸਾਹਸ ਹੀਨ ਕਰ ਦੇਂਦੀ ਹੈ।ਜਦ ਗੁਰੂ ਜੀ ਤਮਾਕੂ ਮਨ੍ਹਾਂ ਕਰ ਰਹੇ ਹਨ,ਸ਼ਰਾਬ ਆਦਿ ਸਾਰੇ ਨਸ਼ੇ ਗੁਰੂ ਘਰ ਵਿਚ ਮਨ੍ਹਾਂ ਹਨ, ਫਿਰ ਕਦ ਹੋ ਸਕਦਾ ਹੈ ਕਿ ਭੰਗ ਨੂੰ ਇਕ ਨਿਤਨੇਮ ਬਣਾਕੇ ਜਾਰੀ ਕਰ ਦੇਣ। ਭੰਗ ਸਮਾਧੀ ਬੀ ਨਹੀਂ ਲਗਾਉਂਦੀ, ਤਮੋਗੁਣੀ ਬੇਸੁਧੀ ਪੈਦਾ ਕਰਦੀ ਹੈ ਕਿਉਂਕਿ ਹਿਕਮਤ ਵਿਚ ਲਿਖਿਆ ਹੈ ਕਿ ਇਹ ਦਿਮਾਗੀ ਇਦ੍ਰਵਾਹ ਕੋ ਮੁਕਦਰ ਕਰਤੀ ਹੈ। ਸਮਾਧੀ ਸਾਤ੍ਵਕ ਵਸਤੂ ਹੈ ਅਰ ਹੋਰ ਉੱਚੀ ਹੋਕੇ ਤ੍ਰਿਗੁਣਾਤੀਤ ਅਵਸਥਾ ਹੈ, ਇਸ ਭੁਲੇਖੇ ਲਈ ਭੰਗੀ ਆਪ ਨੂੰ ਸਮਾਧੀ ਵਾਲਾ ਮੰਨਕੇ ਅੰਤ ਦੁਖੀ ਹੁੰਦੇ ਹਨ। ਅੱਗੇ ਪੰਜਵੀਂ ਰੁਤ ਵਿਚ ਕਵਿ ਜੀ ਨੇ ਭੰਗ ਪੀਣੀ ਵਰਜੀ ਹੈ:—'ਮਦਰਾ ਦਹਿਤਾ ਸਪਤ ਕੁਲ ਭੰਗ ਦਹੈ ਤਨ ਏਕ' ਦੇਖੋ ਰੁਤ ੫ ਅੰਸੂ ੨੮ ਅੰਕ ੨੩।

Sri Satguru Jagjit Singh Ji eLlibrary NamdhariElibrary@gmail.com

ਅਦਭੁਤ ਜੋਵਾ। ਸਤਿਗੁਰ ਦੇਖਤਿ ਧਰਹਿ ਅਨੰਦ। ਬ੍ਰਿੰਦ ਸਿੰਘ ਹੈਂ ਵਧਯੋ ਬਿਲੰਦ ॥ ੪੯ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਖਾਲਸਾ ਬਧਨ' ਪ੍ਰਸੰਗ ਬਰਨਨੰ ਨਾਮ ਏਕ ਬਿੰਸਤੀ ਅੰਸੂ ॥ ੨੧ ॥

## ੨੨. [ਖਾਲਸੇ ਦਾ ਆਦਰਸ਼। ਸ਼ੇਰ ਦੇ ਵੇਸ ਗਧੇ ਦਾ ਦ੍ਰਿਸ਼ਟਾਂਤ]।

ਦੋਹਰਾ॥ ਭਯੋ ਖਾਲਸਾ ਬਿਦਤ ਜਗ, ਇਕ ਇਕ ਕੇ ਸਮੁਦਾਇ। ਹਿਤ ਅਖੇਰ ਬਨ ਜਾਹਿ[1] ਸੋ ਲਯਾਇ ਮ੍ਰਿਗਨ ਕੋ ਘਾਇ॥੧॥ ਚੌਪਈ॥ ਇਕ ਦਿਨ ਉਦੇ ਸਿੰਘ ਚਲਿ ਗਯੋ। ਫਿਰਤਿ ਅਖੇਰ ਬਿਰਤਿ ਬਨ ਕਯੋ[2]। ਪਿਖਯੋ ਅਚਾਨਕ ਕੇਹਰਿ ਆਯੋ। ਧਰਿ ਧੀਰਜ ਇਨ ਪਾਂਵ ਟਿਕਾਯੋ ॥੨॥ ਜਬੈ ਨੇਰ ਸੋ ਸ਼ੇਰ ਪਹੂਚਾ। ਤਜੀ ਤੁਫੰਗ ਨਾਦ ਕਰਿ ਊਚਾ। ਲਗੀ ਸੀਸ ਫੂਟਯੋ ਗਿਰ ਪਰਯੋ। ਨਹੀਂ ਉਠਨਿ ਕੋ ਤਿਨ ਪੁਨ ਕਰਯੋ॥੩॥ ਹਤਿਕੇ ਸਤਿਗੁਰ ਕੇ ਢਿਗ ਆਯੋ। 'ਹੁਤੋ ਬਿਲੰਦ ਭਯਾਨ' ਬਤਾਯੋ। ਸੁਨਿ ਕਲਗੀਧਰ ਦਾਸ ਪਠਾਇ। ਸਿਰ ਪਗ ਸਕਲ ਪੋਸ਼ ਉਤਰਾਇ[3]॥੪॥ ਨਿਸ ਮਹਿ ਰਾਸਭ[4] ਏਕ ਮੰਗਾਯੋ। ਪਗ ਸਿਰ ਲੌ ਤਿਸ ਪਟ ਪਹਿਰਾਯੋ[5]। ਖੇਤਨਿ ਬਿਖੈ ਉਜਾਰ ਘਨੇਰੀ। ਤਹਾਂ ਛੁਟਾਇ ਦੀਨਿ ਤਿਸ ਬੇਰੀ ॥੫॥ ਖੇਤਨਿ ਕੋ ਚਰਿ ਨਿਸਾ ਮਝਾਰੀ। ਬੇਲੇ[6] ਬਰਯੋ ਹੋਤਿ ਭੁਨਸਾਰੀ। ਲੋਕ ਗ਼ਰੀਬ ਦੇਖਿ ਕਰਿ ਆਇ। 'ਬਡੋ ਸ਼ੇਰ ਇਕ' ਸਭਿਨਿ ਬਤਾਇ ॥ ੬ ॥ 'ਬਨ ਮਹਿ ਬਿਚਰਤਿ ਮਾਰ ਨ ਖੈਹੈ[7]'। ਗੁਰ ਭੀ ਸੁਨਯੋਂ ਸ੍ਰਵਨੀ ਧੈਹੈ। 'ਛੁਧਾ ਲਗੀ ਤੇ ਖੇਤੀ ਖਾਇ। ਡਰਤਿ ਲੋਕ ਕੋ ਨੇਰ ਨ ਜਾਇ' ॥ ੭ ॥ ਕਹੀਂ 'ਕੇਹਰੀ ਅਹੇ ਬਿਸਾਲਾ'। ਭਾਜ ਜਾਹਿ ਸਭਿ ਹੇਰਿ ਕਰਾਲਾ। ਦਿਨ ਦ੍ਵੈ ਤੀਨ ਖੇਤ ਕੋ ਖਾਇ। ਤ੍ਰਿਪਤ ਹੋਇ ਕਰਿ ਪੁਰਿ ਕੋ ਆਇ ॥੮॥ ਜਾਮ ਜਾਮਨੀ ਰਹਿਗੀ ਜਬੈ। ਘਰ ਕੁਲਾਲ ਕੇ ਆਯੋ ਤਬੈ। ਦ੍ਵਾਰ ਅਗਾਰੀ ਠਾਂਢੋ ਹੋਇ। ਪ੍ਰਾਤਿ ਹੋਤਿ ਲੌ ਇਸਥਿਰ ਸੋਇ ॥੯ ॥ ਜਬਿ ਕੁਲਾਲ ਨੇ ਦ੍ਵਾਰ ਉਘਾਰਾ। ਖਰੋ ਕੇਹਰੀ ਭੀਮ ਨਿਹਾਰਾ। ਬਹੁਰ ਭੌਰ ਕਰਿ ਹੇਰਨਿ ਲਾਗਾ। ਹਲਹਿ ਨ ਚਲਹਿ ਨ ਇਤ ਉਤ ਆਗਾ॥੧੦॥ –ਰੂਪ ਸ਼ੇਰ ਕੋ ਕਰਨੀ ਨਾਂਹਿ ਨ[8]। ਇਮ ਕਬ ਖਰੋ ਹੋਤਿ ਡਰ ਜਾਂਹਿ ਨ–। ਸਨੇ ਸਨੇ ਨੀਕੇ ਜਬ ਹੇਰਾ[9] –ਇਹ ਤੋ ਕੇਹਰਿ ਨਹੀਂ ਬਡੇਰਾ–॥ ੧੧ ॥ ਨੇਰੇ ਜਾਇ ਲੀਨਿ ਗਹਿ ਤਾਂਹੀ। ਹਤੀ ਲਸ਼ਟਕਾ ਪ੍ਰਿਸ਼ਟੀ ਮਾਂਹੀ। ਪੀੜ ਪਲਾਣ,

[1]ਇਕ ਇਕ ਸਿੰਘ ਦਾ ਬਹੁਤੇ ਸ਼ਿਕਾਰ ਲਈ ਬਨ ਨੂੰ ਜਾਂਦੇ ਹਨ। [2]ਸ਼ਿਕਾਰ ਕਰਦਾ। [3]ਸਿਰ ਤੋਂ ਪੈਰਾਂ ਤੱਕ ਦੀ ਖੱਲ ਉਤਰਵਾਈ। [4]ਗਧਾ। [5]ਸ਼ੇਰ ਦੀ ਖੱਲ ਪਹਿਰਾਈ। [6]ਬਨ ਦੇ ਵਿੱਚ। [7]ਮਾਰ ਨਹੀਂ ਖਾਂਦਾ। [8]ਸ਼ੇਰ ਵਾਲੀ ਕਰਨੀ ਨਹੀਂ। [9]ਕੁਮ੍ਹਾਰ ਨੇ ਸੋਚਿਆ ਕਿ।

Sri Satguru Jagjit Singh Ji eLlibrary NamdhariElibrary@gmail.com

ਬਘੰਬਰ ਲਾਹਯੋ[1] । ਗੂਨ[2] ਲਾਦ ਕਿਤ ਜਾਵਨਿ ਚਾਹਯੋ ॥੧੨॥ ਸਭਿ ਪੁਰਿ
ਮਹਿਂ ਭਾ ਬਿਦਤ ਪ੍ਰਸੰਗ । ਕਿਨਹੂੰ ਜਾਇ ਕਹਯੋ ਗੁਰ ਸੰਗ । 'ਕਹਤਿ ਹੁਤੇ
ਨਰ ਜਿਸ ਕੋ ਸ਼ੇਰ । ਗਹਯੋ ਸੁ ਖਰ[3] ਕੁਲਾਲ ਨੇ ਹੇਰਿ ॥੧੩॥ ਲਦੈ ਗੂਨ
ਮ੍ਰਿਗਛਾਲ[4] ਉਤਾਰੀ।ਡਰੇ ਲੋਕ ਭਾ ਕੌਤਕ ਭਾਰੀ'। ਤਬਿ ਸਤਿਗੁਰ ਸਭਿ-
ਹੁਨਿ ਸੁਨਾਯੋ। 'ਇਹੁ ਦ੍ਰਿਸ਼ਟਾਂਤ ਤੁਮਹਿ ਦਿਖਰਾਯੋ*॥੧੪॥ ਜਾਤਿ ਪਾਤ
ਮਹਿਂ ਰਾਸ਼ਭ[5] ਜੈਸੇ। ਬਸੀ ਕੁਲਾਲ ਲਾਜ ਮਹਿ ਤੈਸੇ[6] । ਤਿਸ ਤੇ ਸਤਿਗੁਰ
ਲਏ ਨਿਕਾਸ । ਬਖਸ਼ੇ ਸਕਲ ਪਦਾਰਥ ਪਾਸ ॥੧੫॥ ਸ੍ਰੀ ਅਸਧੁਜ ਕੋ ਦੇ
ਕਰਿ ਬਾਨਾ । ਸਭਿ ਤੇ ਊਚੇ ਕਰੇ ਸੁ ਤਾਨਾ[7] । ਹਲਤਿ ਬਿਖੇ ਸ਼ੁਭ ਭੋਗ
ਬਿਸਾਲੇ।ਪਲਤਿ ਬਿਖੇ ਮੈਂ ਕਰੋਂ ਸੰਭਾਲੇ॥੧੬॥ਉੱਤਮ ਪਦ ਮੈਂ ਤਬਿ ਪਹੁੰ-
ਚਾਊਂ।ਜਮ ਬਸਿ ਪਰਿਬੇ ਤੇ ਛੁਟਕਾਊਂ।ਜਿਮ ਰਾਸ਼ਭ ਧਰਿ ਕੇਹਰਿ ਬਾਨਾ।
ਬਿਨ ਡਰ ਕਰਯੋ ਖੇਤ ਗਨ ਖਾਨਾ ॥ ੧੭ ॥ ਪੁਨ ਕਲਾਲ ਕੇ ਪ੍ਰਵਿਸ਼ਯੋ
ਜਾਈ।ਲਾਦ ਗੂਨ ਕੋ ਲਸ਼ਟ ਲਗਾਈ। ਤਿਸ ਹੁਇ ਸਿੰਘ ਜਾਤਿ ਮੈਂ ਪਰੈ[8]।
ਤਜਹਿ ਸ਼ਸਤ੍ਰ ਭੈ ਕੋਇ ਨ ਧਰੈ॥੧੮॥ਹਲਤ ਕਾਰ ਕੋ ਕਰਤਿ ਗਵਾਵੈਂ[9] ।
ਪਲਤਿ ਸਹਾਇਕ ਕੋਇ ਨ ਪਾਵੈ । ਤਜਹਿ ਸ਼ਸਤ੍ਰ ਭੈ ਕਰਹਿ ਨ ਕੋਈ ।
ਭਯੋ ਗਧੇ ਕੋ ਗਧਹਾ ਸੋਈ ॥ ੧੯ ॥ ਧਾਂਤੇ ਸ੍ਰੀ ਅਕਾਲ ਕੋ ਬਾਨਾ । ਦੇ ਮੈਂ
ਕੀਨੇ ਸਿੰਘ ਸਮਾਨਾ।ਇਸ ਕੇ ਧਰੇ ਸਦਾ ਸੁਖ ਹੋਈ। ਤਜਾਗੀ ਦੋਨਹੁ ਲੋਕ
ਨ ਢੋਈ'॥੨੦॥ਇਮ ਕਲਗ਼ੀਧਰ ਸਿਖ ਸਮੁਝਾਏ।'ਧੰਨਧੰਨ ਗੁਰ'ਸਭਿਨਿ
ਅਲਾਏ । 'ਨਿਸ਼ਚੈ ਖਰ ਤੇ ਸ਼ੇਰ ਬਨਾਏ। ਜੋ ਪਪੀਲਕਾ ਕਰੀ ਸੁਹਾਏ[10]
॥੨੧॥ ਬਕ ਮਰਾਲ ਸੇ[11] ਜਾਨੇ ਪਰੈਂ।ਹੁਤੇ ਰੰਕ ਨ੍ਰਿਪ[12]ਸਮਤਾ ਧਰੈਂ।ਜਿਸ
ਅਵਨੀ ਹਿਤ ਜੁੱਧ ਸੰਭਾਰੇਂ। ਪਰਸਰਾਮ ਛੱਤ੍ਰੀ ਗਨ ਮਾਰੇ ॥੨੨॥ ਬਡੇ ਖੇਦ

---

[1]ਪਲਾਣਾ (ਖੋਤੇ ਦਾ) ਪਾ ਲਿਆ ਤੇ (ਬਾਘ+ਅੰਬਰ) ਸ਼ੇਰ ਦੀ ਖੱਲ ਲਾਹ ਦਿਤੀ। [2]ਬੋਰੀ, ਛੱਟ । [3]ਗਧਾ।[4]ਸ਼ੇਰ ਦੀ ਖੱਲ।[5]ਗਧੇ।[6]ਤਿਵੇਂ ਕੁਮ੍ਹਾਰ ਰੂਪੀ ਲੱਜਾ ਦੇ ਵਸੀ ਹਨ।[7]ਬਲਵਾਲੇ।[8]ਸਿੰਘ ਹੋਕੇ ਜਾਤੀਵਿਚ ਪੈਜਾਵੇ।[9]ਭਾਵ ਇਸਲੋਕ ਵਿਚ ਉਸਦੇ ਕੰਮ ਨਹੀਂ ਸੌਰਨਗੇ।[10]ਜੋ ਕੀੜੀਆਂ ਸਨਉਨ੍ਹਾਂ ਨੂੰ ਹਾਥੀ ਸ਼ੋਭਨੀਕਕੀਤਾ।[11]ਜੋ ਬਗਲੇ ਸਨ ਓਹ ਹੰਸ......।[12]ਜੋ ਕੰਗਾਲ ਸਨ ਸੋ ਰਾਜਿਆਂ ਦੀ......।

*ਦ੍ਰਿਸ਼ਟਾਂਤ ਦਾ ਇਕ ਅੰਗ ਲਈਦਾ ਹੈ, ਇਹ ਸਾਹਿਤ ਦਾ ਨਿਯਮ ਹੈ, ਏਥੇ ਕੇਵਲ ਇਹ ਭਾਵ ਹੈ ਕਿ ਖਾਲਸੇ ਦਾ ਆਦਰਸ਼ ਜੋ ਕਾਯਮ ਕਰ ਦਿਤਾ ਹੈ, ਇਸ ਨੂੰ ਤਿਆਗਣੇ ਵਾਲਾ ਮੁੜ ਜਾਤ ਪਾਤ ਕਰਮ ਭਰਮ ਮੁੰਡਨ ਆਦਿ ਸਾਰੀ ਹੀਣੀ ਦਸ਼ਾ ਵਿਚ ਚਲਾ ਜਾਏਗਾ ਉਹ ਪਤਿਤ ਹੋ ਜਾਏਗਾ ਇਹ ਭਾਵ ਕੱਢਣਾ ਕਿ ਬਾਣਾ ਕੇਵਲ ਖੱਲਮਾਤ੍ਰ ਹੈ ਅਨਿਆਯ ਹੈ, ਅੱਗੇ ਚੱਲਕੇ ਇਸੇ ਅੰਸੂ ਵਿਚ ਊਦੇ ਸਿੰਘ ਦੇ ਬਚਨਾਂ ਵਿਚ ਖਾਸ ਕਰਕੇ ਅੰਕ ੩੦,੩੧,੩੨ ਵਿਚ ਭਾਵ ਨੂੰ ਖੁਹਲਿਆ ਹੈ।

Sri Satguru Jagjit Singh Ji eLlibrary NamdhariElibrary@gmail.com

ਤੇ ਜੈ ਤਿਸ ਹੋਈ। ਦਈ ਦਾਨ ਕਰਿ ਦਿਜ ਗਨ ਸੋਈ[੧]। ਹਿਰੰਨਾਛ[੨] ਜੋ ਧਰਨੀ ਹਰੀ। ਜੋ ਹਰਨਾਖਸ਼[੩] ਜੈ ਕਹੁ ਕਰੀ ॥੨੩॥ ਛੱਤ੍ਰੀ ਭਏ ਕਰੋਰਹੁੰ ਆਗੇ। ਲਰਿ ਲਰਿ ਮਰੇ ਜਾਂਹਿ ਹਿਤ ਲਾਗੇ॥ਪਾਂਡਵ ਕੌਰਵ ਬੰਸ ਬਿਨਾਸ਼ਾ॥ ਗਏ ਬੀਤ ਬਹੁ ਜਥਾ ਤਮਾਸ਼ਾ ॥੨੪॥ ਸੋ ਛਿਤ ਹੇ ਪ੍ਰਭੁ ਕਰੁਨਾ ਕਰਿ ਕੈ। ਲੋਚਨ ਮਹਾਂ ਲਾਜ ਕੋ ਭਰਿਕੈ। ਦਈ ਖਾਲਸੇ ਕੋ ਤਤਕਾਲਾ। ਤੁਮ ਸਮ ਦਾਨੀ ਕੌਨ ਬਿਸਾਲਾ' ॥ ੨੫ ॥ ਉਦੈ ਸਿੰਘ ਤੇ ਆਦਿਕ ਔਰ। ਕਹਤਿ ਸੁਜਸੁ ਸੋਢੀ ਸਿਰਮੌਰ। 'ਬਡੇ ਬਡੇ ਦਾਨੀ ਜੇ ਭਏ। ਤੁਮ ਸਮਤਾ ਕਹੁ ਕਵਨ ਨ ਲਏ[੪]॥੨੬॥ ਅਰੁ ਜੇ ਪੰਥ ਚਲਾਵਨਹਾਰੇ। ਤੁਮ ਆਗੇ ਸੋ ਕੌਨ ਬਿਚਾਰੇ[੫]। ਪ੍ਰਥਮੈ ਸਿਰ ਮੁਖ ਮੁੰਡਨ ਕਰੈਂ। ਭਗਵੇ ਬਸਤ੍ਰ ਦੇਹਿ ਪਰ ਧਰੈਂ ॥੨੭॥ ਭਸਮ ਲਗਾਇ ਕੁਰੂਪ ਬਨਾਵਹਿ। ਘਰ ਘਰ ਫੇਰਹਿਂ ਭੀਖ ਮੰਗਾਵਹਿਂ। ਸਿਰ ਪਰ ਜਟਾ ਜੂਟ ਬੰਧਾਵਹਿਂ[੬]। ਜਾਰੇ ਟੁਕੜੇ ਤਿਨਹਿਂ[੭] ਖੁਵਾਵੈਂ ॥੨੮॥ ਆਪ ਜਗਤ ਮੈਂ ਦਿਏ ਪਦਾਰਥ। ਕੀਨਸਿ ਮਾਨੁਖ ਜਨਮ ਸਕਾਰਥ॥ਸੁੰਦਰ ਬੇਸ ਦੇਹ ਮੈਂ ਦੀਨੋ। ਸਭ ਬਿੱਦਯਾ ਮਹਿਂ ਕੀਨਿ ਪ੍ਰਬੀਨੋ ॥੨੯॥ ਦੁਲਭ ਰਾਜ[੮] ਅਵਨੀ ਕੋ ਦੈਕੈ।ਕਰੇ ਨਿਹਾਲ ਮਯਾ ਨਿਜ ਕੈ ਕੈ[੯]। ਸਾਰ ਵਸਤੁ ਜਗ ਮਹਿਂ ਸਭਿ ਜੇਤੀ। ਦਈ ਖਾਲਸੇ ਪ੍ਰਤਿ ਤੁਮ ਤੇਤੀ ॥ ੩੦ ॥ ਪਾਇ ਪੰਥ ਅਸ ਜੋ ਨਰ ਗਿਰੈ।ਤਿਨ ਤੇ ਕੋ ਮੂਰਖ ਹੁਇ ਪਰੈ।ਸ਼ਿਖਰ ਸੁਮੇਰ ਚਢੈ ਜੋ ਜਾਇ।ਬਹੁਰ ਰਸਾਤਲ ਸੋਇ ਸਿਧਾਇ ॥੩੧॥ ਰਹਿਤ ਬਤਾਈ[੧੦] ਤ੍ਯਾਗਹਿ ਜੋਇ। ਅਪਰ ਮਤਨਿ ਕੀ ਧਾਰਹਿ ਕੋਇ। ਸੋ ਮਤਿਹੀਨ ਮਹਾਂ ਬਰਿਆਰੀ। ਨਹਿ ਕੀਮਤਿ ਨਿਜ ਪੰਥ ਬਿਚਾਰੀ ॥ ੩੨ ॥ ਪੰਥ ਖਾਲਸੇ ਨਿੰਦਯਾ ਕਰੈ।ਸੋ ਪਾਪੀ ਨਰ ਦੋਜ਼ਕ ਪਰੈ।ਲੋਕ ਪ੍ਰਲੋਕ ਵਸਤੁ ਜੋ ਸਾਰ।ਜਿਸ ਮਹਿ ਇਹ ਸਭਿ ਅੰਗੀਕਾਰ[੧੧]॥੩੩॥[੧੨]ਬਿਨ ਦੂਖਨ ਮਹਿ ਮੰਡਲ ਭੂਖਨ। ਉਪਜਯੋ ਪੰਥ ਜੁ ਮਤਿ ਉਡ ਪੂਖਨ[੧੨]।ਬਡੇ ਭਾਗ ਪੂਰਬਲੇ ਜਾਂਹੀ।ਹੇ ਪ੍ਰਭੁ! ਸ਼ਰਨਿ ਆਪ ਕੀ ਪਾਂਹੀ ॥੩੪॥ ਜੋ ਪਾਮਰ[੧੩] ਨਿਰਭਾਗ ਮਹਾਨੇ। ਸੋ ਤੁਮ

---

[੧]ਸੋ ਧਰਤੀ। [੨]ਪ੍ਰਹਿਲਾਦ ਦਾ ਚਾਚਾ [ ਸੰਸ:, ਹਿਰਣਯਾਕਸ਼ ]। [੩]ਪ੍ਰਹਿਲਾਦ ਦਾ ਪਿਤਾ [ਸੰਸ, ਹਿਰਣਯਕਸ਼ਯਪੁ, ਦੇਸ਼ ਭਾਸ਼ਾ ਹਰਿਨਾਖਸ ]। [੪]ਕੋਈ ਬੀ ਨਹੀਂ ਲੈ ਸਕਿਆ। [੫](ਓਹ) ਵਿਚਾਰੇ। [੬]ਜਟਾਵਾਂ ਜੋ ਸੁਆਹ ਪਾਕੇ ਬਣਾਉਂਦੇ ਹਨ। [੭]ਚੇਲਿਆਂ ਨੂੰ। [੮]ਧਰਤੀ ਦਾ ਰਾਜ। [੯]ਕ੍ਰਿਪਾ ਕਰਕੇ। [੧੦]ਦੱਸੀ ਹੋਈ ਨੂੰ। [੧੧]ਜਿਸ ਮਹਿ (=ਖਾਲਸੇ ਵਿਚ) ਲੋਕ ਪ੍ਰਲੋਕ ਦੀਆਂ ਸਾਰ ਵਸਤਾਂ ਸਭ ਅੰਗੀਕਾਰ (ਕਰਨੇ ਜੋਗ) ਹਨ। [੧੨]ਦੂਖਨਾਂ ਤੋਂ ਬਿਨਾਂ ਧਰਤੀ ਮੰਡਲ ਦਾ ਭੂਸ਼ਨ ਰੂਪ ਪੰਥ ਉਪਜਿਆ ਹੈ, ਹੋਰ ਜੋ ਮਤ ਹਨ ਸੋ (ਇਸ) ਸੂਰਜ ਅੱਗੇ ਤਾਰਿਆਂ (ਵਤ) ਹਨ। [੧੩]ਨੀਚ ਦੁਸ਼ਟ।

Sri Satguru Jagjit Singh Ji eLlibrary NamdhariElibrary@gmail.com

ਕੋ ਨਹਿ ਸਕਹਿ ਪਛਾਨੇ।ਨਹੀਂ ਪੰਥ ਕੀ ਮਹਿਮਾ ਮਾਨਹਿ। ਜਨਮ ਮਰਨ ਮਹਿਂ ਸੋ ਅਨਜਾਨਹਿ॥੩੫॥ ਧੰਨ ਗੁਰੂ ਧੰਨ ਪੰਥ ਤੁਮਾਰਾ। ਸਾਰ ਨਿਕਾਰ ਜੁ ਅੰਗੀਕਾਰਾ। ਭੇ ਸ਼੍ਰੀ ਨਾਨਕ ਆਦਿ ਗੁਰੂ ਦਸ। ਜੋਗ ਭੋਗ ਕੋ ਲਿਯੋ ਜਿਨਹੁੰ ਰਸ॥੩੬॥ਜੋਗ ਭੋਗ ਮੋਂ ਦੋਨਹੁੰ ਰੀਤਿ। ਦਈ ਪੰਥ ਕੋ ਨਿਰਮਲ ਚੀਤ[੧]। ਸੱਤਿਨਾਮ ਕੋ ਸਿਮਰਨ ਕਰਨੋ। ਇਹੀ ਜੋਗ ਇਕ ਲਿਵ ਕੋ ਬਰਨੋ[੨]* ॥੩੭॥ ਲਰਨਿ ਰਿਪੁਨਿ ਸੋਂ, ਕਰਿਬੋ ਰਾਜ॥ਇਹੀ ਭੋਗ ਕੇ ਦਿਏ ਸਮਾਜ’। ਇੱਤਨਾਦਿਕ ਕਹਿ ਨਿਰਮਲ ਜਸੁ ਕੋ। ਬੰਦਹਿ ਸਤਿਗੁਰ ਪਾਇ ਪਰਸ ਕੋ ॥ ੩੮ ॥ ਦਿਨ ਪ੍ਰਤਿ ਅੰਮ੍ਰਿਤ ਲੇਤਿ ਅਨੇਕ। ਦੇਤਿ ਦਿਵਾਵਤਿ ਜਲਧਿ ਬਿਬੇਕ।ਰਹਿਤ ਬਤਾਵਤਿ,ਮਹਿਮਾ ਗਾਵਤਿ। ਮੇਲ ਮਸੰਦਨ ਸੰਗ ਹਟਾਵਤਿ॥੩੯॥ਇਨ ਤੇ ਆਦਿ ਪੰਚ ਜੋ ਮੇਲ।ਤਿਨ ਸੋਂ ਮਿਲਹਿ ਨ,ਦੀਜੈ ਪੇਲ[੩]। ਏਕ ਅਕਾਲ ਪੁਰਖ ਲੜਿ ਲਾਏ। ਦੇ ਪਾਹੁਲ ਜਗ ਦੁਤਰ ਤਰਾਏ ॥੪੦॥ਮੁਨਿ ਜਨ ਸੁਰ ਗਨ ਜਿਹ ਪਦ[੪] ਚਾਹਤਿ।ਤਪ ਮਖ[੫]ਕਰਿਕੈ ਲੇਨਿ ਉਮਾਹਤਿ। ਅਨਿਕ ਉਪਾਇ ਨ ਪਾਯੋ ਜੋਈ[੬]। ਦਯੋ ਖਾਲਸੇ ਕੋ ਪਦ ਸੋਈ ॥੪੧॥ ਬਹੁ ਮਹਿਂ ਅਪਨੋ ਰੂਪ ਬਨਾਯਹੁ[੭]। ਸ਼ਸਤ੍ਰ ਧਰਨਿ ਉਪਦੇਸ਼ ਦ੍ਰਿੜਾਯਹੁ। ਸਭਿ ਮਹਿ ਬੀਰ ਸੁ ਰਸ ਬਿਰਧਾਯਹੁ। ਧਰਮ ਦ੍ਰਿੜਾਯਹੁ ਨਾਮ ਜਪਾਯਹੁ ॥ ੪੨ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਪੰਥ ਮਹਿਮਾ' ਬਰਨਨੰ ਨਾਮ ਦ੍ਵੈ ਬਿੰਸਤੀ ਅੰਸੂ ॥੨ ॥ ੨੩. [ਨੂਹ ਗ੍ਰਾਮ ਨੂੰ ਦੰਡ]।

ਦੋਹਰਾ ॥ ਖੜਗ ਧਰਹਿ ਨਿਜ ਗਰ ਬਿਖੈ ਜ੍ਵਾਲਾ ਬਮਨੀ ਹਾਥ। ਹਤਹਿਂ ਨਿਸ਼ਾਨੇ ਪਰ ਮਿਲਹਿਂ ਕੈ ਅਖੇਰ ਕੋ ਸਾਥ[੮] ॥੧॥ ਚੌਪਈ॥ ਸੁਪਨੇ ਮਾਤ੍ਰ ਨ ਆਯੁਧ ਜਾਨਹਿਂ[੯]। ਸੁਨਤਿ ਲਰਾਈ ਜੋ ਡਰ ਮਾਨਹਿਂ। ਸੋ ਅੰਮ੍ਰਿਤ ਛਕਿ

[੧]ਚਿਤ ਨਿਰਮਲ ਕਰਕੇ (ਬਖਸ਼ੀ)। [੨]ਇਕ ਵਿਖੇ ਲਿਵ(ਲਾਉਣਾ ਆਪ ਨੇ)ਕਿਹਾ ਹੈ ਕਿ ਇਹੀ ਜੋਗ ਹੈ। [੩]ਹਟਾ ਦਿਓ। [੪]ਪਦਵੀ, ਦਰਜਾ। [੫]ਜੱਗ। [੬]ਭਾਵ ਮੁਕਤੀ ਦਾ ਪਦ। [੭]ਅਪਨਾ ਸਰੂਪ ਬਹੁੰ ਵਿਚ ਸਾਜਿਆ ਹੈ ਨੇ, ਭਾਵ ਅਪਣੇ ਸਰੂਪ ਤੋਂ ਖਾਲਸਾ ਸਾਜਿਆ ਹੈ, ਏਕ ਤੋਂ ਅਨੇਕ ਹੋ ਵਿਥਰੇ ਹਨ। [੮]ਮਿਲਕੇ ਨਿਸ਼ਾਨੇ ਪਰ ਮਾਰਦੇ ਹਨ ਅਥਵਾ ਸ਼ਿਕਾਰ ਗਏ ਤੇ। ਭਾਵ ਬੰਦੂਕ ਨਾਲ ਯਾ ਚਾਂਦ ਮਾਰੀ ਕਰਦੇ ਹਨ ਯਾ ਸ਼ਿਕਾਰ ਖੇਡਦੇ ਹਨ। [੯]ਸੁਪਨੇ ਮਾਤ੍ਰ (ਜੇਹੜੇ ਸਿਖ) ਸ਼ਸਤ੍ਰ (ਚਲੌਣਾ)ਨਹੀਂ ਸਨ ਜਾਣਦੇ।

*ਸ਼ੋਕ ਹੈ ਕਿ ਖਾਲਸਾ ਹੁਣ ਇਸ ਆਦਰਸ਼ ਨੂੰ ਭੁੱਲ ਰਿਹਾ ਹੈ,ਇਸੇ ਭੁੱਲਣ ਦੇ ਕਾਰਨ ਅਵ੍ਨਤੀ ਹੋ ਰਹੀ ਹੈ। ਪੱਛਮੀ ਖਿਆਲਾਂ ਨੇ ਪੜ੍ਹੇ ਅਨਪੜ੍ਹੇ ਸਭ ਵਿੱਚੋਂ ਭਜਨ ਬੰਦਗੀ ਦਾ ਰਵੱਯਾ ਘਟਾ ਦਿੱਤਾ ਹੈ ਤੇ ਬ੍ਰਿਤੀਆਂ ਪਦਾਰਥਾਂ ਤੇ ਭੋਗਾਂ ਵੱਲੇ ਜਾ ਰਹੀਆਂ ਹਨ। ਪਰ ਨਾਲ ਹੀ ਅਸ਼ਾਂਤੀ ਤੇ ਘਬਰਾ ਵਧ ਰਹੇ ਹਨ।

Sri Satguru Jagjit Singh Ji eLlibrary NamdhariElibrary@gmail.com

ਹੋਵਤਿ ਜੋਧੇ। ਪਿਖਿ ਅਨੀਤ ਸ਼ੱਤ੍ਰਨਿ ਪਰ ਕ੍ਰੁੱਧੇ ॥੨॥ ਸ਼ਸਤ੍ਰਨ ਕੋ ਬਿਸਾਹੁ ਨਹਿ ਕਰੈਂ। ਰਾਤਿ ਦਿਵਸ ਅੰਗਨਿ ਸੰਗ ਧਰੈਂ। ਇਕ ਦਿਨ ਬੈਠੇ ਗੁਰ ਫੁਰਮਾਯਹੁ। 'ਪ੍ਰਥਮ ਛੱਤ੍ਰੀਅਨ ਰਾਜ ਗਵਾਯਹੁ।।੩।।ਸ਼ਸਤ੍ਰਨਿ ਕੋ ਤਜਿ ਕੈ ਅੱਭ੍ਯਾਸਾ। ਬਸੇ ਅਵਾਸਨਿ ਬਿਲਸ ਬਿਲਾਸਾ। ਰਾਗ* ਰੰਗ ਮਹਿ ਮੱਤਿ ਬਿਸਾਲਾ। ਡਰਨ ਲਗੇ ਰਿਪੁ ਜਾਨਿ ਕਰਾਲਾ ॥੪॥ ਸਮੁਖ ਮਲੇਛਨ ਕੇ ਨਹਿ ਹੋਏ। ਤਜਿ ਆਯੁਧ ਸੁਰੱਤਣ ਖੋਏ। ਭਏ ਦੀਨ ਕਾਤੁਰ ਮਤਿ ਮੂੜ੍ਹੇ। ਨਿਕਸਿ ਸਦਨ ਤੇ ਅਸੁ ਨ ਅਰੂੜ੍ਹੇ[1] ॥੫॥ ਤਬਿ ਤੁਰਕਾਨ ਕੀਨਿ ਰਨ ਕਰਨੀ। ਛੀਨਯੋਂ ਰਾਜ ਕੋਸ਼ ਗੜ੍ਹ ਧਰਨੀ।ਸ਼ਸਤ੍ਰਨਿ ਕੇ ਅਧੀਨ ਹੈ ਰਾਜ। ਜੌ ਨ ਧਰਹਿ ਤਿਸ ਬਿਗਰਹਿ ਕਾਜ ॥੬॥ ਯਾਂਤੇ ਸਰਬ ਖਾਲਸਾ ਸੁਨੀਅਹਿ। ਆਯੁਧ ਧਰਿਬੋ ਉੱਤਮ ਗੁਨੀਅਹਿ। ਜਬਿ ਹਮਰੇ ਦਰਸ਼ਨ ਕੋ ਆਵਹੁ। ਬਨਿ ਸੁਚੇਤ ਤਨ ਸ਼ਸਤ੍ਰ ਸਜਾਵਹੁ ॥੭॥ ਕਮਰ ਕਸਾ ਕਰਿ ਦੇਹੁ ਦਿਖਾਈ। ਹਮਰੀ ਖੁਸ਼ੀ ਹੋਇ ਅਧਿਕਾਈ। ਸ਼ਸਤ੍ਰ ਕੇਸ ਬਿਨ ਪਾਉ[2] ਲਖਹੁ ਨਰ। ਕੇਸ ਧਰੇ ਤਬਿ ਆਧੋ ਲਖਿ ਉਰ[3] ॥੮॥ ਕੇਸ ਸ਼ਸਤ੍ਰ ਜਬਿ ਦੋਨਹੁ ਧਾਰੇ।ਤਬਿ ਨਰ ਰੂਪ ਹੋਤਿ ਹੈ ਸਾਰੇ[4]।ਅਸ ਉਪਦੇਸ ਗੁਰੂ ਤੇ ਸੁਨਿ ਕਰਿ। ਦਰਸ਼ਨ ਪਰਸਤਿ ਆਯੁਧ ਧਰਿ ਧਰਿ ॥੯॥ ਸਿੰਘ ਰੂਪ ਸ਼ਸਤ੍ਰਨ ਜੁਤਿ ਹੇਰੈਂ।ਹੋਤਿ ਗੁਰੂ ਕੀ ਖੁਸ਼ੀ ਬਡੇਰੈ।ਕਮਰ ਕਸੇ ਬਿਨ ਜੋ ਸਿਖ ਜਾਇ। ਤਿਸ ਪਰ ਰੁਖ਼ ਨਹਿ ਕਰੈਂ ਕਦਾਇ† ॥੧੦॥ ਇਕ ਦਿਨ ਲਾਗੋ ਹੁਤੋ ਦਿਵਾਨ। ਬੈਠੇ ਗੁਰੂ ਸੁਹਾਇ ਮਹਾਨ।ਦੌਰਿ ਸਿੱਖ ਇਕ ਚਲਿ ਕਰਿ ਆਯੋ। ਲੂਟੀ ਸੰਗਤਿ,ਜੰਗ ਬਤਾਯੋ ॥੧੧॥ 'ਮਹਾਂਰਾਜ ਰਾਵਰ ਕੇ ਨੇਰੇ। ਨਾਮ ਗ੍ਰਾਮ ਕੋ ਨੂਹਿ[5] ਕਹਿ ਹੇਰੇ।ਤਹਿਂ ਸੰਗਤਿ ਕੁਛ ਉਤਰੀ ਆਇ। ਮੰਦਮਤੀ

---

[1]ਘੋੜਿਆਂ ਤੇ ਨਾ ਚੜ੍ਹੇ (ਸੂਰਮੇ ਬਣਕੇ)। [2]ਆਦਮੀ ਨੂੰ ਜੋ ਕੇਸਾਂ ਤੇ ਸ਼ਸਤ੍ਰਾਂ ਤੋਂ ਬਿਨਾ ਹੈ ਪਾ ਭਰ (ਚੌਥਾ ਹਿੱਸਾ) ਸਮਝੋ, (ਉਹ ਪੂਰਾ ਸਰੀਰ ਨਹੀਂ ਹੈ)। [3]ਅੱਧਾ ਸਰੀਰ ਲਖਹੁ। [4]ਸਾਰਾ ਨਰ ਰੂਪ ਤਾਂ ਹੁੰਦਾ ਹੈ। [5]ਨਾਮ ਗ੍ਰਾਮ ਦਾ 'ਨੂਹ'। *ਪਾ:-ਰਾਜ।

†ਫੌਜੀ ਜੀਵਨ ਤਾਂ ਪਹਿਲੇ ਤੋਂ ਸੀ, ਭੰਗਾਣੀ ਆਦਿ ਜੰਗ ਬੀ ਹੋ ਚੁਕੇ ਹਨ, ਹੁਣ ਨਵਾਂ ਕੀ ਰੰਗ ਹੈ ? ਹੁਣ ਗੁਰੂ ਜੀ ਨੇ ਸਾਰੇ ਸਿੱਖਾਂ ਨੂੰ ਸ਼ਸਤ੍ਰ ਧਾਰੀ ਬਣਾ ਦਿੱਤਾ ਹੈ। ਸਾਰੀ ਉੱਮਤ ਹੀ ਇਕ ਨਵੇਂ ਆਦਰਸ਼ 'ਖਾਲਸਾ' ਵਿਚ ਢਾਲ ਦਿੱਤੀ ਹੈ, ਜਿਨ੍ਹਾਂ ਵਿਚ ਉੱਚੀ ਸੁਰਤ ਤੇ ਨਾਮ ਰਸ ਦੇ ਨਾਲ ਬੀਰਤਾ ਵਾਲੀਆਂ ਚੜ੍ਹਦੀਆਂ ਕਲਾਂ ਜਗਾ ਦਿੱਤੀਆਂ ਹਨ। ਇਕ ਪਾਸੇ ਤਾਂ ਜੋਧਾ ਬਨਾ ਦਿੱਤਾ ਹੈ,ਦੂਜੇ ਪਾਸੇ ਉੱਚਾ ਇਖ਼ਲਾਕ ਸਿਖਾ ਦਿੱਤਾ ਹੈ, ਤੀਜੇ ਪਾਸੇ ਇਨਸਾਨੀਅਤ ਤੇ ਮਰਦਊ ਭਰ ਦਿੱਤਾ ਹੈ ਫੇਰ ਨਾਮ ਤੇ ਰੂਹਾਨੀਅਤ ਸਿਖਾਂ ਦੇ ਅੰਦਰ ਭਰੀ ਪਈ ਹੈਸੀ ਹੀ।

Sri Satguru Jagjit Singh Ji eLlibrary NamdhariElibrary@gmail.com

ਨਰ ਹ੍ਵੈ ਸਮੁਦਾਇ ॥ ੧੨ ॥ ਲੂਟਨਿ ਹੇਤੁ ਆਨਿ ਸੋ ਪਰੇ । ਜਿਨਹੁੰ ਸ਼ਸਤ੍ਰ ਤਿਨ ਕੇ ਸੰਗ ਕਰੇ[1] । ਸੋ ਬਚ ਰਹੇ ਬੀਰ ਬਰ ਹ੍ਵੈ ਕੈ । ਅਪਰ ਗ਼ਰੀਬ ਲੁਟੇ ਥਿਰ ਹ੍ਵੈ ਕੈ ॥੧੩॥ ਚਲੇ ਸਦਨ ਤੇ ਲਜਾਇ ਉਪਾਇਨ।ਭਈ ਨ ਅਰਪਨ ਸੋ ਗੁਰ ਪਾਇਨ' । ਸੁਨਿ ਕਰਿ ਗੁਰ ਉਰ ਧਰਿ ਕਰਿ ਕ੍ਰੋਧਾ । ਕਹਤੋ 'ਬਨਹੁ ਅਬਿ ਸਭਿ ਸਿਖ ਜੋਧਾ ॥ ੧੪ ॥ ਹਿੰਦੂ ਤੁਰਕ ਆਂਖ ਤ੍ਰਿਣ ਪਰੇ[2]। ਨਹਿਂ ਨਿਕਰਹਿ ਅਬਿ ਸੋ ਦੁਖ ਭਰੇ।ਇਹ ਬਦਲਾ ਹਮ ਤਿਨ ਸਨ ਲੈ ਹੈਂ। ਮੂਢਨਿ ਕੋ ਸਜ਼ਾਇ ਦ੍ਰਿੜ ਦੈ ਹੈਂ' ॥ ੧੫ ॥ ਸੰਗਤਿ ਦੁਖੀ ਹੋਇ ਕਰਿ ਆਈ । ਦੇ ਧੀਰਜ ਗੁਰ ਨਿਕਟ ਟਿਕਾਈ।ਅਗਲੇ ਦਿਵਸ ਅਖੇਰ ਬਹਾਨੇ। ਕਲਗ਼ੀਧਰ ਤਿਸ ਓਰ ਪਯਾਨੇ॥ ੧੬ ॥ਬਜਤਿ ਅੱਗ੍ਰ ਰਣਜੀਤ ਨਗਾਰਾ । ਕੰਪਤਿ ਸ਼ੱਤ੍ਰ ਸ਼ਬਦ ਸੁਨਿ ਭਾਰਾ।ਕਿਤਿਕ ਚਮੂੰ ਤਬਿ ਗੁਰ ਕੇ ਸੰਗ।ਜਾਤਿ ਕੁਦਾਇ ਪਲੌਂਅਦਿ ਤੁਰੰਗ ॥੧੭॥ ਜਬਿ ਨੁਹਿ[3] ਗ੍ਰਾਮ ਨਿਕਟ ਚਲਿ ਗਏ । ਚਹੁੰਦਿਸ਼ਿ ਮਹਿ ਫਿਰ ਸਭਿ ਪਿਖਿ ਲਏ । ਹੁਕਮ ਖਾਲਸੇ ਕੋ ਗੁਰ ਦੀਨਿ। 'ਹਤਿ ਦੁਸ਼ਟਨਿ ਲਿਹੁ ਵਸਤੂ ਛੀਨ' ॥੧੮॥ ਗੁੱਜਰ ਰੰਘਰ ਜੋ ਮਦ ਭਰੇ। ਚਢੇ ਸਿੰਘ ਸਭਿ ਦੇਖਨਿ ਕਰੇ । ਗਹਿ ਗਹਿ ਸ਼ਸਤ੍ਰ ਸਦਨ ਦਰ ਠਾਂਢੇ । ਲਰਿਬੇ ਕਾਰਨ ਹ੍ਵੈ ਕਰਿ ਗਾਢੇ ॥ ੧੯ ॥ ਕੋ ਕੋ ਲਾਗੀ ਛੁਟਨ ਤੁਫੰਗਾ[4] । ਤਬਿ ਸਿੰਘਨਿ ਜਾਨਨੋਂ ਹ੍ਵੈ ਜੰਗਾ।ਇਕ ਦਿਸ਼ਿ ਤੇ ਤਿਨ ਊਪਰ ਪਰੇ । ਥੰਰੇ ਖੜਗ ਹਾਥ ਖਰ ਧਰੇ[5] ॥੨੦॥ ਗਾਢੇ ਖਰੇ[6] ਅੰਗ ਤਿਨ ਕਾਟੇ । ਹਲਾਹੂਲ ਕਰਿ ਸਗਰੇ ਡਾਟੇ । ਕੁਛਕ ਤੁਫੰਗੈਂ ਤਿਨਹੁ ਚਲਾਈ । ਮਿਲੇ ਸਿੰਘ ਮਾਰੇ ਸਮੁਦਾਈ ॥ ੨੧॥ ਤਬਿ ਰੰਘੜ ਉਮਡੇ ਇਕ ਦਿਸ਼ਿ ਮੈਂ । ਸ਼ਸਤ੍ਰ ਪ੍ਰਹਾਰੈਂ ਬਹੁ ਹ੍ਵੈ ਰਿਸ ਮੈਂ । ਦੁਤਿਯ ਦਿਸ਼ਾ ਗੁੱਜਰ ਮਿਲਿ ਗਏ।ਬ੍ਰਿੰਦ ਤੁਫੰਗ ਚਲਾਵਤਿ ਭਏ ॥੨੨॥ ਲਾਗੀ ਸਿੰਘਨਿ ਅੰਗ ਤੁਫੰਗਨਿ । ਗਿਰੇ ਕਿਤਿਕ ਹੁਇ ਪ੍ਰਾਨਨਿ ਭੰਗਨ । ਕਰਨੋ ਖਾਲਸੇ ਨੇ ਤਬਿ ਹੱਲਾ।ਜੋ ਦੁਸ਼ਟਨ ਤੇ ਜਾਇ ਨ ਝੱਲਾ ॥ ੨੩ ॥ ਜ੍ਵਾਲਾਬਮਨੀ ਤਜਿ ਇਕ ਬਾਰ । ਬਹੁਰ ਕਰੀ ਨੰਗੀ ਤਲਵਾਰ।ਕੇਤਿਨ ਕੇ ਸਿਰ ਬਿਖੈ ਲਗਾਈ।ਕਾਟਿ ਅੰਗ ਰਿਪੁਦਏ ਗਿਰਾਈ ॥ ੨੪ ॥ ਖਚਾਖੱਚ ਤਰਵਾਰੈਂ ਮਾਚੀ । ਭਈ ਅਰੁਣ ਸ਼੍ਰੋਣਤ ਸੰਗ ਰਾਚੀ[7] ।

[1]ਉਨ੍ਹਾਂ ਨੇ ਤਾਂ ਉਨ੍ਹਾਂ ਨਾਲ ਜੰਗ ਕੀਤਾ । [2]ਹਿੰਦੂ ਤੁਰਕ ਦੋਹਾਂ ਦੀਆਂ ਅੱਖਾਂ ਵਿਚ (ਖਾਲਸਾ ਰੂਪੀ) ਤ੍ਰਿਣ ਪਿਆ ਹੈ । [3]ਪਿੰਡ ਦਾ ਨਾਮ ਹੈ । [4](ਵੈਰੀ-ਵੱਲੋਂ) ਚੱਲੀਆਂ ਬੰਦੂਕਾਂ। [5]ਤਿੱਖੀਆਂ ਤਲਵਾਰਾਂ ਹੱਥ ਲੈਕੇ । [6]ਤਕੜੇ ਮੋਟੇ । [7](ਧਰਤੀ) ਲਹੂ ਨਾਲ ਰਚੀ ਲਾਲ ਹੋ ਗਈ ।

ਕੇਤਿਕ ਕੇ ਸਿਰ ਕਾਟ ਗਿਰਾਏ। ਪਰੇ ਪ੍ਰਿਥੀ ਪਰ ਪ੍ਰਾਨ ਗਵਾਏ॥ ੨੫। ਜੋ ਅਰਿ ਅਰਕਰਿ¹ ਸ਼ਸਤ੍ਰ ਚਲਾਯੋ। ਸੋ ਤਤਛਿਨ ਹੀ ਮਾਰਿ ਗਿਰਾਯੋ। ਬੀਸ ਪਚੀਸ ਕਟੇ ਜਬਿ ਐਸੇ। ਦਾਰੁਨ ਪਿਖੇ ਸਿੰਘ ਸਿੰਘ ਜੈਸੇ² ॥ ੨੬ ॥ ਚਲੇ ਪਲਾਇ ਸਦਨ ਕੋ ਤ੍ਯਾਗੇ। ਜਾਨਯੋ ਜਬਹਿ,ਬਚਹਿਂ ਨਹਿ ਭਾਗੇ³। ਸ਼ਸਤ੍ਰ ਗੇਰਿ, ਕਰ ਜੋਰਤਿ ਭਏ। ਤਜੀ ਧੀਰ ਕਾਤੁਰ ਹ੍ਵੈ ਗਏ॥੨੭॥'ਗੁਰ ਕੀ ਦੋਹੀ' ਊਚ ਪੁਕਾਰੀ। 'ਰੱਛਹੁ ਰੱਛਹੁ ਸ਼ਰਨਿ ਤਿਹਾਰੀ'ਤਊ ਸਿੰਘ ਬਹੁ ਰਿਸ ਮਹਿਂ ਭਰੇ। ਹਤੇ ਸ਼ਸਤ੍ਰ ਨਹਿ ਤਜਿਬੋ ਕਰੇ ॥੨੮॥ ਦਯਾਸਿੰਘ ਨੇ ਗੁਰੂ ਬਤਾਯੋ⁴। 'ਉਤ ਕੋ ਗਮਨਹੁ ਲੋਂ ਸੁ ਬਚਾਯੋ'। ਸੁਨਿ ਕਰਿ ਭਏ ਪਲਾਇਨ ਸਾਰੇ।ਪਹੁੰਚੇ ਤਹਿਂ ਜਹਿਂ ਪ੍ਰਭੁ ਨਿਹਾਰੇ ॥ ੨੯ ॥ ਗੁਰੂ ਦੁਹਾਈ ਕਰਤਿ ਉਚਾਰ। ਉਤ ਸਿੰਘਨਿ ਬਹੁ ਕੀਨਸਿ ਮਾਰ। ਜੋ ਗੁਰ ਸ਼ਰਨਿ ਜਾਇ ਕਰਿ ਪਰੇ। ਬਚੇ ਸੁ, ਅਰੇ ਪ੍ਰਾਨ ਤਿਨ ਹਰੇ॥ ੩੦ ॥ ਲੂਟਯੋ ਗ੍ਰਾਮ ਵਸਤੁ ਤਿਨ ਸਾਰੀ। ਸਦਨ ਢਹਾਇ ਕੀਨਿ ਇਕਸਾਰੀ। ਦਈ ਸਜ਼ਾਇ ਸਭਿਨਿ ਕੋ ਐਸੀ। ਸੰਗਤਿ ਸੰਗ ਕੀਨਿ ਤਿਨ ਜੈਸੀ ॥ ੩੧ ॥ ਪਹੁੰਚੇ ਨਿਕਟ ਗੇਰਿ ਹੱਥਯਾਰ। ਸੋ ਪ੍ਰਭੁ ਲਿਏ ਬਚਾਇ ਗਵਾਰ।ਆਗੇ ਕੋ ਤਿਨ ਸੰਗ ਉਚਾਰਾ। 'ਪੁਨ ਜਿ ਕਰਹੁ ਅਪਰਾਧ ਹਮਾਰਾ ॥ ੩੨ ॥ ਤਤ-ਛਿਨ ਕਰਹਿਂ ਬਿਨਾਸ਼ ਤੁਮਾਰਾ। ਬਚਹੁ ਨਹੀਂ ਕਿਸ ਜਤਨ ਉਦਾਰਾ'। ਇਸ ਬਿਧਿ ਗ੍ਰਾਮ ਲੂਟ ਕਰਿ ਆਏ। ਹਤਿ ਰੰਘਰ ਗੁਜਰ ਸਮੁਦਾਏ॥੩੩॥ ਬਹੁਰ ਅਖੇਰ ਬ੍ਰਿੱਤ ਕੁਛ ਕੀਨੇ। ਸ੍ਰੀ ਪ੍ਰਭੁ ਬਨ ਮਹਿ ਬਿਚਰਨ ਕੀਨੇ। ਸੂਕਰ, ਸਸੇ, ਝੁੰਖਾਰ ਬਡੇਰੇ।ਹਿਤ ਆਮਿਖ ਕੇ ਹਤੇ ਘਨੇਰੇ ॥ ੩੪ ॥ਲਗੇ ਸਿਖਾਵਨ ਜੰਗ ਪ੍ਰਸੰਗ। ਸ਼ਸਤ੍ਰ ਹਤਨਿ ਕੇ ਜਿਮ ਹੁਇ ਢੰਗ। ਬਜੈ ਅੱਗ੍ਰ ਰਣਜੀਤ ਨਗਾਰਾ। ਗਰਜਤਿ ਸਕਲ ਗਿਰਨਿ ਕੀ ਧਾਰਾ। ੩੫ ॥ ਜੰਗ ਪ੍ਰਸੰਗ ਜਹਾਂ ਕਹਿ ਸੁਨਯੋ। 'ਨੂਹ ਜੋ ਗ੍ਰਾਮ ਗੁਰੂ ਚਢਿ ਹਨਯੋਂ। ਸੰਗਤਿ ਲੂਟੀ ਯਾਂ ਤੇ ਮਾਰਾ'। ਸੁਨਿ ਸੁਨਿ ਅਪਰ ਸਭਿਨਿ ਡਰ ਧਾਰਾ। ੩੬ ॥ ਕੇਤਿਕ ਦੁਸ਼ਟ ਮੂਢ ਮਤਿ ਕਾਚੇ। ਗੁਰ ਸੰਗ ਬੈਰ ਧਾਰਿ ਰਿਸ ਰਾਚੇ।ਹੁਤੇ ਜੁ ਤਿਨ ਸੰਬੰਧੀ ਬ੍ਰਿੰਦ। ਬਨੇ ਸ਼ੱਤ੍ਰ ਚਹਿ ਜੰਗ ਬਿਲੰਦ ॥੩੭ ॥ ਜਾਗਯੋ ਬੈਰ ਖਾਲਸੇ ਕੇਰਾ। ਹਿੰਦੂ ਤੁਰਕਨਿ ਸੰਗ ਬਖੇਰਾ। ਸਹਿ ਨਹਿ

¹ਜਿਸ ਵੈਰੀ ਨੇ ਅੜਕੇ। ²ਸ਼ੇਰ ਵਰਗੇ। ³ਜਦ ਸਮਝਿਓ ਨੇ ਕਿ ਭੱਜਿਆਂ ਬੀ ਨਹੀਂ ਬਚਾਂਗੇ (ਤਦ……)। ⁴ਦਇਆ ਸਿੰਘ ਨੇ (ਰੰਘੜਾਂ ਨੂੰ) ਦੱਸਿਆ (ਕਿ) ਗੁਰੂ ਜੀ (ਫਲਾਣੇ ਥਾਂ ਹਨ)।

Sri Satguru Jagjit Singh Ji eLlibrary NamdhariElibrary@gmail.com

ਸਕਹਿਂ ਮੂਢ ਔਗਯਾਨੀ । ਬਧੀ ਸਪਰਧਾ[1] ਅਧਿਕ ਮਹਾਨੀ ॥੩੮॥ ਸਤਿ-
ਗੁਰ ਦੁੰਦ[2] ਬਜਾਵਤਿ ਆਏ । ਸਨੈ ਸਨੈ ਚਲਿ ਸਹਿਜ ਸੁਭਾਏ । ਆਨਿ
ਅਨੰਦਪੁਰਿ ਗੁਰੁ ਬਿਰਾਜੇ । ਜਿਨ ਕੇ ਦਰਸ਼ਨ ਤੇ ਅਘ ਭਾਜੇ ॥ ੩੯ ॥
ਖਾਨ ਪਾਨ ਕਰਿ ਨਿਸਾ ਮਝਾਰੀ । ਸੁਪਤਿ ਜਥਾ ਸੁਖ ਸਕਲ ਗੁਜਾਰੀ ।
ਜਾਮ ਜਾਮਨੀ ਜਾਗ੍ਰਨ ਹੋਇ । ਸੌਚ ਸ਼ਨਾਨ ਕਰਹਿਂ ਸਭਿ ਕੋਇ ॥ ੪੦ ॥
ਬਸਤ੍ਰ ਸ਼ਸਤ੍ਰ ਕੋ ਅੰਗ ਸਜਾਵਹਿਂ । ਸਿੰਘ ਸਤਿਗੁਰੂ ਸਭਾ ਲਗਾਵਹਿਂ ।
ਨਿਤ ਪ੍ਰਤਿ ਪਾਹੁਲ ਲੇਤਿ ਅਨੇਕਾ ਦੇਤਿ ਦਿਵਾਵਤਿ ਜਲਧਿਬਿਬੇਕ॥੪੧॥
ਪੰਥ ਖਾਲਸਾ ਬਧਨੇ ਲਾਗਯੋ । ਜਨੁ ਛੱਤ੍ਰੀ ਧ੍ਰਮ ਸੂਤੋ ਜਾਗਯੋ । ਗਰਜਿ
ਗਰਜਿ ਕਰਿ ਫ਼ਤੇ ਬੁਲਾਵੈਂ । ਕੇਸ ਕੱਛ ਆਯੁਧ ਉਰ ਭਾਵੈ ॥ ੪੨ ॥
ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਨੁਹਿ ਗ੍ਰਾਮ ਮਾਰਨ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥ ੨੩ ।

੪. ਭਾਈ ਨੰਦ ਲਾਲ] ।

ਦੋਹਰਾ ॥ ਨੰਦਲਾਲ ਕੀ ਬਾਰਤਾ ਕਹੌਂ ਸੁਨਹੁ ਮਤਿ ਲਾਇ । ਜਿਮ ਸਤਿ-
ਗੁਰ ਸੌਂ ਮਿਲਿ ਰਹਯੋ ਆਨੰਦ ਲਹਿ ਅਧਿਕਾਇ॥੧॥ ਚੌਪਈ॥ ਖੱਤ੍ਰੀ ਹੁਤੋ
ਮਹਾਂ ਧਨਵੰਤਾ । ਤਿਸਕੇ ਗ੍ਰਿਹ ਜਨਮਯੋ ਮਤਿਵੰਤਾ* । ਧਰਮ ਬੈਸ਼ਨੋ
ਧਾਰਨ ਕਰੈ । ਇਸ ਕੋ ਪਿਤਾ ਭਾਉ[3] ਮਨ ਧਰੈ ॥੨॥ ਜਬਿ ਦ੍ਵਾਦਸ਼ ਸੰਮਤ

---

[1]ਈਰਖਾ । [2]ਧੌਂਸੇ । [3](ਵੈਸ਼ਨੋਂ ਧਰਮ ਵਿਚ) ਪ੍ਰੇਮ ।

*ਭਾਈ ਨੰਦ ਲਾਲ ਜੀ ਦੇ ਪਿਤਾ ਦਾ ਨਾਮ ਛੱਜੂ ਰਾਮ ਜੀ ਸੀ ਜੋ ਖਤ੍ਰੀ ਜਾਤੀ ਦੇ ਸਨ । ਨੰਦ ਲਾਲ ਜੀ ਦਾ ਜਨਮ ਗਜ਼ਨੀ ਵਿਚ ਹੋਇਆ ਜਿੱਥੇ ਉਹਨਾਂ ਦੇ ਪਿਤਾ ਜੀ ਮੀਰ ਮੁਨਸ਼ੀ ਸਨ । ਅਠਾਰਾਂ ਉਨੀਂ ਵਰ੍ਹੇ ਦੀ ਉਮਰ ਵਿਚ ਆਪ ਮੁਲਤਾਨ ਆ ਰਹੇ, ਇਥੇ ਹੀ ਆਪ ਦਾ ਇਕ ਸਿੱਖ ਘਰਾਣੇ ਵਿਚ ਵਿਵਾਹ ਹੋਇਆ । ਫਿਰ ਸ਼ਾਹਜ਼ਾਦਾ ਮੁਅੱਜ਼ਮ ਪਾਸ ਨੌਕਰ ਹੋਏ । ਔਰੰਗਜ਼ੇਬ ਦੀ ਸਲਾਹ ਆਪ ਨੂੰ ਮੁਸਲਮਾਨ ਕਰਨ ਦੀ ਹੋ ਆਈ ਤਾਂ ਆਪ ਸ਼ਾਹਜ਼ਾਦੇ ਦੀ ਨੌਕਰੀ ਛੱਡਕੇ ਅਨੰਦ ਪੁਰ ਆ ਰਹੇ । ਅਨੰਦਪੁਰ ਦੇ ਵਡੇ ਜੰਗ ਮਗਰੋਂ ਆਪ ਮੁਲਤਾਨ ਰਹਿਕੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ ਤੇ ਉਥੇ ਹੀ ਚਲਾਣਾ ਹੋਇਆ । ਗੁਰ ਸਿੱਖੀ ਵਿਚ ਆਪ ਦਾ ਰੁਤਬਾ ਭਾਈ ਗੁਰਦਾਸ ਦੇ ਤੁੱਲ ਹੈ, ਬਾਣੀ ਆਪ ਦੀ ਸਿੱਖੀ ਵਿਚ ਪ੍ਰਮਾਣੀਕ ਮੰਨੀ ਜਾਂਦੀ ਹੈ । ਆਪ ਨੇ ਫਾਰਸੀ ਨਜ਼ਮ ਨਸਰ ਵਿਚ ਅਨੇਕ ਗ੍ਰੰਥ ਰਚੇ ਹਨ । ਇਨ੍ਹਾਂ ਵਿਚੋਂ ਕਈਆਂ ਦਾ ਤਰਜਮਾ ਖਾ: ਟ੍ਰੈ: ਸੁਸੈਟੀ ਨੇ ਛਾਪਿਆ ਹੈ । ਪ੍ਰਸਿਧ ਨਾਮ ਇਹ ਹਨ:—

੧. ਦੀਵਾਨ ਗੋਯਾ । ੨. ਜ਼ਿੰਦਗੀ ਨਾਮਾ । ੩. ਜੋਤ ਵਿਕਾਸ ਹਿੰਦੀ । ੪. ਜੋਤ ਵਿਕਾਸ ਫਾਰਸੀ । ੫. ਤੌਸੀਫੋਸਨਾ । ੬. ਰੰਜ ਨਾਮਾ । ੭. ਅਰਜ਼ੁਲ ਇਲਫ਼ਾਜ਼ । ੮. ਖਾਤਮਾਹ । ੯. ਇਨਸ਼ਾ ਦਸਤੂਰ । ਆਪ ਦੀ ਸੰਤਾਨ ਵਿਚ ਇਸ ਵੇਲੇ ਬੀ ਸ਼੍ਰੀ ਗੁਰੂ ਘਰ ਦਾ ਪ੍ਰੇਮ ਬਹੁਤ ਹੈ।

Sri Satguru Jagjit Singh Ji eLlibrary NamdhariElibrary@gmail.com

ਕੋ ਹੋਵਾ। ਇਕ ਦਿਨ ਬਿਚਰਤਿ ਪਿਤ ਨੇ ਜੋਵਾ–। ਅਬਹਿ ਉਚਿਤ ਕੰਠੀ ਬੰਧਵਾਵਨਿ–। ਉਰ ਬਿਚਾਰ ਕਿਯ ਗੁਰੂ ਬੁਲਾਵਨਿ ॥ ੩ ॥ ਹਿਤ ਉਪਦੇਸ਼ ਬਿਠਾਯਹੁ ਪਾਸ। ਕਹਿ ਸੁਤ ਸੋਂ 'ਹਮ ਹੈਂ ਹਰਿ ਦਾਸ। ਗੁਰੂ ਬੈਸ਼ਨੋ ਧਾਰਨ ਕਰੇ। ਤਿਸ ਆਗਯਾ ਕੋ ਨਿਤ ਅਨੁਸਰੇ ॥੪॥ ਕੰਠੀ ਅਪਨੇ ਕੰਠ ਬੰਧਾਵਹੁ। ਧਰਮ ਬੈਸ਼ਨੋ ਕੇ ਮਹਿਂ ਆਵਹੁ'। ਇਮ ਕਹਿ ਲ੍ਯਿਓ ਬੁਲਾਇ ਬੈਰਾਗੀ। ਨੰਦਲਾਲ ਹੋਯ ਨ ਅਨੁਰਾਗੀ[1] ॥੫॥ ਗੁਰ ਨੇ ਭਨਨੋ 'ਧਰਮ ਕੋ ਧਾਰ। ਕੰਠੀ ਪਾਵਹੁ ਕੰਠ ਮਝਾਰ'।ਨੰਦਲਾਲ ਕਰ ਜੋਰਿ ਬਖਾਨਾ। 'ਇਸ ਕੰਠੀ ਤੇ ਅਨੰਦ ਨ ਜਾਨਾ ॥ ੬ ॥ ਬਾਨੀ ਸੁੰਦਰ ਕੰਠੀ ਜੋਇ। ਮੋਰ ਗਰੇ ਪਹਿਰਾਵਹੁ ਸੋਇ।ਗੁਰ ਪਰਮੇਸ਼ੁਰ ਜਸੁ ਜਿਸ ਮਾਂਹੀ। ਬਰਨਨ ਕਰਤੇ ਤ੍ਰਿਪਤੈਂ ਨਾਂਹੀ॥੭॥ਸਦਾ ਕੰਠ ਮਹਿ ਸੁੰਦਰ ਸੋਹੈ।ਪਠਨਿ ਸੁਨਿਨ ਤੇ ਜਨ ਮਨ ਮੋਹੈ[2]।ਬਰਖ ਹਜ਼ਾਰਹੁੰ ਬਰਧਤਿ ਰਹੈ।ਜਗ ਮਹਿ ਜਸੁ ਭਾਰੀ ਗਤਿ ਲਹੈ॥੮॥ ਨਿਤ ਭਾਰੀਫ ਗੁਰੂ ਕੀ ਕਰੌਂ।ਪਾਵਨ ਪਰਮੇਸ਼ੁਰ ਜਸੁ ਰਰੌਂ'।ਸੁਨਤਿ ਬੈਸਨੋ ਭਯੋ ਪ੍ਰਸੰਨ।–ਸੁਤਹਿ ਸਿੱਧ ਬਾਲਿਕ ਇਹ ਧੰਨ॥੯॥ਅਸ ਕੰਠੀ ਮਮ ਨਿਕਟ ਨ ਅਹੈ। ਜਿਸ ਢਿਗ ਹੋਇ ਤਿਸੀ ਤੇ ਲਹੈ। ਸੁਮਤਿਵੰਤ ਇਹੁ ਬਾਲਿਕ ਹੋਵੈ। ਹਿਰਦੈ ਹਰਿ ਹਰਿ ਨਾਮ ਪਰੋਵੈ–॥੧੦॥ਇਮ ਬਿਚਾਰ ਕਰਿ ਕਛੂ ਨ ਕਹਯੋ। ਨਿਜ ਅਸਥਾਨ ਜਾਇ ਥਿਤ ਲਹਯੋ।ਨੰਦਲਾਲ ਕੋ ਪਿਤਾ ਬਿਚਾਰਤਿ।–ਗੁਰੂ ਬੈਸਨੋ ਕਿਛ ਰਿਸ ਧਾਰਤਿ॥੧੧॥ਨਾਹਿਨ ਸੁਤ ਕੋ ਕੰਠੀ ਦਈ। ਉਠਿ ਗਮਨਯੋ ਘਰ ਕਯਾ ਗਤਿ ਭਈ?–ਗਯੋ ਸਮੀਪ ਜਾਇ ਕਰਿ ਬੈਸਾ। ਹਾਥ ਜੋਰਿ ਬੋਲਾ ਬਚ ਐਸਾ॥੧੨॥'ਕਰਹੁ ਕ੍ਰਿਪਾ ਕੰਠੀ ਗਰ ਪਾਵਹੁ। ਨੰਦ ਲਾਲ ਕੋ ਸਿੱਖ ਬਨਾਵਹੁ'। ਸੁਨਤਿ ਵਿਰਾਗੀ ਕਹਯੋ ਸੁਨਾਇ। 'ਇਹੁ ਜੋਗਯਾਸੀ ਸਹਿਜ ਸੁਭਾਇ[3]॥੧੩॥ਜਬਿ ਹੋਵਹਿ ਜਹਿ ਕੋ ਅਧਿਕਾਰੀ[4]।ਬਨਹਿ ਸਿੱਖ,ਇਹੁ ਚਿੰਤ ਬਿਸਾਰੀ'।ਸੁਨਿ ਤੂਸ਼ਨ ਪਿਤ ਤਿਸ ਕੋ ਭਯੋ। ਭਲੀ ਬੁਰੀ ਕੁਛ ਲਖਤਿ ਨ ਭਯੋ ॥੧੪॥ ਨੰਦਲਾਲ ਨਿਤ ਮਕਤਬ ਜਾਇ। ਇਲਮ ਫਾਰਸੀ ਪਢਹਿ ਬਨਾਇ। ਤੀਛਨ ਬੁੱਧਿ ਪੁਨਹਿ ਅੱਭਯਾਸੇ। ਨਿਤ ਪ੍ਰਤਿ ਬਿੱਦਯਾ ਬਹੁਤ ਪ੍ਰਕਾਸ਼ੈ॥੧੫॥ਬ੍ਰਿੰਦ ਕਿਤਾਬਨਿ ਕੋ ਪਢਿਗਯੋ।ਇਲਮ ਬਿਖੈ ਕਾਮਲ ਬਹੁ ਭਯੋ।ਸਭਾ ਚਤੁਰ ਕਹਿਬੇ ਸ਼ੁਭ ਬਾਤ[5]। ਅਧਿਕ ਬਧਤਿ ਸਭਿ

---

[1] ਪ੍ਰੀਤਵਾਨ ਨਾ ਹੋਇਆ। [2] ਜਨਾਂ ਦੇ ਮਨ ਨੂੰ ਮੋਹ ਲਵੇ। [3] ਸੁਤੇ ਅਧਿਕਾਰੀ। [4] ਜਦੋਂ ਜਿਸ ਦਾ ਅਧਿਕਾਰੀ ਹੋਵੇਗਾ। [5] ਸਭਾ ਵਿਚ ਸ਼ੁਭ ਗਲ ਕਹਿਣ ਨੂੰ ਚਤੁਰ ਹੋ ਗਿਆ।

Sri Satguru Jagjit Singh Ji eLlibrary NamdhariElibrary@gmail.com

ਮਹਿ ਬੱਖਯਾਤ[1] ॥ ੧੬ ॥ ਹੁਤੇ ਬਹਾਦਰਸ਼ਾਹ ਸਜਾਦਾ । ਕਰੀ ਚਾਕਰੀ ਤਹਿਂ[2] ਅਹਿਲਾਦਾ । ਗੁਰ ਕਰਿਬੇ ਕੋ ਚਾਹਤਿ ਰਹੈ ।–ਪੂਰਨ ਹੋਹਿ, ਮੋਹ ਕੋ ਦਹੈ[3]–॥੧੭॥ ਪੁਰਿ ਆਨੰਦ ਮਹਿ ਜਲਧਿ ਅਨੰਦ । ਦਸਮੇ ਪਾਤਸ਼ਾਹ ਸੁਖ ਕੰਦ । ਮਹਿਮਾ ਸੁਨੀ ਅਨਿਕ ਕੇ ਪਾਸ । 'ਬ੍ਰਹਮ ਗਯਾਨ ਕੇ ਮਹਾਂ ਪ੍ਰਕਾਸ਼ ॥ ੧੮ ॥ ਸਿਖ ਕੀ ਗਤਿ ਬਾਕਨਿ ਤੇ ਕਰੈਂ।ਅਨਿਕ ਕਲੇਸ਼ਨਿ ਕੋ ਪਰਹਰੈਂ' । ਸੁਜਸੁ ਸੁਨਤਿ ਧਰਿ ਹਰਖ ਬਿਲੰਦ।ਪਹੁੰਚਤਿ ਭਾ ਤਬਿ ਨਗਰ ਅਨੰਦ॥੧੯॥ ਰਿਦੇ ਮਨੋਰਥ ਜਾਤਿ[4] ਉਠਾਵਾ ।–ਗੁਰ ਅੰਤਰਜਾਮੀ ਸਭਿ ਪਾਵਾ[5]।ਰਿਦੈ ਮਨੋਰਥ, ਮੇਰੋ ਜਾਨਹਿਂ । ਕਰੁਨਾ ਕਰਹਿ ਬੁਲਾਵਨ ਠਾਨਹਿਂ ॥ ੨੦ ॥ ਅਪਨੋ ਸਿੱਖ ਪਠਾਇ ਹਕਾਰੈਂ । ਮੋਹਿ ਅਧਮ ਕੋ ਜਗਤ ਉਧਾਰੈਂ–।ਏਵ ਮਨੋਰਥ ਕਰਿ ਤਹਿਂ ਰਹਯੋ। ਹੋਇ ਇਕੰਤ ਬੈਠਿ ਗੁਰ ਚਹਯੋ ॥ ੨੧ ॥ ਕਰਹਿ ਪ੍ਰਤੀਖਨ ਗੁਰ ਕੀ ਦਿਸ਼ਿ ਤੇ ।–ਆਇ ਮਿਲਹਿ ਕੋ, ਦਰਸੌਂ ਜਿਸ ਤੇ। ਗੁਰ ਪੂਰਨ ਕੋ ਖੋਜਤਿ ਰਹਯੋ।ਫਿਰਯੋ ਅਨਿਕ ਥਲ ਕਹੂੰ ਨ ਲਹਯੋ ॥੨੨॥ ਪਤੇ ਹੇਤੁ ਆਨੰਦ ਪੁਰਿ ਬਾਸੇ[6]।ਮੋਹਿ ਬੁਲਾਵਹਿ ਸ਼੍ਰੀ ਗੁਰ ਪਾਸੇ–। ਧਰਹਿ ਧਯਾਨ ਕੋ ਸਿਮਰਹਿ ਨਾਮੁ । ਸੁੰਦਰ ਮੂਰਤਿ ਸ਼੍ਰੀ ਮੁਖ ਧਾਮੁ ॥੨੩॥ਕਿਤਿਕ ਦਿਵਸ ਇਸ ਰੀਤਿ ਬਿਤੀਤੇ । ਭਾਉ ਭਗਤਿ ਬਿਰਧਾਵਤਿ ਚੀਤੇ । ਸਤਿਗੁਰ ਚਰਨ ਪ੍ਰੇਮ ਬਡ ਜਾਗਾ। ਨਿਸ ਬਾਸੁਰ ਇਕ ਸਮ ਅਨੁ-ਰਾਗਾ॥੨੪॥ਸ਼੍ਰੀ ਗੁਰ ਗੋਵਿੰਦ ਸਿੰਘ ਸੁਜਾਨਾ। ਕਰੀ ਪ੍ਰੇਮ ਨੇ ਖੈਂਚ ਮਹਾਨਾ। ਰਹਯੋ ਨ ਗਯੋ ਧੀਰ ਕਰਿ ਗੁਰ ਤੇ। ਜੋ ਸਿਮਰਤਿ ਅਨੁਰਾਗਤਿ ਉਰ ਤੇ[7] ॥ ੨੫ ॥ ਕੀਨਿ ਮੇਵਰੇ ਕੋ ਤਬਿ ਆਇਸੁ । 'ਏਕ ਸਿੱਖ ਥਿਤ ਅਮਕੇ ਥਾਇ ਸੁ । ਤਿਸ ਕੋ ਕਰਹੁ ਹਕਾਰਨਿ ਜਾਇ। ਇਸ ਹੀ ਛਿਨ ਮਹਿ ਆਨਿ ਦਿਖਾਇ' ॥੨੬॥ ਸੁਨਤਿ ਮੇਵਰੋ ਤੂਰਨ ਗਯੋ। 'ਸ਼੍ਰੀ ਗੁਰ ਤੋਹਿ ਬੁਲਾਵਤਿ ਭਯੋ। ਸੋ[8] ਪ੍ਰਸੰਨ, ਅਬਿ ਹੀ ਲਗਿ ਚਰਨੀ। ਕਰਹਿਂ ਉਧਾਰਨ ਰਾਖਹਿਂ ਸ਼ਰਨੀ' ॥ ੨੭ ॥ ਸੁਨਤਿ ਕਾਨ ਮਹਿਂ ਅਨੰਦ ਮਹਾਨ । ਮਨਹੁਂ ਰਾਜ ਲੇ ਸਕਲ ਜਹਾਨ। ਤਤਛਿਨ ਹਰਖਤਿ ਆਵਨ ਕੀਨਾ । ਬੈਠੇ ਸਤਿਗੁਰ ਦਰਸ਼ਨ ਦੀਨਾ ॥ ੨੮ ॥ ਕਮਲ ਪੱਤ੍ਰ ਸੇ ਲਲਿਤ ਬਿਲੋਚਨ। ਜਿਤ ਦਿਸ਼

[1]ਸਭ ਵਿਚ ਬਹੁਤ ਵਧ ਗਿਆ ਪ੍ਰਗਟ ਹੀ । [2]ਤਿਸਦੀ । [3](ਮੇਰੇ) ਮੋਹ ਨੂੰ ਸਾੜ ਦੇਵੇ । [4]ਜਾਂਦਿਆਂ (ਸਾਰ) । [5]ਸਭ ਨੇ ਪਾਇਆ ਭਾਵ ਸਹੀ ਕੀਤਾ ਹੈ । (ਅ) ਗੁਰੂ ਅੰਤਰਯਾਮੀ ਨੇ ਜਾਣ ਲਿਆ । [6]ਪਤੀਆ (ਲੈਣ) ਵਾਸਤੇ ਅਨੰਦਪੁਰ ਆ ਵਸਿਆ ਹਾਂ ( ਮੈਂ ) । [7]ਜੋ ਰਿਦੇ ਕਰਕੇ ਪ੍ਰੇਮ ਨਾਲ ਸਿਮਰਦਾ ਹੈ । [8]ਸੋ (ਗੁਰੂ ਸਾਹਿਬ) ।

ਪਿਖਿ ਕਰਿ ਸੋਚ ਬਿਮੋਚਨਿ। ਪਹੁੰਚ੍ਯੋ ਪਗ ਪੰਕਜ ਲਪਟਾਯੋ। ਬੋਲ੍ਯੋ: 'ਸ਼ਰਨਿ ਪ੍ਰਭੁ ਮੈਂ ਆਯੋ॥੨੯॥ਤ੍ਰਾਹਿ ਤ੍ਰਾਹਿ ਸ੍ਰੀ ਸਤਿਗੁਰ ਦਾਤਾ! ਏਕ ਅਹੋ ਭ੍ਰਮ ਜਮ ਤੇ ਤ੍ਰਾਤਾ[੧]। ਤੀਨ ਲੋਕ ਪਤਿ ਕੇ ਅੰਵਤਾਰਾ। ਸੁਨਤਿ ਸੁਜਸੁ ਆਯੋ ਦਰਬਾਰਾ॥੩੦॥ ਕੋਟ ਜਨਮ ਭ੍ਰਮਤਿ ਅਬਿ ਹਾਰੇ। ਪਰ੍ਯੋ ਸ਼ਰਨਿ ਰਖਿ ਰਾਖਨ ਹਾਰੇ'। ਸੁਨਿ ਬਿਨਤੀ ਗਿਨਤੀ ਤਜਿ ਔਰ। ਭੇ ਪ੍ਰਸੰਨ ਸੋਢੀ ਸਿਰਮੌਰ॥੩੧॥ ਕ੍ਰਿਪਾਦ੍ਰਿਸ਼ਟਿ ਸੋਂ ਦੇਖਨਿ ਕਰ੍ਯੋ। ਭ੍ਰਮ ਅੱਗ੍ਯਾਨ ਸੁ ਤਿਸ ਪਰਹਰ੍ਯੋ। ਮੋਹ ਮਹਾਨ ਨੀਂਦ ਮਹਿਂ ਸੋਵਾ। ਜਾਗਤਿ ਭਯੋ ਗੁਰੂ ਰਵਿ ਜੋਵਾ॥੩੨॥ਹਾਥ ਜੋਰਿ ਬੋਲ੍ਯੋ ਤਿਸਕਾਲਾ'ਨਾਨਕ ਨਦਰੀ ਨਦਰਿ ਨਿਹਾਲ'[੨]। ਕ੍ਰਿਪਾ ਪਾਇ ਇਮ ਸਤਿਗੁਰ ਕੇਰੀ। ਰਹ੍ਯੋ ਨਿਕਟ ਮਨ ਪ੍ਰੀਤਿ ਘਨੇਰੀ॥੩੩॥ ਤਾਉ ਕਸੌਟੀ ਬਿਨ, ਮਲ ਖੋਵਾ[੩]। ਬਾਰਹਿ ਬੰਨੀ[੪] ਕੰਚਨ ਹੋਵਾ। ਬੈਠਿ ਸਭਾ ਮਹਿ ਸਤਿਗੁਰ ਆਗੇ। ਮਹਿਮਾ ਕਰਹਿ ਗੁਰਨਿ ਅਨੁਰਾਗੇ॥੩੪॥ ਬੀਚ ਫਾਰਸੀ ਬੈਂਤ ਬਨਾਵੈ। ਰੁਚਿਰ ਬਾਕ ਕਹਿ ਗੁਰੂ ਰਿਝਾਵੈ। ਬਹੁ ਚਤੁਰਾਈ ਗੁਨ ਗਨ ਸਾਥ। ਸੇਵਕ ਨਿਤਪ੍ਰਤਿ ਸ੍ਰੀ ਗੁਰ ਨਾਥ॥੩੫॥ ਕੇਤਿਕ ਦਿਵਸ ਬਾਸ ਕਰਿ ਪਾਸ। ਬਿਦਾ ਹੋਇ ਪੁਨ ਗਯੋ ਅਵਾਸ। ਸਦਾ ਧ੍ਯਾਨ ਸਤਿਗੁਰ ਕੋ ਧਾਰੇ। ਬੈਠਤਿ ਊਠਤਿ ਨਾਮ ਸੰਭਾਰੇ॥੩੬॥ ਗੁਰ ਕਰਿ ਕੈ[੫] ਦਸਮੇ ਪਤਿਸਾਹਾ। ਸਿੱਖੀ ਮਗ ਮਹਿ ਮਹਾਂ ਉਮਾਹਾ। ਸ਼ਹਿਜ਼ਾਦੇ ਕੇ ਨਿਕਟ ਰਹੰਤਾ। ਸੁਮਤਿਵੰਤ ਜਿਮ ਸੰਤ ਮਹੰਤਾ॥੩੭॥ ਰਹਤਿ ਬਹਾਦਰ ਸ਼ਾਹ* ਨਜੀਕਾ। ਤਿਸਹਿ ਬਤਾਵਹਿ ਮਾਰਗ ਨੀਕਾ। ਮਤਿਵੰਤਨ ਮਹਿ ਗਿਨੀਅਹਿ ਸਾਰੇ। ਨਿਪੁਨ ਪਾਰਸੀ ਇਲਮ ਮਝਾਰੇ॥੩੮॥ ਔਰੰਗ ਕੋ ਪ੍ਰਤਾਪ ਬਡ ਬਾਢਾ। ਦੁਸ਼ਟ ਬਿਸਾਲ ਸ਼ਰਾ ਮਹਿਂ ਗਾਢਾ। ਹਿੰਦੁਨਿ ਕੋ ਦੋਖੀ ਮਤਿ ਮੂਢਾ। ਸਭਿ ਸੰਤਨਿ ਸੋਂ ਬਾਦੀ ਗੂਢਾ॥੩੯॥ ਤੁਰਕ ਤੇਜ ਕੀ ਜਰਾਂ ਉਖਾਰਨਿ। ਰਾਜ ਪ੍ਰਤਾਪ ਬਿਨਾਸ਼ਨਿ ਕਾਰਨ। ਯਾਂਤੇ ਪ੍ਰਭੁ ਕੀਨੋ ਸੁਲਤਾਨ[੬]। ਕਰਤਾ ਅਪਨ ਆਪ ਕੋ ਹਾਨ॥੪੦॥ ਜਿਮ ਰਾਵਨ ਮੁਨਿ-ਦੋਖੀ ਹੋਵਾ[੭]। ਰਾਜ ਰਾਖਸ਼ਨ ਘਰ ਤੇ ਖੋਵਾ। ਕਰੀ ਅਵੱਗ੍ਯਾ ਰਘੁਬਰ ਕੇ

[੧]ਰੱਖਜਕ। [੨]ਹੇ ਨਦਰੀ (ਗੁਰੋ!) ਆਪ ਜੀ ਨਦਰ ਨਾਲ ਮੈਂ ਨਿਹਾਲ ਹੋਇਆ ਹਾਂ। [੩]ਕਸੌਟੀ ਦੇ ਤਾਉ ਬਿਨਾ ਹੀ ਮਲ ਨਾਸ਼ ਹੋ ਗਈ। [੪]ਬਾਰਾਂ ਬੰਨੀਆਂ ਦਾ। [੫]ਧਾਰਕੇ। [੬]ਪਰਮੇਸ਼ਰ ਨੇ ਬਾਦਸ਼ਾਹ ਬਣਾਇਆ। [੭]ਮੁਨੀਆਂ ਦਾ ਦੋਖੀ।

*ਇਸ ਦਾ ਨਾਮ ਤਦੋਂ ਸ਼ਾਹਜ਼ਾਦੀ ਮੁਅੱਜ਼ਮ ਸੀ, ਬਹਾਦਰਸ਼ਾਹ ਲਕਬ ਪਾਤਸ਼ਾਹ ਬਣਨ ਵੇਲੇ ਧਾਰਨ ਕੀਤਾ।

ਕੇਰੀ । ਸਭਿ ਬਿਧਿ ਕੀਨਿ ਹਾਨਿ ਤਿਸ ਬੇਰੀ॥੪੧॥ ਕਰੀ ਅਵੱਗਜਾ ਤਿਮ ਸਤਿਗੁਰ ਕੀ । ਕੋ ਕੋ ਕੁਮਤਿ ਕਹੈਂ ਤਿਸ ਉਰ ਕੀ । ਤਿਮ ਸਤਿਗੁਰ ਦਸਮੇ ਪਤਿਸ਼ਾਹਾ । ਕਰਨੇ ਬਿਨਾਸ਼ਨ ਸਭਿ ਬਿਧ ਤਾਂਹਾ[1] ॥ ੪੨ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਨੰਦਲਾਲ ਪ੍ਰਸੰਗ' ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥੨੪॥

## ੨੫. [ਭਾਈ ਨੰਦ ਲਾਲ ਜੀ ਮਾਇਨੇ ਦੱਸੇ]।

ਦੋਹਰਾ ॥ ਅਨਿਕ ਮੁਲਾਨੇ ਫਿਰ ਰਹਹਿਂ ਔਰੰਗ ਤੇ ਧਨ ਪਾਇ । ਕਰਤਿ ਕੁਰਾਨਹਿਂ ਮਾਯਨੇ ਜਸ ਜਿਸ ਕੀ ਮਤਿ ਆਇ[2] ॥ ੧ ॥ ਚੌਪਈ ॥ ਖਾਸ ਕਚਹਿਰੀ ਲਾਗਹਿ ਜਹਾਂ । ਹੁਤੋ ਦਰੋਗ਼ਾ ਪ੍ਰੇਮੀ ਤਹਾਂ । ਨੰਦਲਾਲ ਸੰਗ ਰਾਖਤਿ ਪ੍ਰੀਤਿ।ਮਿਲਿ ਮਸਲੇ ਕੋ ਕਰਤਾ ਨੀਤਿ॥੨॥ਸ਼ੌਕ ਖੁਦਾਇ ਮਿਲਨਿ ਕੋ ਧਰੈ।ਤਿਸੁ ਵਿਧਿ ਕੀ ਬਾਤੈਂ ਬਹੁ ਕਰੈ । ਬੂਝਤਿ ਨੰਦਲਾਲ ਕੇ ਸੰਗਾ । ਇਹ ਭਾਖਹਿ ਜਸੁ ਗੁਰੂ ਉਤੰਗਾ[3]॥੩॥ ਏਕ ਮਾਯਨਾ ਅਰਜੋ ਨ*ਹੋਇ[4] । ਨਉਰੰਗ ਬੂਝਤਿ ਸਭਿ ਕੋ ਸੋਇ । ਜਿਤਿਕ ਮੁਲਾਨੇ ਸੁਮਤਿ ਕਹਾਵੈਂ । ਸਭਿਹਿਨਿ ਕੋ ਸੋ ਸੁਨੈ† ਬੁਲਾਵੈ ॥ ੪ ॥ ਨਹੀਂ ਤਸੱਲਾ ਕਿਸ ਤੇ ਹੋਈ । ਮਤਿ ਅਨੁਸਾਰ ਕਹੈ ਸਭਿ ਕੋਈ । ਫਿਕਰਵੰਦ ਨੌਰੰਗ ਬਹੁ ਰਹੈ । 'ਕਰੋ ਮਾਯਨਾ' ਸਭਿ ਸੋਂ ਕਹੈ ॥ ੫ ॥ ਅਨਿਕ ਇਲਮ ਕੇ ਆਲਮ‡ ਜਾਵੈਂ । ਕਰਹਿ ਬਿਚਾਰਨਿ ਭਾਖਿ ਸੁਨਾਵੈਂ । ਤਊ ਨ ਕਿਸ ਤੇ ਆਯੋ ਸੋਇ । ਕਰਿ ਬੁਧਿ ਹਾਰਿ ਰਹੇ ਸਭਿ ਕੋਇ ॥੬॥ ਗਯੋ ਪਦਰ ਢਿਗ[5] ਇਕ ਦਿਨ ਮਾਂਹੂ। ਬੈਠਯੋ ਜਾਇ ਬਹਾਦਰਸ਼ਾਹੂ । ਬਹੁਤ ਮੁਲਾਨੇ ਬੈਠੇ ਤੀਰ । ਕਹਨਿ ਕਰੈਂ ਨਿਜ ਨਿਜ ਤਤਬੀਰ[6] ॥੭॥ ਕਿਸ ਕੋ ਕਹਯੋ ਨ ਖਾਤਰ ਲਯਾਵੈ[7] । 'ਨਹੀਂ ਮਾਯਨਾ ਇਹ ਬਨਿ ਆਵੈ' । ਦੀਦਸ਼ ਚਸ਼ਮ ਤਬੈ ਫਰਜ਼ੰਦ[8] । 'ਅਰਜੋ ਮਾਯਨਾ ਏਹੁ ਬਿਲੰਦ ॥ ੮ ॥ ਕਰਹੁ ਸ਼ਜ਼ਾਦਾ ਤੁਮ ਮਤਿ ਪਾਵਹੁ[9] । ਕਰਿ ਸਾਬਤ ਮਖਸੂਦ ਸੁਨਾਵਹੁ[10]।ਇਲਮ ਅਕਲ ਮਹਿਂ ਬਡੋ ਕਹਾਵੈਂ । ਤਬਿ

---

[1]ਤਿਸ ਦਾ । [2]ਜੈਸਾ ਜਿਸ ਦੀ ਬੁੱਧੀ ਵਿਚ ਆਂਵਦਾ ਹੈ । [3]ਗੁਰੂ ਜੀ ਦਾ ਸ੍ਰੇਸ਼ਟ (ਜਸ)। [4](ਔਰੰਗਜ਼ੇਬ ਦੀ ਕਚਹਿਰੀ ਵਿਚ ਕਿਸੇ ਇਕ ਮੁਸ਼ਕਲ ਸ਼ੈ ਦਾ) ਅਰਥ ਅੜਿਆ ਹੋਇਆ ਸੀ, (ਹੱਲ) ਨਹੀਂ ਸੀ ਹੁੰਦਾ । [5]ਬਾਪ ਪਾਸ । [6]ਗ਼ੌਰ ਕੀਤੀ ਹੋਈ ਗਲ । [7]ਕਿਸੇ ਦਾ ਕਹਿਆ ਦਿਲ ਵਿਚ ਨਾ ਲਿਆਵੇ ਭਾਵ ਪਸੰਦ ਨਾਂ ਕਰੇ (ਤੇ ਆਖੇ:-) । [8]ਉਸ ਨੇ ਤਦ ਅੱਖ ( ਉਠਾ ਕੇ) ਪੁੱਤ੍ਰ ਵੱਲ ਤੱਕਿਆ । [9](ਤੂੰ ਅਰਥ) ਕਰ ਜੋ ਤੇਰੀ ਮਤਿ ਵਿਚ ਪ੍ਰਾਪਤ ਹੁੰਦਾ ਹੈ, ਭਾਵ ਜੋ ਤੂੰ ਸਮਝਦਾ ਹੈਂ । [10]ਜੋ (ਠੀਕ) ਮੁਰਾਦ ਹੈ ਉਹ ਸਾਬਤ (ਬੀ) ਕਰਕੇ ਦੱਸੇ [ਅ:, ਮਕ਼ਸੂਦ=ਮੁਰਾਦ]।

*ਪਾ:-ਸੁ । †ਪਾ:-ਲੇ ਕੋਲ । ‡ਪਾ:-ਆਮਲ ।

Sri Satguru Jagjit Singh Ji eLlibrary NamdhariElibrary@gmail.com

ਜਾਨੌ ਮੈਂ ਇਸੇ ਬਤਾਵੌਂ' ॥੯॥ ਸੁਨਤਿ ਫਿਕਰ ਸ਼ਹਜ਼ਾਦੇ ਕੀਆ। ਅਕਲ ਬਿਖੈ ਕੁਛ ਸਮਝ ਨ ਲੀਆ[1]। ਪਦਰ ਅਗਾਰੀ ਅਰਜ਼ ਗੁਜ਼ਾਰੀ। 'ਆਇ ਸਿਪਹਿਰੀ ਕਰੌਂ ਉਚਾਰੀ[2]'॥੧੦॥ਆਯੋ ਸਦਨ ਬਹਾਦਰਸ਼ਾਹੂ। ਨੰਦਲਾਲ ਬੈਠਯੋ ਤਬਿ ਪਾਹੂ। ਰਿਦਾ ਫਿਕਰ ਮਹਿਂ ਬਹੁ ਗ਼ਲਤਾਨੇ। ਪਿਖ ਤਿਨ ਚਖ਼ ਸੈਂ*ਸੁਨਤਿ ਨ ਕਾਨੇ॥੧੧॥ਮੁਖ ਤੇ ਕਹੈ ਨ ਕਿਹ ਸੰਗ ਬਾਤੀ।ਅੰਗਅਡੋਲ ਦੇਖਿ ਇਸ ਭਾਂਤੀ। ਨੰਦਲਾਲ ਬੁਧਿਵੰਤ ਪਰੇਖਾ।–ਇਸ ਕੇ ਉਰ ਕੋ ਫਿਕਰ ਵਿਸ਼ੇਖਾ–॥੧੨॥ ਬੂਝਨਿ ਕੀਨਸਿ 'ਕਸ ਮਨ ਚਿੰਤਾ? ਕੋ ਕਾਰਜ ਬਿਗਰਯੋ ਹਿਤਵੰਤਾ[3]।ਕਹਾਂ ਪਦਰ[4] ਨੇ ਤੁਮਹਿਂ ਸੁਨਾਯਹੁ। ਕਾਰਜ ਕਠਨ ਕਹਾਂ ਫੁਰਮਾਯੋ? ॥੧੩॥ ਜੋ ਤੁਝ ਤੇ ਹਇ ਆਵਤਿ ਨਾਂਹੀ। ਬੈਠਯੋ ਮਹਾਂ ਫਿਕਰ ਕੇ ਮਾਂਹੀ'। ਨੰਦਲਾਲ ਦਾਨਸ਼ਵੰਦ ਮਹਾਂ। ਲਖਿਤਿ ਸ਼ਜ਼ਾਦੇ ਸੋ ਤਬਿ ਕਹਾ[5]॥੧੪॥ 'ਸੁਨਹੁ ਮੀਰ ਮੁਨਸ਼ੀ! ਮੈਂ ਗਯੋ। ਪਦਰ ਹਜ਼ੂਰ ਬੈਠਤੋ ਭਯੋ। ਨਹੀਂ ਮਾਯਨਾ ਕਿਸ ਤੇ ਆਯੋ।ਬਹੁ ਦਿਨ ਤੇ ਸਭਿਹੂੰਨਿ ਸੁਨਾਯੋ॥ ੧੫ ॥ ਮੋ ਸੰਗ ਕਹਯੋ ਕਿ ਇਹ ਤੁਮ ਕਰੋ। ਇਲਮ ਅਕਲ ਕੋ ਜੋ ਬਹੁ ਧਰੋ। ਕਰਿ ਤਕਰਾਰ ਸਿਪਹਿਰੀ ਕੇਰਾ[6]। ਮੈਂ ਆਯੋ, ਉਰ ਫਿਕਰ ਬਡੇਰਾ' ॥੧੬॥ਜਬਿ ਸ਼ਹਿਜ਼ਾਦੇ ਭਾਖਯੋ ਸੋਈ। ਨੰਦਲਾਲ ਚਿਤਵਤਿ ਚਿਤ ਹੋਈ। ਤਤਛਿਨ ਕਰਯੋ ਮਾਯਨਾ ਨੀਕੋ। ਆਵਤਿ ਜੋ ਨ ਰਿਦੇ ਕਿਸਹੀ ਕੋ॥੧੭॥ ਸੁਨਕਰਿ ਬਹੁਤ ਅਨੰਦਤਿ ਹੋਵਾ।ਅਤਿ ਦਾਨਸ਼ਵੰਦ ਸਭਿ ਤੇ ਜੋਵਾ।ਕਰੀ ਸਰਫਰਾਜ਼ੀ[7] ਤਿਸ ਕਾਲਾ। ਖੁਸ਼ ਹ੍ਵੈ ਦੀਨਸਿ ਖਿਲਤ[8] ਬਿਸਾਲਾ ॥ ੧੮ ॥ ਭਈ ਸਿਪਹਿਰੀ ਗਯੋ ਸ਼ਜ਼ਾਦਾ। ਬੈਠਯੋ ਜਾਇ ਮਹਿਦ ਅਹਿਲਾਦਾ।ਪਦਰ ਮੁਲਾਨੇ ਅਨਿਕ ਮਝਾਰ। ਬੈਠੇ ਕਰਤਿ ਉਚਾਰ ਬਿਚਾਰ ॥ ੧੯ ॥ ਸੁਨਯੋ ਮਾਯਨਾ ਇਨਹੁ ਬਖਾਨਾ[9]।ਤੌ ਨੌਰੰਗ ਮਨ ਮਹਿਂ ਬਿਸਮਾਨਾ।–ਇਸ ਮਹਿ ਅਕਲ ਨ ਏਤੀ ਅਹੈ। ਜਥਾ ਬਨਾਇ ਬਦਨ ਤੇ ਕਹੈ॥੨੦॥ਦਾਨਸ਼ਵੰਦ ਜਿਤਿਕ ਸੋ ਜਾਨੌਂ[10]।ਇਤੀ ਸਮਝ ਇਸ ਮੈਂ ਨ ਪਛਾਨੋਂ–। ਇਮ ਬਿਚਾਰਿ

---

[1]ਸਮਝ ਨਾਂ ਆਇਆ। [2]ਤੀਜੇ ਪਹਿਰ ਆਕੇ ਦੱਸਾਂਗਾ। [3]ਹਿਤ ਵਾਲਾ ਕੰਮ। [4]ਬਾਪ। [5]ਸ਼ਜ਼ਾਦੇ ਨੇ ਭਾਈ ਨੰਦ ਲਾਲ ਜੀ ਨੂੰ ਬਹੁਤ ਸਿਆਣਾ ਜਾਣਕੇ ਤਦੋਂ ਸੋ (=ਉਹ ਗਲ) ਕਹੀ। [6]ਇਕ-ਰਾਰ ਤੀਜੇ ਪਹਿਰ ਦਾ ਕਰਕੇ। [7]ਵਡਿਆਈ, ਇਜ਼ਤ ਵਧਾਉਣੀ [ ਫ਼ਾ:, ਸਰਫ਼ਰਾਜ਼ੀ=ਰੁਤਬਾ ਵਧਣਾ]। [8]ਸਿਰੋਪਾ,ਖਿਲਅੰਤ। [9]ਇਸ ਦਾ ਕਿਹਾ ਅਰਥ ਜਦ(ਔਰੰਗੇ ਨੇ)ਸੁਣਿਆਂ। [10]ਜਿਤਨਾ ਕੁ (ਇਹ) ਬੁੱਧੀਵਾਨ ਹੈ (ਮੈਂ) ਜਾਣਦਾ ਹਾਂ [ਫ਼ਾ:, ਦਾਨਸ਼ਮੰਦ]। *ਪਾ:–ਚਸ਼ਮੇ।

Sri Satguru Jagjit Singh Ji eLlibrary NamdhariElibrary@gmail.com

ਨੌਰੰਗ ਨੇ ਕਹਯੋ। 'ਇਹ ਅਪਨੀ ਬੁਧਿ ਤੇ ਕਰਿ ਲਹਯੋ ? ॥੨੧॥ ਕਿਧੌਂ ਅਪਰ ਨੇ ਤੋਹਿ ਬਤਾਵਾ। ਠੀਕ ਮਾਯਨਾ ਨੀਕ ਅਲਾਵਾ'। ਕਹਯੋ ਸ਼ਜ਼ਾਦੇ 'ਮੈਂ ਨਹਿ ਚੀਨਾ। ਮੋਹਿ ਨਿਕਟ ਇਕ ਰਹਤਿ ਪ੍ਰਬੀਨਾ ॥੨੨॥ ਅਹੈ ਮੀਰ ਮੁਨਸ਼ੀ ਦਾਨਾਇ।ਤਾਂਹਿ ਮਾਯਨਾ ਦਿਯੋ ਬਤਾਇ'।ਸੁਨਤਿ ਸ਼ਾਹੁ ਮਨ ਮਹਿਂ ਹਰਖਾਵਾ। ਸੰਗ ਸ਼ਜ਼ਾਦੇ ਬਾਕ ਅਲਾਵਾ॥੨੩॥'ਨਿਕਟ ਹਕਾਰਿ ਦਿਖਾਵਹੁ ਮੋਹੀ। ਅਕਲ ਕਮਾਲ ਰਿਦੇ ਮੋਂ ਹੋਹੀ'। ਨੰਦਲਾਲ ਕੋ ਲੀਨਿ ਬੁਲਾਈ। ਲਖਿ ਹਿੰਦੂ ਕੌ ਸ਼ਿਦਤ[1]ਉਠਾਈ॥੨੪॥ਕਰਿ ਸਲਾਮ ਇਹੁ[2] ਠਾਂਢੋ ਰਹਯੋ। 'ਸਦਾ ਆਫਰੀ'[3]ਹਜ਼ਰਤ ਕਹਯੋ[4]। ਪੁਨ ਡੇਰੇ ਕੋ ਚਲਿ ਕਰਿ ਆਯੋ।ਸੰਗ ਸ਼ਜ਼ਾਦੇ ਸ਼ਾਹੁ ਅਲਾਯੋ ॥੨੫॥ 'ਇਹ ਤੋ ਹਿੰਦੂ ਹੈ ਮਤਿਵੰਦਾ।ਹੈ ਅਨੀਤਿ, ਮੁਝ ਨਹੀਂ ਸੁਹੰਦਾ। ਦੀਨ ਬਿਖੈ ਇਸ ਕੌ ਲੇ ਆਵਹੁ। ਜਨੌਂ ਕਨੌਂ ਕਰਿ ਨੀਕੇ ਸਮੁਝਾਵਹੁ ॥ ੨੬ ॥ ਅਸ ਨਰ ਦੀਨ ਬਿਖੈ ਜਬਿ ਹੋਇ। ਚਲੈ ਸ਼ਰ੍ਹਾ ਮਹਿ ਸਭਿ ਹੀ ਕੋਇ। ਹਿੰਦੁਨਿ ਮਹਿਂ ਮਤਿਵੰਤ ਨ ਚਹੀਅਹਿ। ਕਰਹਿ ਧਰਮ ਦ੍ਰਿਢ ਤਿਨ ਕੋ, ਲਹੀਅਹਿ[5] ॥ ੨੭ ॥ ਤੁਰਕ ਦੀਨ ਮੈਂ ਜਬਿ ਅਸ ਆਵੈ। ਨੀਕੇ ਬਿਧਿ ਕਰਿ ਸ਼ਰ੍ਹਾ ਬਧਾਵੈ'। ਏਵ ਸ਼ਜ਼ਾਦੇ ਕੋ ਸਮੁਝਾਇ। 'ਜਨੌਂ ਕਨੌਂ ਦੀਨ ਬਿਖੈ ਇਸ ਲਯਾਇ' ॥ ੨੮ ॥ ਗਯੋ ਬਹਾਦਰ ਸ਼ਾਹ ਨਿਕੇਤੁ। ਬੋਲਿ ਲਿਯੋ[6] ਨੰਦਲਾਲ ਸਹੇਤ[7]। ਕਹੀ ਪਦਰ ਕੀ ਸਕਲ ਬਤਾਈ। 'ਭਈ ਬਿਪਰਜੈ ਮਹਾਂ ਬਡਾਈ ॥ ੨੯ ॥ ਕਹਯੋ-ਤੁਰਕ ਇਸ ਲੇਹੁ ਬਨਾਇ-। ਅਪਰ ਬਿਧਿਨਿ ਤੇ ਬਹੁ ਸਮੁਝਾਇ।ਮੇਰੋ ਜ਼ੋਰ ਔਰ ਨਹਿਂ ਕੋਊ। ਸੁਧਿ ਕਰਿ ਦੀਨਿ ਪਾਸ ਤਵ ਜੋਊ ॥ ੩੦ ॥ ਰਹਿਬੋ ਇਹਾਂ, ਪਲਾਇਨ ਕਰਿਬੋ। ਤੁਵ ਅਧੀਨ ਹੈ ਜਿਮ ਉਰ ਧਰਿਬੋ। ਮਿੱਤ੍ਰ ਜਾਨਿ ਮੈਂ ਦਯੋ ਬਤਾਇ। ਅਪਰ ਨ ਮੋ ਤੇ ਕਛੁ ਕਿਯ ਜਾਇ' ॥ ੩੧ ॥ ਸੁਨਿ ਨੰਦ ਲਾਲ ਸਲਾਮੀ ਭਯੋ[8]।ਮਿਲਯੋ ਦਰੋਗ਼ੋ ਸੋਂ ਹਿਤ ਕਿਯੋ।ਕਹਯੋ ਤਾਂਹਿ ਸੋਂ 'ਮੈਂ ਅਬਿ ਜਾਊਂ। ਗੁਰ ਬਿਨ ਓਟ ਅਪਰ ਨਹਿਂ ਪਾਊਂ ॥੩੨॥ਨਾਂਹਿ ਤ ਬਾਦੀ ਸ਼ਾਹੁ ਬਿਸਾਲਾ। ਸੁਨਹਿ ਗਹਾਇ ਲੇਹਿ ਤਤਕਾਲਾ। ਗੁਰ ਬਿਹੀਨ ਰਾਖਾ ਨਹਿਂ ਦੂਆ। ਜਿਸ ਕੀ ਸ਼ਰਨ ਪਰਯੋ, ਸਿਖ ਹੂਆ ॥ ੩੩ ॥ ਦੁਹੂੰ ਲੋਕ ਤੇ ਮੋਹਿ

---

[1]ਜ਼ਿਦ [ਅ:, ਸ਼ਿੱਦਤ=ਸਖ਼ਤੀ। ਪੰ:,ਜ਼ਿਦ]। [2]ਨੰਦ ਲਾਲ। [3]ਸੌ ਵੇਰ ਸ਼ਾਬਾਸ਼ ਹੈ। [4]ਪਾਤਸ਼ਾਹ ਨੇ ਕਿਹਾ। [5]ਤਿਨ੍ਹਾਂ ਦਾ ਧਰਮ ਪੱਕਾ ਕਰੇਗਾ ਇਹ ਜਾਣ। [6]ਬੁਲਾ ਲਿਆ। [7]ਪ੍ਰੇਮ ਨਾਲ। [8]ਸਲਾਮ ਕਰਨ ਵਾਲਾ ਹੋਇਆ ਭਾਵ ਵਿਦਾ ਹੋ ਗਿਆ।

ਬਚਾਵੈਂ । ਬਿਘਨ ਅਨੇਕ ਛੁਵਨਿ ਨਹਿਂ ਪਾਵੈਂ । ਹੁਤੋ ਮਹਾਂ ਮੇਲੀ ਤੂੰ ਮੇਰਾ। ਜਾਤਿ[1] ਮਿਲਨੋ ਕਰਿ ਪ੍ਰੇਮ ਘਨੇਰਾ'॥੩੪॥ਸੁਨਤਿ ਦਰੋਗਾ ਬਹੁ ਪਛੁਤਾਵਾ। ਕਹੈ 'ਮੋਹਿ ਲਿਹੁ ਸੰਗ ਰਲਾਵਾ । ਤੁਵ ਕਰੁਨਾ ਤੇ ਮਨ ਸੁਧ ਮੋਹੀ । ਤੁਵ ਕਰੁਨਾ ਤੇ ਸਭਿ ਸੁਖ ਹੋਹੀ ॥੩੫॥ ਅਪਨੋ ਮੁਰਸ਼ਿਦ ਤੋਹਿ ਪਛਾਨੋਂ। ਦਿਨ ਪ੍ਰਤਿ ਚਿਤ ਬਿਕਾਰ ਤੇ ਹਾਨੋਂ । ਨਿਤ ਖ਼ੁਦਾਇ ਕੋ ਸਿਮਰਨ ਕਰਤਾ।ਅੰਤ ਸਹਾਇਕ ਹੋਹਿ[2], ਬਿਚਰਤਾ[3] ॥ ੩੬ ॥ ਨਿਜ ਗੁਰ ਸੰਗ ਮਿਲਾਵੋ ਮੋਹਿ । ਜਨਮ ਸਫਲ ਜਿਸ ਤੇ ਸਭਿ ਹੋਹਿ। ਮੈਂ ਨ ਰਹੌਂ ਇਸ ਪਾਪੀ ਪਾਸ ।ਪਰੀ ਸ਼ਰ੍ਹਾ ਗਰ ਜਿਸ ਕੇ ਫਾਸ ॥੩੭॥ ਲਗਨ ਬਿਸਾਲ ਅਗਾਰੀ ਮੋਰੈ[4] । ਅਰਪੌਂ ਤਨ ਮਨ ਗੁਰੂ ਅਗੋਰੇ । ਅਬਹਿ ਅਚਾਨਕ ਬਿਧਿ ਬਨਿ ਆਈ।ਤੋਹਿ ਸੰਗ ਹੁਇ ਮਿਲਿਨਿ ਤਹਾਂਈ' ॥੩੮॥ ਇਮ ਕਹਿ ਭਯੋ ਦਰੋਗ਼ਾ ਤਯਾਰ । ਹਿਤ ਕਰਿ ਪਹੁੰਚਨਿ ਗੁਰ ਦਰਬਾਰ।ਸੱਯਦ ਹੁਤੋ ਪ੍ਰੇਮ ਰੰਗ ਰਾਤਾ।ਮਗ ਖ਼ੁਦਾਇ ਕੇ ਮਿਲਿਬੇ ਜਾਤਾ[5] ॥ ੩੯ ॥ ਦਲ ਛੋਰਤਿ ਹੀ ਨਿਕਸੇ ਦੋਈ । ਸਤਿਗੁਰ ਦਰਸ਼ਨ ਚਿਤਵਤਿ ਸੋਈ ।—ਕਬਹਿ ਮਿਲਹਿਂ ਹਮ ਹੋਹਿਂ ਨਿਹਾਲੂ । ਬੈਠਿ ਸਮੀਪੀ ਮੋਦ ਬਿਸਾਲੂ— ॥੪੦ ॥ ਮਗਿ ਮਹਿਂ ਸਤਿਗੁਰ ਕੇ ਗੁਨ ਕਹਿਤੇ । ਆਵਤਿ ਚਲੇ ਮਿਲਨਿ ਕੋ ਚਹਿਤੇ।ਜਾਗੇ ਜਿਨਕੇ ਭਾਗ ਬਿਲੰਦੇ।ਪਹੁੰਚਤਿ ਭੇ ਜਹਿਂ ਨਗਰ ਅਨੰਦੈ[6] ॥ ੪੧ ॥ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਨੰਦ ਲਾਲ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ॥ ੨੫ ॥

## ੨੬. [ਭਾਈ ਨੰਦਲਾਲ ਗੁਰੂ ਜੀ ਦੇ ਹਜ਼ੂਰ]।

ਦੋਹਰਾ॥ਆਇ ਮਿਲੇ ਸ੍ਰੀ ਗੁਰ ਨਿਕਟ,ਦੇਖਯੋ ਪ੍ਰੇਮ ਬਿਸਾਲ।ਪਰੇ ਚਰਨਕਰ ਜੋਰਿ ਕਰਿ ਲਖੇ ਸੁ ਪ੍ਰਭੁ ਕ੍ਰਿਪਾਲ॥੧॥ਦੋਹਰਾ॥ਨੰਦਲਾਲ ਨੇ ਭੇਟ ਚੜ੍ਹਾਈ। ਬੀਚ ਫਾਰਸੀ ਬੈਤ ਬਨਾਈ[7]।ਸਤਿਗੁਰ ਸਿਫਤ ਬ੍ਰਹਮ ਕੋ ਗਯਾਨਾ।ਜੁਗਤਿ ਉਕਤਿ ਬਹੁ ਰੀਤਿ ਬਖਾਨ॥੨। ਮੁਸਕਾਵਤਿ ਦਸਮੇ ਪਤਿਸ਼ਾਹੂ।ਕ੍ਰਿਪਾ ਕਰ-ਤਿ ਬੂਝਤਿਭੇਤਾਹੂ।'ਆਨਨੋਂ ਕਹਾਂ ਸੁਨਾਵਹੁ ਪਯਾਰੇ।ਕਯਾ ਇਸ ਪੋਥੀ ਬੀਚ ਉਚਾਰੇ'॥੩॥ਕਿਤਿਕ ਬੈਤਨੰਦਲਾਲ ਸੁਨਾਈ।ਕਰੇ ਮਾਯਨੇ ਨੀਕਬਨਾਈ। 'ਕਰਯੋ ਬੰਦਗੀਨਾਮਾ ਮੋਹਿ । ਮਹਿਮਾ ਗਿਰ ਤੇ ਕਨ ਸਮ ਹੋਹਿ[8] ॥੪॥ਅਹੋ

[1]ਜਾਂਦਿਆਂ ਹੋਇਆਂ। [2]ਤੁਸੀਂ ਹੋਵੋਗੇ। [3]ਵਿਚਾਰਦਾ ਹਾਂ। [4]ਪਹਿਲੋਂ ਹੀ (ਗੁਰੂ ਚਰਨਾਂ ਦੀ) ਲਗਨ ਮੈਨੂੰ ਲੱਗੀ ਹੋਈ ਸੀ। [5]ਖੁਦਾ ਦੇ ਮਿਲਨ ਦੇ ਰਸਤੇ ਤੁਰਨ ਵਾਲਾ ਸੀ। (ਅ) ਖ਼ੁਦਾ ਦੇ ਰਸਤੇ ਤੁਰ ਪਿਆ। [6]ਅਨੰਦ ਪੁਰ। [7]ਭਾਵ ਜ਼ਿੰਦਗੀ ਨਾਮੇ ਤੋਂ ਹੈ। [8](ਇਸ ਵਿੱਚ) ਆਪਦੀ ਮਹਿਮਾਂ ਪਹਾੜ ਵਿੱਚੋਂ (ਇੱਕ) ਕਿਣਕਾ (ਵਰਣਨ ਕਰਨ) ਤੁੱਲ (ਵਰਣਨ) ਹੁੰਦੀ ਹੈ।

Sri Satguru Jagjit Singh Ji eLlibrary NamdhariElibrary@gmail.com

ਜਥਾ ਮਤਿ ਤਥਾ ਬਨਾਈ।ਕਰਿਬੇ ਹਿਤ ਬਾਨੀ ਸਫਲਾਈ[1]। ਗੁਨ ਸਮੁੰਦ੍ਰ ਕੋ ਲਖੈ ਤੁਮਾਰੇ ? ਜਲ ਪਰੰਤੁ ਲੇ ਕਾਜੁ ਸੁਧਾਰੇ[2] ॥੫॥ ਕਰਹਿ ਸ਼ਨਾਨ ਆਦਿ, ਮਲ ਹਰੇ[3]। ਲਹੈ ਨ ਪਾਰ, ਜਥਾਮਤਿ ਰਰੇ[4]। ਦੀਨ ਬੰਧੁ ਨਿਜ ਬਿਰਦ ਸੰਭਾਰਹੁ। ਹਮ ਸੇ ਅਧਮ ਜੀਵ ਕੋ ਤਾਰਹੁ'॥ ੬॥ ਸੁਨਿ ਸ੍ਰੀ ਸਤਿਗੁਰ ਕ੍ਰਿਪਾ ਨਿਧਾਨ।ਬਹੁ ਪ੍ਰਸੰਨ ਹ੍ਵੈ ਕਰਤਿ ਬਖਾਨ। 'ਰਚਯੋ ਬੰਦਗੀ ਨਾਮਾ ਜੋਇ। ਅਹੈ ਜ਼ਿੰਦਗੀ ਨਾਮਾ ਸੋਇ' ॥੭॥ ਕਰਨੇ ਸਰਾਹਨਿ 'ਨੀਕੇ ਬਨਯੋਂ। ਪਠਤਿ ਸੁਨਤਿ ਹਿਤ ਦਾਯਕ[5]' ਭਨਯੋਂ। ਮੀਰ ਦਰੋਗ਼ਾ ਸੱਯਦ ਸਾਹਿਬ। ਨੰਦਲਾਲ ਕੋ ਸਿੱਖ ਅਜਾਇਬ ॥ ੮ ॥ ਡੇਢ ਹਜ਼ਾਰ ਮੁਹਰ ਧਰਿ ਆਗੇ।ਕਲਗ਼ੀਧਰ ਕੀ ਚਰਨੀ ਲਾਗੇ।ਮਹਾਂ ਪ੍ਰੇਮ ਤੇ ਜਲ ਭਰਿ ਨੈਨ। ਮੁਖ਼ ਤੇ ਨਹਿਂ ਨਿਕਸਤਿ ਕਛੁ ਬੈਨ।੯।ਦਰਸ਼ਨ ਕਰਤਿ ਅਮੀ ਜਨੁ ਪੀਵਤਿ। ਲੋਚਨ ਛੌਨੇ ਕਰਿ ਥਿਰ ਥੀਵਤਿ। ਭਯੋ ਮਗਨ ਮਨ ਦੇਖਤਿ ਰਹਯੋ। ਲਖਹਿ ਕਿ—ਤਨ ਖ਼ੁਦਾਇ ਮੈਂ ਲਹਯੋ[6]—॥ ੧੦ ॥ ਦਸ਼ਾ ਦੇਖਿ ਕਰਿ ਪਰਮ ਕ੍ਰਿਪਾਲੁ। ਬੋਲੇ ਮੁਸਕਾਵਤਿ ਤਿਸ ਕਾਲ। 'ਬੈਠਹੁ ਨਿਕਟ ਕਹਹੁ ਨਿਜ ਬਾਤੀ*। ਕਿਸ ਕੇ ਤੂੰ ਮੁਰੀਦ ਬੱਖਯਾਤੀ ?॥੧੧॥ ਕਿਸ ਮੁਰਸ਼ਿਦ[7] ਕੇ ਹੈਂ ਅਨੁਸਾਰੀ ? ਜਿਸਤੇ ਚਾਹਤਿ ਭਲੋਂ ਅਗਾਰੀ'। ਸੁਨਿ ਸੱਯਦ ਬੋਲਯੋ ਤਿਸ ਬੇਰਾ। 'ਨੰਦਲਾਲ ਹੈ ਇਹੁ ਗੁਰ ਮੇਰਾ[8]॥੧੨॥ਸਿਖ ਮੈਂ ਬਨਯੋਂ ਲਯੋ ਉਪ-ਦੇਸ਼। ਜਿਸ ਤੇ ਹਤੇ ਕਲੇਸ਼ ਅਸ਼ੇਸ਼'।ਆਲਮ ਸਿੰਘ ਨਚਨਾ ਜਿਸ ਕਹੈਂ। ਤਬਹਿ ਸਮੀਪ ਗੁਰੂ ਕੇ ਅਹੈਂ[9] ॥ ੧੩ ॥ ਸੁਨਿ ਕਰਿ ਤਰਕ ਕਰਤਿ ਸੋ ਬੋਲਾ। 'ਐਸੋ ਬਾਕ ਨ ਕਹੀਐ ਹੌਲਾ। ਤੀਨ ਲੋਕ ਪਤਿ ਗੁਰ ਵਿਦਮਾਨੋ। ਸਿੱਖਨਨ ਕੋ ਤੁਮ ਗੁਰੂ ਬਖਾਨੋ।੧੪॥ਕਹਨਿ ਹਜ਼ੂਰ ਨ ਇਹੁ ਅਧਿਕਾਰਾ। ਉਚਰਨਿ ਕੀਜੈ ਰਿਦੈ ਬਿਚਾਰਾ[10]'। ਸੁਨਿ ਸੱਯਦ ਤੂਸ਼ਨ ਹੁਇ ਰਹਯੋ। ਸ੍ਰੀ ਸਤਿਗੁਰ ਤਿਸ ਕੋ[11] ਮਨ ਲਹਯੋ ॥੧੫॥ 'ਆਲਮ ਸਿੰਘ ! ਨ ਹਟਕ ਪ੍ਰਬੀਨ!।ਨੰਦਲਾਲ ਕੋ ਗੁਰ ਪਦ ਦੀਨ।।ਮੈਂ ਬਖਸ਼ੀਸ਼ ਕੀਨਿ ਇਸ ਤਾਈਂ।

[1](ਆਪਣੀ) ਬਾਣੀ ਸਫਲ ਕਰਨ ਵਾਸਤੇ (ਰਚੀ ਹੈ। [2]ਤੁਹਾਡੇ ਸਮੁੰਦਰ ਵਤ (ਅਥਾਹ) ਗੁਣਾਂ ਨੂੰ ਕੌਣ ਲਖ ਸਕਦਾ ਹੈ ਪ੍ਰੰਤੂ (ਉਸ ਵਿੱਚੋਂ) ਜਲ ਮਾਤ੍ਰ ਲੈਕੇ ਕੰਮ ਸੁਆਰ ਲਈਦਾ ਹੈ। [3]ਮੈਲ ਦੂਰ ਕਰੇ। [4]ਜੈਸੀ ਮਤਿ ਹੈ ਤੈਸੇ ਕਹੇ ਹਨ (ਆਪ ਦੇ ਗੁਣ)। [5]ਸੁਖ ਦੇਣ ਵਾਲਾ। [6]ਡਿੱਠਾ ਹੈ। [7]ਗੁਰਮੁਖ। [8]ਗੁਰ ਤੋਂ ਮਤਲਬ ਮੁਰਸ਼ਿਦ ਹੈ। [9]ਸੋਗਾ। [10]ਰਿਦੇ ਵਿਚ ਵਿਚਾਰ ਕੇ ਕਹੋ। [11]ਭਾਵ ਦਰੋਗੇ ਦਾ। *ਪਾ:—ਰਖਹੁ ਨਿਜ ਬਾਤੀ।

Sri Satguru Jagjit Singh Ji eLlibrary NamdhariElibrary@gmail.com

ਆਇ ਬਨੈ ਸਿਖ, ਸੋ ਸੁਖ ਪਾਈ ॥੧੬॥ ਨੰਦਲਾਲ ਨੇ ਮੋਕਉ ਜਾਨੋਂ। ਮੇਰੋ ਭਲੋ ਸਰੂਪ ਪਛਾਨਯੋਂ। ਯਾਂਤੇ ਇਸ ਕੋ ਗੁਰਪਦ[੧] ਹੋਵਾ। ਭਗਤਿ ਗਯਾਨ ਕੋ ਰਸ ਇਨ ਜੋਵਾ' ॥ ੧੭ ॥ ਸਤਿਗੁਰ ਮੇਹਰ ਨਜ਼ਰ ਕੀ ਧਾਰੇ। ਅਨਿਕ ਗੁਰੂ ਕਰਿ ਜਗ ਬਿਸਤਾਰੇ[੨]। ਆਲਮ ਸਿੰਘ ਸੋਂ ਕਰਯੋ ਬਖਾਨ:- 'ਮੀਰ ਸੁ ਬਡੇ ਮਰਾਤਬ ਦਾਨ[੩]' ॥੧੮॥ "ਪ੍ਰੇਮੀ ਮਗ ਖ਼ੁਦਾਇ ਕੋ ਅਹੈ।ਨੰਦ ਲਾਲ ਤੇ ਸਿੱਖਨਾ ਲਹੈ। ਮੀਰ ਮਰਾਤਬਦਾਨ ਸੁਜਾਨਾ। ਪਾਤਸ਼ਾਹਿ ਕੇ ਨਿਕਟ ਮਹਾਨਾ[੪]" ॥੧੯॥ ਤੂੰ ਮੁਖ ਮੋਟੀ ਬਾਤ ਪ੍ਰਕਾਸ਼। ਖਰੋ ਕਰਤਿ ਹੈਂ ਹਾਸ ਬਿਲਾਸ'। ਇਮ ਕਹਿ ਗੁਰੂ ਕ੍ਰਿਪਾ ਬਹੁ ਕਰੀ। ਪ੍ਰੇਮਾਭਗਤਿ ਰਿਦੈ ਤਿਸ ਧਰੀ ॥ ੨੦ ॥ ਭਯੋ ਨਿਹਾਲ ਪਾਇ ਗੁਰ ਕਰੁਨਾ। ਸੰਕਟ ਹਰਯੋ ਜਨਮ ਅਰੁ ਮਰਨਾ। ਨੰਦਲਾਲ ਗੁਰ ਕੇ ਢਿਗ ਰਹੈ। ਬ੍ਰਹਮਗਯਾਨ ਮਹਿ ਨਿਸ਼ਚੈ ਲਹੈ ॥੨੧॥ ਧਨ ਅਪਨੋ ਸੰਤਨਿ ਕੋ ਦੇਵੈ।ਗੁਰ ਸਿੱਖਨ ਕੋ ਹਿਤ ਕਰਿ ਸੇਵੈ। ਬਿਦਾ ਹੋਇ ਕਬਿ ਘਰ ਕੋ ਜਾਇ। ਧਰਤ ਧਯਾਨ ਉਰ ਬਿਖੈ ਬਸਾਇ[੫] ॥੨੨॥ ਬਹੁਰ ਨਿਕਟ ਰਹਿਬੇ ਕੋ ਆਵੈ। ਦਰਬ ਬਿਸਾਲ ਅਕੋਰ ਚਢਾਵੈ।ਇਸੇ ਬਹਾਦਰ ਸ਼ਾਹ ਚਿਤਾਰੈ। ਬਡਾ ਵਲੀ[੬]* ਬਹੁ ਸਤੁਤਿ ਉਚਾਰੈ ॥੨੩॥ਇਸ ਤੇ ਸੁਨਿ ਕਰਿਕੈ ਉਪਦੇਸ਼।ਗੁਰ ਕੀ ਮਹਿਮਾ ਲਖਹਿ ਵਿਸ਼ੇਸ਼। ਮਹਾਂ ਸ਼ਰੀਯਨ[੭] ਤੇ ਡਰਪਾਵੈ। ਪਦਰ ਤ੍ਰਾਸ[੮] ਕੋ ਰਿਦੇ ਬਸਾਵੈ ॥ ੨੪ ॥ ਨਹਿ ਮਿਲਿ ਸਕਹਿ ਜਾਨਿ ਇਸ ਕਾਰਨ[੯]। ਰਿਦੇ ਲਖਹਿ-ਗੁਰ ਕਰਹਿ

---

[੧]ਗੁਰਮੁਖ ਪਦ ਅਰਥਾਤ ਮੁਰਸ਼ਿਦ ਹੋਣ ਦਾ ਰੁਤਬਾ ਇਸ ਦਾ ਭਾਵ ਹੈ, 'ਗੁਰ ਅਵਤਾਰ' ਤੋਂ ਭਾਵ ਨਹੀਂ ਹੈ, ਜਿਵੇਂ ਪਹਿਲੇ ਸਤਿਗੁਰ ਮੰਜੀਆਂ ਬਖਸ਼ਦੇ ਸਨ ਜੋ ਗੁਰਗਾਦੀ ਦੇ ਤਾਬਿਆ ਹੁੰਦੇ ਸਨ ਤਿਵੇਂ ਇਹ ਪਦ ਹੈ। [੨]ਗੁਰੂ ਜੀ (ਜਿਨ੍ਹਾਂ ਪਰ) ਮਿਹਰ ਦੀ ਨਿਗਾਹ ਧਾਰਨ ਅਨੇਕਾਂ ਗੁਰੂ (ਗੁਰਮੁਖ) ਕਰਕੇ ਜਗਤ ਵਿਚ ਫੈਲਾ ਦੇਣ। [੩](ਇਹ ਦਰੋਗਾ ਜੀ) ਮੀਰ (=ਸੱਯਦ ਹਨ ਤੇ) ਵੱਡੇ ਰੁਤਬੇ ਵਾਲੇ (ਫਕੀਰ) ਹਨ। [੪](ਹਾਂ) ਰੱਬ ਦੇ ਰਸਤੇ ਦਾ ਪ੍ਰੇਮੀ ਹੈ ਤੇ ਨੰਦ ਲਾਲ ਤੋਂ ਸਿਖਿਆ ਲੈਂਦਾ ਹੈ, (ਫਿਰ ਦੁਨੀਆਂ ਵਿਚ) ਮੀਰ (ਦਰੋਗਾ ਹੈ, ਇਹ) ਸੁਜਾਨ ਹੈ ਤੇ ਮਰਤਬੇ ਵਾਲਾ ਹੈ, ਪਾਤਸ਼ਾਹ ਦੇ ਬੜਾ ਨੇੜੇ ਰਹਿਣ ਵਾਲਾ ਹੈ। ਭਾਵ ਦੀਨ ਤੇ ਦੁਨੀਆਂ ਵਿਚ ਸਤਿਕਾਰ ਜੋਗ ਹੈ [ਮੀਰ=ਸਰਦਾਰ। ਹਾਕਮ। ਸੱਯਦਾਂ ਦਾ ਖਿਤ ਬ। ਮਰਾਤਬ ਦਾਨ=ਸ਼ਰੀਅਤ, ਤ੍ਰੀਕਤ, ਮਾਰਫਤ, ਹਕੀਕਤ ਚੌਹਾਂ ਦੀ ਸਮਝ ਵਾਲਾ, ਜੋ ਹਕੀਕਤ ਵਿਚ ਜਾ ਟਿਕੇ]। [੫]ਰਿਦੇ ਵਿਚ ਵਸਾ ਕੇ ਧਿਆਨ। [੬]ਰੱਬ ਦੇ ਨਿਕਟ ਵਰਤੀ, ਸਿਧ [ਅ:, ਵਲੀ]। [੭]ਸ਼ਰਾ ਵਿਚ ਜੋ ਬੜੇ ਹਠ ਧਾਰੀ ਹੋਣ। [੮]ਪਿਉ ਦੇ ਡਰ ਨੂੰ। [੯]ਇਸ ਕਾਰਨ ਨੂੰ ਜਾਣਕੇ ਮਿਲ ਨਹੀਂ ਸਕਦਾ।

*ਪਾ:-ਬਲੀ।

Sri Satguru Jagjit Singh Ji eLlibrary NamdhariElibrary@gmail.com

ਉਧਾਰਨ—। ਬੀਚ ਅਨੰਦਪੁਰ ਬਡੋ ਅਨੰਦ। ਮਿਲੇ ਆਨਿ ਗਨ ਸਿੱਖ ਬਿਲੰਦ ॥੨੫॥ ਸਭਿ ਡੇਰਨਿ ਮਹਿਂ[1] ਲੰਗਰ ਹੋਇ। ਭੂਖ੍ਯਾ ਰਹਨਿ ਨ ਪਾਵੈ ਕੋਇ। ਭਈ ਗੁਰੂ ਢਿਗ ਇਕ ਦਿਨ ਚਰਚਾ। ਹਿਤ ਦੇਗਨਿ ਕੇ ਸਭਿ ਧਨ ਖਰਚਾ ॥੨੬॥ ਨਿਜ ਨਿਜ ਡੇਰੇ ਸਗਰੇ ਕਰਿਹੀਂ। ਭਾਉ ਭਗਤਿ ਕੋ ਨੀਕੇ ਧਰਿਹੀਂ। ਭਲੇ ਭਲੇ ਸਿਖ ਕਰਹਿਂ ਬਖਾਨ। 'ਗੁਰ ਜੀ ਲੰਗਰ ਹੋਹਿ ਮਹਾਨ' ॥ ੨੭ ॥ ਕਲਗੀਧਰ ਕਹਿਂ 'ਕਰਹਿਂ ਸੁ ਆਛੇ'। ਤਊ ਆਪ ਦੇਖੇਂ ਉਰ ਬਾਂਛੇ। ਬੀਤ ਗਏ ਕੇਤਿਕ ਦਿਨ ਪਾਛੇ। ਅਪਰ ਬੇਸ ਨਿਜ ਤਨ ਮੈਂ ਕਾਛੇ[2] ॥ ੨੮ ॥ ਜਿਸ ਤੇ ਜਾਨ ਸਕਹਿ ਨਹਿਂ ਕੋਇ। ਇਸ ਪ੍ਰਕਾਰ ਕੇ ਸ੍ਰੀ ਪ੍ਰਭੁ ਹੋਇ। ਸਿੱਖਨ ਕੇ ਡੇਰੇ ਜਬਿ ਗਏ। 'ਦਿਉ ਅਹਾਰ ਮੋਕਉ ਛੁਧ ਭਏ' ॥ ੨੯ ॥ 'ਕਿਤਿਕ ਕਾਲ ਮਹਿਂ ਹੋਵਹਿ ਤ੍ਯਾਰ। ਬੈਠਹੁ ਬਨਿ ਹੈ ਲੇਹੁ ਅਹਾਰ'। ਅਪਰ ਸਿੱਖ ਕੇ ਪਹੁੰਚੇ ਜਾਇ। ਜਾਚ੍ਯੋ ਅਪਨੀ ਛੁਧਾ ਜਨਾਇ ॥੩੦॥ ਬੋਲ੍ਯੋ 'ਸੂਪ ਹੋਨਿ ਕੀ ਦੇਰ[3] ਭੋਜਨ ਲੇਹੁ ਆਨ ਕਰਿ ਫੇਰ'। ਤਿਸ ਤੇ ਸੁਨਿ ਤੀਸਰ ਕੇ ਗਏ। 'ਦਿਹੁ ਅਹਾਰ ਕੋ' ਜਾਚਤਿ ਭਏ ॥੩੧॥ ਸੋ ਕਹਿ 'ਪਕ੍ਯੋ ਰਹਿਓ ਅਨੰਦ। ਲੀਜਹਿ ਫੇਰ ਠਹਿਰ ਇਕ ਬਿੰਦ[4]'। ਪੁਨ ਤਿਸ ਤੇ ਆਗੇ ਚਲਿ ਖਰੇ। ਤਿਸੀ ਪ੍ਰਕਾਰ ਜਾਚਿਬੋ ਕਰੇ ॥੩੨॥ ਕਹ੍ਯੋ 'ਬੈਠਿ ਸੰਗਤਿ ਨਹਿਂ ਆਈ। ਮਿਲਹਿਂ ਸਕਲ ਪੁਨ ਲੀਜੋ ਖਾਈ'। ਫਿਰੇ ਬਹੁਤ ਬਲ ਹਾਥ ਨ ਆਯੋ। ਡੋਲਤਿ ਘਰ ਘਰ ਗੁਰ ਅਕੁਲਾਯੋ ॥ ੩੩ ॥ ਉਪਜ੍ਯੋ ਕ੍ਰੋਧ* ਜੁ ਫਿਰੇ ਬਿਸਾਲ। ਚਲਿ ਆਏ ਪੁਨ ਜਹਿਂ ਨੰਦਲਾਲ। ਸਿੱਖ ਸਰੂਪ ਦੇਖਿ ਕਰਿ ਭਾਈ। ਨਿਕਟ ਹੋਇ ਕਰਿ ਗ੍ਰੀਵ ਨਿਵਾਈ ॥ ੩੪ ॥ ਬੂਝ੍ਯੋ 'ਕਿਸ ਕਾਰਜ ਕੋ ਆਏ ?' ਗੁਰ ਬਚ ਕਹ੍ਯੋ 'ਛੁਧਾ ਅਕੁਲਾਏ'। ਸੁਨਤਿ ਗਯੋ ਲੰਗਰ ਮੈਂ ਧਾਇ। ਭੋਜਨ ਮਾਤ੍ਰ[5] ਸੁ ਲੀਨਿ ਉਚਾਇ ॥ ੩੫ ॥ ਗੁੰਧ੍ਯੋ ਆਟਾ ਭੀਗੀ ਦਾਲ। ਲੋਨ ਘੀਯ ਲੇ ਸਮਧਾ ਨਾਲ। ਆਨਿ ਸਿੱਖ ਕੇ ਆਗੇ ਧਰੀ। ਬਹੁਰ ਖਰੇ ਹੁਇ ਬਿਨਤੀ ਕਰੀ ॥ ੩੬ ॥ 'ਲੇਹੁ ਅਬੈ ਇਹ ਹਾਜ਼ਰ ਅਹੈ। ਅਪਰ ਤ੍ਯਾਰ ਹੋਵਤਿ ਜੋ ਬਹੈ[6]। ਅਭਿਲਾਖਤਿ ਕੀਜਹਿ ਤਜਿ

---

[1]ਭਾਵ ਸਿੱਖਾਂ ਦੇ ਡੇਰਿਆਂ ਵਿੱਚ। [2]ਪਹਿਨ ਕੇ। [3]ਕੁਝਕੁ ਦੇਰ ਹੈ ਸਲੂਣੇ ਵਿਚ ਯਾ ਰਸੋਈ ਵਿਚ। [4]ਥੋੜਾ ਜਿਹਾ, ਬਿੰਦ ਭਰ। [5]ਛਕਣੇ ਜੋਗਾ ਭੋਜਨ। [6]ਜੇ ਬੈਠ ਜਾਓ ਤਾਂ।

*ਇਹ ਜੋ ਸਾਂਗ ਹੈ ਇਸ ਵੇਲੇ ਗੁੱਸਾ ਕਰਨਾ ਉਸ ਸਾਂਗ ਦਾ ਧਰਮ ਹੈ। ਇਹ ਗਲ ਅੰਕ ੪੧ ਤੋਂ ਸਹੀ ਹੋ ਜਾਂਦੀ ਹੈ।

ਖੇਦ[੧]। ਹਟੇ ਹਰਖ ਧਰਿ ਗੁਰੂ ਅਭੇਦ[੨] ॥੩੭॥ ਸੋ ਲੇ ਕਰਿ ਨਿਜ ਨਿਕਟ ਰਖਾਏ। ਸੋ ਸਰੂਪ ਸਤਿਗੁਰ ਪਲਟਾਏ। ਪਹਿਰੇ ਭੂਖਨ ਬਸਤ੍ਰ ਬਿਸਾਲ। ਸਭਾ ਆਨਿ ਬੈਠੇ ਤਿਸ ਕਾਲ ॥ ੩੮॥ ਪੁਨ ਚਰਚਾ ਬਿਚ ਸਭਾ ਚਲਾਈ। ਆਪ ਆਪਨੀ ਦੇਗ਼ ਬਤਾਈ। 'ਇਤੋ ਅੰਨ ਲੰਗਰ ਹੁਇ ਤ੍ਯਾਰ। ਸਿਖ ਸੰਗਤਿ ਸਭਿ ਕਰਹਿਂ ਅਹਾਰ'॥੩੯॥ਸੁਨਿ ਕਲਗ਼ੀਧਰ ਸਭਿ ਬਿਦਤਾਈ। 'ਬਿਚਰੇ ਹਮ ਡੇਰਨਿ ਸਮੁਦਾਈ। ਕਿਨਹੁੰ ਕਹ੍ਯੋ ਕੁਛ ਦੇਰ ਸੁਨਾਵੈ[੩]। ਅੰਨ ਸਿੱਧ ਨਹਿੰ[੪], ਅਨਤਹਿ ਲ੍ਯਾਵੈਂ[੫] ॥ ੪੦ ॥ ਸਭਿ ਸਿੱਖਨ ਕੋ ਛੁਧਾ ਜਨਾਈ।ਕਿਸ ਕੇ ਬੈਠਿ ਨ ਕੁਛ ਮੁਖ ਪਾਈ।ਪੁਨ ਹਮ ਨੰਦ ਲਾਲ ਕੇ ਗਏ। ਛੁਧਾ ਬਿਸਾਲ ਜਨਾਵਤਿ ਭਏ॥ ੪੧ ॥ ਸੁਨਤਿ ਪ੍ਰੇਮ ਕਰਿ ਲੰਗਰ ਗਯੋ। ਤਹਿਂ ਤੇ ਆਨਿ ਦੇਤਿ ਇਹੁ ਭਯੋ'। ਸਭਿ ਸਿੱਖਨ ਕੋ ਸੋ ਦਿਖਲਾਯੋ। 'ਇਹੁ ਜੋ ਅੰਨ ਜਾਚ ਕਰਿ ਲ੍ਯਾਯੋ ॥੪੨॥ ਨੰਦਲਾਲ ਭਾ ਹਮਰੋ ਦਾਤਾ। ਭਗਤਿ ਭਾਉ ਸੰਤਨ ਮਨ ਰਾਤਾ। ਛੁਧਿਤਿ ਨ ਦੇਖ ਸਕਹਿ ਚਿਰਭਾਰੋ[੬]। ਦੇਗ਼ ਕਰਤਿ ਸੋਈ ਮਮ ਪ੍ਯਾਰੋ ॥ ੪੩ ॥ ਸਿਖ ਕੋ ਦੇਖਹਿ ਛੁਧਾ ਬਿਸਾਲਾ। ਤਿਸਹਿ ਬਤਾਵਹਿ ਨਹਿ ਚਿਰਕਾਲਾ[੭]'। ਜਨੋਂ ਕਨੋਂ ਕਰਿ ਪੋਖਨ ਕੋ ਕਰੈ।ਸੋ ਸਿਖ ਮੋਹਿ ਪ੍ਰਸੰਨਤਾ ਧਰੈ ॥੪੪॥ ਅੰਨ ਦਾਨ ਸਮ ਨਾਹਿਨ ਅੰਨ[੮]।ਛੁਧਿਤ ਪਿਖਤਿ ਹੀ ਦੇ ਨਰ ਧੰਨ।ਅੰਨਦਾਨ ਨਹਿ ਸਮੇਂ ਬਿਚਾਰੈ।ਰੈਨ ਕਿਧੌਂ ਦਿਨ ਸੰਝ ਸਕਾਰੈ ॥ ੪੫ ॥ ਪੂੰਨਮੇ ਦਰਸ ਆਦਿ ਜੋ ਪਰਬ। ਨਹਿਨ ਪ੍ਰਤੀਖਹਿ ਤ੍ਯਾਗਹਿ ਸਰਬ। ਪਾਤ੍ਰ ਅਪਾਤ੍ਰ ਨ ਹੇਰਤਿ ਕੋਇ। ਊਚ ਨੀਚ ਕੈਸੋ ਨਰ ਹੋਇ ॥ ੪੬ ॥ ਦੇਖਤਿ ਛੁਧਿਤਿ ਅੰਨ ਕੋ ਦੇਯ। ਸਕਲ ਦਾਨ ਤੇ ਫਲ ਅਧਿਕੇਯ। ਮਮ ਸਿਖ ਪ੍ਯਾਰੋ ਦੇਗ਼[੯] ਜੁ ਕਰੈ। ਛੁਧਤਿ ਨਰਨ ਕੀ ਛੁਧਾ ਸੁ ਹਰੈ ॥ ੪੭ ॥ ਸਭਿ ਦਾਨਨ ਤੇ ਉੱਤਮ ਦਾਨ। ਜਿਸ ਕੇ ਦਿਏ ਬਚਤਿ ਹੈਂ ਪ੍ਰਾਨ। ਯਾਂਤੇ ਇਸ ਸਮਾਨ ਨਹਿ ਆਨ। ਲੇਹੁ ਮਹਾਂ ਫਲ ਸਿੱਖ ਸੁਜਾਨ'॥ ੪੮ ॥ ਸ੍ਰੀ ਮੁਖ ਤੇ ਮਹਿੰਮਾ ਸੁਨਿ ਐਸੇ। ਭਏ ਸੁਚੇਤ ਸਿੱਖ ਜੋ ਬੈਸੇ। ਭਾਉ-

[੧]ਜੋ ਚੰਗਾ ਲਗੇ ਸੋ ਕਰ ਲਓ ਜੋ ਖੇਦ ਨ ਰਹੇ, ਭਾਵ ਜੇ ਹਾਜ਼ਰ ਲੈਣਾ ਹੈ ਤਾਂ ਭਿੱਜੀ ਹੋਈ ਦਾਲ, ਗੁੱਧਾ ਆਟਾ ਆਦਿਕ ਹਾਜ਼ਰ ਹਨ ਪਰ ਜੇ ਬੈਠ ਸਕਦੇ ਹੋ ਤਾਂ ਤਿਆਰ ਭੋਜਨ ਲੈ ਲੈਣਾ, ਜਿਸ ਗੱਲ ਵਿਚ ਖੇਦ ਨਾ ਹੋਵੇ ਸੋ ਕਰ ਲਓ। [੨]ਜਿਨ੍ਹਾਂ ਦਾ ਭੇਦ ਨਾ ਪਾਇਆ ਜਾ ਸਕੇ। [੩]ਕਿਸੇ ਨੇ ਕਹਿਕੇ ਕੁਛ ਦੇਰ ਸੁਣਾਈ। [੪]ਪੱਕਾ ਯਾ ਤਿਆਰ ਨਹੀਂ। [੫]ਹੋਰ ਥਾਂ ਤੋਂ ਲੈ ਲਓ। (ਅ) (ਅਸਾਂ ਸੋਚਿਆ ਕਿ) ਹੋਰ ਥੋਂ ਲਿਆਈਏ। [੬]ਬਹੁਤਾ ਚਿਰ। [੭]ਤਿਸ ਨੂੰ ਭੋਜਨ ਤਿਆਰੀ ਵਿਚ ਦੇਰੀ ਨਾ ਦੱਸੇ। [੮]ਹੋਰ (ਦਾਨ) ਨਹੀਂ। [੯]ਲੰਗਰ।

Sri Satguru Jagjit Singh Ji eLlibrary NamdhariElibrary@gmail.com

ਭਗਤਿ ਕੋ ਹਿਰਦੈ ਧਾਰਾ। ਰਹਿ ਪ੍ਰਸੰਨਤਾ ਗੁਰੂ ਉਦਾਰਾ॥੪੯॥ਦੇਗ਼ ਬਿਖੈ ਜਬਿ ਕੋ ਚਲਿ ਆਵੈ। ਬਿਨਾ ਦੇਰ ਤਤਕਾਲ ਛਕਾਵੈਂ। ਛੁਧਤਿ ਨ ਰਹਹਿ ਪਰਨ ਕੋ ਧਾਰਾ[1]। ਮਹਾਂ ਦਾਨ ਕੋ ਸੁਫਲ ਬਿਚਾਰਾ॥ ੫੦ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਲੰਗਰ' ਪ੍ਰਸੰਗ ਬਰਨਨੰ ਨਾਮ ਖਟ ਬਿੰਸਤੀ ਅੰਸੂ ॥੨੬॥

## ੨੭. [ਭਾਈ ਨੰਦਲਾਲ ਜੀ। ਹੋਲੀ]।

ਦੋਹਰਾ ॥ ਗਈ ਸੀਤ ਰੁਤ ਜਗਤ ਤੇ ਆਯੋ ਫਾਗਨ ਮਾਸ। ਹੋਤਿ ਹਰਖ ਨਾਰੀ ਨਰਨਿ ਕਰਤੇ ਹਾਸ ਬਿਲਾਸ ॥ ੧ ॥ ਸੈਯਾ ॥ ਦੇਖਿ ਅਜਾਇਬ ਕੋ ਰੁਤ ਫਾਗਨ ਸਾਹਿਬ ਆਇਸੁ ਆਪ ਉਚਾਰੀ। ਕੋਸ਼ਪ ਕੋ ਬੁਲਵਾਇ ਹਦੂਰ ਕਹਯੋ: 'ਸਭਿ ਕੀਜੀਐ ਫਾਗ[2] ਕੀ ਤਯਾਰੀ'। ਔਰ ਕਹਯੋ ਸਭਿ ਸਿੱਖਨ ਸੰਗ'ਜਥਾ ਸ਼ਕਤੀ ਕਰਿ ਸੌਜਨਿ ਸਾਰੀ[3]।ਲਾਲ ਗੁਲਾਲ ਬਿਸਾਲ ਅੰਬੀਰਨਿ, ਰੰਗ ਨਿਕਾਰ ਅਨੇਕ ਪ੍ਰਕਾਰੀ'॥੨॥ਰੰਗ ਪਤੰਗ ਸੁਰੰਗ ਕਿਯੋ ਬਹੁ,ਕਿੰਸਕ ਫੂਲਨਿ ਪੀਤ ਨਿਕਾਰਾ[4]। ਡਾਰਿਮਹਾਂ ਖੁਸ਼ਬੋਇ ਮਝਾਰ, ਪਰੈ ਜਬਿ ਚੀਰ,ਉਠੈ ਮਹਿਕਾਰਾ॥ਸਿੱਖਨਿ ਕੀਨਿ ਮਹਾਂ ਧਨ ਦੇ ਕਰਿ ਆਪਨੇ ਆਪਨੇ ਥਾਨ ਸੁਧਾਰਾ। 'ਆਪ ਗੁਰੂ ਅਬਿਕੈ[5] ਅਨੁਰਾਗਤਿ ਖੇਲਹਿੰਗੇ ਸੁਭ ਫਾਗ ਉਦਾਰਾ'॥੩॥ਬ੍ਰਿੰਦ ਭਏ ਸਿਖ ਸੰਗਤਿ ਆਇ ਅਨੰਦਬਿਲੰਦ ਗੁਰੂ ਦਰਬਾਰਾ। ਲੰਗਰ ਹੋਤਿ ਅਟੋਟ ਜਹਾਂ ਕਹਿ ਜੋ ਜਿਹ ਚਾਹਤਿ ਖਾਇ ਅਹਾਰਾ॥ਭੂਰ ਮਿਲੇ ਚਹੁੰਕੋਦ ਤੇ ਮੋਦਤਿ ਆਵਤਿਹੈਂ ਮਿਲਿ ਟੋਲ ਹਜ਼ਾਰਾ। ਭੀਰ ਭਈ ਭਰਪੂਰ ਭਯੋ ਪੁਰਿ ਭਾਉ ਭਰੇ ਭਲ ਭਾਗ ਲਿਲਾਰਾ॥੪॥ਤਾਲ, ਰਬਾਬ, ਪਖਾਵਜ ਕੇ ਬਹੁ ਬਾਦਤਿ ਬਾਜਤਿ ਹੈਂ ਧੁਨਿ ਭਾਰੀ। ਗਾਵਤਿ ਰਾਗਨਿ ਰਾਗਨੀਕੋ ਜਨ ਆਇਖਰੇ ਨਿਜਮੂਰਤ ਧਾਰੀ।ਜਯੋਂ ਸੁਰਲੋਕਬਿਖੈ ਸੁਰ ਮੋਦਤਿ ਆਪਸ ਮੈਂ ਮਿਲਿਕੈ ਹਿਤਕਾਰੀ। ਤਯੋਂ ਸਿਖ ਸੰਗਤਿ ਪੰਕਤਿ ਕੋ ਕਰਿ, ਹੇਰਿ ਗੁਰੂ ਹਰਖੈਂ ਉਰ ਭਾਰੀ ॥ ੫ ॥ ਬਾਜਤਿ ਹੈਂ ਸਿੰਧ ਪੌਰ ਕੇ ਠੌਰਨਿ,ਨੌਬਤ ਸ੍ਰੌਨ ਅਨੰਦ ਉਪਾਵੈਂ।ਝੰਡੇ ਉਚੇਰੇ ਖਰੇ ਬਹੁ ਝੂਲਤਿ,ਧੌਂਸੇ ਧੁੰਕਾਰਤਿ ਨਾਦ ਉਠਾਵੈਂ। ਹੋਤਿ ਉਛਾਹ ਜਹਾਂ ਕਹਿੰ ਡੋਲਤਿ ਬੋਲਤਿ ਹੈਂ ਜੈਕਾਰ ਸੁਨਾਵੈਂ।ਮੇਲ ਸਕੇਲ ਭਯੋਰੰਗ ਮੇਲਤਿ[6]ਭੀਰ ਧਕੇਲਤਿ ਪੇਲ-

---

[1]ਨੇਮ ਧਾਰਿਆ। [2]ਹੋਲੀ। [3]ਸਾਰੀ ਸਮੱਗ੍ਰੀ (ਇਕੱਠੀ) ਕਰੋ। [4]ਵਕਮ ਵਿੱਚੋਂ ਸੁਹਣਾ (ਲਾਲ) ਰੰਗ ਤਿਆਰ ਕੀਤਾ ਤੇ ਕੇਸੂ ਫੁਲਾਂ ਨੂੰ (ਭਿਉਂਕੇ) ਵਿਚੋਂ ਪੀਲਾ ਰੰਗ ਕੱਢਿਆ। [5]ਐਤਕਾਂ। [6]ਮੇਲਾ ਇਕੱਠਾ ਹੋਇਆ ਤੇ ਰੰਗ ਪਾਉਂਦੇ ਹਨ।

Sri Satguru Jagjit Singh Ji eLlibrary NamdhariElibrary@gmail.com

ਤਿ ਜਾਵੈਂ ॥ ੬॥ [੧]ਫੇਟਨ ਕੈ ਭਰਿਕੈ ਸਭਿ ਆਪ ਅੰਬੀਰ ਗੁਲਾਲ ਕੋ ਡਾ-ਰਤਿ ਹੈਂ[੨]। ਹਾਥਨਿ ਮੈਂ ਪਿਚਕਾਰੀ ਭਰੇ ਬਹੁ ਊਪਰ ਰੀਰ ਨੁਵਾਲਤਿ ਹੈਂ[੨]। ਪੀਤ ਭਏ, ਬਹੁ[੩] ਅੰਬਰ ਲਾਲ ਬਿਸਾਲ ਸੁ ਬੇਗ ਤੇ ਚਾਲਤਿ ਹੈਂ। ਏਕ ਨਿਹਾਲਤਿ ਹੈਂ[੪] ਇਕ ਭਾਲਤਿ[੫],ਏਕ ਸੰਭਾਲ ਉਛਾਲਤਿ ਹੈਂ[੬]॥੭॥ਕਬਿੱਤ॥ ਸ੍ਰੀ ਗੁਬਿੰਦਸਿੰਘ ਕਰਿ ਹੋਰੀ ਕੋ ਬਿਲੰਦ ਸਾਜ ਹਾਥ ਪਿਚਕਾਰੀ ਸਭਿਹੂੰਨ ਭਰਿ ਲੀਨਿਓ । ਭਲੇ ਭਲੇ ਸਿੱਖ ਆਇ ਧਾਰਤਿ ਭਗਤਿ ਭਾਇ ਪ੍ਰਿਥਮ ਗੁਰੂ ਕੇ ਪਾਇ ਬੰਦਨਾ ਕੋ ਕੀਨਿਓ । ਉਡਨੋ ਏਕ ਬਾਰ ਹੀ ਗੁਲਾਲ ਲਾਲ ਘਟਾ ਮਾਨੋ ਰੰਗਨਿ ਕੀ ਬੂੰਦ ਬਰਖਤਿ ਇਮ ਚੀਨਿਓ । ਰੰਗਦਾਰੁ ਅੰਬਰ ਕੈ ਰੰਗਦਾਰ ਅੰਬਰਕੈ ਮੂਠ ਭਰਿ ਮਾਰੈਂ, ਰੰਗ ਡਾਰਤਿ ਨਵੀਨਿਓ[੭]* ॥ ੮ ॥ ਸੈਯਾ ॥ ਬਿੰਦੁ ਗੁਲਾਲ ਅੰਬੀਰ ਉਡੈ, ਗਹਿ ਕੇਸਰ ਕੀ ਗਿਰਵੈ[੮] ਪਿਚਕਾਰੀ। ਸੰਗਤਿ ਸ੍ਰੀ ਗੁਰ ਪੈ ਅਲਤਾ ਕਰ ਕੈ ਭਰਿ ਡਾਰਤਿ[੯] ਪੂਰਬ ਵਾਰੀ[੧੦] । ਆਪਸ ਮੈਂ ਪੁਨ ਗੇਰਤਿ ਹੈਂ ਪਟ ਲਾਲ ਭਏ ਸਭਿ ਕੇ ਇਕ-ਸਾਰੀ। 'ਧੰਨ ਗੁਰੂ ਸਿਖ ਕੀਨਿ ਨਿਹਾਲ, ਕ੍ਰਿਪਾਲ ਬਿਸਾਲ' ਸੁਨਾਇ ਉਚਾਰੀ[੧੧]॥੯॥ਕਬਿੱਤ॥ਬਾਦਰ ਗੁਲਾਲ ਕੇ ਕਰਤਿ ਜਾਤਿ ਚਲੇ ਗੁਰ,ਸੰਗਤਿ ਮੈਂ ਧੂਮ ਪਈ–ਫਾਗ ਬਡੇ ਖੇਲਤੇ–।ਘੇਰਿ ਘੇਰਿ ਬਦਨਪੈ ਗੇਰਿ ਗੇਰਿ ਫੇਰ ਫੇਰ,ਹੇਰਿ ਹੇਰਿ ਹਰਖਤਿ ਨੇਰੇ ਹੁਇ ਮੇਲ ਤੇ।ਉਠੈ ਮਹਿਕਾਰ ਗੰਧ ਪਾਈ

---

[੧]ਭਾਵ ਲੱਕ ਨਾਲ ਬੱਧੇ ਝੋਲੇ ਨੂੰ ਗੁਲਾਲ ਨਾਲ ਭਰਕੇ ਉਸ ਵਿੱਚੋਂ ਮੁੱਠਾਂ ਭਰ ਭਰਕੇ ਦੂਜਿਆਂ ਤੇ ਪਾਉਂਦੇ ਹਨ [ਹਿੰਦੀ, ਫੇਂਟ=ਲੱਕ ਦਾ ਘੇਰਾ] ਜਿਨ੍ਹਾਂ ਨੇ ਗੁਲਾਲ ਉਡਦੇ ਖਾਲਸੇ ਦੇ ਦੀਵਾਨਾਂ ਵਿਚ ਨਵੀਨ ਅਕਾਲੀ ਅੰਦੋਲਨ ਤੋਂ ਪਹਿਲਾਂ ਵੇਖੇ ਹਨ, ਉਹਨਾਂ ਨੂੰ ਯਾਦ ਹੋਊ, ਲੱਕ ਅਗੇ ਝੋਲਾ ਗੁਲਾਲ ਭਰਿਆ ਬੰਨ੍ਹਕੇ ਉਸ ਵਿਚੋਂ ਮੁੱਠਾਂ ਭਰ ਭਰ ਉਡਾਉਂਦੇ ਹੁੰਦੇ ਸਨ। ਉਸ ਨੂੰ ਫੇਂਟ ਯਾ ਫੇਂਟਾ ਕਹਿੰਦੇ ਸਨ। ( ਅ ) ਫੇਂਟਾ ਸਿਰ ਤੇ ਬੰਨ੍ਹੇ ਜਾਣ ਵਾਲੇ ਛੋਟੇ ਦੁਪੱਟੇ ਨੂੰ ਭੀ ਕਹਿੰਦੇ ਹਨ। [੨](ਮਾਨੋ) ਸ਼ਨਾਨ ਕਰਾ ਦਿੰਦੇ ਹਨ। [੩]ਤੇ ਬਹੁਤਿਆਂ ਦੇ। [੪]ਦੇਖਦੇ ਹਨ। [੫]ਇਕ ਢੂੰਡਦੇ ਹਨ। [੬]ਛਾਤੀ ਨਾਲ ਸੰਭਾਲਦੇ ਹਨ। [੭]ਮੁੱਠਾਂ ਭਰਕੇ ਮਾਰਦੇ ਹਨ(ਗੁਲਾਲ ਜਿਸ ਨਾਲ) ਅਕਾਸ਼ਬੀ ਰੰਗਦਾਰ ਹੋ ਗਿਆ ਤੇ ਰੰਗ ਪਾਉਂਦੇ ਹਨ ਨਵਾਂ ( ਪਿਚਕਾਰੀ ਨਾਲ ਜਿਸ ) ਨਾਲ ਕਪੜੇ ਰੰਗੇ ਜਾ ਰਹੇ ਹਨ। ਇਹੋ ਅਰਥ ਪਿਛਲੀ ਤੁਕ ਨੂੰ ਭੀ ਸਫਲ ਕਰਦਾ ਹੈ ਕਿ ਲਾਲ ਘਟਾ ਗੁਲਾਲ ਦੀ ਉਠੀ ਹੈ ਤੇ ਵਿਚ ਰੰਗ ਦੀਆਂ ਬੂੰਦਾਂ ਪੈ ਰਹੀਆਂ ਹਨ ['ਨਵਾਂ ਰੰਗ' ਪੰਜਾਬੀ ਮੁਹਾਵਰੇ ਵਿਚ ਸੂਹੇ ਰੰਗ ਨੂੰ ਕਹਿੰਦੇ ਹੁੰਦੇ ਸਨ]। [੮]ਗਿਰਦੀਆਂ ਹਨ, ਭਾਵ ਮਾਰਦੇ ਹਨ। [੯]ਭਾਵ ਅਲਤੇ ਦੀ ਮੁਠ ਭਰਕੇ। [੧੦]ਪਹਿਲੀ ਵਾਰ। [੧੧](ਸਿੱਖ) ਮੂੰਹਾਂ ਤੋਂ ਕਹਿੰਦੇ ਹਨ। *ਪਾ:–ਰੰਗਦਾਰ ਅੰਬਰ ਕੇ ਮੂਠ ਭਰਿ ਮਾਰੈਂ ਰੰਗ ਡਾਰਤਿ ਨਵੀਨ ਹੈਂ ਸੁ ਚੀਰ ਸਭਿ ਭੀਨਿਓ।

Sri Satguru Jagjit Singh Ji eLlibrary NamdhariElibrary@gmail.com

ਪੌਨ ਮੰਦਮੰਦ ਸੀਤਲ ਬਹਿਤ ਸਿਖ ਅੰਗਨ ਮੈਂ ਝੇਲਤੇ[1]।ਨਿਕਸੇਆਨੰਦ
ਪੁਰ ਮਾਨਤਿ* ਅਨੰਦ ਬ੍ਰਿੰਦ, ਤੀਰ ਸਤੁਦ੍ਰਵ ਕੇ ਗਏ ਹੈਂ ਰੇਲ ਪੇਲਤੇ[2]
॥੧੦॥ ਕੀਨੇ ਸਿਖ ਸੰਗਤਿ ਦੁਪਾਸ ਖਰੇ[3] ਆਪਸ ਮੈਂ, ਡਾਰਿ ਡਾਰਿ ਮੂਠ
ਪਿਚਕਾਰੀ ਸੋਂ ਭਿਰਤਿ ਹੈਂ[4] ਬਦਨ ਸ਼ਮਸ਼ ਅਰੁ ਕੇਸਨਿ ਪੈ ਗਯੋ ਜਮ ਰੰਗ
ਕੀ ਫੁਹਾਰ ਫੇਰ ਊਪਰ ਢਰਤਿ ਹੈ। ਹੋਤਿ ਨ ਚਿਨਾਰੀ ਇਕ ਸਾਰੀ ਸਭਿ
ਹੋਇ ਗਏ, ਰੌਰ ਕੋ ਮਚਾਵੈਂ ਦੌਰ ਠੌਰ ਨ ਟਰਤਿ ਹੈਂ। ਬਿਸਦ ਬਰਨ ਕੇ
ਬਸਨ, ਸੋ ਅਰੁਨ ਭਏ[5], ਮਾਨੋ ਜੰਗ ਜੀਤ ਕੈ ਬਿਲਾਸਨਿ ਕਰਤਿ ਹੈਂ ॥
੧੧॥ ਸੈਯਾ॥ਸ੍ਰੀ ਕਲਗੀਧਰ ਸੰਗਤਿ ਮੈਂ ਸੁਰ ਬ੍ਰਿੰਦ ਜਨੋਂ ਇੰਦ੍ਰ ਬਿਰਾਜਤਿ
ਹੈਂ। ਜਾਦਵ ਮੈਂ ਜਿਮ ਸ੍ਰੀ ਘਨ ਸ਼ਯਾਮ ਮਹਾਨ ਹੀ ਕੌਤਕ ਸਾਜਤਿ ਹੈਂ।
ਕੈ ਰਘੁਬੀਰ ਨਰੇਸ਼ਨਿ ਮੈਂ ਮਿਲਿ ਮੋਦ ਮਹਾਂ ਉਪਰਾਜਤਿ ਹੈਂ। ਕੈ ਭਗਤੀ
ਸੁਰਸੰਪਦਾ[6] ਕੇ ਜੁਤਿ ਸ੍ਰੀ ਬ੍ਰਹਮਗਯਾਨ ਸੋਂ ਛਾਜਤਿ ਹੈਂ ॥੧੨॥ ਸ੍ਰੀ ਗੁਰ
ਗੋਬਿੰਦ ਸਿੰਘ ਬਿਲਾਸਤਿ ਜੋ ਸਿਖ ਹੈਂ ਮਨ ਜੀਤ ਬਿਕਾਰੇ[7]। ਤਾ ਮੁਖ ਪੈ
ਨਿਜ ਹਾਥ ਗੁਲਾਲ ਲੇ,ਲਾਲ ਬਿਸਾਲ ਕ੍ਰਿਪਾ ਕਰਿ ਡਾਰੇ। ਦੀਸਤਿ ਦੰਤ
ਜਨੌਂ ਹੀਰਨਿ ਪੰਤ[8] ਸੁਭੈ ਮੁਸ਼ਕੰਤਿ ਸੁਸੰਤਨ ਪਯਾਰੇ।ਪੰਕਜ ਪਾਂਖਰੀ ਆਂਖ
ਪਿਖੈਂ ਜਿਤ, ਹੋਤਿ ਨਿਹਾਲ ਕਲੂਖਨ ਟਾਰੇ॥੧੩॥ਕਬਿੱਤ॥ਨੇਰੇ ਭਏ ਨੰਦ
ਲਾਲਲਾਲ ਲੇ ਗੁਲਾਲ[9] ਤਬਿਭਾਲਪੈ ਕ੍ਰਿਪਾਲਨੇ ਬਿਸਾਲ ਮੇਲਦੀਨਿਓ।
ਏਕ ਸੰਗ ਰੰਗ ਭਏ, ਸਭਿ ਕੇ ਸੁਰੰਗ ਅੰਗ, ਅੰਬਰ ਧਰੇ ਜੁ ਨਿਚੁਰਤਿ
ਅਤਿ ਚੀਨਿਓ। ਅਵਨੀ ਅਕਾਸ਼ ਲਾਲ ਮਈ ਸਭਿ ਭਾਸੁ ਰਹੀ ਮਾਨੋ
ਅਨੁਰਾਗ ਨਿਜ ਰੂਪ ਧਰਿ ਲੀਨਿਓ[10]।ਸੰਗਤਿ ਕੇ ਬੀਚ ਨਿਜ ਕ੍ਰਿਪਾ ਜਲ
ਸੀਂਚਿ ਸੀਂਚਿ, ਸਿੱਖੀ ਫੁਲਵਾਰੀ ਮੈਂ ਬਿਲਾਸੁ† ਬਡੋ ਕੀਨਿਓ॥੧੪॥ਭਾਈ
ਨੰਦ ਲਾਲ,ਸਭਿ ਬੁੱਧਿਮੈਂ ਬਿਸਾਲ ਜੋਇ,ਸਗਰੇ ਕ੍ਰਿਪਾਲਕੇ ਬਿਲਾਸੁ ਹੇਰ
ਹੇਰਿਕੈ। ਪਾਰਸੀ ਮਹਿ ਕਵਿਤਾ ਬਨਾਇਕੈ ਰੁਚਿਰ ਛਬਿ,ਗੁਰੂ ਗੁਰ ਸਿੱਖ-
ਨਿ[11] ਸੁਨਾਈ ਫੇਰਿ ਫੇਰਿ ਕੈ।ਰਾਗਨ ਮੈਂ ਗਾਈ ਪ੍ਰੇਮ ਰਸ ਬਰਸਾਇ ਕਰਿ

---

[1]ਸਿੱਖਾਂ ਦੇ ਅੰਗਾਂ ਵਿਚ ਝੁੱਲ ਰਹੀ ਹੈ। [2]ਧੱਕਮਧੱਕੀ ਹੁੰਦੇ। (ਅ) ਖੇਡਦੇ ਖਾਂਦੇ। [3]ਦੋ ਪਾਸੀ ਖੜੇ ਕੀਤੇ। [4]ਭਿੜਦੇ ਹਨ। [5]ਚਿਟੇ ਰੰਗਾਂ ਦੇ ਕਪੜੇ ਲਾਲ ਹੋ ਗਏ। [6]ਦੈਵੀ ਗੁਣਾਂ ਸਹਿਤ। [7]ਮਨ ਦੇ ਵਿਕਾਰਾਂ ਨੂੰ ਜਿੱਤਣ ਵਾਲੇ। [8]ਹੀਰਿਆਂ ਦੀ ਪੰਕਤੀ। [9](ਗੁਰੂ ਜੀ ਨੇ) ਗੁਲਾਲ ਲਾਲ ਲੈਕੇ। [10]ਮਾਨੋਂ ਪ੍ਰੇਮ ਨੇ ਆਪਣਾ ਰੂਪ ਹੀ ਧਾਰ ਲਿਆ ਹੈ। [11]ਗੁਰੂ ਜੀ ਅਤੇ ਗੁਰ ਸਿਖਾਂ ਨੂੰ।

*ਪਾਃ—ਆਦਰਤਿ। †ਪਾਃ—ਬਿਸਾਲ।

ਸੁਨੈ ਮਨ ਭਾਈ ਔਰ ਗਾਵੈਂ ਬੇਰਿ ਬੇਰਿਕੈ। ਸਾਹਿਬ ਪ੍ਰਸੰਨ ਭਏ ਮੌਜ ਦੇ ਨਿਹਾਲਕਿਏ[1], ਅਲਿਤਾ ਗੁਲਾਬ ਸ਼ੋਭਿਜੋਇ ਗੇਰਿਗੇਰਿਕੈ॥੧੫॥ ਜਥਾ ਜਾਂ ਹੋਲੀ

ਗੁਲੇ ਹੋਲੀ ਬਬਾਗ਼ੇ ਦਹਰ ਈਂ ਬਿਸ਼ਗੁਫਤਾਲਬੇ ਚੂੰ ਗੁੰਚਹ ਰਾ ਫਰਖੁੰਦਹ ਖ਼ੂ ਕਰਦ[2]।
ਗੁਲਾਬੋ ਅੰਬਰੋ ਮੁਸ਼ਕੋ ਅਬੀਰੋ। ਚੂੰ ਬਾਰਾਂ ਬਾਰਸ਼ੇ ਅਜ਼ ਸੂਬਸੂ ਕਰਦ[3]।
ਗੁਲਾਲ ਅਫਸ਼ਾਨੀਏ ਦਸਤੇ ਮੁਬਾਰਿਕ। ਜ਼ਮੀਨੋਂ ਆਸਮਾਂ ਰਾ ਸੁਰਖ਼ਰੂ ਕਰਦ[4]।
ਜ਼ਹੇ ਪਿਚਕਾਰੀਏ ਪੁਰ ਜ਼ਅਫਰਾਨੀ। ਕਿ ਹਰ ਬੇਰੰਗ ਰਾ ਖ਼ੁਸ਼ਰੰਗ ਰੂ ਕਰਦ[5]।
ਦੁਆਲਮ ਗਸ਼ਤ ਰੰਗੀਂ ਅਜ਼ ਤੁਫੈਲਸ਼। ਚੁ ਸ਼ਾਹਿਮ ਜਾਮਹ ਰੰਗੀਂ ਦਰ ਗਲੂ ਕਰਦ[6]।
ਕਸੇ ਕੋ ਦੀਦਹ ਦੀਦਾਰੇ ਮੁਕੱਦਸ। ਮੁਰਾਦੇ ਉਮਰ ਰਾ ਹਾਸਲ ਨਿਕੋ ਕਰਦ[7]।
ਸ਼ਵਦ ਕੁਰਬਾਨ ਖ਼ਾਕੇ ਸਾਧ ਸੰਗਤ। ਦਿਲੇ 'ਗੋਯਿਆ' ਹਮੀਂ ਰਾ ਆਰਜ਼ੂ ਕਰਦ*[8]।

---

[1]ਬਖਸ਼ਸ਼ ਦੇਕੇ ਨਿਹਾਲ ਕੀਤਾ। [2]ਹੋਲੀ ਦਾ ਫੁਲ ਇਸ ਦੁਨੀਆਂ ਦੇ ਬਾਗ਼ ਵਿਚ ਖਿੜ ਪਿਆ, ਬੁੱਲ੍ਹਾਂ ਨੂੰ ਕਲੀ ਵਾਂਙ ਮੁਬਾਰਕ ਸੁਭਾਵ ਵਾਲਾ ਕਰ ਦਿਤਾ ਹੈ ਭਾਵ ਹਰੇਕ ਦੇ ਬੁੱਲ ਮੁਸਕਰਾ ਰਹੇ ਹਨ। [3]ਗੁਲਾਬ, ਅੰਬਰ, ਕਸਤੂਰੀ, ਤੇ ਅਬੀਰ ਮੀਂਹ ਵਾਙੂ ਚਾਰ ਪਾਸਿਓਂ ਵਰਖਾ ਕਰ ਰਹੇ ਹਨ। [4](ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ) ਮੁਬਾਰਿਕ ਹੱਥਾਂ ਦਾ ਗੁਲਾਲ ਉਡਾਉਣਾ ਜ਼ਮੀਨ ਤੇ ਅਸਮਾਨ ਨੂੰ ਲਾਲ ਰੰਗਾ ਕਰ ਰਿਹਾ ਹੈ, ਜ਼ਿਮੀਂ ਮੈਲੀ ਤੇ ਅਸਮਾਨ ਕਾਲਾ ਹੈ, ਗੁਰੂ ਜੀ ਦੀ ਗੁਲਾਲ ਅਫਸ਼ਾਨੀ ਨੇ ਦੁਹਾਂ ਨੂੰ ਲਾਲ ਰੰਗੇ ਕਰ ਦਿਤਾ ਹੈ। ਸੁਰਖਰੂ ਹੋਣਾ ਕਿਸੇ ਜ਼ਿੰਮੇਂਵਾਰੀ ਤੋਂ ਯਾ ਕਿਸੇ ਪਾਪ ਤੋਂ ਛੁਟਕਾਰਾ ਪਾਉਣ ਦਾ ਬੀ ਮੁਹਾਵਰਾ ਹੈ। [5]ਵਾਹਵਾ ਹੈ ਉਸ ਕੇਸਰ ਰੰਗ ਨਾਲ (ਭਰੀ) ਪਿਚਕਾਰੀ ਨੂੰ ( ਜੋ ਕਲਗੀਧਰ ਜੀ ਦੇ ਹਥ ਵਿਚ ਹੈ ) ਕਿ ਜਿਸ ਨੇ ਹਰ ਬੇ ਰੰਗ ਨੂੰ ਖੁਸ਼ ਰੰਗ ਚਿਹਰੇ ਵਾਲਾ ਬਣਾ ਦਿਤਾ ਹੈ ( ਬੇ ਰੰਗ ਬੀਮਾਰ ਯਾ ਉਦਾਸ ਹੁੰਦਾ ਹੈ )। [6](ਉਸ ਗੁਰੂ ਦੀ) ਤੁਫੈਲ ਅਜ ਦੋਂਹ ਜਹਾਨਾਂ ਨੂੰ ਰੰਗ ਲਗ ਗਿਆ ਹੈ, (ਜਦੋਂ ਕਿ ਮੇਰੇ) ਸ਼ਾਹ ਨੇ ਰੰਗ ਭਰਿਆ ਕਪੜਾ ਗਲੇ ਵਿਚ ਪਹਿਨਿਆਂ ਹੋਇਆ ਹੈ। [7]ਜਿਸ ਕਿਸੇ ਨੇ ਇਹ ਪਵਿੱਤ੍ਰ ਦੀਦਾਰ (ਗੁਰੂ ਜੀ ਦਾ) ਡਿੱਠਾ ਹੈ ਉਸ ਨੇ ਆਪਣੀ ਉਮਰ ਦੀ ਮੁਰਾਦ ਚੰਗੀ ਤਰ੍ਹਾਂ ਪਾ ਲਈ ਹੈ। [8]ਮੈਂ ਸਾਧ ਸੰਗਤ ਦੀ ਖਾਕ ਤੋਂ ਸਦਕੇ ਹੋ ਰਿਹਾ ਹਾਂ, ਗੋਯਾ (ਭਾਵ ਨੰਦ ਲਾਲ) ਦਾ ਦਿਲ ਇਸੇ (ਵਕਤ) ਨੂੰ ਤਰਸ ਰਿਹਾ ਸੀ।

*ਭਾਈ ਨੰਦ ਲਾਲ ਜੀ ਦੀ ਇਹ ਉਗਾਹੀ ਇਤਿਹਾਸਕ ਸਬੂਤ ਹੈ ਹੋਲੇ ਦੇ ਹੋਣ ਦਾ। ਅਲਤਾ, ਅਤਰ, ਅੰਬੀਰ, ਗੁਲਾਬ, ਗੁਲਾਲ, ਦੀਵਾਨ, ਕੀਰਤਨ, ਮਹੱਲਾ ਚੜ੍ਹਨਾ, ਇਹ ਕੌਤਕ ਗੁਰੂ ਕੇ ਦਰਬਾਰ ਵਿਚ ਹੁੰਦੇ ਰਹੇ ਹਨ। ਨਵੀਨ ਅਕਾਲੀਆਂ ਨੇ ਸ੍ਰੀ ਹਰਿਮੰਦਰ ਵਿਚੋਂ ਕੁਰੀਤੀਆਂ ਕਢਦਿਆਂ ਹੋਇਆਂ ਕਈ ਪੁਰਾਤਨ ਰੀਤੀਆਂ ਤੇ ਕਈ ਸ਼ੁਭ ਰੀਤੀਆਂ ਬਿਨਾਂ ਪੰਥਕ ਆਗਯਾ ਦੇ ਦੂਰ ਕੀਤੀਆਂ ਹਨ, ਗ਼ਾਲਬਨ ਗੁਰ ਇਤਿਹਾਸ ਤੋਂ ਨਾਵਾਕਫੀ ਵਿਚ ਯਾ ਪੱਛਮੀ ਰੌਸ਼ਨੀ ਦੇ ਚੁੰਧਿਆਏ ਘਬਰਾ ਵਿਚ। ਜੋ ਕੁਛ ਹੋਲੇ ਲਈ ਕੀਤਾ ਗਿਆ ਹੈ ਉਹ ਭਾਈ ਨੰਦ ਲਾਲ ਜੀ ਦੇ ਅੱਖੀਂ ਡਿੱਠੇ ਗੁਰੂ ਦਰਬਾਰ ਦੇ ਵਰਤਾਰੇ ਦੇ ਉਲਟ ਹੈ। ਦੂਰ ਕਰਨ ਵਾਲੀ ਗਲ ਗੰਦ ਮੰਦ ਤੇ ਵਹਿਸ਼ੀਪੁਣਾ ਸੀ, ਪਰੰਤੂ ਆਨੰਦ ਹੁਲਾਸ ਤੇ ਬਸੰਤ

[ਬਾਕੀ ਨੂਟ ਦੇਖੋ ਅਗਲੇ ਪੰਨੇ ਤੇ ਹੇਠ]

Sri Satguru Jagjit Singh Ji eLlibrary NamdhariElibrary@gmail.com

ਚੌਪਈ ॥ਸੁਨਤਿ ਪ੍ਰਸੰਨ ਗੁਰੂ ਅਭਿਰਾਮ। ਧਰਿ'ਦਿਵਾਨ ਗੋਯਾ'ਤਿਸੁ ਨਾਮ। ਪੁਨ ਸੰਗਤਿ ਪਰ ਦ੍ਰਿਸ਼ਟਿ ਚਲਾਈ। ਅਰਣ ਬ਼ਰਣ ਇਕ ਸਮ ਸਮੁਦਾਈ ॥ ੧੬ ॥ ਜਨੁ ਕਿੰਸਕ ਕੋ ਬਨ ਬਿਗਸੰਤਿ[1]। ਇਕ ਸਮ ਸੁਮਨਸੁ ਪਾਇ ਬਸੰਤ[2]। ਸੁੰਦਰ ਸ਼ੋਭਾ ਰਹੀ ਪ੍ਰਕਾਸ਼। ਬਿਕਸਤਿ ਸਤਿਗੁਰ ਹੇਰਿ ਬਿਲਾਸ ॥੧੭॥ ਹਟਿ ਪੁਰਿ ਆਇ ਸਭਾ ਸਭਿ ਥਿਰੀ।ਸਤਿਗੁਰ ਦ੍ਰਿਸ਼ਟਿ ਸਕਲ ਪਰ ਕਰੀ।ਇਤਨੇ ਮਹਿ ਸੁਥਰਾ ਚਲਿ ਆਯੋ। ਨਖ ਸ਼ਿਖ ਕਾਰਸ ਦੇਹ ਲਗਾਯੋ ॥ ੧੮ ॥ ਹੌਤਿ ਦੇਸ਼ ਤਹਿ ਕਾਰਸੁ[3] ਲਈ। ਇਕ ਸਮ ਕਾਰੀ ਕਾਯਾਂ ਕਈ। ਬਹੁ ਸੁਰਮਾਂ ਮੁਖ ਸਿਰ ਪਰ ਲਾਯੋ। ਆਇ ਭਿਆਨਕ ਭੇਖ ਦਿਖਾਯੋ ॥ ੧੯ ॥ ਸ੍ਰੀ ਸਤਿਗੁਰ ਸਭਿ ਸੰਗਤਿ ਹੇਰਿ। ਫਿਰਨੇ ਚੁਗਿਰਦੇ ਇਕ ਦੁਇ ਫੇਰ[4]। ਸ੍ਰੀ ਕਲਗੀਧਰ ਦੇਖਿ ਹਸੇ ਹੈਂ। ਬਿਦਤਿ ਦਸਨ ਭੇ ਬਿਸਦ ਲਸੇ ਹੈਂ[5] ॥੨੦॥ ਬਿਕਸਤਿ ਅਪਨੇ ਨਿਕਟ ਬੁਲਾਯੋ। ਬੂਝਨੋ 'ਬੇਖ ਕਹਾਂ ਕਰਿ ਆਯੋ ?'ਹਾਥ ਜੋਰਿ ਅਰਦਾਸ ਬਖਾਨੀ।'ਸਤਿਗੁਰ ਸੰਗਤਿ ਸ਼ੁਭਤਿ ਮਹਾਨੀ ॥ ੨੧ ॥ ਜਿਹ ਸਮ ਜਗ ਮਹਿਂ ਅਪਰ ਨ ਕੋਈ। ਦਿਪਤਿ ਮਹਾਂ ਦੁਤਿ ਕੇ ਜੁਤਿ ਹੋਈ। ਡੀਠ[6] ਪਹਾਰੀਅਨਿ ਕੀ ਹੈ ਬੁਰੀ। ਜਿਸ ਲਗਿ ਜਾਇ ਮਨਹੁੰ ਖਰ ਛੁਰੀ[7] ॥੨੨॥ਯਾਂਤੇ ਮੈਂ ਬਿਚਾਰ ਕਰਿ ਆਯੋ। ਨਖ ਸ਼ਿਖ ਕਾਰੋ ਬੇਖ ਬਨਾਯੋ। ਤਿਨ ਕੀ ਨਜ਼ਰ ਲਗਹਿ ਅਬਿ ਨਾਂਹੀ।ਕਾਰੋ ਬਦਨ[8] ਹੋਇ ਤਿਨ ਜਾਹੀ ॥੨੩॥ ਜਿਮ ਬਾਲਿਕ ਸੁੰਦਰ ਸ਼ਿੰਗਾਰੇ। ਚਾਰੁ ਬਿਭੂਖਨ ਬਸਤ੍ਰਨਿ ਧਾਰੇ। ਬਿੰਦੁ ਸ਼ਯਾਮਤਾ ਮਾਤ ਲਗਾਵੈਂ[9]।–ਨਹੀਂ ਨਦਰ ਕਿਸ ਕੀ ਲਗ ਜਾਵੈ–॥੨੪॥ਸੁੰਦਰ ਅਪਨੇ ਸਦਨ ਚਿਨਾਵੈਂ[10]।ਅੰਤਰ ਬਾਹਿਰ ਬਿਸਦ ਬਨਾਵੈਂ। ਨਦਰ ਨਹੀਂ ਕਿਹ ਕੀ ਲਗਿ ਜਾਇ[11]।ਕਾਰੀ ਹੰਡੀਆ ਧਰਹਿ ਬ-ਨਾਇ॥੨੫॥ਨਜ਼ਰ ਕਰਹਿ ਸੰਗਤਿ ਪਰ ਜੋਇ।ਤਜਿ ਸੰਗਤਿ ਮੁਝ ਲਾਗ-

[1]ਕੇਸੂਆਂ ਦਾ ਬਨ ਮਾਨੋਂ ਖਿੜਿਆ ਹੋਇਆ ਹੈ। [2]ਬਸੰਤ ਰੁਤ ਵਿਚ [3]ਕਾਲਖ। [4]ਚੱਕਰ। [5]ਉਜਲ ਦੰਦ ਪ੍ਰਗਟ ਹੋਕੇ ਪ੍ਰਕਾਸ਼ੇ ਗੁਰੂ ਜੀ ਦੇ। [6]ਨਜ਼ਰ। [7]ਮਾਨੋਂ ਤ੍ਰਿੱਖੀ ਛੁਰੀ ਹੈ। [8]ਮੂੰਹ। [9]ਕਾਲੀ ਬਿੰਦੀ (ਮੱਥੇ ਵਿਚ) ਮਾਂ ਲਾ ਦਿੰਦੀ ਹੈ। [10](ਲੋਕੀ) ਉਸਾਰਦੇ ਹਨ। [11](ਇਸ ਲਈ ਕਿ) ਕਿਸੇ ਦੀ ਨਜ਼ਰ ਨਾ ਲਗ ਜਾਵੇ।

[redacted] [ਪਿਛਲੇ ਪੰਨੇ ਦੀ ਬਾਕੀ ਟੂਕ]

ਰੁਤ ਦੇ ਖੇੜੇ ਦੇ ਸਾਮਾਨ ਤੇ ਚੜ੍ਹਦੀਆਂ ਕਲਾਂ ਦੇ ਪ੍ਰਕਾਸ਼, ਅਰ ਸਭ੍ਯਤਾ ਨੂੰ ਨਾ ਦੂਰ ਕਰਕੇ ਉਮਾਹ ਦੇਣ ਵਾਲੇ ਉਛਾਲੇ ਸਤਿਸੰਗ ਦੇ ਰੰਗ ਵਾਲੇ ਕਾਇਮ ਰਹਿਣੇ ਚਾਹੀਏ। ਮਹੱਲੇ ਦਾ ਚੜ੍ਹਨਾ ਤਾਂ ਸਿੰਘ ਸਭਾ ਦੇ ਉੱਦਮ ਨਾਲ ਮੁੜ ਜਾਰੀ ਹੋ ਪਿਆ ਹੈ ਤੇ ਮਹੱਲੇ ਵਾਲੇ ਦਿਨ ਮੰਦਰ ਦੇ ਇਸ਼ਨਾਨ ਦਾ ਰਿਵਾਜ ਬੀ ਸੰਗਤ ਤੇ ਜ਼ੋਰ ਦੇਕੇ ਕਰਕੇ ਫਿਰ ਖੁੱਲ੍ਹ ਪਿਆ ਹੈ।

Sri Satguru Jagjit Singh Ji eLlibrary          NamdhariElibrary@gmail.com

ਹਿ ਸੋਇ। ਮੈਂ ਹਾਂਡੀ ਬਨਲੇਊਂ ਸੰਭਾਰ।ਬੁਰੀ ਨਜ਼ਰ ਜੋ ਬਸਹਿਂ ਪਹਾਰਿ[1]॥ ੨੬॥ ਸੁਨਿ ਕਰਿ ਹਸੇ ਕ੍ਰਿਪਾ ਤੇ ਜੋਵਾ। 'ਮਮ ਸੰਗਤਿ ਕੇ ਰੱਖਕ ਹੋਵਾ'। ਅਧਿਕ ਖੁਸ਼ੀ ਸੁਥਰੇ ਪਰ ਕਰੀ। 'ਇਹ ਮਮ ਸਿੱਖਨ ਭਲੀ ਉਰਧਰੀ'॥੨੭॥ ਸਭਿ ਪਰ ਬਲੀ ਰਹੈ ਬਲ ਧਰਿ ਹੈਂ[2]। ਹਿੰਦੂ ਤੁਰਕ ਨ ਸਮਤਾ ਕਰਿ ਹੈਂ। ਨਹਿਂ ਇਸ ਕੇ ਟਿਕ ਸਕਹਿਂ ਅਗਾਰੀ। ਸਭਿ ਪਰ ਠਹਿਰਾਵਹਿ ਨਿਜ ਕਾਰੀ[3]॥ ੨੮ ॥ ਜੋ ਜਾਚਯੋ ਸੁਥਰੇ ਕੋ ਦਯੋ। ਸਿਰੋਪਾਉ ਪੁਨ ਹੋਵਤਿ ਭਯੋ। ਅਦਭੁਤ ਹੋਰੀ* ਸਤਿਗੁਰ ਕਰੀ। ਸੰਗਤਿ ਕਰਿ ਦਰਸ਼ਨ ਮੁਦ ਭਰੀ ॥ ੨੯ ॥ ਕੌਨ ਸਕਹਿ ਕਰਿ ਅਸ ਕਲਿਕਾਲ। ਸਤਿਗੁਰ ਸਕਲ ਸ਼ਕਤਿ ਕੇ ਨਾਲ। ਸਗਰੋ ਸੰਗਤਿ ਕੋ ਸੁਖ ਦਇ। ਅਨਿਕ ਬਿਲਾਸਨਿ ਬਿਲਸਤਿ ਭਏ॥੩੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਹੋਰੀ ਕੋ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

## ੨੮. [ਭਾਈ ਦਯਾ ਸਿੰਘ ਜੀ ਦਾ ਜੰਞ]।

ਦੋਹਰਾ ॥ ਅਚਰਜ ਬਿਦਤਯੋ ਪੰਥ ਜਗ ਕਿਸਹੁੰ ਨ ਮਾਨਹਿਂ ਕਾਨ। ਦੇਗ਼ ਤੇਗ਼ ਕੇ ਬਲੀ ਬਡ ਬਾਂਕੇ ਬੀਰ ਸੁਜਾਨ ॥੧॥ ਚੌਪਈ ॥ ਕਹਯੋ ਕਿਸੂ ਕੋ ਕਯੋਂਹੂੰ ਨ ਮਾਨਹਿਂ। ਗੋਰ ਮੜ੍ਹੀਨ[4] ਅਨਾਦਰ ਠਾਨਹਿਂ। ਗੁਰ ਕੀ ਆਇਸੁ ਕੋ ਦ੍ਰਿੜ੍ਹ ਰਾਖਹਿਂ। ਸਦਾ ਜੰਗ ਕੋ ਉਰ ਅਭਿਲਾਖਹਿਂ॥੨॥ ਊਚੋ ਮਤਿ ਸਭਿ ਤੇ ਸੁਚਿ ਰਹੈਂ। ਤਰਕ ਤੁਰਕ ਹਿੰਦੁਨਿ ਪਰ ਕਹੈਂ। ਦੇਖਿ ਜਗਤ ਕੇ ਲੋਕ ਖਿਸਾਨਹਿਂ[5]। ਅਪਨੇ ਤੇ ਅਗ੍ਰ ਸ਼ੁਭ ਜਾਨਹਿਂ ॥ ੩ ॥ ਨਿਸ ਦਿਨ ਭਜਨ ਪ੍ਰਤਾਪ ਬਧੰਤਾ। ਸੱਤਿਨਾਮ ਸਿਮਰਹਿ ਸੁਖਵੰਤਾ। ਹਿੰਦੂ ਤੁਰਕ ਹੇਰਿ ਦੁਖ ਪਾਵਹਿ। ਸ਼ੁਭ ਸਰੂਪ ਚਿਤ ਜਰਯੋ ਨ ਜਾਵਹਿ ॥ ੪ ॥ ਜਥਾ ਆਂਖ ਮਹਿ

---

[1]ਜੋ ਪਹਾੜ ਵਿਚ ਵਸਦੇ ਹਨ ਉਨ੍ਹਾਂ ਦੀ ਬੁਰੀ ਨਜ਼ਰ ਹੈ। [2]ਬੈਰੀ ਦਿਲ ਵਿਚ ਧਾਰੀ ਹੈ। [3]ਭਾਵ ਖਾਲਸਾ ਪੰਥ। (ਅ) ਸੁਥਰਾ। [3]ਆਪਣੀ ਕਾਰ ਮਨਾਉਣਗੇ। [4]ਕਬਰਾਂ, ਸਮਾਧਾਂ। [5]ਖਿਜਦੇ ਹਨ। (ਅ) ਸ਼ਰਮਿੰਦੇ ਹੁੰਦੇ ਹਨ।

*ਹਿੰਦੂਆਂ ਦੀ ਹੋਲੀ ਜਿਸ ਵਿਚ ਦੁਰਬਚਨ ਤੇ ਭਲਿਆਂ ਨੂੰ ਕਲਪਾਉਣ ਵਾਲੇ ਤੇ ਵਿਕਾਰੀਆਂ ਦੇ ਵਿਕਾਰ ਵਧਾਉਣ ਵਾਲੇ ਮਾੜੇ ਕਰਮ ਹੁੰਦੇ ਹਨ, ਉਹ ਹੋਲੀ ਤਾਂ 'ਹਿੰਦੁਨਿ ਕੇ ਦਿਨ ਹੋਲਿ ਦੀਵਾਲੀ। ਇਤਯਾਦਿਕ ਦਿਨ ਚਲਹਿ ਕੁਚਾਲੀ। ਬਿਨਾ ਲਾਜ ਤੇ ਹੁਇ ਨਰ ਨਾਰੀ। ਕਰਹਿਂ ਖਰਾਬਾ ਕਾਢਤ ਗਾਰੀ', ਇਸੇ ਰੁਤ ਦੇ ਅੰਸੂ ੩੩ ਛੰਦ ੨੭ ਵਿਚ ਤੇ ਅੰਕ ੩੦ ਵਿਚ ਸਤਿਗੁਰ ਜੀ ਨੇ ਵਰਜੀ ਹੈ, ਪਰ ਇਹ ਉਤਸਾਹ ਜਨਕ ਗੁਰਬਾਣੀ ਦੇ ਕੀਰਤਨ ਨਾਲ ਮਿਲਿਆ, ਜੋ ਵਿਛੜੇ ਸਤਿਸੰਗੀਆਂ ਦੇ ਮੇਲੇ ਕਰਾਉਣ ਵਾਲਾ ਅਦਭੁਤ ਹੋਲਾ ਅਤੇ ਨਾਲ ਬੀਰ ਰਸੀ ਮਹੱਲਾ ਹੈ, ਸਤਿਗੁਰ ਜੀ ਨੇ ਪ੍ਰਗਟ ਕੀਤਾ ਹੈ।

Sri Satguru Jagjit Singh Ji eLlibrary NamdhariElibrary@gmail.com

ਤ੍ਰਿਨ ਪਰ ਜਾਇ।ਚੁਭਤਿ ਅਧਿਕ ਨਹਿਂ ਨਿਕਸਨ ਪਾਇ।ਇਕ ਦਿਨ ਸ੍ਰੀ ਕਲਗੀਧਰ ਪਾਸ। ਇਹ ਬ੍ਰਿਤੰਤ ਬਹੁ ਕਰਹਿਂ ਪ੍ਰਕਾਸ਼ ॥ ੫ ॥ ਸੁਨਿ ਕਰਿ ਸ੍ਰੀ ਮੁਖ ਤੇ ਬਿਕਸਾਏ। ਸਰਬ ਸਰੀਰ ਬੀਰ ਰਸ ਛਾਏ। ਬਿਕਸੰਤਿ ਬੋਲੇ ਬਚਨ ਕ੍ਰਿਪਾਲੂ।'ਦੁਹ ਆਂਖਨ[1] ਤ੍ਰਿਨ ਪਰਨੈ ਬਿਸਾਲੂ॥੬॥ ਪਰਨੋ ਸੁ ਪਰਨੋ ਨ ਨਿਕਸਨ ਹੋਵੈ। ਰੈਨ ਦਿਨਾ ਜਨੋਂ ਜਲ ਤਜਿ ਰੋਵੈਂ[2]। ਛੂਟ ਜਾਇਗੀ ਦੁਸ਼ਟਨਿ ਆਂਖ। ਐਂਧੇ ਹੋਹਿਂ ਨ ਪੂਰਵਹਿ ਕਾਂਖ[3] ॥ ੭॥ ਕਰਤਿ ਉਪਾਇ ਦੁਸ਼ਟ ਦੁਖ ਭਰੇ। ਪਲ ਪਲ ਬਿਖੈ ਸਵੱਯਾ ਚਰੇਂ[4]। ਹਿੰਦੂ ਤੁਰਕਨਿ ਕੇ ਹੁਇ ਨਾਥ। ਕਰੈਂ ਬਸੀ ਗਹਿ ਦੈਂਡੋ ਸਾਥ ॥੮॥ ਜੇ ਜੇ ਗੁਰ ਸੰਗ ਧਰਹਿਂ ਬਿਰੋਧ। ਕਰਹਿ ਖਾਲਸਾ ਤਿਨ ਕੀ ਸੋਧ। ਹੋਇ ਅਧੀਨ ਜੀਵਕਾ ਕਰੈਂ। ਸਿੰਘਨਿ ਤੇ ਮ੍ਰਿਗ ਸਮ ਹੁਇ ਡਰੈਂ॥੯॥ਅਪਨਿ ਪੰਥ ਕੇ ਗੁਨ ਇੱਤਯਾਦਿ। ਬਰਨਨ ਕਰੇ ਧਰੇ ਅਹਿਲਾਦ। ਸਭਿ ਦੇਸ਼ਨਿ ਕੇ ਬਿਖੈ ਪ੍ਰਕਾਸ਼ੇ। ਹੇਰਿ ਹੇਰਿ ਬਿਸਮਾਹਿਂ ਹਿਰਾਸੇ[5] ॥੧੦॥ ਸ਼ਸਤ੍ਰ ਸਮੇਤ ਸਦਾ ਰੰਗ ਰਾਤੇ। ਬਿਨਾ ਰਾਜ ਰਾਜੇ ਨਿਤ ਮਾਤੇ[6]।ਬਿਨ ਧਨ ਤੇ ਬਡ ਧਨੀ ਬਨੇ ਹੈਂ।ਇਕ ਸਤਿਗੁਰ ਕੇ ਪ੍ਰੇਮ ਸਨੇ ਹੈਂ ॥ ੧੧ ॥ ਮਹਾਂ ਨਿਡਰ ਰਸ ਬੀਰ ਭਰੇ ਹੈਂ। ਨਹੀਂ ਕਿਸੂ ਕੋ ਸੰਗ ਕਰੇ ਹੈਂ। ਸਿੰਘ ਬਿਨਾ ਮਿਲਿ ਹਰਖਹਿਂ ਨਾਹੀ[7]।ਮਨ ਮੇਲਨਿ ਤੌ ਹੋਹਿ ਕਹਾਂ ਹੀਂ[8] ॥ ੧੨ ॥ ਰਹਹਿਂ ਮਗਨ ਪਰਵਾਹੁ ਨ ਕਾਹੂ। ਭੂਮ ਬਿਨਾ ਭੂਪਤਿ ਮਦਮਾਹੂ।ਦੋਨਹੁੰ ਸਮੈ ਸੁਚੇਤਾ[9] ਕਰਿਬੋ।ਭਾਂਤਿ ਭਾਂਤਿ ਤਨ ਸ਼ਸਤ੍ਰਨਿ ਧਰਬੋ ॥੧੩ ॥ ਸ਼ਮਸ਼ ਕੇਸ਼ ਤੇ ਸੁਭਤਿ ਬਿਸਾਲੇ। ਬਾਂਕੇ ਬੀਰ ਹਠੀ ਮੁਛਿਆਲੇ।ਸਜਹਿ ਤੁਰੰਗ ਅਰੂਢਹਿ ਐਸੇ।ਹਿੰਦੂ ਤੁਰਕ ਨ ਕਬਿ ਹੁਇ ਕੈਸੇ[10] ॥੧੪॥ ਸ਼ਸਤ੍ਰ ਸਜਾਇ ਗੁਰੂ ਕੋ ਦਰਸੈਂ। ਹੇਰਿ ਪੰਥ ਕੋ ਅਦਭੁਤ ਹਰਸ਼ੈਂ। ਰਟਹਿ ਰੈਨ ਦਿਨ ਸ੍ਰੀ ਗੁਰਬਾਨੀ।ਸਭਿ ਤੇ ਅਤਿ ਸ੍ਰੇਸ਼ਟ ਸੁਖ ਖਾਨੀ॥੧੫॥

ਇਕ ਦਿਨ ਸਤਿਗੁਰ ਚਢੇ ਅਖੇਰ। ਭਏ ਤੁਰੰਗ ਅਰੂਢ ਸਬੇਰ। ਸੁਭਟ ਸਿੰਘ ਦਲ[11] ਸੰਗ ਸੁਹੰਤਾ। ਸਭਿ ਕੇ ਬੀਰ ਚਲਹਿਂ ਭਗਵੰਤਾ ॥ ੧੬ ॥ ਸਭਿ ਕੈ ਸ਼ਸਤ੍ਰ ਸਜਹਿ ਸ਼ੁਭ ਰੰਗ। ਖੜਗ ਰੁ ਸਿਪਰ ਸਿਕੰਧ ਤੁਫੰਗ।ਬਨ

---

[1]ਦੁਹਾਂ ਦੀਆਂ ਅੱਖਾਂ ਵਿਚ। [2]ਰਾਤ ਦਿਨੇ (ਨੇਤ੍ਰਾਂ ਤੋਂ) ਜਲ ਗੇਰ ਗੇਰ ਰੋਣਗੇ। [3]ਇੱਛਾ। [4]ਸਵਾਯਾ (ਪ੍ਰਤਾਪ ਖਾਲਸੇ ਦਾ) ਚੜ੍ਹੇਗਾ। [5]ਡਰਦੇ ਹੋਏ (ਲੋਗ)। [6]ਮਸਤੇ ਹੋਏ (ਖਾਲਸੇ)। [7]ਸਿੰਘ ਦੇ ਮਿਲੇ ਬਿਨਾਂ ਪ੍ਰਸੰਨ ਨਹੀਂ ਹੁੰਦੇ। [8](ਹੋਰ ਕਿਸੇ ਨਾਲ) ਮਨ ਮੇਲਣਾ ਤਾਂ ਕਿਤੇ ਰਿਹਾ। [9]ਸ਼ਨਾਨ ਆਦਿਕ। [10]ਕਿਸੇ ਤਰ੍ਹਾਂ ਕਦੇ ਬੀ। [11]ਸੂਰਮੇ ਸਿੰਘਾਂ ਦਾ ਦਲ।

ਮਹਿਂ ਕਰ੍ਯੋ ਅਖੇਰ ਘਨੇਰਾ। ਉਤਰੇ ਪ੍ਰਭੂ ਬਿਰਖ ਸੁਭ ਹੇਰਾ ॥ ੧੭ ॥ ਕਿਤਿਕ ਕਾਲ ਬੈਠੇ ਕਰਿ ਸੈਲ। ਸਤੁੱਦ੍ਰਵ ਤੀਰ ਖਰੇ ਜਹਿ ਸੈਲ[1]। ਉਠੇ ਪ੍ਰਭੁ ਹਯ ਕੀਨਿਸਿ ਆਗੇ। ਦੇ ਰਕਾਬ ਪਦ ਚਢਿਬੇ ਲਾਗੇ ॥੧੮॥ ਸੁਭਤਿ ਕ੍ਰਿਪਾਨ ਬਨ੍ਯੋ ਮਧ ਮ੍ਯਾਨ। ਕਸੀ ਕਮਰ ਕੇ ਸੰਗ ਸੁਜਾਨ। ਚੰਚਲ ਬਾਜੀ ਬਹੁ ਬਲ ਭਰ੍ਯੋ। ਪਗਨ ਚਪਲਤਾ ਉਛਲਨਿ ਕਰ੍ਯੋ ॥ ੧੯ ॥ ਨਿਕਸੇ ਵਹਿਰ ਮ੍ਯਾਨ ਤੇ ਹੇਰਿ। ਖੜ੍ਗ ਸੰਭਾਰ੍ਯੋ ਗੁਰ ਤਿਸ ਬੇਰ। ਰੋਕਨ ਕੌ[2] ਜਾਰ੍ਯੋ ਪ੍ਰਭੁ ਡੋਰਾ[3]। ਸੁਨਿ ਸਭਿ ਸਿੱਖ੍ਯਨਿ ਕੀਨਿ ਢੰਡੋਰਾ ॥੨੦॥ ਖੋਜਤਿ ਭਲੇ ਨਹੀਂ ਜਬਿ ਪਾਯੋ। ਸਿੱਖ੍ਯਨਿ ਤੇ ਨਕਾਜ ਸਰ ਆਯੋ। ਦਯਾ ਸਿੰਘ ਤਬਿ ਰਿਦੈ ਬਿਚਾਰਾ। ਅਪਨੋ ਜਗ੍ਯੁਪਵੀਤ[4] ਉਤਾਰਾ ॥੨੧॥ ਡੋਰਾ ਕਰਿ ਕ੍ਰਿਪਾਨ ਹਿਤ ਦੀਨਾ। ਸ੍ਰੀ ਕਲਗੀਧਰ ਪਾਵਨ ਕੀਨਾ। ਚਲਿ ਆਏ ਸਭਿ ਹੀ ਨਿਜ ਡੇਰੇ। ਸ੍ਰੀ ਗੁਰ ਮੰਦਿਰ ਰਹੇ ਉਚੇਰੇ ॥੨੨॥ ਕਿਤਿਕ ਦੇਰ ਮਹਿਂ ਸਿੱਖਨ ਹੇਰਾ। ਦਯਾ ਸਿੰਘ ਗਰ ਜੰਞੂ ਨ ਗੇਰਾ[5]। ਸਮੁਦਾਇਨ[6] ਮਿਲਿ ਬੂਝਨ ਕਰ੍ਯੋ। 'ਕ੍ਯੋਂ ਨ ਜਨੇਊ ਤੁਮ ਗਰ ਧਰ੍ਯੋ?' ॥੨੩॥ ਸੁਨਤਿ ਸਭਿਨਿ ਕੌ ਉੱਤਰ ਦਯੋ। 'ਸਤਿਗੁਰ ਕੌ ਸਾਮਰਪਨਿ ਕਿਯੋ। ਅਜਰ ਅਮਰ ਅਬਿ ਸੋ ਹੁਇ ਗਯੋ। ਜਿਸ ਤੇ ਕਾਜ ਗੁਰਨ ਕੌ ਭਯੋ' ॥੨੪॥ ਪੁਨ ਸਿੱਖਨ ਸਮੁਝਾਵਨਿ ਕਰ੍ਯੋ। 'ਭਲੋ ਭਯੋ ਗੁਰ ਕਾਰਜ ਸਰ੍ਯੋ। ਅਪਰ ਜਨੇਊ ਲੈ ਕਰਿ ਧਾਰੋ। ਧਰਮ ਆਪਨੋ ਹਿਤ ਕਰਿ ਪਾਰੋ' ॥੨੫॥ ਕਹਿ ਬਹੁ ਰਹੇ ਨਹੀਂ ਤਿਨ ਮਾਨ੍ਯੋ। ਜਾਇ ਸਿੱਖ ਗੁਰ ਸਾਥ ਬਖਾਨ੍ਯੋ। ਸ੍ਰੀ ਪ੍ਰਭੁ ਦਯਾ ਸਿੰਘ ਨਹਿ ਮਾਨੈ। ਨਯੋ ਆਪਨੋ ਮਤ ਕੋ ਠਾਨੈ ॥੨੬॥ ਹਿਤ ਡੋਰੇ ਤੁਮ ਕੋ ਤਬਿ ਦੀਨੋ। ਅਬਿ ਕਹਿ—ਮੈਂ ਗੁਰ ਅਰਪਨ ਕੀਨੋ—। ਜਗ੍ਯੁਪਵੀਤ ਨ ਪਾਵਤਿ ਗਰ ਮੈਂ। ਕਹ੍ਯੋ ਨ ਮਾਨੈ ਕ੍ਯਾ ਤਿਸ ਉਰ ਮੈਂ!' ॥੨੭॥ ਸਿੱਖ੍ਯਨਿ ਸੰਗ ਕਹ੍ਯੋ ਗੁਰ ਪੂਰੇ। 'ਪਹਿਰਾਵਹੁ ਤਿਸ ਜਾਇ ਜ਼ਰੂਰੇ। ਜ੍ਯੋਂ ਕ੍ਯੋਂ ਕਰਿ ਨੀਕੇ ਸਮੁਝਾਵਹੁ। ਅਪਨੀ ਦਿੰਸ਼ਿ ਤੇ ਭੈ ਦਿਖਰਾਵਹੁ*' ॥੨੮॥ ਸਿੱਖ ਜਾਇ ਪੁਨ ਬਹੁ ਸਮੁਝਾਯੋ। 'ਕੈਸੇ ਕਰਹਿਂ ਅਪਨਿ ਮਨ ਭਾਯੋ। ਹਮ ਸਭਿ ਕਹੈਂ ਮਾਨ ਬਚ ਲੀਜੈ। ਜਗ੍ਯੁਪਵੀਤ ਪਾਵਨੋ ਕੀਜੈ' ॥ ੨੯ ॥ ਦਯਾ ਸਿੰਘ ਮਾਨੈਂ ਨ ਬਖਾਨਾ। 'ਸੁਨਹੁ ਸਿੱਖ ਤੁਮ ਸਭਿ ਸੁਰ ਗ੍ਯਾਨਾ[7]। ਮਨ ਤਨ ਤੈ ਮੈਂ ਅਰਪਨ ਠਾਨਾ। ਸ੍ਰੀ ਗੁਰ ਕਲਗੀਧਰ ਬਿਦ-

[1] ਪਹਾੜ। [2] ਭਾਵ (ਤਲਵਾਰ) ਬੰਨ੍ਹਣ ਲਈ। [3] ਰੱਸੀ। [4] ਜੰਞੂ। [5] ਗਲ ਵਿਚ ਜੰਞੂ ਨਹੀਂ ਪਾਇਆ। [6] ਸਾਰਿਆਂ ਨੇ। [7] ਹੇ ਦਿੱਵ ਗਿਆਨੀਓ। *ਵਯੰਗਵਾਕ ਹੈ।

Sri Satguru Jagjit Singh Ji eLlibrary NamdhariElibrary@gmail.com

ਮਾਨਾ[1]'॥੩੦॥ਸੁਨਿ ਸਿੱਖਨ ਗੁਰ ਸੋਂ ਪੁਨ ਕਹ੍ਯੋ।'ਮਾਨੈ ਨਹਿ ਨ,ਕਰਹਿ ਨਿਜ ਕਹ੍ਯੋ'। ਸੁਨਿ ਕਰਿ ਕਲਗ਼ੀਧਰ ਮੁਸਕਾਨੇ। ਤਿਨ ਸਿੱਖਨ ਸੋਂ ਬਾਕ ਬਖਾਨੇ ॥੩੧॥ 'ਮੋਹਿ ਨਿਕਟ ਆਨਹੁ ਅਬਿ ਜਾਇ। ਦਯਾ ਸਿੰਘ ਕੋ ਦੇਂ ਸਮੁਝਾਇ। ਕ੍ਯੋਂ ਨਹਿਂ ਪਹਿਰਤਿ ਤਿਸ ਤੇ ਸੁਨੈਂ। ਕੌਨ ਗ੍ਯਾਨ ਕੋ ਮਨ ਮਹਿਂ ਗੁਨੈਂ' ॥੩੨॥ ਗਏ ਸੁ ਤਤਛਿਨ ਜਾਇ ਉਚਾਰ੍ਯੋ। 'ਉਠਿ ਕਰਿ ਗਮਨਹੁ,ਗੁਰੂ ਹਕਾਰ੍ਯੋ। ਸ੍ਰੀ ਮੁਖ ਕਰਹਿਂ ਭਲੇ ਫੁਰਮਾਵਨਿ।ਤਬਹਿ ਜਨੇਊ ਪਾਵਨ ਪਾਵਨ[2]'॥੩੩॥ਸੁਨਤਿ ਦਯਾ ਸਿੰਘ ਉਠਿ ਭਾ ਖਰੋ। ਜਾਇ ਪਾਇ ਪੰਕਜ ਮੈਂ ਪਰੋ। ਸਤਿਗੁਰ ਗ੍ਯਾਨੀ ਮੁਖਹੁ ਬਖਾਨੀ। 'ਸਿੱਖ੍ਯਨਿ ਬਾਨੀ ਕ੍ਯੋਂ ਨਹਿਂ ਮਾਨੀ?॥੩੪॥ਕ੍ਯੋਂ ਨ ਰੁਚਹਿ ਐਸੀ ਬਿਧਿ ਤੋਰੇ?ਰਹ੍ਯੋ ਸਦਾ ਜਨੋਂ ਧਾਰਿ ਅਗੋਰੇ'। ਦਯਾ ਸਿੰਘ ਕਰ ਜੋਰਿ ਉਚਾਰ।'ਸ੍ਰੀ ਸਤਿਗੁਰ ਜੀ ਬਾਕ ਤੁਮਾਰ॥੩੫॥ਆਸਾਵਾਰ ਮਝਾਰ ਸੁਨਾਵਨ। ਜੱਗ੍ਯੋਪਵੀਤ ਕਰੋ ਜਿਮ ਪਾਵਨਿ। ਸੋ ਮੈਂ ਲਖਿ ਕਰਿ ਅਰਪਨਿ ਕਰ੍ਯੋ।ਰਾਵਰਿ ਕਰੁਨਾ ਤੇ ਸੋ ਧਰ੍ਯੋ ॥ ੩੬ ॥

ਸ੍ਰੀ ਮੁਖਬਾਕ ॥

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥

ਪੁਨਾਃ—ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ[3] ॥

ਚੌਪਈ॥ਇਤ੍ਯਾਦਿਕ ਤਬਿ ਬਰਨ੍ਯੋ ਤਹਾਂ।ਜਗ੍ਯੋਪਵੀਤ ਸੁਖਦ ਸਚ ਮਹਾਂ। ਮਨਮਤਿ ਕਰਿ ਮੈਂ ਤ੍ਯਾਗ੍ਯੋ ਨਾਂਹੀ।ਖੋਜ ਲੀਨਿ ਗੁਰ ਆਸ਼ੈ ਮਾਂਹੀ॥੩੭॥ ਰਾਵਰ ਕੀ ਆਇਸੁ ਸਿਰ ਧਰੈਂ। ਉਚਰਹੁ ਅਬਿ ਤੈਸੇ ਸਭਿ ਕਰੈਂ'। ਦਯਾ ਸਿੰਘ ਕੋ ਸੁਨਯੋਂ ਸੁ ਆਸ਼ੈ।ਪ੍ਰੇਮ ਪਰਖਿ ਕਰਿ ਗੁਰੂ ਪ੍ਰਕਾਸ਼ੇ[4]:-॥੩੮॥'ਇਹ ਮੇਰੋ ਸਿਖ ਦਿਢ ਬ੍ਰਹਮ ਗ੍ਯਾਨੀ। ਸ਼ੁਭ ਬਾਨੀ ਸਤਿਗੁਰ ਕੀ ਮਾਨੀ।ਹਮਰੀ ਭਗਤਿ ਵਿਖੇ ਮਨ ਭੀਨਾ। ਅਤਿ ਉੱਤਮ ਨਿਸ਼ਚੈ ਮਨ ਕੀਨਾ ॥ ੩੯ ॥ ਅਬਿ ਤੇ ਆਗੇ ਜੋ ਸਿਖ ਮੇਰੋ। ਰਹਤਿ ਕਹਤਿ ਕੇ ਸਹਿਤ ਬਡੇਰੋ।—ਪਾਵਹੁ ਕੰਠ ਜਨੇਊ—ਕਹੈ। ਸੋ ਤਨਖਾਹੀ ਨਿਜ ਕੋ ਲਹੈ॥੪੦॥ਹਾਥ ਜੋਰਿ ਅਰਦਾਸ ਕਰਾਵੈ। ਦੇ ਤਨਖਾਹ ਆਪ ਬਖਸ਼ਾਵੈ। ਹਿੰਦੂ ਤੁਰਕ ਦੁਹਨ ਤੇ

---

[1]ਪ੍ਰਗਟ ਹੀ। [2]ਤਦ ਪਵਿੱਤ੍ਰ ਜਨੇਊ ਪਾਵਿਗੇ। [3]ਜਨੇਊ। [4]ਗੁਰੂ ਜੀ ਨੇ ਕਿਹਾ:—।

Sri Satguru Jagjit Singh Ji eLlibrary NamdhariElibrary@gmail.com

ਨਨਾਰੀ।ਧਰਹਿ ਖਾਲਸਾ ਰਹਿਤ ਸੁਚਾਰੀ[1]॥੪੧॥ਜਗਤ ਕਾਨ ਤਜਿ ਹੋਹਿ
ਨਿਰਾਲਾ। ਗੁਰਮਤਿ ਧਾਰਹਿ*ਉਦਿਤਿ ਬਿਸਾਲਾ[2]। ਜਗ ਮਹਿ ਜੇ ਮਲੇਛ
ਬਲਵਾਨਾ। ਮਨ ਮਹਿ ਅਹੈ ਬਿਕਾਰ ਮਹਾਨਾ ॥੪੨॥ ਸਿੰਘ ਸੂਰਮੇ ਗੁਰ-
ਮਤਿ ਧਰੈਂ। ਇਨ ਦੋਨਹੁੰ ਕੋ ਨਾਸ਼ਨਿ ਕਰੈਂ[3]। ਦੋਨਹੁੰ ਲੋਕ ਲਹੈਂ ਸੁਖ
ਭਾਰੀ। ਮੈਂ ਤਿਨ ਕੋ ਸੰਗੀ ਮੁਦਕਾਰੀ[4] ॥੪੩॥ ਹੋਇ ਖਾਲਸਾ ਮੇਰੋ ਰੂਪ।
ਹਿਤ ਮਿਰਜਾਦਾ ਕਰਹਿ ਅਨੂਪ।ਸੋ ਸਭਿ ਕੋ ਅੰਗੀਕਾਰ।ਤਿਨ ਸਿੱਖਨ-
ਨ ਕੇ ਮੈਂ ਅਨੁਸਾਰਿ' ॥੪੪॥ ਇਮ ਕਲਗੀਧਰ ਸਿਖ ਸਮੁਝਾਏ। ਅਪਰ
ਖਯਾਲ ਬਹੁ ਪੁਨ ਬਿਰਮਾਏ।ਸ਼ਸਤ੍ਰਨਕੋ ਹੇਰਤਿ ਹਰਖਾਵਹਿ।ਫੂਲਨਮਾਲਾ
ਧੂਪ ਧੁਖਾਵਹਿ ॥ ੪੫ ॥ ਇਤੀ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਦਯਾ ਸਿੰਘ
ਕੋ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥ ੨੮ ॥

## ੨੯. [ਚੱਯੇ ਮੱਯੇ ਮਸੰਦ ਨੂੰ ਦੰਡ। ਮਸੰਦਾਂ ਦੀ ਨਕਲ]।

ਦੋਹਰਾ ॥ ਸਤਰਾਂ ਸੈ ਪਚਵੰਜਵੇਂ ਸ੍ਰੀ ਦੇਵੀ ਬਿਦਤਾਇ।ਸਤਿਵੰਜੇ ਮਹਿ ਸਤਿ-
ਗੁਰੂ ਗਹੇ ਮਸੰਦ ਝੁਠਾਇ[5]॥੧॥ਚੌਪਈ ॥ ਪੂਰਬ ਦਿਸ਼ ਮੈਂ ਨਗਰ ਬਿਸਾਲੇ।
ਕਾਂਸ਼ੀ ਪਟਨਾ ਸਿੱਖ ਬੰਗਾਲੇ। ਗਾਜ਼ੀ ਪੁਰਿ,ਢਾਕਾ,ਮੁੰਗੇਰ। ਰਾਜਮਹਿਲ,
ਮਿਰਜ਼ਾਪੁਰ ਹੇਰਿ॥੨॥ਫਰਕਾਬਾਦ, ਮਖਸੂਦਾਬਾਦਿ।ਬ੍ਰਹਮ ਪੁੱਤ੍ਰ ਬਡ ਨਦ
ਤੇ ਆਦਿ।ਕਹਿ ਲਗਿ ਗਿਨੀਐ ਪੂਰਬ ਦਿਸ਼ਿ ਕੋ।ਦੇਤਿ ਕਾਰ ਗੁਰ ਪਾਇ[6]
ਪਰਸ ਕੋ ॥੩॥ ਦੈ ਮਸੰਦ ਉਤ ਤੇ ਧਨ ਲਯਾਵੈਂ। ਅਧਿਕ ਅਰਧ ਤੇ ਆਪ
ਛਪਾਵੈਂ।ਕਛੁ ਅਰਪਹਿਂ ਸਤਿਗੁਰੂ ਖਜ਼ਾਨੇ।ਬਹੁ ਧਨ ਤੇ ਜਿਨ ਗਰਬ ਮਹਾਨੇ
॥੪॥ ਹੀਰੇ ਮੁਕਤਾ ਆਦਿ ਜਵਾਹਰ। ਆਨਹਿ ਰਾਖਹਿ ਪਾਸ ਅਜ਼ਾਹਰ[7]।

---

[1]ਸ੍ਰੇਸ਼ਟ ਆਚਾਰ ਵਾਲੀ। [2]ਬੜਾ ਪ੍ਰਗਟੇਗਾ। [3]ਭਾਵ ਮਲੇਛਾਂ ਤੇ ਵਿਕਾਰਾਂ ਨੂੰ। [4]ਅਨੰਦ ਦੇਣ
ਵਾਲਾ। [5]ਝੂਠੇ ਮਸੰਦ। [6]ਚਰਨ। [7]ਲੁਕਾਕੇ।

*ਜੰਞੂ ਸਤਿਗੁਰਾਂ ਨੇ ਅਪਣੇ ਸਿੱਖਾਂ ਲਈ ਦੁਤਿਯ ਜਨਮ ਦੀ ਨਿਸ਼ਾਨੀ ਨਹੀਂ ਸੀ
ਰਖਿਆ, ਗੁਰੂ ਸ਼ਰਨ ਪ੍ਰਾਪਤ ਹੋਕੇ ਗੁਰ ਸਿਖ ਦ੍ਵਿਜ ਹੋ ਜਾਂਦਾ ਸੀ। 'ਸਤਿਗੁਰ ਕੈ ਜਨਮੈ
ਗਵਨੁ ਮਿਟਾਇਆ ॥' ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਹੈ। ਫਿਰ ਜਦ ਅੰਮ੍ਰਿਤ ਛਕਾਇਆ
ਤਾਂ ਪੁਰਾਤਨ ਰੀਤੀ, ਸਿਖਾ, ਸੂਤ ਧੋਤੀ ਆਦਿ ਉਤਾਕੇ, ਹੋਰਨਾਂ ਸਭ ਪੂਜਾ ਤੋਂ ਵਰਜ ਕੇ
ਇਕ ਅਕਾਲ ਦੇ ਲੜ ਲਾਇਆ। ਜੇ ਫਰਜ਼ ਕਰ ਲਓ ਕਿ ਕਿਸੇ ਕਿਸੇ ਨੇ ਜੰਞੂ ਨਹੀਂ ਸੀ
ਲਾਹਿਆ ਤਾਂ ਇਸ ਸਾਖੀ ਤੋਂ ਸਪਸ਼ਟ ਹੋ ਗਿਆ ਕਿ ਗੁਰੂ ਜੀ ਦੀ ਨਿਜ ਆਗਿਆ ਹੈ ਕਿ
ਜੰਞੂ ਪਹਿਨਣਾਂ ਤਨਖਾਹੀਏ ਹੋਣਾ ਹੈ। ਹੁਕਮ ਇਹ ਹੈ ਕਿ ਹਿੰਦੂ ਤੁਰਕ ਦੋਹਾਂ ਤੋਂ
ਵੱਖਰੀ ਖਾਲਸੇ ਦੀ ਆਪਣੀ ਰਹਿਤ ਧਾਰਨੀ ਅੰਮ੍ਰਿਤ ਛਕਣਾ 'ਦ੍ਵਿਜਨਮੇ' ਹੋ ਜਾਣਾ ਹੈ।

ਬਸਤ੍ਰ ਬਿਭੂਖਨ ਮੋਲ ਬਡੇਰੇ।ਸਿੱਖਨ ਤੇ ਲੇ ਰਾਖਤਿ ਡੇਰੇ।੫।ਪੂਜਾਦਰਬ ਖਾਇ ਬਧਸਾਰੀ। ਸ਼ਰਧਾ ਛੋਰਿ ਗਈ ਮਤਿਆਰੀ।–[1]'ਹਮ ਸਕੇਲ ਗੁਰਕੋ ਧਨ ਦੈਹੈਂ।ਨਤੁ ਘਰਬੈਠੇ ਕਿਤ ਤੇ ਪੈਹੈਂ–॥੬॥ਇੱਤਯਾਦਿਕ ਮਨ ਜਾਨਤਿ ਗਰਬੈਂ। ਲਾਖਹੁੰ ਨਿਜ ਘਰ ਰਾਖਹਿ ਦਰਬੈ। ਸਿੱਖ ਬੰਗਾਲੇ ਤੇ ਇਕ ਆਯੋ। ਬਾਨ ਬਾਦਲਾ ਕੋ ਇਕ ਲਯਾਯੋ॥੭॥ਕਰਯੋਆਨਿ ਆਨੰਦਪੁਰਿ ਡੇਰਾ।ਔਰ ਸੰਗ ਜਿਹ ਸੰਗ ਘਨੇਰਾ। ਜਬਿ ਸਤਿਗੁਰ ਨੇ ਸਭਾ ਲਗਾਈ। ਦੇਨਿ ਲਗੇ ਦਰਸ਼ਨ ਸਮੁਦਾਈ॥੮॥ਪੂਰਬ ਕੀ ਸੰਗਤਿ ਜੋ ਭਾਰੀ। ਅਨਿਕ ਅਕੋਰਨਿ ਕੋ ਕਰ ਧਾਰੀ।ਪਹੁੰਚਿ ਕਰਯੋ ਦਰਸ਼ਨ ਗੁਰ ਕੇਰਾ।ਬੰਦਨ ਕਰਿ ਕਰਿ ਭਾਉ ਘਨੇਰਾ ॥ ੯ ॥ ਸਰਬ ਅਕੋਰ ਅਰਪ ਕਰਿ ਆਗੇ। ਧਰਯੋ ਬਾਨ ਜਗ-ਮਗਦੁਤਿ ਜਾਗੇ।ਸਭਾ ਸਰਬ ਅਵਿਲੋਕਤਿ ਕਹਯੋ।'ਵਸਤੁ ਅਜਾਇਬਇਕ ਇਹ ਲਹਯੋ ॥ ੧੦ ॥ ਆਗੈ ਇਸ ਕੇ ਸਮ ਨਹਿ ਦੇਖਾ। ਲਗਯੋ ਹੋਇਗੋ ਦਰਬ ਬਿਸ਼ੇਖਾ'। ਜਬਿ ਸਤਿਗੁਰ ਤਿਸ ਓਰ ਨਿਹਾਰਾ। ਹਾਥ ਜੋਰਿ ਤਿਨ ਬਾਕ ਉਚਾਰਾ ॥ ੧੧ ॥ 'ਹੇ ਪ੍ਰਭੁ ਪਠਯੋ ਬਾਨ ਇਕ ਆਗੇ। ਇਸ ਕੀ ਸਮ ਜਿਸ ਕੋ ਧਨੁ ਲਾਗੇ। ਹੁਤੋ ਜ਼ਨਾਨਾ ਇਹੁ ਮਰਦਾਨਾ। ਰਾਵਰਿ ਪਹਿ-ਰਨਿ ਹਿਤ ਮੈਂ ਆਨਾ ॥੧੨॥ਪੂਰਬ ਪਠਯੋ ਜ਼ਨਾਨਾ ਜੋਇ। ਪਹਿਰਯੋ ਮਾਤ ਕਿਧੌਂ ਨਹਿ ਸੋਇ ? ਕਰਹੁ ਭਾਵਨਾ ਪੂਰਨ ਮੇਰੀ। ਪਹਿਰਹੁ ਬਸਤ੍ਰ ਆਪ ਇਕ ਬੇਰੀ'॥੧੩॥ ਸ਼੍ਰੀ ਕਲਗ਼ੀਧਰ ਸੁਨਿ ਕਰਿ ਕਹਯੋ। 'ਪ੍ਰਥਮ ਬਾਨ ਤੈ ਹਮ ਨਹਿ ਲਹਯੋ। ਪੂਛਹੁ ਕੋਸ਼ਪਤੀ ਕੋ ਸੋਇ। ਆਧਹੁ ਧਰਯੋ ਪਹੁੰਚਿਓ ਹੋਇ' ॥ ੧੪ ॥ ਗਯੋ ਦਾਸ ਖੋਜਯੋ ਬਲ ਸਾਰੇ। ਸਭਿਨਿ ਕਹਯੋ 'ਹਮ ਨਹੀਂ ਨਿਹਾਰੇ'। ਸਿਖ ਕੋ ਬੂਝਯੋ 'ਤੈਂ ਕਿਸ ਦੀਨਾ?ਕਿਨਹੁੰ ਨ ਆਨਯੋਂ, ਹੇਰਨਿ ਕੀਨਾ'' ॥੧੫॥ ਸੁਨਤਿ ਬੰਗਾਲੀ ਕਹਯੋ ਪ੍ਰਕਾਸ਼। 'ਪ੍ਰਥਮ ਮਸੰਦ ਬੁਲਾਕੀ ਦਾਸ।ਸੋ ਗੁਰ ਕਾਰ ਤਹਾਂ ਤੇ ਲੇਤਿ।ਗੁਰ ਕੇ ਨਿਕਟ ਆਨਿ ਸਭਿ ਦੇਤਿ॥੧੬॥ਮਰਯੋ ਸੁ ਪਾਛੇ ਚੇਯਾ ਮੇਯਾ। ਆਨਹਿ ਸਕਲ ਕਾਰ ਦ੍ਵੈ ਭੇਯਾ[4]। ਬਹੁ ਤਾਗੀਦ ਕੀਨਿ ਮੈਂ ਦੇਤਿ–। ਅਰਪਹੁ ਜਾਤੇ ਗੁਰੂ ਨਿਕੇਤ–॥ ੧੭ ॥ ਨਿਕਟ ਹਕਾਰਿਬੂਝੀਅਹਿ ਤਾਂਹੀ।ਦਿਯੋਬਾਦਲਾ ਕਿਸ ਕਰਮਾਂਹੀ'।ਸੁਨਤਿ ਪ੍ਰਭੂ ਕੈ ਕੋਪ ਬਿਸਾਲਾ। ਕਰਯੋ ਹੁਕਮ ਆਨਯੋਂ ਤਤਕਾਲਾ ॥ ੧੮ ॥

[1](ਮਿਸੰਦ ਇਉਂ ਵਿਚਾਰਦੇ ਹਨ:–) [2]ਇਕ ਪਟ ਦਾ ਕੱਪੜਾ ਜੋ ਤਿੱਲੇਤਾਰਾਂ ਪਾਕੇ ਉਣੀਂਦਾ ਹੈ। [3](ਖਜ਼ਾਨਾ) ਦੇਖਿਆ ਹੈ। [4]ਦੋਵੇਂ ਭਿਰਾ।

ਗਯੋ ਸੁਭਟ ਬੈਠੇ ਜਹਿਂ ਪਾਯਹੁ । ਆਨਿ ਸਭਾ ਮੈਂ ਸੋ ਠਹਿਰਾਯਹੁ[1]। ਬੂਝ੍ਯੋ 'ਕਹਾਂ ਥਾਨ ਤੈਂ ਆਨਾ ?'।ਤਿਸ ਛਿਨ ਇਕ ਸਿਖ ਊਚ ਬਖਾਨਾ ॥੧੯॥ 'ਮਹਾਂਰਾਜ!ਇਕ ਦਿਨ ਮੈਂ ਦੇਖਾ।ਪਹਿਰ੍ਯੋ ਇਸ ਕੀ ਤ੍ਰਿਯਾ ਵਿਸ਼ੇਖਾ।ਚਲੀ ਜਾਤਿ ਕਿਹ ਬ੍ਯਾਹ ਸਮਾਜਾ। ਅਦਭੁਤਿ ਦੁਤਿ ਬਹੁ ਧਨ ਤੇ ਸਾਜਾ'॥੨੦॥ ਨਹਿ ਬੋਲ੍ਯੋ ਚੈਧਾ ਧਰਿ ਮੌਨ।ਪਠੇ ਸੁਭਟ ਤਬਿ ਤਿਸਕੇ ਭੌਨ।ਖੋਜ੍ਯੋ ਭਲੇ ਨਿਕਾਸ੍ਯੋ ਸੋਇ। ਆਨ੍ਯੋਂ ਸਭਾ ਬਿਖੈ ਜਬਿ ਸੋਇ ॥ ੨੧॥ ਦੇਖਤਿ ਸਗਰੇ ਥਾਨ ਮਿਲਾਯੋ। ਦੋਨਹੁੰ ਕੋ ਇਕਸਮ ਦਰਸਾਯੋ।ਕਰ੍ਯੋ ਹੁਕਮ'ਇਸ ਦਿਹੁ ਲਟਕਾਇ।ਸਿਰ ਤਰ ਕਰਿਕੈ ਦੇਹੁ ਸਜ਼ਾਇ॥੨੨॥ਪਾਪ ਬਿਲੰਦ ਮਸੰਦਨਿ ਕਰੇ। ਹੋਹਿਂ ਪਵਿੱਤ੍ਰ ਮਾਰਤਊ ਮਰੇ[2]" । ਸੁਨਿ ਗੁਰ ਹੁਕਮ,ਜਾਟ ਸੋ ਚੈਧਾ। ਗਹਿ ਦ੍ਰਿੜ ਬੰਧ ਦੇਹਿ ਲਟਕੈਯਾ[3]॥੨੩॥ਦੇ ਸਜ਼ਾਇ ਬੰਧਨ ਕਰਿ ਰਾਖਾ*। ਸ਼ਰਧਾ ਹੀਨ ਸਭਿਨਿ ਨੇ ਲਾਖਾ। ਅੰਤ ਮਸੰਦਨ ਕੋ ਗੁਰ ਚਹਾ।ਜੋ ਕਰਤੇ ਸਿੱਖਨ ਦੁਖ ਮਹਾਂ ॥ ੨੪ ॥ ਇਕ ਦਿਨ ਸਭਾ ਬਿਖੈ ਗੁਰ ਪੂਰੇ। ਊਰੇ ਤਖਤ ਸੁਹਾਵਤਿ ਰੂਰੇ।ਸੁਾਂਗੀ ਭਾਂਡ ਆਇ ਕਹਿ ਪਾਸਾ। 'ਹੁਕਮ ਹੋਇ ਤਾਂ ਕਰਹਿ ਤਮਾਸਾ' ॥੨੫॥ਸੁਨਿ ਪ੍ਰਭੁ ਕਹ੍ਯੋ 'ਮਸੰਦ ਬਨਾਵਹੁ। ਸੁਾਂਗ ਕ੍ਰਿਯਾ ਇਨ ਕੀ ਦਿਖਰਾਵਹੁ'। ਸੁਨਿ ਆਇਸੁ ਇਕ ਬਨ੍ਯੋਂ ਮਸੰਦ। ਜਾਮਾ ਪਾਯਹੁ ਗਰੇ ਬਿਲੰਦ ॥ ੨੬ ॥ ਬੇਸ੍ਯਾ ਸੰਗ ਲੀਨਿ, ਚਢਿ ਘੋਰੀ। ਚਲ੍ਯੋ ਕਾਰ ਉਗਰਾਹਨਿ ਓਰੀ। ਸਿਖ ਸ਼ਰਧਾਲੂ ਨਿਰਧਨ ਕੇ ਘਰ। ਉਤਰ੍ਯੋ ਜਾਇ ਸੰਗ ਦ੍ਵੈ ਨਫਰ[4] ॥ ੨੭ ॥ ਪਿਖਿ ਸਿਖ ਤਤਛਿਨ ਫਿਕਰ ਉਦਾਰਾ। ਲੀਨਿ ਰਜਤਪਣ ਕਿਤਹੁੰ ਉਧਾਰਾ। ਧਰਿ ਆਗੇ ਤਿਨ ਬੰਦਨ ਕਰੀ। ਕਹ੍ਯੋ ਮਸੰਦ ਰਿਦੈ ਰਿਸ ਭਰੀ॥੨੮॥'ਕ੍ਯਾ ਕੀਨਸਿ ਮੂਰਖ ਤੈਂ ਏਹੁ।ਪੰਜ ਰਜਤਪਣ ਕ੍ਯੋਂ ਨਹਿ ਦੇਹੁ'। ਗਾਰਿ ਨਿਕਾਰ ਰਜਤਪਣ ਲੈਕੇ। ਬਾਰਬਧੂ ਦਿਸ਼ਿ ਦਯੋ ਬਗੈ ਕੇ ॥ ੨੯ ॥ ਸਿਖ ਦੁਖ ਪਾਇ ਗਯੋ ਘਰ ਮਾਂਹੀ। ਅਸਨ

---

[1]ਖੜਾ ਕੀਤਾ। [2]ਮਾਰਨ ਨਾਲ ਸ਼ੁੱਧ ਹੋ ਜਾਏਗਾ। [3]ਉਸ ਜੱਟ ਚੌਧਰੀ ਨੂੰ ਪਕੜ ਕੇ ਜਕੜ ਕੇ ਲਟਕਾ ਦਿੱਤਾ। (ਅ) ਜਟਾਂ (ਸਿੱਖਾਂ) ਨੇ......। [4]ਨੌਕਰ।

*ਜਾਪਦਾ ਹੈ ਕਿ ਥੋੜੀ ਦੇਰ ਲਟਕਾ ਕੇ ਜੋ ਲੋਕੀ ਖੋਟੇ ਮਸੰਦ ਦੀ ਸਜ਼ਾ ਤੱਕ ਲੈਣ, ਫੇਰ ਛਡ ਦਿੱਤਾ, ਕਿਉਂਕਿ ਅਗਲੀ ਸਤਰ ਵਿਚ ਦੱਸਿਆ ਹੈ ਕਿ ਉਸ ਨੂੰ ਬੰਗਾਲ ਦੇਸ਼ ਜਾਣੋਂ ਰੋਕ ਦਿੱਤਾ, ਇਉਂ ਉਸ ਦੀ ਸ਼ਰਧਾ ਹੀਣਤਾ ਸਾਰੇ ਪਤਾ ਲਗ ਗਈ ਤੇ ਕੱਢਿਆ ਗਿਆ।

Sri Satguru Jagjit Singh Ji eLlibrary NamdhariElibrary@gmail.com

ਹੇਤੁ ਕੁਛ ਪਾਵਤਿ ਨਾਂਹੀ। ਤ੍ਰਿੰਯ ਕੀ ਨਾਥ ਅਲਪ ਧਨ ਕੇਰੀ। ਧਰੀ ਦੁਕਾਨ ਜਾਇ ਤਿਸ ਬੇਰੀ ॥ ੩੦ ॥ ਦਾਲ ਉੜਦ ਕੀ ਛਮਕ ਬਨਾਈ[1]। ਗੋਧੂਮ ਕੇ ਫੁਰਕੇ[2] ਸਮੁਦਾਈ। ਕਰਿਕੈ ਤਯਾਰ ਗਯੋ ਕਰਿ ਜੋਰੇ। 'ਅਚਹੁ ਅਸ਼ਨ ਚਲੀਐ ਗ੍ਰਿਹ ਓਰੇ' ॥ ੩੧ ॥ ਸੁਰਾਪਾਨ ਤੇ ਮਸਤ ਮਹਾਨਾ। ਘੂਮਤਿ ਕੀਨੇ ਸਦਨ ਪਯਾਨਾ। ਚੌਂਕੀ ਪਰ ਬਿਠਾਇ ਸੋ ਲ੍ਯਾਯੋ। ਦੇਖਤਿ ਕ੍ਰੁੱਧਯੋ ਕ੍ਰੂਰ ਅਲਾਯੋ ॥੩੨॥ 'ਕਹਾਂ ਅਸਨ ਗੁਰ ਮਾਰੇ ਆਨਾ? ਇਹ ਨਹਿ ਖਾਹਿ ਹੰਮਾਰੇ ਸ੍ਵਾਨਾ ਪਾਪੀ! ਤੁਵ ਘਰ ਮਹਿ ਗੁਰ ਆਯੋ। ਕਹਾਂ ਭਾਉ ਕਰਿ ਅਸਨ ਅਚਾਯੋ ?' ॥ ੩੩ ॥ ਫੁਰਕੇ ਕੂਕਰ ਦਿਸ਼ਾ ਬਗਾਏ। ਦਾਰ ਗੇਰਿ ਤਹਿ ਦੀਨਿ ਬਹਾਏ। ਰਿਸ ਤੇ ਉਠਯੋ ਸਿੱਖ ਕਰਿ ਜੋਰਤਿ। ਮਸਤਕ ਟੇਕਤਿ ਬਹੁਰ ਨਿਹੋਰਤਿ ॥ ੩੪ ॥ 'ਕਹਹੁ ਆਪ, ਸੋ ਅਸਨ ਬਨਾਵਹੁ। ਨਹਿ ਉਧਾਰ ਨਿਰਧਨ ਮੈਂ ਪਾਵਹੁੰ[3]'। ਕਹਿ ਮਸੰਦ 'ਸੁਨਿ ਸਿਖ ਹਮਾਰੇ! ਕਰਹੁ ਤਿਹਾਵਲ ਆਮਿਖ ਤਯਾਰੇ ॥੩੫॥ ਆਨ ਬਾਰਨੀ[4] ਪੂਰ ਸੁਰਾਹੀ। ਚਾਵਰ ਸੂਖਮ ਕਰਿ ਤੌ ਖਾਹੀਂ। ਨਤੁ ਸਿੱਖੀ ਤੇ ਖਾਰਜ ਕਰੌਂ। ਦੋਸ਼ ਅਨੇਕ ਤੋਹਿ ਪਰ ਧਰੌਂ' ॥੩੬॥ ਸੁਨਿ ਸਿੱਖਨ ਕਰ ਜੋਰਿ ਮਨਾਯੋ। ਨੱਬ ਬੇਚ ਸੋ ਸਗਲ ਬਨਾਯੋ। ਖਾਯੋ ਬੇਸ੍ਵਾ ਸਹਿਤ ਮਸੰਦ। ਤਊ ਤਾੜਨਾ ਕਰਤਿ ਬਿਲੰਦ ॥ ੩੭ ॥ ਅਚਵਹਿ ਮਾਸ ਬਾਰਨੀ ਪੀਵਤਿ। ਕਰਿ ਕਰਿ ਹੁਕਮ ਹੰਕਾਰੀ ਥੀਵਤਿ। ਕਹਤਿ ਭਯੋ 'ਅਬਿ ਦੇਹੁ ਬਿਦਾਈ। ਗੁਰੂ ਨਿਕਟ ਜੋ ਲੇ ਕਰਿ ਜਾਈਂ' ॥੩੮॥ ਸਿਖ ਸਚਿੰਤ ਸੁਨਿਕੈ ਅਤਿ ਹੋਵਾ। ਦੇਨਿ ਹੇਤੁ ਕੁਛ ਘਰ ਨਹਿ ਜੋਵਾ। ਤਬਿ ਲਹਿੰਗਾ ਤ੍ਰਿਯ ਕੋ ਲੇ ਗਯੋ। ਏਕ ਰਜਤਪਣ ਆਨਤਿ ਭਯੋ ॥ ੩੯ ॥ ਮੱਤ ਸੁਰਾ ਕਰ ਦੇਨਿ ਜੁ ਲਾਗਯੋ[5]। ਦੇਖਤਿ ਕ੍ਰੋਧ ਮੂੜ ਕੋ ਜਾਗਯੋ। ਸਿੱਖ ਪਰਯੋ ਪਾਇਨ ਪਰ ਜਬੈ। ਲਾਤ ਪ੍ਰਹਾਰ ਕਰਤਿ ਭਾ ਤਬੈ। ੪੦ ॥ 'ਧਿਕ ਧਿਕ ਤੈਂ ਇਮ ਜਨਮ ਗਵਾਯੋ। ਗੁਰ ਕੀ ਕਾਰ ਕਹਾਂ ਇਕ ਲ੍ਯਾਯੋ'। ਲਿਯੋ ਰਜਤਪਣ ਨਵਰ[6] ਉਠਾਇ। ਗਾਰਿ ਨਿਕਾਰਤਿ ਸਿਖ ਕੋ ਜਾਇ ॥੪੧॥ ਬੇਸ੍ਵਾ ਕੇ ਕੌਰੀ ਭਰਿ ਚਲਯੋ। ਰਹਯੋ ਬਿਸੂਰਤਿ ਸਿਖ ਦੁਖ ਭਰਯੋ। ਕਰਿ ਕਰਿ ਸ੍ਵਾਂਗ ਭਾਂਡ ਪਿਖਰਾਵੈਂ। ਕ੍ਰਿਆ ਬੇਖ ਸਗਰੀ ਦਿਖਰਾ-

[1] ਮਹਾਂ ਦੀ ਦਾਲ ਘਿਉ ਵਿੱਚ ਭੁੰਨ ਕੇ ਬਨਾਈ। [2] ਕਣਕ ਦੇ ਫੁਲਕੇ। [3] ਮੈਂ ਨਿਰਧਨ ਹਾਂ ਮੈਨੂੰ ਉਧਾਰ ਨਹੀਂ ਮਿਲਦਾ। [4] ਸ਼ਰਾਬ। [5] ਸ਼ਰਾਬ ਵਿੱਚ ਮਸਤ ਦੇ ਹੱਥ ਜਦ ਦੇਣ ਲੱਗਾ। [6] ਨੌਕਰਨੇ.

Sri Satguru Jagjit Singh Ji eLlibrary NamdhariElibrary@gmail.com

ਵੈ* ॥੪੨॥ ਚਲੇ ਗਰਬ ਤੇ ਗਾਰਿ ਨਿਕਾਰਤਿ । ਏਕ ਭਾਂਤ ਸਿਖ ਬਨਿ ਹੈਂ ਆਰਤਿ । ਗੁਰ ਸਮੇਤ ਪਿਖਿ ਸਭਾ ਅਰੰਭਾ—ਕਰਤਿ ਮਸੰਦ ਇਤਿਕ ਬਡ ਦੰਭਾ!—॥੪੩॥ਸੁਨਿ ਸਿੱਖਨਿ ਕੌ ਦੁਖ ਤਿਸ ਕਾਲਾ।ਕਲਗ਼ੀਧਰ ਉਰ ਕ੍ਰੋਧ ਬਿਸਾਲਾ । ਰਕਤ ਨੇਤ੍ਰ ਕਰਿ ਹੁਕਮ ਬਖਾਨਾ । 'ਗਹਹੁ ਮਸੰਦਨਿ ਜੋ ਜਿਸ ਥਾਨਾ ॥੪੪॥ ਮੁਸ਼ਕੈਂ ਦੈ ਦੈ ਆਨਹੁ ਜਾਇ । ਬੰਧਿ ਕੈਦ ਮਹਿਂ ਦੇਹੁ ਸਜ਼ਾਇ । ਪ੍ਰਾਨ ਸਮਾਨ ਸਿੱਖ ਮਮ ਪਯਾਰੇ।ਇਤੌ ਕਸ਼ਟ ਦੀਨਸਿ ਹੱਤਯਾਰੇ ॥ ੪੫॥ ਤਊ ਧੰਨ ਸਿਖ ਸਿੱਖੀ ਰਾਖੇ । ਸਹਿ ਸੰਕਟ ਗੁਰ ਸ਼ਰਨ ਸੁ ਕਾਂਖੇ । ਖੋਟੇ ਕਰਮ ਕਰਤਿ ਨਿਤ ਰਹੇ।ਅਬਿਲੌਂ ਨਹਿ ਕੁਚਾਲ ਇਨ ਲਹੇ[1]॥੪੬॥ ਚਹੁੰ ਦਿਸ਼ਨਿ ਮਹਿਂ ਲਿਖੇ ਪਠਾਏ । ਦੂਰ ਦੂਰ ਤੇ ਗਹਿ ਗਹਿ ਲ੍ਯਾਏ । ਬੰਧਿ ਬੰਧਿ ਕਰਿ ਬ੍ਰਿੰਦ ਮਸੰਦਨਿ।ਦੁਖ ਬਿਲੰਦ ਦੇ ਕਰੇ ਨਿਕੰਦਨ[2]॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਮਸੰਦਨ' ਪ੍ਰਸੰਗ ਬਰਨਨੰ ਨਾਮ ਏਕਊਨ ਤ੍ਰਿੰਸਤੀ ਅੰਸੂ ॥੨੯॥

੩੦. [ਭਾਈ ਤਖਤ ਮਲ ਫੇਰੂ । ਭਾਈ ਗਊ ਆਦਿ ਮਸੰਦ] ।

ਦੋਹਰਾ ॥ ਗਹਿਨ ਘਾਏ[3] ਕੇਤਿਕ ਡਰੇ ਸ਼ਰਨ ਪਰੇ ਘਿਘਿਆਇ । ਖੋਟ ਅਲਪ ਤੇ[4]ਬਰ ਰਹੇ ਕ੍ਰਿਪਾ ਕਰੀ ਗੁਰਰਾਇ॥੧॥ਚੌਪਈ॥ ਇਕ ਨੱਕੇ ਮਹਿ ਹੁਤੋ ਮਸੰਦ । ਤਿਸੀ ਦੇਸ਼ ਲੇ ਕਾਰ ਬਿਲੰਦ । ਪਾਇ ਤ੍ਰਾਸ ਆਨੰਦਪੁਰਿ ਆਯੋ।ਸਭਿ ਇਸਤ੍ਰੀ ਕੋ ਬੇਖ ਬਨਾਯੋ॥੨॥ਪਹਿਰ ਘਾਘਰੋ ਸਿਰ ਗੁੰਦਵਾਇ। ਮਾਤਨਿ ਪਾਸ ਪ੍ਰਵੇਸ਼ਯੋ ਜਾਇ । ਨਾਮ ਤਖਤਮਲ ਕਹੀਅਹਿ ਤਾਂਹਿ । ਗੁਰ ਤੇ ਧਰਯੋ ਤ੍ਰਾਸ ਮਨ ਮਾਂਹਿ॥੩॥ਤਬਿ ਜੀਤੋ ਸੁੰਦਰੀ ਤਿਸ ਹੇਰਾ।ਧਰਯੋ

[1]ਹੁਣ ਤਕ ਇਨ੍ਹਾਂ ਦੀ ਕੁਚਾਲ ਵੱਲ ਨਹੀਂ ਤੱਕਿਆ (ਸਿੱਖਾਂ ਨੇ) । (ਅ) ਜਾਣੀ ਨਹੀਂ ਗਈ । [2]ਦੂਰ ਕਰ ਦਿੱਤੇ, । [3]ਫੜਨ ਗਿਆਂ [4]ਥੋੜਾ ਖੋਟ ਹੋਣ ਕਰਕੇ ।

*ਭੰਡਾਂ ਨੇ ਨਾਟਕ ਜੋ ਕਰਨਾ ਹੈ ਉਸ ਵਿਚ ਘੱਟ ਵਰਤ ਰਹੀ ਗਲ, ਯਾ ਸਾਧਾਰਨ ਵਰਤ ਰਹੀ ਗਲ ਨਹੀਂ ਦੱਸਣੀ ਪਰ ਜਿਸ ਵਿਗਾੜ ਨੂੰ ਦੱਸਣਾ ਹੈ ਉਸਦਾ ਅਤਿਸ਼ੈ ਬੁਰਾ ਨਮੂਨਾ ਦੱਸਣਾ ਹੈ । ਮਸੰਦ ਬਹੁਤ ਨੀਚ ਹੋ ਗਏ ਹੋਣਗੇ ਤਾਂ ਹੀ ਭੰਡਾਂ ਨੇ ਨਕਲਾਂ ਵਿਚ ਅਤਿਸ਼ੈਤਾ ਦਿਖਲਾਈ, ਜਿਸ ਤੇ ਸੋਧ ਤੇ ਤਾੜਨਾ ਸ਼ੁਰੂ ਹੋਈ, ਪਰ ਵਿਚਲੇ ਮੇਲ ਦੇ ਤੇ ਕੁਛ ਚੰਗੇ ਤੇ ਵਿਚ ਵਿਚ ਬਹੁਤੇ ਚੰਗੇ ਬੀ ਸਨ, ਜਿਨ੍ਹਾਂ ਦਾ ਵੇਰਵਾ ਅਗੇ ਪ੍ਰਸੰਗਾਂ ਵਿਚ ਆਉਂਦਾ ਹੈ, ਸੋ 'ਪਾਪੀ ਡੰਡੇ ਤੇ ਪੁੰਨੀ ਨਿਵਾਜੇ' । ਤੀਹਵੇਂ ਅੰਸੂ ਵਿਚ ਭਲਿਆਂ ਮਸੰਦਾਂ ਦੇ ਪ੍ਰਸੰਗ ਆਉਣਗੇ । ਪੂਜਾ ਦਾ ਧਾਨ ਜੋ ਨਿਡਰ ਹੋਕੇ ਵਰਤੇ ਉਸਦੀ ਮਤਿ ਕਾਇਮ ਨਹੀਂ ਰਹਿੰਦੀ, ਚਾਹੇ ਮਸੰਦ ਹੋਵੇ, ਚਾਹੇ ਮਹੰਤ ਚਾਹੇ, ਸੰਤ ਹੋਵੇ ਚਾਹੇ ਅਕਾਲੀ, ਭਾਈ ਸਾਹਿਬ ਜੀ ਦਾ ਵਾਕ ਹੈ 'ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ' [ਭਾ: ਗੁ: ੩੫— ੨.

Sri Satguru Jagjit Singh Ji eLlibrary NamdhariElibrary@gmail.com

ਸ਼ਰਨ ਭੈ ਭੀਤ ਬਡੇਰਾ। ਰੱਛਾ ਕਰਨਿ ਉਚਿਤ ਮਨ ਜਾਨਾ। ਧੀਰਜ ਦੈਬੇ ਹੇਤੁ ਬਖਾਨਾ ॥ ੪ ॥ 'ਤ੍ਯਾਗ ਦੇਹ ਤੂੰ ਅਬਿ ਡਰ ਗਿਨਤੀ।ਹਮ ਪ੍ਰਭੁ ਸਾਥ ਭਨਹਿਂ ਬਹੁ ਬਿਨਤੀ। ਜਸੋਂ ਕਸੋਂ ਕਰਹਿ ਬਚਾਵਨ ਤੇਰੋ। ਉਰ ਸਿਮਰਹੁ ਗੁਰ ਨਾਮ ਬਡੇਰੋ'॥੫॥ਇਕ ਕੋਸ਼ਠ ਮਹਿ ਤਾਂਹਿ ਬਿਠਾਏ। ਗਈ ਇਕੰਤ੍ਰ ਕੰਤ ਕੌ ਪਾਏ। ਹਾਥ ਜੋਰਿ ਕਰਿ ਬਿਨੈ ਬਖਾਨੀ। 'ਸ੍ਰੀ ਪ੍ਰਭੁ ਤੁਮ ਤੇ ਕਛੁ ਨ ਛਾਨੀ ॥ ੬ ॥ ਰਿਦੈ ਦੀਨ ਹੁਇ ਪਰੈ ਜੁ ਸ਼ਰਨੀ। ਤਿਸ ਕੀ ਕਰਨ ਗੋਪਤਾ[1] ਬਰਨੀ। ਇਮ ਉਪਦੇਸ਼ਹੁ ਅਰ ਪੂਨ ਧਾਰਹੁ। ਅਹੈ ਧਰਮ ਇਮ ਪਰਉਪਕਾਰਹੁ॥੭॥ਕਹੈਂ ਕਹਾਂ,ਜੋ ਨੱਕੇ ਦੇਸ਼। ਹੁਤੋ ਮਸੰਦ ਸਤ੍ਰਾਸ ਵਿਸ਼ੇਸ਼। ਧਰਿ ਤ੍ਰੀਮਤ ਕੋ ਤਨ ਮਹਿਂ ਬੇਸਾ। ਅੰਤਹਿਪੁਰ ਮਹਿਂ ਆਨਿ ਪ੍ਰਵੇਸ਼ਾ ॥ ੮ ॥ ਅਬਿ ਲੌ ਨਹੀਂ ਸ਼ਮਸ਼ ਮੁਖ ਆਈ। ਤ੍ਰਾਸ ਆਪ ਕੌ ਪਾਇ ਗੁਸਾਈਂ। ਛਪ੍ਯੋ ਸਦਨ ਮਹਿ ਸ਼ਰਨੀ ਪਰ੍ਯੋ। ਜੋ ਅਪਰਾਧ ਬਹੁਤ ਹੀ ਕਰ੍ਯੋ ॥੯॥ ਤਊ ਬਖਸ਼ਿਬੇ ਉਚਿਤ ਬਖਾਨੋ। ਆਨਿ ਹਮਾਰੇ ਢਿਗ ਘਿਘਿ-ਆਨੋ'। ਸੁਨਿ ਕਰਿ ਕਰਮ ਮਸੰਦ ਜੁ ਕੀਨਿ। ਬਿਗਸੇ ਸਤਿਗੁਰ ਬਖਸ਼ਿ ਸੁ ਦੀਨਿ* ॥ ੧੦ ॥ ਅਬਿ ਲੌ ਸੁਨੀ ਜਾਇ ਤਿਨ ਰੀਤਿ। ਗਾਦੀ ਬੈਠਤਿ ਹੈਂ ਇਸ਼ ਰੀਤਿ। ਏਕ ਬਾਰ ਤ੍ਰਿਯ ਬੇਸ ਬਨਾਵੈਂ। ਮਸਤਕ ਟੇਕਿ ਫੇਰ ਉਤ-ਰਾਵੈਂ ॥੧੧॥ ਇਸ ਬਿਧਿ ਕੌਰਿਤ ਡਰਤਿ ਮਸੰਦ। ਸ਼ਰਨ ਪਰੇ ਸ਼ਰਧਾਲੁ ਬਿਲੰਦ। ਸੋ ਬਖਸ਼ੇ ਭੇ ਗੁਰ ਅਨੁਸਾਰੀ। ਤਜਿ ਹੰਕਾਰ ਸੁਮਤਿ ਉਰਧਾਰੀ ॥੧੨॥ਨਹਿ ਅਪਰਾਧ ਪ੍ਰਥਮ ਸਮ ਕਰ੍ਯੋ। ਸਿੱਖੀ ਭਾਉ ਭਲੇ ਚਿਤ ਧਰ੍ਯੋ।

ਇਕ ਦਿਨ ਆਲਮ ਸਿੰਘ ਨਜੀਕਾ। ਬੈਠ੍ਯੋ ਸਭਾ ਲਗੀ ਜਹਿ ਨੀਕਾ ॥੧੩॥ ਗੁਰੂ ਸੁਨਾਵਨਿ ਹੇਤੁ ਬਖਾਨਾ। 'ਨੱਕੇ ਬਿਖੈ ਮਸੰਦ ਮਹਾਨਾ। ਫੇਰੂ ਨਾਮ ਅਧਿਕ ਧਨ ਪਾਵੈ। ਤਿਸ ਹੀ ਦੇਸ਼ ਰਹੇ ਹਰਖਾਵੈ ॥ ੧੪॥ ਅਬਿ ਲੌ ਨਹਿ ਹਜ਼ੂਰ ਮਹਿਂ ਆਯੋ। ਹੋਇ ਦੀਨ ਨਹਿਂ ਨਿਜ ਬਖਸ਼ਾਯੋ। ਪਈ ਮਸੰਦਨਿ ਏਤਿਕ ਮਾਰਾ। ਸੁਨਿ ਕਰਿ ਨਹੀਂ ਤ੍ਰਾਸ ਉਰ ਧਾਰਾ' ॥ ੧੫ ॥ ਤਬਿ ਸਤਿਗੁਰ ਸਿਖ ਪੰਚ ਪਠਾਏ।'ਬਿਨਾਂ ਬਿਲਮ ਤਿਸ ਗਹੀਅਹਿ ਜਾਏ। ਕਰਿ ਬੰਧਨ ਕੋ ਦੋਨਹੁੰ ਹਾਥ।ਪਕਰਹੁ ਸ਼ਮਸ ਓਜ ਕੇ ਸਾਥ ॥੧੬॥ ਬੈਠ੍ਯੋ ਉਠ੍ਯੋ ਹੋਇ ਜਿਸ ਬੇਸ। ਹਮ ਢਿਗ ਆਨਹੁ ਜਲਦ[2] ਵਿਸ਼ੇਸ਼। ਲਿਖ੍ਯੋ

[1] ਰਖਿਆ ਕਰਨੀ ਕਹੀ ਹੈ। [2] ਛੇਤੀ।

*ਇਹ ਕਵੀ ਜੀ ਨੇ ਕੁਝਕ ਮਸੰਦਾਂ ਦੇ ਭੀ ਆਖੇ ਸੁਧਰ ਜਾਣ ਦੀ ਵੰਨਗੀ ਦੱਸੀ ਹੈ।

Sri Satguru Jagjit Singh Ji eLlibrary NamdhariElibrary@gmail.com

ਹੁਕਮਨਾਮਾ ਬਿਧਿ ਸੈਈ। ਲੇ ਕਰਿ ਚਲੇ ਉਤਾਇਲ ਹੋਈ ॥੧੭॥ ਜਥਾ ਕਰਮ[1] ਮਗ ਉਲੰਘਨ ਕਰੋ।ਦੇਸ਼ ਦੁਆਬਾ ਤਜਿ ਕਰਿ ਚਲੇ।ਪੁਨ ਮਾਝੇ ਕੋ ਉਲੰਘਤਿ ਭਏ। ਕੇਤਿਕ ਮਜਲ ਅਗਾਰੀ ਗਏ॥੧੮॥ ਪਹੁਤੇ ਜਾਇ ਹੁਤੋ ਜਹਿਂ ਡੇਰਾ। ਫੇਰੂ ਸਾਧ ਮਸੰਦ ਬਡੇਰਾ। ਕਰ ਤੂੰਬੀ ਲੇਕਰਿ ਤਿਸ ਕਾਲਾ। ਜਾਤਿ ਹੁਤੋ ਉਦਿਆਨ ਬਿਸਾਲਾ॥੧੯॥ਮਾਰਗ ਬਿਖੈ ਸਿੱਖ ਮਿਲਿ ਪਰੇ।ਦਯੋ ਹੁਕਮਨਾਮਾ ਕਰਿ ਖਰੇ[2]। ਮਸਤਕ ਟੇਕਿ ਲਯੋ ਨਿਜ ਹਾਥ।'ਕਹਾਂ ਲਿਖਯੋ ਕਲਗ਼ੀਧਰ ਨਾਥ?'॥੨੦॥ਪਠ੍ਯੋ ਜਬੈ ਸੋ ਹਿਤ ਕਰਿ ਮਾਨ੍ਯੋ। ਹਾਥ ਜੋਰਿ ਤਿਨ ਸੰਗ ਬਖਾਨ੍ਯੋ।'ਜਿਮ ਸਤਿਗੁਰ ਕੀ ਆਇਸੁ ਹੋਈ।ਸੋ ਬਿਧਿ ਕਰੀਐ ਸੰਸ ਨ ਕੋਈ' ॥੨੧॥ ਤਬਿ ਸਿੱਖਨਿ ਲਖਿ ਸਾਧੁ ਮਹਾਨਾ। 'ਸੁਨਹੁ ਕਾਨ ਜਿਮ ਹੁਕਮ ਬਖਾਨਾ। ਬੰਦਨ ਕਰਿਕੈ ਹਾਥ ਤਿਹਾਰੇ। ਸ਼ਮਸ ਹੋਇਗੀ ਹਾਥ ਹਮਾਰੇ॥੨੨॥ਆਨੰਦਪੁਰਿ ਲਗਿ ਲੇ ਕਰਿ ਚਲੈਂ। ਚਹੈਂ ਸੁ ਕਰੈਂ ਗੁਰੂ ਜਬਿ ਮਿਲੈਂ'। ਸੁਨਿ ਗੁਰ ਹੁਕਮ ਸਾਧ ਸ਼ੁਭ ਫੇਰੂ। ਹਾਥ ਜੋਰਿ ਬੋਲ੍ਯੋ ਤਿਸ ਬੇਰੂ ॥੨੩॥ 'ਮੈਂ ਨਿਤ ਗੁਰ ਆਇਸੁ ਅਨੁਸਾਰੀ। ਕਰਹੁ ਤਥਾ ਪ੍ਰਭੁ ਜਥਾ ਉਚਾਰੀ। ਮੈਂ ਨਹਿ ਕਿਤੈ ਪਲਾਇਨ ਹੋਵੌਂ। ਬਨਿ ਕੈਦੀ ਬਰ ਦਰਸ਼ਨ ਜੋਵੌਂ ॥੨੪॥ ਮੈਂ ਬਿਰਮਨੋ[3] ਇਤ, ਗਯੋ ਨ ਪਾਸ। ਤਯਾਗਯੋ ਧਰਮ ਧਰਹਿ ਜੋ ਦਾਸ। ਖਤਾਵੰਦ ਮੁਹਿ ਜਾਨਿ ਸੰਭਾਰਯੋ। ਲਖਿ ਕਰਿ ਅਪਨੋ ਅਬਹਿ ਹਕਾਰਯੋ' ॥ ੨੫ ॥ ਸੁਨਿ ਸਿਖਨ ਬਰ ਸਰਲ ਸੁਭਾਊ। ਸਾਧ ਬੇਖ ਤਨ ਛਲ ਨਹਿ ਕਾਊ। ਕਹਨਿ ਲਗੇ 'ਇਮ ਕਰਹਿ ਨ ਕੈਸੇ। ਗਮਨਹੁ ਸੰਗ ਹਮਾਰੇ ਐਸੇ ॥ ੨੬ ॥ ਜਾਨ੍ਯੋ ਮਾਰਗ ਦੂਰ ਘਨੇਰੋ। ਚਲਿਬੇ ਸੰਕਟ ਸਹੋ ਬਡੇਰੋ। ਜੋ ਹਠ ਧਰਹਿ ਕਰਨਿ ਕਹੁ ਵੈਸੇ।ਆਨੰਦਪੁਰਿ ਢਿਗ ਚਲਿ ਕਰਿ ਤੈਸੇ ॥ ੨੭ ॥ ਹੋਤਿ[4] ਕੁਟਲ ਮਤਿ ਕੂਰ ਮਸੰਦ। ਤੌ ਚਾਲਤਿ ਦੇ ਕਸ਼ਟ ਬਿਲੰਦ।ਸਾਧ ਬੇਸ ਸਚਿਆਰ ਉਦਾਰ।ਦੁਖ ਦੈਬੇ ਚਿਤ ਚਹਿ ਨ ਹਮਾਰ' ॥੨੮॥ ਇਮ ਸੁਨ ਕਰਿ ਡੇਰੇ ਨਹਿ ਗਯੋ। ਸਿੰਘਨਿ ਸੰਗ ਵਹੀਰ ਤੇ ਭਯੋ। ਆਨੰਦਪੁਰਿ ਮਹਿ ਆਨਿ ਪਹੂਚੇ। ਸ਼ਰਧਾਲੂ ਫੇਰੂ ਮਨ ਸੂਚੇ ॥੨੯॥ ਬਾਮ ਦਾਹਿਨੇ ਦ੍ਵੈ ਸਿਖ ਹੋਏ। ਅਰਧੋ ਅਰਧ ਸ਼ਮਸ਼ ਗਹਿ ਦੋਏ। ਪਕਰੇ ਇਮ ਹਜ਼ੂਰ ਮਹਿ ਗਏ। ਸਰਬ ਸਭਾ ਸਭਿ ਦੇਖਤਿ ਭਏ॥ ੩੦ ॥ ਹਾਥ ਬੰਦਿ ਬੰਦਨ ਕੋ ਠਾਨੀ। ਬਿਕਸਤਿ ਸਤਿਗੁਰ ਗਿਰਾ ਬਖਾਨੀ। 'ਨਹਿ ਮਸੰਦ ਸਮ

[1]ਜਥਾਕ੍ਰਮ। ਲਗਾਤਾਰ। [2]ਖੜਾ ਕਰਕੇ। [3]ਭੁੱਲ ਗਿਆ। [4](ਜੇ) ਹੁੰਦਾ।

Sri Satguru Jagjit Singh Ji eLlibrary NamdhariElibrary@gmail.com

ਇਹ ਰਿਤ ਖੋਟਾ । ਲੰਗਰ ਕਰਤਿ ਗੁਰੂ ਰਖਿ ਓਟਾ'॥੩੧॥ਸਿਰੋਪਾਉ ਛੁਟਵਾਇ, ਦਿਵਾਯੋ । ਮਨ ਪ੍ਰਸੰਨ ਹ੍ਵੈ ਬਾਕ ਅਲਾਯੋ । 'ਸ੍ਰੀ ਹਰਿਰਾਇ ਕਹ੍ਯੋ ਤਿਸ ਬੇਰਾ । ਮਮ ਖੀਸਾ ਖਰਚੋ ਕਰ ਤੇਰਾ[1] ॥੩੨॥ਅਬਿ ਤੇ ਖੀਸਾ ਭੀ ਹੁਇ ਤੋਹੀ । ਕਰਹੁ ਦੇਗ਼ ਸਤਿਸੰਗਤ ਹੋਹੀ' । ਬਨ੍ਯੋ ਦੀਨ ਫੇਰੂ ਪੁਨ ਕਹੈ । 'ਖੀਸਾ ਕਰ ਤੁਮਰੋ ਸਭਿ ਅਹੈ ॥ ੩੩ ॥ ਜੇ ਮੇਰੋ ਅਵਗੁਨ ਕੁਛ ਪਾਵਹੁ । ਸ੍ਵਾਮੀ ਹੁਇ ਸਜ਼ਾਇ ਫੁਰਮਾਵਹੁ । ਇਸੀ ਰੀਤਿ ਅਘ ਓਘ ਮਿਟਾਇ।ਬਖ-ਸ਼ਹੁ ਲੀਜੈ ਚਰਨ ਮਿਲਾਇ ॥ ੩੪ ॥ ਹੇ ਪ੍ਰਭੁ ! ਖੋਟੇ ਖਰੇ ਤੁਮਾਰੇ । ਦਾਸ ਸਦਾ ਹੈਂ ਅਵਗੁਨਿਆਰੇ'। ਏਕ ਮਸੰਦ ਕੰਬੋਯਨਿ ਕੇਰਾ।ਗਹਿ ਕਰਿ ਤਹਿਂ ਆਨ੍ਯੋ ਤਿਸ ਬੇਰਾ ॥੩੫॥ ਪ੍ਰਭੁ ਜਬਿ ਬੂਝ੍ਯੋ 'ਕੋ ਤੂੰ ਅਹੈਂ?' । 'ਮੈਂ ਮਸੰਦ ਨਹਿ' ਤ੍ਰਾਸਤਿ ਕਹੈ।ਇਨ ਆਗੇ ਅਰਪਤਿ ਧਨ ਰਹ੍ਯੋ । ਮੈਂ ਇਕਲ ਹ੍ਵੈ ਕਿਤਹੂੰ ਨ ਲਹ੍ਯੋ॥੩੬॥ ਰਾਊ ਨਾਮ ਕਹਤਿ ਹੈਂ ਮੇਰੋ । ਲੰਗਰ ਕਰਤਿ ਨਾਮ ਪ੍ਰਭੁ ਤੇਰੋ । ਸੰਗਤ ਜੋ ਕੰਬੋਅਨਿ ਕੇਰੀ । ਮੈਂ ਉਗਰਾਹਤਿ ਕਾਰ ਘਨੇਰੀ ॥੩੭॥ ਹੈ ਦਿਪਾਲ ਪੁਰਿ ਮੇਰੋ ਬਾਸਾ* । ਰਾਵਰਿ ਆਸ ਸਦਾ ਭੁਰਵਾਸਾ' । ਸੁਨਿ ਸਤਿਗੁਰ ਫੇਰੂ ਦਿਸ਼ਿ ਲਹ੍ਯੋ । 'ਹੈ ਪ੍ਰਭੁ ਇਸੀ ਰੀਤਿ ਜਿਮ ਕਹ੍ਯੋ' ॥੩੮॥ ਕੋਟ ਕਮਾਲਿਯਾ† ਜੋਧ ਮਸੰਦ । ਸੋ ਆਨ੍ਯੋ ਸਿੱਖਨ ਕਰ ਬੰਦਿ।ਬੂਝ੍ਯੋ ਤਿਸ ਕੋ ਪਿਖਤਿ ਗੁਸਾਈਂ।'ਕੋਹੈਂ ਤੂੰ ਕਿਸ ਨਗਰ ਬਸਾਈ?' ॥ ੩੯॥ ਤ੍ਰਾਸ ਪਾਇ ਤਿਨ ਜੋਰੇ ਹਾਥ । 'ਨਾਮ ਮੋਹਿ ਜੁਹਦੀ ਕਹਿਂ, ਨਾਥ! ਜ਼ੁਹਦ[3] ਕਰੌਂ ਮੈਂ ਦੇਗ ਅਚਾਵੌਂ।ਯਾਂਤੇ ਜ਼ੁਹਦੀ ਨਾਮ ਕਹਾਵੌਂ'॥ ੪੦॥ ਪਿਖਿ ਫੇਰੂ ਦਿਸ਼ਿ ਸੋ ਭਿ ਛੁਟਾਯੋ।ਛੁਟਤਿ ਨਮੋ ਕਰਿਕਰਿ ਹਰਖਾਯੋ।ਇਕ ਮਸੰਦ ਜਗਾਤਾ ਜਿਸ ਨਾਮੂ । ਲਵਪੁਰਿ ਆਦਿਕ ਸਿੱਖ ਜਿ ਧਾਮੂ ॥੪੧॥ ਤਿਨ ਤੇ ਉਗਰਾਹਤਿ ਗੁਰ ਕਾਰ । ਸੋ ਗਹਿ ਕਰਿ ਆਨ੍ਯੋਂ ਦਰਬਾਰ। ਬੂਝੇ ਤੇ ਹੁਇ

[1]ਖੀਸਾ ਸਾਡਾ ਤੇ ਹੱਥ ਤੇਰਾ ਖਰਚੀ ਜਾਹ। [2]ਭਾਵ ਫੇਰੂ ਜੀ ਅਗੇ। [3]ਬੰਦਗੀ।

*ਪਾ:-ਅਹੈ ਦਿਜਾਲ ਪੁਰੇ ਮੋ ਬਾਸਾ। ਪ੍ਰੰਤੂ ਦਿਪਾਲ ਪੁਰ ਤਸੀਲ ਵਿਚ ਰਾਵਾਂ ਕੇ ਪਿੰਡ ਹੈ, ਉਥੇ ਭਾਈ ਰਾਊ ਜੀ ਦੀ ਪੱਕੀ ਸਮਾਧ ਹੈ; ਤੇ ਉਨ੍ਹਾਂ ਦੀ ਉਲਾਦ ਬੀ ਓਥੇ ਹੈ। ਜਿਨਾਂ ਦਾ ਸਤਿਕਾਰ ਬੀ ਹੁੰਦਾ ਹੈ। ਪਿੰਡ ਵਿੱਚ ਤੇ ਇਲਾਕੇ ਵਿੱਚ ਕਮੋ ਜਾਤੀ ਦੇ ਸਿੰਘ ਫੈਲੇ ਹੋਏ ਹਨ, ਭਾਈ ਰਾਊ ਜੀ ਬੀ ਕਮੋ ਸਨ।

†ਕਸਬਾ ਹੈ ਜੋ ਹੁਣ ਲਾਇਲਪੁਰ ਦੇ ਜ਼ਿਲੇ ਵਿੱਚ ਹੈ।ਇਥੇ ਭਾਈ ਜੋਧ ਜੀ ਦਾ ਟਿਕਾਣਾ ਹੈ, ਧਰਮਸਾਲਾ ਭੀ ਹੈ; ਉਨ੍ਹਾਂ ਦੀ ਸੰਤਾਨ ਭੀ ਕਮਾਲੀਏ ਵਸਦੀ ਹੈ। ਦੂਜਾ ਟਿਕਾਣਾ ਮਖਦੂਮ ਪੁਰ ਵੀ 'ਡੇਰਾ ਭਾਈ ਜੋਧ' ਨਾਮ ਕਰਕੇ ਪ੍ਰਸਿੱਧ ਹੈ, ਇਹ ਥਾਂ ਜ਼ਿਲੇ ਮੁਲਤਾਨ ਵਿਚ ਹੈ।

Sri Satguru Jagjit Singh Ji eLlibrary NamdhariElibrary@gmail.com

ਦੀਨ ਉਚਾਰਾ। 'ਹੇ ਪ੍ਰਭੁ ਲੇ ਕਰਿ ਨਾਮ ਤੁਮਾਰਾ ॥ ੪੨ ॥ ਮਾਂਗਿ ਮਾਂਗਿ ਗੁਜ਼ਰਾਨ ਚਲਾਵੌਂ। ਨਹਿਂ ਮਸੰਦ ਮੈਂ, ਨਾਮ ਕਹਾਵੌਂ। ਬਿੱਪ੍ਰ ਜਾਤਿ ਮੇਰੀ ਸਭਿ ਜਾਨੈਂ। ਨਾਮ ਗੁਰੂ ਲੈਬੇ ਮੁਝ ਮਾਨੈਂ' ॥੪੩॥ ਕ੍ਰਿਪਾਨਿਧਾਨ ਸੁਨਤਿ ਮੁਚਵਾਏ[1]। ਸਭਿ ਫੇਰੂ* ਕੇ ਸੰਗ ਮਿਲਾਏ। ਇਤਨੇ ਮਹਿ ਫਕੀਰ ਮਿਲਿ ਚਾਰ। ਆਏ ਜਹਾਂ ਲਗ੍ਯੋ ਦਰਬਾਰੁ ॥ ੪੪ ॥ ਫੇਰੂ ਕੇ ਚੇਲੇ ਸੁਨਿ ਪਾਛੈ[2]। ਪਹੁੰਚੇ ਲੇ ਅਕੋਰ ਕੋ ਆਛੇ। ਚਰਨ ਦਾਸ, ਬਿੰਦ੍ਰਾਬਨ ਦੋਇ। ਖਾਨਸ਼ਾਹਿ, ਅਰੁ ਭੂਖਾ ਸੋਇ ॥੪੫॥ ਬਛਰਾ ਚਪਲ[3] 'ਸੁਹੇਲੀ' ਨਾਮ। ਖਰੀ ਕਰੀ ਆਗੈ ਅਭਿਰਾਮ। ਅਪਰ ਵਸਤੁ ਸਭਿ ਆਗੈ ਧਰੀ। ਸ੍ਰੀ ਸਤਿਗੁਰ ਕੋ ਅਰਪਨ ਕਰੀ ॥੪੬॥ ਪੋਤਾ ਚੇਲਾ[4] ਨਾਮ ਸੁੰਮਾਲੀ 'ਜਗਤ, ਭਗਤ[5] ਦੋਨਹੁਂ ਲੇ ਨਾਲੀ। ਆਇ ਗੁਰੂ ਕੋ ਬੰਦਨ ਕੀਨਿ। ਤਿਹ ਛਿਨ ਸਕਲ ਬਖਸ਼ ਕਰਿ ਦੀਨਿ

---

[1] ਛੁਰਾ ਦਿੱਤੇ। [2] ਫੇਰੂ ਜੀ ਦੇ ਟੁਰ ਆਉਣ ਮਗਰੋਂ (ਉਨ੍ਹਾਂ ਦੇ ਬਾਰ) ਚੇਲੇ ਸੁਣਕੇ। [3] ਚੰਚਲ। [4] ਭਾਈ ਫੇਰੂ ਦੇ ਚੇਲੇ ਦਾ ਚੇਲਾ। [5] ਜਗਤਾ ਤੇ ਭਗਤਾ।

*ਫੇਰੀ ਕਰਕੇ ਵਪਾਰ ਕਰਦਾ ਇੱਕ ਵਪਾਰੀ ਗੁਰੂ ਹਰਿ ਰਾਇ ਜੀ ਦਾ ਸਿੱਖ ਹੋਇਆ ਸੀ, ਇਹ ਗਜਾਤਰੋਜ ਹੋਕੇ ਗੁਰੂ ਜੀ ਵੱਲੋਂ ਨੱਕੇ ਦਾ ਮਸੰਦ ਥਾਪਿਆ ਗਿਆ, ਇਹ 'ਫੇਰੂ' ਸੀ। ਸਤਿਗੁਰੂ ਗੋਬਿੰਦ ਸਿੰਘ ਜੀ ਨੇ ਇਸ ਵੇਲੇ ਇਨ੍ਹਾਂ ਦੀ ਸਰਲਤਾ ਤੇ ਆਤਮ ਅਵਸਥਾ ਤੇ ਖੁਸ਼ ਹੋਕੇ 'ਫੇਰੂ ਮਚਵਾੜੀ' ਤੇ 'ਸੰਗਤ ਸਾਹਿਬ' ਦਾ ਵਰ ਦਿੱਤਾ। ਇਨ੍ਹਾਂ ਦਾ ਡੇਰਾ ਪਿੰਡ ਮੀਏਂ ਕੇ ਮੌੜ ਚੂਨੀਆਂ ਦੀ ਤਸੀਲ ਵਿੱਚ ਹੁਣ ਤੱਕ ਹੈ, ਜਿਸ ਨਾਲ ਬਹੁਤ ਜ਼ਿਮੀਂ ਤੇ ਜਗੀਰ ਬੀ ਹੈ। ਭਾਈ ਫੇਰੂ ਜੀ ਕਵੀ ਬੀ ਹੋਏ ਹਨ, ਉਨ੍ਹਾਂ ਦੇ ਲਿਖੇ ਛੰਦ ਵੇਖਨ ਯੋਗ ਹਨ, ਦੋ ਇੱਕ ਜੋ ਹੱਥ ਆਏ ਹਨ, ਇਥੇ ਦਿੰਦੇ ਹਾਂ:-

ਰਾਗ ਸ਼ਾਮ ਕਲਜਾਣ:-ਸਾਡੇ ਸਜਨਾ ਜੀ ਸਾਨੂੰ ਤੇਰੀ ਮਣੀ। ਨਿਮਾਣਿਆਂ ਦਾ ਮਾਣ ਸੁਣੀਦੈਂ ਸਾਡੀ ਬੀ ਤਾਂਘ ਤਣੀ। ਤੈਂ ਜੇਹਾ ਸਾਨੂੰ ਹੋਰ ਨ ਕੋਈ ਅਸੀ ਢੂੰਡੀ ਵਣੀ ਵਣੀ। ਫੇਰੂ ਜਾਨ ਸਜਨ ਤੋਂ ਵਾਰੀ ਤਾਂ ਭਲੀ ਬਣੀ ॥

ਰਾਗ ਕਾਨੜਾ:-ਮਾਏ ਨੀ ਮੇਰਾ ਕਉਣ ਕੱਤੇ ਹੁਣ ਪੂਣੀਆਂ। ਸੁਧ ਬਿਸਰੀ ਮੇਰੀ ਮਤ ਬਉਰਾਨੀ ਪ੍ਰੀਤਮ ਪ੍ਰੇਮ ਬੰਧੂਣੀਆਂ। ਨੇਹੁ ਲਗਾ ਲਗ ਟੁਟਦਾ ਨਾਂਹੀ ਸ਼ਹੁ ਬਾਝੋਂ ਗਲਾਂ ਊਣੀਆਂ। ਫੇਰੂ ਜੀਉਂਦਿਆਂ ਨੇਹੁ ਵਿਸਰੇ ਨਾਂਹੀ ਮੁਇਆਂ ਬਿ ਦੂਣ ਚਊਣੀਆਂ।

ਰਾਗ ਸੂਹੀ ਲਲਿਤ:-ਸ਼ਹੁ ਦੀਆਂ ਰਜ਼ਾਈਂ ਮੰਨ ਵੇ ਅੜਿਆ। ਦਰਦ ਵੰਦਾਂ ਦੇ ਦਰ ਤੇ ਧੂਏਂ ਧੁਖਣ ਸੰਝ ਸਬਾਹੀਂ ਵੇ ਅੜਿਆ। ਡਰਦਾ ਰਹੇਂ ਤੂੰ ਜਬ ਲਗ ਜੀਵੇਂ ਓਹ ਭਾਣੇ ਦਾ ਸਾਈਂ ਵੇ ਅੜਿਆ। ਯਾਦ ਕਰੀਂ ਇੱਕ ਪਲ ਨ ਵਿਸਾਰੀਂ ਕਦੇ ਨ ਕੰਡ ਵਲਾਈਂ ਵੇ ਅੜਿਆ। ਫੇਰੂ ਹਾਸਲ ਥੀਆ ਲੋੜੇਂ ਤ ਮੂਲ ਨ ਕੱਢੇਂ ਆਹੀਂ ਵੇ ਅੜਿਆ ॥

Sri Satguru Jagjit Singh Ji eLlibrary NamdhariElibrary@gmail.com

॥ ੪੭ ॥ ਡੇਰਾ ਕਰਯੋ ਉਤਰਿਬੇ ਥਾਨ। ਹੋਤਿ ਭਈ ਗੁਰ ਖੁਸ਼ੀ ਮਹਾਨ। ਇਮ ਮਸੰਦ ਹੋਏ ਬਡ ਦੀਨ। ਲਘੁ ਅਪਰਾਧ ਜਿਨਹੁੰ ਮੈਂ ਚੀਨ ॥ ੪੮॥ ਤ੍ਯਾਗ ਦਏ, ਬੰਧੇ ਨਹਿਂ ਮਾਰੇ[1]। ਲਈ ਨ ਸੰਗਤਿ ਕਾਰ ਅਗਾਰੇ। ਇਕ ਸਾਲ੍ਹੋ ਕੀ ਲਖਿ ਬਡਿਆਈ। ਰਾਮਦਾਸ ਗੁਰ ਸੇਵ ਕਮਾਈ ॥੪੯॥ ਦੁਨੀ-ਚੰਦ ਤਿਸ ਪੋਤਾ ਜਾਨਯੋ[2]। ਹਤਯੋ ਨ ਸੋ, ਬੰਧਯੋਂ ਨਹਿਂ ਆਨਯੋਂ। ਸ੍ਰੀ ਅੰਮ੍ਰਿਤਸਰ ਬਾਸ ਸਦਾਈ। ਕਾਰ ਲੇਤਿ ਮਾਝੇ ਸਮੁਦਾਈ* ॥੫੦॥ ਨੰਦ ਚੰਦ ਸੰਘਰ ਮੈਂ ਜੋਧਾ। ਲਰਯੋ ਰਿਪੁਨ ਸੋਂ ਧਰਿ ਧਰਿ ਕ੍ਰੋਧਾ। ਰਾਖ ਨਿਕਟਿ ਸੋ ਨਾਹਿ ਨ ਮਾਰਾ। ਤਊ ਤਿਸੁ ਭਾਵੀ ਪਕਰ ਸੰਘਾਰਾ† ॥ ੫੧ ॥ ਯੋਂ ਜਰ ਗਈ ਮਸੰਦਨ ਕੇਰੀ। ਜਿਨਹੁੰ ਸਕੇਲੀ ਕਾਰ ਘਨੇਰੀ। ਸਿਖ ਸੰਗਤਿ ਪੰਕਤਿ ਦੁਖ ਦਾਨੀ[3]। ਗੁਰ ਗੋਬਿੰਦ ਸਿੰਘ ਕੀਨੇ ਹਾਨੀ ॥ ੫੨ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਮਸੰਦਨ' ਪ੍ਰਸੰਗ ਬਰਨਨੰ ਨਾਮ ਤ੍ਰਿਸਤੀ ਅੰਸੂ ॥ ੩੦ ॥

## ੩੧. [ਨੰਦ ਚੰਦ ਸ੍ਰੀ ਗੁਰੂ ਗ੍ਰੰਥ ਜੀ ਲੈਕੇ ਨੱਸਿਆ]।

ਦੋਹਰਾ ॥ ਨੰਦ ਚੰਦ ਕੀ ਬਾਰਤਾ ਸੁਨੀਅਹਿ ਭਯੋ ਬਿਨਾਸ। ਰਾਖੇ ਭੀ ਸੋ ਨਾ ਰਹੇ ਭਾਵੀ ਭਈ ਪ੍ਰਕਾਸ਼[4] ॥ ੧ ॥ ਚੌਪਈ ॥ ਹੁਤੇ ਉਦਾਸੀ ਸਾਧ ਸੁਜਾਨਾ। ਲਿਖ੍ਯੋ ਗ੍ਰੰਥ ਸਾਹਿਬ ਨਿਜ ਪਾਨਾ। ਪੂਰਨ ਕਰਿ ਅਨੰਦਪੁਰਿ ਆਏ। ਇਕ ਤੌ ਦਰਸ਼ਨ ਚਾਉ ਬ੍ਰਿਧਾਏ॥੨॥ ਦੁਤੀਏ ਅੱਖਰ ਸਤਿਗੁਰ ਕਰ ਕੇ। ਲਿਖ-ਵੈਹੈਂ ਢਿਗ ਬਿਨਤੀ ਕਰਿਕੇ। ਨੰਦ ਚੰਦ ਕੋ ਮਿਲੇ ਸੁ ਆਇ। ਨਿਜ ਕਾਰਜ ਕੋ ਦਯੋ ਸੁਨਾਇ । ੩ ॥ 'ਲਿਖ੍ਯੋ ਗ੍ਰੰਥ ਸਾਹਿਬ ਹਮ ਆਛੇ। ਦਸਖਤ ਪ੍ਰਭੁ ਕੇ ਇਸ ਮਹਿ ਬਾਂਛੇ। ਹਮ ਤੇ ਕਹ੍ਯੋ ਜਾਇ ਕਿਮ ਨਾਂਹੀ। ਤੁਮ ਕਹੀਅਹਿ ਰਹਤੇ ਨਿਤ ਪਾਹੀ' ॥ ੪ ॥ ਨੰਦ ਚੰਦ ਸੋ ਗ੍ਰੰਥ ਮੰਗਾਯੋ। ਸੁੰਦਰ

---

[1]ਨਾ ਬੰਨ੍ਹੇ ਤੇ ਨਾ ਹੀ ਮਾਰੇ। [2]ਭਾਈ ਸਾਲ੍ਹੋ ਦਾ ਪੋਤ੍ਰਾ ਦੁਨੀ ਚੰਦ। [3]ਦੁਖ ਦੇਣ ਵਾਲੇ। [4]ਜੋ ਮਸੰਦ ਬਚਾ ਕੇ ਰੱਖੇ ਪਰ ਤਾਂ ਬੀ ਨਾ ਬਚੇ ਰਹੇ ਭਾਵੀ ਐਸੀ ਹੋਈ।

*ਜਸਵਾਰੀਆਂ ਦੇ ਹਾਥੀ ਵਾਲੇ ਜੁੱਧ ਵਿਚ ਇਹ ਮਾਝੇ ਦੀ ਇਕ ਸੇਨਾ ਦਾ ਜਥੇਦਾਰ ਸੀ, ਹਾਥੀ ਨਾਲ ਲੜਨੋਂ ਡਰਕੇ ਰਾਤ ਨੂੰ ਨੱਠਾ ਤਾਂ ਟੰਗ ਟੁਟ ਗਈ ਸੀ। ਇਸ ਦੇ ਪੋਤੇ ਸਰੂਪ ਸਿੰਘ ਆਦਿਕਾਂ ਨੇ ਦਸਮੇਂ ਪਾਤਸ਼ਾਹ ਦੇ ਹਜ਼ੂਰ ਹਾਜ਼ਰ ਹੋਕੇ ਭੁੱਲ ਬਖਸ਼ਵਾਈ ਤੇ ਜੁੱਧਾਂ ਜੰਗਾਂ ਵਿਚ ਬਹੁਤ ਸੇਵਾ ਕੀਤੀ।

†ਨੰਦ ਚੰਦ ਗੁਰੂ ਸੈਨਾਂ ਦਾ ਸੈਨਾਪਤੀ ਤੇ ਦੀਵਾਨ ਸੀ, ਇਹ ਭੰਗਾਣੀ ਦੇ ਜੁੱਧ ਵਿਚ ਬੀਰਤਾ ਨਾਲ ਲੜਿਆ ਸੀ, ਗੁਰੂ ਘਰ ਵਿਚ ਵਡਾ ਇਤਬਾਰੀ ਤੇ ਮਨਮਾਨਤ ਸੀ। ਨੰਦ ਚੰਦ ਡਰੋਲੀ ਦੇ ਮਸੰਦ ਉਮਰਾ ਸ਼ਾਹ ਦਾ ਪੋਤਰਾ ਸੀ। ਇਸ ਦੇ ਬੇਮੁਖ ਹੋਣ ਦਾ ਪ੍ਰਸੰਗ ਅਗਲੇ ਅੰਸੂ ਵਿਚ ਹੈ।

Sri Satguru Jagjit Singh Ji eLlibrary NamdhariElibrary@gmail.com

ਲਿਖਤ ਦੇਖ ਬਿਰਮਾਯੋ।ਆਪ ਰਖਨਿ ਕੌ ਇੱਛਾ ਠਾਨੀ। ਸਾਧਨਿ ਸੰਗ ਭਨੀ ਪੁਨ ਬਾਨੀ॥੫॥'ਬੈਠਹੁ ਤੁਮ ਨਿਚਿੰਤ ਪੁਰਿ ਬਾਸੋ।ਜਬਿ ਗੁਰ ਢਿਗ ਦੇਖਹੁੰ ਅਵਿਕਾਸ਼ੋ। ਬਿਨੈ ਭਨਹੁੰ ਮੈਂ ਦਿਊਂ ਲਿਖਵਾਇ। ਦੇਰ ਲਗਹਿ ਕਾਰਜ ਹੁਇ ਜਾਇ'॥੬॥ਇਮ ਸੁਨਿ ਸਾਧ ਗ੍ਰੰਥ ਤਿਸ ਦੀਨਿ।-ਦਸਖਤ ਕਰਿਵੈ ਹੈ-,ਚਿਤ ਚੀਨ।ਬੀਤਯੋ ਮਾਸ ਸਾਧ ਨਿਤ ਆਵੈ।ਨਿਜ ਕਾਰਜ ਸਿਮਰਨਿ ਕਰਿਵਾਵੈ॥੭॥ ਫੋਕੇ ਬਾਕ ਤਿਨਹੁ ਸੰਗ ਕਹੈ। 'ਨਹਿ ਅਵਕਾਸ਼ ਮੋਹਿ ਕੌ ਲਹੈ। ਧਰਹੁ ਧੀਰ ਮੈਂ ਦਿਊਂ ਲਿਖਵਾਇ। ਜਬਹਿ ਬਿਲੋਕਹੁੰ ਦਯਾਲ ਸੁਭਾਇ॥੮॥ ਦਿਨ ਦੁਇ ਚਾਰ ਦੇਖੀਐ ਔਰ। ਲਿਖੈਂ ਬਚਨ ਸੋਢੀ ਸਿਰ ਮੌਰ'। ਸੁਨਿ ਕਰਿ ਸਾਧ ਗਏ ਨਿਜ ਡੇਰੇ।ਕੇਤਿਕ ਦਿਨ ਬਿਤਾਇਰੀ ਫੇਰੇ॥੯॥ ਆਲਾ ਟਾਲਾ ਕਰਿ ਪੁਨ ਮੋਰੇ। ਇਸ ਪ੍ਰਕਾਰ ਦਿਨ ਬਿਤੇ ਨ ਥੋਰੇ। ਅਵਤਿ ਜਾਤੇ ਖਸ਼ਟ ਮਹੀਨੇ। ਕਰੇ ਬਿਤਾਵਨਿ ਗ੍ਰੰਥ ਨ ਦੀਨੇ॥੧੦॥ ਆਜ ਕਾਲ ਕੋ ਦੇਤਿ ਬਤਾਈ। ਸ੍ਰੀ ਗੁਰ ਤੇ ਨਹਿਂ ਸਹੀ ਪਵਾਈ। -ਰਾਖੈਂ ਗ੍ਰੰਥ ਪਾਸ ਮੈਂ ਅਪਨੇ। ਸਾਧਨ ਕੌ ਨਹਿਂ ਦੇਵਹੁੰ ਸੁਪਨੇ॥੧੧॥ ਆਛੀ ਲਿਖਤ ਘਾਰ ਬਢ ਨਾਂਹੀ। ਲਿਖਯੋ ਨ ਜਾਇ ਅਪਰ ਕੈ ਪਾਹੀ-। ਪੁਨ ਇਕ ਦਿਵਸ ਸਾਧ ਚਲਿ ਗਏ।ਕਛੁ ਕਠੋਰ ਬਚ ਬੋਲਤਿ ਗਏ॥੧੨॥ ਸੁਨਿ ਕੈ ਕਹਯੋ 'ਔਰ ਲਿਖਿ ਲੀਜੈ। ਲਾਗਤਿ ਮੈਂ ਦੇਵਹੁ ਕਹਿ ਦੀਜੈ। ਲਿਖਿ ਆਨੋ ਤਿਸ ਪਰ ਗੁਰ ਦਸਖਤ।ਮੈਂ ਕਰਵਾਇ ਦੇਉਂ ਭੁਰਿ ਹਰਖਤਿ* ॥੧੩॥ ਲੈ ਕਰਿ ਜਾਹੁ ਆਪਨੇ ਡੇਰੇ¹। ਰਹਿਬੋ ਉਚਿਤ ਨਹੀਂ ਇਸ ਬੇਰੇ। ਨਹਿ ਮਾਨਹੁੰ ਮੈਂ ਦੇਉਂ ਕਢਾਇ। ਨਤੁ ਲੇ ਜਾਹੁ ਜੁ ਦਰਬ ਦਿਵਾਇ'²॥ ੧੪॥ ਸਾਧੁ ਗ਼ਰੀਬ ਸੁਨਤਿ ਦੁਖ ਪਾਯੋ।ਰਿਸੋ ਬਹੁਤ ਪਰ ਬਸ ਨ ਬਸਾਯੋ। ਇਕ ਦਿਨ ਸਾਹਿਬ ਚਢੇ ਅਖੇਰ।ਕਰੀ ਪੁਕਾਰ ਹੋਇ ਤਬਿ ਨੇਰ॥੧੫॥ ਸੁਨਿਪ੍ਰਭੁ ਸੇਵਕ ਤਬਹਿ ਪਠਾਯੋ³।ਸੁਨਿਕੈ ਸਭਿ ਪ੍ਰਸੰਗ ਸੋ⁴ ਆਯੋ।'ਨੰਦ-ਚੰਦ ਢਿਗ ਗ੍ਰੰਥ ਬਤਾਵੈਂ। ਬਲ ਤੇ ਦੇਤਿ ਨਹੀਂ, ਛਰਪਾਵੈ⁵"॥੧੬॥ ਤਬਿ ਗੁਰ ਇਕ ਨਰ ਸੰਗ ਪਠਾਯੋ। 'ਦੇਹੁ ਦਿਵਾਇ ਪ੍ਰਭੂ ਫੁਰਮਾਯੋ'। ਨੰਦਚੰਦ ਕੇ ਨਿਕਟ ਗਏ ਹੈਂ।'ਦੇਹੁ ਗ੍ਰੰਥ ਗੁਰੁ ਕਹਤਿ ਭਏ ਹੈਂ'॥੧੭॥

¹(ਉਹ ਜੋ ਤੁਸੀਂ ਦੂਸਰਾ ਲਿਖਵਾਕੇ ਲਿਆਵਿਗੇ) ਆਪਣੇ ਡੇਰੇ ਲੈ ਜਾਣਾ। ²ਨਹੀਂ ਤਾਂ (ਇਸ ਦਾ) ਜੋ ਮੁੱਲ ਦੇਂਦਾ ਹਾਂ ਲੈਕੇ ਚਲੇ ਜਾਓ। ³(ਪੁਕਾਰ ਸੁਣਕੇ ਸਾਧਾਂ ਵਲ) ਦਾਸ ਘੱਲਿਆ (ਕਿ ਕੀਹ ਬਾਤ ਹੈ?)। ⁴ਉਹ ਦਾਸ। ⁵ਡਰਾਉਂਦਾ ਹੈ (ਉਲਟਾ)। *ਪਾ:-ਬਿਨ ਹਰਕਤ।

ਸੁਨਿਕੈ ਕਹ੍ਯੋ 'ਨਹੀਂ ਮੈਂ ਰਾਖੋਂ। ਆਗੇ ਹੀ ਦੇਨੋਂ ਅਭਿਲਾਖੋਂ। ਕਹੁ ਤੂੰ
ਜਾਇ ਹੁਕਮ ਤੁਮ ਪਾਇ। ਦਿਯੋ ਉਤਾਇਲ ਰਖ੍ਯੋ ਨ ਕਾਇ' ॥੧੯॥ ਗੁਰ
ਸੇਵਕ ਸੋਂ ਕਹਿ ਇਮ ਬਾਤਾ। ਸਾਧਨ ਸਾਥ ਭਨ੍ਯੋਂ ਇਸ ਭਾਂਤਾ। 'ਕ੍ਯੋਂ ਡਹ-
ਕਤਿ ਤੁਮ ਫਿਰਹੁ ਘਨੇਰੇ। ਆਇ ਪ੍ਰਾਤਿ ਲੈ ਗਮਨਹੁ ਡੇਰੇ' ॥ ੧੯ ॥ ਸੋ
ਬਾਸੁਰ ਇਮ ਟਾਰਨ ਕੀਨਾ। ਗਏ ਸਾਧ ਤਿਨ ਕੋ ਡਰ ਦੀਨਾ। 'ਭਲਾ ਰਹਹੁ
ਪੁਰਿ ਤ੍ਯਾਗ ਸਿਧਾਰਹੁ। ਜੇ ਅਬਿ ਕੇ ਗੁਰ ਪਾਸ ਪੁਕਾਰਹੁ॥੨੦॥ਕੈਦ ਪਰ-
ਹੁਗੇ ਛੂਟਹੁ ਨਾਂਹੀ। ਕਸ਼ਟ ਸਹਹੁ ਕਾਰਾਗ੍ਰਿਹ ਮਾਂਹੀ'। ਇੱਤ੍ਯਾਦਿਕ ਕਹਿ
ਤਾੜਨ ਕਰੇ। ਦੇਤਿ ਧਕੇਲਾ ਵਹਿਰ ਨਿਕਰੇ॥੨੧॥ ਗਾਰਿ ਨਿਕਾਰਤਿ ਬਹੁ
ਤ੍ਰਿਸਕਾਰੇ। 'ਕਰਹੁ ਪੁਕਾਰ ਤ ਹੋਵਹਿ ਮਾਰੇ'। ਦੁਖੀ ਭਏ ਬਹੁ ਛਪਿ ਛਪਿ
ਰਹੇ। ਨਿਜ ਦੁਖ ਕਿਸਹੂੰ ਪਾਸ ਨ ਕਹੇ ॥੨੨॥ ਬਿਤ੍ਯੋ ਮਾਸ ਗੁਰ ਭੇ ਅਸ-
ਵਾਰ। ਪਹੁੰਚੇ ਊਚੇ ਕਰਤਿ ਪੁਕਾਰ। 'ਨੰਦ ਚੰਦ ਕੁਛ ਤ੍ਰਾਸ ਨ ਮਾਨ੍ਯੋ। ਫੇਰ੍ਯੋ
ਹੁਕਮ ਜੁ ਆਪ ਬਖਾਨ੍ਯੋਂ॥੨੩॥ਕਰਤਿ ਟਾਰਸੇ ਗ੍ਰੰਥ ਨ ਦੇਤਿ। ਤ੍ਰਾਸਤਿ ਹਮੇ
ਸੁ ਰਾਖਨਿ ਹੇਤੁ[1]। ਹੇ ਪ੍ਰਭੁ! ਕ੍ਰਿਪਾ ਕਰਹੁ ਇਮ ਜਾਪੇ[2]। ਲੇਹੁ ਮੰਗਾਇ ਪ੍ਰਭੂ
ਦਿਹੁ ਆਪੇ*॥੨੪॥ਗਾਰਿ ਨਿਕਾਰਤਿ ਮਾਰਨ ਤ੍ਯਾਰ। ਗ੍ਰਿਹ ਅਪਨੇ ਤਿਨ
ਗ੍ਰੰਥ ਸੰਭਾਰ'। ਸੁਨਿ ਪੁਕਾਰ ਸਾਧਨਿ ਕੀ ਫੇਰ। ਜਾਨਿ ਦੁਸ਼ਟ ਮਨ ਕੁਪੇ
ਘਨੇਰ ॥੨੫॥ ਦ੍ਵੈ ਸਿੰਘਨ ਕੋ ਭਾਖਿ ਪਠਾਯੋ। '-ਸਮੈਂ ਬਿਨਾਸ਼ ਕਿਧੌਂ ਤੁਵ
ਆਯੋ। ਜਬਰੀ ਕਰੇ ਗ੍ਰੰਥ ਇਨ ਛੀਨਾ। ਬਹੁਰ ਹੁਕਮ ਕੋ ਮੇਟਨਿ ਕੀਨਾ
॥ ੨੬ ॥ ਦਿਨ ਖੋਟੇ ਕੈ ਦਿਏ ਦਿਖਾਈ। ਚਹੈਂ ਮਸੰਦਨ ਕੀ ਬਡਿਆਈ-।
ਜੇ ਨਹਿ ਦੇਹਿ ਕਹੈ ਇਸ ਬੇਰਾ। ਲੂਟ ਲੀਜੀਐ ਮੂਰਖ ਡੇਰਾ'॥੨੭॥ਇਮ
ਕਹਿ ਨਾਥ ਅਖੇਰ ਸਿਧਾਰੇ। ਕਾਨਨ ਬਿਚਰੇ ਕੋਲ ਪ੍ਰਹਾਰੇ[3]। ਸਿੰਘ ਸਾਧ
ਪਹੁੰਚੇ ਤਬਿ ਆਏ। ਬੈਠ੍ਯੋ ਨੰਦਚੰਦ ਜਿਹ ਠਾਏ ॥ ੨੮ ॥ ਪ੍ਰਭੁ ਕੋ ਹੁਕਮ
ਉਚਾਰਨ ਕੀਨਾ। 'ਇਨ ਕੋ ਗ੍ਰੰਥ ਕ੍ਯੋਂ ਨ ਤੈਂ ਦੀਨਾ? ਅਪਨੋ ਭਲੋ
ਚਹਿਤਿ ਕੈ ਨਾਂਹੀ। ਮਿਲ੍ਯੋ ਕਿ ਚਹੈਂ ਮਸੰਦਨਿ ਮਾਂਹੀ ॥ ੨੯ ॥ ਅਬਿ ਲੌ
ਰਾਖੀ ਤੋਹਿ ਬਡਾਈ। ਨਤੁ ਡੇਰਾ ਤੂਰਨ ਲੁਟ ਜਾਈ। ਦੇਹੁ ਗ੍ਰੰਥ ਨਿਜ ਰੱਛਾ
ਕਰੀਅਹਿ। ਕ੍ਯੋਂ ਨਾਹਕ ਨਿਜ ਕਾਜ ਬਿਗਰੀਅਹਿ' ॥ ੩੦ ॥ ਗਰਬਤਿ
ਬੋਲ੍ਯੋ 'ਗ੍ਰੰਥ ਨ ਦੈਹੌਂ। ਗੁਰ ਬਨਾਇਬੇ ਸਮਰਥ ਮੈਂ ਹੌਂ। ਸ਼੍ਰੀ ਗੁਰ ਹਰਿ-

[1]ਉਹ (ਗ੍ਰੰਥ ਆਪਣੇ ਪਾਸ) ਰਖਣ ਵਾਸਤੇ ਸਾਨੂੰ ਡਰ ਦਿੰਦਾ ਹੈ। [2]ਭਾਵ ਇਹ ਗਲ ਇਉਂ ਚੰਗੀ
ਜਾਪਦੀ ਹੈ ਕਿ। [3]ਸੂਰ ਮਾਰੇ। *ਪਾ:-ਦੇਹੁਸ ਜੋ, ਮੰਗਵਾ ਦਿਹੁ ਆਪੇ।

ਗੋਬਿੰਦ ਕੋ ਬੰਸ। ਜਿਸ ਢਿਗ ਬੈਸੈਂ ਕਰੈਂ ਪ੍ਰਸੰਸ[1] ॥੩੧॥ਬ੍ਰਿੰਦ ਸੰਗਤਾਂ ਤਹਾਂ ਬੁਲਾਵੈਂ। ਦਰਬ ਅਕੋਰਨ ਦੇ ਪੁਜਵਾਵੈਂ'ਸੁਨਿ ਦ੍ਵੈ ਸਿੱਖਨ ਤਬੈ ਬਖਾਨਾ। 'ਵਹੁ ਆਵਨਿ ਅਬਿ ਕ੍ਰਿਪਾ ਨਿਧਾਨਾ ॥੩੨॥ ਬੀਤੀ ਸੰਗ ਮਸੰਦਨ ਜੈਸੇ। ਹੁਇ ਹੈ ਤੋਹਿ ਸਾਥ ਭੀ ਤੈਸੇ। ਹੁਕਮ ਹਟਾਇ ਗਰਬ ਤੇ ਕਹੈਂ।—ਗੁਰੂ ਬਨਾਵਨਿ ਮਮ ਕਰ ਅਹੈ—' ॥੩੩॥ ਇਮ ਕਹਿ ਸਿਖ ਗਮਨੇ ਨਿਜ ਡੇਰੋ। ਪਾਛੇ ਉਪਜਯੋ ਤ੍ਰਾਸ ਘਨੇਰੋ।—ਮਮ ਦੁਰਬਾਕ ਭਨੇ ਜਬਿ ਸੁਨਿ ਹੈਂ। ਤਜਹਿ ਨ, ਗਹਿ ਬੰਧਹਿ ਸਿਖ ਹਨਿ ਹੈਂ ॥੩੪॥ ਜ਼ੀਨ ਪਵਾਇ ਸ਼ੀਘ੍ਰ ਚਲਿ ਪਰਯੋ। ਗ੍ਰੰਥ ਦਾਸ ਕੇ ਸਿਰ ਪਰ ਧਰਯੋ। ਅਪਰ ਵਸਤੁ ਕੁਛ ਭਟ ਨਿਜ ਲੈ ਕੈ। ਸਤੁਦ੍ਰੱਵ ਤਰਯੋ ਤਰੀ ਪਰ ਹ੍ਵੈ ਕੈ ॥੩੫॥ ਗਯੋ ਭਾਜ ਕਰਿ ਪੁਰਿ ਕਰਤਾਰਾ। ਬਨ ਤੇ ਆਏ ਪ੍ਰਭੁ ਉਦਾਰਾ। 'ਭਯੋ ਪਲਾਇਨ' ਸੁਨਿ ਸੁਧ ਸਾਰੀ। ਸ੍ਰਾਪ ਹੇਤੁ ਗੁਰ ਗਿਰਾ ਉਚਾਰੀ ॥ ੩੬ ॥ 'ਹਤੇ ਮਸੰਦਨਿ ਜਿਮ ਲਖਿ ਭਾਜਾ[2]। ਮ੍ਰਿਤੁ ਕੇ ਡਰ ਤੇ ਕੀਨਿ ਕੁਕਾਜਾ॥ਅਬਿ ਜਹਿ ਜੈ ਹੈ ਮ੍ਰਿਤੁ ਤਿਸ ਆਗੇ। ਤਜਹਿ ਪ੍ਰਾਨ ਕਿਮ ਬਾਚਹਿ ਭਾਗੇ ॥ ੩੭ ॥ ਤਿਸੀ ਗ੍ਰੰਥ ਕਹੁ ਪਢਹਿ ਨ ਕੋਈ।ਗ੍ਰਾਮ ਡਰੋਲੀ ਥਿਰ ਹ੍ਵੈ ਸੋਈ*'। ਇਮ ਕਲਗ਼ੀਧਰ ਸ੍ਰਾਪ ਉਚਾਰਾ। 'ਡੇਰਾ ਤਿਹ ਲੁਟਾਇ ਵਹੁ ਸਾਰਾ†' ॥ ੩੮ ॥ ਉਤ ਜਬਿ ਨੰਦ ਚੰਦ ਚਲਿ ਗਯੋ। ਨਰ ਪਠਿ ਧੀਰਮੱਲ ਪਹਿ ਦਯੋ। ਸੁਧਿ ਕਰਿ[3] ਮਿਲਯੋ ਹੰਕਾਰਤਿ ਕਹੈ।'ਲਾਖਹੁੰ ਸੰਗਤਿ ਮਮ ਬਸਿ ਅਹੈ॥੩੯॥ਕਰਿ ਗੁਰ ਤੁਝ ਕੋ ਧਨ ਅਰ-ਪਾਵੈਂ।ਸਭਿ ਦਿਸ਼ਿ ਕੇ ਸਿਖ ਆਨਿ ਝੁਕਾਵੈਂ।ਜਾਮੇ ਕੀ ਅਸਤੀਨ[4] ਜਿ ਝਾਰੈਂ। ਤਤਛਿਨ ਤਿਸ ਤੇ ਗੁਰੂ ਨਿਕਾਰੈਂ' ॥ ੪੦ ॥ ਇੱਤ੍ਯਾਦਿਕ ਕਹਿ ਨੰਮ੍ਰੀ ਹੋਇ। ਰਹਯੋ ਨਿਸਾ ਕਰਿ ਡੇਰਾ ਸੋਇ। ਧੀਰਮੱਲ ਨਿਕਟੀ ਰਹਿ ਕੋਈ। ਸਿੱਖ ਮਸੰਦ ਮੁਸਾਹਿਬ ਸੋਈ ॥੪੧॥ ਤਿਨਹੁੰ ਚਿਤ ਕਰਿ ਮਸਲਤ ਠਾਨੀ। 'ਬੁੱਧਿ ਸੂਰਤਾ ਇਸੇ ਮਹਾਨੀ। ਨਹਿ ਵਹੁ ਰਹਿਬੇ ਕਰਹੁ ਨਿਕਾਸਨ। ਕੈ ਰਚਿ ਛਲ ਕੋ ਪ੍ਰਾਨ ਬਿਨਾਸ਼ਨ' ॥੪੨॥ ਧੀਰਮੱਲ ਕੇ ਨਿਕਟ ਸਿਧਾਰੇ।

---

[1] ਉਸਤਤੀ ਕਰਾਂਗਾ। [2] ਜਿਵੇ ਮਸੰਦਾਂ ਨੂੰ ਮਾਰ ਪੈਂਦੀ ਹੈ (ਇਹ) ਵੇਖਕੇ ਭੱਜ ਗਿਆ ਹੈ। [3] ਖਬਰ ਦੇਕਰ। [4] ਜਾਮੇ ਦੀ ਬਾਂਹ। *ਇਹ ਬੀੜ ਹੁਣ ਤੱਕ ਡਰੋਲੀ ਵਿੱਚ ਮੌਜੂਦ ਦੱਸੀਦੀ ਹੈ।

†ਗੁਰੂ ਜੀ ਦਾ ਇਨਸਾਫ ਕਿਸ ਕਮਾਲ ਦਾ ਹੈ ਕਿ ਆਪਣੇ ਦੀਵਾਨ ਤੇ ਸੈਨਾਪਤ ਦਾ ਅੰਨਿਆਯ ਵਾਲਾ ਸਲੂਕ ਬਰਦਾਸ਼ਤ ਨਹੀਂ ਕੀਤਾ ਉਸਦੇ ਅਪ੍ਰਾਧ ਕਰਨੇ ਪਰ ਉਸ ਨਾਲ ਵੀ ਉਹੀ ਸਲੂਕ ਕੀਤਾ ਜੋ ਦੋਸ਼ੀ ਨਾਲ ਕਰਨਾ ਚਾਹੀਏ।

ਅਨਿਕ ਸਿਆਨਪ ਸਹਤਿ ਉਚਾਰੋ।'ਤੁਮ ਰਿਪੁ ਸ੍ਰੀ ਗੋਬਿੰਦ ਸਿੰਘ ਸਾਹਿਬ। ਤਿਨ ਕੇ ਢਿਗ ਇਹ ਬਡੋ ਮੁਸਾਹਿਬ ॥ ੪੩ ॥ ਰਚਨੋ ਕਪਟ ਆਯੋ ਚਲਿ ਡੇਰੇ। ਕਰਹਿ ਬਿਨਾਸ਼ਨ[1] ਰਹਿ ਤੁਮ ਨੇਰੇ। ਕੈ ਕਰਤਾਰਪੁਰਾ ਲੈ ਛੀਨ। ਬੈਠਹਿ ਨਿਕਟ ਭੇਤ ਲੇ ਚੀਨ ॥੪੪॥ਸ਼ਸਤ੍ਰ ਹਤਨ ਮਹਿਂ ਦੀਰਘ ਗਾਢੋ। ਰਹਹਿ ਨ ਕੋ ਇਸ ਸੰਨਮੁਖ ਠਾਂਢੋ। ਜੇਕਰਿ ਰਹੈਂ[2] ਆਪਨੋ ਨੀਕਾ[3]ਇਸ ਕੇ ਹਤੇ ਹੋਤਿ ਹਿਤ ਜੀ ਕਾ[3] ॥੪੫॥ ਆਇ ਅਚਾਨਕ ਬਸਿ ਮਹਿਂ ਪਰਯੋ। 'ਜਿਸ ਕੋ ਰਹਤਿ ਪ੍ਰਾਨ ਪਰਹਰਨੋ। ਕਾਜ ਬਿਗਾਰੇ ਅਨਿਕ ਤੁਹਾਰੋ।ਲਿਹੁ ਪਲਟਾ ਅਬਿ ਇਸ ਕੋ ਮਾਰੋ'॥੪੬॥ਸੁਨਿ ਕੈ ਧੀਰਮੱਲ ਤਬਿ ਕਹਯੋ।'ਕਿਮ ਇਸ ਹਤਹਿ ਬੀਰ ਬਡ ਲਹਯੋ। ਸ਼ਸਤ੍ਰਨਿ ਜੁਤਿ ਸਨਮੁੱਖ ਜਬਿ ਹੋਵੈ। ਹਤਹਿ ਅਨਿਕ, ਕੋ ਸਮੁਖ ਖਰੋਵੈ?'॥੪੭॥ਪੁਨ ਸਭਿਹਿਨਿ ਮਾਰਨ ਬਿਧਿ ਕਹੀ। 'ਕਰਹਿਂ ਸੰਘਾਰਨ ਜਾਨਹਿ ਨਹੀਂ। ਭਈ ਪ੍ਰਭਾਤਿ ਨਿਕਟ ਜਬਿ ਐਹੈ। ਦੇਹਿਂ ਤੁਪਕ ਇਕ ਬੀਰ ਛਪੈ ਹੈਂ॥੪੮ ॥ ਤਾਕ ਰਿਦੇ ਮਹਿ ਮਾਰਹਿ ਗੋਰੀ। ਗਿਰਹਿ ਮਰਹਿ ਤਤਛਿਨ ਉਰ ਫੋਰੀ'। ਇਮ ਸਲਾਹ ਕਰਿ ਸੁਪਤੇ ਰਾਤੀ। ਆਯੋ ਮੰਦ ਜਬੈ ਹੁਇ ਪ੍ਰਾਤੀ ॥ ੪੯ ॥ ਖਰਯੋ ਕਰਯੋ[4] ਤਿਨ ਤੂਰਨ ਮਾਰੀ। ਲਗੀ ਜਾਂਘ ਹਡ ਟੂਟਯੋ ਭਾਰੀ। ਇਤ ਉਤ ਹੇਰਤਿ ਖੜਗ ਨਿਕਾਸਯੋ।–ਕਿਸ ਨੇ ਔਚਕ ਮੋਹਿ ਬਿਨਾਸ਼ਯੋ ? ॥ ੫੦ ॥ ਦੌਨਹੁ ਦਿਸ਼ਿ ਕਪਾਟ ਭਿਰਵਾਏ। ਦੇਖਿ ਰਹਯੋ ਨਹਿਂ ਨਿਕਸਨ ਪਾਏ[5]। ਖਰੋ,ਨਿਕਟ ਕੋ ਜਾਇ ਨ ਸਕਹੀ।–ਕਿਮ ਸੰਘਾਰਹਿਂ, ਘਾਤ ਨ ਤਕਈ[6]–॥ ੫੧ ॥ ਛਾਤ ਉਖੇਰਿ ਛੇਕ ਕਰਿ ਹੇਰਾ।ਖਰੋ ਕ੍ਰੋਧ ਤੇ ਬੀਰ ਬਡੇਰਾ। ਜਥਾ ਕੇਹਰੀ ਪਿੰਜਰੇ ਡਾਰਯੋ। ਹਤਿ ਗੋਰੀ ਬਹੁ ਫੇਰ ਸੰਘਾਰਯੋ ॥ ੫੨ ॥ ਖੈਂਚਿ ਪੌਰ ਤੇ ਵਹਿਰ ਗਿਰਾਯੋ। ਭਟ ਸੰਗੀ ਤਤਕਾਲ ਉਠਾਯੋ। ਕਾਲੇ ਸੰਙਾ[7] ਫੂਕਯੋ ਜਾਇ। ਮ੍ਰਿਤਕ ਭਯੋ ਇਮ ਧਰਮ ਗਵਾਇ॥੫੩ ॥ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਨੰਦਚੰਦ ਹਤਨ' ਪ੍ਰਸੰਗ ਬਰਨਨੰ ਨਾਮ ਇਕ ਤ੍ਰਿੰਸਤੀ ਅੰਸੂ ॥ ੩੧ ।

### ੩੨. [ਭਾਈ ਗੁਰਦਾਸ ਮਸੰਦ। ਬਜਰੂੜ ਨੂੰ ਦੰਡ]।

ਦੋਹਰਾ ॥ਅਪਰ ਮਸੰਦਨਿ ਕੀ ਕਥਾ ਕਹੌਂ ਕਹਾਂ ਲਗਿ ਸ਼ੇਸ਼[8]। ਕੋ ਮਾਰਤਿ

---

[1]ਤੁਹਾਡਾ ਨਾਸ਼ ਕਰੇਗਾ। [2]ਤੁਸੀਂ ਚਾਹੁੰਦੇ ਹੋ ਤਾਂ। [3]( ਆਪ ਦੇ ) ਜੀ ਦਾ ਭਲਾ ਹੁੰਦਾ ਹੈ। [4]ਜੋ ਖੜਾ ਕੀਤਾ (ਸੂਰਮਾ ਸੀ)। [5](ਧੀਰਮਲ ਨੇ) ਭਿੜਵਾ ਦਿੱਤੇ ਤਖਤੇ, (ਨੰਦ ਚੰਦ ਨਿਕਲਨ ਲਈ ਰਾਹ) ਦੇਖ ਰਹਿਆ ਪਰ ਨਿਕਲ ਨਾ ਸਕਿਆ। [6](ਧੀਰਮਲ ਕਹਿੰਦਾ ਹੈ) ਕਿਵੇਂ ਮਾਰੀਏ (ਕੋਈ) ਨਹੀਂ ਦਾਉ ਸੁੱਝਦਾ। [7]ਨਾਮ ਪਿੰਡ ਦਾ। [8]ਬਾਕੀ।

Sri Satguru Jagjit Singh Ji eLlibrary NamdhariElibrary@gmail.com

ਹੀ ਮਰਿ ਗਏ ਜੋ ਅਘ ਕਰਤਿ ਵਿਸ਼ੇਸ਼ ॥ ੧ ॥ ਚੌਪਈ ॥ ਕੇਤਿਕ ਛੁਟੇ ਸਜ਼ਾਇਨਿ ਪਾਇ।ਹੈ ਤਸਕਰ ਕੋ[੧] ਗਏ ਪਲਾਇ।ਬਨਿ ਬਨਿ ਦੀਨ ਜੁ ਬਿਨੈ ਬਖਾਨੀ। ਸੋ ਛੁਟਵਾਇ ਦੀਨਿ ਗੁਨ ਖਾਨੀ ॥੨॥ ਜਹਿ ਕਹਿ ਪਸਰੇ ਸਿੰਘ ਭੁਜੰਗੀ[੨]। ਸ਼ਸਤ੍ਰ ਕੇਸ਼ ਕਛ ਸੰਗ ਨਿਸੰਗੀ।ਪੁਰਿ ਗ੍ਰਾਮਨ ਤੇ ਗਹੇ ਮਸੰਦ। ਕਰੇ ਕੈਦ ਕੋ ਪ੍ਰਾਨ ਨਿਕੰਦਿ ॥ ੩ ॥ ਦੇਸ਼ਨ ਤੇ ਦਰਸ਼ਨ ਕੋ ਆਵਹਿ। ਹਿੰਦੁਨਿ ਤੁਰਕਨ ਤੇਜ ਦਿਖਾਵਹਿ[੩]। ਕਾਰ ਗੁਰੂ ਕੀ ਨਿਜ ਨਿਜ ਪਾਸ। ਰਾਖਹਿ ਸਗਰੇ ਸਾਂਭਿ ਅਵਾਸ ॥ ੪ ॥ ਜਬਿ ਦਰਸ਼ਨ ਕੋ ਸੋ ਚਲਿ ਆਵੈਂ। ਸਕਲ ਅਕੋਰ ਹਜ਼ੂਰ ਚਢਾਵੈਂ। ਛੁਟੀ ਮਸੰਦਨ ਤੇ ਸਭਿ ਸੰਗਤਿ।ਬਿਦਤੀ ਅਜਬ ਰੀਤਿ ਕੀ ਰੰਗਤ ॥ ੫ ॥ ਇਕ ਦਿਨ ਊਚੇ ਥਲ ਗੁਰ ਥਿਰੇ। ਦੂਰ ਸਊਰ ਬਿਲੋਕਨਿ ਕਰੇ। ਪ੍ਰਥਮ ਸਮੁਖ ਕੋ ਆਵਹਿ ਤੁਰੇ। ਨਿਕਟ ਆਇ ਸਲਿਤਾ ਦਿਸ਼ਿ ਮੁਰੇ[੪] ॥੬॥ ਪਿਖਿ ਨਰ ਕੋ ਤਬਿ ਤੁਰਤ ਪਠਾਯੋ।'ਇਨ ਕੌ ਬੂਝਹੁ, ਕੋ ਕਿਤ ਆਯੋ ?' ਪੂਛੇ ਧਾਇ ਜਾਇ ਨਰ ਸੋਈ। 'ਹਮ ਬਰਾੜ ਹੈਂ' ਭਾਖੈਂ ਤੇਈ ॥੭॥ ਜਬਿ ਗੁਰ ਸੰਗ ਬਤਾਯਹੁ ਆਇ[੫]। ਤਬਿ ਕੇਤਿਕ ਨਰ ਪਠੇ ਧਵਾਇ।'ਆਨਹੁ ਮੇਰਿ, ਜਾਨਿ ਨਹਿ ਦੀਜੈ।ਕਿਤ ਤੇ ਕੌਨ ਅਹੈਂ? ਪਰਖੀਜੈ' ॥੮॥ ਧਾਇ ਜਾਇ, ਸਮੁਦਾਇ ਸੁ ਲਯਾਏ। ਕਰੇ ਖਰੇ ਸਤਿਗੁਰ ਅਗਵਾਏ। ਉਤਰਿ ਤੁਰੰਗਮ ਧਰੀ ਉਪਾਇਨ। ਪਰਸੇ ਅਰਬਿੰਦਨਿ ਸਮ ਪਾਇਨ ॥ ੯ ॥ [੬]ਬੂਝੇ 'ਪ੍ਰਥਮ, ਕਹੋ ਕਿਮ ਆਏ। ਭੋ ਬਹਿਲੋ ਕੇ! ਕੂਰ ਅਲਾਏ[੬]'।ਸੁਨਿ ਗੁਰਦਾਸ ਸਾਚ ਤਬਿ ਕਹਯੋ।'ਹਮ ਪ੍ਰਭੁ ਇਤ ਉਤ[੭] ਇਮ ਡਰ ਲਹਯੋ ॥ ੧੦ ॥ ਜਬਿ ਮਸੰਦ ਮਾਰੇ ਤੁਮ ਮਹਾਂ[੮]। ਮੈਂ ਪੰਜਾਬ ਕੁਇਰ ਢਿਗ ਰਹਾ। ਜਿਤੇ ਲੋਕ ਪਾਛੇ ਤਹਿਂ ਥਿਰੇ। ਸਗਰੇ ਬੈਰ ਮੋਹਿ ਸੰਗ ਕਰੇ ॥੧੧॥[੯]–ਮਿਲਿ ਸਤਿਗੁਰ ਕੋ ਇਤ ਇਹੁ ਲਯਾਯੋ। ਮਸਲਤ ਕਰਿ ਹਮ ਕੋ ਮਰਿਵਾਯੋ–। ਰਹੇ ਪੰਜਾਬ ਕੁਇਰ ਸਿਖਰਾਵਤਿ।–ਦਰਬ ਬ੍ਰਿੰਦ ਕੋ ਸਦਾ

---

[੧]ਕੋਈ। [੨]ਸੂਰਮੇ। [੩]ਹਿੰਦੂਆਂ ਤੇ ਤੁਰਕਾਂ ਨੂੰ ਤੇਜ ਦੱਸਦੇ ਹਨ (ਸਿੰਘ)। [੪](ਗੁਰੂ ਜੀ ਦੇ) ਨੇੜੇ ਆਕੇ (ਫਿਰ) ਨਦੀ ਵਲ ਨੂੰ ਮੁੜ ਪਏ। [੫](ਉਸ ਨਰ ਨੇ) ਆਕੇ ਗੁਰੂ ਜੀ ਨੂੰ ਦੱਸਿਆ। [੬]ਪੁਛਿਆ ਕਿ ਪਹਿਲਾਂ (ਜਦ ਅਸਾਂ ਪੁੱਛ ਭੇਜਿਆ ਸੀ ਕਿ ਤੁਸੀਂ ਕੌਣ ਹੋ ਤੇ) ਕਹੋ ਕਿਵੇਂ ਆਏ ਹੋ, ਹੇ ਬਹਿਲੋ ਕੇ (ਗੁਰਦਾਸ) ਤੂੰ ਝੂਠ (ਕਿਉਂ) ਕਿਹਾ ਸੀ, ਕਿ (ਅਸੀਂ ਬਰਾੜ ਹਾਂ)। [੭]ਇਤ ਇਧਰੋਂ ਭਾਵ ਆਪ ਵਲੋਂ ਤੇ ਉਤ ਭਾਵ ਪੰਜਾਬ ਕੁਇਰ ਵੱਲੋਂ। [੮]ਬਹੁਤੇ। [੯]ਇਹ ਵਿਚਾਰਕੇ ਕਿ।

ਢੁਰਾਵਤਿ-॥੧੨॥ਕੇਤਿਕ ਦਿਨ ਤਿਨ[1] ਨਾਹਿਨ ਮਾਨੀ। ਅਬਿ ਮੇਰੇ ਪਰ ਕਛੁਕ ਰਿਸਾਨੀ। ਗਹਿਬੇ ਹੇਤੁ ਤਕਾਵਤਿ ਰਹੀ। ਹੋਇ ਨਿਸੰਗ ਗਹਾਯੋ ਨਹੀਂ॥੧੩॥ਮੁਝ ਸੁਧਿ ਭਈ ਰਾਤਿ ਕੋ ਜਬੈ। ਪੰਜ ਰਜਤਪਣ ਧਰਿ ਢੂਰ ਤਬੈ। ਮਸਤਕ ਟੇਕਿ ਤੁਰਤ ਚਢਿ ਆਯੋ। ਰਹਨਿ ਆਪ ਕੇ ਨਿਕਟ ਤਕਾਯੋ॥ ੧੪ ॥ ਆਇ ਸਮੀਪ ਸੁਨੀ ਸੁਧਿ ਇਹਾਂ।-ਬੀਤਹਿ ਮਾਰ ਮਸੀ-ਦਨ ਮਹਾਂ-। ਪ੍ਰਥਮੇ ਰਾਮਰਾਇ ਕੇ ਪਾਸੇ। ਤੁਮ ਸਮਤਾ ਕੇ ਬਾਕ ਪ੍ਰਕਾਸ਼ੇ[2] ॥ ੧੫ ॥-ਹਤਹਿ ਤੀਰ ਤਾਰਾ ਮਮ ਭਾਈ-। ਮਿਲਿ ਜਮਨਾ ਤੁਮ ਬਾਤ ਚਲਾਈ[3]। ਸੋ ਸਿਮਰਨ ਕਰਿ ਡਰ ਉਰ ਧਾਰਾ। ਬਿਨਾ ਮਿਲੇ ਚਹੁ ਕਰਹੁ ਸਿਧਾਨਾ[4]॥੧੬॥ਆਪ ਹਕਾਰਿ ਦਰਸਕੋ ਦੀਨਾ।ਹੇ ਪ੍ਰਭੁ ਇਤ ਉਤ ਇਉਂ ਡਰ ਕੀਨਾ'। ਸ੍ਰੀ ਪ੍ਰਭੁ ਮੁਸਕਾਵਤਿ ਬਰ ਕਹਾ। 'ਤੋਹਿ ਬਡੋ ਹੋਯੋ ਸਿਖ ਜਹਾਂ॥੧੭॥ਭਾਈ ਪਦ ਬਹਿਲੋ ਲਿਯ ਗੁਰ ਤੇ। ਇਸ ਘਰ ਕੇ ਸੇਵਕ ਤੁਮ ਧੁਰ ਤੇ'। ਰੋਜ ਰਜਤਪਣ ਕੀਨੋ ਦੋਇ। ਰਾਖਿ ਲਿਯੋ ਅਪਨੇ ਢਿਗ ਸੋਇ ॥੧੮॥ਦਿਵਸ ਆਗਲੇ ਸੰਗਤਿ ਆਈ।ਨਮੋ ਕੀਨਿ ਸੁਧਿ ਬੈਠਿ ਬਤਾਈ:- 'ਪਾਰ ਗ੍ਰਾਮ ਬਜਰੂੜ ਮਹਾਨਾ[5]'। ਸਤਿਗੁਰ ਸੰਗ ਬੈਰ ਤਿਨ ਠਾਨਾ ॥੧੯॥ ਆਵਤਿ ਪਿਖਿ ਸੰਗਤਿ ਸਮੁਦਾਏ। ਸਰਿਤਾ ਨਿਕਟ ਧਾਇ ਅਗਵਾਏ। ਲੂਟਨੇ ਮਾਰਗ ਕਰਿ ਬਲ ਭਾਰਾ। ਛੀਨ ਵਸਤੁ ਕੇਤਿਕ ਕੋ ਮਾਰਾ ॥ ੨੦॥ ਦੇਤਿ ਰਹੇ ਬਹੁ ਗੁਰੂ ਦੁਹਾਈ। ਨਹਿ ਮਾਨਹਿ ਕੀਨੀ ਜੜ੍ਹਤਾਈ'। ਸੁਨਿ ਕਲਗ਼ੀਧਰ ਕੋਪ ਬਿਸਾਲਾ। 'ਤਿਨ ਲੋਕਨ ਕੇ ਭੇ ਜਨੁ ਕਾਲਾ[6]' ॥ ੨੧॥ ਇਕ ਦੁਇ ਦਿਨ ਅੰਤਰ ਕੋ ਪਾਇ। ਗੁਰੂ ਅਰੂਢਨ ਕੋ ਫ਼ੁਰਮਾਇ। ਬਾਜ ਉਠਯੋ ਰਣਜੀਤ ਨਗਾਰਾ। ਸੁਨੀ ਬੰਬ ਸਿੰਘਨ ਕਿਯ ਤਯਾਰਾ ॥ ੨੨ ॥ ਹਯ ਪਰ ਜ਼ੀਨ ਪਾਇ ਕਰਿ ਤਬੈ। ਚਲੇ ਜਿਤਿਕ ਪੈਦਲ ਥੇ ਸਬੈ। ਗਰ ਸ਼ਮਸ਼ੇਰ ਹੋਇ ਸਮ ਸ਼ੇਰ[7]। ਕਸੀ ਕਮਰ ਗਹਿ ਤੁਪਕ ਘਨੇਰ॥ ੨੩ ॥ ਕੀਨਸਿ ਗੁਰੂ ਅਖੇਰ ਬਹਾਨਾ। ਚਮੂੰ ਬ੍ਰਿੰਦ ਜੁਤਿ

---

[1]ਭਾਵ ਪੰਜਾਬ ਕੌਰ ਨੇ। [2]ਆਪ ਦੀ ਬਰਾਬਰੀ ਦੇ ਇਹ ਵਾਕ ਕਹੇ ਸਨ:-। [3]ਜਦੋਂ ਜਮਨਾਂ ਵਿਚ ਮਿਲੇ ਸੀ ਤਾਂ ਆਪ ਨੇ ਉਹ ਗਲ ਆਖੀ ਸੀ। [4]ਚਾਹਿਆ ਕਿ ਚਲਿਆ ਜਾਵਾਂ। [5]ਦਰਿਆਓਂ ਪਾਰ ਬਜਰੂੜ ਗ੍ਰਾਮ ਵੱਡਾ ਜੋ ਹੈ। [6](ਗੁਰੂ ਜੀ ਬੋਲੇ:-ਕਿ) ਉਨ੍ਹਾਂ ਲੋਕਾਂ ਦੀ ਮਾਨੋਂ ਮੌਤ ਆਈ ਹੈ(ਜਿਵੇਂ ਕਹੀਦਾ ਹੈ ਫਲਾਣੇ ਦੀ ਸ਼ਾਮਤ ਆਈ ਹੈ)। (ਅ) (ਉਹ ਗੁੱਸਾ) ਮਾਨੋਂ ਓਹਨਾਂ ਲੋਕਾਂ ਦੀ ਮੌਤ ਹੋ ਗਿਆ। [7]ਸ਼ੇਰ ਵਤ ਹੋਕੇ।

ਕਿਯ ਪ੍ਰਸਥਾਨਾ॥ਸਲਿਤਾ ਪਾਰ ਉਤਰਿਕਰਿ ਫਿਰੇ।ਸਹਿਜ ਸੁਭਾਇ ਅਖੇਰੈ ਕਰੇ ॥ ੨੪ ॥ ਇਤ ਉਤ ਬਿਚਰਤਿ ਪਹੁੰਚੇ ਤਹਾਂ। ਦੁਸ਼ਟ ਬਜਰੂੜ ਗ੍ਰਾਮ ਥੋ ਜਹਾਂ। ਨਿਕਟ ਹੋਇ ਕਰਿ ਮਾਰੇ ਮਾਰੀ। ਓਰੜ ਪਰੇ ਬੀਰ ਇਕ ਬਾਰੀ ॥ ੨੫ ॥ ਗੁਜਰ ਅਰੁ ਰੰਘੜ ਦ੍ਵੈ ਜਾਤੀ। ਜਾਨਨੌਂ ਜਬੈ ਹੋਤਿ ਭ੍ਰੇ ਘਾਤੀ। ਗਹਿ ਗਹਿ ਸ਼ਸਤ੍ਰ ਬਨੇ ਸਵਧਾਨਾ। ਚਢੇ ਸਦਨ ਜੋ ਹੁਤੇ ਮਹਾਂਨਾ॥੨੬॥ ਹੁਤੇ ਗ੍ਰਾਮ ਮਹਿਂ ਦੁਰਗ ਛੁਟੇਰਾ। ਜਾਇ ਪ੍ਰਵੇਸ਼ੇ ਬਹੁ ਤਿਸ ਬੇਰਾ। ਥਾਉਂ ਥਾਉਂ ਕਰਿਕੈ ਤਕਰਾਈ। ਛੁਟੀ ਤੁਪਕ ਗਨ ਮਚੀ ਲਰਾਈ ॥੨੭॥ ਭਰਿ ਬਰੂਦ ਮੁਸ਼ਟਨ ਕੋ ਡਾਲਹਿਂ।ਠੋਕਤਿ ਗੁਲਕਾਂ ਗਜਹਿ ਨਿਕਾਲਹਿਂ[1]।ਸ਼ੀਘ੍ਰ ਕਲਾ ਪਰ ਜੋੜਹਿ ਤੋੜੇ। ਧਰਹਿਂ ਪਲੀਤੇ ਪਰ ਕੁਛ ਮੋੜੇ[2] ॥੨੮॥ ਦਸਤ-ਰਵਾਂ ਕਰਿ ਤੁਰਨ ਤਾਕਹਿਂ। ਧੁਖਤਿ ਉਠਹਿਂ ਤਤਕਾਲ ਤੜਾਕਹਿਂ। ਸ਼ੂੰਕਤਿ ਗੋਰੀ ਫੋੜਿ ਸਰੀਰੰ। ਨਿਕਸਤਿ ਸ਼੍ਰੋਨਤ ਭੀਗਤਿ ਚੀਰੰ॥੨੯॥ਹੁਇ ਘਾਇਲ ਘਾਵਨ ਭੁਭਕੰਤੇ[3]। ਇਕ ਘੂੰਮੰਤਿ ਇਕ ਪ੍ਰਾਨ ਤਜੰਤੇ। ਇਕ ਭੀਖਨ ਪਿਖਿ ਹੋਵਤਿ ਭੀਰੁ[4]।ਦਬਕੇ ਏਕ ਛੋਰ ਕਰਿ ਤੀਰ[5] ॥੩੦॥ਸਿੰਘਨ ਵਹਿਰ ਚੁਗਿਰਦਾ ਘੇਰਾ। ਘਾਲਿ ਘਾਲਿ ਘਮਸਾਨ ਘਨੇਰਾ। ਘੇਰਿ ਘੇਰਿ ਘੇਰਨਿ ਤੇ ਘਨੇ[6]।ਤਾਕਿ ਤਾਕਿ ਤੁਪਕਨਿ ਤੇ ਹਨੇ॥੩੧॥ਪੈਦਲ ਚਮੂੰ ਗੁਰੂ ਕੀ ਆਈ। ਭਈ ਨਿਕਟ ਬਡਿ ਮਾਰ ਮਚਾਈ। ਪ੍ਰਭੁ ਜੀ ਦੇਖਹਿਂ ਖਰੇ ਤਮਾਸ਼ਾ। ਕਰਿ ਕਰਿ ਓਜ ਦਿਖਾਵਹਿਂ ਦਾਸਾ ॥ ੩੨ ॥ ਹੇਲਾ ਕਰਿਕੇ ਮਾਰਹੁ ਮਾਰਾ। ਜਾਇ ਪ੍ਰਵੇਸ਼ੇ ਗ੍ਰਾਮ ਮਝਾਰਾ। ਘਰ ਪਰ ਚਰਹਿਂ ਚਲਾਵਹਿਂ ਜਹਿਂ ਜਹਿਂ। ਦਏ ਹਲਾਇ ਪਹੁੰਚ ਕਰਿ ਤਹਿਂ ਤਹਿਂ ॥੩੩॥ ਗੁੱਜਰ ਰੰਘੜ ਲੈ ਲੈ ਆਡੇ[7]। ਕਸਿ ਕਸਿ ਤੁਪਕਨ ਤਕਿ ਤਕਿ ਛਾਡੇ। ਤਿਨ ਕੋ ਅੰਗ ਕਿਤਹੁੰ ਦਿਖਿ ਜਾਇ। ਤਤਛਿਨ ਗੁਲਕਾ ਲਗਿ ਹੁਇ ਘਾਇ ॥ ੩੪ ॥ ਲਗਹਿ ਸੀਸ ਜਨੁ ਹੰਡੀਆ ਫੋਰੀ। ਰੁਪੇ[8] ਸਿੰਘ ਤਕਿ ਮਾਰਤਿ ਗੋਰੀ। ਜੋ ਕੋਸ਼ਠ ਪਰ ਗ੍ਰਾਮ ਮਝਾਰੇ। ਕੇਤਿਕ ਤੁਪਕਨਿ ਤਾਕਿ ਤਕਿ ਮਾਰੇ ॥ ੩੫ ॥ ਕੇਤਿਕ ਭਾਜ ਗੜ੍ਹੀ ਮਹਿਂ ਬੜੇ। ਵਹਿਰ ਨ ਜਮੇ ਪਾਇ ਕਿਤ ਅੜੇ। ਕਰਿ

---

[1]ਗਜਾਂ ਨੂੰ ਕੱਢਕੇ। [2]ਪਲੀਤੇ ਕਲਾ ਨੂੰ ਕੁਛ ਮੋੜਕੇ ਉਪਰ ਧਰਦੇ ਹਨ। [3]ਜ਼ਖਮ ਭੱਕ ਭੱਕ ਕਰਦੇ ਹਨ। [4]ਭਜਾਨਕ (ਜੰਗ) ਦੇਖਕੇ ਕਾਇਰ ਹੁੰਦੇ ਹਨ। [5]ਇਕ ਤੀਰ ਹੀ ਚਲਾਕੇ ਦਬਕ ਗਏ। (ਅ) ਇਕ ਦਬਕ ਕੇ ਪਾਸਾ ਹੀ ਛੱਡ ਗਏ। [6]ਘੋੜਿਆਂ ਨਾਲ ਬਹੁਤੇ (ਆਦਮੀਆਂ ਨੂੰ) ਘੇਰ ਘੇਰ ਕੇ। [7]ਓਟ। [8]ਪੈਰ ਜਮਾਕੇ।

Sri Satguru Jagjit Singh Ji eLlibrary NamdhariElibrary@gmail.com

ਕਰਿ ਢੌਅ ਢੋਰ* ਹੀ ਢੂਕੇ[1] । ਦੁਰਗ ਚੁਗਿਰਦੇ ਫਿਰਿਫਿਰਿ ਕੂਕੇ॥੩੬॥ ਚਤੁਰ ਘਟੀ ਲਗਿ ਤੜਭੜ ਛੋਰੀ[2] । ਜੋਰਿ ਜੋਰਿ ਰਿਪੁ ਕਾਯਨਿ ਫੋਰੀ[3] । ਬਿਥਰਨੋ ਸ਼੍ਰੋਣਤ ਏਕ ਕਰਾਹੈਂ[4] । ਕੇਤਿਕ ਮਰੇ ਪਰੇ ਰਜ ਮਾਂਹੈਂ[5] ॥੩੭॥ ਸਿੰਘਨ ਜੰਗ ਪਿਖਹਿ ਗੁਰਸਾਚਾ। ਜਥਾ ਗ਼ਜ਼ਬ ਕੋ ਅਜਬ ਤਮਾਂਚਾ[6]। ਗ੍ਰਾਮ ਸਗਰ ਘਰ ਘਰਿਮਹਿੰ ਬਰੇ। ਢੁਕਿ ਢੁਕਿ ਢੋਇ ਦੁਰਗ ਢਿਗ ਕਰੇ ॥੩੮॥ ਚਲਹਿ ਬੰਦੂਕ ਨਾਦ ਬਡਿ ਉਠਨੇ। ਬਰਖਤਿ ਗੁਲਕਾਂ ਜਨੁ ਘਨ ਵੁੱਠਨੇ[7] । ਲਗੇ ਮੋਰਚੇ ਦੁਰਗ ਨਜੀਕੇ। ਸ਼ੱਤ੍ਰਨਿ ਤ੍ਯਾਗੇ ਧੀਰਜ ਹਿਯਕੇ॥ ੩੯॥ ਤਬਿ ਕਲਗੀਧਰ ਫੇਰਿ ਤੁਰੰਗ। ਸ੍ਰੀ ਮੁਖ ਤੇ ਕਹਿ ਬਾਕ ਉਤੰਗ। 'ਘਾਲਹੁ ਹੇਲ[8] ਗੜ੍ਹੀ ਪਰ ਚਢਹੁ। ਖੈਂਚਿ ਖੜਗ ਕੋ ਅੰਤਰ ਬਢਹੁ॥੪੦॥ ਦੁਸ਼ਟਨ ਖੰਡਨ ਖੰਡ ਬਿਹੰਡਹੁ[9] । ਮੰਡਹੁ ਰਨ ਪ੍ਰਚੰਡ ਨਹਿੰ ਛੰਡਹੁ[10]' । ਸੁਨਿਗੁਰ ਹੁਕਮਸਿੰਘ ਮਨਕੰਪੇ। ਚਹੁੰਦਿਸ਼ਿ ਚਰਨ ਦੁਰਗਢਿਗ ਰੋਪੇ॥੪੧॥ ਮਾਰਿਮਾਰਿ ਬਹੁ ਮਾਰਪੁਕਾਰੇਂ । ਗੜ੍ਹੀ ਪੌਰਕੇ ਨਿਕਟ ਸਿਧਾਰੇਂ। ਢਿਗ ਢੁਕੇ ਪਿਖਿ ਛੋਯਹੁ ਹੱਲਾ। ਤੁਰਕਨ ਕੋ ਧੀਰਜ ਉਰ ਹੱਲਾ[11] ॥੪੨॥ [12]–ਅੰਤਰ ਬਰੇ ਕਤਲ ਕੋ ਕਰੈਂ । ਅਰੈਂ ਨ ਹਮ ਰਿਪੁ ਵਹਿਰ ਨ ਥਿਰੈਂ[13]–। ਗੀਦੀ ਮਰਿਬੇ ਕਹੁ ਡਰ ਧਰਿਕੈ ।–ਤਜਹਿੰ ਜੰਧ–ਇਮ ਮਸਲਤ ਕਰਿਕੈ॥੪੩॥ ਪਿਖਿ ਹੱਲਾ ਪੱਲਾ ਤਬਿ ਫੇਰਾ। 'ਪ੍ਰਭੁ ਜੀ ! ਤਜਹੁ ਗ੍ਰਾਮ, ਲਖਿ ਚੇਰਾ'। ਹਟੀ ਬੰਦੂਕ ਛੁਟਨਿ ਤੇ ਜਬੈ । ਕਹਿ ਕਰਿ ਵਹਿਰ ਨਿਕਾਸੇ ਤਬੈ ॥੪੪॥ ਸਭਿ ਕੇ ਸ਼ਸਤ੍ਰ ਛੀਨ ਕਰਿ ਲੀਨੇ । ਜੋਰਤਿ ਕਰ[14] ਜੀਵਤਿ ਤਜਿ ਦੀਨੇ। ਸ੍ਰੀ ਸਤਿਗੁਰ ਬੈਠੇ ਤਰੁ ਛਾਯਾ । ਕਰਨੋ ਹੁਕਮ, ਦਿਹੁ ਦੁਰਗ ਢਹਾਯਾ ॥ ੪੫ ॥ ਲਰਿਬੇ ਮਰਿਬੇ ਤੇ ਬਚ ਰਹੇ। ਸੋ ਸਭਿ ਸਿੰਘਨ ਘੇਰੇ ਗਹੇ । ਕਹੀ ਕੁਦਾਲੇ ਦੇ ਕਰਿ ਹਾਥ । ਦੁਰਗ ਢਹਾਇ ਦੀਨਿ ਤਿਨ ਸਾਥ[15] ॥ ੪੬ ॥ ਕਰਿ ਮੈਦਾਨ ਦੀਨਿ ਤਤਕਾਲਾ। ਦਈ ਸਜ਼ਾਇ ਕਰਾਲ ਬਿਸਾਲਾ ।

[1]ਮਿਲ ਕਰਕੇ ਬਹੁਤ ਹੀ ਨੇੜੇ ਜਾ ਢੁੱਕੇ। [2]ਭਾਵ ਬੰਦੂਕਾਂ ਦੀ ਮਾਰ ਕੀਤੀ। [ਤੜ ਭੜ=ਬੰਦੂਕ ਚੱਲਣ ਦੀ ਆਵਾਜ਼]। [3]ਸਰੀਰ ਤੋੜੇ। [4]ਕੁਰਲਾਂਦਵੇ ਹਨ। [5]ਧੂੜ ਵਿਚ। [6]ਅਜੀਬ ਗਜ਼ਬ ਦਾ ਤਮਾਚਾ ਜਿਵੇਂ ਪਿਆ, (ਇਕ ਬਾਰਗੀ ਅਚਾਨਕ ਹਮਲੇ ਨੂੰ ਤਮਾਚਾ ਕਹਿ ਦਿਆ ਕਰਦੇ ਹਨ)। [7]ਵੱਸਿਆ। [8]ਹੱਲਾ ਕਰੋ। [9]ਟੋਟੇ ਟੋਟੇ ਕਰਕੇ ਮਾਰ ਦਿਓ। [10]ਭਯਾਨਕ ਜੰਗ ਕਰੋ, ਛਡੋ ਨਾ। [11]ਹਿੱਲਿਆ। [12](ਤੁਰਕ ਸੋਚਣ ਲਗੇ ਕਿ:–)। [13]ਅਸੀਂ ਇਥੇ ਅੜ ਨਹੀਂ ਸਕਦੇ ਤੇ ਬਾਹਰ ਵੈਰੀ ਟਿਕਣ ਨਹੀਂ ਲਗ(ਅੰਦਰ ਆ ਵੜਨਗੇ)। [14]ਹਥ ਜੋੜਦੇ। [15]ਉਹਨਾਂ ਹੀ ਕੋਲੋਂ।

*ਸ਼ੁਧ ਪਾਠ 'ਨੇਰ' ਜਾਪਦਾ ਹੈ।

Sri Satguru Jagjit Singh Ji eLlibrary NamdhariElibrary@gmail.com

ਸਦਨ ਵਸਤੁ ਸਭਿਲੀਨ ਛਿਨਾਈ। ਜੀਵਤਿਮਿਲੇ ਬਿਨੈ ਬਹੁਗਾਈ॥੪੭॥ ਸ੍ਰੀ ਮੁਖ ਤੇ ਤਿਨ ਸੋਂ ਤਬਿ ਕਹਯੋ। 'ਸੰਗਤਿ ਕੋ ਛੀਨਨ ਕਯੋਂ ਚਹਯੋ? ਸੋ ਪਲਟੋ ਤੁਮ ਤੇ ਹਮ ਲੀਨੇ। ਭਏ ਦੀਨ ਅਬਿ ਛੋਰਨ ਕੀਨੇ ॥ ੪੮ ॥ ਜੋ ਅਬਿ ਕੋ ਕਰਿ ਹੀ ਅਪਰਾਧਾ। ਇਸ ਬਿਧਿ ਕੀ ਪੈ ਹੈ ਬਹੁ ਬਾਧਾ'। ਇੱਤਯਾਦਿਕ ਕਹਿ ਤ੍ਰਾਸ ਬਤਾਯੋ। ਦੁਰਗ ਕਿਤਿਕ ਘਰ ਸਹਿਤ ਢਹਾਯੋ ॥ ੪੯ ॥ ਇਸ ਪ੍ਰਕਾਰ ਕਰਿ ਗ੍ਰਾਮ ਉਜਾਰਾ। ਬਚਯੋ ਦੀਨ ਹ੍ਵੈ ਨਤੁ ਸਭਿ ਮਾਰਾ। ਸਿੰਘ ਜੁ ਮਰੇ ਦਾਹ ਕਰਿਵਾਏ। ਘਾਇਲ ਹੁਤੇ ਸੰਗ ਉਚਵਾਏ ॥੫੦॥ ਗੁੱਜਰ ਰੰਘੜ ਸੈਂਕਰ ਮਾਰਾ। ਤਹਿਂ ਤੇ ਭਏ ਪ੍ਰਭੂ ਅਸਵਾਰਾ। ਬਜੀ ਬੰਬ ਰਣਜੀਤ ਨਗਾਰਾ। ਪਹੁੰਚੇ ਆਨੰਦਪੁਰੀ ਮਝਾਰਾ ॥ ੫੧ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤੀਯ ਰੁਤ 'ਬਜਰੂੜ ਗ੍ਰਾਮ ਮਾਰਨ ਪ੍ਰਸੰਗ ਬਰਨਨ ਨਾਮ ਦ੍ਵਿਤ੍ਰਿੰਸਤੀ ਅੰਸੂ ॥੩੨॥

## ੩੩. [ਹੋਲੀ ਉੱਪਰ ਦੋ ਇਸਤ੍ਰੀਆਂ। ਹਿੰਦੂ ਤੇ ਮੁਸਲਮਾਨ ਵਡਕੇ]।

ਦੋਹਰਾ ॥ ਮਾਰ ਗ੍ਰਾਮ ਬਜਰੂੜ ਕੋ ਦੁੰਦਭਿ ਦੀਹ ਬਜਾਇ। ਫਤੇ ਪਾਇ ਪੁਰਿ ਮੈਂ ਪ੍ਰਵਿਸ਼ੇ ਗਰਜੇ ਫਤੇ ਬੁਲਾਇ ॥੧॥ ਚੌਪਈ ॥ ਜਹਿਂ ਕਹਿਂ ਸੁਧ ਪਸਰੀ ਭ੍ਵਾਂ ਜੰਗ। ਦੁਰਗ ਦੀਹ ਦਿਢ ਤਤਛਿਨ ਭੰਗ। ਅਰਯੋ ਨ ਕੋਈ ਸਿੰਘਨਿ ਆਗੇ। ਉਬਰੇ ਦੀਨ ਭਏ[1], ਕੈ ਭਾਗੇ[2]॥੨॥ ਪੰਥ ਬਿਸਾਲ ਬਿਦਤ ਨਿਤ ਭਯੋ। ਸਭਿਨਿ ਦੁਗਿਰਦੇ ਡਰ ਉਪਜਯੋ। ਸਿੰਘਨ ਕੇ ਸੰਘਰ ਲਖਿ ਗਾਢੇ। ਕੌਨ ਸੁਭਟ ਆਗੇ ਹੁਇ ਠਾਂਢੇ ॥੩॥ ਹਤਹਿਂ ਤੁਰੰਗਨਿ ਕੋ ਕਰਿ ਹੇਲਾ। ਊਪਰ ਪਰਹਿਂ ਰੇਲ ਅਰੁ ਪੇਲਾ। ਤਬਿ ਤੇ ਡਰ ਧਰਿ ਗ੍ਰਾਮ ਬਿਸਾਲਾ। ਸੰਗਤਿ ਕੋ ਨ ਕਹੈਂ ਕਿਸ ਕਾਲਾ[3]॥੪॥ ਸਿਧਨਾ ਸੁਬਹਿ[4] ਚਲੀ ਮਗ ਆਵੈ। ਦੁਸ਼ਟ ਮਿਲਹਿਂ ਕੋ ਹਾਥ ਨ ਪਾਵੈ। 'ਪ੍ਰਥਮੇ ਆਲਸੂਨ ਕਹੁ ਮਾਰਾ। ਨੂਹ, ਬਜਰੂੜ ਬਹੁਰ ਸੰਘਾਰਾ ॥ ੫ ॥ ਜੋ ਅਬਿ ਸੰਗਤਿ ਕੋ ਕਰ ਪਾਵੈ। ਤ੍ਰਿਨ ਮਾਨਿੰਦ[5] ਆਪ ਉਜਰਾਵੈ। ਲੈਨੁ ਰਹੈ[6] ਦੇਨੋ ਬਨ ਜਾਇ। ਮਰਨ ਹੋਇ ਪੁਨ ਘਰ ਉਜਰਾਇ ॥੬॥ ਸ੍ਰੀਗੁਰ ਗੋਬਿੰਦ ਸਿੰਘ ਹਠੀਲਾ। ਕੌਨ ਅਰਹਿ ਤਿਨ ਸੰਗ ਅਰੀਲਾ'। ਇੱਤਯਾਦਿਕ ਕਹਿ ਆਪਸ ਮਾਂਹੀ। ਡਰ ਧਰਿ ਮਗ ਲੂਟਤਿ ਕੋ ਨਾਂਹੀ॥੭॥ ਬਾਟਪਾਰ ਠਗ ਚੋਰ ਸੁ ਧਾਰ। ਗਹਿ ਗਹਿ ਕੈਦ ਕਿ ਦੀਨੇ ਮਾਰਿ। ਦਬਕੇ ਦੁਸ਼ਟ ਤੇਜ ਗੁਰ ਹੇਰਾ। ਭਏ ਸ਼ਾਂਤਿ ਜਿਤ ਕਿਤ

[1] ਨੀਵੇਂ ਹੋਕੇ ਬਚੇ। [2] ਜਾ ਭਜਕੇ। [3] ਕਿਸੇ ਵੇਲੇ ਸੰਗਤ ਨੂੰ ਕੁਛ ਨਾ ਕਹਿਣ। [4] ਸ਼ਾਮ ਸਵੇਰੇ, ਭਾਵ ਹਰ ਵੇਲੇ। [5] ਤਿਨ੍ਹਾਂ (ਪਿੰਡਾਂ) ਵਾਂਗ। [6] ਲੈਣਾ ਤਾਂ ਕਿਤੇ ਰਹਿਆ।

Sri Satguru Jagjit Singh Ji eLlibrary NamdhariElibrary@gmail.com

ਤਿਸ ਬੇਰਾ ॥੮॥ ਪੰਥੀ ਸੁਖ ਸੌਂ ਮਾਰਗ ਚਲੈ।ਗ੍ਰਿਸਤੀ ਮਨੁਜ ਅਨੰਦ ਸੌਂ ਮਿਲੈ।ਕਲਗ਼ੀਧਰ ਕੋ ਦੇਤਿ ਅਸੀਸ।'ਕਰੋ ਰਾਜ ਜੀਵਹੁ ਜੁਗ ਬੀਸ'॥੯॥ ਸਗਰੀ ਦੂਨ ਤ੍ਰਾਸ ਕੋ ਪਾਯੋ। ਜਬਰੀ ਕਰਨਿ ਨ ਹਾਥ ਉਠਾਯੋ[1]।ਮਨਹੁ ਧਰਮ ਕੀ ਨੀਵ ਉਸਾਰੀ।ਪਸਰ੍ਯੋ ਸੁਜਸੁ ਕਿਧੌਂ ਫੁਲਵਾਰੀ[2]॥੧੦॥ਸੰਗਤਿ ਦੂਰ ਦੂਰ ਤੇ ਆਵੈ। ਅਜਬ ਉਪਾਇਨ ਅਨਗਨ ਲ੍ਯਾਵੈ। ਧਰਹਿਂ ਕੇਸ ਕਛ ਪਹਿਰਹਿਂ ਜੋਈ। ਰਹੈਂ ਸਮੀਪ ਪ੍ਰਭੁ ਕੇ ਤੇਈ॥੧੧॥ਜੋ ਆਵਤਿ ਹੈਂ ਦਰਸ਼ਨ ਹੇਤੂ।ਤਿਨ ਉਪਦੇਸ਼ ਤਿਸੀ ਬਿਧਿ ਦੇਤੂ।'ਧਰਿ ਕਛ, ਕੇਸ਼, ਸ਼ਸਤ੍ਰ ਤਨ ਬਾਂਧਹੁ।ਤੁਰਕ ਦੁਸ਼ਟ ਜਨ ਗਨ ਕੋ ਸ ਧਹੁ॥੧੨॥ ਜੇਕਰਿ ਆਯੁਧ ਹੋਵਤਿ ਪਾਸ। ਹਾਥ ਨ ਪਾਇ ਸਕੈ ਰਿਪੁ ਤਾਸ।ਹੈ ਸ਼ਸਤ੍ਰਨਿ ਕੋ ਅਧਿਕ ਪ੍ਰਤਾਪੁ।ਨਿਵੈਂ ਜਗਤ ਜਨੁ ਹੈ ਧ੍ਰਿਤ ਆਪੁ[3]'॥੧੩॥ਨਹਿ ਮਸੰਦ ਲੇਤੇ ਗੁਰ ਕਾਰ। ਸਿੱਖ ਆਪ ਆਨਹਿਂ ਦਰਬਾਰ।–ਨਈ ਰੀਤਿ ਕਲਗ਼ੀਧਰ ਕੀਨੀ–।ਸਗਰੇ ਦੇਸ਼ ਬਿਦੇਸ਼ਨਿ ਚੀਨੀ॥੧੪॥ *ਇਸ ਬਿਧਿ ਕੇਤਿਕ ਮਾਸ ਬਿਤਾਏ। ਫਾਗਨ ਮਹਿ ਸਿਖ ਦਰਸ਼ਨ ਆਏ। ਹੋਲਾ ਕਿਯੋ ਆਨ ਤਿਸ ਕਾਲਾ। ਗਮਾਨੀ ਧਨਾਨੀ ਸਿੱਖ ਬਿਸਾਲ॥੧੫॥ਮਿਲੇ ਕੁਲਾਹਲ ਅਧਿਕ ਪ੍ਰਕਾਸ਼ੇ। ਰਾਗ ਰੰਗ ਅਰੁ ਸ੍ਵਾਂਗ ਤਮਾਸ਼ੇ। ਕਰਿ ਕਰਿ ਅਧਿਕ ਬਿਧਿਨਿ ਕੋ ਲ੍ਯਾਵੈਂ। ਸ਼੍ਰੀ ਸਤਿਗੁਰ ਕੇ ਨਿਕਟ ਦਿਖਾਵੈਂ ॥ ੧੬ ॥ ਜਗਤ ਕ੍ਰਿਆ ਕੋ ਪ੍ਰਭੁ ਦਿਖੰਤੇ।ਹਰਖ ਸ਼ੋਕ ਨਾਨਾ ਬਿਰਤੰਤੇ। ਗੁਰੂ ਨਿਕਟ ਹੋਰੀ[4] ਪਸ਼ਚਾਤ।ਸੰਗਤਿ ਕੇ ਸਿਖ ਬੋਲਹਿਂ ਬਾਤ॥੧੭॥ †'ਪਾਤਿਸ਼ਾਹੁ ਸੁਨੀਐਂ ਇਸ-ਬਾਰੀ।ਭਾ ਉਤਸਾਹ ਫਾਗ ਕੌ[5] ਭਾਰੀ। ਸੰਗਤਿ ਵਿਚ ਤੇ ਸਿਖਨੀ ਦੋਇ। ਕਿਸੂ ਸੰਗ ਉਠਿ ਗਮਨੀ‡ ਸੋਇ' ॥ ੧੮ ॥ ਸ਼੍ਰੀ ਮੁਖ ਤੇ ਤਿਨ ਕੋ ਸੰਗ ਭਨੇ। 'ਮੇਲੇ ਇਸੀ ਹੇਤ ਕੋ ਬਨੇ। ਇਕ ਤੌ ਲਾਭ ਲੇਨਿ ਕੋ ਆਵੈਂ। ਸਤਿ

---

[1]ਜ਼ੁਲਮ ਕਰਨ ਲਈ ਹਥ ਨਾ ਚੁਕਿਆ। [2](ਜਸਦੀ) ਬਗੀਚੀ। [3]ਜਗਤ ਦੇ ਲੋਕ ਨੀਉਂਦੇ ਹਨ ਤੇ ਆਪਣੇ ਆਪ ਨੂੰ ਧੀਰਜ ਰਹਿੰਦੀ ਹੈ। [4]ਹੋਲੀ। [5]ਹੋਲੀ ਦਾ। *ਇਥੋਂ ਸੋ ਸਾਖੀ ਦੀ ੩੩ਵੀਂ ਸਾਖੀ ਚੱਲੀ ਹੈ। ਇਹ ਪ੍ਰਸੰਗ ਮਹਿਮਾਂ ਪ੍ਰਕਾਸ਼ ਵਿਚ ਨਹੀਂ ਹੈ।

†ਸਾਂਗ ਤਮਾਸ਼ਿਆਂ ਦਾ ਬੁਰਾ ਫਲ ਅਗੇ ਚਲਕੇ ਗੁਰੂ ਮੁਖ ਦੁਆਰਾ ਹੀ ਦੱਸਦੇ ਹਨ ਅਰ ਤਮਾਸ਼ਿਆਂ ਦੀ ਥਾਵੇਂ ਬੰਦਗੀ ਦਾ ਉਪਦੇਸ਼ ਆਉਂਦਾ ਹੈ। ਹੋਲਾ ਜੋ ਗੁਰੂ ਦਰ ਹੁੰਦਾ ਸੀ ਸੋ ਉਤਸਾਹ ਦਾਤਾ ਚੜ੍ਹਦੀਆਂ ਕਲਾਂ ਦਾ ਅਰ ਮਹੱਲੇ ਦੇ ਜੰਗ ਵਾਲਾ ਹੁੰਦਾ ਸੀ। ਗੰਦ, ਮੰਦ, ਘੱਟਾ, ਕੂੜਾ, ਸ਼ਰਾਬਾਂ, ਨਾਚ, ਗੁਡੀਆਂ ਉਡਾਉਣੀਆਂ ਤਮਾਸ਼ੇ ਆਦਿਕ ਕੁਕਰਮ ਸਭ ਵਰਜਿਤ ਸੇ, ਦੇਖੋ ਇਸੇ ਅੰਸੂ ਦਾ ਅੰਕ ੨੭, ੨੮। ‡ਪਾ:–ਉਮਦਾਨੀ।

ਪੁਰਸ਼ਨਿ ਕੇ ਦਰਸ਼ਨ ਪਾਵੈਂ ॥੧੯॥ ਮੱਜਹਿਂ ਤੀਰਥ ਕੋ ਉਤਸਾਹੁ। ਆਵੈਂ ਸਭਿਨਿ ਮਹੋਛਨਾਂ[1] ਮਾਂਹੁ।ਜੀਵਨ ਕੇ ਸੁਭਾਵ ਪਰਖੰਤੇ[2]। ਪਾਪ ਨਿਵਾਰਹਿਂ ਸ਼ੁਰਧਾਵੰਤੇ ॥੨੦॥ ਤਿਨ ਮਹਿਂ ਵਿਗਰ ਬਹੁਤ ਨਰ ਜਾਂਈ। ਕੋ ਕੋ ਫਲ ਖਾਟਹਿਂ ਅਧਿਕਾਈ। ਗੁਰ ਸਿੱਖਹੁ! ਇਮ ਸੁਨਹੁ ਪਛਾਨਹੁ। ਸ੍ਰੀ ਮੁਖ ਵਾਕ ਤੁ* ਇਕਰਸ ਜਾਨਹੁ ॥ ੨੧ ॥ ਸ੍ਰੀ ਮੁਖ ਬਾਕ ॥

ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥
ਪੁਨਾ:—ਮਰ ਜਾਣਾ ਤਾ ਮਾਣਾ ਕੇਹਾ† ॥

ਚੌਪਈ ॥ ਜਿਨ ਲਿਵ ਲਗੀ ਰਿਦੇ ਅਨੁਰਾਗੇ।ਤਿਨ ਕੋ ਭਲਾ ਨਹੀਂ ਕਿਛ ਲਾਗੇ। ਮੁਕਰ ਸਮਾਨ ਗੁਰੂ ਦਰਬਾਰ। ਨਿਰਮਲ ਸਦਾ ਬਿਹੀਨ ਬਿਕਾਰ ॥ ੨੨ ॥ ਅਪਨੋ ਮੁਖ ਕਰਿ ਦੇਖਹਿ ਜੈਸਾ। ਕਰਹਿ ਦਿਖਾਵਨਿ ਤਿਸ ਕੋ ਤੈਸਾ[3]। ਹਰਖ ਸੋਗ ਸ਼ੀਸ਼ੇ ਨਹਿ ਜਥਾ। ਗੁਰ ਸਤਿ ਪੁਰਖ ਚਲਨ ਹੈ ਤਥਾ ॥ ੨੩ ॥ ਸੇਵਾ ਕਰਹਿ ਜਾਨਿ ਕਰਿ ਜਸ ਜਸ। ਪੂਰਾ ਭਾਵ ਹੋਤਿ ਹੈ ਤਸ ਤਸ। ਤਊ ਜਾਨੀਐ ਰਿਦੇ ਬਿਚਾਰਿ।ਮਗ ਹਿੰਦੁਨਿ ਬਡ ਗਏ ਬਿਗਾਰ[4]॥੨੪॥ ਜੋ ਤੁਰਕਨਿ ਮੈਂ ਭਏ ਬਡੇਰੇ। ਮਾਰਗ ਗਏ ਸੁਧਾਰਿ ਅਛੇਰੇ। ਪੀਰ ਫਕੀਰ ਦਿਵਸ ਜਬਿ ਆਵੈ।ਰੁਦਨ ਕਰਤਿ ਬੈਰਾਗ ਉਪਾਵੈਂ॥੨੫॥ਮਿਲਿ ਕਰਿ ਕਹਤਿ—ਜੁ ਬਡੇ ਹਮਾਰੇ।ਜਿਸ ਬਿਧਿ ਕਰਿ ਸ਼ੁਭ ਕਰਮ ਸਿਧਾਰੇ। ਸੋ ਹਮ ਤੇ ਬਨ ਆਵਤਿ ਨਾਂਹੀ।ਗ਼ਾਫ਼ਲ ਸਦਾ ਖ਼ੁਦੀ ਮਨ ਮਾਂਹੀ ॥੨੬॥ ਯਾ ਖ਼ੁਦਾਇ ਹਮ ਤੋਹਿ ਪਨਾਹਿ[5]।ਰਾਖ ਲੀਜੀਐ ਬਖਸ਼ ਗੁਨਾਹਿ—। ਹਿੰਦੁਨਿ ਕੇ ਦਿਨ ਹੋਲਿ ਦਿਵਾਲੀ। ਇੱਤਨਾਦਿਕ ਦਿਨ ਚਲਹਿਂ ਕੁਚਾਲੀ॥੨੭॥ ਬਿਨਾ ਲਾਜ ਤੇ ਹੁਇ ਨਰਨਾਰੀ।ਕਰਹਿਂ ਖਰਾਬਾ ਕਾਫ਼ਤਿਗਾਰੀ।ਸਿੱਖਹੁ! ਸੁਨਹੁ ਬਾਤ ਇਹ ਸਾਰ। ਜਿਨਹੁ ਬੰਦਗੀ ਕਿਯ ਕਰਤਾਰ ॥ ੨੮ ॥ ਹਲਤਿ ਪਲਤਿ ਸੋ ਸੁਖੀ ਬਡੇਰੇ।ਜੀਤ ਗਏ ਭਵਜਲ ਨਹਿ ਫੇਰੇ। ਬਿਨਾ ਬੰਦਗੀ ਜੋ ਨਰ ਹੋਰ। ਨਿਜ ਨਿਜ ਸ਼ਰ੍ਹਾ ਬੰਧੇ ਜਿਮ ਚੋਰ[6] ॥੨੯॥ ਜਿਮ

[1]ਵਡੇ ਉਤਸਵਾਂ ਪਰ, [ਮਹੋਛਾ=ਮਹਾਂ ਉਤਸਵ]। (ਅ) ਕਿਸੇ ਮਹਾਂ ਪੁਰਖ ਦੀ ਯਾਦਗਾਰ ਵਿਚ ਆਮ ਸਾਧੂ ਸੰਤਾਂ ਨੂੰ ਸੱਦਾ ਦੇਕੇ ਭੰਡਾਰਾ ਕਰਨਾ ਇਸ ਨੂੰ ਭੀ ਮਹੋਛਾ ਆਖਦੇ ਹਨ। [2]ਪਰਖੇ ਜਾਂਦੇ ਹਨ। [3](ਸ਼ੀਸ਼ਾ) ਵਿਖਾਉਂਦਾ ਹੈ ਉਸ ਨੂੰ ਓਹੋ ਜਿਹਾ। [4]ਹਿੰਦੂਆਂ ਦੇ ਵਡੇ ਰਾਹ ਵਿਗਾੜ ਗਏ ਹਨ। [5]ਤੇਰੀ ਸ਼ਰਨ ਹਾਂ। [6]ਵਿਚ ਬੱਧੇ ਹੋਏ ਹਨ ਚੋਰਾਂ ਵਾਂਗ।

*ਪਾ:—ਗੁਰ ਪ੍ਰਸੰਨਤਾ। †ਇਹ ਤੁਕ ਬਾਹਰ ਦੀ ਹੈ।

Sri Satguru Jagjit Singh Ji eLlibrary NamdhariElibrary@gmail.com

ਪਸੁ ਬੰਧਯੋ ਦਿਵਸ ਬਿਤਾਵੇ। ਜਨਮ ਮਰਨ ਬੰਧੇ ਤਿਮ ਪਾਵੈਂ[1]। ਕਰਨੀ ਬਿਨਾ ਤਰਹਿ ਨਹਿਂ ਕੋਊ। ਕਰਣੀ ਖਾਲੀ ਜਾਇ ਨ ਸੋਊ[2] ॥੨੦॥ ਧਰਿ ਧਰਿ ਭੇਖ ਦੇਤਿ[3] ਉਪਦੇਸ਼। ਬਿਨ ਕਰਣੀ ਦੁਖ ਪਾਇਂ ਵਿਸ਼ੇਸ਼। ਹਸਦਨਾ ਟਪਦਨਾਂ ਸ੍ਵਾਂਗ ਬਨਾਏ। ਪਰਮੇਸੁਰ ਰੀਝੈ ਨ ਕਦਾਏ ॥੨੧॥ ਮਰਿ ਮਰਿ ਲੋਕ ਬਹੁਰ ਪਛੁਤਾਵਹਿਂ। ਫਸਿ ਬਿਸ਼ਯਨਿ ਮਹਿਂ ਬੈਸ ਬਿਤਾਵਹਿਂ। ਪਰਹਿ ਆਨਿ ਸਿਰ ਪਰ ਜਬਿ ਭਾਰੀ। ਤਬਿ ਜਾਨਹਿਂਗੇ ਅੰਧ ਗਵਾਰੀ ॥ ੨੨ ॥ ਰਾਮ ਕ੍ਰਿਸ਼ਨ ਭੀ ਤਾਰਹਿਂ ਤਬੈ। ਅਪਨੋ ਆਪ ਸਮਝਿਹੈਂ ਜਬੈ। ਪੂਜਾ ਧਰਮ ਅਨੇਕ ਪ੍ਰਕਾਰਾ। ਪਵਸੀ ਥਾਂਇ* ਤਬਹਿ ਨਿਸਤਾਰਾ ॥੨੩॥ ਯਾਂਤੇ ਸੱਤਿ-ਨਾਮ ਕੋ ਸਿਮਰਨ। ਲਿਵ ਲਗਾਇ ਕਰਿਂ ਠਾਨਹਿਂ ਨਿਸ ਦਿਨ। ਵਹਿਰ ਕ੍ਰਿਆ ਸਭਿ ਕੈਸੀ† ਕਰੈ। ਅੰਤਰ ਸਦਾ ਨਾਮ ਹਰਿ ਧਰੈ ॥ ੨੪ ॥ ਜਾਨੈ ਪਰਮੇਸ਼ੁਰ ਕੋ ਮੀਤ। ਕਰਹਿ ਜੁ ਤਿਸ ਪਿਖਿ ਹਰਖੇ ਚੀਤ[4]। ਭਾਣਾ ਮਾਨਹਿਂ ਰਹੈ ਅਨੰਦ। ਤਨ ਹੰਤਾ ਨਿਤ ਕਰਹਿ ਨਿਕੰਦ ॥੨੫॥ ਮਨ ਟਿਕ ਜਾਇ ਨਾਮ ਪਰ ਜਬੈ। ਪ੍ਰਭੁ ਸਹਾਇਕ ਹੋਵੈ ਤਬੈ। ਜਨਮ ਅਨੇਕ ਪਾਪ ਕੋ ਖੋਇ। ਸਕਹਿ ਪਛਾਨ ਆਤਮਾ[5] ਜੋਇ ॥ ੨੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿਖਨ' ਪ੍ਰਸੰਗ ਬਰਨਨੰ ਨਾਮ ਤ੍ਰਾਨ ਤ੍ਰਿੰਸਤੀ ਅੰਸੂ ॥ ੩੩ ॥

੩੪. [ਚਬੀਣੀ ਤੇ ਪ੍ਰਸ਼ਾਦ। ਅਸ਼ੁੱਧ ਬਾਣੀ ਪੜ੍ਹਨ ਵਾਲੇ ਨੂੰ ਦੰਡ। ਸਿੱਖੀ]।

ਦੋਹਰਾ ॥ ‡ਇਕ ਦਿਨ ਬੀਰ ਦਿਵਾਨ ਕੋ ਗੁਰੁ ਅਗਾਰੀ ਹੋਇ। ਰਿਦੈ ਸ਼ਬਦ ਕੀ ਭਾਵਨਾ[6] ਬੋਲਯੋ ਸਿਖ ਅਸ ਕੋਇ ॥੧॥ ਚੌਪਈ ॥ 'ਸਾਚੇ ਪਾਤਿਸ਼ਾਹੁ ਗੁਰ ਪੂਰੇ। ਇਕ ਮੇਰੀ ਫਰਿਆਦ ਹਜ਼ੂਰੇ। ਨਿਤ ਉਠਿ ਬਡੀ ਪ੍ਰੀਤਿ ਇਸ਼-ਨਾਨੈਂ। ਪਾਠ ਸੁਖਮਨੀ ਸਦਾ ਬਖਾਨੈਂ ॥੨॥ ਕਿਰਤਨ ਸਮੈਂ ਪ੍ਰਥਮ ਪਠਿ ਲੇਊਂ। ਪੁਨਿ ਸੁਨਿਬੇ ਮਹਿਂ ਨਿਜ ਮਨ ਦੇਊਂ। ਅਸ਼ਟਪਦੀ ਇਕ ਰਹਿ ਗਈ ਆਜ। ਤਬਿ ਹੀ ਆਯੋ ਰਾਗ ਸਮਾਜ ॥੩॥ ਮੈਂ ਰਾਗੀਨਿ ਸੰਗ ਬਹੁ ਕਹਯੋ। -ਪਾਠ ਕਰਨਿ ਥੋਰੋ ਅਬਿ ਰਹਯੋ। ਭੋਗ ਸੁਖਮਨੀ ਲੇਵੋਂ ਪਾਇ। ਪੀਛੇ ਕਿਰਤਨ ਕਰਹੁ ਬਨਾਇ- ॥੪॥ ਬਹੁ ਕਹਿ ਰਹਯੋ ਨ ਕੈਸੇ ਮਾਨਯੋਂ। ਨਹੀਂ ਸੁਖਮਨੀ ਭੋਗ ਬਖਾਨਯੋਂ। ਸਾਜ ਬਜਾਇ ਸੁ ਰਾਗ ਉਚਾਰਾ। ਕਰਯੋ ਕੀਰਤਨ

[1] ਤਿਵੇਂ ਜਨਮ ਮਰਨ ਪਾਉਂਦੇ ਹਨ (ਬਿਨਾਂ ਬੰਦਗੀ ਵਾਲੇ ਨਰ)। [2] ਉਹ (ਜੋ ਕਰਨੀ ਵਾਲਾ ਹੈ) ਖਾਲੀ ਨਹੀਂ ਜਾਏਗਾ। [3] (ਲੋਕ) ਦੇਂਦੇ ਹਨ। [4] (ਜੋ ਪਰਮੇਸ਼ੁਰ) ਕਰੇ ਉਸ ਨੂੰ ਵੇਖਕੇ ਚਿਤ ਵਿਚ ਹਰਖੇ। [5] (ਤਦੋਂ) ਪਛਾਣ ਸਕਦਾ ਹੈ ਆਤਮਾ ਨੂੰ। [6] (ਕੀਰਤਨ ਦੇ) ਸ਼ਬਦ ਦੀ ਭਾਵਨਾ ਵਾਲਾ।

*ਇਸ ਤਰ੍ਹਾਂ ਦੇ ਪੰਜਾਬੀ ਪਦ ਕਵਿ ਜੀ ਨੇ ਸੌ ਸਾਖੀ ਦੇ ਰਖ ਦਿਤੇ ਹਨ।

†ਪਾ:-ਤੈਸੀ। ‡ਇਥੋਂ ਸੌ ਸਾਖੀ ਦੀ ੧੧ਵੀਂ ਸਾਖੀ ਟੁਰਦੀ ਹੈ।

ਸਭਾ ਮਝਾਰਾ॥੫॥ਤਬਿ ਮੈਂ ਕਹ੍ਯੋ–ਤੁਮੈਂ ਤਨਖਾਹ ਲਗਵਾਵੈਂ ਕਹਿ ਸ੍ਰੀ ਗੁਰ ਪਾਹਿ–।ਸਾਚੇ ਪਾਤਿਸ਼ਾਹੁ ਪ੍ਰਭੁ ਪੂਰੇ। ਕਰੀਅਹਿ ਮੇਰੋ ਨਯਾਉਂ ਹਦੂਰੇ' ॥੬॥ਸ੍ਰੀ ਮੁਖ ਤੇ ਮੁਸਕਾਇ ਬਖਾਨਾ।'ਭਾਈਸਿੱਖਾ! ਸੁਨਹੁ ਸੁਜਾਨਾ। ਨਹਿ ਜਾਨਹੁ ਰਾਗੀ ਤਨਖਾਹੀ।ਗੁਰਬਾਨੀ ਮਹਿ ਗਾਵਨ ਜਾਂਹੀ[1] ॥੭॥ਹਰਿਜਸੁ ਸੁਨਿਤੇ ਬਾਤ ਚਲਾਵੈ। ਵਹੁ ਤਨਖਾਹੀ ਵਡਾ ਕਹਾਵੈ* । ਤੂੰ ਸੰਗਤਿ ਕੋ ਦੇਤਿ ਰਬੀਨੀ। ਜਿਸਤੇ ਤ੍ਰਿਪਤਿ ਹੋਤ ਹੈ ਝੀਨੀ[2] ॥ ੮ ॥ ਰਾਗੀ ਆਨਿ ਪ੍ਰਸਾਦਿ ਛਕਾਯੋ। ਬਡ ਭਾਗਨ ਕੋ ਬਹੁ ਤ੍ਰਿਪਤਾਯੋ। ਇਨ ਪਰ ਗੁਰ ਕੀ ਖੁਸ਼ੀ ਉਦਾਰਾ। ਕਲਜੁਗ ਕੀਰਤਨ ਨਾਮ ਅਧਾਰਾ ॥੯॥ ਗੁਰੂ ਭਾਵਨੀ ਧਰਿਕੈ ਜੋਊ। ਸ਼ਬਦ ਕੀਰਤਨ ਕਰਿਹੈ ਕੋਊ। ਗੁਰੂ ਸੰਗ ਬਨਿ ਆਵਹਿ ਤਾਂਹੀ। ਪ੍ਰਾਪਤਿ ਹੋਵੈ ਸੁਖ ਭਵ ਮਾਂਹੀ ॥੧੦॥ ਤਜਿ ਬਿਕਾਰ ਕੋ ਗਾਵਹਿ ਨਾਦ[3] । ਬੰਧਨ ਤੂਟਹਿ ਗੁਰੂ ਪ੍ਰਸਾਦਿ। ਸੁਨਹਿ ਪ੍ਰੇਮ ਧਰਿ ਫੇਰ ਨ ਫੇਰਾ[4]। ਪਾਇ ਅਚਲ ਪਦ ਬਹੁ ਸੁਖਕੇਰਾ॥੧੧॥ਸ਼ਬਦ ਅਰਥ ਕੋ ਨਿਰਨੈ ਕਰੈ। ਗੁਰ ਕੋ ਕਹਿਬੋ ਸਾਚ ਉਚਰੈ[5] । ਸੋ ਸੰਗਤਿ ਕੋ ਦੇ ਪਕਵਾਨ । ਮਧੁਰ ਸਨਿਗਧੈ[6] ਸ੍ਵਾਦ ਮਹਾਨ ॥੧੨॥ ਬਕਤਾ ਸ਼੍ਰੋਤਾ ਸ਼ੁਭ ਗਤਿ ਪਾਵੈਂ । ਅੰਤ ਬਿਖੇ ਗੁਰ ਰੂਪ ਸਮਾਵੈਂ । ਇਮ ਅਧਿਕਾਰ ਸ਼ਬਦ ਕੋ ਜਾਨਿ । ਫਲ ਪਰ ਰਾਖਹੁ ਦ੍ਰਿਸ਼ਟਿ[7] ਸੁਜਾਨ॥੧੩॥ਦੋਹਰਾ॥ਸੰਗਤਿ ਸਭਿ ਨਿਸ਼ਚੈ ਤਰੈ[8] ਗੁਰ ਕੀ ਸ਼ਰਨੀ ਆਇ। ਇਹਾਂ ਭੁਗਤ ਆਗੇ ਮੁਕਤਿ ਮਾਰਗ ਬਦ ਬਤਾਇ'॥ ੧੪॥ ਚੌਪਈ ॥ ਦਯਾ ਸਿੰਧੁ ਇਮ ਕਹਿ ਭੇ ਮੌਨ। ਸਿੱਖਨ ਸੁਨ੍ਯੋ ਮਹਾਤਮ ਸ਼੍ਰੌਨ। ਭਏ ਅਨੰਦ ਦੇਖਿ ਮੁਖ ਇੰਦ੍ਰਾਬੰਦਨ ਕਰਹਿਂ ਚਰਨ ਅਰਬਿੰਦ ॥ ੧੫॥†ਏਕ ਦਿਵਸ ਸ਼ੁਭ ਸੁਰਪਤ[9] ਜੈਸੇ।ਸਹਿਜ ਸੁਭਾਇ ਸਤਿਗੁਰੂ ਬੈਸੇ। ਪਾਠ ਕਰਹਿ ਸਿਖ ਓਅੰਕਾਰਾ। ਬਿੱਪ੍ਰੈ ਅਰਥ ਅਜਾਨ ਉਚਾਰਾ[10] ॥੧੬॥ ਸੁਨਿ ਸੁਜਾਨ ਗੁਰਬਾਕ ਅਲਾਇ। 'ਇਸ ਕੇ ਹਤਹੁ ਲਸ਼ਟਕਾ ਜਾਇ। ਦ੍ਰਿੜ੍ਹ ਗਹਿ ਕਰਿ ਤਾੜਹੁ ਲੇ ਜਾਵਹੁ। ਹਮ ਤੇ ਦੂਰ ਜਾਇ ਬੈਠਾਵਹੁ' ।

[1]ਗੁਰਬਾਣੀ ਵਿਚ (ਕੀਰਤਨ) ਗਾਉਣਾ ਹੈ ਜਿਨ੍ਹਾਂ ਨੇ। [2]ਬੜੀ ਜਿਹੀ ਤ੍ਰਿਪਤੀ ਹੁੰਦੀ ਹੈ। [3]ਭਾਵ ਰਾਗ ਵਿਚ ਸ਼ਬਦ ਦਾ ਗਾਇਨ ਕਰਨਾ। [4]ਫੇਰ ਫੇਰਾ ਨਹੀਂ ਹੁੰਦਾ ਉਸ ਦਾ (ਜੋ) ਸੁਣੇ। [5]ਭਾਵ ਗੁਰਬਾਣੀ ਦੇ ਅਰਥ ਦਸਣੇ ਵਾਲਾ। [6]ਮਿੱਠਾ ਤੇ ਥਿੰਧਾ । [7]ਨਿਗਾਹ ਫਲ ਤੇ ਰਖੋ। [8]ਤਰ ਜਾਂਦੀ ਹੈ। [9]ਇੰਦਰ। [10]ਭਾਵ ਉਹ ਅਜਾਨ ਪਾਠ ਐਉਂ ਉਚਾਰਦਾ ਸੀ ਜਿਸ ਦਾ ਅਰਥ ਉਲਟਾ ਹੋ ਜਾਂਦਾ ਸੀ। *ਇਹ ਦੋ ਤੁਕਾਂ ਰਹਤਨਾਮਾ ਭਾਈ ਨੰਦਲਾਲ ਜੀ ਵਿਚ ਬੀ ਹਨ।

†ਸੌ ਸਾਖੀ ਦੀ ਇਹ ਬਾਰ੍ਹਵੀਂ ਸਾਖੀ ਹੈ।

Sri Satguru Jagjit Singh Ji eLlibrary NamdhariElibrary@gmail.com

੧੭॥ਤਬਿ ਸਿੱਖ ਧਾਇ ਲਸ਼ਟਕਾ ਹਤਿ ਕਰਿ।ਤਰਜਤਿ ਫੂਰਬਿਠਾਯੋਦ੍ਰਿੜ ਧਰਿ[1] ।'ਸੰਗਤਿ ਇਮ ਬਿਲੋਕਿ ਬਿਸਮਾਈ।–ਕਹਾਂ ਕਰੀ ਗੁਰ ਲਖੀ ਨ ਜਾਈ–॥ ੧੮ ॥ ਮਿਲਿ ਸਿੱਖਨਿ ਅਰਦਾਸ ਬਖਾਨੀ। 'ਸਾਚੇ ਪਾਤਿਸ਼ਾਹੁ ਗੁਨ ਖਾਨੀ॥ਇਹ ਸਿਖ ਰਾਵਰ ਕਯੋਂ ਮਰਵਾਯੋ ? ਬਾਨੀ ਪਠਨਿ ਬਿਖੈਮਨ ਲਾਯੋ ॥੧੯॥ ਕਹਯੋ ਅਹੈ ਜਗ ਗੁਰ ਗੁਨ ਖਾਨੀ[2] ।–ਇਕ ਤੁਕ ਭੀ ਜੁ ਪਢਹਿ ਗੁਰ ਬਾਨੀ। ਜਗ ਤੇ ਤਿਸ ਕੋ ਹੋਇ ਉਧਾਰ–। ਇਹ ਸਿਖ ਪਢਤੋ ਓਅੰਕਾਰ ॥੨੦॥ ਤਿਸ ਪਰ ਮਾਰ ਲਾਠੀਅਨਿ* ਖਾਈ। ਤੌ ਉਧਾਰ ਹੁਇ ਕਿਮ ਬਨਿ ਆਈ'। ਸ੍ਰੀ ਮੁਖ ਤੇ ਮੁਸਕਾਇ ਬਖਾਨੀ। 'ਅਰਥ ਖੋਜ ਇਨ ਪਠੀ ਨ ਬਾਨੀ ॥ ੨੧ ॥ ਆਨੋ ਅਬੈ ਹਜ਼ੂਰ ਹਕਾਰੋ। ਸੁਨਹੁ ਸਰਬ ਤੁਮ ਜਥਾ ਉਚਾਰੋ'। ਸੁਨਿ ਕਰਿ ਲਯਾਇ ਬਿਠਾਇਵ ਤੀਰ। 'ਸਿੱਖਾ ! ਪਢੀਐ' ਕਹਯੋ ਗਹੀਰ[3] ॥੨੨॥ਤਬਿ ਸਿਖ ਨੇ ਤੁਕ ਤਿਵੈ ਉਚਾਰੀ। ਬਿੱਪ੍ਰੀ ਅਰਥ ਸੁ ਜਾਸ ਮਝਾਰੀ। ਸੁਨਿ ਸ੍ਰੀ ਮੁਖ ਤੇ ਤਾਂਹਿ ਬਖਾਨੀ। 'ਇਮ ਤੁਕ ਪਢਹੁ ਅਰਥ ਇਹੁ ਜਾਨੀ ॥ ੨੩ ॥

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥

ਅਰਥ:–ਚੌਪਈ॥ ਕਰਤੇ ਕੀ ਦੀਰਘ ਵਡਿਆਈ। ਕਰਤਾ ਹੀ ਜਾਨੈ ਤਿਸ ਤਾਂਈ। ਜੋ ਗੁਰ ਸੂਰਾ ਹੋਇ ਸੁਚੇਤ। ਭੀ ਸੋ ਜਾਨਤਿ ਹੈ ਸਭਿ ਹੇਤੁ॥੨੪॥ ਅਪਰ ਜੀਅ ਸੰਸਾਰੀ ਜੇਤੇ। ਸੁਨਿ ਸੁਨਿ ਜਾਨਤਿ ਹੈਂ ਸਭਿ ਤੇਤੇ। ਜੋ ਸਤਿਗੁਰ ਨਹਿੰ ਲਖਹਿ ਵਡਾਈ। ਤੌ ਅੰਧੇਰ ਪਰਤਿ ਸਮੁਦਾਈ ॥੨੫॥ ਇਸ ਸਿਖ ਲਗ ਕਕਾਰ ਕੀ ਏਕ[4]†। ਪਠਨਿ ਕਰੀ ਬਿਨ ਸੁਮਤਿ ਬਿਬੇਕ। ਬਿੱਪ੍ਰੀ ਅਰਥ ਪਠਯੋ ਪਹਿਚਾਨੈ। ਕਰਤੇ ਕੀ ਮਿਤਿ ਕਰਤਾ ਜਾਨੈ ॥ ੨੬ ॥ ਗੁਰ ਸੂਰਾ ਕਹਾ ਜਾਨੈ ਕੋਇ†। ਇਮ ਅਨਰਥ ਪਢਿ ਕੀਨੋ ਸੋਇ। ਤੌ ਗੁਰ ਸ਼ਰਨੀ ਸਿਖ ਕਯੋਂ ਜਾਇ। ਕਰਤੇ ਕੀ ਮਿਤ ਲਖਿ ਨ ਸਕਾਇ[5] ॥ ੨੭ ॥ ਸਿੱਖਹੁ ਸੁਨਹੁ ਸੀਖ ਇਹੁ ਮੇਰੀ। ਬਾਨੀ ਪਢਹੁ ਸ਼ੁੱਧ

[1]ਪੱਕੀ ਤਰ੍ਹਾਂ ਫੜਕੇ। [2]ਜਗਤ ਗੁਰੂ ਗੁਣਾਂ ਦੀ ਖਾਨ ਜੀ ਦਾ ਆਖਿਆ ਹੋਇਆ ਹੈ:– [3]ਭਾਵ ਸ੍ਰੀ ਗੁਰੂ ਜੀ ਨੇ। [4]ਕੱਕੇ ਦੀ ਇਕ ਲਗ। [5](ਜੋ ਗੁਰੂ) ਜਾਣ ਨਹੀਂ ਸਕਦਾ।

*ਸੌ ਸਾਖੀ ਵਿਚ ਲਾਠੀ ਲਿਖਿਆ ਹੈ, ਲਾਠੀਆਂ ਨਹੀਂ ਲਿਖਿਆ।

†ਉਹ ਸਿਖ 'ਕੈ ਜਾਣੈ' ਨੂੰ 'ਕੇ ਜਾਣੈ' ਪੜ੍ਹਦਾ ਸੀ। 'ਕੈ' ਦਾ ਅਰਥ ਹੈ ਅਥਵਾ ਤੇ 'ਕੇ' ਦਾ ਅਰਥ ਹੈ 'ਕੀਹ' ਜਿਸ ਦਾ ਭਾਵ ਬਣ ਜਾਂਦਾ ਹੈ 'ਨਹੀਂ'।

Sri Satguru Jagjit Singh Ji eLlibrary　　NamdhariElibrary@gmail.com

ਗੁਰ ਕੇਰੀ। ਪਢੈ ਮਹਾਤਮ ਲਹੈ ਬਿਸਾਲ। ਹਲਤਿ ਪਲਤਿ ਮਹਿ ਹੋਇ ਨਿਹਾਲ ॥ ੨੮ ॥ ਜੇ ਕੁਸ਼ੁੱਧ ਹੁਇ, ਪਢੀਐ ਸ਼ੁਧ ਕਰਿ। ਬਿਗਰੀ ਵਸਤੁ ਸੁਧਾਰਹਿ ਜਿਮ ਘਰ[1]*। ਤਿਮ ਗੁਰ ਸ਼ਬਦ ਸੁਧਾਰਹਿ ਜੋ ਨਹਿਂ। ਨਹੀਂ ਭਾਵਨਾ ਸੋ ਨਰ ਮਹਿ ਮਹਿਂ[2] ॥ ੨੯ ॥

ਭਾਵਨਾ ਬਿਹੀਨ ਜਕ ਜਾਰੇ[3] ਹੀ ਮਰਤ ਹੈਂ।†

ਤੁਕ ਅਕਾਲ ਉਸਤਤਿ ਕੀ ਗਾਈ। 'ਪੰਚ ਬਿਧਿਨਿ ਸਿੱਖੀ ਸੁਨਿ ਭਾਈ! ਧੰਧੇ ਕੀ ਇਕ, ਦੇਖਾ ਦੇਖੀ। ਹਿਰਸੀ ਤ੍ਰੈ, ਸਿਦਕੀ ਅਵਰੇਖੀ[4] ॥੩੦॥ ਪੰਚਮ ਅਹੈ ਭਾਵ ਕੀ ਭਲੇ:-ਪ੍ਰਥਮਾ ਇਮ ਜਿਮ ਭਾਈਚਲੋਂ[5]। ਸਭਿ ਸਗੁਰੇ ਮੁਝ ਨਿਗੁਰਾ ਕਹੈਂ[6]। ਲੇ ਸਿੱਖੀ, ਧੰਧੇ ਕੀ ਅਹੈ[7] ॥੩੧॥ [8]ਕੋ ਇਕ ਸਿੱਖ ਬਨ੍ਯੋ ਕਿਹ ਦੇਖਾ[9]। ਸਦਨ ਪਦਾਰਥ ਭਲੇ ਬਿਸ਼ੇਖਾ। ਸੁਤ, ਬਿਤ[10], ਪਤਿ ਦੂਧ, ਆਦਰ[11] ਆਦਿ। ਸਰਬ ਪ੍ਰਕਾਰ ਹੇਰਿ ਅਹਿਲਾਦ ॥ ੩੨ ॥ ਲੋਭ ਪਦਾਰਥ ਕੋ ਮਨ ਭਯੋ। ਗੁਰੁ ਕੋ ਸਿੱਖ ਹੋਇ ਸੋ ਗਯੋ। ਇਹ ਸਿੱਖੀ ਹੈ ਦੇਖਾ ਦੇਖੀ। ਰਹੀ ਪਦਾਰਥ ਚਾਹਿ ਵਿਸ਼ੇਖੀ॥੩੩॥ ਸਤਿਗੁਰ ਸ਼ਬਦ ਨ ਪਰਚਾ ਪਾਯੋ। ਗੁਰ ਸਰੂਪ ਨਹਿਂ ਰਿਦੇ ਬਸਾਯੋ। ਤੀਜੀ ਹਿਰਸੀ ਸਿੱਖੀ ਜਾਨੋ। ਬਹੁਤ ਜੁ ਕਰਹਿਂ ਕਰਨਿ ਸੋ ਠਾਨੋ[12]॥੩੪॥ ਸੱਚੀ ਕੁਛ ਨ ਆਪ

---

[1]ਜਿਵੇਂ ਘਰ ਦੀ ਵਿਗੜੀ ਹੋਈ ਵਸਤੂ ਸੁਧਾਰੀ ਦੀ ਹੈ [2]ਪ੍ਰਿਥਵੀ ਵਿਚ ਜੋ ਪੁਰਸ਼ ਭਾਵਨਾ (ਸ਼ਰਧਾ) ਵਾਲੇ ਨਹੀਂ। [3]ਹਠ ਦੀ ਅਗਨੀ ਦੇ ਸਾੜੇ ਹੀ। [ਜਕ=ਹਠ। (ਅ) ਹਾਰ। (ੲ) ਅਬਕ ਅਬਕ ਕੇ। ਅ:, ਜਕਣਾ=ਬਕਣਾ, ਸ਼ਕਨ]। [4](ਚੌਥੀ ਸਿੱਖੀ) ਸਿਦਕ ਦੀ ਲਿਖੀ ਹੈ ਯਾ ਦੇਖੀ ਦੀ ਹੈ। [5]ਜਿਵੇਂ (ਭਾਈ) ਸੰਬੰਧੀ ਚਲਦੇ ਹਨ। [6]ਸਾਰੇ ਗੁਰ ਵਾਲੇ ਹਨ, ਮੈਨੂੰ ਨਿਗੁਰਾ ਕਹਿਣਗੇ। [7]ਇਹ ਧੰਧੇ ਦੀ ਸਿੱਖੀ ਹੈ। [8]ਦੂਜੀ ਸਿੱਖੀ ਚਲੀ। [9]ਕਿਸੇ ਨੇ ਡਿੱਠਾ ਕਿ ਕੋਈ ਇਕ ਸਿਖ ਹੋਇਆ ਹੈ। [10]ਦੌਲਤ। [11]ਇੱਜ਼ਤ। [12]ਜੋ ਬਹੁਤੇ ਕਰਦੇ ਹੋਣ ਉਸੇ ਨੂੰ ਕਰਨ ਲੱਗ ਜਾਣਾ।

*ਸਾਖੀ ਦਾ ਮਤਲਬ ਬਾਣੀ ਸ਼ੁੱਧ ਪੜ੍ਹਨ ਦਾ ਹੈ। ਸਿੱਖ ਨੂੰ ਲਾਠੀ ਪਈ ਕਿ ਗੁੱਸੇ ਹੋਏ ਕਿ ਸਮਝਾ ਦਿਤਾ, ਭਾਵ ਪਿਤਾ ਸਮਾਨ ਝਿੜਕ ਤੌਂ ਹੈ, ਜੋ ਸਿੱਖ ਦੇ ਭਲੇ ਲਈ ਸੀ ਕਿ ਬਾਣੀ ਸ਼ੁਧ ਜੇ ਕੰਠ ਨਾ ਹੋਵੇ ਤਾਂ ਸੁਧਾਰ ਲਵੇ। ਫਿਰ ਭੀ ਉਕਾਈ ਹੋ ਹੀ ਜਾਂਦੀ ਹੈ ਇਸ ਲਈ ਪਾਠ ਕਰਕੇ ਅਰਦਾਸੇ ਵਿਚ ਬਿਨੈ ਕਰੀਦੀ ਹੈ 'ਤੁਕ ਅੱਖਰ ਲਗ ਮਾਤ੍ਰ ਵਾਧ ਘਾਟ ਪੜ੍ਹੀ ਮਾਫ' ਤੇ ਬ੍ਰਿੱਧਾਂ ਦੇ ਮੁਖੋਂ ਬਾਣੀ ਪਾਠ ਦੇ ਅੰਤ ਵਿਚ ਇਉਂ ਬੀ ਦੋਹਰਾ ਸੁਣਿਆ ਹੈ 'ਗੁਰੂ ਕਾ ਬੋਲਣਾ ਸਚੇ ਦਰਬਾਰ। ਭੁਲਿਆਂ ਚੁਕਿਆਂ ਨੂੰ ਗੁਰ ਬਖਸ਼ਣਹਾਰ'। †ਇਹ ਤੁਕ ਜਿਵੇਂ ਸੋ ਸਾਖੀ ਵਿਚ ਹੈ ਤਿਵੇਂ ਕਵੀ ਜੀ ਨੇ ਦਿਤੀ ਹੈ। ਸ਼ੁਧ ਪਾਠ ਐਉਂ ਹੈ:-ਗਿਆਨ ਕੇ ਬਿਹੀਨ ਜਕ ਜਾਰੇ ਹੀ ਮਰਤ ਹੈਂ। [ਅਕਾਲ ਉਸਤਤਿ ੮੯।

Sri Satguru Jagjit Singh Ji eLlibrary NamdhariElibrary@gmail.com

ਕੌ ਆਈ । ਨਹੀਂ ਸੀਖ ਲੇ ਗੁਰਮਤਿ ਪਾਈ । ਨਹਿ ਸੰਗਤ ਮਹਿ ਬੈਠਨੋ ਜਾਇ । ਗੁਰ ਪਾਹੁਲ ਕੋ ਭੇਦ ਨ ਪਾਇ ॥ ੩੫ ॥ ਚਤੁਰਥ ਸਿੱਖੀ ਸਿਦਕੀ ਹੋਈ । ਗੁਰ ਬਿਨ ਅਪਰ ਨ ਮਾਨਹਿ ਕੋਈ । ਜੀਵਨ ਮਰਨ ਬਿਖੈ ਗੁਰ ਸ਼ਰਣੀ । ਤਜਹਿ ਨ ਜਿਮ ਪ੍ਰਵਾਹਿ ਮੈਂ ਤਰਣੀ[1] ॥੩੬॥ ਸਿਰ ਜਾਣੇ ਲਗਿ ਸਦਾ ਨਿਬਾਹੈ । ਤਨ ਮਿੱਥਿਆ ਲਖਿ ਕਰਿ ਜਗ ਮਾਂਹੈ । ਸਿੱਖੀ ਸਚੁ ਪ੍ਰਾਪਤਿ ਕੀ ਕਰਤਾ । ਇਮ ਪ੍ਰਾਨਨਿ ਬਿਨਸਨ ਲਗਿ ਧਰਤਾ ॥ ੩੭ ॥ ਬਿਘਨ ਅਨੇਕ ਕਸ਼ਟ ਸਹਿ ਸਾਰੇ । ਗਾਢੋ ਸਿਦਕ ਨਹੀਂ ਨਿਰਵਾਰੇ । ਪਲ ਮਹਿ ਸਿਰ ਦੇ, ਸਿਦਕ ਨ ਖੋਵੈ । ਸੋ ਸਿਖ ਮੇਰੋ ਪੂਰਨ ਹੋਵੈ ॥੩੮॥ ਪੰਚਮ ਸਿੱਖੀ ਭਾਵ ਉਪਾਈ । ਲਖਿ ਗੁਰ ਮਹਿਮਾ ਪਰਿ ਸ਼ਰਨਾਈ । ਨਿਸ ਦਿਨ ਗੁਰ ਮੂਰਤਿ ਉਰ ਧਾਰੀ । ਕਰਹਿ ਭਾਵ ਸਭਿ ਸਿੱਖ ਮਝਾਰੀ' ॥ ੩੯ ॥ ਪੰਚ ਪ੍ਰਕਾਰ ਸਿੱਖਿਇਮ ਕਹੇ। ਜਥਾ ਕਰਮ ਫਲ ਦੀਰਘ ਲਹੇ। 'ਹਲਤਿ ਪਲਤਿ ਮਹਿ ਬਨੋਂ ਸਹਾਈ । ਜਮੁ ਸੰਕਟ ਤੇ ਲੇਹੁ ਛੁਟਾਈ' ॥ ੪੦॥ ਦੋਹਰਾ ॥ ਸਤਿਗੁਰ ਪੂਰਨ ਜਿਨਹੁ ਕੇ ਪੂਰੀ ਤਿਨ ਕੀ ਆਸ । ਨਾਨਕ ਜਪੀਐ ਨਾਮ[2] ਨਿਤ ਸਿਮਰਹੁ ਸਾਸਿ ਗਿਰਾਸ* ॥ ੪੧ ॥ ਚੌਪਈ ॥ ਬਨੀਅਹਿ ਸੱਤਿਨਾਮ ਅਨੁਰਾਗੀ । ਕਾਮ ਕ੍ਰੋਧ ਮਦ ਮਾਨਹਿਂ[3] ਤਯਾਗੀ । ਰਾਖਿ ਸਥਿਰ ਸਤਿਗੁਰੂ ਭਰੋਸਾ । ਧਰਿ ਸੰਤੋਖ ਸਿੰਘ ਸ਼ਾਂਤਿ ਸੰਤੋਸ਼ਾ[4] ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਚਤੁਰ ਤ੍ਰਿੰਸਤੀ ਅੰਸੂ ॥੩੪॥

### ੩੫. [ਪਾਹੁਲ ਭੇਦ । ਦੇਵੀ । ਦੁਸ਼ਟ ਦਮਨ] ।

ਦੋਹਰਾ ॥ †ਸਿੱਖੀ ਪੰਚ ਪ੍ਰਕਾਰ ਕੀ ਸੁਨਿ ਪਾਹੁਲ ਬਖਸ਼ੀਸ਼[5] । ਸਿਖ ਸਿਦਕੀ ਕਰਿ ਜੋਰਿਕੈ ਧਰਿ ਪਗ ਪੰਕਜ ਸੀਸ ॥ ੧ ॥ ਚੌਪਈ ॥ ਬੂਝਤਿ ਭਏ ਸਰਬ ਕਰਿ ਪੰਗਤ । 'ਗੁਰ ਪਤਿਸ਼ਾਹੁ ਆਪ ਕੀ ਸੰਗਤਿ । ਅਭਿਲਾਖਤਿ ਸਗਰੇ ਮਨ ਜਾਨਨਿ । ਸ਼੍ਰਵਨ ਕਰਨਿ ਕੋ ਤੁਮਰੇ ਆਨਨਿ[6] ॥ ੨ ॥ ਪਾਹੁਲ ਕੇ ਗੁਣ ਭੇਦ ਬਖਾਨੋ[7] । ਜਿਮ ਰਾਵਰ ਨੇ ਕੀਨ ਮਹਾਨੋ' । ਭਾਵ ਸਹਿਤ ਕਲਗ਼ੀਧਰ ਸੁਨਕੇ । ਕਰਿ ਬੱਖਯਾਤ ਭੇਦ ਸਭਿ ਭਨਕੇ ॥੩॥ 'ਮੰਤ੍ਰ

[1] ਜਿਵੇਂ ਪ੍ਰਵਾਹ ਵਿੱਚ (ਜਾ ਰਹੀ) ਬੇੜੀ (ਦੇ ਸ੍ਵਾਰ ਬੇੜੀ ਨੂੰ) ਨਹੀਂ ਛੱਡਦੇ। [2] ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਨੂੰ । [3] ਅਹੰਕਾਰ ਨੂੰ । [4] ਸ਼ਾਂਤੀ ਸੰਤੋਖ ਧਾਰਨ ਕਰ । [5] ਪਾਹੁਲ ਦੀ ਬਖਸ਼ਸ਼ ਹੋਈ (ਦੇਖਕੇ) । [6] ਆਪਦੇ ਮੁਖੋਂ । [7] ਗੁਣ ਤੇ ਵੇਰਵੇ ਦੱਸੋ।

*ਇਹ ਦੋਹਾ ਗੁਰਬਾਣੀ ਵਿਚ ਨਹੀਂ ਹੈ । ਸੌ ਸਾਖੀ ਵਿਚ ਇਹ ਦੋਹਾ ਲਿਖਿਆ ਹੈ ।

†ਇਹ ਸਾਖੀ ਸੌ ਸਾਖੀ ਦੀ ੧੩ਵੀਂ ਸਾਖੀ ਹੈ।

ਸੁ ਜੰਤ੍ਰ ਤੰਤ੍ਰ ਇਹੁ ਤੀਨ । ਕਾਰਜ ਕੇ ਸਿਧ ਕਰਤਾ ਚੀਨ । ਸੱਤਿਨਾਮ ਮੰਤ੍ਰਨਿ ਸਿਰਮੌਰ । ਜਿਸਕੇ ਸਮ ਜਗ ਮਹਿ ਨਹਿ ਔਰ॥੪॥ਵਾਹਿਗੁਰੂਇਹੁ ਮੰਤ੍ਰ* ਮਹਾਨਾ । ਚਤੁਰ ਵਰਨ ਕੋ ਜੋੜਨਿ ਠਾਨਾ । ਲੋਹ ਸ਼ਸਤ੍ਰ ਅਰੁ ਜਲੁ ਮਿਸ਼ਟਾਨਾ । ਇਹੀ ਤੰਤ੍ਰ ਕਰਤਾ ਸਵਧਾਨਾ[1] ॥ ੫ ॥ ਦਈ ਵਸਤੁ ਇਹੁ ਦੇਵਨਿ[2] ਲਯਾਇ।ਤਿਨ ਕੇ ਨਾਮ ਸੁਨਹੁ ਚਿਤ ਲਾਇ। ਬਰੁਨ ਆਪਨੇ ਕਰ ਜਲ ਆਨਾ । ਇੰਦ੍ਰ ਮਹਾਂ ਬਲਿ ਲਿਧ ਮਿਸ਼ਟਾਨਾ ॥ ੬ ॥ਲੋਹਾ ਦੀਨਿ ਆਨਿ ਜਮਰਾਜ।ਮਿਲੇ ਦੇਵ ਪਾਹੁਲ ਕੇ ਕਾਜ।ਜਲ ਤੇ ਸ਼ਾਂਤਿ ਅਵਧਿ ਸਿਖ ਪਾਹਿ[3] । ਮਿਸ਼ਟਾਨਹਿ ਤੇ ਭੋਗ ਨ ਚਾਹਿ[4] ॥ ੭ ॥ ਹੋਹਿ ਸ਼ਸਤ੍ਰ ਤੇ ਤੇਜ ਕਰਾਲ।ਬਨਹਿ ਜੁੱਧ ਮਹਿ ਜੋਧ ਬਿਸਾਲ।ਪੂਰਬ ਪਾਹੁਲ ਚਰਨਨਿ ਕੇਰੀ। ਹੁਇ ਸੇਵਾ ਕੀ ਪ੍ਰੀਤਿ ਬਡੇਰੀ ॥ ੮ ॥ ਅਬਿ ਗੁਰ ਇੱਛਾ ਰਣ ਰਿਪੁ ਖਾਪ । ਖੰਡਾ ਧਾਰਿ ਸੁ ਪਾਹੁਲ ਛਾਪ[5] । ਸ੍ਰੀ ਦੇਵੀ ਕੇ ਧਰਿਬੇ ਧ੍ਯਾਨ । ਸੂੰਏ ਦਸੌਂ[6] ਪ੍ਰੇਮ ਨਿਰਬਾਨ ॥੯॥ ਪਠਿ ਅਨੰਦ ਜੀ ਸ਼ਾਂਤਿ ਸੁਚੇਤ । ਜਪੁਜੀ ਪੜ੍ਹਹੁ ਸੁ ਮੁਕਤੀ ਹੇਤੁ।ਹੁਇ ਪਾਹੁਲ ਤੇ ਚਾਰ ਪਦਾਰਥ।ਨਰ ਤਨ ਸਿਖ ਕੋ ਬਨਹਿ ਸਕਾਰਥ† ॥ ੧੦ ॥ ਬਡਭਾਗੀ ਕੋ ਪ੍ਰਾਪਤਿ ਹੋਇ । ਲੇ ਕਰਿ ਫਿਰਹਿ, ਨ ਅਘ ਸਮ ਕੋਇ[7] । ਗੁਜਰੀ ਮਾਤਿ ਪੂਛੋ ਇਕ ਬਾਰੀ[8] । ਤਬਿ ਹਮ ਨੇ ਬਿਧਿ ਸਕਲ ਉਚਾਰੀ' ॥ ੧੧ ॥ ਸੁਨਿ ਸਿੱਖਨਿ ਕਰ ਜੋਰਿ ਬਖਾਨੀ । 'ਅਪਰ ਭੇਦ ਭਨੀਐ ਗੁਨਖਾਨੀ ! ਪਾਹੁਲ‡ ਬਿਖੇ ਸ਼ਕਤਿ ਹੈ ਗੁਰ ਕੀ ? ਕੈ ਜਗ ਮਾਤਿ ਚੰਡਕਾ ਧੁਰ ਕੀ ?' ॥ ੧੨ ॥ ਸੁਨਿ ਸ੍ਰੀ ਮੁਖ ਤੇ ਸਤਿਗੁਰ ਭਨੈਂ ।

[1]ਲੋਹੇ ਦਾ ਸ਼ਸਤ੍ਰ ( ਫੇਰ ਕੇ ) ਜਲ ਤੇ ਮਿੱਠੇ ( ਵਿੱਚ ਫੇਰਨਾਂ ) ਇਹੀ ਤੰਤ੍ਰ ਸਾਵਧਾਨ ਕਰਨ ਵਾਲਾ । [2]ਦੇਵਤਿਆਂ ਨੇ । [3]ਜਲ (ਇਸ ਕਰਕੇ ਹੈ) ਕਿ ਸਿਖ ਸ਼ਾਂਤੀ ਦੀ ਅਵਧੀ ਭਾਵ ਬਹੁਤ ਸ਼ਾਂਤੀ ਪਾਵਨ । ( ਅ ) ਅਵੱਸ਼ ਹੀ ਸ਼ਾਂਤੀ ਨੂੰ ਚਾਹੇਗਾ । [4]ਭੋਗਾਂ ਨੂੰ ਨਾ ਚਾਹੁਣ । [5]ਖੰਡੇ ਦੀ ਧਾਰ ਵਾਲੀ ਪਾਹੁਲ ਦੀ ਮੁਹਰ ਲਾ ਦਿੱਤੀ ਹੈ । [6]ਭਾਵ, ਅੰਮ੍ਰਿਤ ਦੇ ਸੂੰਏ । [7]ਜੋ ( ਅੰਮ੍ਰਤ ) ਲੈਕੇ ਫਿਰ ਜਾਵੇ ਉਸ ਸਮ ਕੋਈ ਪਾਪੀ ਨਹੀਂ । [8]ਮਾਤਾ ਗੁਜਰੀ ਨੇ ( ਇਹ ਪਿੱਛੇ ਕਹੀ ਵਾਰਤਾ) ਇਕ ਵੇਰ ਪੁੱਛੀ ਸੀ । *ਪਾ:—ਜੰਤ੍ਰ ।

†ਅੰਮ੍ਰਤ ਦੇ ਗੁਣ ਤੇ ਵਡਿਆਈ ਬ੍ਰਾਹਮਣੀ ਮਤ ਦੇ ਰੰਗ ਵਿਚ ਦਿਖਾਈ ਗਈ ਹੈ। ਕਵਿ ਜੀ ਨੇ ਇਹ ਸੌ ਸਾਖੀ ਦੀ ਤੇਰਵੀਂ ਸਾਖੀ ਤੋਂ ਲਿਆ ਹੈ। ਸੌ ਸਾਖੀ ਵਿਚ ਐਸੇ ਆਖੇਪ ਕਿਸੇ ਬ੍ਰਾਹਮਣ ਸਿੰਘ ਜੀ ਦੇ ਕੀਤੇ ਹੋਏ ਜਾਪਦੇ ਹਨ, ਜੋ ਸਿੰਘ ਪੁਣੇ ਦੀ ਵਡਿਆਈ ਤਾਂ ਉੱਚੀ ਰਖਦੇ ਹਨ ਪਰ ਹਰ ਗਲ ਪੌਰਾਣਕ ਰੰਗਾਂ ਵਿੱਚ ਲੈ ਜਾਂਦੇ ਹਨ।

‡ਪਾਹੁਲ ਪਦ ਏਥੇ ਅੰਮ੍ਰਤ ਵਾਸਤੇ ਵਰਤਿਆ ਜਾ ਰਿਹਾ ਹੈ। ਏਸ ਕਰਕੇ ਹੁਣ ਤਕ ਆਮ ਵਰਤਾਰੇ ਵਿਚ ਇਹੋ ਪਦ ਅੰਮ੍ਰਤ ਵਾਸਤੇ ਬੋਲ ਲੈਂਦੇ ਹਨ।

Sri Satguru Jagjit Singh Ji eLlibrary NamdhariElibrary@gmail.com

[1]ਕਰਨ ਪ੍ਰਸ਼ਾਦਿ ਖੁਸ਼ੀ ਹੀ ਬਨੈ।ਗੁਹਜ ਬਾਰਤਾ ਬਨਹਿ ਨ ਕਹਿਨੀ।ਭਲੀ ਹੋਤਿ ਹੈ ਛਪੀ ਸੁ ਰਹਿਨੀ ॥੧੩॥ ਤਊ ਸਿੱਖ ਸ਼ਰਧਾਲੂ ਆਇ। ਸਤਿਗੁਰ ਕੋ ਬੂਝਹਿ ਜਿਸ ਭਾਇ। ਤਿਸ ਕੌ ਕਹਨਿ ਬਨਦਾ ਬਨਿਆਵੈ। ਜੋ ਸਿਖ ਸਤਿਗੁਰ ਕੇ ਮਨ ਭਾਵੈ ॥੧੪॥ ਸੰਗਤਿ ! ਸੁਨਹੁ ਸਿੱਖ ਮਮ ਅਹੋ। ਗੁਰਘਰ ਬਿਖੈ ਏਕਤਾ ਲਹੋ*। ਭੂਲ ਭੇਦ ਕੋ ਭਰਮ ਨ ਕੀਜੈ।ਕਬਹੁੰ ਨ ਇਸ ਪਰ ਤਰਕ ਕਰੀਜੈ ॥੧੫॥ ਪ੍ਰਥਮ ਧਰਯੋ ਜਬਿ ਹਮ ਅਵਤਾਰ। ਕਰਯੋ ਮਨੋ-ਰਥ ਤਪਨਿ ਉਦਾਰ। ਬਿੰਧ੍ਯਾਚਲ ਕਾਨਨ ਮੈਂ ਰਹੇ†।ਸੁਨਹੁ ਕਥਾ ਜਿਸ ਬਿਧਿ ਤਪੁ ਸਹੇ ॥ ੧੬ ॥ ਦੋਹਰਾ ॥ ਤਿਸੁ ਮਾਨ੍ਵੰਤਰ[2] ਕੇ ਬਿਖੈ ਕਥਾ ਭਈ ਜਿਸ ਭਾਇ। ਸੁਨਹੁ ਪ੍ਰੀਤਿ ਕਰਿ ਉਮਾ[3] ਤਬਿ ਗਈ ਤਪਨ ਤਿਸੁ ਥਾਇਂ ॥੧੭॥ ਨਿਸ਼ਾਨੀ ਛੰਦ॥ ਦਾਨਵ ਦੈਤਨਿ ਪਾਇ ਬਲ ਸੁਰ ਕਰੇ ਪਰਾਜੈ। ਛੀਨ ਲੀਨ ਸੁਰਲੋਕ ਕੋ ਕਰਿ ਗਰਬ ਮਹਾਂ ਜੈ[4]। ਬ੍ਰਹਮਾ ਢਿਗ ਸੋ[5] ਦੀਨ ਹ੍ਵੈ ਸਭਿ ਜਾਇ ਪੁਕਾਰੇ।–ਸ਼ੱਤ੍ਰਨਿ ਦਿਯੋ ਨਿਕਾਸ ਹਮ ਅਬਿ ਸ਼ਰਨਿ ਤੁਹਾਰੇ–॥੧੮॥ ਦ੍ਰੁਹਨ[6] ਉਪਾਇ ਬਖਾਨ ਕੈ ਸੁਰ ਸਭਿ ਸਮੁਝਾਏ।–ਆਦਿ ਸ਼ਕਤਿ ਸ੍ਰੀ ਚੰਡਿਕਾ ਲਿਹੁ ਤਾਂਹਿ ਰਿਝਾਏ।ਲੈ ਦੇ ਹੈ ਤੁਮ ਰਾਜ ਕੋ ਜਹਿ ਅਧਿਕ ਸਮਾਜਾ–।ਸੁਨਿ ਬ੍ਰਹਮਾ ਤੇ ਗਏ ਸੁਰ ਹਰਖਾਵਨਿ ਕਾਜਾ ॥੧੯॥ ਜਾਇ ਅਰਾਧੀ ਚੰਡਿਕਾ ਬਿਦਤੀ ਜਗ ਮਾਈ। ਕਰ ਬੰਦੇ ਬਿਨਤੀ

---

[1](ਐਸੀ) ਕ੍ਰਿਪਾ ਕਰਨ ਵਿਚ ਖੁਸ਼ੀ ਹੀ ਚੰਗੀ ਹੈ, ਭਾਵ ਨਾ ਕਹਿਣੀ ਚੰਗੀ ਹੈ। ਜਿਵੇਂ 'ਸੁਖ' ਦਾ ਅਰਥ 'ਨਾਂਹ' ਹੁੰਦਾ ਹੈ ਤਿਵੇਂ ਖੁਸ਼ੀ ਦਾ ਇਥੇ ਚੁੱਪ ਹੈ। [2]ਇਕ ਮਨੂ ਦਾ ਸਮਾ ਜੋ ਇਕੱਤੀ ਕ੍ਰੋੜ ਚੌਦਾਂ ਲਖ ਅਠਤਾਲੀ ਹਜ਼ਾਰ ਵਰ੍ਹੇ ਦਾ ਮੰਨਦੇ ਹਨ। ਬ੍ਰਹਮਾ ਦੇ ਇਕ ਦਿਨ ਦਾ ਚੌਧਵਾਂ ਹਿੱਸਾ। [3]ਪਾਰਬਤੀ। [4]ਦੇਵਤਿਆਂ ਨੂੰ ਜਿੱਤ ਕੇ ਮਹਾਂ ਹੰਕਾਰ ਕੀਤਾ। [5]ਭਾਵ ਦੇਵਤੇ। [6]ਬ੍ਰਹਮਾ ਨੇ।

*ਸੌ ਸਾਖੀ:–'ਦੇਵੀ ਕੀ ਸ਼ਕਤਿ ਅਥਵਾ ਗੁਰੂ ਕੀ ਸ਼ਕਤਿ ?' ਇਸ ਪ੍ਰਸ਼ਨ ਦਾ ਉਤ੍ਰ ਜੋ ਦਿੱਤਾ ਹੈ ਉਸ ਦੀ ਮੁਰਾਦ ਇਹ ਹੈ ਕਿ ਦੇਵੀ ਤੇ ਗੁਰੂ ਦੀ ਸ਼ਕਤਿ ਇਕੋ ਹੈ।

†ਪਹਿਲੇ ਜਨਮ ਦੇ ਤਪ ਦਾ ਥਾਂ ਤਾਂ ਬਚਿਤ੍ਰ ਨਾਟਕ ਵਿਚ ਹੇਮ ਕੁੰਟ ਸਪਤ ਸ੍ਰਿੰਗ ਲਿਖਿਆ ਹੈ, ਜਿਥੇ ਪੰਡੁਰਾਜ ਨੇ ਯੋਗ ਕਮਾਇਆ ਸੀ। ਬਿੰਧ੍ਯਾਚਲ ਕਵੀ ਜੀ ਨੇ ਸੌ ਸਾਖੀ (ਦੀ ੧੩ ਸਾਖੀ) ਤੋਂ ਲਿਆ ਹੈ। ਇਹ ਸਾਖੀ ਬੀ ਪੌਰਾਣਕ ਦਿਮਾਗ਼ ਦੀ ਜਾਪਦੀ ਹੈ, ਜਿਨ੍ਹਾਂ ਦੇ ਹੱਥ ਵਿਚ ਸੌ ਸਾਖੀ ਵਧੀ ਘਟੀ ਯਾ ਇਸ ਰੂਪ ਵਿਚ ਲਿਖੀ ਗਈ ਜਾਪਦੀ ਹੈ। [ਦੇਖੋ ਇਸੇ ਅੰਸੂ ਦੇ ਅੰਕ ੪੧ ਦੀ ਹੇਠਲੀ ਟੂਕ]। ਜਾਪਦਾ ਹੈ ਕਿ ਸੌ ਸਾਖੀ ਵਾਲਾ ਕਾਲੀ ਦੇਵੀ ਦੀ ਸਮੀਪਤਾ ਜਨਾਉਣ ਵਾਸਤੇ ਹਿਮਾਲੇ ਦੀ ਥਾਂ ਬਿੰਧ੍ਯਾਚਲ ਲੈ ਗਿਆ ਹੈ।

ਸਹਿਤ ਨਿਜ ਬ੍ਰਿਥਾ ਸੁਨਾਈ। ਦੈਂਤਨ ਕੀਨਿ ਅਨੀਤ ਲਖਿ ਨਿਰਜਰ[1] ਸਤਿਕਾਰੇ।-ਲੈ ਦੇਹੋਂ ਤੁਮ ਦੇਸ਼ ਕੋ ਰਿਪੁ ਬ੍ਰਿੰਦ ਸੰਘਾਰੇ[2]-॥੨੦॥ਚਢੀਸਿੰਘ ਪਰ ਚੰਡਿਕਾ ਆਯੁਧ ਬਲਿ ਧਾਰੇ। ਬਧੇ ਦੈਂਤ ਅਨਗਨ ਬਧੇ[3] ਰਣ ਖੇਤ ਮਝਾਰੇ। ਧੂਮ੍ਰਨੈਨ ਪੂਰਬ ਹਨ੍ਯੋ ਪੁਨ ਚੰਡ ਰੁ ਮੁੰਡਾ। ਰਕਤਬੀਜ ਸਨ-ਮੁਖ ਅਰ੍ਯੋ ਬਾਜ੍ਯੋ ਬਡ ਖੰਡਾ ॥ ੨੧ ॥ ਰਕਤਬੀਜ ਕੇ ਰਕਤ ਤੇ ਰਾਖਸ਼ ਸਮੁਦਾਏ। ਉਪਜਤਿ ਤਯੋਂ ਤਯੋਂ ਹਨਤਿ ਹੈ ਰਣਭੂਮ ਗਿਰਾਏ। ਤਯੋਂ ਤਯੋਂ ਹੋਤਿ ਅਸੰਖ ਹੀ ਤੋਟਾ ਨਹਿ ਆਯੋ।ਬਹੁਤ ਬਰਖ ਸੰਗ੍ਰਾਮ ਭਾ ਲੇਖਾ ਨਹਿ ਪਾਯੋ ॥ ੨੨ ॥ ਨੌਕੋ ਪਰ ਸਤਸੂਨ ਲਗਿ[3] ਸੰਖ੍ਯਾ ਸਭਿ ਕੀਨੀ। ਬ੍ਰਿੰਦ ਰਿਖੀਸ਼ੁਰ ਗਿਨਤਿ ਭੇ ਇਤਨੀ ਚਿਤ ਚੀਨੀ। ਭਏ ਰਕਤ ਤੇ ਪੁਨ ਹਤੇ ਬੁਦਬੁਦ ਸਮ ਸੋਈ[4]।ਭਯੋ ਰਕਤ ਕੋ ਜਲ ਇਤੋ ਜਨੁ ਪਰਲੈ ਹੋਈ ॥੨੩ ॥ ਸ਼ੂੰਨ ਭਈ ਸਭਿ ਸ੍ਰਿਸ਼ਟ ਤਬਿ ਤਨ ਇੰਗਤਿ ਨਾਂਹੀ[5]। ਇਸ ਪ੍ਰਕਾਰ ਪਿਖੀਯਤਿ ਮਨੋ ਪਾਥਰ ਜਲ ਮਾਂਹੀ[6]। ਗਜ ਗਣ[7] ਸੰਗ ਜੁ ਚੰਡਿਕਾਇਹ ਸਮੈਂ ਪਲਾਏ। ਕੋ ਲਰ ਕਰਿ ਕੋ ਬਿਨ ਲਰੇ ਨਹਿ ਠਹਿਰਨਿ ਪਾਏ॥੨੪॥ ਅੰਤ੍ਰਧਯਾਨ ਹੁਇ ਅੰਬਕਾ ਬਿੰਧ੍ਯਾਚਲ ਆਈ*। ਬਨਿ ਮੂਰਤਿ ਤਪ ਕਰਤਿ ਭੀ ਕਿਹ ਲਖੀ ਨ ਜਾਈ।ਅਸੁਰ ਲਗੇ ਤਬਿ ਖੋਜਨੇ† ਇਤ ਉਤ ਚਹੁੰਘਾਏ। ਇਕ ਤਪਸੀ ਤਪਨਿਧਿ[8] ਤਹਾਂ ਜਿਸ ਸਿਖ ਸਮੁਦਾਏ॥ ੨੫॥ ਜੁਗ ਰਾਕਸ਼ ਤਿਹ ਜੂਥਪਤਿ ਬੂਝਨਿ ਤਬਿ ਲਾਗੇ[9]।ਬੋਲ ਸੁਬੋਲਹਿ ਨਾਮ ਜਿਨ ਮਨ ਮਹਿ ਰਿਸ ਜਾਗੇ ।-ਹਾਇ ਹਾਇ-ਕਰਿ ਖੋਜਤੇ-ਤ੍ਰਿਯ ਕਹਾਂ ਪਲਾਈ? ਕੋ ਲੈ ਗਮਨਯੋਂ ਕਿਤ ਗਯੋ ? ਕਿਹੁ ਰਿਖੀ ਬਤਾਈ-॥ ੨੬ ॥ ਰਿਸ ਧਰਿ ਤਪਸੀ ਤਬਿ ਕਹ੍ਯੋ-ਕਯੋਂ ਕਰਿ ਬਕਬਾਦੇ ? ਸੋ ਪੂਰਨ ਸਭਿ ਮਹਿ ਸਦਾ ਸ਼ਕਤੀ ਬਡਿ ਆਦੇ[10]। ਤਪਸੀ ਨਾਮ ਸੁਮੰਡ[11] ਤੇ ਸੁਨਿ ਕਰਿ ਮਤਿਵਾਰੇ। ਧਾਇ ਪਰੇ ਹਿਤ ਮਾਰਿਬੇ ਕਹਿ'ਮਾਰੋ ਮਾਰੋ'॥੨੭॥ ਮਨ ਮਹਿ

[1]ਦੇਵਤੇ। [2]ਨਾਸ਼ ਕਰ ਦਿੱਤੇ। [3]੯੦੦੦੦੦੦੦ ਦੈਂਤ। [4]ਬੁਲਬੁਲੇ ਵਾਂਗ। [5]ਸਰੀਰਾਂ ਵਿਚ ਚੇਸ਼ਟਾ ਨਾ ਰਹੀ [ਸੰਸ:, ਇੰਗਤ=ਚੇਸ਼ਟਾ]। [6]ਮਾਨੋਂ ਜਲ ਵਿਚ ਪੱਥਰ ਵਾਂਙ (ਸਾਰੀ ਸ੍ਰਿਸ਼ਟੀ ਹੋ ਗਈ)। [7]ਛਾਰ ਗਣ ਆਦਿਕ। [8]ਭਾਵ ਬੜਾ ਤਪੱਸ੍ਵੀ। [9]ਦੋ ਰਾਕਸ਼ ਜੋ ਫੌਜਾਂ ਦੇ ਸੈਨਾਪਤ ਸਨ ਉਸਤੋਂ ਪੁੱਛਣ ਲੱਗੇ। [10]ਆਦਿ ਰੂਪ ਹੈ। [11]ਨਾਮ ਤਪਸੀ ਦਾ 'ਸਮੰਡ' ਸੀ।

*ਇਥੋਂ ਦੇਵੀ ਤਪ ਕਰਨ ਹਾਰ ਸਿੱਧ ਹੋਗਈ,ਉਹ ਆਪ ਜਜੋਤੀ ਸਰੂਪ ਨਾ ਹੋਈ ਪਰ ਜਜੋਤੀ ਸਰੂਪ ਦੀ ਆਰਾਧਨਾ ਕਰਨ ਵਾਲੀ ਉਸਦੀ ਬ੍ਰਿਤ ਬਨ ਗਈ। †ਪਾ:-ਤਪਨ ਕੋ।

ਮੁਨੀ ਬਿਚਾਰ ਕਰਿ–ਕਸਾ ਕਰਹਿ ਉਪਾਈ? ਮੇਰਾ ਅਰੁ ਮਮ ਚੇਲਕਾ ਨਹਿੰਧਰਮ ਲਗਾਈ।ਬ੍ਰਹਮਣ ਬ੍ਰਹਮ ਪਰਾਇਣਾ ਨਿਤਨੇਮ ਹਮਾਰਾ–।ਸ਼ੇਰ ਖਾਲ ਲੇ ਹਾਥ ਮੈਂ ਮੁਖ ਤੇ ਹੁੰਕਾਰਾ[1] ॥ ੨੯ ॥ ਤੇਜ ਪੁੰਜ ਨਿਕਸ੍ਯੋ ਪੁਰਖ ਸ਼ੰਗ੍ਰਾਮ ਮਚਾਵਾ। ਦਸ ਲਖ ਬਰਸ ਸਹੰਸ੍ਰ ਪੰਚ[2] ਘਮਸਾਨ ਮਚਾਵਾ।ਮੂਰਤ ਤੇ ਉਠਿ ਚੰਡਿਕਾ ਉਰ ਕ੍ਰੋਧ ਉਪਾਏ। ਜੁੱਧ ਕਰ੍ਯੋ ਬਧ ਕਰਿ ਅਸੁਰ ਰਣ ਕਰਤਿ ਖਪਾਏ ॥ ੨੯ ॥ ਬਿਜੈ ਪਾਇ ਤਿਸ ਪੁਰਖ ਕੋ ਨਿਜ ਨਿਕਟਿ ਬਿਠਾਯੋ।–ਹੈ ਤਪਸੀ ਤਪ ਕੈ–ਕਹ੍ਯੋ–ਤੈਂ ਜੁੱਧ ਮਚਾਯੋ[3]।ਮੇਰੀ ਕਰੀ ਸਹਾ-ਇਤਾ ਹਤਿ ਸ਼ੱਤ੍ਰ ਲਗਾਈ।ਏਕ ਬੇਰ ਹਉਂ ਆਇਹੌਂ ਤੁਮ ਲੇਹੁ ਬੁਲਾਈ॥ ੩੦॥ਮੈਂ ਪ੍ਰਸੰਨ ਅੱਬਿ ਜਾਚ ਬਰ,ਕਹਿ* ਬਪੁ ਇਹੁ ਤੇਰਾ।'ਦੁਸ਼ਟ ਦਮਨ' ਧਰਿ ਨਾਮ ਤੁਬ ਜਗ ਬਿਦਤਿ ਘਨੇਰਾ। ਤੇਰੀ ਸਭਿ ਸੰਗਤਿ ਭਈ ਬਨਿ ਗੁਰੂ ਬਡੇਰਾ। ਧਰੀਅਹਿ ਮੋਹਿ ਸਰੂਪ ਕੋ[4] ਸਭਿ ਸਿੱਖਨ ਕੇਰਾ–॥ ੩੧ ॥ ਕਹ੍ਯੋ ਪੁਰਖ ਨੇ ਸੁਨਤਿ ਬਰ–ਹੁਇ ਸਿੰਘ ਸੁ ਨਾਮੂ।ਕੇਸ ਖੁਲੇ ਕਟ ਤਾਗੁ ਬਿਨ[5] ਪੰਥ ਸੋ ਅਭਿਰਾਮੂ। ਤੇਜ ਸ਼ਸਤ੍ਰ ਕੋ ਦੀਜੀਏ ਸਭਿ ਰਚਨ ਤੁਹਾਰੀ। ਭੁਗਤਿ ਮੁਕਤਿ ਪਦਵੀ ਮਿਲਹਿ ਅਰੁ ਗਿਰਾ ਉਦਾਰੀ ॥ ੩੨ ॥ ਜੁੱਧ ਅਸੁਰ ਗਨ ਕੋ ਸਦਾ ਹਤਿ ਲੇ ਛਿਤ ਰਾਜੂ–।ਸ਼੍ਰੀ ਦੇਵੀ ਸੁਨਿ ਤਬਿ ਭਨ੍ਯੋਂ –ਹੁਇ ਸਿਧ ਸਭਿ ਕਾਜੂ। ਪ੍ਰਥਮ ਚਰਣ ਚਤੁਰਥ ਜੁਗਹਿ[6] ਜਬਿ ਸਮਾ ਸ ਆਵੈ।ਸ਼ੰਕਰ ਹੁਇਅਵਤਾਰ ਸ਼ਿਵ ਸ਼੍ਰੁਤਿ ਮਤਿ ਬਿਦਤਾਵੈ[7]॥੩੩॥ਬਿਸ਼ਨੁ ਅੰਤ ਤਿਹ ਭਗਨ ਸੁਤ ਹੋਵਹਿ ਅਵਤੋਰਾ†।ਬਰਖ ਕਿਤਿਕ ਪਸ਼ਚਾਤ ਤੇ

[1]ਭਾਵ 'ਹੂੰ' ਕੀਤੀ। [2]੧੦੦੫੦੦੦। [3](ਦੇਵੀ ਨੇ) ਕਿਹਾ: ਹੈ ਤਪਸ੍ਵੀ ਦੇ ਤਪ ਤੋਂ ਜੁੱਧ ਮਚਾ-ਇਆ ਅਤੇ''''[ਸ਼ੁਧ ਪਾਠ 'ਹੇ ਤਪਸੀ ਕੇ ਤਪ' ਚਾਹੀਏ ਕਿਉਂਕਿ ਸੋ ਸਾਖੀ ਵਿਚ ਪਾਠ ਇਉਂ ਹੈ:–ਹੇ ਤਪਸੀ ਕੇ ਤਪ]। [4]ਭਾਵ ਕੇਸਾਧਾਰੀ। [5]ਗਲੇ ਵਿਚ ਜੰਞੂ ਤੋਂ ਬਿਨਾ। [ ਕਟ=ਲਕ, ਗਲ। ਤਾਗ=ਤਾਗਾ, ਜੰਞੂ]। [6]ਕਲਜੁਗ ਦੇ ਪਹਿਲੇ ਚਰਨ ਵਿਚ। [7]ਸ਼ਿਵਜੀ ਦਾ ਅਵਤਾਰ ਸ਼ੰਕਰਾਚਾਰਯ ਹੋਵੇਗਾ ਜੋ ਵੇਦ ਮਤ ਨੂੰ ਫੈਲਾਵੇਗਾ। *ਇਥੇ 'ਕਹਿ' ਪਾਠ ਅਸ਼ੁੱਧ ਹੈ, 'ਰਹਿ' ਪਾਠ ਸ਼ੁਧ ਹੈ। ਸੌ ਸਾ: ਵਿਚ ਬੀ ਪਾਠ 'ਰਹੈ' ਹੈ, ਭਾਵ ਇਹ ਕਿ ਤੇਰਾ ਇਹ ਤਪੋ ਸਰੀਰ ਬਣਿਆਂ ਰਹੇ। ( ਅ ) ਸੌ ਸਾਖੀ ਦੇ ਇਕ ਨੁਸਖੇ ਵਿਚ ਸਾਰਾ ਪਾਠ ਇਉਂ ਹੈ:–'ਤੇਰਾ ਬਾਪੁ ਇਹੀ ਰਹੇ। ਭਾਵ ਇਹ ਤਪੱਸ੍ਵੀ ਹੀ ਤੇਰਾ ਪਿਤਾ ਹੋਵੇਗਾ। ਇਹ ਗਲ ਅੰਕ ੩੨ ਅਤੇ ਸੌ ਸਾਖੀ ਦੇ ਲਿਖੇ 'ਮੈਂ ਤੇਰਾ ਪਿਤਾ ਹੀ ਰਹਾਂਗਾ' ਤੋਂ ਬੀ ਸਹੀ ਹੋ ਜਾਂਦੀ ਹੈ।

†ਸ਼ੰਕ੍ਰਾਚਾਰਯ ਮਾਤ ਪਿਤਾ ਦਾ ਇਕਲੌਤਾ ਬੇਟਾ ਸੀ, ਉਹਨਾਂ ਦੀ ਭੈਣ ਕੋਈ ਨਹੀਂ

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

Sri Satguru Jagjit Singh Ji eLlibrary NamdhariElibrary@gmail.com

ਤਨ ਲਿਹੁ ਤੁਮ ਧਾਰ॥ ਕਰਹੁ ਅ਼ਵਾਹਨ ਮੋਹਿ ਕੌ ਤਬਿ ਹੀ ਤਹਿਂ ਆਵੌਂ।
ਕਰਿਕੈ ਸ਼ਬਦ ਪ੍ਰਕਾਸ਼ ਕੌਂ ਤੁਮ ਮਹਿਂ ਦਰਸਾਵੌਂ ॥ ੩੪ ॥ ਦਿਨ ਮਹਿਂ
ਅੰਜਨ ਬਸਨ ਮਮ ਨਹਿਂ ਔਗੀ ਕਾਰੇ[੧]।ਇਮ ਕਹਿ ਪ੍ਰੇਮ ਬਿਸਾਲ ਤੇ ਤਨ
ਚਾਟਨ ਧਾਰੇ। ਖੁਸ਼ੀ ਭਈ ਜਿਮ ਪੁੱਤ੍ਰ ਪਰ ਹੁਇ ਮਾਤ ਸਨੇਹਾ। ਕਰਦ
ਪਰਾਂਦਾ ਏਕ ਤਬਿ ਛੁਰੀ ਇਕ ਦੇਹਾ॥੩੫॥—ਸ਼ੇਰ ਖਾਲ ਤੇ ਖਾਲਸਾ ਬਲ
ਸੋਂ ਉਪਜਾਵਾ। ਤੇਜ ਸ਼ੇਰ ਕੋ ਅੱਗ੍ਰ ਹੁਇ ਪੀਛੇ ਪਛਤਾਵਾ[੩]। ਹੁਇ ਉਨਮਾ-
ਦਹਿ ਵਸਤੁ ਕੋ ਪਛਤਾਵਾ ਸੋਈ[੪]। ਦੇਹੌਂ ਤੇਰੇ ਪੰਥ ਕੋ ਤਨ ਸੰਕਟ ਜੋ
ਈਂ[੫]—॥੩੬॥ਕਹਿ ਕਰਿ ਅੰਤਰ ਧਯਾਨ ਭੀ,ਸੋ ਪੁਰਖ ਸੁਜਾਨਾ॥ਆਯੋ ਤਪ-
ਸੀ ਪਿਤਾ ਢਿਗ ਬੰਦਨ ਕੋ ਠਾਨਾ॥ਬੋਲਯੋ ਮੁਨਿਵਰ—ਪੁੱਤ੍ਰ! ਸੁਨਿ ਜਨਮਹੁਂ
ਕਲਿ ਮਾਂਹੀ[੬]।ਪਿਖੌਂ ਨ ਰਨ, ਬਯ ਅਲਪ ਤੁਵ,ਤਬਿ ਰਹਨੋ ਪਿਤਾ ਈ*
॥੩੭॥ ਬਰ ਦੇਵੀ ਤੇ ਜੋ ਲਯੋ ਰੱਖਯਾ ਕਰਿ ਮੇਰੀ[੮]। ਤਪੀਅਹਿ ਤਟ ਗੋਦਾ-
ਵਰੀ ਲਹਿ ਸ਼ਕਤਿ ਬਡੇਰੀ॥ਗੌਭੀ ਸਮ ਮਝ ਤੇ ਭਯੋ[੯] ਰਖਿ ਨਾਮ ਗੁਬਿੰਦੋ।
ਦੇਵੀ ਪਦਵੀ ਸਿੰਘ ਕੀ ਤੁਹਿ ਦਈ ਸੁਛੰਦੋ—॥ ੩੮ ॥ ਗਯੋ ਪਿਤਾ ਕੇ ਨਮੋ

---

[੧]ਭਾਵ ਰੰਗਕੇ। [੨]ਸੌ ਸਾਖੀ ਦਾ ਪਾਠ ਹੈ:—ਏਕ ਮੇਰਾ ਬਸਤ੍ਰ ਪ੍ਰਵਿਰਤ ਆਂਖ ਅੰਜਨ ਕੁਟੰਬ ਕਾ ਮੋਹ ਨਹੀਂ ਕਰਨਾ। ਇਸ ਦਾ ਅਰਥ ਹੈ ਕਿ ਅਖਾਂ ਦੇ ਸੁਰਮੇ ਭਾਵ ਸੁਰਮਈ ਰੰਗ ਦਾ ਇਕ ਮੇਰਾ ਬਸਤ੍ਰ ਪ੍ਰਵਿਰਤ ਕਰਨਾ ਤੇ ਕੁਟੰਬ ਦਾ ਮੋਹ ਨਾ ਕਰਨਾ। [੩](ਜਿਵੇਂ) ਸ਼ੇਰ ਦਾ ਤੇਜ ਅੱਗੇ ਹੀ ਹੁੰਦਾ ਹੈ ( ਇਵੇਂ ਤ੍ਰਕ੍ਹਾਂ ਖਾਲਸੇ ਦਾ ਤੇਜ ਅਗੇ ਹੋਵੇਗਾ ਭਾਵ ਪਹਿਲੀ ਝਪਟ ਹੀ ਹੋਵੇਗੀ ) ਪਿੱਛੋਂ ਪਛਤਾਵਾ। ਸੌ ਸਾਖੀ ਦਾ ਪਾਠ ਹੈ:—ਪਿਛੈ ਪਛਤਾਵਾ ਉਨਮਾਦ ਵਸਤੂ ਕਾ। [੪]ਪਦਾਰਥ ਦਾ ਹੰਕਾਰ ਇਹ ਪਛਤਾਵਾ ਹੈ। ਸੋਚਣ ਦੀ ਗਲ ਹੈ ਕਿ ਇਹ ਵਰ ਹੈ ਕਿ ਸ੍ਰਾਪ ? । [੫]ਤੇਰੇ ਪੰਥ ਨੂੰ ਸਰੀਰ ਦੇ ਦੁੱਖ ਦੇਵਾਂਗੀ। [੬]ਮੈਂ ਜੰਮਾਂਗਾ। [੭]ਮੈਂ (ਤੁਹਾਡੇ) ਜੰਗ ਨਹੀਂ ਦੇਖਾਂਗਾ, ਤੁਹਾਡੀ ਆਯੂ ਛੋਟੀ ਹੋਵੇਗੀ (ਪਰ) ਤਦੋਂ ਮੈਂ ਹੀ ਤੇਰਾ ਪਿਤਾ ਹੋਵਾਂਗਾ। [੮]ਮੇਰੀ ਰੱਖਿਆ ਕਰਕੇ। [੯]ਲਗਰ ਵਤ ਹੋਏ ਹੋ ਮੇਰੇ ਤੇ। *ਪਾ:—ਬਿਤਾ ਹੀ।

[ਪਿਛਲੇ ਪੰਨੇ ਦੀ ਬਾਕੀ ਟੂਕ]

ਸੀ। ਇਸ ਕਰਕੇ ਉਹਨਾਂ ਦਾ ਭਾਣਜਾ ਕੋਈ ਨਹੀਂ ਹੋਇਆ। ਕਵੀ ਜੀ ਨੇ 'ਤਿਹ' ਪਦ ਕੋਲੋਂ ਪਾਇਆ ਹੈ ਤੇ ਸੌ ਸਾ: ਦੇ ਭਾਣਜਾ ਪਦ ਨੂੰ ਸਹੀ ਸਮਝ ਕੇ 'ਭਗਨੀ ਸੁਤ' ਉਸ ਦਾ ਤਰਜਮਾ ਕੀਤਾ ਹੈ, ਫਿਰ ਸੌ ਸਾਖੀ ਵਿਚ 'ਸ਼ੰਕਰਾ ਚਾਰਜ' ਵਾਲੇ ਫਿਕਰੇ ਨਾਲੋਂ ਅਗਲਾ ਫਿਕਰਾ 'ਬਿਸਨ' ਵਾਲਾ ਨਖੇੜ ਕੇ ਲਿਖਿਆ ਹੈ। ਸੌ ਸਾਖੀ ਵਿਚ ਐਉਂ ਪਾਠ ਹੈ:—'ਤਬ ਰੁਦ੍ਰ ਸ਼ੰਕਰ ਸਾਮ ਹੋਇ ਉਤਰੇਗਾ ॥ ਬਿਸ਼ਨ ਭਾਣਜਾ ਹੋਇ ਉਤਰੇਗਾ'। ਇਸ ਵਿਚ ਭੀ ਲਿਖਾਰੀ ਦੀ ਕਲਮ ਉਕਾਈ ਨੇ 'ਭਾਨੁ ਜਾ' ਦਾ 'ਭਾਣਜਾ' ਪਦ ਕਰ ਦਿਤਾ ਹੈ। 'ਬਿਸਨ ਭਾਨੁਜਾ ਹੁਇ ਉਤਰੇਗਾ' ਦਾ ਅਰਥ:—'ਵਿਸ਼ਨੂੰ ਸੂਰਜ ਬੰਸੀ ਹੋਕੇ ਉਤਰੇਗਾ' ਮੁਰਾਦ ਗੁਰੂ ਨਾਨਕ ਦੇਵ ਜੀ ਤੋਂ ਹੈ ਜੋ ਸੂਰਜ ਬੰਸੀ ਹੋਕੇ ਅਵਤਰੇ [ ਸੰਸ:, ਭਾਨੁ+ਜਾ=ਸੂਰਜ ਜਾਏ, ਸੂਰਜ ਬੰਸੀ ]।

ਕਰਿ, ਤਪ ਤਹਾਂ ਅਰੰਭਾ[੧]। ਐਸੀ ਲਗੀ ਸਮਾਧਿ[੨] ਤਬਿ ਸੁਰ ਪਿਖਤਿ ਅਚੰਭਾ॥ਰਹੀ ਸੁ ਲਗੀ ਸਮਾਧਿ ਹੀ ਮਾਯਾ ਭੀ ਐਸੇ[੩]। ਅੰਤਰ ਤੇ[੪] ਨਿਕਸੀ ਕਲਾ[੫] ਹੁਇ ਸੁਪਨਾ ਜੈਸੇ॥ ੩੯ ॥ ਗੁਜਰੀ ਭਾਗਣ ਮਾਤ ਭੀ ਜਨਮੀ ਸੁ ਕਲਾ ਹੈ[੬]।ਤੇਗਬਹਾਦਰ ਪਿਤਾ ਸੋ ਤਪ ਅਧਿਕ ਭਲਾ ਹੈ। ਘੂਰਮ ਲਗੀ ਸਮਾਧਿ[੭] ਜਿਸ ਹੋਯੋ ਪਿਤ ਸੋਈ। ਬਯ ਬਾਲਿਕ ਹਮ ਕੋ ਤਜਯੋ ਪਰਲੋਕ ਸੁ ਹੋਈ[੮] ॥ ੪੦ ॥ ਦੁਸ਼ਟ ਦਮਨ ਮੈਂ ਸੋ ਪੁਰਖ ਗੋਬਿੰਦ ਸਿੰਘ ਹੋਵਾ। ਤਪਸੀ ਕੇ ਗਣ ਖਾਲਸਾ ਸੰਗਤਿ ਭਈ ਜੋਵਾ। ਦੇਵੀ ਕੇ ਬਰ ਕੀ ਸ਼ਕਤਿ ਅਥਿ ਬਡ ਬਿਦਤਾਈ। ਸਤਿਗੁਰ ਕੇ ਤਪ ਕੀ ਸ਼ਕਤ ਹੈ ਕਰਿ ਇਕਥਾਈ* ॥੪੧॥ ਦੋਹਰਾ ॥ ਦ੍ਵੈ ਸ਼ਕਤੀ[੯] ਇਕ ਹੀ ਲਖਹੁ ਸਿਰਜਯੋ ਪੰਥ

[੧](ਤੇ ਪਿਤਾ ਜੀ ਨੇ) ਤਪ ਉਥੇ ਹੀ ਅਰੰਭਿਆ। [੨](ਪਿਤਾ ਜੀ ਦੀ) ਸਮਾਧੀ। [੩]ਐਸੀ ਮਾਇਆ ਵਰਤੀ ਕਿ ਸਮਾਧੀ ਹੀ ਲਗੀ ਰਹੀ, ਸੌ ਸਾਖੀ ਦਾ ਪਾਠ:—ਐਸੀ ਮਾਇਆ ਭਈ ਸਮਾਧ ਹੀ ਰਹੀ। [੪](ਸ਼ਰੀਰ) ਵਿਚੋਂ। [੫]ਸ਼ਕਤੀ (ਆਤਮ ਕਲਾ)। ਸੌ ਸਾਖੀ ਦਾ ਪਾਠ:—ਭੀਤਰ ਤੇ ਕਲਾ ਸੁਪਨੇ ਤਰਾਂ ਨਿਕਸ ਜਨਮੀ। [੬]ਭਾਗਣ (ਜਿਸ ਦਾ ਦੂਜਾ ਨਾਮ) ਗੁਜਰੀ ਸੀ ਮਾਤਾ ਬਣੀ (ਉਸ ਦੇ ਘਰ) ਉਹ ਕਲਾ ਜਨਮੀ। [੭]ਭਾਰੀ ਗਾੜ੍ਹੀ ਸਮਾਧੀ। [੮]ਭਾਵ, ਗੁਰੂ ਤੇਗ ਬਹਾਦਰ ਜੀ ਸਾਡੀ ਬਾਲਕ ਉਮਰੇ ਹੀ ਪਰਲੋਕ ਚਲੇ ਗਏ। [੯]ਦੋ ਸ਼ਕਤੀਆਂ:—੧ ਗੁਰੂ ਤੇਗ ਬਹਾਦਰ ਜੀ ਦੇ ਤਪ ਦੀ ਸ਼ਕਤੀ ਤੇ ੨ ਦੇਵੀ ਸ਼ਕਤੀ। ਆਖੇਪਕਾਰ ਨੇ ਕਿਸ ਚਤੁਰਾਈ ਨਾਲ ਗੁਰੂ ਸ਼ਕਤੀ ਵਿਚ ਦੇਵੀ ਸ਼ਕਤਿ ਰਲਾਈ ਹੈ।

*ਦੇਵੀ ਦਾ ਇਹ ਪ੍ਰਸੰਗ ਕਵਿ ਜੀ ਪਿਛੇ ਰਾਸਿ ੧੧ ਅੰਸੂ ੫੧ ਵਿਚ ਬੀ ਦੇ ਆਏ ਹਨ। ਇੰਦ੍ਰਜਾਲਲ ਤਪਸੀ ਦੇ ਰੂਪ ਵਿਚ ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਅਵਤਾਰ ਬਚਿੱਤ੍ਰ ਨਾਟਕ ਵਿਚ ਨਹੀਂ, ਸ਼ੇਰ ਦੀ ਖੱਲਦਾ ਹਾਲ ਬੀ ਨਹੀਂ ਦੱਸਿਆ। ਉਥੇ ਗੁਰੂ ਜੀ ਨੇ ਹਿਮਾਲਯ ਵਾਲੇ ਹੇਮਕੁੰਟ ਦਾ ਪਤਾ ਦਿਤਾ ਹੈ ਤੇ ਆਪਣੇ ਤਪੱਸੀ ਹੋਣ ਦਾ ਹਾਲ ਆਪ ਦਿਤਾ ਹੈ।

ਖਾਲਸਾ ਦੀ ਵਿਤਪਤੀ 'ਸ਼ੇਰ ਦੀ ਖੱਲ ਤੋਂ' ਕਰਨੀ ਅਰਬੀ ਜ਼ੁਬਾਨ ਨਾਲ ਨਾਵਾਕਫੀ ਦੱਸਣੀ ਹੈ, 'ਗੋਬਿੰਦ ਸਿੰਘ' ਪਦ ਦਾ ਮੂਲ 'ਗੋਭੀ' ਦੱਸਣਾ ਸੰਸਕ੍ਰਿਤ ਤੋਂ ਨਾਵਾਕਫੀ ਦੱਸਣੀ ਹੈ। ਐਸੀ ਭੁੱਲ ਕਵੀ ਜੀ ਨਹੀਂ ਕਰ ਸਕਦੇ ਸਨ। ਕਵਿ ਜੀ ਨੇ ਇਹ ਪ੍ਰਸੰਗ ਸੌ ਸਾਖੀ ਦੀ ੧੩ਵੀਂ ਸਾਖੀ ਤੋਂ ਉਲਥਾ ਕੀਤੇ ਹਨ। ਉਹਨਾਂ ਨੇ ਸੌ ਸਾਖੀ ਨੂੰ ਭੋਲੇ ਭਾ ਸਾਰੀ ਸਹੀ ਮੰਨ ਲਿਆ ਹੈ ਜੋ ਅਨੇਕ ਆਖੇਪਾਂ ਨਾਲ ਖਲਤ ਮਲਤ ਹੋ ਚੁੱਕੀ ਸੀ। ਸੌ ਸਾਖੀ ਵਿਚ ੧੩ਵੀਂ ਸਾਖੀ ਦਾ ਆਖੇਪ ਕਰਨ ਵਾਲਾ ਉਸ ਤਰ੍ਹਾਂ ਦਾ ਲੱਲ੍ਹੀਆਂ ਲਾਉਣ ਵਾਲਾ ਜਾਪਦਾ ਹੈ ਜਿਸ ਤਰ੍ਹਾਂ ਦਾ ਲੇਖਕ ਸਾਡੇ ਸਮੇਂ 'ਬਿਜੈ ਮੁਕਤ' ਦੀਆਂ ਸਾਖੀਆਂ ਘੜਨ ਵਾਲਾ ਇਕ ਜੱਟ ਹੋਇਆ ਹੈ, ਜਿਸ ਨੂੰ ਅਸਾਂ ਆਪ ਡਿੱਠਾ ਹੈ ਤੇ ਵਾਰਤਾਲਾਪ ਕੀਤੀਆਂ ਹਨ, ਜਿਸ ਨੇ ਬਿਜੈ ਮੁਕਤ ਤੇ ਇਕ ਹੋਰ ਗ੍ਰੰਥ ਸਾਖੀਆਂ ਰਲਾ ਮਿਲਾਕੇ ਰਚ ਧਰੇ ਸਨ। ਪ੍ਰਯੋਜਨ ਉਸ ਦਾ ਗੁਰ ਮਰਯਾਦਾ ਦੇ ਪ੍ਰਚਾਰ ਦਾ ਸੀ ਪਰ ਲੇਖ ਮਨੋਕਤ ਤੇ ਲੱਲ੍ਹੀਆਂ ਲਾਉਣ ਦੇ ਬਹੁਤ ਮਨੋਂ ਘੜ ਕੇ ਉਸ ਨੇ ਪਾਏ ਸਨ।

ਬਿਸਾਲ'।ਇਮ ਪਾਹੁਲ ਕੇ ਭੇਦ ਕੌ ਭਾਖ੍ਯੋ ਸਿੱਖਨਿ ਨਾਲ ॥੪੨॥ ਇਤੀ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਗੁਰ ਭੂਸ਼ਨ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

੩੬. [ਹੁਸਨਾਕ ਸਿੰਘ, ਢੂੰਗੀ, ਫਰਾਂਸੀਸੀ]।

ਦੋਹਰਾ ॥ ਰਾਮਕੁਇਰ ਲਿਖਵਾਵਈ ਸਤਿਗੁਰ ਕੋ ਇਤਿਹਾਸ । ਕਹੈ 'ਲਿਖਾਰੀ ! ਲਿਖਹੁ ਅਬਿ ਗੁਰ ਕੇ ਵਾਕ ਪ੍ਰਕਾਸ਼' ॥ ੧ ॥ ਨਿਸ਼ਾਨੀ ਛੰਦ॥ 'ਸ੍ਰੀ ਗੁਰ ਮੁਖ ਤੇ ਸੁਨਯੋ* ਜਿਮ ਸੋ ਮੈਂ ਲਿਖਵਾਵੌਂ। ਅਕਥ ਕਹਾਨੀ ਗੁਰੂ ਕੀ ਕਛ ਭੇਦ ਨ ਪਾਵੌਂ । ਏ ਸਭਿ ਕਥਾ ਸੁਨਾਇ ਕਰਿ ਉਠਿ ਸਤਿਗੁਰ ਚਾਲੇ। ਮੰਦਿਰ ਊਚੇ ਪਰ ਚਢੇ ਮੈਂ ਪੀਛੇ ਨਾਲੇ॥ ੨॥ ਥਿਰ ਹ੍ਵੈ ਕਰਿ ਬਲ ਰੁਚਿਰ ਪਰ ਕਰਿ ਖੁਸ਼ੀ ਬਿਸਾਲਾ । ਕਹਿ 'ਬੁਢਿਆ ਬੁੱਢਾ ਹੁਵੈਂ' ਬਧ ਰਹਿ ਚਿਰ-ਕਾਲਾ' । ਤੇਰੋ ਘਰ ਜਬਿ ਪਾਰ ਹ੍ਵੈ ਹਮਰੋ ਸੁ ਉਰਾਰਾ । ਤੇਰੇ ਹੋਇ ਉਰਾਰ ਜਬਿ ਹਮਰੋ ਤਬਿ ਪਾਰਾ†' ॥ ੩ ॥ ਤੀਨਵਾਰ ਇਮ ਬਾਕ ਕਰਿ ਅਵਲੋਕਯੋ ਨਾਥਾ । ਢਾਲ ਕਟਾਰੀ ਕਰਦ ਇਕ ਬਖਸ਼ੀ ਨਿਜ ਹਾਥਾ । ਕਰਿ ਪਗ ਪੰਕਜ ਬੰਦਨਾ ਆਯੋ ਨਿਜ ਡੇਰੇ। ਸੁਪਤਿ ਬਿਤਾਈ ਜਾਮਨੀ ਪੁਨ ਉਠਾ

¹ਭਾਈ ਰਾਮ ਕੁਇਰ ਜੀ ਕਹਿੰਦੇ ਹਨ। ²ਹੇ ਬੁਢੇ ਦੀ ਬੰਸ......। (ਅ) ਹੇ ਬੁਢਿਆ ਬੁੱਢਾ ਹੋਵੇਂਗਾ ਤੇਰੀ ਚਿਰ ਸਮੇਂ ਤੱਕ ਆਯੂ ਰਹੇਗੀ। *ਪਾ:—ਭਨਯੋ।

†ਸੌ ਸਾਖੀ ਦਾ ਪਾਠ ਹੈ:—ਤੇਰਾ ਘਰ ਪਾਰ ਸਾਡਾ ਉਰਾਰ। ਸਾਡਾ ਘਰ ਪਾਰ ਤੇਰਾ ਉਰਾਰ। ਇਸ ਦਾ ਭਾਵ ਇਹ ਹੈ ਕਿ ਜਦ ਤੂੰ ਪਾਰ (=ਪਰਲੋਕ) ਵੱਸਦਾ ਸੈਂ ਤਾਂ ਅਸੀਂ ਉਰਾਰ (=ਇਸ ਲੋਕ ਵਿਚ) ਆ ਗਏ ਹੋਏ ਤੇ ਵੱਸ ਰਹੇ ਸਾਂ। ਹੁਣ ਸਮਾਂ ਆ ਰਿਹਾ ਹੈ ਕਿ ਤੇਰਾ ਨਿਵਾਸ ਉਰਾਰ (=ਇਸ ਲੋਕ ਵਿਚ) ਰਹੇਗਾ, ਤੇ ਅਸੀਂ ਪ੍ਰਲੋਕ ਚਲੇ ਜਾਵਾਂਗੇ। ਰਾਮ ਕੌਰ ਜੀ ਦਸਮੇਸ਼ ਜੀ ਤੋਂ ਛੇ ਕੁ ਬਰਸ ਛੋਟੇ ਸਨ (ਦੇਖੋ ਰੁ: ੧ ਅੰਸੂ ੫ ਅੰਕ ੫) ਇਥੇ ਪ੍ਰਸੰਗ ਹੈ ਕਿ ਬੁਢਿਆ ਤੇਰੀ ਉਮਰ ਬੁੱਢੀ ਹੋਵੇਗੀ ਤੂੰ ਚਿਰਕਾਲ ਰਹੇਂਗਾ। ਸੋ ਰਾਮਕੌਰ ਜੀ ਗੁਰੂ ਸਾਹਿਬ ਜੀ ਤੋਂ ਪਿੱਛੋਂ ਲਗ ਪਗ ੫੩ ਬਰਸ ਜੀਵੇ। ਆਪ ਦਾ ਚਲਾਣਾ ੧੮੧੮ ਦੇ ਲਗ ਪਗ ਹੋਇਆ। (ਅ) ਇਸ ਵਾਕ ਦੇ ਦੋ ਅਰਥ ਹੋਰ ਲਾਉਂਦੇ ਹਨ:—ਤੇਰਾ ਘਰ ਰਮਦਾਸ ਸਤਲੁਜੋਂ ਪਾਰ ਸਾਡਾ ਅਨੰਦਪੁਰ ਉਰਾਰ। ਅਗੋਂ ਨੂੰ ਤੂੰ ਉਰਾਰ ਏਸੇ ਪੰਜਾਬ ਵਿਚ ਤੇ ਅਸੀਂ ਪਾਰ=ਦਖਣ ਵਿਚ ਜਾ ਰਹਾਂਗੇ। ਦੂਸਰਾ ਅਰਥ:—ਤੇਰਾ ਘਰ ਰਾਤ ਨੂੰ ਜਦ ਪਰੇ ਹੋਵੇਗਾ ਸਾਡਾ ਉਰੇ ਹੋਵੇਗਾ ਦਿਨ ਚੜ੍ਹੇ ਜਦ ਤੂੰ ਉਰੇ ਆਵੇਂਗਾ ਸਾਡਾ ਪਰੇ ਨਦੀ ਦੇ ਕਿਨਾਰੇ ਹੋਵੇਗਾ, ਪਰ ਇਹ ਦੋਇ ਅਰਥ ਅਪ੍ਰਸੰਗਕ ਹਨ। ਪ੍ਰਸੰਗ ਬੁੱਢੇ (ਰਾਮ ਕੌਰ ਜੀ) ਦੇ ਵਡੀ ਉਮਰ ਵਾਲੇ ਹੋਣ ਦਾ ਚਿਰਕਾਲ ਜੀਉਣ ਦਾ ਹੈ। ਉਪਰ ਦਿਤੇ ਅਰਥ ਦੀ ਪ੍ਰੋੜਤਾ ਸੌ ਸਾਖੀ ਦੀ ਪਹਿਲੀ ਸਾਖੀ ਦੇ ਇਸ ਵਾਕ ਤੋਂ ਬੀ ਹੋ ਜਾਂਦੀ ਹੈ। 'ਕ੍ਰਿਸ਼ਨ ਨੂੰ ਉਪਰੇਖਕੇ ਆਪ ਚਲੇ ਗਏ ਥੇ, ਗੁਰੂ ਕੇ ਭਾਈ ਗੁਰਬਖਸ਼ ਸਿੰਘ ਨੂੰ ਰੱਖਕੇ ਪ੍ਰਲੋਕ ਸਿਧਾਰਨਗੇ।'

Sri Satguru Jagjit Singh Ji eLlibrary NamdhariElibrary@gmail.com

ਸਵੇਰੇ ॥੪॥ *ਸੌਚ ਸ਼ਨਾਨਹਿ ਠਾਨਿ ਕੈ ਮੈਂ ਦਰਸ਼ਨ ਹੇਤ। ਗਯੋ ਜਬਹਿ ਦੇਖੇ ਨਹੀਂ ਤਹਿਂ ਕ੍ਰਿਪਾ ਨਿਕੇਤ। ਸੁਨਯੋ ਗਏ ਸਰਿਤਾ ਨਿਕਟ ਮੈਂ ਤਿਤਹਿ ਪਯਾਨਾ। ਦੌਰੇ ਆਵਤਿ ਸਿਖ ਤਹਾਂ ਤਿਨ ਸੰਗ ਬਖਾਨਾ ॥ ੫ ॥ 'ਕਿਤ ਸਤਿਗੁਰ ਇਸ ਸਮੇਂ ਮੈਂ ? ਤੁਮ ਕਯੋਂ ਅਸ ਧਾਏ ? ਕਿਸ ਕਾਰਜ ਕੇ ਹੇਤੁ ਕਰਿ ਏਤਿਕ ਉਤਲਾਏ'। ਕਹਯੋ ਸਭਿਨਿ:'ਪ੍ਰਭੁ ਆਜ ਇਤ ਕੁਛ ਫਿਰਯੋ ਸੁਭਾਊ। ਈਰ ਢੀਮ ਪਾਹਨ ਹਤਹਿਂ, ਨਹਿਂ ਕਰਤਿ ਬਚਾਊ' ॥ ੬ ॥ ਸੁਨਤਿ ਉਤਾਇਲ ਮੈਂ ਗਯੋ ਗੁਰ ਦਰਸ਼ਨ ਕੀਨੋ। ਚਮਰਦਾਰ ਇਕ ਸਿਖ ਨਿਕਰ ਤਟ ਨਦੀ ਅਸੀਨੋ। ਅਪਰ ਨਿਕਟਿ ਕੋ ਨਹਿਂ ਰਹਯੋ ਪਿਖਿ ਮਾਰ ਪਲਾਏ। ਜਾਇ ਕਰੀ ਮੈਂ ਬੰਦਨਾ ਪਦ ਸੀਸ ਨਿਵਾਏ ॥ ੭ ॥ ਸੰਗਤਿ ਸਿੱਖ ਸਮੀਪ ਨਹਿ[1] ਮੁਖ ਬਾਕ ਉਚਾਰਾ। 'ਨਾ ਸੋਇਆ ਨਾ ਜਾਗਿਆ ਨਾ ਕਰੀ ਪੁਕਾਰਾ†'। ਇਸੀ ਤੌਰ ਮਹਿ ਦਿਨ ਸਕਲ ਜਬਿ ਦਿਯੋ ਬਿਤਾਈ। ਦਿਨਕਰ ਪਹੁੰਚਯੋ ਬਰਨ ਦਿਸ਼ਿ[2] ਸੰਧਯਾ ਤਮ ਛਾਈ ॥੮॥ ਇਕ ਸ਼ੁਨਾਕ ਸਿੰਘ ਭੈ ਬਿਨਾ ਢਿਗ ਰਹਯੋ ਥਿਰੈ ਕੈ। ਹੁਤੋ ਸਿਰੰਦੀ[3] ਧੀਰ ਉਰ ਨਹਿ ਗਯੋ ਪਲੈ ਕੈ। ਸੰਭਲ ਬੋਲੇ ਹੋਸ਼ ਧਰਿ ਜਿਮ ਪ੍ਰਥਮ ਸੁਭਾਊ[4]। ਚਮਰਦਾਰ ਤਿਤ ਚੀਨਿ ਕੈ ਬੂਝਨਿ ਚਿਤ ਚਾਊ ॥੯॥ ਤਜਿ ਗਿਨਤੀ ਬਿਨਤੀ ਕਰੀ 'ਪ੍ਰਭੁ ਬਚਨ ਸੁਨਾਵੋ। ਇਹ ਭਾਣਾ ਕਿਸੁ ਰੀਤਿ ਕਰਿ[5], ਦਾਸਨਿ ਬਤਲਾਵੋ ? ਤਨ ਮਨ ਧਨ ਅਰਪੌਂ ਤਿਸੈ ਮੇਲੇ ਗੁਰ ਮੋਹੀ। ਸੋ ਤੈ ਗੁਰ ਪ੍ਰਾਪਤਿ ਭਏ ਸਗਰੀ ਬਿਧਿ ਹੋਹੀ ॥੧੦॥ ਹਮ ਵਣਜਾਰੇ ਸਿੱਖ ਹੈਂ ਨਹਿ ਸੁਮਤਿ ਬਿਸਾਲਾ। ਬਿਦਤ ਹੋਇ ਤੁਕ ਕੋ ਅਰਥ ਜਿਮ ਲਖਹਿ ਸੁਖਾਲਾ[6]। ਗੁਰ ਸੁਬੱਗ ਸ਼੍ਰੀ ਬਦਨ ਤੇ ਬਡ ਗੂੜ੍ਹ ਪ੍ਰਸੰਗਾ। ਭੂਤ ਭਵਿੱਖਤ ਭਯੋ ਹੁਇ ਜਿਮ ਨੀਚ ਉੱਤੰਗਾ[7]' ॥੧੧॥ ਕਰਯੋ ਸੁਨਾਵਨਿ ਸਕਲ ਹੀ ਦਾਸਨਿ ਸਮੁਝਾਯੋ:—'ਸਿਖ ਸੰਗਤਿ ਬਿਨ ਸਿਦਕ ਕੇ ਮਨ ਕੋ ਭਰਮਾਯੋ। ਭਈ ਦੂਰ ਉਰ ਭਾਵਨਾ ਬੇਮੁਖ ਮਤਿ ਧਾਰੀ। ਇਸ ਕੋ ਫਲ ਦੁਖ ਲਹੈਂਗੇ ਝੂਰ ਹੈਂ ਕਰ ਝਾਰੀ[8] ॥ ੧੨।

---

[1]ਸੰਗਤ ਅਤੇ ਸਿੱਖ ਨੇੜੇ ਨਹੀਂ ਸੀ (ਤਦੋਂ)। [2]ਸੂਰਜ ਪੱਛਮ ਵਲ ਪੁੱਜਾ। [3]ਸਰਹਿੰਦ ਦਾ ਵਾਸੀ। [4]ਜਿਵੇਂ ਪਹਿਲੇ ਸੁਭਾਉ ਸੀ ਤਿਵੇਂ (ਸੰਧਯਾ ਵੇਲੇ) ਗੁਰੂ ਜੀ ਗੱਲਾਂ ਬਾਤਾਂ ਕਰਨ ਲਗ ਪਏ। [5]ਕੀਤਾ ਹੈ। [6]ਜਿਸ ਤਰ੍ਹਾਂ ਸੁਖਾਲਾ (ਅਸੀਂ) ਜਾਣ ਲਈਏ। [7]ਜਿਵੇਂ ਨੀਵਾਂ ਉੱਚਾ ਹੋਣਾ ਹੈ। [8]ਹੱਥ ਝਾੜਕੇ। (ਅ) ਸਮੂਹ। *ਏਥੋਂ ਸੌ ਸਾਖੀ ਦੀ ੪ਵੀਂ ਸਾਖੀ ਚੱਲੀ। †ਸੌ ਸਾਖੀ ਵਿਚ ਇਸਦੇ ਨਾਲ ਦੂਜੀ ਤੁਕ ਬੀ ਹੈ:—ਬੁਢੇ ਨਰਨਾਰੀ ਜੁਵਤਿ ਦਾਬੇ ਅਸੁਰ ਕੁਵਾਰਿ।

ਬੇਮੁਖ ਹੁਇ ਸੰਗਤਿ ਮਰਹਿ ਤਜਿ ਪ੍ਰਾਨ ਸਿਧਾਏ। ਮਮ ਸਿੱਖਨ ਕੇ ਧਾਮ ਮਹਿਂ ਪੁਨ ਉਪਜਹਿ ਜਾਏ। ਮੋ ਸੰਗ ਘਾਲੀ ਘਾਲ ਕੁਛ ਤਿਸ ਕੋ ਫਲ ਪੈਹੈਂ। ਛਿਤਪਤਿ ਹੁਇਂ ਤਮ ਤਾਰ ਸਭਿ[1] ਕੋ ਚਾਕਰ ਹ੍ਵੈ ਹੈਂ ॥੧੩॥ ਸੁਤਿ ਬਨਿਤਾ ਪਰਵਾਰ ਜੁਤਿ ਜਿਮ ਜਾਲ ਬਿਸਾਲੇ। ਫਸੇ ਮੀਨ ਕੀ ਰੀਤਿ ਨਿਤ ਨਿਕਸੈਂ ਨ ਦੁਖਾਲੇ। ਸੰਕਟ ਪਹੁੰਚੇ ਆਨ ਤਬਿ ਕਛੁ ਹ੍ਵੈ ਨ ਉਪਾਯਾ। ਤਬਿ ਜਾਨਹਿੰਗੇ ਸਚ ਭਯੋ ਗੁਰ ਕੋ ਫੁਰਮਾਯਾ ॥ ੧੪ ॥ ਸੁਨਿ ਸ਼ੁਨਾਕਸਿੰਘ ! ਪ੍ਰਥਮ ਕੋ ਜਿਮ ਭਯੋ ਬ੍ਰਿਤੰਤਾ[2] ਸੰਘਰ ਭੈਰਵ ਜਬਿ ਰਚ੍ਯੋ ਦੈਵੀਬਲਵੰਤਾ। ਮਰੇ ਕਰੋਰਹੁੰ ਹੇਰਿ ਕਰਿ ਭਾਜੇ ਧਰਿ ਤ੍ਰਾਸਾ। ਅਸੁਰ ਬਚੇ ਕੇਤਿਕ ਤਬੈ ਕਿਯ ਬਾਸ ਅਵਾਸਾ॥੧੫॥* ਭ੍ਰਿਗੁ ਬੰਸ ਮਹਿਂ ਭਾਰਗਵ ਮੌਡੀ ਤਿਸ ਨਾਮੂ। ਹਾਰੇ ਅਸੁਰ ਨਿਹਾਰਿਕੈ ਗਮਨ੍ਯੋ ਤਿਨ ਧਾਮੂ[3]। ਗੁਰੂ ਹੁਤੋ ਰੱਖ੍ਯਾ ਕਰਤਿ ਤਪ ਕੋ ਬਲ ਭਾਰੋ। ਮਹਾਂ ਸ਼ਕਤ ਕੋ ਧਰਤਿ[4] ਜੋ ਬਾਂਛਤ-ਸੁਖਧਾਰੇ-॥੧੬॥ ਕਰਿ ਇਕੱਤ੍ਰ ਸਿਖ ਆਪਨੇ ਭਾਖ੍ਯੋ ਧ੍ਰਿਤ ਹੇਤਾ। -ਤ੍ਰਾਸ ਨ ਕਰੀਐ ਰਿਦੈ ਮਹਿ ਲਖਿ ਲੂਟੇ ਨਿਕੇਤਾ[5]। ਮੈਂ ਸਹਾਇਤਾ ਬਹੁ ਕਰੌਂ ਸੁਧਰੈ ਸਭਿ ਕਾਜੂ। ਤਪ ਕੋ ਤਪੌਂ ਬਿਸਾਲ, ਮੈਂ ਰਾਖੌਂ ਤੁਮ ਰਾਜੂ*॥੧੭॥ ਸਭਿ ਮੇਰੇ ਜਜਮਾਨ ਹਹੁ ਰਣ ਭਾ ਅਪਮਾਨਾ[6]। ਸਹਿ ਨ ਸਕੌਂ ਮਨ ਆਪਨੇ ਤੁਮ ਕੋ ਦੁਖ ਨਾਨਾ।

---

[1]ਸਭਛੋਟੇ ਵੱਡੇ ਰਾਜੇ ਹੋਣਗੇ। [2]ਸੁਨ ਹੇ ਸ਼ੁਨਾਕ ਸਿੰਘ ਪਹਿਲੋਂ ਦਾ ਜਿਵੇਂ ਬਿਰਤੰਤ ਹੋਚੁੱਕਾ ਹੈ। [3]ਮੌਡੀ ਉਹਨਾਂ ਦੇ ਘਰ ਗਿਆ। ਪਰ ਸੌ ਸਾਖੀ ਮੂਜਬ ਅਸੁਰ ਉਸ ਦੇ ਘਰ ਗਏ। [4]ਮਹਾਂ ਸ਼ਕਤ ਜੋ ਧਾਰਦਾ ਸੀ। [5]ਘਰ ਲੁਟੇ ਜਾਣਕੇ। [6]ਜੰਗ ਵਿਚ ਤੁਹਾਡਾ ਅਨਾਦਰ ਹੋਇਆ ਹੈ।

*ਇਨ੍ਹਾਂ ਦੋਂਹ ਤਿੰਨਾਂ ਸਤਰਾਂ ਦਾ ਅਰਥ ਸੌ ਸਾਖੀ ਤੋਂ ਸਪਸ਼ਟ ਹੁੰਦਾ ਹੈ, ਕਵਿ ਜੀ ਦੀ ਰਚਨਾਂ ਤੋਂ ਟਪਲਾ ਲਗ ਜਾਂਦਾ ਹੈ। ਸੌ ਸਾਖੀ ਦਾ ਪਾਠ ਹੈ:—'ਭਾਗ ਕੇ ਅਸੁਰਾਂ ਜਾਇ ਕਹਿਆ। ਭਾਰਗਵ ਮੌਡੀ ਥਾ ਗੁਰੂ ਅਸੁਰਾਂ ਕਾ। ਉਨ ਕਹਿਆ ਡਰੋ ਨਹੀਂ ਤਪ ਕਰ ਰਾਜ ਰੱਖ ਦਿਖਾਵਾਂਗਾ'। ਇਸ ਦਾ ਭਾਵ ਇਹ ਹੈ ਕਿ ਦੈਂਤ ਨੱਸਕੇ ਆਪਣੇ ਗੁਰੂ ਪਾਸ ਗਏ ਉਹਨਾਂ ਦਾ ਗੁਰੂ ਭ੍ਰਿਗੂ ਦਾ ਲੜਕਾ (ਸ਼ੁਕ੍ਰਾਚਾਰਯ ਸੀ ਉਸ ਨੇ ਕਿਹਾ ਡਰੋ ਨਾ ਮੈਂ ਤਪ ਕਰਕੇ ਰਾਜ ਬਚਾ ਦਿਆਂਗਾ। [ਕਵਿ ਜੀ ਨੇ ਮੌਡੀ ਉਸ ਦਾ ਨਾਮ ਦਿਤਾ ਹੈ, ਮੌਡੀ ਦਾ ਅਰਥ ਹੈ ਮੁੰਡਾ, ਪੁੱਤ੍ਰ, ਇਹ ਨਾਮ ਨਹੀਂ ਹੈ। ਭ੍ਰਿਗੂ ਨਾਮ ਇਕ ਰਿਸ਼ੀ ਦਾ ਹੈ ਜੋ ਸੱਤ ਰਿਖੀਆਂ ਵਿਚੋਂ ਸੀ ਵਿਸ਼ਨੂੰ ਦੀ ਛਾਤੀ ਵਿਚ ਲੱਤ ਇਸੇ ਨੇ ਮਾਰੀ ਸੀ, ਪਰਸਰਾਮ ਇਸੇ ਦਾ ਵੰਸ਼ਜ ਸੀ, ਸੰਸਾਰ ਦੀ ਰਚਨਾ ਬੀ ਇਸੇ ਤੋਂ ਮੰਨਦੇ ਹਨ। ਇਸ ਦੀ ਉਤਪਤੀ ਬ੍ਰਹਮਾਂ ਤੋਂ ਮੰਨਦੇ ਹਨ ਜਿਸ ਦਾ ਪਾਤ ਹੋਇਆ ਬੀਰਜ ਸੂਰਜ ਨੇ ਅਗਨੀ ਵਿਚ ਪਾਇਆ ਉਸ ਅਗਨੀ ਵਿਚੋਂ ਭ੍ਰਿਗੂ ਜਨਮਿਆਂ ਸੀ। ਇਸ ਦਾ ਪੁੱਤ੍ਰ ਸ਼ੁਕ੍ਰ ਸੀ ਜੋ ਦੈਂਤਾਂ ਦਾ ਗੁਰੂ ਹੋਇਆ। ਇਸ ਕਰਕੇ ਭ੍ਰਿਗੂ ਤੇ ਭਾਰਗਵ ਪਦ ਸ਼ੁਕ੍ਰ ਵਾਸਤੇ ਬੀ ਵਰਤਦੇ ਹਨ]।

Sri Satguru Jagjit Singh Ji eLlibrary NamdhariElibrary@gmail.com

ਐਸ੍ਵਰਜ ਸਰਬ ਪ੍ਰਕਾਰ ਕੋ ਪੂਰਬ ਸਮ ਹੋਵੈ । ਲੈ ਹੌ ਅਵਨੀ ਰਾਜ ਕੋ ਮਮ ਤਪ ਰਿਪੁ ਖੋਵੈ[1]-॥ ੧੮ ॥ ਇਮ ਦੇ ਧੀਰਜ ਸਰਬ ਬਿਧਿ ਤਪੁ ਕੀਨਿ ਬਿਲੰਦਾ । ਅਨਿਕ ਕਸ਼ਟ ਤਨ ਪਰ ਸਹੇ ਬ੍ਰਤ ਆਦਿ ਅਮੰਦਾ[2]।ਚਿਰੰਕਾਲ ਬੀਤ੍ਯੋ ਜਬੈ ਭਾ ਦ੍ਵਾਪੁਰ ਅੰਤਾ । ਤਪ ਕੇ ਤ੍ਯਾਗਤਿ ਬਲ ਦਯੋ ਜੇ ਅਸੁਰ ਅਨੰਤਾ[3]॥੧੯॥ਤਿਸ ਕੇ ਤਪ ਕੋ ਬਲ ਧਰ੍ਯੋ ਲੀਨਸਿ ਤਬਿ ਰਾਜੂ[4]।ਤੂਰਜ[5] ਸੰਗਯਾ ਅਸੁਰ ਭੋ ਬਡ ਬਧ੍ਯੋ ਸਮਾਜੂ । ਧਰਮ ਕਰਮ ਕੋ ਪਰਬ੍ਰਿਤੇ ਜਗ ਆਦਿ ਸੰਭਾਰੇ । ਕਰਹਿਂ ਹਮਨ ਕੋ ਅਨਿਕ ਬਿਧਿ ਘ੍ਰਿਤ ਆਦਿਕ ਡਾਰੇ ॥ ੨੦ ॥ ਖੁਸ੍ਯੋ ਸੁਰਨਿ ਕੋ ਧਰਮ ਜਬਿ ਤਪ ਮਖ ਤੇ ਆਦੂ । ਭਏ ਨਿਰਾਸੀ ਸੋਚਿ ਬਸਿ ਮਿਲ ਕਰੈਂ ਬਿਖਾਦੂ।ਕੋ ਉਪਾਵ ਪਾਯੋ ਨਹੀਂ ਝੁਰਤਿ ਸਮੁਦਾਏ। ਕਮਲਾਸਨ[6] ਕੇ ਪਾਸ ਕੋ ਸਭਿ ਸ਼ਰਨ ਸਿਧਾਏ ॥ ੨੧ ॥ ਕਸ਼ਟ ਨਿਵੇਦਨ ਕੋ ਕਰ੍ਯੋ ਬਹੁ ਬਿਨਤਿ ਉਚਾਰੀ ।-ਧਰਮ ਸੰਭਾਰ੍ਯੋ ਅਸੁਰ ਗਨ ਕੀਜਹਿ ਰਖਵਾਰੀ।ਨਮ ਨਮੋ ਹੇ ਚਤੁਰਮੁਖ,ਧਾਤਾ,ਕਰਤਾਰਾ[7] । ਨਮੋ ਨਮੋ ਸਮਰਥ ਹੋ ਕੀਜਹਿ ਉਪਚਾਰਾ-॥ ੨੨ ॥ ਸੁਨਿ ਬਿਨਤੀ ਸਭਿ ਸੁਰਨ ਕੀ ਉਰ ਦ੍ਰੁਹਣ[8] ਬਿਚਾਰਾ ।-ਤਪ ਮੌਡੀ ਕੇ ਅਧਿਕ ਤੇ ਹੋਯਸਿ ਬਲ ਭਾਰਾ-। -ਸੁਨਹੁ ਦੇਵਤਾ ਮਮ ਗਿਰਾ ਸਭਿ ਬਿਸ਼ਨੁ ਅਰਾਧੋ।ਪ੍ਰਭੁ ਬਿਨੁ ਨਹਿ ਉਪ-ਚਾਰ ਹ੍ਵੈ ਜਿਨ ਬੁੱਧਿ ਅਗਾਧੋ ॥੨੩॥ ਚਲਹੁ ਸ਼ਰਨਿ ਤਿਨ ਕੀ ਸਕਲ ਮੈਂ ਤੁਮਰੇ ਸਾਥਾ-। ਇਮ ਕਹਿ ਕੀਨਿ ਅਰਾਧਨਾ-ਹੇ ਪ੍ਰਭੁ ਜਗਨਾਥਾ ! ਰੱਛ ਰੱਛ ਸ਼ਰਨਾਗਤੀ ਇਹੁ ਬਿਰਦ ਤੁਮਾਰਾ । ਸਕਲ ਜਗਤ ਕੇ ਸਦ ਧਨੀ ਕਰਤਾਰ ਉਦਾਰਾ ॥੨੪॥ ਅਸੁਰਨਿ ਤੇ ਉਪਚਾਰ ਕਰਿ ਸ਼ੁਭ ਕਰਮ ਛੁਟਾ-ਵਹੁ।ਨਤੁ ਥਿਰ ਹ੍ਵੈ ਕਰਿ ਧਰਮ ਕੋ ਬਿਧਿ ਕਵਨਿ ਹਰਾਵਹੁ[9]-।ਇੱਤ੍ਯਾਦਿਕ ਬ੍ਰਹਮਾਦਿ ਸੁਰ ਬਹੁ ਬਿਨੈ ਬਖਾਨੀ । ਰੀਝੇ ਕਸ਼ਟ ਨਿਕੰਦ ਭੋ ਭਾਖੀ ਨਭ ਬਾਨੀ[10] ॥੨੫॥-ਮਤਿ ਚਿੰਤਾ ਉਰ ਮਹਿਂ ਕਰਹੁ ਠਾਨਹੁ ਉਪਚਾਰਾ । ਜਿਸ ਤੇ ਅਸੁਰ ਬਿਨਾਸ਼ ਹੁਇ ਹਿਤ ਕਰੌਂ ਤੁਮਾਰਾ-। ਸੁਨਿ ਨਭ ਬਾਨੀ

---

[1]ਮੇਰਾ ਤਪ ਵੈਰੀਆਂ ਨੂੰ ਨਾਸ਼ ਕਰੇਗਾ । [2]ਇਕ ਰਸ । [3]ਬਿਅੰਤ ਅਸੁਰਾਂ ਨੂੰ ਬਲ ਦਿਤਾ । [4](ਦੈਂਤਾਂ ਨੇ) ਰਾਜ ਲਿਆ ਤਦ । [5]ਫਰੇਦੂੰ ਪਾਤਸ਼ਾਹ ਦੇ ਬਡੇ ਬੇਟੇ ਦਾ ਨਾਮ ਜਿਸ ਦੇ ਨਾਮ ਪਰ 'ਤੁਰਾਨ' ਦੀ ਵਲਾਇਤ ਬਣੀ । ਈਰਾਨ ਦੇਸ਼ ਦੇ ਉੱਤਰ ਨੂੰ ਆਕਸਸ ਨਦੀ ਤੋਂ ਪਾਰਲਾ ਦੇਸ਼ ਤੂਰਾਨ ਹੈ । ਈਰਾਨ ਤੂਰਾਨ ਮੁਹਾਵਰੇ ਵਿਚ ਕੱਠਾ ਬੋਲਦੇ ਹਨ । [6]ਬ੍ਰਹਮਾ । [7]ਬ੍ਰਹਮਾ ਦੇ ਨਾਮ ਹਨ ਤਿੰਨੇ । [8]ਬ੍ਰਹਮਾਂ ਨੇ । [9]ਨਹੀਂ ਤਾਂ ( ਰਾਖਸ਼ ) ਧਰਮ ਵਿਚ ਇਸਥਿਤ ਹੋਣਗੇ ਉਹਨਾਂ ਨੂੰ ਕਿਸ ਤਰ੍ਹਾਂ ਹਰਾਵਾਂਗੇ । [10]ਆਕਾਸ਼ ਬਾਣੀ ।

Sri Satguru Jagjit Singh Ji eLlibrary NamdhariElibrary@gmail.com

ਕਿਯ ਨਮੋ ਹਰਖੇ ਸਮੁਦਾਯਾ। ਗਏ ਸਦਨ ਸਭਿ ਆਪਨੇ ਚਿਤਵਤਿ ਹਰਿ ਮਾਯਾ[1] ॥ ੨੬ ॥ ਬੀਤਯੋ ਕੇਤਿਕ ਸਮੋਂ ਜਬਿ ਧਾਰਯੋ ਅਵਤਾਰਾ। ਮੂਰਤਿ ਮਹਾਂ ਪਵਿੱਤ੍ਰ ਬਰ ਬੁਧਿ ਜਾਂਹਿ ਉਦਾਰਾ। ਭੇਖ ਬੇਦ ਤੇ ਬਾਹਰਾ ਮਿਲਿ ਅਸੁਰਨਿ ਸੰਗਾ। ਜੱਗ ਕਰਮ ਅਰੁ ਬੇਦ ਕੋ ਨਿੰਦਤਿ ਸਰਬੰਗਾ ॥੨੭॥ ਦਰਸ਼ਨ ਦੀਨਸਿ ਸਭਿਨਿ ਕੋ ਕਹਿ ਬਚ ਰਮਨੀਕਾ। ਮੋਹਨ ਕਰਿ ਲੀਨੇ ਸਕਲ ਟਿਕ ਨਿਸ਼ਚਾ ਜੀ ਕਾ। ਬਸੀ ਭਏ ਸਭਿ ਹੀ ਤਬੈ ਜਿਮ ਕਹੈ ਕਹਾਵੈ। ਬਿੱਦਯਾ ਬਿਖੈ ਬਿਸ਼ਾਰਦਾ[2] ਨਿਤ ਮਤਿ ਉਪਜਾਵੈ ॥੨੮॥ ਚਲੈਂ ਸਕਲ ਤਿਸ ਕਹੇ ਮਹਿ ਸਭਿ ਧਰਮ ਛੁਟਾਯੋ। ਨਿੰਦਤ ਕਰਿ ਮਤ ਬੇਦ ਕੋ ਮਤ ਨਯੋ ਉਪਾਯੋ। ਭਯੋ ਧਰਮ ਕੋ ਹੀਨ ਬਲ, ਕਰਿਬੇ[3] ਜਬਿ ਛੋਰਾ। ਸਰਬ ਦੇਵਤਾ ਦੇਖਿ ਕਰਿ ਗਰਜੇ ਇਨ ਓਰਾ ॥ ੨੯ ॥ ਕਰਯੋ ਜੁੱਧ ਕ੍ਰੁੱਧਤਿ ਅਧਿਕ ਕਰਿ ਨਿਬਲ ਸੰਘਾਰੇ। ਭਾਗਯੋ ਤਿਨ ਕੋ ਗੁਰੂ ਤਬਿ ਜਿਹ ਤਪ ਬਲ ਭਾਰੇ। ਦੁਰਬੇ ਕੌ[4] ਬਹੁ ਬਲ ਫਿਰਯੋ ਨਹਿ ਪਾਯਹੁ ਬਾਸਾ। ਤ੍ਰਿਯਾ ਰਾਜ ਜਿਸ ਦੇਸ਼ ਮਹਿ ਪਹੁੰਚਯੋ ਧਰਿ ਆਸਾ ॥੩੦॥ ਪੁਰਖਾ[5] ਤਹਿ ਦੁਰਲਭ ਹੁਤੇ ਚਹਿ ਭੋਗਨਿ ਹੇਤਾ। ਦੋ ਰਾਣੀ ਤ੍ਰਿਯ ਤਿਨਹੁ ਮਹਿ ਰਖਿ ਲਿਯੋ ਨਿਕੇਤਾ। ਦੋਨਹੁ ਸੰਗ ਅਨੰਗ[6] ਤੇ ਬਹੁ ਭੋਗ ਕਮਾਯੋ। ਗਰਭ ਧਰਯੋ ਦੋਨਹੁ ਤਬੈ ਖ੍ਰਿਧਤਿ ਮਨ ਭਾਯੋ ॥੩੧॥ ਤਜਿ ਕਰਿ ਲਾਗਯੋ ਚਲਨ ਕੋ ਔਰ ਕਿਤ ਦੇਸ਼ਾ। ਦੋਨਹੁ ਲਾਗੀ ਬੂਝਿਬੇ ਕਰੀਐ ਉਪਦੇਸ਼ਾ। 'ਬਾਲਕ ਜਨਮੇ ਗਰਭ ਤੇ ਕਿਮ ਹੁਇ ਪ੍ਰਤਿਪਾਰੋ। ਧਰਹਿ ਕੌਨ ਇਨ ਨਾਮ ਕੋ ਸੋ ਕਰਹੁ ਉਚਾਰੋ ॥੩੨॥ ਜਿਸ ਬਲ ਤੇਰੋ ਦੇਸ਼ ਹੁਇ ਜਹਿ ਚਾਲਨਿ ਚਾਹਾ। ਹਮ ਕੋ ਅਰੁ ਨਿਜ ਸੁਤਨ ਕੋ ਦਿਖਰਾਵਹੁ ਤਾਹਾ'। ਸੁਨਿ ਕਰਿ ਬ੍ਰਹਮਣ ਅਸੁਰ ਗੁਰ, ਬੋਲਯੋ ਅਭਿਰਾਮੂ।–ਰਿਖ ਈਸੁਰ ਤੇ ਹੋਇ ਹੈ ਈਸਾ ਇਸ ਨਾਮੂ ॥ ੩੩ ॥ ਮੂਸੇ ਹੋਏ[7] ਕਾ ਬੀਜ ਜੋ ਮੂਸਾ ਹੁਇ ਨਾਮਾ। ਇਨ ਦੋਨਹੁ ਕੋ ਸ਼ਕਤਿ ਸਭਿ ਦੀਨਸਿ ਸੁਖਧਾਮਾ। ਮਨੁਰਾਜਾ ਕੇ ਦੇਸ਼[8] ਬਰ ਸੋ ਅਹੈ ਹਮਾਰਾ। ਇਨ ਕੀ ਸੰਤਤਿ[9] ਵਧੈਗੀ ਬੁਧਿਵੰਤ ਉਦਾਰਾ ॥ ੩੪ ॥ ਧਰਹਿ ਓਜ ਕਰਿ ਬਿਜੈ ਕੋ

---

[1]ਮਯਾ=ਪਰਮੇਸ਼ੁਰ ਦੀ ਕ੍ਰਿਪਾ। [2]ਚਤੁਰ। [3](ਧਰਮ) ਕਰਨਾ। [4]ਲੁਕਣ ਲਈ। [5]ਮਾਨੁੱਖ। [6]ਕਾਮ। [7]ਲੁਟੇ ਹੋਏ ਦਾ (ਸ਼ੁਕਰ ਦਾ ਆਪਣੇ ਵਲ ਇਸ਼ਾਰਾ ਹੈ ਕਿਉਂਕਿ ਰਾਜ ਖੁਹਾ ਕੇ ਆਯਾ ਹੈ) [ਮੁਸਨਾ=ਖੋਹੇ ਜਾਣਾ]। [8]ਹਿੰਦੁਸਤਾਨ ਤੋਂ ਮੁਰਾਦ ਹੈ। [9]ਔਲਾਦ ਮੂਸੇ ਤੇ ਈਸੇ ਦੀ।

Sri Satguru Jagjit Singh Ji eLlibrary NamdhariElibrary@gmail.com

ਪਹੁੰਚੈਂ ਤਿਸੁ ਦੇਸ਼ਾ।ਭੋਗਹਿ ਨਰ ਕੀ ਆਰਬਲ ਦਲ ਸੰਗਿ ਵਿਸ਼ੇਸ਼ਾ[1]।[2]ਫਿਰ ਕਰਿ ਆਵਨ ਤੇ ਇਨਹੁੰ ਜਗ ਮੈਂ ਬਿਦਤੇ ਹੈ। ਨਾਮ ਫਿਰੰਗੀ ਫਰਾਸੀਸੁ ਸਭਿ ਮਹਿ ਕਹਿਵੈ ਹੈਂ"* ॥ ੩੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਗੁਰ ਭਵਿੱਖਤ ਕਹਿਨ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥ ੩੬ ॥

### ੩੭. [ਭਵਿੱਖਤ ਵਾਕ]।

ਦੋਹਰਾ ॥ †"ਬੀਤਹਿ ਪੰਜ ਹਜ਼ਾਰ ਕਲਿ ਤਬਿ ਲਗਿ ਸੰਖਯਾ ਜਾਨਿ[3]। ਸੁਨਿ ਸ਼ੁਨਾਕ ਸਿੱਘ ਬਾਰਤਾ ਬਿਦਤਹਿ ਸਕਲ ਜਹਾਨ[4]" ॥ ੧ ॥ ਨਿਸ਼ਾਨੀ ਛੰਦ ॥ ਇਤਨੇ ਬਿਖੈ ਸੁਭਾਉ ਮ੍ਰਿਦੁ ਪਿਖਿ ਕਰਿ ਸਭਿ ਆਏ। ਸੁਨਹਿਂ ਜਥਾ ਸਤਿਗੁਰ ਕਹਹਿਂ ਸਗਰੇ ਬਿਸਮਾਏ। 'ਮਹਾਰਾਜ ਕਿਮ ਹੋਇ ਹੈ ਜਬਿ ਆਇ ਫਿਰੰਗੀ? ਪੰਥ ਤੁਮਾਰਾ ਖਾਲਸਾ ਕਿਮ ਹੁਇ ਸੁਖ ਸੰਗੀ? ॥੨॥ ਕਿਮ ਇਨ ਠਹਿਰਹਿ ਰਾਜ ਤਬਿ ਜਬਿ ਤਿਨ ਦਲ ਆਵੈ? ਕੈਸੇ ਹੋਇ ਬ੍ਰਿਤੰਤ ਸਭਿ?' ਸੁਨਿ ਗੁਰੂ ਬਤਾਵੈਂ "ਮੌਨਿ ਫਿਰੰਗੀ[5] ਆਇ ਹੈ ਦਲ ਜੋਰ ਘਨੇਰੇ[6]। ਸਿੰਘ ਗੁਰਿੰਦ ਸੁ ਸੈਨ ਬਲਿ[7] ਹੁਇ ਹੈ ਬਹੁ ਤੇਰੇ ॥ ੩ ॥ ਮਹਿਪਾਲਕ ਦੁਹਿ ਦਿਸ਼ਿਨਿ ਕੇ ਮਿਲਿ ਹੈਂ ਤਿਸ ਬਾਰੀ। ਹੁਵੈ ਬਖੇਰਾ ਪਰਸਪਰ ਐਸੇ ਇੱਛ ਧਾਰੀ। ਕਬਹੁੰ ਸਬਲ ਮਮ ਖਾਲਸਾ ਹ੍ਵੈ ਨਿਬਲ ਫਿਰੰਗੀ। ਕਬਹੁੰ ਨਿਬਲ ਮਮ ਪੰਥ ਹ੍ਵੈ ਸੋ ਸਬਲ ਕੁਢੰਗੀ[8] ॥ ੪ ॥ ਚੌਪਈ ॥ ਰਹੈ ਖਾਲਸਾ ਜਬਿ ਲਗ

---

[1]ਪੁਰਸ਼ ਦੀ ਉਮਰ ਭਾਵ ਸੌ ਸਾਲ ਤਕ ਰਾਜ ਕਰਨਗੇ ਫੌਜ ਜੋੜ ਕੇ। [2]ਫਿਰ ਕਰਕੇ ਜਗਤ ਵਿਚ ਆਵਨ ਤੇ ਏਹ ਸਭਨਾਂ ਵਿਚ (ਫਿਰ+ਅੰਗੀ, ਫਿਰਾ+ਸੀਸ) ਫਿਰੰਗੀ ਤੇ ਫਿਰਾਸੀਸ ਕਹਾਉਣਗੇ। ਸੌ ਸਾਖੀ ਦਾ ਪਾਠ ਹੈ:-ਫਿਰ ਕਰ ਆਏ ਥੇ ਤਾਂ ਫਿਰੰਗੀ ਫਰਾਂਸੀਸ ਕਹਾਵੇਂਗੇ। [3]ਕਲਜੁਗ ਦਾ ਪੰਜ ਹਜ਼ਾਰ ਵਰ੍ਹਾ ਜਦ ਤਕ ਬੀਤੇਗਾ ਤਦ ਤਕ ਦੀ ਇਹ ਗਿਣਤੀ ਜਾਣੋ। [4]ਜੋ ਪ੍ਰਗਟ ਹੋਣੀ ਹੈ ਸਾਰੇ ਜਹਾਨ ਵਿਚ। [5]ਯੂਰਪ ਦੇ ਅੰਗਰੇਜ਼। [ਮੋਨ ਤੋਂ ਭਾਵ ਅੰਗ੍ਰੇਜ਼ ਲੈਂਦੇ ਹਨ]। [6]ਬਹੁਤ ਫੌਜਾਂ ਜੋੜਕੇ। [7]ਗੁਰਾਂ ਦੇ ਸਿੰਘਾਂ ਦੀ ਸੈਨਾਂ ਬੜੀ ਬਲੀ ਹੈ [ਗੁਰਿੰਦ=ਗੁਰੂਆਂ ਦੇ]। [8]ਖੋਟੇ ਢੰਗ ਵਾਲੇ (ਫਿਰੰਗੀ)।

*ਫਿਰੰਗੀ ਫਰਾਂਸੀਸੀ ਨਾ ਈਸਾ ਦੀ ਉਲਾਦ ਹਨ ਨਾ ਮੂਸਾ ਦੀ। ਈਸਾ ਜੀ ਤਾਂ ਕੰਵਾਰੇ ਹੀ ਰਹੇ ਸਨ। ਈਸਾ ਮੂਸਾ ਦੋਵੇਂ ਏਸ਼ਰਾਈਲੀ ਸਨ, ਕਿਨਆਨ ਦੇਸ਼ ਦੇ ਰਹਿਣ ਵਾਲੇ ਅਤੇ ਦੋਵੇਂ ਇਕ ਸਮੇਂ ਵੀ ਨਹੀਂ ਹੋਏ। ਅੰਗਰੇਜ਼ ਫਰਾਂਸੀਸ ਆਦਿਕ ਯੂਰਪ ਦੇ ਰਹਿਣ ਵਾਲੇ ਹਨ। ਫਰਾਂਸ ਯੂਰਪ ਦਾ ਇਕ ਦੇਸ਼ ਹੈ ਤੇ 'ਫਰੰਗ' ਲਫਜ਼ ਫ਼ਾਰਸੀ, ਪੰਜਾਬੀ ਤੇ ਹਿੰਦੀ ਵਿਚ ਅਕਸਰ ਯੂਰਪ ਦੇ ਅਰਥਾਂ ਵਿਚ ਵਰਤਿਆ ਹੈ। ਈਸਾ ਮੂਸਾ ਦੀ ਇਹ ਉਤਪਤੀ ਤੇ ਉਸ ਤੋਂ ਫ਼ਰੰਗੀਆਂ ਆਦਿਕਾਂ ਦੀ ਉਤਪਤੀ ਸੌ ਸਾਖੀ ਦੇ ਆਖੇਪਕਾਰਾਂ ਦੀਆਂ ਮਨੋਕਤੀਆਂ ਹਨ, ਇਨ੍ਹਾਂ ਦਾ ਇਤਿਹਾਸਕ ਮੁੱਲ ਕੁਛ ਨਹੀਂ ਹੈ।

†ਸੌ ਸਾਖੀ ਦੀ ਇਹ ਹੁਣ ੧੫ਵੀਂ ਸਾਖੀ ਚੱਲੀ ਹੈ।

Sri Satguru Jagjit Singh Ji eLlibrary NamdhariElibrary@gmail.com

ਨਯਾਰੋ[1]। ਤਬਿ ਲਗਿ ਤੇਜ ਵਿਧੋ ਮੁਹਿਸਾਰੋ। ਬੰਧੇ ਜਾਹਿਂ ਮੋਹ ਕੀ ਫਾਸ।
ਸੁਤ ਬਨਿਤਾਦਿਕ ਬਾਸ ਅਵਾਸ॥੫॥ ਗਊਅਨਿ ਹਾਂਕਹਿ[2] ਰਿਸ਼ਵਤ ਲੇਈ।
ਇੱਤਯਾਦਿਕ ਕਰਮਨਿ ਬਸਿ ਤੇਈ। ਧੀਅ ਭੈਣ ਕਾ ਪੈਸਾ ਖਾਵੈਂ। ਬੈਠਿ
ਦੁਲੀਚੇ ਨਯਾਉਂ ਕਮਾਵੈਂ[3]॥੬॥ ਵਾਚਹਿ ਬੇਦ ਗਿਰਾ ਗੁਰ ਛੋਡਹਿ[4]। ਬਿੱਪ੍ਰ
ਧਰਮ ਕਰਿ ਜੀਵਹਿ ਮੋਡਹਿ[5]। ਨਾਰ ਮਲੇਛੀ ਘਰ ਮਹਿ ਆਨੈਂ। ਬੇਸਵਾ
ਰਮਣ ਨ ਕਬਹਿ ਖਿਸਾਨੈਂ[6]॥੭॥ ਖੋਜੈਂ ਪੀਰ,ਰਹੈਂ ਗੁਰ ਦੂਰ[7]। ਨਾਰੀ ਨਯਾਉ
ਕਰੈਂ ਭਰਪੂਰ[8]। ਸਿੱਖਣੀਆਂ ਗਣ ਭ੍ਰਿੱਤਨੰਨ ਚਾਹੈਂ[9]*। ਨ੍ਰਿਪ ਨਾਰੀ ਮੇ ਨੇਕੁ-
ਨ ਰਾਹੈਂ[10]†॥੮॥ ਪ੍ਰਥਮ ਫਿਰੰਗੀ ਲੁਦਪੁਰ[11] ਆਵੈ। ਭੋਗੈ ਰਾਜ ਤੇਜ ਬਧਿ

---

[1](ਕੁਟੰਬ ਆਦਿ ਤੋਂ) ਨਿਆਰਾ ਰਹੇਗਾ। (ਅ) ( ਹਿੰਦੂ ਤੁਰਕਾਂ ਤੋਂ) ਨਿਆਰਾ ਰਹੇਗਾ। [2]ਭਾਵ, ਸ਼ਸਤ੍ਰ ਛੱਡਕੇ ਗਊਆਂ ਚਾਰਨ ਲਗ ਪੈਣਗੇ।ਸੌ ਸਾਖੀ ਦਾ ਪਾਠ ਹੈ:—ਗਾਇਨ ਹਾਂਕਤ ਗੁਜਕਲ ਧੀਏ। ਇਸ ਦਾ ਇਉਂ ਬੀ ਅਰਥ ਕਰਦੇ ਹਨ. (ਗੁਜਕਲ=) ਗੁਜਰ ਜਿਵੇਂ ਗਊਆਂ ( ਪੈਸੇ ਲੈਕੇ) ਹੱਕ ਦੇਂਦੇ ਹਨ ਤਿਵੇਂ (ਪੈਸਾ ਲੈਕੇ) ਧੀਆਂ ਦੇ ਦੇਣਗੇ। [3]ਦੁਲੀਚੇ ਤੋਂ ਮੁਰਾਦ ਐਸ਼ ਇਸ਼-ਰਤ ਦੇ ਸਾਮਾਨਾਂ ਦੀ ਹੈ। ਪਹਿਲੇ ਸਿਖ ਸਰਦਾਰ ਬੰਦਗੀ ਵਾਲੇ ਤੇ ਸਾਦੇ ਹੁੰਦੇ ਸਨ, ਕਚਹਿਰੀਆਂ ਬੀ ਰੁੱਖਾਂ ਦੀ ਛਾਵੇਂ ਸਫਾਂ ਮੰਜੀਆਂ ਤੇ ਬਹਿਕੇ ਕਰਦੇ ਹੁੰਦੇ ਸਨ। [4]ਵੇਦ ਪੜ੍ਹਨਗੇ ਤੇ ਗੁਰਬਾਣੀ ਛੱਡ ਦੇਣਗੇ। [5]ਬਿੱਪ੍ਰ ਧਰਮ ਧਾਰਕੇ ਉਪਜੀਵਕਾ ਕਰਨਗੇ, ਭਾਵ ਪੂਜਾ ਦਾ ਧਾਨ ਰੋਜ਼ੀ ਬਣਾ-ਉਣਗੇ। (ਅ) ਮੋਵਹਿ=ਮੂੰਹ ਦੇ। (ੲ) ਮੋਡਹਿ=ਮੂੰਡੇ। [6]ਕਦੇ ਸ਼ਰਮਿੰਦੇ ਨਹੀਂ ਹੋਣਗੇ। [7]ਗੁਰੂ ਤੋਂ ਦੂਰ ਰਹਿਣਗੇ। [8]ਭਾਵ ਨਰ ਨਿਆਉਂ ਨਹੀਂ ਨਾਰੀ ਨਿਆਉਂ ਕਰਨਗੇ, ਅਰਥਾਤ ਡਰ ਡਰ ਕੇ ਕਾਇਰਤਾ ਵਾਲੇ ਨਿਆਉਂ ਕਰਨਗੇ। [9]ਬਹੁਤੀਆਂ ਦਾਸੀਆਂ ਨੂੰ ਸਿੱਖਣੀਆਂ ਬਣਾਉਣਾ ਚਾਹੁਣਗੇ ਭਾਵ, ਏਕਾ ਨਾਰੀ ਜਤੀ ਨਹੀਂ ਰਹਿਣਗੇ ਟਹਿਲਣਾਂ ਨੂੰ ਬੀ ਘਰ ਪਾ ਲੈਣਗੇ। [10](ਨ੍ਰਿਪਨਾਰੀ=) ਰਾਣੀ ਨਾਲ ਨੇਕ ਨਹੀਂ ਰਹਿਣਗੇ, ਭਾਵ ਬਿਵਾਹਤਾ ਰਾਣੀ ਨਾਲ ਇਸਤ੍ਰੀ ਬ੍ਰਤ ਧਰਮ ਨਹੀਂ ਨਿਬਾਹੁਣਗੇ। ਟੂਕ—ਅੰਕ ਪੰਜ ਦੇ ਆਰੰਭ ਤੋਂ ਕਰਤਾ ਕ ਰਕ 'ਖਾਲਸਾ' ਪਦ ਹੈ ਤੇ ਇਥੋਂ ਤਾਈਂ ਉਹੋ ਪਦ ਸਾਰੀਆਂ ਕ੍ਰਿਯਾਵਾਂ ਦਾ ਕਰਤਾ ਕਾਰਕ ਰਿਹਾ ਹੈ; ਇਸ ਗਲ ਨੂੰ ਨਾ ਸਮਝ ਕੇ ਕਈ ਲੋਕ ਹੋਰ ਹੋਰ ਅਰਥ ਕਰਨ ਦਾ ਜਤਨ ਕਰਦੇ ਹਨ ਜਿਨ੍ਹਾਂ ਨਾਲ ਸ਼੍ਰੇਣੀ ਬੱਧ ਅਰਥ ਦੀ ਸੰਗਲੀ ਨਹੀਂ ਬੱਝਦੀ। (ਅ) ਭਵਿੱਖਤ ਲੱਭਣ ਵਾਲੇ ਛੇਕੜਲੀ ਤੁਕ ਦਾ ਐਉਂ ਬੀ ਅਰਥ ਕਰਦੇ ਹਨ:—ਰਾਜੇ ਦੀ ਰਾਣੀ (ਭਾਵ ਰਾਣੀ ਜਿੰਦਾਂ ਮੁਨਕਿਨ (ਅੰਗਰੇਜ਼ਾਂ ਨੂੰ) ਮਦਦ ਤੇ ਸੱਦੇਗੀ। [ਰਾਹਨਾ, ਆਰਾਧਨਾ ਦੀ ਪੰਜਾਬੀ ਹੈ]। [11]ਲੁੱਧਿਆਣੇ।

*ਪਾ:—ਭ੍ਰਤਿਆਂ ਨਾ ਚਾਹੈਂ। †ਇਥੇ ਸੌ ਸਾਖੀ ੧੯੦੫ ਵਾਲੀ ਵਿਚ ਦੋ ਚੌਪਈਆਂ ਦਲੀਪ ਸਿੰਘ ਬਾਬਤ ਹਨ, ਕਵਿ ਜੀ ਨੇ ਉਹ ਨਹੀਂ ਦਿਤੀਆਂ। ਜਾਪਦਾ ਹੈ ਕਿ ਕਵਿ ਜੀ ਵਾਲੇ ਨੁਸਖੇ ਵਿਚ ਇਹ ਚੌਪਈਆਂ ਨਹੀਂ ਸਨ, ਮਗਰੋਂ ੧੯੦੫ ਵਾਲੇ ਨੁਸਖਿਆਂ ਵਿਚ ਪਈਆਂ ਹਨ.।

ਜਾਵੈ।ਧਨ ਅਰੁ ਸੁੰਦਰ ਤ੍ਰਿਯ ਕੋ ਲੇਵੈਂ[1]।ਤਬਹਿ ਸਿੰਘ ਦੀਰਘ ਦੁਖ ਖੇਵੈਂ[2]। ੯॥ਅਬਿ ਬੇਮੁਖ ਗੁਰ ਤੇ ਜੋ ਭਏ।ਤਬਿ ਤਿਨ ਕੇ ਸਿਰ ਸੰਕਟ ਪਏ।ਚਿੰਤਾ ਬਧਹਿ ਸਭਿਨਿ ਕੇ ਬੀਚ।ਕਰਹਿਂ ਪੁਕਾਰ-ਗੁਰੂ ਦੇ ਮੀਚ[3]-'॥੧੦॥ *ਪੁਨ ਸਿੰਘਨ ਬੂਝਯੋ 'ਮਹਾਰਾਜ! ਕਿਮ ਤੁਰਕਨ ਕੋ ਹੋਇ ਕੁਕਾਜ?ਰਾਜਤੇਜ ਪੁਹਮੀ ਮਹਿਂ[4] ਪੂਰਾ।ਕਿਮ ਇਨ ਕੋ ਤਬਿ ਹ੍ਵੈ ਹੈ ਦੂਰਾ?'॥੧੧॥ਸੁਨਿ ਸਤਿ-ਗੁਰ ਤਬਿ ਖੋਲਿ ਸੁਨਾਯੋ । ਜਥਾ ਭਵਿੱਖਤ[5] ਮਹਿਂ ਬਨਿ ਆਯੋ।ਅਕਬਰ ਬ੍ਰਹਮਚਾਰੀਤਨ ਧਾਰਾ[6]।ਧਰਮ ਆਪਨਾ ਖੂਬ ਸਵਾਰਾ॥੧੨॥ਤਿਸ ਕੇ ਜਹਾਂ-ਗੀਰ ਸੁਤ ਹੋਵਾ । ਸ਼ਾਹਿਜਹਾਂ ਪੁਨ ਸਭਿ ਨੇ ਜੋਵਾ । ਆਇ ਵਲਾਇਤ ਤੇ ਤਿਸ ਭੌਨ[7]।ਰਹੇ ਗ਼ੁਲਾਮ ਹੋਇ ਕਰਿ ਮੌਨ[8]॥੧੩॥ਬਹੁਰ ਨੁਰੰਗ ਬੰਦ ਕਰਿ ਆਗੀ†। ਮੀਰਾਂ ਸ਼ਾਹ ਸੇਵ ਮਹਿਂ ਲਾਗੀ।ਸਾਧਨ ਵਸਤੁ ਹਿਯੇ ਮੋ ਜਾਨੀ[9]। ਤਊ ਨ ਛੂਟੀ ਬਾਤ ਪੁਰਾਨੀ[10]॥੧੪॥ ਮਗ ਖ਼ੁਦਾਇ ਕੋ ਲਖਿ ਕਰਿ ਭੂਲਾ। ਲਾਲਚ ਲਗੇ ਰਾਜ ਮਦ ਫੂਲਾ। ਭਾਈ ਮਾਰਾ ਰਾਜ ਨ ਛੋਰਾ[11]।ਦਾਰਾ ਕਾਟਿ ਛਤ੍ਰ ਪਦ ਤੋਰਾ[12]†॥੧੫॥ ਮਦ ਭਰਿ ਰਾਜ ਕਰਤਿ ਇਕ ਸਾਹੂ[13]‡। ਹਮ

---

[1]ਲੈਣਗੇ (ਅੰਗਰੇਜ਼)। (ਅ) ਪਰ ਸੌ ਸਾਖੀ ਦੇ ਪਾਠ ਦਾ ਭਾਵ ਹੋਰ ਹੈ:—ਪਾਠ ਇਉਂ ਹੈ:—ਚਿੰਤਾ ਬਧੀ ਸਗਲ ਕੇ ਬੀਚ। ਸਭੀ ਪੁਕਾਰੈਂ ਸਤਿਗੁਰ ਮੀਚ। ਖੂਬ ਨਾਰ ਧਨ ਉਠ ਉਠ ਲੇਇ। ਤੱਬੇ ਖਾਲਸਾ ਬਹੁ ਦੁਖ ਹੋਇ। ਅਰਥ:—ਖਾਲਸੇ ਵਿਚ ਚਿੰਤਾ ਵਧੀ, ਸਾਰੇ ਮੌਤ ਮੰਗਦੇ ਹਨ, ਖ਼ੂਬਨਾਰ (=ਸਰਦਾਰਾਂ ਦੀਆਂ ਨਾਰੀਆਂ ਦਰਖਾਸਤਾਂ ਦੇ ਦੇਕੇ) ਧਨ ਲੈਣਗੀਆਂ। ਭਾਵੇਂ ਹ ਕਿ ਸਰਦਾਰੀਆਂ ਤੇ ਰਾਜ ਜਦ ਫਰੰਗੀ ਜ਼ਬਤ ਕਰਨਗੇ ਤਾਂ ਸਰਦਾਰਨੀਆਂ ਗੁਜ਼ਾਰਿਆਂ ਲਈ ਦਰਖਾਸਤਾਂ ਦੇ ਦੇਕੇ ਧਨ ਲੈਣਗੀਆਂ (ਇਹ ਅਰਥ ਸੌ ਸਾਖੀ ਦਾ ਸੰਪ੍ਰਦਾਈ ਹੈ)। [2]ਸਹਾਰਨਗੇ। [3]ਮੌਤ ਦਿਓ। [4]ਪ੍ਰਿਥਵੀ ਵਿਚ। [5]ਭਵਿੱਖਤ ਪੁਰਾਣ ਜੋ ਸੌ ਸਾਖੀ ਵਿਚ ਸਪਸ਼ਟ ਦੱਸਿਆ ਹੈ। [6](ਕਿਸੇ) ਬ੍ਰਹਮਚਾਰੀ ਨੇ ਅਕਬਰ ਦਾ ਤਨ ਧਾਰਿਆ। ਭਾਵ ਅਕਬਰ ਹੋਕੇ ਜੰਮਿਆ। [7]ਯੂਰਪ ਤੋਂ ਤਿਸ (ਸ਼ਾਹਜਹਾਨ) ਦੇ ਘਰ ਆਏ। [8]ਫਿਰੰਗੀ। [9]ਜਿਸ (ਨੁਰੰਗੇ) ਨੇ ਸਾਧਣੇ ਜੋਗ ਵਸਤੂ ਹਿਰਦੇ ਵਿਚ ਜਾਣੀ ਹੋਈ ਸੀ। [10]ਭਾਵ ਰਾਜ ਦੀ ਤ੍ਰਿਸ਼ਨਾ। [11]ਮੁਰਾਦ ਨਾਮੇਂ ਭਰਾ ਜਿਸ ਨੂੰ ਰਾਜ ਦੇਣ ਦਾ ਭਰੋਸਾ ਦੇਕੇ ਔਰੰਗਜ਼ੇਬ ਨੇ ਫਤਹ ਹੋ ਜਾਣੇ ਪਰ ਕੈਦ ਕੀਤਾ ਤੇ ਕੈਦ ਵਿਚ ਮਾਰ ਦਿਤਾ। [12](ਦੂਜਾ ਭਰਾ) ਦਾਰਾ ਸ਼ਕੋਹ ਮਾਰਕੇ ਆਪਣੀ ਪਾਤਸ਼ਾਹੀ ਪਦਵੀ ਤੋਰੀ, ਭਾਵ ਜਾਰੀ ਕੀਤੀ [ਛਤ੍ਰ ਪਦ=ਪਾਤਸ਼ਾਹੀ ਪਦਵੀ। ਰਾਜ ਰੁਤਬਾ]। [13]ਇਕ ਰਸ। *ਇਥੇ ਫੇਰ ਦਲੀਪ ਸਿੰਘ ਬਾਬਤ ਇਕ ਚੌਪਈ ਸੌ ਸਾਖੀ ਵਿਚ ਨਵੀਂ ਪਈ ਜਾਪਦੀ ਹੈ ਕਿਉਂਕਿ ਕਵਿ ਜੀ ਇਥੇ ਬੀ ਦਲੀਪ ਸਿੰਘ ਬਾਬਤ ਕੁਛ ਨਹੀਂ ਲਿਖ ਰਹੇ। ‡ਸੌ ਸਾ: ਦਾ ਪਾਠ ਹੈ —ਇਹ ਸਾਹੂ। †ਸੌ ਸਾਖੀ ਵਿਚ ਪਾਠ ਹੈ:—'ਤਬਹਿ ਨੁਰੰਗਾ ਬੰਚਕ ਤਿਆਗੀ'। ਇਸ ਤੋਂ ਭਾਵ

(ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ)

Sri Satguru Jagjit Singh Ji eLlibrary NamdhariElibrary@gmail.com

ਸੌਂ ਵੈਰ ਵਧਹਿ ਸਹਿਜਾਹੂ[1]। ਕਰਹਿ ਜੋਰ ਤੈ ਜਗਤ ਅਨੀਤਿ।ਦੀਨ ਵਧਾਵਨ ਮਹਿ ਧਰਿ ਚੀਤ ॥ ੧੬ ॥ ਮੱਕੇ ਹੇਤ ਬੰਦਗੀ ਜਾਹੈ[2]। ਮਾਂਗੈ ਇਹੁ –ਮੁਹਿ ਨੂਰ ਸਲਾਹੈ[3]–।ਹੁਈ ਅਵਾਜ਼ ਰਾਤਿ ਕੌ ਤਾਂਹੀ।–ਸਭਿ ਪਰ ਬਲੀ, ਗੁਰੂ ਪਰ ਨਾਂਹੀ[4]–॥੧੭॥ਇਮ ਸੁਪਨੇ ਮਹਿਂ ਸੁਨਿ ਕਰਿ ਕੂਰ।ਹਿੰਦੂ ਧਰਮ ਕਰਨਿ ਲਗਿ ਦੂਰ।ਜਿਸ ਕਿਸ ਤੇ ਅਜ਼ਮਤਿ ਪਤਿਆਵੈ।ਹਮਰੇ ਸੰਗ ਸੰਗ੍ਰਾਮ ਮਚਾਵੈ ॥੧੮॥ ਹਰਿ ਕੀ ਕਰਨੀ ਨਾਂਹਿ ਬਿਚਾਰੀ । ਹਮ ਪਰ ਚਹਤੋ ਕਰਨੋ ਬਲ ਭਾਰੀ । ਗੁਰ ਪਰਸਾਦਿ[5] ਮਜਬ[6] ਜਿਨ ਧਾਰਾ । ਮਾਰਹਿੰਗੋ ਸਭਿ[7] ਜੁੱਧ ਮਝਾਰਾ ॥ ੧੯ ॥ ਤੁਰਕ ਤੇਜ ਜਗ ਹੋਇ ਬਿਨਾਸੀ । ਕਰਹਿਂ ਕਿਰਤ ਕੋ

---

[1]ਮੁਬਾਵਕ ਹੀ ਵੈਰ ਕਰਦਾ ਹੈ। [2]ਜਾਂਦਾ ਹੈ। [3]ਮੇਰੇ ਨੂਰ ਦੀ ਸਾਰੇ ਸਲਾਹੁਤ ਕਰਨ। [4]ਪਰ ਗੁਰਾਂ ਉੱਪਰ ਨਹੀਂ । [5]ਗੁਰਾਂ ਦੀ ਕਿਰਪਾ ਨਾਲ । [6]ਭਾਵ ਖਾਲਸਾ ਪੰਥ। [7](ਭਾਵ ਓਹ ਪੰਥ) ਮਾਰੇਗਾ ਸਾਰੇ ਤੁਰਕਾਂ ਨੂੰ)।

[ਪਿਛਲੇ ਪੰਨੇ ਦੀ ਬਾਕੀ ਟੂਕ]

ਖੁਲ੍ਹਦਾ ਹੈ ਕਿ ਔਰੰਗਾ ਠੱਗੀ ਕਰਕੇ ਤਿਆਗੀ ਬਣ ਰਿਹਾ ਸੀ, ਤੇ ਕਿਸੇ ਮੀਰਾਂ ਸ਼ਾਹ ਨਾਮੇਂ ਫਕੀਰ ਦੀ ਸੇਵਾ ਕਰ ਰਿਹਾ ਸੀ, ਜਦੋਂ ਉਸ ਨੇ ਆਪਣੇ ਭਰਾ ਨੂੰ ਕਿਹਾ ਹੈ ਕਿ ਮੈਂ ਮੱਕੇ ਜਾ ਰਹਿਣਾ ਹੈ, ਚਲ ਤੈਨੂੰ ਰਾਜ ਤੇ ਬਹਾ ਆਵਾਂ। ਪਰ ਜਦੋਂ ਉਸ ਨੂੰ ਦਾਰਾ ਤੇ ਫਤਹ ਹੋ ਗਈ ਤਾਂ ਰਾਜ ਤੇ ਆਪ ਬਹਿ ਗਿਆ ਤੇ ਉਸ ਭਰਾ ਨੂੰ ਕੈਦ ਕਰਵਾ ਦਿਤਾ। ਬੈਰਕ ਤਿਆਗੀ ਦਾ ਇਹ ਭਾਵ ਜਾਪਦਾ ਹੈ । ਕਵੀ ਜੀ ਦੇ ਲਫਜ਼ਾਂ 'ਬੰਦ ਕਰ ਆਗੀ' ਦਾ ਭਾਵ ਇਹ ਹੈ ਕਿ ਹੱਥ ਜੋੜ ਕੇ ਮੀਰਾਂ ਸ਼ਾਹ ਦੀ ਸੇਵਾ ਭਾਵੇਂ ਕਰਦ ਸੀ ਤੇ ਸਾਧਨ ਕਰਨੇ ਜਾਣਦਾ ਸੀ ਪਰ ਪੁਰਾਣੀ ਵਾਦੀ (ਖੋਟ ਦੀ) ਨਾ ਗਈ, ਲਾਲਚ ਵਿਚ ਆਕੇ ਰਾਜਮਦ ਵਿਚ ਫੁੱਲ ਗਿਆ। ਰੱਬ ਦਾ ਰਸਤਾ ਜਾਣਕੇ ਭੁੱਲ ਗਿਆ ਤੇ ਭਰਾ ਮਾਰਕੇ ਬੀ ਰਾਜ ਲੈ ਲਿਆ। ਇਤਿਹਾਸਕਾਰਾਂ ਨੇ ਮੰਨਿਆਂ ਹੈ ਕਿ ਔਰੰਗਜ਼ੇਬ ਪਹਿਲੀ ਉਮਰ ਫਕੀਰਾਂ ਦੀ ਮੁਹਬਤ ਵਿਚ ਰਿਹਾ ਹੈ, ਭਗਤੀ ਦੇ ਖਿਆਲ ਬੀ ਰਖਦਾ ਸੀ ਤੇ ਕਦੇ ਫਕੀਰ ਬਣਨ ਨੂੰ ਬੀ ਤਿਆਰ ਸੀ, ਪਰ ਰਾਜ ਦੀ ਤ੍ਰਿਸ਼ਨਾ ਨੇ ਉਸ ਤੋਂ ਬੜੇ ਬੜੇ ਪਾਪ ਕਰਵਾਏ। (ਅ) 'ਬੰਦ ਕਰ ਆਗੀ......' ਦਾ ਇਹ ਭਾਵ ਬੀ ਹੋ ਸਕਦਾ ਹੈ ਕਿ ਫੇਰ 'ਔਰੰਗਜ਼ੇਬ ਨੇ ਅੰਗਰੇਜ਼ਾਂ ਨੂੰ ਆਪਣੀ ਨੌਕਰੀ ਤੋਂ ਬੰਦ ਕਰ ਦਿਤਾ, ਪਰ ਫੇਰ ਓਹ ਮੀਰਾਂਸ਼ਾਹ ਦੀ ਨੌਕਰੀ ਵਿਚ ਲਾਏ'। ਮੀਰਾਂਸ਼ਾਹ ਤੇ ਮੁਰਾਦ 'ਮੇਹਰੁੱਨਿਸਾ' ਔਰੰਗਜ਼ੇਬ ਦੀ ਲੜਕੀ ਦੀ ਹੋਵੇ ਕਿ ਉਸ ਦੀ ਬੀਮਾਰੀ ਵੇਲੇ ਕਿਸੇ ਅੰਗਰੇਜ਼ ਡਾਕਟਰ ਨੇ ਸੇਵਾ ਕੀਤੀ ਹੋਵੇ। ਪਰ ਇਹ ਭਾਵ ਅਗਲੀਆਂ ਸਤਰਾਂ ਨਾਲ ਢੁਕਦਾ ਨਹੀਂ। ( ੲ ) ਇਸ ਦਾ ਇਕ ਪਾਠਾਂਤ੍ਰ ਸੌ ਸਾਖੀ ਦੇ ਇਕ ਗਿਆਨੀ ਤੋਂ ਐਉਂ ਬੀ ਸੁਣਿਆ ਹੈ:–'ਤਬੈ ਨੌਰੰਗਾ ਏ ਚਿਤ ਤਿਆਗੀ', ਭਾਵ-ਰਾਜ ਵੱਲੋਂ ਉਦਾਸ ਤੇ ਤਿਆਗੀ ਹੋਕੇ।

Sri Satguru Jagjit Singh Ji eLlibrary NamdhariElibrary@gmail.com

ਲਹਿ ਦੁਖ ਰਾਸੀ*। ਤਜਹਿੰ ਕਲੇਵਰ[1] ਹਮ ਜਿਸੁ ਬੇਰ। ਬੀਤੈ ਬਰਖ
ਤਿਤਾਲੀ ਕੇਰ॥੨੦॥ਝਾੜਝਾੜ ਮੈਂ ਸਿੰਘ ਉਠੇ ਹੈਂ।ਜਿਤ ਕਿਤ ਸੰਘਰ ਭੀਮ
ਮਰੇ ਹੈਂ†। ਲੂਟਤਿ ਕੂਟਤਿ ਮਾਰਤਿ ਮਰੈਂ। ਸੀਸ ਅੰਤ,ਗਿਣਤੀ ਕੋ ਕਰੈ[2]
॥ ੨੧॥ ਜਬਹੁ ਅਠਾਰਾਂ ਸੈ ਹੁਇੰ ਪੂਰੇ‡।ਲੂਟਹਿ ਕੌਮ ਘਰਿ ਦੂਰਹਿੰ ਦੂਰੇ।
ਚਾਲੀ ਬਰਖ ਬਿਤੇ ਹਮ ਪਾਛੈ। ਪਸ਼ਚਮ ਦਿਸ਼ਿ ਤੇ ਆਵਨਿ ਬਾਂਛੈ॥੨੨ ॥
ਜਵਨ ਕੰਧਾਰੀ ਆਵੈ ਜਾਂਹਿ[3]।ਉਜਰਹਿ ਘਨੇ ਦੇਸ਼ ਦੁਖ ਪਾਹਿਂ‡।ਉੱਨੀਸੈ
ਸੰਮਤ ਜਬਿ ਹੋਇ। ਜੀਵਹਿ ਤੁਰਕ ਰਾਜ ਸਭਿ ਖੋਇ[4] ॥ ੨੩ ॥ ਮਾਰ
ਕੂਟ ਪੂਰਬ ਤੇ ਧਾਵਹਿ।ਸੈਨ ਪਿਆਦੀ ਈਸਹਿ ਆਵਹਿ।ਮਿਲਹਿ ਖਾਲਸਾ
ਆਪਨ ਫੂਟ[5]। ਨਰ ਨਾਰੀ ਘਰ ਸਗਰੇ ਟੂਟ ॥ ੨੪ ॥ ਸ਼ਸਤ੍ਰਨ ਛੋਰਿ
ਬਿੱਪ੍ਰਨ ਸਮ ਰਹੈਂ।ਬੇਮੁਖ ਸਿੱਖਤਬਹਿ ਦੁਖ ਲਹੈਂ।ਪੰਥ ਰਚਨ ਮੈਂ ਕਾਹਲ
ਹੋਈ§।ਕਿਤਿਕ ਬਰਖ ਆਗੈ ਲਖਿ ਸੋਈ ॥ ੨੫ ॥ ਧਾਂਤੇ ਸੰਕਟ ਕੋ ਕੁਛ
ਪਾਇ। ਹੋਹਿ ਖਾਲਸਾ ਛਿਤ ਰਹਿ ਜਾਇ[6]। ਆਇ ਕੰਧਾਰੀ[7] ਇਕ ਬਲ
ਭਾਰੀ[]। ਸਿੰਘਨਿ ਅਨਗਨ ਕੋ ਦੇ ਮਾਰੀ॥੨੬॥ਕਟਹਿੰ ਸੀਸ ਕੇ ਲਗਹਿੰ

[1]ਸਰੀਰ ਤਿਆਗਾਂ ਗੇ। [2]ਕੌਣ ਗਿਣਤੀ ਕਰੇ ?। [3]ਕੰਧਾਰ ਦਾ ਮੁਸਲਮਾਨ (ਦੁਰਾਨੀ ਅਹਮਦ
ਸ਼ਾਹ)। [4](ਸੰਮਤ ੧੯੦੦ ਅਰਥਾਤ ਸੰਨ ੧੮੪੩ ਈ: ਵਿਚ ਦਿੱਲੀ ਦਾ) ਤੁਰਕ (ਪਾਤਸ਼ਾਹ
ਬਹਾਦਰ ਸ਼ਾਹ ਜ਼ਫਰ ਜੀਉਂਦਾ ਸੀ ਪਰ)ਰਾਜ ਸਾਰਾ ਗੁਆਚ ਚੁਕਾ ਸੀ(ਦਿੱਲੀ ਵਿਚ ਉਹ ਨਾਉਂ
ਧ੍ਰੀਕ ਸ਼ਾਹ ਸੀ, ਹਕੂਮਤ ਲਗਪਗ ਅੰਗਰੇਜ਼ਾਂ ਦੇ ਹੱਥ ਵਿਚ ਸੀ)। [5]ਆਪ ਫੁੱਟਕੇ। [6]ਖਾਲਸਾ
ਧਰਤੀ ਤੇ ਰਹਿ ਜਾਏਗਾ (ਬਿਲਕੁਲ ਨਾਸ਼ ਨਹੀਂ ਹੋਵੇਗਾ)। [7]ਇਹ ਇਸ਼ਾਰਾ ਅਹਿਮਦ ਸ਼ਾਹ
ਅਬਦਾਲੀ ਵਲ ਹੈ ਜਿਸਦਾ ਰਾਜ ਸਮਾਂ ੧੮੦੪ ਸੰਮਤ ਤੋਂ ੧੮੩੦ ਤੱਕ ਦਾ ਹੈ।

*ਪਾ:—ਸੁਖ ਰਾਸੀ। †ਸੌ ਸਾਖੀ ਦਾ ਪਾਠ ਹੈ:—ਭੀਮ ਸਿੰਘ ਮਾਰੇਗਾ ਨਗਰ।

‡ਇੱਥੇ 'ਸੰਮਤ' ਤ੍ਰੈ ਦਿੱਤੇ ਹਨ:—(੧) ਸਾਥੋਂ ੪੩ ਵਰ੍ਹੇ ਮਗਰੋਂ ਅਰਥਾਤ ੧੮੦੯।
(੨) ੧੯੦੦ ਸੰਮਤ।(੩) ਸਾਥੋਂ ੪੦ ਵਰ੍ਹੇ ਮਗਰੋਂ ਅਰਥਾਤ ੧੮੦੫,ਇਨ੍ਹਾਂ ਨੂੰ ਤਰਤੀਬਵਾਰ
ਸਮਝ ਲਏ ੧੯੦੦ ਵਾਲੀ ਗਲ ਪਹਿਲੋਂ ਤੇ ਫੇਰ ੧੮੦੫ ਵਾਲੀ ਤੇ ਫੇਰ ੧੮੦੮ ਵਾਲੀ
ਸਮਝ ਲੈਣੀ ਚਾਹੀਏ। ਅਹਿਮਦ ਸ਼ਾਹ ਅਬਦਾਲੀ ਨੇ ਸੰਮਤ ੧੮੦੪ ਦੇ ਲਗਪਗ ਤੋਂ ਲੈਕੇ
ਬੀਸ ਬਰਸ ਵਿਚ ਅਨੇਕ ਹਮਲੇ ਕੀਤੇ ਹਨ, ਜਿਨ੍ਹਾਂ ਵਿਚ ੧੮੧੮ ਦਾ ਘੱਲੂਘਾਰਾ ਸੀ ਜੋ
ਕੁਪਰਹੀੜੇ ਦੇ ਟਿਕਾਣੇ ਪਰ ਸਿੱਖਾਂ ਨਾਲ ਭਾਰੀ ਜੁੱਧ ਹੋਇਆ, ਜਿਸ ਵਿਚ ਪੰਝੀ ਤ੍ਰੀਹ ਹਜ਼ਾਰ
ਸੂਰਮੇ ਖੇਤ ਰਹੇ ਦੱਸੀਦੇ ਹਨ। ਅਹਿਮਦ ਸ਼ਾਹ ਦੀ ਫੌਜ ਬੀ ਇਤਨੀ ਕੁ ਹੀ ਮਰੀ ਦੱਸੀਦੀ ਹੈ।

§ਸੌ ਸਾਖੀ ਇਸ ਕਾਹਲੀ ਦੇ ਬਰਸ ਸੱਤ ਦੱਸਦੀ ਹੈ।

[]ਸੌ ਸਾਖੀ ਵਿਚ ਏਥੇ ਹੁਣ ਦਲੀਪ ਸਿੰਘ ਦਾ ਨਾਮ ਤੇ ਰਾਮ ਸਿੰਘ ਬਾਗੀ ਸੁਤ ਦਾ

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

Sri Satguru Jagjit Singh Ji eLlibrary NamdhariElibrary@gmail.com

ਅੰਬਾਰਾ।ਆਰੋ ਜਾਹਿ ਤੇਜ ਧਰਿ ਭਾਰਾ।ਮਥਰਾ ਕਤਲ ਕਰੈ ਇਕ ਬਾਰੀ*।
ਦੇਹਿ ਦੇਸ਼ ਕੋ ਡਰ ਬਲ ਧਾਰੀ ॥ ੨੭ ॥ ਸਹੈ ਨ ਤੇਜ ਤਾਂਹਿ ਕਹੁ ਕੋਈ।
ਧਰਪਰ ਫਿਰਹਿ ਜ਼ੋਰ ਭਰਿ ਸੋਈ।'ਸੁਨਿ ਸਿੰਘਨ ਸਭਿ ਜੋਰੇ ਹਾਥ।'ਤਬਹਿ
ਖਾਲਸਾ ਰਹਿ ਕਿਮ ਨਾਥ? ॥ ੨੮ ॥ ਮਹਾਂ ਸ਼ੱਤ੍ਰ ਜਬਿ ਗਾਰਜਹਿ ਸਾਰੇ।
ਖੋਜ ਖੋਜ ਜਬਿ ਸਿੰਘਨਿ[1] ਮਾਰੇ। ਅਬਚਲ ਪੰਥ ਰਚਯੋ ਤੁਮ ਸੁਾਮੀ। ਤਬਿ
ਕਿਮ ਥਿਰ ਹ੍ਵੈ ਅੰਤਰਜਾਮੀ ?' ॥੨੯॥ ਸੁਨਿ ਪ੍ਰਭੁ ਬਹੁਰ ਸੁਨਾਇਂ ਭਵਿੱ-
ਖਨ। ਜਿਸ ਤੇ ਧੀਰ ਲਈ ਗਨ ਸਿੱਖਨ।"ਕ੍ਰਿਸ਼ਨ ਚੰਦ[2] ਜੋਧਾ ਭੁਜ ਭਾਰੀ।
ਜਰਾਸੰਧ ਭਾਜਯੋ ਬਹੁ ਬਾਰੀ ॥੩੦॥ ਨ੍ਰਿਪ ਨੇ[3] ਨਿਜ ਸਹਾਇਤਾ ਕਾਰਨ।
ਕਾਲਜਮਨ[4] ਕਰਿ ਸਖਾ ਹਕਾਰਨ।ਹਬਸ ਵਲਾਇਤ ਜਹਿਂ ਤਨੁ ਕਾਰੇ[5]।
ਮੋਟੇ ਹੋਠ ਨਾਕ ਚਪਟਾਰੇ[6] ॥ ੩੧ ॥ ਤਿਹ ਕੋ ਸ਼ਾਹੁ[7] ਚਢਯੋ ਬਲਿ ਭਾਰੀ।
ਲਰਨ ਕ੍ਰਿਸ਼ਨਕੌਲੀਨਿ ਹਕਾਰੀ[8]।–ਮਥਰਾ ਹਤੌਂ ਲੂਟ ਸਭਿ ਕਰੌਂ। ਇਹੀ

[1]ਸਿੰਘਾਂ ਨੂੰ। [2](ਦੁਆਪਰ ਦੇ ਅੰਤ ਵਿੱਚ)। [3]ਭਾਵ ਜਰਾਸੰਧ ਨੇ। [4]ਹਿੰਦੂ ਲੇਖਕਾਂ ਮੂਜਬ ਯਵਨਾ ਦਾ ਇਕ ਰਾਜਾ ਦੇਖੋ ਹਰੀਵੰਸ਼)। ਪੱਛਮੀ ਲੇਖਕ ਇਸ ਨੂੰ ਫਾਰਸ ਦਾ ਰਾਜਾ ਖਿਆਲ ਕਰਦੇ ਹਨ, ਕਵੀ ਜੀ ਇਸ ਨੂੰ ਹਬਸ਼ ਦਾ ਰਾਜਾ ਦੱਸਦੇ ਹਨ। ਗ਼ਾਲਬਨ ਇਹ ਈਰਾਨ ਆਦਿ ਇਲਾਕਿਆਂ ਦਾ ਕੋਈ ਯੂਨਾਨੀ ਯੋਧਾ ਹੋਣਾ ਹੈ, ਅਗੇ ਚੱਲਕੇ ਅਹਿਮਦ ਸ਼ਾਹ ਅਬਦਾਲੀ ਨੂੰ ਇਸੇ ਕਾਲਜਮਨ ਦਾ ਅਵਤਾਰ ਦੱਸਦੇ ਹਨ। [5]ਹਬਸ਼ ਵਲੈਤ ਜਿਥੇ ਕਾਲੇ ਤਨਾਂ ਵਾਲੇ ਰਹਿੰਦੇ ਹਨ [ਅਫਰੀਕਾ ਵਿਚ ਹਬਸ਼ (ਐਬੇਸਿਨੀਆ) ਨਾਮੇ ਦੇਸ਼ ਹੈ ਜਿੱਥੋਂ ਦਿਆਂ ਨੂੰ ਹਬਸ਼ੀ ਕਹਿੰਦੇ ਹਨ]। [6]ਚਪਟੇ। [7]ਕਾਲਜਮਨ। [8]ਭਾਵ ਕ੍ਰਿਸ਼ਨ ਨਾਲ ਲੜਨ ਵਾਸਤੇ ਜਰਾਸੰਧ ਨੇ ਸੱਦ ਲਿਆ।

*ਲਗ ਪਗ ਸੰ: ੧੮੧੩ ਬਿ: ਵਿਚ ਮਥਰਾ ਲੁਟੀ ਸੀ।

(ਪਿਛਲੇ ਪੰਨੇ ਦੀ ਬਾਕੀ ਟੂਕ)

ਜ਼ਿਕਰ ਹੈ ਅਤੇ ਸੰਭਲ ਵਿਚ ਕਲਕੀ ਰੂਪ ਹੋਣ ਦਾ ਵਾਕ ਤੇ ਗੁਰੂ ਜੀ ਦਾ ਬ੍ਰਾਹਮਣ ਦੇ ਘਰ ਅਵਤਾਰ ਆਦਿ ਪ੍ਰਸੰਗ ਹਨ ਜੋ ਇਸ ਥਾਵੇਂ ਕਵਿ ਜੀ ਨੇ ਨਹੀਂ ਦਿੱਤੇ। ਸਪਸ਼ਟ ਜਾਪਦਾ ਹੈ ਕਿ ਕਵਿ ਜੀ ਪਾਸ ਜੋ ਨੁਸਖਾ ਸੌ ਸਾਖੀ ਦਾ ਸੀ ਉਸ ਵਿਚ ਇਸੇ ਕੰਧਾਰੀ ਅਹਿਮਦਸ਼ਾਹ ਦਾ ਪ੍ਰਸੰਗ ਸੀ (ਜੋ ਸੰਮਤ ੧੮੦੪ ਵਿਚ ਕੰਧਾਰ ਦਾ ਮਾਲਕ ਹੋਇਆ)। ਉਹ ਪ੍ਰਸੰਗ ਅੱਗੇ ਪਿੱਛੇ ਕਰਕੇ ਆਖੇਪਕਾਰਾਂ ਨੇ ਸੌ ਸਾਖੀ ਵਿਚ ਮਹਾਰਾਜਾ ਦਲੀਪ ਸਿੰਘ, ਬਾਬਾ ਰਾਮ ਸਿੰਘ ਜੀ ਤੇ ਹੋਰ ਪ੍ਰਸੰਗ ਆਖੇਪ ਕਰਕੇ ਪਾਏ ਹਨ। ਕਵਿ ਜੀ ੧੯੦੦ ਵਿਚ ਗੁਜ਼ਰੇ ਹਨ, ਮਹਾਰਾਜਾ ਦਲੀਪ ਸਿੰਘ ਜੀ ੧੯੦੨ ਵਿਚ ਗੱਦੀ ਬੈਠੇ ਹਨ, ਪੁਰਾਣੀ ਸੌ ਸਾਖੀ ਜੋ ਅਸਾਂ ਡਿੱਠੀ ਹੈ ਉਸਦਾ ਸੰਮਤ ਲਿਖਤ ਦਾ ੧੯੦੫ ਹੈ। ਇਥੋਂ ਪਤਾ ਲੱਗ ਗਿਆ ਕਿ ਸੌ ਸਾਖੀ ਜਿਸ ਦਾ ਪਹਿਲਾ ਨਾਮ ਰਤਨ ਮਾਲ ਹੈ ਤੇ ੧੭੯੧ ਵਿਚ ਲਿਖੀ ਗਈ ਦੱਸੀਦੀ ਹੈ, ਉਸ ਵਿਚ ਖੂਬ ਆਖੇਪ ਹੋਏ ਹਨ। ਕਵੀ ਜੀ ਪਾਸ ਜੋ ਕਾਪੀ ਸੀ ਉਹ ਬੀ ਆਖੇਪਾਂ ਵਾਲੀ ਸੀ, ਜੋ ਹੁਣ ਮਿਲਦੀ ਹੈ ਉਸ ਵਿਚ ਕਵਿ ਜੀ ਤੋਂ ਮਗਰੋਂ ਹੋਰ ਬੀ ਆਖੇਪ ਖੁੱਲ੍ਹੇ ਦਿਲ ਹੋਏ ਹਨ।

Sri Satguru Jagjit Singh Ji eLlibrary NamdhariElibrary@gmail.com

ਮਨੋਰਥ ਮਨ ਮਹਿਂ ਧਰੈਂ—॥੩੨॥ਜਬਿ ਭਟ ਭੇਰ ਦੁਹਨਿ ਕੌ ਹੋਵਾ।[1]ਜਮਨ ਅਪਾਵਨ ਤਨ ਕੋ ਜੋਵਾ। ਛੁਵੈ ਨ ਅੰਗ ਸੰਗ ਮਤਿ ਮੂਢਾ। ਚਲੇ ਭਾਜ ਆਸ਼ੈ ਧਰਿ ਗੂਢਾ[1] ॥੩੩॥ ਸੈਲ ਕੰਦਰਾ ਮਹਿਂ ਮੁਚਕੰਦਾ[2]। ਸੁਪਤਿ ਪਰਯੋ ਧਰ ਨੀਂਦ ਬਿਲੰਦਾ। ਰਣ ਕਰਿ ਸੁਰਹਿਤ,ਬਰ ਕੋ ਪਾਇ।—ਮੋਹਿ ਜਗਾਇ ਜੁ ਜਰਬਰ ਜਾਇ—॥੩੪॥[3] ਤਹਾਂ ਪਹੁੰਚਿ ਸ੍ਰੀ ਕ੍ਰਿਸ਼ਨ ਮੁਰਾਰੀ। ਤਤਛਿਨ ਬਲ ਤੇ ਲਾਤ ਪ੍ਰਹਾਰੀ[4]।ਉਠਿ ਰਿਸ ਤੇ ਤਿਨ ਲੋਚਨ ਖੋਲੇ[5]।ਜਰਯੋ ਜਮਨ, ਹੋਇ ਹਰਿ ਓਲੇ[6]॥੩੫॥ਹਤਨ ਮਨੋਰਥ ਮਥਰਾ ਕੇਰਾ।ਲੇਕਰਿ ਮ੍ਰਿਤਕ ਭਯੋ ਤਿਸੁਬੇਰਾ।ਜਨਮੈ ਗੋ ਸੋ ਦੇਸ਼ ਕੰਧਾਰਾ[7]।ਨਾਦਰਸ਼ਾਹ ਆਪ ਕਰਮਾਰਾ[8]॥੩੬ ॥ਸੋ[9] ਪੰਜਾਬ ਦੇਸ਼ ਪਰ ਆਵਹਿ।ਨਰਨ ਖਸੋਟਹਿ ਊਜਰ ਜਾਵਹਿ[10]। ਦਲ ਲੇ ਬਲ ਕਰਿ ਅੱਗ੍ਰ ਸਿਧਾਰਹਿ। ਡੰਡਹਿ ਸਭਿਨਿ ਅਰਹਿ ਜੋ ਮਾਰਹਿ॥ ੩੭॥ਮਥਰਾ ਕਰਹਿ ਕਤਲ ਤਹਿਂ ਜਾਇ।ਪ੍ਰਥਮ ਮਨੋਰਥ[11] ਕੋ ਸਫਲਾਇ। ਮਮ ਘਰ ਸੰਗ ਖਿਸਹਿ ਜਿਸੁ ਕਾਲਾ[12]। ਥਿਰਹਿ ਨ ਪੁਨ[13] ਬਿਨਸੈ ਸੁ ਉਤਾਲਾ॥ ੩੯ ॥ ਸ੍ਰਾਪ ਗੁਰੂ ਅਰਜਨ ਜੀ ਕਹਯੋ।—ਬਨਹਿ ਬਹੁਰ ਹਰਿ ਮੰਦਰ—ਰਹਯੋ।ਯਾਂਤੇਕਰੈ ਬਿਦਾਰਨਿ ਸੋਇ।ਬਹੁਰ ਖਾਲਸੇਕਰ ਤੇ ਹੋਇ[14]॥

[1]ਕ੍ਰਿਸ਼ਨ ਜੀ ਨੇ ਕਾਲ ਜਮਨ ਦਾ ਤਨ ਅਪਵਿਤ੍ਰ ਸਮਝਕੇ, ਕਿ ਮਤਾਂ ਮੂਰਖ ਸਾਡੇ ਅੰਗਾਂ ਨਾਲ ਛੁਹ ਨਾ ਜਾਵੇ, ਭੱਜ ਟੁਰੇ। [2]ਇਕ ਰਾਜਾ ਦਾ ਨਾਮ। [3]ਕਵਿ ਜੀ ਦਾ ਭਾਵ ਇਹ ਜਾਪਦਾ ਹੈ ਕਿ ਕ੍ਰਿਸ਼ਨ ਜੀ ਨੇ ਸੁਤੇ ਪਏ ਮੁਚਕੰਦ ਨੂੰ ਲੱਤ ਮਾਰੀ ਤੇ ਆਪ ਛਪ ਗਏ ਮੁਚਕੰਦ ਰਾਜੇ ਦੀ ਨਜ਼ਰ ਕਾਲਜਮਨ ਤੇ ਪਈ ਓਨ ਜਾਤਾ ਕਿ ਮੈਨੂੰ ਕਾਲਜਮਨ ਨੇ ਜਗਾਇਆ ਹੈ ਸੋ ਉਸ ਦੀ ਕੋਪ ਦ੍ਰਿਸ਼ਟੀ ਨਾਲ ਕਾਲਜਮਨ ਸੜ ਮੋਇਆ। ਮੁਚਕੰਦ ਰਾਜਾ ਵਰ ਲੈਕੇ ਸੁੱਤਾ ਪਿਆ ਸੀ—ਕਿ ਜੋ ਤੈਨੂੰ ਜਗਾਵੇਗਾ ਸੜ ਜਾਵੇਗਾ—ਪਰੰਤੂ ਕਥਾ ਐਉਂ ਬੀ ਹੈ ਕਿ ਕ੍ਰਿਸ਼ਨ ਜੀ ਨੇ ਸੁੱਤੇ ਪਏ ਮੁਚਕੰਦ ਤੇ ਅਪਨਾ ਪੀਤਾਂਬਰ ਪਾ ਦਿਤਾ ਤੇ ਆਪ ਛਿਪ ਗਏ, ਕਾਲਯਮਨ ਨੇ ਉਸਨੂੰ ਕ੍ਰਿਸ਼ਨ ਜੀ ਸਮਝਕੇ ਲੱਤ ਮਾਰੀ ਤਾਂ ਮੁਚਕੰਦ ਦੀ ਕੋਪ ਦ੍ਰਿਸ਼ਟੀ ਨਾਲ ਕਾਲਜਮਨ ਸੜ ਮੋਇਆ। [4]ਛੇਤੀ ਨਾਲ ਜ਼ੋਰ ਦੀ ਲਤ ਮਾਰੀ। [5](ਮੁਚਕੰਦ ਰਾਜਾ ਨੇ) ਨੇਤ੍ਰ ਖੁਹਲੇ। [6]ਕ੍ਰਿਸ਼ਨ ਓਲ੍ਹੇ ਹੋ ਗਿਆ। [7]ਉਹ ਕਾਲ ਜਮਨ (ਅਹਿਮਦ ਸ਼ਾਹ ਹੋਕੇ) ਕੰਧਾਰ ਵਿਚ ਜੰਮੇਗਾ। [8]ਨਾਦਰ ਸ਼ਾਹ ਨੂੰ ਆਪਣੇ ਹਥੀਂ ਮਾਰੇਗਾ (ਇਹ ਖਿਆਲ ਗ਼ਲਤ ਹੈ, ਨਾਦਰ ਸ਼ਾਹ ਨੂੰ ਅਹਿਮਦ ਸ਼ਾਹ ਨੇ ਨਹੀਂ ਮਾਰਿਆ, ਉਸ ਦੀ ਅਪਣੀ ਕੌਮ ਦੇ ਆਦਮੀਆਂ ਨੇ ਉਸ ਨੂੰ ਮਾਰਿਆ ਸੀ। ਉਸ ਦੇ ਮਰਨ ਪਰ ਅਹਿਮਦ ਸ਼ਾਹ ਜੋ ਉਸ ਦਾ ਇਕ ਸਰਦਾਰ ਸੀ, ਕੰਧਾਰ ਆ ਕੇ ਪਾਤਸ਼ਾਹ ਬਣ ਗਿਆ ਸੀ)। [9]ਭਾਵ ਅਹਿਮਦ ਸ਼ਾਹ। [10]ਉਜੜ ਜਾਏਗਾ (ਪੰਜਾਬ)। [11]ਕਾਲ ਜਮਨ ਵਾਲੇ ਪਹਿਲੇ ਮਨੋਰਥ ਨੂੰ। [12]ਮੇਰੇ ਘਰ (ਸ੍ਰੀ ਅੰਮ੍ਰਿਤਸਰ) ਨਾਲ ਕ੍ਰੋਧ ਕਰੇਗਾ ਜਿਸ ਵੇਲੇ (ਅਹਿਮਦ ਸ਼ਾਹ)। [13]ਆਪ ਥਿਰੇਗਾ ਨਹੀਂ। [14]ਫੇਰ ਖਾਲਸੇ ਦੇ ਹੱਥੋਂ ਉਸਰੇਗਾ (ਹਰੀ ਮੰਦਰ)।

੩੯॥ਮਮ ਘਰ ਬਿਗਰਹਿ ਦੋਸ਼ ਘਨੇਰਾ[1]। ਲਗਹਿ ਮੂਢ ਕੋ ਬਿਨਸੈ ਫੇਰਾ[2]।
ਰਚਹੋ ਅਕਾਲ ਖਾਲਸਾ ਬਲੀ।ਹਤਿ ਲੈ ਹੈਂ ਤਿਸ ਕੋ ਬਿਧਿ ਭਲੀ ॥ ੪੦॥
ਦੇਂ ਪੰਜਾਬ ਤੇ ਤੁਰਤ ਨਿਕਾਸ। ਬਹੁਰ ਨ ਆਵਨ ਕੀ ਰਖਿ ਆਸ। ਗਰ-
ਜਹਿ ਪੰਥ ਫੇਰ ਟਿਕ ਰਾਜੂ। ਪ੍ਰਗਟਹਿਂ ਬੀਰ[3] ਸਿੰਘ ਸੁਖਰਾਜੂ*॥ ੪੧॥
ਕਥਾ ਭਵਿੱਖਯਤ ਗੁਰੂ ਸੁਨਾਈ। ਪਠਨਿ ਸੁਨਨਿ ਬਹੁ ਪੁੰਨ ਉਪਾਈ।
ਸਹਿਜ ਸੁਭਾਇ ਪ੍ਰਭੂ ਚਲਿ ਆਏ।ਸੁੰਦਰ ਸਦਨ ਪ੍ਰਵੇਸ਼ਿ ਸੁਹਾਏ ॥੪੨।
ਕੇਹਰਿ ਜਥਾ ਕੰਦਰਾ ਬਿਖੈਂ[4]।ਜਿਤਕਿਤ ਤੇ ਰਿਪੁ ਗਨ ਇਮ ਪਿਖੈਂ।ਸੁਪਤਿ
ਜਥਾ ਸੁਖ ਰਾਤਿ ਬਿਤਾਈ।ਸਭਿ ਸੰਗਤਿ ਸੁਨਿ ਸੁਨਿ ਬਿਸਮਾਈ ॥ ੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸ੍ਰੀ ਗੁਰ ਭਵਿੱਖਤ' ਪ੍ਰਸੰਗ ਬਰਨਨੰ ਨਾਮ ਸਪਤਤ੍ਰਿੰਸਤੀ ਅੰਸੂ ॥੩੭॥

## ੩੮. [ਲਿਪਣੀ ਸਿੰਘ ਨੂੰ ਤਮਾਚਾ]।

ਦੋਹਰਾ ॥ ਪ੍ਰਾਤਿ ਸੌਚ ਮੱਜਨ ਕਰੇ ਅਲੰਕਾਰ ਕੋ ਧਾਰਿ। ਹੀਰੇ ਮੁਕਤਾ ਗੋਲ
ਜੋ ਸੋਹਤਿ ਸੇਤ ਉਦਾਰ ॥ ੧ ॥ ਨਿਸ਼ਾਨੀ ਛੰਦੁ॥ †ਸੇਤ ਧਰੈਂ ਦਸਤਾਰ ਸਿਰ
ਜਾਮਾ ਗਰ ਸੇਤਾ[5]। ਸੇਤ ਦੁਕੂਲ, ਸਫੂਲ ਸਿਤ[6], ਕਛ ਸੇਤ ਸਮੇਤਾ।

---

[1]ਮੇਰੇ ਘਰ ਨਾਲ ਵਿਗੜਨ ਦਾ ਦੋਸ਼ ਬਹੁਤ ਲੱਗੇਗਾ। [2]ਫੇਰ ਮੂਢ (ਅਹਿਮਦ ਸ਼ਾਹ) ਨਾਸ਼ ਹੋਵੇਗਾ। [3]ਸੂਰਮੇ। [4]ਜਿਵੇਂ ਕੰਦਰਾ ਵਿਚ ਸ਼ੇਰ ਚਲਾ ਜਾਂਦਾ ਹੈ (ਤਿਵੇਂ) ਚਲੇ ਗਏ ਘਰ (ਵਿਚ)। [5]ਗਲ ਵਿਚ ਚਿੱਟਾ ਜਾਮਾ। [6]ਚਿੱਟੇ ਫੁੱਲਾਂ ਵਾਲਾ ਚਿੱਟਾ ਰੇਸ਼ਮੀ ਕੱਪੜਾ [ਦੁਕੂਲ=ਸਣ, ਅਲਸੀ, ਰੇਸ਼ਮ ਦਾ ਕੱਪੜਾ। ਸਫੂਲਸਿਤ=ਚਿੱਟੇ ਫੁੱਲਾਂ ਵਾਲਾ, ਭਾਵ ਜਿਸ ਦੀ ਉਣਤ ਵਿਚ ਹੀ ਚਿੱਟੇ ਫੁੱਲ ਪੈ ਗਏ ਹੋਣ। (ਅ) ਸੇਤ ਦੁਕੂਲ=ਚਿੱਟਾ ਦੁਪੱਟਾ। ਸਫੂਲ ਸਿਤ=ਚਿੱਟੇ ਫੁੱਲਾਂ (ਦੀ ਮਾਲਾਂ)]।

*ਜੇ ਇਸ ਪਿਛਲੇ ਸਾਰੇ ਪ੍ਰਸੰਗ ਨੂੰ ਨਾਦਰ ਦੇ ਹਮਲੇ ਤੇ ਕਤਲਾਮ ਵਲ ਸਮਝਿਆ ਜਾਵੇ ਤਾਂ ਗ਼ਲਤ ਹੈ ਕਿਉਂਕਿ ਮਥਰਾ ਲੁੱਟਣੀ (ਲਗ ਪਗ ੧੮੧੩ ਬਿ: ਵਿਚ) ਤੇ ਹਰਿ ਮੰਦਰ ਦੀ ਬੇਅਦਬੀ (ਸੰਮਤ ੧੮੧੮ ਬਿ: ਵਿਚ) ਏਹ ਇਸ਼ਾਰੇ ਅਹਿਮਦ ਸ਼ਾਹ ਦੇ ਹਮਲੇ ਵੱਲ ਹੋ ਰਹੇ ਹਨ।

ਅਹਿਮਦ ਸ਼ਾਹ ਮੁੜਕੇ ਪਠਾਨ ਰਾਜ ਹਿੰਦ ਵਿਚ ਜਮਾ ਲੈਂਦਾ ਪਰ ਪੰਜਾਬ ਵਿਚੋਂ ਲੰਘ ਕੇ ਉਸ ਦੇ ਹਿੰਦ ਵਿਚ ਦਿੱਲੀਓਂ ਅਗੇ ਵਧਦੇ ਸਾਰ ਪੰਜਾਬ ਵਿਚ ਸਿੱਖਾਂ ਦੀ ਸ਼ੋਰਸ਼ ਉਸਨੂੰ ਆਪਣਾ ਇਰਾਦਾ ਪੂਰਨ ਨਹੀਂ ਸੀ ਕਰਨ ਦਿੰਦੀ। ਤਦ ਉਸ ਨੂੰ ਤੌਖਲਾ ਪੈ ਜਾਂਦਾ ਸੀ ਕਿ ਜੇ ਸਿਖ ਮੇਰਾ ਅਫ਼ਗਾਨਿਸਤਾਨ ਨਾਲ ਸੰਬੰਧ ਨਹੀਂ ਰਹਿਣ ਦੇਣਗੇ ਤਾਂ ਭਯਾਨਕ ਫਲ ਹੋਊ, ਇਸ ਕਰਕੇ ਛੇਤੀ ਪੰਜਾਬ ਨੂੰ ਮੁੜ ਪੈਂਦਾ। ਸਿੱਖਾਂ ਦਾ ਇਹ ਸਮਾਂ ਭਾਰੇ ਦੁੱਖਾਂ ਮੁਕਾਬਲਿਆਂ ਤੇ ਤਸੀਹਿਆਂ ਦਾ ਸੀ ਪਰ ਉਨ੍ਹਾਂ ਦੀ ਅਹਿੱਲ ਸੂਰਮਮਤੀ ਤੇ ਆਪਾਵਾਰ ਕੁਰਬਾਨੀਆਂ ਨੇ ਦੁਰਾਨੀਆਂ ਦੇ ਮਨਸੂਬੇ ਸਿਰੇ ਨਹੀਂ ਚੜ੍ਹਨ ਦਿੱਤੇ ਤੇ ਹਿੰਦ ਵਿਚ ਫੇਰ ਪਠਾਣ ਰਾਜ ਕਾਇਮ ਨਾ ਹੋਣ ਦਿੱਤਾ ਤੇ ਅੰਤ ਸਿੱਖਾਂ ਨੇ ਅਫ਼ਗਾਨਿਸਤਾਨ ਦੇ ਪੰਜਾਬ ਪਰ ਹਮਲੇ ਬੀ ਨਾਮੁਮਕਿਨ ਕਰ ਦਿੱਤੇ।

†ਇਥੋਂ ਸੌ ਸਾਖੀ ਦੀ ੧੯ਵੀਂ ਸਾਖੀ ਚਲੀ ਹੈ।

Sri Satguru Jagjit Singh Ji eLlibrary NamdhariElibrary@gmail.com

ਉਡਗਨ ਮਾਂਹਿ ਪੂਰਨ ਸਸੀ ਜਿਮ ਸੇਤ ਸੁਹਾਵੈ।ਤਿਮ ਬੈਠੇ ਵਿਚ ਸਭਾ ਕੇ ਸੇਵਕ ਮਨ ਭਾਵੈ ॥੨॥ ਭੀਤ ਨਿਕਟ ਇਕ ਸਭਾ ਕੇ ਨਿਤ ਲੇਪਹਿ ਸੋਈ। ਗੁਰ ਆਗੈ ਨਹਿ ਲਿਪੀ ਸੋ ਆਇ ਪਹਿਲੋਈ[1]। ਤਊ ਪ੍ਰਭੁ ਬੈਠੇ ਲਿਪਤਿ ਜਿਹ ਸਿਖ ਕੀ ਕਾਰੋ[2]। ਹੁਤੇ ਸਮੀਪੀ ਅਲਪ ਹੀ ਸੇਵਕ ਪਰਵਾਰੇ ॥ ੩ ॥ ਲੀਪਹਿ ਹਾਥ ਸੰਭਾਰਿਕੈ ਬਹੁ ਸ਼ੀਘ੍ਰ ਕਰੰਤਾ। ਭਈ ਦੇਰਿ ਉਰ ਸਮੁਝਿਕੈ ਗੁਰ ਤੇ ਡਰਪੰਤਾ। ਪੋਂਛਨੋਂ ਹਾਥ ਬਗਾਇ ਉਠ ਪੁਨ ਛੀਂਟ ਤੁਰੰਤੇ। ਗੁਰ ਜਾਮਾ ਸਿਤ ਗੁਰੂ ਕੇ ਤਹਿ ਪਰੀ ਪਿਖੰਤੇ॥੪॥ਸ਼੍ਰੀ ਮੁਖ ਤੇ ਤਤਕਾਲ ਹੀ ਇਸ ਭਾਂਤਿ ਉਚਾਰਾ। 'ਉਠਹੁ ਲੇਪਨੀ ਸਿੰਘ ਕੈ ਇਕ ਹਤਹੁ ਤਮਾਚਾ'। ਸੁਨਿ ਆਇਸੁ ਕੋ ਉਠੇ ਬਹੁ ਪਹੁੰਚੇ ਉਤਲਾਏ। ਹਤੇ ਤਮਾਚੇ ਸਭਿਨਿ ਹੂੰ ਤਿਸ ਹੋਸ਼ ਗਵਾਏ ॥੫॥ ਭਯੋ ਬਿਸੁਧ ਦੇਖਯੋ ਗੁਰੂ ਮਨ ਬਿਖੈ ਬਿਚਾਰਾ।–ਤਨਕ ਹੁਤੋ ਅਪਰਾਧ ਇਸ, ਸਭਿ ਨੇ ਬਹੁ ਮਾਰਾ–।ਖੇਦ ਅਧਿਕ ਜੁਤਿ ਜਾਨਿ ਕੈ ਪੁਨ ਬਾਕ ਬਖਾਨੇ। 'ਸਿਖ ਸੰਗਤਿ ਸਭਿ, ਗੁਰੂ ਕੀ ਆਇਸੁ ਕੌ ਮਾਨੇ ॥੬॥ ਤਦਪਿ ਸੁਨਹੁ ਤੁਮ ਸਿੰਘ ਸਭਿ ! ਇਹ ਸਿਖ ਗੁਰ ਕੇਰਾ। ਕੇਸਨ ਪਰ ਕਰਤਲ ਹਤੇ ਕਿਯ ਬੁਰਾ ਬਡੇਰਾ[3]। ਇਹੁ ਬਾਨਾ ਹੈ ਗੁਰੂ ਕੋ, ਤਾੜਹਿ ਕਰ ਜੋਈ[4]। ਸੋ ਗੁਰ ਕੋ ਬੈਰੀ ਅਹੈ ਲਖੀਐ ਸਭਿ ਕੋਈ ॥ ੭ ॥ ਕੀਨਿ ਅਨਰਥ ਗੁਨਾਹ ਬਡਿ ਕੇਸਨਿ ਪਰ ਮਾਰਾ। ਅਰੁ ਤੁਮ ਭਾਖੋ–ਤਿਮ ਕਰਯੋ ਜਿਮ ਗੁਰੂ ਉਚਾਰਾ[5]–। ਤਿਸ ਪਰ ਸੁਨੀਐ ਹਮ ਕਹਯੋ–ਇਕ ਉਠਿ ਕਰਿ ਮਾਰੋ–। ਤਨ ਪਰ ਹਤਨੋ ਉਚਿਤ ਥੋ ਜਿਨ ਪ੍ਰਥਮ ਉਭਾਰੋ[6]॥੮॥ਦੁਤੀਏ ਕੋ ਹਟ ਰਹਿਨ ਥੋ ਇਸ ਬਿਧਿ ਪਹਿਚਾਨੇ। ਗੁਰੂ ਬਚਨ ਪੂਰਨ ਭਯੋ ਜਿਮ ਕੀਨਿ ਬਖਾਨੋ। ਇਮ ਕਰਿਬੋ ਬਨਿ ਆਵਈ ਤੁਮ[7] ਸਭਿ ਨੇ ਮਾਰਾ। ਅਲਪ ਗੁਨਾਹੀ ਜਾਨੀਐ ਹੋਈ ਬਹੁ ਮਾਰਾ ॥ ੯ ॥ ਇਹ ਭੀ ਸਿਖ ਭਾਈ ਹੁਤੋ, ਤੁਮ ਭਲਾ ਨ ਕੀਨੋ। ਹੋਇ ਗਈ ਇਮ ਨੇਤ ਇਹੁ ਵਧ ਇਸ ਪਰ, ਚੀਨੋ[8]। ਯਾਂਤੇ ਤਨੁਜਾ ਆਪਨੀ ਦੇ ਕਰਿ ਹਰਖਾਵੈ[9]। ਸੁਨਿ ਸੰਗਤ

[1] ਗੁਰੂ ਜੀ ਦੇ ਅੱਗੋਂ ਪਹਿਲੇ ਆਕੇ ਲਿਪਣੀ ਸੀ ਸੋ ਲਿਪੀ ਨਹੀਂ ਗਈ ਸੀ। [2] ਤਾਂ ਭੀ ਸ਼੍ਰੀ ਗੁਰੂ ਜੀ ਦੇ ਬੈਠਿਆਂ ਹੀ ਲਿਪਣ ਲੱਗਾ ਉਹ ਸਿਖ ਕਿ ਜਿਸ ਦਾ ਇਹ ਕੰਮ ਸੀ। [3] ਹੱਥ ਦੀ ਤਲੀ ਭਾਵ ਤਮਾਚੇ ਮਾਰੇ, ਬੜਾ ਬੁਰਾ ਕੀਤਾ। [4] ਜੋ ਹਥਾਂ ਨਾਲ ਤਾੜੇਗਾ। [5] ਜੇ ਤੁਸੀਂ ਕਹੋ ਕਿ ਅਸੀਂ ਤਿਵੇਂ ਕੀਤਾ ਹੈ ਜਿਵੇਂ ਗੁਰੂ ਜੀ ਨੇ ਕਿਹਾ ਸੀ। [6] ਜਿਸ ਨੇ ਪਹਿਲਾਂ ਹੱਥ ਚੁਕਿਆ ਸੀ। [7] ਇਵੇਂ ਕਰਨਾ ਬਣਦਾ ਸੀ (ਪਰ) ਤੁਸਾਂ......। [8] ਨੇਤ ਨਾਲ ਵਧੀਕੀ ਹੋਈ ਹੈ ਇਸ ਪਰ, ਇਹ ਗਲ ਤੱਕੋ। [9] ਪ੍ਰਸੰਨ ਕਰੋ।

Sri Satguru Jagjit Singh Ji eLlibrary NamdhariElibrary@gmail.com

ਤ੍ਰੁਸ਼ਨ ਭਈ ਨਹਿ ਕਛੂ ਸੁਨਾਵੈ॥੧੦॥ਪਿਖਿ ਸ੍ਰੀ ਮੁਖ ਤੇ ਤਬਿ ਭਨ੍ਯੋ 'ਗੁਰ ਕੇ ਬਚ ਸਾਰੇ । ਮਾਨਹਿ ਤਬਿ ਹੁਇ ਸਿਖ ਤਾਂ[1], ਉਰ ਲੇਹੁ ਬਿਚਾਰੇ । ਤੁਸੀਂ ਕਾਮ ਕੌ[2] ਸਿੱਖ ਹੋ ਸਿੱਖੀ ਬਡ ਦੂਰੇਬਾਣਾ॥ਗੁਰ ਸਿਖ ਕੋ ਧਰਨੋ, ਲਖੀਯਤਿ ਸਿਖ ਰੂਰੇ' ॥ ੧੧ ॥ ਅਜਬ ਸਿੰਘ ਕੰਧਾਰ ਕੋ ਨਿਜ ਤਨੁਜਾ ਲ੍ਯਾਯੋ । ਗੁਰੂ ਅਗਾਰੀ ਖਰੀ ਕਰਿ 'ਲਿਹੁ ਪ੍ਰਭੂ!' ਅਲਾਯੋ॥ਸ੍ਰੀ ਮੁਖ ਕਹ੍ਯੋ 'ਨਿਹਾ-ਲ ਭਾ,ਸਿੱਖਾ! ਸੁਨਿ ਲੀਜੈ। ਗੁਰ ਹਜ਼ੂਰ ਸਿੱਖੀ ਰਖੀ ਸਭਿ ਮਹਿਂ ਪਰਖੀਜੈ' ॥ ੧੨॥ ਉਠ ਬੋਲ੍ਯੋ ਸਿੱਖ ਲੈਪਨੀ 'ਸਿਖ ਤਨੁਜਾ ਜੋਈ। ਮੋਕਉ ਉਚਿਤ ਨ ਬ੍ਯਾਹ ਕੇ ਭਗਨੀ ਸਮ ਹੋਈ'। ਸੁਨਿ ਤਬਿ ਬੋਲੀ ਕੰਨਿਕਾ[3]'ਗੁਰੁਬਾਕ ਬਖਾਨਾ । ਜਿਸ ਤੇ ਆਨੀ ਪਿਤਾ ਨੇ ਅਰਪਨਿ ਕੋ ਠਾਨਾ ॥ ੧੩ ॥ ਅਬਿ ਮੈਂ ਰਹੌਂ ਹਜ਼ੂਰ ਹੀ ਇਤ ਉਤ ਨਹਿ ਜਾਵੌਂ।ਸੇਵਹੁਂ ਸ੍ਰੀ ਗੁਰਦੇਵ ਕੋ ਮੈਂ ਸੁ-ਫਲ ਰਿਝਾਵੌਂ' । ਸਭਾ ਸੁਨਾਵਨਿ ਕਾਰਨੇ ਗੁਰ ਬਾਕ ਬਖਾਨੇ।'ਕੰਨਯਾ ਜਨੈ ਕਨੈਤ ਭੇ ਸੁਨਿ ਸੋ ਅੱਖ੍ਯਾਨੇ[4] ॥੧੪॥ ਕਲੀ ਕਾਲ ਪ੍ਰਬਿਰਤ੍ਯੋ ਜਬਿ ਦ੍ਵੈ ਬਰਖ ਹਜ਼ਾਰੇ । ਭਯੋ ਨੰਦ ਰਾਜਾ ਬਡੋ ਬਹੁ ਲੋਭ ਹੰਕਾਰੇ । ਮਹਾਰਾਜ[5] ਕਹਿਵਾਇ ਕੈ ਖੈਂਚ੍ਯੋ ਧਨ ਸਾਰਾ॥ਜਬਰੀ ਕਰਿ ਜਗ ਤੇ ਲਯੋ ਧਰਿ ਧਰਨਿ ਮਝਾਰਾ ॥੧੫॥ ਕਰ੍ਯੋ ਦਬਾਵਨਿ ਦਰਬ ਜਬਿ ਪਰਜਾ ਘਟ ਹੋਈ*। ਬੀਤ ਗਈ ਤਿਹ ਆਰਬਲ ਮ੍ਰਿਤੁ ਬਸਿ ਭਾ ਸੋਈ । ਤਿਸ ਪਸ਼ਚਾਤਿ ਮਹੀਪ ਭੇ ਬਧ ਭੋਗਤਿ ਬੀਤੇ।ਪੁਨ ਨ੍ਰਿਪ ਬਾਲਕ ਚੰਦ ਭਾ ਧਨ ਤੇ ਸਭਿ ਰੀਤੇ[6]॥੧੬ ॥ ਲੋਕ ਭਏ ਸਭਿ ਰੰਕ ਜਗ, ਗਨ ਦਰਬ ਬਿਹੀਨੇ । ਨਿਜ ਕੰਨਯਾਂ ਬਿਨ ਮੋਲ ਤੇ ਨਹਿ ਦੈਬੋ ਕੀਨੇ । ਸੈਨਾ ਕੇ ਨਰ ਬ੍ਯਾਹ ਬਿਨ ਸਗਰੇ ਅਕੁਲਾਏ। ਰਾਜਾ ਬਾਲਕ ਚੰਦ ਢਿਗ ਕਹਿ ਬਿਨੈ ਸੁਨਾਏ ॥੧੭ ॥—ਬਿਨਾ ਬ੍ਯਾਹ ਤੇ ਭਟ ਰਹੇ, ਤੁਵ ਰਾਜ ਮਝਾਰਾ॥ਸੰਤਤਿ ਭਈ ਨ ਕਿਸੂ ਤੇ, ਇਹੁ ਕਸ਼ਟ ਉ-ਦਾਰਾ॥ਜਾਚਹਿਂ ਮੋਲ ਬਿਸਾਲ ਕੋ, ਧਨ ਏਤਿਕ ਨਾਂਹੀ।ਦੇਤਿ ਅਲਪ ਤੁਮ ਨੌਕਰੀ ਧਾਂਤੇ ਕਿਤ ਜਾਂਹੀ[7]—॥ ੧੮॥ ਸੁਨਿ ਲੋਕਨਿ ਤੇ ਖੋਟ ਕੋ ਬਾਲਕ-ਚੰਦ ਭਾਖਾ ।—ਲੇਹੁ ਪੂਜਾ ਕੀ ਕੰਨ੍ਯਕਾ ਜਿਸੁ ਪਰ ਜਿਸੁ ਕਾਂਖਾ । ਰਾਖਹੁ

---

[1]ਭਾਵ ਸਿੱਖ ਤਦੋਂ ਹੀ ਹੋਈਦਾ ਹੈ ਜਦੋਂ ਗੁਰੂ ਦੇ ਸਾਰੇ ਬਚਨ ਮੰਨੀਏ ਤਾਂ........। [2]ਮਤਲਬ ਦੇ [3]ਕੰਨਯਾਂ। [4]ਕੰਨਿਆਂ ਦੇ ਜਣੇ ਹੋਏ ਕਨੈਤ ਜ਼ਾਤੀ ਦੇ ਹੋਏ, ਸੁਣੋ ਸੁ (ਕਨੈਤਾਂ ਦੀ) ਕਥਾ। [5](ਆਪ ਨੂੰ) ਮਹਾਰਾਜਾ ਅਖਵਾਕੇ। [6]ਧਨ ਤੋਂ ਖਾਲੀ ਸਨ ਸਾਰੇ। [7]ਕਿੱਥੇ ਜਾਣ। *ਪਾ:—ਤਬ ਰੋਈ

ਅਪਨੇ ਸਦਨ ਮਹਿਂ ਲਿਹੁ ਸੁਤ ਉਪਜਾਈ। ਭੋਗ ਭੋਗ ਮਨ ਭਾਵਤੇ ਆਨੰਦ ਵਧਾਈ-॥੧੯॥ਸੁਨਤਿ ਚਮੂੰ ਕੇ ਭਟ ਸਕਲ ਘਰ ਪ੍ਰਜਾ ਮਝਾਰ॥ ਪਰੇ ਕੂਦ ਕਰਿ ਲੇਨਿ ਕੋ ਕੀਨਸਿ ਨਿਜ ਦਾਰਾ। ਮਨ ਭਾਵਤਿ ਭੋਗੀ ਸਭਿਨਿ ਕੰਨਯਾਂ ਗਹਿ ਸੋਈ॥ਭਏ ਗਰਭ ਤਿਨ ਕੇ ਤਬੈ ਬੀਤੇ ਦਿਨ ਕੋਈ ॥ ੨੦ ॥ ਮਿਲਿ ਕਰਿ ਮਾਨਵ ਪ੍ਰਜਾ ਕੇ ਨ੍ਰਿਪ ਨਿਕਟ ਪੁਕਾਰੇ।-ਅਬਿ ਗਰਭਤਿ ਹੋਈ ਸਕਲ ਬਿਨ ਬਯਾਹੁ-ਉਚਾਰੇ। ਬਾਲਕਚੰਦ ਮਹੀਪ ਤਬਿ ਉਰਬਿਖੈ ਬਿਚਾਰਾ॥ਦਈ ਸੌਂਪ ਸਭਿ ਭਟਨ ਕੋ ਹਿਤ ਕਰਿਬੇ ਦਾਰਾ॥੨੧॥ ਤ੍ਰੈ ਭ੍ਰਾਤਨ ਕੋ ਇਕ ਲਈ, ਦ੍ਵੈ ਭ੍ਰਾਤਨਿ ਕੋਈ[1]। ਏਕ ਰਖੀ ਕਿਸ ਏਕ ਨੇ ਦੀਨੀ ਇਮੁ ਸੋਈ। ਤਜੀ ਮ੍ਰਿਜਾਦਾ ਪ੍ਰਥਮ ਕੀ ਇਹ ਨਈ ਚਲਾਈ। ਇਕ ਤ੍ਰਿਯ ਕੇ ਪਤਿ ਬਹੁਤ ਭੇ ਐਸੇ ਠਹਿਰਾਈ ॥ ੨੨ ॥ ਪੰਚ ਭ੍ਰਾਤ ਇਕ ਜੋਖਤਾ ਕਿਨ ਚਾਰਹੁੰ ਲੀਨੀ[2]॥ਇਮ ਬਾਸੀ ਸਭਿ ਸਦਨ ਮਹਿਂ ਕਰਿ ਰੀਤਿ ਨਵੀਨੀ। ਤਿਨ ਕੇ ਸੁਤ ਜਨਮੇ ਅਨਿਕ ਸਭਿਹਿਨਿ ਪ੍ਰਤਿਪਾਰੇ। ਸੰਗਯਾ ਤਿਨਹੁੰ ਕਨੈਤ ਭੀ ਵਧਿਗੇ ਪਰਵਾਰੇ॥੨੩॥ਕਾਹਨ ਸਿੰਘ ਸੁਨਿ ਲੋਪਨੀ* ਕਨਾ ਕਹੀਐ ਕਾਹੀ[3]। ਇਸ ਸਿਖ ਕੀ ਕੰਨਯਾਂ ਖਰੀ[4] ਲੀਜਹਿ, ਤਜਿ ਨਾਂਹੀ। ਪੁੱਤ੍ਰ ਹੋਇੰਗੇ ਪਾਂਚ ਤੁਵ ਪਰਿਵਾਰ ਘਨੇਰਾ॥ਬਚਨ ਹਮਾਰਾ ਮਾਨੀਐ ਸੁਖ ਪਾਇ ਬਡੇਰਾ॥੨੪॥ਸੁਨਿ ਕਰਿ ਸ੍ਰੀ ਗੁਰ ਕੇ ਬਚਨ ਮਾਨੇ ਕਰ ਬੰਦੇ। ਸਿੱਖ ਹੁਤੋ ਮਲਵਈ ਸੋ, ਮਨ ਠਾਨਿ ਅਨੰਦੇ। ਤਬਹਿ ਪਢਾਇ ਅਨੰਦ ਕੋ ਨਿਜ ਘਰ ਮਹਿ ਲਗਾਯੋ†। ਕਾਨ੍ਹ ਸਿੰਘ ਤਿਹ ਤ੍ਰਿਯਾ ਕਰਿ ਕਛੁ ਕਾਲ

[1]ਕਿਸੇ ਤਿੰਨ ਭਰਾਵਾਂ ਨੇ ਇਕ ਲਈ, ਕਿਤੇ ਦੋ ਭਰਾਵਾਂ ਨੇ ਕੋਈ ਇਕ ਲੈ ਲੀਤੀ। [2]ਚਾਰੋਂ ਨੇ (ਇਕ) ਲੀਤੀ। [3]ਕਿਆ ਕਹਿਣਾ ਹੈ ਕਿਸੇ ਨੂੰ। [4]ਸੁੱਚੀ ਹੈ, ਪਵਿੱਤ੍ਰ ਹੈ। *ਪਾ:-ਸਿੰਘ ਸੁਨਹੁ ਇਮ ਲੋਪਨੀ।

†ਇਹ ਬੀ ਖਿਆਲ ਹੈ ਕਿ ਇਹ ਆਨੰਦ ਗੁਰੂ ਜੀ ਨੇ ਆਪ ਵਿਚ ਬੈਠਕੇ ਕਰਵਾਇਆ ਸੀ। ਜੋ ਕਥਾ ਕਨੈਤਾਂ ਦੀ ਸੁਣਾਈ ਹੈ ਉਹ ਬਹੁਤ ਕੁਰਖਤ ਜੇਹੀ ਸਤਿਗੁਰ ਦੇ ਮੁਖਾਰਬਿੰਦੋਂ ਇਸ ਸਮੇਂ ਨਹੀਂ ਨਿਕਲ ਸਕਦੀ ਜਦ ਕਿ ਉਹਨਾਂ ਦੀ ਨਜ਼ਰ ਵਿਚ ਸਿੰਘ ਬੜੇ ਕੀਮਤੀ ਸਨ ਤੇ ਬੇਟੀਆਂ ਸਤਿਕਾਰ ਯੋਗ ਸਨ, ਇੱਥੇ ਹੀ ਦੇਖ ਲਓ ਗੁਰੂ ਜੀ ਦੇ ਉਚੇ ਇਖਲਾਕ ਦਾ ਅਸਰ ਕਿ ਕਾਹਨ ਸਿੰਘ ਸਿੱਖ ਦੀ ਧੀ ਨੂੰ ਭੈਣ ਦ੍ਰਿਸ਼ਟੀ ਨਾਲ ਦੇਖਦਾ ਹੈ ਤੇ ਵਿਆਹਣੋਂ ਇਨਕਾਰ ਕਰਦਾ ਹੈ, ਕਨੈਤਾਂ ਦੀ ਕਥਾ ਸਾਖੀ ਵਿਚ ਆਖੇਪ ਕਰਨ ਵਾਲੇ ਦੇ ਦਿਮਾਗ਼ ਨੇ ਪਾਈ ਹੋਣੀ ਹੈ ਜੋ ਗੁਰੂ ਕੇ ਦਿਮਾਗ਼ ਦੀ ਕੋਮਲਤਾ ਨੂੰ ਅਨੁਭਵ ਨਹੀਂ ਕਰ ਸਕਦਾ। ਆਖੇਪਕਾਰ ਸ਼ਾਇਦ ਬ੍ਰਾਹਮਣ ਹੈ, ਕਨੈਤਾਂ ਤੇ ਚੋਟ ਕਰਦਾ ਹੈ। ਕਨੈਤ ਆਪਣਾ ਨਾਮ 'ਕਨੈਤ' ਇਸ ਕਰਕੇ ਦੱਸਦੇ ਹਨ ਕਿ ਓਹ ਦੂਜੇ ਰਾਜਪੂਤਾਂ ਵਾਂਗੂ ਕੰਨਿਆਂ ਨਹੀਂ

(ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ)

Sri Satguru Jagjit Singh Ji eLlibrary NamdhariElibrary@gmail.com

ਬਿਤਾਯੋ ॥ ੨੫ ॥ ਪੰਚ ਪੁੱਤ੍ਰ ਤਿਸ ਤੇ ਭਏ ਕ੍ਰਮ ਕ੍ਰਮ ਤੇ ਸੋਈ। ਸੰਗਤ ਕੇ ਆਗੂ ਭਏ ਸਿੱਖੀ ਅਧਿਕੋਈ। ਰਾਮਕੁਇਰ ਇਤਿਹਾਸ ਕੋ ਸਭਿ ਕਹਤਿ ਲਿਖਾਵੈ[1]।ਇਹ ਲੋਚਨ ਤੇ ਪਿਖੀ ਨਹਿੰ ਸੁਨਿਬੇ ਮਹਿੰ ਆਵੈ ॥੨੬॥ ਇਕ ਸੁਜਾਨ ਸਿੰਘ ਸਿੱਖ ਥੋ ਲਵਪੁਰਿ ਕੋ ਬਾਸੀ।ਤਿਨਹਿ ਬਿਲੋਕੀ ਨੈਨ ਤੇ ਮੁਝ ਪਾਸ ਪ੍ਰਕਾਸ਼ੀ। ਤਿਸ ਤੇ ਸੁਨੀ ਲਿਖਾਇ ਦੀ ਸਾਹਿਬ ਸਿੰਘ ਲੇਖੋ[2]। ਇਹ ਸਾਖੀ ਸਤਿਗੁਰੂ ਕੀ ਸ਼ਰਧਾਲੁ ਪਰੇਖੋ ॥ ੨੭ ॥ ਕਾਨ੍ਹ ਸਿੰਘ ਸਿਖ ਲੇਪਨੀ ਅਬਿ ਸੁਤ ਹੈ ਤਾਂਹੀ। ਨਾਮ ਬਿਸਾਖਾ ਸਿੰਘ ਤਿਹ ਜਾਨਤਿ ਬਹੁ ਜਾਂਹੀ। ਅਪਨਿ ਪਿਤਾ ਕੀ ਬਾਰਤਾ ਜਾਨਤਿ ਹੈ ਸੋਈ। ਜਨਨੀ ਤੇ ਅਰੁ ਜਨਕ ਤੇ ਸੁਨਿ ਰਿਦੇ ਪਰੋਈ ॥੨੮॥ਇਸ ਪ੍ਰਕਾਰ ਗੁਰ ਬਾਰਤਾ ਕਵਿ ਛੰਦੁ ਬਨਾਵੈ। ਸੁਨਤਿ ਪਢਤਿ ਇਸ ਕਥਾ ਕੋ ਗੁਰਮਤਿ ਕੋ ਪਾਵੈ।ਸੁਨਹਿ ਕਾਮਨਾਧਾਰ ਜੋ ਬਾਂਛਤਿ ਫਲ ਦੈ ਹੈ।ਅਨਿਕ ਜਨਮਕੇ ਪਾਪਹਤਿ ਗੁਰਮੁਖਪਦ ਪੈਹੈ॥੨੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿੱਖ ਪ੍ਰਸੰਗ' ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

### ੩੯. [ਮਾਤਾ ਗੁਜਰੀ ਜੀ ਨੂੰ ਦੇਵੀ ਦਾ ਪ੍ਰਸੰਗ ਸੁਣਾਇਆ]।

ਦੋਹਰਾ॥*ਇਸ ਪ੍ਰਕਾਰ ਸਤਿਗੁਰੂ ਕੇ ਹੇਰਿ ਚਰਿਤ ਬਿਸਮਾਇ। ਸਹਹਿ ਕਸੌਟੀ ਸਿੱਖ ਕੋ, ਕੋ ਬੇਮੁਖ ਹੁਇ ਜਾਇ ॥੧॥ ਨਿਸ਼ਾਨੀ ਛੰਦ ॥ਉੱਗ੍ਰ ਤੇਜਮੁਖ ਪਰ ਦਿਪਹਿ ਚਿਤ ਉੱਗ੍ਰ ਸੁਭਾਉ। ਉੱਗ੍ਰ ਬੋਲਿਬੋ ਰਸ ਭਰਯੋ ਸਭਿਹੂੰਨਿ ਸੁਨਾਉ। ਆਸ਼ੈ ਅਤਿ ਗੰਭੀਰ ਜਿਨ ਉਰ ਧੀਰ ਪ੍ਰਬੀਰ[3]।ਰਹੈ ਪ੍ਰਕਾਸ਼ਯੋ ਬੀਰ ਰਸੁ ਜਨੁ ਧਰਯੋ ਸਰੀਰ ॥ ੨ ॥ ਕਬਹੁੰ ਮੌਨ ਹੀ ਕਰਿ ਰਹੈਂ ਕਬਿ ਕਹਹਿੰ ਉਤਾਲੇ। ਵਾਕ ਜਥਾ ਨਿਕਸੈ ਬਦਨ ਤਿਮ ਹੁਇ ਤਤਕਾਲੇ।ਤ੍ਰਸ-ਤਿ ਰਹੈਂ ਸੇਵਕ ਨਿਕਟ ਜੋ ਕਾਰ ਚਲਾਵੈਂ। ਅੰਤਰਜਾਮੀ ਸਤਿਗੁਰੂ ਮਨ ਕੀ ਲਖਿ ਪਾਵੈਂ॥੩॥ਸੁਤ ਸੁਭਾਉ ਕੋ ਦੇਖਿ ਕਰਿ ਸ੍ਰੀ ਗੁਜਰੀ ਮਾਤ।ਕਹਿ ਨ ਸਕੈ ਚਾਹਤਿ ਰਹਹਿ–ਕਯਾ ਗਤਿ ਹੈ ਤਾਤਾ ?–। ਕਿਤੀ ਬਾਰ ਗਮਨਹਿ ਨਿਕਟ, ਬੈਠਹਿ ਅਵਲੋਕੈ। ਰੁਖ਼ ਪਰਖਹਿ ਨਹਿਂ ਅਪਨਿ ਦਿਸ਼ਿ ਕਹਿਬੋ ਮੁਖ ਰੋਕੈ[4] ॥੪॥ ਮਾਤਾ ਦਿਸ਼ਿ ਤੇ ਮੌਨ ਕਰਿ ਬੈਠਹਿ ਸਭਿ ਜਾਨੈਂ[5]।–ਹੋਇ

[1]ਕਹਿਕੇ ਲਿਖਵਾਉਂਦੇ ਹਨ। [2]ਨੇ ਲਿਖੀ। [3]ਚੰਗੇ ਸੂਰਮੇ। [4]ਭਾਵ ਮੁਖੋਂ ਨਹੀਂ ਉਚਾਰ ਦੇਮਾਤਾ ਜੀ। *ਹੁਣ ਸੌ ਸਾਖੀ ਦੀ ੧੭ਵੀਂ ਸਾਖੀ ਚੱਲੀ ਹੈ।

( ਪਿਛਲੇ ਪੰਨੇ ਦੀ ਬਾਕੀ ਟੂਕ )

ਮਾਰਦੇ ਸਨ, ਕੰਨਿਆਂ ਦਾ ਹਿਤ ਕਰਦੇ ਸਨ [ਕੰਨਜਾਂ। ਹਿਤ=ਕਨੇਤ]। ਤਵਾਃ ਖਾਲਸਾ ਵਿਚ ਕਨੈਤਾਂ ਦੀ ਇਹ ਕਥਾ ਨਹੀਂ ਦਿਤੀ ਤੇ ਲੇਪਨੀ ਸਿਖ ਦਾ ਨਾਮ ਅਨੰਦ ਸਿੰਘ ਦਿੱਤਾ ਹੈ।

ਭਵਿੱਖਤ ਮਹਿ ਜਥਾ ਕਹਿਬੋ ਨਹਿ ਮਾਨੈ-। ਇਸ ਬਿਧਿ ਬੀਤੇ ਕਿਤਿਕ
ਦਿਨ ਬਿਸਮਾਵਤਿ ਮਾਈ। ਹਿਤ ਬੋਲਨ ਦ੍ਰਿੜ ਬੁੱਧਿ ਕਰਿ ਨੰਦਨ ਢਿਗ
ਆਈ॥੫॥ਬੈਠੇ ਹੁਤੇ ਇਕੰਤ ਤਬਿ ਨਹਿੰ ਸਿੱਖਨਿ ਭੀਰਾ।ਅਭਿਨੰਦਨ[1]ਸੁਤ
ਕੋ ਕਰਤਿ ਬੋਲੀ ਥਿਰਿ ਤੀਰਾ।'ਹੇ ਸੁਤ! ਨਿਤਪ੍ਰਤਿ ਹੋਤਿ ਹੈ ਮੇਰੋ ਮਨ ਥੋਰਾ।
ਸੁਖ ਨ* ਬਿਲੋਕਨੋ ਮੈਂ ਕਬਹੂੰ ਕਰਿ ਮੋਹ ਸੁ ਤੋਰਾ ॥ ੬ ॥ ਪ੍ਰਥਮ ਤੁਮਾਰੇ
ਪਿਤਾ ਕੋ ਹੋਯਸਿ ਪਰਲੋਕਾ। ਸਿੰਮ੍ਰਤਿ ਮ੍ਰਿਦੁਲ ਸੁਸ਼ੀਲ ਕੋ[2]ਉਪਜਤਿ ਮੁਝ
ਸ਼ੋਕਾ । ਧਰਨੀ ਸਮ ਧੀਰਜ ਧਰਨ ਸਮਰਥ ਸਭਿ ਭਾਂਤੀ । ਅਜ਼ਮਤ
ਦਈ ਨ, ਸਿਰ ਦਯੋ ਚਿਤਵਉਂ ਦਿਨ ਰਾਤੀ ॥ ੭ ॥ ਪਹੁੰਚੀ ਆਜ ਇਕੰਤ
ਲਖਿ ਸੰਸੇ ਚਿਤ ਹੋਤੇ । ਗੁਰੂਅਨਿ ਕੇ ਬਡ ਗੁਰੁ ਹੁਹੁ ਜਨਮੇ ਤੁਮ ਮੋਤੇ ।
ਸਰਬ ਰੀਤਿ ਸਮਰਥ ਮਹਾਂ ਚਿਤ ਰਹਹੁ ਬਨਾਵੈਂ । ਅਚਰ ਚਰਹਿ ਚਰ
ਅਚਰ ਹੁਇੰ ਲਘੁ ਮੁਖੋਂ ਅਲਾਵੋਂ[3] ॥੮॥ ਕਨਾ ਜਾਨਹੁੰ ਕਿਮ ਹੋਹਿਗੀ ਗਤਿ
ਮੋਹਿ ਅਗਾਰੀ। ਯਹਿ ਚਿਤਵਨਿ ਚਿਤਵਤਿ ਰਹੌਂ ਚਿੰਤਾ ਚਿਤ ਭਾਰੀ। ਮੇਰੋ
ਮੋਹ ਨ ਛੁਟਤਿ ਹੈ ਤੁਮ ਬੋਲਹੁ ਨਾਂਹੀ । ਹਸਹਿਂ† ਸ਼ਰੀਕ ਕੁਤਰਕ ਕਰਿ
ਬੋਲਤਿ ਬਹੁ ਰਾਹੀਂ[4] ॥ ੯ ॥-ਕਰੀ ਅਰਾਧਨਿ ਚੰਡਿਕਾ ਕਲਜੁਗ ਮਹਿ
ਸਾਧੀ[5]।ਇਸੀ ਹੇਤੁ ਇਕਬਾਰ ਹੀ ਭਈ ਸੁੰਨ ਸਮਾਧੀ[6]-। ਕੋਇਕ ਕਹਿਤੇ
ਪਰਸਪਰ-ਜੋ ਕਾਮ ਅਰੰਭਾ। ਸੋ ਪੂਰਾ ਹੋਯਸਿ ਨਹੀਂ ਬਹੁ ਭਯੋ ਅਚੰਭਾ[7]-
॥ ੧੦ ॥ ਕੋਇਕ ਕਹਿਤੇ ਅਪਰ ਬਿਧਿ-ਸਾਧਿਕ ਦਿਜ[8] ਜੋਊ । ਕਲੀ

[1]ਅਸ਼ੀਰਵਾਦ। [2]ਯਾਦ ਕਰਕੇ ( ਆਪ ਜੀ ਦੇ ਪਿਤਾ ਜੀ ਦੇ ) ਕੋਮਲ ਤੇ ਸੁਸ਼ੀਲ ਸੁਭਾਵ ਨੂੰ। [3]ਥੋੜਾ ਹੀ (ਜੇ ਮੁਖੋਂ ਕਹੋ। [4]ਬਹੁਤੀ ਤਰ੍ਹਾਂ ਕਹਿੰਦੇ ਹਨ। [5]ਆਰਾਧ ਕੇ ਸਿੱਧ ਕੀਤੀ। [6]ਭਾਵ ਕਿਸੇ ਨਾਲ ਨਾ ਬੋਲਣਾ ਨਾ ਚਾਲਣਾ।[7]ਹੈਰਾਨ ਭਾਵ ਉਦਾਸ ਹੋਏ ਹਨ।[8]ਭਾਵ ਹਵਨ ਕਰਾਉਣ ਵਾਲਾ।

*ਉਹ ਮਾਤਾ ਜਿਸ ਦੇ ਪਤੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਹੋਣ ਤੇ ਸਪੁੱਤ੍ਰ ਸ੍ਰੀ ਕਲਗੀਧਰ ਜੀ ਹੋਣ ਤੇ ਜਿਸ ਦੀ ਬ੍ਰਿਤੀ ਹਰ ਸਮੇਂ ਨਾਮ ਸਿਮਰਨ ਵਿਚ ਰਚੀ ਹੋਵੇ ਉਸ ਦੇ ਮੂਖੋਂ ਇਹ ਸ਼ੋਕ ਮਈ ਵਾਕ ਅਖਵਾਉਣੇ ਕਿ 'ਤੇਰੇ ਪਿਆਰ ਵਿਚ ਮੈਂ ਕੋਈ ਸੁਖ ਨਹੀਂ ਡਿੱਠਾ' ਸੋ ਸਾਖੀ ਦੇ ਆਖੇਪਕਾਰਾਂ ਦੀ ਉਕਾਈ ਹੈ, ਉਹਨਾਂ ਨੇ ਆਮ ਮਾਵਾਂ ਦੇ ਮੋਹ ਤੇ ਦਾਵੇ ਦੇ ਭਾਵ ਨੂੰ ਦੱਸਿਆ ਹੈ। ਕਵਿ ਜੀ ਨੇ ਕੇਵਲ ਉਨ੍ਹਾਂ ਦਾ ਭਾਵ ਹੀ ਛੰਦਾ ਬੰਦੀ ਵਿਚ ਉਲਟਾ ਦਿਤਾ ਹੈ, ਜੈਸਾ ਕਿ ਅੰਸੂ ੩੮ ਦੇ ਅੰਕ ੨੯ ਵਿਚ ਕਵਿ ਜੀ ਲਿਖ ਆਏ ਹਨ। ਸ੍ਰੀ ਮੁਖ ਵਾਕ ਮਾਤਾ ਜੀ ਬਾਬਤ ਇਹ ਹੈ:-'ਤਾਤ ਮਾਤ ਮੁਰ ਅਲਖ ਅਰਾਧਾ। ਬਹੁ ਬਿਧਿ ਜੋਗ ਸਾਧਨਾ ਸਾਧਾ'। ਜੋਗ ਸਾਧਨਾ ਵਾਲੀ, ਅਲਖ ਦੀ ਅਰਾਧਨਾ ਵਾਲੀ ਮਾਤਾ ਨੂੰ ਐਸਾ ਲਿਖਣਾ ਬਲਕਿ ਇਕ ਜਗ੍ਹਾ 'ਗੁਜਰੀ ਉਜਰੀ' ਲਿਖ ਮਾਰਿਆ ਹੈ, ਸੋ ਸਾਖੀ ਵਿਚ ਆਖੇਪ ਕਰਨ ਵਾਲੇ ਦੇ ਆਪਣੇ ਖਿਆਲ ਹੀ ਸਮਝਣੇ ਠੀਕ ਹਨ।

†ਪਾ:-ਹਸਹਿਂ।

Sri Satguru Jagjit Singh Ji eLlibrary NamdhariElibrary@gmail.com

ਕਾਲ ਤੇ ਤ੍ਰਾਸ ਧਰਿ ਖਿਸਕਨੇ ਤਦਿ ਸੋਊ–। ਇੱਤਿਆਦਿਕ ਮਨ ਭਾਵਤੀ ਬਹੁ ਬਾਤ ਬਨਾਈ। ਕ੍ਰਿਪਾਦ੍ਰਿਸ਼ਟਿ ਕਰਿ ਆਪ ਅਬਿ ਮੁਝ ਦੇਹੁ ਬਤਾਈ ॥੧੧॥ ਮਾਤ ਪਿਤਾ ਗੁਰਦੇਵ ਹੈਂ ਮਨਿ ਕੈ ਇਹੁ ਬਾਤੀ[1]। ਜਥਾ ਜੋਗ ਕਹੀਐ ਸਕਲ ਬਰਤਹਿ ਸੁਖ ਸ਼ਾਂਤੀ'। ਸੁਨਿ ਜਨਨੀ ਕੇ ਬੈਨ ਕੋ ਉਠਿ ਤ੍ਰਿਭਵਨ ਚਾਲੇ। ਸ੍ਰੀ ਗੁਜਰੀ ਕੋ ਸੰਗ ਲੈ ਹਿਤ ਕਹਿਨ ਸੁਖਾਲੇ[2] ॥ ੧੨ ॥ ਏਕ ਸਿਲਾ ਸੁੰਦਰ ਹੁਤੀ ਇਕ ਸਮ ਤਲ ਜਾਂਹੀ। ਆਸਨ ਹੀਨ ਅਸੀਨ ਗੇ ਮਾਤਹਿ ਕਰਿ ਪਾਹੀ[3]। ਕਹਤਿ ਭਏ 'ਜਨਨੀ ਸੁਨਹੁ ਗਤਿ ਗੁਪਤ ਬਡੇਰੀ। ਦੇਵ-ਤਾਨਿ ਕੀ ਬਾਤ ਜੋ, ਕਹਿਨੀ ਨ ਭਲੇਰੀ॥੧੩॥ ਤਊ ਕਹਿਨ ਬਨਯੋਂ ਅਬੈ ਹਠ ਹੇਰਿ ਤੁਮਾਰਾ। ਦੇਵੀ ਭਈ ਪ੍ਰਤੱਛ ਜਿਮ ਬਰ ਦੀਨਿ ਉਦਾਰਾ। ਬ੍ਰਹ-ਮਣ ਬਰ ਕੇਸ਼ਵ ਮਿਲਯੋ ਹਮ ਬੂਝਨ ਕੀਨਾ।–ਤੁਰਕਨ ਤੁਰਤ ਬਿਨਾਸ਼ ਹੁਇ ਕਹੀਯੈ ਸੁ ਪ੍ਰਬੀਨਾ–॥ ੧੪ ॥ ਨੈਨੂ ਪੁੱਤ੍ਰੀ* ਸੇਵਿਬੇ ਤਿਨਿ ਬਿਧਿ ਬਤਲਾਈ। ਫਿਰ ਕਰਿ ਚਹੁ ਦਿਸ਼ਿ ਸੈਲ ਕੇ ਦੇਖਤਿ ਬਿਧਿ ਸਾਈ। ਚਢਿ ਊਪਰ ਹੇਰੀ ਗੁਫਾ ਲਘੁ ਬੀਚ ਬਰੇ ਹੈਂ। ਨੰਦਾ ਤਿਥ ਗੁਰਵਾਰ ਪ੍ਰਖ[4] ਤਹਿੰ ਬੈਠਿ ਥਿਰੇ ਹੈਂ ॥੧੫॥ ਲਗੇ ਅਰਾਧਨਿ ਧਰਮ ਹਿਤ ਧਰਿ[5] ਭਾਰ ਨਿਵਾਰੈਂ। ਪਾਂਚ ਪਹਿਰ ਕੋ ਪ੍ਰਥਮ ਹੀ[6] ਕਰਿ ਹਮਨ ਬਿਚਾਰੈਂ। ਪੁਨ ਦ੍ਵਾਦਸ਼ ਹੀ ਜਾਮ ਕੌ ਕਰਿ ਹਮਨ ਬਿਸਾਲਾ। ਦੇਵੀ ਮੂਰਤਿ ਧਯਾਨ ਧਰਿ ਇਕ ਭੇ ਤਿਸ ਕਾਲਾ ॥ ੧੬ ॥ ਚੌਪਈ ॥ ਲਗੇ ਰੈਣ ਦਿਨ ਅੰਤਰ ਭੂਲਾ[7]। ਦੇਵ ਕਾਮ[8] ਸਭਿ ਅੰਗਨਿ ਝੂਲਾ।–ਉਣਉਣ ਮੁਣਮੁਣ ਗੁਣਗੁਣ ਰੁਣਰੁਣ–। ਖੋੜਸ ਅੰਕ[9] ਜਾਪ ਕਰਿ ਧੁਣ ਧੁਣ[10]–॥ ੧੭ ॥ ਕੇਸ਼ੋਦਾਸ ਕਹਯੋ ਹਿਤ ਦੇਵੀ[11]।–ਭੇਟ

[1]ਭਾਵ, ਮਾਤਾ ਪਿਤਾ ਪੂਜਨ ਯੋਗ ਹਨ ਇਹ ਗਲ ਮੰਨਕੇ। [2]ਸੁਖਦਾਈ ਵਾਰਤਾ ਕਹਿਣ ਲਈ। [3]ਬਿਨਾਂ ਆਸਣ ਬੈਠ ਗਏ ਮਾਤਾ ਜੀ ਨੂੰ ਪਾਸ ਹੀ ਬਿਠਾ ਕਰਕੇ। [4]ਏਕਮ ਤਿਥ, ਵੀਰਵਾਰ, ਪ੍ਰਖ ਨਿਛੱਤ੍ਰ। [5]ਧਰਤੀ ਦੇ। [6]ਪਹਿਲਾਂ ਤਾਂ। [7]ਰਾਤ ਦਿਨ ਪੂਜਾ ਵਿਚ ਲਗਿਆਂ (ਰਾਤ ਦਿਨ ਦਾ) ਫਰਕ ਭੁੱਲ ਗਿਆ। [8]ਦੇਵੀ ਦਾ ਆਵਾਹਨ ਰੂਪੀ ਕੰਮ। [9]ਸੋਲਾਂ ਅੱਖਰਾਂ ਦਾ। ਇਹ ਗਲ ਸ੍ਰੀ ਮੁਖਵਾਕ ਪਾ: ੧੦ ਦੇ ਉਲਟ ਹੈ ਯਥਾ:–ਨਾ ਜਾਪ ਆਨ ਕੋ ਜਪੋਂ। ਨਾ ਅਉਰ ਥਾਪਨਾ ਥਪੋਂ। [10]ਕੀਤਾ ਉਚਾਰ ਕੇ। [11]ਨੇ ਦੱਸਿਆ ਸੀ ਦੇਵੀ ਵਾਸਤੇ।

*ਪਿੱਛੇ ਦੇਵੀ ਦੇ ਸ਼ਾਸਤ੍ਰਕ ਨਾਮ ਆਉਂਦੇ ਰਹੇ ਹਨ, ਦੇਵੀ ਤੋਂ ਮੁਰਾਦ ਭਵਾਨੀ ਕਾਲਿਕਾ ਆਦਿ ਸੀ। ਇਥੇ ਨੈਨੂ ਪੁੱਤ੍ਰੀ ਉਸੇ ਦਾ ਨਾਮ ਦਿਤਾ ਹੈ। ਨੈਣਾ ਪਿੱਛੇ ਗੁੱਜਰ ਦਾ ਨਾਂ ਦੱਸ ਆਏ ਹਨ। ਭਾਈ ਸਾਹਿਬ ਜੀ ਤਾਂ ਅਨੁਵਾਦ ਹੀ ਕਰ ਰਹੇ ਹਨ ਸੌ ਸਾਖੀ ਦਾ। ਕੀਹ ਜਾਣੀਏ ਏਥੇ ਸੌ ਸਾਖੀ ਦੇ ਆਖੇਪਕਾਰ ਦੇ ਦਿਲ ਦੀ ਗਲ ਅਕਸ ਮਾਤ੍ਰ ਨਿਕਲ ਗਈ ਹੈ ਕਿ ਦੇਵੀ ਉਥੇ ਕੋਈ ਨਹੀਂ ਸੀ, ਨੈਨੂ ਗੁਜਰ ਦੀ ਧੀ ਦੇਵੀ ਸੀ।

ਰਾਖੀਐ ਤਿਸ ਛਿਨੁ ਦੇਵੀ[1]–।ਹਮ ਬੋਲੇ–ਤੁਮ ਓਟਹਮਾਰੀ।ਬਿੱਪ੍ਰ ਸਾਰਸੁਤ ਛੱਤ੍ਰਨਿ ਭਾਰੀ[2] ॥ ੧੮ ॥ ਸਦਾ ਸਹਾਇਕ ਹੋਵਤਿ ਰਹੇ–।ਸੁਨਿ ਕਰਿ ਦਿਜ ਹਿਤ ਧਰਿ ਪੁਨ ਕਹੇ ।–ਬੀਰ ਗੁਰੂ ਤੁਮ ਧੰਨ ਉਦਾਰਾ । ਦੇਵ੍ਹ ਅਰਾਧਨਿ ਉੱਦਮ ਧਾਰਾ॥੧੯॥ਕਹਿਨਾ ਮੋਰ ਤੁਮਾਰੇ ਹੇਤੁ । ਰੈਨ ਦਿਨਾ ਨਿਤ ਪਢਹੁ ਸੁਚੇਤ । ਤਨ ਕਰਿ ਸੁੱਧ ਬ੍ਰਹਮਚਰਜ ਰਹਿਨਾ।ਮੋਨ ਹੋਇ ਅਨਸੁਨ ਅਨੁ ਕਹਿਨਾ[3]–॥ ੨੦ ॥ ਜਿਸ ਬਿਧਿ ਦੇਵੀ ਰੁਚਿ ਉਪਜਾਈ । ਗੁਰੂ ਕ੍ਰਿਪਾ[4] ਨਿਤ ਭਈ ਸਵ੍ਹਾਈ । ਅਰਪੀ ਦੇਹ ਗੇਹ ਕੀ ਬਾਤਿ[5] । ਅਲਪ ਅਹਾਰ ਘ੍ਰਿੱਤ ਤਿਲ ਖਾਤਿ ॥੨੧॥ ਪੰਚ ਮਾਸ ਤੇ ਆਂਖ ਉਘਾਰੀ । ਸੁਪਨ ਸੁਨਾਇ –ਅਊਂ ਇਕ ਬਾਰੀ[6]–। ਸਭੀ ਬ੍ਰਿਤਾਂਤ ਭਲੇ ਕਹਿ ਦਯੋ[7] । ਜਾਗ੍ਰਤ ਸੁਪਨ ਏਕ ਸਮ ਭਯੋ ॥੨੨॥ ਬੀਤ ਗਏ ਦਸ ਮਾਸ ਅਰਾਧਤਿ।ਆਇ ਇਕਾਦ-ਸ਼ਮੋ ਬਿਧਿ ਸਾਧਤਿ[8] । ਨਵਮੀ ਥਿਤ ਰਵਿਦਿਨ[9] ਰਹਿ ਜਾਮੂ।ਕਹਨੋ ਬਿੱਪ੍ਰ –ਬਿਦਤਹਿ ਬਲ ਧਾਮੂ ॥ ੨੩ ॥ ਦੇਨਿ ਉਪਾਇਨ ਜੁਗਤਿ ਬਿਚਾਰਤਿ–। ਕੇਸ਼ੋਦਾਸ ਧਾਰਿ ਡਰੁ ਆਰਤਿ । ਚਲਨੋ ਮਿਸ਼ਰ ਕਛ ਮਨ ਭਯੋ ਥੋਰਾ।ਇਸ ਬਿਧਿ ਮਮ ਢਿਗ ਕਹੀ ਨਿਹੋਰਾ ॥੨੪॥ ਜਾਮ ਦਯੋਸ ਅਰੁ ਘਟਿਕਾ ਚਾਰੁ । ਝਮਕੇ ਜਗਮਗ ਪੁੰਜ ਪਹਾਰ । ਕਨਾ ਦਾਮਨਿ ਕਨਾ ਸੁਰਜ ਚੰਦਾਦਮਕਨੋ ਬਦਨ ਪ੍ਰਕਾਸ਼ ਬਿਲੰਦ ॥੨੫॥ਲੋਚਨ ਮੀਚ ਭਯੋ ਮੈਂ ਠਾਂਢੋ।ਨਿਰਖਤਿਰੂਪ ਪ੍ਰੇਮ ਉਰ ਬਾਢੋ।ਬੋਲੀ ਹਸਤਿ[10] ਮੀਚ*ਗਰਜਾਨੀ[11]।–ਪੰਥ ਸਕੇਸ ਦੀਨਿ ਬਲ ਖਾਨੀ[12]–॥੨੬॥ਪੀਛੇ ਉਸਤਤਿ ਅਧਿਕ ਪ੍ਰਕਾਸ਼ੀ।ਕਹਨੋ–ਧਯਾਇਹੋਂ ਐਹੋਂ ਪਾਸੀ[13]। ਚਖ ਮੀਚੇ, ਮੀਚ ਹ੍ਵੈ ਜਾਊਂ[14]।ਪੀਛੇ ਪੰਥ ਬੀਰ ਨਿਕਸਾਊਂ ॥੨੭॥ ਚਾਲੀ ਬਰਖ ਤੁਮਹਿ ਪਸ਼ਚਾਤੀ।ਬਿਨਸਹਿ ਤੁਰਕ ਤੇਜ ਬੱਖਯਾਤੀ। ਹੋਇ ਤੁਮਾਰੀ ਪੂਰਨ ਆਸ਼ਾ । ਰਾਜ ਖਾਲਸੇ ਹੋਹਿ ਪ੍ਰਕਾਸ਼ਾ ॥ ੨੮ ॥

[1]ਦੇਣ ਵਾਸਤੇ। [2]ਛਤ੍ਰੀਆਂ ਦੇ ਸਾਰਸੁਤ ਬ੍ਰਾਹਮਣ ਹੀ ਭਾਰੀ (ਆਸਰਾ ਹਨ)। [3]ਨਾ ਸੁਣਨਾ ਨਾ ਕਹਿਣਾ। [4]ਗੁਰੂ (ਨਾਨਕ ਜੀ) ਦੀ ਮਿਹਰ। [5]ਸਰੀਰ ਤੇ ਘਰ ਦੀ ਬਾਤ ਅਰਪੀ(ਦੇਵੀ ਨੂੰ)। [6]ਦੇਵੀ ਨੇ ਕਹਿਆ ਮੈਂ ਇਕ ਵਾਰ ਆਊਂਗੀ। [7]( ਦੇਵੀ ਨੇ)। [8]ਬਿਧੀ ਨੂੰ ਸਾਧਦਿਆਂ। [9]ਐਤਵਾਰ। [10]ਹੱਸਕੇ। [11](ਮਾਨੋਂ) ਮੌਤ ਗੱਜੀ ਹੈ। [12]ਕੇਸ਼ ਸਹਿਤ ਪੰਥ ਬਲ ਦੀ ਖਾਣ ਦਾਨ ਦਿਤਾ। [13]ਯਾਦ ਕਰੋਗੇ ਤਾਂ ਪਾਸ ਆਵਾਂਗੀ। [14]ਤੁਸਾਂ ਨੇਤ੍ਰ ਮੀਚੇ ਹਨ ਇਸ ਤੇ ਮੈਂ ਬੀ ਲੋਪ ਹੋ ਜਾਵਾਂਗੀ। ਸੌ ਸਾਖੀ ਦਾ ਪਾਠ ਹੈ ‘ਚਖੁ ਮਿੱਚੇ ਮੀਚੈਂ ਹੁਇ ਜਾਊਂ’ ਤੁਸਾਂ ਨੈਣ ਮੀਟ ਲਏ ਸਨ ( ਇਸ ਕਰਕੇ ਮੈਂ) ਉਹਲੇ ਹੋ ਜਾਵਾਂਗੀ। [ਮੀਚੈਂ=ਅੱਖ ਉਹਲੇ ਹੋਣਾ, ਲੋਪ ਹੋਣਾ] ਇਥੇ ਕਵਿ ਜੀ ਦੇ ਮੀਚ ਪਦ ਦਾ ਅਰਥ ਮੌਤ ਨਹੀਂ ਪਰ (ਮੀਚੇ=) ਉਹਲੇ ਹੋਣਾ ਹੈ। *ਪਾ:–ਮਾਤ।

ਸ਼ਸਤ੍ਰ ਕਰਦ ਇਹੁ ਲੀਜੈ ਮੇਰਾ। ਪਾਹੁਲ ਦੇ ਜਲ[1] ਮਾਧੁਰ ਫੇਰਾ। ਸੂਰ ਹੋਇਗਾ ਸਿਦਕ ਤੁਮਾਰਾ। ਅਬਿ ਦੀਜੈ ਮੋਕਉ ਉਪਹਾਰਾ–॥ ੨੯ ॥ਕਰਦ ਪਕੜਿ ਬਪੁ ਰਕਤ ਨਿਕਾਰਾ। ਬੂੰਦ ਲੀਨਿ ਨਿਜ ਰੂਪ ਸੁਧਾਰਾ[2]। ਕਹ੍ਯੋ ਲੰਕੜੇ–ਮੁਝ ਤੇ ਲੈਹੋ। ਕਛਨੀ ਭੇਖ ਪੰਥ ਕੋ ਦੈਹੋ ॥ ੩੦ ॥ ਤੁਮ ਸਹਾਇਤਾ ਹਿਤ ਮੈਂ ਆਊਂ। ਲਾਜ ਪੰਥ ਕੀ ਰਾਖਿ ਵਧਾਊਂ–। ਅੰਤਰਧ੍ਯਾਨ ਭਈ ਪੁਨ ਦੇਵੀ। ਸਹਿਤ ਲੰਕੁਰਾ ਗਣਨਿ[3] ਅਭੇਵੀ॥ ੩੧ ॥ ਤਿਸ ਦਿਨ ਤੇ ਮਾਤਾ! ਸੁਨਿ ਘਟਕੀ[4]। ਜਗਤ ਰੀਤਿ ਖਟਪਟ ਸਭਿ ਛੁਟਕੀ॥ਅਪਰ ਬਾਤ ਕੁਛ ਨਹੀਂ ਬਤਾਊਂ। ਦੇਵੀ ਬਰਜ੍ਯੋ ਸਦਾ ਛਪਾਊਂ ॥ ੩੨ ॥ ਗੁਰ ਮਾਯਾ ਕੁਛ ਜਾਇ ਨ ਜਾਨਾ। ਮਾਯਾ ਤ੍ਯਾਗ ਭਯੋ ਮਸਤਾਨਾ। ਬਧ੍ਯੋ ਬੈਰ ਰਾਜਨਿ ਕੋ ਸੰਗਾ। ਲਰੈਂ ਸਿੰਘ ਮਨ ਭਾਵਤਿ ਜੰਗਾ ॥ ੩੩ ॥ ਕੇਤਿਕ ਦਿਨ ਮਹਿੰ ਕੇਸ਼ਵਦਾਸ। ਕੁਛਕ ਲਾਜ ਆਯਹੁ ਹਮ ਪਾਸ। ਕਹ੍ਯੋ ਤਿਸੈ –ਤੁਵ ਕਰੁਨਾ ਪਾਇ। ਜਥਾ ਮੰਤ੍ਰ ਬਿਧਿ ਦਈ ਸਿਖਾਇ ॥ ੩੪ ॥ ਭਈ ਬਿਦਤ ਬਾਂਛਤਿ ਬਰ ਦਯੋ। ਕਾਰਜ ਸਕਲ ਸਪੂਰਨ ਭਯੋ॥ਸਵਾਲਾਖਅਬਿ ਦੇ ਹੈਂ ਧਨ ਕੋ–।ਇਮ ਕਹਿ ਮੇਲ੍ਯੋ ਅਪਨੇ ਤਨ ਕੋ[5] ॥੩੫॥–ਜਿਸ ਬਲੁ ਹੋਵਹਿ ਬਾਸ ਹਮਾਰਾ। ਦਿਯੋ ਤਿਸੀ ਬਲ ਬਾਸ ਤੁਮਾਰਾ–। ਰੋਇ ਪ੍ਰਥਮ ਪੁਨ ਦਿਜਬਰ ਭਾਖਾ।–ਮੁਹਿ ਅਭਿਲਾਖ ਸਾਚ ਤੁਮ ਭਾਖਾ–॥੩੬॥[6]ਬਹੁਰ ਬਿੱਪ੍ਰ ਜੈਸੇ* ਮਿਲ ਗਿਨਾ। ਗਯੋ ਕਹੂੰ ਕਿਨ ਸੁਨਾ ਨ ਗਨਾ[6]। ਸੁਨਿ ਜਨਨੀ!ਹੋਈ ਬਿਧਿਜੈਸੀ॥ਬਰਨਨ ਕਰੀ ਤੋਹਿ ਸੰਗ ਤੈਸੀ॥੩੭॥ਕੁਛਸੰਦੇਹ ਨਹੀਂ ਮਨ ਰਾਖਹੁ।ਪ੍ਰਗਟਹਿ ਪੰਥ ਮਹਿਦ ਅਭਿਲਾਖਹੁ[7]। ਸ਼੍ਰੀ ਗੁਜਰੀ ਸੁਨਿ ਕੈ ਸੁਤ ਬੈਨ।ਨਿਸ਼ਚਲ ਮਨ ਕਰਿ ਗਮਨੀ ਐਨ॥ ੩੮ ॥ ਸ੍ਰੀ ਦੇਵੀ ਬਿਦਤਨਿ ਕੇ ਪਾਛੇ।ਏਕ ਦਿਵਸ ਬੈਠੇ ਗੁਰ ਆਛੇ।ਇਕ ਸੋਢੀ ਸਮੀਪ ਤਬਿ ਬੈਸਾ। ਬੂਝ੍ਯੋ 'ਦਿਜ ਬ੍ਰਿਤੰਤ ਭਾ ਕੈਸਾ ॥ ੩੯ ॥ ਗਯੋ ਪਲਾਇ ਨ ਦਈ ਦਿਖਾਈ। ਕਹ੍ਯੋ ਜੁ ਦੇਨਿ ਦਰਬ ਸਮੁਦਾਈ। ਬਿੱਦ੍ਯਾਵਾਨ ਉਪਾਇ ਮਹਾਨਾ[8]। ਕਰ੍ਯੋ ਸਕਲ ਬਿਧਿ[9], ਸੋ ਤੁਮ ਜਾਨਾ'॥੪੦॥ ਸਭਿਨਿ ਸੁਨਤਿ

[1]ਜਲ ਵਿਚ ਫੇਰਕੇ। [2]ਆਪਣੇ ਰੂਪ ਵਿਚ ਧਾਰ ਲਈ। [3]ਲੰਕੜੇ ਤੇ ਗਣਾਂ ਸਮੇਤ। [4]ਦਿਲ ਦੀ ਗਲ। [5]ਭਾਵ ਜੋਤੀ ਪਾਈ। [6]ਫੇਰ ਬ੍ਰਾਹਮਣ ਜਿਵੇਂ ਮਿਲਕੇ ਗਿਣਕੇ ਗਿਆ ਕਿਸੇ ਨੇ ਨਾ ਸੁਣਿਆਂ ਨਾ ਜਾਣਿਆਂ ਭਾਵ ਪਤਾ ਨਹੀਂ। [7]ਅਸਲ ਪਾਠ 'ਅਬ ਲਾਖਹੁ' ਜਾਪਦਾ ਹੈ, ਲਿਖਾਰੀ ਦੀ ਕਲਮ ਉਕਾਈ ਹੈ। ਅਰਥ–ਹੁਣ (ਤੁਸੀਂ) ਲਖ ਲਓ ਕਿ ਪੰਥ ਬਹੁਤ ਪ੍ਰਗਟੇਗਾ। (ਅ) ਤੁਸੀਂ ਬਹੁਤ ਅਭਿਲਾਖਾ ਕਰੋ ਕਿ ਪੰਥ ਪ੍ਰਗਟੇ। [8]ਬੜੇ ਜਤਨ ਕਰਨ ਵਾਲਾ। [9]ਸਾਰੀ ਬਿਧੀ (ਜਿਸ ਨੇ) ਕੀਤੀ ਹੈ। *ਪਾ:–ਜੈਸੇ।

Sri Satguru Jagjit Singh Ji eLlibrary NamdhariElibrary@gmail.com

ਬੋਲੇ ਗੁਰ ਧੀਰਾ । 'ਕੇਸ਼ਵ ਧਾਰਕੋ ਜਾਇ ਸਰੀਰਾ । ਹਮਰੋ ਸਿੱਖ ਹੋਇ ਅਵਤਰੇ। ਰਣ ਸਿੰਘ[1] ਨਾਮ ਭੂਮ ਪਰ ਥਿਰੇ ॥੪੧॥ ਦੋਇ ਜਨਮ ਪਹਿਲੋਂ ਧਰਿ ਲੈ ਹੈ।ਦੇਹ ਤੀਸਰੀ ਅਸ ਪੁਨ ਪੈ ਹੈ।ਬਹੁਤਨਿ ਸੰਗ ਭਿਰੇਗਾ ਜਬਿਹੀ। ਕਰਹਿ ਰਾਜ ਹੰਕਾਰੀ ਤਬਿਹੀ ॥ ੪੨ ॥ ਲਵਪੁਰਿ ਮਹਿੰ ਕਰਿ ਨਿਜ ਰਜ-ਧਾਨੀ। ਜੀਤੈ ਦੇਸ਼ਨਿ ਬਿਜੈ ਮਹਾਨੀ। ਅੰਤ ਸਮੈਂ ਗਤਿ ਹੋਹਿ ਬਹੋਰੀ[2]।ਤਨ ਕੋ ਤਯਾਗ ਆਇ ਮਮ ਓਰੀ*' ॥ ੪੩ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਮਾਤ ਸੌ' ਪ੍ਰਸੰਗ ਬਰਨਨੰ ਨਾਮ ਏਕ ਊਨ ਚੱਤ੍ਵਾਰਿੰਸਤੀ ਅੰਸ਼ੂ ॥ ੩੯ ॥

੪੦. [ਲਾਂਗਰੀ ਤਕਰਾਰੀ । ਕਹੀ ਲੋਕਾਈ । ਲੰਗਰ ਅਟਕਾ] ।

ਦੋਹਰਾ ॥ †ਇਸ ਪ੍ਰਕਾਰ ਸ਼੍ਰੀ ਸਤਿਗੁਰੂ ਬੈਠੇ ਸਭਾ ਸਥਾਨ। ਬ੍ਰਿੰਦ ਸਿੱਖ ਮਿਲਿ ਕੈ ਤਬੈ ਕਰੀ ਪੁਕਾਰ ਮਹਾਨ‡ ॥ ੧ ॥ਨਿਸ਼ਾਨੀ ਛੰਦੁ॥ 'ਗੁਰੂ ਗਰੀਬ-ਨਿਵਾਜ ਪ੍ਰਭੁ ਹੇ§ ਕ੍ਰਿਪਾਨਿਧਾਨਾ ! [3]ਤਕਰਾਈ ਸੁ ਪ੍ਰਸਾਦਿ ਕੈ, ਸਭਿ-

[1]ਰਣਜੀਤ ਸਿੰਘ । [2]ਫਿਰ ਮੁਕਤੀ ਹੋਵੇਗੀ। [3]ਪ੍ਰਸ਼ਾਦ ਦੀ ਤਕੜਾਈ ਕਰਾਓ ਸਭ ਨੂੰ ( ਭੁੱਖੇ ਰਹਿੰਦੇ) ਜਾਣਕੇ। ਪਰੰਤੂ ਸ਼ੁਧ ਪਾਠ 'ਤਕਰਾਰੀ' ਹੈ, ਤਕੜਾਈ ਲਿਖਣਾ ਲਿਖਾਰੀ ਦੀ ਉਕਾਈ ਹੈ । ਸੌ ਸਾਖੀ ਵਿਚ 'ਤਕਰਾਰੀ' ਪਾਠ ਹੈ। ਫਿਰ ਅਰਥ ਐਉਂ ਲਗਦਾ ਹੈ-'ਲਾਂਗਰੀ ਪ੍ਰਸ਼ਾਦ ਦਾ ਤਕਰਾਰੀ ਹੈ, ਇਹ ਗੱਲ ਸਭ ਨੇ ਜਾਣ ਲਈ ਹੈ, ਥੋੜਾ (ਖਾਣ ਨੂੰ) ਦੇਂਦਾ ਹੈ, ਜੇ ਸਿਖ ਹੋਰ ਮੰਗਣ ਤਾਂ ਬੋਲਦਾ ਹੀ ਨਹੀਂ,ਚੁੱਪ ਵਟ ਜਾਂਦਾ ਹੈ, ਜੇ ਬੋਲਦਾ ਹੈ ਤਾਂ ਉਲਟ ਪੁਲਟ ।' ਸੌ ਸਾਖੀ ਦਾ ਪਾਠ ਹੈ:-ਲਾਂਗਰੀ ਪ੍ਰਸ਼ਾਦ ਦਾ ਤਕਰਾਰੀ ਹੈਗਾ [ਤਕਰਾਰੀ=ਝਗੜਾ ਕਰਨ ਵਾਲਾ]।

*ਇਹ ਸਾਰਾ ਅੰਸ਼ੂ ਸੌ ਸਾਖੀ ਦੀ ੧੭ਵੀਂ ਸਾਖੀ ਹੀ ਹੈ । ਇਸ ਦੇ ਅੰਤ ਵਿਚ ਦੱਸਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਕੇਸ਼ਵ ਦਾਸ ਬ੍ਰਾਹਮਣ ਦਾ ਹੀ ਤੀਸਰਾ ਜਨਮ ਹੈ । ਜਿਵੇਂ ਬ੍ਰਾਹਮਣਾਂ ਨੇ ਅਕਬਰ ਨੂੰ ਪਿਛਲੇ ਜਨਮ ਬ੍ਰਾਹਮਣ ਤਪੱਸ੍ਵੀ ਦੱਸਿਆ ਸੀ, ਤਿਵੇਂ ਸੌ ਸਾਖੀ ਵਿਚ ਆਖੇਪ ਕਰਨ ਵਾਲੇ ਨੇ ਮਹਾਰਾਜੇ ਨੂੰ ਪਿਛਲੇ ਜਨਮਾਂ ਵਿਚ ਬ੍ਰਾਹਮਣ ਕੇਸ਼ੋਦਾਸ ਦੱਸਿਆ। ਭਾਵ ਸਪਸ਼ਟ ਹੈ ਕਿ ਮਹਾਰਾਜ ਬ੍ਰਾਹਮਣਾਂ ਵਲ ਝੁਕ ਜਾਵੇ । ਕਦੇ ਕੋਈ ੧੭੯੧ ਦੀ ਸੌ ਸਾਖੀ ਲੱਭੇ ਤਾਂ ਇਹ ਸਾਖੀ ਨਹੀਂ ਮਿਲੇਗੀ। ਕਵੀ ਜੀ ਖੋਜ ਪੜਤਾਲ ਨਹੀਂ ਕਰ ਸਕੇ, ਉਹਨਾਂ ਨੇ ਸਾਰੀ ਪੋਥੀ ਨੂੰ ਸ਼ਰਧਾ ਪੂਰਬਕ ਸਹੀ ਮੰਨਕੇ ਛੰਦਾ ਬੰਦ ਰੂਪ ਪਹਿਨਾਇਆ ਹੈ । ਕੇਸ਼ੋਦਾਸ ਨੂੰ ਭੁਲਾ ਦੇਣਾ ਉਸ ਦੇ ਗੁੱਸੇ ਹੋਣ ਤੇ ਗੁਰੂ ਜੀ ਦਾ ਉਸ ਨੂੰ ਸਿੱਖਾਂ ਦੀ ਵਿਸ਼ੇਸ਼ਤਾ ਦੱਸਣੀ ਤੇ ਉਸ ਦਾ ਚਟਪਟਾ ਕੇ ਕ੍ਰੁੱਧਤ ਹੋਕੇ ਆਪਣੀ ਰੋਜ਼ੀ ਲਈ ਉਦਾਸ ਹੋਕੇ ਰੋ ਪੈਣਾ ਤਾਂ ਸਾਰੇ ਵਾਕ ਸਾਡੇ ਪਾਸ ਦਸਮੇਂ ਪਾਤਸ਼ਾਹ ਜੀ ਦੇ ਸ੍ਰੀ ਮੁਖਵਾਕ ਮੌਜੂਦ ਹਨ, ਉਹਨਾਂ ਵਿਚ ਗੁਰੂ ਜੀ ਨੇ ਕਿਉਂ ਨਹੀਂ ਕਿਹਾ ਕਿ ਫਿਰ ਅਸੀਂ ਕ੍ਰਿਪਾਲੂ ਹੋਕੇ ਕੇਸ਼ੋਦਾਸ ਨੂੰ ਤ੍ਰੈ ਜਨਮ ਦੇਕੇ ਫਿਰ ਲਾਹੌਰ ਦਾ ਸਿੱਖ ਮਹਾਰਾਜਾ ਬਣਕੇ ਅਵਤਰਣ ਦਾ ਵਰ ਦੇਂਦੇ ਹਾਂ, ਉਸ ਟਿਕਾਣੇ ਜ਼ਿਕਰ ਨਾ ਹੋਣਾ ਸੌ ਸਾਖੀ ਦੇ ਲੇਖ ਨੂੰ ਗੁਰੂ ਉਕਤੀ ਸਾਬਤ ਨਹੀਂ ਹੋਣ ਦੇਂਦਾ।'

†ਸੌ ਸਾਖੀ ਦੀ ਹੁਣ ੧੯ਵੀਂ ਸਾਖੀ ਇੱਥੋਂ ਚੱਲੀ ਹੈ।

‡ਪਾ:-ਬਖਾਨ ।

§ਪਾ:-ਗੁਰ ।

ਹਿਨਿ ਹੀ ਜਾਨਾ। ਦੇਤਿ ਲਾਂਗਰੀ ਅਲਪ ਹੀ ਜਾਚਤਿ ਸਿਖ ਫੇਰੀ। ਨਹਿਂ ਬੋਲਹਿ, ਮੁਖ ਮੌਨ ਧਰਿ, ਜੋ ਕਹਹਿ ਕੁਫੇਰੀ' ॥੨॥ ਸ੍ਰੀਮੁਖ ਤੇ ਮੁਸਕਾਇ ਕਰਿ ਇਮ ਬਾਕ ਬਖਾਨਾ। 'ਲੋਭੀ ਦੀਰਘ ਲਾਂਗਰੀ ਨਾਹਿਨ ਤ੍ਰਿਪਤਾਨਾ। ਗੁਰ ਧਨ ਇਨ ਖਾਯੋ ਅਧਿਕ ਡਹਿਕਨੈਂ[1] ਮਨ ਮਾਂਹੀ। ਪਿਛਲੇ ਜਨਮ ਮਸੰਦ ਥੋ ਭੂਖਾ ਬਡ ਆਹੀ ॥੩॥ਚੌਪਈ॥ ਜੇਂਵਹੁ[2], ਦੇਗ਼ ਗੁਰੂ ਕੀ ਹੋਇ*। ਦੇਗ਼ ਵਾਹਿਗੁਰੂ ਜੀ ਕੀ ਸੋਇ। ਸ੍ਵਾਦ ਦੇਗ਼ ਮਹਿਂ ਬਹੁਤੋ ਰਹੈ। ਜੋ ਪਾਹੁਲੀਆ ਗੁਰ ਸਿਖ ਅਹੈ ॥ ੪ ॥ ਨਹੀਂ ਪ੍ਰਸ਼ਾਦਿ ਦੇਗ ਕੋ ਖਾਇ। ਸੋ ਨਹਿ ਗੁਰ ਕੋ ਸਿੱਖ ਕਹਾਇ। ਅਬਿ ਤੇ ਸੁਨਹੁ ਸਿੱਖ ਸਭਿ ਭਾਈ। ਕਰਿਕੈ ਰਹਿਤ ਜਥਾ ਹਮ ਗਾਈ ॥੫॥ ਆਪ ਪ੍ਰਸ਼ਾਦਿ ਬਨਾਵਹੁ ਤਯਾਰ। ਢਿਗ ਹ੍ਵੈ ਦੀਜਹਿ —ਅਚਹੁ ਅਹਾਰ[3]—। ਸਿੱਖ ਪ੍ਰਸ਼ਾਦਿ ਛਕਾਵੈ ਸਿਖ ਕੋ। ਹੋਇ ਨਿਹਾਲ ਨ ਕਸ਼ਟ ਭਵਿਖ ਕੋ ॥ ੬ ॥ ਆਸ਼੍ਰਮ ਬਰਨ ਸਭਿਨਿ ਤੇ ਤਯਾਗੀ। ਪੰਥ ਗੁਰੂ ਕੋ ਪ੍ਰਭੁ ਅਨੁਰਾਗੀ। ਕਰਿ ਅਰਦਾਸ ਕਰਹੁ ਬਰਤਾਵਨਿ। —ਤ੍ਰੂ ਪ੍ਰਸਾਦਿ† ਕਹਿ ਛਕੈ‡ ਛਕਾਵਨ ॥ ੭ ॥ ਤ੍ਰਿਪਤ ਹੋਇ ਮੁਖ ਹਾਥ ਪਖਾਰਹੁ। ਤਿਸ ਪਸ਼ਚਾਤੀ ਚੁਲਾ ਉਚਾਰਹੁ। ਸ਼ਸਤ੍ਰ ਤੁਰੰਗਮ ਕੀ ਨਿਤ ਸੋਧੀ[4]। ਹੋਵਨਿ ਤੁਰਕਨਿ ਸੰਗ ਵਿਰੋਧੀ॥੮॥ਰਹਨਿ ਪਹਾਰੀ ਸੋਂ ਨਿਤ ਨਯਾਰੋ। ਬਨਿ ਕਰਿ ਸਖਾ ਨ ਕੀਜੈ ਪਯਾਰੋ। ਸਭਿ ਸਿੱਖਨਿ ਕੋ ਖਰਚ ਬਿਸਾਲਾ। ਦੈ ਹੈ ਗੁਰੂ ਸਰਬ-ਥਾ ਕਾਲਾ[5] ॥੯॥ ਛੱਤ੍ਰੀ ਆਦਿ ਬਰਨ ਚਹੁ ਰਾਸੀ[6]। ਆਸ਼੍ਰਮ ਚਾਰਿ ਆਦਿ ਸੰਨਯਾਸੀ। ਸਕਲ ਅਧੀਨ ਪੰਥ ਕੇ ਕਰੇ। ਸੋ ਸਭਿ ਪੰਥ ਸ਼ਬਦ ਅਨੁਸਰੇ[7]॥ ੧੦ ॥ ਸੇਵਾ ਸਿੱਖਨ ਕੀ ਸਿਖ ਧਾਰੇ। ਅਚਹਿ ਪ੍ਰਸਾਦਿ ਨ ਪਾਸ ਉਠਾਰੇ[8]। ਤ੍ਰਿਪਤਹਿ ਉਦਰ ਲੋਭ ਪੁਨ ਕਰੇ[9]। ਮੰਦ ਨਜ਼ਰ ਸਿਖ ਕੋ ਘਰ ਧਰੇ ॥ ੧੧ ॥ ਸੋ ਸਿਖ ਪਰਹਿ ਨਰਕ ਮਹਿ ਜਾਈ। ਨਹਿ ਤਿਸ ਕੇ ਮੈਂ ਬਨਹੁਂ ਸਹਾਈ। ਨਹਿ ਪ੍ਰਸਾਦਿ ਕੀ ਨਿੰਦ ਅਲਾਵੈ। ਛੁਧਤਿ ਸਿੱਖ ਕੋ ਸਾਦਰ ਖ੍ਵਾਵੈ

[1]ਭਰਮ ਗਿਆ ਹੈ। [2]ਛਕੋ। [3]ਸਿੱਖ ਦੇ ਨੇੜੇ ਹੋਕੇ ਦਿਓ ( ਤੇ ਆਖੋ ) ਪ੍ਰਸ਼ਾਦ ਛਕੋ। [4]ਪਵਿੱਤਰ ਰਹਿਣੀ। (ਅ) ਸੋਧੀ ਰੱਖਣੀ। [5]ਸਭ ਥਾਈਂ ਸਭ ਵੇਲੇ। [6]ਸਾਰੇ ਚਾਰੇ ਬਰਨ। [7]ਉਹ ਸਾਰੇ ਪੰਥ ਦੇ ਹੁਕਮ ਅਨੁਸਾਰੀ ਕੀਤੇ [ਸ਼ਬਦ=ਹੁਕਮ]। (ਅ) ਸੋ ਸਾਰਾ ਪੰਥ ਸ਼ਬਦ, ਭਾਵ ਸ੍ਰੀ ਗੁਰੂ ਗ੍ਰੰਥ ਜੀ ਦੇ ਅਧੀਨ ਕੀਤਾ ਹੈ। [8]ਪਾਸ ਬੈਠੇ ਨੂੰ (ਪੰਕਤ ਵਿਚੋਂ) ਨਾ ਉਠਾਏ। (ਅ) ਚੁਕ ਕੇ ਰੋਟੀ ਨਾਲ ਨਾ ਲੈ ਜਾਵੇ। [9]ਪੇਟੋਂ ਰੱਜਕੇ ਜੇ ਲੋਭ ਧਾਰੇ।

*ਸੌ ਸਾਖੀ ਦਾ ਪਾਠ—ਜਾਓ ਤੇਗ ਗੁਰੂ ਕੀ ਦੇਗ ਵਾਹਿਗੁਰੂ ਜੀ ਕੀ।

†ਸੌ ਸਾਖੀ ਦਾ ਪਾਠ—ਤਵ ਪ੍ਰਸਾਦਿ। ‡ਪਾ:—ਕਰਹੁ।

Sri Satguru Jagjit Singh Ji eLlibrary NamdhariElibrary@gmail.com

॥ ੧੨ ॥ ਸੌ ਜੱਗਨ ਕੋ ਫਲ ਸੋ ਪਾਇ। ਗੁਰਸਿਖ ਕੌ ਕਰਿ ਪ੍ਰੇਮ ਛਕਾਇ।
ਸਿਖ ਕੋ ਦੇਯ ਬਿਵਾਹ ਕਰਾਇ। ਸੋ ਨਿਸਤਰਹਿ ਬਿਲਮ ਨਹਿ ਲਾਇ॥
੧੩॥ ਸਿੱਖ ਸਿੱਖ ਬਿੱਦਯਾ ਸਿਖਲਾਵੈ। ਨਗਨ ਸਿੱਖ ਕੋ ਬਸਤ੍ਰ ਉਢਾਵੈ।
ਕ਼ਾਰਜ ਅਰਥੈ ਸਿੱਖ ਕੋ ਸਾਧੇ।ਜਮ ਕੀ ਬਾਧਾ ਸੋ ਨਹਿ ਲਾਧੇ[1]॥੧੪॥*ਇਕ
ਦਿਨ ਬੈਠੇ ਗੁਰ ਮਹਾਰਾਜ। ਚਹੁੰਦਿਸ਼ਿ ਸੇਵਕ ਸਭਾ ਸਮਾਜ। ਚੌਕੀ ਭਈ
ਬਿਲਾਵਲੁ ਕੇਰੀ।ਗਾਵਹਿਂ ਰਾਗੀ ਪ੍ਰੀਤ ਘਨੇਰੀ ॥੧੫॥ ਸਾਜ ਸਮਾਜ ਕੰਠ
ਸੁਰ ਤਾਲ। ਭੁਏ ਏਕ ਤਬਿ ਗਾਇ ਰਸਾਲ[2]। ਖੁਸ਼ੀ ਖਾਲਸਾ ਸੁਨਿ ਕਰਿ
ਹੋਵਾ।ਗੁਰ ਮਹਿ ਪ੍ਰੇਮ ਉਪਾਵਤਿ ਜੋਵਾ॥੧੬॥'ਵਾਹੁ ਵਾਹੁ'ਸਭਿਹੂੰਨ ਸੁਨਾਯੋ।
'ਆਜ ਸ਼ਬਦ ਸੁੰਦਰ ਬਿਧਿ ਗਾਯੋ। ਕਰੇ ਨਿਹਾਲ ਰਾਗੀਅਨਿ ਆਛੇ।
ਦਯੋ ਅਨੰਦ ਜਥਾ ਉਰ ਬਾਂਛੇ' ॥ ੧੭ ॥ ਸੁਨਿ ਕਲਗ਼ੀਧਰ ਊਚੇ ਕਹੀ।
'ਭਾਈ ਕਹੀ ਲੁਪਾਈ ਕਹੀ[3]'।ਤਬਿ ਸਿੱਖਨ ਬੂਝਯੋ ਨਰਨਾਹਰ[4]।'ਪਾਤਿ-
ਸ਼ਾਹ ਸਿੱਟਾ ਹੁਇ ਜ਼ਾਹਰ[5] ॥ ੧੮ ॥ ਹਮ ਕੋ ਨਹੀਂ ਸਮਝ ਕੁਛ ਆਈ।
ਕੌਨ ਖਯਾਲ ਮਹਿਂ ਆਪ ਅਲਾਈ'। ਤਬਿ ਸਤਿਗੁਰੁ ਸੁਨਾਈ ਤਥਾ।
'ਗ੍ਰਾਮ ਚੌਧਰੀ ਕੀ ਇਕ ਕਥਾ ॥੧੯॥ ਗਯੋ ਖੇਤ ਮਹਿ ਜਿਹ ਕਿਰਸਾਨੀ[6]
ਜੋਰਯੋ ਹਰਠ[7] ਸਿੰਚਤੋ ਪਾਨੀ। ਰਾਖੀ ਕਯਾਰੇ ਪਰ ਤਿਨ ਕਹੀ[8]। ਲੋ ਗਮ-
ਨਯੋਂ ਕੋ,ਪ੍ਰਾਪਤਿ ਨਹੀਂ[9]॥੨੦॥ਨਿਸਾਨੀ ਛੰਦ ॥ ਰਿਦੈ ਬਿਚਾਰਯੋ ਚੌਧਰੀ-ਵਬੁ
ਗਈ ਜਿ ਮੇਰੀ। ਤੌ ਅਪਰਨ ਕੀ ਕਯਾ ਚਲੀ[10], ਕਯੋਂ ਹੋਇਂ ਨ ਚੋਰੀ-।
ਬੋਲਿ ਭਿਰਾਈ[11] ਕੋ ਲਯੋ ਡੌਂਡੀ ਫਿਰਵਾਈ। ਬਜਯੋ ਢੋਲ ਸਭਿ ਨੇ ਸੁਨਯੋਂ
ਪਰ ਕਹੀ ਨ ਪਾਈ ॥੨੧॥ ਬਹੁਰ ਗ੍ਰਾਮ ਕੇ ਸਦਨ ਜੋ ਸਗਰੇ ਖੁਜਵਾਏ।
ਤਊ ਨ ਪ੍ਰਾਪਤਿ ਸੋ ਕਹੀ ਨਰ ਉਰ ਬਿਸਮਾਏ।ਤਬਿ ਇਕ ਮਾਨਵ ਨੇ ਕਹਯੋ
-ਜੋ ਸਦਨ ਭਿਰਾਈ। ਸੋ ਭੀ ਲੀਜਹਿ ਖੋਜ ਕਰਿ ਜੋ ਲੇਵਹੁ ਪਾਈ-
॥ ੨੨॥ ਸੁਨਿ ਸਭਿ ਨੈ ਮਾਨਯੋਂ ਤਬੈ ਤਿਹ ਸਦਨ ਖੁਜਾਏ। ਇਕ ਕੋਠੀ
ਪੀਛੇ ਪਰੀ ਤਿਹ ਲਈ ਉਠਾਏ। ਪਿਖਿ ਕਰਿ ਬੋਲਯੋ ਚੌਧਰੀ-ਸੁਨਿ ਮੂਢ

[1]ਪੀੜਾ ਨਹੀਂ ਲਵੇਗਾ। [2]ਸੁੰਦਰ। [3]ਭਾਈ ਨੇ ਜੋ 'ਕਹੀ' ਕਹੀ ਹੈ ਓਹ ਇਸ ਨੇ ਆਪ ਹੀ ਲੁਕਾਈ ਹੋਈ ਹੈ ਭਾਵ ਆਪ ਰਾਗ ਕਰਕੇ ਧਾਰਨਾ ਨਹੀਂ ਧਾਰਦੇ। 'ਕਹੀ' ਦਾ ਦ੍ਰਿਸ਼ਟਾਂਤ ਦੇਕੇ ਅੱਗੇ ਦੱਸਦੇ ਹਨ। (ਅ) ਕਹੀ ਕਿਸ ਨੇ (ਯਾ ਕਿਸ ਥਾਂ) ਲੁਕਾਈ ਹੈ? [4]ਭਾਵ ਨਰਾਂ ਵਿਚ ਸ਼ੇਰ ਰੂਪ ਗੁਰੂ ਜੀ ਨੂੰ। [5]ਭਾਵ ਤਾਤਪਰਜ ਦੱਸੋ। [6]ਜਿੱਥੇ ਖੇਤੀ ਕਰਦਾ ਹੁੰਦਾ ਸੀ। [7]ਖੂਹ। [8]ਕਹੀ ਕਿਆਰੇ (ਦੇ ਨੱਕੇ ਤੇ) ਉਸ ਨੇ ਰੱਖੀ ਸੀ। [9]ਲੱਭੀ ਨਾਂ। [10]ਹੋਰ ਕਿਸੇ ਦੀ ਕੀਹ (ਪੇਸ਼) ਚੱਲੇਗੀ। [11]ਢੋਲ ਵਜਾਉਣ ਵਾਲਾ। *ਸੌ ਸਾਖੀ ਦੀ ੨੨ਵੀਂ ਸਾਖੀ ਹੁਣ ਚੱਲੀ ਹੈ।

'ਭਿਰਾਈ ! ਢੋਲ ਸੁਨਾਵਹਿਂ ਸਭਿਨਿ ਕੋ,ਘਰ ਕਹੀ ਛੁਪਾਈ'--॥੨੩॥ਕਰੀ ਨਸੀਹਤਿ ਤਬਿ ਤਿਸੈ ਜੇਤਿਕ ਬਨਿਆਵੈ। ਰੀਤਿ ਭਿਰਾਈ[1] ਰਾਗੀਅਨਿ ਕਰਿ ਰਾਗ ਸੁਨਾਵੈਂ। ਤਿਮ ਮੋਰੀ[2] ਸਿੱਖਹੁ ਸੁਨਹੁਂ ਇਹੁ ਬਿਨਾ ਕਮਾਏ। ਪੰਡਤਿ ਰਾਗੀ ਜੋਤਸ਼ੀ ਪ੍ਰੇਰਕ ਬਨਿ ਆਏ॥੨੪॥ਅਪਰਨ ਕੋ ਸਮੁਝਾਵਹੀਂ ਨਹਿ ਆਪ ਕਮਾਵੈਂ। ਪਹੁਚਹਿ ਪੱਛੀ ਪੂਛਿਕੈ, ਰਹਿ ਠੌਰ ਬਤਾਵੈ[3]। ਐਸੀ ਬ੍ਰਨੀ ਬਤਾਉਨੀ ਬਿਰਲਾ ਸਮਝੰਤਾ[4]। ਸਮਝਹਿਗੋ ਸੋ ਤਰਹਿਗੋ ਸੁਨੀਅਹਿ ਸਿਖ ਸੰਤਾ ॥ ੨੫ ॥ ਕਹਨੇ ਪਾਰ ਨਹਿ ਪਰਤਿ ਹੈ ਤਰਿਹੈ ਨਹਿਂ ਜੌਲੌਂ[5]।ਜਬਿਲੌ ਸ਼ਾਂਤਿ ਨ ਪ੍ਰਾਪਤੀ ਕਹਿ ਫੋਕਟ ਤੌਲੌਂ[6]।ਗੁਰ ਸਾਚਾ ਜਿਨ ਕੋ ਮਿਲਹਿ ਸੋ ਬਖਸ਼ੇ ਜੈ ਹੈਂ।ਪੁੰਜ ਪੁੰਨ ਹੁਇ ਪ੍ਰਥਮ ਕੇ ਤਬਿਸੋ ਸਮਝੈ ਹੈਂ'॥੨੬॥ ਇਮ ਸਤਿਗੁਰ ਸੁਭ ਪੰਥ ਮਹਿ ਨਿਜ ਦਾਸ ਚਲਾਵੈਂ*। ਜੋ ਮੰਨਹਿ ਸੋ ਪਾਰ ਹ੍ਵੈ ਪੁਨ ਜਨਮ ਨ ਪਾਵੈ। †ਇਕ ਸਮੈ ਦੁਰਭਿਛ ਪਰਯੋਅੰਨ ਮਹਿੰਗਾ ਹੋਵਾ। ਕੁਲਯੋ ਜਗਤ ਬਹੁ ਛੁਧਿਤ ਹ੍ਵੈ ਧੀਰਜ ਉਰ ਖੋਵਾ ॥ ੨੭ ॥ ਲੋਕ ਹਜ਼ਾਰਹੁਂ ਅਨੰਦਪੁਰ ਜਿਤਿ ਕਿਤ ਤੇ ਆਏ।ਦੇਗ਼ ਹੋਤਿ ਅਨਤੋਟ ਹੀਲੇਲੇ ਸਭਿ ਖਾਏ। ਦਯਾ ਪ੍ਰਭੂ ਕੀ ਬਹੁ ਭਈ ਅੰਨੁ ਰੁ ਧਨ ਦੇਤੇ। ਦੀਨ ਹੋਇ ਨਰ ਰੈਨ ਦਿਨ ਤ੍ਰਿਪਤੈਂ ਸਭਿ ਲੇਤੇ॥੨੮॥ਹੇਰਿ ਹੇਰਿ ਗੁਰ ਦਾਨਕੋ ਬਿਸਮੈਂ ਨਰ ਨਾਰੀ। ਕੀਰਤਿ ਪਸਰੀ ਜਗਤ ਮਹਿ ਕੋ ਸਮਤਾ ਧਾਰੀ। ਪਿਖਹਿਂ ਸੁਨਹਿਂ ਸਭਿ ਗਿਰਪਤੀ ਉਰ ਲਖਹਿ ਅਚੰਭਾ।—ਕਹਿਂ ਤੇ ਆਨਹਿ ਧਨੁ ਇਤਿਕ ਬਡਿ ਦਾਨ ਅਰੰਭਾ--॥੨੯॥ ਸ਼੍ਰੀ ਗੁਜਰੀ ਮਾਤਾ ਤਬਹਿ ਦੇਖਤਿ ਬਿਸਮਾਈ।—[7] ਲੋਕ ਹਜ਼ਾਰਹੁਂ ਮਿਲਿ ਗਏ ਨਿਸਦਿਨ ਤ੍ਰਿਪਤਾਈ[8]।ਬਹੁਰੈ ਅੰਨ ਥੋਰਹਿ ਦਿਨਨ ਪੁਨ ਕਹਾਂ ਕਰੈ ਹੈਂ। ਆਵਤਿ ਰੋਜ਼ ਅਨੇਕ ਹੀ

[1]ਭਿਰਾਈ ਵਾਂਙ। [2]ਮੇਰੀ (ਸਿਖਿਆ)। [3]ਪੁੱਛਣ ਵਾਲਾ ਪੁੱਛਕੇ ਪਹੁੰਚ ਜਾਂਦਾ ਹੈ ਤੇ ਦੱਸਣ ਵਾਲਾ (ਉਸੇ) ਥਾਂ ਤੇ ਹੀ ਰਹਿ ਜਾਂਦਾ ਹੈ। [4](ਇਹ ਗਲ ਇਕ) ਐਸੀ ਬੁਝਾਰਤ ਬਣ ਗਈ ਹੈ ਕਿ ਕੋਈ ਵਿਰਲਾ ਇਸ ਨੂੰ ਬੁੱਝਦਾ ਹੈ। ਭਾਵ ਕਿ ਕਿਉਂ ਦੱਸਣ ਵਾਲਾ ਓਥੇ ਹੀ ਰਹਿ ਜਾਂਦਾ ਹੈ ਤੇ ਪੁੱਛਣ ਵਾਲਾ ਮਜਲੇ ਅੱਪੜਦਾ ਹੈ ? ਕਾਰਨ ਇਹ ਹੈ ਕਿ ਪੁੱਛਣ ਵਾਲਾ ਟੁਰਦਾ ਹੈ ਤੇ ਦੱਸਣ ਵਾਲਾ ਟੁਰਦਾ ਨਹੀਂ ਹੈ। ਪੁੱਛਣ ਵਾਲਾ ਜੱਗਜਾਸੂ ਹੈ ਉਹ ਅਮਲ ਕਰਦਾ ਹੈ ਤੇ ਦੱਸਣ ਵਾਲਾ ਰੁਜ਼ਗਾਰੀਆ ਹੈ ਉਹ ਅਮਲ ਨਹੀਂ ਕਰਦਾ। [5]ਕਹਿਆਂ ਪਾਰ ਨਹੀਂ ਪੈਂਦਾ ਜਿੰਨਾ ਚਿਰ ਤਰੇ ਨਾ। [6]ਤਦ ਤਕ ਕਹਿਣਾ ਨਿਸ਼ਫਲ ਹੈ। [7](ਮਾਤਾ ਜੀ ਸੋਚਦੇ ਹਨ:—)। [8]ਰਜਦੇ ਹਨ।

*ਪਾ:—ਕਹਿ ਸਭਾ ਮਹਿ ਨਿਜ ਦਾਸ ਬੁਲਾਵੈਂ। †ਇਹ ਸੌ ਸਾਖੀ ਦੀ ੨੩ਵੀਂ ਸਾਖੀ ਹੈ।

ਜੁਗ ਸਮੈਂ[1] ਅਰੈ ਹੈਂ ॥੩੦॥ ਨਹਿ ਸੁਧ ਕੁਛ ਦੁਰਭਿੱਖ ਕੀ ਰਹਿ ਕੇਤਿਕ ਕਾਲਾ[2]। ਚਲਹਿ ਦੇਗ਼ ਨਿਤ ਗੁਰੂ ਕੀ-ਇਮ ਚਿਤਹਿ ਬਿਸਾਲਾ[3]। ਹੁਤੇ ਸਮੀਪੀ ਮਾਤ ਕੇ ਸੋ ਜੁਗਤਿ ਬਤਾਇ।‘ਏਕ ਸਮੈਂ ਦਿਹੁ ਦੇਗ਼ਕੋ ਸੰਜਮ ਸੰਗ ਲਾਇ*॥ ੩੧॥ ਨਾਂਹਿਤ ਕਿਤ ਤੇ ਅੰਨ ਆਇ[4] ? ਜੋ ਕਿਤਿਕ ਪਕਾਵੈਂ। ਬੁਰਜੋ ਪੁਰਨ ਤੇ ਪਾਇ ਨਹਿ[5]ਜੋ ਮੋਲ ਮੰਗਾਵੈਂ’।ਇੱਤਯਾਦਿਕ ਸੁਨ ਬਾਰਤਾ ਮਾਤਾ ਮਨ ਡੋਲੀ। ਕਰੇ ਹਕਾਰਨਿ ਲਾਂਗਰੀ ਢਿਗ ਕਹਿ ਇਮ ਬੋਲੀ ॥੩੨॥ ‘ਏਕ ਸਮੈਂ ਲੰਗਰ ਕਰਹੁ ਲੀਜਹਿ ਅੰਨ ਥੋਰਾ। ਬੁਰਜੋ ਅੰਨ ਸਭਿ ਦੇਸ਼ ਤੇ ਬਹੁ ਨਹਿ ਕਿਤ ਓਰਾ’। ਅਲਪ ਦੇਗ਼ ਤਬਿ ਬਰਤਿ ਭੇ ਸੁਨਿ ਆਇਸੁ ਮਾਤਾ।ਪਾਯੋ ਅਲਪ ਅਹਾਰ ਕੋ ਸਭਿਹਿਨ ਤਬਿ ਜਾਤਾ॥੩੩॥ਸਿਖ ਗਨ ਮਿਲਿ ਸਤਿਗੁਰੂ ਢਿਗ ਸਭਿ ਗਾਥ ਸੁਨਾਈ। ‘ਕਹਯੋ ਮਾਤ-ਸਰਫਾ ਕਰਹੁ, ਸੁਧ ਕਾਲ ਨ ਕਾਈ। ਕੇਤਿਕ ਚਿਰ ਲਗਿ ਰਹਹਿਗੋ ਨਰੁ ਭੇ ਸਮੁਦਾਯਾ[6]-। ਦੇਗ਼ ਨੀਤ ਹੀ ਚਲਹਿ ਜਿਮ ਇਹ ਬਯੋਂਤ ਬਨਾਯਾ’॥੩੪॥ ਸੁਨਤਿ ਕ੍ਰੁੱਧ ਸ੍ਰੀ ਪ੍ਰਭੁ ਕਰਯੋ ਬਚ ਕਠਨ ਬਖਾਨੇ। ‘ਰੀ ਉਜਰੀ!ਘਰ ਹੋਇ ਜੋ ਸੰਕੋਚ ਨ ਠਾਨੈ[7]। ਭਾਨਾ ਇਮ ਕਰਤਾਰ ਕਾ ਕੋ ਕਰੈ ਉਪਾਈ[8]। ਤਊ ਕਰਹਿ ਮੁਖਤਯਾਰ ਤਿਹ ਹੁਇ ਬੀਰ ਦਨਾਈ[9]† ॥ ੩੫ ॥ ਖੱਤ੍ਰੀ, ਨਾਰੀ, ਦਾਰਿਦੀ,ਕਾਇਰ ਅਰ ਕੁਰਾਬਾਲਕ,ਚਾਕਰ ਨਵੇਂ ਹੁਇ[10]ਜਿਹ ਧ੍ਰਿਤ ਉਰ ਊਰਾ[11]। ਇਨ ਕੀ ਮੁਖਤ੍ਯਾਰੀ ਬੁਰੀ ਪਰਖੀ ਅਬਿ ਸੋਈ। ਭੁਲੀ ਹੋਤਿ ਬਰ-ਜਨ ਕਰਹਿ ਲਘੁਤਾ ਤਬਿ ਹੋਈ[12]॥੩੬॥ ਭੁਲਾ ਪੇਕਿਯਾਂ ਖੱਤ੍ਰੀਆਂ ਮਿਲਿ ਸੰਗ ਮਸੰਦਾਂ। ਨਵਿਆਂ ਸਿੱਖਾਂ ਕਾਇਰਾਂ ਮੰਤ੍ਰ ਸੁ ਕਿਧ ਚੰਗਾ। ਅਕਲ ਦ੍ਰਿੜਾਈਅਸ ਮਾਤਿ ਕੌ‡ ਮੈਂ ਜਾਨੌ ਸਾਰੀ।ਪਰ ਮੇਰੇ ਮਤਿ ਲਖਨ ਕੋ ਕੌ ਸਿਖ

[1]ਦੋਵੇਂ ਵੇਲੇ। [2]ਕਿ ਕਿਤਨਾ ਕੁ ਚਿਰ ਕਾਲ ਰਹਿਣਾ ਹੈ। [3]ਬਹੁਤ ਸੋਚਦੀ ਹੈ। [4]ਨਹੀਂ ਤਾਂ ਕਿਥੋਂ ਅੰਨ ਆਵੇਗਾ। [5]ਨਗਰਾਂ ਤੋਂ ਮਿਲਦਾ ਨਹੀਂ ਲੱਗਾ। [6]ਬਹੁਤੇ ਲੋਕ ਕੱਠੇ ਹੋ ਗਏ ਹਨ। [7]ਹੇ ਉਜੜੀ (ਮਾਤਾ) ਜੇ ਘਰ ਹੋਵੇ ਤਾਂ ਫੇਰ ਸੰਕੋਚ ਨਾ ਕਰੀਏ। [8]ਇਸ ਦਾ ਕੋਈ ਕੀ ਉਪਾ ਕਰੇ। [9]ਤਾਂ ਬੀ ਜੋ ਸੂਰਮਾ ਤੇ ਦਾਨਾ ਹੋਵੇ ਉਸ ਨੂੰ ਮੁਖਤਿਆਰ ਕਰਨਾ ਚਾਹੀਦਾ ਹੈ। [10]ਨਵਾਂ ਨੌਕਰ। [11]ਜਿਨ੍ਹਾਂ ਦੇ ਦਿਲ ਵਿਚ ਹੌਂਸਲਾ ਥੋੜਾ ਹੋਵੇ। [12]ਚੰਗੀ (ਗਲ) ਹੋਵੇ ਤਾਂ ਹਟਾ ਦੇਂਦੇ ਹਨ (ਇਹ ਅੱਠੇ, ਜਿਸ ਤੇ ਲਘੁਤਾ) ਛੁਟਿਆਈ ਹੁੰਦੀ ਹੈ (ਭਾਵ ਲੱਜਤ ਹੋਈਦਾ ਹੈ)।

*ਪਾ:-ਸਿਖਲਾਇ। †ਪਾ:-ਮੁਖਤਿਆਰ ਹੁਇ ਤਤਬੀਰ ਦਨਾਈ।

‡ਸੌ ਸਾਖੀ ਦਾ ਪਾਠ ਹੈ:-ਭਾਈ ਮਸੰਦਾਂ ਅਤੇ ਪੇਕਿਆਂ ਖੱਤ੍ਰੀਆਂ ਅਤੇ ਸਿਖਾਂ ਨਵਿਆਂ ਮਾਤਾ ਨੂੰ ਅਕਲ ਦ੍ਰਿੜਾਈਅਸੁ।

Sri Satguru Jagjit Singh Ji eLlibrary NamdhariElibrary@gmail.com

ਅਧਿਕਾਰੀ ॥ ੩੭ ॥ ਭੇਦੀ ਆਸ਼ੇ ਮੋਹਿ ਕੇ ਬਿਰਲੇ ਸਿਖ ਕੋਈ। ਕਰਨ ਭ੍ਰਾਤ ਪੰਡਵਾਨ ਕੋ ਰਣ ਮਾਰਨੋ ਸੋਈ[੧]। ਪੁਨ ਬਤਾਇ ਕੁੰਤੀ[੨] ਕਹਨੋ–ਇਹੁ ਭ੍ਰਾਤ ਤੁਮਾਰਾ ਹੁਤੀ ਕੁਮਾਰੀ ਜਨਮਿਓ ਸੁਤ ਸੂਰ ਉਦਾਰਾ[੩] ॥੩੮॥ ਮ੍ਰਿਤਕ ਕ੍ਰਿਆ ਤਿਸ ਕੀ ਕਰਹੁ ਅਪਨੋ ਮਨ ਜਾਨੋ–। ਕਹਜੋ ਜੁਧਿਸ਼ਟਰ–ਅਘਵਤੀ[੪]! ਕਿਯ ਬੁਰਾ ਮਹਾਨੋ। ਹਤਨਿ ਦੋਸ਼ ਕਿਸ ਕਉ ਲਗਹਿ? ਇਹੁ ਦੇਹੁ ਬਤਾਈ। ਪ੍ਰਥਮ ਕਹਤਿ ਕਨੋਂ ਮਾਰਿਤੇ ਜਾਨਤਿ ਬਡ ਭਾਈ ॥ ੩੯ ॥ ਇਸ ਅਲੰਬ ਹੀ ਸਦ ਰਹਿਤ ਲਗਿ ਚਰਨੀ ਸਾਰੇ[੫]। ਇਸ ਛਿਨ ਮੁਖ ਨ ਦਿਖਾਉ ਤੂੰ–ਪੁਨ ਸ੍ਰਾਪ ਉਚਾਰੇ।–ਸਭਿ ਤ੍ਰਿਯ ਕੋ ਬਾਤ ਨ ਪਚਹਿ[੬] ਜਹਿ ਹੁਕਮ ਤੁਹਾਰਾ[੭]। ਸੋ ਘਰ ਉਜਰਹਿ ਦੂਰ ਹੁਇ ਸੁਖ ਕਹਾਂ ਉਦਾਰਾ[੮]? ॥੪੦॥ ਜਿਸ ਘਰ ਮਹਿ ਦ੍ਵੈ ਮਤੇ ਹੁਇ ਥਿਰ ਰਹੈ ਨ ਕੋਊ। ਹੁਕਮ ਦੁਜੋਧਨ ਪੁੱਤ੍ਰ ਕੋ ਬਿਨਸੈ ਤਬਿ ਸੋਊ[੯]। ਮਾਨਜੋਂ ਕੇਕਈ ਕੋ ਹੁਕਮ ਦਸਰਥ ਮ੍ਰਿਤੁ ਪਾਈ। ਰਹਹਿ ਸਦਨ ਮਹਿ ਆਪਦਾ ਨਿਤ ਦੁਖ ਸਮੁਦਾਈ–' ॥ ੪੧ ॥ ਇਮ ਕਹਿ ਕ੍ਰੁੱਧਤਿ ਅਧਿਕ ਹ੍ਵੈ ਕਹਿ ਅਧਿਕ ਕਠੋਰਾ। 'ਖੱਤ੍ਰੀ ਗਨ[੧੦] ਕੋ ਹਤਹਿਗੇ ਮੋਮ ਪੰਥ ਸੁ ਜ਼ੋਰਾ। ਲੂਟ ਲੇਹਿ ਪੁਰਿ ਗ੍ਰਾਮ ਕੋ ਬਡਿ ਤ੍ਰਾਸ ਉਪਾਵੈ। ਭੋਗਹਿੰਗੇ ਸਿਖ ਆਪਦਾ ਬਿਚ ਸ਼ਰਨਿ ਜਾਵੈਂ ॥ ੪੨ ॥ ਤੁਰਕਨ ਤੇ ਤਨ ਖਾਲਹੀ ਤਿਨ ਕੀ ਉਤਰਾਊਂ। ਬਰਤਾਊਂ ਐਸੋ ਸਮਾ ਸਭਿ ਕੋ ਦਿਖਰਾਊਂ। ਕਾਤੁਰ ਕੋ ਸੂਰਾ ਕਰੌਂ ਹੁਇ ਕਾਤੁਰ ਸੂਰੇ। ਰਾਜਾਈ ਰਾਜਾਨ ਕੀ ਕਰਿ ਹੌਂ ਸਭਿ ਦੂਰੇ॥੪੩॥ ਪੁਰਖ ਮਜੂਰੀ ਕਰਹਿੰਗੇ ਤੀਯਨਿ ਕੇ ਆਗੇ। ਤ੍ਰਿਯਾ ਬਨਹਿੰ ਬਿਭਚਾਰਨੀ ਨਿਜ ਪਤਿ ਕੋ ਤਜਾਰੇ। ਈਸੇ ਕੀ ਅਉਲਾਦਿ ਕੋ* ਸੌਂਪੌਂ ਸਿਖ ਨਾਰੀ। ਹੋਵੈ ਭ੍ਰਿਸ਼ਟਾ ਧਰਮ ਤੇ ਸਭਿ ਲਾਜ ਬਿਸਾਰੀ ॥੪੪॥ ਸਦਨ ਸਦਨ ਇਸ ਭਾਂਤਿ ਕੋ ਹੁਇ ਪਰਹਿ ਤਮਾਸ਼ਾ। ਹਮ ਪੀਛੇ ਸੰਮਤ ਬਿਤੇ ਦਸ ਘਾਟ ਪਚਾਸਾ[੧੧]'। ਇਮ ਕ੍ਰੁੱਧਤਿ ਗੁਰ ਕੇ ਬਚਨ ਸੁਨਿਬੇ ਹਿਤ

---

[੧]'ਕਰਨ' (ਅਸਲ ਵਿਚ) ਪਾਂਡਵਾ ਦਾ ਹੀ ਭਰਾ ਸੀ ਉਸ ਨੂੰ (ਅਰਜਨ ਨੇ) ਰਣ ਵਿਚ ਮਾਰਿਆ ਸੀ। [੨]ਪਾਂਡਵਾਂ (ਕਰਣ, ਯੁਧਿਸ਼ਟਰ, ਭੀਮ, ਅਰਜਨ ਆਦਿ) ਦੀ ਮਾਤਾ ਨੇ। [੩]ਸ੍ਰੇਸ਼ਟ ਸੂਰਜ ਤੋਂ ਇਹ ਮੇਰੇ ਕੁਆਰੇ ਹੁੰਦੇ ਜੰਮਿਆਂ ਸੀ। [੪]ਹੇ ਪਾਪਣੇ। [੫]ਇਸ ਆਸਰੇ ਹੀ ਸਦਾ ਸਾਰੇ ( ਕਰਨ ਦੀ) ਚਰਨੀ ਲਗੇ ਰਹਿੰਦੇ। [੬]ਸਾਰੀਆਂ ਤੀਵੀਂਆਂ ਨੂੰ ਗਲ ਨਹੀਂ ਪਚੇਗੀ। [੭]ਜਿਥੇ ਤੁਹਾਡਾ (ਇਸਤ੍ਰੀ ਦਾ) ਹੁਕਮ ਹੋਵੇਗਾ। [੮]ਉਥੇ ਬਹੁਤ ਸੁਖ ਕੀ ਹੋਣਾ ਹੈ ? [੯]ਜੋ ਸਾਖੀ ਦਾ ਪਾਠ ਹੈ:– ਪੁੱਤ੍ਰ ਦੇ ਹੁਕਮ ਨਾਲ ਦਰਜੋਧਨ ਗਇਆ। [੧੦]ਮੁਰਾਦ ਪਹਾੜੀਆਂ ਤੋਂ ਲੈਣੀ ਚਾਹੀਏ। [੧੧]ਚਾਲੀਸ ਵਰਖ।

*ਈਸਾ ਦੀ ਔਲਾਦ ਹੀ ਨਹੀਂ ਹੋਈ, ਓਹ ਕੁਆਰੇ ਹੀ ਰਹੇ ਸਨ।

Sri Satguru Jagjit Singh Ji eLlibrary NamdhariElibrary@gmail.com

ਆਏ[1]।ਮਾਤ ਸੰਗ। ਸਿਖ ਅਪਰ ਜੋ ਡਰਪੇ ਸਮੁਦਾਏ ॥੪੫॥'ਵਾਹਿਗੁਰੂ ਗੁਰ ਵਾਹਿਗੁਰ'ਕਹਿ ਬਾਰੰਬਾਰਾ।ਸ੍ਰੀ ਗੁਜਰੀ ਕਲਪੀ ਬਹੁਤ।ਲੋਚਨ ਜਲਧਾਰਾ। 'ਬਖਸ਼ਹੁ ਬਖਸ਼ਹੁ ਕ੍ਰਿਪਾ ਕਰਿ ਭੂਲਤਿ ਸਭਿ ਜੀਵੈ! ਕਹਾਂ ਕਰਹੁ ਨਿਜ ਨਿਕਟ ਹੀ ਕਲਿ ਅਧਿਕ ਨ ਥੀਵੈ[2]' ॥੪੬॥ ਹਾਥ ਜੋਰਿ ਸਭਿ ਸਿਖ ਰਹੇ 'ਪ੍ਰਭੁ! ਕਹਿਰ ਗੁਜ਼ਾਰਾ।ਤੁਮ ਹੀ ਕੋ ਪੁਨ ਲਾਜ ਹੈ ਕਿਮ ਸ੍ਰਾਪ ਉਚਾਰਾ'। ਸਿੱਖਨ ਜੁਤਿ ਕੰਪਤਿ ਜਨਨਿ[3]ਬਹੁ ਬਿਨੈ ਬਖਾਨੀ।ਦੇਖਿ ਦੀਨਤਾ ਸਭਿਨਿ ਦਿਸ਼ਿ ਬੋਲੇ ਪੁਨ ਬਾਨੀ ॥ ੪੭ ॥ 'ਹੇ ਜਨਨੀ ਤੁਵ ਕਲਪਤੇ ਕਛ ਸਮਾ ਗੁਜ਼ਾਰੈ। ਸੌ ਚਾਲੀ[4] ਬੀਤੇ ਬਰਖ ਤਨ ਤਜਨੁ ਹਮਾਰੇ*। ਇਤਨੇ ਦਿਯੋ ਹਟਾਇ ਅਬਿ ਤਬਿ ਹੋਇ ਤਮਾਸ਼ਾ[5]'। ਬਖਸ਼ਾਵਤਿ ਸਿਖ ਮਾਤ ਪੁਨ ਅਸ ਵਾਕ ਪ੍ਰਕਾਸ਼ਾ ॥ ੪੮ ॥ ਛੰਦ ॥ ਖੁਸ਼ੀ ਕਰਤਿ ਬੋਲੇ। 'ਰਹੋ ਪ੍ਰਭੂ ਓਲੇ[6]।

[1]ਸੁਣਨੇ ਵਿਚ ਆਏ ਹਨ। [2]ਕੀ ਕਰਦੇ ਹੋ ਆਪਣੇ ਸਮੇਂ ਦੇ ਨੇੜੇ ਹੀ ਕਲਜੁਗ ਅਜੇ ਬਹੁਤ ਨਹੀਂ ਹੋਯਾ। (ਅ) ਕਲਹਾ ਅਗੇ ਹੀ ਬਹੁਤ ਹੈ, ਟਿਕਣ ਨਹੀਂ ਦਿੰਦੀ ਹੈ। [3]ਮਾਤਾ। [4]੧੪੦ ਬਰਖ। [5]ਇਤਨਾ ਪਿੱਛੇ (ਹਟਾ)ਦਿੱਤਾ ਤਦੋਂ......। ਭਾਵ ੧੪੦ ਵਰਖ ਪਿੱਛੋਂ ਤਮਾਸ਼ਾ ਹੋਵੇਗਾ। [6]ਪ੍ਰਭੂ ਦੇ ਆਸਰੇ ਰਹੋਗੇ (ਉਤਨਾ ਚਿਰ)।

*ਇਸ ਸਾਖੀ ਵਿਚ ਮਾਤਾ ਜੀ ਦੀ ਬੇਅਦਬੀ ਤੇ ਸ੍ਰਾਪ ਦੇ ਵਾਕ ਹਨ। ਗੁਰੂ ਜੀ ਨੇ ਅਪਣੀ ਮਾਤਾ ਜੀ ਨੂੰ 'ਅਲਖ ਅਰਾਧਨ ਵਾਲੇ ਤੇ ਯੋਗ ਸਾਧਨਾਂ ਸਾਧਣ ਵਾਲੇ' ਸ੍ਰੀ ਮੁਖ ਵਾਕ ਤੋਂ ਉਚਾਰਿਆ ਹੈ। ਐਸੇ ਮਾਤਾ ਜੀ ਨੂੰ ਕਦੇ ਐਸੇ ਵਾਕ ਆਪ ਨਹੀਂ ਕਹਿ ਸਕਦੇ। ਫਿਰ ਲੰਗਰ ਵਿਚ ਅਟਕ ਮਾਤਾ ਜੀ ਨੇ ਪਾਈ, ਸ੍ਰਾਪ ਸਿੱਖਾਂ ਨੂੰ ਕਿਉਂ ਦਿੱਤਾ (ਦੇਖੋ ਅੰਕ ੪੨, ੪੩, ੪੪), ਸਿੱਖਾਂ ਤਾਂ ਅਟਕ ਨਹੀਂ ਸੀ ਪਾਈ। ਫਿਰ ਮਾਤਾ ਜੀ ਤੇ ਉਸ ਵੇਲੇ ਦੇ ਸਿੱਖ ੪੦ ਤੇ ੧੪੦ ਵਰ੍ਹੇ ਤਕ ਪ੍ਰਲੋਕ ਜਾ ਚੁਕੇ ਹੋਣਗੇ, ਗੁੱਸਾ ਹਾਜ਼ਰਾਂ ਤੇ ਸੀ, ਸਜ਼ਾ ਗੈਰ ਹਾਜ਼ਰਾਂ ਨੂੰ? ਇਹ ਤ੍ਰੀਕਾ ਗੁਰੂ ਘਰ ਦਾ ਹੈ ਹੀ ਨਹੀਂ ਤੇ ਨਾਂ ਹੀ ਗੁਰਾਂ ਦੀ ਬਾਣੀ ਗੁਰੂ ਕੇ ਸੁਭਾਵ ਨੂੰ ਐਸਾ ਦੱਸਦੀ ਹੈ।

ਫਿਰ ਕੁੰਤੀ ਆਦਿਕ ਦੇ ਕੁਆਰਿਆਂ ਪੁੱਤ੍ਰ ਜਮਾਉਣ ਤੇ ਉਸ ਨੂੰ ਛੁਪਾਈ ਰੱਖਣ ਤੇ ਉਸਦੇ ਮਰੇ ਤੇ ਰੋਸਣ ਦਾ ਦ੍ਰਿਸ਼ਟਾਂਤ ਗੁਰੂ ਜੀ ਜੋ ਇਖਲਾਕ ਦੇ ਆਦਰਸ਼ ਹਨ ਮਾਤਾ ਜੀ ਦੇ ਸਾਹਮਣੇ ਕਦ ਦੇ ਸਕਦੇ ਹਨ? ਚੱਲ ਰਹੇ ਪ੍ਰਸੰਗ ਨਾਲ ਇਸ ਦਾ ਸੰਬੰਧ ਬੀ ਕੋਈ ਨਹੀਂ। ਸਾਖੀ ਪਾਉਣ ਵਾਲੇ ਬ੍ਰਾਹਮਣ ਦੇਵਤਾ ਜੀ ਪੌਰਾਣਕ ਗੱਲਾਂ ਤੇ ਦ੍ਰਿਸ਼ਟਾਂਤ ਮੱਲੋ ਮੱਲੀ ਪਾਉਂਦੇ ਤੇ ਅਪਣਾ ਆਪ ਜਣਾ ਜਾਂਦੇ ਹਨ। ਫਿਰ ਅਖ਼ੀਰ ਵਿਚ ਵਾਕ ਹੈ ਕਿ 'ਲੰਗਰ ਚਲਾਉਗ'। ਨਹੀਂ ਸ੍ਰਾਪ ਆਉਗ। ਲੰਗਰ ਦੀ ਅਟਕ ਤਾਂ ਉਸੇ ਵੇਲੇ ਛੱਡ ਦਿੱਤੀ ਗਈ ਸੀ (ਦੇਖੋ ਅਗਲੇ ਅੰਸੂ ਦੇ ਅੰਕ ੧, ੨, ੩,) ਤਾਂ ਫਿਰ ੧੪੦ ਵਰ੍ਹੇ ਮਗਰੋਂ ਦੇ ਲਗਪਗ ਸਿੱਖ ਰਾਜ ਕਿਉਂ ਨਸ਼ਟ ਹੋ ਗਿਆ, ਸ੍ਰਾਪ ਤਾਂ ਖਿਮਾਂ ਹੋ ਚੁੱਕਾ ਸੀ। ਫਿਰ ਖਾਲਿਸਾ ਖੱਤ੍ਰੀਆਂ ਨੂੰ

[ਬਾਕੀ ਨੋਟ ਦੇਖੋ ਅਗਲੇ ਪੰਨੇ ਦੇ ਹੇਠ]

ਲੰਗਰ ਚਲਾਉਗਾ[1] । ਨਹੀਂ ਸ੍ਰਾਪ ਆਉਗ ॥ ੪੯॥ ਜਬੈ ਲੰਗਰ ਅਟਕਾ । ਤਬੈ ਸ੍ਰਾਪ ਸਟਕਾ[2] । ਪੁਨੈ ਮੌਜ ਧਰਿਕੈ । ਥਿਰੇ ਰੂਪ ਹਰਿਕੈ[3] ॥ ੫੦ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸ੍ਰਾਪ' ਪ੍ਰਸੰਗ ਬਰਨਨੰ ਨਾਮ ਚਾਲੀਸਮੋ ਅੰਸੂ ॥ ੪੦ ॥

## ੪੧. [ ਸ਼ਹੀਦ ]।

ਦੋਹਰਾ ॥ ਉੱਗ੍ਰ ਬਚਨ ਸੁਨਿ ਸ੍ਰਾਪ ਕੇ ਥਰਹਰ ਕੰਪਹਿ ਜੀਅ । ਕਰਹਿਂ ਨ ਬਿੱਪ੍ਰੈ[4] ਬਹੁਰ ਕਥਿ ਸ਼ਰਧਾ ਧਰਿ ਕਰਿ ਹੀਅ॥੧॥ ਨਿਸਾਨੀ ਛੰਦੁ॥ ਹੋਤਿ ਤਬਾ

---

[1]ਜੇ ਲੰਗਰ ਚਲਾਵੇਂਗੇ । [2]ਆਵੇਗਾ । [3]ਹਰੀ ਰੂਪ ਗੁਰੂ ਜੀ । [4]ਉਲਟ ।

(ਪਿਛਲੇ ਪੰਨੇ ਦੀ ਬਾਕੀ ਟੂਕ)

ਮਾਰੇਗਾ । ਇਹ ਸ੍ਰਾਪ ਖੱਤ੍ਰੀਆਂ ਨੂੰ ਇਸ ਵਾਸਤੇ ਕਿ ਮਾਂ ਖੱਤ੍ਰੀ ਹੈ ਲੇਖਕ ਦੇ ਦਿਮਾਗ ਨੂੰ ਹੀ ਸ਼ੋਭਦਾ ਹੈ । ਗੁਰੂ ਗੋਬਿੰਦ ਸਿੰਘ ਜੀ ਆਪ ਖੱਤ੍ਰੀ ਕੁਲ ਵਿਚੋਂ ਹਨ ਤੇ ਖਤ੍ਰੀ ਧਰਮ ਦਾ ਸ਼ੌਕਰ ਕਈ ਥਾਂ ਆਪ ਨੇ ਕੀਤਾ ਹੈ, ਖਾਲਿਸੇ ਨੂੰ ਸੋਵਿਕੁਸ ਖੱਤ੍ਰੀ ਬਨਾਇਆ ਹੈ । ਫਿਰ ਮਾਤਾ ਜੀ ਦੇ ਪੇਕੇ ਘਰ ਨੂੰ ਉਲ੍ਹਾਮਾ ਦਿੱਤਾ ਹੈ; ਮਾਤਾ ਜੀ ਦਾ ਭਰਾ ਮਾਮਾ ਕ੍ਰਿਪਾਲ ਮੁੱਢ ਤੋਂ ਗੁਰੂ ਜੀ ਦੇ ਨਾਲ ਸਨਮੁਖ ਰਿਹਾ, ਘਰ ਦਾ ਪ੍ਰਬੰਧਕ ਰਿਹਾ, ਸਾਰੀ ਔਖੀ ਵਿਚ ਮੁਖਤਿਆਰ ਰਿਹਾ, ਹਰ ਸਮੇਂ ਮਦਦਗਾਰ ਰਿਹਾ, ਜੁੱਧਾਂ ਵਿਚ ਨਾਲ ਹੋਕੇ ਸਨਮੁਖ ਜੂਝਦਾ ਰਿਹਾ, ਗੁਰੂ ਜੀ ਦੀਆਂ ਖੁਸ਼ੀਆਂ ਲੈਂਦਾ ਰਿਹਾ । ਜਦ ਗੁਰੂ ਜੀ ਨੂੰ ਅਪਣੀ ਮਾਂ ਦੇ ਪੇਕਿਆਂ ਦਾ ਇਹ ਤਜਰਬਾ ਹੈ ਤੇ ਉਨ੍ਹਾਂ ਪਰ ਪ੍ਰਸੰਨ ਹਨ, ਫਿਰ ਮਾਂ ਨੂੰ ਪੇਕਿਆਂ ਦੀ ਸਿਖਾਵਟ ਦਾ ਉਲ੍ਹਾਮਾ ਤੇ ਖੱਤ੍ਰੀਆਂ ਨੂੰ ਮਾਰਨ ਦਾ ਸ੍ਰਾਪ ਦੇਣਾ ਕਿਵੇਂ ਫੁਰ ਸੱਕਦਾ ਹੈ ? ਤਾਂ ਤੇ ਸਾਖੀ ਕਲਪਿਤ ਹੈ,ਇਸ ਸਾਖੀ ਦੇ ਮਗਰੋਂ ਪੈਣ ਦਾ ਹੋਰ ਸਬੂਤ ਬੀ ਹੈ । ਇਸ ਸਾਖੀ ਦੇ ਅਖੀਰ ਸੋ ਸਾਖੀ ਵਿਚ ਲਿਖਿਆ ਹੈ 'ਚਲੇ ਸਿਖ ਮਾਲਵੇ ਗੁਰੂ ਕਾਂਸ਼ੀ ਦਮਦਮਾ ਕਾ ਦਰਸ਼ਨ ਹੋਗਾ, ਮੇਰਾ ਸਿੱਖ ਦਮਦਮੇ ਕੀ ਟਹਿਲ ਕਰੇਗਾ, ਸੋ ਕਾਂਸ਼ੀ ਵਾਸੀ ਕੀ ਗਤਿ । ਗੁਰੂ ਕਾ ਘਰ ਸ਼ਹੀਦੀ ਕੀ ਮੁਕਤਿ' । ਵੀਚਾਰ ਹੈ ਕਿ—ਅਨੰਦਪੁਰਿ ਦਾ ਜੰਗ ਚਮਕੌਰ ਤੇ ਮੁਕਤਸਰ ਦੇ ਸਾਕੇ ਵਰਤਕੇ ਗੁਰੂ ਜੀ ਦਮਦਮੇ ਗਏ ਤੇ ਗੁਰੂ ਕੀ ਕਾਂਸ਼ੀ ਦਾ ਵਰ ਦਿੱਤਾ । ਇਸ ਵੇਲੇ ਜਦ ਕਿ ਅਨੰਦ ਪੁਰ ਸੁਖੀ ਬੈਠੇ ਹਨ, ਦਮਦਮੇ ਨੂੰ ਗੁਰੂ ਕੀ ਕਾਂਸ਼ੀ ਕਿਵੇਂ ਆਖਿਆ,ਇਹ ਵਰ ਤਾਂ ਅੱਜ ਤੋਂ ਕਈ ਬਰਸ ਮਗਰੋਂ ਦੇਣਾ ਹੈ।ਆਖੇਪਕਾਰ ਨੂੰ ਪੂਰਬ ਅਪਰ ਦਾ ਚੇਤਾ ਨਹੀਂ ਰਿਹਾ,ਝੂਠੇ ਦਾ ਚੇਤਾ ਮਾੜਾ ਹੁੰਦਾਹੈ।ਫਿਰਪਿਛਲੇ ਪ੍ਰਸੰਗ ਨਾਲ ਇਸਦਾਕੀਹ ਤਅੱਲਕ?

ਜਾਪਦਾ ਇਉਂ ਹੈ ਕਿ ਇਹ ਸਾਖੀ ਪਾਉਣ ਵਾਲਾ ਸੋਨਦਾਬ ਵਿਚ ੧੮੯੦ ਦੇ ਲਗ ਪਗ ਯਾ ਕੁੱਛ ਪਹਿਲੋਂ ਹੋਇਆ ਹੈ, ਜੋ ਉਥੇ ਸਰਦਾਰੀਆਂ ਤੇ ਸਿੱਖਾਂ ਦੇ ਛੋਟੇ ਛੋਟੇ ਰਾਜ ਡਿੱਗਦੇ ਢਹਿੰਦੇ ਦੇਖ ਰਿਹਾ ਹੈ, ਤੇ ਵਡੇ ਘਰਾਂ ਦੀਆਂ ਖ਼ਰਾਬੀਆਂ ਤੱਕ ਰਿਹਾ ਹੈ, ਅਯਾਸ਼ੀ ਵਧ ਰਹੀ ਹੈ ਤੇ ਅੰਗ੍ਰੇਜ਼ ਵਧੇ ਆ ਰਹੇ ਹਨ ਤੇ ਬੇਔਲਾਦ ਮਰਨੇ ਪਰ ਸਰਦਾਰੀਆਂ ਰਿਆਸਤਾਂ ਜ਼ਬਤ ਕਰਦੇ ਹਨ । ਆਖੇਪਕਾਰ ਇਨ੍ਹਾਂ ਤੋਂ ਅਨੁਮਾਨ ਲਾਉਂਦਾ ਹੈ ਕਿ ਪੰਦ੍ਰਾਂ ਵੀਹ ਵਰ੍ਹੇ ਤਕ ਰਿਆਸਤਾਂ ਖਾਧੀਆਂ ਜਾਣਗੀਆਂ ਤਾਂ ਇਨ੍ਹਾਂ ਗੱਲਾਂ ਨੂੰ ਭਵਿੱਖਤ ਵਾਕ ਕਰਕੇ ਲਿਖ ਦਿੱਤਾ। ਕਵਿ ਜੀ ਨੇ ਬਿਨਾਂ ਪੜਤਾਲ ਕੀਤੇ ਸ਼ੁਭ ਭਾਵਨਾ ਵਿਚ ਸਾਰੀਆਂ ਸਾਖੀਆਂ ਨੂੰ ਠੀਕ ਸਮਝ ਕੇ ਕਵਿਤਾ ਵਿਚ ਉਲਟਾ ਦਿੱਤਾ ਹੈ ।

Sri Satguru Jagjit Singh Ji eLlibrary NamdhariElibrary@gmail.com

ਲੰਗਰ ਬਹੁਤ ਗਨ ਚੂਨ ਪਕਾਵੈਂ। ਬ੍ਰਿੰਦ ਲਾਂਗਰੀ ਲਗੇ ਰਹਿਂ ਕਬਿ ਥੁਰਨ ਨ ਪਾਵੈ। ਖਾਇਂ ਹਜ਼ਾਰਹੁਂ ਨਰੁ ਸਦਾ ਸੁਨਿ ਸੁਨਿ ਜਸੁ ਧਾਵੈਂ[੧]। ਕੋ ਦਾਤਾ ਅਸ ਗੁਰ ਬਿਨਾ ਸਭਿ ਕੋ ਤ੍ਰਿਪਤਾਵੈਂ ॥੨॥ ਦੇਗ਼ ਕਰੈ* ਨਰ ਰੈਨ ਦਿਨ ਤਿਮ ਹੀ ਬਰਤਾਵੈਂ।ਛੁਧਿਤਿ ਨ ਰਹੈ ਅਨੰਦਪੁਰਿ ਆਨੰਦ ਤੇ ਖਾਵੈਂ। ਸਭਿ ਜਗ ਮਹਿਂ ਦੁਰਭਿਛ ਪਰਯੋ ਬਹੁ ਡੁਲੀ[੨] ਲੁਕਾਈ। ਦੁਖਭੁਖ ਹਰਤਾ ਗੁਰੂ ਲਖਿ ਆਵਹਿਂ ਸ਼ਰਣਾਈ ॥ ੩ ॥ †ਇਕ ਦਿਨ ਕਲਗ਼ੀਧਰ ਥਿਰੇ ਸਿਦਕੀ ਸਿਖ ਭੀਰਾ।ਮਹਕਮ ਸਿੰਘ ਅਰ ਦਯਾਸਿੰਘ ਹਿੰਮਤਸਿੰਘ ਧੀਰਾ। ਇੱਤ੍ਯਾਦਿਕ ਕਰ ਜੋਰਿ ਕੈ ਅਸ ਗਿਰਾ ਬਖਾਨੀ। 'ਸ਼੍ਰੀ ਪ੍ਰਭੁ ਹਮੈ ਬਤਾਈਐ ਜਿਸ ਤੇ ਅਨੁਜਾਨੀ[੩] ॥੪॥ਕਿਨ ਕੋ ਨਾਮ ਸ਼ਹੀਦ ਹੈਂ ਕਸਾ ਕਿਰਤ ਕਰੈਂਤੇ? ਗਤਿ ਮਿਤ ਇਨ ਕੀ ਕੌਨ ਹੈ ਕਸਾ ਸ਼ਕਤਿ ਧਰੈਂਤੇ?ਕਿਸ ਥਲ ਬਾਸਾ, ਹੈਂ ਕਿਤਿਕ, ਪਦਵੀ ਇਨ ਕੇਤੀ। ਸਭਿ ਗ੍ਯਾਂਤਾ ਕੇ ਤੁਮ ਧਨੀ ਕਹੀਐ ਹਮ ਸੇਤੀ' ॥੫॥ ਸੁਨਿ ਸਿੱਖਨ ਤੇ ਗੁਰ ਹਸੇ ਸ਼੍ਰੀ ਮੁਖ ਫੁਰਮਾਯੋ। 'ਗੁਪਤ ਹੁਤੀ ਬੂਝੀ ਤੁਮਹੁ ਕਹਿਬੋ ਬਨਿ ਆਯੋ। ਸਤਿਗੁਰ ਸੰਗਤਿ ਆਪਨੀ‡ਸਭਿ ਰਖਹਿ ਹਜ਼ੂਰੈ। ਸੇਵਕ ਕੀ ਪੱਤ ਰਾਖਤੇ ਆਪੇ ਗੁਰ ਪੂਰੈ॥੬॥ ਸੁਨਿ ਭਾਈ ਕਲਿ ਕਾਲ ਇਹੁ ਬਰਤਯੋ ਬਡ ਘੋਰੇ। ਗੁਰ ਪਾਲੀ[੪] ਸਿਖ ਸਭਿਨਿ ਕੋ ਭੁਲਕਾਵ ਨ ਭੋਰੇ[੫]। ਤਾੜਤਿ ਹੈ ਬਹੁ ਭਾਂਤਿ ਤੇ ਕਰਿ ਕਰਿ ਬਹੁ ਭੇਖਾ[੬]। ਹੁਕਮ ਸੱਤਿਤਾ ਟਿਕਨਿ ਮਨ ਸਿੱਖਨ ਗੁਰ ਦੇਖਾ[੭] ॥੭॥ ਜੋ ਸਾਬਤ ਹੈ ਸਿਦਕ ਮੈਂ ਅਰ ਰਣ ਮਹਿ ਸੂਰਾ। ਸੋ ਭਉਜਲ ਤੇ ਤਰਿ ਗਯੋ ਪਾਯੋ ਪਦ ਰੂਰਾ।ਜਿਨਕੇ ਸਿਦਕ ਨ ਸਾਬਤੀ ਕਾਤੁਰ ਜੰਜਾਲੀ[੮]।ਭਟਕਤਿ ਜਨਮ ਰੁ ਮਰਨ ਮਹਿ ਸੁਖ ਤੇ ਨਿਤ ਖਾਲੀ॥ ੮ ॥ ਗੁਰੂ ਖਰੇ ਸੰਗਤਿ ਸਹਿਤ ਚਿਰਕਾਲ ਉਡੀਕੈਂ[੯]। ਖੜਸ ਤੱਤਨਿ ਦੇਹ ਧਰਿ ਥਿਰ ਰਹੈਂ ਸੁ

[੧]ਭਾਵ ਧਾਕੇ ਆਉਂਦੇ ਹਨ। [੨]ਡਾਵਾਂ ਡੋਲ ਹੋਈ। [੩]ਅਨਜਾਨ ਜਿਸ ਗਲੋਂ (ਅਸੀਂ ਹਾਂ)। [੪]ਗੁਰੂ ਪਾਲਕ ਹਨ। [੫]ਥੋੜਾ ਬੀ ਨਹੀਂ ਭੁਲਾਂਵਦੇ। [੬]ਬਹੁਤੇ ਰੂਪ ਧਾਰਕੇ। [੭]ਸਿੱਖਾਂ ਦੀ ਹੁਕਮ ਸੱਤਿਤਾ (ਹੁਕਮ ਨੂੰ ਸੱਤ ਕਰਕੇ ਮੰਨਣਾ) ਤੇ ਮਨ ਦਾ ਟਿਕਾਉ ਗੁਰੂ ਜੀ ਦੇਖਦੇ ਹਨ, ਭਾਵ ਇਹ ਕੁਛ ਦੇਖਣ ਲਈ ਪ੍ਰੀਖਿਆ ਕਰਦੇ ਹਨ। [੮]ਕਾਇਰ ਤੇ ਧੰਧਿਆਂ ਵਾਲੇ। [੯]( ਪ੍ਰਲੋਕ ਵਿਚ ) ਖੜੇ ਸੰਗਤਿ ਸਹਿਤ ਗੁਰੂ ਸਿੱਖ ਨੂੰ ਚਿਰ ਤਕ ਉਡੀਕਦੇ ਹਨ, ਸਿਖ. ਉਹ ਜੋ ਇਕ ਵਾਰ ਸਿਖ ਹੋਇਆ ਹੋਵੇ ਤੇ ਫੇਰ ਕਿਸੇ ਕੁਸੰਗ ਕਰਕੇ ਔਝੜਾਂ ਵਿਚ ਪੈ ਗਿਆ ਹੋਵੇ ਤਿਸਨੂੰ ਮਹਾਰਾਜ ਜੀ ਤੱਕਦੇ ਹਨ ਕਿ ਕਦ ਸਾਡੇ ਪੰਥ ਵਿਚ ਆਉਂਦਾ ਹੈ। *ਪਾ:-ਛਕੈਂ।

†ਸੌ ਸਾਖੀ ਦੀ ਇਹ ੨੪ਵੀਂ ਸਾਖੀ ਇਥੋਂ ਚੱਲੀ ਹੈ। ‡ਪਾ:-ਸਿਖ ਜੋ।

Sri Satguru Jagjit Singh Ji eLlibrary NamdhariElibrary@gmail.com

ਨੀਕੇ[੧]।ਹਿਤ ਸਹਾਇਤਾ ਹਮ ਤਹਾਂਤਬਿ ਬਨਹਿਂ ਸਹਾਈ।ਦਸਸਹੰਸ੍ਰ ਸਿਮਤ ਲਗੇ ਦੇਖੈਂ ਦ੍ਰਿਗ ਲਾਈ॥੯॥ਹਮਰੀ ਦਿਸ਼ਿ ਕੋ ਸਿੱਖ ਇਹੁ ਚਲਿ ਆਵਹਿ ਕੈਸੇ[੨]।ਜੋ ਆਵਤਿ ਰਲ ਜਾਤਿ ਹੈ ਸਿੱਖਨਿ ਮਹਿਂ ਤੈਸੇ।ਸਿੱਖ ਛਪੰਜਾਕ੍ਰੋੜ ਹੈਂ ਸੌਂਪੇ ਗੁਰ ਹਾਥ[੩]।ਹੁਕਮ ਅਹੈ ਕਰਤਾਰ ਕੌ[੪]–ਸਭਿ ਕਰਹੁ ਸਨਾਥ॥੧੦॥ ਸ਼ੁੱਧ ਧਰਮ ਕਰਿ ਕੈ ਇਨਹੁੰ ਕਲਿ ਕਾਲ ਮਝਾਰ।ਕਰੋ ਉਧਾਰਨ ਜਗਤ ਤੇ ਲਹਿਂ ਸਿੰਧ ਕਿਨਾਰ[੫]–।ਉਤ ਤੇ ਲੋਕ ਕੁਬੇਰ ਲਗਿ ਇਤ ਭੂ ਪਰ ਸਾਰੇ[੬]। ਗੁਰੂ ਉਡੀਕਹਿਂਗੇ ਖਰੇ ਸਿਖ ਓਰ ਨਿਹਾਰੇ[੭] ॥੧੧॥ ਧਨਦ ਲੋਕ ਭਵਲੋਕ ਲਾਗ[੮] ਬਿਚਰਹਿਂ ਗਨ ਸਾਰੇ। ਜਿਨ ਕੋ ਨਾਮ ਸ਼ਹੀਦ ਹੈ, ਸਭਿ ਪਰ ਬਲ ਧਾਰੇ।ਜਸ ਜਸ ਹੁਇ ਇਨ ਭਾਵਨਾ ਤਸ ਤਸ ਸਿਧ ਹੋਵੈ।ਭੂਤ ਪ੍ਰੇਤ ਅਸੁਰਾਨ ਪਰ ਸਭਿ ਕੋ ਇਹ ਜੋਵੈ[੯] ॥੧੨॥ ਪਸੂ, ਪੰਖੀ, ਨਗ[੧੦], ਨਾਗ, ਨਰ, ਜਛ, ਗੰਧ੍ਰਬ ਬ੍ਰਿੰਦਾ। ਰਾਖਸ਼ਿ ਆਦਿਕ ਅਪਸਰਾ ਧਰਿ ਸ਼ਕਤਿ[੧੧] ਬਿਲੰਦਾ।ਹੁਕਮ ਸ਼ਹੀਦਨਿ ਕੋ ਚਲਹਿ ਇਨ ਸਭਿ ਪਰ ਜਾਨੋ।ਅਪਰਨ ਕੀ ਗਿਨਤੀ ਕਹਾਂ ਜਮਦੂਤ ਮਹਾਨੋ ॥੧੩॥ਬੂਝਿ ਸ਼ਹੀਦਨਿ ਕੋ ਫਿਰਹਿ ਉਰ ਮਹਿਂ ਡਰ ਧਾਰੇ[੧੨]। ਲੋਕ ਕਹੈਂ ਬੈਤਾਲ ਇਨ੍ਹ[੧੩] ਲਖਿ ਭੇਦ ਉਦਾਰੇ।

---

[੧]੧੬ ਤੱਤਾਂ ਦੀ ਦੇਹ ਧਾਰਕੇ ਗੁਰੂ ਪ੍ਰਲੋਕ ਵਿਚ ਭਲੀ ਪ੍ਰਕਾਰ ਠਹਿਰਦੇ ਹਨ। ਸੌ ਸਾਖੀ ਦਾ ਪਾਠ ਹੈ '੧੬ ਤੱਤਾਂ ਦੀ ਦੇਹ ਧਾਰਕੇ ਸਿਖਾਂ ਦੀ ਸਹਾਇਤਾ ਕਰਾਂਗੇ'। ਅਸਲ ਭਾਵ ਇਹ ਚਾਹੀਏ ਕਿ ਸਿੱਖਾਂ ਦੀ ਆਤਮਾਂ ਜਦ ੧੬ ਤੱਤਾਂ ਦੀ ਦੇਹ ਧਾਰਕੇ ਪ੍ਰਲੋਕ ਵਿਚ ਆਵੇਗੀ ਤਾਂ ਸਹਾਇਤਾ ਕਰਾਂਗੇ। ਗੁਰੂ ਜੀ ਨੂੰ ੧੬ ਤੱਤਾਂ ਵਿਚ ਬੰਨ੍ਹਣਾ ਗੁਰਬਾਣੀ ਵਿਰੁੱਧ ਹੈ, ਯਥਾ:– ' ਨਹ ਸਿਵ ਸਕਤੀ ਜਲੁ ਨਹੀ ਪਵਨਾ ਤਹ ਅਕਾਰੁ ਨਹੀ ਮੇਦਨੀ ॥ ਸਤਿਗੁਰ ਜੋਗ ਕਾ ਤਹਾ ਨਿਵਾਸਾ ਜਹ ਅਵਿਗਤ ਨਾਥੁ ਅਗੰਮ ਧਨੀ॥'' [ਰਾਮਕਲੀ ਮ: ੫] ਵੇਦਾਂਤ ਦੇ ਗ੍ਰੰਥਾਂ ਵਿਚ ਲਿੰਗ ਸਰੀਰ ੧੭ ਤੱਤਾਂ ਦਾ ਲਿਖਿਆ ਹੈ ਜੋ ਪ੍ਰਲੋਕ ਵਿਚ ਜਾਂਦਾ ਹੈ ਤੇ ਕਰਮਾਂ ਅਨੁਸਾਰ ਆਵਾਗਵਨ ਵਿਚ ਫਿਰਦਾ ਹੈ:–੫ ਪ੍ਰਾਣ, ੧੦ ਇੰਦ੍ਰੇ, ਮਨ ਤੇ ਬੁੱਧੀ। ਸੌ ਸਾਖੀ ਦੇ ਕਰਤਾ ਨੇ ਮਨ ਬੁੱਧੀ ਮਾਨੋਂ ਇਕ ਮੰਨਿਆਂ ਹੈ। [੨]ਕਿਸੇ ਤਰ੍ਹਾਂ ਚੱਲ ਕੇ ਆਵੇ। [੩]ਭਾਵ ੫੬ ਕਰੋੜ ਸਿੱਖ ਗੁਰੂ ਦੇ ਹਥ (ਰੱਬ ਨੇ ਤਾਰਨੇ ਵਾਸਤੇ) ਸੌਂਪੇ ਹਨ। [੪]ਕਰਤਾਰ ਦਾ ਹੁਕਮ ਹੈ ( ਗੁਰੂ ਜੀ ਨੂੰ ) [੫](ਸੰਸਾਰ) ਸਮੁੰਦਰ ਦਾ (ਪਾਰ) ਕਿਨਾਰਾ। [੬]ਉਧਰੋਂ ਕੁਬੇਰ ਪੁਰੀ ਤੱਕ ਇਧਰ ਧਰਤੀ ਤੇ ਸਾਰੇ (ਸਿੱਖਾਂ ਨੂੰ)। [੭]ਗੁਰੂ ਜੀ ਖੜੇ ਹੋਕੇ ਉਡੀਕਣਗੇ ਸਿਖਾਂ ਵੱਲ ਤਕਦੇ ਹੋਏ। [੮]ਕੁਬੇਰ ਲੋਕ ( ਤੋਂ ) ਪ੍ਰਿਥਵੀ ਦੇ ਲੋਕ ਤਕ। [੯]ਭਾਵ ਸਭ ਇਨ੍ਹਾਂ ਦੇ ਤਾਬੇ ਹਨ। [੧੦]ਪਰਬਤ। [੧੧]ਸ਼ਕਤੀ ਧਾਰਨ ਵਾਲੇ। [੧੨](ਜਮ) ਸ਼ਹੀਦਾਂ ਤੋਂ ਡਰਦੇ ਹੋਏ ਇਨ੍ਹਾਂ ਤੋਂ ਪੁੱਛਕੇ ਤੁਰਦੇ ਹਨ। [੧੩]ਇਨ੍ਹਾਂ (ਸ਼ਹੀਦਾਂ) ਨੂੰ।

Sri Satguru Jagjit Singh Ji eLlibrary NamdhariElibrary@gmail.com

ਸ਼ਾਸਤ੍ਰਨਿ ਕੋ ਪਠੈਂ ਜੋ ਸੋ ਇਨ ਕੇ ਨਾਮੂ। ਬਿਦ੍ਯਾਧਰ[1] ਭਾਖਤਿ ਸਕਲ ਬਿਲਸਤਿ ਅਭਿਰਾਮੂ ॥ ੧੪ ॥ ਲਖਹੁ ਅਸ਼ੁਭ ਭੀ ਇਨਹੁੰ ਮੈਂ, ਸ਼ੁਭ ਅਹੈਂ ਘਨੇਰੇ[2]। ਹੈ ਸੁਭਾਵ ਤ੍ਰੈ ਬਿਧਿਨਿ ਗੁਨ ਸਤ ਰਜ ਤਮ ਕੇਰੇ। ਸੰਗਤ ਤੇ ਪੁਜਵਾਵਈਂ ਜੋ ਹੈ ਇਨ ਕੇਰੀ। ਪੂਰੀ ਕਰਤਿ ਸੁ ਕਾਮਨਾ ਜਸੁ ਜਨ ਹੈ ਕੇਰੀ ॥੧੫॥ ਦੁਖ ਸੁਖ ਕੇ ਦਾਤਾ ਅਹੈਂ ਦੇਤੇ ਸਭਿ ਪ੍ਰਾਨੀ[3]। ਸਰਬ ਕਲਾ ਸਮਰੱਥ ਇਹੁ ਧਰਿ ਸ਼ਕਤਿ ਮਹਾਨੀ। ਦੇ ਕਰਿ ਇਨ ਕੋ ਭਰਤਖੰਡ ਸੁਰ ਸੁਰਗ ਸਿਧਾਰੇ। ਬੈਠੇ ਜਾਇ ਨਿਚਿੰਤ ਹੁਇ ਸਾਂਭੀ ਸਭਿ ਕਾਰੇ[4] ॥੧੬॥ ਪਹੁੰਚਹਿ ਜੋ ਦੇਵਨ ਸਭਿਨਿ ਅਰਪਤਿ ਜੋ ਪ੍ਰਾਨੀ। ਹਾਥ ਸ਼ਹੀਦਨਿ ਹੋਇ ਕੈ ਜੈ ਹੈ ਸਭਿ ਥਾਨੀ। ਪਰਮੇਸ਼ੁਰ ਕਰਤਾ ਪੁਰਖ ਇਸੁ ਕਾਰ ਲਗਾਏ। ਹੁਇ ਸੁਚੇਤ ਨਿਤ ਕਰਤਿ ਹੈਂ ਕਬਿ ਨਹਿ ਬਿਸਰਾਏ ॥ ੧੭ ॥ ਹੈਂ ਸ਼ਹੀਦ ਸਭਿ ਰੀਤਿ ਕੇ ਲਘੁ ਬ੍ਰਿੰਦ ਬਿਸਾਲਾ। ਭੋਜਨ ਅਨਿਕ ਪ੍ਰਕਾਰ ਕੇ ਅਚਵਹਿਂ ਸਭਿ ਕਾਲਾ। ਸੂਖਮ ਬਸਤ੍ਰਨਿ ਬਰਨ ਬਹੁ ਨਿਜ ਤਨ ਪਰ ਧਾਰੇ। ਅਸਵਾਰੀ ਸਭਿ ਰੀਤਿ ਕੀ ਆਰੋਹਿ ਬਿਹਾਰੇ ॥ ੧੮ ॥ ਅਸਨ ਬਸਨ ਬਾਹਨ ਭਲੇ ਜੇਤਿਕ ਇਹੁ ਲੈ ਹੈਂ। ਸਭੈ ਮੁਹਾਬ ਸ਼ਹੀਦ ਗਨ ਜਿਮ ਕਿਮ ਕੋ ਦੈ ਹੈਂ[5]। ਸਭਿ ਦੀਪਕ ਸਭਿ ਖੰਡ ਕੋ ਸਭਿ ਸੈਲਨ ਸੈਲਾ। ਸਾਗਰ ਸਲਿਤਾ ਪਰ ਫਿਰਹਿ ਭੂਲਹਿ ਨਹਿ ਭੈਲਾ[6] ॥੧੯॥ ਅਵਲੋਕਹਿ ਸਭਿ ਥਲ ਬਿਚਰਿ [illegible] ਜੁ ਤਮਾਸ਼ਾ। ਜਥਾ ਬਿਪਸ਼ਚਿਤ[7] ਨ੍ਰਿਪ ਭਯੋ ਕੀਨੀ ਤਿਨ ਆਸਾ। ਮਾਯਾ ਕੋ ਦੇਖਨਿ ਗਯੋ ਚਹੁ ਕੂੰਟ ਮਝਾਰਾ। ਦੇਖਤਿ ਦੇਖਤਿ ਨਹਿਂ ਮੁਰਯੋ ਨਹਿਂ ਅੰਤ ਨਿਹਾਰਾ ॥ ੨੦ ॥ ਤਿਮ ਹੀ ਸਕਲ ਸ਼ਹੀਦ ਇਹੁ ਜਗ ਪਿਖਹਿਂ ਤਮਾਸ਼ਾ। ਤਨ ਜੋਨੀ ਅਪਰ ਨ ਧਰਹਿਂ ਜਿਮੁ ਜੀਵ ਸੁ ਆਸਾ[8]। ਭਰਮਤਿ ਨਹਿਂ ਮਰਿਬੇ

---

[1]ਇਕ ਪ੍ਰਕਾਰ ਦੇ ਦੇਵਤੇ। ਵੇਤਾਲ=ਜਿਸ ਦਾ ਘਰ ਹਵਾ ਵਿਚ ਹੋਵੇ। ਵਿਦ੍ਯਾਧਰ=ਇਕ ਤਰ੍ਹਾਂ ਦੇ ਦੇਵਤੇ ਜੋ ਅਕਾਸ਼ ਵਿਚ ਰਹਿੰਦੇ ਹਨ। [2]ਸ਼ੁਭ ਬੀ ਬਹੁਤੇ ਹਨ। [3]ਸਾਰੇ ਪ੍ਰਾਣੀਆਂ ਨੂੰ। [4]ਭਾਵ ਦੇਵਤਿਆਂ ਦਾ ਕੰਮ ਹੁਣ ਇਹ ਕਰਦੇ ਹਨ। [5]ਸਾਰੇ ਪਦਾਰਥ ਸਵਾਰੀਆਂ ਮਾਫ ਹਨ ਸ਼ਹੀਦਾਂ ਨੂੰ ਜਿਸ ਕਿਸੇ ਨੂੰ (ਚਾਹੁਣ) ਦੇਣਹੇ। ਕਈ ਇਸਨੂੰ ਅਰਬੀ ਦਾ ਪਦ ਮੁਹਾਬ=ਹੈਬਤਨਾਕ, ਸਮਝਦੇ ਹਨ, ਪਰੰਤੂ ਸੌ ਸਾਖੀ ਦਾ ਪਾਠ ਹੈ:-ਭੋਜਨ ਬਸਤ੍ਰ ਅਸਵਾਰੀ ਸਭ ਮੁਬਾਹ ਹੈ। [ਅ:, ਮੁਬਾਹ=ਜਾਇਜ਼, ਰਵਾ, ਵਿਹਤ]। [6]ਭੁੱਲਦੇ ਨਹੀਂ ਹਨ [ ਭੈਲਾ=ਹੈਨ ]। ਸੌ ਸਾਖੀ ਦਾ ਪਾਠ ਹੈ: 'ਪਰ ਭੁਲਦੇ ਨਹੀਂ, ਫਿਰਦੇ ਹੈਨ'। [7]ਨਾਮ ਰਾਜੇ ਦਾ। [ਸੰਸ:, ਵਿਪਸ਼੍ਚਿਤ=ਪੰਡਤ। ਵਿਪਸ਼੍ਚਿਜਨ=ਸਤਾਂ ਵਿਚੋਂ ਪਹਿਲੇ ਬੁੱਧ ਜੀ ਦਾ ਨਾਮ ਹੈ]। [8]ਭਾਵ ਜਿਵੇਂ (ਇਤਰ) ਜੀਵ ਆਸ਼ਾ ਦੇ ( ਬੱਧੇ ਹੋਏ ) ਜੂਨੀਆਂ ਭੋਗਦੇ ਹਨ ਇਹ ਜੂਨਾਂ ਨਹੀਂ ਭੋਗਦੇ ਤੇ ਦੇਹ ਨਹੀਂ ਧਾਰਦੇ।

Sri Satguru Jagjit Singh Ji eLlibrary NamdhariElibrary@gmail.com

ਜਨਮ[1] ਸਿਰ ਪਰ ਗੁਰ ਪੂਰਾ। ਪਾਲੀ ਸਭਿ ਸੰਭਾਲਿ ਲੈਂ[2] ਕਹਿ ਕੈ ਬਰ ਰੂਰਾ ॥੨੧॥ਸਬਲ ਸਮੂਹ ਸ਼ਹੀਦ ਕੀ ਗਤਿ ਮਿਤਿ ਲਖਿ ਐਸੇ[3]।ਤੁਮ ਮੇਰੇ ਪ੍ਰਿਯ ਸਿੱਖ ਹੋ ਬੂਝੀ, ਕਹਿ ਤੈਸੇ। ਅਹੈਂ ਨਾਥ ਜੇ ਸ਼ਕਤਿ ਧਰਿ ਤਿਨ ਸੰਗਤਿ ਜੋਈ[4] ਸਿੱਧ ਅਹੈਂ ਸਮੁਦਾਇ ਸੋ ਸਿੱਧੀ ਧਰ ਸੋਈ[5] ॥੨੨॥ ਕਹੈਂ ਦੀਨ ਵਾਲੀ ਜਿਸੈ ਬਹੁ ਦੀਨ ਕਮਾਵੈ। ਲਖਹੁ ਮੁਹੰਮਦ ਕੀ ਅਹੈ[6] ਤਿਹ ਨਿਕਟ ਰਹਾਵੈ। ਨਾਮ ਜਨਾਇਤ ਤਾਂਹਿ ਕੌ ਜਗ ਬਿਖੈ ਕਹਾਵੈ। ਕਜਾ ਕਹੀਯਹਿ ਇਸ ਬਾਤ ਕੋ ਕਜਾ ਕਿਸਹਿ ਸੁਨਾਵੈਂ ॥ ੨੩ ॥ ਨਿਗੁਰੇ ਬੇਮੁਖ ਹੋਤਿ ਜੋ ਕਰਤੇ ਮਨ ਭਾਯਾ। ਤਨ ਤਜਾਗਤਿ ਹੁਇ ਭੂਤਨੇ ਤਨ ਪ੍ਰੇਤ ਕੁ ਪਾਯਾ। ਸੰਕਟ ਬਿਖੈ ਬਿਤਾਵਤੇ ਨਿਜ ਬੈਸ ਮਹਾਂਨੀ। ਗੁਰ ਬਿਨ ਕਿਮ ਸੁਖ ਕੌ ਲਹੈਂ ਅੰਧੇ ਅੱਗਜਾਨੀ' ॥੨੪॥ਸੁਨਿ ਸਿੱਖਨਿ ਗੁਰ ਕੇ ਬਚਨ ਮਨ ਬਿਖੈ ਬਸਾਯੋ।'ਧੰਨ ਪ੍ਰਭੂ ਪੂਰਨ ਕਲਾ ਤੁਮ ਸਕਲ ਬਤਾਯੋ। ਪਰੇ ਸ਼ਰਨ ਤੁਮਰੀ ਮਲਿਨ ਲਿਹੁ ਆਪ ਸੁਧਾਰੀ। ਕਜਾ ਜਾਨਹਿ ਨਰ ਮੰਦ ਅਤਿ ਗਤਿ ਅਗਮ ਅਪਾਰੀ ॥ ੨੫ ॥ ਕਿਤਿਕ ਦਜੌਸ ਦੁਰਭਿੱਛ ਰਹਹਿ ਦਿਹੁ ਆਪ ਸ਼ਤਾਈ ?ਅੰਨ ਬੁਰਨੋ ਸਭਿ ਦੇਸ਼ ਤੇ ਭੁੱਲ ਗਈ ਲੁਕਾਈ'।ਸ੍ਰੀ ਮੁਖ ਤੇ ਕਹਿ ਬਾਕ ਕੋ ਦੁਖ ਕਾਲ ਬਿਤਾਯੋ। 'ਬਰਖਹਿ ਘਨ ਸਭਿ ਭੂਮ ਪਰ ਅਬਿ ਸਮਾ ਸੁ ਆਯੋ' ॥੨੬॥ਦੋਹਰਾ॥ ਸੁਨਿ ਸਿੰਘਨਿ ਕਰ ਜੋਰਿ ਕਰਿ ਧਰਿ ਪਗ ਪੰਕਜ ਸੀਸ।'ਧੰਨ ਧੰਨ' ਸਗਰੇ ਭਨਹਿ ਜਾਨਿ ਰੂਪ ਜਗਦੀਸ਼॥੨੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸ਼ਹੀਦਨ' ਪ੍ਰਸੰਗ ਬਰਨਨੰ ਨਾਮ ਏਕ ਚੱਤ੍ਰਿੰਸਤੀ ਅੰਸੂ ॥ ੪੧ ॥

## ੪੨. [ਇਕ ਸੁਨਿਆਰੇ ਲੜਕੇ ਦਾ ਪ੍ਰਸੰਗ]।

ਦੋਹਰਾ ॥ *ਇਕ ਦਿਨ ਬੈਠੇ ਸਤਿਗੁਰੂ ਇਕ ਲਰਕਾ ਤਹਿ ਆਇ। ਕਰਿ

---

[1]ਮਰਨ ਜੰਮਣ ਵਿਚ ਨਹੀਂ ਭਰਮਦੇ। [2]ਭਾਵ ਪਾਲੀ (ਵਾਂਗੂ) ਸਭ ਨੂੰ ਸੰਭਾਲ ਲੈਂਦੇ ਹਨ। (ਅ) ਸ਼ੁੱਧ ਪਾਠ 'ਸਭਿ' ਦੀ ਥਾਂ 'ਸਮ' ਚਾਹੀਏ। ਸੌ ਸਾਖੀ ਵਿਚ ਪਾਠ 'ਵਾਂਗੂ' ਹੈ। [3]ਸਾਰੇ ਸ਼ਹੀਦਾਂ ਦੀ ਗਤਿ ਮਿਤਿ ਸਹਿਤ ਬਲ ਦੇ ਹੈ ਐਉਂ ਸਮਝ ਲਓ। [4]ਜੋ (ਨੌਂ) ਨਾਥ ਸ਼ਕਤੀਵਾਨ ਹੋਏ ਹਨ ਉਨ੍ਹਾਂ ਦੀ ਬੀ ਸੰਗਤ ਹੈ। [5]ਜੋ ਸਿੱਧੀ ਧਾਰਨ ਵਾਲੇ ਹਨ ਤੇ ਉਹ ਸਿੱਧਾਂ ਦਾ ਸਮੁਦਾਇ ਹੈ। [6]ਸੌ ਸਾਖੀ ਦਾ ਪਾਠ ਹੈ ਮੁਹੰਮਦੀ ਦੀਨ ਵਾਲੀ ( ਸੰਗਤ ) ਜਨਾਇਤ ਕਹਾਵਦੀ ਹੈਗੀ:-ਅਰਥਾਤ ਮੁਹੰਮਦ ਦੇ ਦੀਨ ਵਾਲੀ ਜਨਾਇਤ ਅਖਵਾਉਂਦੀ ਹੈ। ['ਜਿੰਨ' ਦੀ ਅਰਬੀ ਵਿਚ ਜਮਾ 'ਜਿਨਾਇਤ' ਹੈ। ਜਿੰਨ ਕਹਿੰਦੇ ਹਨ ਗੁਪਤ ਨੂੰ। ਆਮ ਲੋਕ ਭੂਤ ਪ੍ਰੇਤ ਤੇ ਬਰੜੇ ਦੇਉ ਨੂੰ ਬੀ ਕਹਿੰਦੇ ਹਨ। ਉਂਵ ਇਹ ਲਫਜ਼ ਵਰਤੀਂਦਾ 'ਮੁਸਲਮਾਨ ਗੁਪਤਾਂ' ਉਤੇ ਹੈ]।

*ਇਥੋਂ ਸੌ ਸਾਖੀ ਦੀ ੨੫ਵੀਂ ਸਾਖੀ ਆਰੰਭ ਹੋਈ।

ਬੰਦਨ ਸਨਮੁਖ ਖਰਯੋ ਸੁੰਦਰ ਅੰਗ ਸਜਾਇ ॥੧॥ ਨਿਸ਼ਾਨੀ ਛੰਦ ॥ ਕਲਗ਼ੀ ਧਰ ਅਵਿਲੋਕਿ ਕੈ ਬੋਲੇ ਤਿਸ ਕਾਲਾ । 'ਕਿਹ ਕੋ ਸੁਤ ਲਰਕੇ ਕਹੋ,ਕਿਸ ਪੁਰਿ ਮੈ ਸ਼ਾਲਾ[1] ? ਜਾਤਿ ਗੋਤ ਹੈ ਕਵਨ ਤੁਵ ?' ਸੁਨਿ ਤਾਂਹਿ ਬਤਾਯੋ । 'ਸਤਿਗੁਰ ਸੱਚੇ ਪਾਤਿਸ਼ਾਹੁ ਮੈਂ ਸ਼ਰਨੀ ਆਯੋ॥੨॥ਪਾਹੁਲ ਖੰਡੇ ਕੀ ਲਈ, ਮੋਲੇ ਕਾ ਬੇਟਾ । ਪਿਤ ਨੇ ਲੀਨੀ ਚਰਨ ਕੀ, ਕਛੁ ਦੇ ਤੁਮ ਭੇਟਾ । ਬਾਸੀ ਸ਼ਹਿਰ ਸਰੰਦਕੇ ਹਮ ਸਿੱਖ ਤੁਮਾਰੇ'।ਸੁਨਿ ਬੋਲੇ ਸ਼੍ਰੀਸਤਿਗੁਰੂ'ਅਬਿ ਕਰਹੁ ਉਚਾਰੇ ॥੩॥ ਵਸਦੀ ਸ਼ਹਿਰ ਸਰੰਦ ਹੈ ਕੈ ਭਯੋ ਉਜਾਰੇ । ਅਪਰਾਧੀ ਹੈਂ ਤੁਰਕ ਬਸਿ ਜਿਸੀ ਮਝਾਰੇ' । ਸੁਨਿ ਸੁਨਿਯਾਰੇ ਪਹਿਲ ਸਿੰਘ[2] ਕਰ ਜੋਰਿ ਬਖਾਨਾ । 'ਹੁਇ ਹੈ ਸਕਲ ਪ੍ਰਕਾਰ ਕੋ ਜਿਮ ਗੁਰ ਕੋ ਭਾਨਾ ॥ ੪ ॥ ਅਬਿ ਤੌ ਮੈਂ ਵਸਤੀ ਤਜਨੋ[3] ਢਿਗ ਆਇ ਤੁਮਾਰੇ' । ਗੁਰੂ ਕਹਯੋ 'ਘਰੁ ਕੌ ਜੁ ਨਰ ਕੋ ਤੋਹਿ ਸੰਗਾਰੇ[4]*?' । ਬਹੁਰ ਕਹਯੋ ਲਰਕੇ ਤਬਹਿ 'ਪਿਤ ਮ੍ਰਿਤੁ[5] ਦਿਨ ਥੋਰੇ । ਮਾਤਾ ਆਈ ਹੈ ਇਹਾਂ ਤੁਮ ਚਰਨ ਨਿਹੋਰੇ' ॥ ੫ ॥ ਕਹਿੰ ਗੁਰ 'ਰਹਹੁ ਹਜ਼ੂਰ ਅਬਿ ਮਾਤ ਭਿ ਰਖਿ ਪਾਸੀ' । ਸੁਨਿ ਲਰਕੇ ਤਿਮ ਹੀ ਕਰੀ ਜਿਮ ਪ੍ਰਭੁ ਪ੍ਰਕਾਸ਼ੀ । ਇਕ ਖੱਤ੍ਰੀ ਤੇ ਲੀਨ ਘਰ ਤਹਿੰ ਮਾਤਿ ਬਸਾਈ । ਗੁਰ ਹਜ਼ੂਰ ਰਹਿਬੇ ਲਗਯੋ ਦਿਨ ਕਿਤਿਕ ਬਿਤਾਈ ॥ ੬ ॥ ਬੂਝਯੋ ਗੁਰ ਇਕ ਦਿਨ ਬਿਖੇ 'ਕਹੁ ਸਿਖ ਹਮ ਪਾਹੀ । ਕੰਮ ਜੁ ਹੈ ਸੁਨਿ-ਆਰ ਕੋ ਜਾਨਤਿ ਕੈ ਨਾਂਹੀ?'।ਕਹਿ ਲਰਕਾ 'ਤੁਮ ਕ੍ਰਿਪਾ ਤੇ ਅਪਨੋ ਸਭਿ ਕਾਮੂ । ਜ਼ੇਵਰ ਸਗਰੀ ਰੀਤਿ ਕੇ ਘਰਿ ਹੌਂ ਅਭਿਰਾਮੂ' ॥੭ ॥ ਹੁਕਮ ਕਰਯੋ ਪ੍ਰਭੁ 'ਲੇਹੁ ਅਬਿ ਇਕਦਸ ਦੀਨਾਰਾ[6]।ਆਨਿ ਬਿਭੂਖਨ ਘਰਿ[7] ਭਲੋ ਹਮ ਕਰਹਿ ਨਿਹਾਰਾ' । ਕੋਸ਼ਪ ਸੁਨਿ ਗੁਰ ਹੁਕਮੁ ਕੋ ਦੀਨਸਿ ਤਤਕਾਲਾ । ਘਰਨਿ ਲਗਯੋ ਭੂਖਨ ਭਲੋ ਚਤੁਰਈ ਬਿਸਾਲਾ ॥ ੮ ॥ ਅਲੰਕਾਰ ਸੁੰਦਰ ਘਰਯੋ ਪ੍ਰਭੁ ਢਿਗ ਲੇ ਆਯੋ । ਪਿਖਿ ਪ੍ਰਸੰਨ ਤਿਸ ਪਰੁ ਭਲੇ ਸ਼੍ਰੀ ਬਦਨ ਅਲਾਯੋ । ਕੋਸ਼ਪ ਕੋ ਸੌਂਪਯੋ ਤਬੈ-ਜੇਤਿਕ ਚਹਿ ਹੇਮਾ[8] । ਦੇਹੁ, ਘਰਾਇ ਬਿਭੂਖਨੈਂ, ਲੀਜੈ ਪੁਨ ਤੇਮਾ[9] ॥ ੯ ॥ ਜੇਮਾ ਕਰਹੁ ਬਿਚ ਕੋਸ਼ ਕੇ[10] ਭੂਖਨ

[1]ਘਰ ਹੈ। [2]ਨਾਮ ਸੁਨਿਆਰੇ ਲੜਕੇ ਦਾ। [3]ਵਸਦਾ ਛਡਕੇ ਆਇਆ ਹਾਂ। [4]ਤੇਰੇ ਘਰ ਦਾ ਆਦਮੀ ਤੇਰੇ ਨਾਲ ਕੇਹੜਾ ਹੈ ? [5]ਮਰ ਗਏ ਨੂੰ। [6]ਗਿਆਰਾਂ ਮੁਹਰਾਂ। [7]ਘੜ ਕੇ। [8]ਜਿਤਨਾ ਕੁ (ਇਹ ਲੜਕਾ) ਚਾਹੇ ਸੋਨਾ। [9]ਦੇਕੇ ਗਹਿਣੇ ਘੜਾ ਲਓ ( ਤੇ ਫਿਰ) ਉਤਨਾ ਹੀ (ਸੋਨਾ) ਤੋਲਕੇ ਲੈ ਲਓ। [10]ਖਜ਼ਾਨੇ ਵਿਚ ਰਖੋ।

*ਪਾ:-ਘਰ ਕੇ ਤਜਹੁ ਨਤੁ ਹੋਇ ਸੰਘਾਰੇ।

Sri Satguru Jagjit Singh Ji eLlibrary NamdhariElibrary@gmail.com

ਕਰਿ ਬ੍ਰਿੰਦਾ॥ਚਾਹਿ ਕਿਤਿਕ ਹੈ ਦਿਨਹੁੰ ਕੀ ਇਹੁ ਚਤੁਰ ਬਿਲੰਦਾ[੧]॥ਇਮ ਕਹਿ ਪੁਨ ਬੂਝਨਿ ਕਰਯੋ 'ਕੋ ਐਬ ਨ ਲਾਗਾ ?' ਕਹਿ ਲਰਕਾ 'ਸੁਨਿ ਗੁਰੂ ਜੀ ! ਸਤਿਸੰਗੀ ਪਾਗਾ' ॥੧੦॥ ਦੋਹਰਾ ॥ਗੁਰੂ ਕਹਯੋ 'ਜਹਿੰ ਗੁਣ ਬਡੋ ਤਿਹਨਾਂ ਹੋਤਿ ਬਿਕਾਰ। ਬਿਨ ਬਿਕਾਰ ਜੋ ਗੁਣੀ ਹੁਇ ਕੀਮਤ ਪਾਇ ਉਦਾਰ ॥੧੧॥ਗੁਣੀ ਬਿਕਾਰੀ ਰਹਤਿ ਜੋ ਵਿੱਦਕ ਹੋ*ਇਨਸਾਨ[੨]। ਤਿਸ ਮੂਰਤਿ ਕੋ ਪਰਖਿਕੈ ਨਾਨਕ ਹੁਇ ਕੁਰਬਾਨ†'॥ ੧੨॥ ਨਿਸਾਨੀ ਛੰਦੁ ॥ ਲਗਯੋ ਸੁਨਾਰਾ ਘੜਨਿ ਕੌ ਆਪੇ ਲੈ ਦੇਤਾ। ਲੇਖਾ ਕੋਇ ਨ ਬੂਝਤੋ ਕਨਾ ਦੇਤਿ ਰੁ ਲੇਤਾ॥ਕੋਸ਼ਪ ਕੋ ਇਕ ਦਿਨ ਕਹਯੋ ਸਤਿਗੁਰ ਸਮੁਝਾਏ। ਕੰਚਨ ਦੀਜੈ ਤੋਲਿ ਕੈ,ਨਹਿ ਤਾਂਹਿ ਬਤਾਏ[੩]' ॥੧੩॥ ਬੀਸ ਦੀਨਿ ਦੀਨਾਰ ਤਿਸ ਕਹਿ ਕਟਕ[੪] ਘੜਾਏ। ਤਯਾਰ ਕਰਯੋ ਜਬਿ ਲਯਾਇ ਤਿਹ ਪ੍ਰਭੁ ਨਿਕਟ ਮੰਗਾਏ। ਤੋਲੇ ਧਰਿ ਕਰਿ ਤੁਲਾ ਪਰ ਭਈ ਮੁਹਰ ਸਤਾਰਾਂ। 'ਸਕਲ ਬਿਭੂਖਨ ਤੋਲੀਅਹਿ' ਗੁਰ ਬਾਕ ਉਚਾਰਾ ॥ ੧੪ ॥ ਕੋਸ਼ਪ ਆਨਿ ਹਜ਼ੂਰ ਮਹਿ ਤੋਲੇ ਜਿਸ ਕਾਲਾ॥ਸਰਬ ਘਟੇ,ਕਿਮ ਪੂਰ ਹੁਇ,ਜੋ ਹੇਮ ਨਿਕਾਲਾ[੫]। ਸ੍ਰੀ ਕਲਗ਼ੀਧਰ ਤਬਿ ਕਹਯੋ 'ਲਰਕੇ ! ਤੈਂ ਭਾਖਾ। ਸਤਿਸੰਗੀ ਮੈਂ ਸਦਾ ਹੌਂ ਮਨ ਐਬ[੬] ਨ ਰਾਖਾ ॥ ੧੫ ॥ ਅਪਰ ਐਬ ਕਨਾ ਹੋਤਿ ਹੈ ? ਹਮ ਦੇਹੁ ਬਤਾਈ। ਤੂ ਭੀ ਰਹਯੋ ਮਸੰਦ ਸਮ ਨਿਜ ਸਾਧ ਬਤਾਈ[੭]। ਗੁਰ ਘਰ ਤੇ ਮਿਹਨਤ ਵਜੈਂ ਤੁਹਿ ਮਿਲਤਿ ਕਿ ਨਾਂਹੀ?'। ਸੁਨਿ ਸ਼ਰਮਿੰਦਾ ਹੁਇ ਰਹਯੋ ਬਾਕ ਨ ਮੁਖ ਮਾਂਹੀ ॥ ੧੬ ॥ ਛੰਦੁ ॥ ਗੁਰ ਜੀ ਭਨਯੋ। ਸਭਿਹਿਨਿ ਸੁਨਯੋਂ। 'ਜੱਟ ਪੰਜਾਲੀ ਚੱਕ। ਗੁਰੂ ਕਾ ਹੱਕ। ਕਮਾਇ ਕੇ ਛੱਕ[੮]' ॥ ੧੭ ॥ ਨਿਸ਼ਾਨੀ ਛੰਦੁ ॥ ਸੁਨਿ ਸਿੱਖਨ ਬੂਝਯੋ ਬਹੁਰ 'ਸਿਖ ਸਕਲ ਤੁਮਾਰੇ। ਦਿਜ ਖੱਤ੍ਰੀ ਬਿਟ[੯] ਸ਼ੂਦ੍ਰ ਜੋ ਇਹੁ ਬਰਨ ਜੁ ਚਾਰੇ। ਤੁਮਨੇ ਏਕੋ ਜੱਟ ਹੀ ਅਬਿ ਭਲੇ ਸ੍ਰਲਾਹਯੋ'।ਸਿੰਘਨਿ ਤੇ ਸੁਨਿ ਕੇ ਪ੍ਰਭੁ ਸ੍ਰੀ ਮੁਖ ਤੇ ਪ੍ਰਾਹਯੋ॥

[੧]( ਸਾਨੂੰ ) ਚਾਹ ਹੈ ਕਈਆਂ ਦਿਨਾਂ ਦੀ (ਤੇ ਨਾਲੇ) ਇਹ ( ਲੜਕਾ ) ਬੜਾ ਚਤੁਰ ਹੈ। [੨]ਬਿਨਾਂ ਵਿਕਾਰ ਤੋਂ ਜੋ ਗੁਣੀ ਹੋਵੇ ਤੇ ਵਿਦਵਾਨ ਹੋਵੇ ਉਹ ਇਨਸਾਨ ਕਹਾਉਂਦਾ ਹੈ। [੩]ਭਾਵ ਤੋਲ ਨਾ ਦੱਸੋ ਉਸ ਨੂੰ। [੪]ਕੜੇ। [੫]ਕਿਵੇਂ ਪੂਰੇ ਹੁੰਦੇ ਸੋਨਾ ਜੋ ਕਢਿਆ ਹੋਇਆ ਸੀ ਵਿੱਚੋਂ। [੬]ਖੋਟ। [੭]ਆਪਣੇ ਆਪ ਨੂੰ ਭਲਾ ਦੱਸਦਾ ਰਿਹਾ। [੮]ਭਾਵ ਦਸਵੰਧ ( ਦਿੰਦਾ ਹੈ ) ਤੇ ਕਮਾਕੇ ਛਕਦਾ ਹੈ। ਸੌ ਸਾਖੀ ਦਾ ਪਾਠ ਹੈ 'ਕਮਾਇਕੇ ਥਕ'। [੯]ਵੈਸ਼। *ਪਾঃ—ਵਿਦਿਆ ਕਹਿ।

†ਇਹ ਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ ਤੇ ਨਾਂ ਹੀ ਦਸ਼ਮੇਸ਼ ਗੁਰਬਾਣੀ ਵਿਚ ਹੈ। ਸੌ ਸਾਖੀ ਦੇ ਲੇਖਕ ਦਾ ਆਪਣਾ ਯਾ ਬਾਹਰ ਦਾ ਹੈ।

Sri Satguru Jagjit Singh Ji eLlibrary NamdhariElibrary@gmail.com

॥ ੧੮ ॥ 'ਜਟ ਭਟ ਨੱਟ ਧਨੱਟ'[1] ਜੋ ਮੁਖ ਕੋ ਹੱਠ ਪਾਲੈ[2]। ਅਪਰ ਕਹੇ ਪਰ ਨਹਿ ਰਹੈਂ[3], ਕਹਿ ਮੁਖਤੇ ਹਾਲੈ[4]। ਸਿੱਖਹੁ ਸੁਨੀਐਂ ਸਿੱਖ ਮਮ ਸਿਦਕੀ ਲਖਿ ਤੀਨੈ[5]। ਸਿੱਖੀ ਬੰਟੀ ਤੀਸਰੀ ਸੰਗਤਿ ਸਭਿ ਹੀ ਨੈ[6] ॥੧੯ ॥ਚੌਪਈ॥ ਜਟ, ਵਣਜਾਰਾ, ਰੋੜਾ ਸਾਰਾ[7]। ਦੋ ਹਿੱਸੇ ਸਿੱਖੀ ਤਿਨ ਧਾਰਾ[8]। ਤ੍ਰਿਤੀ ਭਾਗ ਸਭਿ ਮਹਿ ਵਰਤਾਈ। ਧਰਹਿ ਰਿਦੇ ਸੋ ਪਾਰ ਪਰਾਈ ॥ ੨੦ ॥ ਅਪਰ ਲੋਕ ਜੋ ਸਿੱਖ ਕਹਾਵੈਂ। ਸਿੱਖੀ ਭੇਦ ਨਹੀਂ ਕੁਛ ਪਾਵੈਂ। ਸੋ ਹਿਤ ਖਾਵਨ ਲੋਭ ਪਦਾਰਥ। ਬਨਹਿੰ ਸਿੱਖ ਪੁਰਵਹਿੰ ਨਿਜ ਸੁਆਰਥ ॥ ੨੧ ॥ ਕਹਾਂ ਕਰਹਿਗਾ ਸਿੱਖ ਜਿ ਸਿਦਕ ਨ ਧਾਰਦਾ। ਕਹਾਂ ਕਰਹਿਗਾ ਵਣਜੁ ਜਾਂ ਨਾਂਹਿ ਪਸਾਰਦਾ[9]। ਕਹਾਂ ਕਰੇਗਾ ਵੇਦ ਜਿ ਲੋਭ ਨ ਹਾਰਦਾ[10]। ਕਹਾਂ ਕਰੇਗਾ ਜਨਮੁ[11] ਜਾਂ ਨਹੀਂ ਚਿਤਾਰਦਾ[12]। ਨਾਨਕ ਸਫਲ ਜਨੰਮ ਜਾਂ ਨਾਮ ਕਰਤਾਰਦਾ[13]*। ॥ ੨੨ ॥ ਚੌਪਈ ॥ ਚਾਰ ਸਕਾਰ ਬਿਸਾਹੁ ਨ ਦੀਹ[14]। ਸੁਨਿਆਰਾ, ਸੌਂਕਣ, ਸਪ, ਸੀਂਹਾਂ†। ਕਰਿਹੈਂ ਘਾਤ ਕਿ ਪੀਛ ਅਗੀਹ[15]। ਨਹਿ ਇਨ ਕਹਨੇ

---

[1]ਧਨੀ। [2]...ਜੋ ਧਨ ਸੋ ਮੂੰਹ ਦਾ ਹਠ ਪਾਲਦੇ ਹਨ। [3]ਹੋਰ ਕਹੇ ਤੇ ਨਹੀਂ ਰਹਿੰਦੇ। [4]ਮੂੰਹੋਂ ਕਹਿਕੇ ਹਿੱਲ (ਬਦਲ) ਜਾਂਦੇ ਹਨ। [5]ਤਿੰਨੇ ਹੀ ਸਿਦਕੀ ਸਿੱਖ ਜਾਣੋ। [6]ਤੀਸਰਾ ਹਿੱਸਾ ਸਿੱਖੀ (ਬਾਕੀ) ਸਾਰੀ ਸੰਗਤ ਨੂੰ ਬੰਟੀ। [7](ਇਹ ਤਿੰਨੇ) ਸਾਰੇ (ਪੂਰੇ) ਸਿੱਖ ਹਨ। [8](ਤਿੰਨਾਂ ਹਿਸਿਆਂ ਵਿੱਚੋਂ) ਦੋ ਹਿੱਸੇ ਸਿੱਖੀ ਜੱਟ, ਵਣਜਾਰਾ ਤੇ ਰੋੜਾ ਨੂੰ ਦਿਤੀ। [9]ਪੰਸਾਰ=ਵੱਖਰ, ਵਿਕਰੀ ਵਾਲਾ ਮਾਲ। [ਸੰਸ:, ਪਣਯ=ਵਿਕਰੀ ਦਾ ਮਾਲ। ਸ੍ਰੀ=ਫੈਲਾਉ ]। ( ਅ ) ਵਪਾਰ ਨਹੀਂ ਕਰਦਾ। [10](ਪੜ੍ਹਨੇ ਵਾਲਾ) ਜੇ ਲੋਭ ਦੂਰ ਨਹੀਂ ਕਰਦਾ ਤਾਂ। [11]ਮਨੁੱਖ ਦੇਹ। [12](ਈਸ਼ਵਰ ਨੂੰ) ਨਹੀਂ ਸਿਮਰਦਾ। [13]ਜਾਂ ਕਰਤਾਰ ਦਾ ਨਾਮ ਜਪੇ ਤਾਂ ਸਫਲ ਜਨਮ ਹੁੰਦਾ ਹੈ। [14]ਚਾਰ ਸੱਸਿਆਂ ਦਾ ਵਿਸਾਹ ਨਹੀਂ ਕਰਨਾ। [15]ਅੱਗੇ ਪਿੱਛੇ ਭਾਵ ਕਿਸੇ ਨਾ ਕਿਸੇ ਵੇਲੇ ਘਾਤ ਹੀ ਕਰਨਗੇ।

*ਪਾ:—ਇਹ ਗੁਰਬਾਣੀ ਨਹੀਂ ਹੈ। †ਇਹ ਅਖਰਾਂ ਪੁਰ ਬਣਾਕੇ ਅਖਾਣ ਤੇ ਉਹਨਾਂ ਦੇ ਸੰਗ ਵਲੋਂ ਵਰਜਣਾ ਸੌ ਸਾਖੀ ਦੀ ੨੫ਵੀਂ ਸਾਖੀ ਵਿੱਚੋਂ ਲੀਤਾ ਗਿਆ ਹੈ। ਸਾਚੇ ਪੁਰਖ ਸਦਾ ਸਾਚੇ ਹਨ, ਚਾਹੇ ਕਿਸੇ ਜ਼ਾਤ ਜਾਂ ਕਮਾਮ ਵਿਚ ਹੋਣ, ਇਨ੍ਹਾਂ ਨੂੰ ਗੁਰਬਾਣੀ ਵਿਚ ਕਿਤੇ ਇਸ ਤਰ੍ਹਾਂ ਨਹੀਂ ਕਿਹਾ ਬਲਕਿ "ਕਰਣੀ ਉਪਰਿ ਹੋਵਗਿ ਸਾਰ" ਗੁਰਮਤ ਦਾ ਅਸੂਲ ਹੈ, ਇਸ ਲਈ ਇਨ੍ਹਾਂ ਨੂੰ ਗੁਰਵਾਕ ਨਹੀਂ ਸਮਝਣਾ ਚਾਹੀਏ। ਕਈ ਵੇਰ ਇਸ ਪਦ 'ਵਿਸਾਹ ਨਹੀਂ ਕਰਨਾ' ਦੀ ਥਾਂ ਲੋਕੀਂ 'ਸੁਨਿਆਰਾ ਸਿੱਖ ਨਹੀਂ' ਕਹਿਕੇ ਇਸ ਕਮਾਮ ਵਾਲੇ ਸਜਣਾਂ ਦਾ ਦਿਲ ਦੁਖਾਉਂਦੇ ਹਨ। ਜੇ ਇਹ ਗਲ ਹੁੰਦੀ ਤਾਂ ਗੁਰੂ ਜੀ ਤ੍ਰਿਕਾਲ ਦਰਸ਼ੀ ਸਨ, ਉਹਨਾਂ ਨੂੰ ਅੱਜ ਪਤਾ ਲਗਣਾ ਸੀ ਕਿ ਸੁਨਿਆਰਾ ਸਿੱਖ ਨਹੀਂ?

[illegible]

Sri Satguru Jagjit Singh Ji eLlibrary NamdhariElibrary@gmail.com

ਜਾਨੀਐ ਲੀਹ[1]॥੨੩॥ਇਮ ਹੀ ਲਖੀਐ ਚਾਰ ਕਕਾਰ[2]। ਨਿਜ ਮੁਕਾਬਲਾ ਸਮਝ ਨ ਹਾਰਿ[3]। ਕਾਜ਼ੀ, ਕਾਨੂੰਗੋਇ, ਕਲਾਲ[4]।ਚੌਥਾ ਕਸਬੀ[5] ਹੈ ਇਨ ਨਾਲ॥੨੪॥ਚਾਰ ਬਕਾਰ[6] ਦਰਬ ਕੇ ਪਜਾਰੇ।ਇਨਤੇ ਭੀ ਰਹਿ ਆਪ ਸੰਭਾਰੇ। ਬਾਮਣ, ਬਣੀਆਂ, ਬਖਸ਼ੀ[7] ਹੋਇ*। ਚਤੁਰਥ ਬਾਲੱਤਣ[8]† ਹਿਯ ਸੋਇ॥ ੨੫॥ਚਾਰ ਕਕਾਰ ਸੰਗ ਨਹਿ ਕਰੈ[9]। ਜੋ ਨਰ ਕਰਹਿ ਨਰਕ ਮਹਿਂ ਪਰੈ। ਕਾਮੀ,ਕਪਟੀ,ਕਲਹੀ,ਕੂਰ।ਇਨ ਕੋ ਜਾਨਿ ਰਹੈ ਨਿਤ ਦੂਰ‡॥੨੬॥ਇਮ ਕਹਿ ਕਲਗ਼ੀਧਰ ਉਠਿ ਖਰੇ।ਸੁੰਦਰ ਮੰਦਿਰ ਮਹਿਂ ਚਲਿ ਬਰੇ।ਸਿੱਖਆਪਨੇ

---

[1]ਇਨ੍ਹਾਂ ਦੇ ਕਹੇ ਨੂੰ ਲੀਹ (ਪੱਕੀ ਗਲ ਯਾ ਸੱਚ) ਨਾ ਜਾਣੇ। [2]ਚਾਰ ਕੱਕੇ। [3]ਆਪਣੇ ਮੁਕਾਬਲੇ ਦਾ ਸਮਝਕੇ (ਇਨ੍ਹਾਂ ਤੋਂ) ਹਾਰ ਨਾ ਖਾਓ, ਭਾਵ ਸ਼ਰਾਰਤ ਵਿਚ ਕੋਈ ਇਨ੍ਹਾਂ ਦੇ ਟਾਕਰੇ ਦਾ ਨਹੀਂ। (ਅ) ਆਪਣਾ ਮੁਕਾਬਲਾ ਸਮਝਕੇ (ਇਨ੍ਹਾਂ ਨਾਲ ਵਰਤਣਾ)। [4]ਸ਼ਰਾਬ ਵੇਚਣ ਵਾਲੇ। [5]ਕਸਾਈ। (ਅ) ਕੰਜਰ। [ਅ:, ਕਸਾਬ=ਕਸਾਈ। ਅ:,ਕਸਬੀ=ਕੰਜਰੀ]। [6]ਚਾਰ ਬੱਬੇ। [7]ਖਾਸ ਕਰਕੇ ਤਨਖਾਹ ਵੰਡਣ ਵਾਲਾ ਮੁਨਸ਼ੀ। [8]ਬਾਲਕ। [9]ਚਾਰ ਕੱਕਿਆਂ ਦਾ ਸੰਗ ਨਾ ਕਰੇ।

*ਇਹ ਬੀ ਲੋਕੋਕਤੀਆਂ ਹਨ। ਇਸ ਤਰ੍ਹਾਂ ਕੋਈ ਜ਼ਾਤ ਕਮਾਮ ਨਹੀਂ ਬਚ ਸਕਦਾ।

†ਸੌ ਸਾਖੀ ਦਾ ਪਾਠ:-ਬਲਤਣ। ਪਾਠਾਂਤ੍ਰ 'ਬਾਦਸ਼ਾਹ' ਬੀ ਸੌ ਸਾਖੀ ਦਾ ਦੱਸੀਦਾ ਹੈ।

‡ਏਹ ਚਾਰ ਕਵੀ ਜੀ ਨੇ ਆਪਣੇ ਆਪ ਗਿਣੇ ਹਨ ਸੋ ਠੀਕ ਹਨ। ਸੌ ਸਾਖੀ ਵਿਚ ਇਹ ਪਾਠ ਨਹੀਂ ਹੈ। •

[ਪਿਛਲੇ ਪੰਨੇ ਦੀ ਬਾਕੀ ਟੂਕ]

ਜਦ ਕਿ ਇਹੋ ਲੜਕਾ ਪਹਿਲ ਸਿੰਘ ਅੰਮ੍ਰਿਤਧਾਰੀ ਹੋ ਚੁਕਾ ਹੈ ਇਸ ਦਾ ਪਿਤਾ ਬੀ ਸਿੱਖ ਸੀ। ਜਿਸ ਦੇ ਅਰਥ ਹਨ ਕਿ ਕਲਗੀਧਰ ਦੇ ਦਰਬਾਰ ਸੁਨਿਆਰੇ ਸੱਜਣ ਅੰਮ੍ਰਿਤ ਦੇ ਅਧਿਕਾਰੀ ਹੋਰ ਜ਼ਾਤਾਂ ਦੇ ਤੁੱਲ ਸਨ। ਫਿਰ ਗੁਰ ਇਤਿਹਾਸ ਵਿਚ ਭਾਈ ਗੁਰਦਾਸ ਜੀ ਨੇ ਜੜੀਏ ਤੇ ਸੁਨਿਆਰੇ ਸਿਖਾਂ ਦੇ ਨਾਮ ਸਤਿਕਾਰ ਨਾਲ ਲਏ ਹਨ, ਜਥਾ:-

ਸਨਮੁਖ ਸੁਨਿਆਰਾ ਭਲਾ ਨਾਉਂ ਨਿਹਾਲੂ ਸੱਪਰਵਾਰੀ [੧੧-੨੫
ਜੜੀਆ ਸਾਈਂਦਾਸ ਹੈ ਸਭ ਕੁਲ ਹੀਰੇ ਲਾਲ ਅਪਾਰਾ [੧੧-੨੮

ਕਿਸੇ ਜ਼ਾਤ ਨੂੰ ਕਿਸੇ ਕਿਰਤ ਨੂੰ ਗੁਰੂ ਜੀ ਨੇ ਮਾੜਾ ਨਹੀਂ ਕਿਹਾ;ਗੁਰੂ ਅਰਜਨ ਦੇਵ ਜੀ ਦਾ ਇਕ ਪਿਆਰਾ ਸਿੱਖ ਬਹੋੜੂ ਨਾਮ ਦਾ ਸੁਨਿਆਰਾ ਸੀ ਉਸਨੂੰ ਸਤਿਗੁਰਾਂ ਨੇ ਫੁਰਮਾਇਆ ਸੀ:-

ਸੁਨ ਗੁਰ ਕਹਯੋ ਕਿਰਤ ਕਰ ਕੋਈ। ਧਰਮ ਸਮੇਤ ਨਿਬਾਹੇ ਸੋਈ।

ਖੋਟ ਕਰਨ ਵਾਲਾ ਸੁਨਿਆਰਾ, ਤ੍ਰਿਖਾਣ, ਜੱਟ, ਹਲਵਾਈ ਆਦਿ ਸਾਰੇ ਮਾੜੇ ਹਨ, ਕਮਾਮ ਤੇ ਜਾਤ ਕੋਈ ਮਾੜੀ ਨਹੀਂ। ਲੋਕੋਕਤੀਆਂ ਹਰ ਜ਼ਾਤ ਹਰ ਕਮਾਮ ਦੇ ਵਿਰੁੱਧ ਘੜੀਆਂ ਹੋਈਆਂ ਮਿਲਦੀਆਂ ਹਨ, ਉਸੇ ਤਰ੍ਹਾਂ ਦੀ ਇਹ ਲੋਕੋਕਤੀ ਹੈ ਜੋ ਸੌ ਸਾਖੀ ਦੇ ਵੱਧ ਘੱਟ ਕਰਨਹਾਰ ਨੇ ਸਤਿਗੁਰਾਂ ਦੇ ਮੁਖ ਵਿਚ ਧਰ ਦਿਤੀ ਹੈ, ਇਸਨੂੰ ਗੁਰੂ ਕਾ ਵਾਕ ਸਮਝਣਾ ਪਰਮ ਭੁੱਲ ਹੈ। ਵਿਸ਼ੇਸ਼ ਲਈ ਦੇਖੋ ਖਾਲਸਾ ਸਮਾਚਾਰ ਜਿਲਦ ੩੧ ਨੰਬਰ ੨੦ ਤੋਂ ੫ ਤੱਕ।

ਥਾਨ ਸਿਧਾਰੇ। ਗੁਰੂ ਕਰਮ ਕੋ ਰਿਦੈ ਚਿਤਾਰੇ ॥੨੭॥ *ਬਹੁਰ ਏਕ ਦਿਨ ਸਭਾ ਮਝਾਰੇ। ਗੁਰ ਬੈਠੇ ਸੇਵਕ ਪਰਵਾਰੇ।ਬੋਲ੍ਯੋ ਏਕ ਸਿੱਖ ਤਿਸ ਕਾਲਾ। 'ਭਉਜਲ ਤਰਿਬੇ ਜਤਨ ਸੁਖਾਲਾ॥੨੮॥ਸਤਿਗੁਰ ਜੀ! ਤੁਮ ਕਰਹੁ ਉਚਾਰਨ। ਜਿਸ ਕੋ ਸੁਨਿ ਸਿਖ ਕਰਿਹੈਂ ਧਾਰਨ। ਸ਼ਾਸਤ੍ਰਾਨ ਕੇ ਪੰਡਿਤ ਜੋਈ। ਮਾਰਗ ਬਿਖਮ ਬਤਾਵਹਿੰ ਤੇਈ' ॥ ੨੯ ॥ ਸੁਨਤਿ ਸਭਾ ਮਹਿ ਕਹ੍ਯੋ ਕ੍ਰਿਪਾਲਾ। 'ਤਰਨ[1] ਉਪਾਉ ਬਿਸਾਲ ਸੁਖਾਲਾ। ਧੰਧਾ ਧਾਵਤਿ ਜਬਿ ਰਹਿ ਗਇਆ[2]†'ਬਹੁਰ ਕਹ੍ਯੋ[3] 'ਸੀਤਲ ਮਨ ਭਇਆ[4]‡' ॥੩੦॥ ਤ੍ਰਿਤੀ ਬੇਰ ਗੁਰਬਾਕ ਬਖਾਨਾ। 'ਭੰਭੀਰੀ ਕੇ ਪਾਂਖ ਸਮਾਨਾ[5]। ਪਰਦੋ ਅਤਿ ਸੂਖਮ ਬਿਰਮਾਧੋ। ਬਿਨ ਦੇਖੇ ਜਾਨੋ ਦੂਰਾਧੋ[6]§' ॥ ੩੧ ॥ ਤੀਨ ਪ੍ਰਮਾਨ ਬਖਾਨੇ ਜਬੈ। ਨਿਕਟ ਸਭਾ ਸਭਿ ਸੁਨਿਤੇ ਸਬੈ।ਬਹੁਰ ਕ੍ਰਿਪਾ ਕਰਿ ਗੁਰੂ ਉਚਾਰਾ। 'ਸੁਨ ਸਿੱਖਾ! ਪੁਨ ਤਰਨ ਸੁਖਾਰਾ ॥੩੨॥ ਰਾਮ ਰਾਮ[7] ਸਿਮਰਨ ਕੋ ਕਰੀਅਹਿ। ਪਾਪ ਪੂਰਬਲੋ[8] ਪੂਰਬ[9] ਹਰੀਅਹਿ। ਚਿਤ ਰਾਖਹੁ ਆਖਰ ਕੋ ਮਰਨਾ। ਨਦੀ ਪ੍ਰਵਾਹ ਜਗਤ ਕੋ ਥਿਰ ਨਾ[10] ॥ ੩੩ ॥ ਇਨ ਦੋਨਹੁੰ ਕੋ[11] ਨਾਂਹਿ ਬਿਸਾਰੋ।ਬਹੁਰ ਨ ਹੁਇ ਹੈ ਪਾਪ ਦੁਖਾਰੋ'। ਸੁਨਿ ਉਪਦੇਸ਼ ਸਾਰ ਵਥੁ ਜੋਇ। 'ਰਾਮ' 'ਮਰਨ' ਰਾਖਨਿ ਚਿਤ ਦੋਇ ॥ ੩੪ ॥ ਧਾਰਨ ਕਰ੍ਯੋ ਜਿਨਹੁ ਉਪਦੇਸ਼ੁ।ਚਿਤ ਰਾਖੇ ਜੁਗ, ਮਿਟਹਿੰ ਕਲੇਸ਼ੁ। ਸਤ੍ਰਿਗੁਰ ਦਰਸ਼ਨ ਕਾਟਤਿ ਪਾਪੁ। ਸਨੇ ਸਨੇ ਨਿਰਮਲ ਹੁਇ ਆਪੁ ॥੩੫॥ ਨਰਨਿ ਹਜ਼ਾਰਹੁ ਕਰਨਿ ਉਧਾਰਨਿ।ਭਵਜਲ ਡੂਬਤਿ ਕੋ ਹੁਇ ਤਾਰਨ[12]।ਭਜਨ ਬਿਖੈ ਸਿੱਖਨਿ ਲਿਵ ਲਾਗੀ।ਗੁਰ ਪਦ ਪੰਕਜ ਕੀ ਰਤਿ[13] ਜਾਗੀ ॥੩੬॥ ਕੇ ਸ਼ਸਤ੍ਰਨ ਕੋ ਹੁਇ ਅੱਭ੍ਯਾਸ। ਪਰੇ ਜੰਗ ਸੱਤ੍ਰੂਨਿ ਬਿਨਾਸ਼। ਪੂਰਬਲੇ ਜਿਨ ਕੇ ਬਡ

[1]ਮੁਕਤ ਹੋਣ ਦਾ। [2]ਧੰਦਿਆਂ ਵਿਚ ਦੌੜਨੋਂ ਜਦ ਮਨ ਹਟ ਗਿਆ, ਭਾਵ ਸੰਕਲਪ ਰੁਕੇ ( ਤਦ ਤਰ ਗਿਆ)। [3]ਫੇਰ (ਗੁਰੂ ਜੀ ਨੇ) ਕਹਿਆ। [4]ਮਨ ਸ਼ਾਂਤ ਹੋ ਗਿਆ। [5]ਭੰਬੀਰੀ ਦੇ ਖੰਭ ਵਰਗਾ। [6]ਬਹੁਤਾ ਬਰੀਕ ਪਰਦਾ ਜੋ (ਅੱਖ ਤੇ ਦੇਖਣੇ ਜੋਗ ਵਸਤੂ ਦੇ ਵਿਚਾਲੇ ) ਪਿਆ ਹੋਵੇ ਤਾਂ ਦਿੱਸ ਨਾ ਸੱਕਣ ਕਰਕੇ (ਵਸਤੂ ਨੂੰ) ਦੂਰ ਹੀ ਜਾਣੋ। [7]ਭਾਵ ਵਾਹਿਗੁਰੂ ਦਾ ਨਾਮ। [8]ਪਿਛਲੇ ਪਾਪ। [9]ਪਹਿਲਾਂ। [10]ਕੋਈ ਥਿਰ ਨਹੀਂ। [11]ਨਾਮ ਤੇ ਕਾਲ ਨੂੰ। [12]ਜਹਾਜ਼। [13]ਪ੍ਰੀਤੀ।

*ਇਥੋਂ ਹੁਣ ੩੧ਵੀਂ ਸਾਖੀ ਚੱਲੀ ਹੈ।

†ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ ॥ [ਦਃ ਓਅੰਕਾਰ ੩੬

‡ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ ॥ [ਬਿਲਾਵਲ ਮਃ ੫

§ਯਥਾ ਗੁਰਵਾਕ:—ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ। [ਸੋਰਠਿ ਮਃ ੫

Sri Satguru Jagjit Singh Ji eLlibrary NamdhariElibrary@gmail.com

ਭ੍ਰਾਗੇ। ਤਜਿ ਧਨ ਧਾਮ ਚਰਨ ਗੁਰ ਲਾਗੇ ॥ ੩੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸੁਨਿਆਰੇ ਕੌ' ਪ੍ਰਸੰਗ ਬਰਨਨੰ ਨਾਮ ਦੋਇ ਚਤ੍ਵਾਰਿੰਸਤੀ ਅੰਸੂ॥੪੨॥

੪੩. [ਇਕ ਅਨਪੜ੍ਹ ਸਿੱਖ। ਕਬੀਰ ਜੀ ਦੇ ਸਮੇਂ ਦਾ ਪਾਤਸ਼ਾਹ]।

ਦੋਹਰਾ ॥ *ਇਕ ਦਿਨ ਬੈਠੇ ਸਤਿਗੁਰੂ ਸਿਖ ਸੰਗਤਿ ਚਹੁੰਫੇਰ। ਏਕ ਸਿੱਖ ਤਹਿ ਆਇ ਕੈ ਬਿਨੈ ਕਰੀ ਤਿਸ ਬੇਰ ॥ ੧ ॥ ਚੌਪਈ ॥ 'ਸਾਚੇ ਪਾਤਿਸ਼ਾਹੁ ਗੁਰ ਪੂਰੇ! ਆਨਿ ਪਰਯੋ ਮੈਂ ਸ਼ਰਨਿ ਹਜ਼ੂਰੇ। ਦੁਖੀ ਸੰਸਾਰ ਦਿਸ਼ਾ ਤੇ ਹੋਵਾ। ਰਹਯੋ ਬਿਚਾਰ ਨਹੀਂ ਸੁਖ ਜੋਵਾ ॥ ੨ ॥ ਦਿਹੁ ਕੱਲਯਾਨ ਕ੍ਰਿਪਾ ਕਹੁ ਠਾਨਹੁ। ਜਨਮ ਮਰਨ ਦੁਖ ਅਰੁ ਅਘ ਹਾਨਹੁ। ਪਢਯੋ ਨਹੀਂ ਮੈਂ ਬਿੱਦਯਾ ਕੋਈ। ਬਰਣ ਗੁਰਮੁਖੀ ਲਖੇ ਨ ਸੋਈ' ॥ ੩ ॥ ਗੁਰੂ ਕਹਯੋ ਤੂੰ ਧੰਨ ਮਹਾਨਾ। ਭਯੋ ਵਿਰਾਗ ਜਗਤ ਦੁਖ ਮਾਨਾ। ਪਰ ਭਾਈ ਸਿੱਖਾ! ਮਨ ਚੀਨਿ। ਮੂਢ ਨ ਸਮੁਝਹਿ ਪਢੇ ਬਿਹੀਨ[1] ॥ ੪ ॥ ਦੋਹਰਾ ॥ ਅਨਪਢ ਅੰਧਾ ਜੋ ਚਲਹਿ[2] ਸਮੁਝ ਨ ਆਵਹਿ ਕਾਇ। ਬਾਣੀ ਜਿਸ ਕੀ ਸ਼ੁੱਧ ਹੈ ਤਿਸੈ ਮਿਲੈ ਹਰਿਰਾਇ ॥ ੫ ॥ ਚੌਪਈ ॥ ਚਹੀਅਹਿ ਪਢਯੋ ਅਲਪ ਕੈ ਘਨੋ। ਬੁਧਿ ਸੁਧ ਪਰੈ ਸੁਧਾਰੇ ਮਨੋ[3]। ਗੁਣ ਅਵਗੁਣ ਕਰਿਬੋ ਅਨੁਕਰਬੋ[4]। ਜਾਨੈ ਸਭਿ ਕੀ ਸੁਧ ਉਰ ਧਰਿਬੋ ॥ ੬ ॥ ਪਢਨ ਬਿਖੈ ਗੁਨ ਅਹੈਂ ਅਨੇਕੂ। ਸਦ-ਗੁਨ ਪ੍ਰਾਪਤਿ ਆਦਿ ਬਿਬੇਕੂ। ਯਾਂਤੇ ਪਢਨ ਅਹੈ ਬਹੁ ਨੀਕਾ। ਅਨਪਢ ਰਹੈ ਅੰਧ ਨਿਤ ਹੀਕਾ[5] ॥ ੭ ॥ ਅਰੁ ਗੁਰਮੁਖੀ ਪਢਨਿ ਜੋ ਕਰਨੋ। ਸਰਬੋ-ਤਮ ਸ਼ੁਭ ਮਤਿ ਕੋ ਧਰਨੋ। ਜਪੁਜੀ ਆਦਿਕ ਪੁੰਨ ਉਪਾਵੈਂ। ਅਨਿਕ ਜਨਮ ਕੇ ਕਲੁਖ ਮਿਟਾਵੈਂ ॥੮॥ ਵਿੱਦਯਾ ਪਢਨਿ ਗੁਰਮੁਖੀ ਜਾਨੋ। ਪਾਠਕ ਪ੍ਰਾਪਤਿ ਲਾਭੁ ਮਹਾਨੋ। ਯਾਂਤੇ ਅਬਿ ਜੇਤਿਕ ਮਤਿ ਤੇਰੀ। ਪਢਹੁ ਭਲੇ ਗੁਰ-ਮਤਿ ਲਿਹੁ ਹੇਰੀ' ॥੯॥ ਤਬਹਿ ਗਰੀਬੀ ਗੁਰੂ ਹਕਾਰਯੋ। ਸਿਖ ਕੋ ਸੌਂਪਤਿ ਬਾਕ ਉਚਾਰਯੋ। 'ਕਰਿਕੈ ਪ੍ਰੇਮ ਪਢਾਵਹੁ ਇਸੈ। ਜਗ ਤੇ ਕਛ ਵਿਰਾਗ ਹੈ ਜਿਸੈ[6]' ॥੧੦॥ ਆਇਸੁ ਮਾਨਿ ਸੰਗ ਲੇ ਗਯੋ। ਤਖਤੀ ਲੀਖਿ ਸਿਖਾਵਤਿ ਭਯੋ। ਪੈਂਤੀ ਪੁਨ ਮੁਹਾਰਨੀ ਬਿਖੇ। ਕੇਤਿਕ ਦਿਨ ਨਾਵੇਂ ਤਿਨ ਲਿਖੇ ॥੧੧॥ ਸਤਿਗੁਰ ਬਿੱਦਯਾ ਮਹਾਂ ਸੁਖੇਨ। ਅਤਿ ਸ਼ੀਘ੍ਰ ਪ੍ਰਾਪਤਿ ਸੁਖ ਦੇਨਿ।

[1]ਪੜ੍ਹੇ ਬਿਨਾਂ ਮੂਰਖ ਸਮਝ ਨਹੀਂ ਸਕਦਾ। [2]ਅਨਪੜ੍ਹ (ਪੁਰਸ਼) ਅੰਨ੍ਹੇ (ਜੋ=ਜਯੋਂ) ਵਾਂਙੂ ਚਲਦਾ ਹੈ। [3]ਬੁੱਧੀ ਸ਼ੁਧ ਹੋ ਜਾਂਦੀ ਹੈ ਮਨ ਸੁਧਾਰ ਲੈਂਦਾ ਹੈ। [4]ਨਾ ਕਰਨ ਜੋਗ। [5]ਹਿਰਦੇ ਦਾ ਅੰਧਾ। [6]ਜਿਸ ਨੂੰ।

*ਹੁਣ ਇਹ ਸੌ ਸਾਖੀ ਦੀ ੨੯ਵੀਂ ਸਾਖੀ ਚੱਲੀ ਹੈ।

Sri Satguru Jagjit Singh Ji eLlibrary NamdhariElibrary@gmail.com

ਪੁਨ ਪੋਥੀ ਕੋ ਪਠਿਬੇ ਲਾਗਯੋ। ਤੁਕ ਪਠਿ ਪਠਿ ਮਨ ਬਹੁ ਅਨੁਰਾਗਯੋ ॥ ੧੨ ॥ ਪਢਿ ਕਰਿ ਅਪਰ ਸੁ ਲਗਯੋ ਅਨੰਦ[1]। ਪਹਿਲੀ ਤੁਕ ਪਠਿ ਲਹਯੋ ਅਨੰਦ। ਬਹੁਰ ਨ ਗਯੋ ਗਰੀਬੀ ਪਾਸ।ਵਧਿ ਪ੍ਰਤੀਤ[2] ਚਿਤ ਜਗਤ ਉਦਾਸ ॥੧੩॥ ਕਬਹਿ ਦੇਗ਼ ਤੇ ਭੋਜਨ ਖਾਇ। ਮਨ ਰਾਖ੍ਯੋ ਗੁਰ ਚਰਨ ਟਿਕਾਇ। ਖਸ਼ਟ ਮਾਸ ਜਬਿ ਹੀ ਬਿਤ੍ਰ ਗਏ।ਸਤਿਗੁਰ ਸਿਖ ਕੋ ਸਿਮਰਤਿ ਭੁਏ ॥ ੧੪ ॥ ਨਿਕਟ ਗਰੀਬੀ ਕੋ ਬੁਲਵਾਇ। 'ਬੂਝ੍ਯੋ ਸਿਖ ਕੋ ਕਿਤਿਕ ਪਢਾਇ ?'। ਤਿਨ ਕਰ ਜੋਰਿ ਹਕੀਕਤ ਕਹੀ। 'ਇਕ ਤੁਕ ਪਠਿ ਪੁਨ ਆਯੋ ਨਹੀਂ' ॥ ੧੫ ॥ ਸੁਨਿ ਸਤਿਗੁਰ ਇਕ ਸਿੱਖ ਪਠਾਯੋ। ਤਿਸ ਸਿਖ ਕੋ ਤਤਕਾਲ ਬੁਲਾਯੋ। ਖਰੋ ਜੋਰਿ ਕਰ ਹੇਰਿ ਅਲਾਯੋ॥'ਕਹੁ ਸਿੱਖਾ ! ਤੂੰ ਪਢਨ ਪਠਾਯੋ'?॥੧੬॥ ਕਹ੍ਯੋ:–'ਏਕ ਤੁਕ ਮੈਂ ਪਠਿ ਲੀਨਿ। ਸਭਿ ਸੰਸੈ ਤੇ ਭਯੋ ਬਿਹੀਨ। ਜਬਿ ਸਿਖ ਨੇ ਸਤਿਗੁਰ ਕੋ ਪਾਯੋ।ਭਯੋ ਅਨੰਦ ਕਸ਼ਟ ਨਹਿ ਆਯੋ ॥ ੧੭ ॥ ਇਸ ਤੇ ਪਰੇ ਪ੍ਰਯੋਜਨ ਕੌਨ। ਜਿਸ ਹਿਤ ਪਢਹਿ ਜਾਨਿ ਗੁਨ ਭੌਨ[3]। ਭਯੋ ਅਨੰਦਤਿ ਵਧੀ ਪ੍ਰਤੀਤ[4]।ਅਪਰ ਪਢੌਂ ਮੈਂ ਕਹਾ ਧਰਿ ਚੀਤ' ॥ ੧੮ ॥ ਸੁਨ ਸ੍ਰੀ ਮੁਖ ਤੇ ਹਸੇ ਗੁਸਾਈਂ। ਭਏ ਪ੍ਰਸੰਨ ਰਿਦੇ ਸੁਖਦਾਈ। ਜਾਨਿ ਪ੍ਰਤੀਤ ਭਈ ਮਨ ਪੀਨ। 'ਭਯੋ ਨਿਹਾਲ' ਪ੍ਰਭੁ ਬਰ ਦੀਨਿ ॥੧੯॥ ਸੁਨਿ ਸਿਖ ਨੇ ਬੰਦਨ ਪਦ ਕੀਨਿ। ਭਯੋ ਗਯਾਨ ਦੁਬਿਧਾ ਸਭਿ ਛੀਨਿ। *ਸਭਾ ਲਗੀ ਇਕ ਦਿਨ ਗੁਰਪਾਸ। ਹਰਿ ਚਰਚਾ ਤਬਿ ਭਈ ਪ੍ਰਕਾਸ਼॥੨੦॥ਸੁਮਤਿਵੰਤ ਬਹੁ ਮਤਿ ਕੇ ਸਯਾਨੇ।ਸਯਾਨੀ ਸਯਾਨੀ ਬਾਤ ਬਖਾਨੇ। ਕਰਯੋ ਪ੍ਰਸ਼ਨ ਗੁਰੁ ਸਭਿ ਦਿਸ਼ਿ ਜੋਵਾ[5]। 'ਭਗਤ ਕਬੀਰ ਜਬਹਿ ਜਗ ਹੋਵਾ ॥੨੧॥ ਕੋ ਤਬਿ ਪਾਤਿਸ਼ਾਹ ਭੁਵ ਮਾਲਿਕ ? ਕਹਾਂ ਨਾਮ ਜਿਸ ਕੇ ਸਭਿ ਤਾਲਿਕ[6] ?'। ਸਭਾ ਬਿਖੈ ਬਹੁ ਬੈਸ ਬਡੇਰੇ। ਕਰਿ ਬਿਚਾਰ ਬੋਲੇ ਤਿਸ ਬੇਰੇ ॥ ੨੨ ॥ 'ਪਾਤਿਸ਼ਾਹਿ ਤਬਿ ਹੁਤੋ ਹੁਮਾਊ'। ਬਿਬ ਕਹਿ[7] 'ਹੁਤੋ ਪਥੌਰਾ ਰਾਊ[8]'। ਬੋਲਯੋ ਤ੍ਰਿਤੀ 'ਸਿਕੰਦਰ[9] ਅਹੇ'। 'ਮਦਨ ਪਾਲ ਨ੍ਰਿਪ' ਚੌਥੇ ਕਹੇ ॥ ੨੩॥ ਪੰਚਮ ਕਹਯੋ 'ਜੈਨੀਅਨਿ ਰਾਜਾ'। ਇਮ ਬੋਲਤਿ ਭਾ

[1]'ਅਨੰਦ' ਨਾਮੇ ਬਾਣੀ ਨੂੰ। [2]ਭਰੋਸਾ ਵਧਿਆ। [3]ਜਿਸ ਲਈ (ਹੋਰ ਅਗੋਂ) ਪੜ੍ਹਿਆ ਜਾਵੇ (ਕਿਉਂਕਿ ਬਾਣੀ ਨੂੰ ਗੁਣਾਂ ਦਾ ਘਰ ਤਾਂ (ਮੈਂ ਇਕੋ ਤੁਕ ਦੇ ਅਭਯਾਸ ਨਾਲ) ਜਾਣ ਲਿਆ ਹੈ। [4]ਆਨੰਦ ਹੋ ਗਿਆ ਤੇ ਭਰੋਸਾ ਵਧ ਗਿਆ। [5]ਗੁਰੂ ਜੀ ਨੇ ਸਵਾਲ ਕੀਤਾ ਸਭ ਪਾਸੇ ਦੇਖ ਕੇ। [6]ਜਿਸ ਦੇ ਸਭ ਕੁਛ ਅਧੀਨ ਸੀ। [7]ਦੂਜੇ ਨੇ ਕਿਹਾ। [8]ਪ੍ਰਿਥਵੀ ਰਾਜ। [9]ਸਿਕੰਦਰ ਲੋਦੀ ਤੋਂ ਮੁਰਾਦ ਹੈ।

*ਇਹ ਮੈ ਸਾਖੀ ਦੀ ੩੦ਵੀਂ ਸਾਖੀ ਹੁਣ ਚੱਲੀ ਹੈ।

Sri Satguru Jagjit Singh Ji eLlibrary NamdhariElibrary@gmail.com

ਝਗਰ ਸਮਾਜਾ। ਬਹਿਸਨ ਲਗੇ ਪਰਸਪਰ ਜਾਲਾ। ਕਹੈਂ ਸੁ 'ਬੀਤ ਗਯੋ ਚਿਰਕਾਲਾ ॥੨੪॥ ਨਿਸ਼ਚੈ ਕਰਯੋ ਗਯੋ ਨਹਿ ਕੋਈ'। ਸੁਨਤਿ ਰਹੇ ਗੁਰ ਤੂਸ਼ਨ ਹੋਈ। ਝਗਰਤਿ ਸਭਹਿਨਿ ਠਾਨੀ ਮੌਨ। ਤਬਿ ਬੋਲੇ ਇਮ ਕਰੁ-ਨਾ ਭੌਨ ॥ ੨੫ ॥ ਨਿਸ਼ਾਨੀ ਛੰਦੁ ॥ 'ਅੱਪੜ ਕੋਇ ਨ ਸਾਕਈ ਹਰ ਜਨ ਹੈਂ ਊਚੇ[1]। ਜਾਤਿ ਵਰਨ ਪਤਿਸ਼ਾਹੀਆਂ ਸਭਿ ਹੀ ਰਹਿ ਨੀਚੇ। ਰਾਜਹੰਸ ਜਿਮ ਉਡ ਚਢਹਿ[2] ਹੁਇ ਸਾਗਰ ਪਾਰੇ। ਅਪਰ ਰਹੈਂ ਸਭਿ ਬੀਚ ਹੀ ਪੰਛੀ ਜਗ ਸਾਰੇ*' ॥੨੬॥ ਸੁਨਿ ਕਰਿ ਸਭਿ ਬੂਝਨਿ ਲਗੇ 'ਤੁਮ ਬੂਝਯੋ ਕੈਸੇ[3]? ਕੌਨ ਹੁਤੇ ਤਿਸ ਕਾਲ ਮਹਿ ਸੋ ਕਹੀਅਹਿ ਤੈਸੇ ?' ।ਸ੍ਰੀਮੁਖ ਤੇ ਸਤਿਗੁਰ ਕਹਯੋ "[4]ਮਹਿਮਾ ਸਤਿਨਾਮੁ। ਆਨ ਸਮਾਨ ਨ ਜਾਨੀਐ ਮਹੀਆਨ ਭਿਰਾਮੁ[4] ॥੨੭॥ ਜਾਤਿ ਜੁਲਾਹਾ ਰੰਕ ਜੋ ਭਜਿ ਨਾਮ ਕਬੀਰੰ।ਸਭਿ ਕੋਈ ਜਾਨੈ ਜਗਤ ਘਰ ਘਰ ਮਹਿਂ ਧੀਰੰ।ਪਾਤਿਸ਼ਾਹ ਲਖ ਦੌਲਤਾਂ[5] ਪਤਿਸ਼ਾਹਤ ਵਾਲਾ। ਤਿਸ ਕੋ ਜਾਨਤਿ ਕੋ ਨਹੀਂ ਹੋਤੇ ਤਿਸਕਾਲਾ ॥ ੨੮ ॥ ਦੇਖਹੁ ਮਹਿਮਾ ਨਾਮ ਕੀ ਜਪ ਜਪਯੋ ਜੁਲਾਹੇ। ਪੰਡਤ ਵੈਦ ਸੁ ਜੋਤਕੀ ਸ਼ਾਹੁ ਸੁ ਪਤਿਸ਼ਾਹੇ।ਭਏ ਹਜ਼ਾਰਹੁੰ ਜਾਨੀਅਹਿ ਪਰ ਜਾਇਂ ਨ ਜਾਨੇਂ। ਨਾਮ ਪ੍ਰਤਾਪ ਕਬੀਰ ਕੋ ਜਾਨੈ ਸਭਿ ਗਯਾਨੈ[6] ॥ ੨੯ ॥ ਤਪੀ, ਜਪੀ, ਧਯਾਨੀ, ਗੁਨੀ, ਗ੍ਰਿਸ-ਤੀ, ਨਿਰਬਾਨੀ। ਸੁਤ ਜੁਤਿ ਲਖਹਿ ਕਬੀਰ ਕੋ ਅਰੁ ਲੋਈ ਜਾਨੀ[7]।ਧੰਨ ਨਾਮੁ ਧਾਂਤੇ ਲਖਹੁ ਏਤੀ ਵਡਿਆਈ। ਹਲਤ ਬਿਖੇ ਪ੍ਰਾਪਤਿ ਭਈ ਹੁਇ ਪਲਤ ਸਹਾਈ ॥੩੦॥ਜੋ ਸਿਮਰਹਿ ਸਤਿਨਾਮ ਕੋ ਤਿਨ ਸਮ ਨਹਿ ਕੋਈ। ਭਯੋ ਭੂਤ ਮਹਿ ਕੋ ਨਹੀਂ, ਭਾਵਿੱਖਯ ਨ ਹੋਈ। ਜੋ ਨਰ ਐਸੇ ਨਾਮੁ ਕੋ ਨਹਿ ਸਿਮਰਹਿ ਅੰਧੋ।ਤਿਨ ਕੋ ਤੋਟਾ ਬਡ ਅਹੇ ਲਪਟੇ ਜਗ ਧੰਧੇ॥੩੧॥ ਸਿਮਰਯੋ ਜਬਿ ਸਤਿਨਾਮ ਕੋ ਭਾ ਭਗਤ ਕਬੀਰੰ।ਸ਼ਾਹ ਸਿਕੰਦਰ[8] ਤਬਿ ਹਤੇ

[1]ਹਰੀ ਦੇ ਜਨ ਹੀ ਉੱਚੇ ਹਨ, ਉਹਨਾਂ ਨੂੰ ਕੋਈ ਅੱਪੜ ਨਹੀਂ ਸਕਦਾ। [2](ਉੱਚਾ) ਚੜ੍ਹਦਾ ਹੈ। [3]ਆਪ ਨੇ(ਇਹ)ਕਿਉਂ ਪੁੱਛਿਆ ਹੈ ? [4]ਬਹੁਤ ਸੁੰਦਰ ਸਤਿਨਾਮ ਦੇ ਤੁਲ ਹੋਰ ਕਿਸੇ ਦੀ ਮਹਿਮਾਂ ਨਾ ਜਾਣੋ। [5]ਲੱਖਾਂ ਦੌਲਤਾਂ ਸਨ। [6]ਕਬੀਰ ਦੇ ਨਾਮ ਤੇ ਗਿਆਨ ਦੇ ਪ੍ਰਤਾਪ ਨੂੰ(ਸਭ ਕੋਈ)ਜਾਣਦਾ ਹੈ।(ਅ) ਨਾਮ ਦੇ ਪ੍ਰਤਾਪ ਕਰਕੇ ਕਬੀਰ ਨੂੰ ਜਾਣਦੇ ਹਨ ਸਾਰੇ: ਗਿਆਨੀ, ਤਪੀ, ਜਪੀ, ਧਿਆਨੀ, ਗੁਣੀ, ਗ੍ਰਿਹਸਤੀ ਤੇ ਅਤੀਤ। [7]ਲੋਈ ਨੂੰ ਬੀ ਜਾਣਦੇ ਹਨ। [8]ਸਿਕੰਦਰ ਲੋਦੀ ਤੋਂ ਮੁਰਾਦ ਹੈ।

*ਇਹ ਗੁਰਬਾਣੀ ਨਹੀਂ, ਗੁਰਬਾਣੀ ਵਿਚ ਇਉਂ ਪਾਠ ਹਨ:—"ਸਭ ਤੇ ਊਚੇ ਜਾਨੀਅਹਿ ਨਾਨਕ ਨਾਮ ਪਿਆਰ" ॥ "ਤਾਕਉ ਕੋਈ ਅਪਰਿ ਨ ਸਾਕੈ ਜਾਕੀ ਭਗਤਿ ਮੇਰਾ ਪ੍ਰਭੁ ਮਾਨੈ" ॥ "ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ" ॥

Sri Satguru Jagjit Singh Ji eLlibrary NamdhariElibrary@gmail.com

ਜਿਹ ਤੇਜ ਗਹੀਰੈ* । ਗਰਜਤਿ ਜੀਤਯੋ ਜਗਤ ਕੋ ਸਗਰੋ ਹਿੰਦੁਵਾਨਾ। ਅਜ਼ਮਤਿ ਤਾਂਹਿ ਕਬੀਰ ਕੀ ਦੇਖੀ ਇਕ ਬਾਨਾ॥ ੩੨ ॥ ਕੀਨਿ ਬੰਦਗੀ ਨਿਕਟ ਹੁਇ ਕਰਿ ਕਦਮ[1] ਸਲਾਮੂ। ਕਹਾਂ ਜੁਲਾਹਾ ਰੰਕ ਸੋ ਕਿਤ ਸ਼ਾਹ ਤਮਾਮੂ[2] । ਯਾਂਤੇ ਸੁਨੀਐ ਸਿੱਖ ਸਭਿ, ਜੋ ਸਿਮਰਹਿ ਨਾਮੂ। ਸੋਈ ਗੁਰ ਕਾ ਸਿੱਖ ਬਡ ਸਭਿ ਤੇ ਅਭਿਰਾਮੂ॥੩੩॥ਮੁਖ ਤੇ ਕੈ ਮਨ ਤੇ ਸਦਾ ਲਿਵ ਨਾਮ ਲਗਾਵੈ। ਹਾਥਨਿ ਤੇ ਕਰਿ ਟਹਿਲ ਕੋ ਸਿਖ ਸੰਤ ਰਿਝਾਵੈ।ਸੋ ਮਮ ਪਯਾਰੋ ਅਧਿਕ ਹੈ ਬਸਿ ਰਹੌਂ ਸਦੀਵਾ[3] । ਕਰਨੀ ਊਚੀ ਨਿਤ ਕਰਹਿ ਰਾਖਹਿ ਮਨ ਨੀਵਾ ॥ ੩੪ ॥ ਤਨਹੰਤਾ ਕੋ ਤਯਾਗ ਕਰਿ ਬ੍ਰਹਮਹੰਤਾ ਗਾਢੈ। ਏਕ ਰੂਪ ਕੋ ਜਾਨ ਕਰਿ ਨਾਨਾ ਕੌ ਕਾਢੈ[4] । ਜਾਨੈ ਸਾਚਾ ਏਕ ਕੋ ਲਖਿ ਝੂਠ ਅਨੇਕੇ[5] ।—ਉਪਜਨਹਾਰ ਸੁ ਬਿਨਸ ਹੈ—ਇਮ ਧਰਹਿ ਬਿਬੇਕੇ ॥ ੩੫ ॥

ਦੋਹਰਾ ॥ ਇਮ ਕਹਿ ਕਰਿ ਸ਼੍ਰੀ ਸਤਿਗੁਰੂ ਸਿੱਖਨ ਪ੍ਰਤਿ ਉਪਦੇਸ਼। ਬੈਠੇ ਕੇਤਿਕ ਚਿਰ ਉਠੇ ਮੰਦਰਿ ਗਏ ਵਿਸ਼ੇਸ਼ ॥ ੩੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਤ੍ਰਿਤਿਯ ਰੁਤੇ 'ਕਬੀਰ ਸਮਾਂ ਕਥਨਿ' ਪ੍ਰਸੰਗ ਬਰਨਨੰ ਨਾਮ ਤੀਨ ਚਤ੍ਵਾਰਿੰਸਤੀ ਅੰਸੂ॥੪੩॥

### ੪੪. [ਲੰਗਰ ਦੀ ਸੇਵਕ ਇਕ ਸਿੱਖਣੀ]।

ਦੋਹਰਾ ॥ ਬੀਤਯੋ ਫਾਗਨ ਚੇਤ ਜਬਿ ਨਿਕਟ ਮੇਖ ਸੰਕ੍ਰਾਂਤਿ[6]। ਦਰਸ਼ਨ ਪਰਸਨ ਗੁਰੂ ਕੋ ਗਨ ਸੰਗਤਿ ਉਮਡਾਤਿ ॥੧॥ ਚੌਪਈ ॥ ਦਿਨ ਪ੍ਰਤਿ ਜਸ ਪਸਰਹਿ ਜਗ ਜਸੈਂ ਜਸੇ। ਮੇਲਾ ਅਧਿਕ ਮਿਲਤਿ ਹੈ ਤਸੈਂਤਸੇਂ। ਚਹੁੰਦਿਸ਼ਿ ਤੇ ਸੰਗਤਿ ਚਹਿ ਐਸੇ। ਗਨ ਚਕੋਰ ਸਸਿ[7] ਪ੍ਰੇਮੀ ਜੈਸੇ ॥ ੨॥ 'ਜਨੁ ਘਨ ਘਟਾ ਘੋਖ ਕਹੁ ਚਾਹਤਿ। ਦਾਸ ਕਲਾਪ ਕਲਾਪਿ ਉਮਾਹਤਿ[8] । ਬੰਧਿ ਟੋਲ ਪਰ ਟੋਲ ਬਿਸਾਲੇ । ਚਲਹਿ ਪੰਥ ਮਿਲਿ ਮਿਲਿ ਸਿਖ ਜਾਲੇ॥੩॥ ਗਾਵਹਿੰ ਸ਼ਬਦ ਪ੍ਰੇਮ ਰੰਗ ਰਾਤੇ। ਭਾਉ ਪਰਸਪਰ ਕਰਿ ਹਰਖਾਤੇ । ਆਪਸ ਮਹਿੰ ਸੇਵਹਿ ਅਨੁਰਾਗੀ । ਗੁਰ ਕੀ ਭਗਤਿ ਅਧਿਕ ਚਿਤ ਜਾਗੀ।। ੪ ॥ ਨਈ ਰੀਤਿ ਧਰਿ ਸ਼ੁਭ ਮਤਿ ਮਤੇ[9]। ਵਾਹਿਗੁਰੂ ਜੀ ਕੀ ਕਹਿ ਫਤੇ। ਜੁਗਮ ਸਮੈ

[1]ਕਦਮਾਂ ਉਤੇ, ਚਰਨਾਂ ਉਤੇ। [2]ਸਾਰੇ ( ਦੇਸ਼ ) ਦਾ। [3]ਸਦਾ ਮੈਂ ਤਿਸ ਦੇ ਵਸੀ ਹਾਂ। [4]ਅਨੇਕਤਾ ਦਾ ਭਾਵ ਦੂਰ ਕਰੇ। [5]ਅਨੇਕਤਾ ਨੂੰ ਝੂਠਾ ਜਾਣੇ। [6]ਵਿਸਾਖੀ। [7]ਚੰਦ੍ਰਮਾਂ। [8]ਜਿਵੇਂ ਗੂਹੜੀਆਂ ਘਟਾਂ ਦੀ ਗਰਜ ਨੂੰ ਚਾਹੁੰਦੇ ਹਨ ਮੋਰ ( ਤਿਵੇਂ ) ਸਾਰੇ ਦਾਸ ਉਮਾਹੁੰਦੇ ਹਨ [ ਸੰਸ:, ਕਲਾਪ= ਸਾਰੇ। ਕਲਾਪੀ=ਮੋਰ । [9]ਮਸਤ ਹੋਏ।

*ਸਿਕੰਦਰ ਨੇ ਕਬੀਰ ਜੀ ਨੂੰ ਬੀ ਖੇਚਲ ਦਿਤੀ ਸੀ। 'ਭੁਜਾ ਬਾਂਧਿ ਭਿਲਾ ਕਰਿ ਡਾਰਿਓ' ਆਦਿਕ ਸ਼ਬਦਾਂ ਵਿਚ ਇਸ ਖੇਚਲ ਦਾ ਹਾਲ ਹੈ। ਸਿਕੰਦਰ, ਪਿੱਛੋਂ ਕਬੀਰ ਜੀ ਦਾ ਕਦਰਦਾਨ ਹੋ ਗਿਆ ਸੀ।

Sri Satguru Jagjit Singh Ji eLlibrary NamdhariElibrary@gmail.com

ਕੰਘਾ ਕਰਿ ਲੇਨਾ। ਹੋਇ ਸੁਚੇਤ ਸ਼ਬਦ ਮਨ ਦੇਨਾ॥੫॥ ਬੈਠਹਿ ਹੰਸਨਿ ਕੀ ਸਮ ਪੰਗਤ[1]। ਗੁਰੂ ਪੰਥ ਕੀ ਅਦਭੁਤ ਰੰਗਤ। ਸੋਹਿਤ ਕੇਸ਼ਨ ਸ਼ਮਸ਼ ਸਮੇਤ। ਮਨਹੁ ਜਨਾਇ ਦੇਵਤਨਿ ਭੇਤ[2]॥੬॥ ਰਹਿਤ ਕਹਿਤ ਕੇ ਸਹਿਤ ਬਿਸਾਲੇ। ਸ਼ਸਤ੍ਰਨਿ ਧਾਰਹਿ ਬੀਰ ਮੁਛਾਲੇ। ਸੰਗਤਿ ਚਲਿ ਅਨੰਦਪੁਰਿ ਆਈ। ਭਾਂਤਿ ਭਾਂਤਿ ਕੀ ਭੇਟਨਿ ਲਯਾਈ॥ ੭॥ *ਦਿਵਸਿ ਵਿਸੇਏ ਕੋ ਜਬਿ ਆਯੋ। ਸਤਿਗੁਰ ਕਾਰਨ ਫਰਸ਼ ਡਸਾਯੋ। ਊਚੋ ਥਾਨ ਸਿੰਘਾਸਨ ਥਿਰਨੋ। ਅਨਗਨ ਮੋਲ ਆਨਿ ਤਹਿਂ ਜੁਰਨੋ॥੮॥ਤਬਿ ਸ੍ਰੀ ਪ੍ਰਭੁ ਤਨ ਬਸਤ੍ਰ ਸ਼ਸਤ੍ਰ ਧਰਿ। ਜ਼ੇਵਰ ਜਬਰ ਜਵਾਹਰ ਮੈ ਜਰ[3]। ਸ਼ੇਰ ਗੁਫਾ ਤੇ ਨਿਕਸਹਿ ਜੈਸੇ। ਸੁੰਦਰ ਸਦਨ ਤਯਾਗ ਕਰਿ ਤੈਸੇ॥ ੯॥ ਹਯ ਪਰ ਚੜ੍ਹੇ ਸਭਾ ਬਲ ਆਏ। ਲੋਕ ਹਜ਼ਾਰਹੁ ਸੀਸ ਨਿਵਾਏ। ਬੈਠੇ ਜਾਇ ਸਿੰਘਾਸਨ ਚੌਰ। ਸੰਗਤਿ ਝੁਕੀ ਬ੍ਰਿੰਦ ਇਕ ਬੇਰ॥ ੧੦ ॥ ਅਰਪਿ ਅਰਪਿ ਕਰਿ ਅਨਿਕ ਅਕੋਰ। ਬੰਦਹਿ ਚਰਨ ਕਮਲ ਕਰ ਜੋਰਿ। ਦੇਖਤਿ ਨਹਿ ਲੋਚਨ ਤ੍ਰਿਪਤਾਵਹਿ। ਸ਼ਹੁ ਸੁੰਦਰਤਾ ਕਹੀ ਨ ਜਾਵਹਿ॥ ੧੧॥ ਸੰਗਤਿ ਕੀ ਹੋਈ ਬਡ ਭੀਰ। ਪਿਖਿ ਪਿਖਿ ਸਿੱਖਨ ਖੋਵਤਿ ਪੀਰ। ਆਛਾਦੇ ਮੁਖ ਸਿਖਨੀ ਆਵੈ[4]। ਪਹੁੰਚਹਿ ਨਿਕਟ ਨ ਪੁਨ ਹਟਿ ਜਾਵੈ[5]॥੧੨॥ਬਡੀ ਭੀਰ ਪੁਰਖਨਿ ਕੀ ਹੇਰਹਿ। ਰਹਹਿ ਅਧਿਕ ਹ੍ਵੈ ਸਕੈ ਨ ਨੇਰਹਿ। ਮਨ ਗਤਿ ਲਖਿ ਸਤਿਗੁਰ ਤਿਹ ਪਾਸੀ। ਕਰਨੈ ਪਠਾਵਨਿ ਸਿਖ ਅਰਦਾਸੀ॥ ੧੩॥ ਲਯਾਇ ਹਜ਼ੂਰ ਖਰੀ ਕਰਿ ਨੇਰੇ। ਕਰ ਕੌ ਜੋਰਿ ਗੁਰੂ ਦਿਸ਼ਿ ਹੇਰੇ। ਤਿਸ ਕੁਟੰਬ ਕੇ ਜੋ ਨਰ ਔਰ। ਬੈਠੇ ਸਭਾ ਬਿਖੈ ਤਿਸ ਠੌਰ॥ ੧੪॥ ਘੂੰਘਟ ਕਾਢੇ ਮਸਤਕ ਟੇਕਾ। ਖਰੀ ਅਗਾਰੀ ਜਲਧਿ ਬਿਬੇਕਾ। ਸ੍ਰੀ ਮੁਖ ਤੇ ਫੁਰਮਾਵਨਿ ਕੀਨਾ। 'ਕਹੁ ਸਿਖਣੀ! ਇਹ ਕਸ ਚਿਤ ਚੀਨਾ?॥੧੫॥ ਲਖੈਂ ਗੁਰੂ ਕੇ ਤੌ ਕਹੁ ਆਛੈ[6]। ਤਊ ਸੁਨਨਿ ਹਿਤ ਸੰਗਤਿ ਬਾਛੈ। ਨਿਜ ਬਿਰਤਾਂਤ ਰਿਦੇ ਕਰਿ ਬਾਹਰ[7]। ਕਰਹੁ ਸੁਨਾਵਨਿ ਸਭਿ ਮਹਿ ਜ਼ਾਹਰ'॥੧੬॥ ਕਰ ਜੋਰਤਿ

---

[1]ਹੰਸਾਂ ਵਰਗੀ ਪੰਗਤ ਵਿਚ। [2]ਮਾਨੋਂ ਦੇਵਤਿਆਂ ਦੇ ਭੇਤ ਨੂੰ ਜਣਾਉਂਦੇ ਹਨ, ਭਾਵ ਆਦਿ ਦੀ ਰੀਤ ਕੇਸ ਦਾਹੜਾ ਸਮੇਤ ਦੇਵਤਿਆਂ ਦੀ ਹੈ ਤੇ ਸਿੱਖ ਦੇਵਤੇ ਹਨ। [3]ਵਿਚ ਜੜੇ ਹੋਏ। [4]ਘੁੰਡ ਕੱਢੇ ਇਕ ਸਿੱਖਣੀ ਆਉਂਦੀ ਸੀ। [5]ਨੇੜੇ ਨਹੀਂ ਸੀ ਪਹੁੰਚਦੀ ਪਿੱਛੇ ਹਟ ਜਾਂਦੀ ਸੀ, [6]ਗੁਰੂ ਤੇ ਚੰਗੀ ਤਰ੍ਹਾਂ ਜਾਣਦੇ ਹਨ ਤੈਨੂੰ। [7]ਰਿਦੇ ਦਾ ਪ੍ਰਗਟ ਕਰ।

*ਇਥੋਂ ਸੋ ਸਾਖੀ ਦੀ ੩ ਹਵੀਂ ਸਾਖੀ ਆਰੰਭ ਹੋਈ ਹੈ।

Sri Satguru Jagjit Singh Ji eLlibrary NamdhariElibrary@gmail.com

ਤਬਿ ਤ੍ਰਿਯਾ ਉਬਾਚੇ। 'ਸੁਨੀਐ ਪਾਤਸ਼ਾਹੁ ਗੁਰ ਸਾਚੇ! ਮਾਤਾ ਪਿਤਾ ਰਾਇਪੁਰਿ ਮੇਰੇ। ਹੁਤੀ ਕੁਮਾਰੀ ਜਬਿ ਇਕ ਬੇਰੇ ॥੧੭॥ ਇਕ ਸਾਧੂ ਬਯ ਬ੍ਰਿੱਧ ਉਦਾਰਾ। ਆਨਿ ਰਹਯੋ ਹਮ ਸਦਨ ਮਝਾਰਾ।ਸੇਵਾ ਕਰਹਿਂ ਮਾਤਪਿਤ ਮੇਰੇ। ਖਾਨ ਪਾਨ ਤੇ ਆਦਿ ਘਨੇਰੇ ॥੧੮॥ ਸੰਮਤ ਪੰਚ ਰਹਯੋ ਸੁਖ ਪਾਏ। ਮੈਂ ਭੀ ਸੇਵ ਕਰੌਂ ਹਿਤ ਲਾਏ। ਕਥਾ ਸੁਨਾਇ ਅਨੇਕ ਪ੍ਰਕਾਰਾ। ਮੈਂ ਭੀ ਸੁਨਤਿ ਰਹੀ ਤਿਸ ਬਾਰਾ ॥ ੧੯ ॥ ਖੱਤ੍ਰੀ ਸੁਤ ਬਰਸਾਣੇ ਗ੍ਰਾਮੂ। ਮੁਝਕੋ ਬ੍ਯਾਹ ਦੀਨਿ ਤਿਨ ਧਾਮੂ। ਤਿਸ ਕੀ ਸਿਖਣੀ ਮੁਝ ਕੋ ਜਾਨੈ। ਸਿਖ ਭੀ ਗੁਰਮੁਖ ਭਲਾ ਪਛਾਨੋ ॥੨੦॥ ਸਿੱਖ ਸੰਤ ਜੋ ਵਹਿਰ ਨਿਹਾਰੇ।ਲੇ ਆਵਤਿ ਹੈ ਸਦਨ ਮਝਾਰੇ। ਪ੍ਰੇਮ ਕਰੌਂ ਮੈਂ ਪੀਸ ਪਕਾਵੌਂ। ਲੇਹਿ ਖੁਸ਼ੀ ਕਰਿ ਤ੍ਯਾਰ ਛਕਾਵੌਂ ॥ ੨੧ ॥ ਭਰਤਾ ਸਾਥ ਰਹੀ ਬਨ ਮੇਰੀ। ਸਿੱਖਨ ਸੇਵਾ ਕਰੌਂ ਘਨੇਰੀ। ਸੰਤਨਿ ਤੇ ਮੈਂ ਪੂਰਬ ਸੁਨਯੋਂ।–ਤ੍ਰਿਯ ਕੋ ਇਕ ਅਲੰਬ ਪਤਿ ਗੁਨਯੋਂ[1]॥੨੨॥ਯਾਂਤੇ ਸੇਵਾ ਕਰੌਂ ਮਹਾਨਾ।ਗੁਰ ਪਰਮੇਸੁਰ ਪਤਿ ਹੀ ਜਾਨਾ। ਮਮ ਸਸੁਰੇ ਕੌ[2] ਸਭਿ ਪਰਿਵਾਰਾ। ਦੇਵਰ ਜੇਠ ਸੰਗ ਸਭਿ ਦਾਰਾ ॥ ੨੩ ॥ ਤੁਮਰੇ ਦਰਸ਼ਨ ਕੋ ਸਭਿ ਆਵੈਂ। ਮਮ ਪਤਿ ਸਹਿਤ ਦੇਖਿ ਪੁਨ ਜਾਵੈਂ।ਮੈਂ ਪਾਪਣ ਬਿਨ ਭਾਗ ਬਿਚਾਰਾ[3]। ਗੁਰ ਸਰੂਪ ਨਹਿਂ ਕਬਹਿ ਨਿਹਾਰਾ॥੨੪॥ ਗਨ ਸਿੱਖਨ ਕੀ ਸੇਵਾ ਕਰੌਂ।ਦਰਸ਼ਨ ਗੁਰੂ ਚਿਤਵਨਾ ਧਰੌਂ।ਅਰੁ ਮੈਂ ਰਿਦੇ ਬਿਚਾਰਤਿ ਬਾਤੀ।–ਕੋ ਸੇਵਹਿ ਸਿਖ ਮਮ ਪਸ਼ਚਾਤੀ–॥ ੨੫ ॥ ਸਭਿ ਕੁ-ਟੰਬੀਅਨਿ ਅਬਿਕੇ ਆਨੀ। ਲਖਿ ਦਰਸ਼ਨ ਕੀ ਚਾਹਿ ਮਹਾਨੀ।ਮਮ ਪਤਿ ਕੀ ਮਰਜ਼ੀ ਥੀ ਨਹੀਂ। ਤਉ ਸਭਿਨਿ ਕੇ ਸੰਗੀ ਰਹੀ ॥ ੨੬ ॥ ਇਤ ਕੋ ਚਲਿ ਆਈ ਤੁਮ ਪਾਹੀ।ਤਊ ਧ੍ਯਾਨ ਮਮ ਲੰਗਰ ਮਾਂਹੀ। ਰਾਵਰਿ ਨਿਕਟ ਭੀਰ ਪਿਖਿ ਭਾਰੀ। ਹਟੀ ਆਵਤੀ ਰਿਦੈ ਵਿਚਾਰੀ[4] ॥ ੨੭ ॥–ਮਮ ਪਾਪਣ ਕੌ ਦਰਸ਼ਨ ਕਹਾਂ। ਚਲਿ ਕਰਿ ਆਈ ਤਊ ਨ ਲਹਾ। ਜਾਇ ਕਰੌਂ ਮੈਂ ਲੰਗਰ ਸੇਵਾ–।ਤੁਮ ਅੰਤਰਜਾਮੀ ਲਖਿ ਭੇਵਾ ॥ ੨੮ ॥ ਪਠਯੋ ਸਿੱਖ ਤਿਨ ਜਾਇ ਹਕਾਰੀ। ਨਿਕਟ ਹੋਇ ਮੁਝ ਸੰਗ ਉਚਾਰੀ।–ਸਤਿਗੁਰ ਤੋਹਿ ਬੁਲਾ-ਵਨ ਕਰਯੋ–।ਸੁਨਿ ਅਨੰਦ ਮੇਰੋ ਉਰ ਭਰਯੋ॥੨੯॥ ਦਯਾ ਕਰੀ ਮੁਝ ਆਪ ਹਕਾਰਾ। ਆਪ ਕ੍ਰਿਪਾਲੂ ਬਿਰਦ ਸੰਭਾਰਾ। ਮੁਝ ਪਰ ਹੁਕਮ ਹੋਹਿ ਜਿਸ

[1]ਇਸਤ੍ਰੀ ਦਾ ਆਸਰਾ ਇਕੋ ਪਤੀ ਹੈ (ਮੈਂ ਇਹ ਗੱਲ) ਸਮਝੀ ਹੈ। [2]ਮੇਰੇ ਸਹੁਰੇ ਦਾ। [3]ਵਿਚਾਰੀ ਨੇ। [4]ਮੁੜੀ ਤੇ ਰਿਦੇ ਵਿਚ ਆਂਵਦੀ ਨੇ ਵਿਚਾਰਿਆ।

Sri Satguru Jagjit Singh Ji eLlibrary NamdhariElibrary@gmail.com

ਭਾਂਤੀ। ਅੰਗੀਕਾਰ ਕਰੌਂ ਸੋ ਬਾਤੀ' ॥ ੩੦ ॥ ਸੁਨਿ ਕਲਗ਼ੀਧਰ ਭਏ ਪ੍ਰਸੰਨ। ਕਹ੍ਯੋ ਬਚਨ 'ਸਿਖਣੀ ਤੂੰ ਧੰਨ! ਨੈਹਰ[੧] ਸਾਹੁਰ ਧੰਨ ਸੁ ਤੇਰੇ। ਜਿਸ ਨੇ ਸ਼੍ਰੌਨ ਸੁਨ੍ਯੋਂ ਇਕ ਬੇਰੇ ॥ ੩੧ ॥ ਧਰ੍ਯੋ ਸਿਦਕ ਸੇਵਨ ਸਿਖ ਸੰਤ[੨]। ਤਥਾ ਸਿਦਕ ਰਾਖ੍ਯੋ ਬਿਚ ਕੰਤ। ਹਮ ਭੀ ਤੁਝ ਪਰ ਭੇਟ ਚਢਾਵੈਂ[੩]। ਪਰ ਭਰਤਾ ਤੇਰਾ ਜਬਿ ਆਵੈ[੪]॥੩੨॥ ਹੇ ਦੇਵੀ! ਅਬਿ ਕਰਹੁ ਪਯਾਨਾ। ਭਈ ਭਾਵਨੀ ਪੂਰ ਮਹਾਨਾ। ਕਰਿ ਸੇਵਾ ਘਰ ਹੀ ਮਹਿ ਰਹੋ। ਗਹ ਮਿਲਣ ਗੁਰ ਕੋ ਸੋ ਲਹੋ' ॥੩੩॥ ਸੁਨਿ ਕਰਿ ਨਿਜ ਡੇਰੇ ਮਹਿ ਗਈ। ਭਰਤਾ ਸਾਥ ਬਾਤ ਕਹਿ ਦਈ। ਉਠੇ ਪ੍ਰਭੁ ਦਰਸ਼ਨ ਦੇ ਗਏ। ਅਪਰ ਸਕਲ ਨਿਜ ਨਿਜ ਥਲ ਭਏ ॥੩੪॥ ਸੁਪਤਿ ਹੋਇ ਕਰਿ ਨਿਸਾ ਬਿਤਾਈ। ਭਈ ਪ੍ਰਾਤਿ ਪੁਨ ਸਭਾ ਲਗਾਈ। ਪਤਿ ਕੋ ਸੰਗ ਲੀਨਿ ਤਿਹ ਨਾਰੀ। ਖਰੀ ਭਈ ਸੋ ਗੁਰੂ ਅਗਾਰੀ ॥ ੩੫ ॥ ਸ੍ਰੀ ਮੁਖ ਤੇ ਬੂਝ੍ਯੋ ਤਿਸ ਬੇਰੀ। 'ਸਿੱਖਣੀਏ! ਸਿਖਣੀ ਕਿਸ ਕੇਰੀ?'। ਸ਼ਰਮਾਵਤਿ ਪੁਨ ਨਾਰਿ ਉਬਾਚੇ। 'ਸੁਨੀਅਹਿ ਪਾਤਿਸ਼ਾਹੁ ਪ੍ਰਭੁ ਸਾਚੇ ॥ ੩੬ ॥ ਜੇ ਕਰਿ ਗੁਰ ਹੋਵਤਿ ਅਨਜਾਨ। ਤੌ ਬਤਾਵਬੇ ਹੇਤੁ ਬਖਾਨ'। ਸੰਗਤਿ ਸੁਨਤਿ ਭਨ੍ਯੋ[੫] ਤਿਸ ਬੇਰੀ। 'ਕਹੁ ਸਿੱਖਾ! ਸਿਖਣੀ ਇਹੁ ਤੇਰੀ?' ॥੩੭॥ ਸਿੱਖਬਾਕ ॥ ਦੋਹਰਾ ॥ 'ਤਨ ਮਨ ਧਨ ਗੁਰ ਕੋ ਸਭੇ ਮਮਤਾ ਛੋਡੀ ਦੂਰ। ਦੇਹਿ ਸੰਜੋਗੀ ਨਾਰਿ ਹੈ ਸਿਖ ਸਿਖਣੀ ਗੁਰ ਧੂਰ[੬]*'॥ ੩੮ ॥ ਚੌਪਈ ॥ ਸ੍ਰੀ ਮੁਖ ਤੇ ਫੁਰਮਾਵਨ ਕੀਨਾ। 'ਸੁਨਿ ਸਿੱਖਾ ਤੂੰ ਅਧਿਕ ਪ੍ਰਬੀਨਾ। ਨਹਿ ਪਰੰਤੁ ਤੈ ਕਹੁ ਸੁਧ ਕੋਈ। ਹੋਹਿ ਜਾਹਿਗੀ ਸੁਨੀਅਹਿ ਸੋਈ ॥੩੯॥ ਪ੍ਰਥਮ ਜਨਮ ਕੇ ਭਗਤ ਕਬੀਰ। ਹੁਤੇ ਤੁਹੀ ਸਿਮਰਤਿ ਹਰਿ ਧੀਰ। ਹੁਤੀ ਤਬਹਿ ਇਹ ਸਿਖਣੀ ਲੋਈ। ਇਕ ਦਿਨ ਕਹ੍ਯੋ ਸੁਨਹੁ ਤੁਮ ਸੋਈ ॥੪੦॥—ਲੋਈ! ਸੁਨਹੁ ਜਨਮ ਤੈਂ ਧਰ੍ਯੋ। ਕੌਨ ਲਾਭ ਤੈਂ ਖਾਟਨਿ ਕਰ੍ਯੋ—। ਸੁਨਿ ਕੇ ਕਹਤਿ ਭਈ ਸੰਗ ਤੋਹਿ।—ਅਜਹੁੰ ਰੀਝ ਸੇਵਾ ਕੀ ਮੋਹਿ —॥ ੪੧ ॥ ਤਬਿ ਕਬੀਰ ਤ੍ਰਿਯ ਸਾਥ ਕਹੇਹੀ।—ਨਹਿ ਗ੍ਰਿਹੀਨਿ ਰਾਹੁ ਹੁਇ ਏਹੀ[੭]'। ਜੋ ਮਰਜ਼ੀ ਭਰਤਾ ਕੀ ਹੋਇ। ਉਚਿਤ ਭਾਰਜਾ ਧਾਰਹਿ ਸੋਇ ॥

---

[੧]ਮਾਪੇ। [੨]ਸਿਖਾਂ ਸੰਤਾਂ ਦੇ ਸੇਵਨ ਵਿਚ ਸਿਦਕ ਧਾਰਿਆ ਹੈ। [੩]ਅਸੀਂ ਬੀ ਤੇਰੀ ਕੁਛ ਭੇਟਾ ਕਰਾਂਗੇ। [੪]ਪਰ (ਤਦੋਂ) ਜਦ ਤੇਰਾ ਭਰਤਾ (ਨਾਲ) ਆਵੇਗਾ। [੫]ਸੰਗਤ ਦੇ ਸੁਣਦਿਆਂ ਗੁਰੂ ਜੀ ਨੇ ਕਿਹਾ। [੬]ਦੇਹ ਦੇ ਸੰਜੋਗ ਕਰ ਇਹ ਮੇਰੀ ਨਾਰੀ ਹੈ ਅਸੀਂ ਦੋਵੇਂ ਸਿੱਖ ਤੇ ਸਿੱਖਣੀ ਗੁਰੂ ਕੇ (ਚਰਨਾਂ ਦੀ) ਧੂੜ ਹਾਂ। [੭]ਇਸਤ੍ਰੀਆਂ ਦਾ ਇਹ ਰਾਹ ਨਹੀਂ। *ਪਾਃ—ਸਿਖ ਸਿੱਖਾਂ ਕੀ ਧੂਰ।

Sri Satguru Jagjit Singh Ji eLlibrary NamdhariElibrary@gmail.com

੪੨॥ ਸੇਵਾ ਕਰਨਿ ਵਾਸ਼ਨਾ ਤੇਰੀ। ਜਨਮ ਧਰਹੁ ਪੁਨ ਜਗ ਇਕ ਬੇਰੀ। ਘਰ ਖੱਤ੍ਰੀ ਜਨਮਯੋ[1] ਇਸ ਕਾਲਾ। ਹੁਇ ਸ੍ਰੀ ਨਾਨਕ ਪੰਥ ਬਿਸਾਲਾ ॥ ੪੩ ॥ ਗੁਰ ਦਰਸਹਿਂ ਗੁਰ ਬਾਕ ਸੁਨੈ ਹੈਂ। ਪੁਨ ਉਧਾਰ ਸੇਵੇ[2] ਹੁਇ ਜੈ ਹੈ–। ਸੁਨਿ ਲੋਈ ਚਰਨਨਿ ਪਰ ਪਰੀ। ਦੀਨ ਹੋਇ ਤਬਿ ਬਿਨਤੀ ਕਰੀ॥ ੪੪॥–ਤੁਮ ਭੀ ਦਾਸੀ ਕੋ ਮਤ ਤਯਾਗਹੁ। ਮੇਰੀ ਪ੍ਰੀਤਿ ਦੇਖਿ ਅਨੁਰਾਗਹੁ –। ਕਹਯੋ ਕਬੀਰ–ਸਾਧਨੀ! ਸੁਨੀਏ। ਸੇਵਾ ਕਰਨੀ ਹੀ ਭਲ ਜਨੀਏ ॥ ੪੫॥ਭਈ ਭਾਵਨਾ ਜੋ ਇਮ ਤੋਹੀ। ਜਨਮ ਹੋਇ ਤੇਰੇ ਸੰਗ ਮੋਹੀ–।ਇਮ ਕਹਿ ਜਨਮ ਧਰਯੋ ਤੁਵ ਦੋਈ। ਪੂਰਬ ਕੀ ਸੁਧ ਰਹੀ ਨ ਕੋਈ' ॥ ੪੬ ॥ ਕਹਯੋ ਕਿ 'ਸਮਾ ਸੁ ਪੂਰਬ ਤੇਰਾ।ਗੁਰ ਬਿਨ ਨਹਿਂ ਜਾਗਹਿ*ਇਸ ਬੇਰਾ'। ਇਤਨੋ ਕਹਿ ਗੁਰ ਕੀਨਿ ਪ੍ਰਸਾਦਿ[3]।ਨਿਜ ਕਰ[4] ਦੀਨਿ ਕਰਾਹ ਪ੍ਰਸ਼ਾਦਿ। ੪੭॥ਸਿਖ ਸਿਖਣੀ ਮੁਖ ਪਾਵਨ ਕੀਨਾ। ਖੁਲਿ ਕਪਾਟ ਭਾ ਠਾਟ ਨਵੀਨਾ। ਜਾਗਯੋ ਬੋਧ ਸਕਲ ਸੁਧਿ ਆਈ। ਜਿਮ ਜਿਮ ਬੀਤੀ ਮਤਿ ਬਿਸਮਾਈ ॥ ੪੮ ॥ ਬੋਲੇ ਹਾਥ ਜੋਰਿ,ਮੁਖ ਜੋਵੈਂ। 'ਹਮ ਪ੍ਰਤਿ ਬਾਕ ਆਪ ਕੋ ਹੋਵੈ[5]'। "[6]ਕਰੀ ਬੀੜ ਗ੍ਰੰਥ ਸਾਹਬ ਜਬੈ।ਦਯੋ ਬਿਦੇਹ ਦਰਸ ਤੁਮ ਤਬੈ[7]॥੪੯॥ਅਬਿ ਇਸ ਦੇਹ ਸਹਿਤ ਹੁਇ ਆਏ।ਪੂਰਬ ਬਾਨੀ ਦੇਹੁ ਸੁਨਾਏ। ਜਿਸ ਕੋ ਸੁਨਿ ਕਰਿ ਸੰਗਤਿ ਪ੍ਰੀਤ।ਆਇ ਸਰਬ ਕੇ ਰਿਦੇ ਪ੍ਰਤੀਤਿ' ॥ ੫੦ ॥ ਤਬਿ ਕਬੀਰ ਗਨ ਸ਼ਬਦ ਸੁਨਾਏ। ਜਨਮ ਪ੍ਰਥਮ ਕੇ ਜਥਾ ਬਨਾਏ।ਭੋਗ ਪਾਇ ਕਰਿ ਸੀਸ ਨਿਵਾਯੋ। ਸ੍ਰੀ ਮੁਖ ਤੇ ਤਬਿ ਇਹ ਫੁਰਮਾਯੋ ॥ ੫੧ ॥ 'ਸਭਿ ਭਗਤਨਿ ਸਰਦਾਰ ਕਬੀਰ।ਰਚਯੋ ਗੁਰੂ ਕਿਧਾ ਪੰਥ ਗਹੀਰ[8]।ਅਬਿ ਸਿੱਖਨ ਘਰ ਜਨਮਹੁ ਜਾਇ ਸੁ। ਧਰਮ ਰਖਨ ਹਿਤ ਬੇਖ ਬਨਾਇ ਇਸ ॥ ੫੨ ॥ ਕਲਿਜੁਗ ਕੋ ਕਰਿਬੋ ਨਿਰਬਾਹੂ। ਉਤਰਉ ਸਿੱਖਨ ਕੇ ਘਰ ਮਾਂਹੂ'। ਸੁਨਿ ਪ੍ਰਭੁ ਤੇ ਸਿਖ ਸਿਖਣੀ ਜਾਗੇ।ਗਮਨੇ ਸਦਨ, ਜੋਗ ਕੋ ਲਾਗੇ॥੫੩॥ ਮਾਨਹੋਂ ਬਚਨ ਭਗਤ ਸਮੁਦਾਏ। ਸਿੱਖਨ ਘਰੇ ਜਨਮ ਧਰਿ ਆਏ। ਪੰਥ ਬਿਖੇ ਹੁਇ ਸੇਵਾ ਲਾਗੇ। ਤੁਰਕਨਿ ਸੰਗ ਜੰਗ ਮਹਿ ਜਾਗੇ ॥ ੫੪ ॥ ਭਯੋ

[1]ਜਨਮ ਲੈਣਾ। [2]ਸੇਵਾ ਕਰਦਿਆਂ। [3]ਕਿਰਪਾ। [4]ਆਪਣੇ ਹੱਥ ਨਾਲ। [5]ਸਾਡੇ ਨਾਲ (ਕੋਈ ਆਪ ਦਾ ਹੋਰ) ਵਾਕ ਹੋਵੇ। [6](ਗੁਰੂ ਜੀ ਬੋਲੇ)। [7]ਤੁਸਾਂ ਤਦੋਂ ਬਿਦੇਹ ਦਰਸ਼ਨ ਦਿੱਤਾ ਸੀ। [8]ਗੁਰੂ ਕਿਆਂ ਨੇ ਪੰਥ ਭਾਰੀ ਰਚਿਆ ਹੈ। *ਸੋ ਸਾਖੀ ਦਾ ਪਾਠ–ਜਾਗਦਾ ਨਹੀਂ।

Sri Satguru Jagjit Singh Ji eLlibrary NamdhariElibrary@gmail.com

ਖਾਲਸਾ ਤੇਜ ਬਿਸਾਲਾ। ਕੇਸ ਕਾਛ ਧਰਿ ਸ਼ਸਤ੍ਰ ਕਰਾਲਾ। ਭਏ ਬੀਰ ਰਸ ਮਹਿਂ ਸਵਧਾਨਾ। ਬਿਨਾ ਜੁੱਧ ਕਛ ਚਹੈਂ ਨ ਆਨਾ ॥ ੫੫ ॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਕਬੀਰ' ਪ੍ਰਸੰਗ ਬਰਨਨੰ ਨਾਮ ਚਤਰ ਚੱਤ੍ਵਾਰਿੰਸਤੀ ਅੰਸੂ ॥੪੪॥

੪੫. [ਪ੍ਰੇਮਾ ਵਜ਼ੀਰ ਦਤ ਹੋਕੇ ਰਿਹਾ। ਕੜਾਹ ਪ੍ਰਸ਼ਾਦ ਚਰਚਾ]।

ਦੋਹਰਾ ॥*ਪਰਬਤ ਪਤਹਿ[1] ਵਜ਼ੀਰ ਇਕ ਨਾਮ ਸੁ ਪਰਮਾਨੰਦ। ਪ੍ਰੇਮ ਜਨਾਵਤਿ ਨ੍ਰਿਪ ਪਠ੍ਯੋ ਸੁਧਿ ਬੁਧਿ ਬਿਖੇ ਬਿਲੰਦ ॥੧॥ ਚੌਪਈ॥ ਅਨਿਕ ਮਤਨ ਕੋ ਸ਼ੁਭ ਮਤਿ ਬੇਤਾ[2]। ਸੁਨਿ[3] ਇਤਿਹਾਸ ਪੁਰਾਨਨਿ ਜੇਤਾ। ਮਿਲ੍ਯੋ ਆਨਿ ਕਲਗ਼ੀਧਰ ਸਾਥ। ਧਰੀ ਅਕੋਰ ਜੋਰਿ ਜੁਗ ਹਾਥ ॥੨॥ ਪਰਮ ਪ੍ਰੇਮ ਕਰਿ ਪਰਮਾਨੰਦ। ਲਹ੍ਯੋ ਦਰਸੁ ਤੇ ਪਰਮਾਨੰਦ[4]। ਸ਼੍ਰੀ ਸਤਿਗੁਰ ਸਤਿਕਾਰਿ ਬਿਠਾਰਾ। ਸੈਲਪਤਨਿ ਕੌ ਕੁਸ਼ਲ ਉਚਾਰਾ ॥੩॥ 'ਕਿਸ ਕਾਰਜ ਤੇ ਨ੍ਰਿਪਤ ਪਠਾਯਹੁ। ਕਹਹੁ ਕਾਜ ਜਿਸ ਹਿਤ ਚਲਿ ਆਯਹੁ'। ਸੁਨਿ ਕਰ ਜੋਰਤਿ ਬਾਕ ਬਖਾਨਾ। 'ਤੁਮ ਦਰਸ਼ਨ ਕੋ ਲਾਭ ਮਹਾਨਾ ॥ ੪ ॥ ਪਠ੍ਯੋ ਮੋਹਿ ਰਾਵਰ ਕੀ ਸੇਵਾ।—ਰਹੀਐ ਨਿਕਟ ਜਾਇ ਗੁਰਦੇਵਾ—। ਨ੍ਰਿਪ ਦਿਸ਼ਿ ਤੇ ਬਸਹੈਂ ਮੈਂ ਤੀਰ। ਪਰਹਿ ਬਿਗਾਰ ਨਹੀਂ ਕਿਮ ਧੀਰ ॥੫। ਲਿਖੈਂ ਮਿਜ਼ਾਜ ਆਪ ਕੌ ਸਾਰਾ। ਕਾਰਜ ਪਰਹਿ ਸੁ ਦੇਹੁ ਸੁਧਾਰਾ। ਇੱਤ੍ਯਾਦਿਕ ਨਿਤ ਕੀ ਸੁਧ ਰਾਖਨਿ। ਪਠ੍ਯੋ ਦੂਤ ਕਰਿ ਇਮ ਅਭਿਲਾਖਨਿ[6] ॥ ੬॥ ਇਤ ਰਾਵਰ ਕੋ ਦਰਸ਼ਨ ਲੇਹੂ। ਅਧਿਕ ਲਾਭ ਫਲ ਮੈ ਕਹੁ ਏਹੂ'। ਸੁਨਿ ਸਨੇਹ ਸਾਨੀ ਤਿਸ ਬਾਨੀ। ਸਨਮਾਨ੍ਯੋਂ 'ਰਹੁ ਨਿਕਟ' ਬਖਾਨੀ ॥ ੭ ॥ ਪਰਮਾਨੰਦ ਰਹਨਿ ਹਿਤ ਹਰਖ੍ਯੋ। ਪਰਮਾਨੰਦ ਗੁਰੂ ਕੋ ਪਰਖ੍ਯੋਂ[7]। ਰੋਜ ਰਜ਼ਤਪਣ ਪੰਜ ਦਿਵਾਏ। ਦੂਤ ਪਨੋ ਲਿਖਿ ਪਠਨ ਕਮਾਏ ॥੮॥ ਸਭਾ ਲਗਹਿ ਪ੍ਰਭੁ ਕੀ ਜਿਹ ਸਮੈਂ। ਆਇ ਹਜ਼ੂਰ ਦਰਸ ਕਰਿ ਨਮੈਂ। ਬੈਠਹਿ ਨਿਕਟ ਅਧਿਕ ਬੁਧਿਵੰਤਾ। ਭਲੀ ਬਾਰਤਾ ਭਨਤਿ ਸੁਨੰਤਾ ॥ ੯ ॥ ਇਕ ਦਿਨ ਲਗ੍ਯੋ ਦਿਵਾਨ ਮਹਾਨਾ। ਸਤਿਗੁਰ ਬੀਚ ਬਿਰਾਜੇ ਆਨਾ। [8]ਚਾਰੁ ਚਲਾਚਲ ਚਾਮਰ

[1]ਪਹਾੜੀ ਰਾਜਿਆਂ ਦਾ। [2]ਅਨੇਕ ਮਤਾਂ ਨੂੰ ਸੁਹਣੀ ਬੁੱਧੀ ਨਾਲ ਜਾਣਨ ਵਾਲਾ ਸੀ। [3]ਸੁਣਿਆਂ ਹੋਇਆ ਸੀ (ਉਸ ਨੇ)। [4]ਪਰਮ ਆਨੰਦ। [5]ਭਾਵ, ਸੁਖ ਸਾਂਦ। [6]ਚਾਹ ਕਰਕੇ। [7]ਪਰਮ ਆਨੰਦ ਦਾ ਸਰੂਪ ਗੁਰੂ ਜੀ ਨੂੰ ਪਰਖਿਆ (ਉਸ ਨੇ)। [8]ਸੁੰਦਰ ਤੇ ਚੰਚਲ ਚੌਰ ਦੋਹੀਂ ਪਾਸੀਂ ਝੁਲਦਾ ਐਉਂ ਸ਼ੋਭਾ ਪਾਉਂਦਾ ਹੈ ਕਿ ਮਾਨੋ ਕੋਈ ਹੰਸ ਹੈ ਜੋ ਕਲਗੀ ਵਿਚ ਮੋਤੀਆਂ ਦੇ ਗੁੱਛੇ ਦੇਖਕੇ ਖਾਣ ਵਾਸਤੇ ਝੁਕ ਝੁਕ ਕੇ ਆਉਂਦਾ ਹੈ ਪਰ ਡਰ ਖਾਕੇ ਪਿੱਛੇ ਨੂੰ ਉੱਡ ਜਾਂਦਾ ਹੈ। ਕਵਿ ਜੀ ਦੀ ਉਪਮਾ ਬੰਨ੍ਹਣ ਦੀ ਨਜ਼ਾਕਤ ਦਾ ਕਮਾਲ ਹੈ।

*ਸੌ ਸਾਃ ਦੀ ਦੂਸਰੀ ਸਾਖੀ।

ਢੋਰੇ। ਇਮ ਸ਼ੋਭਾ ਪਾਵਤਿ ਜੁਗ ਓਰੇ ॥੧੦॥ ਕਲਗ਼ੀ ਮਹਿ ਮੁਕਤਾ ਫਲ ਗੁੱਛੇ। ਤਿਨਹੁੰ ਮਰਾਲ ਹੇਰਿ ਕਰਿ ਸੁੱਛੇ। ਭੁੱਛਨਿ ਜਨੁ ਚਾਹਤਿ ਝੁਕ ਆਵਤਿ। ਤਊ ਹਟਤਿ ਉਡ ਕਰਿ ਡਰਪਾਵਤਿ[1]॥੧੧॥ ਬੈਠੇ ਬ੍ਰਿੰਦ ਸਭਾ ਬੁਧਿਵੰਤੇ। ਅਨਿਕ ਬਾਰਤਾ ਕਥਤਿ ਸੁਨੰਤੇ। ਪਰਮਾਨੰਦ ਤਹਾਂ ਚਲਿ ਆਯੋ। ਪ੍ਰਥਮ ਪ੍ਰਭੂ ਕੋ ਸੀਸ ਨਿਵਾਯੋ ॥੧੨॥ ਬੈਠਯੋ ਨਿਕਟ ਹੋਇ ਕਰਿ ਤੁਸ਼ੈ। ਸ਼ੋਭਤਿ ਸਭਾ ਸਭਾਸਦ ਸਭੈ[2]। ਮਦਨ ਦਾਸ ਬੈਰਾਗੀ ਏਕ। ਸੋ ਭੀ ਸੇਵਤਿ ਜਲਪਿ ਬਿਬੇਕ ॥੧੩॥ ਸੰਨਯਾਸੀ, ਜੋਗੀ, ਬ੍ਰਹਮਚਾਰੀ। ਬੈਠੇ ਸ਼ੁਭ ਮਤਿ ਸਭਾ ਮਝਾਰੀ। ਅਪਨੇ ਅਪਨੇ ਪੰਥਨਿ ਜਥਾ। ਬਾਕ ਬਿਲਾਸ ਚਲੀ ਤਬਿ ਕਥਾ ॥ ੧੪ ॥ ਭਲੀ ਭਲੀ ਨਿਜ ਮਤਿ ਕੀ ਬਾਤੀ। ਸਗਰੇ ਕਰਤਿ ਭਏ ਬੱਖਯਾਤੀ। ਦਯਾਸਿੰਧੁ ਕੋ ਭਾਖਿ ਸੁਨਾਵੈਂ।-ਹਮਰੇ ਇਮ ਕਰਤੇ ਗਤਿ ਪਾਵਹਿਂ[3]-॥੧੫॥ ਪੀਛੇ ਮਦਨ ਦਾਸ ਬੈਰਾਗੀ। ਬੋਲਯੋ ਕਰਿ ਜੋਰਤਿ ਬਡਭਾਗੀ। 'ਸੁਨਹੁ ਬੇਨਤੀ ਗੁਰ ਪਤਿਸਾਹੂ! ਬਨਹਿ ਕੜਾਹੇ ਨਾਮ ਕੜਾਹੂ[4] ॥੧੬॥ ਮ੍ਰਿਦੁਲ ਪ੍ਰਸ਼ਾਦਿ ਅਚਤਿ ਸੁ ਸੁਖੈਨਾ। ਹਨੂਮਾਨ ਦੇਵੀਕੋ ਦੈਨਾ। ਇਨ ਦੋਨਹੁੰ ਕੌ ਇਹੈ* ਪ੍ਰਸਾਦਿ। ਮਨੋ ਕਾਮਨਾ ਦੇ ਅਹਿਲਾਦ[5] ॥੧੭॥ ਸੋ ਪ੍ਰਸਾਦਿ ਸ੍ਰੀ ਨਾਨਕ ਬਾਬੇ। ਕਯੋਂ ਲੀਨੋ ਅਪਨੇ ਹਿਤ ਖਾਬੇ†। ਮੋਹਨ ਭੋਗ[6] ਕਿਮ ਲਾਗਸਿ ਪਯਾਰੇ। ਹੁਤੋ ਬ੍ਰਿੱਧ ਸੋ ਖਾਇ ਸੁਖਾਰੋ?॥੧੮॥ ਕਯਾ ਆਸ਼ੈ ਗੁਰ ਕੋ ਇਸ ਮਾਂਹੀ। ਬਿਦਤ ਬਖਾਨ ਕਰਹੁ ਹਮ ਪਾਹੀ'। ਤਬਿ ਸ਼੍ਰੀ ਮੁਖ ਤੇ ਸਭਾ ਮਝਾਰੀ। ਕਥਾ ਪ੍ਰਥਮ ਕੀ ਸਕਲ ਉਚਾਰੀ ॥੧੯॥ 'ਸ਼੍ਰੀ ਗੁਰ ਬਾਬੇ ਸਾਹਿਬ ਪਾਸ[7]। ਹੁਤੇ ਬਿਰਾਗੀ ਸਾਂਈਦਾਸ। ਬੈਠੇ ਹੁਤੇ ਕਰਤਿ ਹਰਿ ਗਾਥਾ। ਬੂਝਤਿ ਭਯੋ ਜੋਰਿ ਜੁਗ ਹਾਥਾ॥੨੦॥-ਸ਼੍ਰੀ ਜਗ ਗੁਰ ਤੁਮ ਲੀਨ ਕਰਾਹੂ। ਕੋ ਕਾਰਨ ਹੈ ਇਸ ਕੇ ਮਾਂਹੂ ?-। ਸੁਨਿ ਕੈ ਪ੍ਰਸ਼ਨ

---

[1]ਇਸ ਦਾ ਅਰਥ ਪਿਛਲੇ ਪੰਨੇ ਦੇ ਅੰਕ ੮ ਵਿਚ ਆ ਚੁਕਾ ਹੈ। [2]ਸਭਾ ਵਿਚ ਸਾਰੇ ਸਭਾਸਦ ਸ਼ੋਭ ਰਹੇ ਹਨ। [3]ਕਿ ਸਾਡੇ ਮਤ ਵਿਚ ਐਉਂ ਕਰਦਿਆਂ ਗਤੀ ਮਿਲਦੀ ਹੈ, ਭਾਵੇਂ ਕਿ ਮੁਕਤੀ ਦਾ ਆਦਰਸ਼ ਉਸ ਨੇ ਸੁਣਾਇਆ। [4]ਕੜਾਹੇ ਵਿਚ ਬਣਦਾ ਕਰਕੇ ਨਾਮ ਕੜਾਹ ਹੈ। [5]ਅਨੰਦ ਸਹਿਤ ਮਨ ਦੀਆਂ ਕਾਮਨਾਂ ਦੇਂਦਾ ਹੈ। [6]ਇਹ ਬੀ ਕੜਾਹ ਦਾ ਹੀ ਇਕ ਨਾਮ ਹੈ। [7]ਸ੍ਰੀ (ਗੁਰੂ ਨਾਨਕ ਦੇਵ) ਜੀ ਪਾਸ। *ਪਾ:-ਇਹੀ। †ਸਭ ਤੋਂ ਪੁਰਾਣਾ ਜ਼ਿਕਰ ਕੜਾਹ ਪ੍ਰਸ਼ਾਦ ਦਾ ਸ੍ਰੀ ਗੁਰੂ-ਗ੍ਰੰਥ ਸਾਹਿਬ ਜੀ ਵਿਚ ਤੀਸਰੀ ਪਾਤਸ਼ਾਹੀ ਦੇ ਸਮੇਂ ਦਾ ਹੈ:-"ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥" ਤੇ ਭਾਈ ਗੁਰਦਾਸ ਜੀ ਨੇ ਆਦਿ ਪਾਤਸ਼ਾਹੀ ਦੇ ਸਮੇਂ ਦੇ ਪਤੇ ਦਿਤੇ ਹਨ "ਧੁਰੋਂ ਪਤਾਲੋਂ ਲਈ ਕੜਾਹੀ" ਆਦਿ।

ਦੀਨਿ ਤਿਸ ਉੱਤਰ:—ਹਮ ਇਕ ਸਮੈ ਗਏ ਦਿਸ਼ਿ ਉੱਤਰ ॥ ੨੧ ॥ ਚਲੇ ਚਲੇ ਮਗ ਪਹੁੰਚੇ ਦੂਰਾਚਢੇ ਜਾਇ ਪਰਬਤ ਹਿਮਨੂਰ[1]। ਬੈਠੇ ਰੁਚਿਰ ਦੇਸ਼ ਕੋ ਦੇਖਿ। ਸਭਿ ਸੈਲਨ ਕੀ ਸੈਲ ਵਿਸ਼ੇਖ ॥੨੨॥ ਕਿਤਿਕ ਸਮੈਂ ਮਹਿ ਸਿਧ ਅਰੁ ਨਾਥਾਬੋਲੇ ਆਨਿ ਹਮਾਰੇ ਸਾਥ।—ਸੰਤਹੁ ! ਕਹਹੁੰ[2] ਅਦੇਸ ਅਦੇਸ। ਪੁਰਖ ਨਿਰੰਜਨ ਅਲਖ ਵਿਸ਼ੇਸ਼[3]—॥ ੨੩ ॥ ਤਿਨਹਿੰ ਬਿਲੋਕਤਿ ਹਮਹਿੰ ਉਚਾਰਾ।—ਸਤਿਕਰਤਾਰ ਸੱਤਿਕਰਤਾਰਾ। ਆਵਹੁ ਸਿੱਧਹੁ ਦਰਸ਼ਨ ਦੈ ਹੋ। ਬੈਠਹੁ ਨਾਮ ਨਿਰੰਜਨ ਲੈਹੋ—॥ ੨੪ ॥ ਸੁਨਿ ਸਭਿ ਸਿੱਧ ਨਿਕਟ ਥਿਰ ਭਏ। ਚਾਹਤਿ ਕਰਾਮਾਤ ਕੁਛ ਲਏ। ਕਰਿਕੈ ਮਸਲਤ ਸਭਿਹੁੰ ਬਖਾਨੇ।—ਸ਼੍ਰੀ ਨਾਨਕ ਤੁਮ ਤਪਾ ਮਹਾਨੇ ॥੨੫॥ ਇਸ ਪਹਾਰ ਪਰ ਥਿਰੋ ਅਗਾਰੀ[4]। ਹਮ ਚਲਿ ਆਏ ਸਕਲ ਪਿਛਾਰੀ। ਸਿੱਧਨ ਕੋ ਸ਼ਾਨਿਗਧ ਉਦਾਰਾ[5]। ਕਰਹੁ[6] ਆਪ ਅਬਿ ਦੇਹੁ ਭੰਡਾਰਾ ॥੨੬॥ ਅਪਨਿ ਭੰਡਾਰੇ ਕੇਰ ਪ੍ਰਸਾਦਿ। ਅਚਵਾਵਹੁ ਸਭਿਕੋ ਅਹਿਲਾਦ[7]—।—ਸਾਂਈਂਦਾਸ[8] ! ਸੁਨਹੁੰ ਤਿਹ ਸਮੇ। ਸਭਿ ਕੇ ਮਨ ਕੀ ਜਾਨੀ ਹਮੇਂ ॥੨੭ ॥ ਮਰਦਾਨਾ ਦੂਸਰ ਸੰਗ ਬਾਲਾ। ਸਿੱਧਨ ਢਿਗ ਬਿਠਾਇ ਤਿਸ ਕਾਲਾ। ਕਹਯੋ ਸਭਿਨਿ ਸਨ—ਸ਼੍ਰੀ ਕਰਤਾਰਾ। ਦੇ ਹੈ ਤੁਮ ਕੋ ਭਲੇ ਅਹਾਰਾ—॥੨੮॥ ਇਮ ਨਿਵਤਾ ਦੇ ਕਰਿ ਹਮ ਗਏ। ਅਨਿਕ ਬਿਧਿਨਿ ਬਨ ਦੇਖਤਿ ਭਏ[9]—! । '[10]ਸੁਨੀਐ ਮਦਨਦਾਸ ਬੈਰਾਗੀ!' । ਸ਼੍ਰੀ ਕਲਗ਼ੀਧਰ ਕਹਿ ਸਭਿ ਆਗੀ ॥ ੨੯ ॥ 'ਗਏ ਦੂਰ ਜਗ ਗੁਰੂ ਅਰੋਕ। ਸੁਰਸਰਿ ਸਲਿਤਾ ਤਹਾਂ ਬਿਲੋਕਿ। ਤਿਸ ਕੇ ਤੀਰ ਤੀਰ ਚਲਿ ਜਾਤੇ। ਸਿਧ ਪਸ਼ਚਾਤ ਸਭਿਨਿ ਮਨ ਜਾਤੇ[11] ॥ ੩੦ ॥—ਸ਼੍ਰੀ ਬਾਬਾ ਜੀ ਬਨ ਕੋ ਗਏ। ਕੰਦ ਮੂਲ ਫਲ ਆਨਹਿ ਨਏ। ਹਮ ਭੀ ਅਧਿਕ ਬ੍ਰਿੱਧ[12] ਹੁਇ ਬੈਸੇਂ। ਮੁਖ ਮਹਿੰ ਦਸਨ[13] ਦਾੜ੍ਹ ਨਹਿੰ ਜੈਸੇ ॥੩੧॥ ਜਬਿ ਦੈਂ ਹੈਂ ਹਮ ਕਹੈਂ ਸੁਨਾਇ। ਇਹ ਕਠੋਰ ਨਹਿ ਅਚਵੈ ਜਾਇ[14]। ਬਹੁਰ ਕਹਾਂ ਦੈਂ ? ਲੱਜਤਿ ਹੋਇੰ—। ਕਰਿ ਮਸਲਤ ਬਨਿ ਬੈਠੇ ਸੋਇ ॥੩੨॥ ਮਦਨਦਾਸ ! ਸੁਨਿ ਰੀਸਕਿਨਾਰੇ।

[1]ਹਿਮਾਲਯ ਤੋਂ ਮੁਰਾਦ ਜਾਪਦੀ ਹੈ [ਹਿਮ+ਨੂਰ=ਬਰਫ ਜਿਸ ਦੀ ਸ਼ੋਭਾ ਹੈ]। [2]ਅਸੀਂ ਕਹਿਦੇ ਹਾਂ। [3]ਆਪ ਨਿਰੰਜਨ ਪੁਰਖ ਵਿਸ਼ੇਸ਼ ਕਰਕੇ ਅਲਖ ਹੋ। [4]ਪਹਿਲੋਂ। [5]ਬਹੁਤੀ ਚਿੰਧਾਈ ਵਾਲਾ। [6]ਤਿਆਰ ਕਰਕੇ। [7]ਆਨੰਦ (ਪ੍ਰਾਪਤ ਹੋਵੇ)। [8](ਗੁਰੂ ਨਾਨਕ ਦੇਵ ਜੀ ਨੇ ਕਿਹਾ) ਹੇ ਸਾਂਈਂਦਾਸ। [9]ਇਥੋਂ ਤਕ ਗੁਰੂ ਨਾਨਕ ਦੇਵ ਜੀ ਸਾਈਂਦਾਸ ਨੂੰ ਕਹਿ ਰਹੇ ਹਨ। [10]ਇਥੇ ਦਸਮ ਪਾਤਸ਼ਾਹ ਜੀ ਮਦਨ ਦਾਸ ਨੂੰ ਕਹਿੰਦੇ ਹਨ। [11]ਪਿੱਛੋਂ ਸਾਰੇ ਸਿੱਧਾਂ ਮਨ ਵਿਚ ਜਾਣਿਆ। [12]ਬਹੁਤ ਬੁੱਢੇ। [13]ਦੰਦ। [14]ਨਹੀਂ ਖਾਧੇ ਜਾਂਦੇ।

ਸ੍ਰੀ ਬਾਬਾ ਜਬਿ ਦੂਰ ਸਿਧਾਰੇ। ਤਬਿ ਸਿੱਧਨ ਕੇ ਧਰਿ ਧਰਿ ਰੂਪ। ਚਲਿ ਆਏ ਬਡ ਦੇਵ ਅਨੂਪ॥ ੩੩ ॥ ਏਕ ਸਿੱਧ ਸਿਕਤਾ[1] ਕਰਿ ਦੀਨਾ। ਦੂਸਰ ਤੇ ਜਲ ਕੋ ਕਰ ਲੀਨਾ।ਦਈ ਬਿਭੂਤ[2]ਤੀਸਰੇ ਆਨ। ਮੇਵਾ ਲਜਾਏ ਅਪਰ ਸੁਜਾਨ ॥ ੩੪ ॥ ਦਾਖ, ਚਿਰੌਂਜੀ[3], ਮਿਰਚਾਂ ਆਦੇ। ਦੈ ਦੈ ਸੁੰਦਰ ਫਲ ਅਹਿਲਾਦੇ।ਅੰਤਰ ਧਜਾਨ ਭਏ ਪੁਨ ਸੋਈ। ਹਟੇ ਪ੍ਰਭੂ ਲਖਿ ਕਾਰਜ ਹੋਈ ॥ ੩੫ ॥ ਆਇ ਤਹਾਂ ਹੇਰੀ ਬਿਧਿ ਖਰੀ। ਦੀਰਘ ਸ਼ਿਲਾ ਕਰੀ ਇਕ ਖਰੀ। ਤਿਸ ਕੀ ਓਟ ਬਿਠਾਇ ਸੁ ਬਾਲਾ। ਸਿੱਧਨਿ ਸਾਥ ਭਨਜੋਂ ਤਿਸ ਕਾਲਾ ॥ ੩੬ ॥–ਕਰਿ ਬੈਠਹੁ ਪੰਕਤਿ ਸਮੁਦਾਈ। ਅਚਹੁ ਭੰਡਾਰ ਜਥਾ ਮਨ ਭਾਈ–। ਸੁਨਿ ਕਰਿ ਹੁਏ ਤਬੈ ਸਿਧ ਘਨੇ। ਬਡੇ ਡੀਲ ਬਿਨ ਦੇਤਨ ਬਨੇ ॥੩੭॥ ਅਧਿਕ ਗੁਰੂ ਤਬਿ ਰਿੱਧਿ ਵਧਾਈ।ਜਿਸ ਤੇ ਤੋਟ ਨ ਸਾਕਸਿ ਪਾਈ[4]। ਸਭਿ ਕੋ ਆਛੇ ਕਰਿ ਤ੍ਰਿਪਤਾਯੋ।ਦਿਯੋ ਤਿਤਿਕ ਜੇਤੋ ਮਨ ਭਾਯੋ ॥ ੩੮ ॥ ਦਸਨ ਦਾੜ੍ਹ ਬਿਨ ਖਾਇ ਸੁਖਾਰੇ। ਗਰ ਲਗਿ ਪੂਰੇ ਹਟੇ ਪਿਛਾਰੇ। ਪਾਇ ਬਿਸਮਤਾ ਸਭਿ ਸਿਧ ਬੋਲੇ।–ਧੰਨ ਧੰਨ ਤੁਮ ਤਪਾ ਅਤੋਲੇ ॥੩੯॥ ਇਹ ਪ੍ਰਸਾਦਿ ਤੁਮ ਭੀ ਅਚਿ ਲੀਜੈ।ਦੀਰਘ ਸ੍ਵਾਦ ਪਾਇ ਪਰਸੀਜੈ[5]–। ਤਿਨ ਕੇ ਕਹੇ ਖਾਇ ਤ੍ਰਿਪਤਾਇ। ਪੁਨ ਸਿੱਧਨ ਸਤਿਗੁਰੂ ਅਲਾਇ[6] ॥ ੪੦ ॥–ਪਾਵਨ ਕਰਹੁ ਪ੍ਰਸਾਦਿ ਹਮਾਰਾ[7]। ਜਿਸ ਖਾਧੇ ਹੁਇ ਪੁੰਨ ਉਦਾਰਾ। ਤਪ ਜਪ ਬਰਤ ਆਦਿ ਸਭਿ ਨੇਮੂ। ਪਾਇ ਪਰਮ ਫਲ ਅਰੁ ਸੁ ਪ੍ਰੇਮੂ–॥ ੪੧ ॥ ਬੋਲੇ ਸਕਲ ਸਿੱਧ ਹੁਇ ਰਾਜ਼ੀ।–ਵਾਹ ਵਾਹ ਤੁਮ ਅਧਿਕ ਤਪਾ ਜੀ।ਸਿਧ ਬਨ ਬਿਸ਼ਨੁ ਖੰਡ ਦਈ ਆਏ[8]।ਮਹਾਂਦੇਵ ਮੈਦਾ ਸ਼ੁਭ ਲੰਜਾਏ ॥ ੪੨ ॥ ਜਲ ਘ੍ਰਿਤ ਬ੍ਰਹਮੇ ਦੀਨਸਿ ਆਨਿ। ਰਿਖਿਨਿ ਦਏ ਫਲ ਮੇਵ ਸੁ ਠਾਨਿ[9]। ਕਪੜਾ ਪੜਦਾ ਸੂਤ ਕਾ ਜੋਇ। ਦੀਨੋ ਆਨਿ ਭਵਾਨੀ ਸੋਇ ॥੪੩॥[10]ਤੁਮਰੇ ਪੱਖੀ ਸਭਿ ਰਖਵਾਰੀ।ਬਿਧਿ[11] ਹਰਿ[12] ਹਰ[13] ਆਦਿਕ ਸੁਰ ਝਾਰੀ[14]। ਹਮ ਪਰ ਛਿਮਾ ਕਰਹੁ ਗੋਸਾਈਂ। ਕਿਸ ਮਹਿ ਸ਼ਕਤਿ ਕਰਹਿ

---

[1] ਖੰਡ। [2] ਮੈਦਾ ਯਾ ਰਵਾ। [3] ਅਚਾਰ ਯਾ ਪਜਾਲ ਬਿੱਛਦੇ ਫਲਦੀ ਗਿਰੀ, ਜੋ ਮੇਵੇ ਗਰੀ ਬਦਾਮਾਂ ਦੇ ਨਾਲ ਮਿਠਾਈਆਂ ਵਿੱਚ ਪੈਂਦੀ ਹੈ।(ਅ)ਚਾਰ ਮਗਜ਼। [4] ਟੋਟਾ ਨਾ ਪੈਸਕੇ। [5] ਪ੍ਰਸਿੰਨ ਹੋਵੇ। [6] ਸਿੱਧਾਂ ਨੂੰ ਗੁਰੂ ਜੀ ਨੇ ਕਹਿਆ। [7] ਸੌ ਸਾਖੀ ਦਾ ਪਾਠ ਹੈ 'ਏਹ ਹਮਾਰਾ ਸਿੱਧ ਜੀ ਪਾਵਨ ਕਣ ਪਰਸਾਦਿ'। [8] ਵਿਸ਼ਨੂੰ ਨੇ ਸਿੱਧ (ਦਾ ਰੂਪ) ਬਣ ਕੇ ਆਕੇ 'ਖੰਡ' ਦਿੱਤੀ। [9] ਰਿਖੀਆਂ ਨੇ ਫਲ ਦੇਣ ਦੀ ਸੇਵਾ ਕੀਤੀ। [10] ਸਿੱਧ ਕਹਿੰਦੇ ਹਨ। [11] ਬ੍ਰਹਮਾ। [12] ਵਿਸ਼ਨੂੰ। [13] ਸ਼ਿਵ। [14] ਸਾਰੇ।

Sri Satguru Jagjit Singh Ji eLlibrary NamdhariElibrary@gmail.com

ਸਮਤਾਈ ॥ ੪੪ ॥ ਸਭਿ ਸੁਰ ਭੁਕਤਿ[1] ਪ੍ਰਸਾਦਿ ਤੁਹਾਰਾ । ਜੋ ਨਰ ਕਲਿ ਮਹਿ ਕਰਹਿ ਸੁਧਾਰਾ[2] । ਤੁਮ ਕੋ ਅਰਪੈ ਖਾਇ ਖੁਆਵੈ । ਹਤਿ ਕਰਿ ਕਲਮਲ ਪੁੰਨ ਉਪਾਵੈ–॥੪੫॥ ਸੁਨਿ ਸ੍ਰੀ ਬਾਬੇ ਤਿਨਹੁੰ ਉਚਾਰਾ।–ਖੋਪਾ ਸੌਂਫ ਜਾਸ ਮਹਿਂ ਡਾਰਾ । ਸੋ ਦੇਵੀ ਕੋ ਅਰੁ ਹਨੁਮਾਨ । ਪਾਇ ਕਾਮਨਾ ਕਰਹੁ ਜਹਾਨ ॥ ੪੬ ॥ ਮਿਰਚਾਂ ਪਾਇ ਚਿਰੌਂਜੀ ਮੇਵਾ । ਤਿਸ ਕੋ ਭੋਗ ਲਗਹਿ ਗੁਰਦੇਵਾ । ਘਾਟ ਨ ਪਾਇ ਤ੍ਰਿਹਾਵਲ ਪੂਰਾ । ਸੁਚ ਸੋਂ[3] ਪਹੁੰਚੈ ਗੁਰ ਕੇ ਰੂਰਾ ॥੪੭॥ ਤੀਨਹੁੰ ਮਹਿ ਇਕ ਘਟ ਜੋ ਪਾਵੈ । ਤਿਸ ਪਰ ਸਤਿਗੁਰ ਭੋਗ ਨ ਲਾਵੈ–।–ਇਮ ਹੀ ਹੋਵਹਿ–ਸਿੱਧ ਬਖਾਨਾ[4] । ਸਕਲ ਭਏ ਤਬਿ ਅੰਤਰ ਧਾਨਾ ॥ ੪੮ ॥ ਜਾਨਹੁ ਤਬਿ ਕੋ ਸਾਂਈਦਾਸ ! ਮੋਰ ਪ੍ਰਸਾਦਿ ਕੜਾਹੁ ਪ੍ਰਸਾਦਿ–। ਇਮ ਕਹਿ ਬਾਬਾ ਤੂਸ਼ਨਿ ਰਹੇ । ਸੁਨਿ ਸ੍ਰੋਤਨਿ ਉਰ ਸੰਸੇ ਦਹੇ॥ ੪੯ ॥ ਕਰਤਿ ਰਹੇ[5] ਸਿਖ ਸ੍ਰੀ ਗੁਰ ਸਭਿ ਕੋ । ਮਦਨਦਾਸ ! ਲਖੀਐ ਇਹ ਤਬਿ ਕੋ । ਅਸ ਬਚ ਕਲਗੀਧਰ ਕੇ ਸੁਨਿ ਕੈ।ਸਭਿ ਮਤ ਕੇ ਨਰ ਹਰਖੇ ਗਨਿਕੈ ॥੫੦॥ ਦੋਹਰਾ ॥ ਹੇਤੁ ਕੜਾਹ ਪ੍ਰਸਾਦਿ ਕੋ ਸ੍ਰੀ ਨਾਨਕ ਇਤਿਹਾਸੁ । ਸ੍ਰੀ ਗੁਰ ਗੋਬਿੰਦ ਸਿੰਘ ਜੀ ਕੀਨੋ ਸਭਾ ਪ੍ਰਕਾਸ਼*॥੫੧॥ ਇਤੀ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਕੜਾਹ ਪ੍ਰਸ਼ਾਦਿ' ਬਰਨਨੰ ਨਾਮ ਪੰਚ ਦੱਤ੍ਵਾਰਿੰਸਤੀ ਅੰਸੂ ॥ ੪੫ ॥

## ੪੬. [ਮੇਲੇ ਤੇ ਸੰਗਤ ਰੋਕ ਰਖੀ]।

ਦੋਹਰਾ ॥ †ਸ੍ਰੀ ਕਲਗੀਧਰ ਏਕ ਦਿਨ ਕਰਿ ਤਨ ਸੌਚ ਸ਼ਨਾਨ । ਬਸਨ ਬਿਭੂਖਨ ਬਰ ਧਰੇ ਪਹਿਰੇ ਸ਼ਸਤ੍ਰ ਸੁਜਾਨ ॥ ੧ ॥ ਚੌਪਈ ॥ ਸਿਰ ਪਰ ਸਤਿਗੁਰ ਸ਼ਾਲ[6] ਸਜਾਈ । ਸੁੰਦਰ ਦਰਸ਼ਨ ਅਧਿਕ ਸੁਹਾਈ । ਆਨਿ ਸਿੰਘਾਸਨ ਊਪਰ ਬੈਸੇ । ਸੁਰ ਗਨ ਮਹਿ ਸੁਰਪਤਿ[7] ਹੈ ਜੈਸੇ ॥੨॥ ਲਗਯੋ ਦਿਵਾਨ ਮਹਾਨ ਸੁਜਾਨਾ । ਚਹੁੰ ਦਿਸ਼ਿ ਮਹਿ ਸਿਖ ਥਿਰ ਮਤਿਵਾਨਾ । ਹੁਕਮ ਕਰਯੋ'ਸੰਗਤਿ ਸਮੁਦਾਈ । ਦਰਸ਼ਨ ਹਿਤ ਬਹੁ ਥਲ ਤੇ ਆਈ ॥੩॥ ਮਨੋ ਕਾਮਨਾ ਆਇ ਸੁ ਪਾਵੈ' । ਗਯੋ ਮੇਵੜਾ ਸਭਿਨਿ ਸੁਨਾਵੈ । ਤਬਿ ਸੰਗਤਿ ਸਗਰੀ ਚਲਿ ਆਈ।ਦਰਸ਼ਨ ਕਰਤਿ ਭਈ ਸਮੁਦਾਈ ॥੪॥ ਅਧਿਕ ਭੀਰ ਹੋਈ ਚਹੁੰ ਫੇਰੇ।ਸਿੱਖ ਸਿੱਖਣੀ ਮਿਲੇ ਘਨੇਰੇ।ਬੈਠੇ ਸ਼ੋਭਤਿ ਗੁਰ ਤਿਸ ਬੇਰੈ ।

[1]ਖਾਂਦੇ ਹਨ । [2]ਬਣਾਵੇ (ਆਪਦਾ ਪ੍ਰਸ਼ਾਦ) । [3]ਸੁੱਚ ਨਾਲ ਕੀਤਾ ਹੋਇਆ । [4]ਸਿੱਧਾਂ ਨੇ ਕਿਹਾ:– ਇਵੇਂ ਹੀ ਹੋਵੇ (ਤਥਾਸਤੁ) । [5]ਕਰਦੇ ਰਹੇ (ਕੜਾਹ ਪ੍ਰਸ਼ਾਦ) । [6]ਕੱਢੇ ਹੋਏ ਪਸ਼ਮੀਨੇ (ਦੀ ਦਸਤਾਰ) [ਫਾ:, ਸ਼ਾਲ] । [7]ਇੰਦ੍ਰ ।

*ਆਖੇਪਕਾਰ ਇਸ ਵਿੱਚ ਬੀ ਕੜਾਹ ਪ੍ਰਸ਼ਾਦ ਨੂੰ ਪੌਰਾਣਕ ਰੰਗਤ ਦੇ ਰਿਹਾ ਹੈ ।

†ਇਹ ਸੌ ਸਾਖੀ ਦੀ ਤੀਸਰੀ ਸਾਖੀ ਹੈ ।

Sri Satguru Jagjit Singh Ji eLlibrary NamdhariElibrary@gmail.com

ਗਨ ਜੱਛਨ ਮਹਿ ਜਥਾ ਕੁਬੇਰੈ॥੫॥ਆਂਖ ਪਾਂਖਰੀ ਕਮਲ ਸਰੀਖੀ। ਬਡੀ ਭੀਰ ਸੰਗਤ ਕੀ ਦੀਖੀ॥ ਸ੍ਰੀ ਮੁਖਿ ਤੇ ਫੁਰਮਾਵਨਿ ਕਰਯੋ। 'ਅਬਿ ਕੈ ਮੇਲਾ ਦੀਰਘ ਭਰਯੋ॥੬॥ਦਿਨ ਦ੍ਵੈ ਤੀਨ ਕਿ ਰੋਕ ਰਖੀਜੈ[1]।ਸਿੱਖ ਸਿੱਖਣੀ ਜਾਨਿ ਨ ਦੀਜੈ'।ਹੁਕਮ ਸੁਨਯੋਂ ਸਭਿਹੂੰਨ ਸੁਨਾਇ।ਬੈਠੇ ਭਟ ਰੋਕੇ ਸਮੁਦਾਏ ॥੭॥ ਕਰਿ ਦਰਸ਼ਨ ਘਰਿ ਚਹਿਤਿ ਸਿਧਾਯੋ। ਕਿਸ ਹੂੰ ਮਗ ਕੋ ਜਾਨਿ ਨ ਪਾਯੋ। ਭਈ ਭਾਵਨਾ ਸਭਿਨਿ ਉਦਾਸਾ। ਤੀਨ ਦਿਵਸ ਰੋਕੇ ਚਹੁੰਪਾਸਾ ॥੮॥ਘਰ ਕੋ ਕਾਜ ਘਨੇ ਤਿਸ ਕਾਲਾ।ਕਰਹਿਂ ਕਾਹਲੀ-ਜਾਹਿ ਉਤਾਲਾ[2]-।ਦਿਪਤਿ ਤੇਜ ਗੁਰ ਕੋ ਸਭਿ ਹੇਰੇ। ਕੋਊ ਕਹਿ ਨ ਸਕਹਿ ਤਿਸ ਬੇਰੇ ॥ ੯ ॥ ਹੋਤਿ ਕੀਰਤਨ ਗੁਰੂ ਹਜ਼ੂਰ। ਸੰਗਤਿ ਭਈ ਕਾਹਲੀ ਭੂਰ।ਦੇਸ਼ ਮਾਲਵੇ ਕੇ ਸਿੱਖ ਘਨੇ। ਤਿਨ ਮਿਲਿ ਬਨੋਂਤ ਬਿਚਾਰਯੋ ਮਨੇ॥੧੦॥ ਨਿਕਸਿ ਰੋਕ ਤੇ ਜਿਮ ਘਰ ਚਾਲੈਂ[3]। ਛੁਟਿਬੇ[4] ਰਚਯੋ ਪ੍ਰਪੰਚ ਬਿਸਾਲੈ।ਇਕ ਸਿਖ ਸ਼ਵ ਸਮ ਸੀੜ੍ਹੀ ਪਾਯੋ[5]। ਮਿਲਿ ਕਰਿ ਬਹੁਤ ਸ਼ਬਦ ਕੋ ਗਾਯੋ ॥ ੧੧ ॥ ਲਯੋ ਉਠਾਇ ਕੰਧ ਪਰ ਸੋਊ। ਕਿਰਤਨ ਕਰਹਿਂ ਅੱਗ੍ਰ ਗਨ ਹੋਊ। 'ਸੇਵਕ ਕੀ ਓੜਕ ਨਿਬਹੀ ਪ੍ਰੀਤਿ'। ਇਹ ਤੁਕ ਗਾਇਂ ਪ੍ਰੇਮ ਧਰਿ ਚੀਤ ॥੧੨॥ ਜਹਾਂ ਬਿਰਾ-ਜਤਿ ਅੰਤਰਜਾਮੀ। ਤਹਿਂ ਕੋ ਅਏ ਠਗਨ ਹਿਤ ਸ੍ਵਾਮੀ। ਕਮਲ ਬਿਲੋ-ਚਨ ਤੇ ਤਿਨ ਹੇਰਾ। ਬੋਲੇ ਸ੍ਰੀ ਮੁਖ ਤੇ ਤਿਸ ਬੇਰਾ ॥ ੧੩ ॥ 'ਕੈਸੋ ਇਹ ਸੰਗਤਿ ਮਹਿ ਸ਼ੋਰ।ਰੋਦਨ ਸ਼ਬਦਿ ਉਦਿਤਿ ਜੁਤਿ ਜੋਰ[6]'।ਇਕ ਸਿਖ ਸੁਨਿ ਬੂਝਨਿ ਕਹੁ ਧਾਯੋ। ਕਹਯੋ ਧਾਇ 'ਕਨੋਂ ਸ਼ੋਰ ਮਚਾਯੋ ?' ॥ ੧੪ ॥ ਸੁਨਿ ਪਿਖਿ ਪੁਨਿ ਹਟਿ ਭਾਖਤਿ ਭਯੋ। 'ਹੁਕਮਸੱਤਿ ਇਕ ਸਿਖ ਹੁਇ ਗਯੋ[7]'। ਸ੍ਰੀ ਮੁਖ ਭਨਯੋ 'ਇਹਾਂ ਲੇ ਆਵਹੁ'। ਗਯੋ ਸਿਖ ਕਹਿ 'ਉਤ[8] ਨਹਿਂ ਜਾਵਹੁ' ॥ ੧੫ ॥ ਅਪਨੇ ਸੰਗ ਤਹਾਂ ਲੇ ਆਯਹੁ। ਸਨਮੁਖ ਜਿਤ ਗੁਰ ਦ੍ਰਿਸ਼ਟਿ ਲਗਾਯਹੁ।ਤਰੇ ਉਤਾਰਿ ਚਹੂੰ ਦਿਸ਼ ਹੋਈ। ਗਾਵਨਿ ਲਗੇ ਸ਼ਬਦ ਤੁਕ ਸੋਈ ॥ ੧੬ ॥ ਉਮਗ ਉਮਗ ਕਰਿ ਪ੍ਰੇਮ ਬਿਸਾਲੇ। ਅਧਿਕ ਬਿਲੋ-ਚਨ ਤੇ ਜਲ ਡਾਲੇ। ਰੋਦਨ ਸ਼ਬਦ ਬੰਦ ਹੁਇ ਗਯੋ। ਚਤੁਰਘਟੀ ਲਗਿ ਸਭਿ ਥਿਰ ਭਯੋ ॥ ੧੭ ॥ ਸਿੱਖ ਸਮੀਪਿ ਸਭਿਨਿ ਕੇ ਸਾਥ[9]। ਅਵਲੋਕਤਿ

---

[1]ਰੋਕ ਰੱਖੋ (ਸੰਗਤ ਨੂੰ)। [2]ਛੇਤੀ ਜਾਵੀਏ। [3]ਰੋਕ ਵਿੱਚੋਂ ਨਿਕਲਕੇ ਜਿਵੇਂ ਘਰ ਜਾਇਆ ਜਾਏ। [4]ਛੁਟਣ ਵਾਸਤੇ। [5]ਮੁਰਦੇ ਵਾਂਗੂ ਤਖਤੇ ਉੱਤੇ ਪਾਇਆ। [6]ਜ਼ੋਰ ਨਾਲ ਉਠ ਰਿਹਾ ਹੈ। [7]ਭਾਵ ਮਰ ਗਿਆ ਹੈ। [8]ਭਾਵ ਮਸਾਣਾਂ ਵਲ। [9]ਸਾਰੇ ਸਮੀਪੀ ਸਿੱਖਾਂ ਨਾਲ।

ਬੋਲੇ ਗੁਰਨਾਥ। 'ਭੇਖ ਬਹੁਤ, ਸਿੱਖੀ ਗੁਰ ਦੂਰੇ।ਗੁਰ ਘਰ ਕੀ ਪ੍ਰਤੀਤਿ ਤੇ ਊਰੇ ॥੧੮॥ ਕਰੇ ਕੀਰਤਨ ਕਹਾ ਹੁਇ ਜਾਇ। ਰੁਦਨ ਕਰੇ ਨਹਿ ਕਾਜ ਸਰਾਇ। ਗੁਰ ਬਚ ਪਰ ਨਹਿਂ ਪ੍ਰੀਤ ਪ੍ਰਤੀਤੇ। ਕਰਤਿ ਸਰਬ ਕੁਛ* ਗਮਨਤਿ ਰੀਤੇ[੧] ॥ ੧੯ ॥ ਸ੍ਵੈਯਾ ॥ ਰੋਵਤ ਤੇ ਰੀਝ ਪਰੈ ਗੁਰਦੇਵ[੨] ਮਰੇ ਕੋ ਰੋਵਤਿ ਹੈਂ ਮਿਲਿ ਨਾਰੀ[੩]†। ਕੀਰਤਨ ਤੇ[੪] ਜਬਿ ਰੀਝ ਪਰੈ ਸ਼ੁਕ[੫],ਮੋਰ, ਕਪੋਤ[੬], ਪੁਕਾਰ ਉਚਾਰੀ। ਮੱਜਤਿ ਦਾਦਰ[੭], ਮੌਨ ਮਹੀਰੁਹ[੮], ਬਾਨਰ ਕਾਨਨ ਫੂਲ ਫੁਲਾਰੀ[੯]। ਪ੍ਰੀਤ ਪ੍ਰਤੀਤ ਕੀ ਲੇਸ਼ ਬਿਨਾ ਸਿਖ ਪੰਡਤਿ ਗਾਇਕ[੧੦] ਜਾਹਿ ਸੁ ਹਾਰੀ[੧੧]॥੨੦॥ਸ੍ਰੀ ਮੁਖ ਤੇ ਸੁਨਿਕੈ ਅਰਦਾਸੀਏ ਬੇਨਤੀ ਕੀਨਸਿ ਨੰਮ੍ਰਿ ਅਗਾਰੀ।'ਸਾਚਿ ਗੁਰੂ ਪਤਿਸ਼ਾਹ ਬਡੇ ਦਰਸ਼ਨ ਤੇ ਹੋਵਤਿ ਸਿੱਖ ਉਧਾਰੀ। ਰਾਵਰ ਕੋ ਦਰਸੈਨ ਰੁ ਕਿਰਤਨੁ ਸਿੱਖ ਕਰੈ ਸਗਰੇ ਇਸ ਬਾਰੀ। ਹੈਂਸਭਿ ਕੀ ਅਬਿ ਸ੍ਰੇਯਭਲੋ ਅਘ ਦੋਖ ਮਿਟੈਂ', ਪ੍ਰਭੁ ਫੇਰਉਚਾਰੀ:-॥੨੧॥ ਦੋਹਰਾ ॥ 'ਮਨਮੁਖ ਹਾਰਤਿ ਜਗਤ ਮਹਿ ਗੁਰਮੁਖਿ ਜਾਵਹਿਂ ਜੀਤ। ਪ੍ਰਤਿਪਾਰਤਿ ਸਾਬਤ ਸਿਦਕ, ਪ੍ਰੀਤ ਪ੍ਰਤੀਤਹਿਂ ਚੀਤ[੧੨] ॥ ੨੨॥ ਸ੍ਵੈਯਾ ॥ ਸੂਰਜ ਕੋ ਦਰਸ਼ਨ ਕਰੈ ਸਭਿ ਪਾਪ ਕਮਾਇ ਸੁ ਦੋਜ਼ਕ ਜਾਵੈਂ। ਪਾਨੀ ਸੋ ਦੇਵ[੧੩] ਨਹੀਂ ਜਗਭੀਤਰ ਭੇਟਤਤੀਰਥ ਪ੍ਰੇਤਬੁਲਾਵੈਂ[੧੪]।ਇੰਦ ਕਿ ਤਾਰਾ ਕਿ ਪੌਨ ਸੁਰੇਸੁਰ ਦੇਖਨਿ ਤੇ ਨਹਿਂ ਛੂਟਨਿ ਪਾਵੈਂ[੧੫]।ਲੌਕਿਕ ਰੀਤਿ ਕੀ ਲਾਜ ਭਰੇ ਜਨ ਹੋਹਿ ਪ੍ਰਤੀਤਿ ਤੌ ਨਾਮਤਰਾਵੈ[੧੬]॥੨੩॥ਚੌਪਈ॥ਪ੍ਰੀਤ ਪ੍ਰਤੀਤਬਿਹੀਨੇ ਲੋਕ।ਜਨਮ ਮਰਨਨਿਤ ਪ੍ਰਾਪਤਿ ਸ਼ੋਕ।ਸਿਦਕ ਨਰਿਦੈ,ਰਚਯੋ ਪਰਪੰਚ[੧੭]।

---

[੧]ਸਭ ਕੁਛ ਕਰਦੇ ਹਨ ਪਰ ਖਾਲੀ ਚਲੇ ਜਾਂਦੇ ਹਨ। [੨]ਰੋਣ ਤੇ ਜੇ ਗੁਰਦੇਵ ਰੀਝ ਪੈਂਦੇ। [੩]ਤਾਂ ਮਰੇ ਤੇ ਨਾਰੀਆਂ ਬਥੇਰਾ ਰੋਂਦੀਆਂ ਹਨ। [੪]ਗਾਉਣੇ ਤੇ। [੫]ਤੋਤੇ। [੬]ਕਬੂਤਰ। [੭]ਨ੍ਹਾਤਿਆਂ ( ਜੇ ਰੀਝੇ ਤਾਂ) ਡੱਡੂ। [੮](ਚੁਪ) ਮੋਨ (ਤੇ ਰੀਝਣ ਤਾਂ) ਬ੍ਰਿਛ (ਮੋਨ) ਹਨ। [੯]ਜੇ ਫਲ ਫੁਲ ਖਾਣ ਨਾਲ ਤਾਂ ਬੰਦਰ ਬਣ ਵਿਚ ਫਲ (ਫੁਲ ਖਾਂਦਾ ਹੈ)। [੧੦]ਗੌਣ ਵਾਲੇ। [੧੧]ਸਿੱਖ, ਪੰਡਤ, ਤੇ ਗਾਵਨ ਹਾਰੇ ਹਾਰਕੇ ਜਾਣਗੇ। [੧੨]ਪਿਆਰ ਤੇ ਭਰੋਸੇ ਵਿਚ ਚਿੱਤ ਰਖਦੇ ਹਨ। [੧੩]ਪਾਣੀ ਜਿਹਾ ਦੇਵਤਾ। [੧੪]ਭਾਵ ਆਦਮੀ ਜੀਉਂਦਿਆਂ ਤੀਰਥ ਦੇ ਪਵਿੱਤ੍ਰ ਜਲਾਂ ਵਿਚ ਇਸ਼ਨਾਨ ਕਰਦਾ ਹੈ ਪਰ ਜਦ ਮਰਦਾ ਹੈ ਤਦ ਪ੍ਰੇਤ ਪ੍ਰੇਤ ਕਹਿੰਦੇ ਹਨ। [੧੫]ਚੰਦ੍ਰਮਾਂ ਕਿ ਤਾਰੇ ਕਿ ਪੌਣ ਕਿ ਬ੍ਰਹਸਪਤ ( ਯਾ ਇੰਦਰ) ਦੇ ਦਰਸ਼ਨ ਤੇ ਹੀ ਮੁਕਤੀ ਨਹੀਂ। [੧੬]ਲੋਕ ਰੀਤ ਦੀ ਲੱਜਾ ਨਾਲ ਭਰੇ ਹੋਏ ਹਨ ਲੋਕ ਜੇ ਭਰੋਸਾ ਹੋਵੇ ਤਾਂ ਨਾਮ (ਦਾ ਜਪਣਾ) ਤਰਾ ਦਿੰਦਾ ਹੈ। [੧੭]ਰਿਦੇ ਵਿਚ ਸਿਦਕ ਨਹੀਂ ਤੇ ਛਲ ਰਚਿਆ ਹੈ ਨੇ।

*ਪਾ:-ਕੁਟ।

†ਪਾ:-ਸੌ ਸਾਖੀ ਦਾ ਪਾ:-ਮੂਏ ਕੋ ਰੋਵਤ ਗ੍ਰਾਮ ਕੀ ਨਾਰੀ।

Sri Satguru Jagjit Singh Ji eLlibrary NamdhariElibrary@gmail.com

ਦੇਖਾ ਦੇਖੀ ਹੁਇ ਨਰ ਸੰਗਿ[1] ॥ ੨੪ ॥ ਜੇ ਪਰਖਯੋ ਚਾਹਿਤ ਇਨ ਤਾਂਈ।
ਮੌਨ ਧਾਰਿ ਲਿਹੁ ਅਗਨਿ ਲੁਕਾਈ। ਜ੍ਵਲਤੀ ਦੇਹੁ ਮ੍ਰਿਤਕ ਕੇ ਤਰੇ।
ਅਪਰਨਿ ਕੌ[2] ਨਹਿਂ ਜਿਮ ਲਖਿ ਪਰੇ' ॥ ੨੫ ॥ ਬਿਸਮਯੋ ਬਚਨ ਮਾਨਿ
ਅਰਦਾਸੀ।ਉਤਲਾਵਤਿ ਗਮਨਯੋ ਤਜਿ ਪਾਸੀ[3]। ਜ੍ਵਲਤੀ ਦੇਗ਼ ਬਿਖੈ ਬਡਿ
ਭਾਠੀ। ਤਹਿਂ ਤੇ ਲੀਨਿਸ ਅਗਨਿ ਮੁਆਠੀ[4] ॥ ੨੬ ॥ ਆਵਤਿ ਭਾ ਤਿਹ
ਥਲ ਉਤਲਾਤਾ। ਜ੍ਵਲਤ ਹਾਥ ਮਹਿਂ ਗਹਯੋ ਚੁਮਾਤਾ[5]। ਦਿਯੋ ਮ੍ਰਿਤਕ
ਕੀ ਸੇਜ਼ੀ ਤਰੇ। ਜਿਮ ਗੁਰ ਕਹੀ ਤਥਾ ਹੀ ਕਰੇ ॥ ੨੭ ॥ ਅਗਨਿ ਸੇਕ
ਤਨ ਜਰਿਬੇ ਲਾਗਾ। ਸਹਿ ਕਿਮ ਸਕਹਿ, ਰਹਤਿ ਤਬਿ ਭਾਗਾ। ਸਭਿ
ਗਿਨਤੀ ਤਜਿ ਫਾਰਿ ਦੁਸ਼ਾਲਾ[6]। ਤਜਯੋ ਕਵਨ ਕੌ ਤੂਰਨ ਚਾਲਾ ॥੨੮॥
ਭਾਗ ਗਯੋ ਚੀਰਤਿ ਬਡ ਭੀਰ। ਨਹਿਂ ਥਿਰੁ ਭਯੋ ਕਿਸੀ ਕੇ ਤੀਰ। ਨਰ
ਸੰਗਤਿ ਕੇ ਸਭਿ ਬਿਸਮਾਇ।–ਇਹ ਭਾਣਾ ਕਸਾ ਗੁਰ ਵਰਤਾਇ–॥ ੨੯ ॥
ਕਿਰਤਨੀਏ ਸਿਖ ਸ਼ਵ ਘਰ ਕੇਰੇ[7]। ਪਿਖੇ ਸ਼ੁਮਿੰਦਿਤਿ ਭਏ ਘਨੇਰੇ। ਲਾਜ
ਸਭਿਨਿ ਕੀ ਆਂਖਨਿ ਆਈ। ਗੁਰ ਸਨਮੁਖ ਨਹਿਂ ਨਾਰ ਉਠਾਈ[8]॥੩੦॥
ਸ਼੍ਰੀ ਕਲਗੀਧਰ ਦੇਖਿ ਬਖਾਨਾ। 'ਤੁਮਰੋ ਕਿਰਤਨ ਫਲਯੋ ਮਹਾਨਾ[9]।
ਸਿੱਖਹੁ ਸ਼ਬਦ ਸੁ ਪ੍ਰੇਮ ਉਚਾਰਯੋ। ਸਣੈ ਦੇਹ ਇਹ ਸੁਰਗ ਸਿਧਾਰਯੋ'॥੩੧॥
ਤਬਿ ਸਿੱਖਨ ਸਭਿ ਮਸਤਕ ਟੇਕੇ।'ਪਾਤਿਸ਼ਾਹੁ ਸਰ ਜਲਧ ਬਿਬੇਕੇ।ਤੁਮਰੀ
ਗਤਿ ਤੁਮ ਹੀ ਪ੍ਰਭੁ ਜਾਨੋ। ਕਿਸ ਮਹਿਂ ਸ਼ਕਤਿ ਜੁ ਲੇਹਿ ਪਛਾਨੋ[10]' ॥
੩੨ ॥ ਦਯਾਸਿੰਧੁ ਤਬਿ ਸਭਿਨਿ ਸੁਨਾਯਹੁ।'ਸਿੱਖਹੁ ਜੋ ਪਰਪੰਚ ਬਨਾਯਹੁ।
ਕਰਿ ਪੂਰਾ ਗਮਨਤਿ ਨਿਜ ਭਵਨੂ। ਚਰਚਾ ਕਰਤਿ–ਨ ਜਾਨਯੋ ਕਵਨੂ[11]
–॥ ੩੩ ॥ ਅਪਰ ਨਰਨ ਸਮ ਹਮ ਕਹੁ ਜਾਨਤਿ। ਸਿੱਖੀ ਸਿਦਕ ਰਿਦੈ
ਤੁਮ ਹਾਨਤਿ।ਯਾਂ ਤੇ ਨਹਿਂ ਪ੍ਰਾਪਤਿ ਕੱਲਯਾਨ। ਹੋਤਿ ਨਰਕ ਕੀ ਗਤੀ
ਨਿਦਾਨ[12]॥੩੪॥ਹਮ ਸਿੱਖਨਿ ਕੌ ਚਹਤਿ ਉਧਾਰਨੋ। ਯਾਂਤੇ ਤੁਮਰੋ ਕਪਟ
ਉਘਾਰਯੋ।ਜਾਨੋਗੇ ਅਬਿ ਅੰਤਰਜਾਮੀ। ਲਖਯੋ ਮਹਾਤਮ ਠਾਨਹੁ ਸ੍ਵਾਮੀ[13]'।

[1] ਕੱਠੇ। [2] ਹੋਰਨਾਂ ਨੂੰ। [3] (ਗੁਰੂ ਜੀ) ਪਾਸੋਂ। [4] ਚੁਆਤੀ। [5] ਦੁਆਤੀ। [6] ਦੁਸ਼ਾਲਾ ਜੋ ਮੁਰਦੇ ਉਤੇ ਪਾਇਆ ਹੋਇਆ ਸੀ। [7] ਮੁਰਦੇ ਦੇ ਘਰ ਦੇ ਕੀਰਤਨ ਕਰਨ ਵਾਲੇ ਸਿੱਖ। [8] ਗਿੱਚੀ ਉਚੀ ਨਾ ਕਰ ਸਕੇ। [9] ਕੀਰਤਨ ਬੜਾ ਫਲਿਆ ਹੈ। [10] ਜੋ ਪਛਾਣ ਲਵੇ। [11] ਤੁਸੀਂ ਇਹ ਚਰਚਾ ਕਰਨੀ ਸੀ ਕਿ ਸਾਡੇ ਪਖੰਡ ਨੂੰ (ਗੁਰੂ ਜੀਨੇ)ਕਿਵੇਂ ਬੀ ਨਾ ਪਛਾਣਿਆ। [12] ਅੰਤ ਨੂੰ। [13] ਸ੍ਵਾਮੀ ਮੰਨੋਗੇ।

Sri Satguru Jagjit Singh Ji eLlibrary NamdhariElibrary@gmail.com

੩੫ ॥ ਸਿੱਖ ਸਮੀਪਨਿ ਤਿਨੈ ਸੁਨਾਈ।'ਬਖਸ਼ਹੁ ਇਨ ਕੂਰੀ ਚਤੁਰਾਈ। ਇਸ ਕ੍ਰਿਤ ਤੇ ਹੁਇ ਦੋਖ ਨ ਕੋਈ[1] । ਭਈ ਰੋਕ, ਛਲ ਠਾਨਯੋਂ ਸੋਈ[2]'॥ ੩੬॥ਦੋਹਰਾ॥ਸੁਨਿ ਸਿੱਖਨ ਤੇ ਸਤਿਗੁਰੂ ਕ੍ਰਿਪਾਦ੍ਰਿਸ਼ਟਿ ਅਵਿਲੋਕ। ਸਭਿਨਿ ਸੁਨਾਵਤਿ ਬਦਨ ਤੇ ਉਚਰਯੋ ਏਕ ਸ਼ਲੋਕ* ॥ ੩੭ ॥ '†ਵਿਛੁਰੇ ਕੋ ਮੇਲੈ ਗੁਰੂ ਸਭਿ ਕੋ ਬਖਸ਼ਨ ਹਾਰ। ਬਖਸ਼ਨਹਾਰਾ ਬਖਸ਼ ਲੈ ਨਾਨਕ ਪਾਰ ਉਤਾਰ'॥੩੮॥ਚੌਪਈ॥ਭਏ ਪ੍ਰਸੰਨ ਬਾਕ ਕੋ ਕਹਯੋ।ਘਰ ਕੋ ਕਾਜ ਸਭਿਨਿ ਕਉ ਲਹਯੋ। 'ਗਵਨਹੁ ਭਵਨ ਰਟਹੁ ਸਤਿਨਾਮੂ। ਸਤਿਸੰਗਤ ਸੇਵਹੁ ਅਭਿਰਾਮੂ ॥੩੯॥ ਗੁਰ ਘਰ ਕੋ ਸਭਿ ਸਿਦਕ ਕਮਾਵਹੁ। ਹੌਲਿ[3] ਦੁਸਹਿਰਾ ਦਰਸ਼ਨ ਆਵਹੁ'। ਸੁਨਿ ਬਖਸ਼ਨ[4] ਕੋ ਸਭਿ ਹਰਖਾਏ।ਕਰ ਜੋਰਹਿ ਸਭਿ ਸੀਸ ਨਿਵਾਏ ॥ ੪੦ ॥ ਗਵਨੇ ਭਵਨ ਖੁਸ਼ੀ ਗੁਰ ਲੈ ਕੈ। ਬਹੁ ਕਲਯਾਣ ਆਪਨੀ ਪੈਕੈ‡। ਜਹਿਂ ਕਹਿਂ ਸਤਿਗੁਰ ਕੋ ਜਸੁ ਫੈਲਾ। ਕਲਿ ਕੇ ਕਲਮਲ ਸਕਲ ਕਟੈਲਾ[5] ॥੪੧॥ ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿੱਖਨ ਕਪਟ ਕਰਨਿ' ਪ੍ਰਸੰਗ ਬਰਨਨੰ ਨਾਮ ਖਸ਼ਟ ਚੱਤ੍ਵਾਰਿੰਸਤੀ ਅੰਸੂ ॥ ੪੬ ॥

### ੪੭. [ਭਾਈ ਅਨੰਦ ਸਿੰਘ]।

ਦੋਹਰਾ ॥ §ਮੇਲ ਮੇਖ ਸੰਕ੍ਰਾਤਿ[6] ਕੋ ਰਹੁਦਿਥਿ ਤੇ ਸਮੁਦਾਇਆਨਿ ਅਨੰਦ-

[1]ਇਸ ਕਰਤੂਤ (ਕਰਨ) ਕਰਕੇ ਕੋਈ ਪਾਪ ਨਾ ਹੋਵੇ। [2](ਆਪ ਵੱਲੋਂ ਜਾਵਣ ਦੀ) ਰੋਕ ਹੋਈ ਇਸ ਕਰਕੇ ਛਲ ਕੀਤਾ ਸਾਨੇ। [3]ਹੋਲੇ ਤੇ। [4]ਬਖਸ਼ ਜਾਣ ਦਾ (ਵਾਕ) ਸੁਣਕੇ। [5]ਕਟਣ ਵਾਲਾ (ਜਸ)। [6]ਵਿਸਾਖੀ।

*ਇਕ ਲਿਖਤੀ ਨੁਸਖੇ ਵਿਚ ਇਸਤੋਂ ਅਗੇ 'ਸ਼ਲੋਕ' ਵੱਖਰਾ ਬੀ ਲਿਖਿਆ ਹੈ।

†ਇਹ ਤੁਕਾਂ ਐਉਂ ਨਹੀਂ ਹਨ, ਗੁਰਬਾਣੀ ਵਿਚ ਪਾਠ ਐਉਂ ਹਨ। "ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥" ਪੁਨਃ—"ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥ ਹਰਿ ਕਿਰਪਾ ਕਰਿਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥'

‡ਇਹ ਕਪਟ ਦਾ ਨਮੂਨਾ ਸਾਰੀ ਸਿਖੀ ਦੇ ਸਿਦਕ ਦੀ ਦਲੀਲ ਨਹੀਂ, ਕਿਉਂਕਿ ਇਹ ਬੀ ਕਿਹਾ ਹੈ ਕਿ ਮਾਲਵੇ ਦੇ ਕੁਛਕ ਸਿੱਖਾਂ ਨੇ ਇਹ ਸ੍ਵਾਂਗ ਕੀਤਾ ਸੀ। ਸਤਿਗੁਰੂ ਜੀ ਨਿਰੇ ਭੀੜ ਭੜੱਕੇ ਨੂੰ ਵਧਾ ਲੈਣਾ ਪ੍ਰਯੋਜਨ ਨਹੀਂ ਸਨ ਸਮਝਦੇ, ਪਰ ਜੀਵਾਂ ਨੂੰ ਅੰਦਰੋਂ ਉੱਚਿਆਂ ਕਰਨ ਆਚਰਨ ਸਵਾਰਨੇ ਤੇ ਜੀਵਨ ਦੇ ਪੈਮਾਨੇ ਵਿਚ ਕਦਰਾਂ ਵਾਲੇ ਬਣਾ ਦੇਣਾ ਆਪਣੇ ਉਪਦੇਸ਼ ਦਾ ਪ੍ਰਯੋਜਨ ਰਖਦੇ ਸੀ। ਇਸ ਸਾਖੀ ਦਾ ਮਤਲਬ ਪਰਤਾਵੇ ਦਾ ਸੀ, ਸਿੱਖਾਂ ਵਿਚ ਪ੍ਰੀਤ ਪ੍ਰਤੀਤ ਬਿਨਾਂ ਨਾ ਉਹਨਾਂ ਦਾ ਆਤਮ ਉਧਾਰ ਹੋ ਸਕਦਾ ਹੈ ਨਾ ਭ੍ਰਾਈਚਾਰਕ, ਤੇ ਨਾ ਹੀ ਓਹ ਸਦਾਚਾਰਕ ਤੇ ਰਾਜਸੀ ਜੀਵਨ ਵਿਚ ਕੁਛ ਮੁੱਲ ਵਾਲੇ ਹੋ ਸਕਦੇ ਸੇ। ਦੇਖਾ ਦੇਖੀ ਲਈ ਤੇ ਮਤਲਬੀ ਲੋਕਾਂ ਦੀ ਭੀੜ ਭਾੜ ਦੀ ਛਾਂਟ ਪਹਿਲੇ ਸਤਿਗੁਰਾਂ ਦੇ ਵੇਲੇ ਤੋਂ ਹੁੰਦੀ ਰਹੀ ਹੈ।

§ਮੇ ਸਾਖੀ ਦੀ ਇਹ ਚਵ੍ਥੀ ਸਾਖੀ ਹੈ।

ਪੁਰਿ ਕੇ ਬਿਖੇ ਦਰਸ ਅਨੰਦ ਕੋ ਪਾਇ ॥ ੧ ॥ ਚੌਪਈ ॥ ਸਤਿਗੁਰ ਬਸਤ੍ਰ ਸ਼ਸਤ੍ਰ ਕੋ ਪਹਿਰੇ । ਆਨਿ ਸਿੰਘਾਸਨ ਪਰ ਤਬਿ ਠਹਿਰੇ। ਸੁਭਟ ਸਭਾਸਦ ਸਭਾ ਮਝਾਰੀ । ਥਿਰੇ ਨਮੋ ਕਰਿ ਦਰਸ ਨਿਹਾਰੀ ॥ ੨ ॥ ਸੰਗਤਿ ਆਵਹਿ ਅਰਪ ਅਕੋਰਹਿ । ਪਗ ਪੰਕਜ ਬੰਦਹਿ ਕਰ ਜੋਰਹਿ । ਸੋ ਬੈਠਹਿ ਕੋ ਖਰੇ ਨਿਹਾਰਹਿ । ਤ੍ਰਿਪਤੈਂ ਨਹੀਂ ਹਰਖ ਉਰ ਧਾਰਹਿ ॥੩॥ ਧਨੁਖ ਬਾਨ ਧੁਤਿ ਜਨੁ ਰਘੁਨਾਥਾ । ਲੋਕ ਔਧ ਕੇ[1] ਟੇਕਹਿ ਮਾਥਾ । ਮਨਹੁੰ ਦੁਾਰਕਾ ਮਹਿੰ ਘਨ ਸ਼ਯਾਮੂ । ਜਾਦਵ ਦੇਖਹਿ ਦੁਤਿ ਅਭਿਰਾਮੂ ॥ ੪ ॥ ਬਦਨ ਚੰਦ ਕੋ ਮਨਹੁ ਚਕੋਰੇ।ਇਕ ਟਕ ਨੇਤ੍ਰ ਲਗੇ ਗੁਰ ਓਰੇ। ਰਿਦੈ ਬਿਲੰਦ ਅਨੰਦਹਿ ਸੰਗਤਿ । ਚਹੁੰਦਿਸ਼ਿ ਪਿਖਹਿ ਬ੍ਰਿੰਦ ਕਰਿ ਪੰਗਤਿ ॥੫॥ ਇਕ ਸਿਖ ਆਇ ਸਿੱਖਣੀ ਸਹਿਤ । ਬੰਦਨ ਕਰੀ ਭਾਉ ਮਨ ਮਹਤ[2] । ਹਾਥ ਜੋਰਿ ਕਰਿ ਬਿਨੈ ਬਖਾਨੀ । 'ਸਾਚੇ ਪਾਤਿਸ਼ਾਹੁ ਸੁਖਦਾਨੀ ॥ ੬ ॥ ਇਕ ਸੁਤ ਹਮਰੋ ਦਯੋ ਸੁ ਰਾਵਰਿ । ਤਜ ਘਰਨੀ ਥਿਰਿਯੋ ਜਨੁ ਬਾਵਰ[3] । ਭਲੋ ਸਿੱਖ ਕੀ ਤਨੁਜਾ ਬਯਾਹੀ।ਹੈ ਅਬੋਲ ਸੰਗ ਬੋਲਤਿ ਨਾਹੀ[4] ॥੭॥ ਹਮਹਿੰ ਦੀਹ ਦੁਖ, ਬਹੁ ਸਮੁਝਾਵਹਿ । ਨਿਰਮੋਹੀ ਬਚ ਤਿਹ ਸੁਨ ਪਾਵਹਿੰ[5] ।–ਤਜੌਂ ਦੇਸ਼ ਮੈਂ ਜਾਉਂ ਬਿਦੇਸ਼। ਧਰੌਂ ਫਕੀਰੀ ਤਯਾਗਿ ਅਸ਼ੇਸ਼–'॥੮॥ਸ਼੍ਰੀ ਮੁਖ ਕਹਯੋ 'ਅਬੈ ਸਿਖ ਜਾਵੈ । ਸੁਤ ਹਕਾਰ ਕਰਿ ਹਮ ਢਿਗ ਲਯਾਵੈ' । ਸੁਨਿ ਆਇਸੁ ਆਨਯੋ ਤਤਕਾਲਾ। ਕਰ ਜੋਰੇ ਥਿਰਿ ਅੱਗ੍ਰ ਕ੍ਰਿਪਾਲਾ॥੯॥ਪਿਖਿ ਸਿਖ ਸੁਤ ਕੋ ਕਹਯੋ ਗੁਸਾਈਂ । 'ਤੋਹਿ ਮਾਤ ਪਿਤ ਕਹਾਂ ਅਲਾਈ[6] ? ।–ਹਮਰੋ ਸੁਤ ਜਗ ਤੇ ਹੁਇ ਨਯਾਰੋ । ਭਯੋ ਉਦਾਸ, ਦੇਖਿ ਦੁਖ ਭਾਰੋ[7]॥੧੦॥ ਯਾਂਤੇ ਹਮ ਤੁਹਿ ਬੂਝਨ ਕਰਹਿੰ । ਕਯੋਂ ਕਰਿ ਭਾ ਵਿਰਾਗ ਉਰ ਧਰਹਿੰ[8] ?।ਨਾਮ ਕੌਨ ਅਰੁ ਸਿਖ ਕਿਸ ਕੇਰਾ ? ਪਰਚਾ ਕਿਸ ਪਕਾਰ ਕੋ ਤੇਰਾ ? ॥ ੧੧ ॥ ਬੈਸ ਅਸ਼ਟ ਦਸ਼ ਸੰਮਤ[9] ਤੇਰੀ।ਲਖੀਅਤਿ, ਕਹੁ ਸਭਿ ਸਚ ਇਸ ਬੇਰੀ। ਭੋਗੇ ਭੋਗ ।ਜਿਨਹੁੰ ਬ੍ਰਿੱਧ ਹੋਏ । ਤਿਨਹੁੰ ਵਿਰਾਗ ਨ ਉਪਜਹਿ ਕੋਏ॥੧੨॥ ਭਾਗ ਪ੍ਰਥਮ ਕੋ ਬਡ ਲਖਿ ਪਾਯੋ। ਤੁਵ ਦਰਸ਼ਨ ਹਮ ਚਹਿ ਬੁਲਵਾਯੋ[10]। ਸੁਨਿ

[1](ਮਾਨੋਂ) ਅਜੁਧਿਆ ਦੇ ਲੋਕ । [2]ਮਨ ਦੇ ਵਡੇ ਪ੍ਰੇਮ ਨਾਲ । [3]ਬਾਵਲਾ ਹੋਇਆ ਰਹਿੰਦਾ ਹੈ । [4]ਚੁਪ ਰਹਿੰਦਾ ਹੈ (ਵਹੁਟੀ) ਨਾਲ ਬੋਲਦਾ ਨਹੀਂ। [5](ਅਗੋਂ) ਉਸਦੇ ਨਿਰਮੋਹ ਬਚਨ ਸੁਣਦੇ ਹਾਂ । [6]ਕੀ ਕਹਿੰਦੇ ਹਨ। [7]ਦੇਖਕੇ ਸਾਨੂੰ ਭਾਰੀ ਦੁਖ ਹੁੰਦਾ ਹੈ। [8](ਜੋ ਵੈਰਾਗ ਤੂੰ) ਧਾਰਨ ਕੀਤਾ ਹੈ ਕਿਵੇਂ ਤੈਨੂੰ ਲੱਗਾ ਹੈ? [9]ਅਠਾਰਾਂ ਸਾਲਾਂ ਦੀ। [10]ਤੇਰਾ ਦਰਸ਼ਨ ਕਰਨ ਲਈ ਅਸਾਂ ਚਾਹਕੇ ਸਦਾਇਆ ਹੈ।

ਸਿਖ ਸੁਤ ਕਰ ਜੋਰਤਿ ਪ੍ਰਾਹੂ। 'ਕਸੌਂ ਮੁਝ ਹਸਹੁ ਸਾਹਿ ਪਤਿਸ਼ਾਹੂ!॥੧੩॥
ਭਵਜਲ ਜੀਵ[1] ਸੁ ਬਹੇ ਮਝਾਰੀ। ਤੁਮ ਦਰਸ਼ਨ ਕਰਿ ਉਤਰਹਿਂ ਪਾਰੀ।
ਅਨਜਾਨ ਨ[2], ਸਭਿ ਕੋ ਤੁਮ ਜਾਨੋ। ਜਾਨਿ ਬੂਝ ਕਿਮ ਬੂਝਨਿ ਠਾਨੋ॥੧੪॥
ਨਾਮ ਅਨੰਦ ਸਿੰਘ ਹੈ ਮੇਰਾ। ਸ਼੍ਰੀ ਸਤਿਗੁਰ ਕੋ ਸਿਖ ਚਿਤ ਚੇਰਾ[3]। ਭਯੋ
ਬਿਰਾਗ ਪਠਤਿ ਗੁਰਬਾਨੀ'। ਇਮ ਕਹਿ ਗਾਥਾ ਬਹੁਰ ਬਖਾਨੀ॥ ੧੫ ॥
ਸੋਰਠਾ॥ 'ਕਹਾ ਬੂਢਾ ਕਹਾ ਬਾਲ ਜਾਂ ਗੁਰ ਸ਼ਰਣੀ ਜਾਇਗਾ। ਮੁਕਤਿ ਹੋਇ
ਤਤਕਾਲ ਨਾਉ ਚਢਣ ਕੀ ਰੀਤਿ ਜਯੋਂ[4]*॥ ੧੬ ॥ ਚੌਪਈ॥ ਸੁਨੀਐ
ਪਾਤਿਸ਼ਾਹ ਸੁਖਦਾਯਹੁ! ਮਾਤ ਪਿਤਾ ਮੁਹਿ ਪਢਨਿ ਪਠਾਯਹੁ। ਗੁਰਬਾਨੀ
ਪਢਿ ਪ੍ਰੇਮ ਸੁ ਜਾਗਾ। ਭਯੋ ਪ੍ਰੇਮ ਕੰਠ ਕਰਿਬੇ ਲਾਗਾ॥੧੭॥ ਤੁਕ ਅਨੰਦ
ਕੀ ਰਿਦੈ ਬਿਚਾਰੀ। ਕਹੀ ਸੀਖ ਸੋ ਉਰ ਮਹਿ ਧਾਰੀ। ਰਾਤ ਦਿਵਸ ਚਿਤ
ਰਾਖਿ ਘਨੇਰਾ। ਤਿਸ ਤੇ ਭਾ ਉਦਾਸ ਮਨ ਮੇਰਾ॥ ੧੮ ॥ ਤੁਕ:—

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥ ਇਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ
ਤੇਰੈ ਨਾਲੇ॥ ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥ ਐਸਾ ਕੰਮੁ
ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥

ਚੌਪਈ॥ ਅਰਬ ਬਸਨੋ ਉਰ ਭਯੋ ਵੈਰਾਗਾ। ਜਗ ਸਭਿ ਤੁੱਛ ਦੀਸਨੇ ਲਾਗਾ।
ਜਥਾ ਧੂੰਮ ਬਾਦਰ[5] ਦਿਸ਼ਟਾਯਾ। ਸੁਪਨਾ ਜਿਮ ਬਾਜ਼ੀਗਰ ਮਾਯਾ॥੧੯॥ ਜੋ
ਸ਼ਰੀਰ ਅਬਿ ਦਿਖਯਤਿ ਸਾਰੇ। ਨਹੀਂ ਆਦਿ ਮੈਂ ਕਿਨਹੂੰ ਨਿਹਾਰੇ। ਅੰਤ ਸਮੈਂ
ਬਿਨਸੈਂ ਇਹੁ ਸਬੇ। ਬਹੁਰੋ ਨਹਿਂ ਲਖੀਯਤਿ ਕਿਸ ਕਦੈ[6]॥੨੦॥ ਕੋ ਇਕ
ਦਿਨ ਕੋ ਧੁੰਧ ਪਸਾਰਾ[7]। ਆਦਿ ਨ ਅੰਤ ਸੁ ਕੁਤੋ ਮਝਾਰਾ[8]। ਨਿਸਾ ਬਾਸ[9]
ਪਾਹੁਨ ਸਮ ਆਇ। ਮੇਲ ਨਦੀ ਨੌਕਾ ਸਮੁਦਾਇ॥੨੧॥ ਜਿਮ ਜਲ ਬਹੈਂ ਮਿਲੇ
ਤ੍ਰਿਣ ਬ੍ਰਿੰਦਾ। ਬਿਛਰੇ ਮੇਲ ਨ ਬਹੁਰ ਬਨੰਦਾ[10]। ਨਿਕਸਹਿ ਦੁਗਧ ਨ ਅਸ-
ਥਨ ਆਵੈ[11]। ਝਰਹਿ ਪੱਤ੍ਰ ਕੋ ਸ਼ਾਖ ਲਗ੍ਰਾਵੈ[12]॥੨੨॥ ਤਿਮ ਸੰਬੰਧੀ ਬਹੁਰ ਨ

[1](ਅਸੀਂ) ਹਾਂ ਭਉਜਲ ਦੇ ਜੀਵ। [2](ਆਪ) ਅਨਜਾਨ ਨਹੀਂ ਹੋ। [3]ਚਿਤੋਂ ( ਆਪ ਦਾ ) ਚੇਲਾ ਹਾਂ। [4]ਬੇੜੀ ਚੜ੍ਹਨ ਦੀ ਰੀਤ ਵਾਙੂ। [5]ਧੂੰਏਂ ਦਾ ਬਦਲ। [6]ਫੇਰ ਕਿਸੇ ਤਰ੍ਹਾਂ ਕਦੀ ਨਹੀਂ ਦਿੱਸਦੇ। [7](ਵਰਤਮਾਨ ਵਿਚ ਇਹ) ਕੁਛ ਦਿਨਾਂ ਦਾ ਧੁੰਧ ਪਸਾਰਾ ਹੈ [ ਧੁੰਧ ਪਸਾਰਾ=ਕੁਹੀੜ ਦੇ ਫੈਲਾਉ ਵਾਙੂ ਭਾਵ ਅਨਿਸਥਿਰ]। [8]ਮੱਧ ਵਿਚ ਭਾਵ ਵਰਤਮਾਨ ਵਿਚ ਕਿੱਥੇ ਹੈ। [9]ਰਾਤ ਵੱਸਣ ਹਿਤ। [10]ਵਿਛੜਿਆਂ ਦਾ ਫਿਰ ਮੇਲ ਨਹੀਂ ਬਣਦਾ। [11]ਨਿਕਲਿਆ ਹੋਇਆ ਦੁੱਧ ਫੇਰ ਥਣਾਂ ਵਿਚ ਨਹੀਂ ਜਾ ਸਕਦਾ। [12]ਝੜੇ ਪੱਤਾਂ ਨੂੰ ਕੌਣ ਟਾਹਣੀ ਨਾਲ ਲਗਾ ਸਕਦਾ ਹੈ।

*ਇਹ ਗੁਰਬਾਣੀ ਨਹੀਂ ਹੈ, ਸੋ ਸਾਖੀ ਦੇ ਕਰਤਾ ਦੀ ਰਚਨਾ ਹੈ।

Sri Satguru Jagjit Singh Ji eLlibrary NamdhariElibrary@gmail.com

ਮੇਲ॥ਪਰਾਰਬਧ ਕਰਿ ਭਏ ਸਕੇਲਾ। ਕਯੋਂ ਚਿਤ ਲਾਇ ਸੁ ਜਨਮ ਗਵਾ-
ਈਯੇ। ਜਿਸ ਕੋ ਮਿਲਿਏ ਬਹੁਰ ਨ ਪਾਈਯੇ॥੨੩॥ ਜਯੋਂ ਤਰੁ ਪਰ ਨਿਸ[੧]
ਪੰਛੀ ਬਾਸੇ। ਉਡਹਿਂ ਦਿਸ਼ਾ ਚਹੁੰ ਮੇਂ ਰਵਿ ਭਾਸੇ[੨]। ਇੱਤਯਾਦਿਕ ਮੈਂ ਤਰਕ[੩]
ਬਿਚਾਰੋਂ। ਸੱਤਾਸੱਤ[੪] ਭਲੇ ਨਿਰਧਾਰੋਂ॥੨੪॥ ਬੋਲਨ ਹਸਨਾ ਖਾਨਾ ਪੀਨਾ।
ਬਿਸਰ ਗਏ ਉਰ ਭਾ ਸੁਧ ਹੀਨਾ[੫]। ਜਗਤ ਮਨੋਰਥ ਫੁਰਹਿ ਨ ਕੋਈ।
ਲੋਕਨ ਲਖਯੋ–ਕਸਰ[੬] ਕੁਛ ਹੋਈ–॥ ੨੫ ॥ ਅਬਿ ਮੈਂ ਸ਼ਰਨਿ ਆਪ ਕੀ
ਪਰਯੋ।ਸ਼ਬਦ ਤੁਮਾਰੇ ਇਹ ਗੁਣ ਕਰਯੋ'।ਸੁਨਿ ਕਰਿ ਸ਼੍ਰੀ ਮੁਖ ਤੇ ਗੁਰ ਬੋਲੇ।
'ਸੁਤ ਪਰ ਭਰਮ ਕਰਯੋ ਕਯੋਂ ਡੋਲੇ॥੨੬॥ਤਜਹੁ ਭਰਮਨਾ ਜੋ ਉਰ ਹੋਈ।
ਭੂਤ ਪ੍ਰੇਤ ਇਸ ਰੋਗ ਨ ਕੋਈ। ਜਾਗੇ ਪ੍ਰਥਮ ਭਾਗ ਇਸ ਕੇਰੇ। ਮਿਲਿ
ਤੁਮ ਗੈਲ ਨ ਪਰਹੁ ਬਡੇਰੇ[੭] ॥ ੨੭ ॥ ਤੁਮ ਕੋ ਸੁਤ ਬਖਸ਼ਯੋ ਗੁਰ ਔਰ।
ਬੈਠਹੁ ਨਿਸ਼ਚੈ ਕਰਿ ਨਿਜ ਠੌਰ। ਇਸ ਕੋ ਆਪੇ ਹਮ ਸਮੁਝਾਵੈਂ। ਚਲਹਿ
ਪੰਥ ਜੋ ਤਿਸਹਿ ਚਲਾਵੈਂ[੮]*॥੨੮॥ਇਸ ਤਜਿ ਜਾਹੁ ਅਪਨਿ ਘਰ ਪਾਛੇ।
ਸਿਖਣੀ ਭੀ ਇਸ ਕੀ ਰਹਿ ਆਛੇ। ਆਪੇ ਹੋਇ ਕੁਟੰਬੀ ਰਹਿ ਹੈ। ਭਲੋ
ਬੁਰੋ ਜਬਿ ਭੇਵ ਕੁ ਲਹਿ ਹੈ'॥੨੯॥ ਸਿੱਖ ਸਿੱਖਣੀ ਸੁਣਿ ਗੁਰ ਬੈਨ। ਹਰ-
ਖਹਿਂ ਬੰਦੇ ਗਮਨੇ ਐਨ।ਰਹਯੋ ਅਨੰਦ ਸਿੰਘ ਢਿਗ ਨਾਥ। ਬੈਠਹਿ ਨਿਕਟ
ਜੋਰਿ ਜੁਗ ਹਾਥ ॥੩੦॥ †ਇਕ ਦਿਨ ਅਪਨੇ ਨਿਕਟਿ ਹਕਾਰਾ। ਸ਼੍ਰੀ ਮੁਖ
ਤੇ ਗੁਰ ਮ੍ਰਿਦੁਲ ਉਚਾਰਾ। 'ਸੁਨਹੁ ਨੀਂਗਰਾ ਦੇਂ ਹਮ ਭੇਟ[੯]। ਇਤ ਰੁਖ
ਕਰਿ ਇੰਦ੍ਰੈਨ ਸਮੇਟ[੧੦] ॥ ੩੧ ॥ ਬਹੁਰ ਕਰਹੁ ਜਿਮ ਉਰ ਅਭਿਲਾਖੀ।
ਪ੍ਰਥਮ ਭਨਹਿਂ ਨ੍ਰਿਬ੍ਰਿਤ ਕੀ ਸਾਖੀ[੧੧]। ਬਨ ਮਹਿਂ ਤਪਸੀ ਇਕ ਤਪ ਕਰ-
ਤਿ।ਰਿਦੈ ਸੰਤੋਖ ਪ੍ਰਾਨ ਕੋ ਧਰਤਿ॥੩੨॥ਪੁਰਿ ਢਿਗ ਰਹੈ ਕੁਟੀ ਮਹਿ ਬੈਸਾ।
ਦੇਤਿ ਨਾਰਿ ਨਰ ਅਚਵਹਿ ਤੈਸਾ[੧੨]। ਅਲਪ ਬਹੁਤ ਕੈ ਸ੍ਵਾਦ ਕੁ ਸ੍ਵਾਦ।
ਚੂਨ ਸਾਗ ਦੂਧ ਕੈ ਦਧਿ ਆਦਿ॥੩੩॥ ਦਯੋ ਦਈ ਕੋ ਲਖਿ[੧੩] ਸੋ ਖਾਇ।

---

[੧]ਰਾਤ ਨੂੰ। [੨]ਸੂਰਜ ਚੜ੍ਹੇ। [੩]ਦਲੀਲਾਂ। [੪]ਸੱਤ ਤੇ ਅਸੱਤ ਨੂੰ। [੫]ਹਿਰਦਾ (ਇਨ੍ਹਾਂ ਪਦਾਰਥਾਂ ਦੀ) ਸੋਝੀ ਬਿਨਾਂ ਹੋ ਗਿਆ। [੬]ਕਸਰ=ਭੂਤ ਪ੍ਰੇਤ ਦੀ ਛਾਯਾ। (ਅ) ਬਾਵਰਾ ਪਨ। [੭]ਬਹੁਤਾ ਪਿੱਛੇ ਨਾ ਪਵੋ। [੮]ਜਿਸ ਰਾਹ ਚੱਲੇਗਾ ਚਲਾ ਲਵਾਂਗੇ। [੯]ਭਾਵ ਗੁਰੂ ਜੀ ਭੇਟ ਤੈਨੂੰ ਕਰਦੇ ਹਨ। (ਅ) ਤੂੰ ਸਾਨੂੰ (ਭੇਟ) ਮਿਲਿਆ ਹੈਂ ਤੇ ਤੈਨੂੰ ਅਸੀਂ ਸਿੱਖਿਆ ਦੇਂਦੇ ਹਾਂ। [੧੦]ਇੰਦ੍ਰਿਆਂ ਨੂੰ ਸਮੇਟ ਕੇ ਇਤ (ਸਾਡੀ ਵਲ) ਰੁਖ ਕਰ। [੧੧]ਨਿਰਵਿਰਤੀ ਦੀ ਸਾਖੀ ਕਹਿੰਦੇ ਹਾਂ:–। [੧੨]ਭਾਵ ਜੋ ਲੋਕੀ ਦੇ ਜਾਣ ਸੋ ਖਾਵੇ। [੧੩]ਈਸ਼ੁਰ ਦਾ ਦਿਤਾ ਜਾਣਕੇ।

*ਪਾ:–ਚਹਹਿ ਪੰਥ ਜਿਸ, ਤੇ ਚਲ ਜਾਵੇ।

†ਸੋ ਸਾਖੀ ਦੀ ਇੱਥੋਂ ਪੰਜਵੀਂ ਸਾਖੀ ਚਲਦੀ ਹੈ।

ਪ੍ਰਾਨ ਅਪਾਨ ਸੌਂ ਜੋਗ ਕਮਾਇ। ਦ੍ਵਾਦਸ਼ ਭੇਦ ਅਨਾਹਦਿ ਸੁਨਿਕੈ। ਸਮੁਝਿ ਸਕਲ ਇਕ ਚਿਤ ਭਾ ਗੁਨਿ ਕੈ[੧]* ॥ ੩੪ ॥ ਸਪਤ ਦਿਵਸ ਬੀਤੇ ਇਕ ਬਾਰ। ਕਿਤ ਤੇ ਪਹੁੰਚ੍ਯੋ ਨਹੀਂ ਅਹਾਰ। ਸੁਨਹੁ ਨੀਂਗਰਾ! ਤਪੀ† ਬਿਚਾਰ। –ਮੁਝ ਪਰ ਕੋਪ ਭਯੋ ਕਰਤਾਰ ॥੩੫॥ ਕਰ ਪਗ ਦਿਏ ਨ ਉੱਦਮ ਧਰੇ। ਉਦਰ ਭਰਨ ਲਗਿ ਚਹੀਐ ਕਰੇ। ਪੁਰਿ ਮਹਿਂ ਫਿਰਿ ਭਿਛ ਕਰੀਅਹਿ ਕੋਇ। ਸੁਰ ਭੀ ਬੈਠ ਦੇਤਿ ਦੁਖਿ ਹੋਇ[੨]– ॥੩੬॥ ਖਿੰਥਾ[੩] ਛਰੀ[੪] ਕੁਸ਼ਾਸਨ ਮਾਲਾ। ਧਰੇ ਹਾਥ ਤੂੰਬਾ ਤਬਿ ਚਾਲਾ[੫]। –ਗ੍ਰਿਹਸਤੀ ਕੇ ਬਾਨੇ ਬਿਨ ਜਾਨਾ[੬]। ਨਹਿ ਲਖ ਜਿਸ ਤੇ ਜਾਇ ਨ ਜਾਨਾ[੭] ॥੩੭॥ ਗ੍ਰਿਸਤੀ ਕਰਹਿ ਨਿਰਾਦਰ ਦੋਖ। ਲਗਹਿ ਸਾਧ ਕੋ ਪਾਪਹਿ ਪੋਖ[੮]। ਭਿੱਛਿਆ ਕੋ ਦੁਇ ਸਮੈ ਨ ਜਾਨਾ। ਧਰਹਿ ਭੇਖ ਨਹਿ ਬਦਲਹਿ ਆਨਾ[੯] ॥ ੩੮ ॥ ਜੈਸੀ ਜੈਸੀ ਜੋ ਕਿਮੁ ਦੇਇ। ਜਥਾ ਸ਼ਕਤਿ ਦੁਧ ਭਿੱਛਨਾ ਲੇਇ। ਚਿਰ ਨਹਿਂ ਠਹਿਰਹਿ ਪਰਾ ਨ ਲੇਵੈ[੧੦]। ਤ੍ਰਿਯ ਸਿਸ ਕਰ ਛੁਵਨਿ ਨ ਕਰ ਦੇਵੈ[੧੧] ॥੩੯॥ ਜਿਸ ਕਿਸ ਕੀ ਲੇ ਕਰਿ ਨਹਿ ਖਾਇ। ਸਿੱਖ ਸਾਧ ਕੋ ਨਹਿ ਬਨਿ ਆਇ। ਭੋਜਨ ਪੱਕ ਖਾਇ ਸਭਿ ਕੇਰਾ[੧੨]। ਤਿਸ ਕੌ ਤੋਟਾ ਪਰਹਿ ਬਡੇਰਾ[੧੩] ॥ ੪੦ ॥ ਦੋਹਰਾ ॥ ਜਾਂਕੀ

---

[੧]ਅਨਾਹਤ ਚੱਕ੍ਰ ਜੋ ੧੨ ਦਲਾਂ ਦਾ ਹੈ ਉਸ ਦਾ ਭੇਦ ਸੁਣ ਕੇ ਤੇ ਸਾਰਾ ਸਮਝ ਕੇ ਤੇ (ਗੁਨਕੇ=) ਧਿਆਨ ਜੋੜ ਕੇ ਇਕ ਚਿਤ (=ਇਕਾਗਰ) ਹੋ ਗਿਆ। [੨]ਦੇਵਤੇ ਭੀ ਬੈਠਾ ਦੇਖਕੇ ਦੇਂਦੇ ਦੁਖੀ ਹੁੰਦੇ ਹਨ। [੩]ਗੋਦੜੀ। [੪]ਸੋਟੀ। [੫]ਤੇ ਤੂੰਬਾ ਹੱਥ ਵਿਚ ਲੈਕੇ। [੬]ਗ੍ਰਿਹਸਤੀ ਦੇ ( ਘਰ ) ਸਾਧ ਦਾ ਬਾਣੇ ਤੋਂ ਬਿਨਾ ਜਾਣਾ। [੭]ਜਾਣਿਆ ਨਹੀਂ ਜਾਂਦਾ (ਕਿ ਕਉਣ ਹੈ)। [੮]( ਇਸ ਗਲ ਵਿਚ ) ਜੋ ਗ੍ਰਿਹਸਥੀ ਨਿਰਾਦਰ ਕਰੇ ਤਾਂ ਦੋਸ਼ ਸਾਧ ਨੂੰ ਲਗੇਗਾ ਕਿਉਂਕਿ ਸਾਧ ਹੀ ਪਾਪ ਦੀ ਪਾਲਨਾ ਕਰ ਰਿਹਾ ਹੈ। [੯]ਜੋ ਭੇਖ ਧਾਰੇ ਤਾਂ ਹੋਰ ਭੇਖ ਨਾ ਬਦਲੇ। [੧੦](ਅਗਲੀ) ਪੱਕੀ ਹੋਈ ਨਾ ਲਵੇ। [੧੧]ਇਸਤ੍ਰੀ ਤੇ ਲੜਕੇ ਦੇ ਹੱਥ ਨੂੰ ਹੱਥ ਨਾ ਛੁਹਣ ਦੇਵੇ। ਸੌ ਸਾਖੀ ਦੱਸਦੀ ਹੈ ਕਿ ਅਗਲੀ ਪੱਕੀ ਇਸ ਕਰਕੇ ਨਾ ਲਵੇ ਕਿ ਪੱਕੀ ਪਏ ਬਾਲਾਂ ਤੇ ਤ੍ਰੀਮਤਾਂ ਦੇ ਹੱਥ ਲਗਕੇ ਛੁਹ ਜਾਂਦੀ ਹੈ। [੧੨]ਜਿਸ ਕਿਸੇ ਦਾ ਪੱਕਿਆ ਹੋਇਆ। [੧੩](ਕਾਰਣ ਅੱਗੇ ਦੱਸਦੇ ਹਨ)।

*ਹਠ ਯੋਗ ਅਨੁਸਾਰ ਛੇ ਚੱਕ੍ਰ ਸਰੀਰ ਵਿਚ ਹਨ, ਉਹਨਾਂ ਵਿੱਚੋਂ ਇਕ ਅਨਾਹਤ ਚੱਕ੍ਰ ਹੈ ਜੋ ਹਿਰਦੇ ਵਿਚ ਹੈ ਤੇ ਇਸ ਦੇ ਦਲਾਂ ਦੀ ਸੰਖਿਆ ੧੨ ਹੈ, ਤੇ ਅਖਰ 'ਕ' ਤੋਂ 'ਠ' ਤਕ ੧੨ ਹਨ, ਅਨਾਹਤ ਚੱਕਰ ਦਾ ਟਿਕਾਣਾ ਹਿਰਦਾ ਹੈ, ਇਥੇ ਸ਼ੈਵੀ ਰੁੱਦ੍ਰ ਦਾ ਤੇ ਵੈਸ਼ਨਵ ਵਿਸ਼ਨੂੰ ਦਾ ਧਿਆਨ ਧਰਦੇ ਹਨ। ਯਥਾ—ਦੁਆਦਸ ਦਲ ਅਭ ਅੰਤਰਿ ਮੰਤ ॥ ਜਹ ਪਉੜੇ ਸ੍ਰੀ ਕਮਲਾ ਕੰਤ ॥ ਕਈ ਗਿਆਨੀ '੧੨ ਵਾਰ ਮੰਤਰ ਉਚਾਰ ਕੇ' ਇਉਂ ਭੀ ਅਰਥ ਲਾਉਂਦੇ ਹਨ।

†ਸੌ ਸਾਖੀ ਵਿਚ ਤਪੀ ਦਾ ਨਾਂ 'ਜਵਾਲਾ' ਦਿਤਾ ਹੈ।

ਰਹਤਿ ਨ ਜਾਣੀਐ ਗੁਰੁ ਮੰਤ੍ਰ ਨਹਿ ਰੀਤਿ।ਤਾਂਕੋ ਭੋਜਨ ਖਾਇਕੈ ਬਿਛਰੈ
ਹਰਿ ਕੀ ਪ੍ਰੀਤਿ-। ਇਹ ਸਭਿ ਰੀਤਿ ਬਿਚਾਰਿਕੈ ਤਪਸੀ ਗਯੋ ਬਜ਼ਾਰ।
ਨਗਰ ਬੀਚ ਇਕ ਸ਼ਾਹੁ ਘਰ ਬਡੋ ਜੱਗ ਕੋ ਸਾਰ॥ ੪੧॥ ਚੌਪਈ॥ ਬਡੀ
ਭੀਰ ਭਰਿ ਰਹੀ ਨਿਕੇਤ। ਪਕਰਿ ਬਿਠਾਵੈਂ ਭੋਜਨ ਦੇਤਿ। ਤਹਾਂ ਜਾਇ
ਤਪਸੀ ਥਿਰ ਰਹ੍ਯੋ। ਕਿਨੈ ਬਿਠਾਇ ਨਹੀਂ ਕੁਛ ਕਹ੍ਯੋ॥੪੨॥ਪੁਨ ਸੰਤੋਖ
ਧਰ੍ਯੋ ਸੁ ਬਿਚਾਰੇ। ਖਰ੍ਯੋ ਰਹ੍ਯੋ ਹੁਇ ਏਕ ਕਿਨਾਰੇ। ਨਿਸ ਜਬਿ ਭੀ ਸਭਿ
ਲੋਕ ਪਯਾਨੇ। ਪਿਖਿ ਤਪਸੀ ਨਿਜ ਆਇ ਟਿਕਾਨੇ॥੪੩॥ ਆਧੀ ਰਾਤਿ
ਭਈ ਜਿਸ ਕਾਲਾ। ਦੁਇ ਦੇਵਨ ਕੇ ਦੂਤ ਕਰਾਲਾ। ਜ੍ਵਲਤ ਮਸਾਲੈਂ
ਹਾਥਨਿ ਲੀਨਿ[1]। ਤਪਸੀ ਆਨਿ ਹਕਾਰਨਿ ਕੀਨ॥ ੪੪ ॥-ਤੁਮ ਢਿਗ
ਦੇਵਨਿ[2] ਹਮਹੁੰ ਪਠਾਏ।ਮਹਾਰਾਜ ਕੀ ਆਗ੍ਯਾ ਲ੍ਯਾਏ।ਉਠਿ ਕਰਿ ਹਮਰੇ
ਸੰਗਿ ਸਿਧਾਰਹੁ। ਪੁਰਿ ਮਹਿਂ ਸ਼ਾਹੁ ਤਿਸੀ ਘਰ ਜਾਰਹੁ[3]॥੪੫॥ ਜਿਸ ਘਰ
ਸੰਤ ਛੁਧਤਿ ਹੀ ਆਯੋ। ਨਹਿਂ ਆਦਰ ਕੋ ਬਚ ਭੀ ਗਾਯੋ। ਸ਼ਾਹੁ ਤਿਸੀ
ਨੇ ਪਾਪ ਕਮਾਏ। ਤੁਵ ਸਹਾਇ ਹਿਤ ਹਮ ਚਲਿ ਆਏ॥੪੬॥ਚਲਿ ਆਗੇ
ਘਰ ਦੇਹੁ ਦਿਖਾਈ-। ਸੁਨਿ ਕਰਿ ਤਪਸੀ ਭਯੋ ਅਗੁਵਾਈ।-ਮੁਝ ਕੋ
ਭੀ ਇਕ ਦੇਹੁ ਮਸਾਲ-। ਦਈ ਤਿਨਹੁੰ ਗਹਿਕੈ ਕਰ ਨਾਲ॥ ੪੭ ॥
ਦੂਤਨ ਕੋ ਤਬਿ ਲਗ੍ਯੋ ਜਲਾਵਨਿ।ਭਾਗੇ ਤਪਸੀ ਤੇ ਡਰਪਾਵਨ[4]। ਲਗ੍ਯੋ
ਸੁਨਾਵਨਿ ਤਿਨ ਬੱਖਯਾਤਾ।-ਨੀਕੋ ਸ਼ਾਹੁ ਸਭਿਨ ਕੋ ਦਾਤਾ॥੪੮॥ਬਿਸ਼ਨੁ
ਜਿ ਅੰਤਰਜਾਮੀ ਪ੍ਰੇਰਹਿ।ਤੌ ਦਾਤਾ ਦੇਤੋ ਬਿਨ ਦੇਰਹਿ। ਸਭਿ ਜਗ ਕਰਤਾ
ਕਿਰਤ ਕਰਾਵਤਿ[5]। ਕਹਾਂ ਸ਼ਾਹੁ ਵਸ ਜੇ ਪ੍ਰਭੁ ਦ੍ਯਾਵਤਿ[6]॥ ੪੯ ॥ ਹਰਿ
ਸ੍ਵਾਮੀ ਕਰਤਾ ਨਿਤ ਦਾਯਾ। ਹਮ ਅਧੀਨਿ ਸਭਿ ਤਿਸ ਕੀ ਮਾਯਾ[7]। ਤੁਮ
ਕੋ ਚਰਨ ਬੰਦਨਾ ਬਰਨੀ। ਐਸੀ ਫੇਰ ਨਹੀਂ ਕਬਿ ਕਰਨੀਂ-॥੫੦॥*ਸੁ-
ਨਹੁ ਨੀਂਗਰ!'ਗੁਰ ਕਹਿਂ ਤੌਨਾ। 'ਤ੍ਯਾਗੀ ਬਨਹਿ ਤ ਐਸਾ ਹੋਨਾ। ਪਰ
ਅਵਗੁਣ ਚਿਤਵਹੁ ਨਹਿ ਕੋਈ*।ਸੁਨਿ ਕਰਿ ਨਿੰਮ੍ਰਿ ਦੂਤ ਦ੍ਵੈ ਹੋਈ॥੫੧॥

---

[1]ਦੇਵਤਾ ਦੇ ਦੂਤ ਦੋ ਭਿਆਨਕ ਮਿਸਾਲਾਂ ਹੱਥ ਵਿਚ ਬਲਦੀਆਂ (ਲਈ ਆਏ ਤੇ.....)। [2]ਦੇਵ-
ਤਿਆਂ ਨੇ। [3]ਸਾੜਨਾ ਹੈ। [4]ਡਰ ਪਾਕੇ। [5]ਕਿਰਤ ਕਰਾਵਣ ਵਾਲਾ (ਆਪ) ਕਰਤਾਰ ਹੈ। [6]ਜੇ
ਦਿਵਾਉਂਦਾ ਤਾਂ। [7]ਅਸੀਂ ਸਾਰੇ ਉਸੇ ਦੀ ਮਾਇਆ ਦੇ ਅਧੀਨ ਹਾਂ।

*ਇਹ ਵਾਕ ਸੌ ਸਾਖੀ ਵਿਚ ਜਿਵੇਂ ਵਿਚਕਾਰ ਆਏ ਹਨ ਤਿਵੇਂ ਹੀ ਕਵੀ ਜੀ ਨੇ ਗੁਰੂ ਜੀ
ਦੀ ਉਕਤ ਵਿਚਕਾਰ ਹੀ ਰਖ ਦਿਤੀ ਹੈ,ਅਗੋਂ ਫੇਰ ਦੂਤਾਂ ਦੀ ਸਾਖੀ ਦਾ ਬਾਕੀ ਹਿੱਸਾ ਟੁਰ ਪੈਂਦਾ ਹੈ।

ਬਿਦਾ ਹੋਇ ਪਹੁੰਚੇ ਦਰਬਾਰਾ। ਮਹਾਰਾਜ ਸੰਗ ਸਕਲ ਉਚਾਰਾ।-ਪਰ-ਚਨੋ ਸਚ ਪਰਚੇ ਵਿਚ ਸਾਚਾ[1]। ਗਯੋ ਸੰਤੋਖ ਉਬਾਚ ਨ ਜਾਚਾ[2]-॥ ੫੨॥ ਕਰਤਾ ਪੁਰਖ ਮਹਾਨ ਪ੍ਰਸੰਨੇ। ਗੁਨ ਸੰਤੋਖ ਆਦਿ ਮਨ ਮੰਨੇ। ਪਠਿ ਬਿਬਾਨ ਕੋ ਨਿਕਟ ਬੁਲਾਯੋ। ਅਪਨਿ ਲੋਕ ਮੈਂ ਭਲੇ ਬਸਾਯੋ'॥ ੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਸਪਤ ਚੱਤਵਾ-ਰਿੰਸਤੀ ਅੰਸੂ॥ ੪੭॥

## ੪੮. [ਭਾਈ ਅਨੰਦ ਸਿੰਘ]।

ਦੋਹਰਾ॥ *ਸ੍ਰੀ ਗੁਰ ਗੋਬਿੰਦ ਸਿੰਘ ਜੀ ਦੇਤਿ ਭਲੇ ਉਪਦੇਸ਼। ਨੰਦ ਸਿੰਘ ਸੰਗ[3] "ਨੰਦ[4]! ਸੁਨਿ ਇਹ ਮਗ ਲਖਿ ਦਰਵੇਸ਼॥੧॥ ਚੌਪਈ॥ ਬ੍ਰਿਕਤ ਹੋਨਿ ਕੀ ਚਿਤ ਮਹਿਂ ਤੋਰੇ। ਤੌ ਇਮ ਬਨਹੁ ਨ ਕੋਇ ਬਹੋਰੇ। ਗ੍ਰਿਹਸਤ ਪੰਥ ਦੂਸਰ ਲਖਿ ਲੀਜੈ। ਜੋ ਕਰਿਬੋ ਹੁਇ ਸਕਲ ਸੁਨੀਜੈ॥੨॥ ਸ੍ਰੀ ਮੁਖਵਾਕ॥

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ†॥ ਭਾਣਾ ਮੰਨੇ ਹੁਕਮ ਰਜਾਇ‡[5]॥
ਆਪੇ ਪਟੀ ਕਲਮ ਆਪ ਲਿਖਣਹਾਰਾ ਆਪ॥ ਦੂਜਾ ਹੋਇ ਤ ਆਖੀਐ ਸਭਿ ਘਟਿ ਰਹਿਆ ਬਿਆਪ§॥

ਚੌਪਈ॥ ਸੁਨਿ ਸਿਖ ਸੁਤ[6]!' ਸਤਿਗੁਰ ਕਹਿ ਤੈਸੇ। 'ਗ੍ਰਿਹਸਤੀ ਹੋਨਿ ਤ ਹੋਈਐ ਐਸੇ। ਸਘਨ ਛਾਵ ਤਰੁ ਬਨ ਮਹਿ ਅਹਾ। ਰਹਿਤ ਕਪੋਤ ਕਪੋਤੀ ਤਹਾਂ॥ ੩॥ ਬਧਿ 'ਨਿਡੀਯ' ਉਸ ਬਸੈਂ ਸੁਖਾਰੇ[7]। ਬਚੇ ਬਚੀ ਜਣ ਕਰਿ ਪ੍ਰਿਤਪਾਰੇ। ਬਰਖਤਿ ਝਰੀ ਲਗੀ ਇਕ ਬਾਰੀ। ਆਯੋ ਬਧਿਕ ਲਿਯੇ ਕਰ ਜਾਰੀ[8]॥੪॥ ਬਿਹੰਗ ਨ ਹਤਨੋ ਨਹਿ ਕਿਤ ਪਾਯੋ। ਭ੍ਰਮਤਿ ਭ੍ਰਮਤਿ ਛੂਛਾ ਤਹਿਂ ਆਯੋ। ਕੰਪਤਿ ਸ਼ੀਤ ਲਗੇ ਜਲਬਾਊ[9]। ਤਿਸ ਤਰੁ ਤਰੇ ਰਹਨੋ ਠਹਿ-ਰਾਉ॥ ੫॥ ਰਾਤਿ ਭਈ ਪਰ ਭੂਲਨੋ ਰਾਹੂ। ਛੁਧਿਤਿ ਉਦਾਸ ਤ੍ਰਾਸ ਮਨ

---

[1]ਸੱਚਾ (ਸਾਧੂ) ਸੱਚੇ ਪਰਚੇ ਵਿਚ ਪਰਚਿਆ ਹੋਇਆ ਹੈ। [2]ਸੰਤੋਖ ਧਾਰਕੇ ਗਿਆ ਸੀ ਕਹਿਕੇ ਮੰਗਿਆ ਨਹੀਂ। [3]ਨੰਦ ਸਿੰਘ ਨਾਲ (ਬੋਲੇ):-। [4]ਹੇ ਨੰਦਗਰਾ! [5]ਵਾਹਿਗੁਰੂ ਦਾ ਹੁਕਮ। [6]ਹੇ ਸਿਖ ਦੇ ਪੁੱਤ੍ਰ ਸੁਣ। [7]ਆਲ੍ਹਣਾ ਬਣਾਕੇ ਉਸ ਵਿੱਚ ਸੁਖ ਨਾਲ ਰਹਿੰਦੇ ਸਨ। [8]ਜਾਲ ਹੱਥ ਲੇਕੇ। [9]ਝਾੜ੍ਹ ਹਨੇਰੀ ਤੇ ਮੀਂਹ। *ਇਹ ਸੌ ਸਾਖੀ ਦੀ ਛੇਵੀਂ ਸਾਖੀ ਹੈ। †ਵਾਰ ਸੋਰਠ ਮਃ ੨। ‡ਇਹ ਤੁਕ ਇਸ ਤਰ੍ਹਾਂ ਗੁਰਬਾਣੀ ਵਿੱਚ ਨਹੀਂ ਆਈ, ਉਂਞ 'ਭਾਣਾ ਮੰਨੇ ਸੋ ਸੁਖੁ ਪਾਏ' ਤੇ 'ਹੁਕਮਿ ਰਜਾਈ ਚਲਣਾ' ਆਦਿ ਆਏ ਹਨ। §ਇਹ ਗੁਰਬਾਣੀ ਨਹੀਂ, ਸੌ ਸਾਖੀ ਦੇ ਕਰਤਾ ਨੂੰ ਗੁਰਵਾਕ ਖੰਡਤ ਯਾਦ ਸੀ ਸੋ ਉਸਨੇ ਖੰਡਤ ਹੀ ਲਿਖ ਦਿੱਤਾ ਹੈ। ਸ਼ੁਧ ਗੁਰਬਾਣੀ ਦਾ ਵਾਕ ਐਉਂ ਹੈ:-

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥

Sri Satguru Jagjit Singh Ji eLlibrary NamdhariElibrary@gmail.com

ਮਾਹੁ।ਠਰਯੋ ਸੁੰਨ ਹੁਇ ਬੈਠਯੋ ਮੌਨ।ਬੋਲ ਨ ਨਿਕਸਿ,ਬਿਲੋਕਯੋ ਤੌਨ[੧]॥੬॥ ਹੁਤੋ ਕੁਟੰਬੀ ਕਹੈ ਕਪੋਤ[੨]।–ਸੁਨਹੁ ਕਪੋਤੀ! ਇਸ ਦੁਖ ਹੋਤਿ। ਖਗ ਗ੍ਰਿਹਸਤੀ ਹਮਰੇ, ਅਰਧੰਗੀ!। ਆਯਹੁ ਅੱਭਯਾਗਤ ਨਰ ਅੰਗੀ[੩] ॥ ੭ ॥ ਬੈਠਯੋ ਆਇ ਨਿਕੇਤ ਹਮਾਰੇ। ਗ੍ਰਹਸਤੀ ਧਰਮ ਸੁ ਦੇਹਿ ਅਹਾਰੇ[੪]। ਖਾਨ ਪਾਨ ਬਿਸਰਾਮੈ ਦੈਬੋ। ਸੁਖ ਸਭਿ ਕਰਹਿ ਅਤਿਥ[੫] ਸੁਧ ਲੈਬੋ ॥੮॥ ਖਗ ਤਨ[੬], ਹਾਥ ਨ ਦਏ ਬਿਧਾਤਾ। ਹੈ ਇਕ ਚੋਂਚ ਚੋਗ ਚੁਨਿ ਖਾਤਾ। ਸੁਨਿ ਸੁਖਦਾਇਨ[੭]! ਸੁਧ ਇਸ ਕੇਰੀ। ਚਹੀਐ ਲਈ ਸਕਲ ਇਸ ਬੇਰੀ ॥੯॥ ਪਹਿਲੇ ਪਾਵਕ ਦੈ ਹੈਂ ਇਸੇ। ਜਿਸ ਤੇ ਸੀਤ ਸਰੀਰਹਿ ਨਸੇ। ਉੱਦਮ ਤੇ ਲਛਮੀ ਹੁਇ ਭੌਨ। ਜਿਮ ਬਿਜਨੇ[੮] ਹਾਲੇ ਹੁਇ ਪੌਨ[੯]–॥ ੧੦ ॥ ਇਮ ਕੈਲਾਤਿ ਹੀ ਉਡ ਕਰਿ ਗਯੋ। ਗ੍ਰਾਮ ਅਗਨਿ ਧੁਖਿ ਦੇਖਤਿ ਭਯੋ। ਮੇਂ ਛਲ ਆਗ ਸੁਲਗਤੀ ਲੈ ਕੈ। ਲਯਾਇ ਬਧਿਕ ਕੇ ਆਗੇ ਦੈਕੈ ॥੧੧॥ ਸ਼ੁਸ਼ਕ ਆਲੁਨੇ ਤੇ ਤ੍ਰਿਨ[੧੦] ਗੇਰੇ। ਬਧਿਕ ਹੇਰਿ ਜਾਰੇ ਤਿਸ ਬੇਰੇ।ਈਂਧਨ ਅਧਿਕ ਪਰਯੋ ਚੁਨ ਲਯੋ। ਬਹੁਤ ਭੜਾਂਭ[੧੧] ਮਚਾਵਤਿ ਭਯੋ॥੧੨॥ਗਯੋ ਸੀਤ ਪਰ ਭੂਖਾ ਰਹਯੋ। ਦੇਖਿ ਕਪੋਤ ਬਾਤ ਤਬਿ ਕਹਯੋ।–ਹੇ ਘਰ ਕੀ ਸਰਦਾਰਨਿ ਸੁਨੋ। ਬਾਲ ਬਚੇ ਪਾਲਹੁ ਸੁਖਸਨੋਂ ॥ ੧੩ ॥ ਇਸ ਮਾਨੁ[੧੨] ਹਿਤ ਅਲਪ ਅਹਾਰਾ। ਦੇਉਂ ਸਰੀਰ ਅਪਨਿ ਇਸ ਬਾਰਾ–। ਕਹੈ ਕਪੋਤੀ–ਧਰਮ ਸੁ ਮੇਰਾ। ਦੇਉਂ ਅਹਾਰ ਅਪਨਿ ਤਨ ਕੇਰਾ ॥ ੧੪ ॥ ਦੋਹਰਾ ॥ ਨਾਰੀ ਨਰਕ ਸਰੀਰ ਹੈ ਬਿਨਾ ਪੁਰਖ ਕਿਹ ਕਾਮ।ਸਤ ਗਤਿ ਦਾਤਾ[੧੩]ਪੁਰਖਹੈ,ਅਵਰਨ ਦਾਤਾ ਰਾਮ[੧੪]–॥੧੫॥ਪੁਰਖ[੧੫]ਕਹਯੋ–ਘਰ ਤ੍ਰਿਯਾਬਿਨ ਸੂਨਾਰਹੈ ਦੁਆਰ। ਪੁਰਖ ਵਹਿਰ ਹੀ ਸੂਰਮਾ ਅੰਤਰਘਰ ਕੇ ਖ੍ਵਾਰ[੧੬]–॥ ੧੬ ॥ ਚੌਪਈ ॥ ਸੁਨਹੁ ਨੌਂਗਰਾ।ਪਤਿ ਬਚ ਹੋਤੀ[੧੭]।ਜੁਲਤਿ ਅਗਨਿ ਮਹਿੰ ਗਿਰੀ ਕਪੋਤੀ।ਬਧਕ

[੧]ਉਸ ਨੂੰ ਡਿੱਠਾ (ਕਪੋਤ ਨੇ)। [੨]ਸੌ ਸਾ: ਦਾ ਪਾਠ –ਤਾਂ ਕਪੋਤ ਕੁਟੰਬ ਕਪੋਤੀ ਨੂੰ ਕਹਿਣ ਲੱਗਾ। [੩]ਹੇ ਅਰਧੰਗੀ (ਅਸੀਂ) ਗ੍ਰਹਸਤੀ ਪੰਛੀ ਹਾਂ, ਸਾਡੇ (ਘਰ) ਇਹ ਮਨੁੱਖ ਆਇਆ ਹੈ ਅਭ੍ਯਾਗਤ, ਨਰ ਅੰਗਾਂ ਵਾਲਾ, ਭਾਵ ਮਨੁੱਖ। [੪]ਗ੍ਰਿਹਸਤੀ ਦਾ ਧਰਮ ਹੈ ਕਿ ਖਾਣਾ ਦੇਵੇ। [੫]ਪ੍ਰਾਹੁਣੇ ਦੀ। [੬](ਸਾਡਾ) ਪੰਛੀ ਸਰੀਰ ਹੈ। [੭]ਹੇ ਸੁਖ ਦੇਣ ਵਾਲੀ। [੮]ਪੱਖਾ। [੯]ਅਖਾਉਤ ਹੈ 'ਉਦਮ ਅਗੇ ਲੱਛਮੀ ਪੱਖੇ ਅੱਗੇ ਪੌਣ।' [੧੦]ਸੁੱਕੇ ਤੀਲੇ। [੧੧]ਭਾਂਬੜ। [੧੨]ਮਨੁੱਖ। [੧੩](ਇਸਤ੍ਰੀ ਨੂੰ) ਸਦ ਗਤੀ ਦਾ ਦਾਤਾ ਪੁਰਖ ਹੈ। [੧੪]ਰਾਮ ਹੋਰਨਾਂ ਦਾ ਦਾਤਾ ਹੈ। [੧੫]ਭਾਵ ਕਪੋਤ ਨੇ। [੧੬]ਮਰਦ ਬਾਹਰ ਸੂਰਮਾ ਹੈ ਘਰ ਵਿਚ ਖੁਆਰ ਹੈ, ਭਾਵ ਮਰਦ ਤ੍ਰੀਮਤ ਵਾਂਙੂ ਘਰ ਦਾ ਪ੍ਰਬੰਧ ਨਹੀਂ ਕਰ ਸਕਦਾ। [੧੭]ਪਤੀ ਦੇ ਗੱਲਾਂ ਕਰਦਿਆਂ।

ਦੇਖਿ ਭੂਨੀ ਅਰੁ ਖਾਈ। ਤਬਹਿ ਕਪੋਤ ਬਿਚਾਰ ਉਠਾਈ ॥ ੧੭ ॥–ਨਰ ਤਨ ਤੀਨ ਸੇਰ ਲੈ ਖਾਈ। ਅਰਧ ਛੁਧਿਤਿ ਰਹਿਗਾ ਅਰਗਾਈ[1]। ਅਧ ਭੋਜਨ ਦੇ ਭੂਖਾ ਰਾਖੇ।ਨਰਕ ਪਰਹਿ ਦਾਤਾ, ਸ਼੍ਰੁਤਿ ਭਾਖੈ[2]*–॥ ੧੮॥ ਤਬਿ ਤਜਿ ਮੋਹ ਅਗਨਿ ਮਹਿਂ ਗਿਰਯੋ।ਹੇਰਿ ਪਾਰਧੀ[3] ਕਰੁਣਾ ਭਰਯੋ।–ਧੰਨ ਧੰਨ ਇਹ ਖਗ ਤਨ ਧਰੇ। ਮਮ ਅਹਾਰ ਹਿਤ ਦੋਨਹੁੰ ਮਰੇ॥੧੯॥ਮੈਂ ਪਾਪੀ ਬਡ ਹੋਯਹੁ ਪਾਪ[4]। "ਬਿਨਸੇ† ਤਨ ਮੋਹ ਸੁ ਤਜਿ ਆਪ। ਮੈਂ ਤਪ ਤਪੋਂ ਜਿ ਨਰ ਤਨ ਹੋਵਾਂ[5]–।ਇਮ ਕਹਿ ਪ੍ਰੇਮ ਉਮਕ ਬਹੁ ਰੋਵਾ॥੨੦॥ਮਹਾਰਾਜ ਤਬਿ ਹੁਕਮ ਬਖਾਨਾ।–ਇਹਠਾਂ ਆਨਹੁ–ਪਠਯੋ ਬਿਮਾਨਾ।ਸਹਤਿ ਕੁਟੰਬ ਕਬੂਤਰ ਚਢਯੋ। ਬਧਿਕ ਚਢਾਇ ਸੰਗ ਮੁਦ ਬਢਯੋ‡ ॥੨੧ ॥ ਸੁਖ ਸਭਿ ਬਿਧਿ ਕੋ ਜਹਾਂ ਉਦਾਰਾ। ਬਸ ਕਰਿ ਭੋਗੇ ਅਨਿਕ ਪ੍ਰਕਾਰਾ।ਸੁਨਿ ਲਰਕੇ! ਇਹ ਮਾਰਗ ਦੋਇ। ਤੋਹਿ ਸੰਗ ਹਮ ਬੂਝਤਿ ਸੋਇ ॥ ੨੨ ॥ ਤੋਹਿ ਰਿਦੈ ਕਹੁ ਕੌਨ ਪਸੰਦ। ਜਿਸ ਤੇ ਚਾਹਤਿ ਸ਼੍ਰੇਯ ਬਿਲੰਦ। ਨਤੁਰ ਖੁਆਰ ਹੋਨ ਕੇ ਜਾਨੈਂ। ਭੇਖ ਅਨੇਕ ਬਿਬੇਕਹਿ ਹਾਨੈ ॥ ੨੩॥ ਗ੍ਰਿਹਸਤੀ ਅਪਰ ਸਾਧ ਭੀ ਘਨੇ[6]। ਕੋ ਪੂਰਾ ਉਤਰਹਿ ਹਿਤ ਸਨੇ। ਗੁਰ ਦਿਵਾਨ ਮਹਿ ਤੂੰ ਸਚ ਭਾਖਹੁ।ਕਸਾ ਮਾਨਹਿਗੋ ਕਰਨ ਭਿਲਾਖਹੁ[7]?॥੨੪॥ ਭਗਤਿ ਜਿ ਚਹੁੰਜੁਗ

---

[1]ਅੱਧਾ ਭੁੱਖਾ ਰਹਿਕੇ ਚੁੱਪ ਕਰ ਰਿਹਾ ਹੈ। [2]ਉਹ ਦਾਤਾ ਨਰਕ ਪਵੇਗਾ ਇਹ ਸ਼੍ਰੁਤੀ ਕਹਿੰਦੀ ਹੈ। [3]ਵਧਿਕ। [4]ਮੈਂ ਪਾਪੀ (ਤੋਂ ਇਹ) ਬੜਾ ਪਾਪ ਹੋਇਆ ਹੈ। [5](ਭਾਵੇਂ) ਤਨ ਬਿਨਸੇ,ਮੋਹ ਨੂੰ ਛੱਡਕੇ ਮੈਂ ਜੋ ਮਨੁੱਖ ਤਨ ਪਾਇਆ ਹੈ ਤਪ ਤਪਾਂਗਾ। (ਅ) ਸੋ ਬਿਨਸਨਹਾਰ ਆਪਣੇ ਤਨ ਦਾ ਮੋਹ ਤਜ ਕੇ ਮੈਂ ਤਪ ਤਪਾਂਗਾ। [6](ਗਿਆਨ ਹੀਨ) ਗ੍ਰਿਹਸਤੀ ਤੇ ਹੋਰ ਬਥੇਰੇ ਸਾਧ। [7]ਚਾਹਕੇ ਕੀਹ ਕਰਨਾ ਮੰਨੇਂਗਾ।

*ਇਹ ਸੌ ਸਾਖੀ ਦੇ ਆਖੇਪਕਾਰ ਜੀ ਪੌਰਾਣਕ ਪ੍ਰਮਾਣ ਲਿਖ ਰਹੇ ਹਨ। ਅਸਲ ਸਾਖੀ ਵਿਚ ਸ਼੍ਰੁਤਿ ਦੇ ਉਪਦੇਸ਼ ਗੁਰੂ ਜੀ ਵਲੋਂ ਨਹੀਂ ਹੋ ਰਹੇ। ਗ੍ਰਿਹਸਤ ਧਰਮ ਦਾ ਉਪਦੇਸ਼ ਦ੍ਰਿਸ਼ਟਾਂਤ ਵਿਚ ਹੋ ਰਿਹਾ ਹੈ।ਗੁਰੂ ਜੀ ਦੇ ਅਸੂਲ ਬੜੇ ਖੁੱਲ੍ਹੇ ਤੇ ਉੱਚੇ ਹਨ

†ਪਾ:–ਬਿਨਸਜੇ।

‡ਸੱਚ ਨੂੰ ਅੰਕਿਤ ਕਰਨ ਲਈ ਇਕ ਤ੍ਰੀਕਾ ਉਪਦੇਸ਼ ਦਾ ਹੈ ਜਿਸਨੂੰ ਦ੍ਰਿਸ਼ਟਾਂਤ ਯਾ ਨਿਦਰਸ਼ਨ (parable) ਆਖਦੇ ਹਨ, ਜਿਸ ਨਾਲ ਸਮਝ ਛੇਤੀ ਪੈ ਜਾਂਦੀ ਹੈ। ਵਰਨਣ ਦਾ ਤ੍ਰੀਕਾ ਸੌ ਸਾਖੀ ਵਾਲੇ ਦਾ ਹੀ ਕਵਿ ਜੀ ਨੇ ਵਰਤਿਆ ਹੈ, ਸਾਹਿਬਾਂ ਨੇ ਕੀਕੂੰ ਕਹਿਆ ਸੀ ਉਸ ਦਾ ਉਸੇ ਵੇਲੇ ਦਾ ਲਿਖਿਆ ਉਪਦੇਸ਼ ਨਹੀਂ ਮਿਲਦਾ। ਪਰ ਅਸੂਲ ਗ੍ਰਿਹਸਤ ਧਰਮ ਦਾ ਇਸ ਦ੍ਰਿਸ਼ਟਾਂਤ ਵਿਚ ਜੋ ਵਰਣਨ ਹੋਇਆ ਹੈ ਸੋ 'ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ' ਵਾਲਾ ਹੀ ਹੈ।

Sri Satguru Jagjit Singh Ji eLlibrary NamdhariElibrary@gmail.com

ਜੰਗਤ ਮਝਾਰਾ[1]। ਸਭਿ ਕੋ ਹੈ ਕਬੀਰ ਸਰਦਾਰਾ*। ਸਿੱਧ ਗ੍ਰਿਹਸਥੁ
ਤਿਨ ਕਰਿ ਦਿਖਰਾਯੋ।ਬੀਚ ਜੋਗ ਭੀ ਕਰਿ ਦਿਖਰਾਯੋ॥੨੫॥ ਸ੍ਰੀ ਮੁਖਬਾਕ।,

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥ ਹੀਰਾ ਕਿਸਕਾ ਬਾਪੁਰਾ
ਪੁਜਹਿ ਨ ਰਤਨ ਕਰੋੜਿ ॥'

ਚੌਪਈ॥ ਸੁਨਿ ਕਰਿ ਨੰਦ ਸਿੰਘ ਕਰ ਜੋਰੇ।ਕਲਗੀਧਰ ਕੇ ਚਰਨ ਨਿਹੋਰੇ।
ਦੀਨ ਹੋਇ ਅਨੁਸਾਰ ਬਖਾਨਯੋਂ। 'ਅਬਿ ਮੈਂ ਬਚਨ ਆਪ ਕੋ ਮਾਨਯੋਂ
॥ ੨੬ ॥ ਸਿੱਖਿ[2] ਆਪ ਕੌ ਅਬਿ ਮਨੁ ਭਾਵੈ। ਮੁਹਿ ਢਿਗ ਗ੍ਰਿਹਸਤ ਹੋਨਿ
ਬਨਿ ਆਵੈ। ਮਨ ਬਿਰਕਤ ਰਹਿ ਤਊ ਘਨੇਰਾ। ਸਿਥਲ ਅੰਗ ਆਲਸ
ਬਹੁਤੇਰਾ[3] ॥੨੭॥ ਬਨਿ ਆਵਹਿਗੀ ਮੁਝ ਤੇ ਜੇਤੀ। ਕਰੌਂ ਸੇਵ ਸਿੱਖਨ ਕੀ
ਤੇਤੀ'। ਸੁਨਯੋਂ ਸੁਭਾਵ ਆਲਸੀ ਜਬੈ। ਬੋਲੇ ਦਯਾਸਿੰਧੁ ਹਸਿ ਤਬੈ ॥੨੮॥
'ਗੁਰ ਹਜੂਰ ਕੀ ਟਹਿਲ ਕਰਯਾ ਕਰਿ।ਜੇਤਿਕ ਭਾਰ ਪਰੈ ਹੁਇ ਤੁਵ ਸਿਰ।
ਲੈ ਹੈਂ ਬਾਂਟ ਗੁਰੂ ਕੇ ਸੋਇ। ਕਾਰਜ ਘਰ ਕੋ ਥੁਰਹਿ ਨ ਕੋਇ ॥ ੨੯ ॥
ਜਨਮ ਪੁਰਬਲੇ ਹਮਰੋ ਜਬੈ। ਅਸੁ ਕੀ[4] ਸੇਵ ਕਰਤਿ ਤੂੰ ਤਬੈ। ਮੰਢੂ ਨਾਮ
ਤੋਹਿ ਤਿਸ ਕਾਲਾ। ਹਮ ਬੋਲੇ ਨਿਸ ਮਹਿਂ ਤੁਵ ਨਾਲਾ ॥ ੩੦ ॥-ਰਾਖ
ਤੁਰੰਗਮ ਕੀ ਸੁਧ ਆਛੇ। ਦੀਜਹਿ ਸਕਲ ਜਥਾ ਚਿਤ ਬਾਂਛੈ[5]-। ਸੁਨਤਿ
ਬਾਕ ਤੁਮ ਝੂਠ ਉਚਾਰਾ।-ਦਾਨਾ ਘਾਸ ਬਹੁਤ ਮੈਂ ਡਾਰਾ ॥ ੩੧ ॥ ਆਗੈ
ਧਰਯੋ ਸੁਧਾਰਿ ਘਨੇਰਾ-। ਲਖਿ ਊਰੋ ਤੁਝ ਕੋ ਤਿਸ ਬੇਰਾ। ਹਮਰੋ ਬਚ
ਨਿਕਸਯੋ ਇਮ ਤਬੈ।-ਕਹੁ ਦਰਿੱਦ੍ਰੀਆ ਘਰ ਕਿਮ ਨਿਬੈ[6] ॥੩੨॥ ਨਿਕਟ
ਤੁਰੰਗ ਕੀ ਸੁਧਿ ਨਹਿ ਲਈ।ਪੁਨ ਦਰੋਗ਼ ਹਮਸੋਂ ਕਹਿਦਈ-। ਇਮ ਸੁਨਿ
ਕਰਿ ਬੋਲਯੋ ਤੈਂ ਰੋਇ। ਕਰੀ ਪੁਕਾਰ ਦੀਨ ਸੁਰ ਹੋਇ ॥ ੩੩ ॥-ਬਿਰਦ
ਗ਼ਰੀਬ ਨਿਵਾਜ ਤੁਮਾਰਾ। ਮੈਂ ਗ਼ਰੀਬ ਇਮ ਕਹਿ ਕਿਮ ਮਾਰਾ। ਧਰਯੋ

[1]ਜਗਤ ਵਿਖੇ ਚਹੁੰ ਜੁਗਾਂ ਵਿਚ। [2]ਸਿੱਖੀ। [3]ਮਨ ਮੇਰਾ ਤਿਆਗੀ ਰਹਿੰਦਾ ਹੈ ਜਿਸ ਤੇ ਬਹੁਤੇ ਸਿਥਲ ਹੋ ਗਏ ਹਨ ਮੇਰੇ ਅੰਗ ਤੇ ਆਲਸ ਵਧ ਗਿਆ ਹੈ। [4]ਘੋੜੇ ਦੀ। [5]ਭਾਵ ਘੋੜਿਆਂ ਨੂੰ ਮਨ ਮੰਨਿਆਂ ਘਾਹ ਦਾਨਾ ਦੇਣਾ। [6]ਘਰ ਦਾ ਕੰਮ ਕਿਵੇਂ ਨਿਭੂ।

*ਇਥੇ ਕਬੀਰ ਜੀ ਨੂੰ ਭਗਤਾਂ ਦਾ ਸਰਦਾਰ ਕਹਿ ਰਹੇ ਹਨ ਕਿਉਂਕਿ ਗੁਰ ਨਾਨਕਦੇਵ ਜੀ ਭਗਤਾਂ ਦਾ ਪੂਜਣ ਗੋਇੰਦ ਰੂਪ ਹਨ, ਜੈਸੇ ਭਗਤਾਂ ਦੇ ਪਦ ਕਹਿਕੇ ਪੰਚਮ ਗੁਰੂ ਜੀ ਨੇ ਫੁਰਮਾਇਆ ਹੈ 'ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ' ॥ [ਬਸੰ: ਮਹਲਾ ੫ ॥ ਅਸਟਪਦੀ] ਪਿਛੇ ਕਬੀਰ ਜੀ ਦਾ ਗੁਰੂ ਦਸਮੇਸ਼ ਜੀ ਦੇ ਸਿੱਖ ਹੋਣ ਦਾ ਪ੍ਰਸੰਗ ਕਹਿ ਆਏ ਹਨ, ਦੇਖੋ ਇਸੇ ਰੁਤ ਦਾ ਅੰਸੂ ੪੪।

ਰਹ੍ਯੋ ਰਾਵਰਿ ਕੀ ਸ਼ਰਨੀ। ਚਹੌਂ ਜਮਾਦਿਕ ਪੀਰਾ ਹਰਨੀ-॥ ੩੪ ॥ਇਸ ਪ੍ਰਕਾਰ ਜਬਿ ਬਿਨੈ ਸੁਨਾਈ। ਹਮਰੇ ਰਿਦੇ ਦਯਾ ਤਬਿ ਆਈ:-ਕਿਸੀ ਰੀਤਿ ਕੋ ਕਾਰਜ ਪਰੈ। ਹਮ ਸਹਾਇਤਾ ਤੇਰੀ ਕਰੈਂ-॥ ੩੫ ॥ ਕਲਜੁਗ ਪ੍ਰਥਮ ਚੌਂਕਰੀ ਕੇਰਾ। ਬਰਤ੍ਯੋ ਭੀਖਨ ਪਾਪ ਬਡੇਰਾ।ਰਖਿਬੇ ਹੇਤੁ ਧਰਮ ਕੋ ਜਗ ਮੈਂ। ਨਰਨਿ ਚਲਾਵਨ ਕੋ ਸ਼ੁਭ ਮਗ ਮੈਂ ॥ ੩੬ ॥ ਗੁਰੂ ਰੂਪ ਧਾਰ੍ਯੋ ਅਵਤਾਰ।ਬਰਖ ਹਜ਼ਾਰਹੁੰ ਤਨ ਤਪੁ ਧਾਰਿ। ਸੋ ਮੈਂਹੂ ਤੈਂ ਇਹ ਤਨ ਪਾਯੋ। ਨਹਿ ਆਲਸ ਤੇ ਜਾਇ ਕਮਾਯੋ॥੩੭॥ਅਬਿ ਤੂੰ ਰਹੀਐ ਨਿਕਟ ਹਮਾਰੇ। ਕਰੈਂ ਨਿਬਾਹਨਿ ਸਰਬ ਪ੍ਰਕਾਰੇ। ਇਸਤ੍ਰੀ ਆਨਿ[1] ਸਦਨ ਮਹਿ ਬਾਸਹੁ। ਕਿਸੂ ਰੀਤਿ ਤੇ ਨਹਿ ਮਨ ਤ੍ਰਾਸਹੁ ॥ ੩੮ ॥ ਗੁਰ ਸਹਾਇ ਇਮ ਨਿਸ਼ਚਾ ਜਿਨਕੋ। ਸਿਮਰਹਿ ਕਾਰਜ ਬੁਰਹਿ ਨ ਤਿਨ ਕੋ। ਹੋਵੌਂ ਮੈਂ ਸਹਾਇ ਤਿਹ ਜਾਈ। ਮੇਟਨਿ ਕਰੌਂ ਬਿਘਨ ਸਮੁਦਾਈ' ॥੩੯॥ ਸੁਨਿ ਕਰਿ ਨੰਦ-ਸਿੰਘ ਮਦ ਸਾਥਾ। ਗੁਰ ਪਗ ਪੰਕਜ ਪਰ ਧਰਿ ਮਾਥਾ। ਸੁਨਿ ਬ੍ਰਿਤੰਤ ਸਗਰੋ ਬਿਸਮਾਨ੍ਯੋ। ਸਭਾ ਸਪੂਰਨ ਅਚਰਜ ਮਾਨ੍ਯੋ ॥ ੪੦ ॥ ਅਲਖ ਨ ਲਖੇ ਜਾਹਿ ਗੁਰਦੇਵ। ਤਤਛਿਨ ਰੀਝਹਿ ਲਘੁ ਭੀ ਸੇਵ। ਧੰਨ ਬਿਰਦ ਸ੍ਰੀ ਸਤਿਗੁਰ ਕੇਰਾ ਨਰਕ ਨ ਪਰਨਿ ਦੇਤਿ ਨਿਜ ਚੇਰਾ ॥ ੪੧ ॥ ਨੰਦ ਸਿੰਘ ਤਬਿ ਲੇ ਨਿਜ ਨਾਰੀ। ਬਸ੍ਯੋ ਆਨਿ ਗੁਰ ਨਗਰ ਮਝਾਰੀ। ਕਰੀ ਜਾਇ ਜੇਤਿਕ ਸਿਖ ਸੇਵਾ।ਤੇਤਿਕ ਕਰਤਿ ਨਿਕਟ ਗੁਰਦੇਵਾ ॥੪੨॥ ਸਭਿ ਪ੍ਰਕਾਰ ਸਤਿਗੁਰੂ ਨਿਬਾਹੀ। ਸੇਵਾ ਕਰਤਿ ਰਹ੍ਯੋ ਘਰ ਮਾਂਹੀ। ਸ੍ਰੀ ਮੁਖ ਦਰਸਹਿ ਬਾਕਨਿ ਸੁਨੇ। ਬਡੇ ਭਾਗ ਪੂਰਬ ਕੇ ਜਿਨੇ ॥ ੪੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਸਿੱਖ ਸੁਤ' ਪ੍ਰਸੰਗ ਬਰਨਨੰ ਨਾਮ ਅਸ਼ਟ ਚਤ੍ਵਾਰਿੰਸਤੀ ਅੰਸੂ ॥ ੪੮ ॥

## ੪੯. [ਮਾਲਾ ਸਿੰਘ ਤੇ ਲਾਹੌਰਾ ਸਿੰਘ]।

ਦੋਹਰਾ ॥ *ਇਸ ਪ੍ਰਕਾਰ ਸ੍ਰੀ ਸਤਿਗੁਰੂ ਸਿੱਖਨਿ ਕਰਹਿਂ ਸੰਭਾਰ। ਭਰਿ ਭਰਿ ਪੂਰ ਲੰਘਾਵਹੀਂ ਅਤਿ ਭਵਜਲ ਤੇ ਪਾਰ ॥ ੧ ॥ ਨਿਸ਼ਾਨੀ ਛੰਦ ॥ ਬੀਤ੍ਯੋ ਮਾਸ ਵਿਸਾਖ ਸ਼ੁਭ ਚਢਿ ਕਾਨਨ[2] ਜਾਤੇ। ਤਰਵਰ ਪੁਸ਼ਪਤਿ ਨਿਰਖਤੇ[3] ਸ਼ੋਭਾ ਬਹੁ ਭਾਂਤੇ। ਬਰਨ ਬਰਨ[4] ਕੇ ਪੁਸ਼ਪ ਗੱਨ ਚਿਤ ਮੋਦ ਉਪਾਵੈਂ। ਬਿਚਰਹਿਂ ਕਰਤਿ ਅਖੇਰ ਕੋ ਜਿਤ ਕਿਤ ਫਿਰਿ ਆਵੈਂ ॥ ੨ ॥ ਜਹਿ ਕੁਨੀਤ ਦੇਖਹਿਂ ਸੁਨਹਿ, ਚਢਿ ਦੁਸ਼ਟ ਬਿਡਾਰੈਂ[5]। ਦੇਤਿ ਉਪਾਇਨ ਕੋ ਮਿਲੈ

[1] ਲਿਆਕੇ। [2] ਬਨਾਂ ਨੂੰ। [3] ਫੁੱਲਾਂ ਨਾਲ ਲਦੇ ਹੋਏ ਬ੍ਰਿਛ ਵੇਖਦੇ। [4] ਰੰਗਾਂ ਰੰਗਾਂ ਦੇ। [5] ਮਾਰਦੇ ਹਨ।

*ਇਹ ਸੌ ਸਾਖੀ ਦੀ ਸੱਤਵੀਂ ਸਾਖੀ ਹੈ।

ਤਿਸ ਰੱਛਨਾ ਧਾਰੈਂ । ਅਕਰਹਿ ਆਨ ਨ ਮਾਨਹੀਂ, ਹੁਇ ਆਪ ਭਰੋਸਾ[1] । ਲੂਟਹਿ ਤਿਸ ਕੋ ਖਾਲਸਾ ਜਾਨਹਿਂ ਜਿਸ ਦੋਸ਼ਾ[2] ॥ ੩ ॥ ਇਸੀ ਰੀਤਿ ਗ੍ਰੀਖਮ ਬਿਤੀ,ਬਰਖਾ ਰਿਤੁ ਆਈ । ਨਈ ਘਟਾ ਚਹੁੰਦਿਸ਼ਿ ਉਠੀ ਘਮੰਡੈ ਸਮੁਦਾਈ । ਧਾਰਾ ਛੋਰਤਿ ਧਰਨਿ ਪਰ ਹਰਿਆਵਲ ਹੋਈ।ਦਾਦਰ ਮੋਰਨਿ ਸ਼ੋਰ ਕਰਿ ਚਿਤ ਹਰਖੇ ਸੋਈ ॥ ੪ ॥ ਕਰਹਿ ਅਨੰਦ ਅਨੰਦਪੁਰਿ ਸੁਖ-ਕੰਦ ਮੁਕੰਦਾ[3] । ਭਾਦੂ ਮਾਸ ਜਲ ਬ੍ਰਿੰਦ ਭਾ ਬਿਚ ਨਦੀ ਬਹੰਦਾ । ਮੰਦਰ ਹੁਤੋ ਉਤੰਗ ਬਹੁ ਤਿਸ ਪਰ ਨਿਸ ਮਾਂਹੀ । ਹਿਤ ਸੁਪਤਨਿ ਸਤਿਗੁਰ ਚਢੇ ਗਰਮੀ ਜਹਿਂ ਨਾਂਹੀ॥੫॥ਆਇ ਬਾਯੁ ਸਭਿ ਦਰਨਿ ਤੇ ਸੀਤਲ ਸਮੁਦਾਈ। ਤਹਾਂ ਪ੍ਰਯੰਕ ਡਸਾਇ ਬਰੁ ਸੁਮਨਤਿ ਸੁਖਦਾਈ[4] । ਚੰਪਕ ਚੰਬੇਲੀ ਰੁਚਿਰ ਕਰਿ ਦੀਰਘ ਮਾਲਾ । ਲਰਕਾਈ ਦਰ ਸਭਿਨਿ ਮਹਿਂ ਮਹਿਕਾਰ ਬਿਸਾਲਾ ॥੬॥ ਅਤਰ ਅਰਗਜਾ[5] ਅਨਿਕ ਬਿਧਿ ਭੀਤਨਿ[6] ਸਭਿ ਲਾਏ । ਦੀਪਤਿ ਦੀਪਕ ਮੈਨ ਕੇ[7] ਫਾਨੂਸ ਟਿਕਾਏ । ਆਸਤਰਨ ਸੁੰਦਰ ਬਿਸਦ ਕਸਿ[8] ਰੇਸ਼ਮ ਡੋਰੇ । ਗੁੰਫੇ ਦੀਰਘ ਜ਼ਰੀ ਕੇ ਲਰਕਤਿ ਚਹੁੰ ਓਰੇ ॥ ੭ ॥ ਥਿਰੇ ਸੇਜ ਪਰ ਸਤਿਗੁਰੂ ਹਿਤ ਸੁਪਤਨ ਕੇਰੇ[9] । ਘਰ ਸਿੱਖਨ ਕੇ ਨਿਕਟ ਥੇ ਬਰ ਸੁਨੀਅਤਿ ਨੇਰੇ । ਨਾਮ ਲਹੌਰਾ ਸਿੰਘ ਇਕ ਪ੍ਰਭੁ ਸੁਤਨਿ[10] ਖਿਲਾਵਾ । ਦੂਸਰ ਮਾਲਾ ਸਿੰਘ ਕੋ ਘਰ ਨਿਕਟ ਬਨਾਵਾ ॥ ੮ ॥ ਕਰਤਿ ਹੁਤੋ ਬਿਵਹਾਰ ਕੋ ਧਨ ਲੇਨਿ ਰੁ ਦੈਨਾ । ਸਿਖ ਸ਼ਰਧਾਲੂ ਮਹਾਜਨ[11] ਲੱਜਤਿ ਬਹੁ ਨੈਨਾ[12] । ਤੋਟੇ ਬਨਜ ਗ਼ਰੀਬ ਭਾ[13],ਸ਼ੁਭ ਜਾਂਹਿ ਸੁਭਾਊ । ਕਰਜ ਲਹੌਰਾ ਸਿੰਘ ਲੇ ਨਿਜ ਕਾਰ ਚਲਾਊ॥੯॥ ਹੁਤੇ ਰਜਤਪਣ ਸਤ[14] ਲਏ ਬੀਤਯੋ ਚਿਰਕਾਲਾ । ਦਿਏ ਨ ਬਹੁਰ ਹਟਾਇ ਕਰਿ[15] ਹਠਿ ਧਾਰਿ ਬਿਸਾਲਾ । ਮਾਲਾਸਿੰਘ ਮੰਗਤ ਰਹੈ ਨਿਰਧਨ ਹੁਇ ਚਾਹੇ । ਦੇਤਿ ਲਹੌਰਾ.

[1](ਜੋ) ਆਕੜਦੇ ਹਨ ਤੇ ਆਨ ਨਹੀਂ ਮੰਨਦੇ ਤੇ ਆਪਣੇ (ਧਨ ਬਲ ਦਾ) ਭਰੋਸਾ ਰੱਖਦੇ ਹਨ। [2]ਜਿਸ ਵਿਚ ਦੋਸ਼ ਦੇਖਦਾ ਹੈ ਖਾਲਸਾ (ਤੇ ਜਿੱਥੇ ਕੁਨੀਤ ਹੁੰਦੀ ਹੈ ਜੋ ਪਹਿਲੀ ਤੁਕ ਵਿਚ ਕਹਿਆ ਹੈ )। [3]ਭਾਵ ਗੁਰੂ ਜੀ। [4]ਸੁਹਣੇ ਸੁਖਦਾਈ ਫੁੱਲਾਂ ਨਾਲ ਵਿਛਾਇਆ ਹੋਇਆ। [5]ਚੰਦਨ, ਕਸਤੂਰੀ, ਕਪੂਰ, ਕੇਸਰ, ਆਦਿ ਅੱਠ ਸੁਗੰਧੀਆਂ ਦੇ ਮੇਲ ਤੋਂ ਬਣਿਆਂ ਲੇਪ, [ਸਿਃ, ਅਗਰੂ=ਚੰਦਨ]। [6]ਕੰਧਾਂ (ਉਪਰ)। [7]ਮੋਮ ਦੇ ਦੀਵੇ ਭਾਵ ਮੋਮ ਬੱਤੀਆਂ। [8]ਕੱਸੇ ਹੋਏ। [9]ਸੌਣ ਦੇ ਲਈ। [10]ਸਾਹਿਬਜ਼ਾਦਿਆਂ ਦਾ। [11]ਮਹਾਜਨ ਸੀ ਭਾਵ ਰੁਪੈ ਲੈਣ ਦੇਣ ਦਾ ਬਪਾਰੀ। [12]ਅੱਖਾਂ ਵਿਚ ਹਯਾ ਵਾਲਾ ਸੀ। [13]ਵਣਜ ਦੇ ਘਾਟੇ ਨਾਲ ਗਰੀਬ ਹੋ ਗਿਆ। [14]ਸੌ। [15]ਮੋੜਕੇ ਨਾ ਦਿੱਤੇ।

ਸਿੰਘ ਨਹਿ ਟਾਰੇ ਟਰਿ ਜਾਹੇ[੧] ॥ ੧੦ ॥ ਗੁਜਰ ਤੰਗ ਤਿਸ ਕੀ ਭਈ ਸਿਖਣੀ ਸਮੁਝਾਯੋ ।'ਕਯੋਂ ਨ ਲੇਤਿ ਸ਼ੁਭ ਰਜਤਪਣ ਘਰਿ ਦਾਰਿਦ[੨] ਆਯੋ। ਅਸਨ ਬਸਨ ਚਾਲਹਿ ਕਠਨ, ਹੁਇ ਕਹਹੁ ਕਠੋਰਾ । ਕਯੋਂ ਨ ਦੇਤਿ ਹਮਰੋ ਦਰਬ ਕਯੋਂ ਠਾਨਹਿ ਜ਼ੋਰਾ ॥ ੧੧ ॥ ਖ਼ਾਤਰ ਮਹਿਂ ਆਨਤਿ ਨਹੀ[੩] ਕਰਿ ਆਲਾ ਟੋਲਾ । ਅਬਿ ਨਿਸ ਮਹਿ ਤਿਸ ਕੇ ਸਦਨ ਗਮਨਉ ਤਜਿ ਓਲਾ'।ਤ੍ਰਿਯ ਤੇ ਮਾਲਾ ਸਿੰਘ ਸੁਨਿ ਤਿਹ ਸਦਨ ਸਿਧਾਰਾ।ਮਿਲਯੋ ਲਹੌਰਾ ਸਿੰਘ ਕੋ 'ਦਿਹੁ ਦਰਬ' ਉਚਾਰਾ ॥ ੧੨ ॥ 'ਟਾਰਤਿ ਹੈਂ ਨਿਤ ਕੂਰ ਕਹਿ ਅਬਿ ਲੇ ਕਰਿ ਜਾਵੈਂ । ਬਨਯੋਂ ਢੀਠ ਕਿਸੁ ਹੇਤ ਕਰਿ ਮੈਂ ਚਲਿ ਕਰਿ ਆਵੈਂ[੪]'।ਇੱਤਯਾਦਿਕ ਝਗਰਾ ਕਿਯੋ ਊਚੇ ਬਚ ਸੰਗਾ।ਹਸਯੋ ਲਹੌਰਾ ਸਿੰਘ ਤਬਿ ਤੁਕ ਭਨੀ ਉਤੰਗਾ ॥ ੧੩ ॥ ਦੋਹਰਾ ॥ 'ਸਿੱਖ ਸਿੱਖ ਦਾ ਖਾਇ ਕਰਿ ਚਿੰਤਾ ਕਰੀਅਹਿ ਦੂਰ'। ਕਹਯੋ ਦੁਖਾਵਨਿ ਹੇਤ ਇਮ ਜਿਸ ਤੇ ਰਿਸ ਹੁਇ ਭੂਰ ॥ ੧੪ ॥ ਬਹੁਰ ਕਹੀ ਤੁਕ ਦੂਸਰੀ ਊਚੇ ਬਾਕ ਸੁਨਾਇ।'ਜੈਸਾ ਜਿਸ ਕਾ ਲੇਖ ਹੈ ਤੈਸੀ ਬਿਧਿ ਬਨਿ ਆਇ*'॥੧੫॥ ਮਾਲਾ ਸਿੰਘ ਸੁਨਿਕੈ ਰਿਸਯੋ 'ਧਨ ਲੇ ਗਯਾਨ ਸੁਨਾਇ[੫]'।ਭਨਯੋ ਦੋਹਰਾ 'ਤਲ ਨ ਕਰਿ[੬] ਧਰਮ ਰੀਤਿ ਇਸ ਭਾਇ ॥ ੧੬ ॥ ਦਰਗਹਿ ਹੋਨ ਸਜਾਈਆਂ ਝੂਠੇ ਅਮਲ ਜਿਨਾਹਿ[੭]।ਜਮ ਮਾਰਾਂ ਗਹਿ ਮਾਰੀਅਹਿ[੮]†ਰੋਇ ਰੋਇ ਪਛੁਤਾਇ‡'॥੧੭॥ ਨਿਸ਼ਾਨੀ ਛੰਦ ॥ ਸੁਨਯੋਂ ਲਹੌਰਾਸਿੰਘ ਇਮ ਪੁਨ ਬਾਕ ਕਹੰਦਾ।'ਲੇਖਾ ਕੋਇ ਨ ਪੁੱਛਸੀ ਜਾਂ ਗੁਰ ਬਖਸ਼ੰਦਾ§'।ਸੁਨੀ ਤੁਕਾਂ ਸਭਿ ਸਤਿਗੁਰੂ ਮੰਦਿਰਪਰ ਨੇਰੇ । ਰਿਦੈ ਬ੍ਰਿੱਤਿ ਬਿਚਾਰਿਓ—ਸਿਖ ਸੇਵਕ ਮੇਰੇ ॥੧੮॥ ਧਨ ਲੇ ਧੱਕਾ

---

[੧]ਟਾਲਿਆਂ ਨਾਲ ਟਾਲ ਦੇਵੇ। [੨]ਕੰਗਾਲਤਾ। [੩]ਦਿਲ ਵਿਚ ਕੁਛ ਲਿਆਉਂਦਾ ਹੀ ਨਹੀਂ। [੪]ਆਉਂਦਾ ਰਹਿੰਦਾ ਹਾਂ। [੫]ਧਨ ਲੈਕੇ ਗਿਆਨ ਸੁਣਾਉਂਦਾ ਹੈਂ ਤੂੰ। [੬]ਤੂੰ ਧੱਕਾ ਨਾ ਕਰ। [੭]ਜਿਨ੍ਹਾਂ ਦੇ ਹਨ। [੮]ਜਮ ਫੜਕੇ ਜਦ ਮਾਰਾਂ ਮਾਰਦਾ ਹੈ।

*ਇਕ ਲਿਖਤੀ ਨੁਸਖੇ ਵਿਚ ਪਾਠਾਂਤਰ ਇਹ ਹੈ:—'ਖਾਣਾ ਪੀਣਾ ਹਸਣਾ ਗੁਰੂ ਦੀਆ ਭੁਗਤਾਇ', ਇਸ ਤੋਂ ਅਗੇ ਇਹ ਪਾਠ ਹੈ:—'ਬੇਰ ਤੀਸਰੀ ਫੇਰ ਤੁਕ ਹੇਰਤ ਹਸਤ ਸੁਨਾਇ । ਜੈਸਾ ਜਿਸ ਕਾ ਲੇਖ ਹੈ ਤੈਸੀ ਬਿਧਿ ਬਨਿ ਆਇ।' †ਪਾ:—ਜਮੂਆ ਆਗੇ ਮਾਰਿ ਹੈ। ਪੁਨਾ:—ਜਮੂਆ ਮਾਰਹਿ ਮਾਰੀਅਹਿ। ‡ਸੌ ਸਾਖੀ ਦਾ ਪਾਠ ਹੈ:—ਜਮੂਆ ਮਾਂਗੇ ਮਾਰੀਐ ਰੋਇ ਰੋਇ ਪਛੋਤਾਇ। ਇਹ ਤੁਕਾਂ ਗੁਰਬਾਣੀ ਵਿਚ ਨਹੀਂ ਹਨ।

§ਇਹ ਗੁਰਵਾਕ ਹੈ:—'ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ' ॥ [ਮਾਰੂ ਵਾ: ਤ: ਮ: ੫।

Sri Satguru Jagjit Singh Ji eLlibrary NamdhariElibrary@gmail.com

ਕਰਿ ਰਹਯੋ ਰਿਣ ਨਾਂਹਿ ਨ ਦੇਤਾ॥ਦਿਯੋ ਭਾਰ ਇਨ ਗੁਰੂ ਪਰ, ਧਰਿ ਲੋਭ ਅਚੇਤਾ। ਕਰਿ ਕੈ ਖੋਟੇ ਅਮਲ ਕੋ ਤੁਕ ਪੜ੍ਹੀ ਸੁਨਾਈ। ਹਮ ਕੋ ਭਾਰ ਨ ਹੋਇ ਕਿਮ–ਮਨ ਮਹਿਂ ਠਹਿਰਾਈ ॥ ੧੯ ॥ ਦੋਹਰਾ ॥ ਸਹਜਿ ਸੁਭਾਇਕ ਆਪ ਹੀ ਸਤਿਗੁਰ ਕਹਯੋ ਸੁਨਾਇ। ਉੱਤਰ ਦੇ ਤੁਕ ਪ੍ਰਥਮ ਕੋ ਜਥਾ ਜੋਗ ਤਿਸ ਭਾਇ ॥ ੨੦ ॥ 'ਖਾਵੈ ਖਰਚੁ* ਨ ਦ੍ਰੋਹ ਕਰਿ ਰਹੀਐ ਬੰਦ ਹਜੂਰ'[੧]। ਸਮਝ ਕਰਹੁ ਨਿਜ ਕ੍ਰਿਆ ਸਭਿ ਜਿਸ ਤੇ ਧਰਮ ਨ ਦੂਰ' ॥ ੨੧ ॥ ਪੁਨ ਉਤਰ ਤੁਕ ਦੂਸਰੀ ਊਚੇ ਭਨੀ ਸੁਨਾਇ। 'ਜੈਸੇ ਕਰਮ ਕਰਤਾ ਕਰੈ[੨] ਤੈਸਾ ਗੁਰ ਭੁਗਤਾਇ ॥ ੨੨ ॥

ਮਃ ੧ ॥

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥'

ਚੌਪਈ। ਊਚੇ ਮੰਦਰ ਪਰ ਗੁਨਖਾਨੀ। ਉੱਤਰ ਕੀ ਤੁਕ ਤਬਹਿ ਬਖਾਨੀ। ਤਬਹਿ ਲਹੌਰਾ ਸਿੰਘ ਦਬ ਗਯੋ। ਲਖਿ ਨਿਜ ਕੂਰੋ ਕਹਤਿ ਨ ਭਯੋ ॥ ੨੩॥ਮਾਲਾ ਸਿੰਘ ਕੋ ਮ੍ਰਿਦੁਲ ਉਚਾਰੇ। 'ਦੈ ਹੈਂ ਧਨ ਪੁਨ ਆਉ ਸਕਾਰੇ। ਹਸਤ ਹੁਤੋ, ਨਹਿ ਕੀਜੈ ਰੋਸ। ਛਿਮਾ ਧਰਹੁ, ਸਿਮਰਹੁ ਨਹਿ ਦੋਸ਼'॥੨੪॥ ਇਮ ਕਹਿ ਨਿਜ ਨਿਜ ਘਰ ਸੁਪਤਾਏ। ਸਰਬ ਜਾਮਨੀ ਜਬਹਿ ਬਿਤਾਏ। ਉਠਿ ਕਲਗੀਧਰ ਸ਼ੌਚ ਸ਼ਨਾਨੇ।ਪਹਿਰੇ ਬਸਤ੍ਰ ਦਿਪਤਿ ਦੁਤਿਵਾਨੇ ॥੨੫॥ ਸਭਾ ਮਝਾਰ ਬਿਰਾਜੇ ਜਾਈ। ਮਿਲੇ ਸਭਾਸਦ ਜੇ ਸਮੁਦਾਈ। ਉਠਯੋ ਲਹੌਰਾ ਸਿੰਘ ਸਕਾਰੇ। ਮਾਲਾ ਸਿੰਘ ਕੋ ਨਿਕਟਿ ਹਕਾਰੇ ॥ ੨੬॥ ਗਿਨਕੈਂ ਰਜਤਪਣ ਸਤ ਦੇ ਦੀਨਾ। ਕਰਜ ਉਤਾਰ ਹਰਖ ਤਿਸ ਕੀਨਾ। ਪੁਨ ਕਰਿ ਸ਼ੌਚ ਸ਼ਨਾਨ ਸੁਧਾਰਾ। ਜਹਿਂ ਕਲਗ਼ੀਧਰ ਕੋ ਦਰਬਾਰਾ ॥੨੭॥ ਜੋਰੇ ਹਾਥ ਧਰੇ ਪਦ ਮਾਥਾ। ਨਿਸ ਬ੍ਰਿਤਾਂਤ ਚਿਤਵਤ ਚਿਤ ਸਾਥਾ। ਹਿਤ ਬਖਸ਼ਾਵਨ ਦੋਸ਼ ਮਹਾਨਾ। ਹੋਇ ਦੀਨ ਮਨ ਤਬਹਿ ਬਖਾਨਾ ॥੨੮॥ ਛੰਦ ॥ 'ਗੁਰ ਤੇ ਵਿਛੁੜਿਆ ਸਿਖ ਲੋਭੀ ਕਾਮ ਕਹੁ[੩]। ਬਖਸ਼ੋ ਗੁਰ ਬਖਸ਼ਿੰਦ ਮੇਲੋ ਛਾਡਿ ਰੂਹੁ[੪]। ਔਗਣਹਾਰੇ[੫] ਨੀਤ, ਚਲੈਂ ਨਹਿ ਸਾਚ ਮਗ। ਲੰਪਟ ਭਏ ਕੁਟੰਬ ਨ ਮਿੱਥਯਾ ਲਖ੍ਯੋ ਜਗ'॥੨੯॥ਦੋਹਰਾ॥ਹਸਿ ਕਰਿ ਸ੍ਰੀ ਮੁਖ ਤੇ ਕਹਯੋ 'ਨਹਿ

[੧]ਧ੍ਰੋਹ ਕਰਕੇ ਖਾਵੇ ਖਰਚੇ ਨਾ ਤੇ (ਹੱਥ) ਬੰਨ੍ਹਕੇ ਗੁਰਾਂ ਦੇ ਹਜ਼ੂਰ ਰਹੇ। [੨]ਕਰਮ ਕਰਨ ਵਾਲਾ ਮਨੁੱਖ ਜੈਸਾ ਕਰਮ ਕਰੇ। [੩]ਕਾਮਨਾ ਅਧੀਨ ਲੋਭੀ ਹੋਕੇ। [੪]ਕ੍ਰੋਪ ਛੋੜਕੇ ਗੁਰੂ ਮੇਲ ਲਵੇ। [੫](ਅਸੀਂ) ਔਗਣਹਾਰੇ ਹਾਂ। *ਪਾ:–ਖੁਆਇ।

ਧਰੀਐ ਬਿੱਪ੍ਰੀਤ । ਗੁਰ ਕੀ ਏ ਆਗਯਾ ਸਹੀ[1] ਬੇਦ ਧਰਮ ਕੀ ਰੀਤਿ[2] ॥ ੩੦॥ਕਾਮ ਕ੍ਰੋਧ ਮਦ ਲੋਭ ਤੇ ਕਰਹੁ ਨਹੀਂ ਅਪਰਾਧ। ਰਿਦਾ ਸਰਲ ਬਿਨ ਕਪਟ ਤੇ ਪੰਥ ਚਲਹਿ ਇਹ ਸਾਧ[3] ॥ ੩੧ ॥ ਨਿਕਟ ਬਿਠਾਯਹੁ ਆਪਨੇ ਸਿੱਖਨਾ ਦੈਬੇ ਹੇਤੁ । ਸੁਨਤਿ ਸਭਾ ਮਹਿ ਸਿੱਖ ਸਭਿ ਸੰਗਤਿ ਸੁਮਤਿ ਸਮੇਤ ॥ ੩੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁੱਤੇ 'ਸਿੱਖ ਤੇ ਕਰਜ ਦਿਵਾਵਨਿ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤੀ ਅੰਸੂ ॥ ੪੯ ॥

## ੫੦. [ਮੁਕਤਿ ਨਾਮਾ]।

ਦੋਹਰਾ॥*ਬਹੁਰ ਸਭਾ ਮਹਿੰ ਸਤਿਗੁਰੂ ਸੁਮਤਿ ਸਭਿਨਿ ਕੌ ਦੈਨ । ਤਯਾਗਨ ਕੁਮਤਿ ਬਿਕਾਰ ਕੋ ਸ੍ਰੀ ਮੁਖ ਉਚਰੇ ਬੈਨ ॥੧॥ਚੌਪਈ॥ 'ਸੁਨਿ ਗੁਰ ਸਿੱਖਹੁ ਸ਼ੁਭ ਉਪਦੇਸ਼ੁ । ਧਰਹਿ ਕਮਾਵੈ ਤਜੈ ਕਲੇਸ਼ੁ । ਲਖਹੁ ਮੁਕਤਨਾਮਾ ਇਸ ਨਾਮੁ । ਜਿਸ ਕੋ ਕਰਤਿ ਲਹੈ ਗੁਰਧਾਮ[3] ॥ ੨ ॥ ਸਿੱਖ ਹੋਇ ਕਿਸ ਕਰਜ ਨ ਲੇਵੈ । ਜੋ ਕਰਿ ਲੇਯ ਭਾਵ ਕਰਿ ਦੇਵੈ । ਸੁਨੇ ਨ ਝੂਠ, ਨ ਮੁਖ ਤੇ ਕਹੈ । ਸੰਗ ਝੂਠ ਕੇ ਪ੍ਰੀਤਿ ਨ ਗਹੈ ॥੩ ॥ ਸਤਿਸੰਗੀ ਹੁਇ ਸਾਚ ਕਮਾਵੈ । ਸੰਗਿ ਸਾਚ ਕੇ ਪ੍ਰੀਤਿ ਵਧਾਵੈ । ਸਚ ਉਰ ਧਰਹਿ ਮ੍ਰਿਜਾਦਾ ਸਾਚੀ । ਛਲ ਬਿਨ ਹੋਵੈ ਸਾਚ ਉਬਾਚੀ[4] ॥ ੪ ॥ ਸਚਿ ਕੇ ਸੰਗ ਜੀਵਕਾ ਜੋਈ । ਤਿਸ ਕੋ ਕਰਹਿ, ਦੰਭ ਬਿਨੁ ਹੋਈ । ਕੁਛਕ ਬਿਚਾਰ ਦੁਹਨ ਮਹਿੰ[5] ਅਹੈ । ਸੂਖਮ ਭੇਦ ਸੁਮਤਿ ਕੋ ਲਹੈ[6] ॥੫॥ ਕਹੇ ਸਾਚ ਕਿਸਿ ਹੋਵੈ ਘਾਤਿ।ਇਸ ਤੇ ਆਦਿ ਬਿਚਾਰਹੁ† ਬਾਤ । ਤਹਾਂ ਸਾਚ ਨਹਿ ਅੰਗੀਕਾਰੇ । ਬਨਿ ਉਪਕਾਰੀ ਕਾਰ ਸੁਧਾਰੇ ॥ ੬ ॥ ਇਸ ਪਰ ਇਕ ਗਾਥਾ ਸੁਨਿ ਕਾਨੇ । ਦਿਜ ਬੈਠਯੋ ਕਿਤ ਜਾਪ ਬਖਾਨੇ । ਭਾਗੀ ਧੇਨੁ ਕਸਾਈ ਕਰ ਤੇ । ਖੋਜਤਿ ਆਇ ਸੁ ਬੂਝਨ ਕਰਿਤੇ॥੭॥ਹਾਥ ਸਾਥ ਦਿਜ ਸ਼ਾਰਤ ਕਰੀ।ਗਹੀ ਜਾਇ ਪਾਪੀ ਦੁਖ ਭਰੀ। ਇੱਤਯਾਦਿਕ ਸਚ ਤਜਹੁ ਬਿਚਾਰੇ[7] । ਪਰ ਹਿਤ ਕੀਜੈ ਕੂਰ ਉਚਾਰੇ‡ ॥

[1]ਨਿਸ਼ਚੇ ਹੈ। [2]ਧਰਮ ਦੇ ਸ਼ਾਸਤ੍ਰਾਂ ਤੇ ਧਰਮ ਦੀ ਇਹ ਮ੍ਰਿਯਾਦਾ ਹੈ। [3]ਗੁਰਪੁਰੀ ਨੂੰ ਪ੍ਰਾਪਤ ਹੁੰਦਾ ਹੈ। [4]ਸੱਚਕਹਿਣ ਵਾਲਾ। [5]ਭਾਵ ਸੱਚ ਝੂਠ ਬੋਲਣ ਵਿੱਚ। [6]ਬੁੱਧੀਵਾਨ ਸੂਖਮ ਭੇਦ ਨੂੰ ਜਾਣ ਲਵੇ। [7]ਵਿਚਾਰਕੇ। *ਇਹ ਸੌ ਸਾਖੀ ਦੀ ਅੱਠਵੀਂ ਸਾਖੀ ਹੈ।

†ਪਾ:-ਬਿਚਾ ਰਹਿ। ‡ਅਵਿਹਤ ਸੱਚ ਤੇ ਵਿਹਤ ਝੂਠ ਦਾ ਇਹ ਵੇਰਵਾ ਸੌ ਸਾਖੀ ਵਿਚ ਨਹੀਂ ਹੈ, ਜਿੱਥੋਂ ਦੀ ਕਿ ਇਹ ਅੱਠਵੀਂ ਸਾਖੀ ਹੈ। ਇਹ ਵੇਰਵਾ ਜੋ ਕਵਿ ਜੀ ਨੇ ਦਿੱਤਾ ਹੈ ਬੜਾ ਸੰਖੇਪ ਹੈ ਤੇ ਉਨ੍ਹਾਂ ਦੇ ਹ੍ਰਿਦੇ ਦੇ ਭਾਵ ਨੂੰ, ਜੋ ਕਿਸੇ ਹੋਰ ਉਚੇ ਵਲਵਲਿਆਂ ਦਾ ਲਖਾਯਕ ਸੀ, ਪ੍ਰਗਟ ਨਹੀਂ ਕਰ ਰਿਹਾ, ਆਮ ਬ੍ਰਿਤੀਆਂ ਇਸਤੋਂ ਗਲਤ ਅਰਥ ਸਮਝ ਕੇ ਕੁਰਾਹੇ ਪੈ

(ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ)

੮ ॥ ਅਪਰ ਜਿਤਿਕ ਜਗ ਕੇ ਬਿਵਹਾਰੇ । ਸਚਿ ਕੇ ਸਹਿਤ ਕਰਹੁ ਹਿਤ ਧਾਰੇ।ਸਿੱਖ ਹੋਇ ਕਿਸ ਜੂਠ ਨ ਖਾਵੈ । ਸਿੱਖ ਹੋਇ ਧਨ ਪ੍ਰੇਮ ਨ ਲਾਵੈ॥੯॥ ਸਿੱਖ ਪ੍ਰਸਾਦਿ ਬਾਂਟ ਕਰਿ ਖਾਇ । ਨੰਗੇ ਕੇਸ ਨ ਕਰਿ ਚਿਰ ਲਾਇ[੧] । ਮੈਥਨ ਸੁਪਤਨਿ,ਅਚਵਨ ਆਦਿ।ਨੰਗੇ ਕੇਸ ਨ ਲੇ ਕਛੁ ਸ੍ਵਾਦ॥੧੦॥ਪਠਿ ਜਪ ਜਾਪੁ ਨਾਮੁ ਗੁਰ ਲੇਇ। 'ਤਵਪ੍ਰਸਾਦਿ'ਕਹਿ ਕਰਿ ਅਚਵੇਇ। ਨਗਨ ਨਾਇਕਾ[੨] ਨਾਂਹਿ ਨਿਹਾਰੈ। ਤ੍ਰਿਯ ਕੋ ਸਿਮਰਨ ਉਰ ਨਹਿ ਧਾਰੈ* ॥੧੧॥ ਦੋਹਰਾ॥ ਖਰ ਪਰ ਧਨ[੩] ਕੋ ਛੁਏ ਨਹਿ, ਨੀਚ ਜਾਤਿ ਤੇ ਦੂਰ† । ਕੁਠਿਆ ਮਾਸ ਨ ਖਾਈਏ, ਪਾਲਿਓ ਖਾਇ ਨ ਸੂਰ‡ ॥ ੧੨ ॥ ਚੌਪਈ ॥ ਮਲ ਕੋ ਤਜਹਿ ਸੌਚ ਪੁਨ ਧਾਰਹਿ[੪]।ਲੇ ਮ੍ਰਿਤਕਾ ਕਰ ਚਰਨ ਪਖਾਰਹਿ । ਜਲ ਕੋ ਲੇਹੁ[੫]ਮੂਤ੍ਰ ਕੇ ਪਾਛੇ । ਜਾਮ ਜਾਮਨੀ ਮੱਜਹਿ ਆਛੇ ॥ ੧੩ ॥ ਸੀਤਲ ਜਲ ਕੋ ਅੰਗੀਕਾਰੈ[੬] । ਜੇ ਨਹਿ ਸ਼ਕਤਿ[੭] ਤਪਤ ਕਰਿ ਬਾਰੈ[੮]। ਬਿਨ ਇਸ਼ਨਾਨ ਨ ਦਿਵਸੁ ਬਿਤਾਵੈ । ਬਿਨ ਇਸ਼ਨਾਨ ਨ ਭੋਜਨ ਖਾਵੈ ॥੧੪॥ ਮਹਾਂ ਦੋਸ਼ ਬਿਨ ਮੱਜਨ ਖਾਇ[੯]।ਸੰਚ ਕੋ ਰਾਖੈ ਸਦਾ ਬਨਾਇ।ਪੂਜਾ ਸਕਲ ਚਹੁ ਬਰ-ਨਨਿ ਸਹਿਤ।ਇਨ ਤੇ ਰਾਖੈ ਨਿਆਰੀ ਰਹਿਤ ॥ ੧੫ ॥ ਸਭਿ ਕੇ ਸੰਗ ਰਖੈ ਬਿਵਹਾਰੈ। ਨਿਸ਼ਚਾ ਨੇਮ ਇਨਹੂੰ ਤੇ ਨਿਆਰੈ[੧੦]।ਜਗਤ ਜੂਠ[੧੧] ਤੇ ਰਹੀਐ

---

[੧]ਚਿਰ ਤਕ ਨੰਗਾ ਸਿਰ ਕਰਕੇ ਨਾ ਬੈਠੇ। [੨]ਨਗਨ ਇਸਤ੍ਰੀ। [੩]ਸੌ ਸਾਖੀ ਦਾ ਪਾਠ ਹੈ:—ਧਨ ਪਰ ਖਰ=ਪਰਾਏ ਧਨ ਤੇ ਪਰਾਏ ਮਾਲ ਨੂੰ । ਖਰ (=ਖੋਤੇ) ਤੋਂ ਉਪਲਖਤ ਭਾਵ ਮਾਲ ਡੰਗਰ ਦਾ ਹੈ । (ਅ) ਖੋਤੇ ਨੂੰ ਤੇ ਪਰਾਏ ਧਨ ਨੂੰ ਛੋਹੇ ਨਾਂ। [੪]ਮੈਲ ਤਿਆਗਨ ਮਗਰੋਂ ਸੌਚ ਭਾਵ ਕੁਰਲਾ ਤੇ ਪੰਜ ਸ਼ਨਾਨਾ ਕਰੇ । [੫]ਭਾਵ ਹੱਥ ਧੋਵੇ । [੬](ਸ਼ਨਾਨ ਵਾਸਤੇ) ਵਰਤੇ । [੭]ਕਮਜ਼ੋਰ ਹੋਵੇ ਤਾਂ। [੮]ਗਰਮ ਜਲ ਕਰ ਲਏ। [੯]ਕਿਉਂਕਿ ਮੁਸਾਮ (ਰੋਮ ਕੂਪ) ਬੰਦ ਹੋਕੇ ਇਨਸਾਨ ਬੀਮਾਰ ਹੋ ਜਾਂਦਾ ਹੈ। [੧੦]ਸਿਖ ਆਪਣਾ ਨਿਸ਼ਚਾ ਤੇ ਨੇਮ ਧਰਮ ਚਾਰ ਵਰਨਾਂ ਤੋਂ ਵੱਖਰਾ ਰੱਖੇ। [੧੧]ਤਬਾਕੂ।

*ਸਿਮਰਨ ਕੇਵਲ ਗੁਰੂ ਪਰਮੇਸ਼ਰ ਦਾ ਚਾਹੀਦਾ ਹੈ। ਜੋ ਰਿਦੇ ਨੂੰ ਵਿਕਾਰਾਂ ਤੋਂ ਸਾਫ ਕਰਦਾ ਹੈ । ਇਸਤ੍ਰੀ ਸਿਮਰਨ ਸੁਰਤ ਵਿਚ ਕਾਮ ਭਰਦਾ ਹੈ।

†ਇਹ ਬ੍ਰਹਮਨੀ ਖਿਆਲ ਹੈ। ਗੁਰੂ ਘਰ ਵਿਚ ਜ਼ਾਤ ਦਾ ਗਰਬ ਮਨ੍ਹੇ ਹੈ।

‡ਪਾਲਤੂ ਸੂਰ ਬੜੇ ਗੰਦੇ ਪਦਾਰਥ ਖਾਕੇ ਪਲਦਾ ਹੈ।

(ਪਿਛਲੇ ਪੰਨੇ ਦੀ ਬਾਕੀ ਟੂਕ)

ਜਾਂਦੀਆਂ ਹਨ । ਕਵਿ ਜੀ ਦਾ ਆਸ਼ਾ ਇਹ ਨਹੀਂ ਹੈ ਜੋ ਅਰਥ ਕਿ ਆਪਣੇ ਅੱਖਰੀ ਅਰਥ ਵਿਚ ਦੱਸ ਰਹੇ ਹਨ । ਉਹਨਾਂ ਦਾ ਆਸ਼ਾ ਪਰਉਪਕਾਰ ਤੇ ਪ੍ਰੇਮ ਦੇ ਤਅੱਲਕਾਂ ਦੀ ਇਕ ਅੰਗ ਵਿਚ ਵਿਸ਼ੇਸ਼ਤਾ ਦੱਸਣ ਦਾ ਹੈ ਤੇ ਸੁਕੇ ਸੱਚ ਦੇ ਅਹੰਕਾਰ ਵਿਚ ਜੋ ਪਾਪ ਹੋ ਜਾਂਦੇ ਹਨ ਉਹਨਾਂ ਤੋਂ ਸੰਕੋਚ ਸਿਖਾਲਣ ਦਾ ਹੈ। ਇਹ ਪ੍ਰਸੰਗ ਪਿੱਛੇ ਰਾਸ ੨ ਅੰਸੂ ੧੭ ਵਿਚ ਆ ਚੁਕਾ ਹੈ।

ਦੂਰ। ਪਹਿਰੈ ਨਹੀਂ ਕਸੁੰਭਾ ਕੂਰ[੧] ॥ ੧੬ ॥ ਦਿਨ ਮਹਿ ਸੁਰਮਾ ਨੈਨ ਨ ਪਾਵੈ। ਕਛ ਬਿਨ ਨਗਨ ਨਹੀਂ ਸੁਪਤਾਵੈ। ਕਛ ਬਿਹੀਨ ਚਿਰਕਾਲ ਨ ਰਹੈ। ਇਕ ਤਜਿ ਦੂਜੀ ਤੁਰਤ ਹੀ ਗਹੈ ॥ ੧੭ ॥ ਸਿਮਰਨਿ ਸੱਤਿਨਾਮ ਕੋ ਧਰੈ।ਸੁਪਤਨ ਸਮੈ ਸੋਹਿਲਾ ਰਰੈ[੨]।ਬਿਘਨ ਅਨੇਕਨਿ ਕੋ ਹੁਇ ਨਾਸ਼*। ਸਦਾ ਧਰੈ ਸਤਿਗੁਰ ਕੀ ਆਸ ॥ ੧੮ ॥ ਦੋਹਰਾ ॥ ਗੁਰ ਕੀ ਪਾਹੁਲ ਸਿੱਖ ਲੇ ਰਹਿਤ ਕਮਾਵੈ ਗ੍ਰੰਥ[੩]। ਜਿਸ ਬੇੜੇ ਚੜ੍ਹਿ ਸੇਵਿ ਸੋ[੪] ਭਰਮੈ ਅਪਰ ਨ ਪੰਥ ॥ ੧੯ ॥ ਅਸਨ ਅਚਹਿ ਗੁਰ ਸਿੱਖ ਕੋ[੫] ਕੰਨਿਆ ਦੇ ਸਿਖ ਸੋਧਿ[੬]। ਅਨਰਿਣ ਹਿਤ ਕਰਿ, ਬੇਦ ਬਿਧਿ ਹੋਵੈ ਰਿਦੈ ਪ੍ਰਬੋਧ[੭]॥੨੦॥ ਚੌਪਈ॥ ਸੁਤ ਬਰਜਹਿ ਨਹਿ ਖਿਰਹਿ ਕੁਸੰਗਤਿ।ਤਿਮ ਤ੍ਰਿਯ ਕੋ ਰਖ ਬਰਜ ਕੁਪੰਗਤਿ[੮]। ਗੁਰੂ ਮੰਤ੍ਰ ਕੋ ਨਿਸਦਿਨ ਰਰੈ। ਨਿਤ ਉਠਿ ਘਰ ਕੇ ਕਾਰਜ ਕਰੈ ॥ ੨੧॥ ਧਨ ਪੂਜਾ ਪਰ ਨਹਿ ਲਲਚਾਇ। ਨਿਤ ਕੜਾਹ ਰੰਚਕ ਲਗਿ ਖਾਇ। ਸੀਤਪ੍ਰਸਾਦਿ† ਗੁਰਨਿ ਕੋ ਲੇਇ। ਜੋ ਅਰਦਾਸੀ ਬੰਟਤਿ ਦੇਇ[੯]॥੨੨॥ਜੋ ਪ੍ਰਸਾਦਿ ਕੋ ਬੰਟਨ ਕਰੈ[੧੦]।ਸਭਿ ਕੋ ਸਮ ਹੀ ਦੇ ਹਿਤ ਧਰੈ। ਕਰੈ ਈਰਖਾ ਲੋਭ ਵਧਾਵੈ। ਸੋ ਪ੍ਰਸਾਦਿ ਤਨ ਰੋਗ ਉਠਾਵੈ॥ ੨੩॥ ਦਾਰਿਦ ਦੋਤਿ ਦੋਖ ਸੋ ਹੋਇ। ਪੁਨ ਸਿਖ ਅਸਨ ਜੁ ਭੁਗਤਹਿ[੧੧] ਕੋਇ। ਉਠੈ ਨ ਛੋਡਹਿ ਥਿਰ ਜਿਸੁ ਥਾਇ[੧੨]।ਜੋ ਤਜਿਉਠਹਿ ਬਹੁਰ ਨਹਿ ਖਾਇ॥੨੪॥ਤੁਰਕ ਤੁਰਕਨੀ

---

[੧]ਕਸੁੰਭਾ ਰੰਗ (ਜੋ) ਗਰਮ (ਹੁੰਦਾ ਹੈ) [ ਸੰਸ:, ਕੂਰ=ਗਰਮ ] ਸੌ ਸਾਖੀ ਦਾ ਪਾਠ ਹੈ:—ਪਹਿਰੈ ਰੰਗ ਨ ਰਾਂਬ। [੨]ਉਚਾਰੇ। [੩]ਸ੍ਰੀ ਗੁਰ ਗ੍ਰੰਥ ਸਾਹਿਬ ਜੀ ਵਿਚ ਆਈ ਰਹਿਤ:—ਨਾਮ ਜਪਣਾ ਤੇ ਸਤਿਸੰਗ ਕਰਨਾ, ਵਿਕਾਰ ਤਜਣੇ ਇੱਤ੍ਯਾਦਿ। [੪]ਉਸੇ ਬੇੜੇ ਨੂੰ ਸੇਵੇ। [੫]ਭੋਜਨ ਗੁਰ ਸਿੱਖ ਦਾ ਖਾਵੇ। [੬]ਵਿਚਾਰ ਕੇ (ਕਿ ਸਿੱਖ ਗੁਰ ਸਿੱਖੀ ਵਿਚ ਪੱਕਾ ਹੈ।)। [੭]ਅਰਿਣੀ ਰਹਿਣ ਵਿਚ ਹਿਤ ਕਰੇ, ਧਰਮ ਗ੍ਰੰਥਾਂ ਦੀ ਮਿਰਯਾਦਾ ਮੂਜਬ ਰਿਦੇ ਵਿਚ ਗਿਆਨ ਹੋਵੇ। ਆਖੇਪਕਾਰ ਮੱਲੋਮਲੀ ਵੇਦ ਆਦਿ ਆਪਣੇ ਮਤ ਦੇ ਪਦ ਪਾਈ ਜਾਂਦਾ ਹੈ। ਇਸ ਤੋਂ ਮੁਰਾਦ ਧਰਮ ਪੁਸਤਕ ਲੈਣੀ ਹੀ ਠੀਕ ਹੈ। [੮]ਖੋਟੀ ਪੰਗਤ ਤੋਂ। [੯]ਜੋ ( ਪ੍ਰਸਾਦਿ ) ਅਰਦਾਸੀਆ ਬਾਂਟੇ ਮੂਜਬ ਦੇਵੇ। [੧੦]( ਤੇ ਜੋ ) ਪ੍ਰਸਾਦਿ ਵੰਡਦਾ ਹੈ। [੧੧](ਜਦੋਂ ਰੋਟੀ) ਖਾਂਦਾ ਹੋਵੇ। [੧੨]ਜਿਸ ਥਾਂ ਬੈਠਕੇ (ਖਾਂਦਾ ਹੋਵੇ) ਛੱਡ ਕੇ ਉਠੇ ਨਾ।

*ਸੌਣ ਵੇਲੇ ਚਿਤ ਦੇਕੇ ਪੜ੍ਹੀ ਬਾਣੀ ਦਾ ਅਸਰ ਚਿੱਤ ਤੇ ਦੇਰ ਤੱਕ ਨੀਂਦ ਵਿਚ ਰਹਿੰਦਾ ਹੈ।

†ਸੌ ਸਾਖੀ ਵਿਚ ਇਸ ਪਦ ਦੀ ਥਾਵੇਂ ਪਾਠ ਹੈ 'ਗੁਰੂ ਭੁਗਤ ਹੀ ਖਾਈਦੇ' ਮੁਰਾਦ ਹੈ ਗੁਰੂ ਜੀ ਨੂੰ ਭੋਗ ਲੱਗਣ ਦੇ ਮਗਰੋਂ। ਗੁਰੂ ਜੀ ਨੂੰ ਉਸ ਵੇਲੇ ਭੋਗ ਲੱਗਦਾ ਹੈ ਜਿਸ ਵੇਲੇ ਅਰਦਾਸਾ ਹੋ ਜਾਂਦਾ ਹੈ। ਅੱਗੇ ਪਾਠ ਹੈ 'ਜੋ ਅਰਦਾਸੀ ਦੇਇ' ਭਾਵ ਇਹ ਕਿ ਵੰਡੇ ਸਿਰ ਜਿਤਨਾ ਬਾਂਟਾ ਅਰਦਾਸੀਆ ਸਿੱਖ ਦੇਵੇ।

Sri Satguru Jagjit Singh Ji eLlibrary NamdhariElibrary@gmail.com

ਤੌ ਬਚ ਰਹੈ । ਗੁਰ ਕੇ ਸਿਖ ਪਰ ਤਰਕ ਨ ਕਹੈ । ਚਾਰਹੁੰ ਬਰਨ ਬਨਹਿ ਗੁਰ ਭ੍ਰਾਈ । ਸਾਦਰ ਭੋਜਨ ਖਾਇ ਖਵਾਈ ॥ ੨੫ ॥ ਭੇਖਨ ਕੀ ਬਾਨੀ ਕੋ ਤਜੈ[1] । ਖਾਇ ਨ ਅਸਨ ਸੀਤਲਾ ਜਜੈ[2] । ਤੁਰਕ ਸੁ ਜਾਨਹਿ ਰੋਗ ਸਮਾਨੇ । ਅਚਹਿ ਨ ਕਲਮਾ ਅਸਨ ਬਖਾਨੇ[3] ॥ ੨੬ ॥ ਬੰਚਕ ਬਿਪਰ ਦਰਬ ਮੁਸ ਲੇਯ[4] । ਭੇਖੀ ਸਿੱਖ ਭੁਲਾਵੈ ਜੇਯ[5] । ਖੰਡਨ ਨਾਰੀ[6] ਸੰਤਤਿ ਹੀਨ* । ਦੇ ਬਿਸਵਾਸ ਘਾਤ ਜਿਨ ਕੀਨਿ[7] ॥ ੨੭ ॥ ਇਨ ਕੋ ਤਜਾਗਤਿ ਬਿਲਮ ਨ ਲਾਵੈ । ਤਜਹਿ ਕੁਸੰਗੀ ਸੰਗ ਜਿ ਪਾਵੈ[8] । ਪਾਵਨ ਤਨ ਪਾਵਨ ਕਰਿ ਥਾਨ । ਘ੍ਰਿਤ ਮੈਦਾ ਲੇ ਖੰਡ ਸਮਾਨ[9] ॥ ੨੮ ॥ ਕਰਹਿ ਕੜਾਹ ਜਪੁ ਪਾਠ ਸੁ ਠਾਨੈ।ਗੁਰਪ੍ਰਸਾਦਿ ਅਰਦਾਸ ਬਖਾਨੈ[10]।ਹਾਥਜੋਰਿਠਾਂਢੋਹੁਇਕਰੈ। ਕੱਛ ਅਰੁ ਪਾਗ ਸ਼ਸਤ੍ਰ ਤਨ ਧਰੈ ॥੨੯॥ ਦੋਹਰਾ॥ ਜਿਹ ਕਾਰਜ ਗੁਰ ਭਾਵ ਹਿਤ[11] ਹੋਹਿ ਭਾਵਨੀ ਪੂਰ । ਇਹਾਂ ਸਿਦਕ ਸਾਬਤ ਭਯੋ ਆਗੇ ਸੁਖ ਭਰਪੂਰ ॥੩੦॥ ਚੌਪਈ॥ ਸਿਖ ਕੋ ਆਧਾ ਨਾਮ ਨ ਲੇਯ । ਲੇਯ ਜੁ ਜਮ ਕੇ ਵਸ ਹੁਇ ਤੇਯ । ਬਿਨਾ ਕੜਾਹ ਬਿਨ ਪਠੇ ਅਨੰਦ । ਪਰ ਤ੍ਰਿਯ ਰਮਹਿ ਨ ਹੇਤੁ ਅਨੰਦ[12] ॥੩੧ ॥ ਨਹਿ ਸੁਪਤਹਿ ਸਿਖ ਸੰਝ ਸਵੇਰੇ† । ਅਸ਼ੌਚ ਜੂਠ ਕੇ ਜਾਇ ਨ ਨੇਰੇ । ਰਖਹਿ ਨ ਕੇਸ ਖੁਲੇ, ਕਰਿ ਜੂੜਾ[13]।ਦੇ ਦਸਵੰਧ ਗੁਰੂ ਕੋ ਰੂੜਾ ॥ ੩੨ ॥ ਕਰਹਿ ਦੰਤਧਾਵਨ[14] ਜਲ ਸਾਥਾ । ਪਠਿ ਗੁਰਬਾਨੀ ਟੇਕਹਿ ਮਾਥਾ । ਨਾਨਕ ਦਾਦਕ ਤਜਿ ਦੁਇ ਗੋਤ‡ । ਸਾਕ ਗੁਰੂ ਸਿੱਖਨਿ ਸੰਗ ਹੋਤਿ ॥੩੩॥ ਇਸ ਪ੍ਰਕਾਰ ਗੁਰਮੁਖ ਕੇ ਲੱਛਨ । ਗੁਰ ਮਹਿੰ ਨਿਸ਼ਚਾ

---

[1]ਭਾਵ ਹੋਰ ਭੇਖਾਂ ਨੇ ਜਿਸ ਭੋਜਨ ਤੇ ਆਪਣੀਕਲਾਮ ਪੜ੍ਹੀ ਹੋ(ਅ)ਹੋਰ ਭੇਖਾਂ ਦੀ ਬਾਣੀ ਤਿਆਗੇ ਭਾਵ ਗੁਰਬਾਣੀ ਕਲਿਆਨ ਵਾਸਤੇਪੜ੍ਹੇ ਹੋਰ ਭੇਖਾਂ ਦੀਆਂ ਬਾਣੀਆਂਨੂੰ ਇਸਦੀ ਤੁੱਲਤਾ ਨਾ ਦੇਵੇ। [2]ਨਾ ਸੀਤਲਾ ਪੂਜੇ ਨਾ ਇਸਦਾ ਪ੍ਰਸ਼ਾਦ ਖਾਵੇ । ਸੌ ਸਾਖੀ ਦਾ ਪਾਠ ਹੈ:—ਤਜੈ ਸੀਤਲਾ ਭੋਗ । [3]ਕਲਮਾ ਜਿਸ ਭੋਜਨ ਤੇ ਕਿਹਾ ਹੋਵੇ ਉਹ ਨ ਖਾਵੇ । [4]ਠੱਗ ਬ੍ਰਾਹਮਣ ਧਨ ਨੂੰ ਹਰ ਲੈਣ ਵਾਲਾ। [5]ਜਿਹੜਾ ਭੇਖੀ ਸਿੱਖ ਜੋ ( ਲੋਕਾਂ ਨੂੰ ) ਭੁੱਲ ਦੇ ਰਸਤੇ ਪਾਵੇ । [6]ਵਿਭਚਾਰਨ, ਜਿਸ ਨੇ ਪਤਿਬ੍ਰਤ ਧਰਮ ਖੰਡ ਦਿਤਾ ਹੈ । [7]ਵਿਸਾਹ ਦੇਕੇ ਜਿਸ ਘਾਤ ਕੀਤਾ ਹੋਵੇ । [8]ਜੇ ਇਨ੍ਹਾਂ ਕੁਸੰਗੀਆਂ ਦਾ ਕਿਤੇ ਸੰਗ ਹੋ ਜਾਵੇ ਤਾਂ ਤਜੇ। [9]ਸੌ ਸਾਖੀ ਵਿਚ ਕੇਵਲ 'ਤ੍ਰਿਭਾਵਲੀ ਕੜਾਹ' ਕਰੇ ਹੀ ਲਿਖਿਆ ਹੈ ਵੇਰਵਾ ਨਹੀਂ ਦਿਤਾ । 'ਮੈਦਾ' ਖਾਲਸਾ ਜੀ ਆਟੇ ਨੂੰ ਬੀ ਕਹਿੰਦੇ ਹਨ । [10]ਗੁਰੂ ਦੇ ਪ੍ਰਸ਼ਾਦਿ ਦੀ ਅਰਦਾਸ ਉਚਾਰੇ । [11]ਜਿਸ ਕਾਰਜ ਲਈ ਗੁਰਾਂ ਵਿਚ ਪ੍ਰੇਮ ਕਰਦਾ ਹੈ । [12](ਸੰਸਾਰਕ) ਆਨੰਦ ਵਾਸਤੇ । [13]ਜੂੜਾ ਕਰਕੇ (ਰੱਖੇ) । [14]ਦਾਤਨ । *ਇਹ ਪਦ 'ਸੰਤਤ ਹੀਨ' ਸੌ ਸਾਖੀ ਵਿਚ ਨਹੀਂ ਹੈ। †ਕਿਉਂਕਿ ਆਲਸ ਪੈਂਦਾ ਹੈ। ‡ਦਾਦੇ ਨਾਨੇ ਦੀ ਉਲਾਦ ਆਪੋ ਵਿਚ ਵਿਆਹ ਕਰੇ ਤਾਂ ਕਈ ਖਾਨਦਾਨੀ ਰੋਗ ਵਧ ਜਾਂਦੇ ਹਨ । ਵੈਦ ਲੋਕ ਮਨ੍ਹੇ ਕਰਦੇ ਹਨ ।

Sri Satguru Jagjit Singh Ji eLlibrary NamdhariElibrary@gmail.com

ਧਰਹਿ ਬਿਚੱਛਨ। ਮਰੇ ਸਿਖ ਤੇ ਕਰੇ ਕੜਾਹ। ਤਿਸ ਕੁਟੰਬ ਰੁਦਨਹਿ ਬਹੁ ਨਾਂਹ ॥ ੨੪ ॥ ਤਜਹਿ ਸ਼ੋਕ ਸਭਿ ਅਨੰਦ ਬਢਾਇ। ਨਹਿੰ ਪੀਟਹਿੰ ਤ੍ਰਿਯਾ ਮਿਲਿ ਸਮੁਦਾਇ। ਪਢਹਿੰ ਸ਼ਬਦ ਕਿਰਤਨ ਕੋ ਕਰੈਂ। ਸੁਨਹਿ ਬੈਠ ਬੈਰਾਗ ਸੁ ਧਰੈਂ॥੨੫॥ਪੁੰਜ ਸੰਤ*ਦਿਜ ਸਿੱਖ ਹਕਾਰੈ[1]।ਜਥਾ ਸ਼ਕਤਿ ਕਰਿਵਾਇ ਅਹਾਰੈ। ਦਰਬ ਬਸਤੁ ਦੇ ਭੇਟਨਿ ਤਾਂਹੀ। ਰੀਤਿ ਬੇਦ ਕੀ ਤਜਾਗੈ ਨਾਂਹੀ† ॥ ੨੬ ॥ ਕ੍ਰਿਆ ਸਮੇਤ ਸਿੱਖ ਕੋ ਸਾਰੈ। ਕੇਸ ਛਾਪ ਗੁਰ ਸਿਰ ਨ ਉਤਾਰੈ। ਪਾਹੁਲੀਆ ਸਿਖ ਰਖੈ ਅਦਾਬਿ[2]। ਰਖਹਿ ਨ ਬੇਮੁਖ[3] ਹ੍ਵੈ ਸੁ ਖਰਾਬ ॥ ੨੭ ॥ ਸਹੈ ਸਾਸਨਾ ਜਮ ਕੀ ਭਾਰੀ। ਪਰਹਿ ਨਰਕ ਮਹਿ ਹ੍ਵੈ ਨ ਉਬਾਰੀ। ਛਾਪ ਗੁਰੂ ਕੀ ਗੁਰ ਸਮ ਜਾਨੈ[4]।ਗੁਰ ਸਮ ਅਦਬ ਕੇਸ ਕੋ ਠਾਨੈ ॥ ੨੮ ॥ ਜੋ ਉਤਰਾਹਿ[5] ਤਾਂਹਿ ਤਜਿ ਦੇਨਾ। ਸਾਕ ਤਜਹਿ[6] ਕਰ ਪਾਨ ਨ ਲੇਨਾ[7]। ਖਾਨ ਪਾਨ ਜੋ ਦੇਵੈ ਤਾਂਹਿ।ਪਾਪ ਭਾਗ ਸੋ ਭੀ ਕੁਛ ਪਾਹਿ॥੨੯ ॥ ਤੁਰਕ ਮੀਤ ਕਰੀਐ ਨ ਵਿਸਾਹੂ[8]। ਪਢਹਿ ਪਾਰਸੀ[9]ਬੇਮੁਖ ਵਾਹੂ। ਮਰਨ

[1]ਸ੍ਰੇਸ਼ਟ ਸੰਤ ਤੇ ਦ੍ਵਿਜਨਮ ਸਿੱਖ ਭਾਵ ਅੰਮ੍ਰਿਤਧਾਰੀ ਸਿੱਖ। ਸਿੱਖ ਅੰਮ੍ਰਿਤ ਛਕ ਕੇ ਦ੍ਵਿਜ ਹੁੰਦਾ ਹੈ ਯਥਾ—'ਸਤਿਗੁਰ ਕੈ ਜਨਮੈ ਗਵਨੁ ਮਿਟਾਇਆ'। ਪਰ ਸੌ ਸਾਖੀ ਦੀ ਤੁਕ ਹੈ:—'ਸੰਤ ਸੰਬ੍ਰਹ ਬਿੱਪਨ ਸਿਖਨ' ਸਾਰੇ ਸੰਤ, ਬ੍ਰਾਹਮਣ, ਸਿੱਖ। [2]( ਕੇਸਾਂ ਦਾ ) ਅਦਬ। [3]ਜੇ ਬੇ-ਮੁਖ ( ਕੇਸਾਂ ਦਾ ਅਦਬ) ਨ ਰਖੇਗਾ। [4]ਭਾਵ ਕੇਸ ਗੁਰੂ ਕੀ ਛਾਪ ਹੈ। [5]ਜੇ (ਕੇਸ) ਉਤਰਾਵੇ। [6]ਸਾਕ (ਉਸ ਦਾ) ਤਜ ਦੇਵੇ। [7]ਪਾਣੀ ਹੱਥੋਂ ਨਾਂ ਲਵੇ। [8]ਤੁਰਕ ਭਾਵੇਂ ਮਿੱਤ੍ਰ ਹੋਵੇ ਉਸ ਦਾ ਵਿਸਾਹ ਨਾ ਕਰੀਏ। (ਕਿਉਂਕਿ ਕੌਮੀ ਵੰਗਾਰ ਵੇਲੇ ਮੁਸਲਮਾਨ ਕਿਸੇ ਦਾ ਸੱਕਾ ਨਹੀਂ ਬਣਦਾ )। [9]ਸੌ ਸਾਖੀ ਦਾ ਪਾਠ ਹੈ:—ਤੁਰਕ ਪਾਰਸੀ ਜੋ ਪੜ੍ਹ ਜੀਵਨ ਲੇਵੇ ਸਿੱਖ=ਜੋ ਤੁਰਕਾਂ ਦੀ ਫਾਰਸੀ ਪੜ੍ਹਕੇ ਜੀਵਨ ਨੂੰ ਉਸ ਰਾਹੇ ਟੋਰੇ। ਇਸ ਤੋਂ ਮੁਰਾਦ ਹੈ ਮੁਸਲਮਾਨਾਂ ਦਾ ਇਲਮ ਅਦਬ ਤੇ ਸ਼ਰ੍ਹਾ ਪੜ੍ਹਕੇ ਉਹਨਾਂ ਵਰਗੇ ਖ਼ਯਾਲ ਤੇ ਰਹੁਰੀਤ (culture) ਨਾ ਸਿੱਖੇ ਕਿਉਂਕਿ ਉਸ ਵਿਚ ਤਅੱਸਬ ਹੈ। ਫਾਰਸੀ ਬੋਲੀ ਤੋਂ ਏਥੇ ਮਨ੍ਹੇ ਨਹੀਂ ਕੀਤਾ। *ਪਾ:—ਪੰਜ ਸੱਤ।

†ਸੌ ਸਾਖੀ ਦਾ ਪਾਠ ਹੈ:—ਬੇਦ ਕੀ ਰੀਤ ਕੋ ਤਜਾਗ ਕਰੇ, ਨਹਿ ਕਿਰਿਆ ਕੋ ਮਾਨ ਸੁ ਸਿੱਖ ਸੜਾਵੇ। ਅਰਥਾਤ ਵੇਦ ਦੀ ਰੀਤੀ ਨੂੰ ਤਿਆਗ ਦੇਵੇ ਤੇ ਸਿੱਖ ਪ੍ਰਾਣੀ ਨੂੰ ਕ੍ਰਿਯਾ ਦੀ ਰੀਤੀ ਨਾਲ ਨਾ ਸਾੜੇ। ਕਵਿ ਜੀ ਨੇ ਨਹਿ ਨੂੰ ਪਹਿਲੋਂ ਲਾ ਲਿਆ ਹੈ। ਇਹ ਤਾਂ ਪੁਰਾਣੀ ਰੀਤਿ ਸੀ ਹੀ, ਇਸ ਦੇ ਕਹਿਣ ਦੀ ਲੋੜ ਨਹੀਂ ਸੀ, ਲੋੜ ਤਾਂ ਤਾਂਹੀ ਹੈ ਜੇ ਲੌਕਿਕ ਬੈਦਕ ਰੀਤਾਂ ਛੁਡਾ ਰਹੇ ਹਨ, ਤਾਂ ਹੀ ਕਹਿਣਾ ਫਬਦਾ ਹੈ। ਮਰੇ ਤੇ ਕੜਾਹ ਕਰਨਾ,ਰੋਣਾ ਨਾ;ਪਿੱਟਣਾ ਨਾ,ਗੁਰਬਾਣੀ ਪੜ੍ਹਨਾ ਸਭ ਗੁਰਮਤ ਕਹਿ ਰਹੇ ਹਨ,ਵੇਰ ਲੌਕਿਕ ਰੀਤ ਕਹਿਣੀ ਅਸੰਗਤੀ ਹੈ। ਇਸ ਤੋਂ ਅੱਗੇ ਵਰਣਾਸ਼੍ਰਮ ਰੀਤੀ ਦਾ ਤਿਆਗਣਾਂ, ਸਿਲਾ ਨਾ ਪੂਜਣੀ, ਸੰਸਾਰ ਦੇ ਕਰਮ ਪਿਤਾ ਪਿਤਾਮਾ ਵਾਙੂ ਦੇਵ ਪੂਜਣੇ ਮਨ੍ਹੇ ਕਰਦੇ ਹਨ, ਸ਼ੰਕਰ ਦੱਤ ਰਾਮਾਨੁਜ ਤੇ ਗੋਰਖ ਦੇ ਮਗਰ ਲੱਗਣਾ ਰੋਕਦੇ ਹਨ ਜਿਸ ਤੋਂ ਪ੍ਰਸੰਗ ਅਨੁਸਾਰ ਜੋ ਭਾਵ ਉਤੇ ਦਰਸਾਯਾ ਹੈ ਉਹੀ ਠੀਕ ਜਾਪਦਾ ਹੈ। ਸੰਸਾਰਕ ਰੀਤਾਂ ਤੇ ਕਰਮ ਵਿਧੀਆਂ ਦੀਆਂ ਵਸੀਅਤਾਂ ਅੰਕ ੬੦ ਵਿਚ ਆਪ ਸਮੁੱਚੀਆਂ ਦੱਸਦੇ ਹਨ।

Sri Satguru Jagjit Singh Ji eLlibrary NamdhariElibrary@gmail.com

ਕਿ ਜਨਮ ਪੁੱਤ੍ਰ ਕੈ ਵਯਾਹੁ। ਬਖਸ਼ਾਵਹਿ ਤਨਖਾਹ ਸੁ ਰਾਹੁ[1] ॥ ੪੦ ॥
ਮੋਨੇ ਕਰ[2] ਅਹਾਰ ਨਹਿੰ ਖਾਨਾ[3]। ਸਿਲਾ ਨ ਪੂਜਹਿ ਪਾਨ ਨ ਪਾਨਾ[4]।
[5]ਬਰਨਾਸ੍ਰਮ ਕੀ ਰੀਤਿ ਬਿਰੋਧੀ। ਮਮ ਸਿਖ ਕਰਹਿ ਨ ਰਾਖਹਿ ਸੋਧੀ[5] ॥
੪੧॥ਦੋਹਰਾ॥[6]ਬਹੁਤ ਕਰਮ ਸੰਸਾਰ ਕੋ,ਪਿਤਾ ਪਿਤਾਮਾਂ ਦੇਵ।ਨਹਿ ਮਾਨਹਿ
ਸਿਖ[6], ਸੀਖ ਲੇ, ਰਖਿ ਭਰੋਸ ਗੁਰਦੇਵ ॥੪੨॥ ਜੋ ਗੁਰ ਕੇ ਘਰ ਜਨਮਯੋ
ਬਡੋ ਕਹੈਂ ਜਿਹ ਬੇਦ[7]। ਤਪਿ, ਜਪਿ,ਦਾਨੀ, ਭੂਪ,ਦਿਜ ਇਨਕੋ ਦੋਯ ਨ
ਖੇਦ॥੪੩॥ਰੋਵੈਂ ਬੇਦੀ ਬੇਦ ਬਿਨ,ਰੋਵੈਂ ਪਾਪੀ ਲੋਗ[8]। ਵੇਮੁਖ ਗੁਰ ਫਿਟਕਾ-
ਰਿਆ ਰੋਵੈ ਦੀਰਘ ਰੋਗ[9] ॥੪੪॥ ਮੇਰੇ ਘਰ ਜੋ ਆਇਓ ਗੁਰੂ ਸਬਦ ਕਰਿ
ਹੇਤ[10]। ਗੁਰ ਸਿੱਖ੍ਯਾ ਸੁਨ ਧਾਰੀਐ ਰਹਿਣੀ ਰਹੈ ਸੁਚੇਤ ॥੪੫॥ ਚੌਪਈ ॥
ਮੈਂ ਬਖਸੈਂਗਾ ਦਯੋਂ ਪਦ ਸੋਇ[11]। [12]ਜਹਾਂ ਨ ਪਹੁੰਚ ਸਕਹਿ ਕਬਿ ਕੋਇ।
ਸ਼ੰਕਰ,ਦੱਤ,ਰਾਮਾਨੁਜ ਨਾਂਹੀ[12]।ਗੋਰਖ ਮੁਹੰਮਦ ਪਹੁੰਚਿ ਨ ਤਾਂਹੀ ॥੪੬॥
ਜਥਾ ਧਰਨਿ ਪਰ ਬਰਖਾ ਬਰਸੈ। ਖੇਤੀ ਖੂਬ ਉਗਹਿ ਫਲ ਸਰਸੈ[13]। ਤਯੋਂ
ਗੁਰ ਸਨਮੁਖ ਸਗਰੇ ਧਰਮ। ਕਹੈਂ ਗੁਰੂ ਫਲ ਦੇਂ ਬਿਨ ਭਰਮ[14] ॥ ੪੭ ॥
ਕਹਯੋ ਮੁਕਤਿ ਨਾਮਾ ਸੁਨਿ ਪਯਾਰੇ। ਨਾਂਇ ਮੁਕਤਸਰ ਇਸਹਿ ਉਚਾਰੇ*।

---

[1](ਵਿਆਹ ਆਦਿ ਵਿਚ ਹੋਈਆਂ ਭੁੱਲਾਂ ਦੀ) ਤਨਖਾਹ ਬਖਸ਼ਾਵੇ ਇਹ ਸ੍ਰੇਸ਼ਟ ਰਾਹ ਹੈ। [2]ਮੋਨੇ ਦੇ ਹੱਥ ਦਾ। [3]ਭੋਜਨ ਨਾ ਖਾਣਾ, (ਕਿਉਂਕਿ ਇਸ ਕਰਕੇ ਕਿ ਇਹ ਕੁੱਠਾ ਖਾਂਦੇ ਤੇ ਹੁੱਕਾ ਪੀਂਦੇ ਹਨ)। [4]ਨਾ ਪੱਥਰ ਦੀ ਪੂਜਾ ਕਰੇ (ਨਾ ਠਾਕੁਰਾਂ) ਦਾ ਚਰਨਾਂਮ੍ਰਿਤ ਲਵੇ, ਸੌ ਸਾਖੀ ਦਾ ਭਾਵ ਇਹੋ ਹੈ। (ਅ) ਪਾਨ ਨਾਂ ਖਾਵੇ ਕਿਉਂਕਿ ਪਾਨਾਂ ਵਾਲੇ ਤਮਾਕੂ ਵਿੱਚੇ ਰੱਖਦੇ ਹਨ। [5]ਵਰਨਾਸ਼੍ਰਮ ਅਰਥਾਤ ਜਾਤਾਂ ਦੀ ਵੰਡ ਜੋ ਹੈ ਵਿਰੋਧ ਪੈਦਾ ਕਰਦੀ ਹੈ ਇਹ ਮੇਰਾ ਸਿੱਖ ਨਾ ਧਾਰੇ, ਇਸ ਗਲ ਦੀ ਤਕੜਾਈ ਰੱਖੇ। ਸੌ ਸਾਖੀ ਦਾ ਪਾਠ ਹੈ, ਬਰਨਾਸ੍ਰਮ ਦੀ ਰੀਤੀ ਤੋਂ ਬਚੇ। [6]ਭਾਵ ਬਹੁਤੀ ਲੋਕਾਚਾਰ ਤੇ ਕੁਲ ਰੀਤਾਂ ਤੇ ਦੇਵਤਿਆਂ (ਦਾ ਪੂਜਨ) ਸਿੱਖ ਨਾ ਮੰਨੇ। [7]ਜੋ ਗੁਰਾਂ ਦੇ ਘਰ ਜਨਮੇਂ ਭਾਵ ਗੁਰ ਅੰਸ, ਜਿਸ ਨੂੰ ਵੇਦ ਬੀ ਵਡਾ ਕਹਿੰਦੇ ਹਨ। [8]ਵੇਦ ਦੇ ਗਿਆਤਾ ਸਿੱਧਾਂਤ ਤੋਂ ਬਿਨਾਂ ਰੋਂਦੇ ਹਨ ਤੇ ਪਾਪੀ ਲੋਕ ਬੀ ਰੋਂਦੇ ਹਨ। [9]ਵਡੇ ਰੋਗ ਵਾਲੇ ਵਾਂਗ ਰੋਂਦੇ ਹਨ। [10]ਗੁਰ ਸ਼ਬਦ ਨਾਲ ਪ੍ਰੇਮ ਕਰੇ। [11]ਮੈਂ (ਗੁਨਾਹ ਉਨ੍ਹਾਂ ਦੇ) ਬਖਸ਼ਾਂਗਾ ( ਤੇ ਉਹਨਾਂ ਨੂੰ ) ਉਹ ਪਦਵੀ ਦਿਆਂਗਾ ( ਪਦਵੀ ਅੱਗੇ ਦੱਸਣ ਲਗੇ ਹਨ )। [12]ਜਿਥੇ ਸ਼ਿਵਜੀ, ਦੱਤਾਤ੍ਰੇਯ, ਰਾਮਾਨੁਜ ਬੀ ਨਹੀਂ (ਪਹੁੰਚ ਸਕੇ)। [13]ਬਹੁਤੇ ਫਲ ਲਗਦੇ ਹਨ। [14]ਤਿਵੇਂ ਗੁਰਾਂ ਦੇ ਸਨਮੁਖ ਹੋਕੇ ਕੀਤੇ ਸਾਰੇ ਧਰਮ ਬਿਨਾਂ ਭਰਮ ਦੇ (ਬਹੁਤ ਫਲਦੇ ਹਨ), (ਐਸਾ) ਗੁਰਾਂ ਨੇ ਫੁਰਮਾਯਾ ਹੈ।

*ਇਹ ਮੁਕਤਨਾਮੇਂ ਦਾ ਪ੍ਰਸੰਗ ਤੇ ਅਗਲੇ ਅੰਸੂ ਦਾ ਪ੍ਰਸੰਗ, ਅਨੰਦ ਪੁਰ ਸਾਹਿਬ ਨਹੀਂ ਵਰਤੇ ਹੋਣੇ। ਸੌ ਸਾਖੀ ਵਾਲੇ ਨੇ ਸਮੇਂ ਦੇ ਕ੍ਰਮ ਅਨੁਸਾਰ ਸਾਖੀਆਂ ਨਹੀਂ ਲਿਖੀਆਂ,

[ਬਾਕੀ ਨੂਟ ਦੇਖੋ ਅਗਲੇ ਪੱਨੇ ਦੇ ਹੇਠ]

Sri Satguru Jagjit Singh Ji eLlibrary NamdhariElibrary@gmail.com

ਬੁਰੇ ਕਰਮ ਤੇ ਸੋ ਛੁਟਿ ਜਾਇ।ਮਰਿ ਕਰਿ ਗੁਰ ਕੇ ਸਦਨ ਸਿਧਾਇ'॥੪੮॥
ਗੁਰ ਕੇ ਬਾਕ ਰਹਿਤ ਇਹ ਕਹੀ। 'ਛੁਟਹਿ ਚੁਰਾਸੀ ਜਿਨ ਇਹ ਲਹੀ।
ਰਹਿਣੀ ਰਹੈ ਜਾਨੀਐ ਨੀਕੀ। ਅਘ ਤੇ ਛੁਟਹਿ ਸ੍ਰੇਯ ਹੁਇ ਜੀ ਕੀ॥੪੯॥
ਜੋ ਨਰ ਪਚੀ ਅਧਿਕ ਸੰਸਾਰੀ। ਫਸੇ ਕਰਮ ਮਹਿ ਜਨੋਂ ਮਧ ਜਾਰੀ¹।ਤਿਨ
ਤੇ ਸੁਨਿ ਸੁਨਿ ਮਾਨਹਿ ਨਹੀਂ।ਧਰਹੁ ਸਦਾ ਸਤਿਗੁਰ ਜਿਮ ਕਹੀ' ॥੫੦॥
ਇਸ ਬਿਧਿ ਕਹਿ ਗੁਰ ਰਹਿਤ ਬਿਬੇਕ। ਆਦਿ ਲਹੌਰਾ ਸਿੰਘ ਅਨੇਕ।
ਨੰਦ ਸਿੰਘ ਕੋ ਸਭਿ ਸਮੁਝਾਈ। ਸੁਨਤਿ ਅਨੰਦ ਰਿਦੈ ਸਮੁਦਾਈ॥ ੫੧॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤਿਯ ਰੁਤੇ 'ਮੁਕਤਨਾਮਾ' ਪ੍ਰਸੰਗ ਬਰਨਨੰ ਨਾਮ ਪੰਚਾ-
ਸਤੀ ਅੰਸੂ ॥੫੦॥

## ੫੧. [ਮੋਮਨੀ ਵੱਸ ਸਿੱਖਣੀ]।

ਦੋਹਰਾ॥ *ਇਕ ਦਿਨ ਉਠੇ ਪ੍ਰਭਾਤਿ ਗੁਰ ਥਿਰੇ ਸਭਾ ਮਹਿ ਆਇ। ਕੇਤਿਕ
ਸਿਖ ਸੇਵਕ ਨਿਕਟ ਬੈਠੇ ਸੁਰ ਸੁਰਰਾਇ² ॥ ੧ ॥ ਚੌਪਈ ॥ ਇਕ ਸਿਖ
ਨਗਰ³† ਸ੍ਵਾਸ ਬਡ ਰਦਨੋ। ਭਾਗਤਿ ਆਇ ਬਿਸਮ ਡਰ ਬਦਨੋ।ਪਹੁੰਚ੍ਯੋ
ਪ੍ਰਭੁ ਕੇ ਢਿਗ ਤਿਸਕਾਲਾ। ਬੰਦਨ ਕੀਨਸਿ ਹੌਲ ਬਿਸਾਲਾ ॥ ੨॥ ਹੇਰਿ
ਹਾਲ ਤਿਸ ਕੋ ਇਸ ਢਾਰਾ⁴। ਸ੍ਰੀ ਗੁਰ ਗੋਬਿੰਦ ਸਿੰਘ ਉਚਾਰਾ। 'ਕਹੁ
ਸਿੱਖਾ! ਸੁਖ ਹੈ ਤੁਵ ਤਾਂਈ? ਕਿਮ ਇਮ ਆਯਹੁ ਬਹੁ ਸਹਿਸਾਈ'॥੩॥
ਸੁਨਤਿ ਪੁਨਹਿ ਕਰਿ ਨਮੋ ਉਚਾਰਾ। 'ਪਾਤਸ਼ਾਹ ਮੈਂ ਸਿਖ ਵਣਜਾਰਾ।
ਅਚਰਜ ਹੇਰਤਿ ਛੋਰਿ ਬਿਲੰਬਾ।ਤੁਮ ਢਿਗ ਪਹੁੰਚ੍ਯੋ ਲਖੇ ਅਲੰਬਾ॥੪॥ਏਕ
ਮੋਮਨੀ⁶ ਹੈ ਇਤ ਓਰੀ। ਸਿੱਖਣੀ ਨਿਜ ਬਸਿ ਮੈਂ ਕਰਿ ਛੋਰੀ⁷। ਐਸੋ ਮੰਤ੍ਰ

---

¹ਕਰਮਾਂ ਵਿਚ ਇਉਂ ਫਸੇ ਹਨ ਜਿਵੇਂ ਜਾਲ ਵਿਚ ( ਮੱਛ )। ²ਜਿਵੇਂ ਇੰਦ੍ਰ ਪਾਸ ਦੇਵਤੇ।
³ਕਿਸੇ ਨਗਰ ਦਾ; ਪਰ ਸ਼ੁਧ ਪਾਠ 'ਨਗਨ' ਚਾਹੀਏ। ⁴ਇਸੇ ਤਰ੍ਹਾਂ ਦਾ। ⁵ਛੋਤੀ ਛੇਤੀ।
⁶ਮੁਸਲਮਾਨੀ। ਔਕ ੧੭ ਮੂਜਬ ਮੁਸਲਮਾਨ। ⁷(ਇਕ) ਸਿੱਖਣੀ ( ਉਸ ਮੋਮਨੀ ਨੇ ) ਆਪਣੇ
ਵੱਸ ਕਰ ਛੱਡੀ ਹੈ। *ਇਹ ਸੌ ਸਾਖੀ ਦੀ ਨੌਵੀਂ ਸਾਖੀ ਹੈ।

†ਸੌ ਸਾਖੀ ਦਾ ਪਾਠ 'ਨੰਗਾ ਹੀ' ਹੈ, 'ਨਗਰ' ਏਥੇ ਲਿਖਾਰੀ ਦੀ ਭੁੱਲ ਹੈ।

[ਪਿਛਲੇ ਪੰਨੇ ਦੀ ਬਾਕੀ ਟੂਕ]

ਇਹ ਦੁਇ ਪ੍ਰਸੰਗ ਦਮਦਮੇ ਸਾਹਿਬ ਹੋਏ ਹੋਣਗੇ, ਕਿਉਂਕਿ ਖਿਦਰਾਣੇ ਦੀ ਢਾਬ ਦਾ ਜੁੱਧ ੧੭੬੨ ਵਿਚ ਹੋਇਆ ਤੇ ਉਥੇ ਦੇ ਸ਼ਹੀਦਾਂ ਨੂੰ ਮੁਕਤੇ ਦਾ ਵਰ ਦੇਕੇ ਸ਼ਹਾਦਤ ਦੇ ਟਿਕਾਣੇ ਦਾ ਨਾਉਂ 'ਮੁਕਤਸਰ' ਰੱਖਕੇ ਵਰ ਦਿਤਾ ਤੇ ਪੱਕਾ ਸਰੋਵਰ ਮਗਰੋਂ ਬਣਿਆਂ। ਮੁਕਤਸਰ ਦਾ ਪ੍ਰਮਾਣ ਤਾਂ ਹੀ ਦਿਤਾ ਜਾ ਸਕਦਾ ਹੈ ਜਦੋਂ ਮੁਕਤਸਰ ਨਾਮ ਬਖਸ਼ਿਆ ਜਾ ਚੁੱਕਾ ਹੋਵੇ।

ਸੌ ਸਾਖੀ ਦਾ ਪਾਠ ਇਉਂ ਹੈ:—ਮੁਕਤਨਾਮਾ ਪੜ੍ਹੈ ਜਨੁ ਤੀਰਥ ਮੁਕਤਸਰ ਨ੍ਹਾਇ। ਬੁਰੇ ਕਰਮ ਤੇ ਛੂਟ ਕਰ ਗੁਰ ਪਦ ਮਹ ਕਰ ਜਾਇ।

Sri Satguru Jagjit Singh Ji eLlibrary NamdhariElibrary@gmail.com

ਪਠਯੋ ਤਿਨ ਕੋਈ।ਤਿਸ ਕੀ ਬਾਤ ਬਖਾਨਤਿ ਸੋਈ॥੫॥—ਅਬਿ ਮੈਂ ਨਹੀਂ ਸਿੱਖਣੀ ਰਹੌਂ। ਇਸ ਅਨੁਸਾਰਿ ਹੋਨਿ ਮੈਂ ਚਹੌਂ—।ਕਰ ਜੋਰੇ ਹਮ ਜਿਤਿਕ ਨਿਕੇਤ[੧] । ਬਹੁ ਸੁੱਖਾਂ ਸੁੱਖੀ ਸੁਖ ਹੇਤੁ' ॥ ੬ ॥ ਸਤਿਗੁਰ ਕਹਯੋ 'ਸੁ ਜਾਨ ਅਜੋਗ[੨] । ਪੀਰ ਮੁਰੀਦਨੀ ਸਿੱਖਨੀ ਹੋਗ[੩] । ਖਾਵਤਿ ਹੋਗ ਸ਼ਰੀਣੀ ਸੋਇ। ਇਸ ਕਾਰਨ ਤੇ ਬਸਿ ਤਿਸ ਹੋਇ' ॥੭ ॥ ਸਿੱਖ ਬਿਨੈ ਬੋਲਯੋ ਕਰ ਜੋਰੀ। 'ਬਖਸ਼ਹੁ, ਅਹੇ ਭਾਣਜੀ ਮੋਰੀ। ਮੈਂ ਅਰੁ ਮਮ ਭਗਨੀ ਜਦ ਕਦਾ। ਅਹੈਂ ਆਦਿ ਕੇ ਸਿਦਕੀ ਸਦਾ ॥ ੮ ॥ ਨਾਨਕ ਦਾਦਕ ਸਿੱਖ ਹਮਾਰੇ। ਐਸੀ ਨਹੀਂ ਕੁਮਤਿ ਕੋ ਧਾਰੇ'। ਸ਼੍ਰੀ ਮੁਖ ਤੇ ਉਪਚਾਰ ਬਖਾਨਾ। 'ਤਿਸ ਕਰਾਉ ਸਰਮੁਕਤ ਸ਼ਨਾਨਾ*॥੯॥ਦੂਰ ਕੁਰਹਿਤ ਹੋਹਿਗੀ ਤਬੈ। ਪਢਉ ਮੁਕਤਿ-ਨਾਮਾ ਢਿਗ ਸਬੈ। ਚਾਲੀ ਪਾਠ ਸੁਨਾਵਨਿ ਕਰੀਏ। ਪੁਨ ਜਪ ਪਢਹੁ ਬਿਘਨ ਪਰਹਰੀਏ॥ ੧੦॥—ਵਾਹਿਗੁਰੂ ਜੀ ਹੋਇਂ ਸਹਾਇ—।ਆਦਿਤਵਾਰ ਨਉਚੰਦ ਲਿਖਾਇ[੪] । ਸਿਰ ਬੰਧਹੁ ਕੈ ਗਰ ਮਹਿ ਪਾਵੈ। ਸੁਰਤਿ ਟਿਕਾਣੇ ਤਬਿ ਤਿਸ ਆਵੈ ॥ ੧੧ ॥ ਪਰਯੋ ਭੂਤ ਕੋ ਸਾਯਾ ਜੋਇ। ਸਕਲ ਬਿਨਾਸ਼ੀ ਹੋਵੈ ਸੋਇ। ਸਿਖੀ ਸਾਬਤ ਰਖੀਅਹਿ ਪਲਾ[੫] । ਰਹਿਣੀ ਭਲੀ ਭੇਖ ਨਹਿ ਭਲਾ[੬] ॥੧੨॥ ਸਿਦਕ ਸਹਿਤ ਸਿੱਖੀ ਗੁਰ ਪਸਾਰੀ। ਜਿਨ ਧਾਰੀ ਸੋ ਉਤਰਹਿ ਪਾਰੀ। ਲੋਭੀ ਦਰਬ ਭੇਟ ਕੇ ਗੁਰ ਨਹਿ[੭] । ਲੇ ਕਰਿ ਜੋ ਕੁਰਹਿਤੀਏ ਬਖਸ਼ਹਿ[੮]॥੧੩॥ ਜੋ ਸਿਖ ਧਨ ਕੋ ਲੋਭੀ ਹੋਇ[੯]। ਬਖਸ਼ਹਿ ਕਬਿ ਕੁਰਹਿਤੀਅਹਿ ਕੋਇ[੧੦] । ਸੋ ਸਿਖ ਨਾਂਹਿਨ ਲਖਹੁ, ਕੁਚਾਲਾ। ਸ਼੍ਰੀ ਗੁਰ ਘਰ ਕੋ ਚੋਰ ਬਿਸਾਲਾ† ॥ ੧੪ ॥ ਗੁਰ ਹਜ਼ੂਰ ਸਿੱਖੀ ਤਿਸ ਕੇਰੀ। ਨਹਿ ਮਨਜ਼ੂਰ ਹੋਇ ਕਿਸ ਬੇਰੀ'। ਸੁਨਿ ਗੁਰਬਾਕ ਸਿੱਖ ਘਰ ਗਯੋ। ਸੋ ਬਿਧਿ ਸਕਲ

[੧]ਜਿਤਨੇ ਕੁ ਅਸੀਂ ਘਰ ਵਾਲੇ ਹਾਂ। [੨]ਇਹ ਅਜੋਗ ਜਾਣ। [੩]ਸਿੱਖਣੀ ਪੀਰਾਂ ਦੀ ਮੁਰੀਦ ਹੋਵੇਗੀ, ਭਾਵ ਨਿਗਾਹੇ ਆਦਿਕਾਂ ਨੂੰ ਮੰਨਣ ਵਾਲੀ ਹੋਸੀ। [੪]ਨੌ ਚੰਦੇ ਐਤਵਾਰ ਨੂੰ ਲਿਖਕੇ। [੫](ਬੁੱਧੀ ਰੂਪੀ) ਪੱਲੇ ਵਿੱਚ ਸਿੱਖੀ ਸਾਬਤ ਰੱਖੋ। [੬]ਭੇਖ ਧਾਰਨੇ ਚੰਗੇ ਨਹੀਂ। [੭]ਧਨ ਦੀ ਭੇਟਾ ਦੇ ਲੋਭੀ ਗੁਰੂ ਨਹੀਂ ਹਨ। [੮]ਕਿ ਧਨ ਲੈ ਲੈ ਕੇ ਕੁਰਹਤੀਆਂ ਨੂੰ ਬਖਸ਼ੀ ਜਾਣ। [੯]ਜੋ ਸਿਖ ਧਨ ਦਾ ਲੋਭੀ ਹੋਕੇ। [੧੦]ਓਹ ਕਦੇ ਕੁਰਹਤੀਏ ਨੂੰ ਬਖਸ਼ੇਗਾ। *ਇਸ ਤੋਂ ਜਾਪਦਾ ਹੈ ਕਿ ਇਹ ਸਾਖੀ ਮੁਕਤਸਰ ਦੇ ਜੁੱਧ ਤੋਂ ਮਗਰੋਂ ਦੀ ਹੈ ਯਾ ਮੁਕਤਸਰ ਦਾ ਭਾਵ ਮੁਕਤ ਨਾਮੇ ਤੋਂ ਯਾ ਗੁਰਬਾਣੀ ਤੋਂ ਹੈ ਯਾ ਸੌ ਸਾਖੀ ਦੇ ਆਖੇਪਕਾਰ ਨੇ ਮੁਕਤਸਰ ਕੋਲੋਂ ਮਗਰੋਂ ਪਾਇਆ ਹੈ। ਕਿਉਂਕਿ ਅਗੇ ਚੌਰਵੇ ਵਿਚ ਇਸਦੇ ੪੦ ਪਾਠ ਦੱਸਦੇ ਹਨ। †ਲੋਭ ਪਿਛੇ ਕੁਰਹਤੀਏ ਨੂੰ ਬਖਸ਼ਣਾ ਮਨ੍ਹੇ ਕਰ ਰਹੇ ਹਨ।

Sri Satguru Jagjit Singh Ji eLlibrary NamdhariElibrary@gmail.com

ਕਰਤਿ ਤਹਿਂ ਭਯੋ॥੧੫॥ਕੇਤਿਕ ਦਯੋਸ ਬਿਤੇ ਜਬਿ ਫੇਰ।ਸ੍ਰੀ ਕਲਗ਼ੀਧਰ ਚਢੇ ਅਖੇਰ। ਜੀਮਣ ਖੇੜੇ[1] ਕੇ ਢਿਗ ਗਏ। ਸਿਖ ਬਣਜਾਰੇ ਪਿਖ ਤਹਿ ਲਏ[2]॥੧੬॥ਕਰਿ ਬਿਨਤੀ ਗੁਰ ਨਿਕਟ ਉਤਾਰੇ।ਸਿਖਣੀ ਆਨਿ ਬੰਦਨਾ ਧਾਰੇ। ਕਹੀ ਬਾਰਤਾ ਜੁਗ ਕਰ ਜੋਰੀ। 'ਮੁਸਲਮਾਨ ਮੁਝ ਵਸਿ ਕਰਿ ਛੋਰੀ ॥ ੧੭ ॥ ਪਸ਼ਚਾਤਾਪ ਕਰਤਿ ਨਿਤ ਰਹੀ। ਮਨ ਇਸਥਿਰਤਾ ਪਾਵਤਿ ਨਹੀਂ[3]। ਸਤਿਗੁਰ ਕਹ੍ਯੋ 'ਚਿੰਤ ਇਹੁ ਤ੍ਯਾਗੋ। ਅੰਗ ਸੰਗ ਬਿਨ ਪਾਪ ਨ ਲਾਗੋ* ॥੧੮॥ ਚਾਰ ਮਕਾਰ[4] ਵਿਸਾਹੁ ਨ ਰੱਖੀ। ਮੁਸਲਾ, ਮਤ-ਰੋਈ, ਮਨ, ਮੱਖੀ। ਸਿੱਖਣੀਏ ਨਿਜ ਸਿਦਕ ਸੁਨਾਇ[5]।ਹਾਥ ਜੋਰਿ ਤਬਿ ਕਹਤਿ ਬਨਾਇ ॥੧੯॥ 'ਗੁਰ ਕੀ ਅਰੁ ਗੁਰ ਸਿੱਖਨਿ ਕੇਰੀ। ਨਿਜ ਕਰ ਸੇਵਾ ਕਰਹੁ ਘਨੇਰੀ। ਉਰ ਪ੍ਰਤੀਤਿ ਮੈਂ ਧਰੇਂ ਬਡੇਰੇ। ਓਟ ਆਸਰਾ ਗੁਰ ਤੁਮ ਮੇਰੇ[6] ॥੨੦॥ ਬਖਸ਼ ਲੇਹੁ ਹਮ ਤੁਮਰੀ ਸ਼ਰਨੀ।ਪਤਿਤਨਿ ਪਾਵਨਤਾ ਬਿਧਿ ਬਰਨੀ[7]। ਸੁਨਿ ਕਰਿ,ਸਿੱਖ ਸਿੱਖਣੀ ਸੇਵਾ।ਕਰੀ, ਪ੍ਰਸੰਨ ਭਏ ਗੁਰ-ਦੇਵਾ[8] ॥ ੨੧ ॥ ਮਸਤਕ ਟੇਕਿ ਉਪਾਇਨ ਦੀਨੀ। ਖੁਸ਼ੀ ਤਿਨਹੁੰ ਪ੍ਰਤਿ ਸਤਿਗੁਰ ਕੀਨੀ।ਕਹ੍ਯੋ 'ਸਿਖਣੀਏ! ਸੁਨਹੁੰ ਭਵਿੱਖ।ਤੁਵ ਸੁਤ ਹੋਵਹਿਗੋ ਗੁਰ ਸਿੱਖ ॥੨੨॥ ਜਨਮ ਸਪਤਮੋ ਤੁਵ ਜਬਿ ਹੋਇ। ਸੰਗਤਿ ਸਿੰਘ ਕੀ ਬਨਿ ਹੈਂ ਜੋਇ[9]। ਤਬਿ ਉਧਾਰ ਤੇਰੋ ਹੁਇ ਜਾਇ[10]। ਕਰਨਿ ਸੇਵ ਕੋ ਤਬਿ ਫਲ ਪਾਇ' ॥੨੩॥ ਇਮ ਬਰ ਦੇ ਕਰਿ ਹਯ ਆਰੋਹੇ। ਡੇਰੇ ਬਿਖੇ ਆਨਿ

---

[1]ਨਾਮ ਗ੍ਰਾਮ ਦਾ। [2]ਉਸ ਵਣਜਾਰੇ ਸਿੱਖ ਨੇ (ਗੁਰੂ ਜੀ) ਵੇਖ ਲਏ। [3]ਜਿੰਨਾਂ ਚਿਰ ਅੰਗਾਂ ਨਾਲ ਨਹੀਂ ਲਗੀ ਪਾਪ ਨਹੀਂ ਲਗਦਾ। [4]ਮਮਿਆਂ ਦਾ। [5]ਭਾਵ ਦੱਸ। [6]ਹੇ ਗੁਰੂ ਜੀ ਤੁਸੀਂ ਮੇਰੇ ਓਟ ਆਸਰਾ ਹੋ। [7]ਆਪ ਨੇ ਨੀਚਾਂ ਨੂੰ ਪਵਿੱਤ੍ਰ ਕਰਨ ਵਾਲੀ ਵਿਧੀ ਵਰਣਨ ਕੀਤੀ ਹੈ। [8]ਇਹ ਗਲ ਸੁਣਕੇ ਅਤੇ ਸਿੱਖ ਸਿਖਣੀ ਨੇ ਜੋ ਸੇਵਾ ਕੀਤੀ ਸੀ (ਉਸ ਪਰ) ਗੁਰੂ ਜੀ ਪ੍ਰਸੰਨ ਹੋਏ, ਕਿਉਂਕਿ ਸੌ ਸਾਖੀ ਵਿਚ 'ਸੁਨਕਰ' ਪਾਠ ਨਹੀਂ ਹੈ ਉਥੇ ਪਾਠ ਇਹ ਹੈ:—ਸਣੇ ਸਿਖ ਸਿਖਣੀ ਟਹਿਲ ਕੀਤੀ। [9]ਸੰਗਤ ਸਿੰਘ ਦੀ ਇਸਤ੍ਰੀ ਬਣੇਂਗੀ। [10]ਲਿਖਤੀ ਸੌ ਸਾਖੀ ਵਿਚ ਪਾਠ ਹੈ:—'ਅਤੇ ਸਤਵੇਂ ਜਨਮ ਗੁਰੂ ਜੀ ਕਾ ਸਿਖ ਸੰਗਤ ਸਿੰਘ ਕੀ ਮਹਲ ਬਸਕੇ ਉਧਰੇਂਗੀ' ਇਸ ਤੋਂ ਪਤਾ ਇਹ ਲਗਦਾ ਹੈ ਕਿ ਇਹ ਸਿੱਖ (ਜੋ ਤੇਰਾ ਇਸ ਵੇਲੇ ਪਤੀ ਹੈ) ਸੰਗਤ ਸਿੰਘ ਨਾਮ ਵਾਲਾ ਹੋਵੇਗਾ ਤੇ ਤੂੰ ਉਸ ਦੀ ਇਸਤ੍ਰੀ ਹੋਕੇ ਉਸ ਜਨਮ ਮੁਕਤ ਨੂੰ ਪ੍ਰਾਪਤ ਹੋਵੇਂਗੀ। ਹੋ ਸਕਦਾ ਹੈ ਕਿ ਇਹ ਇਸ਼ਾਰਾ ਜੀਂਦ ਦੇ ਰਾਜਾ ਸੰਗਤ ਸਿੰਘ ਜੀ ਵੱਲ ਹੋਵੇ। ਜੋ ਸੰਮਤ ੧੮੯੧-੯੨ ਬਿ: ਵਿਚ ਗੁਜ਼ਰੇ ਹਨ, ਇਨ੍ਹਾਂ ਦੀ ਇਸਤ੍ਰੀ ਦਾ ਨਾਮ ਸਭਾ ਕੌਰ ਸੀ। *ਇਥੋਂ ਸਪਸ਼ਟ ਹੋ ਗਿਆ ਕਿ ਸਿੱਖਣੀ ਪਰ ਮੁਸਲਮਾਨੀ ਭਾਵਨਾ ਦਾ ਸ਼ੱਕ ਹੋ ਗਿਆ ਸੀ, ਆਚਾਰ ਉਸ ਦਾ ਸ਼ੁੱਧ ਸੀ।

Sri Satguru Jagjit Singh Ji eLlibrary　　NamdhariElibrary@gmail.com

ਕਰਿ ਸੋਹੇ। *ਇਕ ਦਿਨ ਸਤਿਗੁਰ ਕੇਰ ਹਜੂਰ। ਰਾਗੀ ਕਰਤਿ ਕੀਰ-
ਤਨ ਰੂਰ॥੨੪॥ਜਿਸ ਤੇ ਬਹੁ ਬੈਰਾਗ ਉਪਾਵਤਿ।ਗੋਪੀਚੰਦ ਵਾਰ ਕੋ ਗਾਵ-
ਤਿ[1]। ਸੁਨੈ ਖਾਲਸਾ ਕਰਿ ਕਰਿ ਪ੍ਰੀਤਿ।ਖੁਸ਼ੀ ਬਿਸਾਲ ਧਾਰਤੇ ਚੀਤ॥੨੫॥
ਸਮੈ ਪ੍ਰਾਤਿ ਕੇ ਮਨ ਟਿਕ ਗਏ। ਸੁਨਿ ਸੁਨਿ ਪ੍ਰੇਮ ਸਭਿਨਿ ਕੇ ਭਏ।
ਸ਼ਬਦ ਸਾਜ਼ ਅਰ ਕੰਠ ਮਿਲੇ ਹੈਂ।ਬਸ੍ਯੋ ਰਾਗ ਜੁਤਿ ਤਾਲ ਭਲੇ ਹੈਂ[2]॥੨੬॥
ਜਬਹਿ ਭੋਗ ਪਾਯੋ ਕਰਿ ਨਮੋ। ਸਿੱਖ ਇਕਾਂਗੀ[3] ਸੁਨਿ ਤਿਹ ਸਮੋ। ਰਿਦੈ
ਪ੍ਰਤੀਤਿ ਨ ਬਿਨ ਗੁਰ ਬਾਨੀ।ਸੁਨਹਿ ਪਠਹਿ ਨਹਿਂ ਅਪਰ ਬਖਾਨੀ॥੨੭॥
ਸੋ ਉਠਿ ਕੈ ਕਰਿ ਜੋਰਿ ਉਚੇਰੇ। ਬੋਲ੍ਯੋ[4] ਕਰੁਨਾ ਸਿੰਧ ਅਗੇਰੇ। 'ਸੁਨੀਐ
ਪ੍ਰਭੁ ਜੀ! ਮੋਰ ਪੁਕਾਰ। ਰਾਗੀ ਗਏ ਸਿਦਕ ਕੋ ਹਾਰਿ॥੨੮॥ ਤਜਿ ਸਤਿ-
ਗੁਰ ਬਾਨੀ ਇਸ ਬੇਰਾ। ਗਾਯੋ ਗੋਪੀਚੰਦ ਕੋ ਝੇਰਾ। ਅੰਮ੍ਰਿਤ ਵੇਲੇ ਉਠਤਿ
ਅਰੰਭਾ। ਸੁਨਿ ਮੇਰੇ ਮਨ ਭਯੋ ਅਚੰਭਾ॥੨੯॥ ਗੁਰੂ ਸ਼ਬਦਿ ਬਿਨ ਬਾਨੀ
ਕਾਚੀ। ਸ੍ਰੀ ਗ੍ਰੰਥ ਮਹਿ ਏਵ ਉਬਾਚੀ।ਜਾਨਿ ਬੂਝਿ ਇਨ ਤ੍ਯਾਗਨਿ ਠਾਨੀ।
ਵੇਲਾ ਕਿਰਤਨ ਕੋ ਗੁਰਬਾਨੀ[5]॥੩੦॥ ਕਨੋਂ ਇਸ ਸਮੇਂ ਗਾਨਿ ਕਿਧ ਆ-
ਨਾ[6]।ਸੁਨਿ ਕਲਗ਼ੀਧਰ ਬਾਕ ਬਖਾਨਾ। 'ਭਾਈ ਸਾਂਈਂਲੋਕਾ! ਸੁਨੀਅਹਿ।
ਗੁਰ ਅਰੁ ਸਿਖ ਮੈਂ ਭੇਵ ਨ ਜਨੀਅਹਿ॥੩੧॥ ਸਿਖ ਸੇਵਕ ਸਭਿ ਭਗਤਿ
ਬਿਸਾਲੇ। ਸਾਸ ਸਾਸ ਕਰਤਾਰ ਸਮਾਲੇ। ਤੱਦਪਿ ਸਿੱਖਾ ਸਿੱਖੀ ਦੂਰ। ਗੁਰ
ਕਰੁਨਾ ਤੇ ਪ੍ਰਾਪਤਿ ਰੂਰ॥੩੨॥ ਗੋਪੀ ਚੰਦ ਧੰਨ ਬੈਰਾਗੀ। ਚੌਦਾਂ ਸੈ ਰਾਨੀ
ਜਿਨ ਤ੍ਯਾਗੀ। ਦੀਰਘ ਰਾਜ ਮੋਹ ਜੋ ਮਨ ਕਾ[7]। ਤੁਰਤ ਤੋਰ ਡਾਰ੍ਯੋ
ਜਿਮ ਤਿਨਕਾ॥੩੩॥ ਤਪ ਕਰਿ ਸਿੱਧ ਭਯੋ ਸਭਿ ਤ੍ਯਾਗ੍ਯੋ। ਉਧਰ੍ਯੋ
ਗੋਰਖ ਕੇ ਪਗ ਲਾਗ੍ਯੋ। ਰਾਜ, ਬਾਜੀ, ਧਨ, ਸਿਵਕਾ, ਸ੍ਯੰਦਨ। ਸੁੰਦਰ
ਚੰਦਰਮੁਖੀ ਸਹਿ ਨੰਦਨ[8]॥੩੪॥ਤਜਿ ਕਰਿ ਨਹਿੰਨ ਸੰਭਾਰਨਿ ਕਰੇ।ਦ੍ਰਿੜ੍ਹ
ਬੈਰਾਗ ਰਿਦੇ ਮੋਂ ਧਰੇ। ਤੁਮ ਸਭਿ ਸਿੱਖ ਹਜ਼ੂਰ ਰਹੰਤੇ। ਮਨ ਅਪਨੇ ਕੌ
ਨਹਿ ਬਿਰਧੰਤੇ॥੩੫॥ ਘਰ ਮਹਿ ਨਾਰਿ ਕੁਸੁੰਦਰ[9],ਕਾਨੀ। ਭਲੀ ਰਹਿਤ
ਜਿਨ ਏਕ ਨ ਜਾਨੀ[10]।ਮਨ ਲਾਗ੍ਯੋ ਤਿਨ ਸੰਗ ਤੁਮਾਰੋ।ਗੁਰ ਘਰ ਤੇ ਧਨ

[1]ਗੋਪੀਚੰਦ ਦੀ ਵਾਰ ਨੂੰ ਗਾਉਂਦੇ ਸਨ। [2]ਸੌ ਸਾਖੀ ਦਾ ਪਾਠ:—'ਸ਼ਬਦ,ਸਾਜ, ਕੰਠ, ਪ੍ਰੇਮ, ਏਕ ਹੋ ਗਏ।' [3]ਇਕਾਂਗੀ ਦਾ ਅਰਥ ਅਗਲੀਆਂ ਤੁਕਾਂ ਵਿਚ। [4]ਉਚੀ ਬੋਲਿਆ। [5]ਗੁਰਬਾਣੀ ਦੇ ਕੀਰਤਨ ਦਾ ਵੇਲਾ ਸੀ। [6]ਹੋਰ। [7]ਭਾਰੀ ਰਾਜ (ਅਤੇ) ਮਨ ਦਾ ਮੋਹ। [8]ਚੰਦ ਮੁਖ ਵਾਲੀਆਂ ਇਸਤ੍ਰੀਆਂ ਪੁੱਤ੍ਰਾਂ ਸਮੇਤ। [9]ਕੋਹਣੀ। [10]ਜਿਸ ਨੇ ਭਲੀ ਰਹਿਤ ਇਕ ਵੀ ਨਹੀਂ ਜਾਣੀ।

*ਸੌ ਸਾਖੀ ਦੀ ਇਹ ਦਸਵੀਂ ਸਾਖੀ ਹੈ।

Sri Satguru Jagjit Singh Ji eLlibrary NamdhariElibrary@gmail.com

ਲਹੋ, ਬਿਚਾਰੈ ॥੩੬॥ ਸੋ ਲੇ ਕਰਿ ਪਹੁੰਚਹੁ ਤਿਨ ਪਾਸ¹। ਕਰਿਬੇ ਚਹਹੁ ਬਿਲਾਸ ਅਵਾਸ। ਗੋਪੀਚੰਦ ਰੀਸ ਕੋ ਕੈਸੇ। ਤੁਮ ਚਾਹਤਿ, ਕਹੀਐ ਬਿਧਿ ਤੈਸੇ ॥ ੩੭ ॥ ਜੋ ਬੈਰਾਗਵਾਨ ਜਨ ਭਾਰੇ। ਸਭਿ ਕੇ ਸਾਂਝੇ ਗੁਰੂ ਉਦਾਰੇ। ਜਿਸ ਬਾਨੀ ਕੋ ਪਠਤਿ ਸੁਨੰਤੇ। ਸ਼ਾਂਤ ਵਿਰਾਗ ਗਯਾਨ ਉਪਜੰਤੇ ॥ ੩੮ ॥ ਇਸ ਬਿਧਿ ਕੀਨਿ ਜੁ ਸ਼ੁਭ ਮਤਿ² ਬਾਨੀ। ਗੁਰਬਾਨੀ ਕੇ ਲਖਹੁ ਸਮਾਨੀ*। ਬੇਦ ਵਾਕ ਜੋ ਅਹੈ ਬਿਅਰਥਾ। ਸੁਰ ਮੁਨਿ ਕਹੇ ਜਨਾਇ ਅਨ-ਰਥ³॥੩੯॥ ਤਿਸ ਕੋ ਤ੍ਯਾਗ ਕਰਨ ਭਲ ਜਾਨੋ। ਗਹੇ ਜੁ ਤਹਾਂ⁴ ਸੁ ਨਰਕ ਪਯਾਨੋ। ਕੋ ਬਾਲਕ ਨੇ ਬਾਕ ਉਚਾਰਾ। ਜਿਸ ਮਹਿ ਸਾਰ ਭਲੇ ਨਿਰਧਾਰਾ ॥ ੪੦ ॥ ਤਿਸ ਕੋ ਮਾਨ ਲੇਨਿ ਸ਼ੁਭ ਜਾਨੋ। ਸੋ ਨਰ ਕਰਹਿ ਬਿਚਾਰਨ

---

¹ਭਾਵ ਇਸਤ੍ਰੀਆਂ ਪਾਸ। ²ਜੋ ਸ਼ੁਭ ਮਤ ਵਾਲਿਆਂ ਨੇ। ³ਦੇਵਤੇ ਵਾ ਮੁਨੀ ਉਚਾਰਨ ਤੋਂ ਅਨਰਥ (=ਉਲਟ ਅਰਥ) ਜਣਾਵੇ। ⁴ਉਸ (ਭਾਵ) ਨੂੰ ਜੋ ਗ੍ਰਹਿਣ ਕਰੇ।

*ਇਸ ਸਾਖੀ ਵਿਚੋਂ ਕੇਵਲ ਇਤਨਾ ਭਾਵ ਗ੍ਰਹਣ ਜੋਗ ਹੋ ਸਕਦਾ ਹੈ ਕਿ ਸੱਚੇ ਬੈਰਾਗੀਆਂ ਪਰਮੇਸ਼ੁਰ ਦੇ ਭਗਤਾਂ ਦੀ ਨਿੰਦਾ ਨਹੀਂ ਕਰਨੀ ਤੇ ਉਨ੍ਹਾਂ ਦੀ ਕਥਾ ਸੁਣਕੇ ਸ਼ੁਭ ਗੁਣ ਧਾਰਨੇ ਹਨ,ਇਹ ਭਾਵ ਨਹੀਂ ਹੈ ਕਿ ਮਨੁੱਖ ਰਚਿਤ ਬਾਣੀਆਂ ਗੁਰਬਾਣੀ ਦੇ ਤੁੱਲ ਹਨ। ਗੁਰਬਾਣੀ ਪੱਕੀ, ਬਾਣੀ ਹੈ, ਹੋਰ ਕੱਚੀਆਂ ਹਨ। ਪਾਠ, ਆਰਾਧਨਾ, ਜਪਣਾ, ਏਕਾਗ੍ਰਤਾ ਤੇ ਕਲਿਆਨ ਅਰਥ ਪੜ੍ਹਨਾ ਸੁਣਨਾ ਗਾਉਣਾ ਉਸੇ ਬਾਣੀਦਾ ਉਪਕਾਰੀ ਹੈ ਜੋ ਧੁਰ ਕੀ ਬਾਣੀ ਹੈ ਤੇ ਵਾਹਿਗੁਰੂ ਨਾਲਜੁੜੇ ਤੇਅਵਿਦਿਆ ਰਹਿਤ ਪਰਮ ਸ਼ੁਧ ਸਤੇ ਅੰਸ਼ਵਾਲੇ ਗੁਰੂਸਾਹਿਬਦੇ ਹਿਰਦਿਆਂ ਵਿਚ ਈਸ਼੍ਵਰ ਵੱਲੋਂ ਉਤਰੀ ਹੈ,ਇਸ ਕਰਕੇ ਪਰਮ ਪਾਵਨ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਆਤਮ ਵਿਸ਼ੇਣੀ ਬਾਣੀ ਰੱਬੀ ਗਿਆਨ ਹੈ ਤੇ ਪਰਮ ਸ਼ੁਧ ਹੈ। ਉਸਦੇ ਤੁੱਲ ਕਿਸੇ ਜੀਵ ਦੀ ਰਚਨਾਂ ਨਹੀਂ ਹੋ ਸਕਦੀ। ਇਹ ਸਾਖੀ ਬੀ ਆਖੇਪਕਾਰ ਦੀ ਪਾਈ ਗਈ ਯਾ ਵਿਗਾੜੀ ਗਈ ਜਾਪਦੀ ਹੈ, 'ਏਕਾਂਗੀ ਸਿੱਖ' ਨੂੰ ਇਸਤ੍ਰੀਆਂ ਮੁਖਾਤਬ ਕਰਨਾ ਜਿਵੇਂ ਕਿਸੇ ਅਪ੍ਰਾਧੀ ਸਿੱਖ ਨੂੰ ਕਰੀਦਾ ਹੈ ਗੁਰੂ ਜੀ ਤੋਂ ਹੋ ਨਹੀਂ ਸਕਦਾ, ਜਿਨ੍ਹਾਂ ਦਾ ਕਿ ਵਾਕ ਹੈ 'ਖਾਲਿਸਾ ਮੇਰੋ ਰੂਪ ਹੈ ਖਾਸ'। ਪਿਛੇ ਮੁਕਤਨਾਮੇਂ ਦੇ ਵਿਚ ਕਿਹਾ ਹੈ:—'ਵਾਚੇ ਵੇਦ ਗਿਰਾ ਗੁਰ ਛੋਡੇ' ਸੋ ਤਨਖਾ-ਹੀਆ ਹੈ। †ਸੈ ਸਾਖੀ ਵਿਚ ਪਾਠ ਇਉਂ ਹੈ 'ਬੇਦਕਾ ਵਾਕ ਬੀ ਬਿਅਰਥ ਤਿਆਗਣਾ, ਦੇਵਤਾ ਕੀ ਬਾਣੀ ਭੀ ਆਖਰ ਭੀ ਛੋਡੀਏ। ਸਾਰ ਵਾਲਾ ਵਾਕ ਬਾਲਕ ਕਾ ਭੀ ਮੰਨਣਾ।' ਇਸੇ ਭਾਵ ਦਾ ਇਕ ਸ਼ਲੋਕ ਵਸ਼ਿਸ਼ਟ ਗ੍ਰੰਥ ਵਿਚ ਭੀ ਲਿਖਿਆ ਹੈ ਯਥਾ 'ਯੁਕਤੀ ਯੁਕਤ-ਮੁਪਾਦੇਯੰ ਵਚਨੰ ਬਾਲਕਾਦ੍ ਮਪਿ ਯੁਕਤੀਹੀਨੰ ਨ ਸੰਗ੍ਰਹਯਮਪਿ ਉਕ੍ਤੰ ਪਦਮ ਜਨਮਣਾ [ਵਸ਼ਿਸ਼ਟ ਗ੍ਰੰਥ]।' ਭਾਵ ਯੁਕਤੀ ਸਹਿਤ ਕਿਹਾ ਵਚਨ ਬਾਲਕ ਦਾ ਭੀ ਮੰਨਣਾ, ਯੁਕਤੀ ਤੋ ਰਹਿਤ ਬ੍ਰਹਮਾਂ ਦਾ ਕਿਹਾ ਭੀ ਗ੍ਰਹਿਣ ਨਹੀਂ ਕਰਨਾਂ; ਆਖੇਪਕਾਰ ਨੇ ਇਹ ਭਾਵ ਵਾਰਨ ਦੀ ਕੋਸ਼ਸ਼ ਕੀਤੀ ਹੈ।

ਹਾਨੈ।¹ਜਿਸ ਮਹਿ ਪਰਮੇਸ਼੍ਵਰ ਜਸੁ ਕਹ੍ਯੋ। ਸਾਰ ਅਸਾਰ ਬਿਚਾਰਨ ਲਹ੍ਯੋ² ॥ ੪੧ ॥ ਅਵਤਾਰਨਿ ਕੀ ਕਥਾ ਮਹਾਨੀ। ਰਾਮਕ੍ਰਿਸ਼ਨ ਆਦਿਕ ਗੁਨਖਾਨੀ। ਸਤਿਗੁਰ ਸ੍ਰੀ ਨਾਨਕ ਤੇ ਆਦਿ। ਬਰਨਨ ਕਰ੍ਯੋ ਪ੍ਰਸੰਗ ਸੰਬਾਦਿ ॥ ੪੨ ॥ ਤਿਸ ਪਰ ਤਰਕ ਕਰਹਿ ਮਨ ਮੂੜ੍ਹੇ। ਭੇਦ ਨ ਪਾਇ ਸਕਹਿ ਗੁਨ ਗੂੜ੍ਹੇ। ਸੋ ਨਰ ਖੈ ਹੈਂ ਜਮ ਕੀ ਮਾਰ। ਜਨਮ ਮਰਨ ਲਹਿ ਨਿਤ ਹੈ ਖ੍ਵਾਰ ॥੪੩॥ ਯਾਂਤੇ ਜਿਨ ਸ਼ੁਭ ਬਾਤਿ ਉਚਾਰੀ।ਸੁਮਤਿਵੰਤ ਸਭਿ ਅੰਗੀਕਾਰੀ। ਪਠਹਿ ਸੁਨਹਿ ਗੁਰਮਤ ਕੋ ਧਾਰੈ। ਭਵ ਸਾਗਰ ਤੇ ਉਤਰਹਿ ਪਾਰੈ ॥ ੪੪ ॥ ਪਠਹਿ ਸੁਨਹਿ ਨਹਿ ਭਲੋ ਕਮਾਵਹਿ। ਸ਼ੁਭ ਬਾਨੀ ਪਰ ਤਰਕ ਉਠਾਵਹਿ³। ਤਿਸ ਨਰ ਕਾ ਹੁਇ ਨਰਕ ਪਯਾਨਾ। ਹਾਰ ਜਨਮ ਕੋ ਪੁਨ ਪਛੁਤਾਨਾ ॥ ੪੫ ॥ ਕਰੈ* ਖਾਲਸਾ ਕੋ ਹਿਤ ਬਾਨੀ। ਹਮ ਭੀ, ਕੇਤਿਕ ਕਰਹਿ⁴* ਬਖਾਨੀ⁵। ਆਦਿ ਮਹਾਂਭਾਰਤ ਜੋ ਆਨ। ਭਾਖਾ ਸਭਿ ਕੀ ਕਰਤਿ ਸੁਜਾਨ ॥ ੪੬ ॥ ਸੋ ਹਮ ਪੰਥ ਹੇਤੁ ਕਰਿਵਾਵੈਂ। ਪਠਹਿਂ ਆਪ ਸਭਿਹੂੰਨ ਸੁਨਾਵੈਂ⁶। ਹੁਤੇ ਬਵੰਜਾ ਕਵਿ ਗੁਰ ਪਾਸ। ਸਭਿ ਹੀ ਬਾਨੀ ਕਰਹਿ ਪ੍ਰਕਾਸ਼॥੪੭॥ਸਤਿਗੁਰ ਸਭਿ ਇਕੱਤ੍ਰ ਕਰਿਵਾਵੈਂ।ਪੱਤ੍ਰੇ ਦੀਰਘ ਪਰ ਲਿਖਵਾਵੈਂ।ਨਾਮ ਗ੍ਰੰਥ ਕੋ ਬਿੱਦਯਾ ਸਾਗਰ।ਰਾਖਨ ਕੀਨੋ ਸ੍ਰੀ ਪ੍ਰਭੁ ਨਾਗਰ⁶ ॥੪੮॥ਕਵਿਤਾ ਸਭਿਹਿਨਿ ਕੀ ਪਰਖੰਤੇ।ਜਿਮ ਤਮ ਤਾਰ⁷ ਸੁ ਛੰਦ ਬਨੰਤੇ। ਰੀਝ ਰੀਝ ਦੇਂ ਮੌਜ⁸ ਘਨੇਰੀ। ਲਾਖਹੁ ਦਰਬ ਕਰੋਰਨ ਕੇਰੀ ॥ ੪੯ ॥ ਕਵੀਅਨਿ ਕੋ ਆਗੇ ਬਿਰਤਾਂਤ। ਕਰਹਿ ਗ੍ਰੰਥ ਮਹਿ ਸਭਿ ਬੱਖਯਾਤ। ਰੁੱਤ ਭਈ ਅਬਿ ਤੀਸਰ ਪੂਰੀ। ਸ੍ਰੀ ਕਲਗੀਧਰ ਕੀ ਕਥ ਰੂਰੀ॥ ੫੦॥ ਪਠਹਿ ਸੁਨਹਿ ਉਪਜਾਵਹਿ ਪ੍ਰੇਮ। ਸਤਿਗੁਰ ਬਖਸ਼ਹਿ ਸ਼੍ਰੋਤਨਿ ਛੇਮ। ਦਸ ਪਤਿ-ਸ਼ਾਹਨਿ ਚਰਨ ਮਨਾਇ। ਕਵਿ ਸੰਤੋਖ ਸਿੰਘ ਕਾਬਯ ਬਨਾਇ ॥ ੫੧ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਤ੍ਰਿਤੀਯ ਰੁਤੇ 'ਗ੍ਰਿੰਥਹਿ' ਪ੍ਰਸੰਗ ਬਰਨਨੰ ਕਵਿ ਸੰਤੋਖ ਸਿੰਘ ਵਿਰਚਤਾਯਾਂ ਭਾਸ਼ਾਯਾਂ ਸ੍ਰੀ ਗੁਰ ਮਹਾਤਮ ਤ੍ਰਿਤੀ ਰੁਤ ਸੰਪੂਰਨੰ ਸਮਸਤ ਸ਼ੁਭ ਮਸਤ ਨਾਮ ਇਕ ਪੰਚਾਸਤਿ ਅੰਸੂ ॥ ੫੧ ॥

## ਤੀਜੀ ਰੁਤ ਸਮਾਪਤਿ ਹੋਈ।

¹ਇਥੋਂ ਤਕ ਸੈ ਸਾਖੀ ਦਾ ਭਾਵ ਸੀ ਅੱਗੇ ਕਵਿ ਜੀ ਆਪ ਲਿਖਦੇ ਹਨ। ²ਸੱਤ ਅਸੱਤ ਦਾ ਵਿਚਾਰ ਜਿਸ ਤੋਂ ਪ੍ਰਾਪਤ ਹੋਵੇ। ³ਭਾਵ ਸ਼ੁਭ ਬਾਣੀ ਤੇ ਤਰਕ ਨਾ ਕਰੇ, ਪਰ ਗੁਰਬਾਣੀ ਦੀ ਤੁੱਲਤਾ ਕਿਸੇ ਬਾਣੀ ਨੂੰ ਦੇਣੀ ਗੁਰਮਤ ਵਿਰੁੱਧ ਹੈ। ⁴(ਅਸੀਂ) ਕਰਾਂਗੇ। ⁵ਤੇ ਕੁਛਕੁ ਕਥਨ ਕੀਤੀ ਬੀ ਹੈ। ⁶ਪ੍ਰਬੀਨ ਪ੍ਰਭੂ ਜੀ ਨੇ। ⁷ਵੱਧ ਘੱਟ। ⁸ਬਖਸ਼ਸ਼। *ਪਾਠ—ਸੇਵਕ ਕੀਨਿ।

†ਛਾਪੇ ਦੇ ਨੁਸਖੇ ਵਿਚ ਇਸਤੋਂ ਅੱਗੇ ਇਹ ਪਾਠ ਹੈ:—ਸ੍ਰੀ ਵਾਹਿਗੁਰੂ ਜੀ ਸਹਾਇ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਹਾਇ। ਸ੍ਰੀ ਅਕਾਲ ਪੁਰਖ ਜੀ ਸਹਾਇ ਤ੍ਰਿਤੀ ਰੁਤ ਸੰਪੂਰਨੰ ॥

Sri Satguru Jagjit Singh Ji eLlibrary NamdhariElibrary@gmail.com

# ਰਿਤੁ ਚਉਥੀ ਚੱਲੀ

ੴ ਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤੇ ॥

ਅਰਥਾਂ ਲਈ ਦੇਖੋ ਰਾਸਿ ੩ ਦਾ ਆਦਿ।

## ਅਥ ਚਤੁਰਥ ਰੁਤ ਕਥਨੰ ॥

੧. [ਮੰਗਲ। ਖਾਲਸੇ ਦਾ ਬਾਹਰ ਚੜ੍ਹਨਾ]।

### ੧. ਇਸ਼੍ਟ ਦੇਵ—ਸ੍ਰੀ ਅਕਾਲ ਪੁਰਖ—ਮੰਗਲ।

ਦੋਹਰਾ ॥ ਦੀਨਨਿ ਦਯਾਲੁ* ਅਨੰਦਘਨ ਜੋ ਸਭਿ ਮੈਂ ਲਯ, ਲੀਨਿ।
ਲੀਨਿ ਨਾਮ ਜਨ ਜਾਂਹਿ ਨੇ ਤਿਨ ਕੌ ਕੈਵਲ ਦੀਨਿ ॥ ੧ ॥

{ ਆਨੰਦਘਨੁ=ਇਕ ਰਸ ਆਨੰਦ (ਸੂਰੂਪ)। ਲਯ=ਸਮਾਇਆ ਹੋਇਆ।
ਲੀਨ=ਜੱਫੀ ਵਿਚ, ਨਾਲ ਲਗੇ ਹੋਏ, ਅਲੰਬ ਵਿਚ, ਆਸਰੇ।
ਕੈਵਲ=ਕੈਵਲਯ=ਸਦਾ ਦੀ ਮੁਕਤੀ। ਸੂਚਨਾ—'ਜੋ ਸਭ ਮੈਂ' ਲਯ
ਤੇ ਲੀਨ ਦੁਹਾਂ ਦਾ ਦੇਹੁਰੀ ਦੀਪਕ ਹੈ। }

**ਅਰਥ**—ਦੀਨਾਂ ਉਤੇ ਦਿਆਲੂ ਤੇ ਇਕ ਰਸ ਆਨੰਦ (ਸਰੂਪ ਪਰਮਾਤਮਾ) ਜੋ ਸਾਰਿਆਂ ਵਿਚ ਸਮਾਇਆ ਹੋਇਆ ਹੈ (ਅਤੇ) ਜਿਸ ਦੇ ਆਸਰੇ ਸਾਰੇ (ਕਾਇਮ) ਹਨ, (ਐਸੇ ਪ੍ਰਮਾਤਮਾ ਦਾ) ਨਾਮ ਜਿਨ੍ਹਾਂ ਜਨਾਂ ਨੇ ਲੀਤਾ ਹੈ, ਉਹਨਾਂ ਨੂੰ (ਆਪ ਨੇ) ਕੈਵਲ (ਪਦਵੀ) ਦਿਤੀ ਹੈ।

**ਭਾਵ**—ਨਯਾਯ ਨੇ ਦੁੱਖ ਤੋਂ (=੨੧ ਪ੍ਰਕਾਰ ਦੇ ਦੁੱਖ ਤੋਂ) ਮੂਲੋਂ ਹੀ ਛੁਟਕਾਰਾ ਪਾ ਜਾਣ ਦਾ ਨਾਮ ਕੈਵਲ ਦੱਸਿਆ ਹੈ, ਸਾਧਨ ਉਸ ਦਾ ਹੈ ੧੬ ਪਦਾਰਥਾਂ ਦਾ ਤਤ੍ਵਗਯਾਨ। ਸਾਂਖ ਵਿਚ ਤ੍ਰੈ ਪ੍ਰਕਾਰ ਦੇ ਦੁਖਾਂ ਤੋਂ ਸੰਪੂਰਣ ਖਲਾਸੀ ਨੂੰ ਕੈਵਲ ਆਖਿਆ ਹੈ, ਤੇ ਵਿਵੇਕ ਉਸ ਦਾ ਸਾਧਨ ਹੈ। ਯੋਗ ਦਰਸ਼ਨ ਵਿਚ ਅਹੰਕਾਰ ਦੀ ਪੂਰਨ ਨਵਿਰਤੀ ਹੋ ਜਾਣ ਤੇ ਦ੍ਰਿਸ਼ਟਾ ਦਾ ਸ੍ਵੈ ਸਰੂਪ ਵਿਚ ਇਸਥਿਤ ਹੋ ਜਾਣਾ ਕੈਵਲ ਹੈ, ਚਿਤ ਬ੍ਰਿਤੀਆਂ ਨੂੰ ਨਿਰੋਧ ਕਰਨਾ ਉਸ ਦਾ ਸਾਧਨ ਹੈ। ਵੇਦਾਂਤ ਵਿਚ ਅਦ੍ਵੈਤ ਵਿਚ ਨਿਸ਼ਚਾ ਹੋਕੇ ਨਿਰੋਲ ਬ੍ਰਹਮ ਭਾਵ ਵਿਚ ਹੋ ਜਾਣਾ ਕੈਵਲ ਹੈ, ਸਾਧਨ ਅਵਿੱਦਯਾ ਦਾ ਨਾਸ਼ ਕਰਨਾ ਹੈ। ਗੁਰਮਤ ਮਾਰਗ ਵਿਚ ਜਦੋਂ ਕੈਵਲ ਪਦ ਵਰਤਿਆ ਜਾਵੇ ਤਾਂ ਭਾਵ ਹੈ:—ਜੀਵਾਤਮਾਂ ਦਾ ਪ੍ਰਮਾਤਮਾਂ ਨਾਲ ਅਵਿਛੜ ਮੇਲ ਵਿਚ (ਸਦਾ ਸੰਜੋਗ ਵਿਚ) ਹੋ ਜਾਣਾ, ਭਾਵ ਜੀਵ ਤੱਤ੍ਵ ਦਾ ਪਰਮ ਤੱਤ੍ਵ ਨਾਲ ਅਵਿਛੜ ਮਿਲਾਪ। ਇਸ ਦਾ ਸਾਧਨ ਪ੍ਰੇਮ ਹੈ, ਪ੍ਰੇਮ ਦਾ ਵਿਦਤ ਸਰੂਪ ਸਿਮਰਨ ਹੈ।

---

*ਪਾ:—ਦੀਨ ਦਇਆਲ।

Sri Satguru Jagjit Singh Ji eLlibrary NamdhariElibrary@gmail.com

## ੨ ਇਸ਼ਟ ਗੁਰੂ–ਦਸੋ ਗੁਰੂ ਸਾਹਿਬਾਂ ਦਾ–ਮੰਗਲ।

ਕਬਿੱਤ॥ ਹਰਿ ਹਰਿ ਖੋਟੀ ਮੱਤਿ ਹਰਿ ਹਰਿ ਦੈ ਦੈ ਨਾਮ ਗੁਰ ਗੁਰੂ ਨਾਨਕ ਜਹਾਜਨਿ ਕੋ ਭਰਿ ਭਰਿ।ਕਰਿ ਕਰਿ ਪਾਰ ਗੁਰ ਅੰਗਦ ਅਮਰਦਾਸ ਸੋਢੀ ਕੁਲ ਚੰਦ ਰਾਮਦਾਸ ਦਯਾ ਢਰਿ ਢਰਿ। ਘਰੁ ਘਰੁ ਜਸ ਗੁਰੁ ਅਰਜਨ ਜਾਨੀਯਤਿ, ਸ੍ਰੀ ਹਰਿਗੁਬਿੰਦ ਹਰਿ ਰਾਇ ਰੂਪ ਧਰਿ ਧਰਿ।ਦਰਿ ਦਰਿ ਦੁਖ ਹਰਿਕ੍ਰਿਸ਼ਨ ਨਵਮ ਗੁਰੂ ਸ੍ਰੀ ਗੋਬਿੰਦਸਿੰਘ ਲੌ ਚਰਨ ਪਰ ਪਰਿ ਪਰਿ॥੨॥

[ ਹਰਿ=ਹਰਿਕ ਦੀ। ਹਰਿ=ਦੂਰ ਕਰਕੇ। ਹਰਿ=ਭਗਵਾਨ ਰੂਪ।
ਹਰਿ ਦੈ ਦੈ ਨਾਮ=ਹਰਨਾਮ (=ਵਾਹਿਗੁਰੂ ਦਾ ਨਾਮ) ਦੇ ਦੇ ਕੇ।
ਗੁਰ ਗੁਰੂ=ਗੁਰਾਂ ਦੇ ਗੁਰੂ। ਪਰਮ ਗੁਰੂ। ਜਾਨੀਯਤਿ=ਪ੍ਰਸਿੱਧ ਹੈ।
ਦਰ=ਦਲਨਾ। ਪਹਿਲਾ ਗੁਰੂ ਹਰਿ ਕ੍ਰਿਸ਼ਨ ਜੀ ਦੇ ਦੁੱਖ ਦਲਨ ਵੱਲ ਲੱਗੇਗਾ ਤੇ ਦੂਸਰਾ ਨਾਵੇਂ ਦਸਵੇਂ ਗੁਰੂ ਜੀ ਦੀ ਦਲਨ ਸ਼ਕਤੀ ਵੱਲ।
( ਅ ) ਬੂਹੇ ਬੂਹੇ ਦਾ ਦੁੱਖ ਦੂਰ ਕਰਨ ਵਾਲੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਹੋਏ। [ਫਾ:, ਦਰ=ਬੂਹਾ]। ]

ਅਰਥ–ਗੁਰਾਂ ਦੇ ਗੁਰੂ ਨਾਨਕ ਨੇ ਦੂਰ ਕਰਕੇ ਖੋਟੀਆਂ ਮਤਾਂ, ਤੇ ਦੇ ਦੇ ਕੇ ਹਰੀ ਦਾ ਨਾਮ ਜਹਾਜ਼ਾਂ ਦੇ ਜਹਾਜ਼ ਭਰ ਭਰਕੇ ਕਰ ਦਿਤੇ (ਹਾਂ) ਕਰ ਦਿਤੇ ਪਾਰ। ( ਤਿਵੇਂ ਹੀ ਗੁਰੂ ) ਅੰਗਦ (ਗੁਰੂ) ਅਮਰਦਾਸ ਸੋਢੀ ਕੁਲ ਦੇ ਚੰਦ (ਗੁਰੂ) ਰਾਮਦਾਸ ਜੀ ਨੇ ਦਇਆ ਵਿਚ ਢਲ ਢਲਕੇ (ਲੋਕੀ ਪਾਰ ਕੀਤੇ)। (ਇਹੋ ਹੀ) ਜਸ ਘਰ ਘਰ ਵਿਚ ਪ੍ਰਸਿੱਧ ਹੈ ਗੁਰੂ ਅਰਜਨ ਜੀ ਦਾ, ( ਜਿਨ੍ਹਾਂ ਦਾ ਹੀ ) ਰੂਪ ਧਾਰ ਧਾਰਕੇ ਸ੍ਰੀ ਹਰਿ ਗੋਬਿੰਦ ਤੇ ਹਰਿਰਾਇ (ਜੀ ਹੋਏ), (ਉਨ੍ਹਾਂ ਹੀ ਵਾਂਙ ਹੋਏ। ਹਰਿ ਕ੍ਰਿਸ਼ਨ ਜੀ ਦੁਖਾਂ ਨੂੰ ਦਲਨ ਵਾਲੇ ਤੇ (ਸ੍ਰੀ ਗੁਰੂ ਤੇਗ਼ ਬਹਾਦਰ) ਨਾਵੇਂ ਗੁਰੂ ਤੇ ਸ੍ਰੀ ਗੁਰੂ) ਗੋਬਿੰਦ ਸਿੰਘ ਜੀ ( ਵੈਰੀਆਂ ਨੂੰ ) ਦਲਣ ਵਾਲੇ, ( ਕਵਿ ਆਦਿ ਤੋਂ ਲੈ ਅੰਤ ) ਤਕ ( ਸਾਰੇ ਗੁਰਾਂ ਦੇ) ਚਰਨਾਂ ਤੇ ਡਿੱਗਕੇ (ਓਥੇ ਹੀ) ਪੈ ਰਿਹਾ ਹੈ।

## ੩. 'ਕਵਿ–ਸੰਕੇਤ' ਮਿਰਯਾਦਾ ਦਾ ਮੰਗਲ।

ਚੌਪਈ॥ ਚੰਦਨ ਸੇਤ ਸੁ ਚਰਚਤਿ ਅੰਗਾ।ਚੰਦ ਮਨਿੰਦ ਬਦਨ ਸਿਤ ਰੰਗਾ।
ਚੰਦ੍ਰਿਕ ਸੇਤ ਲਗਾਸੇ ਤਨ ਸੰਗ। ਜਲ ਪ੍ਰਵਾਹਿ ਜਿਹ ਰੰਗ ਸੁ ਰੰਗ ॥ ੩॥
ਚੌਦਹਿ ਲੋਕਨਿ ਬਯਾਪ ਮਹਾਂਨੀ। ਉਚਰਤਿ ਕੋਊ ਅੰਤ ਨ ਜਾਨੀ।
ਨਈ ਨਈ ਨਿਤ ਕਵਿਨਿ ਬਖਾਨੀ।ਅਸ ਬਾਨੀ ਪਦ ਬੰਦਨ ਠਾਨੀ ॥੪॥

[ ਚੰਦਨ ਸੇਤ=ਚਿੱਟਾ ਚੰਦਨ। ਚਰਚਤਿ=ਛਿੜਕਿਆ ਹੋਇਆ।
ਚੰਦ੍ਰਿਕ=ਕਪੂਰ। ( ਅ ) ਚਾਂਦਨੀ। ਤੁਕ ਦਾ ਅਰਥ:–ਮਾਨੋਂ ਚਿੱਟੀ ਚਾਂਦਨੀ ਹੀ ਤਨ ਨਾਲ ਲਗ ਰਹੀ ਹੈ। ]

{ ਜਲ ਪ੍ਰਵਾਹ=ਜਲ ਦਾ ਪ੍ਰਵਾਹ। ਗੰਗਾ ਦੇ ਜਲ ਦੇ ਪ੍ਰਵਾਹ ਤੋਂ ਮੁਰਾਦ ਹੈ, ਜਿਸ ਦਾ ਪ੍ਰਵਾਹ ਚਿੱਟਾ ਗਿਣਿਆ ਹੋਇਆ ਹੈ। ਜਾਪਦਾ ਹੈ ਕਿ ਸ਼ੁੱਧ ਪਾਠ 'ਜਲ ਪ੍ਰਵਾਹ ਜਹਿ ਗੰਗ ਸੁਰੰਗ' ਸੀ=ਜਿਸ ਦਾ ਰੰਗ ਗੰਗਾ ਦੇ ਜਲ ਪ੍ਰਵਾਹ ਵਰਗਾ ਹੈ। ਜਲ ਪ੍ਰਵਾਹ ਵਿਚ ਮੁਰਾਦ ਲੁਸ ਲੁਸ ਕਰਨ ਦੀ ਤੇ ਲਹਿਰਨ ਦੀ ਬੀ ਹੈ। }

**ਅਰਥ**–ਜਿਸ (ਦੇ ਤਨ ਦੇ) ਅੰਗ ਚਿੱਟੇ ਚੰਦਨ ਨਾਲ ਚਰਚਤਿ ਹਨ, ਮੁਖ ਦਾ ਰੰਗ ਚੰਦ੍ਰਮਾ ਵਰਗਾ ਚਿੱਟਾ ਹੈ, ਜਿਸ ਦੇ ਤਨ ਨਾਲ ਲਗਾ ਹੈ ਚਿੱਟਾ ਕਪੂਰ, ਜਿਸ ਦਾ ਸੁਹਣਾ ਰੰਗ ਜਲ ਪ੍ਰਵਾਹ ਦੇ ਰੰਗ ਵਾਙੂ (ਲਹਿਰਦਾ ਭਾਸਦਾ) ਹੈ ॥ ੩ ॥

ਜੋ ਮਹਾਨ (ਬਾਣੀ ਕਿ) ਚੌਦਾਂ ਲੋਕਾਂ ਵਿਚ ਵਿਆਪਕ ਹੈ। ( ਜਿਸ ਬਾਣੀ ਨੂੰ ) ਕਰੋੜਾਂ ਉਚਾਰ ਰਹੇ ਹਨ, ( ਜਿਨ੍ਹਾਂ ਦਾ ਮੈਂ ) ਅੰਤ ਨਹੀਂ ਜਾਣਦਾ। ਨਵੀਂ ਤੋਂ ਨਵੀਂ (ਬਾਣੀ) ਨਿਤ ਕਵੀ ਆਖਦੇ ਹਨ, ਐਸੀ ਬਾਣੀ ਨੂੰ (ਮੈਂ) ਵੀ ਚਰਨਾਂ ਤੇ ਮੱਥਾ ਟੇਕਦਾ ਹਾਂ।

ਸੁਨਹੁ ਕਥਾ ਸ੍ਰੀ ਕਲਗੀਧਰ ਕੀ। ਸ੍ਰੋਤਾ ਪਰਹਰਿ ਦੁਰਮਤਿ ਉਰ ਕੀ। ਅਚਰਜ ਚਰਿਤ੍ਰ ਗੁਰੂ ਕੇ ਅਹੈਂ। ਕਿਸ ਮਹਿਂ ਸ਼ਕਤਿ ਜੁ ਸਗਰੇ ਕਹੈ॥੫॥ ਗੁਰ ਕ੍ਰਿਪਾਲ ਜੇਤਿਕ ਕਿਯ ਕਰੁਨਾ।ਮੈਂ ਭੀ ਕਰਹੁਂ ਤਿਤਿਕ ਜਸੁ ਬਰਨਾ। ਮੋ ਮਹਿ ਸ਼ਕਤਿ ਨ ਰੰਚਕ ਭਰ ਹੈ।ਅਪਨੇ ਚਲਿਤ ਆਪ ਹੀ ਕਰਿਹੈ॥੬॥ ਭਯੋ ਖਾਲਸਾ ਪੰਥ ਬਿਸਾਲਾ। ਤਿਨ ਕੋ ਜੁੱਧ ਪ੍ਰਬੰਧ ਕਰਾਲਾ[1]। ਬਰਨਨ ਕਰੋਂ ਸੁਨੋ ਮਨ ਲਾਇ। ਸ੍ਰੀ ਕਲਗੀਧਰ ਜਿਮ ਕਰਿਵਾਇ ॥ ੭ ॥ ਨਿਤ ਸਿੰਘਨਿ ਕੀ ਸਭਾ ਲਗਾਵੈਂ। 'ਹਤਹੁ ਰਿਪੁਨ' ਉਪਦੇਸ਼ ਦ੍ਰਿੜਾਵੈਂ।ਸ਼ਸਤ੍ਰਨ ਕੋ ਅੱਭ੍ਯਾਸ ਸਦੀਵਾ। ਮਤਿ ਊਚੀ ਰਾਖਹੁ ਮਨਿ ਨੀਵਾ ॥ ੮ ॥ ਆਯੁਧ ਕੋ ਵਿਸਾਹੁ ਨਹਿਂ ਕਰੈਂ। ਅੰਗ ਮਨਿੰਦ ਰੈਨ ਦਿਨ ਧਰੈਂ[2]। ਵਾਹਿਗੁਰੂ ਜੀ ਕੀ ਕਹਿਂ ਫਤੇ। ਗਰਜਤਿ ਭਯੋ ਖਾਲਸਾ ਅਤੇ ॥ ੯ ॥ ਨਿਤਪ੍ਰਤਿ ਸੰਗਤਿ ਅਤਿਸ਼ੈ ਆਵੈ। ਬਸਹਿ ਅਨੰਦਪੁਰਿ ਮੋਦ ਬਢਾਵੈ। ਬਿਰਹਿ ਸਦੀਵ ਸਿੰਘ ਦਲ[3]ਭਯੋ।ਬਲੀ ਤੁਰੰਗਮ ਚਢਿਬੇ ਲਯੋ॥੧੦॥ਕਿਸ ਕੋ ਅਸੁ[4]ਕਲਗੀਧਰ ਦੇਤਿ।ਕੋ ਮੁਲ ਆਨਹਿ ਅਪਨਿ ਨਿਕੇਤ[5]।ਬ੍ਰਿੰਦ ਬਟੋਰ ਸੁਦਾ ਗੁਰ ਆਨੈ। ਲੇਤਿ ਮੋਲ ਗੁਰ ਦਰਬ ਮਹਾਨੈ ॥ ੧੧ ॥ ਲਗੇ ਤਬੇਲੇ ਸੁੰਦਰ ਘੋੜੇ। ਚਪਲ[6], ਬਿਸਾਲ[7], ਭਰੇ ਤਨ[8], ਜੋੜੇ[9]। ਕੇਤਿਕ ਹਾਥੀ ਰਹਿ ਗੁਰਦ੍ਵਾਰੇ। ਝੂਲਤਿ ਝੂਲਨ ਡਾਰਿ ਸ਼ਿੰਗਾਰੇ ॥੧੨॥ ਬ੍ਰਿੰਦ ਬ੍ਰਿੰਦ ਨਰ ਬ੍ਰਿੰਦ ਸਥਾਨ[10]।

[1]ਭ੍ਯਾਨਕ ਜੁੱਧਾਂ ਦਾ ਪ੍ਰਸੰਗ। [2]ਅੰਗਾਂ ਵਾਂਙ (ਸ਼ਸਤ੍ਰ) ਰਾਤ ਦਿਨ ਧਾਰਦੇ ਹਨ। [3]ਸਿੰਘਾਂ ਦੀ ਸੈਨਾਂ। [4]ਘੋੜਾ। [5]ਆਪਣੇ ਘਰੋਂ। [6]ਚਾਲਾਕ। [7]ਲੰਮੇ ਤੇ ਉਚੇ। [8]ਸਰੀਰ ਦੇ ਭਰਵੇਂ। [9]ਜੋੜੀਆਂ ਵਿਚ। [10]ਬਹੁਤੇ ਥਾਵਾਂ ਤੇ ਸਮੂਹਾਂ ਦੇ ਸਮੂਹ ਪੁਰਸ਼।

Sri Satguru Jagjit Singh Ji eLlibrary NamdhariElibrary@gmail.com

ਉਤਰੇ ਡੇਰੇ ਪਰੇ ਮਹਾਨ । ਸਤਿਗੁਰ ਪੌਰ ਭੀਰ ਬਹੁ ਰਹੈ । ਰਾਜਨ ਕੇ ਵਕੀਲ ਥਿਰ ਲਹੈਂ ॥ ੧੩ ॥ ਭੀਰ ਬਜ਼ਾਰ ਬਿਖੈ ਬਹੁ ਨਰ ਕੀ । ਦੇਸ਼ ਬਿਦੇਸ਼ੀ ਬੇਸਨ ਧਰ ਕੀ[1] । ਬਧ੍ਯੋ ਅਨੰਦਪੁਰਾ ਬਡ ਨਗਰੰ।ਆਵਹਿਂ ਚਲੇ ਸਿੱਖ ਦਿਸ਼ਿ ਸਗਰੰ[2]॥੧੪॥ਨਿਕਟ ਨਿਕਟ ਤ੍ਰਿਣ ਕਤਹੁਂ ਨ ਰਹੇ।ਖੋਜਤਿ ਭਿਸੀ ਦੂਰ ਕੋ ਲਹੇ । ਛੁਧਿਤਿ ਰਹਤਿ ਘੋਰੇ ਗਨ ਹਾਥੀ । ਚਾਰਾ ਅਲਪ ਆਇ ਬਨ ਸਾਥੀ[3] ॥ ੧੫ ॥ ਮਿਲ੍ਯੋ ਖਾਲਸਾ ਇਕ ਦਿਨ ਗ਼ਰਜ਼ੀ[4] । ਮਰਜ਼ੀ ਲਖੀ ਗੁਜ਼ਾਰਤਿ ਅਰਜ਼ੀ । 'ਸੁਨੀਅਹਿ ਸ੍ਰੀ ਸਤਿਗੁਰ ਮਹਾਰਾਜਾ! ਨਿਕਟ ਨ ਰਹ੍ਯੋ ਹਾਥੀਅਨਿ ਖਾਜਾ ॥੧੬॥ ਤਿਮ ਹੀ ਤ੍ਰਿਣ ਨ ਤੁਰੰਗਮ ਕੇਰੇ । ਨਹਿ ਪਾਈਯਤ ਹੈਂ ਕਿਤਹੂੰ ਨੇਰੇ । ਰਹੈਂ ਛੁਧਿਤਿ ਗਜ ਬਾਜਿ ਸੁ ਦੁਰਬਲ । ਤੁਮ ਬਿਨ ਕਹੋ ਨ ਜਾਹਿ ਅਨਤ ਥਲ[5] ॥੧੭॥ ਮਰਦਨ ਦੂਨ ਭਈ ਸਭਿ ਨੇਰੇ[6]।ਨਿਤ ਆਮਦ ਗਜ ਹਯਨਿ ਘਨੇਰੇ । ਇਸ ਕਾਰਣ ਹਮ ਭਾਖੀ ਅਰਜ਼ੀ।ਕਰਹਿ ਖਾਲਸਾ ਰਾਵਰਿ ਮਰਜ਼ੀ॥੧੮॥ਕੀਰਤਪੁਰਿ ਆਨੰਦ-ਪੁਰਿ ਸਾਰੇ।ਸੰਗਤ ਬਿਚਰਤਿ ਗਿਰਨਿ ਕਿਨਾਰੇ।ਤਿਮ ਹੀ ਸਿੰਘਨ ਕੋ ਦਲ ਹੋਵਾ । ਵਿਚਰਹਿ ਵਹਿਰ ਅਖੇਰਨਿ ਜੋਵਾ[7] ॥੧੯॥ ਸ੍ਰੀ ਕਲਗ਼ੀਧਰ ਗੁਨ ਗਨ ਖਾਨੀ । ਸੁਨੀ ਖਾਲਸੇ ਕੀ ਅਸ ਬਾਨੀ । ਅਵਨੀ ਭਾਰ ਨਿਵਾਰਨ ਹੇਤ । ਘਾਲਨ ਘਨੇਂ ਜੰਗ ਰਿਪੁ ਖੇਤ[8] ॥੨੦ ॥ਸਿੰਘਨਿ ਕੌ ਸੰਘਰ[9] ਸਿਖ-ਰਾਵਨਿ।ਦੇਨਿ ਰਾਜ ਕੌ, ਤੇਜ ਵਧਾਵਨਿ।ਦੇਸ਼ ਤੇਸ਼ ਮਹਿਂ ਵਡੇ ਕਰਨਕੋ। ਲੇਨਿ ਬਚਾਇ ਜੁ ਗਹੈ ਸ਼ਰਨ ਕੋ॥੨੧॥ਧਨਸੁਰ ਸੋਂ ਗਰਜੇ ਰਿਪੁ ਹਾਨੀ[10]। ਕਹੀ ਖਾਲਸੇ ਸੋਂ ਇਮ ਬਾਨੀ । 'ਸੁਤ ਪਰਵਾਰ ਬਧਤਿ ਹੈ ਜਨੋਂ ਜਨੋਂ[11] । ਜਲ ਸਮ ਧਰਨੀ ਪਸਰਹਿਂ ਤਨੋਂ ਤਨੋਂ[12] ॥ ੨੨ ॥ ਏਕ ਦੂਨ ਅਬਿ ਕਹਾਂ ਬਿਚਾਰੀ । ਪਸਰਹਿਂ ਸਿੰਘ ਧਰਾ ਮਹਿਂ ਸਾਰੀ।ਅਪਰ ਦੂਨ ਮਹਿ ਚਢਿ ਗਮ-ਨੀਜੈ । ਸਾਵਧਾਨ ਸ਼ਸਤ੍ਰਨਿ ਧਰਿ ਲੀਜੈ॥੨੩॥ ਜਹਿ ਤ੍ਰਿਣ[13] ਹੋਰਹੁ ਹਰੇ ਕਿਸੂ ਕੇ ।ਤਹਾਂ ਖਾਲਸੇ ਕੋ ਦਲ ਢੂਕੇ[14] ।ਬਹੁਰ ਖੇਤ ਲਿਹੁ ਬਾਢਿਉਠਾਈ।

[1]ਦੇਸ਼ਾਂ ਬਦੇਸ਼ਾਂ ਦੇ ਵੇਸ ਧਾਰੀਆਂ ਦੀ ਭਾਵ ਦੇਸ਼ ਦੇਸ਼ ਦੇ ਵੇਸ ਦਿੱਸਦੇ ਹਨ । [2]ਸਾਰੇ ਪਾਸਿਆਂ ਦੇ । [3]ਨਾਲ ਦੇ ਬਨਾਂ ਵਿਚੋਂ ਥੋੜਾ ਚਾਰਾ ਮਿਲਦਾ ਹੈ । [4](ਆਪਣੀ) ਗਰਜ਼ ਵਾਸਤੇ । [5]ਹੋਰ ਥਾਂ ਤੇ । [6]ਭਾਵ ਦੂਨ ਦਾ ਤ੍ਰਿਣ ਮੁੱਕ ਚੁਕਾ ਹੈ । [7]ਸ਼ਿਕਾਰਾਂ ਨੂੰ ਭਾਲਦੇ । [8]ਵੈਰੀਆਂ ਨਾਲ ਯੁੱਧ ਭੂਮੀ ਵਿਚ ਬਹੁਤ ਜੰਗ ਕਰਨ ਲਈ । [9]ਜੰਗ ( ਕਰਨਾ ) । [10]ਸ਼ੱਤ੍ਰੂ ਨਾਸ਼ਕ । [11]ਜਿਵੇਂ ਜਿਵੇਂ ਸੁਤ ਤੇ ਪਰਿਵਾਰ ਵਧਦੇ ਹਨ । [12]ਪਾਣੀ ਵਾਙੂ ਧਰਤੀ ਉਤੇ ਤਿਉਂ ਤਿਉਂ ਫੈਲਦੇ ਹਨ । ਭਾਵ ਜਿਵੇਂ ਪਾਣੀ ਵਧੇ ਤਾਂ ਧਰਤੀ ਤੇ ਫੈਲਦਾ ਹੈ । [13]ਘਾਹ ਪੱਠੇ । [14]ਜਾਵੇ ।

ਗਜ ਬਾਜਿਨਿ ਚਾਰਹੁ ਸਮਦਾਈ[1] ॥ ੨੪ ॥ ਦੈ ਕਰਿ ਭੇਟ[2], ਮਿਲਹਿ ਜੋ ਆਇ। ਹੁਇ ਸਹਾਇ ਤਿਹ ਲੇਹੁ ਬਚਾਇ[3]।ਜਹਿਂ ਅਕਰਹਿਂ[4] ਮਿਲਿਬੇ ਨਹਿਂ ਆਵਹਿਂ। ਨਿਜ ਰਾਜਨਿ ਕੋ ਜੋਰ ਜਨਾਵਹਿਂ॥੨੫॥ਤਹਾਂ ਨ ਤਜੀਅਹਿ ਲੇਹੁ ਕਹੀ ਕਰਿ[5]। ਆਨਹੁਂ ਤ੍ਰਿਪਤ ਤੁਰੰਗਮ ਲੇਂ ਚਰ[6]। ਦਿਨ ਪ੍ਰਤਿ ਕਰਹੁ ਇਸੀ ਬਿਧਿ ਫੇਰੇ। ਸਭਿ ਰਾਜਨਿ ਢਿਗ ਦੇਸ਼ ਘਨੇਰੇ*[7] ॥ ੨੬ ॥ ਸੁਨਿ ਗੁਰ ਹੁਕਮ ਖਾਲਸਾ ਗਰਜਨੋ। ਬਾਂਛਹਿ ਹਿੰਦੂ ਤੁਰਕਨਿ ਤਰਜਨੋ[7]। ਜੇ ਨ ਜਰਹਿਂ[8] ਉਰ ਜਰਿ ਜਰਿ ਜਾਹ। ਦੁਖ ਦੈਬੋ ਜਿਮ ਤ੍ਰਿਣ ਦ੍ਰਿਗ ਮਾਂਹਿ ॥੨੭॥ ਅਵਨੀ ਲੈਨਿ ਇਰਾਦਾ ਧਰਨੋ। ਰਹਤਿ ਗਰਬ ਰਾਜਨ ਪਰਹਰਨੋ। ਗੁਰੂ ਮਨੋਰਥ ਸਾਚ ਕਰਨਿ ਕੋ। ਸਫਲਹਿਂ ਸਿੰਘਨਿ ਸ਼ਸਤ੍ਰ ਧਰਨ ਕੋਂ[9]॥੨੮॥ਸਭਾ ਬਿਖੈ ਆਇਸੁ ਇਮ ਕਰੇ। ਉਠੇ ਪ੍ਰਭੂ ਨਿਜ ਮੰਦਿਰ ਬਰੇ। ਖਾਨ ਪਾਨ ਕਰਿਕੈ ਸੁਖ ਪਾਯੋ। ਸੁਪਤਿ ਜਥਾ ਸੁਖ ਨਿਸਾ ਬਿਤਾਯੋ ॥ ੨੯ ॥ ਬਡੀ ਪ੍ਰਾਤਿ ਉਠਿ ਬਜਨੋ ਨਗਾਰਾ। ਸੁਨਤਿ ਖਾਲਸਾ ਹੋਯਸਿ ਤਯਾਰਾ। ਗਹਿ ਗਹਿ ਤੁਪਕਨਿ ਚਢੇ ਤੁਰੰਗ। ਗਮਨਹਿ ਵਹਿਰ ਬੀਰਤਾ ਸੰਗ ॥੩੦॥ ਭੀਮਚੰਦ ਕੇ ਗ੍ਰਾਮਨਿ ਗਏ। ਜਿਨ ਡਰ ਧਾਰਿ ਅਕੋਰਨ ਦਏ[10]। ਦੁਗਧ ਦਧੀ ਦੇ ਕਰਿ ਘਿਘਿਆਇ। ਕ੍ਰਿਪਾ ਧਾਰਿ ਸੋ ਲੀਨਿ ਬਚਾਇ॥੩੧॥ਭਏ ਸਮੁਖ ਜੋ ਸ਼ਸਤ੍ਰਨਿ ਗਹਿ ਗਹਿ।ਤਿਨ ਪਰ ਮੁਚੀ ਮਾਰਿ ਰਿਪੁ ਲਹਿ ਲਹਿ। ਦੁਹਰਿ ਚੋਬ ਧੌਂਸੇ ਪਰ ਧਰੀ। ਤਬਿ ਗੁਲਕਨਿ ਕੀ

---

[1]ਚਾਰੇ ਸਾਰਿਆਂ ਨੂੰ। [2]ਕੀਮਤ ਦੇਕੇ (ਲਓ)। [3]ਤੇ ਜੋ ( ਆਪ ) ਆਕੇ ਮਿਲ ਪਵੇ ਉਸ ਨੂੰ ਬਚਾ ਲਓ। (ਅ) ਜੋ ਭੇਟਾ ਦੇਕੇ ਆ ਮਿਲੇ ਉਸ ਨੂੰ ਬਚਾ ਲਓ। [4]ਆਕੜਨ ਭਾਵ ਮੁੱਲ ਲੈਕੇ ਬੀ ਨਾ ਦੇਣ। [5]ਕਹੀ ਕਰਨਾ=ਕਾਹੂਆਂ ਦਾ ਖੜੀ ਖੇਤੀਆਂ ਦਾ ਅੰਦਾਜ਼ਾ ਲਾਕੇ ਕਹੀ ਨਾਲ ਚੁਗਿਰਦੇ ਨਿਸ਼ਾਨ ਪਾ ਦੇਣੇ। (ਅ) ਫੌਜੀ ਲੋੜ ਵੇਲੇ ਘਾਹ ਤੇ ਪੱਠੇ ਦੇ ਖੇਤਾਂ ਨੂੰ ਅੰਦਾਜ਼ੇ ਨਾਲ ਜਾਚਕੇ ਮਾਲਕਾਂ ਤੋਂ ਮੁੱਲ ਲੈਣਾ ਤੇ ਕਹੀ ਨਾਲ ਗਿਰਦੇ ਟੱਕ ਲਾ ਦੇਣਾ ਜੋ ਪਛਾਣ ਰਹੇ। ( ੲ) ਜੇ ਲੋੜ ਵੇਲੇ ਮਾਲਕ ਮੁੱਲ ਲੈਕੇ ਨਾ ਦੇਣ ਤਾਂ ਮੱਲੋ ਮੱਲੀ ਕਬਜ਼ਾ ਕਰ ਲੈਣਾ, ਨਿਸ਼ਾਨ ਕਹੀ ਦੇ ਲਾ ਦੇਣੇ, ਯਾ ਲੋੜ ਮੂਜਬ ਤਦੋਂ ਹੀ ਵੱਢ ਲੈਣੇ ਤੇ ਜ਼ਿਮੀਂ ਸਾਫ ਕਰ ਦੇਣੀ। ( ਸ ) (ਜੋ ਮੂੰਹੋਂ) ਆਖੋ ਸੋ ਕਰ ਲਓ। ਦੇਖੋ ਅੰਸੂ ੧੦ ਅੰਕ ੨੦ ਇਸੇ ਰੁਤ ਦਾ। [6]ਲਿਆਕੇ ਚਰਾ ਕੇ ਘੋੜੇ ਰਜਾਓ। [7]ਬਾਂਛਹਿ ਤਰਜਨੋ=ਤਾੜਨਾ ਚਾਹੁੰਦਾ ਹੈ। [8]ਜੋ ਨਹੀਂ ਸਹਾਰਦੇ। [9]ਸਿੰਘਾਂ ਦੇ ਸ਼ਸਤ੍ਰ ਧਾਰੇ ਸਫਲ ਕਰਨੇ ਨੂੰ। [10]ਭੇਟਾ ਦਿਤੀਆਂ। *ਭੀਮ ਚੰਦ ਆਦਿ ਨੇ ਪਿੰਡਾਂ ਤੋਂ ਪੱਠੇ ਵਗੈਰਾ ਮਿਲਣ ਦੀ ਮਨਾਹੀ ਕੀਤੀ ਸੀ, ਇਸ ਕਰਕੇ ਇਹ ਹੁਕਮ ਸਾਦਰ ਹੋਏ ਸਨ।

ਬਰਖਾ ਕਰੀ[1] ॥ ੩੨ ॥ ਖੇਤੀ ਲਈ ਵਹਿਰ ਤੇ ਕਾਟ। ਬਾਰੇ ਗ੍ਰਾਮ ਬਿਖੈ
ਰਿਪੁ ਡਾਟਿ[2]। ਲਾਦਿ ਲਾਦਿਸੋ ਡੇਰਨਿ ਆਏ। ਲਰੇ ਖਾਲਸੇ ਸ਼ੱਤ੍ਰੁ ਹਟਾਏ
॥੩੩॥[3]ਜੇ ਨ ਟਰਹਿ ਲਰਿਬੇ ਦੁਖ ਮਾਨ।ਪਿਖਿ ਖੇਤੀ ਕੌ ਬਹੁ ਨੁਕੇਸਾਨ।
ਤਿਨਹੁੰ ਪਲਾਵਹਿਂ ਗ੍ਰਾਮ ਮਝਾਰੇ[4]। ਚਲਹਿਂ ਸਦਨ ਤੇ ਨਿਕਸਿ ਡਰਾਰੇ[5]
॥੩੪॥ਲੂਟ ਲੂਟ ਸਭਿਹਿਨਿ ਕੋ ਲੇਈਂ।ਮਹਾਂ ਤ੍ਰਾਸ ਰਿਪ ਗਨ ਕੌ ਦੇਈਂ।
ਬਿਜੈ ਪਾਇ ਕਰਿ ਕਰਤਿ ਅਨੰਦੇ। ਹਟਹਿ ਖਾਲਸਾ ਪੁਰੀ ਅਨੰਦੇ ॥੩੫॥
ਮਨ ਭਾਵਤਿ ਗਜ ਬਾਜਨਿ ਆਗੇ। ਪਾਵਹਿਂ ਤ੍ਰਿਣਨਿ ਖਾਨ ਸਭਿ ਲਾਗੇ।
ਕਰਹਿਂ ਸੁਚੇਤਾ[6] ਸਤਿਗੁਰ ਦਰਸੈਂ। ਹਰਖਹਿਂ ਚਰਨ ਕਮਲ ਕਹੁ ਪਰਸੈ
॥੩੬॥ ਵਾਹਿਗੁਰੂ ਜੀ ਕੀ ਕਹਿ ਫਤੇ। ਲਗੇ ਦਿਵਾਨ ਖਾਲਸਾ ਮਤੇ[7]।ਸੁਧ
ਸਤਿਗੁਰ ਕੋ ਸਕਲ ਬਤਾਵੈਂ। 'ਇਮ ਦੁਜਨ ਮਹਿ ਧੂਮ ਮਚਾਵੈਂ' ॥੩੭॥
'ਅਮੁਕ ਗ੍ਰਾਮ ਆਜ ਬਹੁ ਲਰੇ'। 'ਅਮੁਕੇ ਤੇ ਤ੍ਰਿਣ ਬਾਢਨਿ ਕਰੇ'
'ਅਮਕੋ ਲੂਟ ਖਾਲਸੇ ਲੀਨੋ'।'ਅਮੁਕੋ ਮਿਲਯੋ ਬਚਾਵਨਿ ਕੀਨੋ' ॥ ੩੮ ॥
ਦੁਤਿਯ ਦਿਵਸ ਮਹਿ ਤਿਸ ਬਿਧਿ ਗਏ।ਜਾਇ ਕਹੀ ਕੀਨਸਿ ਤ੍ਰਿਣਲਏ।
ਨਏ ਗ੍ਰਾਮ ਕੋ ਨਿਤ ਚਲਿ ਜਾਵੈਂ।ਲੂਟ ਕੂਟ ਕਰਿ ਕੈ ਚਲਿ ਆਵੈਂ ॥੩੯॥
ਮਾਚੀ ਧੂਮ ਸੁ ਦੇਸ਼ ਪਹਾਰਨਿ। ਪਰਹਿ ਲਰਾਈ ਮਰਿਬੇ ਮਾਰਨ। ਮਰੇ
ਸੈਂਕਰੇ ਆਯੁਧ ਧਾਰੀ। ਪਰਿ ਸੈਂਕਰੇ ਘਾਇਲ ਭਾਰੀ ॥ ੪੦ ॥ ਖੇਤੀ ਕਟੀ
ਵਹਿਰ ਤੇ ਸਾਰੀ। ਕਿਤੇ ਗ੍ਰਾਮ ਹ੍ਵੈ ਗਏ ਉਜਾਰੀ। ਕੇਤਿਕ ਰਾਖੀ ਲਗੇ ਸੁ
ਦੇਨਿ[8]।ਸਕਲ ਸਮਾਜ ਬਚਾਇ ਸੁ ਲੇਨਿ॥੪੧॥ ਫਿਰਿ ਫਿਰਿ ਹੁਤੇ ਅਨੰਦ-
ਪੁਰਿ ਜੇਈ। ਮਾਨੀ ਆਨ ਨੰਮ੍ਰਿ ਭੇ ਤੇਈ। ਜੋ ਰਾਜਨ ਕੇ ਬਲਕੋ ਧਰੈਂ।
ਤਿਨ ਪਰ ਗ਼ਜ਼ਬ ਗੁਜ਼ਾਰਨਿ ਕਰੈਂ ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ
ਗ੍ਰਿੰਥੇ ਚਤੁਰਥ ਰੁਤੇ 'ਖਾਲਸਾ ਬਹਿਰ ਚਢਨ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥ ੧ ॥

੨. [ਬਿੰਕਰ ਵਰਨ]।

ਦੋਹਰਾ ॥ ਪ੍ਰਜਾ ਗਈ ਦੁਖ ਪਾਇ ਕੈ ਰਾਜਨ ਪਾਸ ਪੁਕਾਰ। 'ਲੂਟੇ ਗ੍ਰਾਮ

---

[1] ਚੂਹਰੀ ਚੋਬ ਡੰਕੇ ਤੇ ਦੇਗੀ ਤੇ ਖਾਲੀ ਬੰਦੂਕਾਂ ਛੱਡਣੀਆਂ ਏਹ ਡਰਾਉਣ ਵਾਸਤੇ ਹੁੰਦੀਆਂ ਸਨ। [2] ਛਾਂਟ ਕੇ ਵੈਰੀ ਪਿੰਡਾਂ ਦੇ ਅੰਦਰ ਵਾੜ ਦਿਤੇ। [3] ਜਿਹੜੇ (ਆਪਣੀ) ਖੇਤੀ ਦੇ ਬਹੁਤੇ ਨੁਕਸਾਨ ਦਾ ਦੁੱਖ ਮੰਨਕੇ ਲੜਨ ਤੋਂ ਟਲਦੇ ਨਹੀਂ। [4] ਭਜਾ ਦਿੰਦੇ ਹਨ ਪਿੰਡ ਵਿਚੋਂ। [5] ਡਰਦੇ ਨਿਕਲ ਜਾਂਦੇ ਹਨ। [6] ਘਰਾਂ ਤੋਂ ਸੁਚੇਤ ਹੋਕੇ। [7] ਸਲਾਹ ਮਸ਼ਵਰੇ ਲਈ। (ਅ) ਚੜ੍ਹਦੀਆਂ ਕਲਾਂ ਵਾਲੇ [ਮੱਤੇ=ਮਸਤ, ਉੱਥਮਨੇ]। [8] ਭਾਵ ਪਰਜਾ ਦਾ ਇਹ ਕਹਿਣਾ ਕਿ ਸਾਨੂੰ ਰੱਖ ਲਓ ਤੇ ਅਸੀਂ ਇਸ ਰਾਖੀ ਦੇ ਬਦਲੇ ਪੱਠੇ ਆਦਿ ਆਪ ਨੂੰ ਦਿਆਂਗੇ।

ਸਭਿ ਖਾਲਸੋ ਮਾਰੇ ਕਰੋ ਉਜਾਰ ॥ ੧ ॥ਚੌਪਈ॥ ਕਰੋਂ ਨ ਕਰੌ ਪਰਜਾ ਰਖਵਾਰੀ?ਜਿਸ ਤੇ ਲੇਤੇ ਦਾਮ ਹਜ਼ਾਰੀ।ਜੇ ਨਹਿਂ ਚਲ ਕਰਿ ਕਰਹੁ ਸਹਾਇ। ਤੌ ਸਭਿ ਦੂਨ ਉਜਰ ਕਰਿ ਜਾਇ' ॥੨॥ ਭੀਮਚੰਦ ਤੇ ਆਦਿਕ ਰਾਜੇ। ਸੁਨਤਿ ਪ੍ਰਜਾ ਤੇ ਕੀਨਿ ਕੁਕਾਜੇ[1]। ਗ੍ਰਾਮ ਗ੍ਰਾਮ ਮਹਿਂ ਚਮੂੰ ਉਤਾਰੀ। ਦੁੰਦਭਿ ਢੋਲ ਦੀਨਿ ਸੰਗ ਭਾਰੀ ॥ ੩ ॥ ਚਿੰਤਾਤੁਰ ਸੁਨਿ ਸੁਨਿ ਸਭਿ ਭਏ। ਆਪਸ ਬਿਖੈ ਮੇਲ ਕਰਿ ਲਏ। ਮਿਲਤੋ ਹੰਡੂਰੀ ਅਰੁ ਜਸਵਾਲ। ਭੀਮਚੰਦ ਆਦਿਕ ਗਿਰਪਾਲ ॥ ੪ ॥ 'ਅਬਿ ਗੁਰ ਦਲ ਕਰਿ ਧੂਮ ਮਚਾਈ। ਬਿਨਾ ਲਰੇ ਬਹੁ ਕਨੌਂ ਬਨਿ ਆਈ। ਇਤ ਦਿਸ਼ਿ ਜੇ ਅਖੇੜ ਭੀ ਚੜ੍ਹੈਂ। ਕਰਿ ਨੁਕਸਾਨ ਸਿੰਘ ਦਲ ਲੜੈਂ[2] ॥ ੫ ॥ ਸਭਿ ਮਿਲਿ ਇਕਥਲ ਹੋਇ ਲਰੀਜੈ।ਰਾਜ ਅਪਨੋ ਰਾਖਨਿ ਕੀਜੈ।ਐਸੀ ਮਾਰ ਕਰਹੁ ਇਕ ਬਾਰੀ। ਪੁਨ ਇਤ ਆਇ ਨ ਕਰੇ ਸੰਭਾਰੀ ॥੬॥ ਆਪ ਜਿ ਗੁਰ ਸ਼ਿਕਾਰ ਇਤ ਆਇ। ਫਿਰਿਬੇ ਦੇਹੁ ਨ ਤੁਪਕ ਚਲਾਇ। ਜਗ ਗੁਰ ਭਯੋ ਤ ਕਯਾ ਹੁਇ ਗਯੋ। ਨਹੀਂ ਰਾਜ ਤੋ ਹਮ ਨੇ ਦਯੋ ॥ ੭ ॥ ਜੋ ਸਨਮੁਖ ਹੁਇ ਦੇਹੁ ਨ ਜੰਗ। ਰਾਜ ਬਿਨਾਸ਼ ਕਰੈ ਸਰਬੰਗ[3]। ਕਿਤਨੇ ਗ੍ਰਾਮਨਿ ਖੇਤ ਉਜਾਰੇ। ਨੂਹ ਬਜਰੂੜ ਕਤਲ ਕਰਿ ਮਾਰੇ' ॥ ੮ ॥ ਇਮ ਸਲਾਹ ਕਰਿ ਚਮੂੰ ਸਿਧਾਰੀ। ਜਿਤ ਆਵਹਿ ਸਿੰਘਨਿ ਅਸਵਾਰੀ। ਲੇ ਲੇ ਢੋਲ ਬਜਾਇ ਨਗਾਰੇ।ਕਰਤਿ ਉਚ ਧੁਨਿ ਮਾਰ ਬਕਾਰੇ ॥੯॥ ਦੁੰਦ ਮਚਯੋ ਜਬਿ ਦੇਸ਼ ਮਝਾਰੀ। ਤਿਮ ਹੀ ਸਿੰਘ ਚਢੇ ਬਲ ਧਾਰੀ। ਕ੍ਰਿਖਿ ਕੱਟਤਿ ਬਹੁ ਮਚੈ ਲਰਾਈ। ਤੜ ਭੜ ਚਲਹਿ ਤੁਪਕ ਸਮੁਦਾਈ ॥੧੦॥ ਮਾਰਹਿਂ ਮਾਰਹਿਂ ਜੰਗ ਨਿਤ ਹੋਤਿ।ਕਬਿ ਕਿਤਹੂੰ ਕਬਿ ਕਿਤਹੁੰ ਉਦੋਤਿ। ਸੀਖੇ ਜੰਗ ਘਾਤ ਬਿਧਿ ਨਾਨਾ। ਦਿਨ ਪਤਿ ਰਿਪੁਨਿ ਸੰਗ ਘਮਸਾਨਾ ॥੧੧॥ ਇਕ ਦਿਨ ਬੈਠਨੋ ਲਗੋ ਦਿਵਾਨ। ਬੀਚ ਬਿਰਾਜਹਿਂ ਗੁਰ ਭਗਵਾਨ। ਚਲੀ ਬਾਰਤਾ ਕਰਿਬੇ ਜੁੱਧ। 'ਲਰਹਿਂ ਪਹਾਰੀ ਕਰਿ ਕਰਿ ਕ੍ਰੁੱਧ ॥੧੨॥ ਤਊ ਨ ਠਹਿਰਹਿਂ ਖੇਤ ਮਝਾਰੇ। ਕਾਤੁਰ ਹੋਤਿ ਪਰਹਿ ਜਬਿ ਮਾਰੇ[4]'। ਕ੍ਰਿਪਾ ਧਾਰਿ ਗੁਰ ਤਬਹਿ ਬਖਾਨਾ। 'ਤੇਜ ਖਾਲਸੇ ਬਧਹਿ ਮਹਾਨਾ ॥ ੧੩ ॥ ਸਮਾ ਪਾਇ ਪਸਰਹਿ ਸਭਿ ਧਰਾ। ਹਿੰਦੂ ਤੁਰਕ ਨ ਹੋਵਹਿ ਖਰਾ। ਬਧੈ ਸਮਾਜ ਰਾਜ ਕੋ ਭਾਰਾ। ਜਬਿ ਬਿਦਤਹਿ

---

[1]ਮਾੜਾ ਕੰਮ ਕੀਤਾ (ਜੋ ਅੱਗੇ ਦੱਸਿਆ ਹੈ)। [2]ਸਿੰਘਾਂ ਦਾ ਦਲ ਜੇ ਲੜੇ। [3]ਸਾਰਾ ਰਾਜ ਨਾਸ਼ ਕਰ ਦੇਵੇਗਾ। [4]ਪੈਂਦੀ ਹੈ ਜਦੋਂ ਮਾਰ ਕਾਇਰ ਹੋ ਜਾਂਦੇ ਹਨ।

Sri Satguru Jagjit Singh Ji eLlibrary NamdhariElibrary@gmail.com

ਜਾਨਹਿ ਜਗ ਸਾਰਾ[1]॥੧੪॥ਸੁਨਿ ਕਰਿ ਦਯਾ ਸਿੰਘ ਬਡ ਧੀਰ।ਉਦੈ ਸਿੰਘ, ਆਲਮ ਸਿੰਘ ਬੀਰ। ਮੁਹਕਮ ਸਿੰਘ, ਸਾਹਿਬ ਸਿੰਘ ਜੋਧਾ। ਹਿੰਮਤ ਸਿੰਘ, ਰਾਮ ਸਿੰਘ ਬੋਧਾ[1] ॥ ੧੫ ॥ ਇਨ ਤੇ ਆਦਿ ਖਾਲਸਾ ਸਾਰਾ। ਕਰ ਜੋਰਤਿ ਸਰਬੱਗ੍ਯ ਉਚਾਰਾ।'ਮੁਗ਼ਲ ਪਠਾਨਨਿ ਤੇਜ ਬਡੇਰਾ। ਸਗਰੋ ਜਗਤ ਜੀਤ ਕਰਿ ਜ਼ੇਰਾ[2] ॥ ੧੬ ॥ ਅਬਿ ਹਮ ਹੁਕਮ ਆਪ ਕੋ ਚਾਹਤਿ। ਹਰਿਬੇ ਤੁਰਕਨ ਹੇਤੁ ਉਮਾਹਤਿ। ਭਯੋ ਖਾਲਸਾ ਬੀਰ ਬਿਸਾਲਾ।ਮੁਗ਼ਲ ਪਠਾਨ ਹੋਹਿ ਬਸਿ ਕਾਲਾ[3] ॥ ੧੭ ॥ ਪ੍ਰਥਮ ਮਰਦ ਕੋ[4] ਗਰਦ-ਮਿਲਾਵੈਂ। ਬਨਹਿ ਜ਼ਰਦਰੂ[5] ਭੀਰੁ ਪਲਾਵੈਂ। ਦਿਨਪ੍ਰਤਿ ਕਰਿ ਕਰਿ ਜੰਗ ਨਿਬੇਰੈਂ।ਪਰਿ ਕੈ ਦੁਰਗ ਕੋਟ ਸਭਿ ਘੇਰੈਂ*' ॥ ੧੮ ॥ ਚੌਂਪ ਖਾਲਸੇ ਕੀ ਸੁਨਿ ਸਤਿਗੁਰ। ਕਰਨੋ ਪ੍ਰਸੰਗ ਸਨਾਵਨਿ ਭਾ ਧੁਰ[6]†।'ਜਮ ਨੇ ਠਟਨੋ ਨੇਮ ਇਕ ਬੇਰੀ।–ਹਿੰਸਾ ਮੈਂ ਨ ਕਰਉਂ ਕਿਸ ਕੇਰੀ–॥ ੧੯ ॥ ਪੂਜਾ ਬਿਸਾਲ ਵਧੀ ਤਿਸ ਕਾਲਾ। ਭਯੋ ਦੂਰ ਡਰ ਕਾਲ ਕਰਾਲਾ[7]। ਇਕ ਇਕ ਕੈ ਪਰਵਾਰ ਘਨੇਰੇ। ਨਿਪਜੀ ਸੰਤਤਿ ਅਗਹੁੰ ਅਗੇਰੇ[8] ॥੨੦॥ ਧਰਨੀ ਪਰ ਨਰ ਭੀਰ ਬਡੇਰੀ।ਜਨਮਹਿ ਨਿਤ ਮ੍ਰਿਤੁ ਕਿਸਹੂੰ ਨ ਕੇਰੀ। ਜਿਤ ਕਿਤ ਬਨ ਥਲ ਗ੍ਰਾਮ ਬਸੇ ਹੈਂ। ਸੁਖ ਤੇ ਹਰਖਤਿ ਨਹੀਂ ਤ੍ਰਸੇ ਹੈਂ ॥ ੨੧ ॥ ਦੇਵ ਕਰਮ ਜੋ ਬੇਦਹੁੰ ਬਰਨੇ। ਜੱਗ੍ਯ ਦਾਨ ਸਤਿ ਸਿਮਰਨ ਕਰਨੇ। ਸੋ ਸਭਿ ਛੋਰਿ ਭ੍ਰਸ਼ਟ ਹੁਇ ਗਏ। ਬਿਨਾ ਮਰਨ ਹੰਕਾਰੀ ਭਏ ॥ ੨੨ ॥ ਸਮਤਾ ਲਗੇ ਸੁਰਨਿ ਕੀ ਕਰਨੇ।–ਅਹੈਂ ਤਿਨਹੁੰ ਸਮ ਨਹਿਨ ਮਰਨੇ[9]–।ਤਬਹਿ ਦੇਵਤਾ ਮਿਲਿ ਕਰਿ ਸਾਰੇ। ਕਮਲਾਸਨ ਕੇ ਪਾਸ ਪੁਕਾਰੇ ॥ ੨੩ ॥–ਹੇ ਪ੍ਰਭੁ! ਸਭਿ ਤੁਮ ਸ੍ਰਿਸ਼ਟਿ ਬਨਾਈ। ਨਿਜ ਨਿਜ ਕਾਰਜ ਸਰਬ ਲਗਾਈ।ਜਿਮ ਆਗਯਾ ਦਿਗਪਾਲ-

---

[1]ਬੁਧੀਵਾਨ। [2]ਅਧੀਨ ਕਰ ਲਿਆ ਹੈ। [3]ਮੌਤ ਦੇ ਵੱਸ ਭਾਵ ਮਰਨਗੇ। [4]ਪਹਿਲੇਂ ਸੂਰਮਿਆਂ ਨੂੰ। [5]ਪੀਲੇ ਮੂੰਹ ਵਾਲੇ ਭਾਵ ਡਰੇ ਹੋਏ। [6]ਧੁਰੋਂ ਹੋਇਆ ਸੀ ਜੋ ਪ੍ਰਸੰਗ। [7]ਭਿਆਨਕ ਕਾਲ ਦਾ ਭੈ। [8]ਅੱਗੋ ਤੋਂ ਅੱਗੇ। [9]ਤਿਨ੍ਹਾਂ (ਦੇਵਤਿਆਂ ਦੇ) ਅਸੀਂ ਤੁੱਲ ਹਾਂ, ਸਾਨੂੰ ਮੌਤ ਨਹੀਂ।

*ਇਹ ਅਹੰਕਾਰ ਦੇ ਵਾਕ ਸਨ, ਇਸ ਦਾ ਸਮੋਧ ਅੱਗੇ ਹੋਵੇਗਾ।

†ਸੌ ਸਾਖੀ ਦੇ ਆਖੇਪਕਾਰ ਨੇ ਮੁਗ਼ਲ ਪਠਾਣਾਂ ਦੀ ਉਤਪਤੀ ਤੇ ਵਰਣ ਸ਼ੰਕਰ ਬਾਬਤ ਜੋ ਹਾਸੀ ਜੋਗ ਖਿਆਲ ਦਿੱਤੇ ਹਨ ਉਹੀ ਕਵਿ ਜੀ ਨੇ ਇੱਥੇ ਲਿਖੇ ਹਨ। ਇਹ ਸੌ ਸਾਖੀ ਦੀ ਪਹਿਲੀ ਸਾਖੀ ਹੈ ਤੇ ਅੰਸੂ ੪ ਦੇ ਅੰਤ ਜਾਕੇ ਸਮਾਪਤ ਹੁੰਦੀ ਹੈ।

Sri Satguru Jagjit Singh Ji eLlibrary NamdhariElibrary@gmail.com

ਨ[1] ਦਈ। ਤਿਮ ਤਿਮ ਕਾਰ ਹਮਹੁੰ ਸਭਿ ਕਈ ॥ ੨੪ ॥ ਤਪੁ ਆਦਿਕ ਜੋ ਕਰਮ ਹਮਾਰੇ। ਦੇਖਤਿ ਉਪਜੀ ਦਯਾ ਤੁਮਾਰੇ। ਅਪਨੀ ਸੇਵਾ ਜਾਨਿ ਬਿਸਾਲਾ। ਹਮ ਕੋ ਬਖਸ਼ਿਸ਼ ਕਰੀ ਕ੍ਰਿਪਾਲਾ ॥੨੫॥ ਜਿਸ ਤੇ ਸਰਬ ਲੋਕ ਹਿਤ ਲੇਨੇ[2]। ਹਮ ਕਹੁ ਮਾਨਿ ਲਗੇ ਬਲਿ ਦੇਨੇ[3]।ਸੋ ਹਮਰੀ ਮਨਤਾ ਜਗ ਮਾਂਹੀ। ਭਈ ਬਿਨਾਸ, ਕਰਤਿ ਕੋ ਨਾਂਹੀ ॥ ੨੬ ॥ ਤਪ ਕੋ ਕਰਨ ਨੇਮ ਜਮ ਲਏ[4]। ਲੋਕ ਮਰਨ ਤੇ ਸਭਿ ਰਹਿ ਗਏ। ਦੇਵਨ ਤੇ ਭਯ ਧਾਰਤਿ ਜੋਇ। ਸਭਿ ਜੀਵਨ ਅਬਿ ਤ੍ਯਾਗਹੋ ਸੋਇ—॥੨੭॥ਸੁਨਿ ਦੇਵਨ ਤੇ ਬਾਕ ਦੁਖਾਰੇ। ਕਮਲਾਸਨ ਤਿਹ ਸਾਥ ਉਚਾਰੇ।—ਕਰਤਾ ਪੁਰਖ ਅਕਾਲ ਕ੍ਰਿਪਾਲ। ਤਿਸ ਕੀ ਨੇਤ[5] ਲਖਹੁ ਇਸ ਢਾਲ ॥੨੮॥ ਕਰਤਾ ਅਹੈ ਅਕ-ਰਤੀ ਸੋਇ[6]। ਤਿਮ ਹੀ ਕਰਹਿ ਜਥਾਵਤਿ ਹੋਇ। ਅਪਨੇ ਅਪਨੇ ਥਾਨ ਪਯਾਨੋ।ਕਰਹਿ ਸੁ ਕ੍ਰਿਤ ਰਿਦੇ ਤੁਮ ਜਾਨਹੁ[7]—॥੨੯॥ਜਬਿ ਪ੍ਰਮੇਸਰੀ ਦੇਵ ਬਖਾਨੇ[8]। ਗੀਰਬਾਨ[9] ਨਿਜ ਥਾਨ ਪਯਾਨੇ। ਕਰਿ ਕਰਿ ਬੰਦਨ ਪਦ ਅਰਬਿੰਦ। ਪਹੁੰਚੇ ਧਾਰਤਿ ਰਿਦੈ ਅਨੰਦ ॥ ੩੦ ॥ ਕੇਤਿਕ ਕਾਲ ਬਿਤਯੋ ਤ੍ਰਪ ਕਿਯੋ। ਜਮ ਕੋ ਨੇਮ ਸਪੂਰਨ ਭਯੋ। ਜਬਹਿ ਜਗਤ ਕੀ ਦਿਸ਼ਿ ਕੋ ਦੇਖਾ।ਪੂਜਾ ਬਧੀ ਜਿਸ ਬਿਖੈ ਬਿਸ਼ੇਖਾ॥੩੧॥ਜਥਾ ਤਰੀ[10]ਬਹੁਭਾਰੀ ਭਾਰ[11]। ਡਗਮਗ ਡੋਲ ਸਕਹਿ ਨ ਸਹਾਰ। ਤਿਸ ਪ੍ਰਕਾਰ ਹੋਈ ਸਭਿ ਧਰਨੀ। ਅੱਪ੍ਰਮਾਨ ਤਰਨੀ ਸਮੁ ਬਰਨੀ[12] ॥੩੨॥ ਪਾਪ ਕਲਾਪਨ ਤੇ ਜਮ ਆਪ।

---

[1]ਦਿਸ਼ਾਂ ਨੂੰ ਪਾਲਣ ਵਾਲੇ ਦੇਵਤੇ, ਜੋ ਦਸ ਹਨ:—(ੳ) ਉਤਰ ਦਾ ਕੁਬੇਰ, (ਅ) ਈਸ਼ਾਨ (ਉਤਰ ਪੂਰਬ) ਦਾ ਸ਼ਿਵ, (ੲ) ਪੂਰਬ ਦਾ ਇੰਦ੍ਰ, (ਸ) ਅਗਨਿ ਕੋਣ ( ਪੂਰਬ ਦੱਖਣ ) ਦੀ ਅਗਨੀ, (ਹ) ਦੱਖਣ ਦਾ ਜਮ, (ਕ) ਨੈਰਿਤ ਕੋਣ (ਦੱਖਣ ਪੱਛਮ) ਦਾ ਨੇਰਤ ਨਾਮੇ ਰਾਖ਼ਸ਼, (ਖ) ਪੱਛਮ ਦਾ ਵਰੁਣ, (ਗ) ਵਾਯਵ ਕੋਣ (ਪੱਛਮ ਉਤਰ) ਦਾ ਵਾਯੂ, (ਘ) ਊਰਧ (ਉੱਪਰ ਦਾ) ਬ੍ਰਹਮਾ, (ਙ) ਅਧੋ (ਹੇਠਲੀ ਦਿਸ਼ਾ) ਦਾ ਸ਼ੇਸ਼ਨਾਗ। [2](ਸਾਥੋਂ ਮੀਂਹ, ਧਨ, ਧਾਨ, ਬੱਚੇ, ਉਮਰਾ ਆਦਿ) ਲੈਣ ਲਈ। [3]ਸਾਨੂੰ ਬਲੀ ਦੇਕੇ ਮੰਨਣ ਲੱਗੇ। [4]( ਜਦ ਤੋਂ ) ਤਪ ਕਰਨੇ ਦਾ ਨੇਮ ਜਮ ਨੇ ਲਿਆ ਹੈ। [5]ਸਾਈਂ ਦੀ ਠਟੀ, [ਸੰਸ:, ਨਜਤ=ਮੁਕਰਰ ਕੀਤੀ ਹੋਈ]। [6]ਨਾ ਹੋਣ ਵਾਲੀ ਨੂੰ ਜੋ ਕਰ ਸਕੇ। [7]ਤੁਸੀਂ ਰਿਦੇ ਵਿਚ ਜਾਣ ਲਓ ਕਿ (ਸੁ=) ਓਸੇ ਤਰ੍ਹਾਂ ਕਰੇਗਾ। ਸੌ ਸਾਖੀ ਦਾ ਪਾਠ ਹੈ:—ਕਰੇਗਾ ਉਸੋ ਹੀ। (ਅ) ਕਰਹਿ ਸੁਕ੍ਰਿਤ=(ਉਹ) ਭਲੀ ਕਰੇਗਾ। [8]ਜਦ ਬ੍ਰਹਮਾ ਨੇ ਦੇਵਤਿਆਂ ਨੂੰ ਇਹ ਕਿਹਾ ਤਾਂ...... [ਸੰਸ:, ਪਰਮੇਸ਼੍ਟ=ਬ੍ਰਹਮਾ]। [9]ਦੇਵਤੇ। [10]ਬੇੜੀ। [11]ਬਹੁਤ ਭਾਰੀ ਭਾਰ (ਨਾਲ ਭਰੀ ਹੋਈ)। [12]ਬਅੰਤ (ਭਾਰ ਵਾਲੀ) ਬੇੜੀ ਵਾਙੂ ਕਥਨ ਕਰ ਸਕੀਦਾ ਹੈ (ਉਸ ਨੂੰ)।

Sri Satguru Jagjit Singh Ji eLlibrary NamdhariElibrary@gmail.com

[1]ਪਿਖਯੋ ਕ੍ਰੋਧ ਕਰਿ ਭਾ ਪਰਤਾਪ। ਰੁੱਦ੍ਰ ਧ੍ਯਾਨ ਕਰਿ[1] ਭਸਮੀ ਹੋਇ। ਅਗਨ ਪ੍ਰਜ੍ਵਲਤ ਦਗਧ ਭੇ ਕੋਇ[2] ॥੩੩॥ ਬਾਯੂ ਬਹੀ ਉਡਾਇ ਡਿਗਾਏ। ਮਰਿ ਮਰਿ ਜਮ ਕੇ ਲੋਕ ਸਿਧਾਏ। ਪੁਨ ਦੁਰਭਿੱਖ੍ਯ ਪਰਯੋ ਦੁਖਦਾਈ। ਤਿਸ ਤੇ ਮਰੇ ਲੋਕ ਸਮੁਦਾਈ ॥ ੩੪ ॥ ਨਹੀਂ ਅੰਨ ਪ੍ਰਾਪਤਿ ਜਬਿ ਹੋਵਾ। ਬਚੇ ਜੁ ਕਛੁਕ ਮਰਨ ਤਿਨ ਜੋਵਾ। ਦੇਸ਼ ਛੋਰਿ ਸੋ ਚਲੇ ਪਲਾਈ। ਅਧਿਕ ਅੰਨ ਕੀ ਸੁਧ ਜਿਤ ਪਾਈ। ਸਤੁੱਦ੍ਰਵ ਉਲੰਘਿ ਬਿਪਾਸਾ ਗਏ। ਰਾਵੀ ਚੰਦ੍ਰ-ਭਗਾ[3] ਉਲੰਘਏ ॥੩੫॥ ਨਦੀ ਬਿਦੱਸਤਾ[4] ਸਿੰਧੁ[5] ਬਿਸਾਲਾ। ਤਰਿ ਕਰਿ ਪਾਰਿ ਪਰੇ ਤਿਸਕਾਲਾ। ਗੰਧ੍ਰਬ ਇਕ ਜਲਾਲ ਤਹਿ ਭਯੋ। ਪੁਰਿ ਜਲਾਲ ਤਿਹ ਨਗਰ ਬਸਯੋ ॥੩੬॥ ਨਾਮ ਜਲਾਲਾਬਾਦ* ਕਹੈਂ ਅਬਿ†। ਪਹੁੰਚੇ ਗੰਧ੍ਰਬ‡ ਦੇਸ਼ ਜਾਇ ਸਬਿ। ਨਗਰ ਕੰਧਾਰ§ ਆਦਿ ਜੋ ਜਹਾਂ। ਬਸੇ ਜਾਇ ਜੀਵੇ ਸਭਿ ਤਹਾਂ ॥ ੩੭ ॥ ਗੰਧ੍ਰਬ ਦੇਸ਼ ਬਿਖੈ ਤਿਨ ਕੇਰੀ। ਵਧਤਿ ਭਈ ਸੰਤਾਨ ਘਨੇਰੀ। ਕੌਰਵ ਪਾਂਡਵ[6] ਕਰਿ ਕਰਿ ਕ੍ਰੁੱਧੇ। ਵਧਯੋ ਵਿਖਾਦ ਭਯੋ ਬਡ ਜੁੱਧੇ ॥ ੩੮ ॥ ਕਰਿਓ ਮਹਾਂ ਭਾਰਥੋ ਭੋਰੇ। ਤਿਨ ਕੀ ਸੰਤਤਿ ਕੇਰਹਿ ਮਾਰੇ[7]। [8]ਦੁਰਜੋਧਨ ਕੋ ਮਾਤੁਲ ਰਾਜਾ। ਸਕੁਨੀ ਨਾਮ ਵਧਾਇ ਸਮਾਜਾ ॥ ੩੯ ॥ ਸੰਗ ਲਨਾਇ ਤਿਨ ਬਹੁ ਮਰਿਵਾਏ[8]। ਅਰਜਨ ਖਰ ਤੀਰਨ ਸੋਂ ਘਾਏ। ਹਨੇ ਨੇਤ ਕੇ ਥੋਰੇ ਰਹੇ। ਤਿਨਹੁੰ ਬਿਪਰਜੈ ਮਾਰਗ ਲਹੇ[9] ॥ ੪੦ ॥ ਚਾਰ ਬਰਨ ਕੋ ਭੇਦ ਮਿਟਾਯੋ[10]। ਏਕ ਮੇਕ ਹ੍ਵੈ ਭੋਜਨ ਖਾਯੋ। ਆਪਸ ਮਹਿ ਸਨਬੰਧ ਬਨਾਏ। ਪੁੱਤ੍ਰ ਸੁਤਾ ਕੇ ਬਯਾਹ ਰਚਾਏ ॥੪੧॥ ਤਿਨ ਕੇ ਸੰਤਤਿ ਪੁਨ ਵਧ ਗਈ। ਸਕਲ ਰੀਤਿ ਮਰਜਾਦਾ ਹਈ[11]। ਨਿਜ

---

[1]ਦੇਖਦਿਆਂ ਜਮ ਨੇ ਤਪਕੇ ਤੇ ਕ੍ਰੋਧ ਕਰਕੇ ਸ਼ਿਵ ਦਾ ਧਿਆਨ ਕੀਤਾ ਤਾਂ...... । [2]ਕੋਈ ਸੜ ਗਿਆ। [3]ਚਨਾਬ ਦਰਿਆ। [4]ਜੇਹਲਮ। [5]ਦਰਿਆ ਅਟਕ। [6](ਇਧਰ) ਕੌਰਵ ਪਾਂਡਵ। [7]ਉਹਨਾਂ ਦੀ ਉਲਾਦ ਦੇ ਬਹੁਤੇ ਮਾਰੇ ਗਏ। [8]ਦੁਰਜੋਧਨ ਦੇ ਮਾਮੇ ਸ਼ਕੁਨੀ ਨਾਮੀ ਨੇ ਆਪਣਾ ਸਮਾਜ ਵਧਾਉਣ ਲਈ (ਗੰਧਰਬ ਦੇਸ਼ ਵਾਲੇ) ਨਾਲ ਲਿਆਂਦੇ ਸਨ, ਸੋ ਬਹੁਤੇ ਮਾਰੇ ਗਏ। [9]ਥੋੜੇ ਰਹਿ ਜਾਣ (ਕਰਕੇ ਉਨ੍ਹਾਂ ਨੇ ਉਲਟਾ ਰਾਹ ਫੜਿਆ (ਜੋ ਅੱਗੇ ਚਲਕੇ ਦੱਸਦੇ ਹਨ)। [10]ਭਾਵ ਗੰਧਰਬ ਦੇਸ਼ ਵਾਲਿਆਂ ਨੇ। [11]ਨਾਸ਼ ਹੋਈ।

*ਅਫਗਾਨਸਤਾਨ ਦਾ ਇਕ ਸ਼ਹਿਰ ਜੋ ਲੰਡੇ ਦਰਿਆ ਦੇ ਕਿਨਾਰੇ ਕਾਬਲ ਤੋਂ ੧੦੦ ਮੀਲ ਉਰੇ ਉਸ ਦੀ ਸੜਕ ਪਰ ਹੈ। †ਪਾ:—ਤਬ। ‡ਸੰਸਕ੍ਰਿਤ 'ਗਾਂਧਾਰ' ਦੇਸ਼ ਤੋਂ ਮੁਰਾਦ ਹੈ ਜੋ ਅਟਕੋਂ ਪਾਰ ਹੈ ਤੇ ਅਫਗਾਨਸਤਾਨ ਦੇ ਪੂਰਬ ਦਾ ਹਿੱਸਾ ਉਸ ਵਿਚ ਸ਼ਾਮਲ ਹੈ।

§ਅਫਗਾਨਸਤਾਨ ਦਾ ਇਕ ਸ਼ਹਿਰ ਜੋ ਕਾਬਲ ਤੋਂ ੩੧੫ ਮੀਲ ਦੱਖਣ ਨੂੰ ਹੈ।

Sri Satguru Jagjit Singh Ji eLlibrary NamdhariElibrary@gmail.com

ਬਿਵਹਾਰਨ ਕੌ ਕਰਿ ਲਯੋ। ਸ਼ੰਕਰ ਬਰਨ ਏਸ* ਬਿਧਿ ਭਯੋ†' ॥ ੪੨॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਪ੍ਰਸੰਗ ਸੁਨਾਵਨਿ ਖਾਲਸੇ ਪ੍ਰਤਿ' ਬਰਨਨੰ ਨਾਮ ਦੁਤੀਓ ਅੰਸੂ ॥ ੨ ॥

### ੩. [ਮੋਮਨ ਸ਼ਰਫ]।

ਦੋਹਰਾ ॥ 'ਜਹਾਂ ਵਧੀ ਸੰਤਾਨ ਤਿਨ ਭਈ ਸਕਲ ਇਕ ਰੰਗ। ਤਨੁਜਾ ਉਪਜੀ ਗੋਰਟੀ ਬਹੁ ਸੁੰਦਰ ਸਰਬੰਗ ॥੧॥ ਚੌਪਈ ॥ ਮੋਮਨ ਸ਼ਰਫ[੧] ਭਯੋ ਤਹਿਂ ਰਾਜਾ॥ਅਧਿਕ ਬ੍ਰਿਧਾਯਹੁ ਰਾਜ ਸਮਾਜਾ॥ਤਿਨ ਕੇ ਸਦਨ ਹੁਤੀ ਪਟ-ਰਾਨੀ॥ਸੁੰਦਰ ਅੰਗਨਿ ਸਕਲ ਸਵਾਨੀ॥੨॥ਤਿਸ ਤੇ ਪੁੱਤ੍ਰ ਭਯੋ ਬਲਵਾਨਾ॥ ਜ੍ਞਾਨ ਮਹਾਨ ਅਧਿਕ ਸਵਧਾਨਾ। ਕਛੁ ਅੱਨਜਾਇ ਰਾਜ ਮੈਂ ਕੀਨਾ। ਮੋਮਨ ਸ਼ਰਫ ਜਬਹਿ ਸੁਨਿ ਲੀਨਾ ॥ ੩ ॥ ਰਿਸ ਧਰਿ ਤਿਸ ਕੋ ਸਦਨ ਨਿਕਾਰਾ॥ਨਹੀ ਹਕਾਰਨਿ ਬਹੁਰ ਸੰਭਾਰਾ॥ਪਿਤਾ ਨਿਕਾਸਯੋ ਚਲਿ ਸੋ ਆਯੋ॥ ਤਿਨ ਲੋਕਨ ਮਿਲਿ ਸਮਾ ਬਿਤਾਯੋ[੨] ॥੪॥ ਚਿਰੰਕਾਲ ਜਬਿ ਮਿਲਿ ਕਰਿ ਰਹ੍ਯੋ। ਨਾਮ ਸਜਾਦਾ ਤਿਸ ਕੋ ਕਹ੍ਯੋ। ਏਕ ਸੁਤਾ ਉਪਜੀ ਤਿਸਕੇਰੀ॥ਜੋ ਸੁੰਦਰ ਸਰਬੰਗ ਬਡੇਰੀ ॥ ੫॥ ਸ਼ੰਕਰ ਬਰਣ ਸੁ ਨਰਨ ਮਝਾਰਾ। ਤਰੁਨਾ-ਪਨ[੩] ਤਨ ਮਾਂਹਿ ਸੰਭਾਰਾ। ਰਾਜਾ ਮੋਮਨ ਸ਼ਰਫ ਮਹਾਨਾ। ਇਕ ਦਿਨ ਪੁਰਿ ਤੇ ਕਰਿ ਪ੍ਰਸਥਾਨਾ ॥ ੬॥ ਸਹਿਜ ਸੁਭਾਇਕ ਬਿਚਰਤਿ ਭਯੋ। ਦੇਸ਼ ਬਿਦੇਸ਼ਨ ਦੇਖਤਿ ਗਯੋ। ਆਯੋ ਤਿਨ ਲੋਕਨ[੪] ਕੇ ਨਗਰ। ਜਿਹ ਠਾਂ ਬਾਸ ਕਰਤਿ ਵੈ ਸਗਰ[੫] ॥ ੭ ॥ ਉਤਰ੍ਯੋ ਬਾਗ ਮਾਂਹਿ ਸੁਖ ਪਾਇ। ਪਿਖਿ ਬਾਲਾ ਕੋ ਰਹਿ ਬਿਰਮਾਏ[੬]। ਉਪਜ੍ਯੋ ਕਾਮ ਰਿਦੈ ਤਬਿ ਭਾਰੀ। ਤਿਨ ਲੋਕਨਿ ਕੀ ਸੁਤਾ ਕੁਮਾਰੀ॥੮॥ਹੇਰਿ ਹੇਰਿ ਕਰਿ ਉਰ ਬਿਰਮਾਯੋ॥ਬ੍ਯਾਹਨਿ ਹੇਤੁ ਤਿਨਹਿ ਲਲਚਾਯੋ। ਕਰਿ ਜਬਰੀ ਜਬਿ ਲਈ ਮੰਗਾਇ। ਪਾਸ ਆਪਨੇ ਲਈ ਬਿਠਾਇ ॥ ੯ ॥ ਤਿਨ ਲੋਕਨਿ ਕੀ ਸੁਤਾ ਰਿਸਾਈ।–ਹਮ ਨਹਿਂ ਰਮਹਿਂ, ਮਰਹਿ ਬਿਖ ਖਾਈ। ਕੈ ਗਰ ਪਾਸੀ ਪਾਇ ਮਰੈਂਗੀ। ਜਲ ਡੂਬਹਿਂ ਨਿਜ ਪ੍ਰਾਣ ਹਰੈਂਗੀ–॥ ੧੦॥ ਇਮ ਤਿਨ ਕੋ ਹਠ ਹੇਰਨਿ ਕੀਨਾ।

---

[੧]ਨਾਮ ਰਾਜੇ ਦਾ। [੨]ਉਸ ਨੇ (ਆਮ) ਲੋਕਾਂ ਵਿਚ ਮਿਲਕੇ ਸਮਾਂ ਬਿਤਾਇਆ। ( ਅ ) ਉਹਨਾਂ ਲੋਕਾਂ ਵਿਚ ਭਾਵ ਸ਼ੰਕਰ ਵਰਣ ਵਾਲਿਆਂ ਵਿਚ ਆ ਵੱਸਿਆ। [੩]ਜਵਾਨੀ। [੪]ਜਿਨ੍ਹਾਂ ਵਿਚ ਵਰਣ ਸ਼ੰਕਰ ਸੀ। [੫]ਓਹ ਸਾਰੇ। [੬]ਇਸਤ੍ਰੀਆਂ ਨੂੰ ਵੇਖਕੇ ਭਰਮ ਗਿਆ।

*ਪਾ:–ਏਕ।

†ਵਰਣ ਸ਼ੰਕਰ ਤੋਂ ਮੁਰਾਦ ਦੋਗਲੀ ਉਲਾਦ ਦੀ ਹੈ। ਹਿੰਦੂ ਗ੍ਰੰਥਾਂ ਵਿਚ ਇਸ ਦੇ ਅਨੇਕ ਕਾਰਨ ਤੇ ਕਿਸਮਾਂ ਦੱਸੀਆਂ ਹਨ। ਸੋ ਸਾਖੀ ਦੇ ਆਖੇਪਕਾਰ ਨੇ ਏਥੇ ਪੱਛਮੀ ਲੋਕਾਂ ਦੀ ਉਤਪਤੀ ਘ੍ਰਿਣਾ ਯੋਗ ਕਰਕੇ ਦੱਸੀ ਹੈ।

ਮੋਮਨ ਸ਼ਰਫ ਜਤਨ ਮਨ ਕੀਨਾ। ਧਨ ਕੋ ਦੇਨ ਅਪਰ ਸਿਰਦਾਰੀ। ਲੋਭ ਦਿਖਾਯੋ ਅਨਿਕ ਪ੍ਰਕਾਰੀ ॥ ੧੧ ॥ ਸਭਿ ਕੇ ਸੰਗ ਰਮ੍ਯੋ ਸੁਖ ਪਾਏ। ਗਰਭਵਤੀ ਹੁਇ ਸੁਤ ਤਿਨ ਜਾਏ। ਬਿੱਦਯਾਧਰਿ ਪਾਠਕ ਕੀ ਸੁਤਾ[1]। ਤਿਸਤੇ ਪੋਟਲਖਾਂ ਉਤਪੱਤਾ[2] ॥ ੧੨ ॥ ਸ਼ੇਖਸ਼ਰਫ ਇਕ ਮੁਗ਼ਲ ਰਹਾਈ। ਨਾਮ ਸ਼ੇਖਰਾ ਸੁਤਾ ਸੁ ਤਾਂਹੀ। ਸੁੰਦਰ ਰੂਪ ਤਾਂਹਿ ਕੋ ਚੀਨਾ। ਤਾਂਕੋ ਗਹਿ ਕੈ ਰਮਨ ਸੁ ਕੀਨਾ* ॥ ੧੩ ॥ ਤਿਸਕੇ ਏਕ ਪੁੱਤ੍ਰ ਜਨਮਯੋ। ਨਾਮ ਸ਼ੇਖਸੀਮਨ ਤਿਸ ਭਯੋ। ਹੁਤੀ ਸ਼ਜ਼ਾਦੇ ਕੀ ਇਕ ਤਨੀਆ। ਨਾਮ ਸਜਾਤੀ ਤਿਸ ਕੋ ਭਨੀਆ ॥ ੧੪ ॥ ਜਨਮ੍ਯੋਂ ਬੇਟਾ ਤਿਸ ਤੇ ਜਬੈ। ਮੋਮਨ ਸ਼ਰਫ ਸੁ ਬੂਝੀ ਤਬੈ।-ਤੇਰਾ ਗੋਤ ਕਹਹੁ ਕਨਾ ਅਹੈ?-। ਸੁਨਤਿ ਸ਼ਜ਼ਾਦੀ ਤਿਸ ਕੋ ਕਹੈ ॥ ੧੫ ॥-ਸੁਤਾ ਸਜਾਦਰਾਇ ਕੀ ਮੈਂ ਹੌਂ। ਤੁਝ ਬੂਝੀ ਤੇ ਸਭਿ ਕਹਿ ਦੇਹੌਂ-। ਮੋਮਨ ਸ਼ਰਫ ਸੁਨਤਿ ਸ਼ਰਮਾਯੋ। ਪੋਤੀ ਸੰਗ ਰਮ੍ਯੋ ਪਛੁਤਾਯੋ ॥ ੧੬ ॥ ਸ਼ਰਫ ਹਿਦਾਇਤ ਸਾਈਂ ਲੋਗ[3]। ਤਿਸ ਕੋ ਲਖ੍ਯੋ

---

[1]ਪਾਠਕ ਨਾਮੇ ਗੰਧਰਬ ਤਿਸ ਦੀ ਪੁੱਤ੍ਰੀ। [2]ਤਿਸ ਤੋਂ ਪੋਟਲ ਖਾਂ ਪੈਦਾ ਹੋਇਆ। [3]ਇਕ ਸ਼ਰਫ ਹਿਦਾਇਤ ਨਾਮ ਕਰਕੇ ਸਾਈਂ ਲੋਕ ਸੀ।

*ਇਥੇ ਕੁਛ ਗੜਬੜ ਹੈ, ਸੌ ਸਾਖੀ ਦਾ ਪਾਠ ਹੈ:—'ਜਿਨ੍ਹਾਂ ਤਕਰਾਰ ਕੀਤਾ ਹਮ ਮਰਾਂਗੀਆਂ ਉਨ੍ਹਾਂ ਨੂੰ ਸ੍ਰਦਾਰੀ ਦਾ ਲੋਭ ਦਿਤਾ ਤੇ ਸੰਤਾਨ ਉਪਾਈ। ਬਿਦਯਾਧਰ ਪਾਠਕ ਕੀ ਬੇਟੀ ਤੇ ਪੋਟਲ ਖਾਨ। ਮੁਦਗਲੀ ਬ੍ਰਾਹਮਣੀ ਤੇ ਮੁਗਲ ਮੰਗਾਲ ਬੇਗ। ਸ਼ੇਖਰਾਂ ਕੀ ਸਿਖਾਵਤ ਕੀ ਬੇਟੀ ਤੇ ਸ਼ੇਖ ਸੰਮਨ। ਸਜਾਤੀ ਪਾਸ ਤੇ ਬੇਟਾ ਜਨਮਿਆਂ।ਪੁਛਿਆ ਤੇਰਾ ਗੋਤ, ਬੋਲੀ ਮੈਂ ਬਿਟੀਸਜਾਦ ਰਾਇ।'

ਇਸ ਤੋਂ ਪਤਾ ਲੱਗਾ ਕਿ 'ਮੁਦਗਲ ਬ੍ਰਾਹਮਣੀ ਤੇ ਮੁਗਲ ਮੰਗਾਲ ਬੇਗ' ਦਾ ਅਨੁਵਾਦ ਸੂਰਜ ਪ੍ਰਕਾਸ਼ ਵਿਚ ਨਹੀਂ ਆਇਆ। ਇਸਦਾ ਅਨੁਵਾਦ ਕਿਸੇ ਪਹਿਲੇ ਹੀ ਲਿਖਾਰੀ ਤੋਂ ਰਹਿ ਗਿਆ ਹੈ, ਕਿਉਂਕਿ ਟੋਲ ਕਰਨ ਤੇ ਸਾਨੂੰ ਇਕ ਲਿਖਤੀ ਨੁਸਖੇ ਵਿੱਚ ਇਸ ਚੌਪਈ ਦੀਆਂ ਤਿੰਨ ਸਤਰਾਂ ਹੀ ਮਿਲਦੀਆਂ ਹਨ। 'ਸੇਖ ਸ਼ਰਫ ਇਕ ਮੁਗਲ ਰਹਾਈ' ਇਹ ਪਹਿਲੀ ਤੁਕ ਅੰਕ ੧੩ ਦੀ ਨਹੀਂ ਮਿਲੀ, ਸੋ ਏਹ ਪਿਛੋਂ ਕਿਸੇ ਪਾਈ ਹੈ। ੧੯੧੯ ਵਾਲੇ ਨੁਸਖੇ ਵਿੱਚ ਇਸ ਅੰਕ ਦੀਆਂ ਪਿਛਲੀਆਂ ਦੋ ਪੰਕਤੀਆਂ ਹਨ ਤੇ ਪਹਿਲੀਆਂ ਦੋਵੇ ਨਹੀਂ ਹਨ।

ਇਸ ਕਮੀ ਨੂੰ ਛਾਪੇ ਵਾਲਿਆਂ ਨੇ '......ਸੁਤਾ ਸੁ ਤਾਹੀਂ' ਦੇ ਮਗਰੋਂ ਕੁੱਛ ਸਤਰਾਂ ਆਖੇਪ ਕਰਕੇ ਪੂਰਨ ਕੀਤਾ ਹੈ। ਯਥਾ:—'ਸੁੰਦਰ ਰੂਪ ਤਾਂਹਿ ਕੋ ਚੀਨਯ ਤਾਕੋ ਗਹਿ ਕੇ ਰਮਨ ਸੁਕੀਨਾ। ਨਾਮ ਸ਼ੇਖਰਾ ਸੁਤਾ ਸੁ ਤਾਹੀ। ਗਰਭ ਧਾਰਿਓ ਹੈ ਸੁਠ ਜਾਹੀ। ਜਿਸ ਕੋ ਦੇਖ ਅਪਸਰਾ ਲਾਜੈ। ਸੁੰਦਰ ਸਦਨ ਸੁ ਮਹਾਂ ਬਿਰਾਜੈ। ਤਿਸ ਤੇ ਏਕ ਪੁੱਤ੍ਰ ਜਨਮਇਓ।ਨਾਮ ਸ਼ੇਖ ਸੰਮਨ ਤਿਸ ਭਇਓ'।

Sri Satguru Jagjit Singh Ji eLlibrary NamdhariElibrary@gmail.com

ਬੰਦਗੀ ਜੋਗ। ਬਿਸਮਾਵਤ ਤਿਸ ਕੋ ਢਿਗ ਗਯੋ। ਸੇਵਾ ਬਿਖੇ ਰਾਤ ਦਿਨ ਭਯੋ ॥ ੧੭ ॥ ਸਭੀ ਹਕੀਕਤ ਕਹਿ ਸਮੁਝਾਈ।–ਬਿਨ ਜਾਨੇ ਅਪਰਾਧ ਕਮਾਈ–। ਕਰਹਿ ਬੰਦਗੀ ਪੀਰ ਤਿਸੀ ਕੀ। ਉਚਰਤਿ ਰਹੇ ਦੁਆਇ ਖੁਸ਼ੀ ਕੀ ॥੧੮॥ ਬੀਤ ਗਏ ਬਹੁਤੇ ਦਿਨ ਜਬੈ। ਸ਼ਰਫ ਹਿਦਾਯਤ ਬੋਲਯੋ ਤਬੈ।–ਏਕ ਸਮਾ ਐਸੋ ਚਲਿ ਆਵੈ। ਪੁੱਤ੍ਰ ਸਲਾਤੀ ਕੇ ਬਿਰਧਾਵੈਂ ॥ ੧੯॥ ਸੱਯਦ ਸੰਗਯਾ ਹੁਇ ਤਿਨ ਕੇਰੀ। ਰਾਖਹਿੰਗੇ ਤਬਿ ਸੰਤਤਿ ਤੇਰੀ[1]। ਤੂੰ ਭੀ ਨੇਤ ਮਾਨਿ ਜਗਦੀਸ਼ਾ। ਸਾਧਨ ਕਰੋ ਬੈਠਿ ਚਲੀਸਾ ॥ ੨੦ ॥ ਪਾਪ ਕਰਯੋ ਅਨਜਾਨ ਪਨੇ ਮਹਿ। ਹੋਇ ਬਿਨਾਸ਼ਨ, ਦੇਹਿ ਕਸ਼ਟ ਨਹਿ[2]–'। ਸ੍ਰੀ ਕਲਗੀਧਰ ਕਰਤਿ ਉਚਾਰੋ। 'ਸੁਨੀਅਹ ਸਿੱਖਹੁ! ਰਿਦੈ ਬਿਚਾਰੋ ॥ ੨੧॥ ਜਮ ਤੇ ਜੋ ਭਾਜੇ ਧਰਿ ਤ੍ਰਾਸ। ਸੋ ਅਰਜਨ ਤੇ ਭਏ ਬਿਨਾਸ਼। ਭੀਮ ਸੈਨ ਜੁਤਿ ਪਾਂਡਵ ਆਨਾ। ਤਿਨੈ ਹਜ਼ਾਰਨਿ ਕੀਨੇ ਹਾਨਾ ॥ ੨੨ ॥ ਕੋਪਯੋ ਤਿਸੀ ਅੰਸ਼ ਪਰ ਕਾਲ[3]। ਬਚਹਿ ਨ ਕਯੋਹੂੰ ਅਲਪ ਬਿਸਾਲ। ਮਹਾਂਕਾਲ ਕਾਲਹਿ ਕਹਿ ਕਾਲਾ[4]। ਉੱਗ੍ਰ ਸਮਰਥ ਬਿਸਾਲ ਕਰਾਲਾ ॥ ੨੩ ॥ਦੋਹਰਾ॥ ਅਕਾਲ ਪੁਰਖ ਤੇ ਹੋਤਿ ਹੈ ਕੋਟਕ ਬਿਸ਼ਨ ਮਹੇਸ਼। ਤੈਸੇ ਸੇਵਕ ਸਾਥ ਹਮ ਮਾਰੈਂ ਚਾਰੋਂ ਸ਼ੇਖ[5]*' ॥ ੨੪ ॥ਚੌਪਈ॥ ਸੁਨਿ ਕਰਿ ਸਿੱਖ ਸਕਲ ਬਿਸਮਾਏ। ਅਦਭੁਤ ਸਤਿਗੁਰ ਬਾਕ ਸੁਨਾਏ†। 'ਸਾਚੋ ਪਾਤਿਸ਼ਾਹੁ ਹਮ ਤਾਂਈ। ਸ੍ਰੀ ਮੁਖ ਤੇ ਇਹੁ ਭੇਵ ਸੁਨਾਈ ॥੨੫॥ ਤਿਨ ਕੀ ਅੰਸ਼ ਸਰਬ ਹੀ ਮਰਿ ਹੈ। ਕਿਧੌਂ ਬੀਰ ਤੇ ਕੋਇ ਉਬਰਿਹੈ'। ਫੁਰਮਾਯੋ ਬਰ 'ਲੋਕ ਘਨੇਰੇ। ਤਿਨ ਕੀ ਅੰਸ਼ ਬਿਲੋਕਿ ਬਡੇਰੇ ॥ ੨੬ ॥ ਨਿਜ ਨਿਜ ਧਰਮ ਛੋਡਿ ਮਿਲ ਰਹੈਂ। ਤਿਨ ਪਰ ਹੁਕਮ ਨਹੀਂ ਪ੍ਰਭੁ ਕਹੈਂ। ਤਿਸੀ ਅੰਸ਼ਕੇ ਸਭਿ ਮਰਿ ਜੈ ਹੈਂ। ਇਤ ਦਿਸ਼

---

[1]ਤੇਰੀ ਸੰਤਾਨ ਦੀ ਰੱਖਿਆ ਕਰਨਗੇ। [2]ਪਾਪ ਨਾਸ਼ ਹੋਵੇਗਾ, ਕਸ਼ਟ ਨਹੀਂ ਦੇਵੇਗਾ। [3]ਤਿਨ੍ਹਾਂ ਦੀ (ਭਾਵ ਮੋਮਨ ਸ਼ਰਫ਼ ਦੀ) ਅੰਸ਼ ਪਰ ਕਾਲ ਕੋਪਿਆ। [4]ਕਾਲ ਦਾ ਕਾਲ। [5]ਸਿੰਘਾਂ ਦੇ ਸਾਥ ਮਾਰਾਂਗਾ ਮੈਂ ਚਾਰੋਂ ਬਾਕੀ ਦੇ (ਸਯਦ, ਮੁਗਲ, ਪਠਾਣ, ਸ਼ੇਖ)। (ਅ) ਚਾਰੋਂ ਸ਼ੇਖ=ਬਾਕੀ ਦੇ ਚਾਰੋਂ, ਭਾਵ ਪਠਾਣ ਮੁਗਲ ਸਯਦ ਸ਼ੇਖ।

*ਇਹ ਪਠਾਣਾਂ, ਮੁਗ਼ਲਾਂ, ਸ਼ੇਖ਼ਾਂ ਤੇ ਸੱਯਦਾਂ ਦੀ ਹਾਸੇ ਹੀਣੀ ਉਤਪਤੀ ਸੌ ਸਾਖੀ ਦੇ ਆਖੇਪਕਾਰ ਨੇ ਪਤਾ ਨਹੀਂ ਕਿੱਥੋਂ ਤੇ ਕਿਉਂ ਪਾਈ ਹੈ। ਸ਼ੋਕ ਹੈ ਕਿ ਕਵਿ ਜੀ ਨੇ ਇਸ ਨੂੰ ਛਾਣ ਬੀਨ ਦੀ ਨਿਗਾਹ ਨਾਲ ਤੋਲਕੇ ਛੋੜ ਕਿਉਂ ਨਾ ਦਿੱਤਾ।

†ਐਸੇ ਖਿਆਲੀ ਪੁਲਾਉ ਸ੍ਰੀ ਕਲਗੀਧਰ ਜੀ ਨੇ ਨਹੀਂ ਸੁਣਾਏ, ਏਹ ਸੌ ਸਾਖੀ ਦਾ ਆਖੇਪਕਾਰ ਕਹਾਣੀਆਂ ਪਾ ਰਿਹਾ ਹੈ। ਯਾ ਹਿੰਦੂਆਂ ਵਿਚ ਅਪਣੇ ਵੈਰੀ ਮੁਸਲਮਾਨਾਂ ਬਾਬਤ ਤੁਰੀਆਂ ਲੋਕ ਗਾਥਾ (Folk lore) ਕਹਿ ਰਿਹਾ ਹੈ।

Sri Satguru Jagjit Singh Ji eLlibrary NamdhariElibrary@gmail.com

ਕੋ ਨਹਿ ਰਹਿਨਾ ਪੈ ਹੈ ॥ ੨੭ ॥ ਹਮ ਹ੍ਵੈਂ ਪੀਛੇ ਬਰਖ ਸਵਾਸੈ। ਤਬਹਿ ਖਾਲਸਾ ਇਨਹੁ ਬਿਨਾਸੈ*। ਬਿਨਸਤਿ ਰਹੈਂ ਸਮੈ ਪ੍ਰਤਿ ਫੇਰ। ਧੌ ਤਿਨ ਕੀ ਹੁਇ ਮੂਲ ਉਖੇਰ' ॥੨੮॥ ਇਸ ਪ੍ਰਕਾਰ ਸਿੰਘਨਿ ਸਮੁਝਾਏ। ਸਭਾ ਉਠਨ ਕੋ ਸਮੈਂ ਸੁ ਆਏ। ਮੰਦਿਰ ਅੰਦਰ ਜਾਇ ਪ੍ਰਵੇਸ਼ੇ। ਗਯੋ ਖਾਲਸਾ ਸਿਵਰ ਅਸ਼ੇਸ਼ੇ ॥ ੨੯ ॥ ਖਾਨ ਪਾਨ ਕਰਿ ਨਿਸਾ ਬਿਤਾਈ। ਭਈ ਪ੍ਰਾਤਿ ਪੁਨ ਸਭਾ ਲਗਾਈ। ਆਨਿ ਖਾਲਸੇ ਦਰਸ਼ਨ ਕੀਨਾ। ਕਰਿ ਬੰਦਨ ਢਿਗ ਬੈਠਿ ਪ੍ਰਬੀਨਾ ॥੩੦॥ ਗਰਜ ਗਰਜ ਗੁਰ ਵਤੇ ਬੁਲਾਵੈਂ। ਸ਼ਸਤ੍ਰਨ ਸਹਤ ਬੈਸਿ ਦੁਤਿ ਪਾਵੈਂ। ਰਾਜਨ ਕੇ ਤਬਿ ਚਲੇ ਪ੍ਰਸੰਗਾ:—'ਧਰੇ ਤ੍ਰਾਸ ਮਿਲਿ ਭੇ ਇਕ ਰੰਗਾ ॥ ੩੧ ॥ ਕੇਤਿਕ ਲੇ ਕਰਿ ਚਮੂੰ ਬਿਸਾਲਾ। ਦਿਸ਼ਿ ਅਨੰਦਪੁਰ ਘੇਰੋ ਡਾਲਾ। ਚਹਤਿ ਰਹੈਂ ਲਰਿਬੇ ਕਹੁ ਜੰਗ। ਕੇਤਿਕ ਆਗੇ ਆਇ ਨਿਸੰਗ ॥ ੩੨ ॥ ਸਿੰਘਨ ਸੰਗ ਭਿਰਤਿ ਹੀ ਰਹੈਂ। ਜੋ ਜੋ ਬਡੇ ਸੁ ਐਸੇ ਕਹੈਂ।—ਸ਼੍ਰੀ ਕਲਗ਼ੀਧਰ ਚਢਿ ਇਤ ਓਰ। ਆਵਹਿਂ ਤਿਨਹਿ ਦਿਖਾਵਹਿਂ ਜ਼ੋਰ॥ ੩੩ ॥ ਸਿੰਘਨ ਸੰਗ ਲਰਹਿ ਨਹਿਂ ਜਾਇ। ਸੰਗ ਚਮੂੰ ਕੇ ਚਮੂੰ ਲਗਾਇ—। ਬੈਠਿ ਸਭਾ ਮਹਿ ਬੋਲਹਿ ਬਾਤਨ। ਚਾਹਤਿ ਹੈਂ ਸੰਘਰ ਕੇ ਘਾਤਨ" ॥ ੩੪ ॥ ਸੁਨਿ ਸ਼੍ਰੀ ਮੁਖ ਤੇ ਤਬਿ ਫੁਰਮਾਯੋ। 'ਭਏ ਪ੍ਰਭਾਤਿ ਚਹਤਿ ਹਮ ਜਾਯੋ। ਬਹੁ ਦਿਨ ਬੀਤੇ ਗਏ ਅਖੇਰ। ਤਿਤ ਦਿਸ਼ਿ ਚਲਹਿਂ ਹਤਹਿ ਕਿਤ ਸ਼ੇਰ' ॥੩੫॥ ਇਸ ਤੇ ਆਦਿਕ ਅਨਿਕ ਪ੍ਰਸੰਗ। ਭਏ ਸੁਨੇ ਸਭਿ ਸਿੰਘਨ ਸੰਗ। ਸੋ ਬ੍ਰਿਤਿ ਸਤਿਗੁਰੂ ਬਿਤਾਈ। ਹੋਤਿ ਪ੍ਰਾਤਿ ਕੋ ਕਰੀ ਚਢਾਈ ॥ ੩੬ ॥ ਪਾਇ ਹੁਕਮ ਰਣਜੀਤ ਨਗਾਰਾ। ਗਰਜ ਉਠ੍ਯੋ ਜਿਮ ਜਲਧਰ ਭਾਰਾ। ਸੁਨਤਿ ਖ਼ਾਲਸਾ ਹੋਯਸਿ ਤਯਾਰੂ। ਜ਼ੀਨ ਤੁਰੰਗਮ ਕਰਿ ਸ਼ਿੰਗਾਰੂ ॥ ੩੭ ॥ ਬਸਤ੍ਰ ਸ਼ਸਤ੍ਰ ਤੇ ਸਜੇ ਬਿਸਾਲੇ। ਗਹੇ ਤੁਰੰਗਨਿ ਚਢਿ ਚਢਿ ਚਾਲੇ। ਸੌਚ ਸ਼ਨਾਨੇ ਸ਼ਸਤ੍ਰ ਸਜਾਏ। ਕਲਗ਼ੀਧਰ ਆਯੁਧ ਅੰਗ ਲਾਏ ॥੩੮॥ ਬਿਧਿ ਸੰਗ ਕਟ ਮੇਂ ਖੜਗ ਨਿਖੰਗ। ਗਹ੍ਯੋ ਧਨੁਖ ਕਰ ਸਬਜ਼ ਸੁਰੰਗ। ਜ਼ਿਗਾ ਜਵਾਹਰ

ਬੈਠਕੇ। ਸਿੰਘਾਂ ਨਾਲ਼ ਨਹੀਂ ਲੜਾਂਗੇ ਜਾਕੇ। ਜੁੱਧ ਦਾ ਦਾਉ ਭਾਲਦੇ ਹਨ। (ਅ) ਜੁੱਧ ਦੇ (ਵਿਚ) ਨਾਸ਼ ਕਰਨਾ ਚਾਹੁੰਦੇ ਹਨ। *ਗੁਰੂ ਜੀ ਦੇ ਜੋਤੀ ਜੋਤ ਦਾ ਸੰਮਤ ੧੭੬੫ ਹੈ ਇਸ ਵਿਚ ੧੨੫ ਪਾਈਏ ਤਾਂ ੧੮੯੦ ਬਣਦਾ ਹੈ। ਏਹ ਖਾਲਿਸੇ ਦੇ ਰਾਜ ਤੇਜ ਦਾ ਸਮਾਂ ਹੈ। ਹੋ ਸਕਦਾ ਹੈ ਕਿ ਸੌ ਸਾਖੀ ਵਿਚ ਆਖੇਪ ਕਰਨ ਵਾਲਾ ਇਸੇ ਸਮੇਂ ਵਿਚ ਆਪਣਾ ਕੰਮ ਕਰ ਰਿਹਾ ਹੋਵੇ, ਪਤੇ ਜੋ ਅਪਣੇ ਸਮੇਂ ਦੇ ਦੇ ਰਿਹਾ ਹੈ। ਇਸ ਸੰਮਤ ਤੋਂ ਪਹਿਲੇ ਦੀ ਲਿਖੀ ਹੋਈ ਸੌ ਸਾਖੀ ਅਜੇ ਤੱਕ ਸਾਡੀ ਨਜ਼ਰੋਂ ਨਹੀਂ ਗੁਜ਼ਰੀ।

Sri Satguru Jagjit Singh Ji eLlibrary NamdhariElibrary@gmail.com

ਜ਼ਾਹਿਰ ਜੋਤਿ।ਝੂਲਤਿ ਕਲਗ਼ੀ ਅਤਿ ਦੁਤਿ ਹੋਤਿ ॥੩੯ ॥ ਦੀਨ ਹੁਕਮ ਅਨਵਾਇ[1] ਤੁਰੰਗ । ਭਏ ਅਰੋਹਨਿ ਗਹਿ ਬਲ ਅੰਗ[2] । ਜਬਿ ਕੀਨਸਿ ਪ੍ਰਸਥਾਨ ਅਗੇਰੇ । ਦੁੰਦਭਿ ਬਾਜਯੋ ਸ਼ਬਦ ਉਚੇਰੇ ॥ ੪੦ ॥ ਤੁਪਕਨ ਸੋਂ ਤੋੜੇ ਸੁ ਲਗਾਇ । ਚਲੇ ਬੀਰ ਹੋਏ ਪਿਛਵਾਇ । ਚੰਚਲ ਬਲੀ ਕੁਦਾਇ ਹੱਯਨਿ ਕੋ।ਗਮਨੇ ਪ੍ਰਭੁ ਕੇ ਸੰਗ ਸੁ ਬਨ ਕੋ॥੪੧॥ਦੀਰਘ ਕਾਨਨ ਜਾਇ ਪ੍ਰਵੇਸ਼ੇ । ਹੇਰਿ ਹੇਰਿ ਮ੍ਰਿਗ ਹਨੇ ਵਿਸ਼ੇਸ਼ੇ । ਤੁਪਕਨ ਕੇ ਤੜਾਕ ਗਨ ਹੋਵੈਂ। ਦੂਰ ਦੂਰ ਇਤ ਉਤ ਫਿਰ ਜੋਵੈਂ ॥੪੨॥ ਧੁਨਿ ਊਚੀ ਪੁਨ ਬਜਯੋ ਨਗਾਰਾ। ਬਨ ਮਹਿ ਹੋਤਿ ਕੁਲਾਹਲ ਭਾਰਾ । ਖੇਲਿ ਅਖੇਰ ਸੈਲ ਪਰ ਸੈਲ[3] । ਗਏ ਗੁਰੂ ਦਲ ਜੁਤਿ ਸੋ ਗੈਲ[4] ॥ ੪੩ ॥ ਥਲ ਉਤੰਗ ਸਤਿਗੁਰ ਥਿਰ ਹੋਇ । ਚਾਰਹੁ ਦਿਸ਼ਿ ਕਾਨਨ ਗਿਰ ਜੋਇ । ਹਾਥ ਧਨੁਖ ਧਰਿ ਖੈਂਚਨ ਕਰਯੋ । ਸ਼ਬਦ ਉਤੰਗ ਦੇਸ਼ ਤਿਸ ਭਰਯੋ ॥ ੪੪ ॥ ਗਰਜਯੋ ਗਗਨ ਭਈ ਧੁਨਿ ਭਾਰੀ । ਇਮ ਸਭਿ ਸਬਲ ਅਵਾਜ਼ ਉਚਾਰੀ । 'ਰਾਖ ਲੇਹੁ ਗੁਰੂ ਜੀ ਰਖਿ ਲੇਹੂ । ਤੁਮ ਸਮਾਨਤਾ ਬਨਹਿ ਨ ਕੇਹੂ ॥ ੪੫ ॥ ਤਜਹੁ ਛੋਭ ਉਰ ਕਰੁਨਾ ਕੀਜੈ । ਅਪਨੇ ਜਾਨਹੁ ਰਾਖ ਲਈਜੈ' । ਹਯ ਨੀਲੇ ਪੁਨ ਤਲੇ ਉਤਾਰਾ । ਪਰਚਤਿ[5] ਲਾਗੀ ਕਰਨ ਸ਼ਿਕਾਰਾ ॥ ੪੬ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ ਸ੍ਰੀ ਗੁਰੂ ਚਵਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥ ੩ ॥

## ੪. [ਬਲੀਆ ਚੰਦ ਤੇ ਆਲਮ ਚੰਦ ਨਾਲ ਜੁਧ]।

ਦੋਹਰਾ ॥ ਪਰਚਤਿ ਕਰਤਿ ਸ਼ਿਕਾਰ ਕੋ ਦੂਰ ਗਏ ਜਗਨਾਥ । ਨਾਦ ਕੁਲਾਹਲ ਗੈਲ ਮਹਿਂ ਦੁੰਦਭਿ ਤੁਪਕਨ ਸਾਥ[6] ॥ ੧ ॥ ਚੌਪਈ ॥ ਨਿਕਟ ਰਹਯੋ ਰਾਜਨਿ ਕੋ ਡੇਰਾ । ਜਿਨ ਕੇ ਮਨ ਹੰਕਾਰ ਬਡੇਰਾ । ਬਲੀਆਚੰਦ ਸੁ ਆਲਮਚੰਦ । ਸੁਨਿ ਧੁਨਿ ਕੋ ਉਤਸਾਹ ਬਿਲੰਦ॥੨॥ਤੂਰਨ ਤਯਾਰ ਹੋਇ ਅਸਵਾਰਾ । ਜਿਨ ਕੇ ਸੰਗ ਸਿਪਾਹਿ ਹਜ਼ਾਰਾ । ਚਹਿਂ ਬਹਾਦਰੀ ਕਰਨਿ ਦਿਖਾਵਨਿ[7] । ਕਹੈਂ ਪਰਸਪਰ 'ਭਾ ਮਨ ਭਾਵਨ' ॥ ੩ ॥ ਜੰਗ ਕਰਨ ਕੋ ਉਰ ਹੰਕਾਰੀ। ਆਏ ਸਮੁਖ ਚਮੂੰ ਲੇ ਸਾਰੀ॥ਮਿਲੇ ਆਨਿ ਕਰਿ ਅਨਿਕ ਪਹਾਰੀ । ਤੁਪਕ ਚਲਨਿ ਲਾਗੀ ਤਿਸ ਬਾਰੀ ॥ ੪ ॥ ਸਿੰਘ ਸ਼ਸਤ੍ਰਧਾਰੀ ਇਤ ਥੋਰੇ । ਜੋਧਾ ਘਨੇ ਆਇ ਉਤ ਓਰੇ।ਤਬਿ ਕਲਗ਼ੀਧਰ ਪੂਰਬ ਦਿਸ਼ਿ

[1]ਮੰਗਵਾਕੇ । [2]ਬਲੀ ਅੰਗਾਂ ਵਾਲੇ (ਸਤਿਗੁਰੂ) । (ਅ) ਬਲੀ ਅੰਗਾਂ ਵਾਲੇ (ਘੋੜੇ ਤੇ) ਚੜ੍ਹਕੇ । [3]ਪਹਾੜਾਂ ਤੇ ਸੈਲ ਕਰਕੇ । [4]ਉਸੇ ਰਾਹ । [5]ਪਰਚਕੇ । [6]ਨਗਾਰੇ ਤੇ ਬੰਦੂਕਾਂ ਦੀ ਆਵਾਜ਼ ਦਾ ਸ਼ੋਰ ਰਸਤੇ ਵਿਚ ਹੁੰਦਾ ਸੀ । [7]ਬਹਾਦਰੀ ਕਰਕੇ ਦਿਖਾਇਆ ਚਾਹੁੰਦੇ ਹਨ ।

ਕੋਗਏ ਭਜਾਇ ਕੁਦਾਇਤ ਅਸੁ ਕੋ ॥੫॥ ਕੇਤਿਕ ਕਾਲ ਖਾਲਸਾ ਲਰਯੋ।
ਅਪਨੇ ਮਹਿ ਗੁਰ ਨਹੀਂ ਨਿਹਰਯੋ। 'ਹਮ ਕੌ ਛੋਰਿ ਗਏ ਕਰਿ ਭਾਣਾ।
ਕੋ ਜਾਣਹਿ ਮਨ ਮਹਿ ਕਯਾ ਜਾਣਾ' ॥ ੬ ॥ ਧੀਰਜ ਰਹਯੋ ਨ ਸਿੰਘਨਿ
ਕੇਰਾ। ਰਣ ਤੇ ਭਾਜਿ ਚਲੇ ਤਿਸ ਬੇਰਾ। ਬਿਚਲਯੋ ਪਿਖਯੋ ਖਾਲਸਾ ਜਬੈ।
ਮਿਲਿ ਪਹਾਰੀਧਨਿ ਮਾਰੇ ਤਬੈ ॥ ੭ ॥ ਨਿਕਸੇ ਖੜਗ ਕਟੇ ਬਹੁ ਅੰਗ।
ਭਈ ਲਾਲ ਛਿਤ ਸ਼ੋਣਤ ਸੰਗ। ਬਿਥਰੀ ਲੋਥ ਪੋਥਨਾ ਹੋਈ। ਮਾਰਨ
ਮਰਨ ਭਿਰੇ ਦਿਸ਼ਿ ਦੋਈ ॥ ੮ ॥ ਬਹੁਤ ਸਿੰਘ ਜਬਿ ਰਣ ਮਹਿ ਮਾਰੇ। ਕੋ
ਦੌਰਤਿ ਗੁਰ ਤੀਰ ਪੁਕਾਰੇ। 'ਸਾਚੇ ਪਾਤਸ਼ਾਹੁ ਰਖਿ ਲੀਜੈ। ਤੇਰੋ ਬਿਰਦ
ਤਯਾਗ ਨਹਿ ਦੀਜੈ ॥੯॥ ਸ਼ੋਭਤਿ ਬਿਨਾ ਸ਼ੇਰ ਨਹਿ ਕਾਨਨ। ਜਿਤ ਕਿਤ
ਸੁਨੀ ਬਾਤਿ ਇਹੁ ਕਾਨਨਿ'[1]। ਸਿੰਘਨ ਤੇ ਇਸ ਬਿਧਿ ਸੁਨਿ ਜਬੈ। ਸ੍ਰੀ
ਕਲਗ਼ੀਧਰ ਬੋਲੇ ਤਬੈ ॥੧੦॥ ਦੋਹਰਾ ॥ 'ਸਿਦਕ ਪੁਕਾਰੇ ਖਾਲਸਾ ਗੁਰਕੀ
ਬਾਨੀ ਪਾਠ। ਆਪ ਸਿੰਘ ਆਪੇ ਬਿਪਨ, ਬਿਰਦ ਬਿਹਾਰੀ ਰਾਠ'[2]॥ ੧੧ ॥
ਚੌਪਈ ॥ ਖਿਰੇ ਗੁਰੂ ਕਰ ਧਨੁਖ ਸੰਭਾਰੇ। ਸਰ ਨਿਖੰਗ ਤੇ ਪੰਚ ਨਿਕਾਰੇ।
ਤਾਨ ਕਾਨ ਲਗਿ ਤੁਰਤ ਚਲਾਏ। ਸ਼ੂੰਕਤਿ ਚਾਲੇ ਨਾਦ ਉਠਾਏ॥ ੧੨॥
ਚਹੁੰ ਦਿਸ਼ਿ ਤੇ ਚਲ ਦਲ ਉਮਡਾਏ। ਸਰਬ ਖਾਲਸੇ ਕੋ ਦਿਖਰਾਏ[3]।
ਤੁਮਲ ਜੁੱਧ ਤਬਿ ਹੋਵਨਿ ਲਾਗਾ। ਮਨਹੁੰ ਰੁੱਦ੍ਰ ਰਸ[4]*ਸੋਵਤਿ ਜਾਗਾ॥੧੩॥
ਭਿੜੇ ਭੇੜ ਭਟ[5] ਮੁੜ ਮੁੜ ਲਰੇ। ਜੋ ਭਾਜੰਤਿ ਧਰਿ ਧੀਰਜ ਖਰੇ। ਹਤੀ
ਸ਼ਲਖ ਗੁਲਕਨਿ ਕੀ ਐਸੇ। ਹਟਯੋ ਜਲਦ ਮੁਚਿ ਬਰਖਾ ਜੈਸੇ॥੧੪॥ਲੋਹ
ਪਰੇ ਦੁਹਿ ਦਿਸ਼ਿ ਕੇ ਜੋਧਾ। ਦੈਤਨ ਧੀਸ ਧਾਰਿ ਬਹੁ ਕ੍ਰੋਧਾ।ਉਰ ਫੂਟੇ ਟੂਟੇ
ਭਟ ਅੰਗਾ। ਸ਼ੋਣਤ ਸੰਗ ਭਰੇ ਸਰਬੰਗਾ ॥ ੧੫ ॥ ਮਾਨਹੁੰ ਖੇਲ ਫਾਗ ਕੋ

---

[1] ਕੰਨੀ। [2] (ਖਾਲਸਾ ਆਖਦਾ ਸੀ ਕਿ) ਬਨ ਬੀ ਅਸੀਂ ਆਪ ਹਾਂ ਤੇ (ਬਨਾਂ ਦੇ) ਸ਼ੇਰ ਬੀ ਅਸੀਂ ਹਾਂ ਤੇ ਬਾਣੀ ਦਾ ਪਾਠ ਕਰਦਾ (ਅਭਿਮਾਨ ਵਿਚ) ਸਿਦਕ ਸਿਦਕ ਕੂਕਦਾ ਸੀ ਤੇ ਰਾਠ (ਬਣਦਾ ਸੀ) (ਹੁਣ ਕਿਉਂ) ਬਿਹਾਰੀ ਨੂੰ(ਭਾਵ ਸਾਨੂੰ) ਬਿਰਦ (ਦਾ ਵਾਸਤਾ ਪਾਉਂਦਾ ਹੈ।) (ਅ) ਅਪ੍ਰਸੰਗਕ ਅਰਥ ਲਾਉਣ ਦਾ ਯਤਨ ਐਉਂ ਬੀ ਹੁੰਦਾ ਹੈ:—'ਗੁਰਾਂ ਦੀ ਬਾਣੀ' ਪੜ੍ਹਕੇ ਸਿਦਕੀ ਖਾਲਸਾ ਕਹਿੰਦਾ ਹੈ ਕਿ ਆਪੇ ਬਨ ਹੈ ਆਪੇ ਸ਼ੇਰ ਤੇ ਆਪੇ ਧਰਮ ਵਿਚ ਵਿਚਰਨੇ ਵਾਲਾ ਸੂਰਮਾ। [3] ਚਾਰਾਂ ਪਾਸਿਆਂ ਤੋਂ ਫੌਜਾਂ ਉਮਡਕੇ ਚਲੀਆਂ ਆ ਰਹੀਆਂ ਸਾਰੇ ਖਾਲਸੇ ਨੂੰ ਦਿੱਸੀਆਂ। ਸੌ ਸਾਖੀ ਦਾ ਪਾਠ ਹੈ:—ਤਾਂ ਚਹੁੰਫੇਰੇ ਤੇ ਫੌਜਾਂ ਹੀ ਦੀਸੇਂ। ਭਾਵ ਗੁਪਤ ਫੌਜਾਂ ਦਿੱਸੀਆਂ। [4] ਭਿਆਨਕ ਅਸਰ ਵਾਲਾ ਰਸ। [5] ਜੁੱਧ ਵਿਚ ਭਿੜਦੇ ਹਨ ਸੂਰਮੇ ਤੇ। *ਪਾ:—ਰੋਸ ਰਸ।

ਆਏ । ਕੈ ਪਲਾਸ ਫੂਲੇ ਸਮੁਦਾਏ । ਬੂਟਾ ਏਕ ਕਰੌਂਦੇ ਕੇਰਾ । ਤਿਸ ਤਰੁ ਥਿਰੇ ਗੁਰੂ ਰਣ ਹੇਰਾ ॥ ੧੬ ॥ ਦੁਹਿੰ ਦਿਸ਼ਿ ਕੋ ਤਬਿ ਪਿਖਹਿੰ ਤਮਾਸ਼ਾ । ਲਰਹਿੰ ਸੂਰਮੇ ਹੋਤਿ ਬਿਨਾਸ਼ਾ । ਸਤਿਗੁਰ ਕੋ ਬਲ ਪਾਇ ਬਡੇਰਾ । ਲਰਤਿ ਖਾਲਸਾ ਵਧਯੋ ਅਗੇਰਾ ॥ ੧੭ ॥ ਅਰਯੋ ਜੁ ਸਨਮੁਖ ਖੜਗ ਪ੍ਰਹਾਰੇ । ਰੁੰਡ ਮੁੰਡ ਕਰਿ ਭੂ ਪਰ ਡਾਰੇ । ਪਰੀ ਅਕਾਸ਼ੀ ਫੌਜਾਂ ਆਇ । ਜਿਤ ਕਿਤ ਦੇਖਿ ਰਹੇ ਬਿਸਮਾਇ ॥੧੮॥ ਪਰ੍ਹਾ ਬੰਧਿ[1] ਜਨੁ ਘਨ ਘਟ ਆਈ । ਗਨ ਗੁਲਕਾਂ ਬਰਖਾ ਬਰਖਾਈ । ਤੁਪਕਨਿ ਕੜਕ ਗਾਜ ਜਨੁ ਪਰੈ । ਛਟਾ ਪਲੀਤੇ ਧੁਖਿ ਧੁਖਿ ਟਰੈ[2] ॥੧੯॥ ਦੁੰਦਭਿ ਢੋਲਨਿ ਸ਼ਬਦ ਮਹਾਨਾ । ਜਨੁ ਬਰਖਤਿ ਘਨ ਧੁਨਿ ਗਰਜਾਨਾ[3] । ਕ੍ਰਿਖਿ ਪਾਕੀ ਸਮ ਪਰਮ ਪਹਾਰੀ[4] । ਤੋਰਿ ਫੋਰਿ ਚੂਰਨ ਕਰਿ ਡਾਰੀ ॥ ੨੦ ॥ ਹੋਲਾ ਘਾਲਿ ਖਾਲਸਾ ਲਰਯੋ । ਭਾਗਯੋ ਪ੍ਰਥਮ ਲਾਜ ਕਰਿ ਮੁਰਯੋ । ਬਲੀਆਚੰਦ ਆਨਿ ਪਗ ਰੋਪਯੋ । ਪਿਖਿ ਸਿਪਾਹ ਭਾਜੀ ਉਰ ਕੋਪਯੋ ॥੨੧॥ ਇਤ ਤੇ ਉਦੇ ਸਿੰਘ ਧਰਿ ਧੀਰ । ਪਹੁੰਚਯੋ ਲੇ ਸਿੰਘਨਿ ਕੀ ਭੀਰ । ਆਲਮਚੰਦ ਖੜਗ ਕਰਿ ਨੰਗਾ । ਭਯੋ ਸਮੁਖ ਚਾਹਤਿ ਰਣ ਜੰਗਾ ॥ ੨੨ ॥ ਆਲਮ ਸਿੰਘ ਕੁਪਯੋ ਇਸ ਦੇਖਿ । ਦੋਨਹੁ ਕੇ ਮਨਿ ਕੋਪ ਵਿਸ਼ੇਖ । ਦੋਨਹੁੰ ਗਹੇ ਸਿਪਰ ਸ਼ਮਸ਼ੇਰ[5] । ਘਾਤ ਕਰਨਿ ਜੁਟੇ ਸਮ ਸ਼ੇਰ ॥੨੩॥ ਬਾਮ ਦਾਹਨੇ ਫਿਰਿ ਮਿਲਿ ਗਏ । ਖੜਗ ਪ੍ਰਹਾਰ[6] ਪ੍ਰਹਾਰਤਿ ਭਏ । ਗਿਰਪਤਿ ਸਮੁਖ ਸਿਪਰ ਕਰਿ ਦਈ । ਰੋਕਯੋ ਵਾਰ ਹੁਤੋ ਬਲ ਮਈ ॥ ੨੪ ॥ ਤਿਹ ਪਾਛੈ ਨਿਜ ਵਾਰ ਪ੍ਰਹਾਰਾ । ਖੜਗ ਸਮੇਤ ਹਾਥ ਕਟਿ ਡਾਰਾ । ਤਿਸ ਕੇ ਭਟ ਪਹੁੰਚੇ ਲਿਯ ਆਗਾ । ਆਲਮਚੰਦ ਤਯਾਗਿ ਰਣ ਭਾਗਾ ॥ ੨੫ ॥ ਇਮ ਆਲਮਸਿੰਘ ਲੇ ਕਰਿ ਫਤੇ । ਵਾਹਿਗੁਰੂ ਜੀ ਕੀ ਕਹਿ ਫਤੇ । ਦਿਸ਼ਾ ਦੂਸਰੀ ਬਲੀਆਚੰਦ । ਲਰਤਿ ਕਰਤਿ ਉਤਸਾਹ ਬਿਲੰਦ ॥ ੨੬ ॥ ਊਚੀ ਧੁਨਿ ਤੇ ਬਾਜਤਿ ਢੋਲ । ਲਲਕਾਰਤਿ ਸੂਰਨਿ ਕੇ ਟੋਲਿ । ਐਂਚਿ ਐਂਚਿ ਧਨੁ ਬਾਨ ਚਲਾਵੈ । ਤਨ ਸਿੰਘਨਿ ਕੇ ਪੁੰਜ ਧਸਾਵੈ ॥੨੭॥ ਉਦੇ ਸਿੰਘ ਚਲਿ ਸਨਮੁਖ ਹੋਵਾ । ਸਿੰਘਨਿ ਸੰਗ ਕਰਯੋ ਰਿਪੁ ਜੋਵਾ[7] । 'ਕਹਾ ਦੇਖਤਿ ਹੋ ਹਤਹੁ ਤੁਰੰਗੋ । ਆਵਹਿ ਸ਼ਤ੍ਰੂ ਵਧਯੋ ਕੁਢੰਗੋ' ॥ ੨੮ ॥ ਸੁਨਤਿ ਖਾਲਸੇ ਇਕ ਫਿਰ ਛੋਰੀ ।

---

[1] ਸਫਾਂ ਬੰਨ੍ਹਕੇ । [2] ਬਿਜਲੀ (ਵਤ) ਪਲੀਤੇ ਧੁਖ ਧੁਖਕੇ ਟਲਦੇ ਹਨ । ਭਾਵ ਕਦੇ ਚਮਕਦੇ ਤੇ ਕਦੇ ਧੁਖਦੇ ਹਨ । [3] ਵਰਖਾ ਕਰਦਾ ਹੋਇਆ ਮਾਨੋ ਬੱਦਲ ਗੱਜਿਆ ਹੈ ਸ਼ਬਦ ਕਰਕੇ । [4] ਵਡੇ (ਮਾਨੀ) ਪਹਾੜੀਏ । [5] ਤਲਵਾਰ । [6] ਤਲਵਾਰ ਦੇ ਵਾਰ । [7] ਵੈਰੀ ਦੇਖਕੇ, (ਤੇ ਬੋਲਿਆ ।)

ਚਲੀ ਸਮੂਹ ਸ਼੍ਰੰਕਤੀ ਗੋਰੀ। ਬਲੀਆਰਿੰਦ ਜੰਘ ਮਹਿ ਲਾਗੀ। ਭਟ ਬਹੁ
ਮਰੇ ਚਮੂੰ ਬਹੁ ਭਾਗੀ ॥ ੨੯ ॥ ਘਾਇਲ ਹ੍ਵੈ ਬਲੀਆ ਹਟਿ ਪਰਯੋ। ਬਹੁਰ
ਪਹਾਰੀ ਨਹਿਂ ਕੋ ਥਿਰਯੋ। ਚਲੇ ਪਲਾਇਨ ਹ੍ਵੈ ਬਿਨ ਧੀਰ। ਪਰੇ ਗਗਨ
ਕੇ ਬਡ ਬਰ ਬੀਰ[1] ॥ ੩੦ ॥ ਹਤੇ ਸੈਂਕਰੇ ਜੋ ਅਰ ਰਹੇ। ਭਜੀ ਸਿਪਾਹ
ਤ੍ਰਾਸ ਕੌ ਗਹੇ। ਰਾਮਕੁਇਰ ਸਭਿ ਕਹਤਿ ਪ੍ਰਸੰਗ। ਤਬਿ ਮੈਂ ਹੁਤੋ ਪ੍ਰਭੂ
ਕੇ ਸੰਗ ॥ ੩੧ ॥ ਹੁਤੋ ਅਵਸਥਾ ਬਿਖੈ ਛੁਟੇਰ। ਮਰੇ ਸਿੰਘ ਕੇਤਿਕ ਰਣ
ਹੇਰ। ਤਬਿ ਮੁਝ ਕੋ ਕੰਪਾ ਹੁਇ ਆਈ[2]। ਉਪਜਯੋ ਰਿਦੈ ਤ੍ਰਾਸ ਸਮੁ-
ਦਾਈ ॥ ੩੨ ॥ ਕ੍ਰਿਪਾ ਦ੍ਰਿਸ਼ਟਿ ਅਵਿਲੋਕਨ ਕਰਯੋ। ਸ਼੍ਰੀ ਮੁਖ ਤੇ ਮੁਸ-
ਕਾਇ ਉਚਰਯੋ। '[3]ਜਿਮ ਊਧਵ ਕੋ ਰਾਖਿ ਅਸ਼ੋਕ। ਕ੍ਰਿਸ਼ਨ ਸਿਧਾਰ ਗਏ
ਪਰਲੋਕ[3] ॥ ੩੩ ॥ ਤਿਸ ਬਿਧਿ ਕਰਹਿਂ ਗੁਰੂ ਭੀ ਕਰਨੀ। ਰਖਿ[4] ਗੁਰ-
ਬਖਸ਼ ਸਿੰਘ ਤਲ ਧਰਨੀ[5]। ਬਹੁਰ ਸਿਧਾਰਨਗੇ[6] ਪਰਲੋਕ। ਨਹਿ ਡਰ,
ਨਹਿ ਡਰ, ਬਨਹੁ ਅਸ਼ੋਕ' ॥ ੩੪ ॥ ਸ਼੍ਰੀ ਕਲਗੀਧਰ ਭਾਖਯੋ ਜਬਿਹੂੰ।
ਰੁਦਨ ਕਰਨਿ ਲਾਗਯੋਂ ਮੈਂ ਤਬਿਹੂੰ। ਸ਼੍ਰੀ ਮੁਖ ਤੇ ਪੁਨ ਬਾਕ ਅਲਾਵੈਂ।
'ਰਿਪੁਨਿ ਚਲਾਇ[7] ਖਾਲਸਾ ਆਵੈ ॥ ੩੫ ॥ ਧਰ ਧੀਰਜ ਕੋ ਉਰ ਨਹਿ
ਰੋਵਹੁ। ਸੰਘਰ ਮਚਯੋ ਖਰੋ ਰਹੁ ਜੋਵਹੁ'। ਇਤਨੇ ਬਿਖੈ ਭਜਾਇ ਪਹਾਰੀ।
ਅਰਯੋ ਰਹਯੋ, ਤਿਹਿ ਦੀਨਸਿ ਮਾਰੀ ॥ ੩੬ ॥ ਚਮੂੰ ਅਕਾਸ਼ੀ ਸਭਿ ਚਲਿ
ਗਈ।ਅੰਤਰ ਧਯਾਨ ਬਿਲੋਕਤਿ ਭਈ।ਬਹੁਰ ਖਾਲਸਾ ਹਟਿ ਕਰਿ ਆਯੋ।
ਖਰੇ ਪ੍ਰਭੂ ਕੋ ਦਰਸ਼ਨ ਪਾਯੋ ॥ ੩੭ ॥ ਕ੍ਰਿਪਾਦ੍ਰਿਸ਼ਟਿ ਕਰ ਦੇਖਿ ਗੁਸਾਈਂ।
ਧੀਰਜ ਦੀਨਿ ਸਭਿਨਿ ਕੇ ਤਾਂਈ। ਸਿੰਘਨਿ ਦਿਸ਼ਿ ਕੋ ਪਿਖਤਿ ਉਚਾਰੇਂ।
'ਹਿੰਦੂ ਹੈਂ ਪਹਾਰੀਏ ਸਾਰੇ' ॥ ੩੮ ॥ ਸੁਨਤਿ ਖਾਲਸਾ ਬਿਨਤੀ ਕਹੈ।
'ਸਕਲ ਪਹਾਰੀ ਬਨਚਰ ਅਹੈਂ[8]। ਸੋ ਹਮਰੇ ਹੈਂ ਖਾਜ ਬਿਸਾਲਾ। ਖਾਵਤਿ
ਰਹੈਂ ਸਰਬਥਾ ਕਾਲਾ' ॥੩੯॥ ਤਬਿ ਕਲਗੀਧਰ ਪੁਨ ਮੁਸਕਾਇ। ਸਭਿਨਿ
ਸੁਨਾਵਤਿ ਬਾਕ ਅਲਾਇ। 'ਸੁਨਹੁ ਖਾਲਸਾ ਜੀ ! ਦੇ ਕਾਨ। ਕਰਹਿਂ
ਗਿਰੀਸ਼ ਰਾਜ ਅਭਿਮਾਨ[9] ॥੪੦॥ ਨਹੀਂ ਨੇਤ ਭਾਣੇ ਕੋ ਮਾਨਹਿ। ਪਰਮੇ-

[1](ਕਿਉਂਕਿ ਅਕਾਸ਼) ਤੋਂ ਜੋ ਬੜੇ ਵੀਰ ਪਏ ਸਨ। [2]ਭਾਵ ਮੈਂ ਕੰਬਿਆ। ਸੌ ਸਾਖੀ ਵਿੱਚ ਪਾਠ ਹੈ ਕੰਬਾ। [3]ਭਾਵ, ਖੁਸ਼ੀ ਨਾਲ ਊਧਵ ਨੂੰ (ਸੰਸਾਰ ਵਿੱਚ) ਰੱਖਕੇ ਆਪ ਪ੍ਰਲੋਕ ਚਲੇ ਗਏ ਸੇ। [4]ਰੱਖਕੇ (ਤੈਨੂੰ) ਗੁਰਬਖਸ਼ ਸਿੰਘ ਨੂੰ। [5]ਧਰਨੀ ਤਲ ਤੇ। [6]ਭਾਵ ਗੁਰੂ ਕੇ। [7]ਭਜਾ ਕੇ। [8]ਬਨ ਵਿੱਚ ਵਿਚਰਨ ਵਾਲੇ ਜੀਵ ਕਿਉਂਕਿ ਅਗਲੀ ਤੁਕ ਵਿਚ 'ਖਾਜ' ਲਿਖਿਆ ਹੈ,ਮ੍ਰਿਗ ਆਦਿਕ ਜੋ ਖਾਧੇ ਜਾਣ। [9]ਪਹਾੜੀਏ ਰਾਜੇ ਰਾਜ ਦਾ ਹੰਕਾਰ ਕਰਦੇ ਹਨ।

ਸ਼ੂਰ ਕੀ ਗਤਿ ਨਹਿ ਜਾਨਹਿਂ। ਆਇ ਸਮਾ ਇਨ ਕੇ ਸਿਰ ਬਲੀ। ਬਿਨ ਹੰਕਾਰ ਹੋਇਂ ਬਿਧਿ ਭਲੀ ॥ ੪੧ ॥ ਦੋਹਰਾ ॥ ਭਲੀ ਨਿਬਾਹੀ ਪੁਰਖ[1] ਨੇ ਕੀਨੋ ਤੀਜਾ ਲੋਗ[2]। ਜਿਨ ਸਿਰਜੀ ਗੋਈ ਤਿਸੈ[3] ਮਿਟੈ ਤੁਮਾਰਾ ਰੋਗ[4]" ॥ ੪੨ ॥ ਚੌਪਈ ॥ ਤੀਨ ਬਾਰ ਇਸ ਰੀਤਿ ਬਖਾਨਾ। 'ਰੋਗ ਸਮਾਨ ਸ਼ੱਤ੍ਰੂ ਹੁਇ ਹਾਨਾ'। ਸੁਨਤਿ ਖਾਲਸੇ ਖੁਸ਼ੀ ਬਿਸਾਲੇ। ਸ਼੍ਰੀ ਗੁਰ ਕੋ ਰੁਖ ਲਖਨੋ ਕ੍ਰਿਪਾਲੇ॥੪੩॥ਬੂਝਨੋ ਗੁਰ ਪੁਨ 'ਕਸ ਰਨ ਭਯੋ?'।ਮਹਾਂ ਸਿੰਘ ਤਬਿ ਸਭਿ ਕਹਿ ਦਯੋ। 'ਦ੍ਵੈ ਸਰਦਾਰ ਹੁਏ ਸੋ ਘਾਇਲ। ਸਹਤ ਸਿਪਾਹਿ ਭਏ ਕਰਸਾਯਲ[5] ॥੪੪॥ ਭਾਗ ਗਏ ਨਹਿਂ ਪਾਇ ਜਮਾਏ। ਮਰੇ ਪਰੇ ਕੌ ਧਰ ਤਰਫਾਏ[6]। ਬਲ ਰਾਵਰ ਕੇ ਪਾਇ ਬਡੇਰਾ। ਫਤੇ ਖਾਲਸੇ ਕੀ ਇਸ ਬੇਰਾ' ॥ ੪੫ ॥ ਸਕਲ ਬਾਰਤਾ ਭਾਖਿ ਸੁਨਾਈ। ਤਬਿ ਸਤਿਗੁਰ ਸਭਿਹੂੰਨਿ ਅਲਾਈ। 'ਮਰੇ ਸਿੰਘ ਸਭਿ ਦਾਹਨ ਕਰੀਅਹਿ। ਸਭਿ ਥਲ ਖੋਜ ਏਕ ਥਲ ਧਰੀਅਹਿ'॥੪੬॥ਮਾਨਿ ਬਚਨ ਕੋ ਤਤਛਿਨ ਕੀਨਿ। ਕਰਿ ਇਕੱਤ੍ਰ ਸਭਿ ਦਾਹ ਸੁ ਦੀਨਿ। ਘਾਇਲ ਹੁਤੇ ਉਠਾਇ ਸੁ ਲਯਾਏ। ਫਤੇ ਪਾਇ ਗੁਰ ਪੁਰਿ ਕੋ ਆਏ॥੪੭॥ਬਜੇ ਖੁਸ਼ੀ ਕੇ ਬ੍ਰਿੰਦ ਨਗਾਰੇ।'ਭਈ ਜੀਤ' ਨਰ ਨਾਰਿ ਉਚਾਰੇ।ਮੰਗਲ ਕਰੇ ਅਨੇਕ ਪ੍ਰਕਾਰਾ। ਭਾ ਸ਼ੱਤ੍ਰੁਨ ਕੇ ਸ਼ੋਕ ਅਪਾਰਾ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰਨਾਮ ਚਤੁਰਥੋ ਅੰਸੂ॥੪॥

## ੫. [ਰਾਜਿਆਂ ਦੀ ਸਲਾਹ। ਕਾਜ਼ੀ ਸਲਾਰ ਦੀਨ]।

ਦੋਹਰਾ ॥ ਸੁਨੀ ਲਰਾਈ ਗਿਰਪਤਿਨਿ ਚਿਤ ਸ਼ੰਕਤ ਸਭਿ ਹੋਇ। 'ਅਲਪ ਚਮੂ ਗੁਰ ਸੰਗ ਹੈ ਹਮਰੇ ਰਾਜੇ ਦੋਇ ॥ ੧ ॥ ਚੌਪਈ ॥ ਸੈਨਾ ਪਠੀ ਸੰਗ ਸਮੁਦਾਈ।ਕਿਮ ਰਨ ਕਰਤਿ ਪਰਾਜੈ ਪਾਈ। ਵਡੇ ਬਹਾਦੁਰ ਉਰ ਹੰਕਾਰੀ। ਆਯੁਧ ਬਿੱਦ੍ਯਾ ਜਾਨਤ ਸਾਰੀ ॥ ੨ ॥ ਠਹਿਰੇ ਕਯੋਂ ਨ ਗੁਰੂ ਕੇ ਆਗੇ। ਹੁਇ ਘਾਇਲ ਸੋ ਤਤਛਿਨ ਭਾਗੇ। ਜੋ ਗੁਰ ਸੰਗ ਹੋਇ ਦਲ ਮਹਾਂ। ਹਮਰੋ ਰਾਜ ਥਿਰਹਿ ਤਬਿ ਕਹਾਂ ॥੩॥ ਨਿਤਪ੍ਰਤਿ ਜਾਟ ਕਮੀਨੀ ਜਾਤਿ। ਬਨਹਿਂ ਸਿੰਘ ਪਾਹੁਲ ਲੇ ਜਾਤਿ।ਖੜਗ ਤੁਫੰਗ ਕੇਸ ਕਛ ਧਰੈਂ।ਬਹੁ ਬਿਧਿ ਮਾਰ ਬਕਾਰਾ ਕਰੈਂ ॥੪॥ ਪਾਤਿਸ਼ਾਹ ਰਾਜਾ ਨਹਿਂ ਗਨੈਂ।-ਮਾਰਿ ਮਾਰਿ-

---

[1]ਅਕਾਲ ਪੁਰਖ ਨੇ। [2]ਭਾਵ ਖਾਲਸਾ ਪੰਥ। [3]ਜਿਸ ਸਿਰਜੀ ਤਿਸ ਨੇ ਲੈ ਕਰ ਦਿੱਤੀ। [4]ਭਾਵ ਸ਼ੱਤ੍ਰੁ (ਦੇਖੋ ਅੰਕ ੪੩)। [5]ਹਰਨ ਹੋ ਗਏ। ਭਾਵ ਧ੍ਰੰਮਕੇ ਮੁੜ ਜਾਣਾ ਜਿਵੇਂ ਹਰਨ ਜ਼ਖਮ ਖਾਕੇ ਮੁੜਦਾ ਹੈ ਤੇ ਭੱਜ ਜਾਂਦਾ ਹੈ। [6]ਧੜ ਤੜਫਦਾ ਹੈ।

Sri Satguru Jagjit Singh Ji eLlibrary NamdhariElibrary@gmail.com

ਸਭਿਹਿਨ ਕੋ ਭਨੈਂ। ਵਧਤਿ ਜਾਤਿ ਨਿਤ ਪ੍ਰਤਿ ਇਮ ਪਈਅਤਿ। ਜਿਮ ਪੜਵਾ ਤੇ ਨਿਸਪਤਿ ਲਹੀਅਤਿ[1]॥੫॥ਇਨ ਕੋ ਚਹੀਐ ਕਰਨਿ ਉਪਾਇ। ਅਲਪ ਅਹੈਂ ਸਭਿ ਕਿਛੁ ਬਨਿ ਜਾਇ। ਲਘੁ ਬੂਟੇ ਕੋ ਤੁਰਤ ਉਖਾਰੈਂ। ਸਕੈਂ ਹਲਾਇ ਨ, ਬਟ ਜਬਿ ਭਾਰੈਂ[2] ॥ ੬ ॥ ਅਗਨਿ ਚਿੰਗਾਰਾ ਤੁਰਤ ਬੁਝਾਈ। ਬਨ ਲਗਿ ਪਸਰੈ, ਹ੍ਵੈ ਨ ਉਪਾਈ। ਚੋਰਨਿ ਦਿਨ ਕੋ ਕੇਹਰਿ ਹੋਇ। ਪਕਰ ਲੇਹਿ ਨਿਰਬਲ ਹੁਇ ਸੋਇ ॥੭ ॥ ਜਬਿ ਅਪਨੋ ਬਲ ਧਰਿ ਕਰਿ ਗਰਜੈ।ਕੌਣ[3] ਸਮੁਖ ਹੁਇ ਤਿਹ ਤਬਿ ਤਰਜੈ।ਅਬਿ ਤੌ ਸਿੰਘ ਸੈਂਕਰੇ ਅਹੈਂ। ਇਮ ਉਤਪਾਤਿ ਕਰਤਿ ਸੋ ਰਹੈਂ ॥ ੮ ॥ ਜਬਹਿ ਹਜ਼ਾਰੋਂ ਗਿਨਤੀ ਹੋਇ।ਅਰੈ ਲਰੈ ਤਿਨ ਸੋਂ ਤਬਿ ਕੋਇ"?'।ਇੱਤ੍ਯਾਦਿਕ ਮਿਲਿ ਗਿਰਪਤਿ ਕਹੈਂ। ਦਲ ਤੁਰਕਾਨ ਹਕਾਰਯੋ ਚਹੈਂ ॥ ੯ ॥ ਦੱਖਣ ਗਯੋ ਨੁਰੰਗਾ ਆਪ। ਦਿੱਲੀ ਮਹਿ ਸੂਬਾ ਬਡ ਥਾਪਿ। ਤਹਾਂ ਵਕੀਲ ਪਠਨ ਕੇ ਕਾਰਨ। ਕਰਯੋ ਤਯਾਰ ਸਮੁਝਾਇ ਉਚਾਰਨਿ ॥ ੧੦ ॥ ਦਰਬ ਹਜ਼ਾਰਹੁੰ ਵਸਤੁ ਸਮਾਜੇ। ਪ੍ਰਿਥਕ ਪ੍ਰਿਥਕ ਦੀਨਸਿ ਗਨ ਰਾਜੇ। ਬਹੁਤ ਮੋਲ ਤੇ ਜੋ ਕਰ ਆਵੈ। ਹੇਤੁ ਖੁਸ਼ਾਮਦ ਕਹਿ ਪਹੁੰਚਾਵੈ ॥੧੧ ॥ ਲਿਖੇ ਪੱਤ੍ਰ ਪਰ ਗੁਰੂ ਬ੍ਰਿਤਾਂਤ। 'ਉਧਮ ਦੋਸ਼ ਪਾਇ ਬਹੁ ਭ੍ਰਾਂਤ।ਕਹੈ—ਖਾਲਸਾ ਮੈਂ ਅਬਿ ਕਰਯੋ—।ਹਮ ਸੋਂ ਕਈ ਬਾਰ ਲਰਿ ਪਰਯੋ ॥ ੧੨ ॥ ਪਾਤਿਸ਼ਾਹੁ ਕੋ ਤ੍ਰਾਸ ਬਿਸਾਰਾ। ਜਿਤ ਕਿਤ ਚਾਹਹਿ ਜੰਗ ਅਖਾਰਾ।ਬਿਗਰੇ ਤੁਮ ਸੋਂ ਭੀ ਇਕ ਬਾਰੀ। ਯਾਂਤੇ ਸੁਧ ਭੇਜੀ ਹਮ ਸਾਰੀ॥੧੩॥ਅਬਿ ਉਪਾਇ ਇਸ ਕੋ ਹੁਇ ਆਵੈ।ਨਤੁ ਦਿਨ ਪ੍ਰਤਿ ਨਿਜ ਪੰਥ ਵਧਾਵੈ। ਸੈਨਾ ਪਠਹੁ ਮਿਲਹਿਂ ਹਮ ਸੰਗ[4]। ਦੇਹਿਂ ਨਿਕਾਰ ਕਰਹਿਂ ਬਹੁ ਜੰਗ' ॥ ੧੪ ॥ ਇੱਤ੍ਯਾਦਿਕ ਬਹੁ ਲਿਖੇ ਪਠਾਏ[5]। ਕਹਿ ਵਕੀਲ ਸੋਂ ਬਚ ਸਮੁਝਾਏ। ਸੂਬੇ ਢਿਗ ਦਿੱਲੀ ਚਲਿ ਗਯੋ।ਸਨੇ ਸਨੇ ਤਹਿਂ ਪਹੁੰਚਤਿ ਭਯੋ ॥ ੧੫ ॥ ਹਾਥ ਜੋਰਿ ਬਹੁ ਦਈ ਅਕੋਰ। ਸਰਬ ਪ੍ਰਸੰਗ ਭਨਯੋ ਇਤ ਓਰ।'ਸਭਿ ਰਾਜਨਿ ਮਿਲਿ ਮੋਹਿ ਪਠਾਯੋ। ਆਪ ਪਾਸ ਇਸ ਹਿਤ ਚਲਿ ਆਯੋਂ' ॥੧੬॥ ਤਿਨ ਸੂਬੇ ਸੁਨਿ ਕਰਿ ਸਭਿ ਬਾਤ। ਲਿਖਯੋ ਨੁਰੰਗੇ ਕੌ ਬਿਰਤਾਂਤ। ਧੀਰਜ ਤਿਸ ਵਕੀਲ ਕੌ ਦਈ। ਗਜ ਬਾਜੀ ਜੁਤਿ ਭੇਟੈਂ ਲਈ ॥ ੧੭ ॥ ਇਤ ਰਾਜਨਿ ਬਹੁ ਸੈਨ ਬਨਾਈ। ਤ੍ਰਾਸ ਗੁਰੂ ਕੋ ਕਰਿ

[1]ਜਿਵੇਂ ਏਕਮ ਤੋਂ ਚੰਦ੍ਰਮਾ (ਵਧਦਾ) ਵੇਖੀਦਾ ਹੈ [ਸੰਸ:, ਪ੍ਰਤਿਪਦਾ]। [2]ਹਿਲਾ ਨਾ ਸਕਾਂਗੇ ਜਦੋਂ ਭਾਰੀ ਹੋ ਜਾਊ ਬੋਹੜ। [3]ਕੌਣ। [4]ਅਸੀਂ ਵੀ ਨਾਲ ਮਿਲਾਂਗੇ। [5]ਲਿਖਕੇ ਭੇਜਿਆ।

ਤਕਰਾਈ[1]।ਰਵੈਂ ਸਿੰਘ ਗਨ ਖੇਤ ਉਜਾਰੈਂ।ਅਰੈਂ ਲਰੈਂ ਰਣ ਮਰੈਂ ਸੁ ਮਾਰੈਂ ॥ ੧੮ ॥ ਰਾਜਨਿ ਕੇ ਨਿਤ ਬਡੋ ਹੰਗਾਮਾ[2]। ਇਨ ਕੈ ਸਹਿਜ ਸੁਭਾਇਕ ਕਾਮਾ[3]। *ਇਕ ਦਿਨ ਬੈਠੇ ਸਭਾ ਲਗਾਇ। ਪ੍ਰਾਪਤਿ ਸੰਗਤਿ ਭੀ ਸਮੁਦਾਇ॥੧੯॥ਦਰਸ਼ਨ ਕਰਨ ਦੂਰ ਤੇ ਆਈ। ਅਨਿਕ ਪ੍ਰਕਾਰ ਉਪਾਇਨ ਲ੍ਯਾਈ। ਤਬਿ ਅਰਦਾਸੀ ਅੱਗ੍ਰ ਖਰੋਇ। ਸਾਂਭਤਿ ਸਕਲ ਵਸਤੁ ਕੋ ਸੋਇ ॥ ੨੦ ॥ ਪੈਸਾ ਮੁਹਰ ਰਜਤਪਣ ਜੇਤੇ। ਕਰਹਿ ਸੰਭਾਰਨਿ ਰਾਖਹਿ ਤੇਤੇ। ਭਯੋ ਗੁਰੂ ਢਿਗ ਅਨਿਕ ਖਜ਼ਾਨਾ। ਪੂਰਹਿ ਭਾਵਨਾ ਦਾਸਨ ਨਾਨਾ॥੨੧॥ ਹੁਤੋ ਸਲਾਰਦੀਨ ਇਕ ਕਾਜ਼ੀ। ਸਾਂਈ ਲੋਕ ਭਯੋ ਨਹਿ ਪਾਜੀ[4]। ਨਹਿ ਹਿੰਦੁਨਿ ਸੋਂ ਧੋਖ ਕਰਤਾ। ਸਭਿ ਮਹਿ ਇਕ ਸਮਾਨ ਬਰਤੰਤਾ ॥ ੨੨ ॥ ਹਿਤ ਦਰਸ਼ਨ ਕੇ ਗੁਰ ਢਿਗ ਆਯੋ। ਬੈਠ੍ਯੋ ਬਹੁਰ ਅਨੰਦ ਕੋ ਪਾਯੋ। ਸੰਗਤਿ ਅਰੁ ਗੁਰ ਕੋ ਬਿਵਹਾਰ। ਚਿਰੰਕਾਲ ਲਗਿ ਰਹ੍ਯੋ ਨਿਹਾਰ॥੨੩॥ਮਨ ਮਹਿ ਤਰਕਨ ਕਰਹਿ ਬਿਚਾਰਨ।-ਲਹਿ ਅਵਕਾਸ਼ਹਿੰ ਕਰਹਿਂ ਉਚਾਰਨਿ-। ਜਬਹਿ ਭੀਰ ਬਹੁ ਹਟਿ ਕਰਿ ਗਈ। ਤਬਿ ਬੂਝਨਿ ਕੀ ਚਿਤ ਮਹਿਂ ਭਈ ॥੨੪॥ ਕਹ੍ਯੋ 'ਗੁਰੂ ਜੀ ! ਤੁਮਰੇ ਪਾਸ। ਨਰ ਕੈਸੇ-ਕਰਿ ਕਰਿਤੇ ਅਰਦਾਸ? ਦਿਹੁ† ਅਸੀਸ ਕੈਸੇ ਕਰਿ ਦੇਤ[5]?ਇਸ ਕੋ ਮੈਂ ਨਹਿ ਜਾਨਨੋ ਹੇਤ ॥੨੫॥ ਜੋ ਖ਼ੁਦਾਇ ਨੇ ਦੀਨ ਬਨਾਇ। ਸੋ ਭੋਗਤਿ ਹੈ ਜਿਤ ਕਿਤ ਜਾਇ। ਹਿੰਦੁਨਿ ਕੇ ਮਤਿ ਮਹਿਂ ਭੀ ਐਸੇ। ਪੂਰਬ ਕਰੀ ਪ੍ਰਮੇਸ਼ੁਰ ਜੈਸੇ ॥੨੬॥ ਭੋਗਤਿ ਸਰਬ ਜੀਵ ਸਦ ਤੈਸੇ। ਤਿਸ ਕੋ ਮੇਟ ਸਕੈ ਕੋ ਕੈਸੇ। ਖੁਸ਼ੀ ਹੋਇ ਕਰਿ ਬਿਤ ਸੁਤ ਦੇਤਿ। ਐਸੇ ਝੂਠ ਕਹਨਿ ਕਿਸ ਹੇਤ[6]' ॥੨੭॥ ਬਡੋ ਪ੍ਰਸ਼ਨ ਕਾਜ਼ੀ ਕੋ ਸੁਨਿ ਕੈ। ਉੱਤਰ ਦੀਨਿ ਸੁਮਤਿ ਤੇ ਭਨਿ ਕੈ[7]। 'ਸੁਨਿ ਕਾਜ਼ੀ ! ਬਡ ਬੁੱਧਿ ਬਿਚਾਰੀ। ਅਹੈ ਜਥਾਵਤ ਤਥਾ ਉਚਾਰੀ ॥ ੨੮ ॥ ਤਊ ਜਨਨ[8] ਕੋ ਜਿਮ ਹਮ ਦੇਤਿ। ਤਿਸ ਗਤਿ ਕੋ ਅਵਿਲੋਕਹੁ ਹੇਤੁ'। ਇਮ ਕਹਿ ਕਰਿ ਕਾਗਦ ਮਸ ਲੈ ਕੈ।ਪੂਰਬ ਮੁਹਰ[9] ਦਿਖਾਵਨਿ ਕੈ॥੨੯॥'ਬਰਨ[10] ਅਪੂਠੇ ਇਸ ਪਰ ਅਹੈਂ। ਇਨ ਤੇ ਕਾਜ ਸਰਤਿ ਨਹਿਂ

[1]ਗੁਰਾਂ ਦਾ ਡਰ ਕਰਕੇ ਤਕੜਾਈ ਕੀਤੀ। [2]ਰਾਜਿਆਂ ਦੇ ਝਾ ਦਾ ਨਿਤ ਜੰਗ ਰਹੇ। [3]ਸੁਤੇ ਸਿੱਧ ਹੀ ਕੰਮ ਹੈ। [4]ਸਾਈਂ ਲੋਕ ਹੋਇਆ ਹੈ ਤੇ ਪਖੰਡੀ ਨਹੀਂ ਸੀ। [5]ਅਸੀਸ ਦੇਕੇ ਆਪ ਕੀਹ ਕਰ ਦਿੰਦੇ ਹੋ। [6]ਕਾਹਦੇ ਲਈ। [7]ਸੁਮੱਤ ਦੇਣ ਲਈ ਕਹਿਕੇ ਉੱਤਰ ਦਿਤਾ। [8]ਲੋਕਾਂ ਨੂੰ। [9]ਛਾਪ। [10]ਅੱਖਰ।

*ਇਹ ਸੌ ਸਾਖੀ ਦੀ ੪੨ਵੀਂ ਸਾਖੀ ਚੱਲੀ ਹੈ।

†ਪਾ:-ਦੇਕੇ। ਪੁਨਾ:-'ਨਿਜ' ਬੀ ਪਾਠਾਂਤ੍ਰ ਹੈ।

Sri Satguru Jagjit Singh Ji eLlibrary NamdhariElibrary@gmail.com

ਲਹੈ । ਪੁਨ ਕਾਗਦ ਪਰ ਦਈ ਲਗਾਇ। ਭਏ ਬਰਨ ਸੂਧੇ ਇਸ ਭਾਇ ॥ ੩੦ ॥ ਸੁਨਿ ਕਾਜ਼ੀ ! ਨਰ ਜਨਮੈਂ ਜਬੈ । ਪ੍ਰਥਮ ਕਰਮ ਅਨੁਸਾਰੀ ਤਬੈ । ਹੋਨਹਾਰ ਸਿਰ ਲਿਖੀ ਸੁ ਜਾਇ । ਪੁਠੇ ਬਰਣ ਮੁਹਰ ਜਿਸ ਭਾਇ॥ ੩੧॥ ਜਬਹਿ ਲਗਾਵਨਹਾਰ ਲਗਾਵੈ। ਹੁਇਂ ਸੂਧੇ ਤਬਿ,ਨੰਮ੍ਰਿ ਟਿਕਾਵੈ[1] । ਤਿਸ ਪ੍ਰਕਾਰ ਕਰਮਨਿ ਫਲਦਾਤਾ[2] । ਮਸਤਕ ਪਰ ਲਿਖਿ ਲੇਖ ਬਿਧਾਤ। ॥ ੩੨ ॥ ਤਬਹਿ ਕਹਹਿ ਏਹ ਮਾਨੁਖ ਜੋਇ । ਗੁਰੂ ਪੀਰ ਕੇ ਆਗੇ ਹੋਇ । ਮਸਤਕ ਸ਼ਰਧਾ ਸਹਤ ਨਿਵਾਵੈ।ਸੂਧੇ ਅੱਖਰ ਤਬਿ ਹੁਇ ਜਾਵੈਂ॥੩੩॥ਤਿਸ ਕੋ ਫਲ ਸੁਖ ਭੋਗਨਿ ਕਰੈ।ਇਸ ਪ੍ਰਕਾਰ ਜੇ ਕਾਜ ਸਵਰੈ। ਜੋ ਮਸਤਕ ਕੋ ਟੇਕੇ ਨਾਂਹੀ । ਪੁਠੇ ਕਰਮ ਰਹੈਂ ਬਿਧਿ ਤਾਂਹੀ ॥ ੩੪ ॥ ਗੁਰ ਮਹਿਂ ਸਿੱਖ ਭਾਵਨਾ ਧਰੈ । ਸੁਤ ਬਿਤਾਦਿ ਸੁਖ ਪਾਵਨ ਕਰੈ । ਕਾਜ਼ੀ ਸੁਨਿ ਮਨ ਭਯੋ ਅਨੰਦਾ।ਠਾਂਢਾ ਭਯੋ ਹਾਥ ਦ੍ਵੈ ਬੰਦਿ॥੩੫॥ਝੁਕਿਝੁਕਿ ਕਰੈ ਸਲਾਮ ਅਗਾਰੀ। ਗੁਰ ਤਾਰੀਫ ਬਲੰਦ ਉਚਾਰੀ । 'ਪ੍ਰਭੁ ਜੀ ! ਸੰਸੇ ਭਯੋ ਬਿਨਾਸ਼ । ਵਾਹ ਵਾਹ ਬਡ ਬੁੱਧ ਪ੍ਰਕਾਸ਼ ॥ ੩੬ ॥ ਬਚਨ[3]—[4]ਐਨ ਖੁਦਾਇ ਅਬਲ

ਗੁਰ ਆਮਦਹ । ਕਦਮ ਮਿਸ੍ਰੂਤ ਬੰਦਹਿ ਜਹਾਨ ਪਾਰ ਕਰਦਮਹਿ" ॥ ੧ ॥

ਚੌਪਈ।ਹਤਿ ਸੰਸੈ ਸੁ ਤਸੱਲੀ ਹੌਨ[5] । ਅਸ ਉੱਤਰ ਦੇ ਸਕ ਹੈ ਕੌਨ। ਤੁਮ ਬਿਨ ਸੁਮਤਿ ਧਰਹਿ ਕੋ ਐਸੇ।ਆਪ ਦਿਖਾਇ ਕਹਯੋ ਸ਼ੁਭ ਜੈਸੇ'॥੩੭॥ਪੁਨ ਸਾਦਰ ਬੈਠਾਯਹੁ ਕਾਜ਼ੀ । ਸੁਨਿ ਉੱਤਰ ਜੋ ਅਤਿਸ਼ੈ ਰਾਜ਼ੀ[6] । ਅਪਰ ਸੰਬਾਦ ਕਰਯੋ ਸੁਖ ਪਾਏ। ਦਰਸ਼ਨ ਦੇ ਸੰਗਤਿ ਸਮੁਦਾਏ ॥ ੩੯ ॥ ਪੂਰਨ ਕੀਨਿ ਕਾਮਨਾ ਮਨ ਕੀ । ਸੁਤ ਬਿਤ ਸੁਖ ਕੀ ਲਾਲਸ ਤਿਨ ਕੀ। ਬਹੁਰੋ

---

[1](ਜਦ ਮੁਹਰ) ਨੀਵੀਂ ਕਰ ਟਿਕਾਂਵਦਾ ਹੈ ਤਦ ਅੱਖਰ ਸਿੱਧੇ ਹੋ ਜਾਂਦੇ ਹਨ। [2]ਭਾਵ ਈਸ਼ਰ । [3]ਕਾਜ਼ੀ ਦਾ ਬਚਨ ਭਾਵ ਕਿ ਅਗਲਾ ਵਾਕ ਕਾਜ਼ੀ ਦਾ ਹੈ । [4]ਸੌ ਸਾਖੀ ਦਾ ਪਾਠ ਐਉਂ ਹੈ:— ਕਾਜ਼ੀ ਸਲਾਮ ਕੀਤੀ: ਸੱਚੇ ਪਾਤਸ਼ਾਹ ਜੀ ਸੰਸਾ ਦੂਰ ਹੂਆ । ਬੋਲਿਆ 'ਵਾਹਿ ਵਾਹਿ ਜੀ ਐਨ ਖੁਦਾਇ ਅਜ਼ਲ ਗੁਰੂ ਆਮਦਹ।ਕਦਮ ਮਿਸ੍ਰੂਤ ਬੰਦਹ ਜਹਾਨ ਪਾਰਕਰਦਮਹ । ਅਰਥ—ਪਹਿਲੋਂ ਆਉਂਦਿਆਂ ਹੀ ਗੁਰੂ ਜੀ ਠੀਕ ਖੁਦਾਇ ਦਾ ਰੂਪ ( ਮੈਨੂੰ ਨਜ਼ਰੀਂ ਪਏ, ਗੁਰੂ ਜੀ ਦੇ ) ਚਰਨ ਦਾਸਾਂ ਨੂੰ ਵਡਿਆਈ ਦੇਣ ਵਾਲੇ ( ਸਹੀ ਹੋਏ, ਜਿਨ੍ਹਾਂ ਨੇ ਮੈਨੂੰ ) ਜਹਾਨ ਤੋ ਪਾਰ ਕਰ ਦਿਤਾ । [ਐਨ=ਠੀਕ । ਖੁਦਾਇ=ਰੱਬ । ਅੱਬਲ=ਪਹਿਲੋਂ । ਆਮਦਹ=ਆਉਣ ਤੇ, ਆਇਆਂ । ਕਦਮ =ਚਰਨ । ਮਿਸ੍ਰੂਤ=ਇਹ ਪਾਠ ਜਾਪਦਾ ਹੈ ਕਿ ਫਾਰਸੀ ਪਦ ਮੁਸ਼ਰਫ ਸੀ । ਮੁਸ਼ਰਫ= ਵਡਿਆਈ ਦੇਣ ਵਾਲੇ । ਜੇ 'ਮਿਸ੍ਰੂਤ' ਪਦ ਨੂੰ 'ਮੁਸੱਰਤ' ਸਮਝੀਏ ਤੇ ਅਰਥ ਲਗਣਗੇ ਖੁਸ਼ੀ (ਦੇਣ ਵਾਲੇ)। ਬੰਦਹ=ਦਾਸ । ਪਾਰ ਕਰਦਮਹ=ਮੈਨੂੰ ਪਾਰ ਕੀਤਾ ]ਨੋਟ—ਇਸ ਬੈਂਤ ਦੀ ਫਾਰਸੀ ਬੰਦਸ਼ ਸ਼ੁੱਧ ਨਹੀਂ । [5]ਤਸੱਲੀ ਹੋ ਗਈ ਹੈ ਮੈਨੂੰ । [6]ਖੁਸ਼ੀ ।

ਉਠੇ ਚਲੇ ਸ਼ੁਭ ਮੰਦਿਰ। ਜਹਿਂ ਇਕਾਂਤ ਬੈਠਨਿ ਥਲ ਸੁੰਦਰ॥ ੩੯॥ ਸਕਲ ਖਾਲਸਾ ਬੰਦਨਕਰਿ ਕਰਿਪ੍ਰਭੁ ਦਰਸ਼ਨ ਤੇ ਮੁਦ ਬਹੁ ਧਰਿ ਧਰਿ। ਨਿਜ ਨਿਜ ਥਾਂਨ ਪਹੁੰਚਤੇ ਭਏ। ਕਰਤਿ ਸੁਜਸੁ ਗੁਰ ਸੁਖ ਬਹੁ ਲਏ ॥੪੦॥ਖਾਨ ਪਾਨ ਕਰਿ ਕਰਿ ਮਨ ਭਾਏ।ਰੁਚਿਰ ਪ੍ਰਯੰਕ ਪ੍ਰਭੂ ਸੁਪਤਾਏ। ਜਾਮ ਜਾਮਨੀ ਜਾਗਨਿ ਧਰੇ। ਸੌਚ ਸ਼ਨਾਨ ਸਕਲ ਬਿਧਿ ਕਰੇ॥ ੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਕਾਜ਼ੀ ਕੋ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

## ੬. [ਮਰਦ ਦਾ ਮੂੰਹ ਨਾ ਫਿਟਕਾਰਨਾ। ਨਿਗਾਹੇ ਦਾ ਮੁਰੀਦ ਵਣਜਾਰਾ]।

ਦੋਹਰਾ॥ *ਭਈ ਪ੍ਰਾਤਿ ਸਤਿਗੁਰ ਤਬੈ ਸ਼ਸਤ੍ਰ ਬਸਤ੍ਰ ਕੋ ਪਾਇ। ਅਲੰਕਾਰ ਦੀਪਤਿ ਰਤਨ ਸੁੰਦਰ ਰੂਪ ਸੁਹਾਇ।੧॥ਚੌਪਈ॥ਸਭਾ ਸਥਾਨ ਆਨਿ[1] ਗੁਰ ਪੂਰੇ। ਸੁਨਿ ਕਰਿ ਪਹੁੰਚੇ ਸਿੰਘ ਹਜ਼ੂਰੇ। ਸਿਰ ਨੰਮ੍ਰੀ ਕਰਿ ਦਰਸ਼ਨ ਚਿਤੇ। ਵਾਹਿਗੁਰੂ ਜੀ ਕੀ ਕਹਿ ਫਤੇ ॥੨॥ ਲਗਯੋ ਦਿਵਾਨ ਖਾਲਸਾ ਆਯੋ। ਸੁਰ ਗਨ ਮਹਿਂ ਜਿਮ ਇੰਦ੍ਰ ਸੁਹਾਯੋ। ਜੋ ਸੰਗਤਿ ਦਰਸ਼ਨ ਹਿਤ ਆਈ। ਕਰਿ ਕਰਿ ਨਮੋ ਥਿਰੇ ਸਮੁਦਾਈ॥ ੩॥ ਇਕ ਟਕ ਹੇਰਤਿ ਹੈਂ ਨਰ ਨਾਰੀ। ਸਿਰ ਪਰ ਢੁਰਹਿ ਚੌਰ ਬਹੁ ਬਾਰੀ। ਚਹੁੰਦਿਸ਼ਿ ਦੂਰ ਦੂਰ ਲਗਿ ਬੈਸੇ। ਊਚੇ ਧੁਨਿ ਬੋਲੇ ਪ੍ਰਭੁ ਐਸੇ॥ ੪॥ 'ਅਸ ਇਸਤ੍ਰੀ ਕੋ, ਸੰਗਤਿ ਮਾਂਹੀ? ਮਰਦ ਨਹੀਂ ਫਿਟਕਾਰਯੋ ਜਾਂਹੀ। ਛੋਟਾ ਬਡਾ ਹੋਇ ਬਧ ਕੋਈ। ਰਿਦੇ ਸੁਮਤਿ ਧਰਿ ਕਹਯੋ ਨ ਜੋਈ[2]' ॥ ੫॥ ਸੰਗਤਿ ਬਿਖੇ ਸਿੱਖਣੀ ਜੇਤੀ। ਗੁਰੂ ਬਾਕ ਸੁਨਿ ਤੂਸ਼ਨਿ ਤੇਤੀ। ਕਰ ਜੋਰੇ ਇਕ ਸਿੱਖ ਕੀ ਤਨੀਆ। ਖਰੀ ਹੋਹਿ ਸਭਿ ਮਹਿਂ ਬਚ ਭਨੀਆ ॥੬॥'ਸੱਚੇ ਪਾਤਿਸ਼ਾਹ! ਮੈਂ ਦੀਨ[3]। ਮਰਦ ਨ ਕਬਿ ਫਿਟਕਾਰਨਿ ਕੀਨਿ। ਅਪਨਾ ਪੁੱਤ੍ਰ ਨ ਝਿਰਕਨੇ ਕਬਹੀ। ਜ਼ਾਤਿ ਮਰਦਕੀ ਲਖਿ ਬਡ ਸਭਿ ਹੀ[4]' ॥੭॥ ਤਬਿ ਕਲਗ਼ੀਧਰ ਬਾਕ ਬਖਾਨੇ।'ਸਾਧਸਾਧ ਤੁਵ ਜੋ ਇਮ ਜਾਨੇ।ਤਊ ਜਿ ਸਿਖ ਸੰਗਤਿ ਇਨਰੀਤ। ਸਭਿ ਕੋ ਹੁਇ ਕਿਸ ਰੀਤਿ ਪ੍ਰਤੀਤ' ॥ ੮ ॥ ਭਾਗਣ ਨਾਮ ਤ੍ਰਿਯਾ ਤਬਿ ਕਹਯੋ।'ਮਹਾਰਾਜ ਸੁਨੀਯਹਿ ਜਿਮ ਚਹਯੋ[5]।ਬਸਹਿ ਆਗਰੇਨਗਰ ਮਹਾਂਨ। ਪਾਤਿਸ਼ਾਹ ਮਮ ਪਿਤਾ ਦਿਵਾਨ॥੯॥ ਸਭਿ ਪਰ ਹੁਕਮ, ਦਰਬ ਬਹੁ ਆਵੈ।

---

[1]ਆਏ। [2]ਜਿਸ ਨੇ ਸ਼੍ਰੇਸ਼ਟ ਬੁੱਧੀ ਧਾਰਕੇ (ਫਿਟਕਾਰ ਦਾ ਵਾਕ) ਨਾ ਕਿਹਾ ਹੋਵੇ। [3]ਮੈਂ ਗ਼ਰੀਬ ਨੇ। [4]ਮਰਦ ਦੀ ਜਾਤ ਸਭ ਵੱਡੀ ਜਾਣੀ ਹੈ। [5]ਜਿਵੇਂ (ਸੁਣਨਾ) ਚਾਹਿਆ ਹੈ (ਆਪ ਨੇ)।

*ਇਹ ਸੌ ਸਾਖੀ ਦੀ ੪੪ਵੀਂ ਸਾਖੀ ਹੈ।

Sri Satguru Jagjit Singh Ji eLlibrary NamdhariElibrary@gmail.com

ਸਰਬ ਕਾਰ ਸਰਕਾਰ ਚਲਾਵੈ। ਚਿਰੰਕਾਲ ਲਗਿ ਕਾਰਜ ਕਰਨੋ। ਸਮੈਂ ਪੁਜਨੇ ਮੋਰੋਪਿਤ ਮਰਨੋ॥੧੦॥ਪਾਤਿਸ਼ਾਹ ਨੇ ਜਬਿਹੀ ਸੁਨਨੋ।ਨਿਜ ਲੋਕਨਿ ਸੌਂ ਤਤਛਿਨ ਭਨਨੋ।-ਚੌਂਕੀ ਦਿਹੁ ਬਿਠਾਇ ਤਿਸ ਦ੍ਵਾਰੇ। ਵਸਤੁ ਸੰਭਾਰਹੁ ਭੇਰਹੁ ਤ੍ਵਾਰੇ॥੧੧॥ ਤਿਸ ਕੇ ਪੁੱਤ੍ਰ ਹੋਇ ਜੇ ਕੋਈ। ਮੁਹਿ ਢਿਗ ਜਾਇ ਆਨਿਯੈ ਸੋਈ-। ਤੂਰਨ ਸ਼ਾਹਿ ਸਿਪਾਹੀ ਆਏ। ਸਭਿ ਦ੍ਵਾਰਨ ਤਾਰੇ ਭਿਰਵਾਏ॥੧੨॥ ਹਮਰੇ ਨਰ ਹਟਾਇ ਸਮੁਦਾਈ। ਚੌਂਕੀ ਕਰਿ ਤਾਕੀਦ ਬਿਠਾਈ। ਬੂਝਿ ਬਾਰਤਾ ਹਮ ਤੇ ਸਾਰੀ। ਜਾਇ ਸ਼ਾਹੁ ਕੇ ਪਾਸ ਉਚਾਰੀ॥ ੧੩ ॥-ਸਪਤਸੁਤਾ ਤਿਸ ਕੇ ਘਰ ਮਾਂਹੀ। ਅਸ਼ਟਮ ਹੈ ਅਧਾਨ[1] ਤ੍ਰਿਯ ਤਾਂਹੀ। ਭ੍ਰਾਤਾ ਬੰਧੁ ਅਪਰ ਨਹਿ ਕੋਈ। ਜੋ ਨਿਕੇਤ ਕੋ ਮਾਲਿਕ ਹੋਈ-॥ ੧੪ ॥ ਪਾਤਿਸ਼ਾਹਿ ਇਮ ਸੁਨਤਿ ਉਚਾਰੀ।-ਜਨਮੈ ਜਬਿ ਲੌ ਲੇਹੁ ਨਿਹਾਰੀ। ਹੋਹਿ ਪੁੱਤ੍ਰ ਤੌ ਕਰਹੁ ਖਲਾਸੈ[2]। ਸੁਤਾ ਭਏ ਕਰਿ ਜਪਤ ਅਵਾਸੈ[3]-॥੧੫॥ਹੁਕਮ ਮਾਨਿ ਚੌਂਕੀ ਥਿਰ ਦ੍ਵਾਰੇ*।ਪੁਜੇ ਗਰਭ ਕੇ ਜਬਿ ਦਿਨ ਸਾਰੇ।ਜਨਮਨੋ ਪੁੱਤ੍ਰ ਤਹਾਂ ਸਭਿ ਜੋਵਾ।ਮੰਗਲ ਕੋ ਉਤਸਵ ਬਹੁ ਹੋਵਾ॥੧੬॥ ਦੁੰਦਭਿ ਬਜੇ ਨੌਬਤੈਂ ਬਾਜੀ। ਸਭਿ ਪਰਵਾਰ ਭਯੋ ਬਹੁ ਰਾਜ਼ੀ। ਪਾਤਿਸ਼ਾਹਿ ਜਬਿ ਸੁਨਿਬੋ ਕੀਨਿ।-ਕਰਹੁ ਖਲਾਸੀ-ਆਇਸੁ ਦੀਨਿ ॥ ੧੭ ॥ ਬਖਸ਼ਨੋ ਪ੍ਰਥਮ ਸਮਾਨ ਰੁਜ਼ੀਨਾ। ਘਰ ਖਲਾਸ ਤਤਛਿਨ ਕਰਿ ਦੀਨਾ। ਚੌਂਕੀਦਾਰ ਸਿਪਾਹੀ ਗਏ। ਜਨ[4] ਸਨਮਾਨ ਕਰਤਿ ਸਭਿ ਭਏ॥ ੧੮ ॥ ਸਪਤ ਭਗਨਿ ਮਹਿ ਕਹਿ ਤਿਸਕਾਲਾ।-ਧੰਨ ਮਰਦ ਕੀ ਸ਼ਮਸ ਬਿਸਾਲਾ[5]। ਸਭਿ ਪਰਵਾਰਿ ਛੁਟਨੋ ਜਿਸ ਪਾਛੇ।ਇਸ ਤੇ ਅਪਰ ਨਹੀਂ ਕੋ ਆਛੇ॥ ੧੯॥ਜਿਸ ਦਾੜ੍ਹੀ ਤੇ ਜਪ ਤਪ ਜੋਗ।ਫਲਹਿ ਸਕਲ ਦੇ ਸੁਖ ਗਨ ਭੋਗ। [6]ਮਰਦ ਕਚਹਿਰੀ ਦਰ ਦਰਗਾਹਿ। ਸ਼ਮਸ਼ ਕਬੂਲ ਪਰਹਿ ਦੁਤਿ ਜਾਹਿ[6]॥ ੨੦ ॥ ਮਰਦ ਬਿਨਾ ਸ਼ੱਮਸ਼ ਦਸਤਾਰ[7]। ਇਨ ਬਿਨ ਔਰਤ ਪਰਹਿ

---

[1]ਗਰਭ। [2](ਜਾਇਦਾਦ) ਖਲਾਸ ਕਰ ਦਿਓ। [3]ਘਰ ਜ਼ਬਤ ਕਰ ਲਓ। [4](ਸਾਰੇ) ਲੋਕ। [5]ਮਰਦ ਦੀ ਦਾਹੜੀ। [6](ਇਸ ਲੋਕ ਦੀ) ਕਚਹਿਰੀ ਤੇ ਦਰਗਾਹ ਵਿਚ (ਫਿਰ) ਮਰਦ ਦੀ ਦਾੜ੍ਹੀ ਹੈ ਜੋ ਸ਼ੋਭਾ ਵਾਲੀ ਹੋਕੇ ਕਬੂਲ ਪੈਂਦੀ ਹੈ। [7]ਬਿਨਾਂ ਦਾੜ੍ਹੇ ਤੇ ਦਸਤਾਰ ਤੋਂ ਮਰਦ...... ।

*ਦੱਸਿਆ ਜਾਂਦਾ ਹੈ ਕਿ ਮੁਗਲ ਪਾਤਸ਼ਾਹਾਂ ਦੇ ਵੇਲੇ ਦਸਤੂਰ ਇਹ ਸੀ ਕਿ ਜਦ ਕੋਈ ਵੱਡਾ ਪਾਤਸ਼ਾਹੀ ਉਹਦੇਦਾਰ ਮਰ ਜਾਏ ਤਾਂ ਉਸ ਦੀ ਜਾਇਦਾਦ ਪਾਤਸ਼ਾਹ ਦੀ ਸਮਝੀ ਜਾਂਦੀ ਸੀ ਤੇ ਅੱਗੋਂ ਫੇਰ ਉਸ ਦੇ ਪੁੱਤ੍ਰ ਨੂੰ ਪਾਤਸ਼ਾਹ ਵੱਲੋਂ ਬਖਸ਼ੀਸ਼ ਮਿਲਦੀ ਸੀ, ਗ਼ਾਲਬਨ ਇਹ ਉਹਦੇਦਾਰਾਂ ਨੂੰ ਵਧੇਰੇ ਨਿਮਕ ਹਲਾਲ ਰੱਖਣ ਦਾ ਉਪਰਾਲਾ ਸੀ।

Sri Satguru Jagjit Singh Ji eLlibrary NamdhariElibrary@gmail.com

ਨਿਹਾਰ–।ਸਾਚੇ ਪਾਤਿਸ਼ਾਹਿ ਮੈਂ ਚੀਤ। ਤਬਿ ਕੀ ਧਰੀ ਬਿਸਾਲ ਪ੍ਰਤੀਤ॥
੨੧॥ਜਨਮਤਿ ਮਰਦ ਸੁ ਬੰਦ ਖਲਾਸੀ[1]।ਹਮ ਜ਼ਨਾਨੀਧਾਂਸਪਤ ਪ੍ਰਕਾਸ਼ੀ।
ਨਹਿ ਮੁਲਾਹਜ਼ਾ ਕਿਨਹਿ ਉਥਾਰੀ। ਯਾਂਤੇ ਧੰਨ ਸ਼ਮਸ਼ ਹੈ ਸਾਰੀ॥ ੨੨॥
ਫਾਰਸੀ। ਜ਼ਨ ਜ਼ੁਲਮ ਜੈਮਹਿ ਲਾਨਤੁਹਿ ਸ਼ਬਹਿ ਰੋਜ਼ ਹਰਦੋ ਮਾਂਹਿ[2]*।
ਮਰਦਹਿ ਜੈਮਹਿ ਦਰ ਗੋਸ਼ ਖ਼ੈਰ ਕਰਦਮਹਿ[3]।ਦਾੜ੍ਹੀਬੰਦਗੀ ਐਨ ਖ਼ੁਦਾਇ
ਦੀਦਾਰ ਸ਼ੁਮਾਰਹਿ[4]। ਬਗ਼ੈਰ ਦਾੜ੍ਹੀ ਸ਼ੈਤਾਨ ਬਿਸਾਹਸ ਨ ਕਰਦਮਹਿ[5]"
॥ ੨੩ ॥ ਚੌਪਈ॥ ਸੁਨਿ ਕਰਿ ਸਕਲ ਸਭਾ ਬਿਸਮਾਈ। 'ਧੰਨੁ ਧੰਨੁ'
ਬੋਲੈ ਤਿਸ ਤ੍ਰਾਂਈ। ਤਬਿ ਸਤਿਗੁਰ ਭਾਖ੍ਯੋ ਤਿਸ ਹੇਰੀ। 'ਧੰਨ ਪ੍ਰਤੀਤ
ਰਿਦੈ ਅਸ ਤੇਰੀ' ॥ ੨੪ ॥ ਫਾਰਸੀ। 'ਸਿੱਖੋ ਦਾੜ੍ਹੀ ਤਾਰੀਫ ਕੇਸ਼ ਸ਼ੁਮਾਰ
ਬਾਲਤਨਹ[6]। ਬਗ਼ੈਰ ਦਾੜ੍ਹੀ ਬਦਨ ਚਸ਼ਮ ਨ ਦੀਦਮਹਿ'[7]॥੨੫॥ਚੌਪਈ॥
ਇਮ ਸਤਿਗੁਰ ਕਰਿ ਬਚਨ ਬਿਲਾਸਾ। ਕਰੀ ਸੰਪੂਰਨ ਸੰਗਤਿ ਆਸਾ।
ਕੌਤਿਕ ਦਿਨ ਅਨੰਦਪੁਰ ਰਹਿਕੈ। ਭਈ ਬਿਦਾ ਪੁੰਨ ਬਿਨਤੀ ਕਹਿ ਕੈ
॥੨੬॥ ਲੇ ਪਾਹੁਲ ਖੰਡੇ ਕੀ ਕੇਤੇ। ਆਯੁਧ ਧਾਰਿ ਗੁਰੂ ਹਰਖੇਤੇ। ਲੇ ਸਿਰੁ-
ਪਾਉ ਅਵਾਸ ਸਿਧਾਏ। ਜਸ ਕੋ ਉਚਰਤਿ ਜਿਤ ਜਿਤ ਜਾਏ॥੨੭॥ਜਿਮ
ਆਮਦ ਤਿਮ ਖਰਚ ਬਿਸਾਲਾ। ਗੁਰ ਕੇ ਘਰ ਹੋਵਤਿ ਸਭਿ ਕਾਲਾ।
†ਕਾਤਕ ਬਿਤਯੋ ਸੁ ਅਗਹਨ[8] ਆਵਾ।ਬੈਠੇ ਗੁਰੂਦਿਵਾਨ ਲਗਾਵਾ॥੨੮॥
ਤਬਿ ਸਿੱਖਨ ਕਰ ਜੋਰਿ ਉਚਾਰਾ। 'ਗੁਰ ਸਾਚੇ ਪਤਿਸ਼ਾਹਿ ਉਦਾਰਾ।ਭਾਨਾ
ਪ੍ਰਭੁ ਕੋ ਜਿਮ ਉਰ ਚਾਹੋ। ਤਿਮ ਵਿਹਾਰ ਤੋਰਹੁ ਸਭਿ ਮਾਹੋ॥ ੨੯ ॥
ਤਊ ਪਰੰਤੁ ਖਰਚ ਅਬਿ ਚਹੀਅਹਿ।ਸੀਤ ਕਾਲ ਆਯੋ ਬਹੁ ਲਹੀਅਹਿ'।

---

[1]ਬੰਧਨ ਤੋਂ ਛੁਟਕਾਰਾ ਹੋਯਾ। [2]ਇਸਤ੍ਰੀ ਦਾ ਜੰਮਣਾ ਜ਼ੁਲਮ (ਉਤਰਨਾ ਹੈ), ਦਿਨ ਰਾਤ ਦੁਹਾਂ ਵੇਲਿਆਂ ਵਿਚ ਲਾਨਤ ਹੀ ਮਿਲਦੀ ਹੈ। [3]ਮਰਦ ਜੰਮੇ ਤਾਂ ਕੰਨਾਂ ਵਿਚ (ਵਧਾਈ ਦੀ ਸੋ ਪੌਂਦੀ ਹੈ ਤਾਂ ਸਾਰੇ ਆਖਦੇ ਹਨ) ਭਲਾ ਕੀਤਾ ਹੈ (ਰੱਬ ਨੇ)। [4](ਦਾੜ੍ਹੀ ਰੱਖਣੀ ਖ਼ੁਦਾ ਦੀ) ਬੰਦਗੀ (ਤੁੱਲ ਹੈ, ਦਾੜ੍ਹੀ ਵਾਲੇ ਦਾ ਦੀਦਾਰ) ਖ਼ੁਦਾ ਦਾ ਹੂਬਹੂ ਦੀਦਾਰ ਗਿਣਿਆਂ ਜਾਂਦਾ ਹੈ। [5](ਜੋ) ਬਿਨਾ ਦਾਹੜੀ ਦੇ ਹੈ (ਉਹ) ਸ਼ੈਤਾਨ ਹੈ ਉਸ ਦਾ ਵਿਸਾਹ ਨਹੀਂ ਕਰਨਾ ਚਾਹੀਏ। ਤੁਕ—ਏਹ ਫਾਰਸੀਆਂ ਸ਼ੁਧ ਨਹੀਂ ਹਨ। [6]ਸਿੱਖੋ ਦਾਹੜੀ ਦੀ ਤਾਰੀਫ ਹੈ (ਕਿ ਜਿਸ ਦੇ ਆਇਆਂ ਆਦਮੀ ਮਰਦ ਕਹਾਉਂਦਾ ਹੈ ਨਿਰੇ) ਕੇਸ਼ (ਤਾਂ) ਬਾਲਪਣੇ ਵਿਚ ਹੀ ਗਿਣਤੀ ਹੁੰਦੀ ਹੈ (ਇਨਸਾਨ ਦੀ)। [7]ਦਾਹੜੀ ਤੋਂ ਬਿਨਾ ਹੀ ਜੋ ਮੂੰਹ ਹੈ (ਭਾਵ ਦਾਹੜੀ ਮੁੰਨੇ ਨੂੰ) ਅਸੀਂ ਅੱਖੀਂ ਨਹੀਂ ਡਿੱਠਾ ਚਾਹੁੰਦੇ। [8]ਮੱਘਰ।

*ਪਾः—ਜ਼ਨ ਜੁਮਲ ਜੈਮਹਿ ਲਾਨਤੁਹਿ ਸ਼ਬਹ ਰੋਜ਼ ਹਰਦੂ ਮਹਿ।

†ਇਹ ਸੌ ਸਾਖੀ ਦੀ ੪੪ਵੀਂ ਸਾਖੀ ਹੈ।

Sri Satguru Jagjit Singh Ji eLlibrary NamdhariElibrary@gmail.com

ਇਸ ਪ੍ਰਕਾਰ ਜਬਿਹੂੰ ਸਭਿ ਕਹਯੋ।ਇਕ ਵਣਜਾਰਾ ਆਵਤਿ ਲਹਯੋ ॥੩੦॥
ਧਰਯੋ ਰਜਤਪਣ ਦੈਨ ਹਜ਼ਾਰੇ। ਮਸਤਕ ਟੇਕਯੋ ਗੁਰੂ ਅਗਾਰੇ।ਹਾਥ ਜੋਰਿ
ਜਬਿ ਸਨਮੁਖ ਬੈਸਾ। ਬੋਲੇ ਪ੍ਰਭੁ 'ਇਹੁ ਧਨ ਹੈ ਕੈਸਾ ? ॥੩੧॥ ਕਿਸ ਕੋ
ਸਿੱਖ ਕਹਾਂ ਤੂੰ ਰਹੈਂ?'। ਸੁਨਿ ਗੁਰ ਸੰਗ ਬੇਨਤੀ ਕਹੈ। 'ਪੁਰਿ ਮੁਲਤਾਨ ਕੇ
ਕਰਹੁੰ ਬਸੇਰਾ। ਅਹੈਂ ਮੁਰੀਦ ਨਿਗਾਹੇ ਕੇਰਾ॥੩੨॥ਇਤ ਬਿਵਹਾਰ ਕਰਨ
ਕੋ ਆਯੋ। ਬਿਕਯੋ ਨ ਮਾਲ ਫਿਰਯੋ ਅਕੁਲਾਯੋ। ਬੂਝਯੋ ਮੈਂ-ਕੋ ਜ਼ਾਹਰ
ਪੀਰ ?। ਸੁੱਖੌਂ ਜਿਸ ਕੀ ਸੁੱਖ ਸਧੀਰ-॥ ੩੩ ॥ ਲੋਕਨ ਕਹਯੋ-ਆਜ
ਕੇ ਸਮੇਂ।ਗੁਰੂ ਪੀਰ ਜ਼ਾਹਰ ਜਗ ਨਿਮੇ-। ਸੁੱਖੀ ਸੁੱਖ, ਤਬਹਿ ਬਿਕ ਗਯੋ।
ਸਾਠ ਹਜ਼ਾਰ ਬਨਜ ਕਰਿ ਲਯੋ[1] ॥੩੪॥ ਭਯੋ ਨਫੇ ਜੇਤਿਕ ਮਨ ਜਾਨੀ।
ਤਿਸ ਦਸਵੰਧ ਭੇਟ ਮੁਹਿ ਆਨੀ'।ਸ੍ਰੀ ਸਤਿਗੁਰ ਤਬਿ ਭਨਯੋ ਬਚੈਨ।'ਜਿਸ
ਕੋ ਖੇਤ ਤਿਸੀ ਕਹੁ ਅੰਨ ॥੩੫॥ ਸੁਨਿ ਭਾਈ:-ਕੋ ਪੰਥੀ ਜਾਇ[2]। ਚਰਿਤ
ਖੇਤ ਗੋ ਦਈ ਹਟਾਇ। ਦਾਵੇਦਾਰ ਖੇਤ ਕੋ ਹੋਇ ਨ[3]। ਇਹ ਕਸਾ ਬਾਤ,
ਲਖਤਿ ਹੈ ਕੋਇ ਨ ॥੩੬॥ ਜਿਹ ਮੁਰੀਦ[4] ਦਿਹੁ ਭੇਟ ਸੁ ਤਾਹੂ। ਗੁਰ ਕੇ
ਰਾਹੁ ਨ ਮਾਰਤਿ ਕਾਹੂ[5]'। ਕਹਿ ਵਣਜਾਰਾ 'ਸੁਨਹੁੰ ਗੁਸਾਈਂ ! ਮੈਂ ਸੁ
ਮੁਰੀਦੀ ਪਿਛਲ ਸੁਨਾਈ[6]॥੩੭॥ਸੁੱਖ ਗੁਰੂ ਘਰ ਤੇ ਜਬਿ ਪਾਈ[7]।ਤਬਿ ਕੋ
ਰਾਵਰਿ ਸਿੱਖ,ਗੁਸਾਈਂ!ਬਖਸ਼ਹੁ ਕਰਯੋ ਗੁਨਾਹੁ ਜੁ ਪਾਛੇ।ਅਬਿ ਦੀਜੈ ਸਿੱਖੀ
ਮੁਝ ਆਛੇ'॥੩੮॥ਗੁਰੂ ਭਨਯੋਂ ਹਿੰਦੁਨਿ ਸਿਖ ਜੇਹੀਂ[8]।ਬਨ ਜੈ ਹੈਂ ਹਮਰੇ ਸਿਖ
ਤੇਹੀਂ[9]। ਤੁਰਕ ਸ਼ੱਤ੍ਰ ਹਮ ਮਾਰਨ ਕਰਨੇ। ਪਕਰਯੋ ਖੰਡਾ ਤਿਨ ਕੋ ਹਰਨੇ
॥ ੩੯ ॥ ਜੋ ਉਨ ਕੋ[10],ਸੋ ਨਾਹਿਨ ਮੇਰਾ। ਜੋ ਮੇਰਾ,ਤਿਨ ਕੋ ਨਹਿ ਹੇਰਾ।
ਹੋਨਿ ਸਿੱਖ,ਰਖਿ ਕੇਸ ਬਿਸਾਲੇ[11]।ਦੇਨਿ ਲੈਨਿ ਇਹ ਸਰਬ ਸੁਖਾਲੇ[12]॥੪੦॥
ਸਾਬਤ ਸਿਦਕ ਰਾਖਿਬੋ ਜੋਇ। ਅਹੈ ਕਠਨ ਤੇ ਕਠਨੈ ਸੋਇ ॥ ੪੧ ॥
ਬਿਸਿਦਕ ਬੋਇ ਮੰਦ ਆਮਦਹ।ਸਿਦਕ ਬੋਇ ਖ਼ੂਬ ਮਗਜ਼ ਖੈਰ ਸ਼ੁਦਹ*।

[1]ਭਾਵ ਵੱਟ ਲਿਆ। [2]ਜੋ ਕੋਈ ਤੁਰਿਆ ਜਾਂਦਾ ਰਾਹੀ। [3]ਉਹ ( ਗਾਂ ਹਟਾ ਦੇਣ ਵਾਲਾ ) ਖੇਤ ਦਾ ਦਾਵੇਦਾਰ ਤਾਂ ਨਹੀਂ ਨਾ ਬਣ ਜਾਂਦਾ। [4]ਜਿਸ ਦਾ ਤੂੰ ਮੁਰੀਦ ਹੈਂ। [5]ਕਿਸੇ ਦਾ ਰਾਹ ਨਹੀਂ ਮਾਰਦੇ। [6]ਪਿਛਲੀ ਮੁਰੀਦੀ ਦੱਸੀ ਹੈ (ਆਪ ਨੂੰ)। [7]ਸੁਖਣਾ ਜਦ ਗੁਰੂ ਘਰ ਤੋਂ ਪੂਰੀ ਹੋਈ ਹੈ। [8]ਜੋ ਹਿੰਦੂਆਂ ਦੇ ਸਿੱਖ ਹਨ। [9]ਓਹ ਤਾਂ ਸਾਡੇ ਸਿੱਖ ਬਣ ਸਕਦੇ ਹਨ। [10]ਭਾਵ ਤੁਰਕਾਂ ਦਾ। [11]ਜੇ ਸਿੱਖ ਹੋਣਾ ਹੈ (ਤਾਂ) ਸਾਰੇ ਕੇਸ ਰੱਖਕੇ ਹੋ ਸਕਦਾ ਹੈ। [12]ਹੋਰ ਇਹ ਲੈਣਾ ਦੇਣਾ ਤਾਂ ਸਾਰਾ ਸੌਖਾ ਹੈ।

*ਇਹ ਪਾਠ ਦਰੁਸਤ ਫ਼ਾਰਸੀ ਨਹੀਂ ਕੁਛ ਐਉਂ ਪਾਠ
[illegible]

ਬਿਮੁਖਾਣਾਮਿਹ ਪਰਤ੍ਰੈਂਚ ਨ ਸੁਖੰ ਦ੍ਰਿਸ਼ਜਤੇ ਕ੍ਰਚਿਤ*॥੪੨॥ ਦੋਹਰਾ॥ ਸਿਦਕ ਬਲਾਈਂ ਛੈ ਕਰੇ[1], ਬਿਸਿਦਕੀ ਘਰਨ ਉਜਾੜ[2]। ਗੁਰ ਪੀਰ ਬਿਸਿਦਕੀ ਕੇ ਨਹੀਂ ਨਾਨਕ ਖੇਤਿ ਬਿਬਾੜ†[3] ॥੪੩॥ ਚੌਪਈ॥ ਇੱਤਨਾਦਿਕ ਸ਼ੁਭ ਬਾਕ ਸੁਨਾਇ। ਰਿਦੇ ਸਿਦਕ ਹੋਯਸਿ ਅਧਿਕਾਇ। ਭਯੋ ਸਿੱਖ ਲੇ ਪਾਹੁਲ ਸੋਈ। ਬਸਯੋ ਨਿਕਟ ਗੁਰ ਸ਼ਰਧਾ ਹੋਈ ॥ ੪੪ ॥ ਕੇਤਿਕ ਦਿਨ ਰਹਿ ਕੀਨਿ ਪਯਾਨਾ। ਪਹੁੰਚਯੋ ਅਪਨੇ ਜਾਇ ਸਥਾਨਾ। ਭੇਜਨਿ ਲਗਯੋ ਭੇਟ ਬਿਧਿ ਨਾਨਾ। ਵਸਤੁ ਅਜਾਇਬ ਦਰਬ ਮਹਾਂਨਾ॥੪੫॥ ਸ੍ਰੀ ਸਤਿਗੁਰ ਸਿਖ ਕੀ ਪਰਤੀਤ। ਪਾਲਨ ਕਰਤਿ ਭਏ ਭਲਿ ਰੀਤਿ। ਕਬਿ ਕਬਿ ਗੁਰ ਦਰਸ਼ਨ ਕੋ ਆਵੈ। ਸੰਗਤਿ ਸੰਗ ਹਜ਼ਾਰਹੁੰ ਲਯਾਵੈ ॥ ੪੬ ॥ ਦ੍ਵੈ ਹਜ਼ਾਰ ਧਨ ਦਯੋ ਸੁਨਾਇ। 'ਸੀਤ ਕਾਲ ਲਿਹੁ ਬਸਤ੍ਰ ਬਨਾਇ'। ਤਬਹਿ ਖਾਲਸੇ ਮੋਲ ਮੰਗਾਇ। ਲੇਫ ਨਿਹਾਲੀ ਲਏ ਬਨਾਇ ॥ ੪੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਖਸ਼ਟਮੋਂ ਅੰਸੂ ॥ ੬ ॥

7. [ਕੋਮਲ ਹੱਥਾਂ ਵਾਲੇ ਲੜਕੇ ਨੂੰ ਸੇਵਾ ਦਾ ਉਪਦੇਸ਼]।

ਦੋਹਰਾ॥‡ਇਕ ਦਿਨ ਜਨ ਬੋਰਨ ਬਿਖੈ ਬੈਠੇ ਗੁਰੂ ਗੰਭੀਰ। ਪਯਾਸ ਲਗੀ, ਇਤ ਉਤ ਪਿਖਯੋ, ਤਬਿ ਗਡਵਈ[4] ਨ ਤੀਰ॥ ੧ ॥ ਚੌਪਈ ॥ ਨਾਮ ਸੁ ਜ਼ਾਲਮ ਸਿੰਘ ਪੁਕਾਰਯੋ। ਜ਼ਾਲਮ[5] ਪਿਆਸ ਲਗੀ ਸੁ ਹਕਾਰਯੋ। 'ਲਯਾਉ ਸਰਦ ਜਲ ਪੀਬੇ ਹੇਤੁ'। ਇਮ ਜਬਿ ਬੋਲੇ ਕ੍ਰਿਪਾਨਿਕੇਤ॥੨॥ ਇਕ ਸਿਖ ਸੁਤ ਸੁੰਦਰ ਤਿਸ ਬਾਰੀ। ਨਿਜ ਸਰੂਪ ਉੱਜਲ ਹੰਕਾਰੀ[6]। ਤਿਨ ਕਰ ਜੋਰਤਿ ਗਿਰਾ ਉਚਾਰੀ। 'ਹੁਇ ਆਰਸਾ ਮੈਂ ਆਨੋਂ ਬਾਰੀ[7]' ॥ ੩॥ ਸ਼ਾਰਤ

---

[1] ਭਰੋਸਾ ਦੁਖਾਂ ਨੂੰ ਨਾਸ਼ ਕਰਦਾ ਹੈ। [2] ਬੇਸਿਦਕੀ ਘਰਾਂ ਨੂੰ ਉਜਾੜ ਦੇਂਦੀ ਹੈ। [3] [ ਬੇ+ਵਾੜ= ਵਾੜ ਤੋਂ ਬਿਨਾਂ] ਭਾਵ ਬੇਸਿਦਕੀਆਂ ਦਾ ਖੇਤ ਬੇ ਵਾੜ ਹੈ। [4] ਲੱਸੀ ਪਾਣੀ ਪਿਲਾਉਣ ਵਾਲਾ ਦਾਸ। [5] ਬਹੁਤੀ। [6] ਉਜਲ ਰੂਪ ਦਾ ਹੰਕਾਰੀ। [7] ਜਲ।

*ਸੌ ਸਾਖੀ ਤੇ ਸੂ: ਪ੍ਰ: ਵਿਚ ਇਹ ਪਾਠ ਅਸ਼ੁਧ ਸੰਸਕ੍ਰਿਤ ਹੈ, ਸ਼ੁਧ ਸੰਸਕ੍ਰਿਤ ਪਾਠ ਐਉਂ ਹੋਣਾ ਚਾਹੀਏ:—ਵਿਮੁਖਾਣਾਮ੍ ਪਰੱਤ੍ਰ ਤ੍ਰੈਹ ਨ ਸੁਖੰ ਦ੍ਰਿਸ਼ਜਤੇ ਕ੍ਵਚਿਤ—ਬੇਮੁਖਾਂ ਨੂੰ ਓਥੇ ਤੇ ਇਥੇ ਕਿਤੇ ਬੀ ਸੁਖ ਨਹੀਂ ਦਿੱਸੇਗਾ ਭਾਵ ਨਹੀਂ ਪ੍ਰਾਪਤ ਹੋਵੇਗਾ।

†ਇਹ ਗੁਰਬਾਣੀ ਨਹੀਂ ਹੈ। ‡ਸੌ ਸਾਖੀ ਦੀ ਇਹ ੫੦ਵੀਂ ਸਾਖੀ ਹੈ।

[ਪਛਲੇ ਪੰਨੇ ਦੀ ਬਾਕੀ ਟੂਕ]

ਹੋਵੇ, ਤਾਂ ਕੁਛ ਠੀਕ ਹੈ। ਜ਼ਿ ਬੇ ਸਿਦਕ ਬੂਇ ਗੰਦ ਮੇ ਆਯਦ, ਸਿਦਕ ਬੂਏ ਖ਼ੂਬ, ਮਗਜ਼ ਰਾ ਖ਼ੋਰ ਸ਼ੁਦ। ਅਰਥਾਤ—ਬੇ ਸਿਦਕੀ (ਦੀ ਬੋ) ਬਦਬੋ ਹੁੰਦੀ ਹੈ, ਸਿਦਕ ਇਕ ਸੁਗੰਧੀ ਹੈ (ਜਿਸ ਨਾਲ) ਮਗਜ਼ (ਹਉਂ ਦੀ ਬੀਮਾਰੀ ਤੋਂ) ਰਾਜ਼ੀ ਹੋ ਜਾਂਦਾ ਹੈ।

Sri Satguru Jagjit Singh Ji eLlibrary NamdhariElibrary@gmail.com

ਕਰੀ,ਗਯੋ ਤਤਕਾਲੇ। ਲੇ ਜਲ ਕੌ ਕਰਿ ਪ੍ਰੇਮ ਬਿਸਾਲੇ।ਪਹੁੰਚਯੋ ਰੁਚਿਰ ਕਟੋਰਾ ਹਾਥ। ਤਿਸ ਕੀ ਦਿਸ਼ਿ ਅਵਲੋਕਯੋ ਨਾਥ॥੪॥ ਅਪਨੇ ਹਾਥ ਉਠਾਇ ਕਟੋਰਾ।ਦੇਖਯੋ ਸਿਖ ਜੁਤ ਹਾਥਨਿ ਓਰਾ। ਦੇਖਤਿ ਹੀ ਬੋਲੇ ਤਬਿ ਨਾਥ। 'ਕੋਮਲ ਬਹੁ ਮਲੂਕ[1] ਤਵ ਹਾਥ॥੫॥ ਕਹੁ ਸਿੱਖਾ ਕਯਾ! ਕਾਰਜ ਕਰੈਂ।ਬਹੁਤ ਬਰੀਕ ਹਾਥ ਦਿਖ ਪਰੈਂ'।ਹਾਥ ਜੋਰਿ ਬੋਲਯੋ ਸਿਖ ਗੁਰ ਤੇ[2]। 'ਕਿਰਤ ਨ ਕਰੀ ਕਛੂ ਮੈਂ ਧੁਰ ਤੇ॥੬॥ ਪਾਤਸ਼ਾਹ ਰਾਵਰਿ ਸਿਖ ਜੋਈ[3]। ਅਰੁ ਕੁਟੰਬ ਕੀ ਸੇਵਾ ਕੋਈ। ਮੈਂ ਨਹਿੰ ਕਰੀ ਹੇਤ ਕਿਸੁ ਫਲ ਕੌ[4]।ਆਨਯੋ ਆਜ ਕਟੋਰਾ ਜਲ ਕੌ॥੭॥ਨਿਜ ਕਰ ਤੇ ਪੂਰਨ ਕਰਿ ਆਨਾ[5]। ਅਪਰ ਨ ਕੀਨਸਿ ਅਪਨ ਬਿਗਾਨਾ[6]'। ਸਤਿਗੁਰ ਸੁਨਤੇ ਹੀ ਤਤਕਾਲ। ਦਿਯੋ ਕਟੋਰੇ ਤੇ ਜਲ ਡਾਲ॥੮॥ਕਹਯੋ'ਕੁਸਿੱਖ ਕਾ ਕਰ ਜਲ ਛੁਹਯੋ।ਪਾਨ ਕਰਨ ਕੇ ਉਚਿਤ ਨ ਰਹਯੋ'।ਸੁਨਿ ਕਰਿ ਪਾਯੋ ਤ੍ਰਾਸ ਬਿਸਾਲਾ।ਗਹੇ ਚਰਨ ਸਿਖ ਨੇ ਤਤਕਾਲਾ॥ ੯॥ ਸ਼ਰਮਿੰਦਤਿ ਬੋਲਯੋ ਤਿਸ ਬੇਰਾ। 'ਸਿੱਖ ਨਵੀਨੀ ਮੈਂ ਗੁਰ ਕੇਰਾ।ਪਾਹੁਲ ਚਰਨਨ ਕੀ ਲਿਯ ਮੋਹੀ।ਬਖਸ਼ਹੁ ਪ੍ਰਭੂ ਦੋਸ਼ ਜੋ ਹੋਹੀ' ॥੧੦॥ ਤਬਿ ਸਤਿਗੁਰ ਉਪਦੇਸ਼ਤਿ ਭਨੈ। ਪਵਿਬੇ ਤੇ ਕੁਛ ਸਿੱਖ ਨ ਬਨੈ। ਸੇਵਾ ਕਰਨ ਸਿਦਕ ਇਹੁ ਜਾਨਿ[7]। ਸੋ ਤੈਂ ਕਿਸ ਕੀ ਕਰੀ ਨ ਪਾਨਿ[8]॥੧੧॥ ਸੁਨਿ ਸਿੱਖਾ ਗੁਰਮਤਿ ਇਹ ਸਾਰ। ਸਤਿਸੰਗਤਿ ਕੀ ਸੇਵ ਉਦਾਰ।ਹਾਥ ਪਵਿੱਤ੍ਰ ਟਹਿਲ ਤੇ ਜਾਨਹੁ। ਪਦ ਪਵਿੱਤ੍ਰ ਗੁਰ ਦਰਸ ਪਧਾਨਹੁ[9]॥ ੧੨ ॥ ਸੰਤਨ ਤੀਰਥ ਪਰਸਨ ਪੰਥਾ। ਪਦ ਪਾਵਨ ਭਾਖਹਿ ਸਭਿ ਗ੍ਰੰਥਾ। ਸਕਲ ਰਿਖੀਕ ਸਮੇਤ ਸਰੀਰ। ਸ਼ੁਭ ਕਰਮਨ ਕੀ ਸੇਵ ਸਧੀਰ[10] ॥ ੧੩ ॥ ਕੌਨ ਕੌਨ ਸ਼ੁਭ ਕਰਮ ਗਿਨੀਜੈ। ਕਰਿਬੇ ਗੋ ਤਨ ਪਾਵਨ ਕੀਜੈ[11]।ਸੋ ਤੈਂ ਕਰੀ ਨ ਕਿਸ ਕੀ ਕੈਸੇ। ਰਹਯੋ ਅਪਾਵਨ ਸਭਿ ਬਿਧਿ ਐਸੇ॥੧੪॥ ਜਿਮ ਮੁਰਦੇ ਕੇ ਅੰਗ ਅਪਾਵਨ[12]। ਸੁਕਚਤਿ ਸਭਿ, ਨਹਿੰ ਕਰਹਿ ਛੁਵਾਵਨ। ਬਿਨਾ

[1]ਸੁਹਲ। [2]ਗੁਰਾਂ ਜੀ ਤਾਈਂ। [3]ਜੋ ਆਪ ਦੇ ਸਿੱਖ ਹਨ। [4]ਕਿਸੇ ਫਲ ਦੀ ਇੱਛਾ ਧਾਰਕੇ ਬੀ ਸੇਵਾ ਨਹੀਂ ਕੀਤੀ (ਕਿਸੇ ਸਿੱਖ ਦੀ)। [5]ਭਰ ਕਰ ਲਿਆਂਦਾ। [6]ਹੋਰ ਆਪਣਾ ਤੇ ਪਰਾਇਆ (ਕੰਮ) ਨਹੀਂ ਕੀਤਾ। [7]ਸਿਦਕ ਨਾਲ ਸੇਵਾ ਕਰਨੀ ਇਹ (ਸਿੱਖ ਦਾ ਧਰਮ) ਜਾਣ। [8]ਹੱਥੀਂ। [9]ਦਰਸ਼ਨ ਨੂੰ ਜਾਇਆਂ। [10]ਸ਼ੁਭ ਕਰਮਾਂ ਵਾਲੀ ਟਹਿਲ ਨਾਲ ਸਕਾਰਥ ਹੁੰਦੇ ਹਨ। ਸੋ ਸਾਖੀ ਦਾ ਪਾਠ ਹੈ:—ਦੇਹ ਅਤੇ ਇੰਦ੍ਰੀਆਂ ਸ਼ੁਭ ਕਾਮ ਕੀ ਟਹਿਲ ਤੇ ਪਵਿੱਤ੍ਰ ਹੁੰਦੇ ਹਨ। [11]ਕਰਨੇ ਯੋਗ ਕਰਕੇ ਇੰਦ੍ਰੀਆਂ ਤੇ ਤਨ ਨੂੰ ਪਵਿੱਤ੍ਰ ਕਰੇ। [12]ਅਪਵਿੱਤ੍ਰ ਅੰਗਾਂ ਤੋਂ।

Sri Satguru Jagjit Singh Ji eLlibrary NamdhariElibrary@gmail.com

ਸੇਵ ਸਤਿਸੰਗਤਿ ਕੇਰੀ। ਦੇਹਿ ਅਪਾਵਨ ਤਿਮ ਨਰ ਕੇਰੀ ॥ ੧੫ ॥ਧਾਂਤੇ ਹਾਥ ਅਪਾਵਨ ਤੇਰਾ। ਕਰਹੋਂ ਨ ਪਾਨ ਹਮਹੂੰ ਜਲ ਗੇਰਾ'। ਸਿਖ ਸਮਝੇ ਸੁਨਿ ਗੁਰ ਉਪਦੇਸੂ। ਬਖਸ਼ਾਵਹੁ ਬਨਿ ਦੀਨ ਵਿਸ਼ੇਸੂ॥ ੧੬ ॥ ਸਿਖ ਸੰਤਨ ਦਿਜ ਅਤਿਥਨ ਕੇਰੀ।ਕਰਿਬੇਲਾਗਯੋ ਸੇਵ ਘਨੇਰੀ।ਤਨ ਮਨ ਧਨ ਤੇ ਸੇਵ ਕਰੰਤਾ।–ਹੋਹਿ ਭਲਾ ਮੇਰੋ–ਚਿਤਵੰਤਾ ॥ ੧੭ ॥ ਸਿਖ ਸੰਗਤਿ ਪਿਖਿ ਕਰਿ ਬਹੁ ਸੇਵਾ। ਕਰਹਿ ਪ੍ਰਸ਼ੰਸਨਿ[1] ਢਿਗ ਗੁਰਦੇਵਾ:-'ਨਿਤ ਪ੍ਰਤਿ ਸੇਵਾ ਮਹਿ ਸਿਖ ਰਾਤਾ। ਅਪਨੋ ਭਲਾ ਕਰਨਿ ਤਿਨ ਜਾਤਾ' ॥੧੮॥ ਸੁਨਿ ਕਲਗੀਧਰ ਭਏ ਪ੍ਰਸੰਨ। ਖੁਸ਼ੀ ਕਰੀ ਭਾ ਤਤਛਿਨ ਧੰਨ। ਇਤਨੀ ਕਥਾ ਉਚਾਰਿ ਸੁਨਾਈ। ਪ੍ਰੇਮ ਸਮਾਧਿ ਰਿਦੈ ਹੁਇ ਆਈ ॥ ੧੯ ॥ ਰਾਮਕੁਇਰ ਮੁੱਦ੍ਰਿਤ ਕਰਿ ਨੈਨ। ਬੈਠਯੋ ਅਚਲ, ਕਹੈ ਕੋ ਬੈਨ[2]। ਸਭਿ ਸ੍ਰੋਤਾ ਮਨ ਆਨੰਦ ਪਾਏ। ਅਪਨੇ ਅਪਨੇ ਥਾਨ ਸਿਧਾਏ ॥ ੨੦ ॥ ਪਾਛਲ ਪਹਿਰ ਦਿਵਸ ਕੋ ਹੁਤੋ। ਬੁੱਢਾ[3] ਤਬਿ ਸਮਾਧਿ ਮਹਿ ਜੁਤੋ। ਸਰਬ ਜਾਮਨੀ ਤਿਵੇਂ ਬਿਤਾਈ[4]। ਜਾਗੇ ਜਬਿ ਪ੍ਰਭਾਤਿ ਹੁਇ ਆਈ ॥ ੨੧ ॥ ਉਠਿ ਕਰਿ ਸੌਚ ਸਮੇਤ ਸ਼ਨਾਨੋ।ਥਿਰੋ ਆਨਿ ਆਸਨ ਜਿਸ ਥਾਨੋ।ਸੁਨਨਿ ਹੇਤੁ ਸ੍ਰੋਤਾ ਚਲਿ ਆਏ। ਗੁਰੂ ਚਰਿੱਤ੍ਰ ਜਿਨ ਕੇ ਮਨ ਭਾਏ ॥ ੨੨ ॥ ਸੰਮਤ ਸੱਤ੍ਰਾਂ ਸੌਧ ਇਕਾਸੀ। ਜੇਠ ਮਾਸ ਇਹੁ ਕਥਾ ਪ੍ਰਕਾਸ਼ੀ*। ਸਿੰਘ ਸਿੱਖਨ ਕੌ ਲਗਯੋ ਦਿਵਾਨ। ਰਾਮਕੁਇਰ ਤਬਿ ਕਰਤਿ ਬਖਾਨ:–॥੨੩॥ ਭੂਲ ਚੂਕ ਮੁਝ ਤੇ ਜਹਿ ਹੋਇ। ਗੁਰ ਬਖਸ਼ਿੰਦ ਬਖਸ਼ ਹੈ ਸੋਇ। ਅਗਮ ਅਗਾਧ ਗੁਰੂ ਇਤਿ-ਹਾਸ। ਨਰ ਬਪੁਰੇ ਕੀ ਬੁੱਧਿ ਕਹਾਂ ਸੁ ॥ ੨੪ ॥ ਜਥਾ ਸਮੁੰਦ੍ਰ ਨ ਸੀਪ ਉਲੀਚੈ[5]। ਤਾਰੇ ਜਿਮ ਅਸੰਖ ਨਭਿ ਬੀਚੈ। ਤਥਾ ਕਥਾ ਗੁਰ ਬਰਨੈ ਕੌਨ। ਕਹਤਿ ਸੁਨਤਿ ਸਿੱਖਨ ਸੁਖ ਭੌਨ ॥੨੫॥ ਸਕਲ ਕਾਮਨਾ ਪੂਰਨ ਹਾਰੀ। ਸਿੱਖੀ ਹੁਇ ਸ਼ਰਧਾ ਉਰ ਭਾਰੀ। ਗੁਰ ਕਰੁਨਾ ਤੇ ਚਾਰ ਪਦਾਰਥ। ਪਾਇ ਕਥਾ ਤੇ ਪੂਰਵਹਿ ਸਾਰਥ ॥ ੨੬ ॥ ਸੁਨਹੁ ਪ੍ਰੀਤ ਕਰਿ ਸ਼ੋਤਾ ਸਾਰੇ। ਕਹੌਂ

[1]ਉਪਮਾ। [2]ਭਾਵ ਬੋਲੇ ਕੌਣ। [3]ਭਾਵ ਭਾਈ ਰਾਮ ਕੁਇਰ ਸਾਹਿਬ। [4]ਭਾਵ ਸਮ ਧੀ ਵਿਚ ਜੁੜਿਆਂ ਹੀ। [5]ਸਮੁੰਦਰ ਨੂੰ ਸਿੱਪੀ ਨਾਲ ਨਹੀਂ ਝੱਟਿਆ ਜਾਂਦਾ।

*ਸੌ ਸਾਖੀ ਵਿਚ ੫੦ਵੀਂ ਸਾਖੀ ਦੇ ਅਖੀਰ ਐਉਂ ਇਬਾਰਤ ਹੈ:–ਸੰਮਤ ਬਿਕ੍ਰਮ ਸਤ੍ਰਾ ਸੈ ਏਕਾਸੀ ਮਾਸ ਤ੍ਰੈ ਜੇਠ। ਪੰਚਾਸ ਸਾਖੀ ਰਵਿਵਾਰ ਦਿਨ, ਹੁਣ ਸ਼ਿਕਾਰ ਕੀ ਬੇਰ। ਪਰ ਆਖੇਪਕਾਰ ਨੂੰ ਚੇਤਾ ਭੁੱਲ ਗਿਆ ਹੈ ਕਿ ਸੌ ਸਾਖੀ ਦੇ ਮੁੱਢ ਵਿੱਚ ਸੰਮਤ ੧੭੯ ਲਿਖਿਆ ਪਿਆ ਹੈ।

Sri Satguru Jagjit Singh Ji eLlibrary NamdhariElibrary@gmail.com

ਕਥਾ ਗੁਰ ਕੀ ਵਿਸਤਾਰੇ । ਭੀਮ ਚੰਦ ਤੇ ਆਦਿ ਪਹਾਰੀ । ਦਿੱਲੀ ਪਠ੍ਯੋ ਵਕੀਲ ਅਗਾਰੀ ॥ ੨੭ ॥ ਤਿਨ ਕਹਿ ਪਠ੍ਯੋ ਸਭਿਨਿ ਕੇ ਪਾਸ[1]:–'ਖਰਚੇ ਦਰਬ ਕਾਜ ਹੁਇ ਰਾਸ । ਸ਼ਾਹੁ ਨਿਕਟ ਸੂਬੇ ਸੁਧ ਲਿਖੀ । ਤਊ ਜਾਇ ਐਸੀ ਕਛ ਦਿਖੀ[2] ॥ ੨੮ ॥ ਪਠਹਿ ਨ ਸੈਨ ਬਿਨਾ ਧਨ ਲੀਨੇ । ਕਹਿ-ਕਰਿ ਇਕ ਦ੍ਵੈ ਵਾਰ ਪਤੀਨੇ[3]'।ਭੀਮਚੰਦ ਸਭਿ ਸੰਗ ਬਿਚਾਰਾ । ਦੈਬੇ ਹਿਤੁ ਧਨ ਸੈਚਿ ਉਚਾਰਾ ॥੨੯॥ ਸਭਿ ਤੇ ਕਰਿ ਇਕੱਤ੍ਰ ਪਠਿ ਦੀਨਿ । ਬਿਨਤੀ ਲਿਖੀ ਅਧਿਕ ਬਨਿ ਦੀਨ । 'ਜੋ ਨਹਿਂ ਕਰਿ ਹੈ ਸ਼ਾਹ ਸਹਾਇ । ਤੌ ਹਮ ਅਲੰਬ ਲੇਹਿ ਕਿਸ ਥਾਇ ? ॥ ੩੦ ॥ ਸਦਾ ਆਸਰਾ ਬਡੋ ਹਮਾਰੇ । ਤੁਮ ਸਮ ਸੂਬੇ ਸੁਖਦ ਉਦਾਰੇ' । ਇੱਤ੍ਯਾਦਿਕ ਲਿਖਿ ਪਠੀ ਬਨਾਇ । ਲਾਖ ਰਜਤਪਣ ਜਮਾ ਕਰਾਇ ॥ ੩੧ ॥ ਬੈਠਿ ਸਭਿਨਿ ਮਹਿਂ ਭਨੈ ਪ੍ਰਸੰਗ । 'ਆਵਹਿ ਸ਼ਾਹੁ ਸੈਨ ਹਿਤ ਜੰਗ । ਲਰਹਿਂ, ਗੁਰੂ ਕੋ ਦੇਹਿਂ ਨਿਕਾਸੇ । ਤੁਮ ਬੈਠੇ ਪਿਖਿ ਲੇਹੁ ਤਮਾਸ਼ੇ ॥੩੨॥ ਦੈਨੋ ਦਰਬ ਸਫਲ ਹੀ ਜਾਨੋ । ਨਿਤ ਕੋ ਜੰਗ ਮਿਟਹਿ ਹਿਤ ਠਾਨੋ[4]'।ਇਮ ਕਹਿ ਨਿਜ ਮਹਿਂ ਹਰਖ ਉਪਾਵੈਂ।ਕਰਹਿਂ ਪ੍ਰਤੀਖਨ–ਦਲ ਕਬਿ ਆਵੈ–॥੩੩॥ ਦਿੱਲੀ ਮਹਿਂ ਪਹੁੰਚ੍ਯੋ ਧਨ ਜਾਇ । ਸੂਬੇ ਪਾਸ ਦਿਯੋ ਸਮੁਦਾਇ । ਕਰਿ ਲਾਲਚ ਤਿਨ ਸਗਰੋ ਲੀਨਿ । ਸੈਨਾ ਪਠਨ ਮਨੋਰਥ ਕੀਨਿ ॥੩੪॥ *ਦੀਨਾਬੇਗ ਮੁਗ਼ਲ ਅਹੰਕਾਰੀ । ਮਨਸਬ ਜਿਸ ਕੋ ਪੰਚ ਹਜ਼ਾਰੀ । ਤਿਸਹਿ ਬੁਲਾਇ ਕੀਨਿ ਸਨਮਾਨਾ।ਸ਼ਸਤ੍ਰ ਬਸਤ੍ਰ ਦੇ ਕਾਜ ਬਖਾਨਾ ॥ ੩੫ ॥ 'ਕਾਹਲੂਰ ਕੀ ਦੂਨ ਸਿਧਾਰੋ । ਤਹਿਂ ਰਾਜਨਿ ਕੋ ਕਾਜ ਸੁਧਾਰ । ਕੁਛਕ ਸੈਨ ਸ੍ਰੀ ਗੁਰੂ ਹਜ਼ੂਰ । ਪਾਇ ਰਖ੍ਯੋ ਤਿਸ ਦੇਸ਼ ਫਤੂਰ ॥ ੩੬ ॥ ਹਜ਼ਰਤ ਕੋ ਆਯਹੁ ਪਰਵਾਨਾ । ਕਰਹੁ ਪ੍ਰਾਤਿ ਕੋ ਤਹਿਂ ਪ੍ਰਸਥਾਨਾ' । ਦੂਸਰ ਪੈਂਡੇਖਾਂ ਉਮਰਾਇ । ਤਿਸ ਕੋ ਤਿਮ ਹੀ ਨਿਕਟ ਬੁਲਾਇ ॥੩੭ ॥ ਤਿਹ ਸਮ ਇਹ ਭੀ ਪੰਜ ਹਜ਼ਾਰੀ । ਸਾਦਰ ਚਢਿਬੇ ਹੇਤੁ ਉਚਾਰੀ । ਸ਼ਾਹੁ ਤਰਫ ਤੇ ਬਖਸ਼ਿਸ਼ ਕਰੀ।ਦੋਨਹੁੰ ਤ੍ਯਾਰ ਭਏ ਬਿਧਿ ਖਰੀ ॥੩੮॥ ਗੁਲਕਾਂ ਬਹੁ ਬਰੂਦ ਬਰਤਾਈ । ਦਸ ਹਜ਼ਾਰ ਇਮ ਫੌਜ ਸਜਾਈ । ਕਰ੍ਯੋ ਕੂਚ ਦਿੱਲੀ ਪੁਰਿ ਛੋਰਾ । ਮਗ ਕਹਿਲੂਰ ਦੂਨ ਕੀ ਓਰਾ ॥

[1]ਭਾਵ, ਵਕੀਲ ਨੇ (ਦਿੱਲੀ ਤੋਂ) ਸਾਰੇ (ਰਾਜਿਆਂ) ਨੂੰ ਕਹਿ ਘੱਲਿਆ ਕਿ"'। [2]ਤਊ ਬੀ ਐਸੀ ਬਾਰਤਾ ਦੇਖੀ ਜਾਂਦੀ ਹੈ । [3]ਭਾਵ ਮੈਂ ਇੱਕ ਦੋ ਵਾਰੀ ਸੂਬੇ ਨੂੰ ਕਹਿਕੇ ਪਰਤਾਇਆ ਹੈ । [4]ਸਾਡਾ ਭਲਾ, ਹੋ ਜਾਏਗਾ ।

*ਸੌ ਸਾਖੀ ਦੀ ਇਹ ੩੬ਵੀਂ ਸਾਖੀ ਹੈ ।

Sri Satguru Jagjit Singh Ji eLlibrary NamdhariElibrary@gmail.com

੩੯॥ ਦੁੰਦਭਿ ਬਾਜਤਿ ਚਲਹਿ ਅਗਾਰੀ। ਛੁਟੇ ਨਿਸ਼ਾਨਨਿ ਫਰਰੇ ਭਾਰੀ। ਦ੍ਵੈ ਉਮਰਾਵ ਬੀਰ ਹੰਕਾਰੀ। ਬਿੱਦਯਾ ਅਧਿਕ ਖਤੰਗ ਪ੍ਰਹਾਰੀ[1] ॥ ੪੦ ॥ ਸਨੈ ਸਨੈ ਪਾਵਤਿ ਮਗ ਡੇਰੋ।ਆਵਤਿ ਭਏ ਅਨੰਦਪੁਰਿ ਨੇਰੋ।ਸੁਨਿ ਕਰਿ ਰਾਜੇ ਹ੍ਵੈ ਕਰਿ ਤਯਾਰ। ਲੈ ਕਰਿ ਸੈਨਾ ਹ੍ਵੈ ਅਸਵਾਰ ॥ ੪੧ ॥ ਕੇਤਿਕ ਮਜ਼ਲ ਅਗਾਰੀ ਜਾਇ।ਤੁਰਕਨਿ ਸੰਗ ਮਿਲੇ ਹਰਖਾਇ। ਭੀਮਚੰਦ ਕਹਿ-ਲੂਰੀ ਰਾਇ। ਬੀਰ ਸਿੰਘ ਜਸਪਾਲ ਮਿਲਾਇ ॥੪੨॥ ਮਦਨਪਾਲ ਸਿਰ-ਮੌਰੀ ਗਯੋ। ਦੇ ਬਹੁ ਭੇਟ ਮੇਲ ਤਬਿ ਕਿਯੋ। ਗੁਰ ਕੀ ਬਾਤ ਸਕਲ ਸਮੁ-ਝਾਈ। 'ਇਸ ਪ੍ਰਕਾਰ ਇਤ ਧੂਮ ਉਠਾਈ ॥ ੪੩ ॥ ਨਹਿਂ ਚਾਕਰ ਨਰ ਬੀਰ ਨ ਕੋਈ। ਇਤ ਉਤ ਤੇ ਮਿਲਿ ਭਾ ਦਲ ਸੋਈ। ਲਰ ਕਰਿ ਪੁਰਿ ਅਨੰਦ ਛੁਰਵਾਵਹੁ।ਰਹੈ ਤ ਅਪਨੀ ਆਨ ਮਨਾਵਹੁ ॥੪੪॥ਬਰਜਹੁ,ਨਹਿਂ ਫਤੂਰ ਇਤ ਪਾਵੈ। ਹਮ ਪਰ ਅਪਨੋ ਦਲ ਨ ਚਢਾਵੈ। ਖੇਤੀ ਕਾ ਨੁਕ-ਸਾਨ ਨ ਕਰੈ। ਅਪਨੇ ਨਗਰ ਬਾਸ ਕੌ ਧਰੈ' ॥੪੫ ॥ ਇੱਤਯਾਦਿਕ ਸਮੁ-ਝਾਵਤਿ ਲਯਾਏ। ਰੋਪਰ ਤੇ ਚਢਿ ਆਗੂ ਧਾਏ। ਕੀਰਤਪੁਰਿ ਕੌ ਉਲੰਘੇ ਫੇਰ। ਆਨਿ ਅਨੰਦਪੁਰਿ ਹੋਯਹੁ ਨੇਰ॥੪੬॥ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਚਮੂ ਆਵਣ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥ ੭ ॥

## ੮. [ਦੀਨਾਬੇਗ ਤੇ ਪੈਂਡੇ ਖਾਂ ਨਾਲ ਯੁੱਧ]।

ਦੋਹਰਾ ॥ ਉਲੰਘੇ ਕੀਰਤਪੁਰੀ ਤੇ ਦੁੰਦਭਿ ਬ੍ਰਿੰਦ ਬਜਾਇ। ਪਹੁੰਚੀ ਖਬਰ ਅਨੰਦਪੁਰਿ ਚਮੂੰ ਤੁਰਕ ਕੀ ਆਇ ॥ ੧ ॥ਪਾਧੜੀ ਛੰਦੁ॥ 'ਸਭਿ ਸੈਲਪਤੀ ਕਰਿਕੈ ਪੁਕਾਰ। ਬਹੁ ਦਯੋ ਦਰਬ ਦਿੱਲੀ ਮਝਾਰ। ਆਨੇ ਚਢਾਇ ਹਯ ਦਸ ਹਜ਼ਾਰ*। ਉਮਰਾਇ ਦੋਇ ਹਿਤ ਕਰਨ ਰਾਰ' ॥ ੨ ॥ ਸੁਨਿ ਗੁਰੂ ਹੁਕਮ ਦੀਨੋ ਉਚਾਰ। 'ਸਭਿ ਚਢਹਿ ਖਾਲਸਾ ਸ਼ਸਤ੍ਰ ਧਾਰਿ। ਇਹ ਪ੍ਰਥਮ ਜੰਗ ਤੁਰਕਾਨ ਸੰਗ। ਧਰਿ ਖਰ ਖਤੰਗ ਪੂਰਹੁ ਨਿਖੰਗ' ॥੩॥ ਤਤਕਾਲ ਡਾਰਿ ਜ਼ੀਨਨਿ ਤੁਰੰਗ।ਕਸਿ ਕਮਰ ਲੀਨਿ ਤੂਰਨ ਤੁਫੰਗ।ਦੁੰਦਭਿ ਬਾਜਯੋ ਰਣਜੀਤ ਗਾਜ। ਸਭਿਹੂੰਨਿ ਜਾਨਿ ਸੰਗ੍ਰਾਮ ਕਾਜ ॥ ੪ ॥ ਗੁਲਕਾਂ ਬਰੂਦ ਬਰਤਾਇ ਬ੍ਰਿੰਦ। ਤੋੜੇ ਧੁਖਾਇ ਬੀਰਨਿ ਬਿਲੰਦ।ਚਢਿ ਚਢਿ ਤੁਰੰਗ ਪਰ ਵਹਿਰ ਆਇ। ਜਿਤ ਸੁਨੇ ਤੁਰਕ ਤਿਤ ਸਮੁਖ ਜਾਇ ॥ ੫ ॥ ਕਸਿ ਕਸਿ

---

[1]ਬਾਣ ਚਲਾਉਣ ਦੀ ਵਧਵੀਂ ਵਿਦਿਆ ਦੇ।

*ਦਸ ਹਜ਼ਾਰ ਫੌਜ ਦੀ ਗਿਣਤੀ ਸੌ ਸਾਖੀ ਵਿਚ ਬੀ ਹੈ।

ਤੁਰੰਗ ਗੁਲਕਾਨਿ ਮਾਰਿ। ਰੁਕਿਯੰਤਿ ਅੱਗ੍ਰ ਰਿਪੁ ਤ੍ਰਾਸ ਧਾਰਿ।ਜਬਿ ਛੁਟੀ ਸ਼ਲਖ ਤੁਰਕਾਨ ਜਾਨਿ। ਸ਼ਸਤ੍ਰਨਿ ਸੰਭਾਰਿ ਬਨਿ ਸਾਵਧਾਨ ॥੬॥ ਇਕ ਬਾਰਿ ਪਰੇ ਦੁੰਦਭਿ ਬਜਾਇ। ਮੇਰਨ ਮਨਿੰਦ ਘੋਰਨ ਫੈਧਾਇ।ਕਰਿ ਹਲਾ-ਹੂਲ ਕੜਕੀ ਕਮਾਨ।ਬਹੁ ਐਂਚਿ ਐਂਚਿ ਮੁਚਕੰਤਿ ਬਾਨ ॥੭॥ ਅਸ ਉਦੇ ਸਿੰਘ ਤੇ ਆਦਿ ਬੀਰ।ਰਨ ਭੂਮ ਆਇ ਬਹੁ ਸਿੰਘ ਭੀਰ।ਗਨ ਤੁਪਕ ਚਲੀ ਇਕ ਬਾਰਿ ਐਸ। ਭੁਜਿਯੰਤਿ ਧਾਨ ਬਿਚ ਭਾਠ ਜੈਸ॥੮॥ ਬਰਛੇ ਭ੍ਰਮਾਇ ਕਰਿ ਬਾਰਿ ਬਾਰਿ।ਧਸਿ ਅੰਗ ਜਥਾ ਬਲਮੀਕ ਮਾਰ[1]।ਭਟ ਗਿਰਤਿ ਹਯਨ ਤੇ ਉਥਲ ਕੋਇ। ਗੁਲਕਾਨ ਸੰਗ ਫੁਟਿ ਸੀਸ ਜੋਇ ॥੯॥ ਰਸਾਵਲ ਛੰਦ ॥ ਦਯਾ ਸਿੰਘ ਧਾਯੋ। ਉਦੇ ਸਿੰਘ ਆਯੋ। ਇਨੈ[2] ਆਦਿ[2] ਸਿੰਘੰ। ਮਨੋ ਕੋਪ ਸਿੰਘੰ[3]॥ ੧੦ ॥ ਚਲੇ ਤੀਰ ਤੀਖੇ। ਬਿਖੀਰੇ ਸਰੀਖੇ[4]। ਬਡੇ ਸੇਲ ਠੇਲੇ। ਭਈ ਰੇਲ ਪੇਲੇ ॥ ੧੧ ॥ ਗੁਰੂ ਤਯਾਰ ਹੋਏ। ਰਿਪੂ ਜਾਨਿ ਢੋਏ[5]।ਕਰਾਚੋ-ਲ[6] ਪਾਯੋ। ਨਿਖੰਗੀ ਸੁਹਾਯੋ ॥ ੧੨ ॥ ਕੁਦੰਡੰ ਸੰਭਾਰਾ। ਕਠੋਰੰ ਉਦਾਰਾ। ਮੰਗਾਯੋ ਸੁ ਨੀਲਾ। ਸ਼ਿੰਗਾਰਯੋ ਛਬੀਲਾ ॥੧੩॥ ਚਢ੍ਯੋ ਭ੍ਰਾਤਕਾਲਾ। ਰਿਪੂ ਪੁੰਜ ਕਾਲਾ[7]। ਜਿਗਾ ਸੇ ਕਲੰਗੀ[8]। ਸੁਹਾਵੈ ਉਤੰਗੀ ॥ ੧੪ ॥ ਨਗਾਰਾ ਬਜਾਯੋ। ਦੁਚੋਬੇ ਲਗਾਯੋ। ਹਯੰਹੀਨ[9] ਜੋਈ। ਚਲੇ ਸਿੰਘ ਤੇਈ॥ ੧੫ ॥ ਸੁ ਕੰਧੇ ਤੁਰੰਗਾ।ਮਹਾਂ ਬੇਗ ਸੰਗਾ।ਲਘ੍ਯੋ ਏਕ ਨਾਰਾ[10]। ਤਿਸੀ ਵਾਰ ਪਾਰਾ[11] ॥ ੧੬ ॥ ਲਰਾਈ ਮਚਾਈ। ਇਤੇ ਉੱਤ ਜਾਈ। ਕਦੇ ਵਾਰ ਆਵੈਂ[12]।ਕਦੇ ਪਾਰ ਜਾਵੈਂ ॥ ੧੭ । ਸੁ ਤਾਮੋ[13] ਦਿਖਾਏ। ਮਨੋ ਬਾਜ਼ ਆਏ। ਤਥਾ ਸਿੰਘ ਧਾਏ।ਨਹੀਂ ਤ੍ਰਾਸ ਪਾਏ ॥੧੮॥ ਭਯੋ ਭੇਰ ਭਾਰੀ। ਪਰੀ ਭੁਰ ਮਾਰੀ। ਮਹਾਂ ਲੋਹ ਮਾਚਾ। ਰਜੀ ਸ਼੍ਰੋਣ ਰਾਚਾ ॥੧੯॥ ਦੋਹਰਾ ॥ ਪੰਚਹੁੰ ਮੁਕਤੇ ਸਿੰਘ ਜਬਿ ਅਰੁ ਆਲਮ ਸਿੰਘ ਬੀਰ। ਸਲਿਤਾ ਦਲ ਤੁਰਕਾਨ ਕੋ ਅਰੇ ਸੈਲ ਸਮ ਧੀਰ[14] ॥ ੨੦ ॥ ਤਿਸ ਨਾਰੇ ਕੇ ਪਾਰ ਹੀ ਰੋਕਯੋ ਦਲ ਸਮੁਦਾਇ। ਗਿਰੇ

[1]ਵਰਮੀ ਵਿਚ ਜਿਵੇਂ ਸੱਪ (ਧਸਦਾ ਹੈ ਤਿਵੇਂ) ਬਰਛੇ ਅੰਗਾਂ ਵਿੱਚ ਧਸਾਉਂਦੇ ਹਨ। [2]ਇਨ੍ਹਾਂ ਤੋਂ ਆਦਿ। [3]ਕ੍ਰੋਧ ਕਰਕੇ ਸ਼ੇਰ ਵਾਙੂ। [4]ਸੱਪਾਂ ਵਰਗੇ। [5]ਇਹ ਜਾਣਕੇ ਕਿ ਵੈਰੀ (ਨੇੜੇ) ਆ ਢੁੱਕੇ ਹਨ। [6]ਤਲਵਾਰ। [7]ਸਾਰੇ ਵੈਰੀਆਂ ਦੀ ਮੌਤ। [8]ਕਲਗੀ। [9]ਪੈਦਲ। [10](ਪਾਣੀ) ਦਾ ਨਾਲਾ। [11]ਉਰ੍ਵਾਰ ਤੇ ਪਾਰ। [12]ਕਦੇ ਉਰਲੇ ਪਾਸੇ ਆਉਂਦੇ ਹਨ। [13]ਤਾਮਾ= ਬਾਜਾਂ ਨੂੰ ਜੋ ਮਾਸ ਖਾਣ ਨੂੰ ਦੇਈਦਾ ਹੈ। [14]ਨਦੀ ਵਰਗੇ ਤੁਰਕਾਂ ਦੇ ਦਲ ਅੱਗੇ ਪਹਾੜ ਵਾਙੂ ਅੜ ਖੜੋਤੇ ਧੀਰਜ ਧਾਰਕੇ।

Sri Satguru Jagjit Singh Ji eLlibrary NamdhariElibrary@gmail.com

ਹਜ਼ਾਰਹੁੰ ਪ੍ਰਾਨ ਬਿਨ, ਥਿਰੇ ਤ੍ਰਾਸ ਕੋ ਪਾਇ ॥ ੨੧ ॥ ਰਸਾਵਲ ਛੰਦ ॥ 'ਚਲੈਂ ਧੌਂ ਤੁਰੰਗੈਂ । ਭਟੈ ਅੰਗ ਭੰਗੈਂ । ਹਥੈ ਤੇ ਉਥੱਲੈਂ। ਨਹੀਂ ਅੰਗ ਹੱਲੈਂ ॥੨੨॥ ਖਰੇ ਘਾਵ ਝੱਲੈਂ। ਪਿਛਾਰੀ ਨ ਚੱਲੈਂ। ਬਕੈਂ 'ਮਾਰ ਮਾਰਾ' ਬਡੋ ਹੋਲ ਡਾਰਾ ॥੨੩॥ ਥਿਰੇ ਸਿੰਘ ਝੱਲੈਂ । ਨਹੀਂ ਪੈਰ ਹੱਲੈਂ । ਤੁਰੰਗੇ ਚਲਾਵੈਂ । ਤੁਰੰਗੀ ਛੰਧਾਵੈਂ ॥੨੪॥ ਜਿਸੀ ਕੋ ਤਕਾਵੈਂ । ਤਿਸੀ ਕੋ ਗਿਰਾਵੈਂ। ਦਸੰ ਬੀਸ ਗੋਰੇ। ਥਿਰੇ ਔਰ ਹੋਰੇ ॥ ੨੫ ॥ ਮਰੇ ਹੇਰਿ ਬੀਰੈ । ਕਿਤੇ ਹੋਤਿ ਭੀਰੈਂ[1] । ਘਨੇ ਗੋਰਿ ਘੋਰੇ । ਕਿਤੇ ਪੇਟ ਫੋਰੇ ॥੨੬॥ ਕਿਤੇ ਅੰਗ ਤੋਰੇ । ਕਿਤੇ ਛੂਛ ਦੌਰੇ । ਭਏ ਸ਼ੱਤ੍ਰ ਬੌਰੇ । ਮਹਾਂ ਡੌਰ ਭੌਰੇ ॥ ੨੭ ॥ ਤਬੈ ਪੈਂਡ ਖਾਨਾ । ਹੰਕਾਰੀ ਮਹਾਂਨਾ। ਪ੍ਰਹਾਰੈ ਸੁ ਬਾਨਾ । ਨ ਕੋਊ ਸਮਾਨਾ ॥੨੮॥ ਤਬੈ ਦੇਖਿ ਜੁੱਧਾ। ਰਿਦੈ ਕੀਨਿ ਕ੍ਰੁੱਧਾ । ਤਬੈ ਅੱਗ੍ਰ ਆਯੋ । ਸੁ ਊਚੇ ਸੁਨਾਯੋ ॥੨੯॥ ਦੋਹਰਾ ॥ 'ਦੀਨ ਮਜਬ ਕੋ ਜੁੱਧ ਇਹ ਹਮ ਜੁਝਨਿ ਕੋ ਆਇ। ਗੁਰੂ ਤੁਮਾਰੇ ਬਡ ਬਲੀ ਮੋ ਕਹੁ ਬਹੁਤ ਸੁਨਾਇ[2] ॥੩੦॥ ਰਸਾਵਲ ਛੰਦ ॥ ਲਰੋਂ ਤਾਂਹਿ ਸੰਗਾ । ਪਿਖੋ ਮੋਹਿ ਜੰਗਾ। ਅਬੈ ਆਪ ਆਵੈਂ । ਸੁ ਹਾਥੰ ਦਿਖਾਵੈਂ ॥ ੩੧ ॥ ਦਿਖੈਂ ਮੋਰ ਹਾਥਾ । ਲਰੈਂ ਬਾਨ ਸਾਥਾ । ਅਹੇ ਚਾਹ ਮੋਰੀ । ਲਰੌਂ ਨਾਹਿ ਔਰੀ[3] ॥ ੩੨ ॥ ਪਿਖੋ ਤੀਰ ਬਿੱਦਨਾ । ਕਰੈਂ ਬੀਰ ਭਿੱਦਨਾ[4]।' ਜਬੈ ਬਾਕ ਗਾਇ। ਇਤੇ ਬੀਚ ਆਇ ॥ ੩੩ ॥ ਅਲੰਕਾਰ ਚਾਰੂ । ਦਿਪੈ ਰੂਪ ਭਾਰੂ । ਸੁ ਨੀਲਾ[5] ਕੁਦਾਯੋ । ਸਭੈ ਮੈਂ ਸੁਹਾਯੋ ॥੩੪॥ ਗੁਰੂ ਬਾਕ ਭਾਖਾ। 'ਸੁਨੋਂ ਖਾਨ ਮਾਖਾ[6]! ਮਹਾਂ ਸ਼ੱਤ੍ਰ ਮੇਰਾ। ਬਿਜੈ ਜੰਗ ਹੇਰਾ ॥੩੫॥ ਦਿਖੋਂ ਹਾਥ ਤੇਰੇ । ਸਹੋ ਬਾਨ ਮੇਰੇ । ਕਰੋ ਵਾਰ ਆਈ । ਬਿਸੂਰੈਂ ਪਿਛਾਈ[7] ॥੩੬॥ ਸੁਨੀ ਪੈਂਡਖਾਨਾ। ਦਿਲੇਰੀ ਮਹਾਂਨਾ । ਰਿਦੈ ਬੀਚ ਜਾਨਾ । -ਨਹੀਂ ਤ੍ਰਾਸ ਮਾਨਾ[8] ॥ ੩੭ ॥ ਅਰੈ ਮੋ ਅਗਾਰੀ । ਸਹੈ ਤੀਰ ਭਾਰੀ । ਕਿ ਜੈ ਹੈ ਪਲਾਈ । ਜਬੈ ਬਾਨ ਖਾਈ[9]- ॥ ੩੮ ॥ ਕਹਯੋ ਊਚ ਵਾਕੰ। 'ਕਿਜੈ ਵਾਰ ਪ੍ਰਾਕੰ[10]। ਹਿੰਦੂ ਕੇਰ ਪੀਰੰ! ਅਹੋ ਬੀਰ ਧੀਰੰ! ॥੩੯॥ ਲਗੈ ਵਾਰ ਮੇਰਾ । ਹਧੈ ਦੇਹਿ ਤੇਰਾ । ਬਚੈਂ ਗੇ ਨ ਪ੍ਰਾਨਾ। ਬਿਧੌਂ ਏਕ ਬਾਨਾ[11] ॥ ੪੦ ॥ ਦੋਹਰਾ ॥ ਮਮ ਖਤੰਗ ਬਡ ਜ਼ਾਲਮੀ ਕਰਦਮ ਗਰਦ

---

[1]ਕਈ ਕਾਇਰ ਹੋ ਜਾਂਦੇ ਹਨ । [2]ਮੈਨੂੰ ਬਹੁਤ ਸੁਣਾਂਵਦੇ ਹੁੰਦੇ ਹਨ । [3]ਹੋਰ ਕਿਸੇ ਨਾਲ । [4](ਜਿਸ ਨਾਲ) ਸੂਰਮਿਆਂ ਨੂੰ ਵਿੰਨ੍ਹਦੇ ਹਨ । [5]ਨਾਮ ਘੋੜੇ ਦਾ । [6]ਹੇ ਗੁੱਸੇ ਵਾਲੇ ਖਾਨ ! ਸੁਣ । [7]ਪਿੱਛੋਂ ਪਛਤਾਏਂਗਾ । [8](ਕਿ ਇਨ੍ਹਾਂ ਨੇ ਮੇਰਾ) ਡਰ ਨਹੀਂ ਮੰਨਿਆਂ । [9]ਜਦੋਂ ਮੇਰਾ ਬਾਣ ਖਾਧਾ । [10]ਪਹਿਲੇ । [11]ਇਕੋ ਬਾਣ ਨਾਲ ਹੀ ਵਿੰਨ੍ਹ ਦਿਆਂਗਾ ।

ਸ਼ਿਤਾਬ[1] । ਬਿਨਾ ਜਤਨ ਜਿਮ ਮਰਦਬੋ[2] ਬਿਨਸੈ ਫੂਲ ਗੁਲਾਬਿ ॥ ੪੧॥
ਪਾਧੜੀ ਛੰਦ ॥ ਸੁਨਿ ਗੁਰੂ ਤਬਹਿ ਉੱਤਰ ਬਖਾਨਿ । 'ਅੱਵਲ ਸੁ ਵੰਗਾਰੇ
ਆਪ ਆਨਿ।ਅੱਵਲ ਸੁ ਵਾਰ ਕਰਦਮ ਬਨੰਤਿ[3]।ਇਹੁ ਰੀਤ ਜੰਗ ਕੀ ਭਟ
ਲਖੰਤਿ'॥੪੨॥ਸੁਨਿ ਕਰਿ ਪਠਾਨ ਚਮਕ੍ਯੋ ਬਿਲੰਦ।ਦਲ ਦੁਉ ਦਿਖਤਿ-
ਹੁਇ ਕੋ ਨਿਕੰਦ ?-। ਸਭਿ ਸਿੰਘ ਲਖੈਂ-ਹਤਿ ਪ੍ਰਾਨ ਖਾਨ[4] । ਗੁਰ ਸੰਗ
ਜੁਟਯੋ, ਨਹਿ ਦੇਹਿ ਜਾਨ-॥ ੪੩ ॥ ਸਭਿ ਤੁਰਕ ਭਨਹਿ 'ਇਹ[5] ਬਲਿ
ਮਹਾਨ।ਭਟ ਲਖਹਿ ਸੁ ਵਿੱਦ੍ਯਾਵਾਨ ਖਾਨ।ਜਬਿ ਤਜਹਿ ਤੀਰ ਗੁਰ ਬਚੈਂ
ਨਾਂਹਿ । ਅਬਿ ਫਤੇ ਹੋਹਿ ਹਮ ਜੰਗ ਮਾਂਹਿ' ॥ ੪੪ ॥ ਬਖਤਰ[6] ਦੁਹੂੰਨ ਕੇ
ਅੰਗ ਸੰਗ । ਦੋਨਹੁੰ ਪ੍ਰਹਾਰ ਜਾਨਹਿ ਖਤੰਗ। ਬਾਂਛਤਿ ਬਿਸਾਲ ਦੋਨਹੁ ਸੁ
ਜੰਗ।ਦ੍ਵੈ ਬੀਰਬਹਾਦੁਰ ਸ਼ੱਤ੍ਰ ਤੰਗ ॥੪੫॥ ਹਤਿ ਬਲੀ ਫੁਫੇਰੇ ਫੇਰਿ ਖਾਨ।
ਗੁਰ ਦਿਸ਼ਿ ਤਕਾਇ ਬਗਰੋਦਿ[7] ਬਾਨ।ਐਂਚ੍ਯੋ ਕੁਵੰਡ ਕਰਿ ਲਫ ਭਾਲ[8]।
ਹੁਇ ਸਮੁਖ ਤ੍ਯਾਗ ਦੀਨਸਿ ਕਰਾਲ ॥ ੪੬ ॥ ਬਡ ਬੇਗ ਸੰਗ ਸ਼ੂੰਕ੍ਯੋ
ਛੁਟੰਤਿ । ਜਨੁ ਸਰਪ ਕੁਲੀ ਤੱਛਕ ਲਸੰਤਿ[9]।ਗੁਰੁ-ਤੇਜ ਹਾਥ ਬਹਿਕਾਇ
ਦੀਨਿ[10]।ਬਡ ਹੁਤੋ ਸਬਿੱਦ੍ਯਕ ਸਰਬ ਚੀਨ[11] ॥ ੪੭ ॥ ਸਰ ਤਊ ਲਗ੍ਯੋ
ਨਹਿ ਬੀਰ ਭਾਲ । ਛੁਇ ਕਾਨ ਸਾਥ ਪੁਨ ਅੱਗ੍ਰ ਚਾਲ।ਪਿਖਿ ਗੁਰੂ ਕਹਤਿ
'ਕਿਹ ਨਿਕਟ ਸੀਖ[12]? । ਬਡ ਤੀਰਮਦਾਜ ਨ ਅਪਰ ਦੀਖ[13] ॥੪੮॥-
ਚੁਕ ਗਯੋ-ਰਹਹਿ ਪਛਤਾਵ ਭੂਰ[14]। ਸਭਿ ਗਯੋ ਨਿਫਲ ਜੇਤਿਕ ਗ਼ਰੂਰ ।
ਅਬਿ ਫੇਰ ਵਾਰਿ ਦੂਸਰ ਕਰੇਹੁ। ਨਹਿ ਰਹਹਿ ਮਾਖਤਾ[15] ਹੇਰਿਲੇਹੁ'॥੪੯॥
ਸੁਨਿ ਕੈ ਪਠਾਨ ਹੁਇ ਲਾਜ ਲੀਨ।ਨਹਿ ਕਹਤਿ ਬਾਤ ਮੁਖ ਮੌਨ ਕੀਨਿ।

---

[1] ਛੇਤੀ ਹੀ ਗਰਦ ਵਿਚ ਮਿਲਾ ਦੇਣ ਵਾਲਾ ਮੇਰਾ ਬਾਣ ਵਡਾ ਜ਼ਾਲਮ ਹੈ। [2] ਮਲਣ ਨਾਲ ਹੀ। [3] ਭਾਵ ਜੋ ਪਹਿਲਾਂ ਆਕੇ ਵੰਗਾਰੇ ਉਸ ਨੂੰ ਵਾਰ ਪਹਿਲਾਂ ਹੀ ਕਰਨਾ ਬਣਦਾ ਹੈ। [4] ਖਾਨ ਦੇ ਪ੍ਰਾਣ ਨਾਸ਼ ਹੋ ਜਾਣਗੇ। [5] ਭਾਵ ਪੈਂਦੇ ਖਾਨ। [6] ਸੰਜੋਆਂ। [7] ਚਿੱਲੇ ਵਿਚ ਬਾਗਰ ਰੱਖਕੇ ਤੀਰ ਖੱਚਣਾ। [ਬਾਗਰ ਜਾਂ ਬਾਗੜ ਤੀਰ ਦੇ ਪਿਛਲੇ ਸਿਰੇ ਦਾ ਨਾਉਂ ਹੈ ਉਸ ਦੀ ਕ੍ਰਿਆ ਹੈ:- ਬਗਰਾਉਣਾ]। [8] ਧਨੁਖ ਖਿੱਚ ਕੇ ਮੱਥੇ ਦਾ ਨਿਸ਼ਾਨਾ ਤੱਕਕੇ। [9] ਮਾਨੋਂ ਸਰਪ ਦੀ ਕੁਲ ਵਿਚੋਂ ਤੱਛਕ ਨਾਗ ਚਮਕਦਾ ਹੈ। [10] ਗੁਰੂ ਜੀ ਦੇ ਤੇਜ ਨੇ ਹੱਥ ਕੰਬਾ ਦਿਤਾ। [11] ਭਾਵੇਂ ਵਿਦ੍ਯਾਵਾਨ ਤੇ ਸਭ ਕੁਝ ਜਾਨਣ ਵਾਲਾ ਸੀ (ਭਾਵ ਤੀਰੰਦਾਜ਼ੀ ਦੇ ਭੇਤ)। [12] ਕਿਸ ਪਾਸੋਂ ਸਿੱਖਿਆ ਹਈ ? [13] ਤੇਰੇ ਨਾਲੋਂ ਵੱਡਾ ਤੀਰੰਦਾਜ਼ ਹੋਰ ਨਹੀਂ ਡਿੱਠਾ ! [14] ਇਹ ਪਛਤਾਵਾ ਨਾ ਰਹਿ ਜਾਵੇ ਕਿ ਮੇਰਾ ਨਿਸ਼ਾਨਾ ਚੁੱਕ ਗਿਆ। [15] ਗੁੱਸੇ ਦਾ ਭਾਵ, ਰੰਜ, ਅਰਮਾਨ।

Sri Satguru Jagjit Singh Ji eLlibrary NamdhariElibrary@gmail.com

ਉਰ ਮੈਂ ਬਿਸੂਰਿ ਕਰਕੈ ਬਿਚਾਰ।–ਕਨਾ ਭਯੋ ਮੋਹਿ ਗਾ ਨਿਫਲ ਵਾਰ–॥੫੦॥ ਹਯ ਕੋ ਧਵਾਇ ਗੁਰ ਭਾਖਿ ਫੇਰ।'ਕਰਿ ਵਾਰ ਖਾਨ ਪੁਨ ਦੁਤਿਯ ਬੇਰ'। ਪ੍ਰਭੁ ਵਾਰ ਵਾਰ ਤਿਹ ਕੋ ਸੁਨਾਇ।'ਮਨ ਰਖਹੁ ਨਾਂਹਿ ਕਰਿ ਲੇਹੁ ਦਾਇ'॥੫੧॥ਤਬਿ ਪੈਂਡਖਾਨ ਚਪਿ ਕਹਤਿ ਬੈਨ।'ਸਨਮੁਖ ਨ ਹੋਤਿ ਮੁਹਿ ਲਾਜ ਨੈਨ। ਮੈਂ ਨਿਕਟਿ ਹੋਇ ਇਮ ਬਾਨ ਤਯਾਗ।ਤੁਮ ਜਿਯਤ ਦਿਖਹੁ ਨਹਿ ਕਿਤਹੁ ਲਾਗ[1]॥੫੨॥ਬਹੁ ਕਰਾਭ੍ਯਾਸ ਤਿਸੁ ਕੋ ਧਿਕਾਰ[2]।ਇਸ ਵਖਤ ਚੁਕਯੋ ਦੁਇ ਦਲ ਮਝਾਰ। ਹੁਇ ਬੀਰ ਬਹਾਦਰ ਏਕ ਵਾਰ। ਪਰ ਕਹਤਿ ਅਬੈ ਤੁਮ ਬਾਰਬਾਰ ॥੫੩॥ ਤੁਮਰੇ ਵਚੇਨ ਕੋ ਵਾਰ ਦੂਜ। ਕਰਿਬੋ ਬਨੈ, ਹਹੁ ਦੀਹ ਪੂਜ[3]। ਨਹਿਂ ਕਰਹੁਂ ਨਾਂਹਿ, ਇਹ ਲਖਹੁ ਆਇ[4]। ਸਵਧਾਨ ਆਪ ਹੂਜਹਿ ਬਨਾਇ'॥੫੪॥ਕਹਿ ਕਰਿ ਕੁਦੰਡ ਲੀਨਸਿ ਕਠੋਰ। ਭਾਥਾ ਮਝਾਰ[5]ਸਰ ਕਾਢਿ ਘੋਰ[6]।ਬਾਗਰ ਧਸਾਇ ਬਿਚ ਪਨਚ ਭਾਗ[7]।ਕਰਿ ਸ੍ਰਿਸਟ ਐਂਚਿ ਕਰ ਸ੍ਰੋਨ ਲਾਗ[8]॥ ੫੫ ॥ ਬਖਤਰ[9] ਸਰੀਰ ਆਛਾਦ ਹੇਰਿ–ਨਹਿ ਨਗਨ ਅੰਗ ਜਿਤ ਹਨਹਿ ਫੇਰ–ਬਹੁਰੋ ਬਿਸਾਲ ਸ੍ਰਭ ਭਾਲ ਜਾਨਿ ਤਕ ਕੈ ਮਹਾਨ ਬਲ ਜੁਤਿ ਪਠਾਨ ॥੫੬॥ ਸਮ ਸਰਪ ਛੋਰਿ ਤੀਖਨ ਖਤੰਗ। ਜਿਸ ਬੇਗ ਬਹੁਤ ਤੀਖਨ ਸੁਢੰਗ[10]*।ਖਪਰਾ ਦਰਾਜ਼ ਖਰ ਸਾਨ ਲਾਗ[11]। ਸ੍ਰੂਕਯੋ ਸੁ ਜਾਤਿ ਜਬਿ ਖਾਨ ਤ੍ਯਾਗ ॥੫੭॥[12]ਲਟਪਟੀ ਸ਼ਾਲ ਗੁਰ ਸਿਰ ਲਪੇਟ।ਤਿਹ ਛੋਰ ਸਾਥ ਕਰਿ ਤੀਰ ਭੇਟ।ਊਪਰ ਉਠਾਇ ਗਾ ਅੱਗ੍ਰ ਦੂਰ[13]। ਬਿਸਮਾਇ ਰਹੇ ਦਲ ਦੁਹਨਿ ਸੂਰ ॥ ੫੮ ॥ ਚੂਕਯੋ ਪਠਾਨ ਬਹੁ ਲਾਜ ਮਾਂਹਿ।ਤੁਰਕਾਨ ਬਿਖੈ ਬਡ ਨਾਮ ਜਾਂਹਿ।[14]–ਫਿਰ ਅੱਗ੍ਰ ਲੱਛ ਬਨ ਖੜ੍ਹੋ

---

[1]ਕਿਧਰੇ ਲੱਗਾ ਨਹੀਂ। [2]ਮੇਰੇ ਬਹੁਤ ਅਭਿਆਸ ਕੀਤੇ ਨੂੰ ਧ੍ਰਿਕਾਰ ਹੈ। [3]ਆਪ ਸਮੂਹ ਦੇ ਪੂਜਨ ਹੋ, ਆਪਦੇ ਕਹਿਣੇ ਉਪਰ ਕਰਨਾ ਬਣਿਆਂ। [4]ਮੈਂ ਨਾਂਹ ਨਹੀਂ ਕਰਦਾ ਇਹ (ਬਚਨ) ਆਪਾ ਸਮਝੋ। [5]ਭੱਥੇ ਵਿੱਚੋਂ। [6]ਭਿਆਨਕ ਤੀਰ ਕੱਢਿਆ। [7]ਚਿੱਲੇ ਦੇ ਕੋਚਾਏ ਵਿਚ [ਬਾਗਰ–ਚਿੱਲੇ ਵਿਚਲਾ ਬਾਗਰ ਦੇ ਟਿਕਣ ਦਾ ਥਾਂ]। [8]ਖਿੱਚਿਆ ਕਿ ਹੱਥ ਕੰਨਾਂ ਨੂੰ ਜਾ ਲਗਾ। [9]ਸੰਜੋਅ ਨਾਲ। [10]ਜਿਸਦਾ ਵੇਗ ਬਹੁਤ ਤਿੱਖਾ ਤੇ ਠੀਕ ਢੰਗ ਦਾ (ਨਿਸ਼ਾਨੇ ਬੈਠਣ ਵਾਲਾ) ਹੈ। [11]ਚੌੜਾ ਤੇ ਤ੍ਰਿੱਖਾ ਤੀਰ ਸਾਣ ਤੇ ਲਗਾ ਹੋਇਆ। [12]ਮੋੜ ਕਰਨ ਵਾਲਾ (ਪਸ਼ਮੀਨੇ ਯਾ ਰੇਸ਼ਮ ਦਾ) ਸ਼ਾਲਾ ਸਿਰ ਤੇ ਲਪੇਟਿਆ ਹੋਇਆ ਸੀ, ਤਿਸ ਦੇ ਪੱਲੇ ਦੇ ਨਾਲ ਤੀਰ ਮਿਲਕੇ (ਉਸ ਪੱਲੇ ਨੂੰ) ਉੱਪਰ ਉਡਾਕੇ ਅੱਗੇ ਨਿਕਲ ਗਿਆ [ਲਟਪਟੀ–ਮੌਜੀ ਸ੍ਵਾਰ ਕੇ ਨਾ ਬੱਧੀ ਹੋਈ ਪੱਗ, ਪਰ ਇਥੇ ਵੀ ਸੁੰਦਰਤਾ ਨੂੰ ਵਿ ਭੀ ਦੁਸਾਲਾ ਬਣ ਰਹੀ ਹੋਵੇ]। [13]ਪੈਂਡਖਾਨ ਵਿਚਾਰਦਾ ਹੈ। *ਪਾ:-ਕੁਢੰਗ।

Sri Satguru Jagjit Singh Ji eLlibrary NamdhariElibrary@gmail.com

'ਬੀਰ! ਮੁਝ ਕੋ ਪ੍ਰਚਾਰ ਥਿਰਤਾ ਸਧੀਰ[2] ॥ ੫੯ ॥ ਸਦ ਹੋਤ ਕਰਨ ਬਿੱਦਯਾ ਬਿਸਾਲ! ਨਹਿ ਸਰਯੋ ਕਾਰ ਜਬਿ ਜੰਗ ਕਾਲ।ਅਬਿ ਵਾਰਿ ਤਿਨਹੁ ਕਹੁ ਬਨਹਿ ਦੇਨਿ। ਜਿਮ ਕਿਧੋ ਜੰਗ ਮਹਿ ਦੇਨਿ ਲੇਨਿ–॥ ੬੦ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥ ੮ ॥

## ੯. [ਪੈਂਡਾ ਖਾਨ ਬੱਧ]।

ਦੋਹਰਾ ॥ ਇਸ ਬਿਧਿ ਹਤਿ ਕੈ ਖਾਨ ਸਰ ਰਹਯੋ ਰਿਦੈ ਪਛੁਤਾਇ।ਆਦਿਕ ਦੀਨਾ ਬੇਗ ਤੇ[3] ਦੇਖਤਿ ਰਣ ਬਿਸਮਾਇ ॥੧॥ ਭੁਜੰਗ ਛੰਦ ॥ ਰਹਯੋ ਖ਼ਾਨ ਠਾਂਢੋ ਬਡੀ ਲਾਜ ਪਾਏ। ਪਿਖੈਂ ਬੀਰ ਸਾਰੇ ਜਥਾ ਜੰਗ ਦਾਏ। ਦੁਊ ਬੀਰ ਬੰਕੇ ਅਰੀਲੇ ਬਿਸਾਲੇ[4]।ਦੁਊ ਸੈਨ ਸ੍ਵਾਮੀ ਕੁਦੰਡੰ ਸੰਭਾਲੇ ॥੨॥ ਦੁਊ ਤੇਜ ਧਾਰੇ ਕਰੇ ਓਜਵਾਰੇ। ਦੁਊ ਤੀਰ ਬਿੱਦਯਾ ਗ਼ਰੂਰੀ ਕਰਾਰੇ[5]। ਦੁਊ ਜੰਗ ਜੇਤਾ ਕਰੇ ਜੀਤ ਆਸਾ। ਦੁਊ ਜੰਗ ਕੇ[6] ਪੁੰਜ ਦੇਖੈਂ ਤਮਾਸ਼ਾ॥੩॥ ਗੁਰੂ ਜੀ ਤਬੈ ਫੇਰ ਨੀਲਾ ਛੁਟਾਯੋ।ਖਰੇ ਖਾਨ ਕੇ ਸਾਥ ਊਚੇ ਅਲਾਯੋ।'ਹਤੈਂ ਤੀਰ ਤੋਹੀ ਦਿਜੈ ਵਾਰ ਮੇਰਾ। ਕਰਯੋ ਓਜ ਜੇਤੋ ਪਿਖਯੋ ਸਰਬ ਤੇਰਾ'॥੪॥ ਸੁਨੇ ਖਾਨ ਬੋਲਯੋ'ਲਿਜੈ ਵਾਰਿ ਦੋਈ। ਜਥਾ ਮੈਂ ਕਰੇ ਆਪ ਕੇ ਸਾਥ ਸੋਈ'। ਗੁਰੂ ਫੇਰ ਬੋਲੇ'ਨਹੀਂ ਦੋਇ ਲੇ ਹੈਂ।ਅਹੈ ਏਕ ਨੀਕੋ[7]'ਕਹੈਂ ਬੀਰ ਜੋ ਹੈਂ[8]* ॥੫॥ ਦੋਹਰਾ ॥ ਫਿਰਕਤਵਾਰ ਸੁ ਮੁਰਦਮਹਿ ਹੋਤਿ ਹਰਾਮੈ ਖੋਰ[9]। ਯਾਂਤੇ ਪਲਟਾ ਹਮ ਕਰੈਂ ਇਕ ਖਤੰਗ ਕਹੁ ਛੋਰਿ'॥੬॥ ਸ਼ਾਬਾਸ ਛੰਦ ॥ ਇਮ ਕਹਿ ਫੇਰਿਯ। ਗੁਰਹਯ ਪ੍ਰੇਰਿਯ। ਬਨ ਸਵਧਾਨਹਿ। ਗਹਿ ਇਕ ਬਾਨਹਿ॥੭॥ ਚਹੁੰਦਿਸ਼ਿ ਖਾਨਹਿ। ਫੇਰਿ ਕਿਕਾਨਹਿ।ਬਖਤਰ ਬੰਧਿਯ[10]।ਗੁਰਸਰ ਸੰਧਿਯ[11]॥੮॥ ਸਭਿ ਤਨੁ ਛਾਦਿਯ[12]।ਕਿਤ ਨ ਦਿਖਾਦਿਯ[13]।ਜਿਤ ਸਰ ਮਾਰਹਿ।

---

[1] ਸੂਰਮਾਂ ਸ਼ੱਤ੍ਰ ਨਿਸ਼ਾਨਾ ਬਣਕੇ ਸਾਹਮਣੇ ਹੋ ਤੇ ....। [2] ਮਹਤ ਧੀਰਜ ਦੇ ਖਲੋ ਕੇ ਮੈਨੂੰ ਵੰਗਾਰ ਰਿਹਾ ਹੈ। [3] ਦੀਨਾ ਬੇਗ ਆਦਿਕਾਂ ਤੋਂ ਲੈਕੇ। [4] ਬਹੁਤ ਅੜਨ ਵਾਲੇ। [5] ਤੀਰ ਵਿਦਿਆ ਦੇ ਕਰੜੇ ਗ਼ਰੂਰ ਵਾਲੇ। [6] ਦੋਹਾਂ ਦੇ ਜੰਗ। [7] ਇੱਕੋ ਚੰਗਾ ਹੁੰਦਾ ਹੈ। [8] ਜੋ ਸੂਰਮੇ ਹਨ। [9] ਮਰਦਾਂ ਵਿਚ ਫਿਰਕਤਵਾਰ ਹਰਾਮ ਖੋਰਾਂ (ਦਾ ਵਾਰ) ਹੁੰਦਾ ਹੈ [ਫਿਰਕਤ ਵਾਰ=ਵਾਰ ਦਿਤੇ ਬਿਨਾਂ ਯਾ ਆਪਣੀ ਵਾਰੀ ਤੋਂ ਬਿਨਾਂ ਵਾਰ ਕਰ ਦੇਣਾ]। [10] ਸੰਜੋਅ ਬੰਨ੍ਹੀ ਹੋਈ ਸੀ (ਖ਼ਾਨ ਨੇ)। [11] ਜੋੜਿਆ ਚਿੱਲੇ ਵਿਚ (ਗੁਰੂ ਜੀ ਨੇ)। [12] ਢਕਿਆ ਹੋਇਆ ਸੀ। [13] ਕਿਤੋਂ ਬੀ ਨਾ ਦਿਖਾਈ ਦਿੰਦਾ ਸੀ।

*ਸੋ ਸਾ ਦਾ ਪਾਠ ਹੈ:–ਨੇਕੀ ਵਾਰ ਜਬ ਬਹਾਦਰ=ਬਹਾਦਰਾਂ ਵਿਚ ਇਕ ਵਾਰ ਨੇਕੀ ਵਾਲਾ (ਸੂਰਬੀਰ) ਹੈ। ['ਵਾਰ' ਦੇ ਅਰਥ ਹਨ=ਆਪਣੀ ਵਾਰੀ ਸਿਰ ਸ਼ੱਤ੍ਰੂ ਨੂੰ ਮਾਰਨ ਦਾ ਜਤਨ]।

Sri Satguru Jagjit Singh Ji eLlibrary NamdhariElibrary@gmail.com

ਤਨ ਨ ਨਿਹਾਰਹਿ[1] ॥ ੯ ॥ [2]–ਬਖਤਰ ਸੰਗਾਹਿ। ਲਿਪਟਹਿ ਅੰਗਾਹਿ[3]। [4]ਮਹਿਦ ਪਠਾਨਹਿ।ਕਿਤ ਹਨਿ ਬਾਨਹਿ?–ਫਿਰਿਫਿਰਿ ਹੇਰਤਿ[5]।ਹਯ ਬਰ ਪ੍ਰੇਰਤਿ ॥ ੧੦ ॥ ਧਨੁ ਸਰ ਜੋਰਿਯ[6]। ਕਰਿ ਕਰ ਜੋਰਯ[7]।–ਲਛ ਨਹਿ ਟੋਰਿਯ[8]। ਇਮ ਨਹਿ ਛੋਰਿਯ–॥ ੧੧ ॥ ਫਿਰ ਬਹੁ ਦੇਖਤਿ। ਨਗਨ ਪਰੇਖਤਿ[9]।ਪਿਖਿ ਜਬਿ ਨੀਕਹਿ।ਸ੍ਰੋਨ ਨਜੀਕਹਿ[10]॥੧੨॥ ਨਗਨ ਸੁ ਥੋਰਿਯ। ਗੁਰ ਜਬਿ ਟੋਰਿਯ[11]।ਤਹਿ ਤਕਿ ਬਾਨਹਿ। ਸ਼ਿਸਤ ਨਿਸ਼ਾਨਹਿ ॥ ੧੩ ॥ ਖਰ ਖਪਰਾ ਧਰਿ[12]। ਧਨੁ ਗੁਨ ਮੈਂ ਭਰਿ[13]। ਕਰਖਤਿ ਆਛਯ[14]। ਛੋਰਨ ਬਾਛਯ ॥੧੪॥ ਸਰਪ ਸਮਾਨਹਿ।ਛੁਟਤਿ ਪਯਾਨਹਿ।ਢਿਗ ਬਲ ਕਾਨਯ। ਲਗਤਿ ਸੁ ਬਾਨਯ[15] ॥ ੧੫ ॥ ਭੁਜੰਗ ਪ੍ਰਯਾਤ ਛੰਦ ॥ ਲਗ੍ਯੋ ਬਾਨ ਕਾਨੰ ਨਜੀਕੰ ਬਿਸਾਲਾ। ਗਿਰ੍ਯੋ ਭੂਮ ਮੈਂ ਖਾਨ ਕੀਨੇ ਉਤਾਲਾ[16]। ਗਯੋ ਭਾਜ ਘੋਰਾ ਜਬੈ ਛੂਛ ਹੋਵਾ। ਪਰ੍ਯੋ ਬੀਰ ਭਾਰੇ ਰਘੂੰ ਦੌਨ ਜੋਵਾ ॥੧੬॥ ਗੁਰੂ ਸੈਫ ਖੈਂਚੀ ਬਡੀ ਤਾਤਕਾਲਾ। ਭਏ ਸੀਸ ਊਪੈ ਖਰੇ ਕੈ ਉਤਾਲਾ[17]।ਪਿਖੇ ਭੀਮ ਰੂਪੰ ਭਯੋ ਖਾਨ ਭੀਰਾ[18]।ਮਹਾਂ ਤ੍ਰਾਸ ਮਾਨ੍ਯੋ ਮ੍ਰਿਤ੍ਰੂ ਤੇ ਅਧੀਰਾ॥੧੭॥ਭਨੇ ਦੀਨ ਬੈਨੰ 'ਗੁਰੂ ਜੀ ਰਖੀਜੈ। ਮਹਾਂ ਤੇਗ਼ ਤੀਖੀ ਨ ਗ੍ਰੀਵਾ ਕਟੀਜੈ'।ਪ੍ਰਭੂ ਫੇਰ ਬੋਲੇ 'ਪਠਾਨਾ[19] ਸੰਭਾਲੋ।ਅਬੈ ਰਾਖਬੇ ਕੋ ਲਖ੍ਯੋ ਕੌਨ ਕਾਲੋ[20]?॥੧੮॥ ਕਰੋ ਯਾਦ ਕਲਮਾ ਲਖੋ ਪ੍ਰਾਨ ਅੰਤਾ।ਮਹਾਂ ਬਾਨ ਘਾਵੈ ਬਧੈਂ ਨਾਕਵੰਤਾ[21]'। ਇਮੰ ਬੋਲਤੇ ਸੈਫ ਸਾਵੈ ਚਲਾਈ। ਜੁਦੋ ਰੁੰਡ ਤੇ ਮੁੰਡ ਕੀਨੋ ਤਦਾਈ ॥੧੯॥ ਜਬੈ ਮਾਰਿ ਲੀਨੋ ਭਏ ਸ਼ਤ੍ਰੂ ਦੀਨੰ।ਫਤੇ ਖਾਲਸੇ ਦੇਖਿ ਆਨੰਦ ਕੀਨੰ।ਬਜੇ ਦੀਹ ਬਾਜੇ ਸੁ ਧੌਂਸੇ ਧੁਕਾਰੇ। ਅਪੇ ਆਪ ਮੈਂ ਬੀਰ ਬੰਕੇ ਬਕਾਰੇ

---

[1]ਸਰੀਰ ਨਹੀਂ ਸੀ ਦਿੱਸਦਾ। [2]ਗੁਰੂ ਜੀ ਸੋਚਦੇ ਹਨ। [3]ਲਪੇਟੇ ਹੋਏ ਹਨ ਅੰਗ(ਸਾਰੇ)। [4](ਇਸ) ਵੱਡੇ ਪਠਾਣ ਦੇ ਤੀਰ ਕਿੱਥੇ ਮਾਰੀਏ ? [5]ਗੁਰੂ ਜੀ ਫਿਰ ਫਿਰਕੇ ਤੱਕਦੇ ਹਨ। [6]ਜੋੜਿਆ। [7]ਹੱਥ ਦਾ ਜ਼ੋਰ ਕਰਕੇ। [8]ਨਿਸ਼ਾਨੇ ਦਾ ਥਾਂ ਨਹੀਂ ਲਭਦਾ। [9]ਨੰਗਾ ( ਅੰਗ ) ਲੱਭਦੇ ਹਨ। [10]ਕੰਨ ਦੇ ਕੋਲ। [11]ਲੱਭ ਲਿਆ। [12]ਫੜਕੇ। [13]ਧਨੁੱਖ ਦੇ ਚਿੱਲੇ ਵਿਚ ਭਰਕੇ। [14]ਚੰਗੀ ਤਰ੍ਹਾਂ ਖਿੱਚਿਆ। [15]ਉਹ ਕੰਨ ਜਾ ਲੱਗਾ। [16]ਛੇਤੀ ਨਾਲ। [17]ਸਿਰ ਤੇ ਛੇਤੀ ਨਾਲ ਜਾ ਖੜੋਤੇ। [18]ਕਾਇਰ ਹੋ ਗਿਆ। [19]ਪਠਾਣ ਪੁਣਾ। [20](ਭਾਵ) ਜਾਨ ਬਚਾਉਣ ਦਾ ਸਮਾਂ ਲੰਘ ਚੁਕਾ ਹੈ (ਕਿਉਂਕਿ) ਅਗੇ ਦੱਸਦੇ ਹਨ ਕਿ ਤੀਰ ਦਾ ਜ਼ਖਮ ਕਾਰੀ ਲੱਗ ਚੁਕਾ ਹੈ। [21]ਤੈਨੂੰ ਤੀਰ ਦਾ ਜ਼ਖਮ ਬੜਾ ਕਾਰੀ ਲੱਗ ਚੁਕਾ ਹੈ, ਤੂੰ ਬਚ ਕਿਵੇਂ ਨਹੀਂ ਸਕਦਾ। ਤੀਰ ਦੇ ਲੱਗੇ ਜ਼ਖਮ ਨਾਲ ਉਸ ਨੂੰ ਲੁਛ ਲੁਛ ਕੇ ਮਰਨ ਦੇ ਨਾਲੋਂ ਉਸ ਨੂੰ ਛੇਤੀ ਪਾਰ ਕਰਨਾ ਤਕਲੀਫ਼ ਘਟਾਉਣਾ ਹੈ, ਇਸ ਸਮੇਂ ਇਹ ਭੀ ਤਰਸ ਹੈ।

Sri Satguru Jagjit Singh Ji eLlibrary NamdhariElibrary@gmail.com

॥ ੨੦ ॥ ਕਿਨੂ ਖੱਗ ਖੰਡੇ ਬਡੇ ਬਾਢ ਵਾਰੇ[1]। ਮਹਾਂ ਜੁੱਧ ਜੂਝੇ ਜੁਝਾਰੇ ਕਰਾਰੇ। ਤੁਰੰਗਾਨਿ ਕੌ ਮਾਰਿਕੈ ਏਕ ਬਾਰੀ।ਮਿਲੀ ਦੌਨ ਸੈਨਾ ਭਿਰੇ ਭੇਰ ਭਾਰੀ ॥੨੧॥ ਤਮਾਂਚੇ ਕਰਾਚੋਲ ਨੇਜ਼ੇ ਪ੍ਰਹਾਰੇ। ਗਿਰਯੋ ਸ੍ਰੋਨ ਭੂਮੰ ਦਬਯੋ ਖੇਹ ਸਾਰੇ। ਧਕਾਧੱਕ ਧੀਰੰ ਹਥਾਵੱਥ ਹੋਏ। ਕਿਨੈ ਮਾਰਿ ਸਾਂਗੰ ਸੁ ਬੀਰੰ ਪਰੋਏ ॥੨੨॥ ਪਿਖ੍ਯੋ ਭੀਮ ਜੁੱਧੰ ਨ੍ਰਿਪੰ ਭੀਮਚੰਦੰ। ਭਯੋ ਤ੍ਰਾਸ ਭਾਰੀ ਜਿ ਔਰੈ ਨਰਿੰਦੰ। ਪਲਾਏ ਪੰਹਾਰੀ ਨਹੀਂ ਪਾਇ ਜਾਮੇ।ਪਿਖੈਂ ਸੈਂਕਰੇ ਬੀਰ ਕੋ ਜੰਗ ਧਾਮੇ[2]॥੨੩॥ਬਡੋ ਹੇਲ ਘਾਲਾ ਸਭੈ ਸਿੰਘ ਧਾਏ।ਮਨੋ ਬ੍ਰਿੰਦ ਮਿਰਗਾਨ ਪੈ ਸਿੰਘ ਆਏ।ਅਰੇ ਜੋ ਮਰੇ,ਭਾਜ ਚਾਲੇ ਸੁ ਬਾਰੇ।ਭਯੋ ਤ੍ਰਾਸ ਭਾਰੀ ਮਹਾਂ ਰੋਸ ਰਾਰੇ ॥੨੪॥ ਫਿਰੈਂ ਮਾਸ ਖਾਤੇ ਸਮੂਹੀ ਸ੍ਰਿਗਾਲਾ। ਗਨੈ ਸ੍ਵਾਨ ਭੱਖਹਿਂ ਪੁਕਾਰੈਂ ਕਰਾਲਾ। ਬਡੇ ਗਿਰਝ, ਕਾਕੰ, ਉਡੈਂ ਗੈਨ ਮਾਂਹੀ। ਨਚੀ ਜੋਗਨੀ ਸੀਸ ਬਾਰੇ ਖਿੰਡਾਹੀਂ[3]॥੨੫॥ਪਰੀ ਲੋਥ ਪੈ ਲੋਥ ਦੇਖੀ ਘਨੇਰੀ। ਕਟੇ ਹਾਥ ਪੈਰੰ ਸਮੂਹੰ ਬਿਖੇਰੀ। ਪਠਾਨੀ ਰਮੂੰ ਮੋਗਲਾਨੀ ਮਰੀ ਹੈ[4]। ਰਹੀ ਜੀਵਤੀ ਜੰਗ ਦੇਖੈ ਭਰੀ ਹੈ ॥੨੬॥ ਹੁਤੇ ਦੀਨ ਬੇਗੀ ਲਗ੍ਯੋ ਘਾਇ ਅੰਗੇ। ਪਿਛਾਰੀ ਹਟ੍ਯੋ ਭੀਮ ਦੇਖੇ ਭੁਜੰਗੇ[5]।ਲਰੈ ਕੌਨ ਫੇਰੰ ਗਏ ਹਾਰ ਦੋਊ।ਬਿਲੋਕੈਂ ਪਲਾ-ਵੈ ਥਿਰਯੋ ਹੈ ਨ ਕੋਊ ॥੨੭॥ ਗਯੋ ਦੀਨ ਬੇਗੀ ਜਬੈ ਜੰਗ ਤ੍ਯਾਗੀ। ਬਿਨਾ ਧੀਰ ਜੋਧਾ ਅਪੋ ਆਪ ਭਾਗੇ। ਪਿਛਾਰੀ ਪਰ੍ਯੋ ਖਾਲਸਾ ਨਾਹਿ ਛੋਰੈ।ਧਵਾਏ ਤੁਰੰਗਾਨਿ ਕੋ ਸ਼ੱਤ੍ਰ ਓਰੈ ॥ ੨੮ ॥ ਚੌਪਈ ॥ ਰੋਪਰ ਨਿਕਟ ਔਰ* ਪੁਰਿ ਔਰ।ਖਿਦਰਾਬਾਦੋਂ[†] ਬਸੈ ਤਿਸ ਠੌਰ।ਤਿਸ ਹੀ ਦਿਸ਼ਿ ਦਲ ਗਯੋ ਪਲਾਈ। ਜਾਹਿ[6] ਖਾਲਸਾ ਪੀਠ ਦਬਾਈ[7] ॥ ੨੯ ॥ ਮਾਰਤਿ ਜਾਤਿ ਭਜਾਵਤਿ ਜਾਤਿ। ਲੇਹਿਂ[8] ਤੁਰੰਗ ਸ਼ੱਸਤ੍ਰ ਭਟ ਘਾਤ। ਵਧ੍ਯੋ ਅਧਿਕ ਮਨ ਸਿੰਘਨਿ ਕੇਰ।ਕਾਤੁਰ ਬਡੋ ਤੁਰਕ ਦਲ ਹੇਰ ॥ ੩੦ ॥ ਲੂਟਿ ਲੂਟਿ ਆਯੁਧ ਗਨ ਬਾਜ[9]। ਅਪਰ ਸੈਨ ਕੋ ਸਕਲ ਸਮਾਜ। ਮਾਰੇ ਪੁੰਜ ਰਹੇ ਤ੍ਰਿਪਤਾਇ।ਤਊ ਖਾਲਸਾ ਮਾਰਤਿ ਜਾਇ ॥੩੧॥ ਪੁਨ ਸਤਿਗੁਰ ਨੇ ਦੂਤ ਪਠਾਯੋ। ਜਾਤਿ[10]

---

[1]ਤਿੱਖੀ ਧਾਰ ਵਾਲੇ। [2]ਸੈਂਕੜੇ ਸੂਰਮਿਆਂ ਨੂੰ ਜੰਗ ਭੂਮੀ ਵਿਚ ਦੇਖਦੇ ਹਨ। [3]ਵਾਲਾਂ ਨੂੰ ਖਿੰਡਾ ਕੇ। [4]ਪਠਾਣੀ ਤੇ ਮੁਗਲਾਣੀ ਕੌਣ ਮਰੀ। [5]ਪਿੱਛੇ ਹੀ (ਜ਼ਖਮੀ ਹੋਇਆ) ਹਟ ਗਿਆ ਦੇਖਕੇ ਭਿਆਨਕ ਸੂਰਮੇ। [6]ਜਾਂਦਾ ਹੈ। [7]ਭਾਰ ਪਿੱਛਾ ਕਰੇਦਾ ਜਾਂਦਾ ਹੈ। [8]ਲੈਂਦੇ ਹਨ। [9]ਘੋੜੇ। [10](ਪਿੱਛਾ ਕਰੀ) ਜਾਂਦਾ।

*ਪਾਠ ਲਿਖਤੀ ਨੁਸਖਿਆਂ ਵਿਚ ਬੀ ਇਹੋ ਹੈ, ਪਰ ਜਾਪਦਾ ਹੈ ਕਿ ਏਥੇ ਸ਼ੁਧ ਪਾਠ—ਅਹੋ—ਚਾਹੀਦਾ ਸੀ।

[†]ਇੱਥੇ ਗੁਰੂ ਜੀ ਦਾ ਗੁਰਦੁਆਰਾ ਹੈ।

Sri Satguru Jagjit Singh Ji eLlibrary NamdhariElibrary@gmail.com

ਖਾਲਸਾ ਸਕਲ ਹਟਾਯੋ[1]। ਖਿਦਰਾਬਾਦ ਤੁਰਕ ਬਰਿ ਗਏ। ਤਹਾਂ ਸੰਭਾਲ ਕਰਤਿ ਨਿਜ ਭਏ ॥ ੩੨ ॥ ਗਯੋ ਖਾਲਸਾ ਜਬਿ ਹਟਿ ਸਾਰੋ। ਲੈ ਕਰਿ ਹਯਨਿ ਘਨੋ ਹਥਯਾਰੋ।ਘਾਇਲ ਤੁਰਕ ਸੰਭਾਲੇ ਫੇਰੋ।ਲੈ ਲੈ ਪਹੁੰਚੇ ਅਪਨੇ ਡੇਰੋ॥੩੩॥ਸਰਬ ਹਿਰਾਸੇ[2] ਬਹੁ ਬਿਸਮਾਏ।–ਉਮਰਾਵਨ ਹਮ ਭਲੇ ਲਰਾਏ। ਕਿਸਹੂ ਕੀ ਸੰਭਾਲ ਨਹਿ ਰਹੀ। ਚਮੂੰ ਅਧਿਕ ਬਹੁ ਜੀਤ ਨ ਲਹੀ[3]– ॥ ੩੪ ॥ ਦੀਨਾਬੇਗ ਸੁ ਘਾਇਲ ਪਰੋ। ਆਨ ਜਰਾਹ ਇਲਾਜੈ ਕਰੋ। ਦਿੱਲੀ ਕੇ ਮਾਰਗ ਕੌ ਪਰੇ। ਸਨੇ ਸਨੇ ਤਹਿਂ ਪਹੁੰਚਨਿ ਕਰੇ ॥੩੫॥ ਹਟਿ ਕਰਿ ਆਇ ਖਾਲਸਾ ਇਤੇ। ਵਾਹਿਗੁਰੂ ਜੀ ਕੀ ਕਹਿ ਫਤੇ। ਸ਼ੱਤ੍ਰ ਲੂਟ ਕਰਿ ਪਹੁੰਚ ਸੁ ਧਾਮੇ।ਬਜੇ ਜੀਤ ਕੇ ਬਡੇ ਦਮਾਮੇ ॥੩੬॥ ਮਿਲੇ ਗੁਰੂ ਪਗ ਸੀਸ ਨਿਵਾਯੇ। 'ਧੰਨ ਧੰਨ' ਸਭਿਹੂੰਨਿ ਅਲਾਯੇ। 'ਰਾਵਰ ਕੋ ਬਲ ਪਾਇ ਬਡੇਰਾ।ਹਤਯੋ ਤੁਰਕ ਦਲ ਜੰਗ ਘਨੇਰਾ ॥ ੩੭ ॥ ਖਿਦਰਾਬਾਦ ਪ੍ਰਯਾਹੁ ਧੁਰੇ। "ਕਹੇ ਆਪ ਕੇ ਹੇ ਪ੍ਰਭੁ ਮੁਰੇ। ਨਤੁ ਪ੍ਰਾਪਤਿ ਮੈਦਾਨ,ਸੁ ਹੋਤੋ।ਮਿਲੇ ਤੁਰਕਜੇ ਇਮ ਮਤਿ ਖੋਟੇ ॥੩੮॥ ਲੇਤਿ ਰੁਲਾਇ, ਨ ਦੇਤੇ ਜਾਨਿ"।ਇਸ ਬਿਧਿ ਭਾਜੇ ਮੂਢ ਅਜਾਨ। ਸਭਿ ਪਹਾਰੀਏ ਟਰ ਕਰਿ ਗਏ।ਸੈਲਨ ਬਿਖੈ ਪ੍ਰਵੇਸ਼ਤਿ ਭਏ' ॥ ੩੯ ॥ ਸੁਨਿ ਕਰਿ ਧੀਰਜ ਪ੍ਰਭੁ ਬਖਾਨਾ। 'ਸਨੈ ਸਨੈ ਹਨੀਯਹਿ ਤੁਰਕਾਨਾ।ਜਨੈਂ ਜਨੈਂ ਸਿੰਘਨ ਹੋਵਹਿ ਵਾਧਾ। ਤਨੈਂ ਤਨੈਂ ਤੁਰਕਨਿ ਪ੍ਰਾਪਤਿ ਬਾਧਾ' ॥੪੦॥ ਅਪਨੇ ਘਾਇਲ ਸਿੰਘ ਉਠਾਏ। ਜੋ ਮਰਿ ਗਏ ਸੁ ਸੁਰਗ ਸਿਧਾਏ। ਕਰਿ ਇਕੱਤ੍ਰ ਤਿਨ ਦੀਨੋ ਦਾਹੁ। ਆਵਤਿ ਭਏ ਅਨੰਦਪੁਰਿ ਮਾਂਹੂ॥੪੧॥ਕਵਿਯਨਿ ਬਿਜੈ ਕਵਿੱਤ ਬਨਾਏ।ਉਤਰੇ ਪ੍ਰਭੁ ਤਬਿ ਆਨਿ ਸੁਨਾਏ। ਅਧਿਕ ਜੀਤ ਕੇ ਗੀਤ ਗਵਾਏ।ਸੁਨਿ ਸੁਨਿ ਸਗਰੇ ਨਰ ਹਰਖਾਏ॥੪੨॥ਬੈਠਿ ਗੁਰੂ ਸਿੰਘਾਸਨ ਰਾਜੇ।ਸਰਬ ਖਾਲਸਾ ਦੇਖਤਿ ਗਾਜੇ। ਮੰਗਲ ਕੀਨ ਅਨੇਕ ਪ੍ਰਕਾਰੀ। ਦੇਤਿ ਅਸੀਸ ਸਕਲ ਨਰ ਨਾਰੀ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਖਾਲਸਾ ਫਤੇ ਲੇਨ' ਪ੍ਰਸੰਗ ਬਰਨਨੰ ਨਾਮ ਨੌਮੋ ਅੰਸੂ ॥ ੯ ॥

੧੦ [ਸਤਿਗੁਰ ਮਹਿਮਾ]।

ਦੋਹਰਾ ॥ ਲੇ ਲੇ ਪਾਹੁਲ ਕਰਦ* ਕੀ ਸਿੰਘ ਜਹਾਂ ਕਹਿਂ ਜਾਇ। ਨਗਰ

[1]ਮੋੜ ਲਿਆਂਦਾ। [2]ਡਰੇ ਹੋਏ। [3](ਫਿਰ ਭੀ) ਜਿੱਤ ਨਾ ਲਈ ਗਈ। [4]ਤੁਹਾਡੇ ਕਹੇ ਮੁੜੇ ਹਾਂ, ਹੇ ਪ੍ਰਭੂ ਜੀ ! ਨਹੀਂ ਤਾਂ ਮੈਦਾਨ ਤਾਂ ਸਾਡੇ ਹੱਥ ਸੀ ਤੇ ਓਹ ਮਤ ਦੇ ਖੋਟੇ ਤੁਰਕ ਜੁੱਟ ਗਏ ਹੋਏ ਸਾਨੂੰ ਲੱਭੇ ਸੇ, ਅਸੀਂ ਉਨ੍ਹਾਂ ਨੂੰ ਰੁਲਾ ਦੇਂਦੇ,ਜਾਣ ਨਾ (ਬਚਕੇ) ਜਾਣ ਦੇਂਦੇ। [5]ਨਾਸ਼

*ਪਾ:–ਖੰਡੇ।



Sri Satguru Jagjit Singh Ji eLlibrary NamdhariElibrary@gmail.com

ਨਗਰ ਮਹਿ ਬਾਦ ਹੁਇ[1]ਗੁਰੂ ਸੰਗਤਿ ਸਮੁਦਾਇ॥੧॥ਚੌਪਈ॥ਜਾਤਿ ਪਾਤਿ ਨਹਿ ਬੱਧਸਤ ਜੋਈ[2]।ਕੇਸ਼ਕਾਛ ਨਹਿ ਮਾਨਹਿ ਤੋਈ।‘ਭੁੱਦਣ ਹੋਤਿਸੁ ਬੰਸ ਹਮਾਰੇ। ਤਿਸ ਕੋ ਤਯਾਗ ਨ ਅੰਗੀਕਾਰੇਂ॥੨॥ਸਿੱਖ ਕਦੀਮੀ ਹੈਂ ਗੁਰ ਕੇਰੇ। ਪਗ ਪਾਹੁਲ ਕੀ ਲੇਤਿ ਘਨੇਰੇ। ਕਰਦ, ਕੇਸ, ਕਛ, ਰਹਿਤ ਜੁ ਨਯਾਰੀ। ਸੋ ਨ ਕਰਹਿ ਹਮ ਅੰਗੀਕਾਰੀ’ ॥ ੩ ॥ ਇਸ ਪ੍ਰਕਾਰ ਜੋ ਹਠ ਕੋ ਕਰਤੇ। ਜਗ ਜੂਠਾਦਿਕ ਬਰਤਨ ਧਰਿਤੇ। ਤਿਨ ਕਹੁ ਸਿੰਘ ਕਰਹਿੰ ਅਪਮਾਨਾ। ਨਯਾਰੇ ਭੁਏ ਖਾਨ ਅਰੁ ਪਾਨਾ॥੪॥ਗੁਰੂ ਨਿਕਟ ਰਹਿ ਸਿਖੀਅਹਿ ਸੀਖ[3]। ਹਿੰਦੂ ਤੁਰਕ ਦ੍ਵੈ ਤੇ ਭਿਨ ਦੀਖ। ਜਗ ਸਮੁੰਦ੍ਰ ਤੇ ਸਾਰ ਨਿਕਾਰਾ। ਸੁਧਾ ਰਹਿਤ ਜਿਨ ਅੰਗੀਕਾਰਾ[4] ॥ ੫ ॥ ਭੁਏ ਸਿੰਘ ਸੁਰ ਸੇ[5] ਤਤਕਾਲਾ। ਹਲਤ ਪਲਤ ਸੁਖ ਲਹਯੋ ਬਿਸਾਲਾ।ਕੇਤਿਕ ਪਾਹੁਲ ਖੰਡੇ ਕੀ ਲਹਿ।ਸੇਵ ਗੁਰੂ ਕੋ ਜਾਹਿਂ ਸਦਨ ਮਹਿੰ[6]॥੬॥[7]ਕੇਤਿਕ ਜੀਵਨ ਮਰਨੇ ਮਾਂਹਿ। ਸੰਗੀ ਭੁਏ ਤਬਹਿ ਗੁਰ ਨਾਹਿ’।ਨਿਤਪ੍ਰਤਿ ਵਧਹਿ ਖਾਲਸਾ ਐਸੇ।ਉਪਬਨ ਮਹਿ ਤਰੁ ਸਿੰਚਤਿ ਜੈਸੇ[8] ॥੭॥ ਜਥਾ ਦੂਜ ਤੇ ਦੀਰਘ ਚੰਦ। ਦਿਨਪ੍ਰਤਿ ਹੋਵਹਿ ਤਥਾ ਬਿਲੰਦ। ਸ਼ਸਤ੍ਰਨਿ ਕੋ ਵਿਸਾਹੁ ਨਹਿ ਕਰੈਂ। ਆਗੇ ਅਰਤਿ ਤਿਸੀ ਸੰਗ ਲਰੈਂ ॥੮॥ ਸਹਿ ਨ ਸਕੈਂ ਉਚਿਤਾ ਰਿਪੁ ਕੇਰੀ। ਹੱਥਯਾਰਨਿ ਸੋ ਜੁਟ ਤਿਸ ਬੇਰੀ। ਮਾਰਨ ਕੈ ਮਰਨੈਂ ਤਿਸ ਠੌਰ।ਇਸ ਬਿਧਿ ਪਰਯੋ ਜਗਤ ਮਹਿ ਰੌਰ ॥ ੯ ॥ ਦਸ ਕੈ ਬੀਸ ਸਿੰਘ ਕਿਤ ਹੋਇਂ। ਤਹਾਂ ਮਰਨ ਮਾਰਨ ਕਰਿ ਸੋਇਂ।ਮਿਲਿ ਅਨੰਦਪੁਰ ਕੋ ਚਲਿ ਆਵੈਂ। ਸੁਖਦਾਨੀ ਕਹੁ ਦਰਸ਼ਨ ਪਾਵੈਂ ॥ ੧੦ ॥ ਚਹੁੰਦਿਸ਼ਿ ਤੇ ਹੁਇ ਮੇਲ ਇਕੱਤ੍ਰ। ਪਰਮ ਪਵਿੱਤ੍ਰ ਬਚਿੱਤ੍ਰ ਸੁ ਮਿੱਤ੍ਰ। ਜੋ ਮਰਿ ਜਾਵੈ ਸੁਰਗ ਸਿਧਾਵੈ। ਹੁਇ ਘਾਇਲ ਅਨੰਦਪੁਰਿ ਆਵੈ ॥੧੧॥ਸਾਲ ਪੱਤ੍ਰ[9] ਸਤਿਗੁਰ ਤਿਸ ਦੇਤਿ। ਇਕ ਦੁਇ ਦਿਨ ਮਹਿ ਬਨਹਿ ਸੁਚੇਤ। ਸ਼ਸਤ੍ਰ ਸੰਭਾਰ ਉਠੇ ਰਣ ਕਰਿਬੇ। ਪੀਰਾ ਨਹੀਂ ਘਾਵ ਕੀ ਧਰਿਬੇ ॥ ੧੨ ॥ ਕਾਰੀਗਰ ਅਨੇਕ ਬੁਲਵਾਏ। ਕਹਿ ਆਯੁਧ ਬਹੁ ਬਿਧਿ ਬਨ-ਵਾਏ। ਅਨਿਕ ਪ੍ਰਕਾਰਨਿ ਤੀਰ ਅਨਾਏ। ਖਰ ਖਪਰੇ ਫੌਲਾਦ ਕਰਾਏ

---

[1]ਝਗੜੇ ਹੁੰਦੇ ਹਨ (ਅਨਜ ਪੰਥੀਆਂ ਨਾਲ)। [2]ਛੰਨ੍ਹੇ ਹੋਏ। [3]ਜੇਹੜੇ ਸਿੱਖਦੇ ਹਨ ਸਿੱਖਿਆ। [4]ਅੰਮ੍ਰਿਤ ਤੇ ਰਹਤ ਜਿਨ੍ਹਾਂ ਨੇ ਅੰਗੀਕਾਰ ਕੀਤੀ ਹੈ। [5]ਦੇਵਤਿਆਂ ਵਰਗੇ। [6]ਸੇਵਾ ਕਰਕੇ ਘਰੀਂ ਚਲੇ ਜਾਂਦੇ ਹਨ। [7]ਭਾਵ, ਕਈਆਂ ਨੇ ਜੀਉਣਾ ਮਰਨਾ ਗੁਰੂ ਸੁਆਮੀ ਦੇ ਨਾਲ ਸਾਂਝਾ ਕਰ ਲਿਆ ਸੀ। [8]ਸਿੰਜਿਆ ਹੋਇਆ ਬ੍ਰਿੱਛ ਜਿਵੇਂ। [9]ਜ਼ਖਮਾਂ ਨੂੰ ਮੇਲਣ ਵਾਲਾ ਇਕ ਪੱਤਾ।

Sri Satguru Jagjit Singh Ji eLlibrary NamdhariElibrary@gmail.com

॥੧੩॥ ਸੈਲੇ ਗਨ ਅਧ ਚੰਦ੍ਰਾਕਾਰ। ਤੂੰਕੇ[1],ਮੀਨ ਮੁਖੇ[2], ਖਰ ਧਾਰ। ਗਨ ਬਦਾਮਚੋ[3] ਆਦਿਕ ਘਨੇ। ਏਕ ਮੁਹਰ ਕੰਚਨ ਕੇ ਸਨੇ॥ ੧੪ ॥ ਬਾਨ ਹਜ਼ਾਰਹੁ ਗੁਰ ਬਨਵਾਏ। ਜਿਨ ਤੇ ਚਾਹਤਿ ਦੁਸ਼ਟ ਖਪਾਏ। ਪੁਰਿ ਮੁਲ-ਤਾਨ ਆਦਿ ਤੇ ਦੂਰ। ਦੀਹ ਕਠੋਰ ਕੁਦੰਡਹਿ ਰੂਰ[4]॥ ੧੫ ॥ ਤਾਂਹਿ ਬਨਾਇ ਆਨਿ ਗੁਰ ਦੇਤਿ। ਮਨ ਭਾਵਤਿ ਬਖਸ਼ਿਸ਼ ਕੋ ਲੇਤਿ। ਕਿਤ ਤੇ ਤੋਮਰ, ਤਰ[5] ਤਰਵਾਰੈਂ। ਆਨੈ ਕੋ ਦਰਸ਼ਨ ਅਬਿਚਾਰੈ[6]* ॥੧੬॥ਅਧਿਕ ਦਰਬ ਤੇ ਲੇ ਲੇ ਜਾਂਹਿ।ਰੀਝਹਿਂ ਮੌਜ[7] ਦੇਤਿ ਗੁਰ ਤਾਂਹਿ।ਅਨਿਕ ਬਿਧਿਨਿ ਕੀ ਬਨਹਿਂ ਤੁਰੰਗ। ਲਘੁ ਦੀਰਘ ਸੁੰਦਰ ਸਰਬੰਗ॥ ੧੭ ॥ ਸਤਿਗੁਰ ਚਢਹਿਂ ਅਖੇਰ ਬਹਾਨੇ। ਦੂਰ ਦੂਰ ਲਗਿ ਦੂਨ ਪਧਾਨੇ। ਜਹਿਂ ਜਾਨਤਿ ਬੇਮੁਖ ਕੋ ਬਾਸਾ। ਤਹਾਂ ਜਾਇ ਪ੍ਰਭੁ ਕਰਨਿ ਬਿਨਾਸ਼ਾ॥ ੧੮ ॥ ਸਹਿ ਨ ਸਕਹਿਂਗੁਰਕੀ ਅਸਵਾਰੀ।ਨਿਕਸਹਿਂ ਦੁਸ਼ਟ ਸ਼ਸਤ੍ਰ ਗਹਿ ਭਾਰੀ।ਸ਼ਕਤੀ[8], ਸੈਲੇ, ਸਾਂਗ, ਸਰੋਹੀ। ਅਰਹਿਂ ਆਨਿ ਖਲ ਮੂਰਖ ਦ੍ਰੋਹੀ॥ ੧੯ ॥ ਤਿਨ ਕਹੁ ਮਾਰਿ ਕੂਟ ਗੁਰ ਆਵੈਂ। ਕ੍ਰਿਖੀ ਸਕਲ ਕੀ ਕਹੀ ਕਰਾਵੈਂ। ਨਿਤ ਪ੍ਰਤਿ ਬਢਹਿ ਖਾਲਸਾ ਦੂਣ। ਦਿਨ ਦਿਨ ਵਾਧਾ ਦੂਨ ਚਗੂਣ ॥੨੦॥ ਜੋ ਸੰਗਤਿ ਕੋ ਆਵਤਿ ਰੋਕੈ।ਸੋਤਤਕਾਲ ਸ਼ੋਕ ਅਵਿਲੋਕੈ।ਗ੍ਰਾਮ ਦੁ ਤੀਨਕ[9] ਮਾਰਿ ਨਿਵਾਰੇ। ਕਰਨੇ ਥੇਹੁ ਘਰ ਢਾਹਤਿ ਸਾਰੇ ॥੨੧॥ ਧਾਂਤੋ ਪਰੀ ਧਾਂਕ ਜਹਿ ਕਹਾਂ। ਸੰਗਤਿ ਕੋ ਨ ਕਹੈ ਕੁਛ ਕਹਾਂ। ਬੀਚ ਸਿੰਘ[10] ਹੁਇ ਆਯੁਧ ਧਾਰੀ। ਫਤੇ ਗੁਰੂ ਕੀ ਗਰਜਿ ਉਚਾਰੀ॥੨੨॥ਵਧੈ ਖਾਲਸਾ ਅਨਗਨ ਜਨੋਂ ਜਨੋਂ।ਧੂਮਧਾਮ ਕੋ ਘਾਲਤਿ ਤਨੋਂਤਨੋਂ।ਜੋ ਤੁਰਕਨਕੇ ਬਨਤਿ ਸ਼ਿਗਾਰੀ[11]। ਹੁਤੇ ਦੀਨ ਰਹਿ ਨਿਤ ਅਨੁਸਾਰੀ॥ ੨੩ ॥ ਸੋ ਖੰਡੇ ਕੀ ਪਾਹੁਲ ਲੇਕੈ। ਸ਼ਸਤ੍ਰ ਆਪਨੇ ਸੰਗ ਸਜੈ ਕੈ। ਸੋ ਪਤਿਸ਼ਾਹਨ ਕੋ ਪਤਿਸ਼ਾਹੁ।ਗਰ ਪ੍ਰਤਾਪ ਤੇ ਬਦਹਿ ਨ ਕਾਹੂ[12]॥੨੪॥ ਜੋ ਬੋਲਹਿ ਕਟੁ ਬਾਕ ਅਲਪ ਹੀ[13]। ਸ਼ਸਤ੍ਰ

[1]ਕਿੱਕਰ ਦੀ ਫਲੀ ਵਾਂਗ ਮੁਖੀ ਵੱਦੇ ਦਾਰ ਹੋਵੇ ਜਿਸ ਤੀਰ ਦੀ। [2]ਮੱਛੀ ਦੇ ਮੂੰਹ ਵਰਗੀ ਮੁਖੀ ਵਾਲੇ। [3]ਬਦਾਮ ਵਰਗੀ ਮੁਖੀ ਵਾਲੇ। [4]ਭਾਰੀ, ਸਖਤ ਤੇ ਸੁਹਣੇ ਧਨੁਖ। [5]ਬਹੁਤੀਆਂ। [6](ਅਬਿਚਾਰੈ ਭਾਵ) ਸੁਤੇ ਸਿਧ ਦਰਸ਼ਨ ਨੂੰ ਆਇਆਂ ਲੈ ਆਉਂਦਾ ਹੈ। ( ਅ ) ਲਿਆਉਂਦਾ ਹੈ ਭੇਟੀ ਦਰਸ਼ਨ (ਨੂੰ ਜਦ ਆਉਂਦਾ ਹੈ, ਅਥਵਾ—ਉਸੇ ਵੇਲੇ, ਬਾਰੇਕ) ਚਾਹੁੰਦਾ ਹੈ। [7]ਬਖਸ਼ਸ਼। [8]ਬਰਛੀ। [9]ਦੋ ਤਿੰਨ ਕੁ, ਲੋਹ ਬਮਕੂਸ਼ ਵਰਗੇ, ਜਿਨ੍ਹਾਂ ਸੰਗਤਾਂ ਲੁੱਟੀਆਂ ਮਾਰੀਆਂ ਸਨ। [10](ਸੰਗਤ) ਵਿਚ ਸਿੰਘ। [11]ਸ਼ਿੰਗਾਰ ਕਰਨ ਵਾਲੇ। [12]ਕਿਸੇ ਨੂੰ ਬਿਦਦੇ ਨਹੀਂ। [13]ਥੁਹੜਾ ਜਿਹਾ ਵੀ। *ਸ਼ੁਧ ਪਾਠ ਇਉਂ ਜਾਪਦਾ ਹੈ:—ਆਨੈ ਕਦਰ ਸ਼ਿਨਾਸ ਬਿਚਾਰੈਂ।

Sri Satguru Jagjit Singh Ji eLlibrary NamdhariElibrary@gmail.com

ਪ੍ਰਹਾਰਹਿ ਸ਼ੱਤ੍ਰ ਸੁ ਬਪਹੀਂ[1]। ਖੰਡੇ ਕੀ ਪਾਹੁਲ ਮੈਂ ਸ਼ਕਤਿ[2]। ਪੁਨ ਹੋਵਹਿ ਸ਼ਸਤ੍ਰਨਿ ਸੰਜੁਗਤ[3] ॥੨੫॥ ਮਹਾਂ ਰੰਕ ਜੋ ਦੀਨ ਸਦਾਈ। ਜੋਧਾ ਬਨਹਿ ਨ ਮਿਟਹਿ ਕਦਾਈ। ਜਿਨ ਕੈ ਸੌਚ ਸ਼ਨਾਨ ਨ ਕੋਈ। ਸੋ ਬਿੱਪ੍ਰਨ ਤੇ ਊੱਤਮ ਹੋਈ ॥ ੨੬ ॥ ਜਿਨ ਕੀ ਕੁਲ ਮੂਰਖਨਿ ਕੀ ਮਹਾਂ। ਅੱਖਰ ਭੇਵ ਨ ਜਾਨਹਿ ਕਹਾਂ। ਸੋ ਪੰਡਤਿ ਪਢਿ ਪਢਿ ਤਬਿ ਬਨੇ।ਨਿਜ ਸਮਤਾ ਕਿਸ ਕੋ ਨਹਿ ਗਿਨੇਂ॥੨੭॥ ਸਤਿਗੁਰੁ ਸ੍ਰੀ ਗੋਬਿੰਦ ਸਿੰਘ ਕਰੁਨਾ। ਪਾਇ ਭਲੇ ਜੁਗ ਚਾਰੋ ਬਰਨਾ[4]। ਇਮ ਗਾਦਰ[5] ਤੇ ਸ਼ੇਰ ਬਨਾਏ।ਬਾਇਸ[6] ਹੰਸੁ-ਚਾਲ ਸਿਖਰਾਏ ॥੨੮॥ ਮਿਹਨਤ ਕਰਹਿ ਮਜੂਰੀ ਪਾਵਹਿ। ਸੋ ਹਯ ਗਯ ਚਢਿ ਪੰਥ ਸਿਧਾਵਹਿ।ਲੋਕ ਪ੍ਰਲੋਕ ਨ ਜਾਨਹਿਂ ਜੋਊ।ਸੱਤਿਨਾਮ ਸਿਮਰੇ ਤਰਿ[7] ਸੋਊ ॥ ੨੯ ॥ ਕੌਨ ਕੌਨ ਇਸ ਬਿਧਿ ਬਡਿਆਈ। ਕਲਗ਼ੀਧਰ ਕੀ ਕਹਹਿ ਬਨਾਈ। ਆਗੇ ਜਗ ਮਹਿ ਭਯੋ ਨ ਕੋਊ।ਇਮ ਉਪਕਾਰ ਕਰਹਿ ਜਗ ਜੋਊ ॥ ੩੦ ॥ ਰਾਮ ਚੰਦ੍ਰ ਆਦਿਕ ਅਵਤਾਰ। ਕਰੇ ਤਿਨਹੁਂ ਭੀ ਬਡ ਉਪਕਾਰ। ਬਿਦਤਿ ਅਹੈਂ ਜਗ ਨਾਹਿ ਨ ਛਾਨੇ। ਸੁਨਿ ਪਠਿ ਕਥਾ ਸੁਮਤਿ ਸਭਿ ਜਾਨੇਂ ॥੩੧॥ ਜਥਾ ਜੋਗ ਜੇ ਕਰਹਿ ਬਿਚਾਰਨ[8]। ਇਨਹੁ ਸਾਰਖੇ[9] ਭੇ ਉਪਕਾਰਿ ਨ। ਮੁਢ ਤੋਂਕ ਜੋ ਪੁਸ਼ਤਨ ਕੇਰੇ[10]। ਜੁਗ ਲੋਕਨਿ ਸੁਖ ਤਿਨਹੁ ਘਨੇਰੇ ॥ ੩੨ ॥ ਜ਼ਾਹਰ ਮਹਾਂ ਜਗਤ ਮਹੁ ਸਾਰੇ। ਧੰਨ ਧੰਨ ਗੁਰ ਪਰਮ ਉਦਾਰੇ। ਜੋ ਮਹਿਮਾ ਲਖਿ ਪਰੇ ਨ ਸ਼ਰਨੀ। ਹਿੰਦੂ ਜਨਮ ਨ ਲਖਿ ਗੁਰ ਕਰਨੀ ॥ ੩੩ ॥ ਹਿੰਦੁ ਧਰਮ ਕੋ ਰਾਖਨਿ ਕੀਨਾ। ਰਾਜ ਤੇਜ ਤੁਰਕਨਿ ਕੋ ਛੀਨਾ। ਅਸ ਮਹਿਮਾ ਕੋ ਜਾਨੇ ਜੋਇ ਨ। ਅਸ ਕ੍ਰਿਤ-ਘਨੀ ਤਿਨੈ ਸਮ ਕੋਇ ਨ* ॥੩੪॥ ਧੰਨ ਧੰਨ ਸਤਿਗੁਰ ਸੁਖਦਾਤੇ।ਕਰਨੋ ਖਾਲਸਾ ਪ੍ਰਗਟ ਬਿਧਾਤੇ। ਅਵਿਨੀ ਭਾਰ ਨਿਵਾਰਨ ਕਾਰਨ। ਰਚਯੋ ਬੀਰ ਤੁਰਕਨਿ ਸੈਨ ਦਾਰੁਨ ॥੩੫॥ ਗਿਰਪਤਿ ਸੰਗ ਬ੍ਰਿਧਾਯਹੁ ਝੇਰੇ। ਜਿਸ ਤੇ ਆਨਹਿ ਤੁਰਕ ਘਨੇਰੇ।—ਜਨੌਂ ਜਨੌਂ ਆਵਹਿ ਤਨੌਂ ਤਨੌਂ ਘਾਵਹਿਂ—।ਇਹੀ ਬਨੌਤ ਸਤਿਗੁਰੁ ਬਨਾਵਹਿਂ ॥ ੩੬ ॥ ਭੀਮਚੰਦ ਆਦਿਕ ਸਭਿ ਰਾਜੇ।

[1]ਠੱਪ ਦਿੰਦੇ ਹਨ। [2](ਇਕ) ਖੰਡੇ ਦੀ ਪਾਹੁਲ ਦੀ ਸ਼ਕਤੀ। [3](ਦੂਜਾ) ਫਿਰ ਸ਼ਸਤ੍ਰਾਂ ਨਾਲ ਹੋਣਾ। [4]ਚਹੁੰ ਵਰਣਾਂ ਨੇ ਭਲੀ ਪ੍ਰਕਾਰ ਕਲਜੁਗ ਵਿਚ ਪਾਈ ਗੁਰੂ ਜੀ ਦੀ-ਕ੍ਰਿਪਾ। [5]ਗਿੱਦੜ। [6]ਕਾਵਾਂ ਨੂੰ। [7]ਤਰ ਗਏ। [8]ਵਿਚਾਰ ਕਰੀਏ ਤਾਂ। [9]ਭਾਵ ਕਲਗੀਧਰ ਜੀ ਵਰਗੇ। [10]ਪੀਹੜੀਆਂ ਦੇ।

*ਇਸ ਖ਼ਯਾਲ ਨੂੰ ਕਵੀ ਜੀ ਨੇ ਬਾਲਮੀਕ ਰਾਮਾਯਣ ਦੇ ਅਨੁਵਾਦ ਵਿਚ ਭੀ ਦਿਤਾ ਹੈ:—

ਸੋਰਠਾ—ਹਿੰਦੁ ਜਨਮ ਹੁਇ ਜੌਨ ਗੁਰ ਉਪਕਾਰ ਨ ਲਖਿ ਭਜੇ॥
ਅਧਮ ਕ੍ਰਿਤਘਨੀ ਕੌਨ ਤਿਸ ਤੇ ਪਰੇ ਬਿਚਾਰੀਏ॥ [ਲੰਕਾ ਕਾਂਡ, ਸ: ੧

Sri Satguru Jagjit Singh Ji eLlibrary NamdhariElibrary@gmail.com

ਮਿਲ੍ਯੋ ਨ ਗੁਰ ਸਮ, ਕਰਹਿਂ ਕੁਕਾਜੇ। ਗੁਰ ਮਾਯਾ ਸੋ ਪੂਰਨ ਕਰੇ।
ਤੁਰਕ ਸ਼ਰਨਿ ਪਹੁੰਚਨਿ ਚਿਤ ਧਰੇ॥੩੭॥ਨਿਤ ਪੁਕਾਰ ਪਰਜਾ ਕੀ ਸੁਨੈ।
ਮਿਲਿ ਮਿਲਿ ਰਾਜੇ ਜਤਨਨਿ ਗੁਨੈ।'ਦਿੱਲੀ ਚਲਹਿ ਕਹਹਿ ਅਹਿਵਾਲ।
ਸੁਨਿ ਕਰਿ ਸੂਬਾ ਰਿਸਹਿ ਬਿਸਾਲ ॥੩੮॥–ਇਕ ਉਮਰਾਵ ਪੈਂਡਖਾਂ ਮਾਰਾ।
ਦੀਨਬੇਗ ਘਾਯਲ ਕਰਿ ਡਾਰਾ। ਸੈਨਾ ਦੀਰਘ ਮਾਰਿ ਪਲਾਈ। ਕਿਮ
ਹਮਰੋ ਦਲ ਠਹਿਰ ਸਕਾਈ ॥ ੩੯ ॥ ਸ਼ਾਹੁ ਚਢ੍ਯੋ ਗਾ ਦੱਖਣ ਬਿਖੈ–।
ਇਹ ਸੂਬਾ ਸਗਰੀ ਬਿਧਿ ਲਿਖੈ। ਹਮ ਭੀ ਅਪਨੇ ਸਚਿਵ ਪਠਾਵਹਿਂ। ਗੁਰ
ਜਬਰੀ ਕੋ ਸਰਬ ਸੁਨਾਵਹਿਂ ॥ ੪੦ ॥ ਰਿਸਹਿ ਸ਼ਾਹੁ ਸੁਨਿ ਧੁਮ ਬਿਸਾਲਾ।
ਪੁਨ ਲਸ਼ਕਰ ਭੇਜਹਿ ਇਤ ਜਾਲਾ।ਤਬਿ ਅਨੰਦਪੁਰਿ ਕੋ ਛੁਰਵਾਇ। ਗੁਰ
ਕੋ ਹਤਹਿ ਕਿ ਦੇਹਿਂ ਪਲਾਇ ॥ ੪੧ ॥ ਤਬਿ ਠਹਿਰੈਗੋ ਰਾਜ ਹਮਾਰਾ'।
ਇਸ ਪ੍ਰਕਾਰ ਗਿਰਪਤਿਨਿ ਬਿਚਾਰਾ।ਭਏ ਤਯਾਰ ਦਿੱਲੀ ਕਹੁ ਜਾਨੇ।ਲਈ
ਉਪਾਇਨ ਮੋਲ ਮਹਾਨੇ ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ
ਰੁਤੇ 'ਗੁਰ ਮਹਿਮਾ' ਬਰਨਨੰ ਨਾਮ ਦਸਮੋ ਅੰਸੂ ॥ ੧੦ ॥

੧੧. [ਭੀਮ ਚੰਦ ਦੀ ਧਮਕੀ]।

ਦੋਹਰਾ ॥ ਇਸ ਬਿਧਿ ਦੁਖ ਤੇ ਮੰਤ੍ਰ[2] ਕੋ ਕਰਤਿ ਮਿਲਤਿ ਗਿਰਰਾਜ[3]। ਤਬਿ
ਹੰਡੂਰੀਏ ਸੁਨਿ ਸਕਲ ਕਰਨਿ ਪੁਕਾਰ ਕੁਕਾਜ[4] ॥ ੧ ॥ ਚੌਪਈ ॥ ਚਢਿ
ਕਰਿ ਆਇ ਮਿਲ੍ਯੋ ਤਿਹ ਕਾਲ। ਭਾਖ੍ਯੋ ਮੁਖ ਤੇ ਸਭਿ ਅਹਿਵਾਲ।[1]'ਗੁਰ
ਤੇ ਤ੍ਰਾਸ ਭਯੋ ਸਭਿ ਰਾਜੇ। ਲੂਟ ਕੂਟ ਕਰਿ ਲੀਨਿ ਕੁਕਾਜੇ ॥ ੨ ॥ ਏਕ
ਹੋਇ ਕਰਿ ਸੈਨ ਸਕੇਲੇ[5]। ਤੀਨ ਲਾਖ ਗਿਨਤੀ ਹੁਇ ਮੇਲੇ। ਕਹਾਂ ਗੁਰੂ
ਢਿਗ ਸਿੰਘ ਇਤੇਕ। ਜਿਸਤੇ ਰਹਿ ਮਵਾਸ ਗਹਿ ਟੇਕ[6]॥੩॥ਘੇਰਹਿ ਚਹੁੰ-
ਦਿਸ਼ਿ ਤੇ ਕਰਿ ਡੇਰੇ। ਨਹਿ ਅੰਤਰ ਕੁਛ ਜਮਾ ਘਨੇਰੇ[7]। ਕੇਤਿਕ ਦਿਨ
ਮਹਿ ਵਹਿਰ ਨਿਕਾਰਹਿ।ਨਾਂਹਿ ਤ ਹੇਲ ਘਾਲਿ[8]ਗਢ ਮਾਰਹਿ ॥ ੪ ॥ ਜੋ
ਐਸੇ ਹੀ ਕੁਛ ਬਨ ਜਾਇ। ਰਹੈ ਮਵਾਸ ਮਾਰ ਨਹਿ ਖਾਇ। ਤੌ ਹਜ਼ਰਤ
ਕੇ ਪਾਸ ਪਧਾਰਹਿ। ਜਥਾ ਜੋਗ ਹੈ ਕਰਹੁ ਬਿਚਾਰਨਿ ॥ ੫ ॥ ਤ੍ਰਿਪਤ ਭਏ
ਨਹਿ ਲਰਿ ਕਰਿ ਕਬਿਹੂੰ[9]।ਬਿਨਾ ਲਰੇ ਕਰਿ ਗਮਨਹੁ ਅਬਿਹੂੰ। ਗ੍ਰਾਮ ਸੈਂ-
ਕਰੇ ਗੁਜਰ ਬਾਸਾ। ਲਰਿਬੇ ਬਿਖੈ ਬਲੀ ਬਿਨ ਤ੍ਰਾਸਾ ॥ ੬ ॥ ਤਥਾ ਗ੍ਰਾਮ

---

[1]ਰਾਜੇ ਆਪੋ ਵਿਚ ਕਹਿੰਦੇ ਹਨ। [2]ਸਲਾਹ। [3]ਪਹਾੜੀਏ ਰਾਜੇ। [4]ਖੋਟਾ ਕੰਮ (ਅਰਥਾਤ) ਪੁਕਾਰ ਕਰਨ ਦੀ ਸਲਾਹ ਸੁਣਕੇ। [5]ਸਾਰੇ ਰਾਜੇ ਇਕ ਹੋਕੇ ਜੋ ਸੈਨਾਂ ਇਕੱਠੀ ਕਰੀਏ। [6]ਆਸਰਾ ਫੜ ਕੇ। [7](ਖਾਣ ਪੀਣ ਦੀਆਂ ਚੀਜ਼ਾਂ) ਅੰਦਰ ਕੁਛ ਜਮਾ ਨਹੀਂ ਹਨ। [8]ਹੱਲਾ ਕਰਕੇ। [9]ਅਸੀਂ ਰੱਜਕੇ ਕਦੇ ਨਹੀਂ ਲੜੇ।

Sri Satguru Jagjit Singh Ji eLlibrary NamdhariElibrary@gmail.com

ਰੰਘਰ ਬਸਿ ਘਨੇ। ਸਭਿ ਕੋ ਗੁਰ ਦਲ ਦੇ ਦੁਖ ਹਨੇ[1]। ਤਿਨ ਸਭਿਹਿਨਿ
ਕੋ ਲੇਹੁ ਬੁਲਾਈ। ਹੋਇ ਹਜ਼ਾਰਹੁੰ ਮਿਲਿ ਇਕ ਬਾਂਈ ॥੭॥ ਸੈਨ ਸਮੇਤ
ਕਟੋਚਿ[2] ਹਕਾਰਹੁ। ਜੰਮੂ ਤੇ ਬੁਲਾਇ ਸਤਿਕਾਰਹੁ। ਨੂਰ ਪੁਰੇ ਕੋ ਰਾਜਾ
ਆਵਹਿ। ਮੰਡਸਪਤੀ[3], ਭੁਟੰਤੀ ਧਾਵਹਿ॥੮॥ ਕੁੱਲੂ ਕੈਂਠਲ[4] ਭੂਪ ਗੁਲੇਰੀ।
ਆਇ ਦੜੋਲਨ ਪਤਿ ਚੰਦੇਰੀ। ਸਿਰੀ ਨਗਰ[5] ਤੇ ਚਮੂੰ ਬਿਸਾਲਾ।
ਨ੍ਰਿਪ ਬਿਸ਼ਹਰ[6] ਤੇ ਸੁਭਟ ਕਰਾਲਾ॥੯॥ ਸੈਨ ਸਹਿਤ ਡਢਵਾਰੀ ਆਵਹਿ।
ਸਭਿ ਸੋਂ ਲਿਖਹੁ-ਕਿ ਭੂਪ ਬੁਲਾਵਹਿ। ਜੋ ਇਸ ਸਮੇਂ ਨ ਮਿਲਿ ਹੈ
ਆਈ। ਸੋ ਸਭਿ ਕੋ ਦੁਸ਼ਮਨ ਬਨ ਜਾਈ-॥੧੦॥ ਕਰਿ ਉਦਯੋਗ[7] ਪ੍ਰਥਮ
ਤੂੰ ਆਪ। ਪੁਨ ਸਭਿ ਮਿਲਹਿ ਬਿਲੋਕਿ ਪ੍ਰਤਾਪ'। ਇਮ ਹੰਡੂਰੀਏ ਮਸਲਤ
ਦੀਨੀ। ਭੀਮਚੰਦ ਚਿਤਵਤਿ ਚਿਤ ਦੀਨੀ[8] ॥ ੧੧ ॥ 'ਸੁਨਿ ਭ੍ਰਾਤਾ !
ਕਹਿ ਨੀਕੀ ਬਾਤਿ। ਅਬਿ ਲੌ ਹਮ ਨ ਲਰੇ ਭਲਿ ਭਾਂਤਿ। ਸਭਿ ਇਕ
ਬਲ ਮਿਲਿ ਕਰਿ ਜੋ ਲਰਹਿ। ਪੁਨ ਹਮ ਆਗੇ ਕੌਨ ਸੁ ਅਰਹਿ ॥ ੧੨ ॥
ਅਪਰਨਿ ਕੀ ਗਿਨਤੀ ਕਹੁ ਕਹਾਂ। ਚਿੰਤਾ ਪਰਹਿ ਸ਼ਾਹੁ ਕੋ ਮਹਾਂ। ਤਵ
ਉੱਦਮ ਤੇ ਇਸ ਬਿਧਿ ਬਨੈ। ਜੌ[9] ਨ ਮਿਲਹਿ ਅਬਿ ਤਿਹ ਸਭਿ ਹਨੈਂ ॥੧੩॥
ਇਹ ਡਰ ਸਭਿ ਕੋ ਲਿਖਹੁ ਪਠਾਵਹੁ।-ਗੁਰ ਪਰ ਹੈ ਮੁਹਿੰਮ, ਚਢਿ
ਆਵਹੁ। ਨਾਂਹਿ ਤ ਸਭਿ ਕੋ ਹੈ ਦੁਖਦਾਈ। ਲੇਹਿ ਖਾਲਸਾ ਰਾਜ ਛਿਨਾਈ
॥੧੪॥ ਮਿਲਿ ਕੈ ਲਰਹੁ ਬਚਯੋ ਜੋ ਚਾਹਤਿ। ਨਤੁ ਕ੍ਰਿਖਿ ਲੂਟਹਿ ਗ੍ਰਾਮਨ
ਦਾਹਤਿ[10]। ਜਥਾ ਸ਼ਕਤਿ ਕਰਿ ਕਰਿ ਨਿਜ ਚਮੂੰ। ਤੂਰਨ ਮਿਲਹੁ ਆਨਿ
ਕਰਿ ਹਮੂੰ-' ॥੧੫॥ ਦੋਨਹੁੰ ਨ੍ਰਿਪ ਮਸਲਤ ਕੋ ਧਰਿਕੈ। ਲਿਖੇ ਪੱਤ੍ਰ ਸਭਿ
ਸੋਂ ਹਿਤ ਕਰਿਕੈ। ਦਲ ਆਰਾਸਤ ਅਪਨੋ ਕੀਨਾ[11]। ਜੰਗ ਸਮਾਨ ਸਭਿਨਿ
ਕੌ ਦੀਨਾ ॥ ੧੬ ॥ ਸੈਲਨਾਥ ਜੇਤਿਕ ਸੁਨਿ ਸਾਰੇ। 'ਭੀਮਚੰਦ ਨ੍ਰਿਪ
ਬਡੋ ਹਕਾਰੇ'। ਜੋਰਿ ਜੋਰਿ ਕਰਿ ਚਮੂੰ ਘਨੇਰੀ। ਸਭਿ ਮਉਜੂਦ ਭਏ ਤਿਸ
ਬੇਰੀ ॥ ੧੭ ॥ ਕਰਨੈ ਸਿਵਰ ਦੂਨ ਸੁ ਕਹਿਲੂਰ। ਦੇਖਿ ਦੇਖਿ ਨ੍ਰਿਪ ਹੋਤਿ
ਗ਼ਰੂਰ। ਦਾਨ ਮਾਨ ਸਕਲਨਿ ਕੋ ਕਰਨੋ। ਖਾਨ ਪਾਨ ਆਦਿਕ ਸੁਖ

[1]ਦੁੱਖ ਦੇਕੇ ਗੁਰੂ ਦੇ ਦਲ ਨੇ ਮਾਰਿਆ ਹੈ। [2]ਕਟੋਚੀਆ। [3]ਮੰਡੀ ਦਾ ਰਾਜਾ। [4]ਅਜ ਕਲ ਇਹ
ਸ਼ਿਮਲੇ ਦੇ ਜ਼ਿਲੇ ਵਿੱਚ ਹੈ, ਕਜੌਂਥਲ ਇਸ ਦਾ ਪ੍ਰਸਿੱਧ ਨਾਮ ਹੈ। [5]ਗੜ੍ਹਵਾਲ ਦੀ ਰਾਜਧਾਨੀ।
[6]ਰਾਮਪੁਰ ਬੁਸ਼ਹਰ। [7]ਉੱਦਮ। [8]ਚਿਤ ਦੇਕੇ ਚਿਤਵਨ ਲੱਗਾ। [9]ਜੋ (ਰਾਜਾ)। [10]ਸਾੜਕੇ।
[11]ਤਿਆਰ ਕੀਤਾ [ਫ਼ਾ:, ਆਰਾਸਤਹ]।

Sri Satguru Jagjit Singh Ji eLlibrary NamdhariElibrary@gmail.com

ਧਰਨੋ ॥੧੮॥ਸੁਪਤਿ ਜਥਾ ਸੁਖ ਰਾਤਿ ਬਿਤਾਈ। ਭਈ ਪ੍ਰਾਤ ਨਿਜ ਸਭਾ ਲਗਾਈ। ਭੀਮ ਚੰਦ ਬਡ ਫਰਸ਼ ਕਰਾਏ। ਸੈਲਨਾਥ ਸਗਰੇ ਤਬਿ ਆਏ ॥ ੧੯ ॥ ਖੜਗ ਸਿਪਰ ਸਰ ਧਨੁਖ ਕਰਾਲੇ। ਅਪਨੇ ਅੰਗ ਸਜਾਇ ਬਿਸਾਲੇ। ਪ੍ਰਥਮ ਹੰਡੂਰੀ ਅਰੁ ਜਸਵਾਲ। ਗਰਬ ਕਟੋਚੀ ਆਇ ਉਤਾਲ ॥ ੨੦ ॥ ਨਾਮ ਘਮੰਡ ਚੰਦ ਤਿਸ ਕੇਰਾ। ਬੈਠੇ ਸਭਾ ਬਿਖੈ ਨ੍ਰਿਪ ਹੇਰਾ। ਜੰਮੂ ਨਾਥ ਆਦਿ ਸਭਿ ਆਏ। ਭੀਮਚੰਦ ਸਨਮਾਨਿ ਬਿਠਾਏ॥੨੧॥ ਗਨ ਰਾਜਨਿ ਕੀ ਸਭਾ ਮਝਾਰਾ।ਕਹਿਲੂਰੀ ਮਹਿਪਾਲ ਉਚਾਰਾ। 'ਸਭਿ ਕੋ ਹਿਤ ਲਿਹੁ ਰਿਦੈ ਬਿਚਾਰੀ। ਪ੍ਰਗਟਨੋ ਸ਼ੱਤ੍ਰੂ ਖਾਲਸਾ ਭਾਰੀ ॥ ੨੨ ॥ ਸ਼ਾਮ ਦਾਮ ਅਰੁ ਭੇਦ ਉਪਾਇ। ਗੁਰੁ ਕੇ ਸੰਗ ਨ ਇਹੁ ਬਨਿ ਆਇ। ਕਰੀ ਸ਼ਾਮ ਤਬਿ ਕਹੀ ਕਰਾਵੈ[1]। ਖੇਤੀ ਵਹਿਰ ਨ ਪਾਕਨ ਪਾਵੈ ॥ ੨੩॥ ਦਾਮ ਦੇਹਿ ਪੁਨ ਲੂਟਹਿ ਗ੍ਰਾਮ[2]*। ਸਭਿ ਦਿਸ਼ਿ ਪਾਈ ਧੂੰਮਨ ਧਾਮ। ਭੇਦ ਨ ਬਨਹਿ ਗੁਰੂ ਸਿਖ ਅਹੈ[3]। ਜਿਸ ਕੋ ਨਾਮ ਸਿਮਰਤੇ ਰਹੈਂ[4] ॥ ੨੪॥ ਇਹ ਬਿਖਾਦ ਕੁਛ ਮੋਕਹੁ ਨਾਂਹੀ[5]। ਸੰਸੈ ਸਭਿ ਕੈ ਰਾਜਨਿ ਮਾਂਹੀ। ਦਿਨ ਪ੍ਰਤਿ ਵਧਹਿ ਪਾਹੁਲਾਂ ਲੈਤਿ। ਆਠਹੁੰ ਜਾਮ ਲਰਨਿ ਸਨ ਹੇਤ ॥ ੨੫ ॥ ਅਬਿ ਉਪਾਵ ਸਭਿ ਤੇ ਹੁਇ ਆਵੈ। ਮਿਲਹੁ ਲਰਹੁ ਗੁਰਪੁਰਾ ਛਿਨਾਵੈਂ। ਰਾਖਨੋ ਰਹੈ ਮੇਲ ਸਭਿ ਰਾਜਨਿ। ਕਰਹਿ ਸੁਧਾਰਨਿ ਅਪਨੇ ਕਾਜਨਿ ॥੨੬॥ ਸੋ ਅਬਿ ਚਲਹਿ ਅਨੰਦਪੁਰ ਲਰਿਬੇ। ਪੁਨ ਸੁਖ ਸਾਥ ਰਾਜ ਨਿਜ ਕਰਿਬੇ। ਜੋ ਮਿਟਿ ਰਹਹਿਂ[6] ਨ ਆਛੀ ਤਾਂਹਿ।ਰਿਪੁ ਸਭਿ ਕੋ,ਨਹਿੰ ਮੇਲੀ ਕਾਂਹਿ' ॥੨੭॥ ਸੁਨਤਿ ਕਟੋਚ ਹੰਡੂਰੀ ਕਹੈ।'ਰਾਜੇ ਸਕਲ ਮਿਲੇ ਅਬਿ ਅਹੈਂ।ਨਹਿ ਆਛੀ ਕਿਸ ਕੋ ਇਹ ਬਾਤ। ਬਿਗਰਹਿ ਦੇਸ਼ ਰਾਜ ਦਿਨ ਰਾਤ ॥ ੨੮ ॥ ਹੋਤਿ ਪ੍ਰਾਤਿ ਕੇ ਕੂਚ ਕਰੀਜੈ। ਘੇਰਾ ਆਨੰਦਪੁਰਿ ਕਰਿ ਲੀਜੈ। ਬਸੈ ਅਪਰ

---

[1]ਜੇ ਸ਼ਾਮ ਕਰਾਂਗੇ ਤਾਂ ਸਾਡੀਆਂ ਖੇਤੀਆਂ ਦੀ ਕਹੀ ਕਰਾਵੇਗਾ [ਸ਼ਾਮ=ਮਿੱਤ੍ਰਤਾ। ਦਾਮ=ਦਾਮ ਦੇਣਾ ਭਾਵ ਧਨ ਦੇਕੇ ਵਸ਼ ਕਰਨਾ। ਭੇਦ=ਫਰਕ ਪਾਉਣਾ, ਵੈਰੀ ਦੇ ਘਰ ਆਪੋਂ ਵਿਚ ਫੁੱਟ ਪਾਉਣੀ]। [2]ਜੇ ਦਾਮ ਦੇਈਏ ਤਾਂ ਪਿੰਡ ਲੁੱਟਣਗੇ। [3]ਭੇਦ ਤਾਂ ਬਣ ਨਹੀਂ ਆਉਣਾ ( ਕਿਉਂਕਿ ਖਾਲਸੇ ਤੇ ਗੁਰੂ ਦਾ ਸੰਬੰਧ) ਗੁਰ ਸਿੱਖ ਦਾ ਹੈ। [4]ਜਿਸ ਦਾ ਨਾਮ ਜਪਦੇ ਰਹਿੰਦੇ ਹਨ ਉਸ ਨਾਲ ਕੀਕੂੰ ਫਟਣਗੇ)। [5]ਦੁਖ ਕੁਛ ਮੈਂ (ਇਕੱਲੇ) ਨੂੰ ਨਹੀਂ। [6]ਜੇ ਰਾਜਾ ਹੁਣ ਪਿੱਛੇ ਹਟਿਆ ਰਹੇ।

*ਇਹ ਰਾਜਾ ਦੂਸਰਿਆਂ ਨੂੰ ਉਕਸਾਉਣ ਲਈ ਝੂਠ ਬੋਲ ਰਿਹਾ ਹੈ। ਕਿਉਂਕਿ ਜਦੋਂ ਰਾਜੇ ਸੁਲਹ ਸਾਲਸੀ ਨਾਲ ਵਰਤਦੇ ਰਹੇ ਹਨ ਤਾਂ ਸਿੱਖ ਮੁੱਲ ਦੇਕੇ ਚਾਰੇ ਲੈਂਦੇ ਰਹੇ ਹਨ। ਦਾਮ ਰਾਜਿਆਂ ਕਦੇ ਦਿਤੇ ਹੀ ਨਹੀਂ।

Sri Satguru Jagjit Singh Ji eLlibrary NamdhariElibrary@gmail.com

ਬਲ, ਗੁਰੂ ਨਿਕਾਸਹੁ। ਤਿਤਿਕ ਸਿੰਘ ਲਰਿ ਸਕਲ ਬਿਨਾਸਹੁ' ॥ ੨੯ ॥ ਕਹਤੋ ਕੇਸਰੀਚੰਦ ਸਭਿਨਿ ਮੈਂ। 'ਕੌਨ ਮੁਰੈਗੋ ਭ੍ਰਾਤਨਿ ਰਨ ਮੈਂ[1]। ਤਨ ਮਨ ਧਨ ਕਰਿ ਸਗਲੇ ਲਰੈਂ। ਧਰਹਿੰ ਅੱਗ੍ਰ ਪਗ, ਪਾਛ ਨ ਮੁਰੈਂ' ॥੩੦॥ ਇੱਤ੍ਯਾਦਿਕ ਕਹਿ ਸਭਿਹਿਨਿ ਮਾਨੀ। ਉਠੀ ਸਭਾ ਗੇ ਨਿਜ ਨਿਜ ਥਾਨੀ। ਲਰਨ ਸਮਾਜ ਤਯਾਰ ਤਬਿ ਕਰਯੋ। ਪੈਦਲ ਅਸਵਾਰਨ ਦਲ ਜੁਰਯੋ ॥ ੩੧ ॥ ਗੁਲਕਾਂ ਗਨ ਬਰੂਦ ਬਹੁ ਦੇਤਿ। ਨਿਜ ਨਿਜ ਮਿਸਲਨਿ ਬਨੇ ਸੁਚੇਤ। ਸਗਰੀ ਰਾਤਿ ਕਰੀ ਸਭਿ ਤਯਾਰੀ। ਨਿੰਦ੍ਰਾ ਅਲਪ ਬਿਲੋਚਨ ਧਾਰੀ ॥ ੩੨ ॥ ਭਈ ਪ੍ਰਾਤਿ ਆਲਸ ਕੋ ਟਾਰਾ। ਭੀਮਚੰਦ ਬਜਵਾਇ ਨਗਾਰਾ। ਕਰਿ ਸ਼ਨਾਨ ਬਸਤ੍ਰਨਿ ਕੋ ਪਾਏ। ਖੜਗ ਸਿਪਰ ਅਪਨੇ ਅੰਗ ਲਾਏ ॥ ੩੩ ॥ ਚਢ੍ਹਿ ਗਜ ਪਰ ਲੇ ਰਾਜਨਿ ਸੰਗ। ਸਭਿ ਕੇ ਦੁੰਦਭਿ ਬਜੇ ਉਤੰਗ। ਇਕ ਦੁਇ ਕੋਸ ਚਲੇ ਤਬਿ ਆਯੋ। ਵਹਿਰ ਨਿਕਸ ਕਰਿ ਸਿਵਰ ਲਗਾਯੋ ॥ ੩੪ ॥ ਮਿਲਿ ਰਾਜੇ ਗਨ ਪੱਤ੍ਰ ਲਿਖਾਯੋ। ਦੂਤ ਹਾਥ ਤਤਕਾਲ ਪਠਾਯੋ। ਆਗੇ ਸਤਿਗੁਰ ਸੁਨਿ ਸੁਧ ਸਾਰੀ। ਕਰੀ ਜੁੱਧ ਕੀ ਸਭਿ ਬਿਧਿ ਤਯਾਰੀ ॥੩੫॥ ਬੈਠੇ ਹੁਤੇ ਦਿਵਾਨ ਮਝਾਰਾ। ਪਾਸ ਖਾਲਸਾ ਸ਼ੋਭ ਉਦਾਰਾ। ਪਹੁੰਚਯੋ ਪੱਤ੍ਰ ਖੁਲਾਇ ਪਠਾਯੋ। ਧੁਨਿ ਊਚੀ ਤੇ ਸਭਿਨਿ ਸੁਨਾਯੋ:- ॥੩੬॥ 'ਸੁਨੋਂ ਗੁਰੂ ਜੀ! ਥਾਨ ਹਮਾਰਾ। ਜਹਿਂ ਅਨੰਦਪੁਰਿ ਬਸਯੋ ਤੁਮਾਰਾ। ਸ੍ਰੀ ਗੁਰ ਤੇਗ ਬਹਾਦਰ ਲੀਨਿ। ਹਮ ਕੋ ਕਈ ਬੇਰ ਧਨ ਦੀਨਿ* ॥ ੩੭ ॥ ਜਬਿ ਕੋ ਬਾਸ ਆਪ ਨੇ ਕਰਯੋ। ਤਬਿ ਕੋ ਦਯੋ ਨ, ਕਯਾ ਮਨ ਧਰਯੋ। ਅਬਹਿ ਆਪਨੋ ਪੰਥ ਉਪਾਯੋ। ਹਥਯਾਰਨ ਕੋ ਹਾਥ ਗਹਾਯੋ ॥ ੩੮ ॥ ਲੂਟ ਕੂਟ ਕਰਿ ਦੂਨ ਉਜਾਰੀ। ਲਰਨਿ ਮਰਨਿ ਨਿਤ ਧੂਮ ਉਤਾਰੀ। ਅਬਿ ਲੌ ਮੈਂ ਕੀਨਸਿ ਬਹੁ ਟਾਰਾ। ਦੇਨਿ ਰਹਯੋ ਧਨ, ਦੇਸ਼ ਉਜਾਰਾ[2] ॥ ੩੯ ॥ ਕੇਤਿਕ ਹਮਰੇ ਸੁਭਟ ਖਪਾਏ। ਕਿਤਿਕ ਪਰੇ ਘਾਯਲ ਦੁਖ ਪਾਏ। ਅਬਿ ਜੋ ਕਰਿ ਰਸ ਰਾਖਯੋ ਚਾਹਤਿ। ਬਸਨ ਅਨੰਦਪੁਰਿ ਬਿਖੇ ਉਮਾਹਤਿ ॥ ੪੦ ॥ ਦਯਾ ਕਰਹੁ ਦੀਜੈ ਸਭਿ ਦਾਮੂ। ਬਸਹੁ ਆਪ ਬਿਗਰਹਿ ਨਹਿ ਕਾਮੂ। ਨਾਂਹਿ ਤ ਕ੍ਰੁੱਧ ਵਧਯੋ ਹੁਇ ਜੁੱਧ। ਹਿਰਦੈ ਸੁੱਧ ਵਿਚਾਰਹੁ ਬੁੱਧਿ ॥ ੪੧ ॥ ਉਤ ਤੁਰ

---

[1]ਭਾਈਆਂ ਦੇ ਜੰਗ ਵਿਚੋਂ। [2]ਧਨ ਦੇਣਾ ਤਾਂ ਕਿਤੇ ਰਿਹਾ ਸਗੋਂ ਦੇਸ਼ ਉਜਾੜ ਦਿਤਾ।

*ਮਾਖੋਵਾਲ ਦਾ ਥੇਹ ਧਨ ਦੇਕੇ ਖਰੀਦਿਆ ਸੀ ਨਾਵੇਂ ਗੁਰੂ ਜੀ ਨੇ। ਬਾਰ ਬਾਰ ਧਨ ਦੇਣ ਦਾ ਕਿਤੇ ਜ਼ਿਕਰ ਨਹੀਂ, ਰਾਜਾ ਐਵੇਂ ਫੜ੍ਹ ਮਾਰ ਰਿਹਾ ਹੈ। ਇਹੋ ਰਾਜੇ ਦੀ ਝੂਠੀ ਮੰਗ ਭੰਗਾਣੀ ਜੁੱਧ ਜਿੱਤਣ ਦੇ ਬਾਦ ਦੂਰ ਕੀਤੀ ਸੀ। ਦੇਖੋ ਰੁਤ ੨ ਅੰਸੂ ੪੩ ਦੇ ਅੰਕ ੩੪ ਦੀ।

ਕਨਿ ਸਨ ਬੈਰ ਤੁਮਾਰਾ। ਇਤ ਹਮ ਸਾਥ ਵਧੀ ਬਹੁ ਰਾਰਾ।ਦੋਨਹੁਂ ਦਿਸ਼ਿ ਤੇ ਦਲ ਉਮਡਾਵੈ। ਸਭਿ ਜਗ ਸੁਭਟ[1] ਤੁਮਹੁ ਪਰ ਧਾਵੈਂ ॥ ੪੨ ॥ ਪਰਹਿ ਭੀਰ, ਨਹਿਂ ਕੁਛ ਬਨਿਆਵੈ। ਘੇਰੇ ਜਾਹੁ ਨ ਨਿਕਸਨਿ ਪਾਵੈਂ। ਯਾਂਤੇ ਦੀਜਹਿ ਦੌਲਤ ਅਬੈ।ਆਗੈ ਪੰਥ[2] ਬਰਜ ਰਖਿ ਸਬੈ॥੪੩॥ਤਜਹੁ ਜੰਗ ਕੀ ਰੀਤਿ ਭਯਾਨਾ। ਜਿਸ ਮਹਿਂ ਨਿੱਤ ਬਖਾਦ ਬਿਧਿ ਨਾਨਾ। ਅਪਨੇ ਪਿਤ ਸਮਾਨ ਬਨ ਰਹੀਐ। ਸੰਗਤਿ ਤੇ ਅਕੋਰ ਗਨ ਲਹੀਐ ॥ ੪੪ ॥ ਹਮ ਕੋ ਦਰਬ ਬਰਖ ਪ੍ਰਤਿ ਦੀਜੈ। ਹੁਇ ਸੁਖਵਾਸੀ ਸਮਾ ਬਿਤੀਜੈ। ਨਾਂਹਿ ਤ ਛੋਡਹੁ ਭੂਮਿ ਹਮਾਰੀ। ਗਮਨ ਕਰਹੁ ਜਹਿਂ ਇੱਛ ਤੁਮਾਰੀ ॥੪੫ ॥ ਅਬਿ ਪਹੰਚਯੋ ਮੈਂ ਨਿਕਟ ਤੁਮਾਰੇ। ਚਮੂੰ ਸਮੂਹ ਮਿਲੇ ਨ੍ਰਿਪ ਸਾਰੇ।ਛੀਨ ਸਕਲ ਕਢਿ ਦੈ ਹੌਂ ਬਾਹਰ। ਬਿਨਾ ਬਿਲੰਬ ਜਾਨੀਅਹਿ ਜ਼ਾਹਰ' ॥ ੪੬ ॥ ਇਮ ਰਾਜਨਿ ਕੋ ਲਿਖਾ ਸੁਨਾਯੋ। ਸਤਿਗੁਰ ਰਿਦੈ ਕ੍ਰੋਧ ਬਿਰਧਾਯੋ। ਉੱਤਰ ਲਿਖਿਬੇ ਸਭਿਨਿ ਸੁਨਾਵਨਿ। ਧੁਨਿ ਊਚੀ ਪ੍ਰਭੁ ਕੀਨਿ ਬਤਾਵਨ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ ਸਮਾਜ' ਪ੍ਰਸੰਗ ਬਰਨਨੰ ਨਾਮ ਏਕਾਦਸ਼ਮੋ ਅੰਸੂ ॥ ੧੧ ॥

## ੧੨. [ਫੌਜਾਂ ਦੀ ਚੜ੍ਹਾਈ]

ਦੋਹਰਾ ॥ ਸ੍ਰੀ ਕਲਗ਼ੀਧਰ ਗਰਜਿਕੈ ਮੇਘ ਮਨਿੰਦ ਬਿਲੰਦ। ਉੱਤਰ ਦਯੋ ਲਿਖਾਇ ਕਰਿ ਸ਼ੋਕ ਦੇਨਿ ਰਿਪੁ ਬ੍ਰਿੰਦ ॥ ੧ ॥ ਚੌਪਈ ॥ 'ਸੁਨੀਅਹਿ ਭੀਮ-ਚੰਦ ਅਭਿਮਾਨੀ! ਸਭਿ ਰਾਜਨਿ ਸਨ ਦੇਹੁ ਬਖਾਨੀ। ਹਮ ਤੇ ਦਾਮ ਚਹਹਿ ਜੋ ਲੈਬੋ। ਖੜਗ ਧਾਰ ਸੋਂ ਕਰਿ ਹੈਂ ਦੈਬੋ[3] ॥ ੨ ॥ ਤੋਮਰ ਤੀਰਨਿ ਸਾਂਗਨਿ ਅਨੀ।ਇਨ ਤੇ ਦੈ ਹੌਂ ਭੇਦੋਂ ਅਨੀ[4]।ਸ਼ਲਖ ਤੁਫੰਗਨਿ ਬਰਖਾ ਗੁਲਕਨਿ। ਇਨ ਤੇ ਪਰਖਨ ਕਰਿ ਧਨ ਅਨਗਨ ॥ ੩ ॥ ਮੂਢ ਅਜਾਨ ਨ ਤੁਮ ਸਮ ਕੋਈ। ਚਹੈਂ ਦਰਬ, ਲਿਹੁ ਸਨਮੁਖ ਹੋਈ। ਬਜੈ ਲੋਹ ਸੋਂ ਲੋਹ ਜੁਝਾਰੇ। ਲੋਹੁ ਪਰਖ ਤਬਿ ਦਾਮ ਕਰਾਰੇ[5] ॥ ੪ ॥ ਕੌਨ ਸਨੇਹ ਰਹਯੋ ਅਬਿ ਤੋਸੋਂ। ਕਰਿਬੋ ਚਾਹਤਿ ਆਨਿ ਕਰੋ ਸੋ। ਨਤੁ ਮਤਿ ਸਮਝਹੁ ਬਨੀਯਹਿ ਸਯਾਨੋ[6]। ਪਰਹੁ ਸ਼ਰਨ ਆਵਹੁ ਬਰ ਮਾਨੋ ॥ ੫ ॥ ਜੁਗ ਲੋਕਨਿ ਕੋ ਸੁਖ ਕੋ ਲਹੀ-ਅਹਿ। ਸ਼ਰਨ ਖਾਲਸੇ ਕੀ ਪਰਿ ਰਹੀਅਹਿ। ਹਠ ਹੰਕਾਰ ਛੋਰਿ ਮਨ ਮੱਧੋ। ਮਿਲਹੁ ਆਨਿ ਕਰਿ ਹੈ ਬੁਧਿ ਸੁੱਧੋ ॥੬॥ ਗੁਰ ਘਰ ਤੇ ਚਾਹਹੁ ਸੋ ਪਾਵਹੁ।

---

[1]ਸਾਰੇ ਜਗਤ ਦੇ ਸੂਰਮੇਂ। [2]ਅਗੋਂ ਲਈ (ਖਾਲਸੇ) ਪੰਥ ਨੂੰ। [3]ਭਾਵ ਦਿਆਂਗੇ। [4](ਤੇਰੀ) ਫੌਜ ਨੂੰ ਵਿੰਨ੍ਹਕੇ। [5]ਭਾਵ ਰੁਪਏ ਟਣਕਾਕੇ ਪਰਖਕੇ ਲੈਣੇ। [6]ਨਹੀਂ ਤਾਂ ਬੁੱਧੀ ਵਿਚ ਸਮਝਕੇ ਸਿਆਣੇ ਬਣੋ।

Sri Satguru Jagjit Singh Ji eLlibrary NamdhariElibrary@gmail.com

ਰਾਜ ਸਮਾਂਜ ਭਲੇ ਬਿਰਧਾਵਹੁ*। ਜੇ ਅਭਿਮਾਨ ਅਧਿਕ ਹੁਵ ਮਨ ਮੈਂ। ਬਾਂਛਤਿ ਮੇਲ ਕਰਨੋ ਚਹਿਂ ਰਨ ਮੈਂ ॥੭॥ ਮੁਕਰ ਮਨਿੰਦ[੧] ਗੁਰੂ ਘਰ ਅਹੈ। ਰਿਦੈ ਭਾਵਨਾ ਤਿਮ ਫਲ ਲਹੈ। ਸੇਵਕ ਬਨੈ ਅਨਿਕ ਸੁਖ ਪਾਏ। ਕਰਨੋ ਦ੍ਰੋਹ ਜੋ ਕ੍ਰੋਧ ਉਪਾਏ[੨] ॥ ੮ ॥ ਤੌ ਮਗ ਮਹਿਂ ਪਗ ਧਰਹੁ ਉਤਾਲੇ। ਨਹਿਂ ਪੀਵਹੁ ਜਲ ਬੈਠਿ ਸੁਖਾਲੇ। ਰਿਨ ਬਸਨਿ ਕੀ ਹ੍ਵੈ ਤੁਹਿ ਆਨ[੩]। ਹੇਰਹੁ ਰਣ ਘਮਸਾਨੈ ਆਨਿ[੪] ॥੯॥ ਇਮ ਉੱਤਰ ਲਿਖਿ ਪ੍ਰਭੂ ਪਠਾਯੋ। ਨਿਕਟ ਗਯੋ ਨ੍ਰਿਪ[੫], ਖੋਲਿ ਸੁਨਾਯਹੁ। ਸੁਨਿ ਕਰਿ ਤਨ ਮਨ ਲਾਗਸਿ ਆਗ। ਸਹਿ ਨ ਸਕਨੋ ਮਨਮੂੜ੍ਹ ਕੁਭਾਗ ॥ ੧੦ ॥ ਸਭਿ ਰਾਜਨ ਕੌ ਬਹੁਰ ਸੁਨਾਯੋ। 'ਅਬਿ ਗੁਰ ਸੰਗ ਜੰਗ ਬਨਿ ਆਯੋ'। ਸੋ ਨਿਸ ਬਸਿ ਕਰਿ ਤਹਾਂ ਬਿਤਾਈ। ਭਈ ਪ੍ਰਾਤਿ ਤੋ ਚਹਤਿ ਚੜ੍ਹਾਈ ॥ ੧੧ ॥ ਗਿਰਨਾਥਨ ਕੇ ਬਜੇ ਨਗਾਰੇ। ਭੀਮ-ਚੰਦ ਹੋਯਸਿ ਤਬਿ ਤਯਾਰੇ। ਪ੍ਰਿਥਕ ਪ੍ਰਿਥਕ ਸੈਨਾ ਕਰਿ ਰਾਜੇ। ਚਢੇ ਅਨੇਕ ਬਜਾਵਤਿ ਬਾਜੇ ॥ ੧੨ ॥ ਫਰਰੇ ਛੁਟੇ ਨਿਸ਼ਾਨ ਅਗਾਰੀ। ਮਨਹੁੰ ਘਟਾ ਕੇ ਘਨ ਅਗ਼ਵਾਰੀ[੬]। ਰਣਸਿੰਘੇ ਗਨ ਢੋਲ ਵਜਾਏ। ਸ਼ਲਖ ਤੁਰੰਗਨਿ ਕੀ ਚਲਿਵਾਏ ॥੧੩॥ ਗੁਜਰ ਜਾਤਿ ਹਜ਼ਾਰਨਿ ਰਾਊ[੭]। ਨਾਮ ਕਹੈਂ ਜਮ-ਤੁੱਲਾ ਭਾਊ[੮]। ਸੋ ਪੈਦਲ ਕੇ[੯] ਭਯਾ ਅਗਾਰੀ। ਬਰਛੀ, ਸੇਲੇ, ਸਾਂਗ, ਕਟਾਰੀ ॥੧੪॥ ਤੋਮਰ ਤਰਵਾਰਨ ਗਹਿ ਢਾਲੇ। ਗੁਜਰ ਰੰਘਰ ਬ੍ਰਿੰਦ ਕੁਚਾਲੇ[੧੦]। ਛੇਰ ਗਵਾਰਨ ਅਧਿਕ ਬਟੇਰੀ[੧੧]। ਆਗੇ ਚਲਨੋ ਅਨੰਦਪੁਰਿ ਓਰੀ ॥੧੫॥ ਬਾਇਸ ਧਾਰਨਿ ਨਰ ਗ੍ਰਾਮੀਨ[੧੨]। ਚਲੇ ਸੰਗ ਜਿਨ ਕੀ ਗਿਨਤੀ ਨ। ਕਲਮਲਾਟ[੧੩] ਪੈਦਲ ਦਲ ਬੀਰੇ। ਚਮਕਹਿ ਆਯੁਧ ਪਰਨੋ ਬਿਹੀਰੇ ॥ ੧੬ ॥ ਛਪਯ ॥ ਪੁਰਿ ਤਜਿਕੈ ਕਹਿਲੂਰ ਨ੍ਰਿਪਨਿ ਕੀਨਸਿ ਅਸਵਾਰੀ। ਮੁਹਰੇ ਧਰੇ ਨਿਸ਼ਾਨ ਛੋਰਿ ਫਰਰੇ ਇਕਬਾਰੀ। ਭੀਮਚੰਦ ਅਸਵਾਰ ਖੜਗ ਗਾਤ੍ਰੈ ਤਿਨ ਪਾਯੋ। ਡਾਲਿ ਢਾਲ ਨਿਜ ਕੰਧ ਭਲੀ ਬਿਧਿ ਸੋਂ ਲਟਕਾਯੋ। ਕਰਿ ਅੱਗ੍ਰ ਉਦਰ[੧੪] ਜਮਧਰ ਧਰੀ ਉਤਸਾਹਤਿ ਪ੍ਰਸਥਾਨ ਕਿਯ। ਤਬਿ

[੧]ਸ਼ੀਸ਼ੇ ਵਰਗਾ। [੨]ਜੇ ਕ੍ਰੋਧ ਕਰਕੇ ਦ੍ਰੋਹ ਕੀਤਾ ਹੈ ਤਾਂ। [੩]ਕਸਮ। [੪]ਆਕੇ। [੫]ਰਾਜੇ ਦੇ। [੬]ਘਟਾ ਦੇ ਅੱਗੇ ਬਦਲ ਹੀ ਹਨ। [੭]ਗੁਜਰ ਜਾਤੀ ਦੇ ਹਜ਼ਾਰਾਂ ਸੂਰਮਿਆਂ ਦਾ ਰਾਜਾ। [੮]ਜਿਸ ਦਾ ਨਾਮ ਜਮਤੁੱਲਾ ਭਾਊ ਕਹਿੰਦੇ ਸਨ। [੯]ਓਹ ਪੈਦਲ (ਸੈਨਾ) ਦੇ। [੧੦]ਖੋਟੀ ਚਾਲ ਵਾਲੇ। [੧੧]ਗਵਾਰਾਂ ਦੀ ਫ਼ੌਜ (ਵਹੀਰ)। [੧੨]ਬਾਈ ਧਾਰਾਂ ਦੇ ਗ੍ਰਾਮਾਂ ਦੇ ਪੁਰਸ਼। [੧੩]ਘਰਬਰਾਟ, ਰੌਲਾ ਗੌਲਾ। [੧੪]ਪੇਟ ਦੇ ਅੱਗੇ।

*ਦੇਖੋ ਕੈਸਾ ਸਾਫ਼ ਕਹਿ ਰਹੇ ਹਨ, ਕਿ ਰਾਜੇ ਦਾ ਰਾਜ ਖੁਹਣਾ ਨਹੀਂ ਚਾਹੁੰਦੇ।

Sri Satguru Jagjit Singh Ji eLlibrary NamdhariElibrary@gmail.com

ਬਜੀ ਬੰਬ ਦੁੰਦਭਿ ਅਨਿਕ ਲਰਨ ਹੇਤੁ ਚਿਤ ਚੌਂਪ ਲਿਯ ॥੧੭॥ ਤਿਮਹੀ ਚਲ੍ਯੋ ਕਟੋਚਿ ਚੌਂਪ ਚੰਚਲ ਬਹੁ ਬਾਜੀ[1]। ਜਿਸ ਕੇ ਤਨ ਬਲ ਅਧਿਕ ਮਨਹੁ ਫਾਂਧਤਿ ਨਟਬਾਜ਼ੀ[2]। ਖੜਗ ਸਿਪਰ ਕਟ ਕਸਤਿ ਤੁਰਮਤਬਿ ਤੂਰਨ ਬਾਜੀ[3]। ਬਾਜੀਬਾਜੀ ਬੇਰ ਲਰ੍ਯੋ ਜਬ ਗਾਰਹਿਂ ਬਾਜੀ[4]। ਇਮ ਭੂਪ ਕਾਂਗੜੇਕੋ ਬਲੀ ਭਾਥਾ ਸਾਥ ਖਤੰਗ ਭਰਿ ਚਾਪ ਚਲ੍ਯੋ ਲਰਨਿ ਪ੍ਰਭੁ ਪੁਰਖ ਸੋਂ ਦਿਸ਼ਿ ਅਨੰਦਪੁਰ ਦ੍ਰਿਸ਼ਟਿ ਧਰਿ ॥੧੮॥ ਜਸੋਵਾਰੀਆ ਮਹਿਪ ਸੂਰਮਾ ਮਨ ਅਹੰ-ਕਾਰੀ। ਤਰੁਨ ਬੈਸ ਤਨ ਬਿਖੈ ਮਹਾਂ ਸੁੰਦਰ ਦੁਤਿਕਾਰੀ। ਕਸ ਕ੍ਰਿਪਾਨ ਕਟ ਸੰਗ ਢਾਲ ਧਰਿ ਰੰਗ ਜੁ ਕਾਰੀ[5]। ਗਹਿ ਕਮਾਨ ਤਬਿ ਹਾਥ ਓਜ ਤੇ ਕਸ ਟੰਕਾਰੀ[6]। ਢਿਗ ਹੁਤੋ ਮਸਤ ਹਾਥੀ ਮਹਿਦ ਚਲਤਿ ਭਯੋ ਤਿਸ ਪਰ ਚਢ੍ਯੋ। ਜਿਸ ਨਾਮ ਕੇਸਰੀ ਚੰਦ ਕਹਿਂ ਲਰਨ ਬੀਰ ਰਸ ਉਰ ਬਢ੍ਯੋ ।੧੯। ਨ੍ਰਿਪਤ ਹੰਡੂਰੀ ਚਢ੍ਯੋ ਧਰੇ ਸ਼ਸਤ੍ਰਨਿ ਸਭਿ ਸੰਗਾ। ਰਾਜਨੀਤ ਮਹਿਂ ਚਤੁਰ ਕਹੈਂ ਸਭਿ ਬੁਧਿ ਉਤੰਗਾ। ਭੀਮਚੰਦ ਕੇ ਸੰਗ ਕਥੈ ਬਹੁ ਜੰਗ ਪ੍ਰਸੰਗਾ। ਪਿਖਤਿ ਬਾਹਿਨੀ ਬਡੀ ਚਲੀ ਜਿਮ ਉਮਡਤਿ ਗੰਗਾ। ਬਡ ਗਜ ਪਰ ਭਯੋ ਆਰੋਹ ਸੋ, ਚਮੂੰ ਚਮੂੰ[7]* ਦਹਿ ਦਿਸ਼ਿ ਚਲੀ। ਗਹਿ ਬਹੁ ਤੁਫੰਗ ਸੇਲੇ ਸਿਪਰ ਪਰਬਤ ਨਿਕਸਤਿ ਕਲਮਲੀ[8] ॥੨੦॥ ਗਿਣਤੀ ਕਿਹ ਕਿਹ ਕਰੈਂ ਅਪਰ ਰਾਜੇ ਚੜ੍ਹਿ ਚਾਲੇ। ਕੱਲੂ, ਕੈਂਠਲ ਅਰੁ ਭੁਟੰਤ ਗਨ ਜੰਮੂੰ ਵਾਲੇ। ਪੁਨ ਗੁਲੇਰੀਆ ਚਢ੍ਯੋ ਔਰ ਡਢਵਾਰ ਨਰੇਸ਼। ਸਿਰੀਨਗਰ ਕੀ ਚਮੂੰ ਚਲੀਂ ਧਰਿ ਸ਼ਸਤ੍ਰ ਅਸ਼ੇਸ਼। ਬਡ ਪੁਰਿ ਬੁਸ਼ਹਿਰ ਕੇ ਭਟ ਮਿਲੇ ਪੈਦਲ ਤੇ ਅਸਵਾਰ ਗਨ। ਪੁਨ ਚਢਿ ਚੰਦੇਰੀਆ ਚਤੁਰ ਚਿਤ, ਚੌਕਸ[9] ਚੰਚਲ ਚਲਤਿ ਰਨ[10] ॥੨੧॥ ਨੂਰਪੁਰੀ ਸੰਗ ਸੈਨ ਚਢ੍ਯੋ ਦੁੰਦਭਿ ਬਡ ਬਾਜ੍ਯੋ। ਕਿਤਿਕ ਦੜੋਲੀ ਮਿਲੇ ਆਪਨੋ ਦਲ ਬਲ ਸਾਜ੍ਯੋ। ਮੰਡਸਪਤੀ[11] ਬਿਸਾਲ

[1]ਘੋੜਾ। [2]ਭਾਵ ਜਿਵੇਂ ਨਟ ਬਾਜ਼ੀ ਪਾਂਵਦਾ ਹੈ ਤਿਵੇਂ (ਘੋੜਾ) ਛਾਲਾਂ ਮਾਰਦਾ ਹੈ। [3]ਤਦੋਂ ਤੁਰਮ ਛੇਤੀ ਵੱਜੀ [ਸੰਸ:, ਤੂਰਮ, ਤੁਰੀ। ਜਾਪਦਾ ਹੈ ਇਹ ਬਾਜਾ ਹਿੰਦ ਤੋਂ ਪੱਛੋਂ ਨੂੰ ਗਿਆ ਹੈ, ਅੰਗ੍ਰੇਜ਼ੀ ਵਿਚ ਇਸ ਨੂੰ ਟ੍ਰੰਪਟ ਆਖਦੇ ਹਨ]। [4]ਬਾਜੀ ਬਾਜੀ ਬੇਰ=ਕਦੇ ਕਦੀ ਵਾਰ। ਗਾਰਹਿ ਬਾਜੀ=ਜਦ ਲੜਾਈ ਘੋਰ ਹੋਈ। ਭਾਵ, ਇਹ ਰਾਜਾ ਕਈ ਵੇਰ ਲੜਾਈ ਵਿਚ ਆਪ ਲੜ ਚੁੱਕਾ ਸੀ। (ਅ) (ਅਗੇ) ਬਾਜੀ ਵੇਰ (ਕਈ ਵਾਰ) ਜਦ ਲੜਾਈ ਹੋਈ ਤਾਂ ਇਸ ਘੋੜੇ (ਤੇ ਚੜ੍ਹਕੇ) ਲੜਿਆ ਸੀ। [5]ਕਾਲੇ ਰੰਗ ਦੀ ਢਾਲ। [6]ਕੱਸਕੇ ਟੰਕਾਰੀ। (ਅ) ਕਸ਼ਟੰਕਾਰੀ=ਕਸ਼ਟ ਦੇਣ ਵਾਲੀ। [7]ਫੌਜ ਹੀ ਫੌਜ। [8]ਰੌਲਾ ਪਾਉਂਦੀ। [9]ਖਬਰਦਾਰ ਹੋਕੇ। [10]ਚਲਦਾ ਹੈ ਰਣ ਨੂੰ। [11]ਮੰਡੀ ਵਾਲਾ। *ਪਾ:-ਚਮਕ

Sri Satguru Jagjit Singh Ji eLlibrary NamdhariElibrary@gmail.com

ਔਰ ਚੰਬਿਆਲ[1] ਸੈਲ ਗਨ। ਨਿਜ ਨਿਜ ਬੰਧੇ ਟੋਲ ਕਹਾਂ ਕਹੀਅਹਿ
ਗਨਨਾ ਗਨੇ[2]। ਮਗ ਚਲਤਿ ਉਡੀ ਰਜ ਗਗਨ ਕੋ ਸੂਰਜ ਤੇਜ ਅਛਾਦ
ਲਿਯ। ਬਹੁ ਅੰਧ ਧੁੰਧ ਸਭਿ ਦਿਸ਼ਿਨਿ ਮਹਿੰ ਖਰਭਰਾਟ ਸਭਿ ਗਿਰਨਿ
ਕਿਯ ॥੨੨॥ ਦੋਹਰਾ ॥ ਇਸ ਪ੍ਰਕਾਰ ਸੈਨਾ ਸਕਲ ਚਲੀ ਸੰਗ ਗਿਰਨਾਥ।
ਪੁਰਿ ਅਨੰਦ ਸਨਮੁਖ ਭਈ ਸ਼ਸਤ੍ਰ ਧਰੇ ਸਭਿ ਹਾਥ ॥੨੩॥ ਚੌਪਈ॥ ਸੁਧ
ਕੋ ਕਰਨਹਾਰ ਤਬਿ ਆਏ। ਬਿਚ ਦਿਵਾਨ ਜਹਿਂ ਗੁਰੂ ਸੁਹਾਏ।'ਬੈਠੇ ਕਹਾਂ
ਆਪ ਚਿਤ ਸ਼ਾਂਤੀ। ਚਢੇ ਨ੍ਰਿਪਤ ਕਰਿ ਆਂਖੈ ਰਾਤੀ[3] ॥ ੨੪ ॥ ਬੇਸ਼ੁਮਾਰ
ਦਲ ਗਿਰਨਿ ਬਟੋਰਾ। ਪਹੁੰਚੇ ਲਖਹੁ ਆਪਨੀ ਓਰਾ। ਸ਼ੱਤ੍ਰੂ ਮਿੱਤ੍ਰ ਜੇ
ਅਖਿਲ ਪਹਾਰੀ। ਅਬਿ ਮਿਲਿ ਕਰਿ ਹਿਤ ਆਪ ਮਝਾਰੀ[4]॥੨੫॥ ਆਨੰਦ
ਪੁਰਿ ਛੁਟਕਾਵਨਿ ਕਾਜੂ। ਸਭਿ ਆਏ ਬਡ ਕਰਨੇ ਸਮਾਜੂ'। ਬਿਚ ਦਿਵਾਨ
ਸਤਿਗੁਰੂ ਬਖਾਨਾ। 'ਸੁਨਹੁ ਖਾਲਸਾ ! ਬਨਿ ਸਵਧਾਨਾ ॥ ੨੬ ॥ ਹੁਇ ਹੈ
ਅਬਿ ਘਮੰਡ ਬਲਵੰਡਾ। ਸੰਘਰ ਕਰਹੁ ਬਿਲੰਦ ਪ੍ਰਚੰਡਾ। ਇਨ ਕੇ ਸਮ
ਕੋ ਨਾਂਹਿਨ ਆਛੀ। ਲੋਕ ਪ੍ਰਲੋਕ ਸੁਖਦ ਬਡਿ ਬਾਛੀ ॥ ੨੭ ॥ ਨ੍ਰਿਭੈ ਜੰਗ
ਮਹਿਂ ਖੜਗ ਪ੍ਰਹਾਰਹੁ। ਸਮੁਖ ਬਿਰਹੁ, ਸ਼ੱਤ੍ਰੁਨਿ ਗਨ ਮਾਰਹੁ। ਮਹਾਂ ਸੁਜਸੁ
ਕੋ ਪ੍ਰਾਪਤਿ ਹੋਵਹੁ। ਲੇਨਿ ਪਰਦਮਣ ਕੋ ਮਗ ਜੋਵਹੁ ॥ ੨੮ ॥ ਸੰਮਤ
ਘਨੇ ਤਪਹਿ ਤਪੁ ਭਾਰੇ। ਬਰਖਾ ਸੀਤ ਰੁ ਉਸ਼ਨ ਸਹਾਰੇ। ਸੰਕਟ ਅਨਿਕ
ਭਾਂਤਿ ਕੇ ਝਾਲੇ। ਸਭਿ ਜਗ-ਸੁਖ ਤੇ ਬਨਹਿ ਨਿਰਾਲੇ[5] ॥ ੨੯ ॥ ਤਿਨ
ਕੋ ਭੀ ਦੁਰਲਭ ਪਦ ਜੋਇ। ਕਰਹਿ ਜਤਨ ਜੋਗੀ ਚਹਿ ਸੋਇ। ਰਣ
ਮਹਿ ਮ੍ਰਿਤਕੁ ਹੋਇ, ਸੋ ਪਾਵਹੁ। ਏਕ ਪਲਕ ਮਹਿ ਤਹਾਂ ਸਿਧਾਵਹੁ ॥ ੩੦
॥ ਜੋ ਅਬਿ ਲਰਹਿਂ ਮਰਹਿ ਸਹਿਕਾਮੀ। ਸੋ ਤੂਰਨ ਹੈਂ ਸੁਰਪੁਰਿ ਗਾਮੀ।
ਤਹਿਂ ਕੇ ਸੁਖ ਭੋਗੈਂ ਚਿਤ ਕਹੈਂ[6] ।ਆਦਿ ਅਪਸਰਾ ਜੇਤਿਕ ਅਹੈਂ॥੩੧॥ਪੁਨ
ਅਵਨੀ ਪਰ ਹੁਇ ਹੈਂ ਰਾਜੇ। ਸਭਿ ਸੁਖ ਭੋਗਹਿ, ਵਧੈ ਸਮਾਜੇ।ਮੇਰੀ ਸਿੱਖੀ
ਬਹੁਰ ਕਮਾਇ। ਮਿਲਹਿ ਆਨਿ ਮੁਝ ਆਨੰਦ ਪਾਇ॥ ੩੨॥ ਜੋ ਨਿਸ਼-
ਕਾਮੀ ਜੰਗ ਮਝਾਰਾ। ਮਾਰਹਿ ਮਰਹਿ ਗਹੇ ਹੱਥਯਾਰਾ ॥ ਸੋ ਮਮ ਸੰਗ ਸਦਾ
ਹੀ ਰਹੈਂ। ਪਦ ਜੋਗੀਨਿ ਜੁ ਦੁਰਲਭ ਅਹੈ ॥ ੩੩ ॥ ਆਗੈ ਲਖਹੁ ਜੁ

---

[1]ਚੰਬਿਆਲ ਜ਼ਾਤ ਦਾ ਭਾਵ ਚੰਬੇ ਦਾ ਰਾਜਾ। [2]ਗਿਣਤੀ ਨੂੰ ਗਿਣਕੇ। [3]ਲਾਲ ਅੱਖਾਂ ਕਰਕੇ।
[4]ਆਪਸ ਵਿੱਚ ਹਿਤ ਕਰਕੇ। [5]ਭਾਵ ਜੋ ਜਗਤ ਦੇ ਸਾਰੇ ਸੁਖਾਂ ਤੋਂ ਅਤੀਤ ਹੋ ਗਏ। [6]ਮਨ
ਭਾਉਂਦੇ ਸੁਖ।

Sri Satguru Jagjit Singh Ji eLlibrary NamdhariElibrary@gmail.com

ਛੱਤ੍ਰੀ ਭਏ। ਰਣ ਮਹਿਂ ਮਰੇ ਸੁਰਗ ਸਭਿ ਗਏ। ਛਪੀ ਨਹੀਂ ਜਗ ਮਹਿਂ ਇਹ ਕਥਾ। ਜੋਧੇ ਕੋ ਪ੍ਰਾਪਤਿ ਸੁਖ ਜਥਾ ॥ ੩੪ ॥ ਪੁਨ ਮੈਂ ਤੁਮਰੇ ਸੰਗ ਸਹਾਈ। ਲੋਕ ਪ੍ਰਲੋਕ ਜਹਾਂ ਕਹਿਂ ਜਾਈ[7]। ਇੱਤ੍ਯਾਦਿਕ ਉਪਦੇਸ਼ਤਿ ਸ੍ਵਾਮੀ। ਭਯੋ ਖਾਲਸਾ ਸੰਘਰ ਕਾਮੀ[1] ॥ ੩੫ ॥ ਮਾਝੇ ਆਦਿਕ ਦੇਸ਼ਨਿ ਮਾਂਹੀ। ਹੁਤੇ ਸਿੰਘ ਘਰ ਗਮਨੇ ਤਾਂਹੀ। ਪ੍ਰਥਮ ਹਕਾਰਿ ਪਠੇ ਸਭਿ ਆਏ। ਵ੍ਰਿਨੀਵ੍ਰਿੰਦ ਨਿਜ ਸਾਥਹਿਂ ਲ੍ਯਾਏ ॥੩੬॥ ਜਹਿਂ ਕਹਿਂ ਰਣ ਕੀ ਸੁਧਿ ਪਹੁੰਚਾਈ। ਚਲੇ ਸਿੰਘ ਆਏ ਸਮੁਦਾਈ। ਬਖਸ਼ਿ ਸਿੰਘ ਗੁਰਬਖਸ਼ ਸਿੰਘ ਪੁਨ। ਭੈਰੋਵਾਲ[2] ਕਲਾਲ[3] ਸਿੰਘ ਗੁਨ ॥ ੩੭ ॥ ਲਏ ਸੈਂਕਰੇ ਸਿੰਘਨਿ ਆਇ। ਦਯਾਲ ਸਿੰਘ ਸੁਰਸਿੰਘ[4] ਬਸਾਏ। ਮੱਟੂ[5]* ਸੇਵਾ ਸਿੰਘ ਮਝੈਲ। ਏ ਸਭਿ ਵ੍ਰਿਨੀਵ੍ਰਿੰਦ ਕੇ ਗੈਲ[6] ॥੩੮॥ ਸਕਲ ਪੰਜ ਸੈ ਗਿਨਤੀ ਥਿਥੇ। ਆਨਿ ਗੁਰੂ ਕੋ ਦਰਸ਼ਨ ਪਿਖੈਂ। ਇਸੀ ਰੀਤਿ ਦੇਸ਼ਨਿ ਸਮੁਦਾਏ। ਸੁਨਿ ਰਣ ਕਰਨ ਪ੍ਰਭੂ ਢਿਗ ਆਏ ॥੩੯॥ ਭਏ ਇਕੱਤ੍ਰ ਹਜ਼ਾਰੋਂ ਸਿੰਘ। ਗਹੇ ਸ਼ਸਤ੍ਰ ਰਿਪੁ ਮ੍ਰਿਗ ਪਰ ਸਿੰਘ। ਗਰਜਤਿ ਬੋਲੇ ਪ੍ਰਭੂ ਸੁਨਾਇ[7]। 'ਚਹੈਂ ਆਪ ਕੀ ਏਕ ਰਜ਼ਾਇ ॥ ੪੦ ॥ ਕਯਾ ਪਹਾਰੀਏ ਹਮਹੁੰ ਅਗਾਰੀ। ਕਰਹੁ ਹੁਕਮ ਦਿੱਲੀ ਲੌਂ ਮਾਰੀ।ਸਭਿ ਤੁਰਕਾਨਾ ਦੇਹਿ ਖਪਾਇ। ਲਵਪੁਰਿ ਕੋ ਤਤਕਾਲ ਛੁਟਾਇ'॥੪੧॥ਉਦੇਸਿੰਘਤੇ ਆਦਿਕ ਬੀਰ।ਸੁਨਿ ਸਤਿਗੁਰੁ ਤਿਨ ਦੀਨਸ ਧੀਰ। 'ਦੁਰਗ ਕਰਹੁ ਦ੍ਰਿਢ ਬਨਹੁ ਸੁਚੇਤ। ਰੋਕਹੁ ਆਗਾ ਲਰਿਬੇ ਹੇਤੁ' ॥ ੪੨ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅੰਸੂ ॥ ੧੨ ॥

## ੧੩. [ਜੰਗ ਆਰੰਭ]।

ਦੋਹਰਾ ॥ ਇਸ ਬਿਧਿ ਗੁਰੂ ਅਨੰਦਪੁਰਿ ਸਿੰਘਨਿ ਕੀਨਿ ਸੁਚੇਤ। ਸ਼ਸਤ੍ਰ ਨਿਕਾਸੇ ਕੋਸ਼ ਤੇ ਬਖਸ਼ੇ ਸੰਘਰ ਹੇਤੁ ॥ ੧ ॥ ਭੁਜੰਗਛੰਦ ॥ ਬਡੇ ਥਾਢ ਚੌਰੇ ਸੁ ਤੇਗ਼ੋ ਜੁ ਮਸਾਨੀ[8]। ਦੁਧਾਰੇ ਪੁਲਾਦੀ ਅਨੇਕੈ ਮਹਾਂਨੀ। ਸਰੋਹੀ ਹਲੱਬੀ ਜੁਨੱਬੀ[9] ਦਈ ਹੈ। ਕਰਾਚੋਲ[10] ਖੰਡੇ ਜੁ ਕੇਤੇ ਲਈ ਹੈਂ[11] ॥੨॥ਸਭੇ ਲੋਹ

[1]ਜੁੱਧ ਚਾਹੁਣ ਵਾਲਾ। [2]ਗੋਇੰਦਵਾਲ ਤੋਂ ਰਤਾ ਉਰੇ ਕੁ ਵਾਰ ਇਹ ਪਿੰਡ ਹੈ। [3]ਕਲਾਲ ਗ੍ਹੋਤ ਦੇ। [4]ਮਾਝੇ ਵਿੱਚ ਪਿੰਡ ਹੈ। [5]ਜੱਟਾਂ ਦਾ ਇਕ ਗੋਤ। [6]ਪਿੱਛੇ। [7]ਗੁਰੂ ਜੀਨੂੰ ਸੁਣਾਕੇ। [8]ਤੇਗ਼ੇ ਵਡੇ ਤੇ ਚੌੜੇ ਤੇ (ਤ੍ਰਿੱਖੀ) ਧਾਰ ਵਾਲੇ ਤੇ ਦਰਮਿਆਨੀ (ਵਿਚਲੇ ਮੇਲ ਦੇ)। [9]ਤ੍ਰੈਏ ਤਲਵਾਰਾਂ ਦੇ ਨਾਮ ਹਨ, ਬਣਨ ਵਾਲੇ ਇਲਾਕਿਆਂ ਦੇ ਨਾਮਾਂ ਤੇ। [ਸਰੋਹੀ=ਰਾਜਪੁਤਾਨੇ ਵਿੱਚ, ਹਲਬ ਟਰਕੀ ਵਿਚ ਤੇ ਜੁਨੱਬ ਆਰਮੀਨੀਆ ਵਿੱਚ ਹੈ]। [10]ਤਲਵਾਰ। [11]ਕਿਤਨਿਆਂ ਹੀ ਨੇ ਲਈਆਂ। *ਪਾ:-ਮੱਡੂ।

Sri Satguru Jagjit Singh Ji eLlibrary NamdhariElibrary@gmail.com

ਕੀ ਸਾਂਗ ਨੇਜੇ ਬਿਸਾਲੇ।ਬਿਛੂਏ ਬਡੇ ਬਾਂਕ ਜੰਬੂਏ ਕਰਾਲੇ[1]। ਛੁਰੇ ਖੋਖਨੀ[2] ਸੈਫ ਲਾਂਬੀ ਬਿਲੰਦੇ[3]।ਘਨੇ ਸੇਲ[4] ਭਾਲੇ[5] ਪ੍ਰਕਾਸ਼ੇ ਅਮੰਦੇ[6]॥੩॥ਮਲੈ ਹੀਨ ਸਾਫ ਬਨੇ ਅੰਗ ਰੰਗੇ[7]। ਤਮਾਂਚੇ ਕਲਾਦਾਰ ਸ਼ੱਤ੍ਰਾਨ ਭੰਗੇ[8]।ਤੁਫੰਗੇ, ਜੰਜੈ-ਲਾਂ[9], ਜੰਬੂਰੇ[10] ਧਮਾਕੇ[11]।ਦਏ ਚੱਕ੍ਰਬੱਕ੍ਰੰ ਚਮੰਕੇ ਚਲਾਕੇ[12] ॥੪॥ਸ਼ਡੇ ਮੋਲ ਕੇ ਦੂਰ ਤੇ ਆਦਿ ਵਾਲੇ।ਕਠੋਰੰ ਕੁਦੰਡੰ[13] ਬਡੇ ਉਜਵਾਲੇ।ਭਰੇ ਬਾਨ ਭਾਥਾ ਅਨੇਕੈ ਪ੍ਰਕਾਰੇ। ਧਰੇ ਬਾਣ ਪੈਨੇ ਲਗੇ ਬੇਧ ਪਾਰੇ[14] ॥੫॥ ਇਨੇ ਆਦਿ ਤੇ ਆਯੁਧੰ ਪੁੰਜ ਦੀਨੇ। ਖੁਸ਼ੀ ਖਾਲਸੇ ਪੈ ਪ੍ਰਭੂ ਭੂਰ ਕੀਨੇ। ਦਈ ਬ੍ਰਿੰਦ ਬਾਰੂਦ ਗੋਰੀ ਘਨੇਰੀ। 'ਪਹਾਰੀ ਸਿੰਘਾਰਹੁ' ਕਹ੍ਯੋ ਤਾਂਹਿ ਬੇਰੀ ॥੬॥ ਭਏ ਸਾਵਧਾਨੰ ਤਬੈ ਸਿੰਘ ਬੀਰਾ[15]। ਰਸੇ ਬੀਰ ਰਾਤੇ ਚਲੇ ਬਾਂਧਿ ਧੀਰਾ। ਬੰਧੇ ਟੋਲ ਪੈ ਟੋਲ ਸੂਰਾਨ ਐਸੇ। ਬਹੇ ਬਾਯੁ ਤੇ ਮੇਘ ਹੈ ਪੁੰਜ ਜੈਸੇ[16] ॥੭॥ ਜਿਤੇ ਆਇਬੇ ਬ੍ਰਿੰਦ ਸ਼ੱਤ੍ਰਨਿ ਹੋਈ[17]। ਤਹਾਂ ਖਾਲਸਾ ਜਾਇ ਕੀਨੀ ਸੁ ਢੋਈ।ਤੁਫੰਗੇ ਤੜਾਕੇ ਉਠੀਂਵੇਂ ਘਨੇਰੇ। ਉਛੀਕੈਂ ਪਹਾਰੀ ਜਿ—ਆਵੈਂ ਜਿ-ਨੇਰੇ ॥੮॥ ਦੋਹਰਾ ॥ ਕਿਲੇ ਦੋਇ ਸਤਿਗੁਰੂ ਕੇ ਗਾਢੇ ਕੋਟ ਉਤੰਗ। ਨਾਮ ਫਤੇਗੜ੍ਹ ਲੋਹਗੜ੍ਹ ਅਪਰ ਅਗਮ ਪੁਰਿ ਅੰਗ[18] ॥੯॥ ਚੌਪਈ ॥ ਸ਼ੇਰ ਸਿੰਘ ਨਾਹਰ ਸਿੰਘ ਦੋਊ।ਕਾਇਮ ਕਰੇ ਲੋਹਗੜ੍ਹ ਸੋਊ।ਸਿੰਘ ਪੰਚਸੈ ਸੰਗ ਸੁ ਸੂਰੇ। ਸ਼ੱਤ੍ਰਨਿ ਕੇ ਹਤਿਬੇ ਬਲਿ ਪੂਰੇ॥੧੦॥ਅਗਮਪੁਰੇ ਦਿਸ਼ਿ ਸਗਲ ਮਝੈਲ।ਗਾਢੇ ਕਰੇ ਸ਼ਸਤ੍ਰ ਧਰਿ ਛੈਲ[19]। 'ਉਦੇ ਸਿੰਘ ਆਦਿਕ ਜੋ ਔਰ। ਰਾਖਹਿ ਤਕ-ਰਾਈ ਸਭਿ ਠੌਰ॥ ੧੧ ॥ ਜਹਾਂ ਜੋਰ ਤੇ ਪਰਹਿ ਲਰਾਈ। ਤਹਾਂ ਜਾਉ ਤੁਰਨ ਕਰਿ ਧਾਈ। ਘਾਲ ਦੇਹੁ ਘਮਸਾਨ ਘਨੇਰਾ।ਦਿਹੁ ਸ਼ੱਤ੍ਰਨਿ ਕੇ ਅੰਗ

---

[1]ਜੰਬੂਆ, ਇੱਕ ਪ੍ਰਕਾਰ ਦੀ ਕਟਾਰ ਵਛੂ ਦੀ ਸ਼ਕਲ ਦੀ। [2]ਖੋਖਰੀ, ਇੱਕ ਪ੍ਰਕਾਰ ਦਾ ਛੁਰਾ ਜੋ ਗੋਰਖੇ ਰੱਖਦੇ ਹਨ। [3]ਲੰਮੀਆਂ ਚੌੜੀਆਂ ਤਲਵਾਰਾਂ। [4]ਸੇਲਾ, ਨੇਜ਼ਾ। [5]ਬਰਛਾ। [6]ਭਾਰੀ ਲਿਸ਼ਕ ਵਾਲੇ। [7]ਮੈਲ ਤੋਂ ਬਿਨਾ ਸਾਫ ਹਨ ਤੇ ਸੁਹਣੇ ਅੰਗ (ਜਿਨ੍ਹਾਂ ਸ਼ਸਤ੍ਰਾਂ ਦੇ) ਬਣੇ ਹੋਏ ਹਨ। [8]ਕਲਾ ਵਾਲੇ ਤਮਾਂਚੇ ਵੈਰੀ ਨੂੰ ਮਾਰਨ ਵਾਲੇ। [9]ਬਹੁਤ ਲੰਮੀ ਨਾਲੀ ਵਾਲੀ ਬੰਦੂਕ। [10]ਛੋਟੀ ਤੋਪ। [11]ਇਕ ਪ੍ਰਕਾਰ ਦੀ ਬੰਦੂਕ। [12](ੳ) 'ਚੱਕਰ' ਦਿੱਤੇ ਜੋ ਚਲਾਏ ਜਾਕੇ ਘੁੰਮਦੇ ਹੋਏ ਚਮਕਦੇ ਹਨ। [ਵਕ੍ਰ=ਟੇਢ ਲੈਣੀ, ਘੁੰਮਣਾ] (ਅ) ਚੱਕ੍ਰ ਵੱਕ੍ਰ—ਉਹ ਚੱਕਰ ਜਿਸਦੇ ਆਰੀ ਵਾਙੂ ਦੰਦੇ ਕੱਢੇ ਹੋਏ ਹੋਣ। [13]ਸਖਤ ਧਨੁਖ। [14]ਤਿੱਖੇ ਤੀਰ ਲੱਗਿਆਂ ਵਿੰਨ੍ਹ ਕੇ ਪਾਰ ਹੋਣ ਵਾਲੇ। [15]ਸੂਰਮੇ। [16]ਵਾਯੂ ਵਗਿਆਂ ਤੇ ਜਿਵੇਂ ਬੱਦਲਾਂ ਦਾ ਸਮੂਹ ਇਕੱਠਾ ਹੋ ਜਾਂਦਾ ਹੈ। [17]ਜਿਧਰੋਂ ਸਮੂਹ ਸ਼ੱਤ੍ਰੂ ਨੇ ਆਵਣਾ ਸੀ। [18]ਅੰਗੇ ਰੂਪ ਨਾਮ ਧਰੇ। [19]ਛਬੀਲੇ ਸ਼ਸਤ੍ਰਧਾਰੀ।

ਬਿਖੇਰਾ' ॥ ੧੨ ॥ ਇਸ ਪ੍ਰਕਾਰ ਕਹਿ ਕਰਿ ਤਕਰਾਈ। ਅੱਗ੍ਰ ਜਾਨ ਤੇ
ਗੁਰੂ ਹਟਾਈ। ਸੈਨਾ ਸਕਲ ਨਿਕਟ ਹੀ ਰਾਖੀ।'ਲਰਹੁ ਇਸੀ ਥਲ ਰਣ
ਅਭਿਲਾਖੀ' ॥ ੧੩ ॥ ਉਤ ਤੇ ਭੀਮਚੰਦ ਹੰਕਾਰੀ। ਦੁੰਦਭਿ ਬ੍ਰਿੰਦ ਬਜੇ
ਬਲ ਭਾਰੀ।ਸਭਿਗਿਰਨਾਥਨ ਸਾਥ ਨਿਹਾਰਾ।ਭਯੋ ਪ੍ਰਥਮ ਤੇ ਬਡ ਹੰਕਾਰਾ
॥ ੧੪ ॥–ਇਤਨੋ ਲਸ਼ਕਰ ਜੋ ਸੰਗ ਹੋਇ। ਨਿਤ ਅਨੁਸਾਰ ਰਹੈ ਸਭਿ
ਕੋਇ। ਇਕ ਅਨੰਦਪੁਰਿ ਗਿਨਤੀ ਕਹਾਂ। ਲਵਪੁਰਿ ਜੀਤਿ ਲੇਹੁੰ ਕਛੁ
ਮਹਾਂ ॥੧੫॥ਕਰੌਂ ਸ਼ਾਹੁ ਕੋ ਚਿੰਤੁ ਬਿਸਾਲਾ। ਬਜਤਿ ਲੋਹ ਸੌਂ ਲੋਹ ਕਰਾ-
ਲਾ।ਅਬਿ ਲਰਿ ਹੈਂ ਮਿਲਿ ਗਿਰਪਤਿ ਸਾਰੇ। ਕਹਾਂ ਖਾਲਸਾ ਅੱਗ੍ਰ ਹਮਾਰੇ–
॥ ੧੬॥ ਦਲ ਕਲਮਲਤਿ[1] ਆਇ ਤਬਿ ਗਯੋ।ਨੇਰ ਅਨੰਦਪੁਰਿ ਕੋ ਹੁਇ
ਗਯੋ। ਖਰਨੋ ਖਾਲਸਾ ਜਹਾਂ ਪ੍ਰਤੀਖਤਿ। ਦੁੰਦਭਿ ਤੁਪਕਨ ਸੁਨਿ ਧੁਨਿ
ਈਖਤ[2] ॥੧੭॥ ਕਰੀ ਤੁਫੰਗਨਿ ਕੀ ਤਬਿ ਤਯਾਰੀ। ਤੋੜੇ ਅਗਨਿ ਲਾਇ
ਇਕ ਬਾਰੀ। ਪਾਇ ਬਰੂਦ ਮੇਲਿ ਕਰਿ ਗੋਰੀ। ਠੋਕਿ ਠੋਕਿ ਗਜ ਕੀਨਿ
ਕਠੋਰੀ॥੧੮॥ ਆਛੇ ਸੁਲਗ ਗਏ[3] ਜਬਿ ਤੋੜੇ।ਜਰੇ ਕਲਾ ਪਰ ਗਹਿ ਕਰਿ
ਮੋੜੇ। ਸ੍ਰੀ ਕਲਗ਼ੀਧਰ ਜਹਾਂ ਸੁਹਾਏ। ਸੁਧ ਹਿਤ ਪਹੁੰਚੇ ਤੁਰਨ ਧਾਏ
॥ ੧੯ ॥ 'ਮਹਾਰਾਜ ! ਸੁਨੀਐ ਤਤਕਾਲਾ। ਦੁੰਦਭਿ ਤੁਪਕਨ ਨਾਦ
ਉਠਾਲਾ।ਬਹੁਤੇ ਬਜਹਿ[4] ਸ਼੍ਰਵਨ ਧੁਨਿ ਪਰੋ।ਰਾਜੇ ਆਇ ਨਿਕਟ ਹੀ ਖਰੇ
॥੨੦॥ ਖਰੋ ਖਾਲਸਾ ਭੀ ਸਵਧਾਨਾ। ਖੁਸ਼ੀ ਕਰਹੁ ਲੇ ਫਤੇ ਮਹਾਨਾ'।ਸ੍ਰਿਗ
ਅਜੀਤ ਸਿੰਘ ਬੈਸ ਨਵੀਨਾ।ਖੜਗ ਸਿਪਰ ਇਖੁਧੀ ਕਰ ਲੀਨਿ[5] ॥੨੧॥
ਪਿਤਾ ਗੁਰੂ ਕੀ ਆਇਸੁ ਚਾਹਤਿ। ਰਿਪੁ ਸਨ ਲਰਿਬੇ ਹੇਤੁ ਉਮਾਹਤਿ।
ਉਦੈ ਸਿੰਘ ਤਬਿ ਬਾਕ ਬਖਾਨਾ।'ਮਹਾਰਾਜ! ਸਭਿ ਕਿਛੁ ਮਨ ਜਾਨਾ॥੨੨॥
ਤਉ ਬੇਨਤੀ ਭਨੌਂ ਅਗਾਰੀ।ਸਾਹਿਬਜ਼ਾਦਾ ਚਾਹਤਿ ਭਾਰੀ। ਪ੍ਰਭੁ ਨਿ ਸੰਗ
ਜੰਗ ਕੋ ਘਾਲਨ।ਸਭਿ ਸਿੰਘਨਿ ਦੇ ਧੀਰ ਸੰਭਾਲਨਿ ॥੨੩। ਕਹੈਹਿ ਆਪ
ਤੇ ਲਾਜ ਬਿਸਾਲਾ। ਕਛੁ ਨਹਿ ਬੋਲ ਸਕਹਿ ਇਸ ਕਾਲਾ। ਹੁਕਮ ਦੇਹੁ
ਮੋਕਉ ਇਨ ਸਾਥ[6]। ਗਮਨਹਿਂ ਰਣ ਕੋ ਧਰਿ ਪਦ ਮਾਥ ॥ ੨੪ ॥ ਸਭਿ
ਗਿਰ ਨਾਥਨਿ ਕੇ ਦਲ ਆਏ। ਰਹਤਿ ਵਹਿਰ ਹੀ ਜੰਗ ਮਚਾਏ'। ਸੁਨਿ
ਕਰਿ ਗੁਰੂ, ਪੁੱਤ੍ਰ ਦਿਸ਼ਿ ਦੇਖਾ। ਲਗੇ ਬਸਤ੍ਰ ਤਨ ਸ਼ੁਭਤਿ ਵਿਸ਼ੇਖਾ॥੨੫॥

[1] ਰੌਲਾ ਪਾਂਵਦਾ। [2] ਵੱਡੀ ਅਵਾਜ਼। [3] ਧੁਖ ਪਏ। [4] ਜਦੋਂ ਬਹੁਤ ਵਜਦੇ ਹਨ। [5] ਤਲਵਾਰ ਢਾਲ
ਤੇ ਭੱਥਾ ਹੱਥ ਵਿੱਚ ਲਏ। [ਸੰਸ:, ਇਸ਼ੁਧਿ=ਭੱਥਾ]। [6] ਭਾਵ ਸਾਹਿਬਜ਼ਾਦੇ ਜੀ ਦੇ ਨਾਲ।

Sri Satguru Jagjit Singh Ji eLlibrary NamdhariElibrary@gmail.com

'ਮਨੋ ਕਾਮਨਾ ਜੰਗ ਕਰਨ ਕੀ।ਬਿੱਦਯਾ ਸੀਖੀ ਧਨੁਖ ਸਰਨ ਕੀ।ਸੋ ਅਬਿ ਰਿਪੁਨ ਹਤਨ ਕੋ ਸਮੋ' ਭਯੋ ਹੁਕਮ ਗੁਰ, ਕੀਨਸਿ ਨਮੋ* ॥੨੬॥ 'ਇਹੀ ਕਾਜ ਹੈ ਸੁਤ ਛੱਤ੍ਰੀਨ। ਜਿਮ ਭਾਰਥ ਅਭਿਮੰਨੂ ਕੀਨ। ਤਿਸ ਕੇ ਸਮ ਬਧ ਲਾਲਸ ਮਨ ਕੋ'। ਦੇਖਯੋ ਚਹਤਿ ਕਰਨ ਬਿਧਿ ਰਨ ਕੀ ॥ ੨੭ ॥ ਇਸ ਤੇ ਆਛੀ ਔਰ ਨ ਬਾਤ। ਛੱਤ੍ਰੀ ਕਰਹਿ ਰਿਪੁਨਿ ਕੋ ਘਾਤ'। ਹੁਕਮ ਅਨੰਦਤਿ ਗੁਰ ਫੁਰਮਾਯੋ। 'ਸੁਨਹੁ ਅਜੀਤ ਸਿੰਘ ਲਲਚਾਯੋ ॥ ੨੮ ॥ ਉਦੇ ਸਿੰਘ ਕੋ ਲੀਜਹਿ ਸੰਗ। ਸਨਮੁਖ ਕਰਹੁ ਰਿਪੁਨਿ ਸਨ ਜੰਗ। ਆਗੇ ਵਧਨ ਨਹੀਂ ਬਹੁ ਦੀਜੈ। ਦੁਰਗ ਨਿਕਟ ਅਪਨੇ ਦ੍ਰਿਢ ਥੀਜੈ' ॥ ੨੯ ॥ ਸੁਨਤਿ ਪਿਤਾ ਕੋ ਹੁਕਮ ਅਨੰਦਯੋ। ਪਦ ਅਰਬਿੰਦ ਬੰਦਿ ਕਰ ਬੰਦਯੋ।ਸਿੰਘ ਏਕ ਸੌ ਲੇ ਕਰਿ ਸੰਗ।ਕਹਿ ਤਤਛਿਨ ਅਨਵਾਇ ਤੁਰੰਗ ॥ ੩੦ ॥ ਦਾਦੇ ਕੇ ਸਥਾਨ ਚਲਿ ਗਯੋ। ਹਾਥ ਬੰਦਿ ਕਰਿ ਬੰਦਤਿ ਭਯੋ।ਚਾਰ ਪ੍ਰਕਰਮਾ ਦੇ ਕਰਿ ਫਿਰਯੋ।ਬਿਨੈ ਕੀਨਿ ਹਯ ਪਰ ਪੁਨ ਚਰਯੋ॥੩੧॥ਉਦੇ ਸਿੰਘ ਸੋਂ ਬੋਲ-ਤਿ ਬੈਨ। 'ਚਲਯੋ ਵਹਿਰ ਜਹਿ ਸਿੰਘਨ ਸੈਨ।'ਚੰਚਲ ਬਾਜੀ ਚਲਤਿ ਉਧਾ-ਵਤਿ। ਖੁਰ ਖੁਪਰਾ ਧਨ ਗਨ ਬਗਾਰਾਵਤਿ' ॥ ੩੨ ॥ ਬੀਰ ਖਾਲਸੇ ਜਾਇ ਮਿਲਯੋ ਹੈ। ਸਭਿਹਿਨਿ ਮਨ ਉਤਸਾਹ ਕਰਯੋ ਹੈ। ਸਿੰਘ ਦੇਖਿ ਆਨੰਦਤਿ ਅਤੇ'ਵਾਹਿਗੁਰੂ ਜੀ ਕੀ ਕਹਿ ਫਤੇ॥੩੩॥ਮਾਰਬਕਾਰਾ ਕਰਿਤੇ ਚਲੇ।ਆਗੇ ਹੋਇ ਲਰਹਿ ਰਿਪੁ ਮਿਲੇ। ਪਿਤਾ ਬਾਕ ਕੋ ਤਬਹਿ ਸੰਭਾਲਾ। ਕਰਹਿ ਹਟਾਵਨਿ ਕਹਿ ਤਤਕਾਲਾ ॥ ੩੪ ॥ 'ਗੁਰ ਕੇ ਕਹਯੋ ਉਲੰਘਹੁ ਨਾਂਹੀ। ਥਰਨ ਜਮਾਇ ਥਿਰਹੁ ਤਿਸ ਮਾਂਹੀ'।ਦੁਰਗ ਆਪਨੋ ਰਾਖਿ ਪਿਛਾਰੇ'।ਕਰ-ਹਿ ਜੁੱਧ ਕ੍ਰੁੱਧਤ ਹੁਇ ਭਾਰੇ'॥੩੫॥ ਇਤ ਯੋਂ ਤਯਾਰ ਭਏ ਹਿਤ ਲਰਿਬੇ। ਭੀਮ ਚੰਦ ਉਤ ਇਮ ਕ੍ਰਿਤ ਕਰਿਬੇ। ਮਿਸਲ ਕਰਨ ਠਹਿਰਾਇ ਪਿਛਾਰੀ। ਲੇ ਅਨੀਕਨੀ ਭਯੋ' ਅਗਾਰੀ॥੩੬॥ਦੁੰਦਭਿ ਬਜੇ ਜੁਝਾਊ ਐਸੇ। ਫੈਲਨਿ ਜਾਤਿ ਘਨ ਗਰਜਹਿ ਜੈਸੇ। 'ਡੇਰਾ ਕਰਹਿਂ ਮਹਾਂ ਰਣ ਲਰਿਕੈ'। ਮਾਰੈਂ ਸਿੰਘ ਅਨੰਦਪੁਰਿ ਬਰਿਕੈ॥੩੭॥ਭੋ ਰਾਜਹੁ!ਲਿਹੁ ਪੁਰਬ ਜੀਤ। ਚਰੇ ਖਰੇ ਕਰਿ ਲਿਹੁ ਰਣ ਰੀਤਿ'। ਇਮ ਕਹਿ ਸਨਮੁਖ ਹੀ ਚਲਿ ਆਏ। ਫੱਰਰੇ

ਕਾਮਨਾ ਤੇ ਮਨ ਦੀ ਇੱਛਾ ਉਸੇ ਸਮਾਨ ਹੈ। ਕਿੱਲੇ ਵਿਚ ਪਾਂਵਦਾ ਹੈ। ਬਹੁਤ। ਕੂਜ ਦਾ ਵਿਚ ਜਿੱਥੇ ਹੁਕਮ ਹੋਇਆ ਸੀ। ਪਿੱਛੇ ਰਖੇ। ਸਾਰੀ ਫੌਜ। ਮਹਾਨ ਜੁੱਧ ਕਰਕੇ ਡੇਰਾ ਕਰਾਂਗੇ। ਖੜੇ ਖੜੋਤੇ ਰਣ ਦੀ ਰੀਤੀ ਕਰ ਲੈ, ਭਾਵ ਜੁੱਧ ਦਾ ਸ਼ਗਨ ਕਰ ਲਓ।

*ਪਾ:—ਭਯੋ ਨ ਹੁਕਮ ਕੀਨਿ ਕਹਿ ਨਮੋ।

Sri Satguru Jagjit Singh Ji eLlibrary NamdhariElibrary@gmail.com

ਅਨਿਕ ਨਿਸ਼ਾਨ ਛੁਰਾਏ ॥੩੮॥ ਸ਼ਲਖ ਤੁਫੰਗਨ ਤੜਭੜ ਚਲੀ।ਦੁਹਿ-ਦਿਸ਼ਿ ਚਮੂੰ ਅਧਿਕ ਕਲਮਲੀ। ਮਾਰ ਮਾਰ ਕਹਿ ਬਡੋ ਬਕਾਰਾ। ਹੋਨਿ ਲਗਯੋ ਬਹੁ ਜੰਗ ਅਖਾਰਾ ॥੩੯॥ ਇਤ ਬਾਜਯੋ ਰਣਜੀਤ ਨਗਾਰਾ। ਪਰੀ ਦੁਹੋਥੈਂ ਰਣ ਧੁੰਕਾਰਾ[1]। ਗਿਰਨਾਥਨ ਕੋ ਬਾਧ੍ਯੁ ਕੁਫੇਰੀ। ਭੇ ਅਪਸ਼ਗਨ ਘਨੇ ਤਿਸ ਬੇਰੀ ॥੪੦॥ ਜਰਾਸੰਧ ਜਨੁ ਸੈਨ ਸਕੇਲੀ।ਮਥੁਰਾਪੁਰੀ ਆਨਿ ਕਰਿ ਮੇਲੀ[2]। ਗਜ ਸਮ ਜੋਧਾ ਬਲੀ ਬਿਸਾਲਾ। ਗੋਬਿੰਦਸਿੰਘ ਅਹੈ ਜਿਨ ਕਾਲਾ[3] ॥ ੪੧ ॥ ਦੋਹਰਾ ॥ ਇਕ ਦਿਸ਼ਿ ਚਮੂੰ ਤੁਰੰਗ ਕੀ ਇਕ ਦਿਸ਼ਿ ਪੈਦਲ ਹੋਇ। ਪਰਯੋ ਜੰਗ ਘਮਸਾਨ ਕੋ ਮਿਲੇ ਸੁਭਟ ਦਿਸ਼ਿ ਦੋਇ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਤ੍ਰੈਦਸ਼ਮੋ ਅੰਸੂ ॥ ੧੩॥

## ੧੪. [ਜੰਗ]।

ਦੋਹਰਾ ॥ ਇਮ ਦੁਹਿਦਿਸ਼ਿ ਤੇ ਉਰੜੇ[4] ਬੀਰ ਬਡੇ ਬਲਵੰਡ। ਪ੍ਰਥਮ ਤੁਫੰ-ਗਨਿ ਭੇੜ ਕਰਿ ਭਯੋ ਘਮੰਡ ਪ੍ਰਚੰਡ[5]॥੧ ॥ਰਸਾਵਲ ਛੰਦ॥ ਜਸੰਵਾਲ ਧਾਯੋ। ਪਦਾਤੀ[6]ਲਿਆਯੋ। ਚਲੀ ਧੌਂ ਤੁਫੰਗੈਂ। ਮਹਾਂ ਏਕ ਸੰਗੈ[7] ॥੨॥ਉਦੈ ਸਿੰਘ ਦੌਰਾ। ਮਚਯੋ ਭੂਰ ਰੌਰਾ। ਛੁਟੇ ਤੀਰ ਗੋਰੀ। ਭਿਰੇ ਦੌਨ ਓਰੀ ॥੩ ॥ ਮਨੋ ਪੌਨ ਪ੍ਰੇਰੇ। ਭੁਏ ਮੇਘ ਨੇਰੇ। ਪਰੇ ਬ੍ਰਿੰਦ ਓਰੇ[8]। ਕ੍ਰਿਖੀ ਸੂਰ ਢੋਰੇ[9] ॥ ੪ ॥ ਮਹਾਂ ਤੇਜ ਤੱਤੇ। ਰਸੈ ਬੀਰ ਰੱਤੇ। ਚਲੀ ਸ਼ੂਕ ਗੋਰੀ। ਰਿਦਾ ਸੀਸ ਫੋਰੀ॥ ੫॥ ਲਗੇ ਘਾਇ ਘੂਮੇ।ਪਰੇ ਭੂਮਿ ਭੂਮੇ।ਕਿਸੀ ਟਾਂਗ ਟੂਟੀ।ਰਿਦੈ ਧੀਰ ਛੂਟੀ ॥੬॥ ਕਿਸੂ ਘਾਵ ਛਾਤੀ। ਪਰਯੋ ਭੂਮ ਘਾਤੀ[10]। ਕਸੈ ਕੋ ਤੁਫੰਗਾ। ਗਜੈ ਕਾਢਿ ਚੰਗਾ॥੭॥ਠੁਕੈਂ ਡਾਲਿ ਗੋਰੀ। ਡੰਭੇ ਸ਼ੱਤ੍ਰ ਓਗੀ[11]।ਉਠਾਵੈਂ ਤੜਾਕੇ। ਬਡੇ ਬੀਰ ਬਾਂਕੇ ॥੮ ॥ ਕਰੈਂ ਸਿੰਘ ਹੇਲਾ। ਪਹਾਰੀ ਨ ਝੇਲਾ। ਪਦਾਂਤੀ[12] ਗਵਾਰੇ। ਪਰੇ ਏਕ ਬਾਰੇ ॥੯ ॥ ਦੋਹਰਾ ॥ ਇਤ ਆਲਮ ਸਿੰਘ ਦਯਾ ਸਿੰਘ ਮਿਲਿ ਬਚਿੱਤ੍ਰ ਸਿੰਘ ਬੀਰ।ਉਦੇ ਸਿੰਘ ਸੋਂ ਤਬਿ ਕਹਯੋ'ਰਹੁ ਗੁਰ ਸੁਤ ਕੇ ਤੀਰ ॥੧੦॥ ਪਾਧੜੀ ਛੰਦ॥ ਹਮ ਸਭਿ ਪਦਾਂਤ ਕੇ ਸਮੁਖ ਜਾਇ। ਉਤ ਬਧੀ ਜਾਇ[13] ਹਤਿ ਕੈ ਹਟਾਇ।ਇਹ ਦਲ ਤੁਰੰਗ ਕੇ ਟੋਲ ਦੇਖਿ[14]।ਇਨਸੰਗ ਅਰਹੁ ਦ੍ਰਿਢ ਰਖਹੁ ਟੇਕ॥ ੧੧ ॥ ਨਹਿਂ ਅੱਗ੍ਰ ਜਾਨਿ ਕੀ ਕਰਹੁ

[1]ਰਣ ਦਾ ਸ਼ਬਦ ਹੋਇਆ। [2]ਭਾਵ ਮਥਰਾ ਤੇ ਧਾੜ ਲਿਆਂਦੀ। [3]ਜਿਨ੍ਹਾਂ ਨੂੰ ਮੌਤ ਰੂਪ ਹੈ। [4]ਟੁੱਟਕੇ ਪਏ। [5]ਭਾਰੀ ਯੁੱਧ ਹੋਇਆ। [6]ਪੈਦਲਾਂ ਦੀ ਫੌਜ। [7]ਇਕੋ ਵਾਰੀ। [8]ਗੜੇ। [9]ਭਾਵ ਸੂਰਮਿਆਂ ਰੂਪੀ ਖੇਤੀ ਨੂੰ ਮਾਰਿਆ। [10]ਜ਼ਖਮੀ ਹੋਕੇ। [11]ਪਲੀਤਾ ਦਾਗਦੇ ਹਨ ਵੈਰੀ ਵੱਲ। [12]ਪੈਦਲ। [13]ਵਧੀ ਜਾਂਦੀ ਨੂੰ। [14]ਸੁਾਰਾਂ ਦੇ ਟੋਲੇ ਨੂੰ ਵੇਖੋ।

Sri Satguru Jagjit Singh Ji eLlibrary  NamdhariElibrary@gmail.com

[illegible] ਭਜੈ ਭੂਪ ਤਕਿ ਸ਼ੈਲ੍ਹ ਗਾਤ। ਗਰ ਪੁੱਤ੍ਰ ਰਾਖਿ ਥਿਰ ਧੀਰ ਦੇਹੁ।
ਕਹਿ ਸਾਹਿ ਅਕਾਰੀ ਵਧਹਿ ਕੋਹੁ॥੧੨॥ਇਨ ਨਈ ਬੈਸ ਰਨ ਚੌਂਪ ਭੂਰ।
ਪ੍ਰਭੁ ਪਰਖ ਪੁੱਤ੍ਰ ਸੁਭ ਗਰੂਰ[1]। ਇਮ ਭਲੀ ਭਾਂਤਿ ਕਹਿ ਕਰਿ ਟਿਕਾਇ।
ਲੈ ਸਿੰਘ ਪੰਚ ਸੈ ਸੰਗ ਧਾਇ॥ ੧੩ ॥ ਇਕ ਬਾਰਿ ਪਰੇ ਊਪਰ ਰਿਸਾਇ।
ਗੁਲਕਾਨ ਮੀਂਹ ਬਰਖਾਇ ਧਾਇ। ਗਨ ਤੀਰ ਬੀਰ ਧਰਿ ਧੀਰ ਮਾਰਿ।
ਕਰਕੀ ਕਮਾਨ ਜਿਮ ਉਡਤਿ ਮਾਰ[2] ॥ ੧੪ ॥ ਮਿਲਿ ਗਏ ਬੀਰ ਗਨ,
ਸੇਲ ਠੇਲਿ। ਹਤਿ ਖੜਗ ਕਾਟਿ ਰਿਪੁ ਪੇਲਿ ਪੇਲਿ[3]। ਗਿਰ ਗਏ ਸੁਭਟ
ਤਨ ਲੋਥ ਪੋਥ। ਹਯ ਪਗਨ ਸੰਗ ਤਨ ਹੋਥ ਥੋਥ[4] ॥ ੧੫ ॥ ਚਲਿਪੰਤਿ
ਰਕਤ ਪਿਲਪਿੰਤਿ ਕੱਠ[5]। ਮਿਲਿਪੰਤਿ ਹੱਥਵੱਥਨ ਦਬੱਟ[6]। ਇਮ ਮਰੇ
ਸਬਹਿ ਭਾਜੇ ਗਵਾਰ। ਪਿਖਿ ਭੀਮ ਰੂਪ ਸਿੰਘਨ ਉਦਾਰ॥੧੬॥ਠਹਿਰੰਤਿ
ਨਹਿਨ ਜਮ ਮਨਹੁ ਆਇ। ਮਾਰਤਿ ਰਿਸਾਇ ਨਹਿ ਕੋ ਉਪਾਇ। ਤਬਿ
ਭੀਮਚੰਦ ਲਖਿ ਭੀਮ ਜੁੱਧ। ਭੀ ਪ੍ਰਥਮ ਹਾਰ ਬੋਲਯੋ ਸੁਕ੍ਰੁੱਧ ॥੧੭॥ਦੋਹਰਾ॥
ਸਮਰੁੱਲਾ ਭਾਈ ਹੁਤੇ ਗੁਜਰਨਿ ਕੇ ਸਰਦਾਰ। ਤਾਕੌਨੇ ਰਾਤੀ ਆਖ
ਕਰਿ[7] ਪ੍ਰਭੂ ਨਿਤ ਕਰਤਿ ਉਚਾਰ॥੧੮॥ਤੋਟਕਛੰਦ॥ਬਜਰੂਰ ਜਬੈ ਹਤਿ ਗ੍ਰਾਮ
ਲਯੋ। ਤਬਿ ਕੇ ਦੁਖ ਪਾਇ ਭਨੰਤਿ ਭਯੋ।—ਗੁਰ ਸੰਗ ਲਰੈਂ ਦਲ ਥੋਰ
ਅਹੇ। ਪਲਟਾ ਹਮਰੇ ਨਿਤ ਲੇਨਿ ਚਹੇ[8]॥੧੯॥ਸਮੁਦਾਇ ਸਕੇਲਨ ਛੋਰ
ਕਰੌਂ[9]। ਤੁਮ ਸੰਗ ਚਲੋਂ, ਪਿਖਿ ਲੇਹੁ ਲਰੌਂ। ਕੁਛ ਥੋਰ ਸਹਾਇਕ ਆਪ
ਬਨੋ[10]। ਤਬਿ ਜਾਨ ਲਿਜੈ ਸਭਿ ਸਿੰਘ ਹਨੋ[11]—॥੨੦॥ਅਬਿ ਕਯੋਂ ਨਹਿ ਸੋ
ਸਿਮਰਹੁ ਮਨ ਮੈਂ। ਮਹਰੇ ਚਲ ਜਾਹੁ,ਥਿਰੋ ਰਨ ਮੈਂ।ਸਭਿ ਛੋਰ ਪਲਾਇਨ
ਹੋਇ ਚਲੀ[12]ਠਹਿਰੈ ਤੁਝ ਤੇ ਲਰਿ ਭਾਂਤਿ ਭਲੀ[13]॥੨੧॥ ਕਹਿਲੂਰ ਪਤੀ
ਬਚ ਸ਼ੂਲ ਸੁਨੇ[14]। ਚਪਿ[15] ਗੁਜਰ ਕ੍ਰੋਪਤਿ ਹੋਇ ਘਨੇ। ਸਵਧਾਨ ਬਨੇ

---

[1]ਲਹੂ ਨ ਗਰਬ ਕੇ। [2]ਜਿਵੇਂ ਸੱਪ ਉਡਦੇ ਹਨ (ਵਿਉਂ ਤੀਰ ਉਡੇ)। [3]ਧੱਕ ਧੱਕ ਕੇ। [4]ਘੋੜਿਆਂ ਦੇ ਪੈਰਾਂ ਨਾਲ ਤਨ ਚਿੱਥੇ ਜਾਕੇ ਥੋਥੇ ਹੋ ਗਏ (ਜਿੰਦ ਤੋਂ)। [5]ਮਾਸ ਕਟੇ ਵਿਚੋਂ ਲਹੂ ਵਗ ਰਿਹਾ ਹੈ [ਸਿਸ:, ਪਲ=ਮਾਸ। ਸ਼ੁਧ ਪਾਠ ਪਲਿਪੰਤ ਚਾਹੀਦਾ ਸੀ] (ਅ) ਪਿਲਚੀਆਂ ਕਟੀਆਂ ਵਿਚ। [6]ਦਬੱਟ ਦੇ (ਜੋੜ ਪਏ ਵਿ) ਹੱਥੋ ਹੱਥੀ ਜਾ ਮਿਲੇ, ਭਾਵ ਗੁੱਥਮ ਗੁੱਥਾ ਹੋ ਗਏ। [7]ਗਲ ਗੱਲ ਕਰਕੇ। [8]ਲੈਣਾ ਚਾਹੁੰਦਾ ਹਾਂ। [9]ਸਾਰੀ (ਫੌਜ) ਵਹੀਰ ਨੂੰ ਕੱਠਿਆਂ ਕਰਾਂਗਾ। [10]ਤੁਸੀਂ ਬਣ ਜਾਣਾ। [11]ਸਾਰੇ ਸਿੰਘ ਤਦ ਮਾਰੇ ਗਏ ਜਾਣ ਲੈਣੇ। [12]ਸਾਰੀ ਤੇਰੀ ਫੌਜ ਨੱਠ ਚੱਲੀ ਹੈ। [14]ਦੋ ਬਚਨ ਸੂਲਾਂ ਵਰਗੇ। [15]ਖਿਝਕੇ।

ਧਨੁ ਬਾਨ ਗਹੇ। ਬਿਚ ਪੈਦਲ ਜਾਇ[1] ਸ਼ਿਤਾਬ ਲਹੇ ॥ ੨੨ ॥ ਲਲਕਾਰ ਬਕਾਰ ਬਹੋਰਤਿ ਭਾ[2]। ਸਰ ਜੋਰਤਿ ਐਂਚਤਿ ਛੋਰਤਿ ਭਾ। ਇਮ ਪਾਇ ਸਹਾਇਕ ਛੋਰ ਬਡੀ। ਇਕਬਾਰ ਮੁਰੇ ਤੁਪਕਾਨਿ ਛਡੀ ॥ ੨੩ ॥ ਉਤ ਰਾਜਨ ਕੋਰ ਤੁਰੰਗ ਦਲੰ। ਅਗਵਾਰ ਬਧੇ ਕਰਿ ਦੀਹ ਦਲੰ। ਮੁਖ 'ਮਾਰਹਿ ਮਾਰ' ਪੁਕਾਰਤਿ ਹੈਂ। ਗੁਲਕਾਨਿ ਖਤੰਗ ਪ੍ਰਹਾਰਤਿ ਹੈਂ ॥੨੪॥ ਬਡ ਹੇਲ ਕਰ੍ਯੋ ਕੁਛ ਸਿੰਘ ਹਟੇ। ਕਰਵਾਰ ਨਿਕਾਰਤਿ ਕਾਟ ਸਟੇ[3]। ਭਟ ਭੇੜ ਲਟਾ-ਪਟ[4] ਜੂਟ ਗਏ। ਤੁਪਕਾਨਿ ਤੜਾਭੜ ਨਾਦ ਭਏ ॥ ੨੫ ॥ ਗੁਰ ਨੰਦ ਬਿਲੋਕਤਿ ਕੋਪ ਭਯੋ। ਧਨੁ ਐਂਚਤਿ ਤੀਰਨਿ ਛੋਰਿ ਦਯੋ। [5]ਚਲਿ ਸ਼ੂਕ ਪਰੇ ਰਿਪੁ ਬ੍ਰਿੰਦਨਿ ਮੈਂ। ਬਡ ਬੀਰ ਤੁਰੰਗ ਨਿਕੰਦਨ ਮੈਂ[5] ॥੨੬॥ ਜਹਿ ਲਾਗਤਿ ਪਾਰ ਪਰੇ ਤਨ ਤੇ। ਜਲ ਜਾਰਤਿ ਹੈਂ ਨ ਉਭੇ ਰਨ ਤੇ। ਬਹੁ ਅੰਧ ਰੁ ਧੁੰਧ ਮਚਾਇ ਦਈ। ਨਭ ਧੂਲ ਉਡੀ ਇਕਸਾਰ ਭਈ ॥ ੨੭ ॥ ਪਿਖਿ ਮਾਸ ਗ੍ਰਿਧਾਂ ਮੰਡਰਾਵਤਿ ਹੈਂ। ਗਨ ਕਾਂਕ ਰੁ ਕੰਕ ਭ੍ਰਮਾਵਤਿ ਹੈਂ। ਬਹੁ ਕੂਕਰ ਜੰਬੁਕ[6] ਡੋਲਤਿ ਹੈਂ। ਭਖਿ ਆਮਿਖ ਦੀਰਘ ਬੋਲਤਿ ਹੈਂ ॥੨੮॥ ਸਿਰ ਕੋ ਬਹੁ ਬਾਰ ਖਿਲਾਰਤਿ ਹੈਂ। ਗਨ ਜੋਗਨਿ ਚੀਂਕ ਪੁਕਾਰਤਿ ਹੈਂ। ਹਰਖਾਵਤਿ ਪ੍ਰੇਤ ਸੁ ਨਾਚਤਿ ਹੈਂ। ਮਿਲਿ ਭੂਤਹਿ ਸ਼ੋਣਤ ਰਾਚਤਿ ਹੈਂ ॥੨੯॥ ਰਣਖੇਤ ਭਯੰਕਰ ਭੂਰ ਭਯੋ। ਬਹੁ ਦੇਰ ਲਗੀ ਨਹਿ ਲੋਥ ਛਯੋ[7]। ਜਬਿ ਸਿੰਘ ਪਲਾ-ਇਨ ਹੋਇ ਚਲੇ। ਤਬਿ ਸਿੰਘ ਉਦੇ ਅਵਿਲੋਕ ਭਲੇ ॥੩੦॥ ਜਿਤ ਰਾਜਨ ਕੇ ਬਡ ਟੋਲ ਖਰੇ। ਤਿਤ ਸੰਮੁਖ ਦੇਕਰਿ ਜੋਰ[8] ਤੁਰੇ। ਅਸਵਾਰ ਹਜ਼ਾਰਹੁ ਸੰਗ ਲਿਏ। ਗੁਰ ਨੰਦਨ ਕੋ ਸਭਿ ਬੀਚ ਦਿਏ ॥੩੧॥ ਗੁਲਕਾਨਨਿ ਬਾਨਨਿ ਮਾਰਿ ਕਰੀ। ਇਕਬਾਰ ਬਜੀ ਤਬਿ ਧੂਮ ਪਰੀ। ਜਿਮ ਧਾਨ ਭੁਜੈਂ ਬਿਚ ਭ੍ਰਾਠ ਘਨੇ। ਤਿਮ ਨਾਦ ਉਠੇ ਤੁਪਕਾਨ ਹਨੇ ॥੩੨॥ ਨਰਾਜ ਛੰਦ ॥ ਗੁਰੂ ਗੋਬਿੰਦ ਸਿੰਘ ਜੀ ਉਤੰਗ ਜੋ ਸਥੰਭਲੇ। ਬਿਰੇ ਤਹਾਂ ਬਿਲੋਕਤੇ:-ਜੁਟੇ ਬਿਲੰਦ ਦ੍ਵੈ ਦਲੇ। ਤੁਰੰਗ ਤੇ ਖਤੰਗ ਤੇ ਕ੍ਰਿਪਾਨ ਵੇਰ ਮਾਰਿਹੀਂ। ਮਚ੍ਯੋ ਘਮੰਡ ਦੀਰਘੰ ਪੁਕਾਰ ਦੈ ਪੁਕਾਰਹੀਂ[9] ॥ ੩੩ ॥ ਚਲੈਂ ਪ੍ਰਹਾਰ ਮਾਰਿਬੇ[10] ਸੁ ਬੇਗ ਸ਼ੂਕ

[1]ਪੈਦਲਾਂ ਵਿਚ ਜਾਕੇ। [2]ਮੋੜਨ ਲਗਾ। [3]ਕੱਟ ਸੁਟੇ। [4]ਭੇੜੀ। [5]ਸਮੂਹ ਵੈਰੀਆਂ ਵਿਚ ਵੱਡੇ ਸੂਰਮੇ ਤੇ ਘੋੜਿਆਂ ਨੂੰ ਨਾਸ਼ ਕਰਨ ਲਈ (ਸਾਹਿਬਜ਼ਾਦੇ ਦੇ ਤੀਰ) ਸ਼ੂਕਦੇ ਗਏ। [6]ਗਿਦੜ। [7]ਬਹੁਤੀ ਦੇਰ ਨਹੀਂ ਲਗੀ ਲੋਥਾਂ ਨਾਲ ਢਕਿਆ ਗਿਆ (ਰਣਖੇਤ)। [8]ਜ਼ੋਰ ਦੇਕੇ। [9]ਪੁਕਾਰਾ ਦੇਕੇ ਪੁਕਾਰਦੇ ਹਨ। [10]ਮਾਰ ਸਿੱਟਣ ਵਾਲੇ ਵਾਰ ਹੋ ਰਹੇ ਹਨ।

Sri Satguru Jagjit Singh Ji eLlibrary NamdhariElibrary@gmail.com

ਗੋਰਿਯਾਂ। ਮਨਿੰਦ ਮੇਘ ਬੂੰਦ ਹੀ ਬੰਦੂਕ ਡਾਰ ਛੋਰਿਯਾਂ। [1]ਤੜਾਕ ਤੇ ਸੜਾਕ ਹ੍ਵੈ ਪੜਾਕ ਭੂਮ ਗੇਰਤੇ[1]।ਬਰੂਦ ਫੇਰ ਡਾਲਤੇ, ਸੁ ਦੂਰ ਦੂਰ ਪ੍ਰੇਰਤੇ[2]। ੨੪ ॥ ਪ੍ਰਚੰਡ ਭਾ ਘਮੰਡ[3] ਸੂਰ ਖੰਡ ਖੰਡ ਕਾਟਤੇ। ਕੁਦੰਡ ਬਾਹੁ ਦੰਡ ਤੇ ਸੁ ਜੋਰ ਘੋਰ ਡਾਰਤੇ[4]। ਬਿਹੰਡ[5] ਰੁੰਡ ਮੁੰਡ ਹ੍ਵੈ ਕਿਤੇਕੁ ਤੁੰਡ ਪੰਡੁ ਤੇ[6]। ਦਿਖਾਇ ਕੰਡ ਭਾਜਤੇ ਸੁ ਆਯੁਧਾਨਿ ਛੰਡਤੇ[7] ॥ ੨੫ ॥ ਬਿਸਾਲ ਹੇਲ ਠੇਲਤੇ ਕਰਾਲ ਰੇਲ ਪੇਲਤੇ। ਮਨੋ ਸੁ ਫਾਗ ਖੇਲਤੇ, ਦੁਹੇਲ ਹੇਲ ਝੇਲਤੇ[8]।[9]ਪਲਾਇ ਏਕ ਗੋਲ ਤੇ ਸਿਤਾਬ ਪਾਇ ਮੇਲਤੇ। ਮਨੋ ਚਲਾਇ ਜੇਲ ਤੇ ਬਿਹਾਲ ਏਵ ਭੇਲਤੇ[9] ॥ ੨੬ ॥ ਭਏ ਘਨੇ ਪਹਾਰਿਧੇ ਮਚਾਇ ਧੂਮ ਧੂਮ ਕੋ। ਹੁਤੋ ਸੁ ਬੀਰ ਖਾਲਸਾ ਨ ਛੋਰਿ ਜੰਗ ਭੂਮ ਕੋ[10]। ਰਿਸਾਇ ਸ੍ਰੀ ਗੁਬਿੰਦ ਸਿੰਘ ਚਾਂਪ ਆਪ ਲੀਨਿਓ। ਨਿਹਾਰਿ ਸ਼ੱਤ੍ਰ ਸੈਨ ਕੋ ਖਤੰਗ ਬੀਰ ਦੀਨਿਓ॥੨੭॥ਪਰਯੋ ਸੂੰਕਾਟ[11] ਗੈਨ ਮੇਂ[12] ਅਨੰਤ ਸੈਨ ਓਰਜੀ। ਮਚੰਤਿ ਜੁੱਧ ਕ੍ਰੁੱਧ ਕੈ ਪਰੀ ਨ ਮਾਰ ਥੋਰਜੀ[13]। ਸੜਾ ਸੜੀ ਤਤਾਰਚੋ[14] ਤੜਾਭੜੀ ਚਲਾਇਕੈ। ਪ੍ਰਵੇਸ਼ ਤੇ ਅਸ਼ੇਸ਼ ਹੀ ਵਿਸ਼ੇਸ਼ ਓਜ ਲਾਇਕੈ॥ ੨੮ ॥ਕ੍ਰਿਪਾਨ ਐਂਚਿ ਮਯਾਨ ਤੇ ਰਿਪੂਨਿ ਕੇ ਪ੍ਰਹਾਨਤੇ। ਰਚਾਇ ਸ਼੍ਰੋਣ ਸਾਥ ਤੇ ਨਚਾਇ ਧਾਰਿ ਪਾਨ ਤੇ[15]।ਉਤੰਗ ਅੰਗ ਭੰਗ ਤੇ ਕਿਤੇਕ ਸੀਸ ਕਾਟਿਓ।ਲਗੀ ਸੁ ਤ੍ਰਿਸ਼ ਕਾਹਿ ਕੋ ਸਿਕੰਧ[16] ਚੀਰ ਡਾਰਿਓ॥੨੯॥ਰਿਦਾ ਬਿਦਾਰ[17]ਕਾਹਿ ਕੇ

---

[1]ਤੜਾਕ=ਗੋਲੀ ਦੇ ਨਿਕਲਣ ਦੀ ਆਵਾਜ਼। ਸੜਾਕ=ਉਸ ਦੇ ਸ਼ੂੰ ਸ਼ੂੰ ਕਰਦੇ ਜਾਣ ਦੀ ਆਵਾਜ਼। ਪੜਾਕ=ਪਟੱਕ ਧਰਤੀ ਤੇ ਡਿੱਗਣ ਦੀ ਆਵਾਜ਼ (ਜਿਸ ਨੂੰ ਗੋਲੀ ਲੱਗਦੀ ਹੈ)। [2]ਦੂਰ ਦੂਰ ਤਕ ਚਲਾਉਂਦੇ ਹਨ। [3]ਯੁੱਧ ਕਰੜਾ ਹੋ ਗਿਆ ਹੈ। [4]ਡੌਲਿਆਂ ਦੇ ਬੜੇ ਬਲ ਨਾਲ ਧਨੁਖ ਚਲਾਉਂਦੇ ਹਨ। [5]ਕੱਟੇ ਜਾਕੇ। [6]ਮੁੱਖ ਪੀਲੇ ਹੋ ਗਏ। [7]ਸ਼ਸਤ੍ਰਾਂ ਨੂੰ ਛੱਡ ਛੱਡ ਕੇ ਪਿੱਠਾਂ ਦੇਕੇ ਭਜਦੇ ਜਾਂਦੇ ਹਨ [ਸੰਸ:, ਆਯੁਧ=ਸ਼ਸਤ੍ਰ।] (ਅ) ਜੰਗ ਨੂੰ ਛੱਡਕੇ ਪਿੱਠ ਦਿਖਾਕੇ ਭੱਜੇ ਜਾਂਦੇ ਹਨ। [ਸੰਸ:, ਆਯੁਧਨ=ਜੰਗ। [8]ਔਖੇ ਹੱਲੇ ਝੱਲਦੇ ਹਨ। [9]ਇਕ ਪਾਸਿਓਂ ਭੱਜਕੇ (ਫਿਰ) ਛੇਤੀ ਨਾਲ ਪੈਰ ਮੇਲ ਲੈਂਦੇ ਹਨ, ਮਾਨੋਂ ਪੈਰੀਂ ਰੱਸੀ ਪਾਕੇ ਇਕ ਕਤਾਰ ਵਿਚ ਟੋਰੇ ਕੈਦੀ ਹਨ ਐਸ ਤਰ੍ਹਾਂ ਇਹ ਬੇਹਾਲ (=ਘਬਰਾਏ ਹੋਏ ਫਿਰ) ਮਿਲ ਜਾਂਦੇ ਹਨ [ਜੇਲ=ਇਕ ਰੱਸੀ ਨਾਲ ਬੱਧੇ ਕੈਦੀਆਂ ਦੀ ਕਤਾਰ, ਯਾ ਮਾਲ ਨਾਲ ਬੱਧੀਆਂ ਟਿੰਡਾਂ ਦੀ ਕਤਾਰ ਜੋ ਬਾਹਿਣ ਤੇ ਪਾਈਦੀ ਹੁੰਦੀ ਹੈ (ਕੋਸ਼ ਸ੍ਰੀ: ਸਫਾ ੮੩੨)। [10]ਛਡਦਾ ਨਹੀਂ ਜੰਗ ਭੂਮ ਨੂੰ (ਖਾਲਸਾ)। [11]ਸ਼ੂੰ ਸ਼ੂੰ ਦੀ ਆਵਾਜ਼। [12]ਅਕਾਸ਼ ਵਿਚ। [13]ਮਾਰ ਬਹੁਤੀ ਮਚ ਪਈ। [14]ਸੜਾਸੜੀ ਸ਼ਬਦ ਹੋਇਆਂ ਬਾਣ ਚਲਾਉਣ ਨਾਲ [ਫਾ:, ਤਤਾਰਚਹ=ਇਕ ਪ੍ਰਕਾਰ ਦਾ ਤੀਰ, ਤਾਤਾਰ ਦੇਸ਼ ਦਾ ਤੀਰ]। [15]ਧਾਰ ਲਹੂ ਨਾਲ ਭਿੱਜੀ (ਤਲਵਾਰ ਨੂੰ) ਹੱਥ ਉਤੇ ਧਾਰਕੇ ਨਚਾਉਂਦੇ ਹਨ। [16]ਮੋਢਾ। [17]ਪਾੜ ਦਿਤਾ।

Sri Satguru Jagjit Singh Ji eLlibrary NamdhariElibrary@gmail.com

ਕਿ ਜੰਘ ਕਾਟ ਡਾਰਿਓ। ਕਿਤੇਕ ਤੇਗ਼ ਸਾਥ ਹੀ ਸੁ ਹਾਥ ਭੂਮ ਪਾਰਿਓ[1]। ਬਜੰਤਿ ਧੌਂਸ ਦੀਰਘਾ ਸੁਣਾਇ ਸੋ ਨਫੀਰਿਯਾਂ। ਅਨੇਕ ਦੁੰਦਭਾਨਿ ਪੈ ਦੁਚੋਬ ਲਾਗ ਧੀਰਿਯਾਂ॥੪੦॥ਸੁਬੇਗ ਸਿੰਘ ਜੰਬੁਰੀ[2]ਸਬੇਗ ਕ੍ਰੋਧ ਪ੍ਰਾਇਓ[3]। ਕ੍ਰਿਪਾਲ ਸਿੰਘ ਬੀਰ ਅੰਬਰੀਕ ਸਿੰਘ ਧਾਇਓ।ਬਚਿੱਤ੍ਰ ਸਿੰਘ ਸੂਰਮਾ ਅਨੰਦ ਸਿੰਘ ਕੋਪਧੋ। ਗੁਪਾਲ ਸਿੰਘ ਦਯਾਲ ਸਿੰਘ ਜੰਗ ਪਾਇ ਰੋਪਧੋ॥ ੪੧॥ ਹਮੀਰ ਸਿੰਘ ਮਾਨ ਸਿੰਘ ਟੇਕ ਸਿੰਘ ਦੌਰਿਕੈ। ਦਿਵਾਨ ਸਿੰਘ ਸ਼ੋਭ ਸਿੰਘ ਕੌਲ ਸਿੰਘ ਰੌਰਕੈ[4]।ਹਜ਼ਾਰਸਿੰਘ ਚੇਤਸਿੰਘ ਸੰਤਸਿੰਘ ਸੂਰਮਾ।ਸੁਜਾਨਸਿੰਘ ਕਾਹਨ ਸਿੰਘ ਦਾਨ ਸਿੰਘ ਰੂਰਮਾ[5]॥੪੨॥ਰਸਾਵਲ ਛੰਦ॥ ਉਦੇ ਸਿੰਘ ਬੀਰੰ। ਫਤੇ ਸਿੰਘ ਧੀਰੰ। ਦਯਾ ਸਿੰਘ ਸੰਗੀ। ਭੁਜੰਗੇ ਨਿਸੰਗੀ[6]॥੪੩॥ਗਿਨੈਂ ਨਾਮ ਕੇਤੇ। ਗੁਰੂ ਪਾਸ ਜੇਤੇ। ਮਝੈਲੰ ਬਿਸਾਲੇ। ਭਏ ਰੋਹ ਵਾਲੇ॥ ੪੪॥ ਖਚਾਖੱਚ ਬਾਹੈਂ[7]। ਜੁਦੇ ਅੰਗ ਲਾਹੈਂ। 'ਉਤੇ ਢੁਕਿ ਰਾਜੇ। ਭਜੇ ਫੇਰ ਲਾਜੇ[8] ॥ ੪੫॥ ਕਰੇ ਆਨਿ ਹੱਲੇ। ਉਥੱਲੇ ਪਥੱਲੇ। ਕਿਤੇ ਘਾਵ ਝੱਲੇ। ਨਹੀਂ ਪਾਵ ਹੱਲੇ॥੪੬॥ ਕ੍ਰਿਪਾਨੈਂ ਨਿਕਾਰੇ। ਕਰੂਰੰ ਕਰਾਰੇ[9]। ਕਟਾਰੰ ਪ੍ਰਹਾਰੇ। ਦਏ ਪੇਟ ਫਾਰੇ॥ ੪੭॥ ਦੋਹਰਾ॥ ਇਸ ਬਿਧਿ ਭਯੋ ਪ੍ਰਚੰਡ ਰਣ ਮਿਲੀ ਬਾਹਿਨੀ ਦੋਇ। ਸ਼੍ਰੋਣਤ ਬਿਥਰਨੋ ਧਰਨ ਬਹੁ ਲੋਥ ਪੋਥਨਾ[10]ਹੋਇ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਚਤੁਰ ਦਸ਼ਮੋ ਅੰਸੂ॥ ੧੪॥

## ੧੫. [ਜਮਤੁੱਲਾ ਛਾਊ ਬੱਧ]।

ਦੋਹਰਾ॥ ਭੀਮਚੰਦ ਸੈਲਿੰਦ੍ਰ ਤਬਿ ਦੂਰਿ ਬਚਾਇਨ ਜੰਗ[11]।ਖਰੋ ਬਿਲੋਕਤਿ ਜੰਗ ਕੋ ਬਿਚਰੇ ਬੀਰ ਨਿਸੰਗ[12]॥ ੧॥ ਸੈਯਾ॥ ਲੋਥ ਪੈ ਲੋਥ ਪਰੀ ਹਯ ਪੋਥਤ[13]ਸ੍ਰੋਣਤ ਤੇ ਗਨ ਚਾਲਿ ਪਨਾਰੇ[14]।ਘਾਵ ਭਕਾਭਕ ਬੋਲਤਿ ਹੈਂ ਭਟ ਏਕ ਕਰਾਹਤਿ ਹਾਇ ਪੁਕਾਰੇ। ਘਾਇਲ ਘੂਮਤਿ ਝੂਮਤਿ ਹੈਂ ਬਹੁ ਮਾਰ ਪਰੀ ਇਕ ਹ੍ਵੈ ਮਤਵਾਰੇ।ਮਾਰੂ ਜੁਝਾਊ ਕੋ ਬਾਜਤਿ ਬਾਜਨ ਏਕ ਲਰੇ ਥਿਰ ਸੂਰ ਜੁਝਾਰੇ॥ ੨॥ ਸੰਗ ਹੰਡੂਰੀਏ ਭੂਪ ਕਟੋਚ ਕੇ ਸਾਥ ਕਹੈ ਕਹਿਲੂਰ ਕੋ ਰਾਜਾ। 'ਮਾਰ ਪਰੀ ਬਿਸ਼ੁਮਾਰ[15],ਮਹਾਂ ਘਮਸਾਨ ਪਰਯੋ,ਨਹਿ ਖਾਲਸਾ

---

[1]ਕਿੰਨੇ ਹੱਥ ਤਲਵਾਰ ਸਣੇ ਧਰਤੀ ਤੇ ਪਏ ਹਨ। [2]ਨਾਮ ਪਿੰਡ ਦਾ ਤੇ ਨਾਮ ਗੋਤ ਦਾ। [3]ਕ੍ਰੋਧ ਦਾ ਬਹੁਤਾ ਵੇਗ ਪਾਕੇ। [4]ਰੌਲਾ ਪਾਕੇ। [5]ਸੁਹਣਾ। [6]ਭਾਵ ਨਿਡਰ ਸੂਰਮੇਂ। [7]ਵਾਹੁੰਦੇ ਹਨ (ਸ਼ਸਤ੍ਰ)। [8]ਭੱਜੇ ਹੋਏ ਸ਼ਰਮ ਖਾਕੇ (ਫੇਰ) ਰਾਜੇ ਆ ਢੁਕੇ। [9]ਭਿਆਨਕ ਤੇ ਕਰੜੇ (ਸੂਰਮਿਆਂ ਨੇ,)। [10]ਲੋਥਾਂ ਦੇ ਢੇਰ। [11]ਆਪਣੇ ਆਪ ਨੂੰ ਜੰਗ ਤੋਂ ਬਚਾ ਕੇ ਤੇ ਦੂਰ ਹੋਕੇ। [12]ਖੜਾ ਦੇਖ ਰਿਹਾ ਹੈ ਕਿ (ਜੰਗ ਵਿਚ) ਬੀਰ ਨਿਸੰਗ ਹੋਕੇ ਵਿਚਰ ਰਹੇ ਹਨ। [13]ਢੇਰ ਲਗਾ। [14]ਪਰਨਲੇ। [15]ਬੇਸ਼ੁਮਾਰ, ਬਹੁਤੀ।

ਭਾਜਾ। ਭੀਰ[1] ਪਰੀ ਧਰਿ ਧੀਰ ਰਹੇ ਬਹੁ ਜੰਗ ਲਰੇ ਨ ਸਰ੍ਯੋ ਕੁਛ ਕਾਜਾ। ਆਪਨੀ ਸੈਨ ਬਿਲੋਕਤਿ ਕਯੋਂ ਨਹਿ ਪੀਛੇ ਹਟੀ ਤਜਿਕੈ ਕੁਲ ਲਾਜਾ ॥੩॥ ਗੁਜਰ ਰੰਘਰ ਕੇ ਸਰਦਾਰ ਲਖੀ ਬਹੁ ਮਾਰ[2] ਖਰ੍ਯੋ ਟਰਿ ਸੋਊ। ਔਰ ਦਧੋ ਤਨ ਨਾਂਹਿ ਕਿਸੂ ਜਿਸ ਤੇ ਨਹਿ ਜੀਤ ਭਈ ਅਬਿ ਜੋਊ। ਫੈਲ ਕੇ ਫੌਜ ਮੈਂ ਆਪ ਲਰੈਂ ਨ੍ਰਿਪ ਤੌ ਸਵਧਾਨ ਬਨੈ ਸਭਿ ਕੋਊ।ਅੱਗ੍ਰ ਅਰੈਂ ਤਬਿ ਧੀਰ ਧਰੈਂ ਭਟ ਮਾਰਿ ਕਰੈਂ ਅਰਿਕੈਂ ਅਰਿ ਖੋਊ[3]' ॥ ੪ ॥ ਬੋਲਤਿ ਬਾਕ ਕਟੋਚ ਹੰਡੂਰੀਆ 'ਕੇਸਰੀ ਚੰਦ ਕੋ ਲੋਹੁ ਬੁਲਾਈ। ਦਾਹਿਨ[4] ਸੈਨ ਲੀਏ ਉਮਡੈ ਤਿਤ ਛੋਰ ਬੰਦੂਕਨਿ ਕੇ ਸਮੁਦਾਈ।ਬਾਮ ਦਿਸ਼ਾ ਜਮਤੁੱਲ ਬਨੈ ਜਮ ਤੁੱਲ ਬਨੈ ਬਹੁ ਸਿੰਘਨ ਘਾਈ[5]। ਬੀਰ ਥਿਰੇ ਹਮ ਫੌਜ ਕੋ ਪੇਲਹਿਂ[6],ਹੇਲ ਕੋ ਘਾਲਹਿ ਦੋਹਿ ਭੁਜਾਈ ॥ ੫ ॥ ਸਿੰਘ ਪ੍ਰਵੇਸ਼ ਅਨੰਦਪੁਰੇ ਮਹਿ ਬਾਹਰ ਮੋਰਚੇ ਦੇਹੁ ਲਗਾਈ। ਘਾਯਲ ਹੋਹਿ ਉਠਾਇ ਪਠਾਵਹੁ ਆਪ ਸਮੀਪ ਢੁਕੈਂ ਬਲ ਲਾਈ। ਕੌ ਲਗਿ ਹੋਹਿ ਮਵਾਸਿ[7] ਇਹਾਂ ਲਰ* ਤੂਰਨ ਹੀ ਗੁਰ ਕੋ ਨਿਕਸਾਈ'। ਆਪਸ ਮਹਿ ਕਹਿ ਬਾਕ ਸੁਨੇ ਇਮ ਕੇਸਰੀਚੰਦ ਕੇ ਫੇਰ ਸੁਨਾਈ ॥ ੬ ॥ 'ਬੀਰ ਲਰੇ ਦਿਸ਼ਿ ਦੋਇਨ ਕੇ ਬਹੁ ਵਾਰ ਪ੍ਰਹਾਰਤਿ ਹਾਰ ਗਏ।ਦੂਰ ਥਿਰੇ,ਤੁਪਕਾਨ ਚਲਾਵਤਿ ਪੈਦਲ ਆਡ ਕੋ ਲੇਤਿ ਭਏ[8]। ਫੇਰ ਤੁਫੰਗਨ ਸਿੰਘਨ ਕੇ ਪਿਖਿ[9] ਹਾਥ ਲਏ ਹਥਿਆਰ ਭਏ। ਨੇਰ ਕਰੈਂ ਨ ਡਰੈਂ ਮਨ—ਦੈ ਨ ਹਨੈਂ ਭਟ ਸੈਨ ਲਿਟੇ ਸੁ ਪਏ[10]—' ॥੭॥ਕਬਿੱਤ॥ਇਤੇ ਸਿੰਘ ਸੂਰਮੇ ਗ਼ਰੂਰ ਮੈਂ ਲਰਤਿ ਭੂਰ ਦੂਰ ਦੂਰ ਕੀਨੇ ਅਰਿ ਧੂਰਿ ਮੈਂ ਮਿਲਾਇਕੈ।ਸ਼੍ਰੋਣਤ ਮੈਂ ਚੀਰ ਪੂਰ[11],ਕੇਤਿਕ ਹਜ਼ੂਰ ਗਏ ਮਾਰੇ ਕਰਿ ਚੂਰ ਚੂਰਿ ਭਾਖਤਿ ਸੁਨਾਇਕੈ। ਬੋਲੇ ਪ੍ਰਭੁ ਪੂਰਨ:—'ਸ਼ਊਰ ਸੰਗ[12] ਜੰਗ ਕਰੋ ਤੂਰਨ ਅਗਾਰੀ ਪਗ ਕੀਜੈ ਨ ਬਧਾਇਕੈ।ਰਾਖੇ ਨਿਜ ਚੇਤ ਆਸਕੇਤੁ[13] ਹੈ ਸਹਾਇ ਤੁਮ' ਸੁਨਿ ਸੁਨਿ ਧਾਇ ਗਏ ਲਰੈਂ ਚਿਤ ਚਾਇਕੈ[14] ॥੮॥ ਪ੍ਰਮਾਣਿਕਾ ਛੰਦ ॥

---

[1]ਭੀੜ। [2]ਬਹੁਤ ਮਾਰ ਦੇਖਕੇ। [3]ਅੜਕੇ ਵੈਰੀਆਂ ਨੂੰ ਮਾਰਨ। [4]ਸੱਜੇ ਪਾਸੇ। [5]ਜਮ ਦੇ ਤੁੱਲ ਬਣਕੇ ਮਾਰੇ ਬਹੁਤੇ ਸਿੰਘਾਂ ਨੂੰ। [6]ਪ੍ਰੇਰਾਂਗੇ। [7]ਆਕੀ। [8]ਓਟ ਲੈਂਕੇ (ਉਹਲੇ ਖੜੇ ਹਨ)। [9]ਸਿੰਘਾਂ ਦੀਆਂ ਤੁਫੰਗਾਂ ਵੇਖਕੇ। [10]ਨੇੜਾ ਨਹੀਂ ਕਰਦੇ ਮਾਨੋ ਡਰਦੇ ਹਨ ਕਿ ਮਾਰ ਨ ਦੇਣ ਕਿਉਂਕਿ ਅੱਗੇ ਹੀ ਸੂਰਮਿਆਂ ਦੀ ਸੈਨਾ ਲਿਟੀ ਪਈ ਹੈ। (ਅ) ਸੈਨਾ ਦੇ (ਜ਼ਖਮੀ) ਸੂਰਮੇਂ ਲਿਟੇ ਪਏ ਹਨ। [11](ਜਿਨ੍ਹਾਂ ਦੇ) ਬਸਤਰ ਲਹੂ ਨਾਲ ਪੂਰਨ ਹੋਏ ਹੋਏ ਸਨ। [12]ਸਿਆਣਪ ਨਾਲ। [13]ਅਕਾਲ ਪੁਰਖ। [14]ਚਿੱਤ ਦੇ ਚਾਉ ਨਾਲ। *ਪਾ:—ਲਗ।

ਸਮੂਹ ਸਿੰਘ ਮੋਰਚੇ। ਬਿਲੋਕਿ ਜੰਗ ਮੋਂ ਰਚੇ[1]। ਥਿਰੇ ਤਿਨੈ ਮਝਾਰਿਆ। ਤੁਰੰਗ ਕੋ ਸੰਭਾਰਿਆ ॥ ੯ ॥ ਕਮਾਨ ਬਾਨ ਸਾਧਿਕੈ[2]। ਗੁਰੂ ਗੁਰੂ ਅਰਾਧਿਕੈ। ਸਊਰ ਸਿੰਘ[3] ਜੇਤਨੇ। ਇਕੱਤ੍ਰ ਹੋਇ ਤੇਤਨੇ ॥੧੦॥ ਅਜੀਤ ਸਿੰਘ ਸੰਗ ਹੈ। ਫਿਰੰਤਿ ਦਾਇ ਜੰਗ ਹੈ[4]। ਥਿਰੇ ਲਰੇ ਸਧੀਰਧਾ। ਅਭੀਰ ਪੂਰ ਬੀਰਧਾ[5] ॥ ੧੧ ॥ ਨਿਨੱਦ ਬ੍ਰਿੰਦ ਢੋਲਕੇ[6]। ਸਰੌਲ[7] ਬੀਰ ਬੋਲਕੇ। ਨਿਸ਼ਾਨ[8] ਠੌਰ ਮਾਰਿਤੇ। ਨਿਸ਼ਾਨ ਚੀਰ ਚਾਰਤੇ[9] ॥ ੧੨ ॥ ਚਲਾਇ ਤਾਕ ਗੋਰਿਯਾਂ। ਭਿਰੰਤਿ ਸ਼ੱਤ੍ਰ ਓਰਿਯਾਂ। ਨ ਨੇਰ ਹੋਨਿ ਪਾਵਈਂ। ਤਕੰਤਿ ਦੂਰ ਘਾਵਈਂ ॥ ੧੩ ॥ ਗਿਰੀਸ਼ ਭੀਮਚੰਦ ਨੇ। ਪ੍ਰਚਾਰਿ[10] ਬੀਰ ਬ੍ਰਿੰਦ ਨੇ। ਹਕਾਰਿ ਪ੍ਰਾਸ ਕੇਸਰੀ। ਮਨਿੰਦ ਓਜ ਕੇਸਰੀ[11] ॥ ੧੪ ॥ ਭਨੰਤਿ ਹੇਲ ਘਾਲਿਬੇ:-। 'ਬਿਲੋਕ ਤੂੰ ਸੰਭਾਲਬੇ[12]। ਕਮਾਨ ਬਾਨ ਤਾਨਿਯੇ। ਸਮੂਹ ਲੇ ਸੰਗਾਨਿਯੇ[13] ॥ ੧੫ ॥ ਪਧਾਨ ਗੁਜਰਾਨ ਕੋ। ਦਿਸ਼ਾ ਦੁਤੀਯ ਜਾਨ ਕੋ[14]। ਸੁਚੇਤ ਸੋਇ ਕੀਜਿਯੇ। ਨਿਸੰਗ ਸੰਗ ਲੀਜੀਯੇ ॥ ੧੬ ॥ ਬਟੋਰਿ ਬੀਰ ਧਾਇਯੇ। ਸੁ ਏਕ ਬਾਰਿ ਜਾਇਯੇ। ਹਜ਼ਾਰਹੂੰਨਿ ਹੇਲ ਕੋ[15]। ਮਿਲਾਇ ਦੇਹੁ ਪੇਲਕੇ[16] ॥ ੧੭ ॥ ਪਲਾਇ ਪੁੰਜ ਖਾਲਸਾ। ਪੁਰੋ ਬਿਸਾਲ ਲਾਲਸਾ। ਪੁਰੋ ਅਨੰਦ ਬਾਰਿਯੇ[17]। ਸੁ ਓਜ ਕੋ ਸੁਧਾਰਿਯੇ' ॥੧੮॥ ਸੁ ਕੇਸਰੀ ਸੁਨੰਤਿ ਭ੍ਰਾਚਲੰਤਿ ਚੌਂਪਵੰਤ ਭ੍ਰਾ[18]। ਜਹਾਂ ਕਹਾਂ ਪ੍ਰਚਾਰਿ ਕੈ[19]। ਸੁ ਹੇਲ ਕੋ ਉਚਾਰਿ ਕੈ ॥੧੯॥ ਸਮੂਹ ਅੱਗ੍ਰ ਤੋਰਿ ਕੈ। ਮਹਾਨ ਜੁੱਧ ਲੋਰਿਕੈ। ਤੁਰੰਗ ਕੋ ਤੁਪਾਇ ਕੈ। ਇਤੈ ਉਤੈ ਭਜਾਇਕੈ ॥ ੨੦ ॥ਰੁਣਝੁਣ ਛੰਦ॥ ਜਮਤੁਲਭਾਊ। ਤਿਹ ਕਹਿਰਾਊ[20]* :-। 'ਇਤ ਦ੍ਰਿਢ ਹ੍ਵੈ ਕੈ। ਪਰਹੁ ਰਿਸੈ ਕੈ ॥ ੨੧ ॥ ਉਤ ਕਹਿਲੂਰੀ। ਰਿਸ ਉਰ ਪੂਰੀ। ਅਰਿ ਪਰ ਧਾਵੈ। ਸ਼ਸਤ੍ਰਨਿ ਘਾਵੈ ॥੨੨॥ ਸਭਿ ਗਿਰ ਨਾਥੋ। ਧਨੁ ਸਰ ਹਾਥੋ। ਚਹਿ ਚਿਤ ਹੇਲਾ। ਕਰਨਿ ਧਕੇਲਾ ॥੨੩॥ ਬਨਿ ਸਵਧਾਨਾ। ਤਜਹੁ ਨਿਸ਼ਾਨਾ[21]। [22]ਕਰਿ ਤਕਰਾਈ। ਬਹੁ ਬਿਧਿ ਗਾਈ[22] ॥੨੪॥ ਫਿਰ

---

[1]ਜੰਗ ਵਿਚ ਰਚ ਗਏ। [2]ਜੋੜ ਕੇ। [3]ਅਸਵਾਰ ਸਿੰਘ। [4]ਜੰਗ ਦੇ ਦਾਇ (ਵਿਚ) ਫਿਰਦੇ ਹਨ। [5]ਕਾਇਰਤਾ ਰਹਿਤ ਸਾਰੇ ਸੂਰਮੇ। [6]ਬਹੁਤੇ ਢੋਲਕੇ ਅਵਾਜ਼ਾਂ (ਦੇ ਰਹੇ ਹਨ) [ ਸੰਸ:, ਨਿਨਦ= ਆਵਾਜ਼]। [7]ਰੌਲੇ ਸਹਤ। [8]ਧੌਂਸਿਆਂ ਤੇ। [9]ਝੰਡਿਆਂ ਦੇ ਫਰੇਰੇ ਝਹਿਰਾਉਂਦੇ ਹਨ। [10]ਵੰਗਾਰ ਕੇ। [11]ਸ਼ੇਰ ਵਤ ਬਲ ਹੈ ਜਿਸਦਾ)। [12]ਦੇਖ ਤੇ ਤੂੰ ਸੰਭਾਲ। [13]ਸਾਰਿਆਂ ਨੂੰ ਨਾਲ ਲੈਕੇ। [14]ਦੂਜੇ ਪਾਸੇ ਜਾਵਣ ਲਈ। [15]ਹਜ਼ਾਰਾਂ ਨੂੰ ਲੈਕੇ ਹੱਲਾ ਕਰੋ। [16]ਦਬਾਕੇ। [17]ਵਾੜ ਦਿਓ। [18]ਚਾਉ ਵਿਚ ਆਕੇ ਚੱਲ ਪਿਆ। [19]ਵੰਗਾਰਕੇ। [20]ਉਸ (ਜਮਤੁੱਲੇ) ਨੂੰ ਰਾਜੇ ਨੇ ਕਿਹਾ। [21]ਨਿਸ਼ਾਨਾ ਫੁੰਡਦੇ ਰਹੋ। [22]ਬਹੁਤ ਤਰ੍ਹਾਂ ਨਾਲ ਸਮਝਾਕੇ ਤਕੜਾਈ ਕੀਤੀਓਸੁ। *ਪਾ:—ਚਾਊ।

ਫਿਰ ਫੇਰਾ । ਕਰਿ ਕਰਿ ਫੇਰਾ[1] । ਸਭਿਹਿਨਿ ਪ੍ਰੇਰਾ ਹਤਿ ਇਕ ਬੇਰਾ॥੨੫॥ ਭਟ ਬਹੁ ਗਾਜੇ । ਪੁਨ ਪੁਨ ਬਾਜੇ । ਧੁਨ ਗਨਿ ਊਚੇ ਅਧਿਕ ਪਹੂਰੇ॥੨੬॥ ਗਿਰ ਨਰ ਸਾਰੇ ਪੁਨ ਹੁਇ ਤਯਾਰੇ । ਬਹੁਤ ਪੁਕਾਰੇ ਬਕ ਬਕ ਮਾਰੇ ॥੨੭॥ ਸੰਖਨਾਰੀ ਛੰਦ* ॥ ਉਦੈ ਸਿੰਘ ਜਾਨਾ । ਸੁ ਬੈਨੀ ਬਖਾਨਾ । 'ਘਨੇ ਸ਼ੱਤ੍ਰੁ ਆਏ । ਸੁ ਰੌਰੈ ਮਚਾਏ ॥੨੮॥ ਘਨੋ ਹੇਲ ਪਾਯੋ ਦਲੰ ਬ੍ਰਿੰਦ ਧਾਯੋ । ਬਨੋ ਸਾਵਧਾਨੇ । ਗਹੋ ਸ਼ਸਤ੍ਰ ਪਾਨੇ ॥ ੨੯ ॥ ਨ ਪੈਰੰ ਹਿਲਾਓ । ਖਰੇ ਸ਼ੱਤ੍ਰੁ ਘਾਓ । ਬਡੇ ਹੋਇ ਗਾਢੇ । ਕਰਾ ਹੇਲ ਕਾਢੇ ॥੩੦॥ ਕਰੋ ਮਾਰ ਐਸੇ । ਨਹੀਂ ਜਾਹਿ ਜੈਸੇ' । ਉਦੈ ਸਿੰਘ ਧਾਯੋ । ਤੁਰੰਗੀ ਤਜਾਯੋ ॥ ੩੧ ॥ ਸਭੈ ਕੋ ਸੁਨਾਯੋ । ਸੁਚੇਤਾ ਕਰਾਯੋ[2] । ਸੰਭਾਰੀ ਤੁਫੰਗੈਂ । ਭਏ ਭੀਮ ਰੰਗੈਂ ॥ ੩੨ ॥ਪਾਧੜੀ ਛੰਦ॥ ਗੁਰ ਪੁੱਤ੍ਰ ਤਬੈ ਹੁਇਕੈ ਸੁਚੇਤ । ਲੈ ਸਿੰਘ ਸੰਗ ਰਿਪੁ ਹਤਨਿ ਹੇਤੁ । ਵਧਿ ਅੱਗ੍ਰ ਧਰਜੋ ਸਰ ਚਾਂਪ ਹਾਥ । ਖਪਰੇ ਨਿਕਾਸਿ ਬਡ ਓਜ ਸਾਥ॥੩੩॥ ਤਕਿ ਟੋਲ ਟੋਲ ਪ੍ਰਭਿ ਹਤਨਿ ਕੀਨ । ਬੀਧੇ ਤੁਰੰਗ ਭਟ ਭੰਗ ਦੀਨਿ । ਉਤ ਤੇ ਵਧਾਇ ਆਏ ਕਰਾਲ । ਹੁਇ ਸਮੁਖ ਧਰੇ ਆਯੁਧ ਬਿਸਾਲ ॥੩੪ ॥ ਛੂਟੀ ਤੁਫੰਗ ਇਕਬਾਰਿ ਬ੍ਰਿੰਦ । ਗੁਲਕਾਂ ਸੜਾਕ ਜੋਧਾ ਨਿਕੰਦ । ਮਿਲਿ ਗਏ ਪਰਸਪਰ ਘਾਲਿ ਹੇਲ । ਭਟ ਜੁਟੇ ਪਾਇ ਨਹਿਂ ਧਰ ਪਿਛੇਲ[3] ॥੩੫॥ ਪਰ ਗਯੋ ਏਕ ਬਾਰੀ ਘਮੰਡ[4] । ਗਿਰ ਪਰੇ ਬੀਰ ਹੁਇ ਖੰਡ ਖੰਡ । ਨਹਿਂ ਤਜੀ ਥਾਂਉ ਸ਼ਸਤ੍ਰਨ ਪ੍ਰਹਾਰ[5] । ਹੇਲਾ ਸੁ ਝਾਰ[6] ਪੁਨ ਜ਼ੋਰ ਧਾਰਿ ॥੩੬॥ ਚੌਪਈ॥ ਪੰਚਨ ਮਹਿ[7] ਸਾਹਿਬ ਸਿੰਘ ਜੋਇ । ਗਹਿ ਤੁਫੰਗ ਕੋ ਪਹੁੰਚਯੋ ਸੋਇ । ਖਰੋ ਜਹਾਂ ਜਮਤੁੱਲਾ ਭਾਊ । ਆਵਤਿ ਹੇਲਾ ਕਰਤਿ ਅਗਾਊ ॥ ੩੭॥ ਫੇਰਿ ਕਵਾਇਦ ਕੋ ਨਿਜ ਘੋਰਾ† । ਤਜੀ ਤੁਫੰਗ ਤਾਂਹਿ ਕੀ ਓਰਾ । ਕੜਕ ਸ਼ੁੰਕਤੀ ਤਾਂ ਪਰ ਗਈ । ਮਨਹੁੰ ਗਾਜ[8] ਪਹੁੰਚੀ ਸਿਰ ਪਈ ॥ ੩੮ ॥ ਲਗੀ ਭਾਲ ਮਹਿ ਗਿਰਿ ਤਤਕਾਲਾ । ਪਰਜੋ ਭੂਮਿ ਪਰ ਅੰਗ ਨ ਹਾਲਾ । ਸੀਸ ਭੇਦ ਮਿਝ ਨਿਕਸੀ ਐਸੇ । ਮਖਨੀ ਜੁਤਿ ਹਾਂਡੀ ਫੁਟ ਜੈਸੇ ॥ ੩੯ ॥ ਗੁਜਰ ਹੈਧਰ ਛੇਰ ਹਜਾਰਨਿ । ਜਿਸ ਕੇ ਸਿਰ ਗਹੇ ਹੱਥਯਾਰਨ । ਸਭਿ ਕੇ ਸ਼ੋਕ

---

[1]ਬਾਰ ਬਾਰ ਫਿਰਕੇ ਤੇ ਫੇਰਾ ਕਰ ਕਰਕੇ । [2]ਸਾਵਧਾਨ ਕੀਤਾ । [3]ਪਿੱਛੇ ਪੈਰ ਨਹੀਂ ਧਰਦੇ । [4]ਭਾਵ ਘਮਸਾਨ । [5]ਸ਼ਸਤ੍ਰ ਚਲਾਉਂਦਿਆਂ । [6]ਬੋਲਿਆ ।(ਅ)ਬਾੜਿਆ । [7]ਪੰਜਾਂ(ਪਿਆਰਿਆਂ) ਵਿੱਚੋਂ । [8]ਬਿਜਲੀ । *।ऽऽ।ऽऽ ਸੰਖਨਾਰੀ ਦਾ ਰੂਪ ਹੈ । †ਇਸਤੋਂ ਬੀ ਸਪਸ਼ਟ ਹੈ ਕਿ ਗੁਰੂ ਜੀਨੇ ਆਪਣੀ ਸੈਨਾਂ ਨੂੰ ਇਕ ਆਪਣੀ ਰਚੀ ਕਵਾਇਦ ਵਿਚ ਨਿਪੁਨ ਕੀਤਾ ਹੋਇਆ ਸੀ,

Sri Satguru Jagjit Singh Ji eLlibrary NamdhariElibrary@gmail.com

ਬਿਲੋਕਤਿ ਹੋਵਾ। ਪਰਯੋ ਨੀਂਦ ਦੀਰਘ ਮਹਿ ਸੋਵਾ॥੪੦॥ਹਾਹਾਕਾਰ ਪੁਕਾਰਤਿ ਸਾਰੇ। 'ਭਯੋ ਗ਼ਜ਼ਬ ਜਮਤੁੱਲਾ ਮਾਰੋ'। ਮਿਲੇ ਸੈਂਕਰੇ ਤਿਸ ਬਲ ਆਏ। ਚਾਹਤਿ ਤਿਸ ਕੀ ਲੋਥ ਉਠਾਏ ॥੪੧॥ ਇਤ ਆਲਮਸਿੰਘ ਬੀਰ ਜੁਝਾਰਾ। ਲੈ ਕਰਿ ਸਿੰਘ ਹੇਲ ਕੋ ਡਾਰਾ। ਊਚੇ ਕਹਯੋ ਪੁਕਾਰਿ 'ਸੁਨੀਜੈ! ਲੋਥ ਦੁਸ਼ਟ ਕੀ ਜਾਨਿ ਨ ਦੀਜੈ'॥੪੨॥ ਮਾਰ ਮਾਰ ਕਰਿ ਹਰਖਤਿ ਅਤੇ। ਵਾਹਿਗੁਰੂ ਜੀ ਕੀ ਕਹਿਂ ਫਤੇ। ਓਰੜ ਪਰੇ ਲੋਥ ਪਰ ਸਾਰੇ। ਸਿੰਘ ਪਦਾਤੀ[1] ਗਹਿ ਹੱਥਯਾਰੇ॥੪੩॥ਉਤ ਤੇ ਉਨਹੁੰਜ਼ੋਰਬਡ ਕੀਨਾ।ਲੋਥ ਲੇਨਿ ਕੋ ਹਠ ਧਰਿ ਲੀਨਾ। ਦੁਹੰਦਿਸ਼ਿ ਤੇ ਮਿਲਿ ਗਏ ਹਜ਼ਾਰਨ। ਮਾਰਨ ਮਰਨ ਜੰਗ ਰਚਿ ਦਾਰੁਨ ॥ ੪੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜਮਤੁੱਲਾ ਭਾਊ ਬੱਧ' ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋ ਅੰਸੂ ॥ ੧੫ ॥

੧੬. [ਜਮਤੁੱਲੇ ਮਾਰਨ ਪਿੱਛੋਂ ਜੰਗ। ਰਾਤ ਨੂੰ ਆਰਾਮ]।

ਦੋਹਰਾ ॥ ਮਾਨ ਸਿੰਘ ਕੇ ਪਾਨ ਮਹਿਂ ਹੁਤੋ ਨਿਸ਼ਾਨ ਮਹਾਂਨ। ਵਧਯੋ ਅੱਗ੍ਰ ਤਿਹ ਲੋਥ ਢਿਗ ਪਰਨ ਲਗਯੋ ਘਮਸਾਨ ॥ ੧ ॥ ਚੌਪਈ ॥ ਸਿੰਘ ਬਹਾਦਰ ਫਾਂਧਤਿ ਆਏ। ਕਰਾਚੋਲ ਕਰ ਧਰਿ ਚਮਕਾਏ। ਤੋਮਰ ਤੀਰਨਿ ਤੁਰਤ ਪ੍ਰਹਾਰੇ। ਭਾਊ ਸਿੰਘ ਤਹਾਂ ਬਹੁ ਮਾਰੇ[2]॥੨ ॥ ਸਿੰਘਨਿ ਅਨੀ ਘਨੀ ਤਹਿਂ ਘਾਵਤਿ[3]। ਤੁਪਕ ਤਮਾਂਚੇ ਤਕਿ ਤਕਿ ਲਾਵਤਿ। ਪਿਖਿ ਘਮੰਡਚੰਦ ਆਇ ਕਟੋਚਿ।ਐਂਚਿ ਐਂਚਿ ਧਨੁ ਬਾਨਨਿ ਮੋਚਿ॥੩॥ਪ੍ਰੇਰੇ ਬਹੁ ਜੋਧਾ ਤਿਸ ਥਾਨ। ਕਹਯੋ 'ਕਰਹੁ ਬਲ,ਲੇਹੁ ਨਿਸ਼ਾਨ[4]।ਸਹਿਤ ਲੋਥ ਕੇ ਤੁਰਤ ਉਠਾਵਹੁ। ਆਵਹਿਂ ਵਧੇ ਮਾਰਿ ਉਥਲਾਵਹੁ'॥੪॥ਮਾਨ ਸਿੰਘ ਜੋਧਾ ਧਰਿ ਧੀਰ। ਗਾਡਯੋ ਤਹਾਂ ਨਿਸ਼ਾਨ ਅਭੀਰ[5]। ਰਹਿਤ ਕਹਿਤ ਕੋ ਸਹਿਤ ਮਹਿਤ ਹੈ[6]। ਸਰ ਮਾਰਹਿ ਜਿਹ ਨਿਕਟ ਲਹਤਿ ਹੈ ॥ ੫ ॥ ਛੋਰ ਹਜ਼ਾਰਹੁੰ ਓਰੜ ਪਰੀ। 'ਹਾਇ ਹਾਇ' ਕਹਿ ਮਾਰਤਿ ਮਰੀ[7]।ਘਨੇ ਢੋਲ ਗੁਮਾਨਿ ਕੇ ਸਾਥ। ਸੇਲੇ ਸਿਪਰ ਸ਼ਕਤਿ[8] ਅਸਿ ਹਾਥ॥੬॥ਬਜੇ ਜ਼ੋਰ ਤੇ ਬਹੁਤ ਜੁਝਾਊ। ਸੁਨਿ ਸੁਨਿ ਫਾਂਦਤਿ ਆਇ ਅਗਾਊ। ਗੁਰ ਨਿਸ਼ਾਨ ਪਰ ਘਾਲਹਿਂ ਹੇਲਾ। ਲੇਨਿ ਲੋਥ ਜੁਤਿ ਤਊ ਦੁਹੇਲਾ॥੭॥ ਜੇ ਸਊਰ ਨਿਜ ਹਯਨਿ ਬਚਾਵਹਿਂ।–ਗੁਲਕਾਂ ਲਗਹਿ ਨ–ਇਤ ਉਤ ਧਾਵਹਿਂ। ਸਨਮੁਖ ਹੋਇ ਨ ਆਵਹਿ ਸੋਇ।

[1]ਪੈਦਲ। [2]ਸਿੰਘਾਂ ਨੇ ਓਥੇ ਭਾਊ (=ਜਮਤੁੱਲਾ ਭਾਊ ਦੇ ਸਾਥੀ) ਬੜੇ ਮਾਰੇ। [3]ਸਿੰਘਾਂ ਦੀ ਬਹੁਤੀ ਫੌਜ ਉਥੇ ਮਾਰ ਰਹੀ ਸੀ (ਵੈਰੀ ਨੂੰ)। [4]ਝੰਡਾ ਖੋਹ ਲਓ। [5]ਭਾਵ ਬਹਾਦਰੀ ਨਾਲ। [6]ਭਾਵ ਰਹਿਣੀ ਕਹਿਣੀ ਦਾ ਵੱਡਾ (ਸੂਰਮਾ) ਹੈ। [7]ਮਰਦੇ ਮਾਰਦੇ ਹਨ। [8]ਬਰਛੀਆਂ।

ਲਖਿ ਸਰ ਗੌਰੀ ਬਰਖਾ ਹੋਇ ॥ ੮ ॥ ਜੋ ਉਤਸਾਹਤਿ ਆਇ ਧਵਾਵਤਿ[1]। ਤਕਿ ਗੁਲਕਾ ਮਾਰਤਿ ਉਤਲਾਵਤਿ।ਧਾਂਤੇਂ ਓਰੜ ਆਇ ਪਦਾਤੀ[2]। ਹੇਰਿ ਖ਼ਾਲਸੇ ਪੁੰਜ ਅਰਾਤੀ॥੯॥ਗੁਰ ਨਿਸ਼ਾਨ ਕੇ ਬਨ ਰਖਵਾਰੇ[3]।ਕਸਹਿੰ ਤੁਫੰ-ਗਨ ਤਕਿ ਤਕਿ ਮਾਰੇਂ। ਪਰੀ ਲੋਥ ਨਹਿਂ ਲੈਬੇ ਦੀਨਿ। ਭਯੋ ਤੇਜ਼ ਭਾਰੀ ਭਯ ਭੀਨ ॥ ੧੦ ॥ ਸਿਰਖੰਡੀ ਛੰਦ ॥ ਗਰਜੇ ਪੁੰਜ ਪਹਾੜੀ ਭੜਥੂ ਘੱਤਿਆ। ਕੱਢ ਨ ਮੁੜੇ ਪਿਛਾੜੀ[4] ਖੜਗ ਪ੍ਰਹਾਰ ਤੇ। ਢਾਲੈਂ ਓਢਿ ਅਗਾੜੀ ਸਿੰਮੁਖ ਆਂਵਦੇ[5]। ਲਹੂ ਕ੍ਰਿਪਾਨ ਉਘਾੜੀ[6] ਪਕੜਿ ਨਚਾਂਵਦੇ ॥ ੧੧ ॥ ਇਤ ਤੇ ਛਾਲੀਂ[7] ਉੱਠੇ ਸਿੰਘ ਸੁਹਾਂਵਦੇ।ਗੋਰੀ ਤੀਰਨ ਵੁੱਠੇ[8]ਛਹਿਬਰ ਸੀ ਲਗੀ। ਹਥਾਵੱਥ ਹੁਇ ਕੁੱਠੇ ਅੱਗੀ ਆਂਵਦੇ[9]।ਤੜਫਤਿ ਧਰ ਪਰ ਲੁੱਠੇ ਪੜੇ ਕਰਾਂ-ਹਦੇ[10] ॥ ੧੨ ॥ ਮਿਲਿ ਮਿਲਿ ਹੇਲਾ ਘਾਲਹਿ, ਛਾਲਹਿ ਉੱਛਲੇ[11]।ਮੁੱਛੈਂ ਬੰਕ ਬਿਸਾਲੈਂ ਤੁੱਛੈਂ ਤਤਛਿਨੈ[12]।ਰੱਛੈਂ ਗੱਛ ਉਛਾਲੈਂ ਢਾਲੈਂ ਢੇਲ ਜੋ[13]। ਕੱਛੈਂ ਪੱਛ ਕਰਾਲੈਂ ਆਮਿਖ ਛਕਰਹੇ[14]॥੧੩॥ਤਛਾਮੁੱਛ ਬਨ ਅੰਗੀ ਛੱਡਨੌ ਕ੍ਰੋਧਨਾ[15]।ਬਾਣੇ ਰੰਗ ਸੁਰੰਗੀ ਸ਼ੋਣਤ ਸੋਂ ਭਰੇ।ਉਛਲੈਂ ਢੇਲ ਛਲੰਗੀ ਛਾਲੈਂ ਛੋਭਤੇ[16]। ਕੱਛੈਂ ਕੋਸ਼ ਭੁਜੰਗੀ ਜੰਗੀ ਸ਼ੋਭਦੇ[17]॥੧੪॥ਲਾਇ ਲਾਇ ਬਲ ਹਾਰੇ ਲੋਥ ਨ ਉੱਠੀਆ[18]।ਅਪਰ ਲੋਥ ਭਟ ਭਾਰੇ ਮਰਿ ਕਰ ਗਨ ਭਈ[19]। ਮਾਨ ਸਿੰਘ ਅਸਿ ਧਾਰੇ ਰਹਯੋ ਨਿਸ਼ਾਨ ਪੈ। ਗੁਰ ਪ੍ਰਤਾਪ ਤੇ ਮਾਰੇ ਵੈਰੈਂ ਗ੍ਰਾਮਕੀ[20] ॥ ੧੫ ॥ ਮਿਲਿ ਮਿਲਿ ਹੁਇ ਤਰਵਾਰੀ ਲਰਿ ਲਰਿ ਹਟ ਪਰੇ। ਰਖਯੋ ਖੇਤ ਗੁਰ ਭਾਰੀ ਸਿੰਘਨਿ ਮਾਰਿਕੈ। ਬਿਰਯੋ ਨਿਸ਼ਾਨ ਅਗਾਰੀ

[1]ਜੋ ਉਤਸਾਹ ਨਾਲ ਆਉਂਦਾ ਹੈ ਭਜਾਕੇ (ਘੋੜਾ)। [2]ਪਿਆਦੇ। [3]ਗੁਰਾਂ ਦੇ ਝੰਡੇ ਦੇ ਸਿੰਘ ਰਖ-ਵਾਲੇ ਬਣੇ। [4]ਜ਼ਰਾ ਵੀ ਪਿੱਛੇ ਨਾ ਹਟੇ। [5]ਢਾਲਾਂ ਨੂੰ ਅੱਗੇ ਰੱਖਕੇ ਸਾਹਮਣੇ ਆਂਵਦੇ ਹਨ। [6]ਲਹੂ (ਨਾਲ ਰਤੀ) ਕ੍ਰਿਪਾਨ ਕੱਢਕੇ। [7]ਛਾਲਾਂ ਮਾਰਦੇ। [8]ਬਰਸਦੇ ਸਨ [9]ਹੱਥੋ ਹੱਥੀ ਹੋਕੇ ਅੱਗੇ ਆਂਵਦੇ (ਪਹਾੜੀਆਂ ਨੂੰ) ਮਾਰਿਆ। [10]ਡਿੱਗੇ ਹੋਏ ਹਾਇ ਹਾਇ ਕਰਦੇ ਹਨ। [11]ਮਿਲ ਮਿਲਕੇ ਹਮਲਾ ਕਰਦੇ ਛਾਲਾਂ ਮਾਰਦੇ ਆਉਂਦੇ ਹਨ (ਪਹਾੜੀਏ)। [12](ਪਰ ਅੱਗੋਂ) ਭਾਰੀਆਂ ਬਾਂਕੀਆਂ ਮੁਛਾਂ ਵਾਲੇ(ਸਿੰਘ)ਤਤਛਿਨ ਉਨ੍ਹਾਂ ਨੂੰ ਮਾਰ ਲੈਂਦੇ ਹਨ। [13]ਢੇਲ(ਭਾਵ ਸਿੰਘ)ਆਪਣੀ ਰੱਖਿਆ ਲਈ (ਗੱਛਾ) ਅੱਗੇ ਵਧਕੇ ਢਾਲ ਉਛਾਲਕੇ (ਉਸ ਪਰ ਵੈਰੀ ਦਾ ਵਾਰ ਲੈਂਦੇ ਹਨ। [14]ਭਿਆਨਕ ਸ਼ਿਕਾਰੀ ਪੰਛੀ ਮਾਸ ਖਾ ਰਹੇ ਹਨ। [15](ਵੈਰੀਆਂ ਦੇ) ਅੰਗਾਂ ਨੂੰ ਐਉਂ ਤੱਛਦੇ ਮੁੱਛਦੇ ਹਨ ਜਿਵੇਂ ਬਨ (ਨੂੰ ਤੱਛੀ ਮੁੱਛੀ ਦਾ ਹੈ), (ਪਰ ਫਿਰ ਵੀ) ਕ੍ਰੋਧ ਨਹੀਂ ਛੱਡਦੇ। [16]ਉੱਛਲਦੇ ਹਨ ਸੁਹਣੇ ਛਲਾਂਗਾਂ ਮਾਰਨ ਵਾਲੇ (ਸੂਰਮੇਂ) ਤੇ ਛਾਲਾਂ ਮਾਰਦੇ ਹਨ ਗੁੱਸੇ ਭਰੇ। [17]ਕੱਛਾਂ ਕੋਸ਼ਾਂ ਸਹਿਤ ਸੂਰਮੇਂ ਜੰਗੀ ਸ਼ੋਭਦੇ ਹਨ। [18](ਜਮਤੁੱਲਾ ਭਾਊ) ਦੀ ਲੋਥ ਨਾ ਉਠਾ ਸਕੇ (ਪਹਾੜੀਏ)। [19]ਬਹੁਤੀਆਂ ਲੋਥਾਂ ਹੋ ਗਈਆਂ। [20]ਪਿੰਡਾਂ ਦੀਆਂ ਵੈਰਾਂ ਨੂੰ।

Sri Satguru Jagjit Singh Ji eLlibrary NamdhariElibrary@gmail.com

ਨਾਹਿਨ ਹਾਲਿਓ। ਹਾਰੀ ਚਮੂੰ ਪਹਾਰੀ ਪੀਛੇ ਹਟਿ ਭਈ ॥੧੬॥ ਦੋਹਰਾ ॥ ਭਈ ਸੰਝ ਤਬਿ ਭੀਖਨਾ ਅਸਤਯੋ ਸੂਰਜ ਜਾਇ। ਕਹਾਂ ਲਗੋ ਬਰਨਨ ਕਰੌਂ ਭਯੋ ਜੁੱਧ ਜਿਸ ਭਾਇ ॥ ੧੭ ॥ ਚੌਪਈ ॥ ਦੁਹੰਦਿਸ਼ਿ ਕੇ ਜੋਧਾ ਮਿਟ ਗਏ[1]। ਤੀਨ ਜਾਮ ਲਰਿਕੈ ਤ੍ਰਿਪਤਏ। ਸ਼੍ਰਮਿਤ ਸੁਭਟ ਸਭਿ ਹਯ ਜੁਤਿ ਹੋਇ। ਮਰੇ ਹਜ਼ਾਰਹੁੰ ਗਿਨੇ ਨ ਕੋਇ॥ ੧੮ ॥ ਸਨੇ ਸਨੇ ਨਿਜ ਨਿਜ ਦਿਸ਼ ਮੁਰੇ। ਘਾਯਲ ਸੰਭਾਲਤਿ ਸਭਿ ਤੁਰੇ। ਰਚੇ ਮੋਰਚੇ ਸਿੰਘਨਿ ਜਹਾਂ। ਨਿਜ ਨਿਜ ਮਿਸਲ ਥਿਰੇ ਜਹਿਂ ਕਹਾਂ॥੧੯॥ ਕੋ ਕੋ ਤੁਪਕ ਛੁਟਹਿ ਤਿਸ ਕਾਲਾ। ਅਪਨੀ ਅਪਨੀ ਕਰਤਿ ਸੰਭਾਲਾ। ਜਿਨ ਸਿੰਘਨਿ ਰਣ ਤ੍ਯਾਗੇ ਪ੍ਰਾਨਾ। ਸੁਰ ਪੁਰਿ ਗਏ ਅਰੂਢਿ ਵਿਮਾਨਾ॥੨੦॥ਘਾਇਲ ਕਿਤਿਕ ਉਠਾਵਤਿ ਲ੍ਯਾਏ। ਕੇਤਿਕ ਚਲਿ ਆਪਨ ਹੀ ਆਏ।ਦਰਸ਼ਨ ਪ੍ਰਭੁ ਪੁਰਖ ਕੋ ਕੀਨਸਿ। ਸਕਲ ਖਾਲਸਾ ਆਨੰਦ ਭੀਨਸਿ।॥ ੨੧ ॥ ਸਰਬ ਪ੍ਰਸੰਗ ਜੰਗ ਕੋ ਕਹ੍ਯੋ। 'ਜਮਤੁੱਲਾ ਖੇਤਹਿ ਮਹਿਂ ਰਹ੍ਯੋ। ਲੋਬ ਹੇਤੁ ਓਰਜ਼ ਗਨ ਪਰੇ। ਲਏ ਨਿਸ਼ਾਨ ਮਾਨਸਿੰਘ ਖਰੋ॥੨੨॥ਰਾਵਰ ਕੋ ਪ੍ਰਤਾਪ ਕਰਿ ਸਾਰੇ। ਨੇਰੇ ਢੁਕੇ ਨ,ਜਬਿ ਬਹੁ ਮਾਰੇ। ਗਏ ਹਾਰ ਹਟ ਗਏ ਪਿਛਾਰੀ। ਸਤਿਗੁਰ ਰਾਖੀ ਲਾਜ ਹਮਾਰੀ' ॥ ੨੩ ॥ ਬਿਕਸ ਕਹ੍ਯੋ ਪ੍ਰਭੁ 'ਕੀਨਸਿ ਭਲਾ। ਸੰਗਤਿ ਕੋ ਜਮਤੁਲ ਜਮ ਤੁਲਾ[2]। ਦੇਤਿ ਬਿਖਾਦ ਮਾਰ ਸੋ ਲੀਨਸਿ[3]। ਚਹੁੰਦਿਸ਼ਿ ਕੇ ਸਿਖ ਸੁਖੀਆ ਕੀਨਸਿ'॥ ੨੪ ॥ ਕਰ੍ਯੋ ਖਾਲਸੇ ਕੋ ਸਨਮਾਨਾ[4]। ਕਰਿ ਕਰਿ ਖੁਸ਼ੀ ਅਨੰਦ ਨਿਧਾਨਾ। ਕੇਤਿਕ ਘਾਯਲ ਆਇ ਹਜ਼ੂਰ। ਕੇਤਿਕ ਨਿਜ ਡੇਰਨਿ ਮਹਿਂ ਸੂਰ॥ ੨੫ ॥ ਸਾਲ ਚੁੱਕੂ ਸਭਿ ਕੋ ਦਿਲਵਾਯੋ। ਘਾਵ ਬਿਖਾਦ ਤੁਰਤ ਬਿਨਸਾਯੋ। ਭੋਰ ਹੋਤਿ ਲੇ ਬਨਹਿ ਸੁਚੇਤ। ਹੱਥਨਾਰਨ ਗਹਿ ਆਹਵ ਹੇਤੁ[5]॥੨੬॥ ਬ੍ਰਿੰਦ ਮਸਾਲ ਜ੍ਵਲਤਿ ਗੁਰ ਆਗੇ। ਗੁਰ ਸਿਖ ਗੁਰ ਦਰਸ਼ਨ ਅਨੁਰਾਗੇ। ਬਰਤੀ ਦੇਗ਼ ਤਿਹਾਵਲ ਹੋਏ। ਮਨ ਭਾਵਤਿ ਅਚਿ ਕਰਿ ਸਭਿ ਕੋਏ ॥ ੨੭ ॥ ਅਭਿਨੰਦਤਿ ਗੁਰ ਨੰਦਨ ਆਯੋ।ਰਣ ਤੇ ਸ਼ਸਤ੍ਰਨਿ ਸਹਿਤ ਸੁਹਾਯੋ।ਉਦੈ ਸਿੰਘ ਤਬਿ ਤਿਸਹਿ ਪੂਛਿਸੈ। 'ਰਣ ਮਹਿਂ ਗਾਢੇ ਸ਼ੱਤ੍ਰਨਿ ਧ੍ਰੰਸੈ[6]' ॥ ੨੮ ॥ ਸਿੰਘ ਸਥਿਰੇ ਮੋਰਚੇ

---

[1]ਹਟ ਗਏ। [2]ਜਮਤੁੱਲਾ ਜਮ ਦੇ ਤੁੱਲ ਸੀ। [3]ਦੁਖ ਦਿੰਦਾ ਰਹਿੰਦਾ ਸੀ ਉਹ ਮਾਰ ਲਿਆ ਹੈ। [4](ਗੁਰੂ ਜੀ ਨੇ) ਸਨਮਾਨ ਕੀਤਾ ਖਾਲਸੇ ਦਾ। [5]ਜੰਗ ਦੇ ਵਾਸਤੇ [ਸੰਸ:, ਆਹਵ=ਜੁੱਧ]। [6]ਨਾਸ਼ ਕੀਤੇ।

ਮਹੀਆ।ਤਿਨ ਹਿਤ ਗਈ ਦੇਗ਼ ਜਹਿ ਕਹੀਆ[1]।"ਨਿਜ ਬਲ ਠਾਢੇ ਗਾਢ ਰਹੀਅਹਿ। ਸੱਤਿਨਾਮ ਜਪੁ ਰਿਪੁਦਿਸ਼ਿ ਲਹੀਅਹਿ'॥੨੯॥ਇਮ ਸਤਿਗੁਰ ਸਭਿ ਸ਼ਿੰਘ ਸੰਭਾਰੇ। ਮਰੇ ਜਿਤਿਕ ਆਛੇ ਸਸਕਾਰੇ। ਪਰਮਗਤੀ ਕਹੁ ਪ੍ਰਾਪਤਿ ਕਰੇ। ਗੁਰ ਹਿਤ ਸਮੁਖ ਜੰਗ ਪੁਨ ਮਰੇ ॥ ੩੦ ॥ ਇਸ ਤੇ ਪਰੇ ਲਾਭੁ ਕਨਾ ਅਹੈ।ਜੋ ਪਰਲੋਕ ਸੁਧਾਰਨ ਚਹੈ। ਦਰਸ਼ਨ ਕਰਿ ਕਰਿ ਭੋਜਨ ਖਾਏ। ਬਹੁਰ ਮੋਰਚੇ ਸਿੰਘ ਸਿਧਾਏ ॥ ੩੧ ॥ ਕਸੇ ਤੁਰੰਗਨਿ ਆਧੇ ਖਰੇ। ਆਧੇ ਨਿਸ ਅਰਾਮ ਕੋ ਕਰੇ। ਭਯੋ ਖੇਤ ਬਿਕਰਾਲ ਬਿਸਾਲਾ। ਕੂਕਤਿ ਮਿਲੇ ਬ੍ਰਿੰਦ ਸ਼ਿੰਗਾਲਾ ॥ ੩੨ ॥ ਬਹੁਤੇ ਸ੍ਵਾਨ ਪੁਕਾਰਤਿ ਫਿਰੈਂ। ਸੂਰਨਿ ਆਮਿਖ[2] ਭੱਖਨ ਕਰੈਂ।ਭੂਤਨਿ ਪ੍ਰੇਤਨਿ ਪਾਇ ਧਮਾਰ[3]।ਗਾਵਤਿ ਨਾਚਤਿ ਮੁਦਤਿ ਉਦਾਰ ॥੩੩॥ ਸਿਰ ਕੇ ਥਾਰਿ ਖਿੰਡਾਇ ਕਰਾਲੇ। ਮਿਲੀ ਜੋਗਨੀ ਸ਼ਬਦ ਉਠਾਲੇ। ਸੰਧਨਾ ਸਮੇ ਲਏ ਗਨ ਸਾਰੇ[4]। ਬਿਚਰਤਿ ਭੱਦ੍ਰ ਰੁੱਦ੍ਰ ਹੁਇ ਭਾਰੇ[5] ॥੩੪॥ ਧੁਕ ਧੁਕ ਉਠੇ ਮਸਾਨ ਮਹਾਨੇ।ਬੋਲਤਿ ਹਡ਼[6] ਸੁਨੀ-ਅਤਿ ਭੈ ਮਾਨੇ। ਸ਼ੋਣਤ ਕੇ ਕਰਦਮ ਰਜ ਗਾਢਾ[7]। ਕਿਤ ਕਿਤ ਘਾਇਨ ਹਾਇ ਉਬਾਢਾ॥੩੫॥ਮਰੇ ਤੁਰੰਗਮ ਧਰਨੀ ਪਰੇ। ਪਲ ਭੱਖੀ ਪਲ ਭੱਖਨਿ ਕਰੇ[8]। ਜੁਦੇ ਮੁੰਡ ਕਹੂੰ ਰੁੰਡ ਕਰਾਲੇ। ਖੜਗ ਸਮੇਤ ਹਾਥ ਕਟਿ ਡਾਲੇ ॥ ੩੬ ॥ ਕਹੂੰ ਚਰਨ ਕਹੂੰ ਜੰਘ ਕਟੇ ਹੈਂ। ਕਿਤ ਕਟਾਰ ਸਨ ਪੇਟ ਫਟੇ ਹੈਂ[9]। ਘੋਰ ਦਰਸ਼ਨਾ[10] ਧਰਨੀ ਹੋਇ। ਦੇਖੀ ਜਾਇ ਨ ਕਾਇਰ ਜੋਇ ॥ ੩੭॥ਸਿੰਘ ਮੋਰਚੇ ਥਿਰੇ ਸੁ ਜਿਤੇ। ਵਾਹਿਗੁਰੂ ਜੀ ਕੀ ਕਹਿ ਫਤੇ। ਗਰਜਿ ਗਰਜਿ ਕਰਿ ਦੂਰ ਸੁਨਾਵੈਂ। ਬਿਜੈ ਆਪਨੀ ਸਭਿਨਿ ਸੁਨਾਵੈਂ ॥ ੩੮ ॥ ਇਸ ਬਿਧਿ ਬਿਤੀ ਖਾਲਸੇ ਮਾਂਹੀ। ਮਰੇ ਸੁ ਮਰੇ ਸ਼ੋਕ ਕਛੁ ਨਾਂਹੀ। ਹੋਤਿ ਭੋਰ ਧਾਰੇ ਉਤਸਾਹਾ। ਹਤਹਿ ਰਿਪੂਨਿ ਕੋ ਸੰਘਰ ਮਾਂਹਾ ॥ ੩੯ ॥ ਅਬਿ ਪਹਾਰੀਅਨਿ ਕੀ ਬਡ ਸੈਨਾ। ਕਹੌਂ ਕਥਾ ਬੀਤੀ ਜਿਮ ਰੈਨਾ। ਗਿਰਪਤਿ ਅਰੁ ਗਿਰ ਨਰ ਸਮੁਦਾਯਾ। ਕਿਤਿਕ ਪ੍ਰਜਾ ਅਰੁ ਸੁਭਟ ਲਗਾਯਾ[11] ॥੪੦॥

[1]ਜਿੱਥੇ ਕਿੱਥੇ ਸਨ। [2]ਸੂਰਮਿਆਂ ਦਾ ਮਾਸ। [3]ਨਾਚ, ਲੁੱਡੀ। [4]ਸਾਰੇ ਗਣ। [5]ਸ਼ਿਵਜੀ ਵਾਂਗੂ ਭਿਆਨਕ ਹੋਕੇ ਫਿਰਦੇ ਹਨ। [ਭੱਦ੍ਰ=ਸ਼ਿਵ। ਰੁੱਦ੍ਰ=ਭਿਆਨਕ]। [6]ਹੱਸਣ ਦੀ ਆਵਾਜ਼। [7]ਮਿੱਟੀ ਵਿਚ ਲਹੂ ਰਚਕੇ ਚਿੱਕੜ ਹੋ ਰਿਹਾ ਹੈ। [8]ਮਾਸ ਅਹਾਰੀ ਮਾਸ ਖਾਂਦੇ ਹਨ। [9]ਕਿਤੇ ਕਟਾਰਾਂ ਨਾਲ ਪੇਟ ਪਾੜੇ ਪਏ ਹਨ। [10]ਭਿਆਨਕ ਦਿੱਸਣ ਵਾਲੀ। [11]ਕਿੰਨੀ ਕੁ ਪਰਜਾ ਤੇ ਕਿੰਨੇ ਕੁ ਸੂਰਮੇ ਲੜਾਏ।

Sri Satguru Jagjit Singh Ji eLlibrary NamdhariElibrary@gmail.com

ਦੋਹਰਾ ॥ ਲਾਜ ਸ਼ੋਕ ਸਭਿ ਮਹਿ ਭਯੋ ਚਿੰਤਾ ਰਿਦੈ ਉਪਾਇ । ਸੁਨਹੁ ਬਾਰਤਾ ਤਿਨਹੁਂ ਕੀ ਗਨ ਸ਼੍ਰੋਤਾ ਚਿਤ ਲਾਇ॥੪੧॥ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥ ੧੬ ॥

## ੧੭. [ਪਹਾੜੀਆਂ ਦੀਆਂ ਰਾਤੀਂ ਸਲਾਹਾਂ]।

ਦੋਹਰਾ ॥ ਭੀਮਚੰਦ ਬਿਨ ਅਨੰਦ ਕੇ ਦੇਖਿ ਰਹ੍ਯੋ ਬਿਸਮਾਇ ।–ਬੀਰ ਹਜ਼ਾਰਹੁਂ ਪਚ ਰਹੇ ਲੋਥ ਨਹੀਂ ਕਿਮ ਲ੍ਯਾਇ ॥ ੧ ॥ ਚੌਪਈ ॥ ਅਲਪ ਖਾਲਸਾ ਅਰ੍ਯੋ ਲਹ੍ਯੋ ਹੈ[1] । ਬਹੁਤ ਹਮਾਰੀ ਦਿਸ਼ਾ ਰਹ੍ਯੋ ਹੈ[2] । ਪਚਿ ਪਚਿ ਰਹੇ ਹੇਲ ਕੋ ਡਾਲਤਿ । ਅਨਿਕ ਪ੍ਰਕਾਰਨ ਕੋ ਬਲ ਘਾਲਤਿ ॥੨॥ ਨਹੀਂ ਕਿਸਹੁਂ ਨੇ ਸਿੰਘ ਹਲਾਏ । ਗਾਡ ਨਿਸ਼ਾਨ ਥਿਰੇ ਜਿਸ ਥਾਏਂ । ਕਿਮ ਇਹ[3] ਲਰਤੇ ਤਹਾਂ ਨਰਨ ਮੈਂ[4]–। ਇਮ ਸੋਚਤਿ ਗਿਰਪਤਿ ਬਹੁ ਮਨ ਮੈਂ॥੩॥ ਹਟੀ ਚਮੂੰ ਲਰਿਬੇ ਪਿਛਵਾਈ । ਆਇ ਸਿਵਰ ਘਾਲ੍ਯੋ[5] ਗਿਰਰਾਈ । ਮਰੇ ਪਰੇ ਸੋ ਖੇਤ ਰਹੇ ਹੈਂ । ਜੋ ਘਾਇਲ ਸੰਭਾਲ ਲਏ ਹੈਂ ॥ ੪ ॥ ਥਕਤਿ ਸੂਰਮੇ ਸਕਲ ਤੁਰੰਗਨਿ।ਮੁਰਝਾਨੇ ਮੁਖ ਸਿਥਲੇ ਅੰਗਨਿ। ਬਿਨ ਉਤਸਾਹ ਸ਼ੋਕ ਮੈਂ ਕੇਤੇ । ਸਨਬੰਧੀ ਹਤਿ ਘਾਲ੍ਯੋ ਜੇਤੇ[6] ॥ ੫ ॥ ਮੰਤ੍ਰੀ ਅਪਰ ਜਿਤਿਕ ਥੇ ਸ੍ਯਾਨੇ । ਹੋਤਿ ਸਮੀਪ ਸਕਲ ਸਨਮਾਨੇ । ਨਿਜ ਵਜ਼ੀਰ ਕੋ ਨਿਕਟ ਬਿਠਾਰਾ।ਜ੍ਵਲਤਿ ਮਸਾਲ ਖਰੇ ਗਨ ਝਾਰਾ[7] ॥੬॥ ਆਇ ਕੇਸਰੀ-ਚੰਦ ਹੰਡੂਰੀ । ਭੂਪ ਕਟੋਰ ਆਦਿ ਬਿਧਿ ਰੂਰੀ । ਸਭਿ ਨਰਿੰਦ੍ਰ ਬੈਠੇ ਜਬਿ ਆਇ । ਤਿਨ ਕੇ ਜੇ ਬਜ਼ੀਰ ਸਮੁਦਾਇ ॥ ੭ ॥ ਭੀਮਚੰਦ ਤਬਿ ਬਾਕ ਬਖਾਨੇ । 'ਸੁਨਹੁ ਸ਼੍ਰੋਨ ਦੇ ਤੁਮ ਸਭਿ ਸ੍ਯਾਨੇ । ਆਜ ਪਰੀ ਜਿਸ ਭਾਂਤਿ ਲਰਾਈ।ਕਿਤਿਕ ਦਿਵਸ ਮਹਿਂ ਦਲ ਖਪ ਜਾਈ[8]॥੮॥ਜੋਧਾ ਮਰੇ ਹਜ਼ਾਰਹੁਂ ਲਰਿ ਲਰਿ । ਲੋਥ ਹੇਤੁ ਬਹੁ ਹੇਲਾ ਕਰਿ ਕਰਿ । ਅਰ੍ਯੋ-ਖਾਲਸਾ ਧੀਰਜ ਧਰਿ ਧਰਿ । ਛੋਰਤਿ ਜ੍ਵਾਲਾਬਮਨੀ ਭਰਿ ਭਰਿ' ॥ ੯ ॥ ਸੁਨਤਿ ਕਟੋਚ ਹੰਡੂਰੀ ਬੋਲਾ।'ਪ੍ਰਥਮ ਜੰਗ ਲਰ ਸਭਿ ਨੇ ਤੋਲਾ[9]।ਅਬਿ ਜਿਮ ਬਾਂਛਾ ਤਿਮ ਹੀ ਕਰੀਅਹਿ । ਬਾਧ ਘਾਟ ਸਭਿ ਘਾਤ ਬਿਚਰੀਅਹਿ' ॥ ੧੦ ॥ ਮੰਡਸ-

---

[1]ਅੜਿਆ ਵੇਖਿਆ ਹੈ । [2]ਸਾਡੇ ਵਲ ਬਹੁਤਾ ( ਦਲ ) ਹੈਗਾ ਸੀ । [3]ਭਾਵ ਪਹਾੜੀ । [4]ਭਾਵ ਸਿੰਘਾਂ ਵਿਚ । [5]ਪਿੱਛੇ ਆਕੇ ਡੇਰਾ ਪਾਇਆ । [6]ਜਿਨ੍ਹਾਂ ਦੇ ਸਨਬੰਧੀ ਮਾਰੇ ਗਏ ਸਨ । [7]ਝਾਰ ਮਤਾਬੀ । [8]ਕਿੰਨਿਆਂ ਕੁ ਦਿਨਾਂ ਵਿਚ (ਸਾਡਾ) ਦਲ ਖਪ ਹੀ ਜਾਏਗਾ । [9](ਅਜ) ਪਹਿਲਾ ਜੰਗ ਲੜਕੇ ਸਾਰਿਆਂ ਨੇ (ਗੁਰੂ ਜੀ ਦੇ ਬਲ ਨੂੰ) ਤੋਲ ਲਿਆ ਹੈ ।

Sri Satguru Jagjit Singh Ji eLlibrary　　NamdhariElibrary@gmail.com

ਪਤੀ ਨਰਿੰਦ੍ਰ ਬਖਾਨਾ। 'ਇਹ ਗੁਰੂਅਨਿ ਕੋ ਸਦਨ ਮਹਾਨਾ। ਨਹਿ ਸਮਾਨਤਾ ਕਿਸਤੇ ਹੋਇ। ਇਨ ਸੋਂ ਮਿਲਿਨਿ ਨੀਕ ਹ੍ਵੈ ਸੋਇ ॥ ੧੧ ॥ ਕਰਾਮਾਤ ਸਾਹਿਬ ਬਲਵੰਤੇ। ਤੁਰਤ ਬਨਾਵਹਿਂ ਜਥਾ ਚਹੰਤੇ। ਬਿਦਤ ਮਹਿਦ ਸ਼੍ਰੀ ਨਾਨਕ ਗਾਦੀ। ਨਹਿ ਪੂਰਾ ਉਤਰਹਿ ਕੋ ਬਾਦੀ' ॥੧੨॥ ਸੁਨਿ ਹੰਡੂਰੀਏ ਗਿਰਾ ਉਚਾਰੀ। 'ਰਾਜ ਕਾਜ ਕੀ ਬਾਤ ਨਿਆਰੀ। ਇਸ ਮਹਿਂ ਪਿਤਾ ਪੁਤ੍ਰ ਬਿਗਰੰਤੇ।ਜੋ ਅਤਿ ਪ੍ਰਿਯ ਸੋ ਸ਼ੱਤ੍ਰੂ ਬਨੰਤੇ॥੧੩॥ 'ਜੈ ਤਜਿ ਰਾਜ ਸਾਧ ਬਨਿ ਜੈ ਹੈਂ। ਤੌ ਅਸ ਬਾਤਿ ਬਿਚਾਰਨ ਕੈ ਹੈਂ[1]। ਗੁਰੂ ਸ਼ੱਤ੍ਰੂ ਬਨ ਗਯੋ ਹਮਾਰਾ। ਕਹਹੁ ਲਰਨ ਤੇ ਕਿਮ ਹੁਇ ਟਾਰਾ?' ॥੧੪॥ ਸੁਨਿ ਜਸ-ਵਾਰ ਕੇਸਰੀ ਚੰਦ। ਬੋਲ੍ਯੋ ਸਭਿ ਮਹਿ ਗਰਬ ਬਿਲੰਦ। 'ਕਹਾਂ ਸਿੰਘ ਹੈਂ ਹਮਹੁਂ ਅਗਾਰੀ। ਠਹਿਰ ਨ ਸਕਹਿ ਪਰੀ ਜਬਿ ਮਾਰੀ ॥ ੧੫ ॥ ਕਹਾਂ ਭਏ ਪੂਰਬ ਅਰ ਰਹੈ। ਦਾਵ ਲਰਨਿ ਕੋ ਸੈਨ ਨ ਲਹੈ। ਹੋਇ ਪ੍ਰਾਤਿ ਕੇ ਮੰਡਹੁ ਜੰਗ।ਪਰਹੁ ਹੇਲ ਕਰਿ ਸਭਿ ਇਕ ਸੰਗ॥੧੬॥ ਕਬਿ ਲੌ ਲਰਹਿ ਖਾਲਸਾ ਜੋਈ। ਦਰਬ ਦੇਸ਼ ਕੋ ਰਾਜ ਨ ਕੋਈ। ਤੁਮ ਸਮਰਥ ਧਨ ਰਾਜ ਮਝਾਰੇ। ਕਿਮ ਅਨੰਦਪੁਰਿ ਬਸਹਿਂ ਸੁਖਾਰੇ' ॥ ੧੭ ॥ ਭੀਮਚੰਦ ਸੁਨਿ ਸਭਿ ਤੇ ਕਹੈ। 'ਭੋ ਜਸੁਵਾਰ! ਇਸੀ ਬਿਧਿ ਅਹੈ। ਤਊ ਦੇਖਿਯੇ ਲੇਹੁ ਬਿਚਾਰੀ। ਪੈਂਡ ਖਾਨ ਆਯੋ ਬਲ ਭਾਰੀ ॥ ੧੮ ॥ ਜਿਮ ਮਾਰ੍ਯੋ ਦਲ ਗਯੋ ਪਲਾਈ। ਦਸ ਹਜ਼ਾਰ ਭਟ ਹਯ ਸਮੁਦਾਈ। ਹੇਰਿ ਆਜ ਕੋ ਜੰਗ ਹਿਰਾਸਾ[2]। ਲਸ਼-ਕਰ ਭਯੋ ਕਿਤੇਕ ਬਿਨਾਸ਼ਾ' ॥ ੧੯ ॥ ਕਹਿਲੂਰੀ ਕੋ ਏਕ ਵਜ਼ੀਰ। ਬੋਲ੍ਯੋ ਹਾਥ ਬੰਦਿ ਜੁਤਿ ਧੀਰ। 'ਅਬਿ ਗਿਰਪਤ ਤੁਮ ਸਭਿ ਚਢਿ ਆਏ। ਲਰਹਿ ਨਹੀ ਇਹੁ ਕਿਮ ਬਨਿ ਆਏ ?' ॥ ੨੦ ॥ ਇਸੀ ਪ੍ਰਕਾਰ ਧਰਮ ਛੱਤ੍ਰੀਨ। ਪੂਰਬ ਸੁਨੇ, ਜਥਾ ਸਭਿ ਕੀਨਿ।ਇਸ ਅਵਨੀ ਹਿਤ ਲਰਿ ਮਰਿ ਗਏ। ਜੀਤ ਪਾਇ ਸੁਖ ਭੋਗਤਿ ਭਏ॥੨੧॥ਕੈ ਪ੍ਰਮੋਦ ਸੁਰਪੁਰਿ ਕੋ ਪਾਯੋ। ਜਗਤ ਬਿਖੈ ਜੋਧਾ ਜਸੁ ਛਾਯੋ। ਲਰਨ ਮਰਨ ਅਰੁ ਸਾਕੇ ਕਰਨੇ[3]। ਇਹੀ ਕਾਮ ਰਾਜਨ ਕੇ ਬਰਨੇ' ॥ ੨੨ ॥ ਸਭਿ ਤੇ ਸੁਨਿ ਕੈ ਨ੍ਰਿਪ ਕਹਿਲੂਰੀ। ਬੋਲ੍ਯੋ ਸੁਨਤੌ[4] ਨੀਤ ਜਿਮ ਰੂਰੀ। 'ਹੋਤਿ ਪ੍ਰਾਤਿ ਘੇਰਾ ਦਿਹੁ ਡਾਲਾ।ਚਹੁੰ-ਦਿਸ਼ਿ ਉਤਰਹਿ ਸਦਲ ਨ੍ਰਿਪਾਲਾ॥੨੩॥ਅੰਨ ਆਦਿ ਨਹਿ ਦੇਉ ਪ੍ਰਵੇਸ਼ਨ।

---

[1]ਜੇ ਰਾਜ ਛਡਕੇ ਸਾਧ ਬਣਨਾ ਹੋਵੇ ਤਾਂ ਐਸੀ ਗਲ ਵਿਚਾਰ ਸਕਦੇ ਹਾਂ। [2](ਮੈਂ) ਡਰ ਗਿਆ ਹਾਂ। [3]ਭਾਵ ਜੰਗ ਕਰਨੇ। [4]ਸੁਣਕੇ ਬੋਲਿਆ।

Sri Satguru Jagjit Singh Ji eLlibrary NamdhariElibrary@gmail.com

ਸਾਵਧਾਨ ਬਨਿ ਸਰਬ ਗਿਰੇਸ਼ੁਨਿ। ਅਨੰਦਪੁਰੇ ਮਹਿਂ ਪ੍ਰਵਿਸ਼ਹਿ[1] ਜਬੈ। ਨਿਕਟ ਲਗਾਇ ਮੋਰਚੇ ਸਬੈ ॥੨੪॥ ਕਰਹੁ ਤੰਗ ਨਿਤ ਕਰਿ ਕਰਿ ਜੰਗ। ਬਿਚਰਤਿ ਹਤਹੁ ਤੁਫੰਗਨਿ ਸੰਗ। ਜਿਤ ਕਿਤ ਤੇ ਘੇਰਹੁ ਬਰਿਆਈ। ਪ੍ਰਵਿਸ਼ਨ ਨਿਕਸਨ ਕੋ ਨਹਿਂ ਪਾਈ[2] ॥ ੨੫ ॥ ਇਮ ਸਲਾਹ ਆਵਤਿ ਮੁਝ ਮਨ ਮੈਂ। ਹਤੇ ਨ ਜਾਹਿਂ ਸਿੰਘ ਕਿਮ ਰਨ ਮੈਂ। ਸਭਿਹਿਨਿ ਸੁਨਿ ਕੈ ਮਸਲਤ ਐਸੀ।ਮਾਨੀ ਗਿਰਈਸ਼ੁਨਿ ਤਬਿ ਤੈਸੀ॥੨੬॥ਨਿਜ ਨਿਜ ਸਿਵਰ ਗਏ ਸਹਿ ਚਿੰਤਾ। -ਗੁਰੂ ਨ ਹਾਰਹਿ ਲਰਤਿ ਕਦੈਂਤਾ[3]-। ਤ੍ਰਾਸ ਮਾਨਿ ਆਧੇ ਸਵਧਾਨਾ। ਖਰੇ ਰਹੇ ਗਹਿ ਆਯੁਧ ਪਾਨਾ ॥ ੨੭ ॥ ਅਰਧਨ ਪਰਿ[4] ਕੀਨਸਿ ਬਿਸਰਾਮੂ। ਖਾਨ ਪਾਨ ਕਰਿ ਧਾਰਿ ਅਰਾਮੂ। ਸਭਿਨਿ ਜਾਮਨੀ ਡਰਤਿ ਬਿਤਾਈ। ਛੋਰਤਿ ਰਹੇ ਤੁਪਕ ਨਿਜ ਥਾਈਂ ॥ ੨੮ ॥ ਬੀਤੀ ਰਾਤਿ ਪ੍ਰਾਤਿ ਪੁਨ ਭਈ। ਪੂਰਬ ਦਿਸ਼ਿ ਪੀਅਰੀ ਪਰ ਗਈ[5]। ਸੌਚ ਸ਼ਨਾਨ ਦੁਹਨ ਦਿਸ਼ਿ ਕੀਨੇ।ਬਸਤ੍ਰ ਸ਼ਸਤ੍ਰ ਤਨ ਧਾਰਿ ਸਭੀ ਨੇ ॥੨੯॥ਨਿਜ ਨਿਜ ਥਾਨ ਬਨੇ ਸਵਧਾਨਾ। ਦੁੰਦਭਿ ਬਾਜੇ ਅਲਪ ਮਹਾਨਾ[6]। ਸੰਖ ਘਨੇ ਸ਼ਹਿਨਾਇ ਨਫੀਰਨ[7]। ਬਡੇ ਢੋਲ ਉਤਸਾਹਤਿ ਬੀਰਨ[8] ॥ ੩੦ ॥ ਚਢੀ ਚਮੂੰ ਸਭਿ ਰਾਜਨ ਕੇਰੀ। ਹ੍ਵੈ ਨ ਸਕਹਿ ਆਨੰਦਪੁਰ ਹੇਰੀ[9]। ਦੂਰਿ ਦੂਰਿ ਲਗ ਪਸਰੀ ਘਨੀ। ਘੇਰਨਿ ਕੋ ਡੇਰੇ ਕਰਿ ਅਨੀ ॥੩੧॥ ਤਬਿ ਸਤਿਗੁਰ ਜੰਜੈਲ[10] ਚਲਾਈ। ਬਾਘਨ[11] ਤੋਪ ਤੁੰਗ ਥਿਰ ਥਾਂਈ। ਗਨ ਲਮਛੜਾਂ[12] ਸਿਪਾਹਨ ਧਰਿ ਧਰਿ[13]।ਤਕਿ ਤਕਿ ਸਿਵਰ[14]ਹਤੀ ਤਬਿ ਭਰਿ ਭਰਿ॥੩੨॥ ਦੂਰਿ ਦੂਰਿ ਲਗਿ ਮਾਰਿ ਹਟਾਏ। ਲੇ ਲੇ ਓਟ ਥਿਰੇ ਸਮੁਦਾਏ। ਭਯੋ ਖਾਲਸਾ ਤਯਾਰ ਲਰਾਈ। ਸਹਿ ਨ ਸਕਹਿ ਰਿਪੁ ਕੀ ਬਰਿਆਈ[15] ॥੩੩॥ ਠੌਰ ਠੌਰ ਚਾਰਹੁੰ ਦਿਸ਼ਿ ਹੋਏ। ਥਿਰੇ ਮੋਰਚਨਿ ਮਹਿ ਸਭਿ ਕੋਏ। ਲਗੀ ਤੁਫੰਗੈਂ ਤੜਭੜ ਛੂਟਨ। ਸਿਰ ਛਾਤੀ ਗਨ ਸੁਭਟਨਿ ਫੂਟਨ॥੩੪॥ਲੈ ਲੈ ਆਡ[16] ਥਿਰੇ ਤਕ ਮਾਰਹਿ। ਸੁਭਟ ਤੁਰੰਗ ਭੂਮ ਪਰ ਡਾਰਹਿਂ। ਡਾਰਹਿ

[1](ਖਾਲਸਾ) ਵੜੇ। [2]ਕੋਈ ਨਾ ਪਾਵੇ। [3]ਲੜਦਿਆਂ ਕਦੇ ਬੀ। [4]ਅੱਧਿਆਂ ਨੇ ਪੱਕੇ ਭਾਵ ਸੌਂਕੇ। [5]ਪੂਰਬ ਦੀ ਦਿਸ਼ਾ ਪੀਲੀ ਹੋ ਆਈ। [6]ਛੋਟੇ ਵੱਡੇ। [7]ਸ਼ਰਨਾਵਾਂ, ਨਫੀਰੀਆਂ। [8]ਸੂਰਮਿਆਂ ਨੂੰ ਉਤਸਾਹ ਦੇਣ ਵਾਲੇ। [9]ਅਨੰਦਪੁਰ ਦਿਖਾਈ ਨਹੀਂ ਦਿੰਦਾ। [10]ਇਕ ਤਰ੍ਹਾਂ ਦੀ ਵਡੀ ਲੰਮੀ ਤੇ ਵਜ਼ਨਦਾਰ ਬੰਦੂਕ ਜਿਸ ਦੀ ਮਾਰ ਬਹੁਤ ਦੂਰ ਤਕ ਹੁੰਦੀ ਸੀ। [11]ਨਾਮ ਤੋਪ ਦਾ। [12]ਲੰਮੀ ਨਾਲੀ ਵਾਲੀ ਬੰਦੂਕ ਜਿਸ ਦੀ ਮਾਰ ਆਮ ਬੰਦੂਕਾਂ ਨਾਲੋਂ ਵਧੇਰੇ ਦੂਰ ਤਕ ਹੁੰਦੀ ਸੀ। [13]ਸੂਰ-ਮਿਆਂ ਨੇ ਫੜ ਫੜ ਕੇ। [14]ਡੇਰਿਆਂ ਨੂੰ। [15]ਜ਼ੋਰਾਵਰੀ। [16]ਓਟ, ਆਸਰਾ।

Sri Satguru Jagjit Singh Ji eLlibrary NamdhariElibrary@gmail.com

ਪੁਨ ਬਾਰੂਦ ਉਤਾਲੇ। ਗੁਲਕਾਂ ਠੋਕਿ ਠੋਕਿ ਗਜ ਨਾਲੇ ॥ ੩੫ ॥ ਪਸਰ ਗਈ ਚਹੁੰਦਿਸ਼ਨਿ ਲਰਾਈ। ਦਸਤਰਵਾਂ ਕਰਿ ਸ਼ਿਸਤ[1] ਲਗਾਈ। ਬਿਚਰਹਿ ਹਯ ਕੇ[2] ਜੋਧ ਪਦਾਤੀ[3]। ਡਾਂਭਹਿ ਤੋੜਾ ਤਤਛਿਨ ਘਾਤੀ[4] ॥੩੬॥ ਰਾਖਹਿਂ ਦੂਰ ਬਰਜ ਕਰਿ ਅਰੀ। ਤੋਪ ਜੰਜੈਲਨਿ ਮਾਰਨ ਕਰੀ। ਕੇਤਿਕ ਚੜ੍ਹੇ ਸਊਰ ਪਹਾਰੀ। ਉਤਰੇ ਦੂਰ ਜਾਇ ਡਰ ਧਾਰੀ ॥ ੩੭ ॥ ਆਗੇ ਲੈ ਲੈ[5] ਢੁਕਹਿਂ ਪਦਾਤੀ। ਗੁਲਕਾ ਫੋਰਹਿਂ ਤਿਨ ਕੀ ਛਾਤੀ। ਲੋਟ ਪੋਟ ਹੁਇ ਗਿਰ ਗਿਰ ਪਰੈਂ। ਦੂਸਰ ਨਹੀਂ ਆਇਬੋ ਕਰੈ ॥ ੩੮ ॥ ਬਜਹਿ ਬੰਦੂਕ ਦੁਤਰਫੀ ਘਨੀ। ਆਡੇ ਲੈ ਲੈ[6] ਲਰਤੀ ਅਨੀ। ਗਿਰਿ ਕਰਿ ਮਰੇ ਸੈਂਕਰੇ ਸੂਰਾ। ਤੜਫਤਿ ਘਾਇਲ ਮਿਲਿ ਮਿਲਿ ਧੂਰਾ ॥ ੩੯ ॥ ਚਹੁੰਦਿਸ਼ ਮਹਿਂ ਬਹੁ ਮਾਰ ਮਚੀ ਹੈ। ਜਹਿਂ ਕਹਿਂ ਸ਼੍ਰੋਣਤ ਧੂਲ ਰਚੀ ਹੈ। ਹੈ ਹੈ ਮਾਰ ਮਾਰ ਕਰਿ ਧਾਵੈਂ। ਸਨਮੁਖ ਹ੍ਵੈ ਹੈਂ, ਮੁਖ ਤੁਰਵਾਵੈਂ[7] ॥੪੦॥ ਭਯੋ ਦੁਪਹਿਰਾ ਮਚਤਿ ਲਰਾਈ। ਥਿਰੇ ਮੋਰਚਨਿ ਭਟ ਸਮੁਦਾਈ। ਜ੍ਵਾਲਾਬਮਨੀ ਤਕਿ ਤਕਿ ਛੋਰਹਿ। ਉਰ ਆਵਤਿ ਇਹੁ ਹਤਿ ਹਤਿ ਮੋਰਹਿਂ[8] ॥ ੪੧ ॥ ਪਸਰੀ ਸੈਨਾ ਰਾਜਨ ਕੇਰੀ। ਜਨੁ ਸਮੁੰਦ੍ਰ ਉਛਲਯੋ ਇਸ ਬੇਰੀ। ਚਹੁੰਦਿਸ਼ਿ ਪਸਰਯੋ ਜਲ ਸਮ ਫਰਿ ਫਰਿ। ਬੀਚ ਅਨੰਦਪੁਰ ਟਾਪੂ ਸਮਸਰ ॥ ੪੨ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਸਪਤ ਦਸ਼ਮੋ ਅੰਸੂ ॥ ੧੭ ॥

## ੧੮. [ਸਾਹਿਬ ਅਜੀਤ ਸਿੰਘ ਜੀ ਦਾ ਯੁੱਧ]।

ਦੋਹਰਾ॥ ਢਰੇ ਦੁਪਹਿਰੇ ਖਾਲਸੇ ਕੀਨਸਿ ਬਿਜੀਆ[9] ਪਾਨ*। ਸੌਚ ਸ਼ਨਾਨ ਮਹਾਨ ਕਰਿ ਭੁਏ ਸਕਲ ਸਵਧਾਨ ॥ ੧ ॥ ਚੌਪਈ॥ ਜਪੁਜੀ ਆਦਿ ਪਠਹਿਂ ਗੁਰਬਾਨੀ। ਬੀਨਿ ਬੀਨਿ[10] ਦਸਤਾਰ ਮਹਾਨੀ। ਕੰਘਾ ਕਰਿ ਕਰਿ ਜੂੜ ਬਨਾਏ। ਊਪਰ ਬਾਂਧਤਿ ਪਾਗ ਸੁਹਾਏ ॥੨॥ ਸ਼ਮਸ ਸੁਧਾਰਿ ਕਰਤਿ ਮੁਛ ਬੰਕੀ। ਗੁਰ ਕੀ ਰਹਿਤ ਸਹਿਤ ਅਕਲੰਕੀ। ਜ਼ੀਨ ਤੁਰੰਗਮ ਪਰ ਸਭਿ ਡਾਲੇ। ਕਰਾਚੋਲ ਗੁਰ ਤੁਪਕ ਸੰਭ੍ਹਾਲੇ[11] ॥੩॥ ਹੁਕਮ ਪਿਤਾ ਕੋ ਲੇ ਤਿਸ ਕਾਲੇ। ਤਯਾਰ ਅਜੀਤ ਸਿੰਘ ਸਭਿ ਨਾਲੇ। ਪ੍ਰਭੁ ਜੀ! ਬਲ ਪ੍ਰਤਾਪ ਤੁਮ ਪਾਊਂ। ਇਸ ਪ੍ਰਕਾਰ ਸੰਗ੍ਰਾਮ ਮਚਾਊਂ ॥੪॥ ਭੀਮ ਚੰਦ ਤੇ ਆਦਿ ਪਹਾਰੀ। ਤਿਨ ਤੇ ਨਹਿ

[1] ਸੇਧ। [2] ਘੋੜ ਸਵਾਰ। [3] ਪੈਦਲ ਸੂਰਮੇਂ। [4] ਮਾਰਦੇ ਹਨ। [5] (ਆਪਣੇ) ਅਗੇ (ਕੋਈ ਓਟ) ਲੈ ਲੈਕੇ। [6] ਓਟਾਂ ਲੈ ਲੈਕੇ। [7] ਤੁੜਾਂਵਦੇ ਹਨ। [8] ਉਰੇ ਆਉਂਦਿਆਂ ਨੂੰ ਮਾਰ ਮਾਰਕੇ ਮੋੜਦੇ ਸਨ। [9] ਸੁੱਖਾ। [10] ਚੁਣ ਚੁਣਕੇ। [11] ਭਾਰੀ ਤਲਵਾਰਾਂ ਤੇ ਬੰਦੂਕਾਂ ਸੰਭਾਲੀਆਂ।

*ਦੇਖੋ ਰਾਸਿ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।

Sri Satguru Jagjit Singh Ji eLlibrary NamdhariElibrary@gmail.com

ਸੁਧਿ ਜਾਇ ਸੰਭਾਰੀ।ਲਰਿਬੇ ਸ੍ਵਾਦ ਆਜ ਸੋ ਪਾਵੈ।ਚਢਿ ਆਵਨਿ ਕੋ ਮਨਿ
ਪਛੁਤਾਵੈ[1]॥੫॥ ਪੁੱਤ੍ਰ ਬਾਕ ਕੋ ਸੁਨਤਿ ਅਨੰਦੇ। ਸ਼ੱਤ੍ਰਨਿ ਬਨ ਕੋ ਅਗਨਿ
ਮਨਿੰਦੇ। 'ਸਕਲ ਖਾਲਸੇ ਮਹਿਂ ਉਤਸਾਹੀ[1]।ਤੁਮਰੇਸੰਮਰਿਪੁ ਮੈਂਬਲਨਾਂਹੀ
॥੬॥ਬਲ ਕਰਿਬੇ ਮਹਿਂ ਨਹਿ ਉਤਲਾਵਹੁ।ਵਧਹੁ ਨ ਆਗੇ,ਜੰਗ ਮਚਾਵਹੁ।
ਚਤੁਰ ਘਟੀ ਬੀਤੇ ਹਟਿ ਆਵਹੁ।ਸਿੰਘਨ ਬਰਜਿ[2] ਸੰਗ ਨਿਜ ਲ੍ਯਾਵਹੁ ॥
੭ ॥ ਇਸ ਹੀ ਬਿਧਿ ਕੀ ਖੇਲ ਹਮਾਰੀ। ਸਨੇ ਸਨੇ ਇਨ ਗਰਬ ਪ੍ਰਹਾਰੀ।
ਤੁਰਕਨਿ ਸੰਗ ਬਿਨਸ ਕਰਿ ਜਾਈ। ਬਲੀ ਖਾਲਸਾ ਲੈ ਠਕੁਰਾਈ[3] ॥
੮ ॥ ਇਹ ਕੁਛ ਲਰਤਿ ਨਹੀਂ ਅਬਿ ਜੋਵੈਂ[4]। ਅਨੰਦ ਰਾਜ ਕੋ ਕੁਲ ਤੇ
ਖੋਵੈਂ'। ਇਮ ਕਹਿ ਪੁੱਤ੍ਰ ਲਰਨ ਕੇ ਹੇਤੁ। ਪਠਨੋ ਪ੍ਰਭੁ ਕਰਿ ਭਲੇ ਸੁਚੇਤ॥
੯ ॥ ਮੁਕਤਾ ਜਰੇ ਨਿਖੰਗ ਸੁਹਾਯੋ। ਲਿਯੋ ਦਾਸ ਤੇ ਗਰ ਮਹਿ ਪਾਯੋ[5]।
ਖੜਗ ਪ੍ਰਥਮ ਹੀ ਥੋ ਗਰ ਪਰਨੋ। ਊਪਰ ਦੁਪਟਾ ਐਂਚਨਿ ਕਰਨੋ[6] ॥੧੦॥
ਜਰੇ ਜਵਾਹਰ ਜ਼ਾਹਰ ਜੋਤਿ। ਅੰਗ ਬਿਭੂਖਨ ਸ਼ੋਭਾ ਹੋਤਿ। ਕੰਚਨ ਫੂਲ
ਸਿਪਰ ਕੋ ਜਰੇ। ਧਰਿ ਸਿਕੰਧ ਪਰ, ਸ਼ੋਭਨੋ ਖਰੇ[7] ॥ ੧੧ ॥ ਕਠਨ ਕੁਦੰਡ
ਹਾਥ ਮਹਿ ਲੈ ਕੈ। ਪਿਤਾ ਗੁਰੂ ਕੋ ਬੰਦਨ ਕੈ ਕੈ। ਨਿਕਸਿ ਵਹਿਰ ਹਯ
ਕੋ ਮੰਗਵਾਯੋ। ਕਰਿ ਪ੍ਰਦੱਛਨਾ ਊਪਰ ਆਯੋ॥੧੨॥ਪਰੀ ਦੁਚੋਬੈਂ ਗਰਜਨੋ
ਭਾਰਾ।ਊਚੀ ਧੁਨ ਰਣਜੀਤ ਨਗਾਰਾ।ਗੁਰ ਸੁਤ ਸੰਗ ਖਾਲਸਾ ਚਢਿਓ।ਸ਼ੱਤ੍ਰ
ਹਤਨ ਪਰ ਚਾਵ ਸੁ ਬਢਿਨੋ ॥੧੩॥ਕਸਿ ਕਸਿ ਤੁਪਕਨਿ ਪਾਇ ਦੁਗੋਰੀ।
ਨਿਕਸੇ ਭੀਮਚੰਦ ਜਿਸ ਓਰੀ।ਪੀਛੇ ਉਦੇ ਸਿੰਘ ਸੋਂ ਕਹਨੋ।'ਜਾਤਿ ਅਜੀਤ
ਸਿੰਘ ਰਣ ਚਹਨੋ[8] ॥ ੧੪ ॥ ਕਰਹੁ ਮੋਰਚਨਿ ਬਹੁ ਤਕਰਾਈ।ਅਸਵਾਰਨਿ
ਦਲ ਹੈ ਸਮੁਹਾਈ[9]।ਇਕ ਤਮਾਂਚਾ ਰਣਕੇ ਮਾਰਹੁ। ਸ਼ੱਤ੍ਰ ਸੈਂਕਰੇ ਹਤਿ ਕਰਿ
ਡਾਰਹੁ ॥ ੧੫॥ ਪੁਨ ਹਟਿ ਆਵਹੁ ਲੈ ਕਰਿ ਫਤੇ। ਹੇਰੈਂਹਿ ਗਿਰਪਤ ਨਿਜ
ਭਟ ਹਤੇ'। ਸੁਨਤਿ ਉਦੈ ਸਿੰਘ ਬੰਦਨ ਕਰੀ। ਦਯਾ ਸਿੰਘ ਰਹਿ ਢਿਗ
ਤਿਸ ਘਰੀ ॥੧੬॥ ਮੁਹਕਮ ਸਿੰਘ ਆਦਿ ਬਡ ਜੋਧਾ। ਆਲਮ ਸਿੰਘ ਧਰੇ
ਬਡ ਕ੍ਰੋਧਾ। ਬੀਰ ਬਚਿੱਤ੍ਰ ਸਿੰਘ ਬਡ ਬਾਹੂ।ਮਾਨ ਸਿੰਘ ਗਮਨਨੋ ਰਣ ਮਾਂਹੂ
॥੧੭॥ ਮੱਟੂ[10] ਸੇਵਾ ਸਿੰਘ ਮਝੈਲ[11]। ਦੁਨੀਚੰਦ ਕੇ ਆਦਿਕ ਗੈਲ। ਸਭਿ

[1]..... ਵਿਚੋਂ ਉਤਸਾਹ ਵਾਲਾ। [2]..... ਨੂੰ ਰੋਕਕੇ। [3]ਪਾਤਸ਼ਾਹੀ। [4]ਏਹ (=ਪਹਾੜੀਏ) ਹੁਣ ਕੁਛ
ਲੜਦੇ ਨਹੀਂ ਦੀਂਹਦੇ। [5]ਭਾਵ ਸਾਹਿਬਜ਼ਾਦੇ ਨੇ। [6]ਖਿੱਚਕੇ (ਲੱਕ ਨਾਲ) ਕੱਸਿਆ ਦੁਪੱਟਾ।
[7]ਬਹੁਤਾ ਸ਼ੋਭਿਆ। [8]ਚਾਹ ਕੇ। [9]ਸਾਹਮਣੇ ਹੋਵੇ। [10]ਜਟਾਂ ਦਾ ਇਕ ਗੋਤ। [11]ਮਾਝੇ ਦਾ।

ਅਸਵਾਰ ਹੋਇ ਤਬਿ ਗਏ । ਗੁਰ ਨੰਦਨ ਸੰਗ ਮਿਲਤੇ ਭਏ ॥੧੮॥ ਕਿਸੂ ਕਮਾਨ ਬਾਨ ਧਰਿ ਲੀਨਿ[1] । ਤੋਮਰ ਬਰਛੀ ਸਾਂਗ ਨਵੀਨ । ਨਿਕਸੇ ਆਨੰਦਪੁਰਿ ਕੋ ਛੋਰਿ । ਗਮਨੇ ਸਿੰਘ ਪੰਚ ਸੈ ਘੋਰ[2] ॥੧੯॥ ਸੁਨਤੇਂ ਪਹਾਰੀ ਬਜਤੇ ਨਗਾਰਾ । ਜ਼ੀਨ ਪਾਇ ਤਤਾਰੀ ਅਸਵਾਰਾ । ਹੋਤਿ ਮੋਰਚਨਿ ਜੁਦੀ ਲਰਾਈ । ਜਾਨਤੇ–ਇਤ ਸੈਨਾ ਕੁਛ ਆਈ–॥ ੨੦ ॥ ਗਮਨੇ ਗਹੇ ਕਮਾਨ ਤੁਫੰਗ । ਸਮੁਖ ਭਏ ਦ੍ਵੈ ਦਲ ਹਿਤ ਜੰਗ॥ਕਿਤੀ ਬਾਉਂ ਮਚ ਰਹੀ ਲਰਾਈ । ਜ੍ਵਾਲਾਬਮਨੀ ਛੁਟਿ ਸਮੁਦਾਈ ॥ ੨੧॥ ਇਤੈ ਸਿੰਘ ਕਰਿ ਹੇਲਾ ਪਰੇ। ਧਾਇ ਅਚਾਨਕ ਤਿਸ ਦਿਸ਼ਿ ਲਰੇ।ਮਨਹੁੰ ਰੋਤ ਬਹਿ ਬਾਉ ਬਡੇਰਾ[3]। ਸਿੰਘਨ ਕੇ ਦਲ ਜਲਧਰ ਪ੍ਰੇਰਾ[4] ॥ ੨੨ ॥ ਬਰਖਨ ਗੁਲਕਨਿ ਕਰਕਾ ਕੇਰੀ[5] । ਪਰਬਤ ਲਰ ਕ੍ਰਿਖਿਪਾਕ ਘਨੇਰੀ[6] । ਏਕ ਬਾਰ ਪਰਿ ਕਰੀ ਬਿਨਾਸਨ । ਕਰਕੀ ਤੁਪਕਨਿ[7], ਬਾਨ ਸਰਾਸਨ[8] ॥੨੩॥ ਛੂਟੇ ਮੁੰਡ ਤੁੰਡ ਬਿਕਰਾਰੇ[9] । ਸ਼੍ਰੋਣਤ ਛੂਟੇ ਮਨਹੁ ਪਨਾਰੇ । ਭੀਮਚੰਦ ਕੋ ਦਲ ਸਮੁਹਾਯੋ । ਦੁੰਦਭਿ ਢੋਲਨਿ ਬ੍ਰਿੰਦ ਬਜਾਯੋ ॥੨੪॥ ਤਜੇ ਅਜੀਤ ਸਿੰਘ ਤਬਿ ਤੀਰ । ਬੀਧੇ[10] ਬੀਰਨਿ ਘਨੇ ਸਰੀਰ । ਸੁਭਟ ਕਿ ਘੋਰਾ ਘੋਰ ਲਗੇ ਸਰ[11] ।ਗਿਰਤਿ ਪ੍ਰਿਥੀ ਪਰ ਪ੍ਰਾਨਨ ਪਰਹਰਿ ॥੨੫॥ ਬਹੁ ਚੰਚਲਤਾ ਕਰਹਿਂ ਚਲਾਵਨ । ਭਾਥਾ ਮਹਿਂ ਹਾਥਹਿ ਕਰਿ ਪਾਵਨ[12] । ਸਰ ਨਿਕਾਸਿ ਗੁਨ ਮਹਿਂ ਬਗਰਾਵਨ[13] । ਐਂਚਿ ਕਾਨ ਸਨ ਪਾਨ ਲਗਾਵਨ[14] ॥੨੬॥ ਤਕਿ ਸ਼ੱਤ੍ਰੁਨਿ ਕੇ ਅੰਗ ਲਗਾਵਨ । ਜਾਨਤੇ ਪਰਹਿ ਨ ਗਨ ਕਿਧ ਘਾਵਨ[15]।ਚੰਚਲ ਬਾਜੀ ਕਰਨਿ ਕਦਾਵਨ । ਬਿਚਰਤਿ ਰਿਪੁ ਕੋ ਵਾਰ ਬਚਾਵਨ॥੨੭॥ ਨਰਾਜ ਛੰਦ॥ ਅਜੀਤ ਸਿੰਘ ਜੀਤ ਚਾਹਿ[16] ਤੀਰ ਕੋ ਪ੍ਰਹਾਰਤੇ । ਤੁਰੰਗ[17]* ਏਕ ਸੰਗ ਸਿੰਘ ਸੂਰਮੇ ਸੰਘਾਰਤੇ । ਮਰੀ ਪਹਾਰ ਬਾਹਿਨੀ ਬਿਸਾਲ ਸਾਮੁਹਾਇ ਕੌਸੁ

---

[1]ਫੜ ਲਿਆ । [2]ਭਿਆਨਕ । [3](ਕ੍ਰੋਧ ਰੂਪੀ) ਰੇਤ ਦੀ ਵਡੀ ਵਾਯੂ ਨੇ ਵਗਕੇ । [4]ਸਿੰਘਾਂ ਦੇ ਦਲ ਰੂਪੀ ਬਦਲਾਂ ਨੂੰ ਪ੍ਰੇਰਿਆ । [5]ਗੋਲੀਆਂ ਦੀ ਬਰਖਾ ਗੜਿਆਂ ਦੀ ( ਬਰਖਾ ਸਮਾਨ ਸੀ ) । [6]ਪਹਾੜੀਏ ਬਹੁਤੀ ਪੱਕੀ ਖੇਤੀ ਵਤ । [7]ਬੰਦੂਕਾਂ ਕੜਕੀਆਂ ਭਾਵ ਚੱਲੀਆਂ । [8]ਧਨੁਖਾਂ ਤੋਂ ਤੀਰ (ਚੱਲੇ ਜਿਨ੍ਹਾਂ ਨਾਲ......)। [9]ਭਿਆਨਕ । [10]ਵਿੰਨ੍ਹੇ । [11]ਜਿਸ ਨੂੰ ਲੱਗੇ ਭਿਆਨਕ ਤੀਰ। [12]ਭੱਥੇ ਵਿਚ ਹਥ ਨੂੰ ਪਾ ਕਰਕੇ । [13]ਚਿੱਲੇ ਵਿਚ ਜੋੜਦੇ ਹਨ । [14]ਖਿੱਚਿਆਂ ਹਥ ਜਾ ਲਗਦੇ ਹਨ ਕੰਨ ਨੂੰ । [15]ਇੰਨੇ ਬਹੁਤੇ ਮਾਰੇ ਕਿ ਪਤਾ ਨਹੀਂ ਲਗਦਾ । [16]ਚਾਹੁੰਦੇ ਹੋਏ । [17]ਘੋੜਿਆਂ ਅਤੇ ।

*ਪਾਠ ਅਸਲੀ 'ਤੁਫੰਗ' ਚਾਹੀਏ, ਲਿਖਾਰੀ ਦੀ ਕਲਮ ਉਕਾਈ ਤੋਂ 'ਤੁਰੰਗ' ਹੋ

|ਬਾਕੀ ਦੇਖੋ ਅਗਲੇ ਪੰਨੇ ਦੇ ਹੇਠ|

Sri Satguru Jagjit Singh Ji eLlibrary NamdhariElibrary@gmail.com

ਏਕਬਾਰ ਗੋਰੀਯਾਂ ਅਨੇਕ ਹੀ ਚਲਾਇਕੈ ॥ ੨੮ ॥ ਚਲੀ ਸੁ ਬੇਗ ਸ਼੍ਰੈਕਤੀ ਲਗੀ ਤੁਰੰਗ[1] ਆਇਕੈ। ਗਿਰਯੋ ਸੁ ਜੰਗ ਖੇਤ ਮੈਂ ਸੁ ਦੋਇ ਘਾਵ ਖਾਇ ਕੈ। ਅਜੀਤ ਸਿੰਘ ਛੋਰਿ[2], ਅੰਗ ਆਪਨੇ ਬਚਾਇਕੈ। ਖਰੇ ਚਰੰਨ ਭਾਰ ਫੇਰ ਬਾਨ ਕੋ ਚਲਾਇਕੈ॥੨੯॥ਪਹੂਚਿ ਕੈ ਸੁ ਦਾਸ ਆਇ ਬਾਜ ਔਰ ਦੀਨਿਓਂ। ਕਰੀ ਸ਼ਿਤਾਬ ਦੌਰਿਕੈ ਰਕਾਬ ਪਾਇ ਲੀਨਿਓਂ । ਅਰੋਹਿ ਤਾਤਕਾਲ ਹੀ ਚਲਾਕ ਕੋ ਚਲਾਇਕੈ। ਪ੍ਰਹਾਰ ਬਾਨ ਫੇਰ ਤਾਕਿ ਤਾਕਿ ਸ਼ੱਤ੍ਰ ਘਾਇਕੈ ॥ ੩੦ ॥ ਸਮੂਹ ਸਿੰਘ ਔਰ੍ਹ ਹ੍ਵੈ ਤੁਫੰਗ ਸੰਗ ਭੰਗਿ ਕੈ[3]। ਰਖੇ ਟਿਕਾਇ ਥਾਇ ਹੀ ਵਧੇ ਨ ਸ਼ੱਤ੍ਰ ਜੰਗ ਕੈ। ਨਿਸ਼ਾਨ ਮਾਨ ਸਿੰਘ ਲੈ ਦਯੋ ਸੁ ਗੀਰ ਛੋਰਿ ਕੈ[4]। ਤ੍ਰਪਾਇ ਕੈ ਤੁਰੰਗ ਕੋ ਚਹੰਤਿ ਹੇਲ ਦੌਰਿਕੈ ॥ ੩੧ ॥ ਪੁਕਾਰ ਮਾਰ ਮਾਰ ਕੌ ਪਰੇ ਸੁ ਏਕ ਬਾਰ ਹੀ। ਬਜਾਇ ਜੰਗ ਜੀਤ ਕੋ ਨਿਨਾਦ[5] ਕੈ ਉਚਾਰ ਹੀ। ਕਰੰਤਿ ਰੇਲ ਪੇਲ ਕੋ ਪ੍ਰਵੇਸ਼ ਹੋਇ ਸੂਰਮੇਂ। ਤੁਫੰਗ ਤੀਰ ਮਾਰਿ ਕੈ ਮਿਲਾਇ ਬੀਰ ਧੂਰ ਮੇਂ ॥ ੩੨ ॥ ਕ੍ਰਿਪਾਨ ਖੈਂਚਿ ਮਯਾਨ ਤੇ ਕੜਾਕੜੀ ਮਚਾਇਕੈ। ਬਿਹੰਡ ਰੁੰਡ ਮੁੰਡ ਤੁੰਡ ਪੰਡੁ ਤੇ ਪਲਾਇਕੈ[6]। ਪ੍ਰਚੰਡ ਹੀ ਘਮੰਡ ਪਾਇ ਦੰਡ ਦ੍ਰੁਤ ਧਾਇਕੈ[7]। ਕਟੰਤਿ ਕੰਠ ਕੰਧ ਬਾਹੁਦੰਡ ਕੋ ਰਿਸਾਇਕੈ[8] ॥ ੩੩ ॥ ਬਿਲੋਕਿ ਬੀਰ ਖਾਲਸਾ ਕ੍ਰਿਪਾਨ ਕੋ ਘਮੰਡ ਕੈ। ਪਰੇ ਸੁ ਏਕਬਾਰ ਹੀ ਅਨੇਕਹੂੰ ਬਿਹੰਡਕੈ[9]। ਪ੍ਰਚੰਡ ਓਜ ਕੀਨਿ[10], ਤੁੰਡ ਮੋਰਿ ਕੈ ਰਿਪੂ-ਨਿਓ[11]। ਪਲਾਇ ਕੰਡ, ਦੇਖਿ ਬੀਰ ਧੀਰਜੀ ਕਿਸੂਨਯੋ[12] ॥ ੩੪ ॥ ਨਿਹਾ-

---

[1](ਸਾਹਿਬਜ਼ਾਦੇ ਜੀ ਦੇ) ਘੋੜੇ ਨੂੰ। [2]ਛੋਡਕੇ ( ਘੋੜੇ ਨੂੰ )। [3]ਮਾਰਕੇ। [4]ਝੰਡੇ ਦਾ ਫਰੇਰਾ ਖੋਹਲ ਦਿਤਾ। [5]ਸ਼ਬਦ [ਸੰਸ:, ਨਿਨਾਦ]। [6]ਮੂੰਹ ਪੀਲੇ ਕਰਕੇ ਭੱਜ ਜਾਂਦੇ ਹਨ। [7]ਵੈਰੀਆਂ ਨੂੰ ਭੱਜ ਕੇ (=ਧਾਵਾ ਕਰਕੇ) ਦੰਡ ਦਿਤਾ [ਦ੍ਰੁਤ ਪਦ ਪੰਜਾਬੀ ਵਿਚ ਵੈਰੀ ਦਾ ਬੀ ਵਾਚਕ ਹੈ, ਸੁਖਾ ਸਿੰਘ ਜੀ ਦੇ ਗੁਰ ਬਿਲਾਸ ਵਿਚ ਇਹ ਪਦ ਦੁਸ਼ਮਨ ਅਰਥਾਂ ਵਿਚ ਵਰਤਿਆ ਹੈ]। [8]ਕ੍ਰੋਧ ਨਾਲ ਕੰਠ, ਮੋਢੇ, ਬਾਹਾਂ ਨੂੰ ਕੱਟ ਦਿਤਾ। [9]ਨਾਸ਼ ਕਰ ਦਿਤਾ। [10]ਬਹੁਤਾ ਜ਼ੋਰ ਪਾਇਆ। [11]ਵੈਰੀਆਂ ਦੇ ਮੂੰਹ ਮੋੜ ਦਿਤੇ। [12](ਪਹਾੜੀਏ) ਪਿੱਠ ਦੇਕੇ ਭੱਜ ਉਠੇ, ਸੂਰਮਿਆਂ ਨੂੰ ਤੱਕਕੇ ਧੀਰਜ ਤੋਂ ਸੂਨ ਹੋ ਗਏ [ਕਿ+ਸੂਨਿਓ=ਕਿ ਸੂਨ ਹੋਗਏ ਧੀਰਜ ਤੋਂ। (ਅ) ਕਿਸੂ+ਨਯੋ=ਕਿਸੇ ਨੂੰ ਨਾ ਰਿਹਾ ਧੀਰਜ]।

[ਪਿਛਲੇ ਪੰਨੇ ਦੀ ਬਾਕੀ ਟੂਕ]

ਗਿਆ ਹੈ ਕਿਉਂਕਿ ਅਰਥ ਤੁਕ ਦਾ ਪ੍ਰਸੰਗਕ ਤੇ ਸੁਹਣਾ ਇਹ ਹੈ:—ਸੂਰਮੇਂ ਸਿੰਘ ਇਕੱਠੇ (ਇਕ ਬਾਰ ਹੀ) ਬੰਦੂਕਾਂ ਚਲਾਕੇ (ਦੁਸ਼ਮਨਾਂ ਨੂੰ) ਮਾਰਦੇ ਹਨ, ਕਿਉਂਕਿ ਪਹਿਲੇ ਦੱਸਿਆ ਹੈ ਕਿ ਸਾਹਿਬ ਅਜੀਤ ਸਿੰਘ ਜੀ ਤੀਰ ਚਲਾ ਰਹੇ ਹਨ, ਹੁਣ ਦੱਸਦੇ ਹਨ ਕਿ ਨਾਲ ਦੇ ਸਿੰਘ ਬੰਦੂਕਾਂ ਚਲਾ ਰਹੇ ਹਨ, ਉਸ ਸਮੇਂ ਤੀਰ ਛੇਤੀ ਚਲਦੇ ਸਨ, ਬੰਦੂਕ ਰਤਾ ਵਕਤ ਲੈਂਦੀ ਸੀ।

ਰਤੇ ਨ ਮੋਰਿ ਨੈਨ ਤ੍ਰਾਸ ਕੈ ਬਿਸਾਲ ਤੇ[1]। ਬਚੇ ਰਹੇ ਪਲਾਇ ਜੇ,ਅਰੇ ਸੁ ਮੇਲ ਕਾਲ ਤੇ[2]।ਹੁਤੇ ਸੁ ਦੂਰ ਕੇਸਰੀ ਬਿਲੋਕਿ ਸੂਰ ਭਾਜਿਤੇ[3]।ਲਏ ਸਮੂਹ ਸੂਰਮੇ ਮਿਲੇ[4] ਸੁ ਸਿੰਘ ਗਾਜਤੇ॥ ੩੫॥ ਕੁਦੰਡ ਐਂਚਿ ਐਂਚਿ ਕੈ ਪ੍ਰਹਾਰ ਬਾਨ ਕਾਲ ਕੌ[5]।ਅਰਨੋ ਸੁ ਅੱਗ੍ਰ ਆਇਕੈ ਹਜ਼ਾਰ ਜੋਧ ਨਾਲ ਕੌ[6]। ਜਥਾ ਪ੍ਰਵਾਹ ਜਾਵਤੋ ਗਿਰੀਨ ਤੇ ਸਥੀਤ ਹ੍ਵੈ[7]। ਤਥਾ ਥਿਰੰਤਿ ਖਾਲਸਾ ਚਹੰਤਿ ਚੀਤ ਜੀਤ ਹ੍ਵੈ[8]॥੩੬॥ਰਿਪੁਨਿ ਕ੍ਰਾਟਿ ਸੈਂਕਰੇ ਸਰੀਰ ਘਾਇ ਖਾਇਕੈ।ਮੁਰੇ ਬਹੋਰ ਬੀਰ ਸਿੰਘ[9] ਸ੍ਰੀ ਫਤੇ ਸੁ ਪਾਇਕੈ।ਸਨੇ ਸਨੇ ਹਟੰਤਿ ਘਾਇਲਾਨ[10] ਕੋ ਸੰਭਾਰਕੈ।ਥਿਰੇ ਸਥਾਨ ਆਪਨੇ ਸਮੂਹ ਧੀਰ ਧਾਰਿਕੈ॥੩੭॥ਤੁਫੰਗ ਸੰਗ ਅੰਗ ਬਾਹੁ ਤੋਰਿ ਕੈ ਬਿਸਾਲ ਹੀ।ਕਈ ਹਜ਼ਾਰ ਓਰੜੇ ਅਨੇਕ ਹੇਲ ਘਾਲ ਹੀ।ਖਰੇ ਕਰੇ ਸੁਦੂਰ ਹੀ ਪ੍ਰਹਾਰ ਗੋਰਿਯਾਂਨ ਕੌ[11]।ਸਮੀਪ ਹੋਇ ਪਾਇ ਨਾ[12] ਪ੍ਰਹਾਰਧੇ ਪ੍ਰਹਾਨਿ ਕੌ[13]॥੩੮॥ਮਚਨੋ ਸੁ ਜੁੱਧ ਕ੍ਰੁੱਧ ਕੈ ਤੁਫੰਗ ਸੰਗ ਘਾਇਹੀ। ਮਰੇ ਪਰੇ ਅਨੇਕ ਹੀ ਲਹੁ ਪ੍ਰਵਾਹ ਜਾਇਹੀ।ਸੁ ਭੂਤ ਪ੍ਰੇਤ ਜੋਗਨੀ ਸ਼੍ਰਿਗਾਲ ਮਾਸ ਖਾਵਤੇ। ਪੁਕਾਰ ਕਾਂਕ ਕੰਕਰੀ ਕਰਾਲ ਹੀ ਸੁਨਾਵਤੇ ॥ ੩੯ ॥ ਤੁਰੰਗ ਅੰਗ ਭੰਗਤੇ ਕਿਤੇਕ ਛੂਛ ਡੋਲਿਤੇ।ਕਟੇ ਸਰੀਰ ਹਾਥ ਪਾਇ ਕੋਇ ਦੀਨ ਬੋਲਤੇ। ਬਿਹਾਲ ਹੈ ਬਿਸਾਲ ਹੀ ਕਰਾਲ ਬੀਰ ਖੇਤ ਕੇ। ਕਰਾਹਤੇ ਪੁਕਾਰਤੇ ਮਰੰਤਿ ਸ੍ਵਾਮਿ ਹੇਤੁ ਕੇ[14] ॥੪੦॥ ਲਰੰਤਿ ਏਵ ਰੀਤ ਸੌਂ[15]ਪ੍ਰਕਾਸ਼ ਮੰਦ ਹੋਇਓ। ਪ੍ਰਗੋਪ[16] ਮਾਰਤੰਡ ਭਾ, ਭੁਯਾਨ ਸੰਝ ਸੋਇਓ[17]। ਫਿਰੰਤਿ ਰੁੱਦ੍ਰ ਰੁੱਦ੍ਰ ਬੇਖ[18] ਸੰਗ ਲੇ ਗਣਾਨਿ ਕੋ।ਟਿਕੇ ਸਮੂਹ ਸੂਰਮੇ ਸਥਾਨ ਮੋਰਚਾ-ਨ ਕੋ ॥ ੪੧॥ ਫਿਰੇ ਸੁ ਆਪ ਆਪ ਕੇ ਸੰਭਾਲ ਘਾਇਲਾਨ ਕੋ। ਬਿਲੋਕਿ ਭੀਮਰੰਦ ਬ੍ਰਿੰਦ ਬੀਰ ਮ੍ਰਿਤਕਾਨ ਕੌ[19]।ਸਚਿੰਤ ਸ਼ੋਕ ਧਾਰਤੇ ਕਹੈ ਨ ਕਾਂਹੁ ਪਾਸ ਹੀ।-ਲਰੈਂ ਜੁ ਏਵ ਨੀਤ ਹੀ ਨ ਜੀਤ ਹੋਤਿ ਆਸ ਹੀ-॥੪੨॥ ਕਰੈ

[1]ਬਹੁਤੇ ਡਰ ਕਰਕੇ। [2]ਮੌਤ ਵਿਚ ਮਿਲਾ ਦਿਤੇ। [3]ਸੂਰਮੇਂ ਭਜਦੇ ਵੇਖਕੇ। [4]ਆ ਮਿਲਿਆ ਗਜਦੇ ਸਿੰਘਾਂ ਨੂੰ। [5]ਭਾਵ ਮਾਰੂ ਤੀਰ ਮਾਰਦਾ ਹੈ। [6]ਜੋਧੇ ਨਾਲ ਲੈਕੇ। [7]ਜਿਵੇਂ ਵਗਦਾ ਰੋ ਪਹਾੜ ਕਰਕੇ ਰੁਕ ਜਾਵੇ; [8]ਤਿਵੇਂ ਚਿੱਤ ਵਿਚ ਖਾਲਸਾ ਜੀਤ ਨੂੰ ਚਾਹੁੰਦਾ ਹੋਯਾ ਰੁਕ ਗਿਆ। [9]ਸੂਰਮੇ ਸਿੰਘ। [10]ਜ਼ਖਮੀਆਂ। [11]ਗੋਲੀਆਂ ਚਲਾਕੇ। [12](ਵੈਰੀ) ਨੇੜੇ ਨਹੀਂ ਢੁਕ ਸਕਦੇ। [13]ਮਾਰਨ ਵਾਲਿਆਂ ਨੂੰ ਮਾਰਦੇ ਹਨ ( ਸਿੰਘ )। ਪਰ ਜਾਪਦਾ ਹੈ ਕਿ ਸ਼ੁੱਧ ਪਾਠ ਸੀ 'ਪਹਾਰੀਏ ਪ੍ਰਹਾਨ ਕੋ'=ਪਹਾੜੀਏ ਮਾਰਨ ਲਈ ਨੇੜੇ ਹੋਣਾ ਨਹੀਂ ਪਾਉਂਦੇ। [14]ਸੁਆਮੀ ਵਾਸਤੇ। [15]ਇਉਂ ਲੜਦਿਆਂ। [16]ਛੁਪ ਗਿਆ। [17]ਭਿਆਨਕ ਸੰਝ ਹੋ ਆਈ। [18]ਸ਼ਿਵ ਭਿਆਨਕ ਰੂਪ ਵਿਚ ਫਿਰਦਾ ਹੈ। [19]ਮਾਰਿਆਂ ਗਿਆਂ ਨੂੰ।

ਇਕੱਤ੍ਰ ਆਨਿਕੈ ਅੰਬਾਰ ਦੀਹ ਲਾਗਿਓ। ਮੰਗਾਇ ਕਾਸ਼ਟਾਨ ਤਾਤਕਾਲ ਦੀਨ ਦਾਗਿਓ। ਬਿਸ਼ਾਲ ਸ਼ੋਕ ਧਾਰਿ ਕੈ ਸਚਿੰਤ ਰਾਤ ਹੋਇ ਕੈ। ਕਛੂਕ ਖਾਨ ਪਾਨ ਕੈ ਰਹ੍ਯੋ ਪ੍ਰਯੰਕ ਸੋਇ ਕੈ ॥ ੪੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ ਪ੍ਰਸੰਗ' ਬਰਨਨੰ ਨਾਮ ਅਸ਼ਟ ਦਸ਼ਮੋ ਅੰਸੂ ॥ ੧੮।

## ੧੯. [ਜੰਗ-ਜਾਰੀ]।

ਦੋਹਰਾ ॥ ਸ੍ਰੀ ਅਜੀਤਸਿੰਘ ਜੀਤ ਲੇ ਘਾਯਲ ਸਕਲ ਸੰਭਾਲਿ।ਪਿਤਸਮੀਪ ਆਵਤਿ ਭਏ ਭਨ੍ਯੋਂ ਜੰਗ ਅਹਿਵਾਲ ॥੧॥ ਚੌਪਈ ॥ ਉਦੇ ਸਿੰਘ ਆਲਮ ਸਿੰਘ ਦੋਊ। ਕਛਕ ਘਾਇ ਖੈ ਕੇ ਤਨ ਸੋਊ[1]। ਅਪਰ ਸਿੰਘ ਕੇਤਿਕ ਮਰਿ ਗਏ। ਸੁਰਪੁਰਿ ਬਸੇ ਭੋਗ ਸੁਖ ਲਏ ॥੨॥ ਪਹੁੰਚੇ ਗੁਰ ਸੁਤ ਸੰਗ ਹਜ਼ੂਰ। ਸ਼ੋਨਤ ਲਿਪਤ ਭਯੇ ਪਟ ਸੂਰ[2]। ਆਲਮ ਸਿੰਘ ਭਨ੍ਯੋਂ ਅਹਿਵਾਲਾ।'ਪ੍ਰਭੁ ਜੀ ! ਸੰਘਰ ਭਯੋ ਬਿਸਾਲਾ ॥੩॥ ਸ੍ਰੀ ਅਜੀਤ ਸਿੰਘ ਕਰ੍ਯੋ ਘਮੰਡ[3]। ਬਾਨ ਪ੍ਰਚੰਡ ਸੁ ਛੂਰਨ ਛੰਡਿ[4]। ਬਿਚਰਤਿ ਸ਼ੱਤ੍ਰੁਨਿ ਮਹਿ ਧਰਿ ਧੀਰਜ। ਹਤੇ ਬਹੁਤ ਕਰਿ ਕਰਿ ਨਿਜ ਬੀਰਜ[5] ॥ ੪ ॥ ਲੱਗੀ ਤੁਫੰਗ ਤੁਰੰਗਮ ਗਿਰ੍ਯੋ। ਉਤਰ੍ਯੋ ਹੁਇ ਸੁਚੇਤ ਤਰ ਖਰ੍ਯੋ। ਪਹੁੰਚਿ ਦਾਸ ਨੇ ਦੂਸਰ ਦੀਨਿ। ਭੁਇ ਅਰੋਹਨ ਜੁੱਧ ਪ੍ਰਬੀਨ ॥੫॥ ਤੁਮ ਪ੍ਰਤਾਪ ਬਲ ਤੇ ਬਹੁ ਸਿੰਘ। ਘਨੇ ਮਾਰਿ ਮ੍ਰਿਗ ਰਿਪੁ ਬਨ ਸਿੰਘ। ਘਾਇਲ ਆਜ ਭਯੇ ਬਹੁਤੇਰੇ। ਖੜਗ ਪ੍ਰਹਾਰ ਪ੍ਰਹਾਰ[6] ਘਨੇਰੇ ॥ ੬ ॥ ਐਸੀ ਕਟਾ ਭਈ ਅਜ ਹੇਰਤਿ। ਜਿਮ ਖਾਤੀ ਬਡ ਬਨ ਕੋ ਗੇਰਤਿ।ਸੁਮਤਿ ਸਿੰਘ ਘਾਇਲ ਗਨ ਲਖੀਅਹਿ। ਕ੍ਰਿਪਾ ਦ੍ਰਿਸ਼ਟਿ ਇਨ ਕੀ ਦਿਸ਼ ਪਿਖੀਅਹਿ ॥ ੭ ॥ ਸਾਲਪੱਤ੍ਰ ਸਭਿ ਕੋ ਬਖਸ਼ੀਜੈ। ਪੀਰ ਸਰੀਰ ਦੂਰ ਕਰਿ ਦੀਜੈ। ਹੋਤਿ ਪ੍ਰਾਤਿ ਲਗਿ ਮੇਲਉ ਘਾਊ[7]। ਉਠਹਿ ਲਰਹਿ ਕਰਿ ਕਰਿ ਚਿਤ ਚਾਊ ॥ ੮ ॥ ਗਾਵਰਿ ਬਲ ਅਲੰਬ ਕੋ ਪਾਈ। ਗਿਰਨਰ ਦਿਨਪ੍ਰਤਿ ਦੇਹਿ ਖਪਾਈ'। ਸੁਨਿ ਸਤਿਗੁਰ ਸਭਿ ਦੇਖਨਿ ਕਰੇ। ਉਦੇ ਸਿੰਘ ਦਿਸ਼ਿ ਸਨਮੁਖ ਖਰੇ ॥੯॥ ਸਾਲਪੱਤ੍ਰ ਲੇ ਸਭਿ ਤਨ ਲਾਇਵ। ਘਾਇਨ ਤੇ ਗੁਲਕਾਂ ਨਿਕਸਾਇਵ। ਕ੍ਰਿਪਾ ਦ੍ਰਿਸ਼ਟਿ ਤੇ ਪੀਰ ਨ ਹੋਈ। ਮਿਲੇ ਘਾਵ ਸੁਖ ਲਹਿ ਸਭਿ ਕੋਈ ॥੧੦॥ ਬਰਤੀ ਦੇਗ਼ ਤਿਹਾਵਲ ਘਨੋ।

---

[1] ਤਿਨ੍ਹਾਂ ਦੇ ਸਰੀਰਾਂ ਨੂੰ ਕੁਝ ਜ਼ਖਮ ਲਗੇ। [2] ਸੂਰਮਿਆਂ ਦੇ। [3] ਭਾਵ ਘਮਸਾਨ ਵਾਲਾ ਜੰਗ। [4] ਛੋਟੀ ਛੋਟੀ ਚਲਾਕੇ। [5] ਆਪਣਾ ਬਲ ਲਾ ਲਾ ਕੇ। [6] ਤਲਵਾਰ ਦੇ ਵਾਰ ਮਾਰ ਮਾਰਕੇ। [7] ਜ਼ਖਮ ਮੇਲ ਦਿਓ।

ਖਾਇ ਅਸਨ ਬਹੁ ਸ੍ਵਾਦਨ ਸਨੌਲੇ ਗੁਰ ਖੁਸ਼ੀ ਸਕਲ ਪਰਿ ਸੋਏ।ਜਿਤਿਕ ਮੋਰਚੇ ਮਹਿਂ ਥਿਰ ਹੋਏ ॥ ੧੧ ॥ ਸਾਵਧਾਨ ਹ੍ਵੈ ਜਾਗਤਿ ਰਹੇ। ਛੁਟਤਿ ਤੁਫੰਗ ਦੁਹਨ ਦਿਸ਼ਿ ਲਹੇ। ਹੋਤਿ ਪ੍ਰਾਤਿ ਪੁਨ ਬਜੇ ਨਗਾਰੇ। ਫੌਲਨਿ ਪਰ ਡੰਕੇ ਗਨ ਮਾਰੇ ॥ ੧੨ ॥ ਨੌਬਤ ਬਜਤਿ ਅਨੰਦਪੁਰ ਭ੍ਰਾਵਤਿ[1]। ਸੂਰਨ ਕੈ ਉਤਸਾਹ ਬਧਾਵਤਿ। ਭਰਿ ਭਰਿ ਫੂਕਨ ਸਿਖ ਬਜਾਇ। ਦੁਹੁੰਦਿਸ਼ਿ ਆਪਨ ਬਿਖੈ ਸੁਨਾਏ ॥ ੧੩ ॥ ਡਫ ਸ਼ਹਿਨਾਇਂ[2] ਬਜੈ ਕਰਨਾਈ[3]। ਡੰਕ ਘਰਾਵਲ ਪਰ[4] ਠਨਕਾਈ। ਆਸਾਵਾਰ ਰਬਾਬੀ ਗਾਵੈਂ। ਰਾਗ ਰਾਗਨੀ ਤਾਨ ਬਸਾਵੈਂ ॥ ੧੪ ॥ ਹਿੰਦੂ ਧਰਮ ਕੋ ਗੁਰੂ ਅਲੰਬ। ਦ੍ਵਾਰੇ[5] ਮੰਗਲ ਹੋਤਿ ਕਦੰਬ। ਪਰੇ ਭੋਗ ਗੁਰ ਫਤੇ ਬੁਲਾਵੈਂ। ਸੌਚ ਸ਼ਨਾਨਹਿ ਧਯਾਨ ਲਗਾਵੈਂ ॥ ੧੫ ॥ ਸੱਤਿਨਾਮ ਕੋ ਸਿਮਰਨ ਕਰੈਂ। ਬ੍ਰਿੰਦ ਖਾਲਸਾ ਗੁਰਮਤਿ ਧਰੈ। ਆਦਿ ਸੁਖਮਨੀ ਪਠਿ ਪਠਿ ਬਾਨੀ। ਧੁਨਿ ਊਚੀ ਤੇ ਕਰਹਿ ਬਖਾਨੀ ॥ ੧੬ ॥ ਕਰਿ ਕੰਘਾ ਗਹਿ ਕੇਸ ਸਵਾਰੈਂ। ਚੁਨਿ ਚੁਨਿ ਪਾਗ ਸੀਸ ਪਰ ਧਾਰੈਂ। ਸੁਧੀ ਸ਼ਮਸ ਕਰਤਿ ਮੁਛ ਬੰਕੀ।ਰਹਤਿ ਸਹਿਤ ਹੈਂ ਮਹਤ ਨਿਸ਼ੰਕੀ[6]॥੧੭॥ ਰਣ ਪ੍ਰਿਯ ਆਯੁਧ ਰਾਖਹਿ ਪਾਸ। ਸਿਮਰਹਿ ਸੱਤਿਨਾਮ ਬਿੱਸ੍ਵਾਸ। ਨਿਸਾ ਮੋਰਚਨਿ ਜਿਨਹੁੰ ਬਿਤਾਈ। ਤਿਨ ਢਿਗ ਜਾਇ ਸੁ ਦੇਹਿ ਉਠਾਈ[7]। ॥ ੧੮ ॥ ਥਿਰੇ ਆਪ ਹ੍ਵੈ ਕੈ ਸਵਧਾਨਾ। ਸੋ ਉਠਿ ਕਰਿ ਹੈਂ ਸੌਚ ਸ਼ਨਾਨਾ। ਸਤਿਗੁਰ ਕੋ ਪੁਨਿ ਦਰਸਹਿ ਜਾਈ। ਕਰਹਿਂ ਸੁਨਾਵਨ ਬਾਤ ਲਰਾਈ ॥ ੧੯ ॥ ਕਿਸੂ ਦੇਸ਼ ਤੇ ਸੁਨਿ ਸੁਨਿ ਆਵੈਂ। ਮਿਲੈਂ ਸਿੰਘ ਇਕ ਥਲ ਹੁਇ ਜਾਵੈਂ। ਲੇ ਸਿੱਕਾ ਬਾਰੂਦ ਬਡੇਰੀ। ਖਾਨ ਹੇਤੁ ਲੇ ਰਸਤ ਘਨੇਰੀ ॥ ੨੦ ॥ ਕਰਹਿਂ ਤਯਾਰ ਸੁਧ ਦੇਂ ਪਹੁੰਚਾਈ[8]। ਨਿਕਸਿ ਖਾਲਸਾ ਪੁਰਿ ਸਮੁਦਾਈ[9]। ਤਿਨ ਆਗਾ ਲੇ ਕਰਿ ਬਹੁ ਲਰੈਂ[10]। ਮਾਰਨ ਕਰਹਿ ਅੱਗ੍ਰ ਜੋ ਅਰੈਂ ॥੨੧॥ ਭੀਮਚੰਦ ਨ੍ਰਿਪ ਬ੍ਰਿੰਦ ਉਪਾਇ।ਰਹੇ ਬਿਚਾਰਤਿ ਬਸ ਨ ਬਸਾਇ।ਚਹੁੰਦਿਸ਼ਿ

---

[1]ਸੁਹਣੀ ਲਗਦੀ ਹੈ। [2]ਤੁਰਰੀ। [3]ਤੂਤੀਆਂ। [4]ਡੰਕੇ ਘੜਿਆਲਾਂ ਪਰ। [5]( ਗੁਰੂ ) ਦੁਆਰੇ। [6]ਰਹਤਵਾਨ ਤੇ ਬੇਡਰ ਹਨ। [7]ਭਾਵ ਪਹਿਰਾ ਬਦਲਦਾ ਹੈ, ਜੋ ਰਾਤੀਂ ਮੋਰਚਿਆਂ ਵਿਚ ਜਾਗੇ ਉਹਨਾਂ ਦੀ ਥਾਂ ਨਵੇਂ ਜਾਂਦੇ ਹਨ, ਤੇ ਓਥੇ ਸਾਵਧਾਨ ਹੋਕੇ ਟਿਕਦੇ ਹਨ। ਰਾਤ ਵਾਲੇ ਆਰਾਮ ਲਈ ਛੇਰੇ ਆਂਵਦੇ ਹਨ ਤੇ। [8](ਬਾਹਰੋਂ ਆਏ ਸਿੰਘ) ਅੰਦਰ ਖਬਰ ਪਹੁੰਚਵਾ ਦੇਂਦੇ ਹਨ ( ਕਿ ਅਸੀਂ ਸਾਮਾਨ ਲੈਕੇ ਆਏ ਹਾਂ )। [9]( ਇਧਰ ) ਅਨੰਦਪੁਰ ਤੋਂ ਬਹੁਤ ਖਾਲਸਾ ਨਿਕਲਕੇ। [10]ਉਹਨਾਂ ਦੀ ਸੇਧ ਬੰਨ੍ਹਕੇ ਬਹੁਤ ਲੜਦੇ (ਅੱਗੇ ਵਧਦੇ ਹਨ)।

Sri Satguru Jagjit Singh Ji eLlibrary NamdhariElibrary@gmail.com

ਕਰਹਿ ਅਧਿਕ ਤਕਰਾਈ। [1]ਰਹਹੁ ਸੁਚੇਤ ਪ੍ਰਵੇਸ਼ ਨ ਜਾਈ[2] ॥ ੨੨ ॥
ਦੁਇ ਸੈ ਕਬਹੂੰ ਤੀਨ ਸੈ ਚਢੈਂ। ਦੇਹੁ ਤਿਲਾਵਾ ਦ੍ਰਿਢਤਾ ਬਧੈਂ[3]। ਜਬਹਿ
ਸੁਮਤਿ ਹੁਇ ਸ਼ੱਤ੍ਰ ਸਿਧਾਵੈਂ। ਤਬਹਿ ਖਾਲਸਾ ਅੰਤਰ ਆਵੈ[4] ॥੨੩॥ ਥਕੇ
ਲਾਇ ਬਲ ਬੁਧਿ ਕੋ ਰਾਜੇ। ਨਹੀਂ ਬਿਗਾਰ ਸਕਹਿ ਗੁਰ ਕਾਜੇ। ਚਲੈਂ
ਤੁਫੰਗ ਮੋਰਚਨਿ ਮਾਂਹੀ। ਆਗੇ ਬਧਨ ਦਏਂ ਰਿਪੁ ਨਾਂਹੀ ॥੨੪॥ ਪ੍ਰਥਮ
ਥਿਰੇ ਜਹਿਂ ਥਾਨ ਪਹਾਰੀ। ਤਹਿਂ ਹੀ ਰਹੇ ਮੋਰਚਨਿ ਧਾਰੀ। ਸੀਸ ਉਕਾ-
ਸਹਿ ਊਪਰ ਜੋਇ। ਗੁਲਕਾ ਤੇ ਫੋਰਤਿ ਹੈਂ ਸੋਇ ॥ ੨੫ ॥ ਧਾਂਤੇ ਰਹੇ
ਦਬਕ ਤਰ ਨੀਚੇ[5]। ਖਨਹਿਂ ਮੋਰਚਾ ਅਵਨੀ ਬੀਚੇ। ਖਾਨਪਾਨ ਤੇ ਸੰਕਟ
ਪਾਵੈਂ। ਨਹਿਂ ਉਕਸਹਿ ਆਵਹਿਂ ਨਹਿਂ ਜਾਵੈਂ ॥ ੨੬ ॥ ਸਗਰੇ ਬਾਸੁਰ
ਦੁਖ ਕੋ ਭਰੈਂ। ਇਤਹਿ ਸਿੰਘ ਸਭਿ ਸੁਖ ਸਨ ਫਿਰੈਂ। ਪੁਰਿ ਤੇ ਦੂਰ ਦੂਰ
ਰਿਪੁ ਰਾਖਹਿਂ।ਲਰੈਂ ਜਾਇ ਜਬਿਹੁਇ ਅਭਿਲਾਖਹਿਂ॥੨੭॥ਹੋਤਿ ਮੋਰਚਨਿ
ਬਿਖੈ ਲਰਾਈ। ਕਬਿ ਕਬਿ ਭੇੜ ਪਰਹਿ ਸਮੁਦਾਈ। ਇਕ ਦਿਨ ਪਰੀ
ਰਾਤਿ ਅੰਧਯਾਰੀ। ਨਹਿਂ ਸੂਝਤਿ ਹੈ ਭੁਜਾ ਪਸਾਰੀ[6] ॥ ੨੮ ॥ ਮਿਲੇ ਸਿੰਘ
ਆਪਸ ਮਹਿ ਤਬਿਹੂੰ।ਮਸਲਤਕਰਤਿ ਭਏ ਇਮ ਸਭਿਹੂੰ।'ਆਜ ਮੋਰਚਨਿ
ਕਹੀਅਹਿ ਧਾਈ। ਕਟਾ ਕਰਹੁ ਸ਼ੱਤ੍ਰ ਸਮੁਦਾਈ॥੨੯॥ਨਹੀਂ ਤੁਫੰਗ ਹਾਥ
ਮੈਂ ਲੀਜੈ। ਛੋਟੇ ਸ਼ਸਤ੍ਰਨਿ[7] ਸੰਗ ਲਰੀਜੈ। ਖੜਗ, ਸਿਪਰ ਗਹਿ, ਨੇਜ਼ੇ,
ਭਾਲੇ। ਸ਼ਕਤੀ, ਸਾਂਗ, ਕਟਾਰ ਕਰਾਲੇ ॥ ੩੦॥ ਪਰਹੁ ਅਚਾਨਕ ਕਰਹੁ
ਘਮੰਡ[8]।ਖੰਡਖੰਡ ਕਰਿ ਲਰਹੁ ਪ੍ਰਚੰਡ'। ਦਯਾ ਸਿੰਘ ਜੀ ਕਹਨੋ ਸੁਨਾਇ।
'ਗੁਰ ਕੀ ਆਇਸੁ ਭਈ ਨ ਕਾਇ ॥੩੧॥ ਬਿਨਾ ਕਹੇ ਤੇ ਰਨ ਘਮਸਾਨ।
ਮਿਲਿ ਕਰਿ ਕਿਮ ਚਾਹਹੁ ਬਲਵਾਨ!' ।ਆਲਮਸਿੰਘ ਭਨਯੋਂ ਸਭਿ ਸੰਗ।
'ਪ੍ਰਭੁ ਕੋ ਆਸ਼ੈ ਕਰਿਬੇ ਜੰਗ ॥ ੩੨ ॥ ਕਤਲ ਮੋਰਚਾ ਕਰੀਅਹਿ ਧਾਇ।
ਭੀਮਚੰਦ ਮੂਰਖ ਪਛੁਤਾਇ। ਆਨ ਪਰਹਿ ਗਰ ਸ਼ੱਤ੍ਰ ਬਿਸਾਲਾ[9]। ਕਿਮ
ਬੂਝਨਿ ਗੁਰ ਹੁਇ ਤਿਸਕਾਲਾ॥੩੩॥ਸੁਖ ਪੂਰਬਕ ਪਰ ਹੁਇਂ ਪ੍ਰਭੁ ਥਿਰੇ।

[1]ਭੀਮਚੰਦ ਹੁਕਮ ਦੇਂਦਾ ਹੈ ਕਿ। [2]( ਹੋਰ ਬਾਹਰੋਂ ਆਏ ਸਿੱਖ ਰਸਤ ਲੇਕੇ ਅਨੰਦਪੁਰ ) ਵਿਚ ਨਾਂ ਜਾ ਵੜਨ। [3]ਫਿਰਕੇ ਪਹਿਰਾ ਦਿਓ ਜੋ ਮਜ਼ਬੂਤੀ ਵਧੇ [ਅ:, ਤਲਾਯਾ=ਉਹ ਫੌਜ ਜੋ ਸ਼ਹਿਰ ਯਾ ਲਸ਼ਕਰ ਦੇ ਗਿਰਦ ਫਿਰਕੇ ਪਹਿਰਾ ਦੇਵੇ]। [4](ਅਨੰਦ ਪੁਰ) ਆਂਵਦਾ ਹੈ। [5]ਹੇਠਾਂ ਹੀ ਹੇਠਾਂ। [6]ਹੱਥ ਪਸਾਰਿਆਂ ਦਿੱਸਦਾ ਨਹੀਂ। [7]ਹਥ ਨਾਲ ਲੜਾਈ ਕਰਨ ਵਾਲੇ ਸ਼ਸਤ੍ਰ ਜੋ ਅੱਗੇ ਗਿਣਦੇ ਹਨ। ਦੇਖੋ ਰਾਸ ੭ ਅੰਸੂ ੪੮ ਦੇ ਅੰਕ ੬ ਦੇ 'ਵੰਟਨ' ਪਦ ਪੰਨਾ ੩੨੪੭ ਤੇ ਅੰਕ ੭ ਦਾ ਪ੍ਰਯਾਯ। [8]ਘਮਸਾਨ। [9]ਜੋ ਸ਼ੱਤ੍ਰ ਬਹੁਤਾ ਗਲ ਆ ਪਵੇ।

ਅਬਿ ਤਿਨ ਕੋ ਨ ਬੁਝਿਬੋ ਕਰੈਂ। ਦਯਾਸਿੰਘ ਗੁਰ ਕੇ ਸਿਖ ਭਾਰੇ। ਇਨ ਤੇ ਆਗਯਾ ਲੇਹੁ ਸੁਖਾਰੇ' ॥ ੩੪ ॥ ਮੁਹਕਮ ਸਿੰਘ ਬੀਰ ਤਬਿ ਕਹ੍ਯੋ। 'ਇਹ ਆਸ਼ੈ ਨੀਕੋ ਮਨ ਲਹ੍ਯੋ। ਦਯਾ ਸਿੰਘ ਜੀ! ਹੁਕਮ ਉਚਾਰੋ। ਹਤਹਿ ਖਾਲਸਾ ਰਿਪੁਨ ਸੁਖਾਰੋ' ॥ ੩੫ ॥ ਉਦੇ ਸਿੰਘ ਤਬਿ ਬਾਕ ਬਖਾਨਾ। 'ਕਰਹੁ ਕਾਜ ਗੁਰ ਕੋ ਸਵਧਾਨਾ। ਕਯੋਂ ਨ ਦਯਾ ਸਿੰਘ ਜੀ! ਕਹਿ ਐਸੇ। ਜਿਸ ਤੇ ਫਤੇ ਖਾਲਸਾ ਲੈਸੇ'॥੩੬॥ਮਾਨ ਸਿੰਘ ਹੁਯਹੁ ਤਬਿ ਖਰੇ। ਖੜਗ ਸਿਪਰ ਕਰ ਨੇਜਾ ਧਰੇ। ਸੇਵਾ ਸਿੰਘ ਮਝੈਲ ਨਿਸੰਗ। ਭਯੋ ਤ੍ਯਾਰ ਕਰਿਬੇ ਕਹੁ ਜੰਗ ॥ ੩੭ ॥ ਆਗੇ ਖਰੇ ਹੋਇ ਸਭਿ ਰਹੇ। ਦਯਾ ਸਿੰਘ ਨਿਜ ਮੁਖ ਬਚ ਕਹੇ। 'ਜੋ ਸਭਿ ਕੀ ਅਭਿਲਾਖਾ ਐਸੇ। ਹਤਹੁ ਪਹਾਰੀ ਭਟ ਗਨ ਤੈਸੇ ॥ ੩੮ ॥ ਮੈਂ ਭੀ ਗਮਨਹੁੰ ਸੰਗ ਤੁਮਾਰੇ'। ਆਲਮ ਸਿੰਘ ਤਬਹਿ ਹਟਕਾਰੇ। 'ਇਹਾਂ ਥਿਰਹੁ ਹਮ ਹੀ ਚਲਿ ਜੈਹੈਂ। ਤੁਮਰੇ ਬਾਕ ਫਤੇ ਰਣ ਲੈਹੈਂ' ॥ ੩੯ ॥ ਇਮ ਕਹਿ ਸੁਨਿ ਕਰਿ ਹੁਯਸਿ ਤ੍ਯਾਰੇ। ਖੜਗ ਸਿਪਰ ਗਹਿ ਆਯੁਧ ਭਾਰੇ। ਗੁਰੂ ਮਨਾਇ ਬੀਰ ਬਰ ਬਾਂਕੇ। ਚਲੇ ਬ੍ਰਿੰਦ ਸ਼ੱਤ੍ਰੁਨਿ ਦਿਸ਼ਿ ਤਾਕੇ ॥੪੦॥ ਜਿਤ ਦਿਸ਼ਿ ਭੀਮਚੰਦ ਭਟ ਬ੍ਰਿੰਦ। ਕਰੇ ਮੋਰਚਾ ਥਿਰੇ ਬਿਲੰਦ। ਦਿਨ ਮਹਿਂ ਘਾਤ ਦੇਖਿ ਕਰਿ ਗਏ। ਨਿਸਾ ਤਿਮਰ ਮਹਿਂ ਪ੍ਰਾਪਤਿ ਭਏ ॥ ੪੧ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਏਕ ਊਨਬਿੰਸਤੀ ਅੰਸੂ ॥ ੧੯ ॥

੨੦. [ਭਾਈ ਦਯਾ ਸਿੰਘ ਜੀ ਦੀ ਆਗਿਆ ਨਾਲ ਰਾਤੀਂ ਮੋਰਚਾ ਮਾਰਨਾ]।

ਦੋਹਰਾ ॥ ਭੀਮਚੰਦ ਕੋ ਮੋਰਚਾ ਸੁਭਟ ਬ੍ਰਿੰਦ ਜਿਸ ਮਾਂਹਿ। ਤਿਤ ਦਿਸ਼ਿ ਗਮਨ੍ਯੋ ਖਾਲਸਾ ਹਿਤ ਮਾਰਨ ਉਤਸਾਹਿ॥੧॥ ਰਸਾਵਲ ਛੰਦ॥ ਗਏ ਸਿੰਘ ਬੀਰੰ। ਧਰੇ ਚਾਂਪ ਤੀਰੰ। ਕਰਾਚੋਲ ਵਾਲੇ। ਕਿਨੂੰ ਲੇ ਸੰਭਾਲੇ॥੨॥ ਸੁ ਨੇਜਾ ਉਭਾਰੇ। ਛੁਰੇ ਪੈ ਕਟਾਰੇ। ਸਰੋਹੀ ਨਿਕਾਸੇ। ਦੁਧਾਰੇ ਪ੍ਰਕਾਸ਼ੇ ॥ ੩ ॥ ਮਹਾਂ ਸਾਵਧਾਨਾ। ਸਮੈਂ ਏਕ ਜ੍ਵਾਨਾ[1]। ਬਲੀ ਬੀਰ ਬੰਕੇ। ਮੁਛੈਲੇ ਨਿਸ਼ੰਕੇ ॥ ੪ ॥ ਚਲਾਏ ਜੁਝਾਰੇ। ਇਕੈ ਮੇਲ ਵਾਰੇ[2]। ਕਰੈਂ ਖਾਨ ਪਾਨਾ। ਇਕੈ ਥਾਨ ਦਾਨਾ[3] ॥ ੫ ॥ ਹਟੈ ਕੌਨ ਪਾਛੈ। ਲਰੈਂ ਅੱਗ੍ਰ ਬਾਂਛੇ। ਸਿਮੁਹੈ ਪਹਾਰੀ[4]। ਤਫੰਗੈਂ ਪ੍ਰਹਾਰੀ ॥੬॥ ਕਛੂ ਨਾਦ ਸ਼੍ਰੋਤੰ[5]। ਲਖ੍ਯੋ ਘਾਤ ਹੋਤੰ। ਕਹ੍ਯੋ ਆਪ ਮਾਂਹੀ। 'ਇਤੈ ਕੌਨ ਆਹੀ ? ॥੭॥ ਬਨੋ ਰੇ ਸੁਚੇਤੰ। ਤਜੋ ਨੀਂਦ ਹੇਤੰ[6]।

[1]ਇਕੋ ਜੇਹੇ ਜਵਾਨ। [2]ਇੱਕੋ ਮੇਲ ਵਾਲੇ ਭਾਵ ਮਿੱਤ੍ਰ। [3]ਇੱਕੋ ਥਾਨ ਖਾਣ ਪੀਣ ਵਾਲੇ। [4]ਬਹੁਤੇ ਪਹਾੜੀਆਂ ਨੂੰ। [5]ਕੁਛਕ ਆਵਾਜ਼ ਸੁਣੀ। [6]ਨੀਂਦ ਦਾ ਪਿਆਰ ਛੱਡੋ।

ਸੁਨੈਂ ਜਾਨਿ ਲੀਨੇ । ਸਵਾਧਾਨ ਕੀਨੇ ॥ ੮ ॥ ਤਬੈ ਸਿੰਘ ਗਾਜੇ । 'ਕਹਾਂ ਜਾਹਿੰ ਭਾਜੇ । ਅਬੈ ਹੋਹੁ ਠਾਂਢੇ । ਲਖੈਂ ਖੱਗ ਬਾਢੇ[੧] ॥੯॥ ਕਿਧੌਂ ਤ੍ਰਾਸ ਧਾਰੋ । ਪਲੀਜੈ ਪਧਾਰੋ[੨] । ਨ ਆਵੈ ਲਰਾਈ[੩] । ਚਲੇ ਜਾਹੁ ਧਾਈ' ॥੧੦ ॥ਚਾਚਰੀ ਛੰਦ॥ ਕਹੰਤੇ । ਸੁਨੰਤੇ । ਲਰਾਈ । ਮਚਾਈ ॥੧੧॥ ਪ੍ਰਚਾਰੈਂ[੪] । ਪ੍ਰਹਾਰੈਂ । ਕ੍ਰਿਪਾਨੈ । ਮਹਾਨੈ ॥੧੨॥ ਨਿਕਾਸੀ । ਪ੍ਰਕਾਸ਼ੀ । ਉਭਾਰੀ । ਪ੍ਰਹਾਰੀ ॥੧੩॥ [੫]ਨਿਸੰਗੀ । ਭੁਜੰਗੀ । ਰਿਸਾਵੈਂ । ਚਲਾਵੈਂ[੫] ॥ ੧੪ ॥ [੬]ਸਰੰਗੀ । ਸੁ ਰੰਗੀ । ਚਮੱਕੈਂ । ਖਿਮੱਕੈਂ[੬] ॥੧੫॥ [੭]ਲਪੱਕੈਂ । ਦਬੱਕੈਂ । ਅਤੰਕੈਂ । ਸ਼ਸ਼ੰਕੈਂ[੭] ॥੧੬॥ [੮]ਜੁਸ਼ੈਲੇ । ਜਠੋਲੇ । ਪ੍ਰਪੇਲੇ । ਧਕੇਲੇ[੮] ॥੧੭॥ ਜੁਝਾਰੈਂ । ਨ ਹਾਰੈਂ । ਬਿਦਾਰੇ । ਕਰਾਰੇ ॥੧੮॥ ਅੰਧੇਰਾ । ਘਨੇਰਾ । [੯]ਨ ਹੇਰੇ । ਨਿਬੇਰੇ[੯] ॥੧੯॥ ਜੁਟੇ ਹੈਂ । ਕਟੇ ਹੈਂ । [੧੦]ਲਟੇ ਨਾ ਹਟੇ ਨਾ[੧੦] ॥ ੨੦ ॥ਸਿਰਖੰਡੀ ਛੰਦ॥ ਜੁੱਟ ਗਈ ਤਰਵਾਰੀਂ ਰੌਰ ਪੁਕਾਰਤੇ । ਲੋਥ ਲੋਥ ਪਰ ਡਾਰੀ ਊਪਰ ਕੋ ਤਰੇ[੧੧] । ਭੁਜੈਂ ਪਸਾਰਿ ਉਭਾਰੀ[੧੨] ਮਾਰਤਿ ਜ਼ੋਰ ਤੇ । ਹਟੀ ਤੁਪਕ ਤਿਸ ਬਾਰੀ ਨਹੀਂ ਚਲਾਂਵਦੇ ॥ ੨੧ ॥ ਬਰਛੀ ਸਾਂਗ ਪਰੋਏ ਵੈਰ ਨਿਕਾਸੀਆਂ । ਗੁੱਥ ਹਥਾਵਥ[੧੩] ਹੋਏ ਜਮਧਰ[੧੪] ਮਾਰਦੇ । ਊਚੇ ਨਾਦਤਿ[੧੫] ਰੋਏ ਪਰੇ ਪਹਾਰੀਏ । ਬਡੀ ਨੀਂਦ ਇਕ ਸੋਏ ਬਹੁਰ ਨ ਜਾਗਦੇ ॥ ੨੨ ॥ ਮਚੀ ਮਾਰ ਬਿਕਰਾਲੀ ਤੜਫਤਿ ਛਿਤ ਪਰੇ । ਸੁਧ ਨਹਿ ਕਿਨਹੁੰ ਸੰਭਾਲੀ ਮੂਰਖ ਕਟ ਗਿਰੇ । ਨਹਿ ਕਰਵਾਰ[੧੬] ਨਿਕਾਲੀ ਚਲੇ ਪਲਾਇਕੈ[੧੭] । ਘਾਲੀ ਧੂਮ ਬਿਸਾਲੀ ਮਾਰੇ ਮੋਰਚਾ ॥ ੨੩ ॥ ਭੀਮਚੰਦ, ਹੰਡੂਰੀ ਸੁਧ ਕੌ ਪਾਇਕੈ । ਸੁਨਿ ਪੁਕਾਰ ਭਟ ਭੂਰੀ ਔਚਕ ਜਾਗਿਕੈ । –ਸੈਨ ਰਾਤਿ ਮੈਂ ਚੂਰੀ ਸਿੰਘਨ ਆਇਕੈ– । [੧੮]'ਮਾਰਹੁ ਪਹੁੰਚਿ ਜ਼ਰੂਰੀ ਜਾਹੁ ਸ਼ਿਤਾਬ ਤੇ' ॥ ੨੪ ॥ ਦੋਨਹੁੰ ਗਿਰਪਤਿ ਜਾਗੇ ਸੁਭਟ ਪਠਾਂਵਦੇ । 'ਜਾਇ ਬਚਾਵਹੁ ਆਗੇ

[੧]ਖੰਡਿਆਂ ਦੀਆਂ ਧਾਰਾਂ ਵੇਖੋ । [੨]ਦੌੜਕੇ ਚਲੇ ਜਾਓ । [੩]ਲੜਾਈ ਵਿਚ ਨਾ ਆਓ । [੪]ਵੰਗਾਰਦੇ ਹਨ । [੫]ਨਿਸੰਗ ਹੋਕੇ ਭੁਜੰਗੀ ਗੁੱਸੇ ਨਾਲ ਚਲਾਉਂਦੇ ਹਨ (ਤਲਵਾਰਾਂ) । [੬]ਚੰਗੀ ਤਰ੍ਹਾਂ ਨਾਲ ਲਾਲ ਰੰਗ (ਨਾਲ) ਰੰਗੀਆਂ ( ਤਲਵਾਰਾਂ ) ਚਮਕਦੀਆਂ ਤੇ ( ਬਿਜਲੀ ਵਾਂਙੂ ) ਲਿਸ਼ਕਦੀਆਂ ਹਨ । [੭]ਲਪਕ ਕੇ ਪੈਂਦੇ ਤੇ ਦਬਕ ਲੈਂਦੇ ਹਨ (ਸਿਖ) ਤੇ ( ਵੈਰੀ ) ਡਰਦੇ ਹਨ ਤੇ ਸੰਗਦੇ ਹਨ । [੮]ਜੋਸ਼ ਵਾਲਿਆਂ ਵੱਡੇ (ਕੱਦ) ਵਾਲਿਆਂ (ਸਿਖਾਂ ਨੇ ਪਹਾੜੀਏ) ਪਰੇ ਦਬਾਕੇ ਧੱਕ ਸਿੱਟੇ । (ਅ) (ਜੁ+ਸੇਲੇ=) ਸੇਲਿਆਂ ਨਾਲ ਜੋ ਠੇਲਿਆ (ਵੈਰੀ ਨੂੰ ਤੇ) ਧਕੇਲ ਦਿਤਾ ਪ੍ਰਪੇਲਿਆਂ (=ਸਰੀਰਕ ਧੱਕਿਆਂ) ਨਾਲ । [੯]ਦੇਖਦੇ ਨਹੀਂ ਨਬੇੜੀ ਜਾਂਦੇ ਹਨ । [੧੦]ਟਲੇ ਨਹੀਂ, ( ਜੰਗੋਂ ) ਹਟੇ ਨਹੀਂ । [੧੧]ਕੋਈ ਉਪਰ ਕੋਈ ਹੇਠ । [੧੨]ਬਾਹਾਂ ਪਸਾਰਕੇ ਤੇ ਉਭਾਰਕੇ । [੧੩]ਹੱਥੋ ਹੱਥੀ । [੧੪]ਕਟਾਰਾਂ । [੧੫]ਪੁਕਾਰਦੇ । [੧੬]ਤਲਵਾਰ । [੧੭]ਨੱਸ ਰਹੇ । [੧੮](ਰਾਜੇ ਬੋਲੇ) ।

ਬਿਲਮ ਨ ਕੀਜੀਏ। ਸੁਨੀਅਤਿ ਆਵਤਿ ਭਾਗੇ ਤਜਿ ਕਰਿ ਮੋਰਚਾ[1]। ਸੁਨਿ ਭਟ ਆਯੁਧ ਲਾਗੇ[2] ਨਿਕਸੇ ਸਿਵਰ ਤੇ ॥ ੨੫ ॥ ਨਾਂਹਿਨ ਜਾਨਯੋ ਜਾਇ ਕੇਤਿਕ ਖਾਲਸਾ। ਰਹੇ ਦੂਰ ਅਰਗਾਈ ਨੇਰੇ ਨਹਿ ਢੁਕੇ[3]। ਮੁਰਚੇ ਮਹਿਂ ਸਮੁਦਾਈ ਕਟੀਆ ਸੋ ਕਰੇ[4]। ਕੇਤਿਕ ਭਏ ਪਲਾਈ ਪ੍ਰਾਨ ਬਚਾਇਕੈ ॥੨੬॥ ਧਰਧਰਾਤਿ[5] ਰਿਪੁ ਛਾਤੀ ਬੋਲਯੋ ਜਾਇ ਨਾ। ਬਿਥਰੇ ਲਖਿ ਕਰਿ ਘਾਤੀ ਇਕਠੇ ਹੋਇਨਾ[6]–ਕਾਟਹਿਂ ਆਨਿਅਰਾਤੀ[7]–ਧੀਰਜ ਪਾਇ ਨਾ। ਸ਼ੋਣਤ ਲੋਥ ਪਪਾਤੀ ਹਾਇ ਅਲਾਇ ਨਾ[8] ॥ ੨੭ ॥ ਭਟ ਸਿੰਘਨ ਬਹੁ ਮਾਰੇ ਬਹੁਰੇ ਮੁਰਿ ਚਲੇ। ਉਦੇ ਸਿੰਘ ਲਲਕਾਰੇ ਕਰੇ ਅਵਾਹਿਨਾ[9]। 'ਕਾਰਜ ਸਿੱਧ ਤੁਮਾਰੇ ਹਟੀਅਹਿ ਖਾਲਸਾ'। ਅਪਨੇ ਥਾਨ ਮਝਾਰੇ ਆਵਨ ਸਭਿ ਲਗੇ ॥ ੨੮ ॥ ਕੋ ਘਾਇਲ ਸੰਘਾਰੇ ਸਿੰਘ ਸੰਭਾਲਿ ਕੈ। ਆਏ ਬੀਰ ਜੁਝਾਰੇ ਹਤਿ ਗਨ ਸ਼ੱਤ੍ਰ ਕੋ। ਸਤਿਗੁਰ ਫਤੇ ਉਚਾਰੇ ਗਰਜਤਿ ਖਾਲਸਾ। ਆਨੰਦ ਨਗਰ ਮਝਾਰੇ ਆਨੰਦ ਸੋਂ ਬਰੇ ॥੨੯॥ ਝਾਰ ਮਤਾਬੀ ਜਾਰੇ ਬਹੁਰਿ ਪਹਾਰੀਆਂ। ਪੁੰਜ ਮਸਾਲ ਉਜਾਰੇ ਤਿਮਰ ਨਸਾਇ ਕੈ। ਆਇ ਮੋਰਚੇ ਭਾਰੇ ਲਗੇ ਬਿਲੋਕਿਬੇ। ਮਰੇ ਸਮੂਹ ਨਿਹਾਰੇ ਲੋਥਾਂ ਡਿੱਗੀਆਂ ॥ ੩੦ ॥ ਬਚੇ ਮਰਨ ਤੇ ਸੋਊ ਗਏ ਪਲਾਇਕੈ। ਅਵਲੋਕਤਿ ਸਭਿ ਕੋਊ ਮ੍ਰਿਤਕ ਡਰਾਵਨੇ। ਲਾਲ ਥਾਨ ਜਹਿਂ ਜੋਊ[10] ਸ਼੍ਰੋਣਤ ਪਸਰਿਗਾ। ਕਿਤ ਇਕਠੇ ਤ੍ਰੈ ਦੋਊ ਲੋਥਾਂ ਗੁੱਥੀਆਂ ॥੩੧॥ ਦੋਹਰਾ ॥ ਸਭਿ ਗਿਰਨਾਥਨ ਤਬਿ ਸੁਨੈਂ "ਸਿੰਘ ਪਰੇ ਬਲਵੰਡ। ਭੀਮਚੰਦ ਕੋ ਮੋਰਚਾ ਕੀਨਿਸ ਖੰਡਿਬਿਹੰਡ[11]" ॥ ੩੨ ॥ ਬਚਯੋ ਨਹੀਂ ਕੋ ਸੂਰਮਾ, ਸਿੰਘ ਰਹਯੋ ਨਹਿ ਮਾਂਹਿ[12]। ਗਤਿ ਅਚਰਜ ਕਛੁ ਕਰਿ ਗਏ ਨਹਿ ਮਨ ਜਾਨੀ ਜਾਹਿ ॥੩੩॥ ਚੌਪਈ ॥ ਆਨਿ ਤਿਮਰ ਮਹਿਂ ਸੁਭਟ ਸੰਘਾਰੇ। ਔਚਕ ਪਰੇ ਸਕਲ ਹੀ ਮਾਰੇ'। ਸੁਨਿ ਸਭਿ

---

[1]ਸੁਣਦੇ ਹਾਂ ਕਿ (ਸਾਡੇ ਫੌਜੀ) ਮੋਰਚਾ ਛੱਡਕੇ ਨੱਠੇ ਆਉਂਦੇ ਹਨ। [2]ਸ਼ਸਤ੍ਰ ਪਹਿਰਕੇ। [3]ਭਾਵ ਜੋ ਸਿਪਾਹੀ ਰਾਜਿਆਂ ਨੇ ਹੁਣ ਤਿਆਰ ਕੀਤੇ ਸੇ ਉਹ ਤਾਂ ਦੂਰ ਹੀ ਚੁੱਪ ਖੜੇ ਰਹੇ, ਸਿੰਘਾਂ ਤਕ ਨਾ ਅੱਪੜੇ। [4]ਤੇ ਜੋ ਮੋਰਚੇ ਵਿਚ ਸੈ ਉਹ ਖਾਲਸੇ ਨੇ ਕਟ ਦਿਤੇ। [5]ਧੜਕਦੀ ਹੈ। [6]ਦਾਉ ਪਾਕੇ ਖਿੰਡ ਗਏ ਕੱਠੇ ਨਾ ਰਹੇ। [7]ਕਿ ਵੈਰੀ (ਹੁਣ ਵੀ) ਆ ਕੱਟਦਾ ਹੈ (ਸਾਨੂੰ)। [8]ਲੋਥਾਂ ਤੋਂ ਲਹੂ ਡਿੱਗਦਾ ਹੈ ਪਰ ਹਾਇ ਨਹੀਂ ਉਚਾਰਦੇ। (ਅ) ਲਹੂ (ਭਰੀਆਂ) ਲੋਥਾਂ ਵਿਚ ਡਿੱਗਦੇ ਹਨ ਤੇ ਹਾਇ ਨਹੀਂ ਕਰਦੇ। [9]ਸੱਦਣਾ ਕੀਤੇ। [10]ਜਿੱਥੇ ਦੇਖਦੇ ਹਨ। [11]ਭਾਵ ਤਬਾਹ ਕਰ ਦਿਤਾ ਹੈ। [12]ਸਿੰਘ ਕੋਈ ਭੀ (ਜੰਗ) ਵਿਚ ਨਹੀਂ ਰਿਹਾ, ਭਾਵ ਮਾਰਿਆ ਜਾਂ ਜ਼ਖਮੀ ਸਿੰਘ ਮੋਰਚੇ ਵਿਚ ਕੋਈ ਬੀ ਨਹੀਂ ਪਿਆ ਸੀ।

ਕੇ ਮਨ ਉਪਜਯੋ ਤ੍ਰਾਸਾ। ਬਿਨ ਹੀ ਸੋਧਨ ਭਏ ਬਿਨਾਸਾ ॥ ੩੪ ॥ ਭਏ ਸੁਚੇਤ ਮਿਲੇ ਗਨ ਜਾਗੇ। ਪੁੰਜ ਤੁਫੰਗ ਚਲਾਵਨਿ ਲਾਗੇ। 'ਧਰਹੁ ਭਰੋਸਾ ਸੁਪਤਹੁ ਨਾਂਹੀ। ਜੇ ਸੁਪਤਹੁ ਇਸ ਬਿਧਿ ਮਰਿ ਜਾਂਹੀ' ॥ ੩੫ ॥ ਸਭਿਨਿ ਮੋਰਚੇ ਬਨਿ ਸਵਧਾਨਾ। ਕਰਹਿਂ ਪਰਸਪਰ ਊਚ ਬਖਾਨਾ।'ਜਾਗਤਿ ਰਹਹੁ ਤੁਫੰਗੈਂ ਮਾਰਹੁ। ਇਤ ਉਤ ਆਵਤਿ ਜਾਤਿ ਨਿਹਾਰਹੁ' ॥੩੬॥ ਭੀਮਚੰਦ ਕੈ ਚਿੰਤ ਘਨੇਰੀ।–ਕਿਮ ਹੁਇ ਬਿਜੈ ਉਪਾਇ ਨ ਹੇਰੀ[1]।ਨਿਤ ਪ੍ਰਤਿ ਜੋਧਾ ਮਰਹਿਂ ਹਜ਼ਾਰੋਂ।ਇਸੀ ਰੀਤ ਹੁਇ ਹੈ ਮਮ ਹਾਰੋ॥੩੭॥ਲਰਤਿ ਬਿਤੇ ਦਿਨ ਮੋਕਹੁ ਘਨੇ। ਸਿੰਘ ਮਵਾਸੀ ਜਾਹਿਂ ਨ ਹਨੇ।ਆਇ ਵਹੀਰ ਤੇ ਬੀਰ ਪ੍ਰਵੇਸ਼ੇ। ਭਏ ਪ੍ਰਥਮ ਤੇ ਅਬਹੂੰ ਵਿਸ਼ੇਸ਼ੇ॥੩੮॥ਗੁਰ ਅਨੰਦਪੁਰਿ ਛੋਰਹਿ ਨਾਂਹੀ।ਬੈਠੇ ਰਹੈਂ ਜੁ ਸਭਿ ਸੁਖ ਪਾਂਹੀ।ਖਾਨ ਪਾਨ ਤੇ ਤੰਗ ਨ ਹੋਏ।ਗੁਲਕਾਂ ਬਹੁ ਬਰੂਦ ਲੈ ਢੋਏ[2]॥੩੯॥ਸਿੰਘ ਓਟ ਮਹਿ ਲਰਤਿ ਨ ਮਰੈਂ। ਵਹੀਰ ਸੁਭਟ ਸੈਂਕਰ ਨਿਤ ਗਿਰੈਂ। ਰਹਯੋ ਅਨੰਦਪੁਰਿ ਕਿਤਹੂੰ ਛੁਰਾਵਨਿ। ਇਕ ਦਿਨ ਮੋਰੇ ਬਨਹਿ ਪਲਾਵਨ ॥੪੦॥ ਹੋਹਿ ਨਮੋਸ਼ੀ[3] ਜਿਤ ਕਿਤ ਮੇਰੀ। ਹਟਿਹੌਂ ਚਮੂੰ ਮਰਾਇ ਘਨੇਰੀ–।ਇੱਤਯਾਦਿਕ ਤਰਕਤਿ ਮਨ ਘਨੋ।ਜਾਗ੍ਰਤ ਰਹਯੋ ਚਿੰਤ ਚਿਤ ਸਨੋ ॥ ੪੧ ॥ ਪਛੁਤਾਵਤਿ ਹੋਈ ਭੁਨਸਾਰ। ਉਤ ਸਤਿਗੁਰ ਜਾਗੇ ਜਿਸ ਬਾਰਿ। ਸੌਚ ਸ਼ਨਾਨ ਕੀਨਿ ਸਭਿ ਅੰਗ। ਛਕੀ ਅਫੀਮ ਸੁ ਬਿਜੀਆ ਸੰਗ* ॥ ੪੨ ॥ ਗਾਵਨਿ ਲਗੇ ਰਬਾਬੀ ਵਾਰ। ਉਦੇ ਸਿੰਘ ਪਹੁੰਚਯੋ ਤਿਸ ਬਾਰ। ਦਯਾ ਸਿੰਘ ਕੋ ਲੇ ਕਰਿ ਸੰਗ। ਬੰਦਨ ਕਰਤਿ ਬਤਾਯਹੁ ਜੰਗ.॥ ੪੩ ॥ 'ਮਹਾਰਾਜ ਆਇਸੁ ਤੁਮ ਜੋਈ। ਦਯਾ ਸਿੰਘ ਮੁਖ ਤੇ ਲੇ ਸੋਈ। ਗਯੋ ਖਾਲਸਾ ਮਿਲਿ ਸਮੁਦਾਯਾ। ਮਾਰਿ ਮੋਰਚਾ ਕਤਲ ਕਰਾਯਾ ॥ ੪੪॥ ਭਯੋ ਰਿਪੁਨ ਕੋ ਸ਼ੋਕ ਬਿਸਾਲਾ। ਗਿਰ ਗਿਰ ਕੇ ਘਰ ਘਰ ਮਹਿਂ ਘਾਲਾ। ਕਰਿ ਸਥਾਰ ਤਹਿਂ ਤੇ ਚਲਿ ਆਏ[4]। ਸਿੰਘ ਸ਼੍ਰੇਯ ਕੇ ਸਹਿਤ ਸੁਹਾਏ' ॥ ੪੫ ॥ ਸੁਨਿ ਸਤਿਗੁਰੂ ਖੁਸ਼ੀ ਬਹੁ ਕੀਨੀ। 'ਦਯਾ ਸਿੰਘ ਰਣ ਆਇਸੁ ਦੀਨੀ। ਇਹ ਗ੍ਯਾਨੀ ਮਮ ਸਿਖ ਹੈ ਪੂਰਾ। ਕਯੋਂ ਨ ਹੋਇ ਧਾਂਕੋ ਬਰ ਸੂਰਾ ॥ ੪੬ ॥ ਹਤਹੁ ਪਹਾਰੀ ਮੂਰਖ ਕਰ ਕਰ[5]। ਪਰਹਿ ਪੀਟਬੋ ਇਨਕੇ ਘਰ ਘਰ। ਮੋਰ ਖਾਲਸਾ ਬਲੀ ਬਿਸਾਲਾ। ਗੁਰ ਦ੍ਰੋਹੀਨ ਹਤੇ ਸਭਿ

[1]ਜਤਨ ਨਹੀਂ ਦਿੱਸਦਾ। [2](ਬਾਹਰੋਂ)ਬਹੁਤ ਆਂਵਦਾ ਹੈ। [3]ਬਦਨਾਮੀ। [4]ਮਕਤੂਲਾਂ ਦਾ ਢੇਰ ਲਾ ਆਏ ਹਾਂ [ਹਿੰਦੀ, ਸਥਰਾਉ=ਮਕਤੂਲਾਂ ਦਾ ਢੇਰ। ਪੰ:,ਸੱਥਰ ਤੋਂ ਸਥਾਰ।ਸਥਾਰ ਕਰਨਾ=ਭੁੰਜੇ ਲਿਟਾ ਦੇਣਾ,ਮੈਦਾਨ ਮਾਰਨਾ]। [5]ਹੱਥੋ ਹੱਥੀ। *ਦੇਖੋ ਰਾਸ ੪ ਅੰਸ ੪੪ ਅੰਕ ੧੧ ਦੀ ਹੇਠਲੀ ਟੂਕ।

Sri Satguru Jagjit Singh Ji eLlibrary NamdhariElibrary@gmail.com

ਕਾਲਾ'[੭] ॥੪੭॥ ਇਮ ਕਹਿ ਥਿਰੇ ਸਿੰਘਾਸਨ ਸ੍ਵਾਮੀ। ਭੂਤ ਭਵਿੱਖਜਤ ਅੰਤਰਜਾਮੀ। ਵਹਿਰ ਮੋਰਚਨਿ ਤਥਾ ਲਰਾਈ। ਛੂਟਹਿ ਤੁਫੰਗ ਸਮੁਖ ਸਮੁਦਾਈ ॥੪੮॥ ਨਿਜ ਨਿਜ ਮੁਰਚੇ ਪਰ ਥਿਰ ਹ੍ਵੈ ਕੈ। ਹੇਰਤਿ ਰਿਪੁ ਦੇਂ ਤੁਪਕ ਛੁਟੈ ਕੈ। ਆਵਤਿ ਜਾਤੇ ਕਰਹਿਂ ਪ੍ਰਹਾਰਨ। ਕੋ ਪਲਾਇ ਹ੍ਵੈ ਕੋ ਸੰਘਾਰਨਿ॥੪੯॥ ਮ੍ਰਿਤਕ ਉਠਾਇ ਉਠਾਇ ਲਿਜਾਤੇ। ਕਾਸ਼ਟ ਸੰਚੈ ਕਰਤਿ ਮਹਾਂਤੇ[੧]। ਚਹੁੰਦਿਸ਼ਿ ਆਨੰਦਪੁਰਿ ਕੈ ਦਾਹੈਂ। ਥਾਨ ਮਸਾਨਨ ਜਹਾਂ ਕਹਾਂ ਹੈਂ॥੫੦॥ ਜਿਤ ਕਿਤ ਧੂਮ ਉਠਹਿ ਦ੍ਰਿਸ਼ਟਾਵੈ। ਪਰੇ ਕਿਤਿਕ ਤਿਨ ਕੂਕਰ ਖਾਵੈਂ। ਬ੍ਰਿੰਦ ਬਿਹੰਗਮ[੨] ਗੀਧ ਬਡੇਰੀ। ਕਾਕ ਕੰਕ ਥੈ ਹੈਂ ਬਹੁਤੇਰੀ ॥੫੧॥ ਸਭਿ ਰਾਜਨ ਪਿਖਿ ਚਿੰਤ ਉਪਾਈ। ਚਿਤਵਹਿ ਹਤਿਬੇ ਹੇਤੁ ਉਪਾਈ। ਭਈ ਪ੍ਰਭਾਤਿ ਦਿਵਸ ਚਢਿ ਗਯੋ। ਜਾਮ ਏਕ ਬੀਤਤਿ ਜਬਿ ਭਯੋ॥੫੨॥ ਭੀਮਚੰਦ ਭਾ ਸਮੈ ਰਸੋਈ। ਸੈਲਨਾਥ ਪਹੁੰਚੇ ਸਭਿ ਕੋਈ। ਸਭਾ ਕਰਨ ਮਸਲਤ ਕੇ ਕਾਰਨ। ਪਹੁੰਚੇ ਜੁਤਿ ਮੰਤ੍ਰੀਨ ਬਿਚਾਰਨ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤਰਥ ਰੁਤੇ 'ਮੋਰਚਾ ਮਾਰਨ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥ ੨੦ ॥

## ੨੧. [ਕੇਸਰੀ ਚੰਦ ਦੀ ਪ੍ਰਤੱਗਯਾ]।

ਦੋਹਰਾ॥ ਸੈਲਨਾਥ ਆਏ ਸਕਲ ਪ੍ਰਥਮ ਕੇਸਰੀ ਚੰਦ। ਨ੍ਰਿਪ ਹੰਡੂਰ ਕਟੌਚੀਆ ਗੁਲੇਰੀ-ਭਟ ਬ੍ਰਿੰਦ ॥੧॥ ਚੌਪਈ॥ ਇੱਤਯਾਦਿਕ ਸਭਿ ਮਿਲਿ ਕਰਿ ਆਏ। ਭੀਮਚੰਦ ਸਨਮਾਨ ਬਿਠਾਏ। ਸਭਿ ਕੌ ਲੇ ਸੰਗ ਗਯੋ ਰਸੋਈ। ਬਸਤ੍ਰ ਉਤਾਰਿ ਥਿਰੇ ਸਭਿ ਕੋਈ ॥ ੨ ॥ ਚਾਦਰ ਜਾਮਾ ਪਾਗ ਉਤਾਰੀ। ਏਕ ਉਪਰਨਾ[੩] ਕਰ ਮਹਿ ਧਾਰੀ। ਚਰਨ ਪਖਾਰਤਿ ਚੌਂਕੇ ਬਰੇ। ਨਿਜ ਨਿਜ ਆਸਨ ਪਰ ਨ੍ਰਿਪ ਥਿਰੇ॥੩॥ ਆਗੇ ਸਭਿ ਕੇ ਧਰਿ ਪਨਵਾਰੇ[੪]। ਭਾਤ[੫] ਪਰੋਸਯੋ ਭਲੀ ਪ੍ਰਕਾਰੇ। ਬਹੁਰ ਸਲਵਣੈਂ ਨਾਨਾ ਭਾਂਤਿ। ਸੂਪਕਾਰ ਤਬਿ ਧਰਿ ਧਰਿ ਜਾਤਿ ॥੪॥ ਖਾਨ ਲਗੇ ਜਬਿ ਕੌਰ[੬] ਉਠਾਏ। ਕਹਿਲੂਰੀ ਤਬਿ ਕਛ ਮੁਸਕਾਏ। ਦੇਖਿ ਕੇਸਰੀ ਚੰਦ ਦਿਸ਼ਾ ਕੋ। ਹਾਸ ਕਰਤਿ ਭਾਖਤਿ ਇਮ ਤਾ ਕੋ[੭] ॥ ੫ ॥ 'ਧੱਧੀ ਦਿਯੋ[੮] ਭਾਤ ਕਹੁ ਖਾਣੇ। ਇਸ ਕਾਰਨ ਘਰ

[੧]ਬਹੁਤਾ। [੨]ਪੰਛੀ। [੩]ਸਾਫਾ। [੪]ਪੱਤਲਾਂ। [੫]ਰਿੱਧੇ ਹੋਏ ਚਾਵਲ। [੬]ਗ੍ਰਾਹੀਆਂ। [੭]ਤਿਸ ਨੂੰ। [੮]ਇਕ ਗੰਦੀ ਗਾਲ਼ੀ ਦਾ ਸੰਬੋਧਨ ਹੈ ਜੋ ਹਰ ਪਹਾੜੀਏ ਦੇ ਮੂੰਹ ਤੇ ਚੜ੍ਹਿਆ ਹੁੰਦਾ ਹੈ। ਜੇ ਕਦੇ ਕਵਿ ਜੀ ਦਾ ਇਥੇ ਪਾਠ ਹੋਵ 'ਜਦਧੇਤੁਸ' ਤੇ ਲਿਖਾਰੀਆਂ ਦੀ ਅਣਜਾਣਤਾਂ ਨੇ ਗਾਲ ਦਾ ਰੂਪ ਦੇ ਦਿਤਾ ਹੋਵੇ, ਤਾਂ 'ਜਦਧੇਤੁਸ' ਦਾ ਅਰਥ ਹੈ 'ਜਿਸ ਕਾਰਨ ਕਰਕੇ'। ਅਗੇ ਜ਼ੋਰ ਨਾਲ ਫਿਰ ਦੁਹਰਾਉਂਦਾ ਹੈ 'ਇਸ ਕਾਰਨ ਕਰਕੇ?' ਤੇ ਫਿਕਰਾ ਮੁਕਦਾ ਹੈ ਅੰਕ ੭ ਵਿਚ 'ਇਤ ਆਏ ਸਭਿ ਦੇਹੁ ਬਤਾਈ'।

Sri Satguru Jagjit Singh Ji eLlibrary NamdhariElibrary@gmail.com

ਛੈਹਿ ਪਯਾਨੇ।ਕਿਧੌਂ ਅਨੰਦਪੁਰ ਹੇਤੁ ਛੁਟਾਵਨਿ।ਲਰਿ ਗੋਬਿੰਦ ਸਿੰਘ ਗੁਰੂ
ਹਟਾਵਨਿ ॥ ੬ ॥ ਇਤ ਆਏ? ਸਭਿ ਦੇਹੁ ਬਤਾਈ। ਬਿਤੇ ਮਾਸ ਤੇ
ਦਿਨ ਅਧਿਕਾਈ। ਗਾਢੀ ਗੜ੍ਹੀ ਲੋਹਗੜ੍ਹ ਨਾਮੂ।ਸੋਭੀ ਨਹੀਂ ਛੁਟੀ[1] ਕਯਾ
ਕਾਮੂ? ॥੭॥ਸਰਯੋ ਨ ਕੁਛ ਗੁਰ ਕਨ[2] ਚਢਿ ਆਏ।ਬੀਰ ਹਜ਼ਾਰਹੁਂ ਮਾਰਿ
ਖਪਾਏ। ਕਯਾ ਮੁਖ ਲੇ ਕਰਿ ਸਦਨ ਸਿਧਾਰੋ। ਕਹਿ ਗਿਰਪਤਨਿ ਕਹਾਂ
ਜਗ ਸਾਰੋ[3]? ॥੮॥ਕਹਾਂ ਬੀਰਤਾ ਰਹੀ ਤੁਮਾਰੀ।-ਮਿਲਿ ਸਭਿ ਲਰੇ ਸਰੀ
ਨਹਿ ਕਾਰੀ। ਏਕ ਗੁਰੂ ਪੁਨ ਦੇਸ਼ ਬਿਹੀਨਾ। ਚਮੂੰ ਨ,ਕਿਧ ਇਕ ਪੰਥ-
ਨਵੀਨਾ॥੯॥ਭਯੋ ਉਪਾਇ ਨ ਕਿਸ ਤੇ ਕੋਈ। ਪਚਿ ਹਾਰੇ ਪਰਬਤ ਪਤਿ
ਜੋਈ-।ਸ਼ਾਹੁ ਆਦਿ ਸਗਰੇ ਇਮ ਕਹੈਂ। ਕਹਾਂ ਸੁਜਸੁ ਤੁਮਰੋ ਤਬਿ ਰਹੈ॥
੧੦ ॥ਇਸ ਤੇ ਆਛੀ ਲਰਤਿ ਨ ਜਬੈ[4]। ਭਰਮ ਸਮੇਤ ਹੁਤੇ ਹਮ ਸਬੈ[5]।
ਰਾਤਿ ਮੋਰਚਾ ਮਾਰਿ ਖਪਾਯੋ। ਸੁਭਟ ਬ੍ਰਿੰਦ ਕੋ ਨਹਿ ਅਟਕਾਯੋ ॥ ੧੧ ॥
ਸਭਿ ਭ੍ਰਾਤਨਿ ਕੀ ਮਸਲਤ ਕਰੇਂ।ਲਸ਼ਕਰ ਘਨੋ ਮੇਲ ਕਰਿ ਲਰੇਂ। ਅਬਿ
ਤੁਮ ਕਰਹੁ ਬਿਚਾਰਨਿ ਸਾਰੇ। ਕਿਮਿ ਰਹਿ ਆਵੈ ਲਾਜ ਹਮਾਰੇ?'॥੧੨॥
ਚਮਕਯੋ ਰਿਸਯੋ ਕੇਸਰੀਚੰਦ। 'ਕਯਾ ਮਸਲਤ ਹਮ ਕਰਹਿਂ ਬਿਲੰਦ?
ਪਿਖਹੁ ਕਾਲ ਹੁਇ ਸਿੰਘਰ ਮੇਰਾ। ਸਿੰਘਨ ਕਰਹੁਂ ਲਬੇਰ ਪਥੇਰਾ ॥੧੩॥
ਕਹੈਂ ਲੋਹਗੜ੍ਹ ਨਾਮ ਕਠੋਰਾ। ਕਾਗਤ ਸਿਕਤਾ[6] ਸਮ ਦਿਧੋਂ ਫੋਰਾ।ਮਸਤ
ਮਤੰਗ ਮਹਾਂ ਬਲ ਧਾਮੂ। ਆਵਹਿ ਪੁਨ ਹਮਰੇ ਕਿਸ ਕਾਮੂ ॥ ੧੪ ॥ ਚਹੂੰ
ਦਿਸ਼ਨ ਕੋ ਤਜਿ ਕੈ ਘੇਰਾ। ਸਗਰੀ ਚਮੂੰ ਕਰਹੁ ਸੰਗ ਮੇਰਾ। ਹੁਇ
ਸਨਮੁਖ ਤੋਰਹਿਂ ਦਰਵਾਜ਼ਾ। ਦੁੰਦਭਿ ਢੋਲਨਿ ਲੇ ਸਭਿ ਬਾਜਾ ॥ ੧੫ ॥
ਕਿਤਿਕ ਸਿੰਘ ਹੈਂ ਅਟਕਹਿ ਆਗੇ।ਹੋਹਿਂ ਕਤਲ ਕਰ ਪਿਖਿ ਕੈ ਭਾਗੇਂ[7]।
ਕਯੋਂ ਆਲਸ ਕੌ ਧਰਿ ਥਿਰ ਹੋਏ। ਜੰਗ ਮੋਰ ਦੇਖਹੁ ਸਭਿ ਕੋਏ' ॥੧੬॥
ਇਮ ਬਾਤੈਂ ਕਰਿ ਭੋਜਨ ਖਾਤੇ। ਉਠੇ ਬਹੁਰ ਰਿਸ ਤੇ ਦ੍ਰਿਗ ਰਾਤੇ[8]।ਸਭਾ
ਲਗਾਇ ਥਿਰੇ ਸਭਿ ਰਾਜੇ। ਨਿਸ਼ਚੈ ਕਰਨਿ ਆਪਨੋ ਕਾਜੇ॥੧੭॥ਸਭਿਨਿ
ਸੁਨਾਵਤਿ ਕਹਿ ਗੁਲੇਰੀ। 'ਅਬਿ ਲੌ ਲਰੇ ਜੀਤ ਨਹਿ ਹੇਰੀ। ਪੁਰਿ

[1]ਲੋਹਗੜ੍ਹ ਨਾਮੇ ਗੜ੍ਹੀ (ਕੇਹੜੀ ਐਡੀ) ਤਕੜੀ ਸੀ (ਜੋ) ਤੁਸਾਂ ਤੋਂ ਨਹੀਂ ਢਹਾਈ ਜਾ ਸਕੀ। [2]ਵੱਲ। [3]ਸਾਰਾ ਜਗਤ ਪਹਾੜੀ ਰਾਜਿਆਂ ਨੂੰ ਕੀ ਕਹੇਗਾ। [4]ਚੰਗੀ ਗੱਲ ਸੀ ਜੇ ਉਦੋਂ ਹੀ ਨਾ ਲੜਦੇ। [5]ਭਾਵ ਜਦੋਂ ਸਾਡਾ ਭਰਮ ਬਣਿਆਂ ਹੋਇਆ ਸੀ। [6]ਕਾਗਜ਼ ਤੇ ਰੇਤ ਵਾਂਗ। [7]ਹਥ ਦੇਖ ਕੇ ਭੱਜ ਜਾਣਗੇ। [8]ਲਾਲ ਅੱਖੀਆਂ ਕਰਕੇ।

Sri Satguru Jagjit Singh Ji eLlibrary NamdhariElibrary@gmail.com

ਕੈ ਘੇਰੇ ਸਿੰਘ ਨ ਹੋਯੋ। ਆਵਤਿ ਜਾਤੇ ਦਾਵ ਨ ਜੋਯੋ[1] ॥ ੧੮ ॥ ਲਰਨ
ਸਮਾਜ ਅੰਨ ਬਹੁਤੇਰਾ। ਲੇ ਪ੍ਰਵੇਸ਼ ਭੇ ਕੋਟਿਕ ਬੇਰਾ’। ਸੁਨਿ ਨ੍ਰਿਪ
ਹੈਂਡੂਰੀ ਤਬਿ ਕਹੇ। ਘੇਰਾ ਨਹੀਂ ਨੀਕ ਬਿਧਿ ਰਹੇ ॥ ੧੯ ॥ ਇਕਠੇ ਕਰਿ
ਭਟ ਸਨਮੁਖ ਚਲੈਂ। ਮਸਤ ਮਤੰਗ ਦ੍ਵਾਰ ਕੋ ਭਿਲੈਂ[2]। ਤੋਮਰ, ਤੁਪਕ,
ਤੀਰ ਤਰਵਾਰੈਂ। ਅਰੇ ਅੱਗ੍ਰ ਤਿਹ ਤਤਛਿਨ ਮਾਰੈਂ ॥ ੨੦ ॥ ਪਰਸਹਿ
ਨਹੀਂ ਚਮੂੰ ਤਿਸ ਬਾਰੀ। ਗਮਨਹਿ ਬਾਂਧੇ ਤੁੰਗ[3] ਅਗਾਰੀ।ਹਤਹੁ ਲੋਹਗੜ੍ਹ
ਕਾਰਜ ਭਲੈਂ। ਬਹੁਰ ਸ਼ਹਿਰ ਦਿਸ਼ਿ ਸੁਖ ਸੋਂ ਚਲੈ ॥ ੨੧ ॥ ਭਾਜੇ ਗੁਰੂ
ਕਿਧੌਂ ਮਿਲਿ ਪਰੈ।ਇਸ ਪ੍ਰਕਾਰ ਤੇ ਕਾਰਜ ਸਰੈ’।ਮੰਡਸਪਤੀ ਸੁਨਤਿ ਸਭਿ
ਮਤ ਕੋ। ਬੋਲਯੋ ਬਾਕ ਦੇਖਿ ਗਰਬਤਿ ਕੌ[4] ॥ ੨੨ ॥ ‘ਸ਼੍ਰੀ ਨਾਨਕ ਗਾਦੀ
ਬਡ ਭਾਰੀ। ਮੀਰ ਪੀਰ ਸਭਿ ਨਿਵੈਂ ਅਗਾਰੀ। ਤੁਮ ਤੇ ਕਿਮ ਹੋਵਹਿ ਸੋ
ਹੀਨ। ਸ਼੍ਰੀ ਹਰਿ ਗੋਵਿੰਦ ਸਿੰਘਰ ਕੀਨਿ ॥ ੨੩ ॥ ਸ਼ਾਹੁ ਚਮੂੰ ਤਊ ਭਿਰ
ਕਰਿ ਹਾਰਯੋ।ਪੁਨ ਮਨ ਤੇ ਰਿਸ ਕਰਿ ਨਿਰਵਾਰਯੋ[5]। ਕਯੋਂ ਨ ਬਿਚਾਰਤਿ
ਅਪਨਿ ਲਰਾਈ। ਲਰਤਿ ਮਰਤਿ, ਜੈ ਭੀ ਕਬਿ ਪਾਈ[6] ? ॥ ੨੪ ॥
ਨਾਹਕ ਦ੍ਵੈਸ਼ ਬਧਾਇ ਬਡੇਰਾ। ਸਭਿ ਇਕਠੇ ਹੁਇ ਪਾਯੋ ਝੇਰਾ। ਮਿਲਤਿ
ਆਪਨੇ ਕਾਜ ਸਵਾਰਤਿ। ਹੁਇ ਪੂਰਨ, ਗੁਰ ਬਾਕ ਉਚਾਰਤਿ ॥ ੨੫ ॥
ਚਮੂੰ ਸਕੇਲਿ ਸਮੂਹ ਲਰਾਵਹੁ। ਸਭਿ ਬਲ ਲਾਇ ਫਤੇ ਤੁਮ ਪਾਵਹੁ।ਇਤ
ਦਿਸ਼ਿ ਤੇ ਗੁਰ ਕੋ ਨਿਕਸਾਵਹੁ।ਹੁਇ ਨਚਿੰਤ ਤੁਮ ਗ੍ਰਾਮ ਬਸਾਵਹੁ ॥ ੨੬
॥ ਇਹ ਸਭਿ ਝੂਠ ਨ ਲੇਵਹੁ ਕੈਸੇ।ਅਥਵੰਤਨ ਸੁਰਪਰਿ ਨਹਿ ਜੈਸੇ।ਅਬਿ
ਭੀ ਮੇਲ ਕਰੋ ਸੁਖ ਪਾਵੋ।ਸ੍ਵੈਧ ਸਹਤ ਨਿਜ ਸਦਨ ਸਿਧਾਵੋ’॥੨੭॥ਸੁਨਿ
ਮੰਡਿਸਪਤਿ ਤੇ ਅਸ ਬਾਨੀ। ਰਿਸਯੋ ਕੇਸਰੀਚੰਦ ਬਖਾਨੀ। ‘ਕਹਾ ਮਤ
ਦੇਤਿ ਕਾਤੁਰਨ ਕੇਰੀ। ਗੁਰ ਪੱਖੀ ਬੁਧਿ ਲਖੀਅਤਿ ਤੇਰੀ ॥੨੮ ॥ ਪ੍ਰਾਤਿ
ਹੋਤਿ ਹੇਰਹੁ ਰਣ ਮੇਰਾ। ਲਿਹੁ ਸਭਿ ਕੋ ਦਲ ਸੰਗ ਘਨੇਰਾ। [7]ਰਵਿ ਅਸ-
ਤਨ ਤੇ ਪੂਰਬ ਜਬੈ। ਜੋ ਨਹਿ ਲੋਹਗੜ੍ਹ ਤੋਰੌਂ ਤਬੈ ॥ ੨੯ ॥ ਤੌ ਨਿਜ
ਪਿਤ ਤੇ ਜਨਮਯੋਂ ਨਾਂਹੀ।ਮੁਖ ਨ ਦਿਖਾਵਹੁਂ ਰਾਜਨਿ ਮਾਂਹੀ।ਸ਼ਾਲਗਰਾਮ
ਅਵੱਗਯਾ ਦੋਸ਼।ਲਗਹਿ ਮੋਹਿ ਜੇ ਹਟਿ ਹੌਂ ਰੋਸ[8] ॥ ੩੦ ॥ ਲਾਤ ਪ੍ਰਹਾਰਨਿ

---

[1]ਸਿੰਘ ਆਂਵਦੇ ਜਾਂਦੇ ਰਹੇ (ਸਾਥੋਂ ਕੋਈ) ਦਾਉ ਨਾ ਹੋ ਸਕਿਆ। [2]ਭਿੜੇਗਾ, ਭੇੜੇਗਾ। [3]ਟੋਲੇ ਬੰਨ੍ਹਕੇ। [4]ਹੰਕਾਰ ਕਰਦੇ ਨੂੰ। [5]ਗੁੱਸਾ ਦੂਰ ਕਰ ਦਿੱਤਾ। [6]ਕਦੇ ਜਿੱਤ ਪਾਈ ਜੇ ?। [7]ਪੁਰਬ ਕਰਦੀਆਂ ਸਹੁੰਆਂ ਖਾਣ ਲੱਗਾ ਹੈ। [8](ਅਪਨੇ) ਗੁੱਸੇ ਤੋਂ ਪਿੱਛੇ ਹਟਾਂ ਤਾਂ।

Sri Satguru Jagjit Singh Ji eLlibrary NamdhariElibrary@gmail.com

ਕਰਹਿ ਜੁ ਧੇਨੁ[1]। ਬਰਜਹਿ ਬੇਦਨ ਬਿੱਦਯਾਧੈਨ[2]। ਦੇਹਿ ਸਤੀ ਕੋ ਪਤਿੱ-ਬ੍ਰਤ ਟਾਰੇ[3]। ਗਨ ਦੇਵਨ ਕੀ ਨਿੰਦ ਉਚਾਰੇ ॥ ੩੧ ॥ ਕੰਨਯਾ ਮਾਰਨ, ਦਿਜ ਸੰਘਾਰਨਿ। ਕਰਨਿ ਸੰਤ ਸੋਂ ਦ੍ਰੋਹ ਅਕਾਰਨ। ਚਲਤਿ ਲੋਹਗੜ੍ਹ ਤੇ ਮੁਖ ਫੇਰੇ[4]। ਏ ਸਭਿ ਪਾਪ ਚਢਹਿਂ ਸਿਰ ਮੇਰੇ ॥੩੨॥ ਕਹਾਂ ਖਾਲਸਾ ਸਿੰਘ ਜੁ ਥੋਰੇ। ਦੇਖਹੁ ਦਲ ਬਿਲੰਦ ਨਿਜ ਓਰੇ। ਆਟੇ ਬਿਖੈ ਮੇਲਿਯਤਿ ਲੌਨ। ਅੰਤਰ ਇਤੋ ਲਖਹਿ ਨਹਿਂ ਕੌਨ[5]? ॥ ੩੩ ॥ ਇਕਠੇ ਹੁਇ ਨਹਿਂ ਕਰੀ ਲਰਾਈ। ਦੂਰ ਦੂਰ ਸਗਰੀ ਪਸਰਾਈ। ਇਕ ਬਲ ਸਿੰਘ ਮਿਲਹਿਂ ਤਬਿ ਲਰੈਂ। ਊਪਰ ਆਨਿ ਹੇਲ ਕੋ ਕਰੈਂ ॥੩੪॥ ਫਤੇ ਲੇਤਿ ਪੁਨ ਪੁਰਿ ਬਰਿ ਜਾਵੈਂ। ਲਾਇ ਘਾਤ ਚੌਰਨਿ ਜਿਮ ਧਾਵੈਂ"। ਭੀਮਚੰਦ ਕੋ ਰਿਦੈ ਅਨੰਦ:—'ਸਾਧ ਸਾਧ ਤੂੰ ਬੀਰ ਬਿਲੰਦ ॥੩੫॥ "ਅਬਹਿ ਨਹੀਂ ਪੁਰਸ਼ਾਰਥ ਕਰੈਂ। ਹਤੇ ਰਿਪੁਨਿ ਜਬਿ ਕਬਿ ਤੂੰ ਲਰੈਂ[6]। ਪੁਰਿ ਘੇਰਾ ਅਬਿ ਦੇਹੁ ਹਟਾਇ। ਕਰਹੁ ਸਕੇਲਨ ਦਲ ਸਮੁਦਾਇ ॥ ੩੬ ॥ ਆਛੀ ਲਾਗਹਿ ਮਸਲਤ ਤੋਰੀ। ਲੇਹੁ ਕਾਲ[7] ਇਸ ਗੜ੍ਹ ਕੌ ਤੋਰੀ। ਅਬਿ ਹੀ ਤੇ ਦਿਹੁ ਤੇਜ ਮਸਾਲੇ। ਮਦ ਪਿਲਾਇ ਕਰਿ ਪ੍ਰਾਤਿ ਬਿਸਾਲੇ ॥ ੩੭ ॥ ਲੇ ਸਗਰੇ ਦਲ ਹੋਹੁ ਪਿਛਾਰੀ। ਸੰਘਾਰਹੁ ਜੋ ਆਇ ਅਗਾਰੀ। ਏਕਤਾਨ[8] ਹੁਇ ਪਹੁੰਚਹੁ ਸਾਰੇ। ਇਮ ਲੀਜਹੁ ਗੜ੍ਹ ਤੋੜਿ ਸੁਖਾਰੇ' ॥੩੮॥ ਪ੍ਰੇਰਯੋ ਕਾਲ[9] ਸਮੀਪ ਮਰਣ ਕੋ। ਕੀਨ ਕੇਸਰੀ ਚੰਦ ਪਰਣ ਕੋ। ਤਯਾਰੀ ਕਰਨਿ ਲਗਯੋ ਕਹਿਲੂਰੀ। ਲਖਹਿ ਕਿ—ਹੋਹਿ ਲਾਲਸਾ ਪੂਰੀ— ॥ ੩੯ ॥ ਜਹਿਂ ਕਹਿਂ ਡੇਰਨਿ ਮਹਿਂ ਨਰ ਫੇਰਾ। 'ਇਕਠੇ ਹੋਹਿ ਤਯਾਰ ਦਿਹੁ ਘੇਰਾ। ਹੇਲਾ ਕਰਹਿਂ ਬਨਹਿ ਸੁਖਦਾਈ। ਲੇਹੁ ਲੋਹ-ਗੜ੍ਹ ਕੌ ਛੁਟਵਾਈ ॥ ੪੦ ॥ ਪਾਛੇ ਸਭਿ ਸੁਖੈਨ ਹੁਇ ਜਾਈ। ਗੁਰ ਗੋਬਿੰਦ ਸਿੰਘ ਦੇਹੁ ਪਲਾਈ'। ਸਭਿ ਮਹਿ ਪ੍ਰਗਟ ਭਈ ਇਹ ਮਸਲਤ। 'ਹੋਤਿ ਪ੍ਰਾਤਿ ਕੋ ਲੇਹਿਂ ਦੁਰਗ ਹਤਿ' ॥ ੪੧ ॥ ਨਿਜ ਨਿਜ ਸਿਵਰ ਗਏ ਸਭਿ ਰਾਜੇ। ਚਿਤਵਤਿ ਜਾਤਿ ਜੰਗ ਕੇ ਕਾਜੇ।—ਸੰਘਰ ਅੰਤ[10] ਹੋਇ ਹੈ ਪ੍ਰਾਤੀ।

[1]ਭਾਵ ਗਊ.ਨੂੰ ਲੱਤ ਮਾਰਨ ਦਾ ਦੋਸ਼। [2]ਭਾਵ ਵੇਦ ਵਿਦਿਆ ਪੜ੍ਹਨ ਤੋਂ ਹਟਾਉਣ ਦਾ ਦੋਸ਼। [3](ਕਿਸੇ) ਸਤੀ ਦਾ ਪਤਿਬ੍ਰਤ ਭੰਗ ਕਰ ਦੇਵੇ, ਉਹ ਦੋਸ਼। [4]ਜੇ ਲੋਹਗੜ੍ਹ ਉਪਰ ਚੱਲਣੋਂ ਮੈਂ ਮੂੰਹ ਫੇਰਾਂ ਤਾਂ। [5]ਇਤਨਾ ਹੀ ਫਰਕ ਹੈ ਕਿਹੜਾ ਨਹੀਂ ਜਾਣਦਾ। [6]ਤੂੰ (ਕੋਈ) ਹੁਣ ਹੀ ਤਾਂ ਪੁਰਸ਼ਾਰਥ ਨਹੀਂ ਕਰਨ ਲਗਾ ਤੂੰ ਜਦ ਕਦੇ ਲੜਿਆ ਹੈਂ ਵੈਰੀ ਮਾਰਦਾ ਰਿਹਾ ਹੈਂ। [7]ਕੱਲ ਨੂੰ। [8]ਇਕ ਬਲ। [9]ਕਾਲ ਦੇ ਪ੍ਰੇਰੇ ਹੋਏ। [10]ਅੰਤਲਾ ਜੁੱਧ। (ਅ) ਜੰਗ ਦਾ ਅੰਤ।

Sri Satguru Jagjit Singh Ji eLlibrary NamdhariElibrary@gmail.com

ਪ੍ਰਾਪਤਿ ਜੈ ਕਿ ਪਰਾਜੈ ਬਾਤੀ[1]—॥ ੪੨ ॥ ਡੇਰੇ ਗਯੋ ਕੇਸਰੀ ਚੰਦ । ਪਿਖਿ ਹਾਥੀ ਕੋ ਗਰਬ ਬਿਲੰਦ । ਗਿਰ ਕੋ ਸ਼੍ਰਿੰਗ ਮਨੋ ਬਲ ਭਾਰੀ । ਖਰੋ ਝੂਲਤੋ ਬਲ ਬਹੁ ਧਾਰੀ ॥ ੪੩ ॥ ਤਵੇ ਪੁਲਾਦੀ ਢਾਲ ਬਿਸਾਲਾ । ਲਏ ਸਕੇਲ ਅਨਾਇ ਉਤਾਲਾ । ਸਾਰ ਬਾਰਨੀ ਬਹੁਤ ਮੰਗਾਈ । ਅਪਰ ਵਸਤੁ ਆਨੀ ਸਮੁਦਾਈ ॥ ੪੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਕੇਸਰੀਚੰਦ ਪ੍ਰਣ ਕਰਨ' ਪ੍ਰਸੰਗ ਬਰਨਨੰ ਨਾਮ ਇਕ ਬਿੰਸਤੀ ਅੰਸੂ ॥ ੨੧ ॥

## ੨੨. [ਦੁਨੀਚੰਦ ਨੇ ਡਰ ਜਾਣਾ] ।

ਦੋਹਰਾ ॥ ਲਰਤਿ ਚੁਗਿਰਦੇ ਮੋਰਚੇ[2] ਉਠਨਿ ਲਗੇ ਜਿਸ ਕਾਲ । ਜ੍ਵਾਲਾ-ਬਮਣੀ ਖਾਲਸੇ ਕਸਿ ਕਸਿ ਤਜੀ ਉਤਾਲ ॥ ੧ ॥ ਚੌਪਈ ॥ ਤਜਿ ਤਜਿ ਮੁਰਚਾ ਭਾਜੇ ਜਨੈਂ ਜਨੈਂ । ਕਸਿ ਕਸਿ ਤੁਪਕ ਪ੍ਰਹਾਰੈਂ ਤਨੈਂ ਤਨੈਂ । ਲਗਿ ਲਗਿ ਗੁਲਕਾਂ ਘਾਇਲ ਹੋਏ । ਘਾਵ ਕੁਥਾਇ ਕਿਤਿਕ ਮਰਿ ਸੋਏ ॥ ੨ ॥ ਪਹੁੰਚਹਿ ਸਿੰਘ ਲੂਟਹਿ ਹੱਥਯਾਰਹਿ । ਜਿਯਤਿ ਮਿਲਹਿ ਕਟੀਆ ਕਰਿ ਡਾਰਹਿ । ਗਈ ਗੁਰੂ ਢਿਗ ਸੁਧਿ ਤਬਿ ਸਾਰੀ । 'ਤਜਿ ਤਜਿ ਮੁਰਚੇ ਜਾਤਿ ਪਹਾਰੀ ॥੩॥ ਬਡੋ ਮੋਰਚੋ ਹੈਂ ਜਿਸ ਥਾਨਾ । ਤਹਿ ਤਹਿ ਥਿਰੇ ਬਨੇ ਸਵਧਾਨ ॥ ਘੇਰਾ ਦਯੋ ਪੁਰੀ ਕੋ ਫੇਰਿ । ਘਾਲ ਲੋਹਗੜ੍ਹ ਓਰਹਿ[3] ਜ਼ੋਰ' ॥੪॥ ਇਤਨੇ ਮਹਿ ਚੌਪ ਜੁ ਹਲਕਾਰਾ[4] । ਗੁਰ ਢਿਗ ਆਇ ਬ੍ਰਿਤੰਤ ਉਚਾਰਾ । 'ਪ੍ਰਭੁ ਜੀ! ਅਹੈ ਵਹਿਰ ਸੁਧਿ ਜੈਸੀ । ਸੁਨੀ ਪਿਖੀ ਮੈਂ ਕਹਿ ਹੌਂ ਤੈਸੀ ॥ ੫ ॥ ਰਾਤਿ ਮੋਰਚਾ ਮਾਰਨੋ ਜਬੈ । ਭੀਮਚੰਦ ਦੁਖ ਝੂਰਨੋ ਤਬੈ । ਰਾਜੇ ਸਕਲ ਹਕਾਰਿ ਸਕੇਲੇ । ਸਮੇਂ ਰਸੋਈ ਕੇ ਜਬਿ ਮੇਲੇ[5] ॥੬॥ ਸਭਿ ਮਹਿਂ ਕਹ੍ਯੋ ਮਨੋਰਥ ਆਪਨਿ । ਲਸ਼ਕਰ ਹੋਇ ਬਿਲੰਦ ਬਿਖ੍ਯਾਪਨ[6] । ਸਰਬ ਸਭਾ ਮਹਿ ਗਰਬ ਬਖਾਨਾ । ਪਰਣ ਕੇਸਰੀ ਇਸ ਬਿਧਿ ਠਾਨਾ ॥ ੭ ॥—ਹੋਤ ਪ੍ਰਾਤਿ ਕੋ ਹਾਥੀ ਪੇਲੌਂ । ਦਲ ਕੇ ਸਕਲ ਸੁਭਟ ਸੰਗ ਮੇਲੌਂ । ਦ੍ਵਾਰ ਲੋਹਗੜ੍ਹ ਕੋ ਤੁੜਵਾਵੌਂ । ਨਤੁ ਰਾਜਨ ਮਹਿ ਮੁਖ ਨ ਦਿਖਾਵੌਂ ॥ ੮ ॥ ਘੇਰਾ ਦੇਹੁ ਫੇਰ ਪੁਰਿ ਕੇਰਾ । ਪਰਹਿ ਲੋਹਗੜ੍ਹ ਜੰਗ ਬਡੇਰਾ—। ਤੁਮ ਸਮਰਥ ਚਾਹਹੁ ਤਿਮ ਕਰਹੁ । ਚੋਟੀ ਤੇ ਕੁੰਚਰ ਕੋ ਦਰਹੁ ॥ ੯ ॥ ਤਊ ਬਿਚਾਰੌਂ ਗਜ ਕੇ ਆਵਨਿ । ਤਿਸ ਕੇ ਚਹੀਯਤਿ ਜਤਨ ਬਨਾਵਨਿ । ਨਤੁ ਦ੍ਵਾਰੇ ਕੋ ਮਸਤਕ ਮਾਰਹਿ । ਗਾਢੇ ਖੜੇ ਕਪਾਟ ਉਖਾਰਹਿ

[1] ਜਾਂ ਹਾਰ (ਇਕ) ਗਲ ਦੀ ਪ੍ਰਾਪਤੀ ਹੋ ਜਾਏਗੀ । [2] ਮੋਰਚਿਆਂ ਤੋਂ । [3] ਤਰਫ । [4] ਸੂੰਹੀਆਂ । [5] ਹੋਏ । [6] ਨਾਸ਼ ਹੁੰਦਾ ਹੈ (ਸਾਡਾ) [ਵਿ+ਖਾਪਨ=ਬਹੁਤ ਖਪਦਾ ਹੈ] ।

॥ ੧੦ ॥ ਮਹਾਂ ਬਲੀ ਹੈ ਮਸਤ ਸਦਾਈ । ਦ੍ਰਿੜ੍ਹ ਤਰੁ[1] ਟੱਕਰ ਮਾਰਿ ਗਿਰਾਈ। ਤਿਹ ਸਮ ਗਜ ਬਲਵੰਤ ਨ ਔਰ । ਸ਼ਾਹੁ ਆਦਿ ਜੋ ਨ੍ਰਿਪਤਨਿ ਠੌਰ[2]॥੧੧॥ਮਹਾਰਾਜ ਸੰਧ੍ਯਾ ਅਬਿ ਹੋਈ।ਕਰਹੁ ਜਤਨ ਨਿਸ ਮਹਿ ਅਸ ਕੋਈ । ਜਿਤ ਤੇ ਦ੍ਵਾਰ ਨਹੀਂ ਗਜ ਆਵੈ। ਲਾਖਹੁ ਸੁਭਟ ਪਿਛਾਰੀ ਧਾਵੈਂ" ॥ ੧੨ ॥ ਸੁਨਿ ਸਤਿਗੁਰ ਘਟਿਕਾ ਲਗਿ ਮੌਨ । ਜਿਨ ਕੇ ਮਨ ਕਿਸ ਕੋ ਕਬਿ ਭੌ ਨ। ਚਿੰਤਮਾਨ ਸਗਰੇ ਹੁਇ ਗਏ।ਭੀਲ ਬਲੀ ਬਡ ਜਾਨਤਿ ਭਏ ॥੧੩॥ਗੁਰ ਕਰੁਨਾ ਬਿਨ ਅਰੈ ਨ ਕੋਈ।ਸ਼ਸਤ੍ਰ ਘਾਵ ਜਿਸਕੇ ਨਹਿਂਹੋਈ। ਲੋਹੇ ਸੰਗ ਮਢ੍ਯੋ ਤਨ ਜੋਇ । ਕਹਾਂ ਘਾਵ ਕੋ ਜਾਨਹਿ ਸੋਇ ॥੧੪॥ ਥਿਰੇ ਸਿੰਘ ਗੁਰ ਕੋ ਚਹੁੰਫੇਰੇ ।–ਕਹੈਂ ਕਹਾਂ–ਸਗਰੇ ਮੁਖ ਹੇਰੇ[3]। ਚਿਤਵਹਿ ਦੀਰਘ ਏਵ ਉਪਾਇ। ਜਿਸ ਤੇ ਦੁਰਦ ਨਿਵਾਰ੍ਯੋ ਜਾਇ॥੧੫॥ਦੁਨੀਚੰਦ ਇਤਨੇ ਮਹਿਂ ਆਯੋ । ਲੰਬੋਦਰ ਤਬਿ ਥੁਲ[4] ਦਿਸਾਯੋ । ਬਡੋ ਜੁਗਮ ਭੁਜ-ਦੰਡ ਪ੍ਰਚੰਡੋ । ਤਿਮ ਛਾਤੀ ਆਯਤ ਬਰ ਬੰਡੋ[5]॥ ੧੬ ॥ ਦੀਰਘ ਬਦਨ* ਸ਼ਮਸ ਬਡ ਸੇਤ। ਕਟ ਕਸਿ ਧੋਤੀ ਬਨ੍ਯੋ ਸੁਚੇਤ। ਸੁਨਿ ਕਰਿ 'ਭੋਰ ਹੋਇ ਹੈ ਹੇਲਾ । ਮਸਤ ਮਤੰਗ ਅੱਗ੍ਰ ਦੈ ਪੇਲਾ[6]' ॥ ੧੭ ॥ ਜਤਨ ਬਨਾਵਨਿ ਸੁਨਿਬੇ ਕਾਰਨ[7] । ਆਯੋ ਪ੍ਰਭੁ ਕੋ ਕਰਨੇ ਨਿਹਾਰਨ।ਦੋਨਹੁਂ ਜੰਘ ਦੀਰਘਾ ਭਾਰੀ । ਗਰ ਸ਼ਮਸ਼ੇਰ ਬਿਸਾਲੀ ਧਾਰੀ ॥ ੧੮ ॥ ਗੁਰ ਸੰਗਤਿ ਮਹਿ ਨਿਤ ਬਿਚਰੰਤਾ । ਸਦਾ ਤਿਹਾਵਲ ਤੇ ਤ੍ਰਿਪਤੰਤਾ । ਗਨ ਸਿੱਖਨ ਪਰ ਹੁਕਮ ਕਰੰਤਾ । ਗੁਰ ਕੀ ਕਾਰ ਲੇਤਿ ਧਨਵੰਤਾ ॥ ੧੯ ॥ ਸਾਲ੍ਹੋ ਸੁਤ ਮਸੰਦ ਕੋ ਨੰਦਨ । ਜਿਨ ਕੋ ਕਰਹਿਂ ਹਜ਼ਾਰਹੁ ਬੰਦਨ । ਨਿਤ ਭੋਗਤਿ ਸੁਖ ਰਹ੍ਯੋ ਘਨੇਰੇ । ਸ੍ਰੀ ਅੰਮ੍ਰਿਤਸਰ ਬਾਸ ਬਡੇਰੇ ॥ ੨੦ ॥ ਆਵਤਿ ਕੋ ਅਵਿਲੋਕਿ ਕ੍ਰਿਪਾਲਾ।ਮੁਸਕਾਵਤਿ ਬੋਲੇ ਤਿਸ ਕਾਲਾ।'ਕਹਾ ਰਾਜਨ ਕੋ ਮਸਤ ਮਤੰਗ। ਕਹਾਂ ਅਧਿਕ ਤਿਸ ਕੇ ਬਲਿ ਅੰਗ ॥ ੨੧ ॥ ਗੁਰ ਘਰ ਦੁਨੀਚੰਦ ਬਡ ਹਾਥੀ । ਇਸਹਿ ਲਰਾਵਹਿਂਗੇ ਤਿਸ ਸਾਥੀ । ਮਹਾਂ ਮਸਤ ਇਹ ਗੁਰ ਬਲ

[1](ਵਡੇ) ਪੱਕੇ ਬ੍ਰਿੱਛਾਂ ਨੂੰ । [2]ਬਾਦਸ਼ਾਹ ਅਤੇ ਰਾਜਿਆਂ ਦੀ ਥਾਂ ਵਿਚ ਨਹੀਂ ਹੈ (ਐਸਾ ਹਾਥੀ) । [3]ਸਾਰੇ ਗੁਰਾਂ ਦੇ ਮੂੰਹ ਵਲ ਤੱਕਦੇ ਹਨ (ਕਿ ਦੇਖੀਏ) ਕੀਹ ਫੁਰਮਾਉਂਦੇ ਹਨ । [4]ਵਡਾ ਪੇਟ ਤੇ ਮੋਟਾ (ਸਰੀਰ) । [5]ਚੌੜੀ ਤੇ ਬਲ ਵਾਲੀ । [6]ਮਸਤ ਹਾਥੀ ਨੂੰ ਅੱਗੇ ਧੱਕਣਾ ਹੈ (ਪਹਰੀਆਂ ਨੇ)। [7](ਹਾਥੀ ਨੂੰ ਧੱਕਣ ਦਾ) ਜਤਨ ਬਣਦਾ ਸੁਣਨ ਲਈ ।

*ਇਹ ਸੂਰਮਾਂ ਸੀ ਕਸਰਤ ਨਾਲ ਮੋਟਾ ਹੋਇਆ ਸੀ, ਚਰਬੀ ਵਧਣ ਕਰਕੇ ਪੋਲ-ਮਾਸੀਆ ਨਹੀਂ ਸੀ । ਮਜ਼ਬੂਤੀ ਦੇ ਕਾਰਨ ਹੀ ਸਤਿਗੁਰ ਨੇ ਇਸ ਨੂੰ ਵੰਗਾਰਿਆ ਸੀ ।

Sri Satguru Jagjit Singh Ji eLlibrary NamdhariElibrary@gmail.com

ਪਾਇ। ਅਰਿਬੇ ਦੇਹਿ ਨ, ਲੇਹਿ ਧਕਾਇ[1] ॥੨੨॥ ਦੁਰਦ ਕੇਸਰੀ[2] ਕੀਟੀ ਸਮ ਹੈ। ਇਹ ਗਜਰਾਜ ਬਨਹਿ ਤਿਸ ਜਮ ਹੈ[3]। ਛਿਨ ਮਹੁਂ ਕਰਹਿ ਸੰਭਾਲਨਿ[4] ਬਲੀ। ਧਰਹਿ ਸਹਾਇ ਖਾਲਸਾ ਭਲੀ[5] ॥ ੨੩ ॥ ਸਤਿਗੁਰ ਤੇ ਸੁਨਿ ਕੈ ਸਮੁਦਾਇ। ਰਹੇ ਮੋਨ ਨਹਿ ਬਾਕ ਅਲਾਇ। ਦੁਨੀਚੰਦ ਕੋ ਬਦਨ ਪਰੇਖਾ। ਗਤਿ ਉਤਸਾਹ ਸਭਿਹਿ ਤਬਿ ਦੇਖਾ[6]॥੨੪॥ ਕਲਗੀਧਰ ਕਹਿ ਕਰਿ ਇਮ ਬਚਨ। ਜਾਇ ਪ੍ਰਵੇਸ਼ੇ ਸੁੰਦਰ ਸਦਨ। ਅਪਰ ਸਰਬ ਉਠਿ ਉਠਿ ਕਰਿ ਗਏ। ਅਪਨੇ ਅਪਨੇ ਥਲ ਥਿਰ ਥਏ ॥ ੨੫ ॥ ਦੁਨੀਚੰਦ ਸੁਨਿ ਜਨੁ ਮਰਿ ਗਯੋ। ਕਹਿਬੇ ਬਾਕ ਸਮਰਥ ਨ ਭਯੋ। ਹੌਲ ਉਠਯੋ ਦਿਲ ਧੀਰਜ ਹਾਰੀ। ਗਮਨਯੋ ਅਪਨੇ ਸਿਵਰ ਮਝਾਰੀ ॥ ੨੬ ॥ ਸ਼ੁਸ਼ਕ ਓਠ ਪਰ ਜਿਹਵਾ ਫੇਰਤਿ। ਧਿਯਰੀ ਧਰੀ[7] ਨ ਕਿਸ ਦਿਸ਼ਿ ਹੇਰਤਿ। ਦੀਰਘ ਸ੍ਵਾਸ ਲੇਤਿ ਚਿਤ ਚਿੰਤਾ। -ਇਹ ਕਥਾ ਗੁਰੂ ਕਰਯੋ ਬਿਰਤੰਤਾ-॥੨੭॥ ਤ੍ਰਾਸ ਬਿਸਾਲ ਮਰਨਿ ਕੋ ਭਯੋ। ਬਿਨ ਹੀ ਮਾਰੇ ਜਨੁ ਮਰਿ ਗਯੋ। ਚਿਤ ਸੋਚਤਿ ਚਿੰਤਾ ਪਰ ਗਈ। ਅੰਧੇਰੀ ਨਿਸ ਪ੍ਰਾਪਤਿ ਭਈ ॥ ੨੮ ॥ ਚਿਤਵਹਿ -ਜਤਨ-ਬਚੌਂ ਕਿਸ ਦਾਇ। ਪ੍ਰਾਤਿ ਹੋਤਿ ਮੁਝ ਦੇਂ ਚਿਰਵਾਇ। ਜਾਮਨਿ ਬਿਖੈ ਕਛੂ ਬਨਿ ਆਵੈ। ਜੋ ਸ੍ਰੀ ਨਾਨਕ ਪ੍ਰਾਨ ਬਚਾਵੈਂ॥੨੯॥ ਚਲੌਂ ਪਲਾਇਨ ਹ੍ਵੈ ਨਿਜ ਦੇਸ਼। ਬਚਿਬੇ ਜਤਨ ਨ ਔਰ ਬਿਸ਼ੇਸ਼। ਸਰਬ ਸਿੰਘ ਭੀ ਹੈਂ ਦੁਖਦੈਤੇ। ਕਹੌਂ ਸਭਿਨਿ ਜੋ ਸਾਥ ਚਲੈਂਤੇ-॥੩੦॥ ਪੂਰਬ ਦਯਾ ਸਿੰਘ ਕੇ ਪਾਸ। ਪਹੁੰਚਯੋ ਕਰਯੋ ਬ੍ਰਿਤੰਤ ਪ੍ਰਕਾਸ਼। 'ਕਹਾਂ ਕਰੀ ਗੁਰ ਰਣ ਕੀ ਕਾਰ। ਸਿਖ ਸੰਗਤਿ ਨਿਤ ਪ੍ਰਤਿ ਬਹੁ ਗਾਰ[8] ॥ ੩੧ ॥ ਸਭਿਨਿ ਸੰਗ ਕਰਿ ਮਹਿਦ ਬਖੇਰਾ। ਕਾਜ ਬਿਗਾਰਤਿ ਬਡਹੁ ਬਡੇਰਾ। ਹੋਤਿ ਪ੍ਰਾਤਿ ਕੋ ਢੋਵਹਿਂ ਹਾਥੀ। ਲਾਖਹੁ ਸੁਭਟਨਿ ਆਯੁਧ ਸਾਥੀ ॥ ੩੨ ॥ ਮੇਰੀ ਬਾਤਿ ਕਹਾਂ ਜੋ ਮਰਯੋ। ਕਤਲ ਸਕਲ ਹ੍ਵੈ ਹੈਂ ਇਮ ਡਰਯੋ। ਅਬਿ ਸਭਿ ਮਿਲਿ ਕਰਿ ਮਸਲਤ ਕੀਜੈ। ਪ੍ਰਿਥਮ ਪ੍ਰਾਤਿ ਤੇ ਸੰਧੀ ਕੀਜੈ[9] ॥੩੩॥ ਭੀਮਚੰਦ ਢਿਗ ਦੂਤ ਪਠੀਜੈ। ਸੰਘਰ ਹੋਤਿ ਸ਼ਾਂਤਿ ਬਰਤੀਜੈ[10]। ਇਮ ਗੁਰ ਮਾਨਹਿ ਤੌ ਢਿਗ

[1]ਅੜਨ ਨਹੀਂ ਦੇਣ ਲਗਾ ਧੱਕ ਲੈ ਜਾਵੇਗਾ। [2]ਕੇਸਰੀ ਚੰਦ ਦਾ ਹਾਥੀ। [3]ਤਿਸ ਦੀ ਮੌਤ ਰੂਪ। [4]ਸੰਭਾਲ ਲਏਗਾ। [5]ਭਲੀ ਤਰ੍ਹਾਂ। [6]ਉਸ ਦਾ ਉਤਸਾਹ ਤਦੋਂ ਨਾਸ਼ ਹੋ ਗਿਆ ਸਭਨਾਂ ਨੇ ਡਿੱਠਾ। [7]ਪੀਲੱਤਣ ਫਿਰ ਗਈ। [8]ਬਹੁਤੇ ਗਾਲ ਸੁਟੇ ਨੇ ਭਾਵ ਨਾਸ਼ ਕੀਤੇ ਨੇ। [9]ਮੇਲ ਕਰ ਲਓ (ਭੀਮ ਚੰਦ ਨਾਲ)। [10]ਜੰਗ ਹੋਣ ਤੋਂ ਸ਼ਾਂਤ ਵਰਤਾਓ।

Sri Satguru Jagjit Singh Ji eLlibrary NamdhariElibrary@gmail.com

ਰਹੀਅਹਿ। ਨਤੁ ਨਾਹਕ ਕਨੌਂ ਪ੍ਰਾਨ ਗਵਈਅਹਿ' ॥ ੩੪ ॥ ਦਯਾ ਸਿੰਘ ਭਰਮਯੋ ਤਿਸ ਜਾਨਯੋਂ। ਤਿਹ ਧੀਰਜ ਦੇ ਬਾਕ ਬਖਾਨਯੋਂ। 'ਗੁਰ ਸਰਬੱਗਯ ਭਲੀ ਸਭਿ ਕਰੈਂ। ਹੋਨਹਾਰ ਸੋਈ ਚਿਤ ਧਰੈਂ ॥ ੩੫ ॥ ਤਰਕ ਨ ਤਿਨ ਕੀ ਕ੍ਰਿਤ ਮਹਿ ਬਨੈ। ਰਹੁ ਅਨੁਸਾਰੀ ਆਨੰਦ ਸਨੈ। ਹੁਕਮ ਕਰਹਿ ਸੋ ਮਾਨਹੁ ਭਲੋ। ਜਿਮ ਤੋਰਹਿਂ ਮਗ ਤਿਮ ਹੀ ਚਲੋ' ॥ ੩੬॥ ਇਮ ਸੁਨਿ ਉਠਿ ਅਪਰਨਿ ਢਿਗ ਗਯੋ।ਇਸ ਬਿਧਿ ਹੀ ਸੋਂ ਭਾਖਤਿ ਭਯੋ।ਧਰਮ ਸਿੰਘ ਸਾਹਿਬ ਸਿੰਘ ਪਾਸੀ। ਮੁਹਕਮ ਸਿੰਘ ਸਮੀਪ ਪ੍ਰਕਾਸ਼ੀ ॥ ੩੭ ॥ ਪੰਚਹੁੰ ਮੁਕਤੇ ਸਿੰਘ ਜੁ ਬੀਰ। ਭੇਦ ਕਰਨ[੧] ਭਾਖਹਿ ਸਭਿ ਤੀਰ। 'ਆਛੀ ਬਾਤ ਮੇਲ ਕਰਿਵਾਵਹੁ। ਨਾਂਹਿਤ ਗੁਰ ਕੋ ਤ੍ਯਾਗਿ ਪਲਾਵਹੁ ॥ ੩੮ ॥ ਹੋਤਿ ਪ੍ਰਭਾਤਿ ਨ ਬਾਚਯੋ ਜਾਇ[੨]। ਅਬਿ ਕਰੀਯਹਿ ਬਨ ਜਾਇ ਉਪਾਇ। ਲੇਨਿ ਦੇਨਿ ਰਾਜਨ ਸੰਗ ਨਾਂਹੀ।ਕਨੌਂ ਨਾਹਕ ਮਰੀਅਹਿ ਰਣ ਮਾਂਹੀ'॥੩੯॥ਪੁਨ ਉਠਿ ਉਦੇ ਸਿੰਘ ਕੇ ਡੇਰੇ। ਗਮਨਯੋਂ ਤ੍ਰਾਸਤਿ ਰਿਦੇ ਬਡੇਰੇ।ਚਿੰਤਾ ਅਪਨੀ ਸਕਲ ਪ੍ਰਕਾਸ਼ੀ। 'ਕਹਾਂ ਸਹੇਰੀ ਅਪਨਿ ਬਿਨਾਸ਼ੀ[੩] ॥੪੦॥ ਅਬਿ ਲੌ ਕਰਿ ਕਰਿ ਓਜ ਬਿਸਾਲਾ। ਬਲ ਬੁਧਿ ਛਲ ਕਰਿ ਸ਼ੱਤ੍ਰੁ ਨ ਝਾਲਾ। ਸਾਧਸਾਧ[੪] ਤੌ ਕਹੁ ਸਭਿ ਭਾਂਤੀ। ਅਰਯੋ ਜਹਾਂ ਕਹਿਂ, ਹਤੇ ਅਰਾਤੀ ॥ ੪੧ ॥ ਆਇ ਭਈ ਅਬਿ ਘਾਤ ਕੁਫੇਰੀ। ਬਚਹਿਂ ਸਕਲ, ਜੇ ਲਿਹੁ ਮਤਿ ਮੇਰੀ। ਨਤੁ ਹੁਇ ਭੋਰ, ਪਰੈ ਘਮਸਾਨਾ। ਢੈਇ ਜਥਹਿ ਹਾਥੀ ਮਸਤਾਨਾ ॥੪੨॥ ਮੁਹਿ ਮਾਰੇ ਪੂਰਬ ਬਿਨ ਆਈ[੫]। ਪੁਨ ਤਿਮ ਹੀ ਸਭਿ ਸੀਸ ਬਿਹਾਈ[੬]। ਗੜ੍ਹ ਟੂਟੇ ਪੁਨ ਬਚੈ ਨ ਕੋਈ। ਲਾਖਹੁ ਸੁਭਟ ਖੜਗ ਰਣ ਹੋਈ ॥ ੪੩॥ ਇਮ ਬਿਚਾਰ ਤੇਰੇ ਢਿਗ ਮਿਲਾ। ਗੁਰੁ ਸਮੁਝਾਇ ਲੇਹੁ ਅਬਿ ਭਲਾ। ਕਹਯੋ ਜੁ ਹਮਰੋ ਮਾਨਹਿ, ਮਿਲੀਐ। ਨਤੁ ਤਜਿ ਦੇਸ਼ ਆਪਨੇ ਚਲੀਐ ॥ ੪੪ ॥ ਕਹਾਂ ਇਕਾਕੀ ਗੁਰ ਕਰਿ ਲੈਂਗੇ। ਸਿਖ ਸੰਗਤਿ ਬਿਨ ਕਹਾਂ ਲਰੈਂਗੇ। ਯਾਂਤੇ ਮਿਲਿ ਸਗਰੇ ਜੇ ਕਹੋ। ਸਿੰਧਿ ਕਰਹੁ ਜੀਵਤਿ ਬਚ ਰਹੋ' ॥ ੪੫ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਦੁਨੀ ਚੰਦ' ਪ੍ਰਸੰਗ ਬਰਨਨੰ ਨਾਮ ਦ੍ਵਿ ਬਿੰਸਤੀ ਅੰਸੂ ॥ ੨੨ ॥

## ੨੩. [ਦੁਨੀਚੰਦ ਨੇ ਨੱਸ ਜਾਣਾ]।

ਦੋਹਰਾ ॥ ਉਦੇ ਸਿੰਘ ਜਾਨਯੋਂ ਭਲੇ—ਕਾਤੁਰ ਭਯੋ ਮਸੰਦ। ਤ੍ਰਾਸ ਕਰਤਿ ਹੈ

---

[੧] (ਸਿੰਘਾਂ ਨੂੰ ਸ੍ਰੀ ਗੁਰੂ ਜੀ ਤੋਂ) ਪਾੜਨ ਲਈ। [੨] ਸਵੇਰ ਹੋਣ ਤੇ ਭਾਵ ਕੱਲ ਬਚਿਆ ਨਹੀਂ ਜਾਣਾ। [੩] ਅਸਾਂ ਆਪਣਾ ਵਿਨਾਸ ਕਿੱਥੋਂ ਸਹੇੜ ਲਿਆ ਹੈ। [੪] ਸ਼ਾਬਾਸ਼। [੫] ਬਿਨਾਂ ਮੌਤ ਆਈ ਤੋਂ। [੬] ਫਿਰ ਤਿਵੇਂ ਹੀ ਸਾਰਿਆਂ ਦੇ ਸਿਰਾਂ ਉਤੇ ਗੁਜ਼ਰੇਗੀ।

ਮਰਨ ਤੇ ਰਹਤਿ ਪਲਾਧੋ ਮੰਦ—॥੧॥ਚੌਪਈ॥ਧੀਰਜ ਦੇਨਿ ਹੇਤੁ ਸੋ ਬੋਲਾ। 'ਦੁਨੀਚੰਦ ਕਸ ਉਠਿ ਮਨ ਹੌਲਾ[1]। ਪੁਸ਼ਤਨਿ ਚਲੀ ਮਸੰਦੀ ਆਈ।ਗੁਰ ਘਰ ਤੇ ਨਿਜਪਰਵ੍ਰਿਸ਼ ਪਾਈ॥੨॥ਸੁਖਦੁਖ ਭੋਗਨਿ ਇਨਕੇ ਸਾਥ।ਹਮ ਤੁਮ ਕੋ ਉਚਿਤੈ ਧਰਿ ਮਾਥ।ਸਿੰਗ ਮਤੰਗ ਜਿ ਤੋਹਿ ਲਰਾਵਹਿ।ਤਉ ਕੇਹਰਿ ਬਲ ਤੋਹਿ ਬਨਾਵਹਿ॥੩॥[2]ਤੁਝ ਮਰਾਇ ਕਰਿ ਅਪਨਿ ਪਰਾਜੈ।ਕਿਮ ਪ੍ਰਭੁ ਕਰਹਿਂ ਨਿਬਾਹਹਿਂ ਲਾਜੈ।ਤੂੰ ਹਾਥੀਕੋ ਮਾਰਹਿ ਜਬੈ।ਅਧਿਕ ਬਡਾਈ ਪੈਹਹਿਂ ਤਬੈ ॥੪॥ਅਪਨੋ ਕਾਜ ਬਨਾਵਹਿ ਆਪੂ।ਤੋਹਿ ਬਧਾਵਹਿਂ ਘਨੋ ਪ੍ਰਤਾਪੂ। ਸਾਹਿਬ ਕਾਮ ਪਰਹਿ ਜਬਿ ਆਇ। ਇਕ ਸੇਵਕ ਪਰ ਥਿਰ ਸਮੁਦਾਇ[3] ॥ ੫ ॥ ਲਾਖਨ ਮਹਿਂ ਜਬਿ ਏਕ ਬੁਲਈਅਹਿ।ਸਫਲ ਬਡਾਈ ਕੋ ਤਬਿ ਪਈਅਹਿ। ਜਾਨਹਿਂ ਸੇਵਕ ਨਿਜ ਕੋ ਧੰਨ। 'ਤਨ ਮਨ ਤੇ ਪਤਿ[4] ਕਰਹਿ ਪ੍ਰਸੰਨ' ॥ ੬ ॥ ਸੁਨਿ ਕਰਿ ਦੁਨੀਚੰਦ ਪੁਨ ਕਹਯੋ। 'ਹਿਤ ਸਭਿ ਕੋ ਤੈਂ ਕਯੋਂਹੁ ਨ ਲਹਯੋ। ਭਲੀ ਦੇਹਿ ਮੋਕਉ ਵਡਿਆਈ।ਦੁਰਦ ਬਲੀ ਜਬਿ ਚੀਰ ਬਗਾਈ ॥ ੭ ॥ ਬਿਨ ਆਈ ਮੁਝ ਕਰੈ ਪ੍ਰਹਾਰੇ। ਮਰਿ ਹੌਂ ਇਹਾਂ ਭ੍ਰਾਂਗ ਕੈ ਭਾਰੇ[5]। ਜਸੁ ਪ੍ਰਾਪਤਿ ਮੋਰੇ ਕਿਸ ਕਾਜਾ। ਜਬਿ ਮਾਰਹਿ ਦਲ ਮਲ ਗਜਰਾਜਾ[6] ॥ ੮ ॥ ਇਨ ਕੋ ਪਿਤਾ ਸ਼ਾਂਤਿ ਚਿਤ ਹੋਵਾ। ਇਨ ਸਮ ਉੱਗ੍ਰ ਨ ਕੋ ਗੁਰ ਜੋਵਾ। ਜਬਿ ਨਿਜ ਤਨ ਮੈਂ ਬਲ ਕੁਛ ਲਹਯੋ।ਨਿਤ ਉਤਪਾਤਿ ਕਰਤਿ ਹੀ ਰਹਯੋ ॥ ੯ ॥ ਸ਼ਿਰਮੌਰ[7] ਕੇ ਦੇਸ਼ ਲਰਾਈ। ਸਭਿ ਰਾਜਨ ਸੰਗ ਬਿਗਰਯੋ ਜਾਈ। ਰਾਮਰਾਇ ਕੇ ਹਤੇ ਮਸੰਦ। ਪੁਨ ਆਯੋ ਨਿਜ ਪੁਰੀ ਅਨੰਦ॥੧੦॥ ਲਰਨਿ ਮਰਨਿ ਮਾਰਨ ਤਿਹ ਕਾਮੂ। ਧਰਹਿ ਸ਼ਾਂਤਿ ਚਿਤ ਥਿਰਹਿ ਨ ਧਾਮੂ। ਅਨਿਕ ਬਾਰ ਕਰਿ ਚੁਕਯੋ ਲਰਾਈ। ਸਭਿ ਤੇ ਕਰਹਿ ਹੀਨ ਬਡਿ-ਆਈ[8]' ॥੧੧॥ ਸੁਨਿ ਪੁਨ ਉਦੇ ਸਿੰਘ ਸਮੁਝਾਯੋ। 'ਧੀਰਜ ਧਰਨ ਤੋਹਿ ਬਨਿ ਆਯੋ। ਇਮ ਕਹਿਬੋ ਸਤਿਗੁਰੂ ਸੁਜਾਨੇ[9]।ਉਚਿਤ ਨ ਤੋਕਉ, ਸਮੁ-ਝਹੁ ਸਯਾਨੇ! ॥੧੨॥ ਨਿਪਜਯੋ ਸਾਲੂ ਬੰਸ ਮਝਾਰੀ। ਸ਼ਰਧਾ ਧਰਹੁ ਸਦਾ

---

[1]ਮਨ ਵਿਚ ਹੌਲ ਕਿਉਂ ਉਠਿਆ ਹੈ। [2]ਤੈਨੂੰ ਮਰਵਾਕੇ ਆਪਣੀ ਹਾਰ ( ਕਰਾਵਣੀ ਹੈ, ਇਹ ਗਲ ) ਪ੍ਰਭੂ ਜੀ ਕੀਕੂੰ ਕਰ ਸਕਦੇ ਹਨ, ਭਰੋਸਾ ਰੱਖ ਲਾਜ ਨਿਬਾਹੁਣਗੇ। [3]ਸਾਰੇ ਸੇਵਕਾਂ ਵਿਚੋਂ ਇਕ ਸੇਵਕ ਤੇ [4]ਮਾਲਕ ਨੂੰ। [5]ਭੰਗ ਦੇ ਭਾੜੇ ਭਾਵ ਵਿਅਰਥ। [6]ਹਾਥੀ। [7]ਨਾਹਨ ਸਿਰਮੌਰ (ਪਾਉਂਟਾ ਜਿੱਥੇ ਹੈ)। [8]ਸਾਰਿਆਂ ਤੋਂ (ਆਪਣੀ) ਵਡਿਆਈ ਘਟਵਾ ਰਹੇ ਹਨ। [9]ਇਉਂ ਤੇਰਾ ਸੁਜਾਨ ਸਤਿਗੁਰੂ ਜੀ ਨੂੰ ਕਹਿਣਾ।

Sri Satguru Jagjit Singh Ji eLlibrary NamdhariElibrary@gmail.com

ਉਰ ਭਾਰੀ' । ਕਹਿ ਗੁਰਬਖਸ਼ ਸਿੰਘ:-ਸੁਨਿ ਸ੍ਰੋਤਾ। ਦੁਨੀਚੰਦ ਕੈ ਹੌਲ ਉਦੋਤਾ ॥ ੧੩ ॥ ਉਦੈਸਿੰਘ ਕੋ ਤਜਿ ਤਤਕਾਲਾ। ਮੁਝ ਢਿਗ[1] ਆਯਹੁ ਤ੍ਰਸਤਿ ਬਿਸਾਲਾ। ਬੈਠਯੋ ਨਿਕਟ ਸੁਨਾਵਨਿ ਲਾਗਾ। 'ਦੇਖਹੁ ਹਮ ਨੇ ਕਿਯ ਗੁਰ ਜਾਗਾ[2]॥੧੪॥ਸਗਰੀ ਸੰਗਤਿ ਚਰਨ ਝੁਕਾਈ,। ਸੋ ਅਬਿ ਪੇਸ਼ ਹਮਾਰੇ ਆਈ। ਮਾਝੇ ਕੇ ਸਿਖ ਗਨ ਮੈਂ ਲਯਾਯੋ। ਅਬਿ ਚਾਹਤਿ ਗਜ ਤੇ ਤੁੜਵਾਯੋ ॥ ੧੫ ॥ ਹਮ ਤੁਮ ਅਹੈਂ ਨਜੀਕੀ ਦੋਊ। ਦੁਖ ਮਹਿਂ ਦੁਖੀ ਸੁਖੀ ਸੁਖ ਜੋਊ। ਅਪਦਾ ਪਰੀ ਆਨਿ ਮੁਝ ਭਾਰੀ। ਸੰਗੀ ਬਨਿਕੈ ਲੇਹੁ ਉਬਾਰੀ ॥੧੬॥ ਕੈ ਮਿਲਿ ਜੁੱਧ ਹਟਾਵਨ ਕਰੀਐ ਹੁਇ ਸੰਗ ਭਾਜ ਚਲਿ ਪਰੋ। ਇਸ ਮਹਿ[3] ਗੁਰ ਕੇ ਲੱਛਨ ਕੋਇ ਨ। ਰਹਿ ਸਮੀਪ ਅਵਿਲੋਕੇ ਲੋਇਨ[4] ॥੧੭॥ ਅਬਿ ਕਰਤਾਰਪੁਰੇ ਚਲਿ ਬਰੈਂ।ਧੀਰਮੱਲ ਕੋ ਬਡ ਗੁਰ ਕਰੈਂ। ਸੰਗਤਿ ਸਗਰੀ ਤਹਾਂ ਲਿਜਾਵੈਂ। ਅਨਿਕ ਅਕੋਰਨ ਕੋ ਅਰਪਾਵੈਂ ॥ ੧੮ ॥ ਗੁਰੂ ਕਰਨਿ ਤੌ ਹਮਰੇ ਹਾਥਹਿ। ਜਹਿਂ ਸੰਗਤਿ ਜੁਤਿ ਟੇਕਹਿਂ ਮਾਥਹਿ। ਤਹਿਂ ਹੀ ਚਹੁੰਦਿਸ਼ਿ ਕੇ ਸਿਖ ਆਵੈਂ। ਗੁਰੂ ਜਾਨਿ ਕਰਿ ਸੀਸ ਨਿਵਾਵੈਂ॥੧੯॥ਧੀਰਮੱਲ ਆਗੇ ਬਹੁ ਬਾਰੀ। ਪਠੇ ਸਿੱਖ ਤੁਮ ਸਦਨ ਮਝਾ-ਰੀ।-ਕਲਗ਼ੀ ਜਿਗਾ ਬਾਜ ਪਠਿ ਦੀਜੈ। ਬਡ ਉਪਕਾਰ ਮੋਹਿ ਪਰ ਕੀਜੈ ॥ ੨੦ ॥ ਚਾਹਹੁ ਦਰਬ ਮੋਹਿ ਤੇ ਜੇਤਾ।ਬਿਨਾ ਬਿਲੰਬ ਪਠੌਂ ਅਬਿ ਤੇਤਾ। ਤੁਮ ਘਰ ਤੇ ਮਮ ਬਡਿ ਬਡਿਆਈ। ਬਿਦਤਹਿ ਜਗਤ ਆਇ ਸਮੁ-ਦਾਈ-॥੨੧॥ਸਦਾ ਪ੍ਰਤੀਖਤਿ ਤੁਮ ਕੋ ਸੋਈ।ਨਿਕਸਹੁ ਚਲਹੁ ਮਿਲਹਿ ਅਬਿ ਦੋਈ। ਜੇ ਨ ਕਹਯੋ ਮਾਨਹਿਂ ਅਬਿ ਮੇਰਾ। ਸੁਨੀਅਹਿ ਜਿਮ ਹੁਇ ਕਸ਼ਟ ਬਡੇਰਾ ॥ ੨੨ ॥ ਨਿਸਾ ਬਿਤੇ ਹੋਵਤਿ ਭੁਨਸਾਰਾ। ਛੋਰਹਿ ਮਸਤ ਮਤੰਗ ਉਦਾਰਾ। ਲਾਖਹੁੰ ਸੁਭਟ ਸੰਗ ਲੈ ਰਾਜੇ। ਤੋਰਹਿ ਤੁਰਤ ਆਨਿ ਦਰਵਾਜੇ॥੨੩॥ਜੋ ਸਨਮੁਖ ਹੁਇ ਸੋ ਛਰਿ ਜੈਹੈ।ਦੀਨ ਭਏ ਤੇ ਰਿਪੁ ਗਹਿ ਲੈਹੈਂ। ਕਰਿਕੈ ਕੈਦ ਸੁ ਦੇਹਿ ਸਜਾਈ। ਬੰਧਿ ਜੇਲ ਦਿੱਲੀ ਪਹੁੰਚਾਈ[5]" ॥ ੨੪॥ਜਹਿਂਸਹਾਇਤਾ ਕਿਸ ਕੀ ਨਾਂਹੀ।ਪਰਹੁ ਕੈਦ ਤਹਿ ਹੀ ਮਰਿ ਜਾਂਹੀ।

[1]ਭਾਵ ਸਾਹਿਬ ਰਾਮ ਕੌਰ (ਗੁਰਬਖਸ਼ ਸਿੰਘ) ਜੀ ਪਾਸ। [2]ਗੁਰੂ ਦੀ ਜਗ੍ਹਾ ਅਸਾਂ (ਹੀ ਨੇ ਇਨ੍ਹਾਂ ਨੂੰ ਸਥਾਪਨ) ਕੀਤਾ ਹੈ, ਭਾਵ ਗੁਰੂ ਬਣਾਇਆ ਹੈ। [3]ਭਾਵ ਗੁਰੂ ਗੋਬਿੰਦ ਸਿੰਘ ਜੀ ਵਿਚ। [4]ਅਖੀਂ ਵੇਖ ਲਏ ਹਨ। [5]ਬੰਨ੍ਹਕੇ ਦਿੱਲੀ ਕੈਦਖਾਨੇ ਪਹੁੰਚਾ ਦੇਣਗੇ [ਅੰਗ੍ਰੇਜ਼ੀ ਜੇਹਲ=ਕੈਦਖਾਨਾ] (ਅ) ਰਸਿਆਂ ਨਾਲ ਬੰਨ੍ਹਕੇ ਦਿੱਲੀ ਪਹੁੰਚਾ ਦੇਣਗੇ। [ਹਿੰਦੀ, ਜੇਲ=ਰੱਸਾ ਜਿਸ ਨਾਲ ਬਹੁਤੇ ਕੈਦੀ ਇਕ ਕਤਾਰ ਵਿਚ ਬੰਨ੍ਹੇ ਜਾਣ (ਕੋਸ਼ ਸ਼ੈਕ: ਪੰਨਾ ੮੩੭)]।

ਇਮ ਬਿਚਾਰ੍ਰ ਮਮ ਸਾਥ ਗਹੀਜੈ[1] । ਨਿਸਾ ਤਿਮਰ ਗਾਢੋ ਲਖਿ ਲੀਜੈ ॥ ੨੫ ॥ ਚਲਹੁ ਪਲਾਇਨ ਹ੍ਵੈ ਇਸ ਬਾਰੇ । ਸਿਖ ਮਾਝੇ ਕੇ ਸੰਗ ਹਮਾਰੇ। ਲੇ ਕਰਿ ਦਾਮ ਲਟਕ ਪਿਛਵਾਰੇ[2] । ਚਲਹਿ ਉਤਰ ਕਰਿ ਬਹੁਰ ਸੁਖਾਰੇ ॥੨੬॥ ਘੇਰਾ ਹਟਨੋ ਨ ਕੋ ਅਟਕਾਵੈ । ਅਸ ਅਵਸਰ ਪੁਨ ਹਾਥ ਨ ਆਵੈ' । ਇੱਤ੍ਯਾਦਿਕ ਮੈਂ[3] ਸੁਨਿ ਕਰਿ ਜਾਨੀ ।–ਗੁਰ ਮਾਇਆ ਹੈ ਮਹਦ ਮਹਾਨੀ[4] ॥ ੨੭ ॥ ਸੁਰ ਨਰ ਜਿਸ ਨੇ ਸਭਿ ਬਿਰਮਾਏ । ਏ ਬਪੁਰਾ ਕ੍ਯਾ ਤਿਸ ਅਗੁਵਾਏ । ਕੋ ਮਸੰਦ ਰਹਿਬੋ ਨਹਿਂ ਪਾਵੈ। ਗਯੋ ਲੋਕ ਪਰਲੋਕ ਗਵਾਵੈ ॥ ੨੯ ॥ ਪੂਜਾ ਕੇ ਗਟਾਕ[5] ਇਨ ਖਾਏ। ਭਰਮਨੋ ਮੂਰਖ ਰਹਤਿ ਪਲਾਏ। ਸ਼੍ਰੀ ਸਤਿਗੁਰ ਕੋ ਨਰ ਕਰਿ ਜਾਨੈ।'ਮਰੌਂ ਨ ਕਯੋਂ' ਛਲ ਬਲ ਕੋ ਠਾਨੈ[6] ॥੨੯॥ ਸਿਖ ਸਾਲ੍ਹੋ ਕਾ ਨਾਮ ਬਿਗਾਰਾ । ਕਰਹਿ ਕਲੰਕਤਿ ਕੁਲੀ ਉਦਾਰਾ[7] । ਮੁਝ ਕੋ ਅਪਨੈ ਸੰਗ ਮਿਲਾਵੈ । ਆਪ ਗਯੋ ਪੁਨ ਔਰ ਗਵਾਵੈ ॥ ੩੦ ॥ ਇਸ ਤੇ ਆਛੀ ਉਪਜਤਿ ਕੰਨ੍ਯਾਂ । ਕਿਸ ਕੋ ਬੰਸ ਵਧਾਵਤਿ ਧੰਨ੍ਯਾਂ।ਗਈ ਮਸੰਦਨ ਕੀ ਜਰ ਜਾਨ[8] । ਕਿਮ ਨਹਿਂ ਸਫਲਹਿ ਸ਼੍ਰੀ ਗੁਰੁ ਬਾਨੀ[9]–॥ ੩੧॥ ਇਮ ਬਿਚਾਰ ਮੈਂ ਪੁਨ ਸਮੁਝਾਯੋ । 'ਗੁਰ ਕਰਤਾਰ ਰੂਪ ਹ੍ਵੈ ਆਪੇ । ਸਰਬ ਕਲਾ ਸਮਰਥ ਬਲਿ ਭਾਰੀ । ਸਿਰਜ ਸੰਘਾਰਕ ਸ੍ਰਿਸ਼ਟੀ ਸਾਰੀ ॥ ੩੨ ॥ ਏਕ ਬਾਕ ਤੇ ਸਭਿ ਕਿਛ ਕਰੈ । ਜਗਤ ਸੁਰਾਸੁਰ ਜਿਸ ਅਨੁਸਰੈ । ਤੁਝ ਕੋ ਮਰਨ ਦੇਹਿ ਕਿਮ ਨਾਂਹੀ । ਬਨਹਿਂ ਸਹਾਇਕ ਦੁਸ਼-ਮਨ ਮਾਂਹੀ ॥ ੩੩ ॥ ਦੰਤਨਿ ਬਿਖੈ ਜੀਭ ਬਚ ਰਹੈ । ਅਪਰ ਪਰਹਿ ਮੁਖ ਚਰਬਨ ਲਹੈ[10] । ਤਿਮ ਸੇਵਕ ਕੇ ਸਦਾ ਸਹਾਇਕ । ਰਾਖਹਿਂ ਥਿਰ ਰਿਪੁ ਗਨ ਜੇ ਘਾਯਕ[11] ॥੩੪॥ ਨਿਸ਼ਚਾ ਧਰਹੁ ਜਥਾ ਗਿਰ ਕੂਟ[12] ਤੂੰ ਸਯਾਨੋ ਕੈਸੇ ਚਿਤ ਛੂਟ[13]?ਅਪਰਨ ਕੋ ਸਮੁਝਾਵਨ ਹਾਰੋ। ਨਹਿਂ ਡੋਲਹੁ, ਬੋਲਹੁ ਬੁਧਿ ਭਾਰੋ' ॥ ੩੫ ॥ ਇੱਤ੍ਯਾਦਿਕ ਮੈਂ ਬਹੁ ਕਹਿ ਰਹਯੋ ।–ਬਨਹਿ ਨ

---

[1]ਮੇਰਾ ਸਾਥ ਫੜੋ । [2]ਰੱਸਾ ਲੈਕੇ(ਕਿਲੇ ਦੇ) ਪਿਛਵਾੜੇ ਵਲ ਲਟਕਾਕੇ। [3]ਸਾਹਿਬ ਰਾਮ ਕੌਰ ਜੀ ਕਹਿ ਰਹੇ ਹਨ –[4]ਗੁਰੂ ਕੀ ਮਾਇਆ ਬਹੁਤ ਭਾਰੀ ਹੈ । [5]ਗੱਫੇ। [6]'ਕਿਵੇਂ ਮੈਂ ਨਾ ਮਰਾਂ' ਇਸੀ ਲਈ ਛਲ ਵਲ ਕਰਦਾ ਹੈ । [7]ਉੱਚੀ ਕੁਲ ਨੂੰ। [8](ਜਾਨ ਲਈ ਹੈ ਮੈਂ)ਕਿ ਮਸੰਦਾਂ ਦੀ ਜੜ ਗਈ। [9]ਗੁਰੂ ਜੀ ਦੀ ਬਾਣੀ ਕਿਵੇਂ ਨਾ ਸਫਲੇਗੀ ਭਾਵ ਸਫਲ ਹੋਵੇਗੀ । [10]ਹੋਰ ਕੁਛ ਮੁਖ ਵਿਚ ਪਵੇ ਤਾਂ ਚੱਬਿਆ ਜਾਂਦਾ ਹੈ । [11]ਜੋ ਨਾਸ਼ ਕਰਨ ਵਾਲੇ ਸ਼ੱਤ੍ਰੂ ਹਨ ਉਨ੍ਹਾਂ ਵਿਚੋਂ ਬਚਾ ਰੱਖਣਗੇ । [12]ਪਹਾੜ ਦੀ ਚੋਟੀ ਵਾਙੂ ਭਾਵ ਅਟੱਲ ਨਿਸ਼ਚਾ । [13]ਕਿਉਂ ਦਿਲ ਛੱਡ ਬੈਠਾ ਹੈ ।

Sri Satguru Jagjit Singh Ji eLlibrary NamdhariElibrary@gmail.com

ਸੰਗੀ–ਜਬਿ ਤਿਨ ਲਹ੍ਯੋ। ਤੂਸ਼ਨਿ ਹੁਇ ਗਮਨ੍ਯੋ ਨਿਜ ਡੇਰੋ। ਟਿਕ੍ਯੋ ਨ ਜੈ ਹੈ ਚਿੰਤ ਘਨੇਰੇ ॥ ੩੬ ॥ ਅਪਨੀ ਸੰਗਤਿ ਸਕਲ ਬੁਲਾਈ। 'ਮਾਰਨ ਮਰਨ ਇਹਾਂ ਦੁਖਦਾਈ। ਕ੍ਯੋਂ ਨਾਹਕ ਨਿਜ ਪ੍ਰਾਨ ਗਵਾਵੋ। ਹੋਤਿ ਪ੍ਰਾਤਿ ਕੇ ਸਭਿ ਬਿਨਸਾਵੋ ॥੩੭॥ ਇਨ ਕੇ ਨਿਕਟ ਕਰੈਂ ਰਹਿ ਕਹਾਂ[1]। ਦਿਵਸ ਜਾਮਨੀ ਸੰਕਟ ਮਹਾਂ। ਜੀਵਤਿ ਚਲਹੁ ਅਪਨਿ ਘਰ ਮਾਂਹੀ। ਇਹਾਂ ਪ੍ਰਾਨ ਕ੍ਯੋਂਹੂ ਬਚਿ ਨਾਂਹੀ ॥੩੮॥ ਅਬਿ ਪਲਾਇ ਜੇ ਸਦਨ ਸਿਧਾਰੈਂ। ਸੁਖ ਕੇ ਸੰਗ ਮਿਲਹਿ ਪਰਿਵਾਰੈਂ। ਸੋਢੀ ਅਪਰ ਗੁਰੂ ਕਰਿ ਲੈਹੈਂ। ਰਾਮਦਾਸ ਕੀ ਕੁਲ ਕੋ ਪੈ ਹੈਂ[2]' ॥ ੩੯ ॥ ਇੱਤ੍ਯਾਦਿਕ ਮੂਰਖ ਸਿਖਰਾਏ। ਭਾਜ ਚਲਨਿ ਕੋ ਬਨੋਤ ਬਨਾਏ। ਜਹਿ ਕਹਿ ਤੇ ਲੇ ਦਾਮ ਬਟੋਰ[3]। ਅਰਧ ਰਾਤ੍ਰਿ ਤਮ ਪਸਰ੍ਯੋ ਘੋਰ ॥ ੪੦ ॥ ਟਿਕੇ ਗੁਰੂ ਸਿਖ ਸੇਵਕ ਸਾਰੇ। ਜਾਗਹਿ ਜਿਤ ਕਿਤ ਨਰ ਕੀ ਰਾਰੇ[4]। ਟਾਂਵੀ ਤੁਪਕ ਚਲੈ ਕਬਿ ਕਬੈ। ਦਿਸ਼ਾ ਦੂਸਰੀ ਤੇ ਹਟਿ ਸਬੈ ॥੪੧॥ ਜਿਤ ਦਿਸ਼ਿ ਜਾਨ੍ਯੋ ਨਰ ਨਹਿਂ ਰਹੈ। ਅਵਸਰ ਭਾਗਨਿ ਕੋ ਤਬਿ ਲਹੈ। ਦ੍ਵਾਰੇ ਕੋ ਨਿਕਸ੍ਯੋ ਨਹਿਂ ਜਾਈ। ਗਹੈਂ[5] ਸਿੰਘ ਇਤ ਉਤ ਸਮੁਦਾਈ ॥ ੪੨ ॥ ਛੂਛ ਮੋਰਚਾ ਕਰ੍ਯੋ ਪਹਾਰੀ[6]। ਅੰਤਰ ਜਹਿਂ ਮਹਿਲ ਥਿਰ ਕਾਰੀ[7]। ਤਹਿਂ ਕੋ ਬਰਤ ਪਾਇ ਲਟਕਾਵਾ[8]। ਅਰਧਿਕ ਉਤਰਿ ਗਏ ਤਰ ਥਾਵਾਂ[9] ॥੪੩॥ ਦੁਨੀਚੰਦ ਜਿਸ ਤਨ ਬਹੁ ਪੀਨਾ। ਉਤਰਨਿ ਹੇਤੁ ਸੁ ਬ੍ਰਤ[10] ਗਹਿ ਲੀਨਾ। ਸਨੈ ਸਨੈ ਤਬਿ ਉਤਰਤਿ ਭਯੋ। ਅਰਧਿਕ ਜਬੈ ਲਟਕਤੋ ਗਯੋ ॥ ੪੪ ॥ ਮਹਾਂ ਭਾਰ ਨਹਿਂ ਦਾਮ ਸਹਾਰਾ। ਟੂਟਿ ਤੜਾਕ[11] ਗਯੋ ਤਿਸ ਬਾਰਾ। ਪੁਨ ਕਛੁ ਗਹ੍ਯੋ ਗਯੋ ਨਹਿ ਕਰ ਤੇ। ਗਿਰ੍ਯੋ ਤੁਰਤ, ਬਹੁ ਰਹੇ ਸੰਭਰਤੇ[12] ॥੪੫॥ ਏਕ ਜਾਂਘ ਕੇ ਭਾਰ ਗਿਰ੍ਯੋ ਜਬਿ। ਲਗੀ ਚੋਟ ਸੋ ਟੂਟਿ ਗਈ ਤਬਿ। ਤ੍ਰਾਸ ਕਰਤਿ ਨਹਿ ਬੋਲ੍ਯੋ ਊਚੇ। [13]ਸੁਨਿ ਖਰਕੋ ਜੋ ਸੰਗਿ ਪਹੂਚੇ ॥੪੬॥ ਡਰਤਯੋਂ ਤੁਰਤ ਉਠਾਵਨਿ ਕਰ੍ਯੋ[14]। ਗਮਨ੍ਯੋ ਸ਼ੀਘ੍ਰ ਸੀਸ ਬਹੁ ਧਰ੍ਯੋ[15]। ਮੰਜੇ ਪਰ ਉਠਾਇ ਲੇ ਗਏ। ਪਿਛਲੇ ਉਤਰਿ ਮੇਲ ਸਭਿ

[1]ਰਹਿਕੇ ਕੀ ਕਰਾਂਗੇ। [2]ਕੁਲ ਦਾ ਲੱਭਾਂਗੇ। [3]ਰੁੱਸੇ ਕੱਠੇ ਕੀਤੇ। [4]ਰਾਖੇ, ਪਹਿਰੇਦਾਰ [ਅ:, ਰਾਈ= ਰਾਖਾ]। (ਅ) ਰਾਰ ਕੇ ਨਰ=ਲੜਨ ਵਾਲੇ ਪੁਰਖ। [5]ਫੜ ਲੈਂਦੇ। [6](ਬਾਹਰੋਂ ਜਿਸ ਪਾਸਿਓਂ) ਪਹਾੜੀਏ ਮੋਰਚਾ ਖਾਲੀ ਕਰ ਗਏ ਸਨ। [7](ਉਸ ਪਾਸੇ ਦੇ) ਅੰਦਰ ਜਿੱਥੇ ਮਹਿਲ ਇਸਥਿਤ ਸਨ। [8]ਤਿਸ (ਮੋਰਚੇ ਦੇ ਪਾਸੇ) ਵਲ ਰੱਸਾ ਪਾ ਕੇ ਲਟਕਾਇਆ [ਹਿੰ:, ਬਰਤ=ਰੱਸਾ]। [9]ਹੇਠਾਂ ਥਾਂਵ ਨੂੰ। [10]ਰੱਸਾ। [11]ਤੜੱਕ ਕਰਕੇ। [12]ਬਹੁਤ ਸੰਭਾਲਦੇ ਰਹੇ। [13]ਸੰਗੀ ਜੋ ਪੁੱਜ ਚੁਕੇ ਸਨ (ਉਨ੍ਹਾਂ ਨੇ) ਖੜਾਕ ਸੁਣਕੇ ਡਰਦਿਆਂ ਛੇਤੀ ਚੁੱਕ ਲਿਆ। [15]ਬਹੁਤਿਆਂ ਦੇ ਸਿਰ ਚਾਇਆ ਹੋਯਾ।

Sri Satguru Jagjit Singh Ji eLlibrary NamdhariElibrary@gmail.com

ਕਿਏ[1]॥੪੭॥ਸ੍ਰੀਅੰਮ੍ਰਿਤਸਰ ਪੰਥ ਪਧਾਰੇ।ਮਿਲੇ ਮਝੈਲ ਜਾਤਿ* ਡਰਧਾਰੇ।
ਹੋਤਿ ਪੀਰ ਬਹੁ ਚਲਤਿ ਉਠਾਏ।ਹਾਇ ਹਾਇ ਬੋਲਤਿ ਦੁਖ ਪਾਏ ॥ ੪੮॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਦੁਨੀਚੰਦ ਭਾਜਨ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥ ੨੩ ॥

੨੪. [ਦੁਨੀਚੰਦ ਦੀ ਮੌਤ]।

ਦੋਹਰਾ ॥ ਭਈ ਭੋਰ ਪ੍ਰਭੁ ਜਾਗਿਕੈ ਸੌਚ ਸ਼ਨਾਨ ਸ਼ਰੀਰ। ਬਸਤ੍ਰ ਸ਼ਸਤ੍ਰ ਕੋ ਪਹਿਰ ਕਰਿ ਬੈਠੇ ਗੁਨੀ ਗਹੀਰ ॥ ੧॥ ਚੌਪਈ ॥ ਮੰਗਲ ਪ੍ਰਾਤਿਕਾਲ ਕੇ ਭਏ। ਸਿੱਖ ਸ਼ਬਦ ਧੁਨਿ ਬਾਜਨਿ ਕਿਏ।ਆਸਾਵਾਰ ਭੋਗ ਕਹੁ ਪਾਏ। ਸਭਿ ਸਿੱਖਨਿ ਸੁਨਿ ਸੀਸ ਨਿਵਾਏ॥ ੨॥ ਬਾਜ ਉਠਯੋ ਰਣਜੀਤ ਨਗਾਰਾ। ਪ੍ਰਭੁ ਕੀ ਜੀਤ ਜਨਾਵਨ ਵਾਰਾ। ਇਤ ਉਤ ਤੇ ਚਲਿ ਕਰਿ ਗਨ ਸਿੰਘ। ਦਰਸਹਿ ਸਤਿਗੁਰ ਗੋਬਿੰਦ ਸਿੰਘ ॥ ੩॥ ਖੜਗ ਸਿਪਰ ਜਮਧਰ ਸਰ ਤਰਕਸ਼। ਤੋਮਰ ਤੁਪਕ ਤਬਰ ਕਟ ਕਸਿ ਕਸਿ। ਬੈਠਹਿਂ ਆਨਿ ਨਿਕਟ ਸਮੁਦਾਈ। ਸ਼ਮਸ ਸੁਧਾਰਤਿ ਮੂਛ ਉਠਾਈ[2] ॥ ੪॥ ਉਤ ਗਿਰਪਤਿਨਿ ਦੁੰਦਭੀ ਵਾਏ। ਢੋਲ ਸਮੂਹ ਡੰਕ ਢਮਕਾਏ।ਰਣਸਿੰਙੇ ਤੁਰਹੀ ਬਜਵਾਏ। ਪਟਹਿ ਨਫੀਰੀ ਜੋ ਸਮੁਦਾਏ॥ ੫॥ ਮਹਾਂ ਕੁਲਾਹਲ ਦਲ ਮਹਿਂ ਹੋਵਾ। ਉਤਸਾਹਤਿ ਚਾਹਤਿ ਰਣ ਢੋਵਾ। ਸਭਿ ਪਰ ਸਤਿਗੁਰ ਦ੍ਰਿਸ਼ਟਿ ਚਲਾਈ। ਨਹਿਂ ਮਝੈਲ ਕੋ ਪਰਯੋ ਦਿਖਾਈ॥ ੬॥ 'ਮੱਟੂ ਸੇਵਾ ਸਿੰਘ ਜਿ ਆਦਿ। ਨਹਿਂ ਆਯੋ ਕਯਾ ਭਯੋ ਵਿਖਾਦ ?' ਇਤਨੋ ਕਹਤਿ ਸਿੰਘ ਦੁਇ ਆਏ। ਨਮੋ ਕਰਤਿ ਹੀ ਬਾਕ ਸੁਨਾਏ॥ ੭॥ 'ਮਹਾਂਰਾਜ ! ਸੰਗ ਲਏ ਮਝੈਲ। ਦੁਨੀਚੰਦ ਭਾਜਯੋ, ਨਿਸ ਗੈਲ[3]।ਰਹਯੋ ਆਪ ਨੇ ਰਣ ਕੋ ਪ੍ਰੇਰਨਿ। ਮਸਤ ਮਤੰਗ ਸੰਗ ਤਿਹਿ ਭੇਰਨ ॥੮॥ ਤਿਸ ਤੇ ਤ੍ਰਾਸ ਧਾਰਿ ਭਜਿ ਗਯੋ। ਅਪਰ ਨ ਕਾਰਨ ਕੁਛ ਲਖਿ ਪਯੋ। ਮਰਿਬੇ ਕੋ ਡਰ ਧਰਿ ਉਰ ਭਾਗਾ।ਮੰਦ ਮਸੰਦ ਮਹਿਦ ਦੁਰਭਾਗਾ' ॥ ੯॥ ਸੁਨਿ ਸਤਿਗੁਰ ਤਬਿ ਬਾਕ ਉਚਾਰੇ। 'ਭਾਗਯੋ ਮੂੜ੍ਹ ਕਾਲ ਡਰ ਧਾਰੇ। ਤਹਿਂ ਭੀ ਤਿਸ ਕੋ ਕਾਲ ਅਗਾਰੀ। ਮਾਰਹਿ, ਕਹਾਂ ਜਾਹਿ ਡਰ ਧਾਰੀ॥ ੧੦॥ [4]ਭਾਜ ਗਯੋ ਤਿਸ ਭਾਜਨਿ ਦੇਹੁ। ਕਹਾਂ ਕਰਹੁ ਤਿਹ ਸੰਗ ਸਨੇਹੁ[4]। ਜੋ ਸਨਮੁਖ ਹੁਇ ਇਹਠਾਂ ਰਹਯੋ। ਤਿਸ ਕੋ

---

[1]ਭਾਵ ਮਿਲ ਪਏ। [2]ਦਾੜ੍ਹਾ ਸੁਧਾਰਦੇ ਤੇ ਮੁੱਛਾਂ ਨੂੰ ਤਾਉ ਦੇਂਦੇ ਹਨ। [3]ਰਾਤੀਂ ਰਾਹ ਪੈ ਕੇ। [4]ਜੋ ਨੱਸ ਗਿਆ ਉਸ ਨੂੰ ਨੱਸ ਜਾਣ ਦਿਓ ਉਸ ਨਾਲ ਕੀਹ ਹਿਤ ਕਰਨਾ ਹੋਇਆ।

*ਪਾ:-ਜੋਤ।

Sri Satguru Jagjit Singh Ji eLlibrary NamdhariElibrary@gmail.com

ਮੇਲ ਲੇਹੁ[੧] ਸੁਖ ਲਹਯੋ ॥ ੧੧ ॥ ਸਭਿ[੨] ਮਝੈਲ ਰਣ ਕੇ ਡਰ ਭਾਗੇ। ਇਸ ਕੋ ਫਲ ਲਾਗੋ ਤਿਨ ਆਗੇ। ਨਿਸ ਦਿਨ ਜੰਗ ਗਰੇ ਤਿਨ ਪਰੇ। ਰੁਟੀਆ ਹਾਥ ਅਏ ਜਬਿ ਲਰੇ[੩] ॥੧੨॥ ਗੁਰ ਘਰ ਤੇ ਜਿਸ ਦੁਖ ਕਰਿ ਗਏਸੋ ਦੁਖ ਤਿਨ ਕੇ ਨਿਤ ਗਰ ਪਏ। ਇਹਾਂ ਧਰਾਂਹਿ ਜਿਸ ਕੇ ਸਿਰ ਹਾਥਾ। ਹਾਥੀ ਕਹਾਂ ਲਰਹਿ ਜਮ ਸਾਥਾ[੪]' ॥ ੧੩ ॥ ਇਮ ਦੇ ਸ੍ਰਾਪ ਗੁਰੂ ਚੁਪ ਰਹੇ। ਸਭਿ ਸਿੱਖਨ ਕੀ ਦਿਸ਼ਿ ਕੋ ਲਹੇ। ਦੁਨੀਚੰਦ ਕੀ ਸੁਨੀਅਹਿ ਕਥਾ। ਤਿਹ ਸੰਗ ਬਿਤੀ ਜਾਇ ਕਰਿ ਜਥਾ ॥ ੧੪ ॥ ਮੰਚ ਪਾਇ ਸਿਰ ਲਯੋ ਉਠਾਇ। ਟੂਟੀ ਟਾਂਗ ਹਾਇ ਬਿਲਲਾਇ। ਸ੍ਰੀ ਅੰਮ੍ਰਿਤਸਰ ਪਹੁੰਚੇ ਜਾਈ। ਬਰਯੋ ਸਦਨ ਅਪਨੇ ਉਤਰਾਈ॥੧੫॥ਮਨ ਮਹਿਂ ਕਹੈ-'ਮਿਲਿਨਿ ਸਿਖ ਆਵੈਂ। ਭਾਜਯੋ ਸੁਨਿਕੈ ਮੋਹਿ ਲਜਾਵੈਂ[੫]'-।ਯਾਂਤੇ ਨਿਜ ਸਬੰਧੀਅਨਿ ਕਹਯੋ। 'ਚੋਟ ਲਗੀ ਮੈਂ ਬਹੁ ਦੁਖ ਲਹਯੋ ॥੧੬॥ ਘਰ ਕੇ ਅੰਤਰ ਮੰਚ ਡਸਾਵਹੁ।ਮੋ ਢਿਗ ਬਹੁਤ ਨ ਆਵਹੁ ਜਾਵਹੁ। ਭਲਾ ਨ ਭਾਵਹਿ ਮਿਲਨੋ ਮੋਹੀ। ਅੰਤਰ ਰਹਯੋ ਤੂਸ਼ਨੀ ਹੋਹੀ' ॥ ੧੭ ॥ ਇਮ ਸੁਨਿ ਕੈ ਤਿਸ ਪੌਤ੍ਰੇ ਦੋਇ। ਅੰਦਰ- ਜਾਇ ਪਵਾਯੋ ਸੋਇ। ਸੁਨਿ ਸੁਨਿ ਸਭਿ ਕੇ ਬਹੁ ਅਪਵਾਦਾ[੬]:-ਗੁਰ ਤਜਿ ਭਾਗਯੋ ਜਾਨਿ ਬਿਖਾਦਾ ॥ ੧੮ ॥ ਪੁਸ਼ਤਨਿ ਲੌ ਗੁਰ ਘਰ ਕੇ ਪਾਰੇ। ਭਯੋ ਬ੍ਰਿੱਧ ਮ੍ਰਿਤੁ ਕੋ ਡਰ ਧਾਰੇ। ਸਿਖ ਸਾਲ੍ਹੋ ਕਾ ਨਾਮ ਗਵਾਯੋ। ਗੁਰ ਆਗੇ ਰਹਿ ਬਹੁ ਸੁਖ ਪਾਯੋ ॥ ੧੯ ॥ ਜੀਵਨ ਸਦਾ ਅਪਨਿ ਇਨ ਜਾਨਾ। ਅਬਿ ਪ੍ਰਭੁ ਤੇ ਹੁਇ ਗਯੋ ਬਿਰਾਨਾ[੭]-।ਸ੍ਰੀ ਅੰਮ੍ਰਿਤਸਰ ਕੇ ਸਿਖ ਆਵੈਂ। ਮਿਲ-ਹਿ ਨ ਕਿਹ ਸੋਂ ਮੁਖ ਨ ਦਿਖਾਵੈ ॥ ੨੦ ॥ ਲਗੀ ਚੋਟ ਕੋ ਲੇਤਿ ਬਹਾਨਾ। 'ਪਰਯੋ ਮੰਚ ਪਰ ਚਿਤ ਮਹਾਨਾ'। ਅਪਰ ਜਿ ਭਾਜੇ ਸੰਗ ਮਝੈਲ। ਸਭਿ ਕੌ ਹੁਇ ਧਿਕਾਰ ਤਿਸ ਗੈਲ[੮] ॥ ੨੧ ॥ ਕੇਤਿਕ ਪਸ਼ਚਾਤਾਪ ਕਰੰਤੇ। ਨਹਿਂ ਸੰਗਤਿ ਮਹਿ ਮੁਖ ਦਿਖਰੰਤੇ। 'ਹਮ ਤੇ ਬੁਰੀ ਕਾਰ ਹੁਇ ਗਈ। ਇਤ ਕੀ ਗੁਰ ਸਿੱਖੀ ਲਘੁ ਭਈ[੯]' ॥ ੨੨ ॥ ਸਭਿ ਦਿਨ ਬੀਤ ਗਯੋ ਦੁਖ

[੧]ਉਸਨੂੰ ਜੋ ਸਨਮੁਖ ਹੋਕੇ ਏਥੇ ਰਹਿ ਗਿਆ ਹੈ ਮੇਲ ਲਓ, ਭਾਵ ਉਸਨੂੰ ਜਵਾਬ ਨਾ ਦਿਓ ਕਿ ਇਹ ਬੀ ਮਝੈਲ ਹੈ ਤੇ ਇਸ ਨੂੰ ਕੱਢ ਦਿਓ। [੨]ਪਿਛਲੀ ਤੁਕ ਮੂਜਬ ਇਸ 'ਸਭ' ਦਾ ਅਰਥ 'ਓਹ ਸਾਰੇ ਜੋ ਨੱਸ ਗਏ ਹਨ' ਲੈਣਾ ਚਾਹੀਏ। [੩]ਜਦ ਲੜਨਗੇ ਤਾਂ ਹੀ ਰੋਟੀ ਹੱਥ ਆਵੇਗੀ। [੪]ਹਾਥੀ ਕੀ ਸ਼ੈ ਹੈ ਉਹ ਜਮ ਨਾਲ ਲੜੇਗਾ। [੫](ਜਿਹੜੇ) ਸਿਖ ਮੈਨੂੰ ਮਿਲਨ ਆਉਣਗੇ ਨਠਿਆ ਸੁਣਕੇ ਮੈਨੂੰ ਸ਼ਰਮਿੰਦਾ ਕਰਨਗੇ। [੬]ਬਹੁਤੀ ਨਿੰਦਾ ਸੁਣਦੇ ਹਨ:-। [੭]ਬਿਗਾਨਾ। [੮]ਤਿਸ ਦੇ ਪਿੱਛੇ। (ਅ) ਤਿਸ ਦੇ ਨਾਲ। [੯]ਭਾਵ ਮਾਝੇ ਵਲ ਦੀ ਸਿੱਖੀ ਲਈ ਸ਼ਰਮਿੰਦਗੀ ਦੀ ਗਲ ਹੋਈ ਹੈ।

Sri Satguru Jagjit Singh Ji eLlibrary NamdhariElibrary@gmail.com

ਪਾਵਤਿ[1]। ਤਮ ਮਹਿ ਪਰਯੋ ਨ ਬਦਨ ਦਿਖਾਵਤਿ। ਭਈ ਜਾਮਨੀ ਜਬਹੂੰ
ਆਇ। ਉਠਯੋ ਤਜਨਿ ਮਲ ਕੋ[2] ਤਿਸ ਥਾਂਇ॥੨੩॥ਮੰਚ ਤਰੇ ਜਬਿ ਪੈਰ
ਉਤਾਰਾ। ਹੁਤੋ ਤਹਾਂ ਪੰਨਗ ਬਡ ਕਾਰਾ। ਦਬੀ ਪੂੰਛ ਤੇ ਬਹੁ ਫੁੰਕਾਰਾ।
ਡਸਯੋ ਤਬੈ ਕੋਪਯੋ ਉਰ ਭਾਰਾ॥ ੨੪ ॥ 'ਹਾਇ ਹਾਇ' ਕਰਿ ਨਿਕਸਯੋ
ਤਬੈ। ਦੇਖਤਿ ਭਏ ਸੰਬੰਧੀ ਸਬੈ।ਦੌਰੈ ਉਪਚਾਰਨ ਕੌ[3] ਜਿਤ ਕਿਤ। ਕਹਾਂ
ਹੋਤਿ ਤਿਸ ਤੇ, ਤਤਛਿਨ ਹਤਿ[4]॥੨੫॥ਭਈ ਪ੍ਰਭਾਤਿ ਦਈ ਦਾਹ ਕਰਿ ਦੀਨਾ।
ਗੁਰ ਤੇ ਬੇਮੁਖ ਜੀਵਨ ਹੀਨਾ[5]। ਬਹੁਰ ਅਧੋਗਤਿ ਪ੍ਰਾਪਤਿ ਹੋਵਾ। ਕਰਹਿਂ
ਧਿਕਾਰਨਿ ਜਿਨ ਸਿਖ ਜੋਵਾ॥ ੨੬ ॥ 'ਤਹਿਂ ਬਚ ਰਹਤਿ ਥਿਜੈ ਕੋ ਪਾਵ-
ਤਿ। ਸਕਲ ਪੰਥ ਦੀਰਘ ਜਸੁ ਗਾਵਤਿ। ਮਿਰਤ ਨ ਟਰਤਿ ਬਿਮੁਖ ਹ੍ਵੈ
ਮਰਯੋ। ਬਹੁ ਮਤਿਮੰਦ ਨਰਕ ਮੈਂ ਪਰਯੋ' ॥੨੭ ॥ ਦੁਇ ਪੌਤ੍ਰ ਸੁਨਿ ਸੁਨਿ
ਅਪਵਾਦਾ। ਨਹੀਂ ਸਹਾਰਤਿ ਹੋਤਿ ਬਿਖਾਦਾ। ਨਾਮ ਸਰੂਪ ਸਿੰਘ ਇਕ
ਕੇਰਾ। ਦੁਤਿਯ ਅਨੂਪ ਸਿੰਘ ਤਿਸ ਬੇਰਾ ॥੨੯॥ ਕਟ ਕਸਿਕੈ ਗੁਰ ਦਿਸ਼ਿ
ਚਲਿ ਪਰੇ। ਦੋਸ਼ ਪਿਤਾਮਾ ਕੋ ਬਡ ਧਰੇ। ਜੋ ਮਝੈਲ ਸ਼ਰਧਾ ਧਰਿ ਮਿਲੇ।
ਲੇ ਕਰਿ ਸੰਗ ਅਨੰਦਪੁਰ ਚਲੇ* ॥੨੯॥ ਦੁਨੀ ਚੰਦ ਕੀ ਇਮ ਭੀ ਕਥਾ।
ਕਲਗੀਧਰ ਕੀ ਸੁਨੀਅਹਿ ਜਥਾ। ਛੂਟਹਿਂ ਲੋਹਗੜ੍ਹ ਦਿਸ਼ਾ ਤੁਫੰਗ।
ਢੁਕੇ ਮੋਰਚੇ ਨਿਕਟ ਨਿਸੰਗ॥ ੩੦ ॥ ਅਨੀ ਘਨੀ ਸੈਲਿੰਦ੍ਰਨ ਕੇਰੀ।
ਘਾਲਯੋ ਜ਼ੋਰ ਸਭਿਨਿ ਤਿਸ ਬੇਰੀ।—ਆਜ ਗੜ੍ਹੀ ਕੋ ਲੇਹੁਂ ਛੁਟਾਇ। ਪੁਰਿ
ਆਨੰਦ ਪੁਨ ਟਿਕੈ ਨ ਕਾਇ—॥ ੩੧ ॥ ਭੀਮਚੰਦ ਉਤਸਾਹ ਬਿਲੰਦੇ।
ਲਿਯੋ ਹਕਾਰਿ ਕੇਸਰੀ ਚੰਦੇ। ਹੰਡੂਰੀ ਤੇ ਆਦਿਕ ਰਾਜੇ। ਭਏ ਇਕੱਤ੍ਰ
ਲਰਨ ਕੇ ਕਾਜੇ॥ ੩੨ ॥ ਬੈਠਿ ਏਕ ਬਲ ਗਜ ਮੰਗਵਾਯੋ। ਬਲੀ
ਬਿਲੰਦ ਝੂਲਤੋ ਆਯੋ। ਪੁਸ਼ਟ ਬਡੋ ਨਿਤ ਮਸਤ ਰਹੰਤਾ। ਨਿਕਟ
ਪਿਖਹਿ ਨਰ ਤਤਛਿਨ ਹੰਤਾ॥ ੩੩ ॥ ਤੋਮਰ ਦੀਰਘ ਹਾਥ ਰਹੰਤੇ। ਇਤ
ਉਤ ਘੇਰਤਿ ਤਾਂਹਿ ਚਲੰਤੇ। ਸੰਗਲ ਰਹਹਿ ਪੈਰ ਮੈਂ ਪਾਯੋ। ਮਾਨਵ
ਬ੍ਰਿੰਦਨਿ ਅੱਗ੍ਰ ਚਲਾਯੋ ॥੩੪॥ ਦਏ ਮਸਾਲੇ ਗਰਮ ਘਨੇਰੇ।ਜਿਨ ਤੇ ਹੋਯੋ
ਮਸਤ ਬਡੇਰੇ। ਆਂਖ ਲਾਲ ਦੀਰਘ ਤੇ ਹੇਰਤਿ। ਇਤ ਉਤ ਤੋਮਰ ਗਨ
ਤੇ ਪ੍ਰੇਰਤਿ[6] ॥ ੩੫ ॥ ਸਭਿ ਗਿਰਪਤਨਿ ਬਿਲੋਕਨਿ ਕੀਨਾ। ਰਾਤਬ[7] ਦੇ

[1]ਭਾਵ ਦੁਨੀਚੰਦ ਨੂੰ। [2]ਪਖਾਨੇ ਜਾਣ ਲਈ। [3]ਇਲਾਜਾਂ ਵਾਸਤੇ। [4]ਹੁਣ ਏਤਨ ਭੱਜਣ ਨਾਲ ਕੀਹ ਬਣਦਾ ਸੀ, ਝਟ ਮਰ ਗਿਆ। [5]ਗੁਰ ਤੇ ਬੇਮੁਖ ਹੋਕੇ ਮਰਿਆ। [6]ਹੱਕਦੇ ਹਨ। [7]ਖਾਣਾ। [ਅ:,ਰਾਤਬ]। *ਇਸ ਤੋਂ ਪਤਾ ਲਗਦਾ ਹੈ ਕਿ ਸਿੱਖਾਂ ਵਿਚ ਗੁਰੂ ਪਿਆਰ ਕਿੰਨਾ ਬਹੁਤਾ ਸੀ।

Sri Satguru Jagjit Singh Ji eLlibrary NamdhariElibrary@gmail.com

ਤ੍ਰਿਪਤਾਇ ਸੁ ਲੀਨਾ। ਸਾਰ ਬਾਰਨੀ[1] ਕੋ ਮੰਗਵਾਇ। ਪ੍ਰਥਮ ਸਵਾ ਮਨ ਦਈ ਪਿਲਾਇ ॥ ੩੬ ॥ ਤਵੇ ਪ੍ਰਲਾਦੀ ਮਸਤਕ ਸਾਰੇ। ਬੰਧੇ ਭਲੀ ਭਾਂਤਿ ਬਡ ਭਾਰੇ। ਕੁਛਕ ਸੁੰਡ ਨੰਗੀ ਰਹਿ ਜਾਈ। ਸਰਬ ਲੋਹ ਸੌਂ ਛਾਦਨਿ ਭਈ ॥ ੩੭ ॥ ਦੀਰਘ ਲਾਂਬੀ ਸੈਫ[2] ਮੰਗਾਈ। ਦੁਹਿ ਦਿਸ਼ਿ ਤੀਖੀ ਧਾਰ ਲਗਾਈ। ਸੁੰਡ ਅੰਤ ਸੋਂ ਬੰਧਤਿ ਖਰੀ[3]। ਖੁਲਹਿ ਨ, ਦ੍ਰਿਢ ਐਸੀ ਬਿਧਿ ਕਰੀ ॥੩੮॥ ਗੋਰੀ ਫੋਰ ਸਕਹਿ ਨਹਿਂ ਜੈਸੇ। ਲੋਹੇ ਸੰਗ ਅਛਾਦਨੋ ਐਸੇ। ਨੇਜ਼ਾ ਖੜਗ ਕਟਹਿ ਤਿਸ ਕਹਾਂ। ਇਸ ਪ੍ਰਕਾਰ ਗਾਢੋ ਕਰਿ ਮਹਾਂ ॥੩੯॥ ਸੌਂਡਾ ਪ੍ਰੇਰਤਿ ਸੈਫ ਸੁ ਫੇਰਤਿ[4]। ਬ੍ਰਿੰਦ ਸੈਲਿੰਦ੍ਰ ਅਨੰਦਤਿ ਹੇਰਤਿ। ਫੁੰਕਾਰਤਿ ਚਿੰਘਾਰਤਿ ਭਨਨੋ। ਸਤਿਗੁਰ ਬੈਠੇ ਤਹਿ ਲਗਿ ਸੁਨਨੋ ॥੪੦॥ ਸਭਿ ਸਿੰਘਨਿ ਤਬਿ ਅਰਜ਼ ਗੁਜ਼ਾਰੀ। 'ਪ੍ਰਭੁ ਜੀ! [5]ਕੁੰਚਰ ਕੋਰ ਚਿੰਘਾਰੀ। ਮੱਤ ਬਾਰਨੀ ਤੇ ਸੋ ਲਹੀਯਤਿ[5]। ਤਿਸ ਉਪਾਇ ਕਰਿਬੋ ਅਤਿ ਚਹੀਅਤਿ ॥੪੧॥ ਆਜ ਲੋਹਗੜ੍ਹ ਲੋਹਾ ਮਾਚੈ। ਕਰਦਮ ਸ਼੍ਰੋਣਤ ਰਜ ਸੋਂ ਰਾਚੈ। ਪਾਯੋ ਜ਼ੋਰ ਸਭਿਨਿ ਤਹਿ ਜਾਈ। ਇਤ ਤੇ ਗਏ ਹਟਕ ਸਮੁਦਾਈ ॥੪੨॥ ਤੜਭੜ ਛੁਟਹਿ ਤੁਫੰਗ ਘਨੇਰੀ। ਚੌਤ ਮੋਰਚੇ ਨਿਕਟ ਬਡੇਰੀ। ਮਾਰਨ ਮਰਨ ਹੋਇ ਸੰਗ੍ਰਾਮਾ। ਆਜ ਸ਼ੱਤ੍ਰਗਨ ਪਠਿ ਜਮ ਧਾਮਾ' ॥ ੪੩ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਦੁਨੀਚੰਦ' ਪ੍ਰਸੰਗ ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥ ੨੪ ॥

## ੫. [ਬਚਿੱਤ੍ਰ ਸਿੰਘ ਨੂੰ ਤਿਆਰ ਕੀਤਾ]।

ਦੋਹਰਾ ॥ ਸੁਨਿ ਸਿੰਘਨ ਤੇ ਸਤਿਗੁਰੂ ਸਭਿ ਦਿਸ਼ਿ ਦ੍ਰਿਸ਼ਟਿ ਚਲਾਇ। ਕਰੇ ਬਿਲੋਕਨਿ ਬ੍ਰਿੰਦ ਹੀ ਚਹੁੰਦਿਸ਼ਿ ਮਹਿਂ ਤਿਸ ਬਾਇ ॥ ੧॥ ਨਿਸਪਾਲਕ ਛੰਦ ॥ [6]ਸ੍ਰੀ ਗੁਰ ਪ੍ਰਯੰਕ ਨਿਸ ਕੇ ਬਿਚ ਸਦੀਵ ਹੀਂ। ਹੋਵਹਿ ਸੁਚੇਤ ਰਖਵਾਰ ਥਿਤ ਥੀਵ ਹੀਂ। ਬਿੰਸਤ ਸੁ ਪੰਚ ਗਿਨਤੀ ਤਿਨਹੁ ਜਾਨਿਯੇ[6]। ਜਾਗਤਿ ਰਹੰਤਿ ਗਹਿ ਆਯੁਧ ਸੁ ਪਾਨਿਯੇ[7] ॥ ੨ ॥ ਪਾਸਹਿ ਰਹੰਤਿ ਸਭਿ ਖਾਸ[8]

---

[1] ਤੇਜ਼ ਸ਼ਰਾਬ। [2] ਬਹੁਤ ਲੰਬੀ ਤਲਵਾਰ। [3] ਚੰਗੀ ਤਰ੍ਹਾਂ ਬੰਨ੍ਹ ਦਿੱਤੀ। [4] ਸੁੰਡ ਨੂੰ ਘੁਮਾਉਂਦਾ ਹੈ ਤੇ ਤਲਵਾਰ ਬੀ ਫਿਰਦੀ ਹੈ (ਦੇਖੋ ਅੰਕ ੩ ਅਗਲੇ ਅੰਸੂ ਦਾ)। ( ਅ ) ਹਾਥੀ ਨੂੰ ਟੋਰਦੇ ਹਨ ਤਾਂ ਤਲਵਾਰ ਘੁਮਾਉਂਦਾ ਹੈ। [5] ਸ਼ਰਾਬ ਨਾਲ ਮਸਤ ਹਾਥੀ ਦੀ ਅਵਾਜ਼ ਆਉਂਦੀ ਹੈ। [6] ਜਦੋਂ ਰਾਤ ਨੂੰ ਸ੍ਰੀ ਗੁਰੂ ਜੀ ਪਲੰਘ ਪਰ ( ਬਿਰਾਜਦੇ ਸਨ ਤਦੋਂ ) ਨਿੱਤ ਹੀ ਸਾਵਧਾਨ ਰਖਵਾਲੇ ( ਪਲੰਘ ਪਾਸ) ਇਸਥਿਤ ਹੁੰਦੇ ਸਨ, ਉਹਨਾਂ ਦੀ ਗਿਣਤੀ ੨੫ ਜਾਣ ਲਓ। [7] ਹਥ ਵਿਚ ਹਥਿਆਰ ਪਕੜ ਕੇ। [8] ਖਾਸ (ਸ੍ਰੀ ਗੁਰੂ ਜੀ ਪਾਸ)।

Sri Satguru Jagjit Singh Ji eLlibrary NamdhariElibrary@gmail.com

ਹਰੱਖਾਇਕੈ। ਜਾਮਨਿ ਮਝਾਰ ਕਰਿ ਸੇਵ ਸੁਖ ਪਾਇਕੈ। ਦੇਖਨਿ ਕਰੇ ਸੁ ਪ੍ਰਭੁ ਏਕ ਸਮ ਬੀਰ ਹੈਂ[੧]।ਜੰਗਹਿ ਨਿਸੰਗ ਭਟ ਭੰਗ ਹਿਤ ਧੀਰ ਹੈਂ[੨]॥੩॥ ਨਰਾਜ ਛੰਦੁ ॥ ਤਿਨਹੁ ਮਝਾਰ ਏਕ ਹੈ ਬਚਿੱਤ੍ਰ ਸਿੰਘ ਸੂਰਮਾ। ਬਲੀ ਬਿਲੰਦ ਬਾਹੁ ਦੰਡ ਸ਼ੱਤ੍ਰ ਤੇ ਗ਼ਰੂਰਮਾ[੩]।ਸੁ ਰਾਜਪੂਤ ਜਾਤਿ ਤੇ ਮੁਛੈਲ[੪] ਛੈਲ ਜਾਨਿਯੇ। ਕ੍ਰਿਪਾਨ ਢਾਲ ਅੰਗ ਸੰਗ ਜੰਗ ਮੈਂ ਮਹਾਨਿਯੇ ॥੪॥ ਦੋਹਰਾ ॥ ਪੋਸ਼ਸ਼ ਪਟ ਬਹੁ ਰੂਪ ਕੀ ਪਹਿਰਤਿ ਅਪਨੇ ਅੰਗ। ਪਿਖਿ ਪ੍ਰਭੁ ਕਹਿ ਬਹੁਰੂਪੀਆ ਭਯੋ ਸੁ ਸੰਗਯਾ ਸੰਗ[੫] ॥ ੫ ॥ ਚੰਚਲਾ ਛੰਦ ॥ ਸ੍ਰੀ ਗੁਰੂ ਬਿਲੋਕ ਕੈ ਬਿਲੰਦ ਓਜਵਾਨ ਜਾਨਿ।ਸਾਮੁਹੇ ਥਿਰਯੋ ਸੁ ਬੀਰ ਹਾਥ ਧਾਰਿ ਆਯੁਧਾਨ।ਮੁਨਿ ਹੈ ਪ੍ਰਭੂ ਸੁ ਬਾਕ, ਹੈ ਅਨੰਦ ਧੀਰ ਮਾਂਹਿ। ਬਾਸਤੇ ਹਜ਼ੂਰ ਨੀਤਿ ਭਾਉ ਦੀਹ ਚੀਤ ਜਾਂਹਿ ॥ ੬ ॥ ਲਲਿਤਪਦ ਛੰਦ ॥ ਬਿੱਦ੍ਯਾ ਨੇਜ਼ੇ ਮਾਰਨਿ ਕੀ ਮਹਿ ਬੁੱਧਿਵਾਨ ਬਡ ਜਾਨੇ।ਚਢਿ ਤੁਰੰਗ ਕੈ ਪੈਦਲ ਹ੍ਵੈਕਰਿ ਅਧਿਕ ਭ੍ਰਮਾਵਨਿ ਠਾਨੇ ॥੭॥ ਨੇਜ਼ਾ ਗਹੇ ਖਰੋ ਜੋ ਸਨਮੁਖ ਸ੍ਰੀ ਪ੍ਰਭੁ ਨਿਕਟ ਹਕਾਰਾ। 'ਆਉ ਬਚਿੱਤ੍ਰ ਸਿੰਘ ਬਡ ਜੋਧਾ ਤੁਵ ਸਿਰ ਭਾਰ ਉਦਾਰਾ॥੮॥ਉਤ ਸੈਲੇਂਦ੍ਰਨਿ ਕੋ ਮਤੰਗ ਬਡ, ਇਤ ਤੇ ਕੇਹਰਿ ਥੀਜੈ। ਮਹਾਂ ਦਾੜ੍ਹ ਨੇਜ਼ਾ ਖਰ ਦੈ ਹੈਂ[੬] ਗਜ ਹਤਿਬੇ ਕੋ ਕੀਜੈ ॥ ੯॥ ਅਦ੍ਭੁਤ ਭਾਲਾ ਭਾਲ ਪ੍ਰਹਾਰਹੁ[੭] ਮੁਰ ਹੈ ਜਿਸਤੇ ਹਾਥੀ। ਨਹੀਂ ਕਦਾਚਿਤ ਸਨਮੁਖ ਆਵੈ ਪੀਛੇ ਮਾਰੈ ਸਾਥੀ॥੧੦॥ ਧਰਿ ਧੀਰਜ ਦੀਰਘ ਬਲ ਕਰਿਕੈ ਸ਼ੰਕਾ ਤ੍ਯਾਗਿ ਪ੍ਰਹਾਰੋ। ਤ੍ਰਾਸ ਨ ਕਰਹੁ ਪ੍ਰਯਾਸ ਧਰਹੁ ਅਸ, ਜਸੁ ਕੋ ਪਾਇੰ ਸੁਖਾਰੋ' ॥੧੧॥ ਸੁਨਿ ਬਚਿੱਤ੍ਰ ਸਿੰਘ ਭਯੋ ਪ੍ਰਫੁੱਲਤ ਤਬਿ ਦੋਨਹੁ ਕਰ ਬੰਦੇ। 'ਮਹਾਰਾਜ ਕੀ ਆਇਸੁ ਜੈਸੇ ਤਿਮ ਹੀ ਕਰੌਂ ਨਿਕੰਦੇ ॥ ੧੨ ॥ ਮਹਿ ਮਹਿੰ[੮] ਇਹ ਹਾਥੀ ਕਹਾ ਬਪੁਰੋ ਜੋ ਅਰ ਸਕਹਿ ਅਗਾਰੀ। ਸੁਨਯੋ ਸੁਰਗ ਮਹਿ ਇਕ ਐਰਾਵਤ ਤਿਸ ਕੋ ਲੈਹੌਂ ਮਾਰੀ' ॥੧੩॥ ਅਪਨਿ ਖਜ਼ਾਨੇ ਬਿਚ ਤੇ ਸਤਿਗੁਰ ਤਬਿ ਨੇਜ਼ੇ ਮੰਗਵਾਏ। ਕਿਸੀ ਵਲਾਇਤ ਭਏ ਤਯਾਰ ਸੋ ਕੀਮਤ ਅਧਿਕ ਬਨਾਏ ॥ ੧੪॥

[੧](ਉਹਨਾਂ ਆਪਣੇ ਨਿਜ ਤਨ ਦੇ ਰਾਖੇ ਸੂਰਮਿਆਂ ਵਲ) ਤੱਕਿਆ ਕਿ ਇਕੋ ਜਿਹੇ ਬਹਾਦਰ ਹਨ। [੨]ਜੰਗ ਵਿਚ ਸੂਰਮਿਆਂ ਦੇ ਨਾਸ਼ ਕਰਨ ਲਈ ਨਿਰਭੈ ਧੀਰਜ ਵਾਨ ਹਨ। [੩]ਸ਼ੱਤ੍ਰ ਪਰ ਭਾਰੀ ਹੈ। [੪]ਬੜੀਆਂ ਮੁੱਛਾਂ ਵਾਲਾ। [੫]ਇਸ ਕਰਕੇ ਉਹ ( ਬਹੁਰੂਪੀਆ ) ਸੰਗਯਾ ਵਾਲਾ ਹੋ ਗਿਆ [੬]ਤੇਂ ਉਥੇ ਨੇਜ਼ੇ ਰੂਪੀ (ਸ਼ੇਰ ਦੀ) ਭਾਰੀ ਦਾੜ੍ਹ ਦਿਆਂਗੇ। [੭]ਐਸਾ ਨੇਜ਼ਾ ਮੱਥੇ ਵਿਚ ਮਾਰੋ। [੮]ਪ੍ਰਿਥਵੀ ਵਿਚ।

Sri Satguru Jagjit Singh Ji eLlibrary NamdhariElibrary@gmail.com

ਬੇਣ ਬਿਖੈ ਬਹੁ ਕਲੀ ਪੂਰ ਕਰਿ ਊਪਰ ਪੈ ਲਪਟਾਏ[1] । ਦੂਹਰੇ ਹੋਇ ਬਨਹਿ ਪੁਨ ਸਰਲੀ ਨਹਿ ਟੂਟਹਿ ਬਲ ਲਾਏ[2] ॥ ੧੫ ॥ ਪਰੇ ਬੰਦ ਬਹੁ ਚਾਮੀਕਰ ਕੇ ਨਗ ਤਿਨ ਪਰ ਜਰਵਾਏ। ਧਨ ਦਸ ਸਪਤ ਸਹੰਸ੍ਰੈ[3] ਲਾਗਤੇ ਬਾਸ਼ਕ ਸਮ[4] ਦਰਸਾਏ॥੧੬॥ ਸ਼੍ਰੀ ਪ੍ਰਭੁ ਦੋਨਹੁੰ ਲਏ ਹਾਥ ਮਹਿ ਪਰਖਹਿੰ ਤੋਲਨ ਕੀਨਾ। ਕੁੰਚਰ ਕੇ ਮਸਤਕ ਕੋ ਫੋਰਨਿ ਇਕ ਤਿਨ ਮਹਿ ਤੇ ਦੀਨਾ ॥ ੧੭ ॥ ਫਲ ਫੁਲਾਦ ਕੀਮਤ ਬਹੁਤੇ ਕੋ[5] ਲੋਹਾ ਬੀਧਨ ਵਾਰੋ । ਲੇ ਬਚਿੱਤ੍ਰ ਸਿੰਘ ਬੰਦਨ ਕੀਨਸਿ ਤਤਛਿਨ ਭਾ ਬਲ ਭਾਰੋ ॥ ੧੮ ॥ ਬਿੰਦ੍ਰਾ ਅਧਿਕ ਬਹੁਤ ਸਿਖਰਾਈ 'ਇਮ ਗਹਿ ਕਰਿ ਗਜ ਮਾਰੋ'। ਸਕਲ ਭੇਦ ਕੋ ਜਾਨਨੋਂ ਤੂਰਨ ਗੁਰ ਕਰੁਨਾ ਉਰ ਧਾਰੋ ॥ ੧੯ ॥ ਕਰੀ ਬਚਿੱਤ੍ਰ ਸਿੰਘ ਪੁਨ ਬਿਨਤੀ 'ਹਾਰਿ ਜੀਤ ਨਹਿ ਜਾਨੋਂ । ਜਿਤ ਪ੍ਰੇਰਹੁ ਤਿਤ ਗਮਨਹੁ ਸਨਮੁਖ ਬੁਧਿ ਅਰੁ ਬਲ ਸਭਿ ਠਾਨੋਂ[6] ॥ ੨੦ ॥ ਮੋਹਿ ਮਰਨ ਕੀ ਚਿੰਤ ਨ ਕੋਈ ਤੁਮਹਿੰ ਦਾਸ ਕੀ ਲਾਜਾ। ਖਰੇ ਹੋਨਿ ਮਿਸ ਮੋਰੇ ਇਕ ਹੈ ਆਪ ਕਰਹੁ ਨਿਜ ਕਾਜਾ ॥ ੨੧ ॥ ਦਾਸ ਉਚਿਤ ਆਇਸੁ ਕੋ ਮੰਨਨਿ ਤੁਮ ਪੂਰਨ ਨਿਰਬਾਹੋ। ਜਗ ਮਹਿ ਸੁਜਸੁ ਪ੍ਰਲੋਕ ਮਹਾਂ ਸੁਖ ਮਨ ਜਾਨਨੋਂ ਇਸ ਮਾਂਹਿ ॥ ੨੨ ॥ ਜਿਮ ਸ੍ਰੀ ਕ੍ਰਿਸ਼ਨ ਭੀਮ ਕੋ ਬਲ ਦੇ ਜਰਾਸੰਧ ਮਰਿਵਾਯੋ। ਰਾਮ ਚੰਦ੍ਰ ਸੁੱਗ੍ਰੀਵ ਓਜ ਦੇ ਬਾਲੀ ਕੋ ਹਤਵਾਯੋ ॥ ੨੩ ॥ਤਥਾ ਕ੍ਰਿਪਾ ਕਰਿ ਮੁਝ ਤੇ ਕਾਰਜ ਆਪ ਬਨਾਵਨ ਚਾਹੋ। ਦੀਜਹਿ ਮਾਦਕ ਰਹੁ ਮਤ ਮੁਹਿ ਮਤ, ਆਪ ਦੁਰਦ ਕੋ ਗਾਹੋ"[7] ॥ ੨੪ ॥ ਸੁਨਿ ਪ੍ਰਸੰਨ ਕਲ-ਗ਼ੀਧਰ ਹ੍ਵੈ ਕੈ ਨਿਜ ਅਫੀਮ ਮੰਗਵਾਈ। ਡੱਬਾ ਚਾਮੀਕਰ ਕੋ ਸੁੰਦਰ ਜਟੇ ਰਤਨ ਸਮੁਦਾਈ ॥ ੨੫ ॥ ਮਾਸੇ ਪੰਚ ਭੁਖਤਿ ਸੋ ਪੁਰਬ ਤਿਸ ਤੇ ਦਈ ਸਵਾਈ*। ਦੂਰ ਵਲਾਇਤ ਤੇ ਜੋ ਆਵਤਿ ਅਤਿ ਮਾਦਕ ਬਡਿਆਈ[8]

[1]ਬਾਂਸ ਵਿਚ ਕਲੀ ਭਰਕੇ ਉਪਰ ਤੰਦੀ ਲਪੇਟੀ ਹੋਈ ਹੈਸੀ [ਵਾ:, ਪੈ=ਜਾਨਵਰਾਂ ਦੇ ਬਦਨ ਵਿੱਚੋਂ ਲਏ ਪੱਠੇ ਆਦਿ ਜਿਨ੍ਹਾਂ ਨੂੰ ਕਮਾਨ ਤੇ ਨੇਜ਼ਿਆਂ ਦੇ ਮੁੱਠਾਂ ਤੇ ਲਪੇਟਦੇ ਹਨ ਪੱਕਿਆਂ ਕਰਨ ਵਾਸਤੇ। ਦੇਖੋ ਗੁਰਪ੍ਰਮਾਸੁ:]। [2]ਦੂਹਰੇ ਹੋਕੇ ਫਿਰ ਸਿੱਧੇ ਹੋ ਜਾਂਦੇ ਹਨ ਬਲ ਲਾਇਆਂ ਟੁੱਟਦੇ ਨਹੀਂ ਸਨ। [3]੧੭ ਹਜ਼ਾਰ। [4]ਬਾਸ਼ਕ ਨਾਗ ਵਰਗੇ। [5]ਬਹੁਤੇ ਮੁੱਲ ਦੀ। [6]ਕਰਾਂਗਾ। [7]ਅਫੀਮ ਦਿਓ, ਮੇਰੀ ਬੁੱਧੀ ਨੂੰ ਮਸਤ ਕਰ ਦਿਓ ਤੇ ਆਪ ਹਾਥੀ ਨੂੰ ਮਾਰੋ। [8]ਭਾਰੀ ਨਸ਼ੇ ਵਾਲੀ (ਜਿਸਦੀ) ਮਹਿਮਾਂ ਹੈ।

*ਰਾਜਪੂਤਾਂ ਵਿਚ ਅਫੀਮ ਦਾ ਰਿਵਾਜ ਬਹੁਤ ਹੀ ਹੈਸੀ ਤੇ ਹੁਣ ਹੈ। ਪਰ ਨਿਸ਼ਚੇ ਨਹੀਂ ਕਿਹਾ ਜਾ ਸਕਦਾ ਕਿ ਬਚਿੱਤ੍ਰ ਸਿੰਘ ਜੀ ਸਿੰਘ ਸਜਕੇ ਅਫੀਮੀ ਰਹੇ ਹੋਣ ਕਿ ਨਾ।

Sri Satguru Jagjit Singh Ji eLlibrary NamdhariElibrary@gmail.com

॥ ੨੬ ॥ ਨਿਜ ਕਰ ਤੇ ਕਲਗੀਧਰ ਦੀਨੀ ਜੁਗ ਹਾਥਨਿ ਪਰ ਲੀਨੀ ।
ਸਿਮਰਿ ਨਾਮ ਗੁਰੁ ਕੋ ਤਬਿ ਖਾਈ ਬਡਿ ਕੀਮਤਿ ਕੀ ਚੀਨੀ ॥ ੨੭ ॥ ਪੁਨ
ਬਿਜੀਆਂ[1] ਘੁਟਵਾਇ ਮੰਗਾਈ ਸਿੰਘਨ ਪਾਨ ਕਰਾਈ। ਪੀਵਤਿ ਚਢ੍ਯੋ
ਬਿਸਾਲ ਅਮਲ ਤਬਿ, ਲਾਲੀ ਲੋਚਨ ਛਾਈ ॥੨੮॥ ਭੌਹੈਂ ਚਢੀ ਕਮਾਨ
ਮਨਿੰਦੇ ਮੁਛਨ ਪਰ ਕਰ ਫੇਰਾ । ਖੜਗ ਸਿਪਰ ਤੇ ਕਮਰ ਕਸੀ ਦਿਢ,
ਬਰਛਾ ਕਰ ਮਹਿ ਫੇਰਾ ॥ ੨੯ ॥ ਬਖਸ਼ਯੋ ਬਲ ਬਿਸਾਲ ਕਲਗੀਧਰ ਵਧ
ਗਯੋ ਮਨ ਉਤਸਾਹੁ । ਕੁੰਚਰ ਕੋ ਪਪੀਲਕਾ ਜਾਨਤਿ-ਹਤੌਂ ਤੁਰਤ ਰਣ
ਮਾਂਹੁ-॥੩੦॥ ਵਧ੍ਯੋ ਪ੍ਰਮੋਦ ਭਯੋ ਤਬਿ ਗਦਗਦ ਪਰ੍ਯੋ ਚਰਨ ਗੁਰ ਆਗੇ।
ਦੇ ਥਾਪੀ ਤਤਕਾਲ ਉਠਾਯੋ 'ਕਰਹੁ ਜੁਧ ਅਨੁਰਾਗੇ'॥੩੧॥ ਚਤਰ ਪ੍ਰਦ-
ਛਨਾ ਦੇ ਪ੍ਰਭੁ ਕੇਰੀ ਸਭਿ ਸੋਂ ਫਤੇ ਬੁਲਾਈ। ਪਿਖਤਿ ਖਾਲਸਾ[2] ਚਲ੍ਯੋ
ਅੱਗ੍ਰ ਕੌ ਅਸੁ ਪਰ[3] ਦ੍ਰਿਸ਼ਟਿ ਚਲਾਈ ॥ ੩੨ ॥ ਕਰਿ ਬੰਦਨ ਪਗ, ਭਯੋ
ਅਰੂਢਨਿ, ਬਰਛਾ ਹਾਥ ਹੁਲਾਰਾ । ਦੂਸਰ ਕਰ ਮਹਿ ਬਾਗ ਤੁਰੰਗ ਕੀ ਲੇ
ਗੁਰ ਨਾਮ ਪਧਾਰਾ ॥੩੩॥ ਹੁਤੋ ਦਮਦਮਾ ਅਧਿਕ ਉਚੇਰੋ ਤਿਸ ਪਰ ਗੁਰੂ
ਅਰੂੜੇ । ਪਿਖਿਨਿ ਤਮਾਸ਼ਾ ਜੰਗ ਕਰਨ ਕੋ ਫੇਵਨ ਗਜ ਕੋ ਕੂੜੇ ॥ ੩੪ ॥
ਉਦੇ ਸਿੰਘ ਆਲਮ ਸਿੰਘ ਆਦਿਕ ਸਭਿ ਪ੍ਰਭੁ ਕੇ ਢਿਗ ਬੈਸੇ । ਕਰਹਿ
ਕ੍ਰਿਪਾ ਜਿਮ ਬਾਕ ਬਖਾਨੈਂ ਸਨਮਾਨਤਿ ਹੈਂ ਤੈਸੇ॥੩੫॥ ਦ੍ਰਿਸ਼ਟਿ ਲੋਹਗੜ੍ਹ
ਦਿਸ਼ਿ ਕੋ ਪ੍ਰੇਰੀ ਹੇਰਿ ਸ਼ੱਤ੍ਰ ਸਮੁਦਾਇ।ਬਡੇ ਢੋਲ ਦੁੰਦਭਿ ਰਣਸਿੰਙੇ ਨਾਦ
ਬਿਸਾਲ ਉਠਾਏ॥ ੩੬॥ ਗੌਜ ਸ਼ਿੰਗਾਰ ਕੀਯੋ ਬਹੁ ਗਾੜ੍ਹੇ ਲੋਹੇ ਸੰਗ
ਅਛਾਦਾ॥ਇਤ ਉਤ ਸੌਂਡਾ ਫੇਰਨਿ ਕਰਤੇ,ਚਮਕ ਸੈਫ ਭੁੰਣ ਵਾਦਾ[4]॥੩੭॥
ਏਕ ਲਾਖ ਗਿਨਤੀ ਕੇ ਜੋਧਾ ਪੁਨ ਸਤਵੰਜ ਹਜ਼ਾਰਾ। ਸੰਗ ਕੇਸਰੀ ਚੰਦ
ਸੁ ਲੈਕੇ ਹੇਲਾ ਘਾਲਨਿ ਤਯਾਰਾ॥੩੮॥ਸੁਤਰੀ, ਧੌਂਸ[5] ਦੀਰਘਾ, ਭੇਰਹਿ[6],
ਡਫ ਗਨ ਢੋਲ ਸਮੂਹੇ । ਪਟਹਿ, ਬਾਂਸੁਰੀ, ਬਜੀ ਨਫੀਰੀ, ਭਟ ਉਮਡੇ
ਹਿਤ* ਹੂਹੇ[7] ॥ ੩੯ ॥ ਮਾਰਿ ਮਾਰਿ ਕਹਿ ਰੌਰ ਪਰ੍ਯੋ ਬਡ ਤੋਮਰ ਲਏ
ਹਜ਼ਾਰਾ । ਖੜਗ ਸਿਪਰ ਲੇ ਫਾਂਦਨ ਕਰਿਤੇ ਤੜਭੜ ਤੁਪਕ ਉਦਾਰਾ
॥ ੪੦ ॥ ਤੁਰੰਗ ਕੇਸਰੀਚੰਦ ਫੰਧਾਯੋ ਸਭਿ ਤੇ ਆਗੂ ਹ੍ਵੈ ਕੈ । 'ਆਜ ਲੋਹ-

[1]ਸੁੱਖਾ । [2]ਖਾਲਸੇ ਦੇ ਵੇਖਦਿਆਂ । [3]ਘੋੜੇ ਪਰ । [4]ਇਧਰ ਉਧਰ ਜਦ ਸੁੰਡ ਫੇਰਦਾ ਹੈ ਤਾਂ ਸੂਰਮਿਆਂ ਦਾ ਨਾਸ਼ ਕਰਨ ਲਈ (ਬੱਧੀ ਹੋਈ) ਤਲਵਾਰ ਚਮਕਦੀ ਹੈ । [5]ਧੌਂਸੇ । [6]ਭੇਰੀਆਂ । [7]ਹੱਲੇ ਕਰਨ ਲਈ । (ਅ) ਸ਼ੋਰ ਕਰਨ ਲਈ । *ਪਾ:-ਨਿੱਤ ।

Sri Satguru Jagjit Singh Ji eLlibrary NamdhariElibrary@gmail.com

ਗੜ੍ਹ ਤੋੜੌਂ ਭਿੜਿ ਕੈ'ਸਪਥ[1] ਰਿਦੈ ਸਿਮਰੈਕੇ ॥੪੧॥ ਆਲਮ ਸਿੰਘ ਬਿਲੋ-
ਕਤਿ ਬੋਲ੍ਯੋ 'ਪ੍ਰਭੁ ਜੀ! ਇਹ ਜਸਵਾਰੀ। ਮਹਾਂ ਸ਼ੱਤ੍ਰ ਹੰਕਾਰਿ ਬਡੇਰਾ।
ਸਭਿ ਮਹਿ ਸਪਥ ਉਚਾਰੀ ॥ ੪੨ ॥ ਆਜ ਜੰਗ ਮਹਿਂ ਇਸੈਹਿ ਸਿਧਾਰਹਿਂ
ਸੈਲੇਂਦ੍ਰਨਿ ਹਤਿ ਧੀਰੈਂ[2] ਕਰਹੁ ਖਾਲਸੇ ਪਰ ਨਿਜ ਕਰੁਨਾ ਇਤ ਤੇ ਭੇਜਹੁ
ਬੀਰੈ ॥ ੪੩ ॥ ਅਪਰ ਕਾਰ ਲਰਿ ਮਾਰਨ ਕੇਰੀ ਸੋ ਨ ਕਰਹਿਂ ਰਣ ਮਾਂਹੀ।
ਹਤਹਿਂ ਕੇਸਰੀ ਕੋ ਕਰਿ ਉੱਦਮ ਰਿਪੁ ਨਿਰਬਲ ਹੁਇ ਜਾਂਹੀ[3]' ॥ ੪੪ ॥
ਸ੍ਰੀ ਕਲਗੀਧਰ ਸੁਨਤਿ ਬਖਾਨੀ 'ਨੀਕੋ ਬਾਤ ਬਤਾਈ॥ਜਿਮ ਬਚਿੱਤ੍ਰ ਸਿੰਘ
ਗਜ ਪਰ ਗਮਨ੍ਯੋਂ ਤਿਮ ਕੋ[4] ਇਸ ਪਰ ਜਾਈ ॥ ੪੫ ॥ ਸਿਰ ਨਿਕੰਦ
ਕਰਿ ਹਮ ਢਿਗ ਆਨਹਿ ਨ੍ਰਿਭੈ ਖੜਗ ਕੇ ਸਾਥਾ। ਧਰਿ ਬਿਸ਼ਵਾਸ਼
ਮਹਤ ਉਤਸਾਹਿਤ ਕੋ ਟੇਕਹਿ ਪਗ ਮਾਥਾ' ॥ ੪੬ ॥ ਤੀਨ ਬਚਨ ਸੁਨਿ
ਉਦੇ ਸਿੰਘ ਤਬਿ ਬੋਲ੍ਯੋ ਜੋਰਤਿ ਹਾਥਾ। 'ਕਰਹੁ ਦਾਸ ਕੋ ਆਇਸੁ ਸ੍ਰੀ
ਪ੍ਰਭੁ ਮੈਂ ਲਰਿ ਹੌਂ ਰਿਪੁ ਸਾਥਾ॥੪੭॥ਜੰਗ ਖੇਤ ਮਹਿ ਹਤਨ ਕਹਾਂ ਇਹ,
ਜੇ ਅਵਿਲੋਕ ਪਲਾਵੈ। ਦੁਰਗ ਸੈਲ ਮੈਂ ਜਾਇ ਪ੍ਰਵੇਸ਼ੈ ਤਹਾਂ ਨ ਪ੍ਰਾਨ
ਬਚਾਵੈ ॥੪੮॥ ਕਰੌਂ ਪ੍ਰਹਾਰ ਅਪਰ ਪਰ ਮੈਂ ਨਹਿਂ,ਪਹੁੰਚੋਂ ਤਿਸ ਕੇ ਪਾਸਾ।
ਗੁਰ ਪ੍ਰਤਾਪ ਤੇ ਕਰਾਚੋਲ ਸੋਂ ਦੇਵਹੁਂ ਸੀਸ ਬਿਨਾਸਾ ॥ ੪੯ ॥ ਜਹਿਂ ਕਹਿਂ
ਅਰਹਿ ਲਰਹਿ ਇਹ ਮੂਰਖ ਰਣ ਕੀ ਬਾਧੁ ਨ ਲਾਗੀ। ਆਜ ਲੇਹਿ ਫਲ
ਸਗਰੇ ਦਿਨ ਕੋ ਬੇਮੁਖ ਕੂੜ ਕੁਭਾਗੀ' ॥ ੫੦ ॥ ਸੁਨਿ ਪ੍ਰਸੰਨ ਕਲਗੀਧਰ
ਹੋਏ ਬਲੀ ਤੁਰੰਗ ਤਬੇਲੇ। ਜ਼ੀਨ ਪਵਾਇ ਅਨਾਯਹੁ ਤੂਰਨ ਕਹ੍ਯੋ
'ਉਦੇ ਸਿੰਘ ਲੇ ਲੇ' ॥੫੧॥ ਦੀਰਘ ਖੜਗ ਕੋਸ਼ ਤੇ ਦੀਨਸਿ ਖਰੋ ਪੁਲਾਦ
ਕਰਾਰਾ[5]। ਬਲ ਤੇ ਹਤੇ ਲੋਹ ਕੋ ਕਾਟਹਿ ਮਾਨੁਖ ਕਹਾਂ ਬਿਚਾਰਾ ॥੫੨॥
ਬਰਛਾ ਦੁਤੀ ਰਹ੍ਯੋ ਸੋ ਬਖਸ਼੍ਯੋ ਕ੍ਰਿਪਾ ਦ੍ਰਿਸ਼ਟਿ ਸੋਂ ਹੇਰਾ। ਬਲ ਉਤਸਾਹ
ਬਿਸਾਲ ਵਧ੍ਯੋ ਤਨ ਗੁਰੂ ਪ੍ਰਤਾਪ ਘਨੇਰਾ ॥ ੫੩ ॥ ਕਟ ਸੋਂ ਬੰਧਿ ਖੜਗ,
ਬਡ ਢਾਲਾ, ਤੋਮਰ ਹਾਥ ਮਝਾਰਾ। ਨਮੋਂ ਪ੍ਰਦੱਛਨ ਕਰਤਿ ਭਯੋ ਜਬਿ
ਮਾਦਿਕ[6] ਦੀਨਿ ਉਦਾਰਾ॥੫੪॥ਨਿਜ ਕਰ ਤੇ ਹਫੀਮ ਸੋ ਦੀਨੀ ਬਿਜੀਆ
ਕਰਿਕੈ ਪਾਨਾ। ਬੰਕ ਮੁਛਹਿਰੇ[7] ਕਰਿ ਤਬਿ ਗਮਨ੍ਯੋਂ ਭਾ ਅਸਵਾਰ
ਕਿਕਾਨਾ[8] ॥ ੫੫ ॥ ਗਿਰ ਈਸ਼ਨ ਕੀ ਚਮੂੰ ਘਨੀ ਲਖਿ ਸਿੰਘ ਸਮੂਹ

[1]ਸੌਂਹ। [2]ਪਹਾੜੀ ਰਾਜਿਆਂ ਦਾ ਧੀਰਜ ਨਾਸ਼ ਕਰੀਏ। [3](ਇਸਦੇ ਮਰਨ ਨਾਲ) ਵੈਰੀ ਨਿਰਬਲ ਹੋ ਜਾਣਗੇ। [4]ਕੋਈ। [5]ਸਖਤ। [6]ਭਾਵ ਅਫੀਮ। [7]ਮੁੱਛਾਂ ਨੂੰ ਤਾਂ ਦੇਕੇ। [8]ਘੋੜੇ ਤੇ ਸਵਾਰ ਹੋਯਾ।

Sri Satguru Jagjit Singh Ji eLlibrary NamdhariElibrary@gmail.com

ਉਠਾਏ[1]।ਤੁਪਕ[2] ਤੜਾਕੇ ਚਾਂਪ ਤੀਰ ਖਰ ਗਹਿ ਗਹਿ ਸ਼ਸਤ੍ਰ ਸਿਧਾਏ॥੫੬॥ ਆਜ ਭੋਰ ਓੜਕ ਕੋ ਪਰਿ ਹੈ ਗੁਰ ਪ੍ਰਤਾਪ ਤੇ ਮਾਰੈਂ।ਕਹਾਂ ਭਯੋ ਜੋ ਅਨੀ ਘਨੀ ਤਿਨ,ਲਰਿ ਕਰਿ ਮੂਰਖ ਹਾਰੈਂ॥੫੭॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਬਚਿੱਤ ਸਿੰਘ ਉਦੇ ਸਿੰਘ ਰਣ ਕਰਨਿ ਪਠਨ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥ ੨੫ ॥

## ੨੬. [ਬਚਿੱਤ੍ਰ ਸਿੰਘ ਨੇ ਹਾਥੀ ਨੂੰ ਨੇਜ਼ਾ ਮਾਰਨਾ]।

ਦੋਹਰਾ ॥ ਦੋਨਹੁ ਦੀਰਘ ਸੂਰਮੇ ਅਪਰ ਸਿੰਘ ਸਮੁਦਾਇ। ਚਲੇ ਲਰਨ ਕੇ ਹੇਤੁ ਕੋ ਜਹਿਂ ਰਣਖੇਤ ਬਨਾਇ ॥ ੧ ॥ ਚੰਪਕਮਾਲਾ ਛੰਦ॥ ਦੀਰਘ ਰੌਰਾ ਦ੍ਵੈ ਦਿਸ਼ਿ ਹੋਵਾ। ਚਾਹਤਿ ਹਾਥੀ ਕੋ ਤਬਿ ਢੋਵਾ। ਸਿੰਘ ਗਏ ਘੋਰੇ ਅਸਵਾਰਾ। ਲੋਹਗੜ੍ਹੀ ਕੋ ਦ੍ਵਾਰ ਨਿਹਾਰਾ ॥ ੨ ॥ ਨਾਹਰ ਸਿੰਘੰ ਬੀਰ ਬਿਸਾਲਾ। ਬੀਚ ਖਿਰਨੋ ਲੈ ਸਿੰਘਨਿ ਜਾਲਾ।ਕਾਸ਼ਟ ਪ੍ਰਿਸ਼ਟਾ ਹਾਥ ਸੰਭਾਰੋ।ਡਾਲਿ ਦੁਗੋਰੀ ਹ੍ਵੈ ਕਰਿ ਤ੍ਯਾਰੇ ॥ ੩ ॥ ਛੋਰਤਿ ਬੈਰੀ ਹੇਰਤਿ ਆਏ[3]। ਦੈ ਉਤਸਾਹਿ ਬੀਰ ਬਧਾਏ।"ਸ਼੍ਰੀ ਪ੍ਰਭੁ ਹ੍ਵੈਂ ਰੱਛ੍ਯਾ ਕਰਿ ਭਾਰੀ[4]। ਨਾਮ ਸੁ ਲੀਜੈ ਜੈ ਰਣ ਕਾਰੀ"[5] ॥ ੪ ॥ ਰੰਥਲਾ ਛੰਦ॥ ਸ਼ੇਰ ਸਿੰਘ ਦੂਸਰੋ ਸੁ ਜੂਥ ਨਾਥ[6] ਬੀਰ ਬੀਰ। ਤ੍ਯਾਰ ਜੰਗ ਖੇਤ ਕੋ ਸੁ ਲੋਹ ਕੋਟ ਪੌਰ ਤੀਰ[7]। ਸੈਨ ਸੈਲ ਨਾਥ ਕੀ ਬਿਸਾਲ ਹੇਲ ਘਾਲਿ ਘਾਲਿ। 'ਮਾਰ ਮਾਰ' ਬੋਲਤੀ ਪੁਕਾਰ ਭੂਰਿ ਡਾਲਿ ਡਾਲਿ[8] ॥ ੫ ॥ ਸ਼੍ਰੀ ਗੁਰੂ ਬਿਲੋਕਤੇ ਉਤੰਗ ਥਾਨ ਪੈ ਖਿਰੰਤਿ। ਜੰਗ ਮੈਂ ਉਮੰਗ ਕੈ ਤੁਫੰਗ ਸੰਗ ਭੰਜਯੰਤਿ[9]। ਗੋਰੀਆਂ ਦੁਓਰਿਯਾਂ ਸੁ ਛੋਰਿਯਾਂ ਸਰੀਰ ਫੋਰ। ਕੋਰਿਯਾਂ ਘਨੇਰਿਯਾਂ ਬਿਥੇਰਿਯਾਂ ਜਿ ਲੋਥ ਘੋਰ[10] ॥੬॥ ਮੁੰਡ ਤੁੰਡ ਤੂਟਿਗੇ ਪ੍ਰਚੰਡ ਹੀ ਘਮੰਡ ਘਾਲਿ[11]। ਟੂਟ ਹਾਥ ਪਾਂਇ ਗੇ, ਸੁ ਜੰਘ ਕੰਧ ਸ਼੍ਰੋਣ ਛਾਲ[12] ਨੈਨ,ਕਾਨ,ਨਾਕ,ਓਠ, ਗ੍ਰੀਵ, ਭਾਲ, ਸੀਸ ਲਾਗਿ। ਫੇਰਿ ਦੇਤਿ ਗੋਰਿਯਾਂ ਉਤਾਰ ਦੇਤਿ ਕਾਂਹੁ ਪਾਗ॥੭॥ਸੈਯਾ॥ਬਾਨ ਸਟਾਸਟ[13] ਛੂਟ ਚਲੇ ਗਨ ਬੀਰ ਕਟਾਕਟ ਹੋਨਿ ਲਗੇ। ਨਾਦ ਚਟਾਪਟ ਊਠਤਿ ਦੀਰਘ ਹੋਤਿ

[1]ਉਠੇ, ਉਠਕੇ ਆਏ। [2]ਬੰਦੂਕ। [3]ਵੈਰੀ ਆਇਆ ਦੇਖਕੇ ਗੋਲੀਆਂ ਛੱਡਦੇ ਹਨ। [4]ਸ੍ਰੀ ਪ੍ਰਭੂ ਜੀ ਭਾਰੀ ਰੱਛਿਆ ਕਰਨ ਵਾਲੇ ਹੋਣ। [5]ਰਣ ਵਿਚ ਜੈ ਕਰਾਉਣ ਵਾਲਾ ਨਾਮ (ਭਾਵ ਗੁਰੂ ਜੀ ਦਾ ਨਾਮ) ਲਓ। [6]ਜਥੇਦਾਰ, ਸੈਨਾਪਤੀ। [7]ਲੋਹਗੜ੍ਹ ਦੇ ਦਰਵਾਜ਼ੇ ਪਾਸ ਸੀ। [8]ਬਹੁਤੀ ਪੁਕਾਰ ਪਾ ਪਾਕੇ। [9]ਨਾਸ਼ ਕਰਦੇ ਹਨ (ਵੈਰੀਆਂ ਨੂੰ)। [10]ਘਨੇਰੀਆਂ ਲੋਥਾਂ ਡੇਗੀਆਂ ਜੋ ਭਿਆਨਕ (ਤਰ੍ਹਾਂ) ਖਿਲਾਰੀਆਂ ਪਈਆਂ ਹਨ। [11]ਭਾਰੀ ਜ਼ੋਰ ਕਰਕੇ। [12]ਹੱਥ ਪੈਰ ਟੁਟ ਗਏ ਤੇ ਜੰਘਾਂ ਤੇ ਮੋਢਿਆਂ ਵਿਚੋਂ ਲਹੂ ਡਿਗਦਾ ਹੈ। (ਅ) ਹਥ, ਪੈਰ, ਜੰਘਾਂ, ਮੋਢੇ, ਕੰਨ ਟੁੱਟਕੇ ਡਿਗੇ ਪਏ ਹਨ। [13]ਛੇਤੀ ਛੇਤੀ।

Sri Satguru Jagjit Singh Ji eLlibrary NamdhariElibrary@gmail.com

ਹਟਾਹਟ ਸੂਰ ਅਰੇ[1] । ਤੀਖਨ ਭੀਖਨ ਮਾਰ ਮਚੀ ਰਜ ਸ਼੍ਰੋਣ ਰਚੀ ਭਟ ਚੀਰ ਪਗੇ[2] । ਅੰਗਨ ਭੰਗ ਤੁਰੰਗ ਭਏ ਕਿਹ ਪੇਟ ਫਟੇ ਰਣਖੇਤ ਡਿਗੇ ॥ ੮ ॥ ਛੂਛ ਫਿਰੇ ਹਿਹਨਾਵਤਿ ਹੈਂ ਹਯ ਹਾਕ ਪੁਕਾਰਤਿ ਹੈਂ ਕਹਿ ਕੋਊ । ਭਾਰਥ[3] ਦੂਸਰ ਹੋਤਿ ਭਯੋ ਜਨੁ ਮਾਰਿ ਮਰੇ ਕਿਹ ਠਾਂ ਭਟ ਦੋਊ[4] । ਧੂਲ ਉਡੀ ਅੰਧਕਾਰ ਭਯੋ ਬਡ ਧੂਮ ਉਠ੍ਯੋ ਜਨੁ ਬਾਰਦ ਹੋਊ । ਹੋਇ ਪ੍ਰਕਾਸ਼ ਬਰੂਦ ਧੁਖੈ ਤੜਿਤਾ ਸਮਤਾ ਕਹੁ ਪਾਵਤਿ ਸੋਊ[5] ॥ ੯॥ ਰਸਾਵਲ ਛੰਦ ॥ ਦਏ ਖਿੰਦ ਨੇਜੇ । ਕਲੂਰੀ ਸੁ ਤੇਜੇ। 'ਮਤੰਗੈ ਪਿਛਾਰੀ। ਕਰੋ ਜਾਇ ਮਾਰੀ॥੧੦॥ ਕਿਤੇ ਹੋਇ ਦਾਏਂ[6]। ਦਿਜੇ ਚੋਕ ਜਾਏਂ[7]। ਕਿਤੇ ਬਾਮ ਪਾਸੇ। ਖਿਰੇ ਜਾਇ ਹਾਸੇ[8]॥ ੧੧॥ ਜਹਾਂ ਕੋਟ ਪੌਰਾ । ਚਲੈ ਤਾਂਹਿ ਠੌਰਾ[9] । ਹਟੈ ਨਾਂਹਿ ਜੈਸੇ। ਕਰੋ ਕਾਰ ਤੈਸੇ' ॥੧੨॥ ਸੁਨੀ ਭੂਪ[10] ਬਾਨੀ। ਕਰੇ ਸਾਵਧਾਨੀ। ਬਡੋ ਡੀਲ ਪੂਰਾ। ਮਹਾਂ ਮੱਤ[11] ਘੋਰਾ॥੧੩॥ ਮਨੋ ਸੈਲ ਸ਼੍ਰਿੰਗੀ[12]। ਚਲ੍ਯੋ ਧੌਂ ਮਤੰਗੀ। ਫੁੰਕਾਰੇ ਕਰਾਲਾ। ਮਹਾਂ ਉਜਵਾਲਾ ॥ ੧੪ ॥ ਸੁ ਨੇਜ਼ਾਨ ਪੂਰਾ[13] । ਚਿੰਘਾਰੈ ਬਡੇਰਾ । ਘਨੀ ਕੈਫ ਪਾਨੀ[14] । ਚਲ੍ਯੋ ਅੱਗ੍ਰ ਬਾਨੀ ॥੧੫॥ ਪਦਾਂਤੀ ਹਜ਼ਾਰੈਂ[15] । ਮਿਲੇ ਹੈਂ ਪਿਛਾਰੈਂ । ਤੁਰੰਗੈ ਨਚਾਏ । ਭਏ ਬਾਮ ਦਾਏ[16] ॥ ੧੬ ॥ ਭੁਜੰਗ ਪ੍ਰਯਾਤ ਛੰਦੁ ॥ ਚਲ੍ਯੋ ਕੇਸਰੀ ਚੰਦ ਲੀਨੀ ਕਮਾਨਾ। ਗਹੇ ਬਾਨ ਤੀਖੇ ਗੁਨੈ ਸੰਧਿਤਾਨਾ[17]। ਪ੍ਰਹਾਰੈ ਚਲੈ ਸਾਮੁਹੇ ਕੋਟ ਪੌਰਾ। ਕਰੀ ਹਾਲ ਹੂਲੈ ਪਰ੍ਯੋ ਭੂਰ ਰੌਰਾ॥੧੭॥ ਭਯੋ ਭੀਮਚੰਦੰ ਕਿਤੀ ਦੂਰ ਪਾਛੇ।-ਫਤੇ ਕੋਟ ਕੈ ਹੈਂ[18]-ਇਮੰ ਚੀਤ ਬਾਂਛੇ। ਕਟੋਚੀ ਹੰਡੂਰੀ ਹੁਤੇ ਔਰ ਰਾਜੇ। ਭਏ ਬਾਮ ਦਾਏਂ ਚਲੇ ਜੁੱਧ ਕਾਜੇ ॥੧੮॥ ਦੁਊ ਸਿੰਘ ਜੋਧੇ ਗੁਰੂ ਆਪ ਭੇਜੇ । ਬਰੇ ਕੋਟ ਮੈਂ ਜਾਇ ਲੀਨੇ ਸੁ ਨੇਜ਼ੇ । ਜਿਤੇ ਸਿੰਘ ਸੰਗੀ ਕਰੇ ਜ਼ੋਰ ਆਏ। ਤੁਫੰਗੈਂ ਪ੍ਰਹਾਰੈਂ ਤੜਾਕੇ ਉਠਾਏ॥੧੯॥ ਦੋਹਰਾ ॥ ਹੁਤੋ ਅਗਮ ਪੁਰ ਮੋਰਚਾ ਤਹਾਂ ਪਰ੍ਯੋ ਘਮਸਾਨ। ਖਿਰਹਿ[19] ਸਿੰਘ ਛੋਰਹਿ ਨਹੀਂ ਪਰੇ ਪਹਾਰੀ ਆਨਿ ॥ ੨੦ ॥ ਭੁਜੰਗ ਪ੍ਰਯਾਤ ਛੰਦ ॥ ਬਡੋ ਓਜ

[1](ਇਕ ਦੂਸਰੇ ਨੂੰ) ਹਟਾ ਹਟਾ ਕੇ ਅੱਗੇ ਹੁੰਦੇ ਹਨ ਸੂਰਮੇ। [2]ਕਪੜੇ ਭਿੱਜ ਗਏ ( ਲਹੂ ਨਾਲ)। [3]ਮਹਾਂਭਾਰਤ ਦਾ ਯੁੱਧ। [4]ਦੋਵੇਂ: ਸੂਰਮੇਂ (ਆਮੋ ਸਾਹਮਣੇ ਦੇ)। [5]ਬਿਜਲੀ ਦੀ ਤੁੱਲਤਾ ਪਾਉਂਦਾ ਹੈ ਉਹ ਬਰੂਦ (ਜਦੋਂ ਬਲਦਾ ਹੈ)। [6]ਸਜੇ ਪਾਸਿਓਂ ਹੋਕੇ। [7]ਜਾਂਦੇ ਹੋਏ (ਹਾਥੀ ਨੂੰ) ਚੋਕ ( ਹੁੱਜਾਂ ) ਮਾਰਦੇ ਜਾਣਾ। [8]ਬਹੁਤੇ। [9]ਤਿਸ ਥਾਂ ਤੱਕ ਜਾਵੇ (ਹਾਥੀ)। [10]ਰਾਜੇ ਦੀ। [11]ਮਸਤ। [12]ਮਾਨੋਂ ਪਹਾੜ ਦੀ ਚੋਟੀ ਹੈ। [13]ਨੇਜ਼ਿਆਂ ਨਾਲ ਪੂਰਿਆ ਹੋਇਆ। [14]ਸ਼ਰਾਬ ਪੀਤੀ ਹੋਈ। [ ਅ:, ਕੈਫ਼=ਨਸ਼ਾ। ਨਸ਼ੇ ਵਾਲੀ ਸ਼ੈ]। [15]ਹਜ਼ਾਰਾਂ ਪੈਦਲ ਸੂਰਮੇਂ। [16]ਖੱਬੇ ਸੱਜੇ। [17]ਚਿੱਲੇ ਵਿਚ ਜੋੜਕੇ ਖਿਚਿਆ। [18]ਕਰ ਲਵਾਂਗੇ। [19]ਮੋਰਚੇ ਤੇ ਸਿੰਘ ਡਟ ਗਏ।

Sri Satguru Jagjit Singh Ji eLlibrary NamdhariElibrary@gmail.com

ਲਾਏ ਤੁਫੰਗੈਂ ਪ੍ਰਹਾਰੀ।ਤਬੈ ਆਨਿ ਢੂਕੇ ਸਮੂਹੰ ਪਹਾਰੀ।ਚਲੀ ਬ੍ਰਿੰਦ ਗੋਰੀ
ਮਰੇ ਬੀਰ ਕੇਤੇ।ਤਊ ਨਾਹਿ ਛੋਰੈਂ ਰੁਪੇ ਸਿੰਘ ਜੇਤੇ ॥੨੧॥ ਕਰਾਚੋਲ ਕਾਢੇ
ਭੁਏ ਹੱਥਵੱਥੈ। ਮਰੇ ਸਿੰਘ ਮਾਰੇ ਪਹਾਰੀ ਪ੍ਰਮੱਥੈ[1]। ਰਹੇ ਆਨਿ ਥੋਰੇ[2]
ਸੁਲੀਨੇ ਧਕਾਈ। ਲਿਯੋ ਮੋਰਚਾ ਮੱਲ ਛੂਛੋ ਤਕਾਈ[3] ॥ ੨੨ ॥ ਚਲੇ ਫੇਰ
ਆਗੇ ਲਧੋ ਬੀਚ ਹਾਥੀ।ਜੁ ਸੈਫੈ ਭ੍ਰਮਾਵੈ ਬਧੀ ਸੁੰਡ ਸਾਥੀ। ਧਕਾਏ ਕਿਤੀ
ਦੂਰ ਲੌ ਸਿੰਘ ਆਏ[4]। ਪਰੇ ਮਾਰ ਗੋਰੀਨ ਕੀ ਬੀਰ ਘਾਏ ॥ ੨੩ ॥ ਭਏ
ਕੋਟ ਕੇ ਪੌਰ ਕੋ ਸਾਮੁਹਾਈ। ਚਲੈਂ ਬਾਨ ਗੋਰੀ ਮਹਾਂ ਧੂਮ ਧਾਈ। ਫਿਰੀ
ਜੋਗਨੀ ਆਨਿ ਭੂਤੰ ਸੁ ਪ੍ਰੇਤੰ।ਭਖੈਂ ਮਾਸਹਾਰੀ ਮਹਾਂ ਜੰਗ ਖੇਤੰ॥੨੪॥ਭ੍ਰਮੈਂ
ਗਿੱਧ ਬ੍ਰਿੱਧੰ, ਰੜੈਂ ਕੰਕ ਬੰਕੇ[5]।ਅਘਾਵੈਂ ਡਕਾਰੈਂ[6],ਬਜੈਂ ਬ੍ਰਿੰਦ ਡੰਕੇ[7]। ਸਰੀ
ਸਾਂਗ ਸੇਲੇ ਸਰੋਹੀ ਦੁਧਾਰੇ। ਲਗੇ ਅੰਗ ਤੁੰਗੇ ਪਰੇ ਬੀਰ ਮਾਰੇ॥੨੫॥ਚਲਯੋ
ਮੱਤ ਹਾਥੀ ਜਬੈ ਪੌਰ ਆਯੋ। ਧਕੇਲੇ ਸਭੈ ਸਿੰਘ ਧੌਂ ਜ਼ੋਰ ਪਾਯੋ।ਥਰੇ ਬੀਰ
ਕੋਟੀ ਲਿਏ ਓਟ ਠਾਂਢੇ[8]। ਤੁਫੰਗੈਂ ਤੜਾਕੇ ਪਰੈਂ ਹੋਇ ਗਾਢੇ ॥੨੬॥ ਛੁਟੀ
ਸੈਂਕਰੇ ਏਕਬਾਰੀ ਤੁਫੰਗੈਂ।ਫੁਟੈਂ ਤੁੰਡ ਮੁੰਡੈਂ ਲਿਟੈਂ ਜਨੋਂ ਮਲੰਗੈਂ। ਹਜ਼ਾਰੋਂ
ਪਰੇ ਮਾਰ ਗੋਰੀਨ ਹੋਈ। ਤਊ ਨ ਮਿਟੇ ਹੇਲ ਘਾਲੰਤਿ ਸੋਈ ॥ 27 ॥
ਪਹੂਚੇ ਜਬੈ ਪੌਰ ਲੌ ਆਨਿ ਬੈਰੀ। ਬਡੀ ਮਾਰ ਥੈ ਕੈ ਨਹੀਂ ਤੁੰਡ ਫੇਰੀ।
ਕਰਾਚੋਲ ਕਾਢੇ ਚਹੀਂ ਸੋ ਪ੍ਰਵੇਸ਼ੇ।ਦਿਯੋ ਢੋਇ ਹਾਥੀ ਪ੍ਰਹਾਰੈਂ ਵਿਸ਼ੇਸ਼ੇ॥੨੮॥
ਦੜਾ ਦਾੜ ਗੋਰੈਂ ਤੁਫੰਗੈਂ ਪ੍ਰਹਾਰੈਂ।ਕਿਲੇ ਮੋਰਚੇ ਮੈਂ ਖਰੇ ਸਿੰਘ ਮਾਰੈਂ। ਪਰੀ
ਲੋਥ ਪੈ ਲੋਥ ਪੌਰੰ ਅਗਾਰੀ। ਗਏ ਜੂਝ ਕੇਤੇ ਬਕੈਂ 'ਮਾਰ ਮਾਰੀ' ॥੨੯॥
ਲਲਿਤਪਦ ਛੰਦ ॥ ਤਬਿ ਬਚਿੱਤ੍ਰ ਸਿੰਘ ਰਿਦੈ ਬਿਚਾਰਯੋ-ਇਹ ਅਵਸਰ ਅਬਿ
ਮਰਾ। ਹਤੌਂ ਮਤੰਗ ਅੰਗ ਮੈਂ ਬਰਛਾ ਕਰਿਕੈ ਓਜ ਘਨੇਰਾ-॥ ੩੦ ॥ ਹਯ
ਆਰੂਢਿ ਕਰਿ ਠਾਂਢੋ ਅੰਤਰ ਉਦੇ ਸਿੰਘ ਕੇ ਪਾਸਾ। ਮਾਦਕ ਚਢਯੋ ਮਸਤ
ਅਤਿ ਹੋਵਾ ਸਭਿ ਸੋਂ ਬਾਕ ਪ੍ਰਕਾਸ਼ਾ॥੩੧॥ 'ਖੋਲਿ ਕਪਾਟ ਦੇਹੁ ਮੁਝ ਆਗੈ
ਦੇਖਹੁ ਜੰਗ ਮਤੰਗਾ। ਅਪਰ ਸਭਿਨਿ ਕੋ ਤੁਮ ਵਿਚ ਝਾਲੋ[9] ਸ਼ਲਖ
ਤੁਫੰਗਨਿ ਸੰਗਾ ॥ ੩੨ ॥ ਉਦੇ ਸਿੰਘ ਕੇ ਬਾਟੇ ਆਯੋ ਹਤੋ ਕੇਸਰੀ ਚੰਦਾ।
ਐਸੀ ਕਰਹੁ ਮਾਰ ਮਿਲਿ ਸਿੰਘਹੁ ਧਰ ਪਰ ਧਰ ਹੂੰ ਬ੍ਰਿੰਦਾ[10]॥੩੩॥ ਇਮ

[1]ਸਿੰਘ (ਆਪ ਵੀ) ਮਰੇ ਤੇ ਪਹਾੜੀਆਂ ਨੂੰ ਵੀ ਚੰਗੀ ਤਰ੍ਹਾਂ ਮਲਕੇ ਮਾਰਿਆ। [2]ਸਿੰਘ ਥੋੜੇ ਰਹਿ ਗਏ। [3](ਸਿੰਘਾਂ ਦਾ) ਮੋਰਚਾ ਖਾਲੀ ਤੱਕਕੇ ਮੱਲ ਲਿਆ। [4]ਧਕੀਂਦੇ ਹੋਏ ਸਿੰਘ ਦੂਰ ਤਕ ਆਏ। [5]ਬੋਲਦੀਆਂ ਹਨ ਚਿਃ ਚੀਲਾਂ ਟੇਢੀਆਂ (ਚੁੰਝਾਂ ਵਾਲੀਆਂ) [ਰੜਨਾ=ਰਟਨਾ। [6]ਡਕਾਰਦੇ ਹਨ। [7]ਡੰਕੇ ਵਜਦੇ ਹਨ। [8]ਆਸਰਾ ਲੈਕੇ ਖੜੋ ਗਏ। [9]ਧਕੇ ਹੋਕੇ ਢੱਲੋ। [10]ਧਰਤੀ ਤੇ ਧੜਾਂ ਦਾ ਢੇਰ ਲਗ ਜਾਵੇ।

Sri Satguru Jagjit Singh Ji eLlibrary NamdhariElibrary@gmail.com

ਕਹਿ ਕਰਿ ਕਪਾਟ ਖੁਲ੍ਹਿਵਾਏ ਹਯ ਕੀ ਬਾਗ ਉਠਾਈ। ਸਮੁਖ ਮਤੰਗ ਆਵਤੋ ਪਿਖਿ ਕਰਿ ਗਮਨ੍ਯੋ ਕੇਹਰਿ ਨਜਾਈ॥ ੩੪ ॥ ਚਰਬਤਿ ਓਠਨ ਲਾਲ ਬਿਲੋਚਨਿ ਫਰਕਤਿ ਮੂਛ ਉਠਾਈ। ਭ੍ਰਿਕੁਟੀ ਚਢੀ ਕੁਟਿਲ, ਮੁਖ ਲਾਲੀ, ਸ਼ਮਸ਼ ਮਹਾਂ ਛਬਿ ਛਾਈ ॥੩੫॥ ਮਨਹੁੰ ਕ੍ਰੋਧ ਤੇ ਸ਼ੇਰ ਸਟਾ ਉਠਿ[੧] ਭੀਖਨ ਦਰਸ਼ਨ ਹੋਵਾ। ਤੋਮਰ ਧਰਿਕੈ ਹਾਥ ਉਭਾਰ੍ਯੋ ਹਾਥੀ ਮਸਤਕ ਜੋਵਾ ॥੩੬॥ ਪਗ ਕੋ ਬਲ ਰਕਾਬ ਪਰ ਕਰਿ ਕੈ ਉਛਲ੍ਯੋ ਆਸਨ ਛੋਰਾ। ਸਭਿ ਸਰੀਰ ਕੌ ਓਜ ਸੰਭਰਿਕੈ ਹਯ ਫਾਂਦ੍ਯੋ ਗਜ ਓਰਾ ॥ ੩੭ ॥ ਸੈਫ ਬਚਾਇ ਚਲਾਇ ਸੁ ਬਰਛਾ ਤਵਾ ਪੁਲਾਦੀ ਫੋਰਾ। ਬਰ੍ਯੋ ਜਾਇ ਗਜ ਮਸ-ਤਕ ਮੈਂ ਜਬਿ ਪੁਨ ਕਰ ਜੁਗ ਕਰਿ ਜ਼ੋਰਾ[੨] ॥ ੩੮ ॥ ਕਰ੍ਯੋ ਧਸਾਵਨਿ ਪ੍ਰਵਿਸ਼੍ਯੋ ਐਸੇ ਉਪਮਾਂ ਕਹੌਂ ਬਨਾਈ।[੩]ਕ੍ਰੌਂਚ ਸੈਲ ਮਹਿੰ ਜਿਮ ਸ਼ਿਵਨੰਦਨ ਬਰਛੀ ਮਾਰਿ ਧਸਾਈ[੩] ॥ ੩੯ ॥ ਬਾਸ਼ਕ ਕਿਧੌਂ ਬੇਗ ਫਣ ਦੀਰਘ ਬਿਨਤਾ ਸੁਤ ਕੇ ਤ੍ਰਾਸਾ[੪]।ਦੇਖਿ ਰੰਧ੍ਰ ਗਿਰ ਬਿਖੈ ਪ੍ਰਵੇਸ਼ਾ[੫] ਨਹਿ ਪੁਨ ਬਦਨ ਨਿਕਾਸਾ ॥ ੪੦ ॥ ਮਨਹੁੰ ਇੰਦ੍ਰ ਕਰਿ ਕ੍ਰੋਧ ਬਿਲੰਦੇ ਲੀਨਿ ਰੁਦ੍ਰ ਤੇ ਸੂਲੈ[੬]। ਗਿਰ ਕੋ ਹਤ੍ਯੋ ਬਧਨ ਕੇ ਹਿਤ ਕਰਿ[੭] ਅਸ ਉਪਮਾ ਅਨੁਕੂਲੈ ॥ ੪੧ ॥ ਪੁਨ ਤੋਮਰ ਕੋ ਦੋਨਹੁ ਕਰ ਸੋਂ ਬਲ ਤੇ ਬਹੁ ਝਕਝੋਰਾ[੮]। ਖੈਂਚਿ ਨਿਕਾਸ੍ਯੋ ਸ਼ੋਣਤ ਲਿਪਟ੍ਯੋ ਕੀਨਸਿ ਅਪਨੀ ਓਰਾ[੯] ॥ ੪੨ ॥ ਬਰਛਾ ਲਗਤਿ ਚਿੰਘਾਰ੍ਯੋ ਦੀਰਘ ਕੁੰਚਰਸੀਸ ਨਿਵਾਯੋ।ਜਨੁ ਗੁਰਸਿੱਖ ਕੋ ਬੰਦਨ ਠਾਨ੍ਯੋ 'ਮੈਂ ਭੂਲ੍ਯੋ ਇਤ ਆਯੋ' ॥੪੩॥ ਨਿਕਸ੍ਯੋ ਤੋਮਰ ਮਸਤਕ ਤੇ ਜਬਿ ਹਟਿ ਪਾਛੈ ਮੁਖ ਮੋਰਾ। ਪੁਨ ਬਚਿੱਤ੍ਰ ਸਿੰਘ ਚੋਭਤਿ ਨੇਜ਼ਾ[੧੦] ਰਿਸ੍ਯੋ ਦੁਰਦ ਤਬਿ ਘੋਰਾ[੧੧] ॥੪੪॥ ਬਹਿਤਿ ਰੁਧਰ ਕੀ ਧਾਰ ਬਡੇਰੀ,ਝਟਤਿ ਸੁੰਡ ਫਿਰ ਫੇਰੀ। ਜੋ ਤੋਮਰ ਕੋ ਚੋਕਤਿ ਨੇਰੈ ਤਿਨ ਕੌ ਮਾਰਤਿ ਗੇਰੀ[੧੨] ॥੪੫॥ ਭਯੋ ਬਿਬਸ

[੧]ਮਾਨੋਂ ਸ਼ੇਰ ਦੀ ਅਯਾਲ ਉੱਠੀ ਹੈ। [੨]ਦੋ ਹਥਾਂ ਦਾ ਜ਼ੋਰ ਕਰਕੇ। [੩]ਕ੍ਰੌਂਚ ਪਹਾੜ ਵਿਚ ਜਿਵੇਂ ਸ਼ਾਮ ਕਾਰਤਕ ਨੇ ਬਰਛੀ ਮਾਰਕੇ ਧਸਾਈ ਹੈ [ਕ੍ਰੌਂਚ ਹਿਮਾਲਾ ਦਾ ਪੋਤਾ ਮੈਨਾਕ ਦਾ ਪੁੱਤ ਜੋ ਹੰਕਾਰੀ ਹੋਕੇ ਕ੍ਰੌਂਚ ਦੀਪ ਦੇ ਲੋਕਾਂ ਨੂੰ ਮਾਰਨ ਲਗਾ ਸੀ, ਕਿ ਸ਼ਿਵ ਜੀ ਦੇ ਬੇਟੇ ਕਾਰਤਕੇਯ ਨੇ ਬਰਛੀ ਮਾਰਕੇ ਉਸ ਨੂੰ ਗੱਡ ਦਿੱਤਾ ਤੇ ਸਿਰ ਕੱਟ ਲਿਆ]। [੪]ਯਾ ਵਡੇ ਫਣ ਵਾਲਾ ਬਾਸ਼ਕ (ਨਾਗ) ਗਰੁੜ ਦੇ ਡਰ ਕਰਕੇ। [੫]ਪਹਾੜ ਵਿਚ ਖੁਡ ਵੇਖਕੇ ਵੜ ਗਿਆ। [੬]ਤ੍ਰਿਸੂਲ। [੭]ਨਾਸ਼ ਕਰਨ ਲਈ। [੮]ਘੁਮ ਘੁਮਾਕੇ ਫੇਰਿਆ। [੯]ਆਪਣੇ ਪਾਸੇ ਕਰ ਲਿਆ। [੧੦]ਭਾਵ ਪਿੱਛੋਂ ਦੀ ਨੇਜ਼ਾ ਚੋਭਦਾ ਹੈ। [੧੧]ਭਿਆਨਕ ਹਾਥੀ ਨੂੰ ਗੁੱਸਾ ਚੜ੍ਹਿਆ। [੧੨]ਜੋ ਨੇੜੇ ਹੋਕੇ ਤੋਮਰ ਚੋਭਦੇ ਸਨ ਪਹਾੜੀਏ ਤਿਨ੍ਹਾਂ ਨੂੰ ਮਾਰਕੇ ਡੇਗ ਦਿੰਦਾ ਹੈ।

Sri Satguru Jagjit Singh Ji eLlibrary NamdhariElibrary@gmail.com

ਬਹੁ ਮਰੇ ਪਹਾਰੀ ਸੈਂਚ ਪ੍ਰਹਾਰਤਿ ਹਾਥੀ। ਚਿੰਘਾਰਤਿ ਅਰੁ ਫੇਰਤਿ ਬਲ ਤੇ ਕਤਲ ਕਰੇ ਨਿਜ ਸਾਥੀ ॥ ੪੬ ॥ ਭਯੋ ਸਥਾਰ[1] ਸੈਂਚ ਤੇ ਕਾਟਤਿ ਪਰ੍ਯੋ ਰੌਰ ਤਬਿ ਭਾਰਾ। ਸਹਤਿ ਸਿੰਘ ਕੁਛ ਸਤਿਗੁਰ ਹੇਰੇ ਭਯੋ ਅਨੰਦ ਉਦਾਰਾ ॥੪੭॥ਪ੍ਰੇਰਤਿ ਘਨੇ ਮੋਰਿਬੇ[2] ਗਜ ਕੌ ਜਹਿਂ ਦੇਖਤਿ ਨਿਜ ਨੇਰੇ। ਰਿਸ ਤੇ ਸੁੰਡ ਫੇਰਤੋ ਮਾਰਤਿ ਸੈਂਚ ਸਾਥ ਗਨ ਗੇਰੇ ॥੪੮॥ ਰਹ੍ਯੋ ਖਾਲਸਾ ਮਾਰਨ ਤੇ ਕਿਤ, ਇਕ ਮਤੰਗ ਹੀ ਮਾਰੈ[3]। ਜਿਤ ਦਿਸ਼ਿ ਦੌਰ ਪਰਤਿ ਹੈ ਕਾਟਤਿ ਭਾਜਤਿ ਜਾਤਿ ਅਗਾਰੇ ॥ ੪੯ ॥ ਪੈਰਨ ਸੋਂ ਦਰਿ ਕਰਿ ਗਨ ਮਾਰੇ[4] ਸੈਂਚ ਸੰਗ ਬਹੁ ਕਾਟੇ। ਜਤਨ ਹਟਾਵਨਿ ਕੌ ਕਰਿ ਹਾਰੇ ਹਟ੍ਯੋ ਨ ਕੋਤਿਕਫਾਟੇ[5] ॥੫੦॥ਤਬਿ ਬਚਿੱਤ੍ਰ ਸਿੰਘ ਪੇਲਤਿ ਪਾਛੇਤੋਮਰ ਅਨੀਪ੍ਰਹਾਰੈ[6]। ਤਨੌਂ ਤਨੌਂ ਬੇਗ ਜਾਤਿ ਕਰਿ ਆਗੇ ਘਨੇ ਪਹਾਰੀ ਮਾਰੈ ॥ ੫੧ ॥ ਪਰ੍ਯੋ ਅਪੂਠੋ ਘਰ ਕੇ ਮਾਰਤਿ ਜਸੁਵਾਰਨ ਕੋ ਹਾਥੀ। ਅਬਿ ਲੌ ਕਹਿਵਤ ਅਹੈ ਗਿਰਨਿ ਮਹਿਂ ਮਿਲਿ ਮਿਲਿ ਬੋਲਤਿ ਸਾਥੀ[7] ॥੫੨॥ਹਤੇ ਹਜ਼ਾਰਹੁੰਗਿਰਨਰ ਕੁੰਚਰ[8] ਗੁਰ ਕੀ ਬਿਜੈ ਕਰੰਤਾ। ਲੋਚਨ ਲਾਲ ਚਿੰਘਾਰ ਪੁਕਾਰੇ ਸੁੰਡ ਪ੍ਰਚੰਡ ਭ੍ਰਮੰਤਾ ॥ ੫੩ ॥ ਇਤਿ ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਕੁੰਚਰ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥ ੨੬ ॥

## ੨੭. [ਕੇਸਰੀ ਚੰਦ ਨੂੰ ਮਾਰਨਾ]।

ਦੋਹਰਾ ॥ ਜਸੁਵਾਰੀ ਨ੍ਰਿਪ ਕੇਸਰੀ ਨਿਜ ਕੁੰਚਰ ਅਵਿਲੋਕ। ਸੈਨ ਖਪਾਵਤਿ ਫਿਰਤਿ ਹੈ ਰਿਦੈ ਧਾਰਿ ਬਹੁ ਸ਼ੋਕ ॥ ੧ ॥ ਰਸਾਵਲ ਛੰਦ ॥ [9]-ਪਦਾਂਤੀ ਖਪਾਏ। ਜਿਤੇ ਸੰਗ ਲਾਏ[10]। ਰਹੇ ਸ਼ੇਖ ਜੋਈ। ਭਜੇ ਤੀਰ ਸੋਈ[11] ॥ ੨॥ ਇਕੈ ਓਰ ਹਾਥੀ। ਬਿਨਾਸੇ ਜੁ ਸਾਥੀ[12]। ਦੁਤੀ ਓਰ ਸਿੰਘੰ। ਜਥਾ ਭੀਮ ਸਿੰਘੰ[13] ॥੩॥ਚਮੂੰ ਪੁੰਜ ਘਾਈ।ਨਹੀਂ ਧੀਰ ਪਾਈ।ਰਹ੍ਯੋਦੁਰਗ ਲੈਬੇ।ਬਨ੍ਯੋ ਜੀਵਦੈਬੇ[14] ॥੪॥ਗੁਰੂ ਸੈਨ ਥੋਰੀ। ਬਡੋ ਘਾਲਿ ਜ਼ੋਰੀ[15]। ਹਮੈ ਸਾਥ ਲੱਛਾ।

---

[1]ਢੇਰ ਲੱਗ ਗਏ, ਭਾਵ ਬਹੁਤ ਲੋਕ(ਪਹਾੜੀਆਂਦਿ)ਮਰੇ। [2]ਮੋੜਨ ਲਈ। [3]ਖਾਲਸਾ ਤਾਂ ਮਾਰਨੋ ਕਿਤੇ ਰਿਹਾ ਇਕ ਹਾਥੀ ਹੀ ਬਥੇਰਾ ਮਾਰ ਰਿਹਾ ਹੈ। [4]ਦਰੜ ਕੇ ਮਾਰੇ। [5]ਬਹੁਤਾ ਡਾਂਟਿਆ ਬੀ। [6]ਧੱਕਦਾ ਹੈ (ਹਾਥੀ ਨੂੰ) ਬਰਛੇ ਦੀ ਨੋਕ ਚੋਭਕੇ। [7]'ਜਸਵਾਰੀਆਂ ਦਾ ਹਾਥੀ' ਇਕ ਮੁਹਾਵਰਾ ਹੋ ਗਿਆ ਹੈ ਪਹਾੜੀਆਂ ਵਿਚ, ਜੋ ਵਡਾ ਹੋਕੇ ਆਪਣਿਆਂ ਨੂੰ ਹੀ ਮਾਰੇ ਉਸ ਪ੍ਰਥਾਇ ਕਹਿੰਦੇਹਨ'ਜਸਵਾ-ਰੀਆਂ ਦਾ ਹਾਥੀ ਮੁੜ ਘਿੜ ਆਪਣਿਆਂ ਨੂੰ ਮਾਰੇ'। [8]ਪਹਾੜੀ ਆਦਮੀ ਹਾਥੀ ਨੇ ਮਾਰੇ। [9]ਇਥੋਂ ਕੇਸਰੀ ਦੀ ਸੋਚ ਟੁਰਦੀ ਹੈ। [10]ਜੇਹੜੇ (ਹਾਥੀ ਦੇ) ਨਾਲ ਕੀਤੇ ਸਨ। [11]ਉਹ ਹਾਥੀ ਦੇ ਕੋਲੋਂ ਭੱਜ ਗਏ। [12]ਇਕ ਪਾਸੇ ਤਾਂ (ਉਸਦੇ) ਸਾਥੀ ਹਾਥੀ ਨੇ ਮਾਰੇ। [13]ਭਿਆਨਕ ਸ਼ੇਰ ਵਾਂਗ। [14]ਜਿੰਦ ਦੇਣੀ ਬਣ ਗਈ। [15]ਗੁਰੂ ਜੀ ਦੀ ਥੋੜੀ ਸੈਨਾਂ ਨੇ ਹੀ ਬੜਾ ਜ਼ੋਰ ਪਾਇਆ ਹੈ।

Sri Satguru Jagjit Singh Ji eLlibrary NamdhariElibrary@gmail.com

ਬਿਲੋਕੈਂ ਪ੍ਰਤੱਛਾ[1] ॥੫॥ ਨਹੀਂ ਜਾਇ ਜਾਨੀ। ਭਈ ਪੁੰਜ ਹਾਨੀ। ਥਿਰੇ ਨ ਪਦਾਂਤੀ। ਰਿਦੈ ਧੀਰ ਹਾਤੀ ॥੬॥ ਤੁਰੰਗਾਨਿ ਸੈਨਾ। ਅਬੈ ਜੁੱਧ ਐਨਾ[2]। ਲਰੈਂ ਸੰਗ ਲੈਕੇ। ਚਢੈਂ ਕੋਟ ਧੈਕੇ[3]—॥੭॥ ਰਿਦੈ ਯੌਂ ਬਿਚਾਰੀ[4]। ਸਮੂਹੰ ਹਕਾਰੀ[5]। ਬਧੇ ਟੋਲ ਕੇਤੇ। ਨ੍ਰਿਭੈ ਬੀਰ ਜੇਤੇ ॥੮॥ ਮਿਲੇ ਹੇਲ ਘਾਲਾ। ਛੁਟੀ ਬੰਨਿਜ੍ਵਾਲਾ[6]। ਤੜਾ ਤਾੜ ਮਾਚੀ। ਕਰਾਲੀ ਸੁ ਨਾਚੀ॥੯॥ ਬਕੈਂ 'ਮਾਰ ਮਾਰੇ'। ਤੁਰੰਗਾਂ ਸਵਾਰੇ। ਗਜੰ ਘੇਰ ਲੀਨਾ। ਸਬੈ ਅੱਗ੍ਰ ਕੀਨਾ'[7] ॥੧੦॥ ਜਸੋ-ਵਾਰਿ ਦੇਖਾ। ਉਦੇ ਸਿੰਘ ਰੇਖਾ[8]।—ਪਰ੍ਯੋ ਕਾਮ ਮੇਰਾ। ਢੁਕ੍ਯੋ ਸ਼ੱਤ੍ਰੁ ਨੇਰਾ— ॥੧੧॥ ਖੁਲ੍ਹ੍ਯੋ ਕੋਟ ਦ੍ਵਾਰਾ। ਚਮੂੰ ਕੋ ਨਿਹਾਰਾ। ਭਯੋ ਨੇਰ ਆਈ। ਤੁਰੰਗੈਂ ਚਲਾਈ ॥੧੨॥ ਸਿਰਖੰਡੀ ਛੰਦ॥ ਉਦੇ ਸਿੰਘ ਤਬਿ ਧਾਯੋ ਬਰਛਾ ਹਾਥ ਲੈ। ਮੋਰ ਮਨਿੰਦ ਨਚਾਯੋ ਬਾਗ ਉਠਾਇ ਕਰਿ। ਲਲਕਾਰਤਿ ਰਣ ਆਯੋ ਬਾਹਰ ਨਿਕਸਿ ਕੈ। ਜਥਾ ਸ਼ੇਰ ਗਰਜਾਯੋ ਦੇਖਿ ਮਤੰਗ ਗਣ ॥੧੩॥ ਬਿਚਰਤਿ ਗਜ ਮਤਵਾਲਾ ਬਾਰਨ ਚਢਿ ਰਹੀ[9]। ਸ਼ੋਣਤ ਬਹਿਤ ਬਿਸ਼ਾਲਾ ਘਾਵਨ ਭੇਦਿਓ। ਇਤ ਉਤ ਫਿਰਹਿ ਬਿਹਾਲਾ ਦਰੜਤਿ ਲੋਥ ਗਨ। ਫੇਰਤਿ ਸੁੰਡ ਕਰਾਲਾ ਕਾਟਤਿ ਸੁਭਟ ਦਲ॥੧੪॥ ਅੰਮ੍ਰਿਤ ਧੁਨਿ ਛੰਦ ॥

ਥਲ ਥਲ[10] ਦਲ ਖਲਭਲ[11] ਪਰ੍ਯੋ ਲੋਥ ਉਲੱਥ ਪਲੱਥ ॥
ਜਸੁਵਾਰੀ ਕੋ ਫਿਰਤਿ ਹੈ ਹਾਥੀ ਹੱਥ[12] ਪ੍ਰਮੱਥ[13] ॥
ਹੱਥ* ਪ੍ਰਮੱਥਥ[14] ਕਿੱਤ ਨ ਪੱਥਥ[15]† ਥਿਤ ਜਹਿਂ ਜੁੱਥਥ[16] ॥

[1]ਇਹ ਗਲ ਸਿੰਘ ਪ੍ਰਤੱਖ ਦੇਖਦੇ ਹਨ ਕਿ ਸਾਡੇ ਨਾਲ ਲੱਖਾਂ ਹਨ। [2]ਅਜੇ ਜੁੱਧ ਭੂਮੀ ਵਿਚ ਹੈ। [3]ਧਾਵਾ ਕਰਕੇ ਕਿਲੇ ਤੇ ਜਾਕੇ ਚੜ੍ਹਾਂ। [4]ਵਿਚਾਰਿਆ (ਕੇਸਰੀ ਚੰਦ ਨੇ)। [5]ਸਾਰਿਆਂ ਨੂੰ ਬੁਲਾਇਆ। [6]ਜ੍ਵਾਲਾ ਬਮਣੀ=ਬੰਦੂਕ। [7]ਸਾਰਿਆਂ (ਨੂੰ ਆਪਣੇ) ਅੱਗੇ ਕੀਤਾ। [8]ਉਦੇ ਸਿੰਘ ਨੇ ਜਸਵਾਰੀਏ ਰਾਜੇ ਨੂੰ ਡਿੱਠਾ ਤੇ (ਅਪਣੀ ਸੁਭ) ਰੇਖਾ ਸਮਝੀ (ਭਾਵ) ਭਾਗ ਜਾਗੇ। ਪਰ ਜਾਪਦਾ ਹੈ ਕਿ ਪਾਠ ਸੁਧ ਪ੍ਰੇਖਾ (=ਪਰਖਿਆ) ਹੈ। [9]ਮਸਤ ਹਾਥੀ ਚੜ੍ਹੀ ਸ਼ਰਾਬ ਵਾਲਾ ਫਿਰ ਰਿਹਾ ਹੈ। [10]ਥਾਂ ਥਾਂ ਤੇ। [11]ਖਰਬੂਟ, ਘਬਰਾ ਵਾਲਾ ਰੌਲਾ। [12]ਹਾਥੀ ਦਾ ਸੁੰਡ। [ਸੰਸ:, ਹਸ੍ਤ=ਹਾਥੀਦੀ ਸੁੰਡ]। [13]ਚੰਗੀ ਤਰ੍ਹਾਂ ਮੱਥਦਾ ਅਰਥਾਤ ਤਬਾਹੀ ਕਰਦਾ ਹੈ। [14]ਸੁੰਡ ਨਾਲ ਤਬਾਹੀ ਕਰ ਰਿਹਾ ਹੈ। [15]ਨ+ਪੱਥ+ਥ=ਰਾਹ+ਹਥ+ਨਹੀਂ, ਭਾਵ ਰਾਹ ਨਹੀਂ ਲੱਭਦਾ। [16]ਜੁੱਥ+ਥ=ਟੋਲੇ ਖੜੇ ਹੋਣ। *ਅਕਸਰ ਥਾਂ ਏਥੇ ਪਾਠ 'ਹਾਥੀ ਹੱਥ' ਹੈ, ਪਰ ਛੰਦ ਦੀ ਚਾਲ ਮੂਜਬ ਹਾਥੀ ਪਦ ਵਾਧੂ ਹੈ, ਕਿਸੇ ਅਗਲੇ ਨੁਸਖੇ ਵਿਚ ਪ੍ਰਯਾਯ ਮੂਜਬ ਲਗੇ ਹੋਏ ਪਦ 'ਹਾਥੀ' ਨੂੰ ਲਿਖਾਰੀ ਨੇ ਏਥੇ ਮੂਲ ਸਮਝਕੇ ਲਿਖ ਦਿਤਾ ਹੈ। †ਪਾਠਾਂਤ੍ਰ ਹੈ—ਥਕਤਿ ਨ ਪੱਥਥ=ਦਰੜ ਸਿਟਣੋਂ ਨਹੀਂ ਥੱਕਦਾ ਹਾਥੀ (ਜਿੱਥੇ ਜਿੱਥੇ ਕਿ ਖੜੇ ਹਨ ਟੋਲੇ)।

Sri Satguru Jagjit Singh Ji eLlibrary NamdhariElibrary@gmail.com

ਥਲ ਥਲ ਗੁੱਥਥ[1], ਥਿਰਤਿ ਨ ਸੱਥਥ[2] ਥਰ ਥਰ ਗੁੱਥਥ[3]*।
ਥੰਭਤਿ ਨ ਕਿੱਥਥ[4] ਥਿਰ ਥਿਰ ਚਿੱਥਥ[5] ਥਪੁ ਉਪਲੱਥਥ[6]।
ਥਿਸਲ[7] ਚਲੱਥਥ[8]† ਥੁਰਜ ਨ ਮੱਥਥ[9]‡ ਥਕਤ ਪਰੈ[10] ਥਲਥਲ§॥੧੫॥

ਅਰਥ—(ਪਹਾੜੀ)ਸੈਨਾ ਵਿਚ ਥਾਂ ਥਾਂ ਤੇ ਖਰਥਰਾਟ ਪੈ ਰਿਹਾ ਹੈ,ਲੋਥਾਂ (ਤੇ ਲੋਥਾਂ) ਉਲਟੀਆਂ ਪੁਲਟੀਆਂ ਜਾ ਰਹੀਆਂ ਹਨ, (ਕਿਉਂਕਿ) ਜਸੁਵਾਰੀਆਂ ਦਾ ਹਾਥੀ ਸੁੰਡ ਨਾਲ ਤਬਾਹੀ ਕਰਦਾ ਫਿਰ ਰਿਹਾ ਹੈ।

(ਹਾਂ, ਹਾਥੀ) ਸੁੰਡ ਨਾਲ ਚੰਗੀ ਤਰ੍ਹਾਂ ਤਬਾਹੀ ਕਰ ਰਿਹਾ ਹੈ, ਕਿਤੇ ਨਹੀਂ ਹੱਥ ਆਉਂਦਾ ਰਸਤਾ ਜਿੱਥੇ (ਜਾਕੇ) ਟੋਲੇ ਟਿਕ ਕੇ ਖੜੋਣ।

ਥਾਂ ਥਾਂ ਤੇ ਮਲੀ ਦਲੀ ਜਾਂਦਾ ਹੈ, ਕਿਸੇ ਥਾਂ ਅਟਕਦਾ ਨਹੀਂ, (ਲੋਕੀ) ਥਰ ਥਰ (ਕੰਬਦੇ) ਗੁੱਛਾ ਮੁੱਛਾ ਹੋਈ ਜਾਂਦੇ ਹਨ।

ਕਿਸੇ ਤੋਂ ਥੰਮ੍ਹਿਆ ਨਹੀਂ ਜਾਂਦਾ, (ਜੇ) ਖੜੋਂਦਾ ਹੈ ਤਾਂ ਖੜੋਕੇ ਚੀਰੀ ਜਾਂਦਾ ਹੈ (ਤੇ ਸਰੀਰਾਂ ਨੂੰ) ਉਲਟਾ ਉਲਟਾ ਕੇ ਸੁੱਟੀ ਜਾਂਦਾ ਹੈ।

ਪੁਨ ਅਟਪਟੀ (ਚਾਲੇ) ਚਲਦਾ ਹੈ, ਥੋੜਾ ਥੋੜਾ ਝੂੰਮਦਾ ਹੈ, ਥਾਂ ਥਾਂ (ਸਰੀਰ) ਪਏ ਹਨ, ਮਾਨੋਂ ਥੱਕੇ ਹੋਏ (ਆਰਾਮ ਕਰ ਰਹੇ ਹਨ)।

---

[1]ਗੁੰਨ੍ਹਣਾ (ਆਟੇ ਵਾਂਗ,) ਭਾਵ ਮਲੀ ਦਲੀ ਜਾਣਾ। [2]ਸਥਾਨ। (ਅ) ਸਾਥੀਆਂ ਤੋਂ। ਭਾਵ ਜੋ ਟੋਰਨ ਵਾਲੇ ਪਹਿਲਾਂ ਨਾਲ ਸਨ ਉਨ੍ਹਾਂ ਤੋਂ ਬੀ ਨਹੀਂ ਅਟਕੀਂਦਾ। [3]ਗੁੱਛਾ ਕਰੀ ਜਾਂਦਾ ਹੈ। [4]ਠਹਿਰਦਾ ਨਹੀਂ ਕਿਤੇ ਬੀ। [5]ਥਿਰ=ਖੜੋਂਦਾ ਹੈ। ਥਿਰ=ਖੜੋਕੇ। ਚਿੱਥਥ=ਚਿੱਥਦਾ, ਭਾਵ ਚੀਰਦਾ ਹੈ। [6]ਹੇਠਾਂ ਉਤੇ ਕਰਨਾ, ਉਲਟਾ ਸੁੱਟਣਾ। [7]ਤਿਲਕ ਕੇ, ਭਾਵ ਮਸਤੀ ਕਰਕੇ ਅਟ-ਪਟੀ ਚਾਲ। [8]ਚਲਦਾ ਹੈ। [9]ਥੋੜਾ ਥੋੜਾ ਨਿਉਂਦਾ ਭਾਵ ਨਸ਼ੇ ਹੇਠ ਝੂੰਮਦਾ ਹੈ, ਨਸ਼ਾ ਹੁਣ ਵਧ ਰਿਹਾ ਸੀ ਇਸ ਕਰਕੇ। (ਅ) ਥੋੜਿਆਂ ਨਹੀਂ (ਪਰ ਬਹੁਤਿਆਂ ਨੂੰ) ਮਾਰ ਰਿਹਾ ਹੈ। [10]ਥਕੇ ਹੋਏ ਪਏ ਹਨ।

*ਪਾਠਾਂਤ੍ਰ ਹੈ—ਥਰ ਥਰ ਗੁੱਥਥ=ਵਿਚ ਵੜ ਵੜਕੇ ਮਲਦਾ ਦਲਦਾ ਹੈ।

†ਪਾਠਾਂਤ੍ਰ ਹੈ—ਥਿਸਲ ਚਲੱਥਥ=ਬਹੁਤਿਆਂ ਨੂੰ ਅਗੇ ਲਈ ਫਿਰਦਾ ਹੈ।

‡ਪਾਠਾਂਤ੍ਰ ਹੈ—ਥੁਰਿਜ ਨ ਮੱਥਥ=ਥੋੜੇ ਨਹੀਂ ਜਿਨ੍ਹਾਂ ਨੂੰ ਮਾਰ ਰਿਹਾ ਹੈ। ਪੁਨਃ—ਪਾਃ—ਥਰਿਜ ਨਮੱਥਥ=ਥਰਕਦਾ ਹੈ, ਝੂੰਮਦਾ ਹੈ।

§ਇਸਦੇ ਆਮ ਮਿਲਦੇ ਪਾਠ ਵਿਚ ਦੋ ਮਾਤ੍ਰਾਂ ਵਧ ਹਨਃ—ਜੋ ਐਉਂ ਹੈਃ—

"ਥਿਸਲ ਚਲੱਥਥ, ਥੁਰਿਜ ਨ ਮੱਥਥ, ਥਕਤ ਪਰੱਥਥ ਥਲ ਥਲ" ਲਿਖਾਰੀਆਂ ਨੇ ਥੱਥਿਆਂ ਨੂੰ ਇਸਦਾ ਮੂਲ ਭੂਖਣ ਸਮਝਕੇ 'ਪਰੈ' ਦੀ ਥਾਂ 'ਪਰੱਥਥ' ਤੇ 'ਪਰੈਥਲ' ਲਿਖ ਦਿੱਤਾ ਹੋਣਾ ਹੈ। ਛੰਦ ਦੀ ਚਾਲ ਦਸਦੀ ਹੈ ਕਿ ਠੀਕ ਇਸੇ ਟਿਕਾਣੇ ਦੋ ਥੱਥੇ ਵਾਧੂ ਹਨ ਜਿਥੋਂ ਕੱਟਣ ਨਾਲ 'ਪਰੈ ਥਲ ਥਲ' ਪਾਠ ਸਫਾ, ਸ਼ੁੱਧ, ਮਾਤ੍ਰਾ ਮੂਜਬ ਬੀ ਠੀਕ ਤੇ ਅਰਥ ਵਿਚ ਲਾਵੰਨਜਤਾ ਵਾਲਾ ਹੋ ਜਾਂਦਾ ਹੈ।

Sri Satguru Jagjit Singh Ji eLlibrary NamdhariElibrary@gmail.com

ਦੋਹਰਾ । ਕਹਿਂ ਲਗਿ ਬਰਨੌ ਕਰੀ ਨੇ[1] ਕਰੀ ਮਾਰ ਇਕਸਾਰ। ਮਰੇ ਹਜ਼ਾਰੋਂ
ਸੂਰਮਾ ਖੇਤ ਭਯੋ ਬਿਕਰਾਰ ॥ ੧੬॥ਲਲਿਤਪਦ ਛੰਦ॥ਉਦੇ ਸਿੰਘ ਤਬਿ ਚਮੂੰ
ਚੀਰ ਸਭਿ ਕੀਨਸਿ ਬੇਗ ਬਿਲੰਦੇ[2]।ਦਬਟਤਿ ਕਾਟਤਿ ਡਾਟਤਿ ਭਟ ਬਹੁ
ਸਿਮਰਿ ਗੁਰੂ ਸੁਖਕੰਦੇ ॥ ੧੭ ॥ ਜਹਾਂ ਕੇਸਰੀ ਚੰਦ ਖਰੋਵਾ ਬਾਨ ਕਮਾਨ
ਸੰਧਾਨੇ[3]।ਤ੍ਰੈਂਹਅਮੈਠਤਿ ਐਂਚਤਿ ਬਲਕਰਿਸਿੰਘਨ ਕੌ ਹਤਿ ਹਾਨੇ[4]॥੧੮॥
ਤਹਾਂ ਪਹੁੰਚਿ ਲਲਕਾਰਯੋ 'ਥਿਰ ਰਹੁ ਸਿੰਘ ਅਨਿਕ ਤੈਂ ਮਾਰੇ । ਸਭਿ ਕੋ
ਪਲਟਾ ਛਿਨ ਮਹੁਂ ਲੈ ਹੌਂ ਕਹਾਂ ਛੋਭ ਤੂੰ ਧਾਰੇ?"॥੧੯ ॥ ਪਿਖਯੋ ਅਚਾਨਕ
ਨਿਕਟ ਆਇਗੋ ਤੀਛਨ ਤੀਛਨ ਬਾਨਾ । ਉਦੇ ਸਿੰਘ ਕੇ ਸਨਮੁਖ ਛੋਰਯੋ
ਸੂੰਕਯੋ ਸਰਪ ਸਮਾਨਾ॥੨੦॥ ਲਗਯੋ ਖੁਗੀਨ ਬਿਖੈ ਨ ਸਰਯੋ[5] ਕਛੁ,ਤੇਗ਼ਾ
ਤਬਹਿ ਨਿਕਾਰਾ । ਦੜਬੜਾਇ ਘੋੜੇ ਕਹੁ ਆਧਹੁ ਨਿਕਟ ਹੋਇ ਕਰਿ
ਝਾਰਾ॥੨੧॥ਕੁੰਡਲ ਸਹਿਤ ਸੁਭਤਿ ਮੁਖ ਮੰਡਲ ਸਿਰ ਕੋ ਕਾਟਿ ਉਤਾਰਾ।
ਧਰਿ ਪਰ ਧਰ[6] ਤਤਕਾਲ ਪਰਯੋ ਗਿਰ, ਮਹਾਂ ਸ਼ੱਤ੍ਰ ਕੋ ਮਾਰਾ ॥੨੨ ॥
ਸਿਮਰਿਬਾਕ ਗੁਰ ਕੋ ਉਰ ਤਿਸ ਛਿਨ ਨੇਜ਼ੇ ਸੀਸ ਪਰੋਵਾ।ਲੇ ਹਟਿ ਚਲਯੋ
ਗਯੋ ਗੜ੍ਹਿ ਅੰਤਰ ਹਾਹਾਕਾਰ ਸੁ ਹੋਵਾ ॥ ੨੩ ॥ ਮਨਹੁਂ ਅੰਧ ਭੇ ਸਕਲ
ਪਹਾਰੀ ਪੀਛੇ ਮਰਯੋ ਬਿਲੋਕਾ॥ਬਾਨ ਕਮਾਨ ਸਹਿਤ ਧਰ ਪਰ ਧਰ, ਵਧਯੋ
ਸਭਿਨਿ ਮੈਂ ਸ਼ੋਕਾ ॥ ੨੪ ॥ ਨਿਕਸਿ ਖਾਲਸਾ ਲੋਹਗੜੀ ਤੇ ਹੇਲਾ ਮਾਰਿ
ਉਤਾਰਾ[7] । ਮੁਹਕਮ ਸਿੰਘ ਪਹੁਚਯੋ ਛਿਨ ਮਹਿ ਖੜਗ ਦੁਰਦ ਕੈ ਝਾਰਾ[8]
॥੨੫॥ਕਟੀ ਸੁੰਡ ਬਾਵਰ ਹੁਇ ਭਾਗਯੋ ਓਰ ਸਤੁੱਦ੍ਰਵ ਜਾਈ।ਹਟੇ ਪਹਾਰੀ
ਹਾਰੀ ਧੀਰਜ, ਸਿੰਘਨਿ ਮਾਰ ਮਚਾਈ ॥੨੬॥ ਹਿੰਮਤ ਸਿੰਘ ਸਾਹਿਬਸਿੰਘ
ਪਹੁੰਚੇ, ਅਰੇ ਜੁ ਕਾਟੇ ਜੋਧਾ[9]।ਮਨਹੁ ਸ਼ੇਰ ਨਿਰਭੈ ਬਿਚਰੇ ਤੇ ਰਕਤ ਨੇਤ੍ਰ
ਕਰਿ ਕ੍ਰੋਧਾ॥੨੭॥ਨਾਹਰ ਸਿੰਘ ਅਰੁ ਸ਼ੇਰਸਿੰਘ ਜੁਗ ਤਰਵਾਰੈਂ ਚਮਕਾਈ।
ਚਲਹਿਂ ਤੁਰੰਗ ਹਜ਼ਾਰਹੁਂ ਰਿਪੁ ਕੀ ਸਤਿਗੁਰ ਭਏ ਸਹਾਈ ॥ ੨੮ ॥
ਨ੍ਰਿਭੈ ਖਾਲਸਾ ਸ਼ੱਤ੍ਰਨਿ ਦਲ ਮਹਿ ਘਾਇਲ ਲੇਤਿ ਉਠਾਈ । ਵਧਹਿਂ ਅੱਗ੍ਰ
ਰੁਧ ਕਰਹਿਂ ਪਹਾਰੀ[10], ਵਡੇ ਜੰਗ ਤੇ ਪਾਈ ॥ ੨੯ ॥ ਭਯੋ ਖੇਤ ਦਾਰੁਣ
ਬਹਿ ਸ਼੍ਰੋਣਤ ਜਹਿਂ ਲੋਥੈਂ ਸਮੁਦਾਈ। ਕਾਕ ਗ੍ਰਿੱਝ ਆਮਿਖ ਭਖਿ ਕੰਕਨ

[1]ਹਾਥੀ ਨੇ। [2]ਬੜੀ ਫੁਰਤੀ ਕੀਤੀ। [3]ਕਮਾਨ ਵਿਚ ਤੀਰ ਜੋੜਕੇ। [4]ਸਿੰਘਾਂ ਨੂੰ ਮਾਰਕੇ ਨਾਸ਼ ਕਰਨ ਲਈ। [5](ਕੰਮ) ਨਾ ਸਰਿਆ। [6]ਧਰਤੀ ਤੇ ਧੜ। [7]ਹੱਲਾ ਮਾਰਕੇ (ਪਹਾੜੀਆਂ ਨੂੰ ਮੋਰਚੇ ਤੋਂ) ਉਤਾਰਿਆ। [8]ਹਾਥੀ ਉਤੇ ਝਾੜਿਆ। [9]ਜੋ ਜੋਧਾ ਅੜਦਾ ਹੈ ਉਸ ਨੂੰ ਕੱਟਦੇ ਹਨ। [10](ਜਿਹੜੇ) ਪਹਾੜੀਏ ਅੱਗੇ ਵਧਦੇ ਹਨ, ਉਹਨਾਂ ਨੂੰ (ਸਿੰਘ) ਰੋਕ ਲੈਂਦੇ ਹਨ।

Sri Satguru Jagjit Singh Ji eLlibrary NamdhariElibrary@gmail.com

ਬ੍ਰਿੰਦ ਜੋਗਨੀ ਆਈ॥੩੦॥ਕਲਗ਼ੀਧਰ ਬਿਕਸਤਿ ਕਹਿ ਬਾਤਨਿ ਬੈਠਹਿਂ ਪਿਖਹਿ ਤਮਾਸ਼ਾ ।-ਗਜ ਸੋਂ ਭਿੜਨਿ, ਕੇਸਰੀ ਮਾਰਨਿ ਇਹ ਸਿੰਘਨ ਕੀ ਆਸ਼ਾ[1] ॥ ੩੧ ॥ ਕਹਕਹ ਹਸੀ ਕਾਲਕਾ ਕੜਕੀ ਸ਼੍ਰੋਣਤ ਪਾਨ[2] ਕਰਾਲੀ। ਲਾਖਹੁਂ ਛੁਟੇ ਤੁਫੰਗ ਤੜਾਕੇ ਸੂਰਨਿ ਕੇ ਮੁਖ ਲਾਲੀ ॥ ੩੨ ॥ ਘਾਇਲ ਭਏ ਰੁਧਰ ਪਟ ਲਪਟੇ,ਫੂਲੇ ਮਨਹੁਂ ਪਲਾਸਾ[3]।ਇਕਘੂੰਮਤਿ ਜਨੁ ਮਾਦਿਕ ਖਾਇਓ, ਭਏ ਸਮੂਹ ਬਿਨਾਸ਼ਾ ॥੩੩ ॥ ਟੂਟੇ ਚਰਨ, ਫੁਟੀ ਕਿਸ ਛਾਤੀ, ਕੋ ਕਟ ਤੇ ਕਟਿ ਡਾਰਾ। ਕਾਨ ਕਟੇ,ਕਿਹ ਪਾਨ ਕਟੇ, ਕਿਹ ਪੇਟ ਫਟੇ, ਕਟ[4]* ਫਾਰਾ॥੩੪॥ ਨੈਨ ਫੂਟਿ ਕੋ ਅੰਧ ਭਯੋ ਭਟ,ਜੰਘ ਕਾਹੂ ਕੀ ਫੂਟੀ। ਕੇਚਿਤ ਸ਼੍ਰੋਣਤ ਨਿਚੁਰਤਿ ਬਿਚਰਤਿ ਕਿਸ ਕੀ ਮੁੰਡੀਆ[5] ਟੂਟੀ† ॥ ੩੫ ॥ ਪਰੇ ਕਰੇਂ 'ਹੈ'ਕੋ[6]ਜਲ ਜਾਚਤਿ, ਕੋ ਕਾਤੁਰ ਡਰ ਭਾਗਾ। ਚੀਰ ਫਟੇ,ਕਿਹ ਬਾਂਹੁ ਫਟੀ, ਕਿਹਸਿਰਨਾਂਗੇਬਿਨਪਾਗਾ[7]॥੩੬॥ਪਟਹੇ,ਦੁੰਦਭਿ, ਢੋਲ ਪਟੇ‡ਗਨ ਗੁਲਕਾਂ ਲਗਿ ਲਗਿ ਫੂਟੇ। ਗਿਰੇ ਤੁਰੰਗਮ, ਭੰਗ ਭਏ ਗਨ, ਕੋ ਸਊਰ ਮਹਿ ਛੂਟੇ[8]॥੩੭॥ਗਿਰੀਤੁਫੰਗੈਂਖੜਗਪਰੇ ਗਨਸੈਲੇਬਾਨ ਕਮਾਨਾ। ਕਾਤੁਰ ਨਰ ਉਰ ਬਿਦਰਤਿ[9] ਹੇਰਤਿ, ਅਸ ਮਾਚਾ ਘਮਸਾਨਾ ॥੩੮॥ਬੀਰਨਕੇ ਮਨ ਹੌਸ[10] ਰਹੀ ਨਹਿ ਮਿਲਿਮਿਲਿ ਸ਼ਸਤ੍ਰਪ੍ਰਹਾਰੇ।ਬਾਰੋ ਲਾਲ ਫਾਗ ਜਨੁ ਖੇਲਤਿ ਗਾਇਂ ਮਨਹੁਂ 'ਕਿਧ ਮਾਰੇ[11]§' ॥ ੩੯ ॥ ਹਾਥ ਤੁਫੰਗਗਹੀਪਿਚਕਾਰੀ,ਮੂਠਗੁਲਾਲਨ ਸੇਲੇ।ਨਿਕਸੀ ਮਿਝ ਅੰਬੀਰ ਪਰਸੇ ਜਨੁ,ਪ੍ਰੇਮ ਕਰੇਬਹੁ ਮੇਲੇ[12]॥੪੦॥ਥਕਤ ਭਏ ਭਟ ਪੌਢੇ ਕੇਤਿਕ ਲੋਥਪੋਥ ਪਰ ਕੋਇ।ਭੂਮ ਨਿਹਾਲੀ ਲਾਲ ਡਸੀ ਜਨੁ ਪ੍ਰੀਤ ਕਰੇ ਕਰਿ ਸੋਏ[13]॥੪੧॥ ਔਂਧੇ, ਤ੍ਰਿਧਕ[14] ਪਰੇ ਕੋ ਸੂਧੇ ਭਰੇ ਧੂਲ ਅਰੁ ਲੋਹੂ।ਕੂਕਰ ਜੰਬੁਕ ਬੋਲਤਿ

---

[1]ਇਹੋ ਸਿੰਘਾਂ ਦੀ ਮੁਰਾਦ ਸੀ (ਸੋ ਪੂਰੀ ਹੋ ਗਈ)। [2]ਲਹੂ ਪੀਂਦੀ ਹੈ। [3]ਛਿੱਛਰੇ। [4]ਲਕ। [5]ਸੀਸ। [6]ਹੈ ਹੈ ਕਰਦੇ ਹਨ ਪਏ ਕੋਈ। [7]ਪਗ ਤੋਂ ਬਿਨਾ। [8]ਕੋਈ (ਘੋੜੇ) ਸਵਾਰਾਂ ਵਿਚ ਛੁੱਟੇ ਫਿਰਦੇ ਹਨ। (ਅ) ਸਵਾਰ ਧਰਤੀ ਤੇ ( ਡਿੱਗੇ ਹਨ ਤੇ ਘੋੜੇ ) ਛੁਟੇ ਫਿਰਦੇ ਹਨ। [9]ਹਿਰਦਾ ਫਟਦਾ ਹੈ। [10]ਹਵਸ, ਅਰਮਾਨ। [11]ਕਿਧ ਮਾਰੇ=ਮਾਰ ਕਰੋ। ਭਾਵ ਜਿਹੜਾ ਕਹਿੰਦੇ ਹਨ ਮਾਰੋ ਮਾਰੋ ਇਹ ਹੋਲੀ ਦਾ ਗੀਤ ਹੈ। [12](ਜੋ ਆਪੋ ਵਿਚ ਬਹੁ ਮੇਲੇ=) ਬਹੁਤੇ ਟਾਕਰੇ ਹੋਏ ਹਨ ਸੋ ਪ੍ਰੇਮ ਕੀਤੇ ਨੇ। [13]ਜ਼ਮੀਨ ਰੂਪੀ ਲਾਲ ਰੰਗ ਦੀ ਨਿਹਾਲੀ ਵਿਛੀ ਉਤੇ ਪ੍ਰੇਮ ਕਰ ਕਰਕੇ ਸੁੱਤੇ ਹਨ। [14]ਮੂਧੇ, ਵਿੰਗੇ [ਸੰਸ:, ਤਿਰ੍ਯਕ]। *ਸ਼ੁਧ ਪਾਠ 'ਪਟ' ਹੋਣਾ ਹੈ।

+ਪਾ:-ਫੂਟੀ। ‡ਸ਼ੁਧ ਪਾਠ 'ਫਟੇ' ਚਾਹੀਏ।

§ਪਾ:-ਕਿਹ ਮਾਰੇ। ਪਰ ਸ਼ੁਧ ਪਾਠ ਚਾਹੀਏ:-ਕਹਿਂ 'ਮਾਰੇ'।

Sri Satguru Jagjit Singh Ji eLlibrary NamdhariElibrary@gmail.com

ਡੋਲਤਿ ਖਾਇ ਅਘਾਵਨ ਹੋਹੂ ॥੪੨॥ ਸੂਰਨਿ ਪਰਖਤਿ ਹੂਰਨਿ ਬਿਚਰਤਿ ਪਿਖਿ ਪਿਖਿ ਬਰਹਿਂ ਉਤਾਲਾ[1] । ਖੰਜਨ ਲੋਚਨ ਅੰਜਨ ਅੰਜਤਿ[2] ਕਰਹਿਂ ਸ਼ਿੰਗਾਰ ਬਿਸਾਲਾ॥੪੩॥ਮੰਜਤ ਮੁਖ ਰੰਜਤ ਨਿਜਬਰ ਕੋ[3] ਹਾਸ ਬਿਲਾਸਨ ਸੰਗਾ।ਮਹਿੰਦੀ ਕਰਨਿ ਅਰੁਨ ਕਰਿ ਚਰਨਨ,ਤਰੁਨਿ ਹਰਨ ਮਨ ਅੰਗਾ[4] ॥ ੪੪ ॥ ਸੁੰਦਰ ਛਬਿ ਮੰਦਰ ਸਸਿਬਦਨੀ, ਕੰਚਨ ਗੌਰੀ ਰੰਗਾ । ਤੁਰਤ ਬਿਮਾਨ ਚਢਾਵਹਿਂ ਬੀਰਨਿ ਕਰਹਿਂ ਸਪਰਸ਼ਨ ਅੰਗਾ॥੪੫॥ਦਾਰੁਨ ਕਰਨੋ ਨਿਹਾਰਨ ਰਨ ਕੋ ਭੀਮ ਚੰਦ ਮਤਿ ਮੰਦੋ।ਸਾਤੋਂ ਸੁਧਾਂ ਭੂਲ ਗੀ ਤਤਛਿਨ ਬਾਜਨੋ ਲੋਹ ਬਿਲੰਦੋ ॥ ੪੬ ॥ ਪਿਖਿ ਹੰਡੂਰੀਆ ਸਹਿ ਨ ਸਕੈ ਬਲ ਬਾਨ ਕਮਾਨ ਚਢਾਈ । ਸਨਮੁਖ ਭਯੋ ਜੰਗ ਕੇ ਆਵਤਿ ਛੋਰੇ ਸਰ ਸਮੁਦਾਈ ॥ ੪੭ ॥ ਕੰਚਨ ਜ਼ੀਨ ਕੀਨਿ ਤਹਿਂ ਪਰਖਨਿ ਸਾਹਿਬ ਸਿੰਘ ਸੁ ਜੋਧਾ[5] । ਤੁਰਾ ਧਵਾਇ ਤੁਪਕ ਤਕਿਮਾਰੀ ਹੇਰਤਿ ਰਿਪੁ ਕੋ ਕ੍ਰੋਧਾ॥੪੮॥ਹੁਇਘਾਇਲ ਤਤਕਾਲ ਗਯੋ ਹਟਿ ਉਰ ਹੰਕਾਰ ਬਿਨਾਸ਼ਾ । ਪਿਖਿ ਗੁਲੇਰੀਏ ਤਜਾਗੀ ਧੀਰਜ ਹ੍ਰੈ ਨ ਪ੍ਰਾਨ ਕੀ ਆਸਾ ॥ ੪੯ ॥ ਰਹਯੋ ਕਟੋਚੀ ਬਹੁ ਪਛੁਤਾਵਤਿ, ਮੰਡਸਪਤਿ ਕਰ ਮੋਨੈਂ[6] । ਜੰਮੂਪਤਿ ਆਦਿਕ ਬਿਸਮਾਏ–ਭਯੋ ਕਾਜ ਇਹ ਕੌਨੈ !–॥ ੫੦ ॥ ਸੈਨਾ ਜਿਤ ਕਿਤ ਮਰੀ ਪਰੀ ਗਨ, ਜੀਵਤਿ ਭਈ ਬਿਹਾਲਾ।ਕਹਾਂ ਭਯੋ,ਇਹ ਕਿਨਹਿ ਸੰਘਾਰੇ, ਲੋਥ ਲੋਥ ਪਰ ਜਾਲਾ॥੫੧॥ ਘਾਇਲ ਹੋਏ ਹੋਇ ਹਜ਼ਾਰਹੁਂ ਪਰੇ ਸਿਵਰ ਮਹਿ ਜਾਈ । ਮਾਰਨ ਦੂਰਗ ਭਰੋਸਾ ਧਰਿਕੈ ਪ੍ਰਾਨ ਦਏ ਰਨ ਆਈ ॥ ੫੨ ॥ ਮੀਏਂ ਗਾਵ ਬ੍ਰਿੰਦ ਜੋ ਰਾਣੇ ਸਿੰਘਨ ਘਨੇ ਖਪਾਏ।ਲਰਤਿ ਬਿਤਨੇ ਦਿਨ,ਹਟਿ ਪੁਰਿ ਗਮਨੇ ਜਬਿ ਸੂਰਜ ਅਸਤਾਏ ॥ ੫੩ ॥ ਜਾਇ ਸਿਵਰ ਮਹਿ ਕਰੀ ਸੰਭਾਰਨ, ਸ਼ੂਨ ਭਯੋ ਜਨੁ ਜਾਨਾ[7] । ਕਿਤਿਕ ਸੰਬੰਧੀ ਦਾਸ ਮੁਸਾਹਿਬ ਜਮ ਘਰ ਕੀਨਿ ਪਯਾਨਾ ॥ ੫੪ ॥ ਸਾਗਰ ਸ਼ੋਕ ਪਰੇ ਤਬਿ ਸਗਰੇ ਬਾਇਸ ਧਾਰਨਿ ਕੇਰੇ[8] । ਸਿਮਰਿ ਸਿਮਰਿ ਗੁਨ ਬਹੁ ਪਛੁਤਾਏ ਲੋਚਨ ਅਸ਼੍ਰੂਅਨਿ ਗੇਰੇ ॥ ੫੫ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਰਾਜ ਔ ਕੇਸਰੀਚੰਦ ਬੱਧ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥ ੨੭ ॥

[1]ਫਰਦੀਆਂ ਹਨ (ਹੂਰਾਂ) ਛੇਤੀ । [2]ਅਮੋਲੇ ਵਰਗੀਆਂ ਅੱਖਾਂ ਵਿੱਚ ਸੁਰਮਾਂ ਪਾਇਆ ਹੋਇਆ । [3](ਅਪਣੇ) ਸੁਹਣੇ ਮੁਖਾਂ ਨਾਲ ਪ੍ਰਸੰਨ ਕਰਦੀਆਂ ਹਨ ਅਪਣੇ ਵਰਾਂ ਨੂੰ । [4]ਮਹਿੰਦੀ ਨਾਲ ਹੱਥਾਂ ਤੇ ਪੈਰਾਂ ਨੂੰ ਲਾਲ ਕੀਤਾ ਜਵਾਨਾਂ ਦੇ ਸਰੀਰ ਤੇ ਮਨ ਨੂੰ ਹਰਨ ਲਈ । (ਅ) ਇਸਤ੍ਰੀਆਂ ਦੇ ਅੰਗ ਮਨ ਹਰਨ ਵਾਲੇ ਹਨ । [5]ਸਾਹਿਬ ਸਿੰਘ ਜੋਧੇ ਨੇ ਪਛਾਣੀ । [6]...ਵੀ ਚੁੱਪ ਕਰ ਗਿਆ । [7]ਮਾਨੋਂ ਸੁੰਞਾ ਹੋ ਗਿਆ ਜਾਣਿਆਂ । [8]ਬਾਈ ਧਾਰਾਂ ਦੇ ।

## ੨੮. [ਭੀਮ ਚੰਦ ਸ਼ੋਕ]।

ਦੋਹਰਾ ॥ ਸਿੰਘ ਸੰਭਾਰੇ ਖਾਲਸੇ ਮਰੇ ਸੁ ਦੀਨੇ ਦਾਹ। ਘਾਇਲ ਕੀ ਸੇਵਾ ਬਿਖੈ ਲਾਗੇ ਤਬਹਿ ਜਰਾਹ[1] ॥ ੧ ॥ ਲਲਿਤਪਦਛੰਦੁ ॥ ਉਦੇ ਸਿੰਘ ਬਡ ਬੀਰ ਬਹਾਦੁਰ ਸੀਸ ਕੇਸਰੀ ਛੰਦੰ।ਨੇਜ਼ੇ ਮਹਿ ਪਰੋਇ ਲੇ ਗਮਨਯੋ ਰਿਦੇ ਅਨੰਦ ਬਿਲੰਦੰ ॥ ੨ ॥ ਤਜਯੋ ਦਮਦਮਾ ਸਤਿਗੁਰ ਉਤਰੇ ਦੇਖਯੋ ਜੁੱਧ ਤਮਾਸ਼ਾ। ਸੁੰਦਰ ਮੰਦਿਰ ਆਨ ਥਿਰੇ ਤਬਿ ਸਿਖ ਸੇਵਕ ਚਹੁੰ ਪਾਸਾ ॥੩॥ ਉਦੇਸਿੰਘ ਇਤਨੇ ਮਹਿ ਪਹੁੰਚਯੋ ਸਤਿਗੁਰ ਫਤੇ ਬੁਲਾਈ। ਪਲੰਘ ਪਾਸ ਰਿਪੁ ਕੋ ਸਿਰ ਗੇਰਯੋ ਹੈਰਤਿ ਭੈ ਸਮੁਦਾਈ ॥ ੪ ॥ ਕਾਕ ਪੰਖ ਅਰ ਕਾਨਨ ਕੁੰਡਲ ਬਹੁਤ ਮੋਲ ਕੇ ਮੋਤੀ[2]। ਭਾਲ ਬਿਸਾਲ, ਬਿਲੋਚਨ ਮੁੰਦ੍ਰਿਤ, ਮੂਛ ਸ਼ਮਸ਼ ਦੁਤਿ ਹੋਤੀ ॥੫॥ "ਪਨਹੀ ਸਹਿਤ ਚਰਨ ਸਤਿਗੁਰ ਨੇ ਰਾਖੇਧਰਨ ਟਿਕਾਈ। ਬੈਠੇ ਹੁਤੇ ਪ੍ਰਯੰਕ ਰੁਚਿਰ ਪਰ ਜੁਗਮ ਜੰਘ ਲਟਕਾਈ[3] ॥ ੬ ॥ ਪਰਯੋ ਪਿਖਯੋ ਸਿਰ[4], ਪਨਹੀ ਜੁਤਿ ਪਗ ਠੁਕਰਾਯਹੁ, ਬਚ ਭਾਖਾ। 'ਮਹਾਂ ਦੁਸ਼ਟ ਇਹੁ ਸਿੰਘਨਿ ਸ਼ੱਤ੍ਰ ਭਲੇ ਜੁੱਧਿ ਮਹਿਂ ਰਾਖਾ[5] ॥੭॥ ਉਚਿਤ ਮਾਰਿਬੇ ਮਾਰਯੋ ਅਰਿ ਕੋ ਇਮ ਸਭੈ ਦੁਸ਼ਟ ਨਿਬੇਰੈਂ'। ਉਦੇ ਸਿੰਘ ਕਰ ਜੋਰਿ ਬਖਾਨਾ 'ਆਪ ਪ੍ਰਤਾਪ ਉਚੇਰੋ' ॥੮॥ ਇਤਨੇ ਮਹਿ ਬਚਿੱਤ੍ਰ ਸਿੰਘ ਪਹੁੰਚਯੋ ਗੁਰ ਪਦ ਬੰਦਨ ਠਾਨੀ। ਫਤੇ ਬੁਲਾਇ ਵਾਹਿਗੁਰੂ ਜੀ ਕੀ ਹੁਤੇ ਜਿ ਸਿਖ ਤਿਸ ਬਾਨੀ ॥ ੯ ॥ ਸਾਹਿਬ ਸਿੰਘ ਹਿੰਮਤ ਸਿੰਘ ਆਯੋ ਮੁਹਕਮ ਸਿੰਘ ਸੁਜਾਨਾ।ਇਨ ਤੇ ਆਦਿਆਦਿ ਕਿਧ ਦਰਸ਼ਨ ਕਰਿ ਉਰ ਅਨੰਦਮਹਾਨਾ ॥੧੦॥ ਰਾਜ ਕੀ ਬਾਤ ਕਹੀ ਤਬਿ ਸਗਰੀ 'ਇਮ ਦਲ ਰਿਪੁਨਿ ਖਪਾਯੋ। ਦੁਤੀ ਦਿਸ਼ਾ ਤੇ ਹਤੈ ਖਾਲਸਾ ਗਜ਼ਬ ਤਿਨਹੁੰ ਪਰ ਆਯੋ ॥੧੧॥ ਪ੍ਰਭੁ ਜੀ ਸੁਨਹੁੰ ਗਿਰੀਸ਼ਨਿ ਸੈਨਾ ਜਿਤ ਕਿਤ ਪਰੀ ਸਬਾਰਾ। ਮਨਹੁ ਬਿੰਦ ਖਾਤੀ ਮਿਲਿ ਇਕ ਬਲ ਕਾਨਨ ਕੋ ਕਟ ਡਾਰਾ ॥੧੨॥ ਵਧਯੋ ਤ੍ਰਾਸ ਕਾਤੁਰ ਬਹੁ ਭਾਜੇ, ਅਰਯੋ ਮਾਰ ਕਰਿ ਦੀਨਾ[6]। ਗਿਰਪਤਿ ਉਰ ਉਤਸਾਹ ਹਾਰ ਕਰਿ ਜਨੁ ਦੰਤਨਿ ਤ੍ਰਿਣ ਲੀਨਾ[7] ॥ ੧੩ ॥ ਇੱਤ੍ਯਾਦਿਕ ਸਭਿ ਸਿੰਘ ਸੁਨਾਵਤਿ ਆਨੰਦ ਕੌ ਉਪਜੀਤੇ। ਕ੍ਰਿਪਾ ਦ੍ਰਿਸ਼ਟਿ ਕੋ ਦੇਖੇ ਸਤਿਗੁਰ ਸਭਿ ਪਰ

---

[1]ਜ਼ਖਮਾਂ ਦਾ ਵੈਦ [ਫਾ: ਜਰਾਹ]। [2]ਪਟੇ (ਖਿੱਲਰੇ ਹੋਏ) ਤੇ ਕੰਨਾਂ ਵਿਚ ਬਹੁਮੁੱਲੇ ਮੋਤੀਆਂ ਵਾਲੇ ਕੁੰਡਲ (ਲਟਕ ਰਹੇ)। [3]ਜੋੜੇ ਦੇ ਸਹਿਤ ਸਤਿਗੁਰ ਜੀ ਆਪਣੇ ਚਰਨ ਧਰਤੀ ਤੇ ਟਿਕਾਕੇ ਸੁਹਣੇ ਪਲੰਘ ਤੇ ਦੋਵੇਂ ਜੰਘਾਂ ਲਟਕਾਈ ਬੈਠੇ ਹੋਏ ਸਨ। [4]ਸਿਰ (ਪੈਰਾਂ ਵਿਚ) ਪਿਆ ਡਿੱਠਾ। [5]ਭਾਵ ਮਾਰ ਲਿਆ(ਸਿੰਘਾਂ ਨੇ). [6]ਜੋ ਅੜਿਆ ਸੋ ਮਾਰ ਦਿੱਤਾ। [7]ਮਾਨੋ ਮੂੰਹ ਵਿਚ ਘਾ ਲਿਆ ਹੈ।

ਖੁਸ਼ੀ ਕਰੰਤੇ ॥੧੪॥ ਜਿਨ ਜਿਨ ਕੇ ਤਨ ਘਾਇ ਲਗਯੋ ਤਬਿ ਸਾਲ ਪੱਤ੍ਰ ਤਿਨ*ਦੀਨਾ।ਸਭਿ ਕੇ ਤਨ ਕੀ ਪੀਰ ਹਰੀ ਪ੍ਰਭੁ ਸ਼੍ਰਮ ਤੇ ਭਏ ਬਿਹੀਨਾ॥੧੫॥ਦੁਰਗ ਬਿਖੈ ਜੋ ਹੁਤੇ ਘਾਵ ਜੁਤਿ ਸਭਿ ਕੇ ਪਾਸ ਪਠਾਯੋ।ਗੁਰ ਕਰੁਨਾ ਤੇ ਸੰਕਟ ਨਾਸ਼ਯੋ ਸਭਿ ਕੈ ਸੁਖ ਉਪਜਾਯੋ॥ ੧੬ ॥ ਪ੍ਰਾਤਿ ਹੋਤਿ ਲੌ ਘਾਵ ਮਿਲੇ ਸਭਿ ਕ੍ਰਿਪਾ ਆਪਨੀ[1] ਕੀਨੀ। ਜੋ ਰਣ ਬਿਖੈ ਮਰੇ ਤਬਿ ਲਰਿਕੈ ਮਨੋਕਾਮਨਾ ਦੀਨੀ ॥ ੧੭ ॥ ਨਿਸ਼ਕਾਮੀ ਕੋ ਮੁਕਤ ਦਈ ਤਬਿ ਬੰਧਨ ਸਕਲ ਬਿਨਾਸ਼ੇ। ਸਹਿਕਾਮੀ ਕੋ ਸੁਰਗ ਭੋਗ ਦੇ ਅਨਿਕ ਬਿਧਿਨਿ ਸੁਖ-ਰਾਸੇ ॥੧੮॥ ਉਤ ਗਿਰਪਤਿਨਿ ਸੁਨਹੁ ਜਿਮ ਬੀਤੀ ਸਿਵਰ ਸਮੂਹ ਪ੍ਰਵੇਸ਼ੇ। ਪਾਇ ਪਰਾਜੈ ਮਰਯੋ ਕੇਸਰੀ ਉਪਜਯੋ ਸ਼ੋਕ ਵਿਸ਼ੇਸ਼ੇ॥੧੯॥ਭੀਮਚੰਦ ਨਿਜ ਡੇਰੇ ਬੈਠਯੋ ਮਹਾਂ ਬਿਸੂਰਤ ਮਾਨੀ।-ਲਰੇ ਮਹਾਂ ਕੁਛ ਕਾਜ ਸਰਯੋ ਨਹਿਂ, ਭ੍ਰਾਤ ਸੈਨ ਗਨ ਹਾਨੀ ॥ ੨੦ ॥ ਬਾਈਧਾਰਨ ਕੇ ਨਰ ਆਏ ਪ੍ਰਜ਼ਾ ਸਹਤ ਗਨ ਜੋਧਾ।ਜਮਤੁੱਲਾਭ੍ਰਾਊ ਲਰਿ ਲਰਿ ਕਰਿ ਮਰਯੋ ਜੁੱਧ ਮਹਿਂ ਕ੍ਰੋਧਾ ॥ ੨੧ ॥ ਆਜ ਗਿਰੀਸ਼ਨਿ ਸਭਿ ਕੀ ਮਸਲਤ[2] ਮਰਯੋ ਕੇਸਰੀ ਚੰਦੇ। ਗਿਰਪਤਿ ਮਹਿਂ ਨਹਿਂ ਤਿਸ ਕੇ ਸਮਸਰ ਜੋਧਾ ਜੁੱਧ ਬਿਲੰਦੇ॥੨੨॥ਘਾਇਲ ਭਯੋ ਹੰਡੂਰੀ ਆਯੋ ਮਰਿਬੇ ਠਾਕੁਰ ਰਾਖਾ[3]। ਅਬਿ ਗੁਬਿੰਦ ਸਿੰਘ ਕੇ ਸੰਗ ਲਰਿਕੈ ਕਹਾਂ ਬਿਜੈ ਅਭਿਲਾਖਾ-॥ ੨੩ ॥ ਇਮ ਬਿਸੂਰਤੋ ਸ਼ੋਕਤਿ ਬੈਠਯੋ ਆਯੋ ਨਿਕਟ ਕਟੋਚੀ। ਉਰ ਹੰਕਾਰ ਸਿਪਰ ਖਗ ਕਟ ਸੋਂ ਦੇਖਯੋ ਭੂਪਤਿ ਸੋਚੀ[4] ॥ ੨੪ ॥ ਜੰਮੂਪਤਿ, ਮੰਡਸਪਤਿ ਬੋਲਤਿ ਅਰੁ ਗੁਲੇਰੀਆ ਆਯੋ। ਇੱਤ੍ਯਾਦਿਕ ਰਾਜੇ ਅਰੁ ਰਾਣੇ ਮੇਲ ਭਯੋ ਸਮੁਦਾਯੋ॥੨੫॥ਕੈਂਠਲ ਕੁਲੂ, ਭੁਟੰਤੀ ਸਗਰੇ ਮਿਲਿਕੈ ਸ਼ੋਕ ਉਪਾਯੋ। 'ਅੱਗ੍ਰਣੀਯ[5] ਜਸੁਵਾਰੀ ਹਤਿ ਭ੍ਯਾ, ਲਰਯੋ ਮਹਾਂ ਬਲ ਲਾਯੋ[6] ॥ ੨੬ ॥ ਸਮੁਖ ਬਿਲੋਕ ਸਿੰਘ ਇਕ ਆਵਤਿ ਖਪਰਾ ਅਰਿ ਤਕ ਮਾਰਾ[7]। ਲਗਯੋ ਨ ਤਿਸ ਕੋ ਖੜਗ ਚਲਾਯੋ ਸਿਰ ਤਤਕਾਲ ਉਤਾਰਾ ॥੨੭॥ ਰਹੇ ਬਿਲੋਕਤਿ ਸਗਰੇ ਜੋਧਾ ਕਛੂ ਜਤਨ ਨਹਿ ਹੋਵਾ। ਸਿਰ ਪਰੋਇ ਨੇਜ਼ੇ ਮਹਿਂ ਗਮਨਯੋਂ,ਧਰ ਧਰ ਧਰਿ ਪਰ ਸੋਵਾ[8] ॥੨੮॥ ਭੀਮਚੰਦ ਦ੍ਰਿਗ ਤੇ ਜਲ ਚਾਲਾ ਸੁਨਤਿ ਹਿਤੂ ਕੋ ਹਾਲਾ।

[1]ਗੁਰੂ ਜੀ ਨੇ। [2]ਸਭ ਦਾ ਸਲਾਹਕਾਰ। (ਅ) ਸਲਾਹ ਨਾਲ (ਲੜਨ ਗਿਆ) ਮਾਰਿਆ ਗਿਆ ਹੈ। [3]ਮਰਨੋਂ (ਮਸਾਂ) ਠਾਕਰ ਨੇ ਬਚਾ ਲਿਆ ਹੈ। [4]ਸੋਚੀਂ ਪਿਆ ਹੋਇਆ। [5]ਮੁਖੀ। [6]ਬੜਾ ਬਲ ਲਾਕੇ ਲੜਿਆ ਹੈ। [7]ਸਾਹਮਣੇ ਇਕ ਸਿੰਘ ਆਉਂਦਾ ਵੇਖਕੇ ਤੱਕਕੇ ਮਾਰਿਆ (ਕੇਸਰੀ ਚੰਦ ਨੇ) ਇਕ ਤੀਰ। [8]ਧੜ ਧਰਤੀ ਤੇ ਡਿਗਕੇ ਸੌਂ ਰਿਹਾ। *ਪਾ:-ਤ੍ਰਬ।

ਹੋਰਿ ਅਪਰ ਸਭਿ ਅਸੂਆਂ ਗੇਰਤਿ ਬਰਧਯੋ ਸ਼ੋਕ ਬਿਸਾਲਾ ॥ ੨੯ ॥ ਨੀਰੇ ਮੁਖ ਕਰਿ ਸੋਚਤਿ ਹੈਂ ਚਿਤ, ਲਾਜ ਸਭਿਨਿ ਪਰ ਛਾਈ। ਮੌਨ ਰਹੇ ਕਰਿ ਮਰੇ ਸੰਬੰਧੀ ਬਹੁਰ ਪਰਾਜੈ ਪਾਈ[1] ॥ ੩੦ ॥ ਸਭਿ ਕੀ ਦਿਸ਼ਿ ਅਵਿਲੋਕਿ ਕਟੋਚੀ ਉਰ ਹੰਕਾਰਤਿ ਭਾਖਾ। 'ਰਣ ਕੀ ਗਤਿ ਦ੍ਵੈ ਬਿਜੈ ਪਰਾਜੈ ਬਿਦਤ ਅਹੈ ਸਭਿ ਲਾਖਾ[2] ॥੩੧॥ ਮਰੇ ਸੁਭਟ ਕੋ ਸ਼ੋਕ ਜਿ ਕਰਨੋ ਤੌ ਕਨੌਂ ਕਰਹੁ ਚਢਾਈ।ਕਨੌਂ ਰਣ ਘਾਲੋ ਗੋਬਿੰਦ ਸਿੰਘ ਸੋਂ ਜਿਸ ਕੀ ਧਾਂਕ ਮਹਾਂਈ॥੩੨॥ ਹੋਤਿ ਪ੍ਰਾਤਿ ਕੇ ਦੇਖਹੁ ਸੰਘਰ ਮੈਂ ਕਰਿਹੌਂ ਸਭਿ ਆਗੇ। ਤਜੌਂ ਨ ਸਿੰਘਨਿ ਕੋ ਮੈਂ ਜੀਵਤਿ, ਜੇ ਨਹਿੰ ਜੈ ਹੈਂ ਭਾਗੇ ॥ ੩੩ ॥ ਮਾਰਨ ਮਰਣ ਕਾਜ ਰਣ ਮਾਂਹੀ,ਸ਼ੋਕ ਨ ਹੋਤਿ ਸੁਹਾਈ।ਜੋ ਉਤਸਾਹ ਧਰਹਿ ਸੋ ਜੀਤਹਿ, ਭੀਰੂ[3] ਡਰ ਭਜਿ ਜਾਈ ॥ ੩੪ ॥ ਉਚਿਤ ਨ ਤੁਮ ਕੋ ਸ਼ੋਕ ਕਰਨਿ ਅਬਿ ਬੈਰੀ ਸਿਰ ਪਰ ਠਾਂਢੇ। ਬਚੇ ਜੁ ਮਰਿਹੋ ਰੋਦਤਿ ਕਰਤੇ,ਜੈ ਉਤਸਾਂਹ ਕਿ ਬਾਢੇ[4]'॥੩੫॥ ਭੀਮਚੰਦ ਧੀਰਜ ਕੁਛ ਕੀਨੀ 'ਸੁਜਸੁ ਸਭਿਨਿ ਕੋ ਹਾਨਾ[5]'। ਮਰੇ ਕੇਸਰੀ ਤੇ ਹਟਿ ਜੈ ਹੈਂ[6], ਇਹ ਭੀ ਨੀਕ ਨ ਮਾਨਾ ॥ ੩੬ ॥ ਜੰਗ ਸਮੁੰਦ੍ਰ ਜਹਾਜ ਚੜ੍ਹੇ ਹਮ ਤੂੰ ਕੇਵਟ ਕਰਿ ਪਾਰੀ। ਨਾਂਹਿ ਤ ਬੀਚ ਡੂਬਤੇ ਲਖੀਅਤਿ ਬਨ ਸਹਾਇ ਬਲ ਭਾਰੀ ॥ ੩੭ ॥ ਮੀਏਂ ਅਰੁ ਰਾਣੇ ਬਹੁ ਮਾਰੇ ਅਧਿਕ ਬਹਾਦਰ ਜੋਈ। ਕਿਸ ਭਰੋਸ ਮੈਂ ਉਰ ਉਤਸਾਹੂ ਤੁਝ ਬਿਨ ਅਪਰ ਨ ਕੋਈ ॥੩੮॥ ਬਾਈ ਧਾਰ ਸ਼ੋਕ ਹੁਇ ਬਾਸਾ, ਨਹਿ ਅਨੰਦ ਪੁਰਿ ਛੂਟਾ। ਨਿਵਲ ਭਯੋ ਉੱਦਮ ਸਭਿ ਕੇਰਾ ਹਿਰਦੈ ਧੀਰਜ ਟੂਟਾ ॥ ੩੯ ॥ ਕੌਨ ਬਦਨ ਲੇ ਨਿਜ ਪੁਰਿ ਜੈ ਹੈਂ ਸ਼੍ਰੀ ਗੁਰੁ ਰਹਯੋ ਮਵਾਸਾ।ਧਨ ਬਿਨਸਯੋ,ਸੰਬੰਧੀ ਮ੍ਰਿਤੁ ਭੇ, ਰਹੀ ਨ ਕਾਰਜ ਆਸਾ[7] ॥ ੪੦ ॥ ਬਿਦਤਹਿ ਸਗਰੇ ਦੇਸ਼ ਬ੍ਰਿਤੰਤਾ ਜੰਗ ਪਰਾਜੈ ਪਾਈ। ਯਾਂਤੇ ਲਰਨ ਮਰਨ ਹੀ ਆਛੇ ਅਪਰ ਨ ਬਨਹਿ ਉਪਾਈ' ॥ ੪੧ ॥ ਮੰਡਸਪਤਿ ਮਨ ਬਿਖੈ ਬਿਚਾਰੈ—ਸਮਝਹਿ ਨਹਿ ਅੱਗਯਾਨੀ। 'ਜੇ ਅਬਿ ਕਹੌਂ, ਸ਼ੋਕ ਤੇ ਰਿਸਿ ਹੈ ਭਲੀ ਨ ਮਾਨਹਿ ਮਾਨੀ॥੪੨॥ਮਿਲੇ ਰਹੌਂ[8] ਅਰ ਹੇਰੌਂ ਬ੍ਰਿਤ ਇਨ, ਕਿਮ ਹਾਰੇ ਗੁਰ ਪੂਰਾ। ਸ਼ਾਹਜਹਾਂ ਸੋ ਜਿਨਹੁੰ

[1]ਚੁੱਪ ਕਰ ਰਹੇ, (ਇਕ ਤਾਂ) ਸਬੰਧੀ ਮਰ ਗਿਆ (ਫਿਰ) ਹਾਰ ਪਾਈ। [2]ਜਾਣਦੇ ਹਨ। [3]ਕਾਇਰ। [4]ਜੇ ਬਚ ਗਏ ਹੋ ਰੋਣ ਨਾਲ ਤਾਂ ਮਰ ਜਾਓਗੇ, ਪਰ ਉਤਸਾਹ ਦੇ ਵਧਿਆਂ ਤਾਂ ਜੈ ਹੋ ਸਕਦੀ ਹੈ। [5]ਜਸ ਤਾਂ ਸਭ ਦਾ ਦੂਰ ਹੋ ਗਿਆ ਹੈ। [6]ਜੇ ਹਟ ਜਾਈਏ। [7]ਭਾਵ ਜਿੱਤ ਦੇ ਕੰਮ ਦੀ ਆਸ। [8]ਜੇ ਹੁਣ ਕਹਾਂ (ਕਿ ਜੰਗ ਨਾ ਕਰੋ) ਸ਼ੋਕ ਤੇ ਕ੍ਰੋਧ ਕਰਨਗੇ ਮੰਨਣਗੇ ਨਹੀਂ (ਇਸ ਲਈ ਇਨ੍ਹਾਂ ਵਿੱਚ) ਮਿਲਿਆ ਹੀ ਰਹਾਂ।

Sri Satguru Jagjit Singh Ji eLlibrary NamdhariElibrary@gmail.com

ਪਿਤਾਮਾ ਲਰਤਿ ਰਹਯੋ ਬਡ ਸੂਰਾ ॥੪੩॥ ਸ੍ਰੀ ਨਾਨਕ ਨਵ ਖੰਡਨ ਮਾਂਹੀ ਸਿਖ ਕਰਿ ਜਸੁ ਵਿਸਤਾਰਾ। ਤਿਨ ਗਾਦੀ ਪਰ ਬਿਦਤ ਬਿਰਾਜੇ ਇਹੁ ਗੁਰ ਗੋਬਿੰਦ ਸਿੰਘ ਭ੍ਰਾਰਾ ॥ ੪੪ ॥ ਰਣ ਪ੍ਰਿਯ, ਰਣ ਕੋ ਭੈਰਵ ਕਰਤਾ[੧], ਅਨਿਕ ਬਾਰ ਅਰਿ ਮਾਰੇ। ਅਬਿਲੌਂ ਇਨ ਕੇ ਸਨਮੁਖ ਹ੍ਵੈ ਕਰਿ ਨਹਿ ਖਰ ਤੀਰ ਪ੍ਰਹਾਰੇ[੨]–॥੪੫॥ ਇੱਤਯਾਦਿਕ ਚਿਤ ਸਮੁਝਿ ਮੌਨ ਕਰਿ ਬੈਠਿ ਰਹਯੋ ਬਿਚ ਭ੍ਰਾਤਾ। ਅਪਰ ਸਕਲ ਰਣ ਕਰਯੋ ਨ ਚਾਹਹਿਂ ਭਯੋ ਸਮੂਹਨ ਘਾਤਾ ॥ ੪੬ ॥ ਇਕ ਘਮੰਡਚੰਦ ਬੀਰ ਕਟੋਚੀ ਰਹੀ ਹੌਂਸ[੩] ਰਣ ਕੇਰੀ। ਭੀਮਚੰਦ ਉਰ ਧੀਰਜ ਧਰਿ ਕਰਿ[੪] ਉਠੇ ਸਰਬ ਤਿਸੁ ਬੇਰੀ ॥ ੪੭ ॥ ਡੇਰੇ ਮਹਿ ਜਹਿ ਕਹਿ ਗਨ ਘਾਇਲ ਪਰੇ ਪੀਰ ਕੋ ਪਾਵੈਂ। ਕੇਤਿਕ ਰੁਦਤਿ ਸੰਬੰਧੀ ਮਰਿਗੇ ਮਿਲਿ ਮਿਲਿ ਸ਼ੋਕ ਉਪਾਵੈਂ ॥ ੪੮ ॥ ਗਈ ਗਿਰਨਿ ਮਹਿਂ ਸੁਧ 'ਗਨ ਮਰਿਗੇ' ਪਰਯੋ ਪੀਟਨਾ ਭਾਰੀ। ਕੇਸ਼ ਉਖਾਰਤਿ ਰੁਦਤਿ ਜਹਾਂ ਕਹਿਂ ਊਚੀ ਧੁਨਿ ਤੇ ਨਾਰੀ॥੪੯॥ ਜਸੁਵਾਰੀ ਕੇ ਸੁਧਿ ਜਬਿ ਪਹੁੰਚੀ ਗਨ ਰਾਨੀ ਮਿਲਿ ਰੋਵੈਂ। ਹਾਹਾਕਾਰ ਜਹਾਂ ਕਹਿਂ ਉਚਰੈਂ ਦ੍ਰਿਗ ਜਲ ਤੇ ਪਟ ਧੋਵੈਂ ॥੫੦॥ ਕਹਿਂ ਲੌ ਕਹੌਂ ਸ਼ੋਕ ਵਧਿ ਗਿਰ ਗਨ ਰੋਦਤਿ ਬਾਇਸ ਧਾਰਾ। ਭੀਮਚੰਦ ਕੋ ਕਹੈਂ ਮੰਦਮਤਿ ਦੇਤਿ ਹਜ਼ਾਰਹੁਂ ਗਾਰਾ ॥ ੫੧ ॥ ਇਮ ਮਸਲਤ ਕਰਿ 'ਲਰੈਂ ਪ੍ਰਾਤਿ ਪੁਨ ਕਰਿ ਘਮੰਡਚੰਦ ਆਗੇ'। ਖਾਨ ਪਾਨ ਕੁਛ ਕਰਿਕੈ ਸੁਪਤੇ ਸ਼੍ਰਮ ਤੇ ਨਾਹਿਨ ਜਾਗੇ ॥ ੫੨ ॥ ਪਹੁੰਚੀ ਸੁਧਿ ਸਤਿਗੁਰੂ ਨਿਕਟ ਇਹੁ ਕਰੋ ਸਿੰਘ ਸਵਧਾਨਾ। 'ਵਹਿਰ ਲੋਹਗੜ੍ਹ ਤੇ ਕਰਿ ਮੁਰਚੇ ਹਤਹੁ ਸ਼ੱਤ੍ਰੁ ਬਿਧਿ ਨਾਨਾ' ॥ ੫੩॥ ਆਲਮ ਸਿੰਘ ਆਦਿ ਵਡ ਜੋਧਾ ਕਰੀ ਅਧਿਕ ਤਕੈਰਾਈ। ਦੂਰ ਦੂਰ ਕਰਿ ਮੁਰਚੇ ਬੰਦੀ ਜਹਿ ਬੈਠੇਂ ਸਮੁਦਾਈ[੫] ॥੫੪॥ ਸਾਲਪੱਤ੍ਰ ਤੇ ਘਾਇਲ ਸੁਖ ਲਹਿ ਮਿਲੇ ਘਾਵ ਤਤਕਾਲਾ। ਸੱਤਿ-ਨਾਮ ਕੋ ਸਿਮਰਨਿ ਕਰਿਤੇ ਜੋ ਨਿਤ ਰਖਹਿ ਸੁਖਾਲਾ ॥੫੫॥ ਇਮ ਦੁਇ ਦਿਸ਼ਿ ਤੇ ਖਾਨ ਪਾਨ ਕਰਿ ਜਾਮਨਿ ਜਬਹਿ ਬਿਤਾਈ। ਕੁਛਕ ਗਰਬ ਸਿੰਘਨ ਕੇ ਉਪਜਯੋ ਹਤੇ ਸ਼ੱਤ੍ਰੂ ਸਮੁਦਾਈ ॥ ੫੬ ॥ ਸੋ ਨ ਸਹਯੋ ਗੁਰ ਅਵਗੁਨ ਮਨ ਕੋ, ਜਾਗੇ ਦੁਹਿਂ ਦਿਸ਼ਿ ਜੋਧਾ। ਸੰਖ ਨਗਾਰੇ ਬਜੇ ਘਨੇ ਤਬਿ ਲਰਨ ਹੇਤੁ ਵਧਿ ਕ੍ਰੋਧਾ ॥ ੫੭ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ

[੧]ਭਿਆਨਕ ਰਣ ਕਰਨ ਵਾਲੇ। [੨]ਭਾਵ ਪਹਾੜੀਆਂ ਦੇ ਸਾਹਮਣੇ ਹੋਕੇ ਗੁਰੂ ਜੀ ਨੇ ਅਜੇ ਤਕ (ਆਪ) ਤ੍ਰਿੱਖੇ ਤੀਰ ਨਹੀਂ ਚਲਾਏ। [੩]ਹਵਸ, ਅਰਮਾਨ। [੪]ਧੀਰਜ ਧਾਰਕੇ। [੫]ਬਹੁਤੇ ਬੈਠ ਸਕਣ।

Sri Satguru Jagjit Singh Ji eLlibrary NamdhariElibrary@gmail.com

'ਭੀਮਚੰਦ ਸ਼ੋਕ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥ ੨੮ ॥

## ੨੯. [ਦੂਜੇ ਦਿਨ ਦਾ ਜੰਗ]।

ਦੋਹਰਾ ॥ ਸੰਘਰ ਕੋ ਉਤਸਾਹ ਉਰ ਜੋਧਾ ਬਨੇ ਸੁਚੇਤ। ਸੌਚ ਸ਼ਨਾਨੇ ਸਕਲ ਤਨ ਤਯਾਰੀ ਬਨ ਰਨ ਹੇਤੁ ॥ ੧ ॥ ਭੁਜੰਗ ਪ੍ਰਯਾਤ ਛੰਦ ॥ ਗੁਰੂ ਸਿੰਘ ਭੇਜੇ ਉਦੇ ਸਿੰਘ ਆਦਾ। ਬਜੇ ਦੁੰਦਭੀ ਧੌਂਸ ਤੇ ਦੀਹ ਨਾਦਾ। ਕਰੀ ਕੋਟ ਕੇ ਅੱਗ੍ਰ ਮੈਂ ਓਟ ਗਾਢੀ। ਪਦਾਤੀ ਸਬੈ ਸਿੰਘ ਹ੍ਵੈ ਚੌਂਪ ਬਾਢੀ ॥ ੨ ॥ ਉਤੇ ਜ਼ੀਨ ਪਾਏ ਪਹਾਰੀਨ ਸੈਨਾ। ਭਏ ਤਯਾਰ ਸਾਰੇ ਚਲੇ ਜੁੱਧ ਐਨਾ। ਕਟੋਚੀ ਬਡੋ ਉਤਸਾਹੀ ਧਰੰਤਾ। ਕਰਾਚੋਲ ਪਾਯੋ ਗਰੇ ਓਜਵੰਤਾ ॥ ੩ ॥ ਕਸੀ ਢਾਲ ਕੰਧੇ ਬਡੀ ਮੋਲ ਕੇਰੀ। ਭਰੇ ਤੀਰ ਭਾਥਾ ਪਿਖੇ ਤਾਂਹਿ ਬੇਰੀ[1]। ਲਿਯੋ ਚਾਂਪ ਭਾਰੀ ਬਡੋ ਡੀਲ ਜਾਂਹੀ। ਬਲੀ ਦੀਹ ਵਾਰੋ ਚਲ੍ਯੋ ਜੰਗ ਮਾਂਹੀ ॥ ੪ ॥ ਮਿਲ੍ਯੋ ਭੀਮ ਚੰਦੰ ਦਈ ਧੀਰ ਬੋਲਾ। 'ਪਿਖੋ ਜੁੱਧ ਮੇਰੋ ਕਰੋ ਨਾਂਹਿ ਹੌਲਾ[2]। ਰਹੋ ਪੀਠ ਪੈ ਡੀਠ ਹ੍ਵੈ ਸੈਨ ਪ੍ਰੇਰੋ[3]। ਪਲਾਵੈ ਨਹੀਂ ਜਨੈਂ ਤਬਾ ਘੇਰ ਫੇਰੋ' ॥੫॥ ਇਮੰ ਭਾਖਿਕੈ ਚਾਂਪ ਆਪੰ[4] ਟੰਕਾਰਾ। ਸਰੰ ਸੰਧਿਕੈ ਚੌਂਪ ਸੰਗੀ ਪ੍ਰਹਾਰਾ। ਲਏ ਟੋਲ ਜੋਧਾਨ ਕੋ ਬੋਲਿ ਐਸੇ। 'ਕਰੌਂ ਆਜ ਕਾਜੰ ਜਸੰ ਪਾਇ ਜੈਸੇ ॥੬॥ ਪਰਾਜੈ ਭਈ, ਮੈਲ ਲਾਗੀ ਮਹਾਨੀ। ਪਖਾਰੌਂ ਭਲੇ ਬੀਰ ਕੈ ਓਜ ਪਾਨੀ[5]। ਹਟੌਂ ਨ ਪਿਛਾਰੀ, ਚਲੌਂ ਸਾਮੁਹਾਈ। ਰਹੇ ਜੌਨ ਆਗੇ ਮਹਾਂ ਦੁੱਬ ਪਾਈ ॥ ੭ ॥ ਮਰੈ ਜੰਗ ਮੈਂ ਦੇਵ ਲੋਕੈਂ ਪਧਾਰੈ। ਰਹੈ, ਕੀਰਤੀ ਲੇ ਭਲੇ ਸ਼ੱਤ੍ਰ ਮਾਰੈ[6]'। ਕਰੇ ਤਯਾਰ ਤੋੜੇ ਸਮੂਹੰ ਧੁਖਾਏ। ਬਰੂਦੰ ਸੁ ਗੋਰੀ ਪਲੀਤੇ ਮਿਲਾਏ ॥ ੮॥ ਗਜੰ ਸੰਗ ਠੋਕੀ ਧਰੀ ਕੰਧ ਚਾਲੇ। ਗੁਰੂ ਕੀ ਗੜ੍ਹੀ ਕੌ ਗਏ ਆਲਬਾਲੇ[7]। ਪਦਾਤੀ ਸਓਰੰ ਮਿਲੇ ਸੰਗ ਜੋਧਾ। ਪਰਾਜੈ ਭਈ ਤੈਂ ਰਿਦੈ ਧਾਰਿ ਕ੍ਰੋਧਾ ॥ ੯ ॥ ਇਤੇ ਸਿੰਘ ਸਾਰੇ ਬਰੇ ਮੋਰਚਾ ਮੈਂ। ਤੁਫੰਗੈਂ ਕਸੀ ਡਾਰਿ ਗੋਰੀ ਸੁ ਤਾਂ ਮੈਂ। ਧੁਖੇ ਪੁੰਜ ਤੋੜੇ ਕਲੀ ਆਛ ਹੋਈ[8]। ਜੜੇ ਹੈਂ ਕਲਾ ਪੈ ਲਿਯੋ ਮੋੜ ਸੋਈ ॥ ੧੦ ॥ ਪਲੀਤੇ ਜਮਾਂਦੇ ਸਿਰੈਪੋਸ਼

---

[1]ਤਦੋਂ ਵੇਖਕੇ ਤੀਰਾਂ ਨਾਲ ਭੱਥਾ ਭਰਿਆ। [2]ਤੁਸੀਂ ਹੌਲ ਨਾ ਕਰੋ। [3](ਮੇਰੀ) ਪਿੱਠ ਤੇ ਰਹੋ ਸੈਨਾਂ ਨੂੰ ਨਿਗਾਹ ਵਿਚ ਰੱਖਕੇ ਪ੍ਰੇਰਦੇ ਰਹੋ। [4]ਆਪਣਾ। [5]ਸੂਰਮਿਆਂ ਦੇ ਬਲ ਰੂਪੀ ਪਾਣੀ ਨਾਲ ਧੋਵਾਂਗਾ। (ਅ) ਬਲ ਰੂਪੀ ਪਾਣੀ ਬਹਾਦਰੀ ਨਾਲ ਲਾਕੇ ਧੋਵਾਂਗਾ। [6]ਜੇ ਬਚ ਰਹੇ ਤਾਂ ਭਲੀ ਤਰ੍ਹਾਂ ਸ਼ੱਤ੍ਰ ਮਾਰਨ ਦੀ ਕੀਰਤੀ ਲਏਗਾ। [7]ਘੇਰਾ ਪਾਏ ਹੋਏ। [8]ਤੋੜੇ ਧੁਖਦਿਆਂ ਦੇ ਅੱਗੋਂ ਚੰਗਾ ਗੁਲ ਔ ਗਿਆ। [ਕਲੀ=ਤੋੜਾ ਧੁਖਕੇ ਜੋ ਨਾਲ ਗੁਲ ਬੱਝ ਜਾਂਦਾ ਹੈ]।

Sri Satguru Jagjit Singh Ji eLlibrary NamdhariElibrary@gmail.com

ਖੋਲੇ।ਰਵਾਂਦਸਤ ਕੀਨੀ ਤਜੇ ਔਗੁ ਓਲੇ[1]।ਕਰੀ ਸ਼ਿਸਤ ਆਗੇ ਜਹਾਂ ਸ਼ੱਤ੍ਰੂ
ਆਵੈਂ। ਡੰਕੇ ਤਾਤਕਾਲੈ ਤੜਾਕੋ ਉਠਾਵੈਂ ॥੧੧॥ ਤੁਫੰਗੈਂ ਚਲੀ ਆਵਤੇ
ਸਾਮੁਹਾਈ।ਕਰੇ ਬੇਗ ਗੋਰੀ ਮਹਾਂ ਸ਼ੂੰਕ ਪਾਈ। ਅਜਾਨੰ ਸੁਜਾਨੰ ਤਜੈ ਜੌਨ
ਕੌਨਾ[2]। ਲਗੀ ਏਕ ਚਾਹੈ ਹਤੈ ਪ੍ਰਾਨ ਤੌਨਾ[3]॥੧੨॥ਹਲਾਹਾਲ ਬੋਲੇ ਕਰਯੋ
ਹੇਲ ਧਾਈ। ਮਨੋ ਸੈਲ ਹੂੰ ਪੈ ਘਟਾ ਢੁਕਿ ਆਈ। ਪਲੀਤੇ ਛਟਾ ਜ੍ਵਾਲ-
ਮਾਲਾ ਉਠਾਲੇ[4]। ਚਲੇ ਪੁੰਜ ਗੋਰੀ ਕਿ ਓਰੇ[5] ਕਰਾਲੇ ॥ ੧੩ ॥ ਉਠੀ ਧੂਮ
ਧਾਰਾ ਚਮੂੰ ਓਰ ਹੋਈ। ਭਯੋ ਅੰਧ ਧੁੰਧੰ ਡਰੇ ਭਾਜ ਕੋਈ। ਤੜਾਕੇ ਮਨਹੁੰ
ਗਾਜ ਹ੍ਵੈ ਬਾਰ ਬਾਰੇ[6]।ਗਿਰੈਂ ਬ੍ਰਿੱਛ[7] ਜੋਧਾ ਮਚੀ ਮਾਰ ਭਾਰੀ॥੧੪॥ਉਭੈ ਓਰ
ਤੇ ਜ੍ਵਾਲ ਬੌਨਾ[8] ਪ੍ਰਹਾਰੈਂ। ਸ਼ਿਤਾਬੀ ਕਸੈਂ, ਹਾਥ ਪੈ ਟੇਕਿ ਮਾਰੈਂ।ਲਗੈਅੰਗ
ਮੈਂ ਤੋੜ ਫੋੜੈ ਬਿਹੰਡੈ।ਗਿੜੈ ਦਾਰ[9]ਭੂ ਮੈਂ ਫੁਟੇ ਤੁੰਡ ਮੁੰਡੈ ॥੧੫॥ ਹੁਤੇ ਮੋਰਚੇ
ਔਗੁ ਬੰਧੇ ਜਿਥਾਂਈ[10]।ਘਨੋ ਲੋਹ ਬਾਜਯੋ ਤਹਾਂ ਧੂੰਮ ਪਾਈ।ਭਯੋ ਢੋਇਭਾਰੋ,
ਜੁਟੇ ਬੀਰ ਬੰਕੇ। ਲਗੇ ਫੇਲ ਧੌਸਾਨਿ ਪੈ ਬ੍ਰਿੰਦ ਡੰਕੇ ॥੧੬॥ਲਲਿਤਪਦ ਛੰਦ॥
ਲਲਕਾਰੇ ਭਟ ਪੁੰਜ ਕਟੋਚੀ[11] 'ਕਿਤ ਕਾਤੁਰ ਹੁਇ ਤ੍ਰਾਸੇ। ਕਹਾਂ ਸਿੰਘ
ਥੋੜੇ ਅਬਿ ਰਹਿ ਗੇ ਪਹਿਲੇ ਜੰਗ ਬਿਨਾਸੇ ॥੧੭॥ ਹੇਲ ਘਾਲਿ ਅਬਿ ਲੇਹੁ
ਮੋਰਚਾ ਵਿਹੁ ਨਿਕਾਲ ਬਲ ਪਾਯੋ। ਦੁਗਨ ਦਰਬ ਕੋ ਮਨਸਬ ਕਰਿਹੈਂ
ਬਨਹੁ ਸੂਰ ਜਸੁ ਛਾਯੋ' ॥ ੧੮ ॥ ਕਹਯੋ ਘਮੰਡਚੰਦ ਭਟ ਗਨ ਸੋਂ ਔਗੁ
ਆਪ ਹੀ ਚਾਲਾ। ਖਪਰਾ ਤੀਖਨ ਭੀਖਨ ਲੀਨਸਿ ਚਾਂਪ ਕਠੋਰ ਬਿਸਾਲਾ
॥ ੧੯ ॥ ਐਂਚਿ ਐਂਚਿ ਸਿੰਘਨ ਕੇ ਸਨਮੁਖ ਛੋਰਹਿ ਬਾਨ ਮਹਾਨੇ। ਸੁਭਟ
ਬਲੀ ਕੇ ਕਰ ਤੇ ਚਲਿ ਚਲਿ ਬੀਧਤਿ ਪਾਰ ਪਰਾਨੇ॥੨੦॥ਲਗੇ ਕਿਤਿਕ
ਸਿੰਘਨ ਕੇ ਜਬਿਹੂੰ ਆਲਮ ਸਿੰਘ ਬਿਲੋਕੇ,—ਹੇਲਾਘਾਲ[12]ਧਕੇਲਤਿ ਬਲ
ਤੇ ਰਹੇ ਨ ਕਨੇਂਹੂੰ ਰੋਕੇ॥੨੧॥ ਜ਼ੋਰ ਮੋਰਚੇ ਪਰ ਬਹੁ ਦੈ ਕੈ ਸਿੰਘ ਨਿਕਾ-
ਸਨਿ ਕੀਨੇ। ਕੋ ਮਰਿ ਗਏ, ਭਏ ਕੇ ਘਾਇਲ, ਕਿਨਹੁੰ ਓਟ ਗਢ ਲੀਨੇ

[1]ਭਾਵ, ਜੋ ਅੱਗੇ ਉਹਲੇ ਸਨ ਉਹ ਛੱਡਕੇ ਬੰਦੂਕ ਚਲਾਉਣ ਲਈ ਰੱਖੇ ਥਾਵਾਂ ਅਗੇ ਆ ਗਏ। [2]ਜੇਹੜਾ ਕੇਹੜਾ ਬੀ। [3]ਇਕ ਗੋਲੀ ਲੱਗਣੀ ਚਾਹੀਏ (ਬੱਸ ਫੇਰ) ਪ੍ਰਾਨ ਨਾਸ਼ ਕਰ ਦਿੰਦੀ ਹੈ ਉਸਦੇ(ਜਿਸਨੂੰ ਲੱਗੇ)। [4]ਪਲੀਤਿਆਂ ਰੂਪੀ ਅਗਨੀ ਦੀ ਮਾਲਾ ਬਿਜਲੀ ਵਤ (ਦੂਰੋਂ) ਉਠਦੀ (ਦਿੱਸਦੀ ਹੈ)। [5]ਮਾਨੋਂ ਗੜੇ। [6]ਵਾਰ ਵਾਰ ਤੜਾਕੇ (ਜੋ ਹੁੰਦੇ ਹਨ ਉਹ) ਮਾਨੋਂ ਬਿਜਲੀ ਪੈਂਦੀ ਹੈ। [7]ਸੂਰਮਿਆਂ ਰੂਪੀ ਬ੍ਰਿਛ। [8]ਬੰਦੂਕਾਂ ਨੂੰ। [9]ਧੜੋਂ ਕਰਕੇ ਡਿੱਗ ਪੈਂਦਾ ਹੈ। [10]ਜਿੱਥੇ। [11]ਕਟੋਚੀ ( ਰਾਜਾ ) ਨੇ ਸਾਰੇ ( ਅਪਣੇ ) ਸੂਰਮਿਆਂ ਨੂੰ ਲਲਕਾਰਿਆ। [12]ਆਲਮ ਸਿੰਘ ਨੇ ਡਿੱਠਾ ( ਕਿ ਪਹਾੜੀਆਂ ਨੇ ਹੱਲਾ ) ਕਰਕੇ।

Sri Satguru Jagjit Singh Ji eLlibrary NamdhariElibrary@gmail.com

॥੨੨॥ਸਹਿ ਨ ਸਕਯੋ ਆਲਮ ਸਿੰਘ ਜੋਧਾ ਕਸਿ ਬੰਦੂਕ ਸੰਭਾਰੀ। ਚੰਚਲ ਤੁਰਾ[1] ਨਚਾਵਤਿ ਗਵਨਯੋਂ ਤਕਹਿ ਦਾਵ ਮਤਿ ਭਾਰੀ ॥ ੨੩ ॥ ਇਤ ਉਤ ਹਯ ਕੋ ਫੇਰਿ ਨੇਰ ਕਿਯ ਪਿਖਿ ਕਟੋਚ[2] ਲਲਕਾਰਾ।'ਮੂਢ ਖਰੋ ਰਹੁ ਲੇਹੁ ਅਬੈ ਫਲ, ਤੈਂ ਸਿੰਘਨ ਕੋ ਮਾਰਾ' ॥ ੨੪ ॥ ਕਰਤਿ ਕੁਵਾਇਦ[3] ਫੇਰਯੋ ਘੋੜਾ ਤਕਿ ਸ਼ੱਤ੍ਰੁ ਤਨ ਮਾਰੀ।ਧੁਖਤਿ ਪਲੀਤਾ ਉਠਯੋ ਤੜਾਕਾ ਗੋਰੀ ਸ਼ੂੰਕਿ ਸਿਧਾਰੀ ॥ ੨੫ ॥ ਲਖਿ ਘਮੰਡਚੰਦ ਤੁਪਕ ਤਕੀ ਮੁਹਿ ਚੰਚਲ ਕੀਨ ਤੁਰੰਗਾ। ਬਚਯੋ ਆਪ ਜਮ ਮੁਖ ਤੇ ਮਾਨੋ ਗੁਲਕਾ ਲਗੀ ਨ ਅੰਗਾ ॥੨੬॥ਹਯ ਕੀ ਗ੍ਰੀਵ ਲਗੀ ਦੜ ਗਿਰ ਗਾ ਉਤਰਿ ਕਟੋਚਿ ਸੰਭਾਰਾ।ਭਯੋ ਪਦਾਤੀ ਤਊ ਚਾਂਪ ਗਹਿ ਧਰਿ ਧਨੁ ਮਹਿਂ ਸਰ ਮਾਰਾ ॥ ੨੭ ॥ ਭੀਮਚੰਦ ਅਵਿਲੋਕਯੋ ਹਯ ਮ੍ਰਿਤੁ ਭਯੋ ਆਪ ਕੁਛ ਆਗੇ।ਸਭਿ ਬੀਰਨਿ ਕੋ ਪ੍ਰੇਰਨਿ ਕੀਨਾ 'ਪਹੁੰਚਯੋ ਦੇਰ ਨ ਲਾਗੇ ॥ ੨੮ ॥ ਅਰਯੋ ਨਰਿੰਦ ਘਮੰਡਚੰਦ ਰਣ ਹੁਜਹਿ ਸਕਲ ਸਹਾਈ'। ਕਿਸਹੂ ਦਿਲਾਸਾ ਕਿਸਹੂ ਰਿਸ ਕਰਿ ਆਗੇ ਧਰਿ ਸਮੁਦਾਈ[4] ॥ ੨੯ ॥ ਇਤ ਤੇ ਉਮਡਿ ਖਾਲਸਾ ਸਨਮੁਖ ਤਜੇ ਤੀਰ ਅਰੁ ਗੋਰੀ। ਹੇਲੇ ਪਰ ਹੇਲਾ ਬਡ ਘਾਲਯੋ ਰੁਪੇ ਕੋਪ ਦੁਇ ਓਰੀ ॥ ੩੦ ॥ ਪਰਯੋ ਜੋਰ ਪੁਨ ਸਿੰਘਨ ਕੇਰਾ ਲਾਗੇ ਫਿਰਨ ਪਹਾਰੀ। ਤਬਿ ਲਲਕਾਰ ਕਟੋਚੀ ਬੈਠਯੋ ਲੇ ਕੁਛ ਓਟ ਅਗਾਰੀ ॥੩੧॥ ਤਰਕਸ਼ ਤੇ ਸਰ ਕਾਢਿ ਬਖੇਰੇ[5], 'ਉਠੋਂ ਨ ਹਟ ਹੌਂ ਪਾਛੇ'।ਤਬਿ ਗੁਲੇਰੀਆ ਆਦਿ ਸੈਲਪਤਿ ਅਰਯੋ ਦੇਖਿ ਕਰਿ ਆਛੇ॥੩੨॥ਲੈ ਲੈ ਸੁਭਟ ਪਰੇ ਸਿੰਘਨ ਪਰ ਮਾਰ ਮਚੀ ਇਕਸਾਰਾ। ਗਿਰਹਿ ਮਰਹਿ ਦੜ[6] ਪਰਹਿ ਧਰਾ ਪਰ,ਘਾਇਲ ਕਰਤਿ ਪੁਕਾਰਾ ॥੩੩॥ਦੀਰਘ ਬਲ ਘਾਲਯੋ ਸਿੰਘਨ ਪਰ ਠਹਿਰ ਨ ਸਕਹਿ ਜੁਝਾਰੇ। ਤਜਯੋ ਮੋਰਚਾ ਬਰੇ ਲੋਹਗੜ੍ਹ, ਕੇ ਥਿਰ ਦ੍ਵਾਰ ਅਗਾਰੇ ॥ ੩੪ ॥ ਬਹੁਰ ਨਿਕਟ ਕਰਿ ਹੇਲਾ ਘਾਲਣ[7], ਰੁਪਯੋ ਘਮੰਡੋ ਚੰਦੇ। ਬਾਨ ਸਰਾਸਣ ਛੋਰਤਿ ਸਨਮੁਖ ਢੁਕੇ ਆਨਿ ਭਟ ਬ੍ਰਿੰਦੇ॥ ੩੫ ॥ ਸਰਬ ਗਿਰੀਸ਼ੁਰ ਭੀਮਚੰਦ ਜੁਤਿ ਓਰੜਿ ਗੜ੍ਹ ਪਰ ਆਏ। ਸੈਲੇ, ਤੋਮਰ,ਤੀਰਨ, ਤੁਪਕਾਂ ਮਾਰਿ ਮਾਰਿ ਬਰਖਾਏ॥੩੬ ॥ ਕਰੇ ਸਿੰਘ ਘਾਇਲ ਬਹੁ ਤਬਿ ਹੀ ਥਿਰੇ ਲੋਹਗੜ੍ਹ

[1]ਘੋੜਾ। [2]ਕਟੋਚੀਏ ਨੂੰ। [3](ਸਿੱਖੀ ਹੋਈ) ਕਵਾਇਦ (ਦੇ ਦਾਉ ਫੇਰ) ਕਰਕੇ। [4]ਸਾਰੇ ਅੱਗੇ ਕੀਤੇ। [5]ਭੱਥੇ ਦੇ ਬਾਣ ਕੱਢਕੇ (ਜ਼ਮੀਨ ਤੇ) ਖਿੰਡਾ ਦਿੱਤੇ। [6]ਧੜੰ ਕਰਕੇ। [7]ਨੇੜੇ ਹੋਕੇ ਹੱਲਾ ਕਰਨ ਲਈ।

Sri Satguru Jagjit Singh Ji eLlibrary NamdhariElibrary@gmail.com

ਮਾਂਹੀ। ਨਿਕਸਨ ਦੇਤਿ ਨ ਵਹਿਰ ਕਟੌਚੀ ਸੁਭਟ ਹਜ਼ਾਰਹੁ ਪਾਹੀ ॥੩੭॥ ਜਹਿਂ ਜਹਿਂ ਮਰੇ ਪਰੇ ਨਹਿਂ ਦੀਖਹਿਂ ਕੂਕਰ ਜੰਬੁਕ ਖਾਏ। ਹੜ ਹੜ ਹਸੈਂ ਮਸਾਨ ਜੁੱਧ ਥਲ[1] ਧੁਖਿ ਧੁਖਿ ਉਠਿ ਸਮੁਦਾਇ ॥੩੮॥ ਕਹੌਂ ਕਹਾਂ ਲਗਿ ਬਡ ਘਮਸਾਨਾ ਭਯੋ ਜੁੱਧ ਤਬਿ ਘੋਰਾ। ਘਾਲਿ ਘਮੰਡ[2] ਘਮੰਡਚੰਦ ਬਹੁ, ਲੱਜਤਿ ਮੁਖਿ ਨਹਿਂ ਮੋਰਾ[3] ॥੩੯॥ ਭੂਤ ਪ੍ਰੇਤ ਨਾਚਤਿ ਅਰੁ ਗਾਵਤਿ ਮਨ ਭਾਵਤਿ ਰਨ ਹੇਰਾ। ਕਾਕ ਕੰਕ ਕੀ ਕੂਕੈਂ ਕੂਕੀ ਸੁਨੀਅਤਿ ਭੀਮ ਬਡੇਰਾ[4] ॥੪੦॥ ਗ੍ਰਿੱਧ ਬ੍ਰਿੱਧ ਮੰਡਰਾਵਤਿ ਪੁੰਜੇ ਸ਼ੋਣਤ ਬਹਿ ਬਹੁ ਚਾਲਾ। ਫਟੇ ਨਿਸ਼ਾਨਨ ਕੇ ਪਟ ਫਰਰੇ ਰਹਿ ਗਏ ਬਾਂਸ ਬਿਸਾਲਾ ॥੪੧॥ ਤ੍ਰਿਪਤ ਭੁਏ ਜੋਧਾ ਤਬਿ ਲਰਿ ਲਰਿ ਕਰਿ ਕਰਿ ਓਜ ਬਡੇਰਾ। ਮਰੇ ਹਜ਼ਾਰਹੁ ਘਾਇਲ ਹ੍ਵੈ ਕੈ, ਥਕਯੋ ਬੋਲ ਬਹੁ ਟੇਰਾ[5] ॥੪੨॥ ਪਰੇ ਸ਼ਸਤ੍ਰ ਗਨ ਬਿਖਰੇ ਜਹਿਂ ਕਹਿਂ ਤੋਮਰ ਤੀਰ ਤੁਫੰਗਾ। ਖੜਗ, ਸਿਪਰ, ਜਮਧਰ ਬਹੁ ਖੰਜਰ ਕਿਤਿਕ ਮ੍ਰਿਤਕ ਤਨ ਸੰਗਾ ॥੪੩॥ ਮਰੇ ਤੁਰੰਗ ਪਰੇ ਜੁਤਿ ਜ਼ੀਨਨਿ ਤਰ ਊਪਰ[6]ਗਨ ਲੋਥਾਂ। ਕਿਤਿਕ ਸਊਰ ਮਰੇ ਅਸੁ ਛੂਟੇ ਦੌਰਤਿ ਪਗ ਤੇ ਪੋਥਾਂ[7] ॥੪੪॥ ਸਗਰੇ ਬਾਸੁਰ ਮਚੀ ਲਰਾਈ ਭਾ ਤਬਿ ਸੰਧਯਾ ਕਾਲਾ। ਉਠਨ ਲਗਯੋ ਜਬਿ ਨ੍ਰਿਪਤ ਕਟੋਚੀ ਛੁਟੀ ਤੁਫੰਗ ਕਰਾਲਾ ॥੪੫॥ ਬਚਯੋ ਮਰਣ ਤੇ ਘਾਇਲ ਹ੍ਵੈ ਕਰਿ ਪੁਨ ਤਤਕਾਲ ਪਲਾਯੋ। ਸਨੇ ਸਨੇ ਤਬਿ ਹਟੇ ਪਹਾਰੀ ਥਕਤਿ ਲੋਹ ਬਰਖਾਯੋ ॥੪੬॥ ਭੀਮਚੰਦ ਮੁਰਝਾਵਤਿ ਮੂਰਖ ਹਟਿ ਪਹੁੰਚਯੋ ਨਿਜ ਡੇਰੇ। ਸੰਗ ਘਮੰਡਚੰਦ ਲੇ ਘਾਇਲ ਚਿੰਤਾ ਧਰਤਿ ਘਨੇਰੇ ॥੪੭॥ ਸਗਲ ਚਮੂੰ ਜੀਵਤਿ ਜੋ ਬਚ ਰਹਿ ਥਕਤ ਹੋਇ ਕਰਿ ਆਏ। ਘਾਯਲ ਕੇਤਿਕ ਨੀਠ ਨੀਠ ਕਰਿ ਪਹੁੰਚੇ ਦੁਖ ਬਿਕੁਲਾਏ ॥੪੮॥ ਸ਼ੋਣਤ ਸੰਗ ਰੰਗ ਮਹਿਂ ਰੰਗੇ ਤਨ ਪਰ ਜਮਯੋ ਬਿਸਾਲਾ। ਪਰੇ ਕਰਾਹੈਂ ਮਾਰ ਮਚੀ ਬਹੁ ਕਰਿ ਪਗ ਟੂਟੇ ਕਰਾਲਾ ॥੪੯॥ ਇਤ ਸਭਿ ਸਿੰਘਨ ਕਰੇ ਸੰਭਾਲਨਿ ਘਾਇਲ ਮੰਚਨ ਪਾਏ। ਮਰੇ ਜਿਤਿਕ ਸੁਰ ਲੋਕ ਪਧਾਰੇ ਦਾਹ ਕਰੇ ਇਕ ਥਾਏਂ ॥੫੦॥ ਪੌਰ ਲੋਹਗੜ੍ਹ ਬਜਹਿ ਨਗਾਰਾ ਸਤਿਗੁਰ ਫਤੇ

---

[1]ਜੁੱਧ ਭੂਮੀ ਵਿਚ। [2]ਭਾਰ ਜੁੱਧ ਕੀਤਾ। [3]ਸ਼ਰਮਿੰਦਗੀ ਤੋਂ (ਡਰਦੇ ਨੇ) ਮੂੰਹ ਨਾ ਮੋੜਿਆ। [4]ਬਹੁਤ ਭਜਾਨਕ ਕੂਕਾਂ ਕਾਂਵਾਂ ਤੇ ਕੰਕਾਂ ਦੀਆਂ ਕੂਕੀਂਦੀਆਂ ਸੁਣੀਦੀਆਂ ਹਨ। [5]ਬਹੁਤਾ ਬੋਲਦਿਆਂ ਵੀ ਥਕ ਗਏ। [6]ਹੇਠ ਉਤੇ। [7]ਲਿਟੀਆਂ ਪਈਆਂ (ਲੋਥਾਂ ਦੇ ਉੱਤੋਂ ਦੀ) [ਪੰ:, ਪੋਥਾ=ਪੁਸਤਕ, ਢੇਰ, ਸਮੂਹ, ਸਥਾਰ ਜਾ ਲਿਟੀ ਪਈ ਸ਼ੈ]।

Sri Satguru Jagjit Singh Ji eLlibrary NamdhariElibrary@gmail.com

ਬੁਲਾਵੈਂ। ਜਿਨ ਕੇ ਮੋਹ ਨ ਸ਼ੋਕ ਕਹਾਂ ਹੁਇ,ਸਿੱਖੀ ਸਦਾ ਕਮਾਵੈਂ ॥੫੧॥ ਸ੍ਰੀ ਕਲਗ਼ੀਧਰ ਕੇ ਢਿਗ ਗਮਨੇ ਕੇਤਿਨ ਦਰਸ਼ਨ ਕੀਨਾ। ਅਪਰ ਲੋਹ-ਗੜ੍ਹ ਮਹਿਂ ਦਿਢ ਬਾਸਹਿਂ ਗੁਰ ਪਗ ਮਹਿਂ ਚਿਤ ਦੀਨਾ॥੫੨॥ ਜੁੱਧ ਬਾਰਤਾ ਸਰਬ ਸੁਨਾਈ 'ਆਜ ਕਟੋਚੀ ਰੋਹਾ[1]। ਪੁੰਜ ਹੋਲ ਘਾਲਯੋ ਦੁਹਿ ਦਿਸ਼ਿ ਤੇ ਬਜਯੋ ਲੋਹ ਸੋਂ ਲੋਹਾ ॥ ੫੩ ॥ ਰਹ੍ਯੋ ਪ੍ਰਬਲ[2] ਜਬਿ ਉਠਨਿ ਲਗਯੋ[3] ਤਹਿਂ ਗੁਲਕਾ ਲਗੀ ਕਿਥਾਈਂ। ਜੋਧਾ ਪੁੰਜ ਸੰਗ ਲੇ ਗਮਨ੍ਯੋਂ ਗਏ ਮੂਢ ਪਛੁਤਾਈ॥੫੪॥ਪ੍ਰਭੁ ਜੀ ਘਾਇਲ ਸਿੰਘ ਭਏ ਬਹੁ, ਸਾਲਪੱਤ੍ਰ ਪਠਵਾਵੈਂ। ਕ੍ਰਿਪਾ ਕਰਹੁ ਤਨ ਪੀਰਾ ਹਰੀਅਹਿ ਹੋਇ ਸਹਾਇ ਬਚਾਵੈਂ' ॥ ੫੫ ॥ ਜਥਾ ਜੋਗ ਸਭਿ ਕੋ ਦੇ ਧੀਰਜ ਸਤਿਗੁਰ ਨਿਕਟ ਬਿਠਾਏ। ਹਿਤ ਘਾਇਲ ਅਰੁ ਸਭਿ ਸਿੰਘਨ ਹਿਤ ਵਸਤੁ ਸਮੂਹ ਪਠਾਏ ॥ ੫੬ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁੱਤੇ 'ਜੰਗ' ਪ੍ਰਸੰਗ ਬਰਨਨੰ ਨਾਮ ਇਕ ਊਨ-ਤ੍ਰਿੰਸਤੀ ਅੰਸੂ ॥ ੨੯ ॥

## ੩੦. [ਖਾਲਸੇ ਦੀ ਜਿੱਤ]।

ਦੋਹਰਾ ॥ ਨਿਸ ਮਹਿਂ ਮਿਲੇ ਗਿਰੀਸ਼ ਸਭਿ ਜਹਿਂ ਕਟੋਚ ਮਹਿਪਾਲ। ਭੀਮ-ਚੰਦ ਭੀ ਤਹਿਂ ਗਯੋ ਰਾਜੇ ਰਾਣੇ ਜਾਲ ॥੧॥ ਚੌਪਈ ॥ ਪੰਮਾ ਆਦਿ ਵਜ਼ੀਰ ਅਨੇਕ। ਮਿਲੇ ਸਿਆਣੇ ਸੁਮਤਿ ਵਿਵੇਕ। ਸਭਾ ਬਿਸਾਲ ਸਮੂਹ ਲਗਾਈ। ਝਾਰ ਮਸਾਲਾਂ ਬਹੁ ਜੁਲਤਾਈ ॥ ੨ ॥ ਭੀਮ ਚੰਦ ਮਤਿਮੰਦ ਗੁਮਾਨੀ। ਸਭਿਨਿ ਸੁਨਾਵਤਿ ਗਿਰਾ ਬਖਾਨੀ। 'ਅਨਿਕ ਪ੍ਰਕਾਰਨ ਤੇ ਲਰ ਰਹੇ। ਨਹੀਂ ਮਨੋਰਥ ਕਯੋਂ ਹੂੰ ਲਹੇ ॥ ੩ ॥ ਦਿਵਸ ਮਾਸ ਤੇ ਅਧਿਕ ਬਿਤਾਏ। ਲਰਤਿ ਰਹੇ ਗਨ ਸੁਭਟ ਖਪਾਏ।ਰਾਜ ਨੀਤਿ ਕੇ ਚਤੁਰ ਉਪਾਇ[4]।ਸਕਲ ਬਿਚਾਰਹੁ ਚਿਤ ਕੋ ਲਾਇ ॥ ੪ ॥ ਬਡੋ ਬਹਾਦਰ ਕੇਸਰਿ ਚੰਦ। ਭਾਊ-ਜਮਤੁੱਲਾ ਸੁ ਬਿਲੰਦ। ਦੋਨਹੁ ਜੋਧਾ ਮਰੇ ਜੁਝਾਰੇ। ਮੀਏਂ ਅਰੁ ਰਾਣੇ ਗਨ ਮਾਰੇ ॥ ੫ ॥ ਕਹਿਂ ਲੌ ਗਿਨੀਅਹਿ ਸਭਿ ਤੁਮ ਜਾਨੋਂ। ਸਰ੍ਯੋ ਨ ਕਾਰਜ ਮਰੇ ਮਹਾਨੋ। ਸ਼ਾਮ, ਦਾਮ, ਅਰੁ ਭੇਦ ਨ ਭਯੋ। ਦੰਡ ਉਪਾਇ ਚਤੁਰਥੋ ਕਿਯੋ ॥੬॥ ਇਹ ਤ੍ਰੈ ਤੇ ਪਾਛੇ ਬਨਿ ਆਵਤਿ। ਸੋ ਹਮ ਪ੍ਰਥਮ ਕੀਨਿ ਮਨ ਭਾਵਤਿ[5]। ਕੁਛ ਥੋਰੇ ਨਹਿਂ ਭਯੋ ਬਿਚਾਰੋ। ਪਸਰ੍ਯੋ ਸ਼ੋਕ ਦੇਸ਼ ਗਿਰ ਸਾਰੇ ॥ 7 ॥ ਪ੍ਰਥਮ ਕਰਨਿ ਜੋ ਚਹੀਯਤਿ ਤੀਨ[6]। ਸੋ ਅਬਿ ਕਰਹੁ ਬਿਚਾਰ

[1]ਕ੍ਰੋਧਵਾਨ ਹੋਇਆ। [2]ਭਾਵ ਕਟੋਚੀ ਅਜ ਸਿੰਘਾਂ ਤੇ ਪ੍ਰਬਲ ਰਿਹਾ। [3]ਭਾਵ ਜਦੋਂ ਹਟਣ ਲਗਾ (ਜੁੱਧ ਵਿੱਚੋਂ)। [4]ਰਾਜਨੀਤੀ ਦੇ ਚਾਰੇ ਉਪਾਵ। [5]ਭਾਵ ਦੰਡ ਜੋ ਅਸਾਂ ਪਹਿਲਾਂ ਵਰਤਿਆ ਹੈ, ਸ਼ਾਮ, ਦਾਮ, ਭੇਦ, ਤਿੰਨਾਂ ਤੋਂ ਪਿੱਛੋਂ ਵਰਤਣਾ ਚਾਹੀਦਾ ਸੀ। [6]ਭਾਵ ਸ਼ਾਮ, ਦਾਮ ਤੇ ਭੇਦ।

Sri Satguru Jagjit Singh Ji eLlibrary NamdhariElibrary@gmail.com

ਪ੍ਰਬੀਨ। ਦੰਡ ਉਪਾਇ ਤਯਾਗ ਕਰਿ ਅਬੈ। ਸ਼ਾਮ ਆਦਿ ਕੋ ਕਰੀਅਹਿ ਸਬੈ॥੮॥ਇਤੋਂ ਜੁੱਧ ਕਰਿ ਕ੍ਰੁੱਧ ਵਿਰੁੱਧੇ[1]।ਚਹੁੰਦਿਸ਼ਿ ਤੇ ਆਨੰਦਪੁਰਿ ਰੁੱਧੇ[2]। ਗੁਰ ਗੋਬਿੰਦ ਸਿੰਘ ਕੋ ਨਹਿਂ ਚਿੰਤਾ।ਆਨਿ ਮਿਲਹਿਂ ਸਿਖ ਬਹੁਰ ਬਿਅੰਤਾ ॥੯॥ ਨਹਿਨ ਚਮੂ ਕੀ ਚਾਹਿ ਬਿਸਾਲਾ। ਬਿਨਾ ਹਕਾਰੇ ਆਵਤਿ ਜਾਲਾ। ਬਹੁਰ ਦਰਬ ਕੀ ਕਮੀ ਨ ਕਬਿਹੂੰ। ਚਹੁੰਦਿਸ਼ਿ ਤੇ ਆਨਹਿ ਸਿਖ ਸਭ ਹੂੰ ॥੧੦॥ਰਹੀ ਲਰਾਈ ਲਖਹੁ ਘਨੇਰੀ। ਨਹਿਂ ਕਾਯਲ[3] ਹੋਯਸਿ ਕਿਸ ਬੇਰੀ। ਨਿਤ ਉਤਸਾਹ ਅਧਿਕ ਬਿਰਧਾਵਾ। ਕਿਮ ਅਨੰਦਪੁਰਿ ਚਹੈਂ ਛੁਟਾਵਾ ॥ ੧੧ ॥ ਪਾਤਿਸ਼ਾਹ ਕੀ ਲਾਖਹੁੰ ਅਨੀ। ਜਿਤ ਕਿਤ ਤੇ ਮਿਲਿ ਆਵਹਿ ਘਨੀ। ਭੀਮ ਬਿਸਾਲਾ ਤੋਪ ਸੰਬੂਹਾ। ਘੇਰਿ ਚਹੂੰਦਿਸ਼ਿ ਘਾਲਹਿ ਹੂਹਾ[4] ॥ ੧੨ ॥ ਤਿਨ ਕੇ ਸੰਗ ਭਿ ਲਰਤਿ ਨ ਹਾਰੈ। ਅਨਿਕ ਸਿੰਘ ਰਣ ਕਰਿ ਮਰਿ ਮਾਰੈ। ਅੰਨ ਆਦਿ ਜੋ ਹ੍ਵੈ ਨ ਪ੍ਰਵੇਸ਼ਨ।ਦ੍ਰਿਢ ਘੇਰਾ ਘਾਲਹਿਂ ਅਵਿਸ਼ੇਸ਼ਨ[5] ॥੧੩॥ ਕਈ ਮਾਸ ਮਹਿਂ ਕਾਇਲ ਹੋਇ[6]। ਤੌ ਅਨੰਦਪੁਰਿ ਤਯਾਗੈ ਸੋਇ। ਬਿਨਾ ਸ਼ਾਹੁ ਕੀ ਸੈਨ ਘਨੇਰੀ। ਨਹਿਂ ਸਰਿ ਹੋਇ, ਭਲੇ ਮੈਂ ਹੇਰੀ ॥ ੧੪ ॥ ਅਬਿ ਤੌ ਹਟਨਿ ਜੰਗ ਤੇ ਜੋਗ। ਮਰੇ ਬ੍ਰਿੰਦ ਹੀ ਘਾਯਲ ਲੋਗ। ਸ਼ੁਮਤ ਸਪੂਰਨ ਸੈਨ ਬਿਸਾਲਾ। ਲਰਤਨੇ ਬੀਤ ਗਏ ਚਿਰ ਕਾਲਾ ॥ ੧੫॥ ਹੰਡੂਰੀ ਅਰੁ ਚੰਦੂ ਘਮੰਡ। ਘਾਇਲ ਪਰੇ ਬੀਰ ਬਰਬੰਡ[7] । ਕੌਨ ਅੱਗੂਨੀ[8] ਹੁਇ ਅਬਿ ਲਰੈ। ਤਊ ਲਖੋ, ਕਾਰਜ ਨਹਿਂ ਸਰੈ' ॥੧੬॥ ਗੁਲੇਰੀ ਅਰੁ ਮੰਡਸਪਤੀ।ਕਰਿ ਬਿਚਾਰ ਬੋਲੇ ਬਡ ਮਤੀ।'ਨਾਹਕ ਜੋਧਾ ਲਰਿ ਮਰਵਾਏ। ਖਰਚਨੋ ਦਰਬ ਨ੍ਰਿਪਨ ਸਮੁਦਾਏ॥ ੧੭ ॥ ਭਯੋ ਬਸਰਬ ਕੌ ਕਾਜ ਨ ਸਰਨੋ। ਤੈਸੇ ਚੰਦ ਕੇਸਰੀ ਮਰਨੋ।ਹਟਨੋ ਉਚਿਤ ਬਿਚਾਰੀ ਨੀਕੋ।ਇਸ ਮੈਂ ਭਲੋ ਅਹੈ ਸਭਿ ਹੀ ਕੋ ॥ ੧੮ ॥ ਬਿਨਾਂ ਲਰਨ ਤੇ ਅਪਰ ਉਪਾਇ। ਕਰੈਂ ਸਰਬ,ਲੈਂ ਪੁਰੀ ਛੁਟਾਇ'।ਪਾਪੀ ਪੰਮੋ ਤਬਹਿ ਉਚਾਰੀ। 'ਕਰਹੁ ਨ ਚਿੰਤਾ ਰਿਦੈ ਮਝਾਰੀ ॥ ੧੯ ॥ ਏਕ ਜਤਨ ਮੈਂ ਕਰਿਹੌਂ ਐਸੇ। ਛੋਰਿਂ ਅਨੰਦਪੁਰਿ ਸੱਤਿਗੁਰ ਜੈਸੇ। ਅਬਿ ਸਭਿ ਗਮਨਹੁੰ ਨਿਜ ਨਿਜ ਦੇਸ਼। ਕਰਿ ਅਰਾਮ ਕੋ ਤਜਹੁ ਕਲੇਸ਼ ॥ ੨੦ ॥ ਹੋਤਿ ਪ੍ਰਾਤਿ ਕੇ ਕਰੀਅਹੁ ਕੂਚ। ਸਭਿਨਿ

---

[1]ਕ੍ਰੋਧ ਕਰਕੇ ਵਿਰੋਧ ਪਾ ਲਿਆ। [2]ਰੋਕਿਆ ਹੈ। [3]ਦੁਖੀ, ਤੰਗ, [ ਅ:, ਕਾਇਲ=ਮੰਨਣ ਵਾਲਾ। ਪੰਜਾਬੀ, ਮੰਨਣ ਵਾਲਾ, ਹਾਰਿਆ, ਵਜਾਕੁਲ, ਤੰਗ ]। [4]ਹੱਲਾ। [5]ਵਿਸ਼ੇਸ਼ ਕਰਕੇ। [6]ਤੰਗ ਹੋ ਜਾਵੇਗਾ। [7]ਬਲਵਾਨ। [8]ਅੱਗੇ ਹੋਕੇ। ਆਗੂ ਹੋਕੇ [ਸੰਸ:,ਅਗ੍ਰਣੀ=ਪਹਿਲਾ, ਮੁਖੀ]।

Sri Satguru Jagjit Singh Ji eLlibrary NamdhariElibrary@gmail.com

ਸੰਭਾਲਹੁ ਜਾਇ ਪਹੂਚਿ'। ਇਮ ਹੀ ਮਤਿ[1] ਧਮੰਡ ਚੰਦ ਮਾਨਾ। ਚਢਿ ਝੰਪਾਨ[2] ਸੁ ਤਬਹਿ ਪਯਾਨਾ॥੨੧॥ ਘਾਇਲ ਅਪਰ ਸਕਲ ਨਿਸ ਮਾਂਹੀ। ਆਦਿ ਹੰਡੂਰੀ ਟਿਕਹਿਂ ਸੁ ਨਾਂਹੀ॥ਲੇ ਲੇ ਨਿਜ ਸਮਾਜ ਕੋ ਚਲੇ।ਧਰੀ ਮੌਨ ਮੁਖ ਤੇ, ਨਹਿਂ ਮਿਲੇ ॥ ੨੨ ॥ ਜਾਮਨਿ ਮਹਿਂ ਗਮਨੇ ਦੁਖ ਲਹੇ। ਬਿਖਮ ਪੰਥ ਗਿਰ ਗਨ ਕੇ ਅਹੇ। ਸਾਵਧਾਨ ਜੋ ਹੁਤੀ ਪਦਾਂਤੀ। ਅਰੁ ਅਸਵਾਰ ਜਿ ਹੁਏ ਨ ਹਾਤੀ[3] ॥ ੨੩ ॥ ਸੋ ਸਭਿ ਭੀਮਚੰਦ ਨੇ ਰਾਖੇ। 'ਚਲੌਂ ਪ੍ਰਾਤਿ ਮੈ' ਇਮ ਅਭਿਲਾਖੇ। ਖਾਨ ਪਾਨ ਕਰਿ ਕੇਤਿਕ ਸੋਏ। ਕੇ ਥਿਰ ਰਹੇ ਸੁਚੇਤੀ ਹੋਏ॥ ੨੪ ॥ ਤਿਮ ਹੀ ਸਿੰਘ ਲੋਹਗੜ੍ਹ ਮਾਂਹੀ। ਕੇਤਿਕ ਸੁਪਤੇ ਕੇਤਿਕ ਨਾਂਹੀ॥ਜ੍ਵਾਲਾਬਮਨੀ ਰਹੇ ਚਲਾਵਤਿ। ਦੂਰ ਦੂਰ ਲੌ ਸ਼ੱਤ੍ਰ ਤਕਾ-ਵਤਿ॥੨੫॥ ਜਬਿਹੂੰ ਦੋਇ ਘਰੀ ਨਿਸ ਰਹੀ। ਕੂਚ ਕਰਨ ਕੀ ਚਿਤਮਹਿ ਚਹੀ। ਜ਼ੀਨ ਤੁਰੰਗਮ ਪਰ ਤਬਿ ਡਾਲੇ। ਜੇ ਕੁੰਚਰ ਤਿਨ ਹੌਦਾ ਘਾਲੇ ॥੨੬॥ਤੂਸ਼ਨ ਹੀ ਸਭਿ ਕੀਨਸਿ ਤਯਾਰੀ॥ਤੰਬੂ ਸਹਤਿ ਕਨਾਤ ਉਖਾਰੀ। ਲਾਦ ਦਿਯੇ,ਸੋ ਪ੍ਰਥਮ ਪਯਾਨੇ। ਆਪ ਤਯਾਰ ਹੁਇ ਥਿਰੇ ਸਥਾਨੇ॥੨੭॥ ਤੂਸਤਿ ਤੁਰੰਗੈਂ ਸਭਿ ਕਸਵਾਈ। ਖਰੇ ਰਹਯੋ ਅਰਣੋਦੈ ਤਾਂਈ। ਸਗਰੀ ਵਸਤੁ ਸੰਭਾਲਿ ਚਲਾਈ। ਆਪ ਚਢਯੋ ਧੌਂਸਾ ਵਜਵਾਈ ॥੨੮॥ਤਬਿ ਸੁਧਿ ਭਈ ਲੋਹਗੜ੍ਹ ਆਇ। 'ਚਲੇ ਪਹਾੜੀ ਲਾਜ ਗਵਾਇ'। ਤਤਛਿਨ ਜ਼ੀਨ ਹਯਨਿ ਪਰ ਡਾਲੇ। ਭਏ ਅਰੂਢਨਿ ਤੁਪਕ ਸੰਭਾਲੇ॥ ੨੯ ॥ ਉਦੇ ਸਿੰਘ ਤੇ ਆਦਿਕ ਜੋਧਾ। ਸਾਹਿਬ ਸਿੰਘ ਹਿੰਮਤ ਸਿੰਘ ਕ੍ਰੋਧਾ। ਮੁਹਕਮ ਸਿੰਘ ਧਵਾਯੋ ਘੋਰਾ। ਆਲਮ ਸਿੰਘ ਚਲਯੋ ਰਿਪੁ ਓਰਾ॥ ੩੦॥ ਪ੍ਰਥਮ ਸੈਂਕਰੇ ਹੀ ਮਿਲਿ ਗਏ। ਜ੍ਵਾਲਾਬਮਨੀ ਦਾਗਤਿ ਭਏ। ਬਹੁਰ ਹਜ਼ਾਰਹੁੰ ਹ੍ਵੈ ਗੇ ਸਿੰਘ। ਜਨੁ ਗਜ ਦਲ ਪਰ ਦੌਰੇ ਸਿੰਘ[4] ॥ ੩੧॥ ਮਿਲਤਨੈਂ ਐਸੀ ਮਾਰਿ ਮਚਾਈ। ਚਲਨਿ ਦੁਹੇਲਾ ਭਯੋ ਤਿਥਾਂਈ। ਭੀਮਚੰਦ ਪਰ ਘਾਲੀ ਭੀਰ[5]। ਛੂਟੀ ਗੁਲਕਾਂ ਤੋਮਰ ਤੀਰ॥੩੨॥ਫਾਹ ਲੀਏ ਕੇਤਿਕ ਤਬਿ ਘੇਰੇ। ਤਜਹਿਂ ਤਿਸਹਿ ਜੋ ਦ੍ਵੈ ਕਰ ਜੋਰੇ। ਨਾਂਹਿ ਤ ਖੜਗ ਪ੍ਰਹਾਰਨਿ ਲਾਗੇ। ਮਚਯੋ ਜੱਧ ਭੇ ਆਰੁਨ ਬਾਗੇ[6] ॥੩੩॥ ਸ੍ਰੀ ਕਲਗ਼ੀਧਰ ਸੁਨਿ ਸੁਧਿ ਸਾਰੀ। 'ਹਤੈਂ ਸਿੰਘ ਭਜ ਚਲੇ ਪਹਾਰੀ'।ਤਬਿ ਸਤਿਗੁਰ ਨਿਜ ਪਤੇ ਪਠਾਏ। 'ਭਾਜੇ ਪੀਠ

[1]ਸਲਾਹ। [2]ਪਾਲਕੀ ਉਤੇ। [3]ਜੋ ਮਰੇ ਨਹੀਂ ਸੇ। [4]ਸ਼ੇਰ ਵਾਂਗ। [5]ਭੀੜਾ ਪਾ ਦਿਤੀ। [6]ਕਪੜੇ ਲਾਲ ਹੋ ਗਏ।

Sri Satguru Jagjit Singh Ji eLlibrary NamdhariElibrary@gmail.com

ਨ ਪਰੀਅਹਿ ਧਾਏ" ॥ ੩੪ ॥ ਆਛੇ ਆਛੇ ਸਿੱਖ ਪਠਾਏ। ਜਾਇ ਤਿਨਹੁ ਸਗਰੇ ਸਮੁਝਾਏ। 'ਕਰੋਂ ਨਾਹਕ ਘਾਲਹੁ ਘਮਸਾਨਾ। ਹਟਹੁ ਪ੍ਰਭੂ ਅਸ ਹੁਕਮ ਬਖਾਨਾ ॥੩੫॥ ਨਾਂਹਿ ਤ ਭੀਮਚੰਦ ਕੇ ਘਰ ਲੌ। ਲੂਟਨਿ ਮਾਰਨਿ ਬਨਹਿ ਸੁ ਦਰ ਲੌ[2]। ਅਬਿ ਆਗੇ ਜਾਨੋਂ ਨਹਿਂ ਬਨੈ। ਭਾਗੇ ਕੋ ਨਾਹਿਨ ਰਿਪੁ ਹਨੈ[3]' ॥ ੩੬ ॥ ਵਾਹਿਗੁਰੂ ਜੀ ਕੀ ਕਹਿ ਫਤੇ। ਗਰਜੇ ਧੁਨਿ ਊਚੀ ਤੇ ਅਤੇ।ਕਿਤਿਕ ਤੁਰੰਗ ਲੂਟ ਕਰਿ ਲ੍ਯਾਇ। ਆਯੁਧ ਛੀਨੇ ਸ਼ੱਤ੍ਰ ਪਲਾਏ ॥੩੭॥ ਹਟਿ ਆਏ ਬਡ ਬਜਤਿ ਨਗਾਰੇ। ਪੁਨ ਸੁਖੇਨ ਹੀ ਸ਼ੱਤ੍ਰ ਸਿਧਾਰੇ। ਜਹਿਂ ਕਹਿਂ ਪੁਰਿ ਗ੍ਰਾਮਨ ਮਹਿਂ ਰੌਰਾ। ਪੀਟਨ ਰੁਦਨ ਹੋਤਿ ਸਭਿ ਠੌਰਾ ॥ ੩੮ ॥ ਭੀਮ ਚੰਦ ਸੁਨਿ ਸੁਨਿ ਪਛੁਤਾਵਤਿ। ਚਿਤਵਤਿ ਚਿੰਤਾ ਬਹੁ ਦੁਖ ਪਾਵਤਿ। ਪਹੁੰਚਯੋ ਤਬਿ ਅਪਨੀ ਰਜਧਾਨੀ। ਹੌਰਾ ਭਯੋ ਬਹੁਤ ਅਭਿਮਾਨੀ॥੩੯॥ਇਤ ਗੁਰ ਨਿਕਟ ਖਾਲਸਾ ਆਯੋ।ਫਤੇ ਪਾਇ ਕਰਿ ਬਹੁ ਹਰਖਾਯੋ। ਸ਼ਸਤ੍ਰਨਿ ਸਹਿਤ ਸੁ ਦਰਸ਼ਨ ਦੇਖਾ।ਕ੍ਰਿਪਾ ਦ੍ਰਿਸ਼ਟਿ ਗੁਰ ਕਰੀ ਵਿਸ਼ੇਖਾ ॥੪੦॥ ਪਦ ਅਰਬਿੰਦਨ ਪਰ ਸਿਰ ਧਰਿ ਧਰਿ। ਥਿਰ੍ਯੋ ਖਾਲਸਾ ਬੰਦਨ ਕਰਿ ਕਰਿ।ਸਭਿ ਦਿਸ਼ਿ ਦੇਖਤਿ ਪ੍ਰਭੂ ਉਚਾਰਾ।'ਜਬਿ ਜਾਨਹਿ ਰਿਪੁ ਕੋ ਭੁਜ ਹਾਰਾ॥੪੧॥ਤਬਿ ਤਿਨ ਗੈਲ ਨ ਪਰੈ ਕਦਾਈ।ਇਹੀ ਨੀਤਿ ਸ਼ੁਭ ਨਰਨ ਬਤਾਈ।ਸ਼ਸਤ੍ਰ ਗਹੇ ਰਿਪੁ ਸਨਮੁਖ ਹੋਇ। ਤਿਸ ਕੋ ਪ੍ਰਿਸ਼ਟੀ ਦੇਯ ਨ ਕੋਇ[3]॥੪੨॥ਧਰਮ ਜੁੱਧ ਕੋ ਨਿਤ ਅਨੁਰਾਗੋ।ਭਲੇ ਨਰਨਿ ਕੇ ਮਗ ਕੋ ਲਾਗੋ।ਸਿੱਖੀ ਧਰਹੁ ਸਿਦਕ ਨਹਿਂ ਹਾਰਹੁ।ਸੱਤਿਨਾਮ ਜਪ ਜਨਮ ਸੁਧਾਰਹੁ ॥੪੩॥ਕਰਿਹੈ ਰਾਜ ਖਾਲਸਾ ਮੇਰਾ। ਸਭਿਹਿਨ ਪਰ ਹ੍ਵੈ ਬਲੀ ਬਡੇਰਾ। ਸ੍ਰੀ ਅਸਿਕੇਤ ਕਾਲਕਾ ਮਾਈ।ਹੁਇ ਹੈ ਤੁਮਰੇ ਸਦਾ ਸਹਾਈ' ॥ ੪੪ ॥ ਇਮ ਕਹਿ ਕਰਿ ਸ਼ੁਭ ਬਚਨ ਬਿਲਾਸਾ। ਫਤੇ ਲਈ ਕਰਿ ਸ਼ੱਤ੍ਰ ਬਿਨਾਸ਼ਾ। ਘਾਇਲ ਸਭਿ ਹੋਏ ਸਵਧਾਨਾ।ਸਾਲਪੱਤ੍ਰ ਦੇ ਸੁਖ ਕੋ ਠਾਨਾ ॥ ੪੫ ॥ ਜੁੱਧ ਖਾਲਸੇ ਕੋ ਇਹ ਪਢੈ। ਕਿਧੌਂ ਸੁਨਾਇ ਸੁਨੇ ਸੁਖ ਬਢੈ। ਗੁਰ ਕੋ ਸਿਦਕ ਰਿਦੇ ਮਹਿ ਪਾਵੈ। ਜਨਮ ਮਰਨ ਕੀ ਕੁਮਤਿ ਮਿਟਾਵੈ॥੪੬॥ਪਾਧੜੀ ਛੰਦ ॥ ਸਤਿਗੁਰ ਬਿਸਾਲ ਗੋਬਿੰਦ ਸਿੰਘ। ਤਿਨ ਸੁਜਸੁ ਪਢਹਿ ਕੈ ਸੁਨਹਿ ਸਿੰਘ। ਬਿਨਤੀ ਭਨੰਤਿ ਸੰਤੋਖਸਿੰਘ।ਮ੍ਰਿਗ ਪਾਪ ਹਨਨ ਕੋ ਮਨਹੁ ਸਿੰਘ[4]॥੪੭॥

[1]ਭੱਜਦੇ ਦੇ ਮਗਰ ਦੌੜਕੇ ਨਾ ਪਓ। [2]ਦਰਵਾਜ਼ੇ ਤਕ। [3]ਕੋਈ ਪਿੱਠ ਨਾ ਦੇਵੇ। [4]ਮਾਨੋਂ ਸਿੰਘ ਹੈ (ਗੁਰੂ ਕੇ ਜਸ ਦਾ ਪੜ੍ਹਨਾ) ਪਾਪਾਂ ਰੂਪੀ ਮਿਰਗਾਂ ਦੇ ਮਾਰਨ ਨੂੰ।

Sri Satguru Jagjit Singh Ji eLlibrary NamdhariElibrary@gmail.com

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਖਾਲਸਾ ਜੀਤ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

## ੩੧. [ਭਾਈ ਆਸਾ ਸਿੰਘ]।

ਦੋਹਰਾ ॥ ਜਹਿਂ ਕਹਿਂ ਦਿਸ਼ਿ ਪਸਰਯੋ ਸੁਜਸੁ ਸਿੰਧ ਮੇਖਲਾ ਭੂਮ[੧]। ਭਯੋ ਪੰਥ ਸੁਭ ਖਾਲਸਾ ਘਾਲੀ ਸੈਲਨਿ ਧੂਮ ॥੧॥ ਲਲਿਤਪਦਛੰਦ॥ ਮਿਲਿ ਕਰਿ ਰਾਜੇ ਬਾਈਧਾਰਨ ਪੂਜਾ ਸਹਿਤ ਸਭਿ ਜੋਧਾ। ਤੀਨ ਲਾਖ ਗਿਨਤੀ ਮਹਿਂ ਇਕਬਲ ਸਤਿਗੁਰ ਪਰ ਕਰਿ ਕ੍ਰੋਧਾ ॥ ੨ ॥ ਕਰੀ ਢੂਕ ਅਰੁ ਕਰੀ ਢੋਇ ਕਰਿ ਹੇਲਾ ਮਿਲਿ ਮਿਲਿ ਘਾਲਾ[੨]। ਅਲਪ ਖਾਲਸਾ ਆਨੰਦਪੁਰਿ ਮਹਿ ਝਾਲ ਝਾਲ ਦਰ* ਠਾਲਾ[੩] ॥ ੩ ॥ ਮਰਦ ਗਰਦ ਮਹਿਂ ਮਿਲੇ ਜ਼ਰਦ ਮੁਖ ਹਰਦ ਰੰਗ ਹ੍ਵੈ ਭਾਗੇ[੪]। ਦੁਰਦ ਦਰੇ ਤਨ[੫] ਘਾਵ ਦਰਦ ਭਾ ਥਿਰੇ ਨ ਸਿੰਘਨ ਆਗੇ ॥ ੪ ॥ ਜਿਤ ਕਿਤ ਕਹਤਿ 'ਮੰਦ ਗਿਰਪਤਿ ਅਤਿ ਮਤ ਹਤਿ ਚਿਤ ਕੀ ਹੋਈ। ਸਤਿਗੁਰ ਸੰਗ ਜੰਗ ਕਰਿ ਮੂਰਖ ਕਨੈਂ ਨ ਬਿਸੁਰਹਿ ਸੋਈ ॥੫॥ ਇਕ ਤੌ ਸ੍ਰੀ ਨਾਨਕ ਕੀ ਗਾਦੀ ਖੰਡ ਦੀਪ ਜਿਨ ਜੀਤੇ। ਕਰਾਮਾਤ ਸਾਹਿਬ ਜਗ ਬਿਦਤੇ ਪੀਰ ਮੀਰ ਧਰਿ ਭੀਤੇ[੬] ॥ ੬ ॥ ਦੁਤੀਏ ਬਿਦਤ ਕਾਲਕਾ ਦਰਸ਼ਨ ਪੰਥਰਚਨ ਬਰਪਾਯੋ। ਹਿੰਦੁਧਰਮ ਜਗਰਾਖਨਕਾਰਨਿ ਪ੍ਰਭੁ ਅਵਤਾਰ ਸੁਹਾਯੋ ॥੭॥ ਕਰਹਿਂ ਬਾਕ[੭] ਜਗ ਰਚਨ ਸੰਘਾਰਨਿ ਇਮ ਸਮਰਥ ਜਿਨ ਕੇਰੀ ॥ ਬਰਤਹਿਂ ਤਊ ਮਾਨਵੀ ਲੀਲ੍ਹਾ ਮੂਰਖ ਲਖਹਿ ਕੁਵੇਰੀ ॥ ੮ ॥ ਤੁਰਕਨ ਸੰਗ ਬਿਰੋਧ ਜਿਨਹੁ ਕਹੁ ਨਹਿ ਸਮਝੈਂ ਮਤਿ ਮੰਦੇ। ਸ਼ਰਨ ਗਹਤਿ ਸੁਖ ਲਹਤਿ ਚਹਤਿ ਚਿਤ ਦੇਂ ਦ੍ਵੈਲੋਕ ਅਨੰਦੇ[੮] ॥੯॥ ਕਹਾਂ ਕਰਹਿਂ ਜੋ ਭਾਲ ਭਾਗ ਨਹਿ ਜੁਗ ਲੋਕਨ ਦੁਖ ਪਾਵੈਂ। ਇਹਾਂ ਰਾਜ ਮਹਿਂ ਦੁੰਦ ਪਰਹਿ ਨਿਤ ਮਰਿ ਕਰਿ ਨਰਕ ਸਿਧਾਵੈਂ ॥੧੦॥ ਧੰਨ ਗੁਰੂ ਚਹੁਂ ਬਰਨ ਰੰਕ ਜੇ ਦੇ ਅੰਮ੍ਰਿਤ ਕਿਯ ਜੋਧੇ। ਜਗਤ ਬਿਖੇ ਜਸੁ ਜੁਤਿ ਸੁਖ ਭੋਗੈਂ ਹਿਤ ਪ੍ਰਲੋਕ ਉਰ ਬੋਧੇ[੯] ॥੧੧॥ ਭੀਮਚੰਦ ਦੁਖ ਪਾਇ ਬਡੇਰਾ ਨਿਜ ਪਰਧਾਨ ਪਠਾਏ। ਹਯ ਗਜ ਬਹੁਤ ਮੋਲ ਕੇ ਲੈ ਕਰਿ ਤੁਰਕਨ ਹਿਤ

[੧]ਭਾਵ ਸਾਰੀ ਧਰਤੀ ਉਤੇ। [੨]ਢੁੱਕਣਾ ਕੀਤਾ ਤੇ ਹਾਥੀ ਢੋਏ ਤੇ ਮਿਲ ਮਿਲਕੇ ਹੱਲਾ ਕੀਤਾ। [੩]ਠੱਲਿਆ (ਹਾਥੀ ਨੂੰ) ਦਰਵਾਜ਼ੇ ਤੇ।(ਅ) (ਪਹਾੜੀਆਂ ਦੀ ਝਾਲ) ਝੱਲਕੇ ਦਲ ਨੂੰ ਠੱਲਿਆ। [੪]ਪੀਲੇ ਮੁਖ ਹਰਦੀ ਵਰਗੇ ਰੰਗ ਹੋਕੇ ਭੱਜ ਗਏ। [੫]ਹਾਥੀ ਨੇ ਦਰੜ ਦਿੱਤੇ ਸਰੀਰ। [੬]ਡਰਦੇ ਹਨ। [੭]ਜੋ ਬਾਕ ਕਰਨ ਤਾਂ। [੮]ਜੇ ਚਿਤ ਵਿਚ ਸੁਖ ਲੈਣ ਦੀ ਚਾਹੁਨਾ (ਉਨ੍ਹਾਂ ਨੂੰ) ਹੁੰਦੀ ਤਾਂ ਸ਼ਰਨ ਪਕੜਦੇ (ਫਿਰ ਗੁਰੂ ਜੀ ਉਨ੍ਹਾਂ ਨੂੰ) ਦੋ ਲੋਕਾਂ ਦਾ ਸੁਖ ਦੇ ਦੇਂਦੇ। [੯]ਹਿਰਦੇ ਗਜਾਨਵਾਨ ਕਰ ਦਿੱਤੇ ਹਨ।

*ਪਾ:-ਦਲ।

ਸਮੁਦਾਏ ॥੧੨॥ ਕੰਚਨ ਰਜਤ ਘਰੇ ਜਿਨ ਹੌਦਾ ਤਿਮ ਹੀ ਜ਼ੀਨ ਬਨਾਏ। ਵਸਤੁ ਅਨੂਠੀ ਅਪਰ ਸਕੇਲੀ ਧਨ ਗਨ ਸੰਗ ਪਠਾਏ ॥ ੧੩ ॥ ਸੀਰਿੰਦ[1] ਕੋ ਸੂਬਾ ਬਲ ਭਾਰੀ ਖਾਂ ਵਜ਼ੀਰ ਜਿਸ ਨਾਮੂ । ਤਿਸ ਢਿਗ ਰਿਸ਼ਵੰਤ[2] ਪਠੀ ਬਿਨੈ ਕਰਿ 'ਹਮ ਕੌ ਲਖਹੁ ਗ਼ੁਲਾਮੂ ॥ ੧੪ ॥ ਗੁਰ ਗੋਬਿੰਦ ਸਿੰਘ ਬਲੀ ਭਯੋ ਬਹੁ ਦਿਨਪ੍ਰਤਿ ਸਿੰਘ ਵਧਾਏ। ਤੂੰ ਨਜੀਕ ਸੋ ਲਰੈ ਏਕ ਦਿਨ ਜਬਿ ਹਮ ਲੇਹਿ ਹਰਾਏ[3] ॥ ੧੫ ॥ ਅਬਿ ਤੌ ਸੁਗਮ ਜਤਨ ਇਹ ਜਾਨਹੁ ਹਮ ਸੰਗ ਹੋਇ ਲਰੀਜੈ । ਚਹੁੰਦਿਸ਼ਿ ਤੇ ਰੋਕਹਿੰ ਬਲ ਦੇ ਕਰਿ ਆਨੰਦ-ਪੁਰਿ ਛੁਟਵੀਜੈ ॥੧੬॥ ਆਗੈ ਸ਼ਾਹੁ ਚਮੂੰ ਕੁਛ ਆਈ ਦ੍ਵੈ ਉਮਰਾਵ ਪਠਾਏ। ਪੈਂਡਖਾਨ ਕੋ ਘਾਤਿ ਕੀਨਿ ਰਨ, ਦੀਨਾਬੇਗ ਪਲਾਏ ॥ ੧੭ ॥ ਉ਼ ਕਰਹੁ ਹਮਹੁ ਲਖਿ ਅਪਨੇ ਅਬਿ ਜੇ ਬਨਹੁ ਸਹਾਈ।ਦਲ ਗਨ ਕੋ ਸਕੇਲ ਚਲਿ ਆਵਹੁ ਕਰਹਿ ਕਾਜ ਸਹਿਸਾਈ ॥ ੧੮ ॥ ਇਕ ਤੌ ਹਮ ਪਰ ਹੁਇ ਉਪਕਾਰਾ ਦੁਤੀਏ ਸ਼ੱਤ੍ਰ ਤੁਮਾਰਾ । ਕਨੌਂ ਨਿਚਿੰਤ ਤੁਮ, ਜਾਨਹੁ ਨਾਹਿਨ ਬਿਗਰਹਿ ਕਾਰਜ ਭਾਰੋ' ॥ ੧੯ ॥ ਇੱਤਨਾਦਿਕ ਕਹਿ ਪਠਨੋ ਸਿਰੰਦ ਕੋ ਦਿੱਲੀ ਤਥਾ ਪਠਾਏ। ਬਡ ਪਰਧਾਨ ਪਠਨੋ ਦਿਸ਼ਿ ਦੱਛਨ ਅਵਰੰਗਾ ਜਿਸ ਥਾਂਏ ॥ ੨੦ ॥ ਦੀਨ ਹੋਇ ਬਹੁ ਬਿਨਤੀ ਭਨਿ ਭਨਿ ਲਿਖਿ ਲਿਖਿ ਆਪ ਗ਼ੁਲਾਮੂ[4]।ਗੁਰ ਤੇ ਬੇਮੁਖ[5]ਭਈ ਦਸ਼ਾ ਅਸ ਬਿਗਰੇ ਜਿਤ ਕਿਤ ਕਾਮੂ॥੨੧॥ ਦੀਨ ਬਨੇ ਤੁਰਕਨ ਕੇ ਚੇਰਾ ਦੇਤਿ ਸੁਤਾ ਕੇ ਡੋਰੇ। ਧਰਮ ਖੋਇ ਅਪਜਸੁ ਕੋ ਪ੍ਰਾਪਤਿ ਮਰਹਿੰ ਨਰਕ ਪਰਿ ਘੋਰੇ ॥ ੨੨ ॥ ਜਹਿ ਕਹਿੰ ਗਏ ਵਕੀਲ ਸੁਨਾਵਤਿ ਜਨੁ ਲੂਟੇ ਕਿਨ ਮਾਰੇ। ਕਰੀ ਪੁਕਾਰ ਸਭਿਨਿ ਕੇ ਆਗੇ 'ਹਮ ਕੌ ਗੁਰੂ ਪ੍ਰਹਾਰੇ' ॥੨੩॥ ਬਡੀ ਮਜਲ ਕੋ ਕਰਤਿ ਗਏ ਤਬਿ ਸ਼ਾਹ ਸਮੀਪ ਪੁਕਾਰੇ । 'ਘਾਲੀ ਧੂਮ ਗੁਬਿੰਦ ਸਿੰਘ ਸੈਲਨਿ ਵਸਦੇ ਰਾਜ ਉਜਾਰੇ'॥੨੪॥ ਦਿੱਲੀ ਕੇ ਸੂਬੇ ਲਿਖਿ ਭੇਜਾ 'ਇਤ ਗੁਰ ਕਰਤਿ ਲਰਾਈ' । ਅਰ ਵਜ਼ੀਰ ਖਾਂ ਨਿਜ ਨਰ ਪਠਿ ਕਰਿ ਸ਼ਾਹੁ ਸਮੀਪ ਸੁਨਾਈ ॥ ੨੫ ॥ ਬਹੁਤ ਲਿਖੇ ਅਵਿਰੰਗ ਸੁਨੇ ਜਬਿ, ਰਿਸ ਕਰਿ ਹੁਕਮ ਬਖਾਨਾ । 'ਸੀਰਿੰਦ ਤੇ[6] ਗਨ ਸੈਨਾ ਲੇ ਕਰਿ ਉਤ ਕੋ ਕਰਹਿ ਪਯਾਨਾ ॥ ੨੬ ॥ ਆਨੰਦਪੁਰਿ ਛੁਟਵਾਇ ਗੁਰੂ ਤੇ ਭੀਮਚੰਦ ਕੋ ਦੀਜੈ। ਆਗੇ ਬਹੁਰ ਜੰਗ ਨਹਿ ਕਰਿ ਹੈ ਬਲ ਤੇ

[1]ਸਰਹਿੰਦ। [2]ਵੱਢੀ। [3]ਸਾਨੂੰ ਹਰਾਕੇ (ਫਿਰ) ਇਕ ਦਿਨ ਤੇਰੇ ਨਾਲ ਲੜੇਗਾ। [4]ਆਪਣੇ ਆਪ ਨੂੰ ਗੁਲਾਮ ਲਿਖ ਲਿਖਕੇ। [5]ਬੇਮੁਖ ਹੋਣ ਤੇ। [6]ਸਿਰਹੰਦ ਤੋਂ।

ਬਰਜਨਿ ਕੀਜੈ' ॥੨੭॥ ਉਤ ਤੇ ਭਏ ਬ੍ਰਿਤੰਤ ਇਸੀ ਬਿਧਿ ਕਥਾ ਸੁਨਹੁ ਗੁਰ ਕੇਰੀ। ਸੁਜਸੁ ਕਵਿੱਤ ਕਰਤਿ ਬਹੁ ਕਵਿ ਗਨ ਬਖਸ਼ਤਿ ਮੌਜ ਬਡੇਰੀ ॥੨੮॥ ਕੌਤਕ ਹੋਤਿ ਅਨੰਦਪੁਰਿ ਸੁੰਦਰ ਸੁਨਿ ਸੁਨਿ ਸੰਗਤਿ ਆਵੈ। ਦਰਬ ਹਜ਼ਾਰਹੁੰ ਅਰਪਹਿਂ ਸ਼ਸਤ੍ਰਨਿ ਮਨੋਕਾਮਨਾ ਪਾਵੈਂ ॥੨੯॥ ਲਰਤਿ ਜੁ ਬਿਗਰਨੋ ਸਰਬ ਸੁਧਾਰਨੋ ਬਾਗ ਤੜਾਗ ਨਵੀਨੇ। ਚਾਮੀਕਰ ਕੇ ਸੁੰਦਰ ਮੰਦਿਰ ਅੰਤਰ ਬਾਹਰ ਕੀਨੇ ॥੩੦॥ ਬਸਹਿਂ ਗ਼ਰੀਬ ਨਿਵਾਜ ਤਿਨਹੁੰ ਮਹਿ ਨਿਸ ਦਿਨ ਆਨੰਦ ਪਾਵੈਂ। ਕੰਚਨ ਥੰਭ ਚਿੱਤ੍ਰ ਜਿਹ ਨਾਨਾ ਤਨੇ ਬਿਤਾਨ ਸੁਹਾਵੈਂ ॥੩੧॥ ਬਗਰ[1] ਬਜਾਰਨਿ ਦੀਰਘ ਸ਼ੋਭਾ ਮੋਰ ਸ਼ੋਰ ਸਮੁਦਾਯਾ। ਪਾਵਸ[2] ਆਨ ਪ੍ਰਵਿਰਤੀ ਨਭ ਛਿਤ ਘਨ ਕੀ ਘਟ ਘੁਮੰਡਾਯਾ ॥੩੨॥ ਰਾਇਬੇਲ ਚੰਬੇਲੀ ਚੰਪਾ ਚੰਚਰੀਕ[3] ਰੁਚਿ ਚਾਰੂ। ਗੁਨੀ ਪੁਰਖ ਸੁਨਿ ਸੁਨਿ ਜਸੁ ਗੁਰ ਕੇ ਆਇ ਰਹੇ ਗੁਰਦ੍ਵਾਰੂ ॥੩੩॥ ਹੁਕਮ ਕਰਯੋ 'ਆਯੁਧ ਗਨ ਹੋਵੈਂ ਦੇ ਧਨ ਗਨ ਘਰਵਾਓ। ਤੋਪ ਤੁਪਕ ਜੰਬੂਰ ਰਹਿਕਲੇ ਬਹੁ ਜੰਜੈਲ ਬਨਾਓ ॥੩੪॥ ਬੁਗਦੇ[4], ਖੰਜਰ, ਸੈਫ ਦੁਧਾਰੇ, ਤੋਮਰ, ਚੱਕ੍ਰ, ਖਤੰਗਾ। ਚਾਂਪ, ਤਮਾਚੇ, ਸਾਂਗ, ਸੁ ਬਰਛੀ, ਕਰਾਚੋਲ ਖਰ ਅੰਗਾ' ॥੩੫॥ ਲਗੇ ਅਨਿਕ ਕਾਰੀਗਰ ਘਰਨੇ ਪ੍ਰਥਮ ਤੋਪ ਇਕ ਢਾਰੀ[5]*। ਜਨੁ ਜਮ ਕੋ ਮੁਖ, ਮ੍ਰਿਤੁ ਸ਼ੱਤ੍ਰੂ ਕੀ[6] ਛੋਡੇ ਗਰਜਨ ਭਾਰੀ ॥੩੬॥ ਪ੍ਰਭੁ ਹਿਤ ਬਾਨ ਬਿਲੰਦ ਬਨੇ ਬਹੁ ਬੈਰ ਬੀਰਨ ਕੇ ਘਾਤੀ। ਏਕ ਮੁਹਰ ਕੋ ਹੇਮ ਲਗਹਿ ਤਿਸ ਮੁਖੀ ਪੁਲਾਦਿ ਸੰਗਾਤੀ ॥੩੭॥ ਇੱਤਯਾਦਿਕ ਆਯੁਧ ਨਿਤ ਬਨਤੇ ਪਰਖਤਿ ਗੁਰੂ ਰਖਾਵੈਂ। ਕੇਤਿਕ ਬਖਸ਼ਤਿ ਹੈਂ ਕਰਿ ਸਿੱਖਨ ਸਦਾ ਜੰਗ ਮਨ ਭਾਵੈ ॥੩੮॥ ਕਥਾ ਸੁਨਹੁੰ ਇਕ ਹੁਤੋ ਮੁਸੱਦੀ[7] ਆਸਾ ਸਿੰਘ ਸੁ ਨਾਮੂ। ਗੁਰ ਘਰ ਕੀ ਬਹੁ ਕਾਰ ਚਲਾਵੈ ਟੌਂਬੂ ਲਿਖਹਿ ਤਮਾਮੂ ॥੩੯॥ ਤਿਸ ਢਿਗ ਰੰਕ ਸਿੱਖ ਇਕ ਜਾਚਤਿ 'ਕੰਨਯਾ ਬਯਾਹਨਿ ਜੋਗਾ। ਦਰਬ ਪੰਚ ਸੈ ਤੇ ਹੁਇ ਕਾਰਜ ਮੁਝ ਚਿਤ ਚਿੰਤਾ ਰੋਗਾ ॥੪੦॥ ਤੁਝ ਤੇ ਹੁਇ ਉਪਕਾਰ

[1]ਚੋਹੜੇ। [2]ਬਰਖਾ ਰੁਤ। [3]ਭੌਰੇ। [4]ਇਕ ਪ੍ਰਕਾਰ ਦਾ ਛੁਰਾ, ਕਟਾਰ [ਅ:, ਬੁਗਦਾ] ਪੰਜਾਬੀ ਵਿਚ ਬੁਗਦਾ ਬੁਗਦਰ ਇਕ ਪ੍ਰਕਾਰ ਦੇ ਵਡੇ ਭਾਰੇ ਮੋਟੇ ਗੁਰਜ ਨੂੰ ਬੀ ਕਹਿੰਦੇ ਹਨ ਜੋ ਮੁੰਗਲੀਆਂ ਫੇਰਨ ਵਾਲੇ ਕਸਰਤ ਕਰਨ ਵਿਚ ਵਰਤਦੇ ਹਨ। [5]ਢਾਲੀ। [6]ਸ਼ਤ੍ਰੂਆਂ ਦੀ ਮੌਤ ਕਰਨ ਵਾਲੀ। [7]ਮੁਣਸ਼ੀ। *ਆਖਰੀ ਜੰਗ ਵਿਚ ਸਭ ਤੋਪਾਂ ਦੇ ਸਾਮਾਨ ਸਿਰਹੰਦੀ ਸੂਬਾ ਲੁੱਟਕੇ ਲੈ ਗਿਆ ਸੀ, ਪਰ ਦੋ ਛੋਟੀਆਂ ਤੋਪਾਂ ਆਨੰਦਪੁਰੋਂ ਨਿਕਲੀਆਂ ਅਜ ਕਲ ਅਜਾਇਬ ਘਰ ਲਾਹੌਰ ਵਿਚ ਪਈਆਂ ਹਨ।

Sri Satguru Jagjit Singh Ji eLlibrary  NamdhariElibrary@gmail.com

ਕਰਹੁ ਇਹੁ' ਸੁਨਿ ਸੁਨਿ ਅਰੁ ਲਿਖਿ ਦੀਨਾ। ਆਸਾ ਸਿੰਘ ਦਯਾ ਉਰ ਕਰਿਕੈ ਲਿਖਿ ਟੋਂਬੂ ਲਿਖ ਦੀਨਾ ॥ ੪੧ ॥ ਸੋ ਲੇ ਗਯੋ ਜਹਾਂ ਪਰ ਭੇਜਾ ਲਏ ਪੰਚ ਸੈ ਜਾਈ। ਹੁਤੇ ਰੰਕ ਤਿਨ ਬਯਾਹ ਕਰਨੇ ਤਬਿ ਕੰਨਨਾ ਸਦਨ ਉਠਾਈ॥੪੨॥ ਬਿਤੇ ਮਾਸ ਖਟ ਸੋ ਸਿਖ ਆਯੋ ਗੁਰ ਦਰਸ਼ਨ ਕੋ ਕੀਨਾ। ਟੋਂਬੂ ਧਰਯੋ:'ਆਪ ਨੇ ਭੇਜਯੋ, ਮੈਂ ਪੰਜ ਸੈ ਤਿਸ ਦੀਨਾ' ॥੪੩॥ਪ੍ਰਭੁ ਤਬਿ ਕਹਯੋ 'ਨ ਹਮ ਨੇ ਭੇਜਾ ਕਿਨ ਇਹ ਲਿਖਯੋ ਪਠਾਯੋ?' 'ਆਸਾ ਸਿੰਘ ਕੇ ਹਾਥ ਮਹਰ ਹੈ' ਜਬਿ ਐਸੇ ਲਖਿ ਪਾਯੋ॥੪੪॥ਕੁਛ ਰਿਸ ਧਰਿ ਗੁਰ ਕਹਯੋ 'ਕਹੇ ਬਿਨ ਇਹ ਕਯੋਂ ਲਿਖਯੋ ਪਠਾਯੋ। ਦਿਯੋ ਆਪ ਹੀ ਦਰਬ ਪੰਚ ਸੈ ਕੈਸੇ ਖੋਟ ਕਮਾਯੋ' ॥ ੪੫ ॥ ਇਮ ਗੁਰ ਤੇ ਸੁਨਿ ਆਸਾ ਸਿੰਘ ਢਿਗ ਕਿਹ ਸਿਖ ਖ਼ਬਰ ਬਤਾਈ। ਡਰਤਿ ਮਾਰ ਤੇ ਭਾਜ ਗਯੋ ਤਬਿ ਨਿਜਘਰ ਬਿਖੇ ਤਦਾਈ ॥ ੪੬ ॥ ਕੇਤਕਿ ਦਿਨ ਮਹਿ ਤਿਨ ਅਰਜ਼ੀ ਲਿਖਿ ਸਤਿਗੁਰ ਨਿਕਟ ਪਠਾਈ। ਲਿਖੇ ਦੋਹਿਰੇ ਬਿਚ ਬਨਾਇ ਕਹਿ ਸੋ ਮੈਂ ਦੇਹੁ ਸੁਨਾਈ ॥੪੭॥ 'ਕਲਮੋਵਾਚ'[1] ॥ ਦੋਹਰਾ ॥ ਮੁਖ ਕਾਰਾ ਮੇਰੋ ਕਰੈਂ ਕਰਤਿ ਨ ਪਰ ਉਪਕਾਰ[2] ।ਤਿਸ ਕੌ ਮੈਂ ਫਿਰ ਕਰੌਂਗੀ ਪਲਟਾ ਇਹੁ ਦਰਬਾਰ[3]॥੪੮॥ਫਟ ਛਾਤੀ ਦੋ ਟੂਕ ਭਈ,ਰੁਦਨ ਕਰਤਿ ਲਿਖਿ ਜਾਤਿ[4]। ਪਰਸ੍ਵਾਰਥ ਉਪਕਾਰ ਬਿਨ ਮੋਹਿ ਨ ਉਪਜਤਿ ਸ਼ਾਂਤਿ॥੪੯॥ ਚੌਪਈ॥ ਐਸੇ ਕਲਮ ਕਹਤਿ ਸਭਿ ਸਾਥਿ। ਸੋ ਪਕਰਾਈ ਗੁਰ ਮੁਹਿ ਹਾਥ। ਗੁਰ ਕੀ ਆਨ[5] ਜਬਹਿ ਸਿਖ ਕੀਨੀ। ਸਹੀ ਨ ਮੈਂ, ਚਿੱਠੀ ਲਿਖਿ ਦੀਨੀ ॥੫੦॥ ਸਰਬ ਲੱਛਮੀ ਜਗਤ ਤੁਮਾਰੀ। ਭੁੰਚਤਿ ਹੈ ਇਹ ਸ੍ਰਿਸ਼ਟੀ ਸਾਰੀ'। ਇੱਤਯਾਦਿਕ ਲਿਖਿ ਬਿਨੈ ਪਠਾਈ। ਸੁਨਤਿ ਪ੍ਰਸੰਨ ਭਏ ਗੋਸਾਈਂ ॥੫੧॥ ਤਿਹ ਬੁਲਾਇ ਪੁਨ ਪਾਗ ਬੰਧਾਈ। ਦਈ ਪ੍ਰਥਮ ਸਮ ਕਾਰ ਤਦਾਈ। ਇਸ ਪ੍ਰਕਾਰ ਇਕ ਹੁਤੋ ਲਿਖਾਰੀ। 'ਸੈਨਾ' ਜਿਸ ਕੋ ਨਾਮ ਉਚਾਰੀ ॥੫੨॥ ਕੁਛਕ ਖ਼ਤਾ ਤਿਸ ਤੇ ਜਬਿ ਹੋਈ। ਭਾਜ ਗਯੋ ਪੁਨ ਆਇ ਨ ਸੋਈ। ਸੁੰਦਰ ਬਰਨ ਲਿਖੰਤਿ ਆਯੋ[6]। ਸ੍ਰੀ ਗੁਰ ਤਿਸ ਕੌ ਬੋਲਿ ਪਠਾਯੋ ॥ ੫੩ ॥ ਨਿਜ ਸੰਬੰਧੀਅਨਿ ਕੋ ਮਿਲਿ ਗਯੋ। ਆਯੋ ਨਹੀਂ ਤ੍ਰਾਸ ਉਰ ਭਯੋ। ਨਹਿ ਆਵਨ ਕੇ ਹੇਤੁ ਬਹਾਨਾ।

[1]ਕਲਮ ਕਹਿੰਦੀ ਹੈ। [2]ਜੋ ਮੇਰਾ ਮੂੰਹ ਕਾਲਾ ਕਰਦਾ ਹੈ ਤੇ ਪਰਉਪਕਾਰ ਨਹੀਂ ਕਰਦਾ। [3]ਭਾਵ ਦਰਬਾਰ ਵਿਚ ਮੈਂ ਬੀ ਉਸ ਦਾ ਮੂੰਹ ਕਾਲਾ ਕਰਾਂਗੀ। [4]ਰੋਂਦੀ ਹੋਈ ਲਿਖੀ ਜਾਂਦੀ ਹਾਂ। [5]ਕਸਮ, ਵਸਤਾ। [6]ਸੁਹਣੇ ਅੱਖਰ ਲਿਖਦਾ ਸੀ ਇਹ ਚੇਤਾ ਆਇਆ।

ਲਿਖਿ ਕਰਿ ਦੋਹਾ ਪਠਯੋ ਬਖਾਨਾ:—॥ ੫੪ ॥ ਦੋਹਰਾ ॥ 'ਜਬਿ ਤੇ ਪ੍ਰਭੁ ਤੇ ਬੀਛੁਰੇ ਕੀਯੋ ਕ੍ਰਿਸ਼ਿ[1] ਕੋ ਠਾਟ। ਬ੍ਰਿਖਭਨਿ ਸੰਗਤਿ ਹਮ ਕਰੀ ਭਏ ਜਾਟ ਕੇ ਜਾਟ' ॥ ੫੫ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥ ੩੧ ॥

## ੩੨. [ਸ਼ਸਤ੍ਰ ਮਾਂਜਣੇ। ਦੁਸਹਿਰਾ]।

ਦੋਹਰਾ ॥ ਪਾਵਸ ਬੀਤੀ ਅਨੰਦ ਸੋਂ ਸਰਦ ਪ੍ਰਬਿਰਤੀ ਆਇ। ਪਿਤਰਨਿ ਪਛ ਤੇ ਨੌਰਤੇ ਚੰਡੀ ਜਗਤ ਮਨਾਇ[2] ॥੧॥ ਲਲਿਤਪਦੁ ਛੰਦ॥ ਹੁਕਮ ਕੀਨਿ ਸ੍ਰੀ ਸਤਿਗੁਰ ਪੂਰੇ 'ਸ਼ਸਤ੍ਰ ਨਿਕਾਸੋ ਸਾਰੇ।ਮੈਲ ਨਿਵਿਰਤਹਿਂ ਮਾਰਵਾਰਿਯੇ[3] ਪੂਜਹਿ ਬਹੁਰ ਸੁਧਾਰੇ[4]' ॥ ੨ ॥ ਖਾਸ ਖਜਾਨੇ ਲਗੇ ਨਿਕਾਸਨ ਜਾਤੀ ਖੜਗਨਿ ਨਾਨਾ। ਤੇਗੋ ਆਯੁਧ, ਖੜਗ ਦੁਧਾਰੇ, ਤੋਮਰ, ਸੈਫ, ਕ੍ਰਿਪਾਨਾ ॥ ੩ ॥ ਦੁਬਿਧਿ ਸਰੋਹੀ[5], ਨੀਮਸੀਖਚੇ[6], ਮਿਸਰੀ ਦ੍ਵੈ ਗੁਜਰਾਤੀ[7]। ਇਲਮਾਨੀ[8] ਰੁ ਹਲੱਬੀ[9] ਮਗ਼ਰਬਿ[10] ਕਿਰਚ[11] ਜੁਨੱਬੀਜਾਤੀ[12] ॥੪॥ ਜਮਧਰ ਲਘੁ ਬਿਸਾਲ ਪਉਲਾਦੀ[13], ਖੰਜਰ ਚੱਕ੍ਰ ਮਹਾਂਨਾ। ਬਿਛੂਏ ਬਾਂਕ[14] ਛੁਰੇ ਬਹੁ ਬਿਧਿ ਕੇ, ਪੇਸ਼ ਕ਼ਬਜ਼ ਸ਼ੁਭ ਨਾਨਾ॥੫॥ ਤੀਰ ਅਨਿਕ ਬਿਧਿ ਖਪਰੇ[15] ਸੇਲੇ[16] ਗਨ ਬਦਾਂਮਚੇ[17] ਤੁੱਕੇ[18]।ਸੇਲ ਨਰਾਂਚ[19] ਸੁ ਨਾਵਕ[20] ਤੀਖਨ ਕਰ-ਦਹਿੰਤਨ ਰਿਪੁ ਢੁਕੇ[21]॥੬॥ ਤੁਪਕਤ ਮਾਂਚੇ ਗਨ ਬਿਲਾਇਤੀ ਸਾਂਗੈਂ ਸ਼ਕਤਿ[22] ਨਿਕਾਸੇ। ਬ੍ਰਿੰਦ ਸ਼ਸਤ੍ਰ ਸਤਿਗੁਰੂ ਖਜ਼ਾਨੇ ਕਹਿ ਲੌ ਕਵੀ ਪ੍ਰਕਾਸ਼ੇ ॥

---

[1]ਖੇਤੀ। [2]ਸ਼ਰਾਧਾਂ ਦੇ ਪੱਖ ਤੋਂ (ਪਿੱਛੋਂ) ਨੁਰਾਤੇ ਆਏ ਤੇ ਜਗਤ ਨੇ ਦੇਵੀ ਪੂਜੀ। [3]ਸ਼ਸਤ੍ਰ ਮਾਂਜਣ ਵਾਲੇ ਮੈਲ ਦੂਰ ਕਰਨ। [ ਮਾਰਵਾੜੀਏ, ਭਾਵ ਮਾਰਵਾੜ ਤੋਂ ਆਏ ਸਿਕਲੀਗਰ ]। [4]ਫਿਰ ਸੁਧਾਰਕੇ ਸ਼ਸਤ੍ਰ ਪੂਜਾਂਗੇ। [5]ਦੋ ਤਰ੍ਹਾਂ ਦੀਆਂ ਤਲਵਾਰਾਂ। [6]ਨੀਮਚਹ=ਛੋਟੀ ਤਲਵਾਰ, ਸੀਖ ਵਾਂਙੂ ਸਿੱਧੀ ਤੇ ਪਤਲੀ ਤਲਵਾਰ। [7]ਮਿਸਰ ਦੀ ਤਲਵਾਰ ਤੇ ਗੁਜਰਾਤੀ, ਦੋਵੇਂ ਬਾਢਾਂ ਦੀਆਂ। [8]ਯਮਾਨੀ ਤਲਵਾਰ [ਇਲਮਾਨੀ। ਅਰਬੀ ਰੂਪ ਹੈ 'ਅਲ ਯਮਾਨੀ' ਯਮਨ ਦੇਸ਼ ਦੀ ਬਣੀ ਹੋਈ (ਤਲਵਾਰ)। ਯਮਨ ਅਰਬ ਦੇ ਦੱਖਣ ਪੱਛੋਂ ਦਾ ਹਿੱਸਾ ਹੈ ]। [9]ਅਤੇ ਹਲਬ ਸ਼ਹਿਰ ਦੀ ਤਲਵਾਰ, ( ਹਲਬ ਟਰਕੀ ਵਿਚ ਹੈ )। [10]ਫਾਰਸ ਦੀ ਬਣੀ ਤਲਵਾਰ ਨੂੰ ਕਹਿੰਦੇ ਸਨ। [11]ਬਿਨਾਂ ਖ਼ਮ ਦੇ ਤਲਵਾਰ। [12]ਆਰਮੀਨੀਆ ਦੇਸ਼ ਦੇ ਜੁਨੱਬ ਸ਼ਹਿਰ ਦੀ ਤਲਵਾਰ। [13]ਫੁਲਾਦੀ। [14]ਟੇਢੇ ਬਿਛੂਏ। (ਅ) ਬਾਂਕ ਨਾਮ ਦਾ ਸ਼ਸਤ੍ਰ ਜੋ ਨਹੁੰਦ੍ਰ ਵਾਂਗੂ ਹੁੰਦਾ ਹੈ। [15]ਚੌੜੇ ਫਲ ਵਾਲਾ ਤੀਰ। [16]ਨੇਜ਼ੇ ਮੂੰਹਾਂ ਤੀਰ। [17]ਬਦਾਮ ਮੂੰਹੇਂ ਤੀਰ। [18]ਕਿੱਕਰ ਦੇ ਤੁੱਕੇ ਵਰਗੀ ਦੰਦੇਦਾਰ ਮੁਖੀ ਵਾਲਾ ਤੀਰ। [19]ਸਾਰਾ ਲੋਹੇ ਦਾ ਤੀਰ ਜਿਸ ਦੇ ਪੰਜ ਖੰਭ ਹੁੰਦੇ ਹਨ। 'ਸੇਲ' ਪਾਠ ਅਸ਼ੁਧ ਹੈ, ਇਥੇ 'ਸਰ' ਪਾਠ ਚਾਹਿਏ 'ਸ਼ਰ' ਚਾਰ ਮੁਖੋਂ ਤੀਰ ਦਾ ਨਾਮ ਹੈ। [20]ਇਕ ਛੋਟਾ ਤੀਰ ਜਿਸ ਦੀ ਮੁਖੀ ਦੰਦੇਦਾਰ ਹੁੰਦੀ ਹੈ। ਨਾਵਕ ਨਾਮ ਥੋਥੀ ਨਲੀ ਦਾ ਬੀ ਹੈ ਜਿਸ ਦੇ ਵਿਚੋਂ ਛੋਟਾ ਤੀਰ ਚਲਾਉਂਦੇ ਹਨ [ਫਾ:, ਨਾਵਕ, ਥੋਥੀ ਨਲੀ। ਤੀਰ]। [21]ਵੈਰੀ ਦੇ ਤਨ ਵਿਚ ਖੁਭ ਜਾਣ। [22]ਭਾਵ ਈਰਾਨ ਤੂਰਾਨ ਆਦਿ ਦੀਆਂ ਸਾਂਗਾਂ ਤੇ ਬਰਛੀਆਂ।

੭ ॥ ਮਾਰਵਾਰਿਯੋ ਮਾਂਜਨਿ ਲਾਗੋ ਚਰਨ ਦਾਬ ਕਰ ਫੇਰੇ[1]। ਇਤਨੇ ਮਹਿਂ ਪ੍ਰਭੁ ਬਾਹਿਰ ਨਿਕਸੇ ਸਭਿ ਆਯੁਧ ਦਿਸ਼ਿ ਹੇਰੇ ॥ ੮ ॥ ਕਹ੍ਯੋ 'ਬਿਅਦਬੀ ਸ਼ਸਤ੍ਰਨਿ ਕੀਨੀ ਤੈਂ ਕ੍ਯੋਂ ਚਰਨ ਲਗਾਯੋ। ਅਤਿ ਪ੍ਰਿਯ ਖੜਗ ਅਕਾਲ-ਪੁਰਖ ਕੋ ਨਿਜ ਧੁਜ ਬਿਖੈ ਸੁਹਾਯੋ ॥ ੯ ॥ ਆਦਿ ਸ਼ਕਤਿ ਸ਼੍ਰੀ ਚੰਡੀ ਰੂਪ ਇਹ ਪੂਜਨ ਜੋਗ ਸਦੀਵਾ। ਸਰਬ ਸੁਰਾਸੁਰ ਨਰ ਕ੍ਯਾ ਬਪੁਰੋ ਜਿਸ[2] ਕੇ ਬਸਿ ਮਹਿਂ ਥੀਵਾ ॥ ੧੦ ॥ ਸਾਦਰ ਸੇਵ ਮਾਂਜਿਬੋ ਕਰੀਯਹਿ' ਇਹ ਕਹਿ ਅੱਗ੍ਰ ਸਿਧਾਏ। ਬੈਠੇ ਬਹੁਰ ਖਾਲਸਾ ਆਯੋ ਸ਼੍ਰੀ ਮੁਖ ਦਰਸ਼ਨ ਪਾਏ ॥੧੧॥ ਕੇਤਿਕ ਚਿਰ ਮਹਿ ਇਕ ਸਿਖ ਬੋਲ੍ਯੋ 'ਮਾਰਵਾਰਿਯਾ ਜੋਈ। ਪੂੰਜ ਖੜਗ ਸਿਰ ਪਰ ਧਰਿ ਬੈਠ੍ਯੋ ਕਾਰ ਨ ਕਰਤਾ ਸੋਈ' ॥ ੧੨ ॥ ਸੁਨਿ ਬਿਕਸੇ ਪ੍ਰਭੁ ਗਏ ਬਿਲੋਕਨਿ ਦੇਖ੍ਯੋ ਤਿਸੀ ਪ੍ਰਕਾਰਾ। 'ਇਹ ਕ੍ਯਾ ਕਰ੍ਯੋ ਨ ਸੇਵਾ ਠਾਨਤਿ ਬੈਠੇ ਸਮਾ ਗੁਜ਼ਾਰਾ' ॥ ੧੩ ॥ 'ਮਾਹਰਾਜ ਰਾਵਰ ਕੀ ਆਇਸੁ ਅਦਬ ਕਰਨਿ ਇਮ ਹੋਵੈ।ਸੇਵਾ ਮਾਂਜਨ ਕੀ ਹੁਇ ਤੈਸੇ ਜਥਾ ਪ੍ਰਥਮ ਮਲ ਖੋਵੈ' ॥ ੧੪ ॥ ਬਿਗਸਿ ਪ੍ਰਭੁ ਕਹਿ 'ਤੁਮ ਕੌ ਬਖਸ਼ੇ, ਸ਼ਸਤ੍ਰਨ ਕੇ ਨਿਤ ਦਾਸਾ। ਕਰਹੁ ਪ੍ਰੇਮ ਤੇ ਸੇਵਾ ਆਯੁਧ, ਤੌ ਸਭਿ ਸੁਖ ਹੁਇ ਪਾਸਾ' ॥ ੧੫॥ ਰਾਮ ਸਿੰਘ ਤਿਹ ਨਾਮ ਹੁਤੋ ਸੁਨਿ ਗੁਰ ਕੋ ਬੰਦਨ ਠਾਨੀ।ਮਾਂਜਨ ਕਰਨਿ ਲਗ੍ਯੋ ਸੁਧ ਸ਼ਸਤ੍ਰਨਿ, ਪੁਨ ਸੁਖ ਲਹ੍ਯੋ ਮਹਾਂਨੀ ॥ ੧੬ ॥ ਊਚੇ ਥਲ ਟਿਕਾਇ ਸਭਿ ਆਯੁਧ ਪੂਜਾ ਸੌਜ ਮੰਗਾਈ। ਲਗੇਂ ਨੁਰਾਤੇ ਸਗਰੇ ਪੂਜਨ ਚੰਡਿ ਕਾਲਕਾ ਮਾਈ ॥ ੧੭ ॥ ਚੰਡਿ ਚਰਿੱਤ੍ਰ ਪਾਠ ਨਿਤ ਹੋਵੈ ਸਹਿਸ-ਕ੍ਰਿਤ ਅਰੁ ਭਾਖਾ। ਧੂਪ ਦੀਪ ਚੰਦਨ ਕੌ ਚਰਚਤਿ ਫੂਲਮਾਲ ਬਹੁ ਰਾਖਾ ॥੧੮ ॥ ਚਮਰ ਢੋਰਿ ਕੇਤਿਕ ਚਿਰ ਸ਼੍ਰੀ ਪ੍ਰਭੁ ਪੂਜਾ ਪਾਠ ਕਰੰਤੇ। ਕਰਹਿ ਸਤੁਤਿ ਜਿਹਂ ਜੋਤਿ ਬਿਦਤਿ ਜਗ, ਨਾਮ ਅਧਿਕ ਸਿਮਰੰਤੇ* ॥ ੧੯ ॥

ਅਨੰਗਸ਼ੇਖਰਛੰਦੁ॥ 'ਨਮੋ ਅਨੰਤ ਕਾਰਣੀ[3], [4]ਪ੍ਰਪੋਖਣੀ, ਸੰਘਾਰਣੀ, ਭਵਾ, ਬਿਸਾਲ, ਤਾਰਣੀ[4],ਭਯੰਹਰੀ,ਅਖੰਡਕਾ[5]†। ਸਬੁੱਧਿ ਜੁੱਧ ਕ੍ਰੁੱਧਤਾ[6] ਬਿਰੁੱਧ

---

[1]ਪੈਰਾਂ ਨਾਲ ਦੱਬਕੇ ਤੇ ਹੱਥ ਫੇਰ ਕੇ। [2]ਜਿਸ (ਦੇਵੀ) ਦੀ। [3]ਅਨੰਤ (ਜੀਵਾਂ ਨੂੰ) ਕਰਨ ਵਾਲੀ। [4]ਪਾਲਣ ਵਾਲੀ, ਨਾਸ਼ ਕਰਤਾ, ਕਲਿਆਨ ਕਰਨ ਵਾਲੀ, ਅਤਿ ਵੱਡੀ ਤੇ ਤਾਰਨ ਹਾਰੀ। [5]ਭੈ ਨਾਸ਼ਕ ਤੇ ਖੰਡਣ ਤੇ ਰਹਿਤ। [6]ਸਹਿਤ ਬੁੱਧ ਦੇ ਤੇ ਜੁੱਧ ਵਿਚ ਕ੍ਰੋਧ ਕਰਨ ਵਾਲੀ।

*ਦੇਵੀ ਪੂਜਨ ਪਰਥਾਇ ਦੇਖੋ ਪਿਛੇ ਰੁਤ ੨ ਅੰਸੂ ੧੨ ਦੇ ਅੰਤ ਦੀ ਟੂਕ।

†ਪਾਃ—ਭਵਾ ਬਿਸਾਲ ਕਾਰਣੀ ਬਿਸਾਲ ਸ੍ਰੀ ਅਖੰਡਕਾ।

ਬੱਧ ਉੱਧਤਾ[੧], ਅਰੁੱਧ ਰਿੱਧਿ ਸਿੱਧਿ ਦਾ[੨], ਪ੍ਰਬੁੱਧ ਸ਼ੁੱਧ ਮੰਡਕਾ[੩]*।ਸਜੋਰ ਘੋਰ ਲੋਚਨਾ[੪], ਜਪੰਤਿ ਸੋਚ ਮੋਚਨਾ[੫], ਸੁਚੇਤ ਚਿਤ ਰੋਚਨਾ[੬], ਰਿਪੂਨਿ ਕੋ ਘਮੰਡਕਾ[੭]। ਨਿਸੁੰਭ ਸੰਭ ਖੰਡਕਾ[੮], ਅਸੁਰ ਦਲ ਦੰਡਕਾ, ਬਿਹੰਡ ਚੰਡ ਮੁੰਡਕਾ[੯], ਪ੍ਰਚੰਡ ਤੁੰਡ ਚੰਡਿਕਾ ! ॥੨੦॥ ਦ੍ਰਿੜੰਤਿ ਦੀਹ ਦਾੜ੍ਹਕਾ[੧੦], ਬਿਲੰਦ ਦੈਤ ਦਾਹਕਾ,ਨਿਕੰਦ ਕੈਟਭਾਨਕੀ[੧੧], ਅਮੰਦ ਤੇਜ ਜ੍ਵਾਲਕਾ[੧੨]। ਪ੍ਰਪਾਨ ਸ਼੍ਰੋਣ ਬੀਰਜਾ[੧੩],ਬਿਸਾਲ ਬਾਹੁਬੀਰਜਾ[੧੪],ਮਝਾਰ ਜੰਗ ਧੀਰਜਾ[੧੫], ਬਿਸੰਭਰੀ[੧੬] ਕਪਾਲਕਾ[੧੭]।[੧੮]ਨਖਾਨ ਪੁੰਜ ਤੀਖਨਾ,ਸਕ੍ਰੋਧ ਲਾਲਈਛਨਾ, ਦਿਖਾਇ ਰੂਪ ਭੀਛਨਾ ਸੁ ਭੱਛ ਸ਼ੱਤ੍ਰੁ ਬਾਲਕਾ[੧੮]†। ਸੁਦਾਸ ਪ੍ਰੀਤ ਪਾਲਕਾ, ਸਬੇਗ ਦੈਤ ਘਾਲਕਾ, ਗਰੇ ਮੈਂ ਮੁੰਡ ਮਾਲ ਕਾ,ਪ੍ਰਣਾਮਪਾਦ ਕਾਲਕਾ[੧੯]† ॥੨੧॥ ਦੋਹਰਾ॥ ਇੱਤਯਾਦਿਕ ਜੇ ਨਾਮ ਹੈਂ ਸਪਤ ਸਹੰਸ੍ਰੈ ਲੱਖ[੨੦]। ਸਿਮਰਤਿ ਉਚਰਤਿ ਖਾਲਸਾ ਸ੍ਰੀ ਸਤਿਗੁਰੂ ਪ੍ਰਤੱਛ[੨੧] ॥ ੨੨॥ ਅਨੰਗਸ਼ੇਖਰਛੰਦ ॥ ਇਸੀ ਪ੍ਰਕਾਰ ਨੌਰਤੇ[੨੨] ਪ੍ਰਪੂਜਤੇ ਸੁ ਆਯੁਧਾਨ[੨੩] ਰੌਦਨਾਦਿ ਫੂਲਮਾਲ ਧੂਪ ਕੋ ਜਗਾਵਤੇ‡।ਉਤੰਗ ਸੰਖ ਪੂਰਤੇ ਸੁ ਮੰਗਲੀ ਅਰੰਭਤੇ,ਬਿਸ਼ਾਲ ਸੌਜ ਹੋਮਤੇ,

---

[੧](ਜੁੱਧ ਵਿਚ) ਵੈਰੀਆਂ ਨੂੰ ਨਾਸ਼ ਕਰਨ ਨੂੰ ਉਦੇ ਰਹਿਣ ਵਾਲੀ। [੨]ਰਿੱਧੀਆਂ ਸਿਧੀਆਂ ਦੇਣ ਵਿਚ ਰੁਕਦੀ ਨਹੀਂ ਹੈ। [੩]ਸ਼ੁਧ ਗਿਆਨ ਦੇ ਮੰਡਣ ਵਾਲੀ। [੪]ਜੋਰ ਵਾਲੇ ਭਯਾਨਕ ਨੇਤ੍ਰਾਂ ਵਾਲੀ। [੫]ਜਪਣ ਵਾਲੇ ਦੀਆਂ ਸੋਚਾਂ ਦੀ ਨਾਸ਼ਕ। [੬](ਜਿਨ੍ਹਾਂ ਵਰਗੀ) ਸੁਚੇਤ ਚਿੱਤਾਂ ਨੂੰ ਖੁਸ਼ੀ ਕਰਨ ਵਾਲੀ। [੭]ਵੈਰੀਆਂ ਉਤੇ ਬਲਵਾਨ ਹੋਕੇ ਪੈਣ ਵਾਲੀ। [੮]ਸੁੰਭਨਿਸੁੰਭ ਨਾਮੇ ਰਾਖਸ਼ਾਂ ਦੀ ਨਾਸ਼ਕ। [੯]ਚੰਡ ਮੁੰਡ ਦੈਂਤ ਨੂੰ ਨਾਸ਼ ਕਰਨ ਵਾਲੀ। [੧੦]ਵਡੀਆਂ ਤਕੜੀਆਂ ਦਾੜ੍ਹਾਂ ਵਾਲੀ। [੧੧]ਕੈਟਭ ਆਦਿ (ਰਾਖਸ਼ਾਂ) ਦੀ ਨਾਸ਼ ਕਰਤਾ। [੧੨]ਅਗਨੀ ਦਾ ਤੇਜ ਵਿਸ਼ੇਸ਼ ਕਰਕੇ ਮੰਦ ਕਰਨ ਵਾਲੀ। (ਅ) (ਕਦੇ) ਨਾ ਮੰਦ ਪੈਣ ਵਾਲੇ ਅਗਨੀ ਤੇਜ ਵਾਲੀ। [੧੩]( ਰਕਤ ) ਬੀਜ ਆਦਿ ਦਾ ਲਹੂ ਪੀਣ ਵਾਲੀ। [੧੪]ਬਲ ਵਾਲੀਆਂ ਬਾਹਾਂ ਵਾਲੀ। [੧੫]ਜੰਗ ਵਿਚ ਧੀਰਜ ਵਾਲੀ। [੧੬]ਸੰਸਾਰ ਨੂੰ ਪਾਲਣ ਵਾਲੀ। [੧੭]ਕਪਾਲਾਂ (ਖੋਪਰੀਆਂ) ਦੀ (ਮਾਲਾ) ਧਾਰਨ ਵਾਲੀ। [੧੮]ਸਾਰੇ ਤਿੱਖੇ ਨਹੁਵਾਂ ਵਾਲੀ, ਕ੍ਰੋਧ ਨਾਲ ਲਾਲ ਅੱਖੀਆਂ ਵਾਲੀ, ( ਐਸਾ ) ਭਯਾਨਕ ਰੂਪ ਦਿਖਾਕੇ ਸ਼ੱਤ੍ਰੂਆਂ ਦੇ ਬਾਲਾਂ ਨੂੰ ਭੱਛਨ ਕਰਨ ਵਾਲੀ। [੧੯](ਐਸੀ) ਕਾਲਕਾ ਦੇ ਚਰਨਾਂ ਨੂੰ ਨਮਸਕਾਰ ਹੈ। [੨੦]ਇਕ ਲੱਖ ਸੱਤ ਹਜ਼ਾਰ। [੨੧]ਸ੍ਰੀ ਸਤਿਗੁਰੂ ਦੇ ਸਾਹਮਣੇ। [੨੨]ਨੁਰਾਤੇ। [੨੩]ਸ਼ਸਤ੍ਰ ਪੂਜਦੇ ਹਨ।

*ਏਹ ਸਾਰੇ ਵਿਸ਼ੇਸ਼ਣ ਅਕਾਲ ਪੁਰਖ ਦੇ ਹਨ। ਕੇਵਲ ਲਿੰਗ ਏਥੇ ਇਸਤ੍ਰੀ ਲਿੰਗ ਵਰਤਿਆ ਹੈ। ਇਸੇ ਵਜਕਤੀ ਸਬੰਧੀ ਹੁਣ ਅਗੇ ਬੀਰ ਰਸੀ ਤੇ ਰੌਦ੍ਰ ਰਸੀ ਸਗੁਣ ਉਪਮਾਂ ਦੇ ਵਾਕ ਆਉਣਗੇ।

†ਇਹ ਦੋਵੇਂ ਤੁਕਾਂ ਕਈ ਨੁਸਖਿਆਂ ਵਿਚ ਨਹੀਂ ਹਨ।

‡ਨਉਰਾਤਿਆਂ ਦਾ ਪੂਜਨ ਆਦਿ ਦੇਵੀ ਪੂਜਨ ਵਾਂਙੂ ਇਤਿਹਾਸਿਕ ਗਲ ਨਹੀਂ।

Sri Satguru Jagjit Singh Ji eLlibrary NamdhariElibrary@gmail.com

ਸੋ ਧੂਮ ਕੋ ਉਠਾਵਤੇ।ਨਮੋ ਨਮੋ ਭਨੰਤਿ ਹੈਂ,ਸੁ ਬ੍ਰਹਮਕੌਚ[1] ਪਾਠ ਕੋ ਪਠੰਤ ਹੈ ਸੁਨੰਤ ਕੋਈ[2], ਜੈ ਬਿਜੈ ਸੁ ਗਾਵਤੇ। ਉਛਾਹ ਮੋਦ ਕੀਨਿਓ, ਪ੍ਰਸਾਦਿ ਬੰਟ ਦੀਨਿਓ, ਸਮੂਹ ਪਾਨ ਲੀਨਿਓ[3], ਸੁ ਖਾਇ ਚੀਤ ਭਾਵਤੇ ॥ ੨੩ ॥ ਦੁਸੈਹਿਰਾ ਕੇ ਦਯੋਸ ਮੈਂ ਤਿਹਾਵਲਾ ਬਿਸਾਲ ਕੀਨਿ ਨੌਮ ਪਾਤਿਸ਼ਾਹ ਕੇ ਸੁਥਾਨ ਅੱਗ੍ਰ ਜਾਇਕੈ। ਬਿਨੈ ਬਖਾਨਿ ਹਾਥ ਜੋਰਿ ਬੰਦਨਾ ਸੁ ਕੀਨਿਓ ਪ੍ਰਦੱਛਨਾ ਸੁ ਦੀਨਿ ਪਰਸਾਦਿ ਕੋ ਬ੍ਰਤਾਇ ਕੈ। ਨਿਕੇਤ ਫੇਰ ਆਇਕੈ, ਤੁਰੰਗ ਕੋ ਮੰਗਾਇਕੈ, ਮਤੰਗ ਸੰਗ ਪੂਜਿ ਪੂਜਿ[4], ਮੋਦ ਕੋ ਵਧਾਇਕੈ। ਅਹਾਰ ਫੇਰ ਖਾਇਕੈ ਅਰਾਮ ਥੋਰ ਪਾਇਕੈ ਅਫੀਮ ਸੌਂ ਮਿਲਾਇਕੈ ਸੁ ਦਾਸ ਭੰਗ ਲਯਾਇਕੈ ॥ ੨੪ ॥ ਸ਼ਨਾਨ ਕੀਨ ਸੌਚ ਤੇ ਸੁਧਾਰ ਕੇਸ ਪਾਸਕੋ[5] ਸਜਾਇ ਸੀਸ ਪਾਗ ਕੋ ਉਤੰਗ ਜ਼ੇਬ ਜਾਰ ਕੈ[6]।ਜਰਾਵ ਜ਼ੇਵਰਾਨਿ ਕੋ ਸਰੀਰ ਚੀਰ ਸੋਹਤੇ, ਕ੍ਰਿਪਾਨ ਪਾਇ ਗਾਤਰੇ ਨਿਖੰਗ ਅੰਗ ਧਾਰਿਕੇ। ਕਮਾਨ ਬਾਨ ਪਾਨ ਮੈਂ ਦਿਵਾਨ ਮੈਂ ਕਛੂਕ ਬੈਠਿ, ਬਾਹਰੇ ਚਲੰਨਿ ਕੋ ਤੁਰੰਗ ਸੋ ਹਕਾਰਿ ਕੇ। ਅਰੂਢਿ ਕੇ ਗਵੰਨ ਕੀਨਿ,ਦੁੰਦਭਾਨਿ ਚੋਬ ਦੀਨਿ, ਬੋਲਤੇ ਨਕੀਬ ਭਾਟ ਕੀਰਤੀ ਉਚਾਰਿਕੇ ॥ ੨੫॥ [7]ਬਿਲੋਕਿ ਬੈਨਤੇਯ ਕੇ ਕੁਵਾਇਦਾਂ ਤੁਫੰਗ ਕੀ, ਤੁਰੰਗ ਪੈ ਕਰੰਤਿ ਕੋ ਕਮਾਨ ਬਾਨ ਮਾਰਤੇ'।

---

[1]ਹਿੰਦੂ ਮਤ ਮੂਜਬ ਦੇਵੀ ਦੇ ਨਾਵਾਂ ਦਾ ਇਕ ਮੰਤ੍ਰ ਜਿਸ ਦੇ ਜਪ ਤੋਂ ਸਰੀਰ ਰੱਖਯਾ ਦਾ ਮਨੋਰਥ ਸਿੱਧ ਹੁੰਦਾ ਹੈ। ਖਾਲਸੇ ਵਿਚ ਬ੍ਰਹਮਕਵਚ:—'ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ' ਵਾਲੇ ਸਲੋਕ ਦਾ ਪਾਠ ਹੈ ਕਿਉਂਕਿ ਇਸ ਵਿਚ ਬ੍ਰਹਮ ਦੇ ਨਾਮ ਹਨ ਤੇ ਰੱਖਯਾ ਦੀ ਯਾਚਨਾ ਹੈ ਤੇ ਨਾਮ ਨੂੰ ਕਵਚ ਗੁਰਬਾਣੀ ਵਿਚ ਦੱਸਿਆ ਗਿਆ ਹੈ, ਯਥਾ:—'ਰਾਮ ਕਵਚੁ ਦਾਸ ਕਾ ਸੰਨਾਹੁ ॥ ਦੂਤ ਦੁਸਟ ਤਿਸੁ ਪੋਹਤ ਨਾਹਿ' ॥ [2]ਕੋਈ ਪੜ੍ਹਦਾ ਹੈ ਤੇ ਕੋਈ ਸੁਣਦਾ ਹੈ।[3]ਹੱਥੀਂ ਲੈਕੇ। [4]ਹਾਥੀਆਂ ਸਹਤ ਘੋੜੇ ਪੂਜਨ ਕੀਤੇ। [5]ਕੇਸਾਂ ਦੇ ਜੂੜੇ ਨੂੰ [ਪਾਸ=ਜੂੜਾ]। (ਅ) ਕੇਸਾਂ ਨੂੰ ਲਾਂਭੋਂ। (ੲ) ਕੇਸਾਂ ਨੂੰ ਫਾਸ ਰੂਪ ਕਹਿਣਾ ਬੀ ਇਕ ਕਵਿਤਾ ਦੀ ਸੁੰਦਰਤਾ ਹੈ, ਜਿਸ ਵਿਚ ਪ੍ਰੇਮੀਆਂ ਦੇ ਦਿਲ ਫਸ ਜਾਂਦੇ ਹਨ। [6]ਸ਼ੋਭਾ ਪ੍ਰਕਾਸ਼ ਕਰਕੇ। [7]ਦੇਖਣ ਲਗੇ:—ਵੈਨਤੇਯ ਯਾ ਗਰੁੜ ਵ੍ਯੂਹ ਦੀ ਰਚਨਾ, ਬੰਦੂਕ ਦੀ (ਚਾਂਦਮਾਰੀ), ਘੋੜੇ ਚੜ੍ਹਕੇ ਤੇ ਤੀਰ ਕਮਾਨ (ਦੀ ਨਿਸ਼ਾਨੇ ਬਾਜੀ ਆਦਿਕਾਂ ਦੀ) ਕਵਾਇਦ। [ਵੈਨਤੇਯ=ਸਨਾਤਨ ਕਵਾਇਦ ਵਿਚ ਸੈਨਾਂ ਨੂੰ ਖਾਸ ਖਾਸ ਸੂਰਤਾਂ ਦੇਕੇ ਵੰਡਿਆ ਕਰਦੇ ਸਨ, ਜਿਨ੍ਹਾਂ ਨੂੰ ਵ੍ਯੂਹ ਕਹਿੰਦੇ ਸਨ, ਸੈਨਾਪਤਿ ਵਿਚਕਾਰੇ ਹੁੰਦਾ ਸੀ। ਵ੍ਯੂਹਾਂ ਦੇ ਨਾਮ ਇਹ ਹਨ:—ਦੰਡ, ਵਰਾਹ, ਸ਼ਕਟ, ਮਕਰ, ਸੂਚੀ, ਚੱਕ੍ਰ, ਪਦਮ, ਬੱਜ੍ਰ, ਸ਼ਯੇਨ, ਮੰਡਲ, ਪੰਨ, ਬੈਨਤੇਯ (ਗਰੁੜ), ਸਰਵਤੋ ਭੱਦ੍ਰ। ਗਰੜ ਵ੍ਯੂਹ ਦੀ ਸ਼ਕਲ ਇਹ ਹੁੰਦੀ ਸੀ ਅਗੋਂ ਨੋਕਦਾਰ ਵਿਚੋਂ ਚੌੜੀ ਤੇ ਪਿਛਲਾ ਹਿੱਸਾ ਫੇਰ ਪਤਲਾ]।

Sri Satguru Jagjit Singh Ji eLlibrary NamdhariElibrary@gmail.com

ਧਵਾਇਕੈ ਭ੍ਰਮਾਇ ਸੇਲ ਮੇਲਤੇ ਬਗਲ[1] ਕੌਇ, ਏਵ ਆਯੁਧਾਨ ਕੋ ਪ੍ਰਹਾਰਿਕੈ ਦਿਖਾਰਿਤੇ। ਕਿਦਾਰ ਜੇ ਫਲਾਨਕੇ[2] ਲੁਟਾਇ ਦੀਨ ਕੇਤਨੇ[3], ਬਹੋਰ ਬ੍ਰਿੰਦ ਬਾਹੁਰੇ ਅਨੰਦ ਭੂਰ ਧਾਰਤੇ[4]।ਗੁਰੂ ਫਤੇ ਉਚਾਰਿਤੇ,ਸੁ ਰੂਪ ਕੋ ਨਿਹਾਰਤੇ,ਸੁਭਾਗਕੋ ਬਿਚਾਰਤੇ[5] ਬਿਲੰਦ ਹੀ ਪੁਕਾਰਤੇ॥੨੬॥ਲਲਿਤਪਦਛੰਦ ਸਕਟਨਾਲਕਾ[6] ਸ਼ੁਤਰਨਾਲਕਾ[7] ਗੁਰੂ ਸੰਗ ਘੁੜਨਾਲੇ[8]। ਤੋਪ, ਜੰਬੂਰ, ਜੇਜੈਲਨ,ਲਮਛੜ[9] ਲਏ ਤੁਫੰਗਨ ਜਾਲੇ।ਹੁਕਮ ਗੁਰੂ ਕੋ ਲੇ ਤਿਸ ਛਿਨ ਮਹਿਂ ਜੋ ਪਦਾਂਤਿ ਅਸਵਾਰਾ। ਸ਼ਲਖ[10] ਛੋਰਨੀ ਸ਼ੁਰੂ ਕਰੀ ਤਬਿ ਭਯੋ ਅੰਧ ਧੁੰਧਕਾਰਾ ॥ ੨੭ ॥ ਮਨਹੁ ਬ੍ਰਿੰਦ ਹੀ ਗਾਜ ਗਾਜ ਕਰਿ ਗਿਰ ਪਰ ਗਿਰ ਗਨ ਜਾਨੀ[11]।ਧੁਖੇ ਪਲੀਤੇ ਸ਼ਬਦਉਠਨੋ ਬਡ ਸੁਨੀਅਹਿ ਕਛੂ ਨ ਕਾਨੀ। ਕੌਤਿਕ ਚਿਰ ਲੌ ਸਤਿਗੁਰ ਠਹਿਰੇ ਸ਼ਲਖ ਬ੍ਰਿੰਦ ਕਰਿਵਾਈ। ਪੁਨ ਪੁਰਿ ਗਮਨੇ ਰਮਨੀ ਬੀਥਨਿ ਦਰਸੈਂ ਲੋਗ ਲੁਗਾਈ[12]॥੨੮॥ਉਤਰੇ ਆਨਿਪ੍ਰਭੂ ਘਰਿ ਸੁੰਦਰਚਿੱਤ੍ਰ ਬਚਿੱਤ੍ਰਤਿ ਹੇਮੂ[13]।ਸਿਖਸੰਗਤਿ ਦਰਸਹਿਂ ਮਨਮੁਦਭਹਿਂ ਪਾਇ ਜੋਗ ਅਰੁ ਛੇਮੂ। ਨੌਬਤ, ਦੁੰਦਭਿ, ਸੰਖ, ਨਫੀਰੀ, ਪਟਹਿ, ਢੋਲ, ਕਰਨਾਈ। ਬਜਹਿ ਮ੍ਰਿਦੰਗ, ਰਬਾਬ ਸਤਾਰਨਿ, ਗਾਵਹਿ ਪਾਇ ਵਧਾਈ ॥੨੯॥ ਗੁਨੀ ਕਵੀ ਕਰਿ ਸੁਜਸੁ ਕਵਿੱਤਨ ਆਨਿ ਅਨੇਕ ਸੁਨਾਵੈਂ।ਰੀਝੈਂ ਮੌਜ ਦੇਤਿ ਮਨ ਭਾਵਤਿ ਲੇ ਕਰਿ ਉਰ ਹਰਖਾਵੈਂ।ਉਤਸਵ ਭਯੋ ਸਭਿਨਿ ਸੁਖਦਾਇਕ ਖਾਨ ਪਾਨ ਕਰਿ ਸੋਏ। 'ਜੁਗ ਲਗਿ ਰਾਜ ਥਿਰਹੁ ਸਤਿਗੁਰ ਕੋ' ਕਹਿ ਅਸੀਸ ਸਭਿ ਕੋਏ ॥ ੩੦ ॥ ਇਤਿ ਸ੍ਰੀਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਦੁਸਹਿਰਾ ਉਤਸਵ' ਪ੍ਰਸੰਗ ਬਰਨਨੰ ਨਾਮ ਦੁਇ ਤ੍ਰਿਸਤੀ ਅੰਸੂ॥ ੩੨ ॥

### ੩੩. [ਮਾਤਾ ਜੀ ਨੂੰ ਸੁਪਨ ਦਰਸ਼ਨ]।

ਦੋਹਰਾ ॥ ਸ਼੍ਰੀ ਗੁਰ ਗੋਬਿੰਦ ਸਿੰਘ ਜੀ ਬਲੀ ਤਰੁਨ ਤਨ ਬੇਸ। ਦਿਨ ਪ੍ਰਤਿ ਬ੍ਰਿੱਧਤਿ ਖਾਲਸਾ ਦੂਜ ਚੰਦ ਨਭ ਜੈਸ॥ ੧ ॥ ਚੌਪਈ ॥ ਇਕ ਦਿਨ ਸ਼੍ਰੀ ਗੁਜਰੀ ਗੁਰ ਮਾਤਾ।ਪ੍ਰਾਤ ਭਈ ਜਲ ਬਿਮਲ ਸਨਾਤਾ[14]।ਪ੍ਰਥਮ ਪਾਠਕਰਿ

[1]ਵਗਲਨਾ=ਪਿੱਛੋਂ ਦੀ ਆਕੇ ਗਿਰਦ ਫਿਰਕੇ ਅਗਾਹਾਂ ਲੰਘ ਜਾਣਾ ਤਾਂ ਜੋ ਪਹਿਲਾ ਅਟਕ ਜਾਵੇ। (ਅ) ਬਗਲ (ਕੱਛ) ਵੱਲ ਨੂੰ। [2]ਖੇਤੀਆਂ ਫਲਾਂ ਦੀਆਂ। [3]ਕਿਤਨਿਆਂ ਦੀਆਂ। [4](ਫਲ ਲੁਟਣ ਤੋਂ) ਫਿਰ ਸਾਰੇ ਮੁੜੇ ਬਹੁਤ ਅਨੰਦ ਹੋਕੇ। [5](ਗੁਰੂ ਦਰਸ਼ਨ ਦੇ) ਸੁਭਾਗ ਨੂੰ ਵਿਚਾਰਦੇ ਹਨ। [6]ਗਡਿਆਂ ਪੁਰ ਲਦੀਆਂ ਤੋਪਾਂ। [7]ਊਠਾਂ ਉਪਰਲੀਆਂ ਤੋਪਾਂ। [8]ਘੋੜਿਆਂ ਉਪਰਲੀਆਂ ਤੋਪਾਂ। [9]ਬੰਦੂਕ ਦੀਆਂ ਕਿਸਮਾਂ। [10]ਇਕ ਵਾਰਗੀ ਬੰਦੂਕ ਆਦਿ ਦਾ ਛੋੜਨਾ। [11]ਬਿਜਲੀਆਂ ਗੱਜਕੇ ਪਹਾੜਾਂ ਉਪਰ ਗਿਰੀਆਂ ਸਭ ਨੇ ਜਾਣੀਆਂ। [12]ਨਰ ਨਾਰੀਆਂ। [13]ਭਾਵ ਸੁਨਹਿਰੀ। [14]ਜਲ ਨਾਲ ਅਸ਼ਨਾਨ ਕੀਤਾ।

ਜਪੁਜੀ ਕੇਰਾ। ਅਪਰ ਪਢੀ ਗੁਰਬਾਨੀ ਫੇਰਾ ॥ ੨ ॥ ਪੁਨ ਸੁਖਮਨੀ ਪਾਠ ਕੋ ਕਰਿਤੇ। ਸਹਿਜ ਸੁਭਾਇਕ ਸ੍ਰੀ ਗੁਰ ਫਿਰਤੇ।ਸਾਦਰ ਤਬਿ ਹੀ ਨਿਕਟ ਬਿਠਾਏ। ਆਪ ਪਠਤਿ ਬਾਨੀ ਚਿਤ ਲਾਏ ॥ ੩ ॥ ਚਹਤਿ ਸ਼੍ਰੇਯ ਵੈਰਾਗ ਉਪਾਈ[1]। ਪਠਤਿ ਪਠਤਿ ਇਹ ਤੁਕ ਮੁਖ ਆਈ।:—

ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖ ਖਾਟੀ ॥

॥੪॥ ਇਸਕੋ ਅਰਥ ਬਿਚਾਰਨੋ ਮਾਈ।ਪੁਨਹਿ ਪੁੱਤ੍ਰ ਸੰਗ ਗਿਰਾ ਅਲਾਈ। 'ਹੇ ਸੁਤ ਸਭਿ ਬਲ ਗ੍ਯਾਤਾਵਾਨ! ਹਾਥ ਬੱਦ੍ਰ ਸਮ ਬਿਦਤ ਜਹਾਨ[2]॥੫॥ ਊਚ ਰੁ ਨੀਚ ਰੰਕ ਕੈ ਰਾਜਾ। ਸਾਧ ਅਸਾਧ ਲਖਹੁ ਸਭਿ ਪਾਜਾ[3]। ਇਨ ਤੁਕਹਨ ਮੈਂ ਜੋ ਭਿੱਪ੍ਰਾਯ[4]।ਹਰਖ ਸ਼ੋਕ ਰਹਿਨੋ ਇਕ ਭਾਇ॥੬॥ਇਸਪ੍ਰਕਾਰ ਕੋ ਸੰਤ ਬਿਸਾਲਾ। ਮੋਕਉ ਦਿਖਰਾਵਹੁ ਕਿਸ ਕਾਲ।ਦ੍ਵੰਦਨ[5] ਮਹਿ ਜਿਸ ਬ੍ਰਿਤੀ ਸਮਾਨ।ਮਾਨ ਅਮਾਨ,ਅਸੁਖ ਸੁਖ ਜਾਨ॥੭॥ਹਰਖਸ਼ੋਕ ਨਹਿ ਕਬਿ ਉਪਜੈਤਾ। ਸਦਾ ਏਕਰਸ ਕੋ ਨਿਬਹੈਤਾ[6]। ਜਿਸਕੀ ਐਸ ਅਵਸਥਾ ਹੋਇ। ਬਡੇ ਸਾਹਿਬਨ ਬਰਨੀ ਜੋਇ[7]" ॥ ੮ ॥ ਉੱਜਲ ਅਰੁ ਬਡਭਾਗਾ ਮਾਤਾ। ਕਹਯੋ'ਦਿਖਾਵਹੁ ਤਿਹ ਸੁੱਖਦਾਤਾ'।ਰੁਚਿਰ ਮਨੋਰਥ ਜਨਨੀ ਕੇਰਾ। ਸੁਨਿ ਬੋਲੇ ਸਤਿਗੁਰ ਤਿਸ ਬੇਰਾ ॥੯॥ 'ਅਸ ਪੁਰਸ਼ੋਤਮ ਸੰਤ ਸੁਚਾਲੀ[8]। ਪਿਖਹੁ ਨਿਸੰਸੈ ਹੋਵਤਿ ਕਾਲੀ। ਦਰਸ਼ਨ ਕਰਿਕੈ ਅਚਹੁ ਅਹਾਰਾ। ਕਰਹੁ ਪ੍ਰਤੀਖਨ ਭਾਵ ਉਦਾਰਾ[9] ॥੧੦॥ ਐਸਨਿ ਕਹੁ ਰਚਿ ਕਰਿ ਕਰਤਾਰਾ। ਲਖਹਿ ਸਫਲ ਸਿਰਜਨ ਜਗ ਸਾਰਾ।ਸ਼ੇਖ,ਸਾਰਦਾ,ਬੇਦ,ਬਿਰੰਚ[10]।ਕਰਿ ਨ ਸਕਹਿੰ ਜਿਹ ਮਹਿੰਮਾ ਰੰਚ[11] ॥ ੧੧ ॥ ਸਮਦਰਸੀ ਇਕਰਸ ਮਨ ਸ਼ਾਂਤਿ। ਮਹਾਂਪੁਰਖ ਪੂਰਨ ਅਵਿਦਾਤਿ। ਮਨਹੁੰ ਕਾਮਨਾ ਪੂਰਨ ਹੋਵਹੁ।ਨਿਹਸੰਸੇ ਦਰਸ਼ਨ ਕੌ ਜੋਵਹੁ' ॥ ੧੨ ॥ ਇਮ ਕਹਿ ਸਤਿਗੁਰ ਬਾਹਿਰ ਆਏ। ਜੋ ਸਭਿ ਸਿੱਖਨ ਕੋ ਸੁਖਦਾਏ। ਮਾਤਾ ਭਈ ਪ੍ਰਸੰਨ ਮਹਾਨਾ।—ਦੇਖਹੁ ਸੰਤ ਸੁ ਬ੍ਰਿਤੀ ਸਮਾਨਾ—॥ ੧੩ ॥ ਉਤਕੰਠਾ[12] ਜਿਸ ਕੇ ਉਰ ਏਵੀ। ਜਗਤਈਸ਼ ਕੀ ਜਨਨੀ ਦੇਵੀ। ਪ੍ਰਥਮ ਮਿਲਯੋ ਸ੍ਰੀ ਨਾਨਕ ਸੰਗ।ਭਾਈ ਬੁੱਢਾ ਸੁਮਤਿ

---

[1]ਭਾਵ ਵੈਰਾਗਵਾਨ ਹੋਕੇ ਮੁਕਤੀ ਦੀ ਇੱਛਾ ਕਰ ਰਹੀ ਹੈ। [2]ਹੱਥ ਤੇ ਧਰੇ ਬੇਰ ਵਾਂਙੂ ਸਾਰਾ ਜਹਾਨ ਆਪ ਪਰ ਰੌਸ਼ਨ ਹੈ। [3]ਸਾਰਿਆਂ ਦੇ ਪਾਜ ਨੂੰ ਜਾਣਦੇ ਹੋ। [4]ਤਾਤਪਰਜ। [5]ਦੁਖ ਸੁਖ, ਹਰਖ ਸ਼ੋਕ, ਮਾਨ ਅਪਮਾਨ ਆਦਿ ਜੋੜੇ। [6]ਭਾਵ ਬ੍ਰਿਤੀ ਨੂੰ ਇਕਰਸ ਰੱਖਦਾ ਹੋਵੇ। [7]ਵਡੇ ਗੁਰੂ ਸਾਹਿਬਾਂ ਨੇ। [8]ਸ੍ਰੇਸ਼ਟ ਰਹਿਣੀ ਵਾਲਾ। [9]ਉਦਾਰ ਭਾਵਨਾ ਨਾਲ ਉਡੀਕੋ। [10]ਸ਼ੇਸ਼ ਨਾਗ, ਸਰਸ੍ਵਤੀ ਵੇਦ ਤੇ ਬ੍ਰਹਮਾ। [11]ਥੋੜੀ ਬੀ। [12]ਇੱਛਾ।

Sri Satguru Jagjit Singh Ji eLlibrary NamdhariElibrary@gmail.com

ਉਤੰਗ ॥ ੧੪ ॥ ਗਯਾਨ ਅਵਸਥਾ ਬਿਖੈ ਅਰੂਢਾ। ਪ੍ਰਾਪਤਿ ਭਯੋ ਪਰਮ ਪਦ ਗੂਢਾ। ਖਟ ਪਤਿਸ਼ਾਹੀ ਲਗਿ ਜਗ ਰਹਯੋ। ਸਤਿਗੁਰੁ ਚਲਿਤ ਬ੍ਰਿੰਦ ਕੋ ਲਹਯੋ ॥ ੧੫ ॥ ਜਿਸ ਕੇ ਬਾਕ ਮਿਟੈਂ ਨਹਿਂ ਕਿਸ ਤੇ। ਉੱਤਮ ਅਪਰ ਕਹੋ ਕੋ ਤਿਸ ਤੇ। ਤਿਸ ਕੀ ਕੁਲ ਕੋ ਭੂਖਨ ਭਯੋ। ਨਾਮ ਸੁ ਰਾਮ ਕੁਇਰ ਜੋ ਥਿਯੋ ॥ ੧੬ ॥ ਜਨੁ ਦੀਪਕ ਤੇ ਦੀਪ ਜਗਾਯੋ। ਗਯਾਨ ਅਵਸਥਾ ਮਹਿਂ ਦਿਪਤਾਯੋ। ਸਿੱਖਨ ਮੁੱਖਯ ਸਤਿਗੁਰ ਘਰ ਕੇਰੇ। ਜਿਨ ਕੀ ਸਮਤਾ ਅਪਰ ਨ ਹੇਰੇ ॥੧੭॥ ਹੁਤੇ ਸਮੈ ਤਿਸ ਅੰਮ੍ਰਿਤਸਰ ਜੀ। ਲਖਯੋ ਬ੍ਰਿਤਾਂਤ ਸਰਬ ਗੁਰ ਘਰ ਜੀ।ਦਸਵੇਂ ਪਾਤਸ਼ਾਹ ਮਨ ਕੇਰਾ।-ਮਾਤਾ ਹਿਤ ਸੁ ਮਨੋਰਥ ਮੇਰਾ ॥੧੮॥ ਦਰਸ ਅਵੱਸ਼ਯ ਕਰਹਿ ਕਹੁ ਕਾਲੀ। ਉਰ ਮਹਿਂ ਇੱਛਾ ਕੀਨਿ ਬਿਸਾਲੀ-। ਗਈ ਨਿਸਾ ਪਰਿ ਕਰਿਤੇ ਤਯਾਰੀ[1]। ਨਿਜ ਸੰਗਤਿ ਸੋਂ ਗਿਰਾ ਉਚਾਰੀ ॥੧੯॥ 'ਭਏ ਪ੍ਰਭਾਤਿ ਅਨੰਦਪੁਰਿ ਜਾਨਾ। ਮੁਝ ਪਸ਼-ਚਾਤੀ ਕਰਹੁ ਪਯਾਨਾ। ਮੈਂ ਏਕਾਂਕੀ ਸ਼ੀਘ੍ਰ ਸਿਧਾਊਂ। ਦਰਸ਼ਨ ਸ਼੍ਰੀ ਸਤਿ-ਗੁਰ ਕੋ ਪਾਊਂ॥੨੦॥ [2]ਤੁਮ ਤੇ ਪਹੁੰਚਯੋ ਜਾਇ ਸੁ ਜਾਵਤਿ।ਸ਼ੀਘ੍ਰ ਸਿਧਾਵਹੁ ਆਵਹੁ ਤਾਵਤ'। ਇਮ ਕਹਿ ਰੈਨ ਬਿਖੈ ਪਰਿ ਸੋਏ। ਭਈ ਪ੍ਰਭਾਤਿ ਜਾਗਿਬੋ ਹੋਏ ॥ ੨੧ ॥ ਕਰਿ ਇਸ਼ਨਾਨ ਪਾਠ ਜਪ ਕੀਨਾ। ਪੁਨ ਗੁਰ ਦਰਸ਼ਨ ਕੌ ਮਨ ਦੀਨਾ। ਭਯੋ ਤੁਰੰਗਨ ਪਰ ਆਰੂਢਾ। ਚਲਯੋ ਬੇਗ ਜਿਸ ਆਸ਼ੈ ਗੂਢ ॥ ੨੨ ॥ ਕਹਯੋ ਸਭਿਨਿ ਸੋਂ 'ਆਵਹੁ ਮਿਲੇ। ਮੁਖ ਅਨੰਦਪੁਰ ਦਿਸ਼ਿ ਕਰਿ ਚਲੇ'। ਤੂਰਨ ਤੋਰਿ ਤੁਰੰਗਨਿ ਤਬੈ। ਗਮਨੇ ਮਾਰਗ ਤਜਿ ਕਰਿ ਸਬੈ[3] ॥ ੨੩ ॥ ਸ਼ੀਘ੍ਰ ਸਾਥ ਮਗ ਚਲਤੇ ਚਲਤੇ। ਭਾ ਮੱਧਯਾਨ ਭਾਨੁ ਕੁਛ ਢਲਤੇ। ਕੋਸ ਪਚੀਸਕ ਪਹੁੰਚੇ ਜਾਇ। ਪੈਂਡੋ ਦੂਰ ਰਹਯੋ ਪੁਰਿ ਥਾਂਇ ॥ ੨੪ ॥ ਇਤ ਸ਼੍ਰੀ ਗੁਜਰੀ ਪੁੰਨ ਮਹਾਨੀ। ਉਠੀ ਪ੍ਰਾਤਿ ਕਰਿ ਮੱਜਨ ਪਾਨੀ। ਜਪੁਜੀ ਆਦਿ ਪਾਠ ਕਰਿ ਬਾਨੀ। ਬੈਠੀ ਪੁਨ ਪ੍ਰਤੀਖਨਾ ਠਾਨੀ ॥ ੨੫ ॥ ਪੁੱਤ੍ਰ ਬਾਕ ਪਰ ਨਿਸ਼ਚਾ ਲੀਏ। ਭੋਜਨ ਜਲ ਅਚਿਬੋ ਨਹਿਂ ਕੀਏ।ਉਤਕੰਠਤਿ[4] ਬੈਠੀ ਬਡਭਾਗਨ।ਪੂਰਬ[5] ਸੁਤ ਪਿਖਿਨਿ ਅਨੁ-ਰਾਗਨ ॥ ੨੬ ॥ ਬੀਤੇ ਜਬਹਿ ਜਾਮ ਜੁਗ ਬੈਸੇ। ਸੁਤ ਢਿਗ ਪਠਯੋ ਦਾਸ ਕੋ ਐਸੇ। 'ਕਰਯੋ ਪ੍ਰਤੀਖਨ ਕਹੋ ਤੁਹਾਰੇ। ਨਹਿਂ ਆਯੋ ਨਹਿਂ ਅਚਯੋ

[1]ਤਿਆਰੀ ਕਰਦਿਆਂ ਰਾਤ ਪੈਗਈ।[2]ਜਿੰਨੀ ਛੇਤੀ ਤੁਹਾਥੋਂ ਪਹੁੰਚਿਆ ਜਾਵੇ ਉਤਨੀ ਛੇਤੀ ਤੁਰ ਪਓ ਤੇ ਆ ਜਾਵੋ।[3]ਸਾਰੇ(ਸਾਥੀਆਂ ਨੂੰ)ਛੱਡਕੇ ਰਸਤੇ ਪਏ।[4]ਉਡੀਕਵਾਨ।[5](ਅੰਨ ਛਕਣ ਤੋਂ) ਪਹਿਲੋਂ।

ਅਹਾਰੇ ॥੨੭॥ ਅਬਿ ਮੱਧਯਾਨ ਕਾਲ ਭੀ ਬੀਤਾ। ਰਹਿ ਗਯੋ ਮੋਰ ਮਨੋਰਥ ਰੀਤਾ। ਆਇ ਅਨੰਦਪੁਰਿ ਆਜ ਕਿ ਨਾਂਹੀ। ਨਿਪੁਨ ਜਿ ਸੰਤ ਗਯਾਨ ਕੋ ਮਾਂਹੀ ॥ ੨੮ ॥ ਅਬਿ ਜਿਮ ਕਹਹੁ ਕਰਹਿਂ ਤਿਸ ਰੀਤਿ'। ਸੁਨਿ ਬੋਲੇ ਸਤਿਗੁਰ ਮੁਦ ਚੀਤਿ। 'ਧੰਨ ਮਨੋਰਥ ਅਹੈ ਤੁਮਾਰਾ। ਕਰੀ ਪ੍ਰਤੀਖਨ ਧੰਨ ਉਦਾਰਾ ॥ ੨੯ ॥ ਉਪਜਾਵਹੁ[1] ਅਹਾਰ ਰਸਵਾਰੇ। ਮਧੁਰ ਸਲਵਣ ਅਨੇਕ ਪ੍ਰਕਾਰੇ। ਕਰਿਵਾਵਹੁ ਸਭਿ ਬਿਧਿ ਕੀ ਤਯਾਰੀ। ਸਕਲ ਪਰੋਸਹੁ ਥਾਲ ਮਝਾਰੀ ॥ ੩੦ ॥ ਜਬਿ ਸਭਿਹੂੰ ਬਿਧਿ ਇਹ ਕਰਿ ਲੈਹੋ। ਤਾਤਕਾਲ ਹੀ ਦਰਸ਼ਨ ਪੈਹੋ। ਨਹੀਂ ਬਿਲਮ ਅਬਿ ਆਵਨਿ ਮਾਂਹਿ। ਤਯਾਰੀ ਕਰਹੁ ਭਾਵ ਧਰਿ ਤਾਂਹਿ' ॥ ੩੧ ॥ ਜਿਸ ਪ੍ਰਕਾਰ ਸ੍ਰੀ ਗੁਰ ਫੁਰਮਾਯੋ। ਸੁਨਤਿ ਦਾਸ ਨੇ ਜਾਇ ਸੁਨਾਯੋ। ਪਰਮ ਪ੍ਰਸੰਨ ਜਨਨਿ ਮਨ ਭਯੋ। ਕਰਿਓ ਤਯਾਰ ਸੁ ਆਇਸੁ ਦਯੋ ॥੩੨॥ ਬਹੁ ਤੂਰਨ ਕਰਿ ਬਹੁ ਨਰ ਲਾਏ। ਬਿੰਜਨ ਨਾਨਾ ਭਾਂਤਿ ਕਰਾਏ। ਖਟਰਸ ਜੁਗਤ ਸੁਾਦਿ ਮਨ ਭਾਵਾ। ਅਪਨ ਹਜ਼ੂਰ ਥਾਲ ਮਹਿਂ ਪਾਵਾ ॥ ੩੩॥ ਸਰਬ ਪ੍ਰਕਾਰਨਿ ਕਰਿਕੈ ਤਯਾਰੀ। ਕਰਹਿ ਪ੍ਰਤੀਖਨ ਭਾਉ ਸੁ ਭਾਰੀ। ਜਬਿ ਮੱਧਯਾਨ ਚਲਯੋ ਮਗ ਆਵਤਿ। ਬਡਵਾ ਕੋ ਪ੍ਰੇਰਤਿ ਉਤਲਾਵਤ ॥ ੩੪ ॥ ਇਤ ਅਨੰਦਪੁਰਿ ਕੋ ਬਿਰਤਾਂਤ। ਜਾਨਯੋਂ ਰਾਮ-ਕੁਇਰ ਮਨ ਸ਼ਾਂਤਿ।-ਪਹੁੰਚਯੋ ਜਾਇ ਨ ਅਜ਼ਮਤ ਬਿਨਾ। ਬਿਨ ਪਹੁੰਚੇ ਮਿਥਯਾ ਹੁਇ ਜਨਾ[2] ॥੩੫॥ ਤਯੋਂ ਹੀ ਕਰਨਿ ਸਭਿਨਿ ਬਨ ਆਇ। ਜਯੋਂ ਸਤਿਗੁਰ ਕੀ ਹੋਇ ਰਜਾਇ-। ਅਸ ਮਨ ਜਾਨਿ ਛਿਨਕ ਮਹਿਂ ਆਵਾ। ਸਤਿਗੁਰ ਕੇ ਪਗ ਸੀਸ ਨਿਵਾਵਾ॥੩੬॥ਬਾਰਿ ਬਾਰਿ ਅਭਿਬੰਦਨ ਕਰਿਹੀ। ਪਰਮ ਪ੍ਰੇਮ ਤੇ ਰੂਪ ਨਿਹਰਿਹੀ। ਕੁਸ਼ਲ ਬੂਝਿ ਗੁਰ ਸਾਦਰ ਭਾਖਾ। 'ਅਚਹੁ ਅਹਾਰ ਮਹਿਤ ਅਭਿਲਾਖਾ' ॥ ੩੭ ॥ ਦਾਸ ਏਕ ਕਰਿ ਦੀਨੋ ਸੰਗ। ਗਏ ਮਾਤ ਕੇ ਮਹਿਲ ਉਤੰਗ। ਕਰਯੋ ਹੁਤੋ ਤਬਿ ਥਾਲ ਸੁ ਤਯਾਰੀ।ਰਾਮਕੁਇਰ ਪਹੁੰਚਯੋ ਸਿਖ ਭਾਰੀ ॥ ੩੮ ॥ ਮਾਤਾ ਕੇ ਪਾਇਨ ਪਰ ਪਰਯੋ। ਪੂਰਨ ਜਾਂਹਿ[3] ਮਨੋਰਥ ਕਰਯੋ। ਸੁੰਦਰ ਆਸਨ ਤਹਾਂ ਡਸਾਵਾ। ਤਿਸ ਪਰ ਸਾਦਰ ਭਾਖਿ ਬਿਠਾਵਾ ॥ ੩੯ ॥ ਆਗੈ ਥਾਰ ਮਾਤ ਧਰਿ ਦੀਨਸਿ। ਅਪਨੇ ਹਾਥ ਬੀਜਨਾ ਲੀਨਸਿ। ਮੰਦ ਮੰਦ ਕਰਿ ਪੰਖ ਝੁਲਾਵਾ। ਧਰੇ ਭਾਵ ਭੋਜਨ ਅਚਵਾਵਾ ॥੪੦॥ ਮਹਾਂ ਪੁਰਖ ਪੂਰਨ ਮਨ ਜਾਨੇ। ਦਰਸ਼ਨ ਕਰਤਿ ਭਾਉ

[1]ਤਿਆਰ ਕਰੋ। [2]ਭਾਵ ਵੇਲੇ ਸਿਰ ਅੱਪੜੇ ਬਿਨਾਂ ਜਾਣਾ ਬ੍ਰਿਥਾ ਹੋ ਜਾਊ। [3]ਜਿਨ੍ਹਾਂ ਦਾ।

ਰਿਦ ਠਾਨੇ। ਬੂਝਨਿ ਲਗੀ ਮਾਤ ਸਤਿ ਭਾਏ। 'ਆਜ ਕਹਾਂ ਤੇ ਚਲਿ ਕਰਿ ਆਏ?'॥੪੧॥ਰਾਮਕੁਇਰ ਅਚਿ ਭੋਜਨ ਸੋਈ। ਬੋਲ੍ਯੋ ਹਾਥ ਜੋਰਿ ਕਰਿ ਦੋਈ। 'ਤਹਾਂ ਰਖੇ ਰਾਖੇ ਗੁਰ ਜਹਾਂ। ਜਹਾਂ ਪਠਾਵਹਿ ਜਾਵਹਿ ਤਹਾਂ ॥ ੪੨ ॥ ਪੁਤਲੀ ਕੇ ਅਧੀਨ ਕਨਾ ਅਹੈ। ਨਰ ਕੇ ਬਸ ਬਰਤੀ ਨਿਤ ਰਹੈ[1]। ਜਥਾ ਕਰਾਇ ਤਥਾ ਸੋ ਕਰਿਹੀ।ਤਿਮ ਸਤਿਗੁਰ ਕੇ ਹਮ ਅਨੁਸਰ ਹੀ ॥ ੪੩ ॥ ਹਮ ਸੁਛੰਦ ਕੁਛ ਕਰਿ ਸਕਿ ਨਾਂਹੀ। ਸਦਾ ਚਲਹਿ ਗੁਰ ਆਗ੍ਯਾ ਮਾਂਹੀ*'। ਇਮ ਕਹਿ ਨਮਹਿ ਮਾਤ ਕੋ ਕਰਿਕੈ। ਗੁਰ ਢਿਗ ਆਯੋ ਉਰ ਮੁਦ ਧਰਿਕੈ ॥ ੪੪ ॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸ੍ਰੀ ਰਾਮਕੁਇਰ' ਪ੍ਰਸੰਗ ਬਰਨਨੰ ਨਾਮ ਤੇਤੀਸਮੋਂ ਅੰਸੂ ॥ ੩੩ ॥

## ੩੪. [ਕੜਾਹ ਦੀ ਲੁੱਟ। ਭਾਈ ਰਾਮਕੁਇਰ ਜੀ]।

ਦੋਹਰਾ ॥ ਬੈਠ੍ਯੋ ਸ੍ਰੀ ਸਤਿਗੁਰ ਨਿਕਟ ਰਾਮਕੁਇਰ ਸ਼ੁਭ ਸੰਤ। ਸਿੱਖੀ ਕੀ ਲਛਮੀ ਮਹਾਂ ਜਿਨ ਕੇ ਦਿਪਤ ਅਨੰਤ[2] ॥ ੧ ॥ ਚੌਪਈ ॥ ਸ੍ਰੀ ਗੁਰ ਕੁਸ਼ਲ ਪ੍ਰਸ਼ਨ ਕਰਿ ਸਾਰੇ।ਕ੍ਰਿਪਾ ਦ੍ਰਿਸ਼ਟਿ ਤੇ ਬਹੁ ਸਤਿਕਾਰੇ।'ਗੁਰ ਸਿੱਖੀ ਕੇ ਤੁਮ ਆਧਾਰੇ। ਪਾਇ ਸੁਮਗ ਨਰ ਅਨਿਕ ਉਧਾਰੇ ॥ ੨ ॥ ਗੁਰ ਸਿੱਖੀ ਸਾਗਰ ਬਿਨੁ ਪਾਰੀ[3]†। ਸ਼ਰਧਾ ਕੋ ਨਿਸ਼ਚਾ ਬਰ ਬਾਰੀ[4]। ਸੱਤਨਾਮ ਸਿਮਰਨੋ ਨਿਰੰਤਰ। ਨਿਸ ਦਿਨ ਉਠਹਿਂ ਤਰੰਗ ਸੁ ਅੰਤਰ[5] ॥ ੩ ॥ ਹਉਮੈ ਸੁਰਤ ਬਿਸਾਰਨ ਕਰਨੀ[6]। ਇਹ ਪਾਵਨਤਾ[7] ਜਿਸ ਮਹਿਂ ਬਰਨੀ। ਪਰਮੇਸ਼ੁਰ ਕੇ ਕ੍ਰਿਤ ਭਲ ਭਾਵੈ[8]। ਸਦਾ ਅਗਾਧਪਨੋ ਦਰਸਾਵੈ ॥ ੪ ॥ ਸ੍ਰੀ ਨਾਨਕ ਅਰ ਦਸਮ ਸਰੂਪ। ਵਿਚ ਬੇਲਾ[9] ਦ੍ਵੈ ਲਖਹੁ ਅਨੂਪ। ਸਮ ਦਮ ਦਯਾ ਧਰਮ ਸੁਚ ਸ਼ਾਂਤੀ। ਰਹਤਿ ਰਾਖਨੀ ਗੁਰਮਤਿ ਭਾਂਤੀ[10] ॥ ੫ ॥ ਛਿਮਾ, ਸੌਚਤਾ, ਮੁਦਿਤਾ, ਪ੍ਰੀਤ। ਇਹ ਨਵ ਨਦੀ ਮਿਲਹਿ ਜਿਸ ਨੀਤ। ਸਿੱਖ ਸੰਤ ਜਲ-

---

[1](ਪੁਤਲੀ ਖਿਲਾਵਨਹਾਰ) ਨਰ ਦੇ ਅਨੁਸਾਰ ਵਰਤਦੀ ਰਹਿੰਦੀ ਹੈ। [2]ਬਿਅੰਤ ਸਿੱਖੀ ਦੀ ਸ਼ੋਭਾ। [3]ਗੁਰ ਸਿੱਖੀ ਸਮੁੰਦਰ ਹੈ ਬਿਨਾ ਪਾਰ ਤੋਂ ਭਾਵ ਅਪਾਰ। [4]ਸ੍ਰੇਸ਼ਟ ਜਲ। [5]( ਉਸ ਸਮੁੰਦਰ ) ਵਿਚ ਨਿਸਦਿਨ ਨਾਮ ਜਪਣਾ ਮਾਨੋਂ ਤ੍ਰੰਗ ਉੱਠਣੇ ਹਨ। [6]ਹੰਗਤਾ ਦੀ ਸੁਰਤ ਦਾ ਭੁਲਾਵਣਾ। [7]ਭਾਵ ਇਹ ਪਵਿੱਤ੍ਰਤਾ ਹੈ। [8]ਪਰਮੇਸੁਰ ਦੀ ਕ੍ਰਿਤ ਭਲੀ ਭਾਵਣੀ ਭਾਵ ਭਾਣਾ ਮੰਨਣਾ। [9]ਕਿਨਾਰੇ। (ਅ) ਨਦੀ ਦੇ ਦੋਹਾਂ ਕਿਨਾਰਿਆਂ ਦੇ ਜੰਗਲ। [10]ਗੁਰਮਤਿ ਅਨਕੂਲ ਰਹਿਤ ਰੱਖਣੀ।

*ਗੁਰੂ ਜੀ ਦੀ ਗੁਰੱਤ੍ਵ ਦਾ ਦਰਜਾ ਗਜਾਤ ਗੇਯ ਪੂਰਨ ਬ੍ਰਹਮ ਗਿਆਨੀ ਤੋਂ ਭੀ ਉੱਚਾ ਹੈ, ਇਹ ਗਲ ਭਾਈ ਰਾਮਕੌਰ ਜੀ ਨੇ ਇਥੇ ਸਪਸ਼ਟ ਕਰਕੇ ਮਾਤਾ ਜੀ ਨੂੰ ਲਖਾਈ ਹੈ।

†ਪਾ:—ਗੁਰਮੁਖ ਸਿਖੀ ਸਿੰਧੁ ਅਪਾਰੀ।

Sri Satguru Jagjit Singh Ji eLlibrary NamdhariElibrary@gmail.com

ਜੰਤੁ ਅਪਾਰਾ।ਮੀਨ ਆਦਿ ਜੇ ਅਹੈਂ ਉਦਾਰਾ ॥ ੬॥ ਨਰਕ ਤਪਤ ਜਿਨ ਕਉ ਕਬਿ ਨਾਂਹੀ। ਦੁਖ ਸੁਖ ਮਹਿ ਜੋ ਤਜਿ ਨ ਸਕਾਹੀਂ।ਅਸ ਗੁਰ ਸਿੱਖੀ ਜਲਧ ਸਕਾਸਾ[1]। ਬੰਸ ਤੁਮਾਰੋ ਚੰਦ ਪ੍ਰਕਾਸ਼ਾ॥੭॥ਦੋਹਰਾ॥ਬੁੱਢਾ ਭਯੋ ਮਹਾ-ਤਮਾ ਛੁਯੋ ਬਿਕਾਰ ਨ ਲੇਸ਼। ਸਦਾ ਏਕ ਰਸ ਮਹਿ ਰਹ੍ਯੋ ਅਪਰਨ ਹਤੇ ਕਲੇਸ਼[2]* ॥੮॥ ਚੌਪਈ॥ ਰਾਮਕੁਇਰ ਸੁਨਿ ਬੰਸ ਬਡਾਈ।ਮਸਤਕ ਟੇਕਯੋ ਗ੍ਰੀਵ ਨਿਵਾਈ। ਮਨਹੁੰ ਲਾਜ ਕੋ ਭਾਰ ਉਦਾਰਾ[3]। ਸਹ੍ਯੋ ਨ ਜਾਇ,ਥਿਰ੍ਯੋ ਬਲ ਭਾਰਾ[4] ॥੯॥ ਇਮ ਕਰਿਕੈ ਸਨਮਾਨ ਘਨੇਰਾ।ਦੀਨਸਿ ਸ਼ੁਭ ਮੰਦਿਰ ਮਹਿਂ ਡੇਰਾ।ਦਿਵਸ ਚਾਰ ਮਹਿ ਸੰਗਤਿ ਸਾਰੀ।ਪ੍ਰਾਪਤਿ ਭਈ ਸ਼ੁਮਤਿ ਹੁਇ ਭਾਰੀ॥੧੦॥ਸਤਿਗੁਰ ਦਰਸਹਿਂ ਧਰਹਿਂ ਉਪਾਇਨ।ਸੀਸ ਨਿਵਾਵਹਿ ਕੋਮਲ ਪਾਇਨ।ਸਨੈ ਸਨੈ ਡੇਰਾ ਕਰਿ ਦੀਨਸਿ।ਸ਼੍ਰਮ ਮਾਰਗ ਨਿਰਬਿਰਤੀ ਕੀਨਸਿ ॥੧੧॥ਰੈਨ ਸੈਨ ਕਰਿ ਚੈਨ[5] ਸਮੇਤੇ।ਜਾਗੇ ਅੰਮ੍ਰਿਤ ਸਮੈਂ ਭਏ ਤੇ।ਸਤੁੱਦ੍ਰਵ ਸੁੰਦਰ ਸੀਤਲ ਨੀਰ। ਸੌਚ ਸ਼ਨਾਨਹਿ ਸਰਬ ਸਰੀਰ ॥ ੧੨ ॥ ਜਪੁਜੀ ਆਦਿ ਪਠਤਿ ਗੁਰਬਾਨੀ। ਸੱਤਿਨਾਮ ਸਿਮਰਹਿਂ ਅਘ ਹਾਨੀ। ਸਨੈ ਸਨੈ ਚਲਿ ਪੁਰਿ ਮਹਿਂ ਆਏ। ਰਾਮਕੁਇਰ ਕੇ ਸੰਗ ਸੁਹਾਏ॥੧੩॥ ਤਿਮ ਸਤਿ-ਗੁਰ ਕਰਿ ਸੌਚ ਸ਼ਨਾਨ। ਆਇ ਬਿਰਾਜੇ ਸਭਾ ਸਥਾਨ।ਸਕਲ ਸਿਖ ਤੈਸੇ ਚਲਿਆਏ। ਦਰਸਹਿਂ ਸਤਿਗੁਰ ਸੀਸ ਨਿਵਾਏ ॥੧੪ ॥ ਰਾਮ ਕੁਇਰ ਲੇ ਸੰਗਤਿ ਸਾਰੀ। ਜਾਇ ਨਮੋ ਗੁਰ ਚਰਨ ਅਗਾਰੀ। ਜਥਾ ਕ੍ਰਮ ਸੁ ਬੈਠੇ ਗੁਰ ਪਾਸ। ਦਰਸ਼ਨ ਦਰਸਹਿ ਮੋਦ ਪ੍ਰਕਾਸ਼ਿ ॥ ੧੫ ॥ ਤਬਿ ਅਰਦਾਸੀ ਓਰ ਨਿਹਾਰ੍ਯੋ। ਮਹਾਂਰਾਜ ਗੁਰ ਬਾਕ ਉਚਾਰ੍ਯੋ। 'ਆਗਯਾ ਕੋਸ਼ਪ ਨਿਕਟ ਪਠਾਵਹੁ। ਏਕ ਹਜ਼ਾਰ ਰਜਤਪਣ ਲ੍ਯਾਵਹੁ ॥ ੧੬ ॥ ਸਭਿ ਕੋ ਪੰਚਾਂਮ੍ਰਿਤ ਕਰਿਵਾਇ।ਹੁਇ ਤਯਾਰ ਆਨਹੁ ਸਹਿਸਾਇ'। ਸੁਨਿ ਕੈ ਗਯੋ ਕ੍ਰਿਤ ਸਭਿ ਕਰਿਕੈ[6]। ਲ੍ਯਾਵਤਿ ਭਯੋ ਸ਼ੀਘ੍ਰਤਾ ਧਰਿਕੈ ॥ ੧੭ ॥ ਪੁਨਹਿਂ ਸਿੱਖ ਸਗਰੇ ਬੁਲਵਾਏ। ਸੁਨਿ ਸੁਨਿ ਆਨਿ ਮਿਲਹਿ ਇਕ ਥਾਏਂ। ਸ਼੍ਰੀ ਸਤਿਗੁਰ

[1]ਐਸੇ ਗੁਰਸਿੱਖੀ ( ਰੂਪੀ ) ਸਮੁੰਦਰ ਦੇ ਪਾਸ...... [ਸੰਸ:, ਸਕਾਸ਼=ਪਾਸ, ਕੋਲ ]। [2]ਹੋਰਨਾਂ (ਸਿੱਖਾਂ) ਦੇ ਕਲੇਸ਼ ਦੂਰ ਕੀਤੇ। [3]ਬਹੁਤ। [4]ਰਾਮਕੁਇਰ ਨੇ ਗਿੱਚੀ ਨਿਵਾਈ ਹੈ ਉਸ ਦਾ ਰੂਪਕ ਬੰਨ੍ਹਦੇ ਹਨ ਕਿ ਮਾਨੋਂ ਆਪਣੀ ਕੁਲ ਦੀ ਉਸਤਤ ਸੁਣਨੀ ਇਕ ਲੱਜਿਆ ਦਾ ਭਾਰੀ ਬੋਝ ਸੀ ਜੋ ਸਹਾਰਿਆ ਨਹੀਂ ਗਿਆ ਤੇ ਉਸ ਭਾਰ ਨੇ ਧੌਣ ਮੱਥਾ ਟੇਕਣ ਵਿਚ ਨਿਵਾ ਦਿੱਤੀ। [5]ਆਰਾਮ। [6]ਸਾਰਾ (ਕੜਾਹ ਪ੍ਰਸ਼ਾਦ ਦਾ) ਕੰਮ ਕਰਕੇ।

*ਪਾ:—ਸਦਾ ਰਹਿਤ ਗੁਰ ਚਰਨ ਲਗਿ ਤਜ੍ਯੋ ਸਕਲ ਕਲੇਸ਼।

Sri Satguru Jagjit Singh Ji eLlibrary NamdhariElibrary@gmail.com

ਕੇ ਪਗ ਕਰਿ ਬੰਦਨ। ਬੈਠੈਂ ਦਰਸਤਿ ਹ੍ਵੈ ਅਭਿਨੰਦਨ[1] ॥ ੧੮ ॥ ਰਾਮ ਕੁਇਰ ਸੰਗਤਿ ਜੁਤਿ ਤਹਾਂ। ਪੂਰਨ ਸਭਾ ਭਈ ਸੁਖ ਮਹਾਂ। ਪਾਤਿਸ਼ਾਹ ਦਸਵੇਂ ਗੁਰ ਸੋਹੈਂ। ਬਿਗਸਾਵਤਿ ਮੁਖ ਕਮਲ ਮਨੋ ਹੈਂ ॥੧੯॥ ਕ੍ਰਿਪਾ ਸਨੇ ਬਰ ਬੋਲਤਿ ਬੋਲ। [2]ਕੁੰਡਲ ਡੋਲ ਕਪੋਲਨਿ ਲੋਲ। ਦੇਖਿ ਦੇਖਿ ਸਿਖ ਜੀਵਤਿ ਮਾਨੋ[3]।ਮਿਟਹਿਂ ਪਾਪ ਦੁਖ ਦੋਖ ਮਹਾਨੋ॥੨੦॥ ਪਿਖਯੋ ਤਿਹਾਵਲ ਕੀ ਦਿਸ਼ਿ ਫੇਰ। ਆਗਯਾ ਦੇਤਿ ਭਏ ਤਿਸ ਬੇਰ। 'ਲੂਟ ਲੇਹੁ ਸਭਿ ਕਰਹੁ ਅਹਾਰਾ'। ਕਹਤਿ ਉਠੇ ਸਤਿਗੁਰ ਦਰਬਾਰਾ ॥ ੨੧ ॥ ਮਹਿਲਾਨ ਬਿਖੈ ਬਿਰਾਜੇ ਜਾਇ।ਪਾਛੇ ਉਠੇ ਸਿੰਘ ਸਹਿਸਾਇ।ਕਰਹਿ ਸ਼ੀਘ੍ਰਤਾ ਲੂਟਮਚਾਈ। ਲੇ ਲੇ ਜਾਹਿ ਤਹਾਂ ਸਮੁਦਾਈ॥ ੨੨ ॥ ਜਿਤੋ ਜਿਤੋ ਜਿਸ ਜਿਸ ਨੇ ਲੀਨਸਿ।ਡੇਰੇ ਜਾਇ ਸੁ ਥੇਬੇ ਕੀਨਸਿ।ਦੁਇ ਤ੍ਰੈ ਚਹੁੰ ਕੋ ਜਿਤਿਕ ਅਹਾਰੇ। ਇਕ ਇਕ ਲੇ ਗਮਨਯੋਂ ਬਲ ਭਾਰੇ॥੨੩॥ਲੂਟਤਿ ਅਧਿਕੈਂ ਰੌਰ ਮਚਾਵਾ। ਦੂਰ ਦੂਰ ਲੈ ਬਹੁ ਸੁਨਿ ਪਾਵਾ। ਰਾਮਕੁਇਰ ਪਿਖਿ ਕੈ ਗੁਰ ਤੌਰ[4]। ਅੰਤਰਮੁਖੀ ਭਯੋ ਤਿਸ ਠੌਰ॥ ੨੪॥ ਬ੍ਰਿਤੀ ਸੰਕੋਚੀ ਕੂਰਮ ਨਯਾਈ[5]। ਬੈਠਯੋ ਅਚਲ ਸਮਾਧਿ ਲਗਾਈ। ਨਹਿਂ ਲੂਟਨ ਕੀ ਦਿਸ਼ਾ ਨਿਹਾਰਯੋ। ਸ਼੍ਰੀ ਗੁਰ ਕੋ ਕੁਛ ਖਯਾਲ ਬਿਚਾਰਯੋ ॥ ੨੫ ॥ ਰਾਮਕੁਇਰ ਕੀ ਸੰਗਤਿ ਜੋਇ। ਅਪਨੋ ਗੁਰ ਕੀ ਗਤਿ ਕੋ ਜੋਇ। ਰੋਕਿ ਰਿਖੀਕਨਿ ਬੈਠੇ ਰਹੇ। ਉਠੇ ਨ ਹਾਲੇ[5], ਬਾਕ ਨ ਕਹੇ ॥ ੨੬ ॥ ਜਸੋਂ ਕੇ ਤਸੋਂ ਟਿਕ ਰਹੇ ਬਿਚਾਰੇ। ਅਪਰ ਸਿੱਖ ਲੇ ਗਮਨੇ ਸਾਰੇ।ਬੀਤ ਗਯੋ ਪੁਨ ਕੇਤਿਕ ਕਾਲ। ਰਾਮ ਕੁਇਰ ਤਨ ਭਈ ਸੰਭਾਲ ॥੨੭॥ ਖੋਲਿ ਬਿਲੋਚਨ ਨਿਜ ਸਿਖ ਹੇਰੇ। ਉਠਿ ਗਮਨਯੋਂ ਪ੍ਰਾਪਤਿ ਭਾ ਡੇਰੇ। ਪ੍ਰਚੁਰਿ[6] ਪ੍ਰਸੰਗ ਸਕਲ ਮਹਿ ਭਯੋ। 'ਨਹੀਂ ਤਿਹਾਵਲ ਲੂਟਨ ਕਿਯੋ॥੨੮॥ਸੰਗਤਿ ਸਹਿਤ ਧੀਰ ਕੋ ਧਾਰੇ।ਰਹੇ ਸਥਿਤ ਨਹਿਹਾਥ ਨਿਕਾਰੇ'। ਸ਼੍ਰੀ ਗੁਜਰੀ ਸੁਨਿ ਸ਼੍ਰੋਣ ਮਝਾਰੀ।–ਦੁਖ ਸੁਖ ਮਹਿ ਸਮ ਬ੍ਰਿਤੀ-ਬਿਚਾਰੀ ॥੨੯॥–ਕੰਚਨ ਮਾਟੀ ਸਮ ਹੈ ਜਿਨ ਕੋ।ਅਲਪ ਬਾਤਿ ਇਹ ਕਯਾ ਹੈ ਤਿਨ ਕੋ–। 'ਧੰਨਯ ਧੰਨਯ' ਮਾਤਾ ਜੀ ਕਹੈਂ–ਇਹ ਬ੍ਰਿਤਿ ਬਡ ਭਾਗਨ ਤੇ ਲਹੈਂ ॥ ੩੦ ॥ ਪਰਮੇਸ਼ੁਰ ਕੀ ਮੂਰਤਿ ਸੋਈ। ਹਰਖ ਸ਼ੋਕ ਬਿਨਸੇ ਜਿਨ ਦੋਈ–। ਮਹਿਮਾਂ ਮਹਾਂ ਮਾਨਿ ਮਨ ਮਾਂਹੀ। ਅਪਨ ਸਮੀਪਨਿ

---

[1]ਪ੍ਰਸੰਨ ਹੋ ਹੋਕੇ। [2]ਸੁੰਦਰ ਗੱਲ੍ਹਾਂ ਤੇ ਕੁੰਡਲਾਂਦੀ ਡੋਲ ਵੇਖ ਵੇਖਕੇ ਸਿਖਜੀਉਂਦੇਹਨਮਾਨੋਂ। [3]ਸੁਭਾਉ ਨੂੰ। [4]ਕਛੂਵਾਂਗੂ ਜਿਵੇਂ ਉਹਹਥ ਪੈਰਸੰਕੋਚ ਲੈਂਦਾਹੈ। [5]ਨਾ ਉੱਠੇ ਨਾ ਹਿੱਲੇ। [6]ਖਿਲਰ ਗਿਆ।

Sri Satguru Jagjit Singh Ji eLlibrary NamdhariElibrary@gmail.com

ਸਾਥ ਸਰਾਹੀ[1] ॥੩੧॥ਬੀਤ ਗਯੋ ਦਿਨ ਨਿਸ ਇਸ ਭਾਂਤੀ।ਸੌਚ ਸ਼ਨਾਨਹਿ ਪੁਨਹਿ ਪ੍ਰਭਾਤੀ। ਬੈਠੇ ਸਤਿਗੁਰ ਲਾਇ ਦਿਵਾਨ। ਬੰਦਹਿ ਚਰਨ ਕਮਲ ਸਿਖ ਆਨਿ ॥੩੨। ਰਾਮ ਕੁਇਰ ਸਹਿ ਸੰਗਤਿ ਆਵਾ। ਕਰਿ ਪਗ ਨਮੋ ਬੈਠਿ ਹਰਖਾਵਾ। ਸਤਿਗੁਰ ਦਰਸ਼ਨ ਪ੍ਰੇਮ ਮਹਾਨੇ। ਦਿਵਸ ਜਾਮਨੀ ਜਿਨ ਕੋ ਧਯਾਨੇ ॥੩੩॥ ਸਭਿ ਘਟਿ ਘਟਿ ਕੀ ਗਯਾਤਾਵਾਰੇ। ਪਿਖਿ ਸੰਗਤਿ ਕੋ ਬਾਕ ਉਚਾਰੇ। 'ਕਯੋਂ ਕਰਾਹੁ ਤੁਮ ਲੀਨਹੁ ਨਾਂਹੀ ?। ਰਹੀ ਰਿਦੇ ਮਹਿਂ ਸ੍ਵਾਦਨ ਚਾਹੀ[2] ॥੩੪॥ ਸਮ ਚਿਤ ਰਾਮ ਕੁਇਰ ਦਿਸ਼ ਦੇਖਿ। ਤੁਮ ਕਯੋਂ ਕੀਨਸਿ ਦੰਭ ਵਿਸ਼ੇਖ? ਇਕ ਤੌ ਹਮਰੀ ਆਗਯਾ ਭਈ। ਦੁਤੀਏ ਬਾਂਛਤਿ ਬਿਧਿ ਨਿਰਮਈ[3] ॥੩੫॥ ਤਊ ਤੁਮਹੁਂ ਨੇ ਦੰਭ ਕਮਾਵਾ। ਜਿਸ ਤੇ ਮਨ ਕੋ ਨਹਿਂ ਨ ਥਿਰਾਵਾ[4]। ਯਾਂਤੇ ਤੁਮਰੇ ਮੇਲ ਮਝਾਰੀ।ਹੁਇ ਪਖੰਡ ਕੋ ਬਾਸਾਭਾਰੀ ॥੩੬॥ ਜਿਸ ਕਲਜੁਗ ਤੇ ਡਰ ਉਰ ਚੀਨ। ਰਾਮ ਕੁਇਰ ਨਹਿ ਲੂਟਨਿ ਕੀਨਿ। ਸਭਿ ਲੋਕਨ ਕੋ ਜੋ ਕਲਿਕਾਲ। ਪ੍ਰਵਿਸ਼ਹਿ ਪੌਰਨ ਮਾਰਗਿ ਚਾਲ[5] ॥੩੭॥ ਸੋ ਇਨ ਕੇ ਪਹੁੰਚੇ ਇਸ ਭਾਇ। ਫਾਂਧਹਿ ਕੋਟਨ ਕੋ ਪ੍ਰਵਿਸ਼ਾਇ[6]। ਕਿਮ ਬਚਾਉ ਨਹਿਂ ਬਨਹਿ ਤੁਮਾਰੇ। ਕਲਜੁਗ ਬਰਤੈ ਇਸੀ ਪ੍ਰਕਾਰੇ' ॥ ੩੮ ॥ ਰਾਮ ਕੁਇਰ ਸੁਨਿਕੈ ਗੁਰਬਾਨੀ। ਹਾਥ ਜੋਰਿ ਕਰਿ ਬਿਨੈ ਬਖਾਨੀ।–ਹਮਰੇ ਘਰ ਕਲਿ ਕਾਲ ਪ੍ਰਤਾਪੂ।ਹੁਇ ਪ੍ਰਵਿਸ਼ਨ–ਇਹੁ[7] ਬਖਸ਼ਹੁ ਆਪੂ॥੩੯॥ਪਰਾਲਬਧ ਕੇ ਓਰਕ ਹੋਹੀਂ[8]।ਤਨ ਕੇ ਤਯਾਗਨ ਹ੍ਵੈ ਜਬਿ ਮੋਹੀ। ਕਿਤਿਕ ਕਾਲ ਤਿਸ ਕੇ ਪਸ਼ਚਾਤੀ। ਸਭਿ ਜਗ ਮਹਿਂ ਬਿਚਰਹਿ ਬੱਖਯਾਤੀ ॥ ੪੦ ॥ ਮਮ ਸੁਤ ਕੇ ਜਬਿ ਸੁਤ ਉਪਜਾਇ। ਤਬਿ ਤੁਮ ਵਾਕ ਫੁਰਹੁ ਸਤਿ ਭਾਇ'। 'ਏਵ ਮਸਤ' ਪੁਨ ਗੁਰੂ ਬਖਾਨੀ। ਨਿਜ ਸਿਖ ਕੀ ਬਾਨੀ ਕਹੁ ਮਾਨੀ॥੪੧॥ਰਾਮ ਕੁਇਰ ਕੇ ਭਾ ਜਬਿ ਪੋਤਾ। ਤਬਿ ਇਨ ਕੇ ਘਰ ਕਲੀ ਉਦੋਤਾ। ਕਰੇ ਕੁਕਰਮ ਜਗਤ ਮਹਿਂ ਜਾਨਿਯ। ਬਹੁਰ ਬੈਸ

[1](ਮਾਤਾ ਜੀ) ਆਪਣੀਆਂ ਨਿਕਟ ਵਰਤੀ ( ਬੀਬੀਆਂ ) ਪਾਸ ਸਲਾਹੁਤ ਕਰਦੇ ਹਨ (ਰਾਮ ਕੌਰ ਜੀ ਦੀ)। [2]ਤੁਹਾਡੇ ਰਿਦੇ ਵਿਚ ਸਵਾਦਾਂ ਦੀ ਚਾਹ ਰਹੀ ( ਜੇ ਖਾ ਲੈਂਦੇ ਤਾਂ ਪੂਰੀ ਹੋ ਜਾਂਦੀ )। [3]ਦੂੰਜੇ ਵਿਧੀ ਮਨ ਅਨਕੂਲ ਸੀ ਭਾਵ ਕੜਾਹ ਖਾਣਾ ਮਨ ਪਸਿੰਦ ਦਾ ਕੰਮ ਸੀ ਕੋਈ ਦੁਖ ਤਸੀਹੇ ਦਾ ਕੰਮ ਨਹੀਂ ਸੀ। [4]ਜਿਸ (ਦੰਭ) ਕਰਕੇ ਮਨ ਭੀ ਨਹੀਂ ਟਿਕਿਆ। [5]ਦਰਵਾਜ਼ਿਆਂ ਥਾਣੀ ਚੱਲਕੇ ਪ੍ਰਵੇਸ਼ ਕਰਦਾ ਹੈ। [6]ਕਿਲਿਆਂ ਤੋਂ ਛਾਲਾਂ ਮਾਰਕੇ ਪ੍ਰਵੇਸ਼ ਕਰੇਗਾ। [7]ਕਲਜੁਗ ਦੇ ਪ੍ਰਵੇਸ਼ ਹੋਣ ਦਾ ਇਹ ( ਵਾਕ )। [8]( ਮੇਰੀ ) ਪਰਾਲਬਧ ਦਾ ਅੰਤ ਜਦ ਹੋਵੇਗਾ ਭਾਵ ਜਦੋਂ ਮੇਰਾ ਸਰੀਰ ਛੁਟੇਗਾ।

ਥਿਨਸਤੋ ਪਹਿਚਾਨਿਯ*॥੪੨॥ਨਹਿਂ ਤਬਿ ਰਾਮਕੁਇਰ ਨੇ ਕਹਨੇ। ਨਹਿਂ

*ਇਸ ਵੇਲੇ ਦੀ ਸਤਿਗੁਰਾਂ ਦੀ ਰੂਹਾਨੀ ਰਮਜ਼ ਜ਼ਰਾ ਡੂੰਘੇਰੀ ਸ਼ੈ ਹੈ। ਸਾਹਿਬ ਰਾਮਕੌਰ ਜੀ ਨੇ ਜੋ ਕੜਾਹ ਨਹੀਂ ਲੁਟਿਆ ਇਸ ਵਿਚ ਤਿਆਗ ਹੈ ਕਮਾਲ ਦਾ, ਬ੍ਰਿਤੀ ਦੀ ਅਚਾਹਤਾ ਹੈ। ਪ੍ਰੰਤੂ ਤਿਆਗ ਕੋਈ ਆਪਣੇ ਆਪ ਵਿਚ ਕਮਾਲ ਨਹੀਂ, ਕਿਸੇ ਕਮਾਲ ਦੀ ਪ੍ਰਾਪਤੀ ਦਾ ਸਹਾਇਕ ਹੈ, ਇਸ ਕਰਕੇ ਕਿਤੇ ਤਿਆਗ ਦਾ ਤਿਆਗ ਬੀ ਜਾਕੇ ਸਿੱਖਣਾ ਪੈਂਦਾ ਹੈ, ਅਰ ਉਹ ਤਿਆਗ ਦਾ ਤਿਆਗ ਗ੍ਰਹਿਣ ਨਹੀਂ ਹੁੰਦਾ। ਇਸ ਵੇਲੇ ਸਤਿਗੁਰੂ ਦਾ ਹੁਕਮ ਹੁਣ ਵਿਸ਼ੇਸ਼ ਵਸਤੂ ਸੀ, ਇਸ ਦੇ ਅੱਗੇ ਤਿਆਗ ਦਾ ਤਿਆਗ ਲੋੜੀਂਦ ਸੀ। ਰਾਮ ਕੌਰ ਜੀ ਦਾ ਕੜਾਹ ਲੈਣਾ ਗ੍ਰਹਿਣ ਬ੍ਰਿਤੀ ਕਦੇ ਨਾ ਬਣਦਾ, ਕਿਉਂਕਿ ਤਿਆਗ ਤਾਂ ਉਹਨਾਂ ਦੇ ਸੁਭਾਵ ਭੂਤ ਹੋ ਚੁਕਾ ਸੀ। ਹੁਣ ਹੁਕਮ ਹੋਏ ਤੇ ਕਿਸੇ ਹੋਰ ਭਾਵ ਨਾਲ ਤਿਆਗ ਦਾ ਸਾਵਧਾਨ ਰੱਖਣਾ ਇਕ ਲੇਸ਼ਾ-ਵਿਦਜਾ ਜਾ ਸੂਖਮ ਹਉਂ ਦੀ ਹੀ ਸੂਰਤ ਰੱਖਦਾ ਸੀ ਜੋ ਰਜ਼ਾ ਦੀ ਲਹਿਰ ਵਿਚ ਇਕ ਰੁਕਾਵਟ ਸੀ। ਇਸ ਨੂੰ ਤਜਾਗਣਾ ਚਾਹੀਦਾ ਸੀ। ਤਜਾਗ ਬ੍ਰਿਤੀ ਦੀ ਹਉਂ ਨੂੰ ਤਜਾਗਣਾ ਤਜਾਗ ਦਾ ਤਜਾਗ ਹੈ। ਇਸ ਪਰਮ ਸੂਖਮ ਹਉਂ ਨੂੰ ਬੀ ਸਤਿਗੁਰ ਸੂਰੇ ਨੇ ਦੂਰ ਕੀਤਾ ਹੈ। ਰਾਮ ਕੌਰ ਜੀ ਦੀ ਸੰਗਤ ਨੇ ਆਪਣੇ ਮੁਰਸ਼ਿਦ ਦੀ ਰੀਸ ਕਰਕੇ ਨਹੀਂ ਸੀ ਲੁੱਟ ਪਾਈ। ਉਹਨਾਂ ਨੂੰ ਜੋ ਸੂਰੇ ਸਤਿਗੁਰੂ ਨੇ ਪ੍ਰਸ਼ਨ ਕੀਤਾ ਹੈ ਕਿ ਤੁਸਾਂ ਕਿਉਂ ਨਹੀਂ ਲਿਆ ਤੇ ਨਾਲ ਹੀ ਉਹਨਾਂ ਦਾ ਦਿਲ ਖੋਹਲਕੇ ਦੱਸ ਦਿਤਾ ਹੈ ਕਿ ਚਿਤ ਤਾਂ ਰਸਾਂ ਕਸਾਂ ਤੇ ਵਤਹ ਨਹੀਂ ਪਾ ਚੁਕਾ ਹੋਇਆ, ਪਰ ਰੀਸ ਕਰਕੇ ਰੁਕੇ ਰਹੇ। ਸੰਗਤ ਦੀ ਆਪੇ ਤੇ ਕਾਬੂ ਦੀ ਸਿਫਤ ਤਾਂ ਇਸ ਰਵਸ਼ ਵਿਚ ਉਪਮਾਂ ਜੋਗ ਹੈ ਪਰ ਹੁਕਮ ਹੋਣ ਦੀ ਹਾਲਤ ਵਿਚ ਰੁਕਣਾ ਤੇ ਅੰਦਰੋਂ ਜੀ ਕਰਨਾ ਇਕ ਬਨਾਵਟ ਜੇਹੀ ਸੀ। ਸਾਹਿਬ ਰਾਮ ਕੌਰ ਜੀ ਦੇ ਰੁਕਣ ਵਿਚ ਕੁਛ 'ਲੋਕ ਭੈ' ਭੀ ਸਤਿਗੁਰਾਂ ਨੇ ਅਨੁਭਵ ਕੀਤਾ ਜਾਪਦਾ ਹੈ ਕਿ ਮੈਂ ਸ੍ਵਰਨ ਮਿੱਟੀ ਨੂੰ ਇਕ ਤੁਲ ਅਨੁਭਵ ਕਰ ਚੁੱਕਾ ਤਿਆਗੀ ਕਿਵੇਂ ਲੋਕਾਂ ਵਾਂਗੂ ਕੜਾਹ ਦਾ ਲਾਲਚ ਕਰਾਂ। ਇਸ ਤ੍ਰਹਾਂ ਦੇ ਭਾਵ ਨੂੰ ਬੀ ਸਤਿਗੁਰਾਂ ਨੇ ਦੰਭ ਕਿਹਾ ਹੈ। ਜਦੋਂ ਮਾਲਕ ਦੀ, ਗੁਰੂ ਦੀ ਰਜ਼ਾ ਹੋ ਚੁਕੀ ਹੈ ਕਿ ਐਸ ਤ੍ਰਹਾਂ ਸਾਰੇ ਕੜਾਹ ਖਾਓ ਤਾਂ ਤਿਆਗੀ ਪੁਰਖਾਂ ਦੇ, ਗਿਆਨਵਾਨ ਪੁਰਖਾਂ ਦੇ ਖਾਣ ਵਿਚ ਤਿਆਗ ਨਾਸ਼ ਨਹੀਂ ਹੁੰਦਾ ਤੇ ਗ੍ਰਹਿਣ ਨਹੀਂ ਚੰਬੜਦਾ, ਸਗੋਂ ਰਜ਼ਾ ਪਰ ਟੁਰਦੀ ਸੁਰਤ ਮਾਲਕ ਨਾਲ ਇਕਸੁਰ ਰਹਿੰਦੀ ਹੈ। ਰਜ਼ਾ ਵਿਚ ਮਰਜ਼ੀ ਦਾ ਮੇਲਣਾ, ਰਜ਼ਾ ਵਿਚ ਆਪਣੀ ਮਰਜ਼ੀ ਦਾ ਗ਼ਰਕ ਕਰ ਦੇਣਾ ਇਹੀ ਤਾਂ ਰੂਹਾਨੀ ਪਰਮਪਦ ਹੈ। ਇਹ ਆਪਣੇ ਆਪ ਦੀ ਤਬਾਹੀ ਨਹੀਂ ਸਗੋਂ ਕਮਾਲ ਹੈ। ਜਿਵੇਂ ਸਾਜ਼ ਤੇ ਲਗੀ 'ਤਰਬ', ਜਦ ਆਪਣੇ ਆਪ ਨੂੰ 'ਬਾਜ਼' ਦੀ ਤਾਰ ਨਾਲ ਮੇਲ ਲੈਂਦੀ ਹੈ ਤਾਂ ਉਹ ਨਿਤਾਣੀ ਤੇ ਤਬਾਹ ਨਹੀਂ ਹੁੰਦੀ ਸਗੋਂ ਇਕਸੁਰ ਹੋ ਜਾਣ ਕਰਕੇ ਤਾਣ ਵਾਲੀ ਹੋ ਜਾਂਦੀ ਹੈ, ਜਦ ਬਾਜ਼ ਦੀ ਸੁਰ ਬੋਲਦੀ ਹੈ ਤਾਂ ਤਰਬ ਬਿਨਾਂ ਛੇੜੇ ਬਿਨਾਂ ਤਾਣ ਲਾਏ ਉਸ ਨਾਲ ਬੋਲਦੀ ਹੈ। ਸਗੋਂ ਜੇ ਕਦੇ ਤਰਬ ਨੂੰ ਛੇੜੋ ਤਾਂ ਦੇਖੋ ਕਿ ਉਸ ਸੁਰ ਪਰ ਬਾਜ਼ ਦੀ ਤਾਰ ਵਿਚ ਬੀ ਥਰਾਟ ਜਾਂਦੀ ਹੈ ਤੇ ਉਹ ਥਰਕਦੀ ਦਿੱਸਦੀ ਹੈ। ਸੂਰਾ ਸਤਿਗੁਰੂ ਐਉਂ ਆਪਣੀਆਂ ਤਰਬਾਂ ਨੂੰ ਐਨ ਠੀਕ ਠੀਕ

[ਬਾਕੀ ਟੂਕ ਦੇਖੋ ਅਗਲੇ ਪੰਨੇ ਦੇ ਹੇਠ]

Sri Satguru Jagjit Singh Ji eLlibrary NamdhariElibrary@gmail.com

ਗੁਰ ਤੇ ਬਖਸ਼ਾਵਨਿ ਚਹਨੇ। ਇਸ ਪ੍ਰਕਾਰ ਨਹਿ ਅਰਜ਼ ਗੁਜ਼ਾਰੀ। ਜਿਨ ਕੀ ਮਤਿ ਸਤਿਗੁਰ ਅਨੁਸਾਰੀ॥੪੩॥ ਇਸ ਪ੍ਰਕਾਰ ਸਤਿਗੁਰ ਸੁ ਬਿਲਾਸ। ਕਰਤਿ ਅਨੰਦ ਪੂਰੇ ਸੁ ਪ੍ਰਕਾਸ਼। ਸੁਨਿ ਸੁਨਿ ਆਵਹਿਂ ਸਿੱਖ ਅਨੇਕ। ਸੇਵਹਿ ਦਰਸਹਿ ਲਹੈਂ ਬਿਬੇਕ ॥ ੪੪ ॥ ਇਤਿ ਸ੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸ੍ਰੀ ਰਾਮਕੁਇਰ ਸਾਖੀ' ਪ੍ਰਸੰਗ ਬਰਨਨੰ ਨਾਮ ਚੌਤੀਸਮੋ ਅੰਸੂ ॥ ੩੪ ॥

### ੩੫. [ਭਾਈ ਰਾਮ ਕੁਇਰ ਜੀ]।

ਦੋਹਰਾ ॥ ਅਪਰ ਬਾਰਤਾ ਕੁਛ ਕਹੌਂ ਰਾਮਕੁਇਰ ਕੀ ਫੇਰ। ਸੋ ਸਤਿਗੁਰ ਕੀ ਕਥਾ ਕਹੁ ਜਾਨਤਿ ਜਿਮ ਚਖਿਹੇਰ[1] ॥ ੧ ॥ ਚੌਪਈ ॥ ਸ੍ਰੀ ਗੁਰ ਗੋਬਿੰਦ ਸਿੰਘ ਸੁਜਾਨਾ। ਜਗ ਤਾਰਨ ਸਿੱਖਜਨ ਅਘ ਹਾਨਾ। ਤਿਨ ਕੇ ਨਿਕਟ ਰਹੇ ਸੁਖ ਮਾਨੀ[2]। ਦਰਸ਼ਨ ਦਰਸਹਿ ਸੁਭ ਮਤਿ ਗਯਾਨੀ ॥੨॥ ਗੁਰ ਭਾਣਾ ਜਿਨ ਕੇ ਮਨ ਭਾਵੈ। ਆਠਹੁੰ ਜਾਮ ਏਕ ਲਿਵਲਾਵੈਂ। ਗੁਰ ਪਗ ਪੰਕਜ ਪ੍ਰੇਮ ਅਪਾਰਾ। ਰਿਦੈ ਨਿਰੰਤਰ ਰਹਿ ਇਕਸਾਰਾ ॥ ੩ ॥

[1]ਜਿਵੇਂ ਅੱਖੀਂ ਦੇਖਕੇ ਉਹ ਸਤਿਗੁਰ ਦੀ ਕਥਾ ਨੂੰ ਜਾਣਦਾ ਸੀ। [2]ਸੁਖ ਮੰਨਕੇ।

[redacted][ਪਿਛਲੇ ਪੰਨੇ ਦੀ ਬਾਕੀ ਟੂਕ]

ਤਰ੍ਹਾਂ ਨਾਲ ਸੁਰ ਕਰ ਰਿਹਾ ਸੀ, ਤੇ ਲੇਸ਼ ਜਿੰਨਾਂ ਬੀ ਲੋਕ ਲਾਜ ਆਦਿ ਦਾ ਰੀਰੀਅਤ ਦੀ ਬੂ ਰੱਖਣ ਵਾਲਾ ਖਿਆਲ ਆਪਣੇ ਸਭ ਤੋਂ ਵਡੇ ਪਿਆਰੇ ਗੁਰਮੁਖ ਵਿਚ ਨਹੀਂ ਸੀ ਰਹਿਣ ਦੇਣਾ ਚਾਹੁੰਦਾ, ਕਿਉਂਕਿ ਉਹਨਾਂ ਨੂੰ ਸੂਰਾ ਗੁਰੂ ਸਾਂਈਂ ਦੀ ਰਜ਼ਾ ਵਿਚ ਇਕ ਸੁਰਤਾ ਪ੍ਰਦਾਨ ਕਰ ਰਿਹਾ ਸੀ। ਸਾਹਿਬ ਰਾਮ ਕੌਰ ਜੀ ਗੁਰੂ ਜੀ ਨੂੰ ਵਾਹਿਗੁਰੂ ਰੂਪ ਨਿਸ਼ਚੇ ਕਰ ਚੁਕੇ ਸਨ, ਦੇਖੋ ਅੰਸੂ ੩੫, ਅੰਕ ੧੯, ੨੦।

ਬਾਕੀ ਰਿਹਾ ਸਰਾਪ ਵਾਲਾ ਮਾਮਲਾ। ਇਹ ਸੰਸਾ ਪੈਂਦਾ ਹੈ ਕਿ ਕਵੀ ਜੀ ਤਕ ਠੀਕ ਗਲ ਨਹੀਂ ਪੁੱਜੀ ਸਗੋਂ ਪਿੱਛੋਂ ਵਧੀ ਹੋਈ ਗਲ ਅੱਪੜੀ ਹੈ। ਹਰ ਹਾਲ ਇਤਿਹਾਸਕ ਨੁਕਤੇ ਤੋਂ ਇਹ ਖੋਜ ਤਲਬ ਗਲ ਹੈ ਕਿ ਇਸ ਪ੍ਰਕਾਰ ਦਾ ਸਰਾਪ ਠੀਕ ਦਿਤਾ ਗਿਆ ਸੀ ? ਗੁਰੂ ਜੀ ਦੇ ਆਪਣੇ ਉਦੇਸ਼ ਆਦਰਸ਼ ਤੇ ਸੁਭਾਵ ਮੂਜਬ ਇਹ ਗਲ ਓਪਰੀ ਜਿਹੀ ਲਗਦੀ ਹੈ। ਕਿਉਂਕਿ ਸਾਹਿਬ ਰਾਮਕੌਰ ਸ਼ਿਰੋਮਣੀ ਗੁਰਮੁਖ ਤੇ ਗੁਰੂ ਜੀ ਨੂੰ ਅਤਿ ਪਿਆਰੇ ਸਨ ਤੇ ਹੁਣੇ ਹੀ ਗੁਰੂ ਜੀ ਆਪ ਦੀ ਮਹਿਮਾ ਕਰਦੇ ਆਏ ਹਨ ਤੇ ਫੇਰ ਸ੍ਰਾਪ ਨਾਲ ਉਹਨਾਂ ਦੇ ਘਰੋਂ ਸਿੱਖੀ ਦਾ ਆਦਰਸ਼ ਤੇ ਸਿੱਖੀ ਦਾ ਵੰਸ਼ ਹੀ ਨਾਸ਼ ਹੁੰਦਾ ਹੈ, ਜੋ ਪੈਦਾ ਕਰਨਾ ਤੇ ਕਾਇਮ ਰੱਖਣਾ ਗੁਰੂ ਜੀ ਦਾ ਆਪਣਾ ਬਿਰਦ ਹੈ ਤੇ ਸਿੱਖੀ ਸਮੁੰਦਰ ਦੇ ਚੰਦ ਦਾ ਖਿਤਾਬ ਆਪ ਨੂੰ ਹੁਣੇ ਦੇਕੇ ਹਟੇ ਹਨ, ਫੇਰ ਉਸ ਚੰਦ ਨੂੰ ਸਦਾ ਗ੍ਰਹਿਣ ਦਾ, ਸਦਾ ਵਿਨਾਸ਼ ਦਾ, ਤੇ ਕਲਜੁਗ ਦੇ ਹੱਥ ਸੌਂਪਣ ਦਾ ਸਰਾਪ ਹੋ ਨਹੀਂ ਸਕਦਾ। ਗੁਰੂ ਜੀ ਰਾਮਕੌਰ ਜੀ ਨਾਲ ਕਿੰਨਾ ਪ੍ਰੇਮ ਕਰਦੇ ਸਨ, ਦੇਖੋ ਅੰਸੂ ੩੫, ਅੰਕ ੪੪, ੪੫, ੪੬ ਤੇ ੪੭। ਬਾਕੀ ਵੰਸ਼ ਕੀਕੂੰ ਨਾਸ਼ ਹੋਇਆ ਸੋ ਕੁਦਰਤ ਦੇ ਖੇਲ ਹਨ ਤੇ ਆਖਰੀ ਬੁੱਢੇ ਦੇ ਬਾਲਪਣੇ ਵਿਚ ਚੜ੍ਹਨੇ ਦਾ ਕਾਰਨ ਪਰਉਪਕਾਰ ਪਿੱਛੇ ਜਾਨ ਦੇਣਾ ਸੀ ਨਾ ਕਿ ਕਿਸੇ ਕੁਕਰਮ ਵਿਚ। ਦੇਖੋ ਜੀਵਨ ਚਰਿੱਤ੍ਰ ਬਾਬਾ ਬੁੱਢਾ ਸਾਹਿਬ ਜੀ।

Sri Satguru Jagjit Singh Ji eLlibrary NamdhariElibrary@gmail.com

ਤਊ ਗੁਰੂ ਜੀ ਕਰਿ ਨਿਜ ਮਾਇਆ।ਰਾਮਕੁਇਰ ਕਹੁ ਮਨ ਭਰਮਾਇਆ।
ਇਸ ਮਹਿ ਕੁਛ ਸ਼ੰਕਾ ਨਹਿ ਕੀਜੈ। ਪੂਰਬ ਕੌਤਿਕ ਭੇ ਲਖਿ ਲੀਜੈ ॥੪॥
ਮਾਯਾ ਪ੍ਰਬਲ ਭ੍ਰਮਾਵਨ ਕਰੈ। ਅਸ ਨਹਿ ਕੌ, ਤਿਸ ਛਿਨ ਰਹਿ ਥਿਰੈ[1]।
ਸਤਿਗੁਰ ਦੇ ਨਿਜ ਹਾਥ ਬਚਾਵੈਂ। ਸੋ ਉਬਰੈ ਮਨ ਨਹੀਂ ਡੁਲਾਵੈ ॥ ੫ ॥
ਕਾਗ ਭਸੁੰਡ[2] ਖਗੇਸ਼[3] ਜੁ ਅਹੈਂ। ਪ੍ਰਭੁ ਸਮੀਪੀ ਜੋ ਨਿਤ ਰਹੈਂ। ਬਹੁਰ
ਬਸ਼ਿਸ਼ਟਾਦਿਕ ਬ੍ਰਹਮ ਗਯਾਨੀ[4]। ਇਨਕੈ ਭਯੋ ਮੋਹ ਜਗ ਜਾਨੀ ॥ ੬ ॥
ਤਊ ਸਭਿਨਿ ਤੇ ਮਹਿਦ ਮਹਾਨਾ।ਜਿਨ ਕੇ ਨਹੀਂ ਲੇਸ਼ ਅੱਗਯਾਨਾ। ਤਿਮ
ਇਨ ਕੇ ਮਨ ਮੋਹ ਉਪਾਵਾ। ਸੁਨਹੁ ਕਥਾ ਸੋ ਅਧ ਬਨ ਦਾਵਾ ॥ 7 ॥
ਇਮ ਸ੍ਰੀ ਰਾਮਕੁਇਰ ਗੁਰ ਸਿੱਖਯ। ਤਿਸ ਕੀ ਕਹੌਂ ਕਥਾ ਕੁਛ ਲਿੱਖਯ।
ਸ੍ਰੀ ਗੋਬਿੰਦਸਿੰਘ ਗੁਰੂ ਬਰ ਦਸਮਾ।ਜਿਨਕੇ ਦਿਪਤ ਤੇਜ ਕੀ ਰਿਸ਼ਮ[5] ॥੮॥
ਕਠਨ ਕੁਦੰਡ ਪ੍ਰਚੰਡ ਅਗਾਰੀ। ਧਰਯੋ ਹੁਤੋ ਆਗੇ ਇਕ ਬਾਰੀ। ਰਾਮ-
ਕੁਇਰ ਨੇ ਦੇਖਨਿ ਕੀਨਸਿ। ਸਤਿਗੁਰ ਬਲ ਤੇ ਅਧਿਕੈ ਚੀਨਸਿ[6] ॥ ੯ ॥
–ਅਤਿ ਬਲਵਾਨ ਸਰੀਰ ਬਿਸਾਲਾ।ਪੁਨਹ ਧਨੁਖ ਕੀ ਬਿੱਦਯਾ ਵਾਲਾ।ਤਿਸ
ਤੇ ਭੀ ਨਹਿ ਐਂਚਯੋ ਜਾਈ। ਇਨ ਕੋ ਤਨ ਨਹਿ ਡੀਲ ਬਡਾਈ[7] ॥੧੦॥
ਅਪਨਿ ਓਜ ਐਂਚਨ ਕੇ ਲਾਇਕ। ਚਹੀਯਹਿ ਅਸ ਧਨੁ ਤੇ ਤਜਿ
ਸਾਯਕ[8]।ਅਰਜਨ ਆਦਿ ਪ੍ਰਥਮ ਜੇ ਭਏ।ਤਿਨ ਕੇ ਧਨੁ ਐਸੇ ਸੁਨਿ ਲਏ
॥ ੧੧ ॥ ਧਰਯੋ ਕੁਦੰਡ ਪ੍ਰਚੰਡ ਅਗਾਰੀ। ਕਯਾ ਕਾਰਨ ?–ਇਮ ਕਰਤਿ
ਬਿਚਾਰੀ। ਤਿਸ ਕੇ ਮਨ ਕੀ ਸਤਿਗੁਰ ਜਾਨੀ।ਚਹਿਤ ਦਾਸ ਕੌ ਸੰਸੈ ਹਾਨੀ
॥ ੧੨ ॥ ਕਹਯੋ ਕਿ 'ਤਯਾਰੀ ਵਹਿਰ ਕਰਾਵਹੁ। ਗਜ ਬਾਜੀ ਚਢਿਬੇ
ਸਜਵਾਵਹੁ[9]'। ਇਮ ਕਹਿ ਰਾਮਕੁਇਰ ਸੰਗ ਲੀਨਸਿ। ਸਾਯਕ ਧਨੁਖ
ਲੀਨ ਜੋ ਪੀਨਸਿ[10] ॥ ੧੩ ॥ ਮੰਦ ਮੰਦ ਪਗ ਪੰਕਜ ਸਾਥ। ਆਇ ਵਹਿਰ
ਠਾਢੇ ਗੁਰ ਨਾਥ। ਕਰਤਿ ਪ੍ਰਤੀਖਨ ਗਜ ਸਜ ਆਵਹਿ। ਕਹਯੋ ਕਿ 'ਤਬਿ
ਲੌ ਤੀਰ ਚਲਾਵਹਿਂ' ॥ ੧੪ ॥ ਤਿਸੀ ਧਨੁਸ਼ ਕੋ ਲੇ ਜਗਨਾਇਕ। ਸੰਧਯੋ
ਪਨਚ ਬਿਖੇ ਖਰ ਸਾਯਕ। ਮੁਸ਼ਟ ਹਾਥ ਸੋਂ ਗਹਿ ਬਹੁ ਗਾਢੀ।ਬੂਟੀ ਹਰੀ
ਦੂਰ ਇਕ ਠਾਢੀ ॥ ੧੫ ॥ ਤਿਹ ਉਦੇਸ਼ ਕਰਿ ਐਂਚਨ ਕੀਨਸਿ[11]। ਸਰ

---

[1]ਟਿਕਿਆ ਰਹੇ। [2]ਕਾਕਭਸੁੰਡ। [3]ਗਰੁੜ। [4]ਬਸ਼ਿਸ਼ਟ ਵਰਗੇ ਬ੍ਰਹਮ ਗਿਆਨੀ। [5]ਕਿਰਨਾਂ। [6]ਸਤਿਗੁਰਾਂ ਦੇ ਬਲ ਤੋਂ ਬਹੁਤਾ ( ਭਾਰੀ ) ਜਾਣਿਆਂ। [7]ਵਡੇ ਡੀਲ ਵਾਲਾ। [8]ਤੀਰ ਛੱਡਣੇ। [9]ਸਜਵਾਓ। [10]ਭਾਰੀ। [11]ਤਿਸਦਾ ਨਿਸ਼ਾਨਾ ਬੰਨ੍ਹਕੇ (ਧਨੁਖ) ਖਿੱਚਿਆ।

Sri Satguru Jagjit Singh Ji eLlibrary NamdhariElibrary@gmail.com

ਭਲਕਾ ਲਗਿ ਪੂਰ ਸੁ ਲੀਨਸਿ[੧]। ਐਂਚੇ ਮਹਾਂ ਚਾਪ ਚਿਰਰਾਨੋ[੨]। ਤ੍ਰਜੇ ਤੀਰ ਉਠਿ ਸ਼ਬਦ ਭਯਾਨੋ ॥੧੬॥ ਹਤਕੋ ਨਿਸ਼ਾਨੋ ਗਯੋ ਅਗਾਰੀ। ਧਰਨੀ ਧਸਯੋ ਸੁ ਪੰਖ ਨਿਹਾਰੀ[੩]। ਬਹੁਰ ਬਾਣ ਲੇ ਅਪਰ ਚਲਾਇਵ। ਸਹਿਜ ਸੁਭਾਇਕ ਸਭਿਨਿ ਦਿਖਾਇਵ ॥੧੭॥ ਗਜ ਤਯਾਰ ਹ੍ਵੈ ਆਯੋ ਨ ਜਾਵਦ। ਤੀਰ ਚਲਾਇ ਦਿਖਾਵਤਿ ਤਾਵਦ। ਦੇਖਿ ਦੇਖਿ ਬਿਸਮੈ ਹੁਇ ਰਹੇ। –ਬਪੁ ਅਲਪ[੪], ਬਲ ਕਿਮ ਇਨ ਲਹੇ–॥ ੧੮ ॥ ਰਾਮਕੁਇਰ ਨੇ ਜਾਨੀ ਬਾਤਿ। ਰਿਦੈ ਬਿਸੂਰਤਿ ਭਾ ਬਹੁ ਭਾਂਤਿ। –ਬਿੱਸ੍ਵ[੫] ਰਚਨ ਪਾਲਨ ਸੰਘਾਰ। ਅਤਿ ਸ਼ਕਤੀ ਧਰਿ ਗੁਰੂ ਉਦਾਰ ॥ ੧੯ ॥ ਜਿਹ ਸਮ ਜਗ ਮਹਿਂ ਅਪਰ ਨ ਥੀਆ। ਤਿਸ ਮਹਿਂ ਕਿਮ ਸ਼ੰਕਾ ਕਰਨੀਆ[੬]। ਇੰਦ੍ਰ ਆਦਿ ਜਿਸ ਆਇਸੁ ਮਾਂਹੀ। ਚਹੈਂ ਸੁ ਕਰੈਂ, ਮੁਰੈ ਕਿਮ ਨਾਂਹੀ[੭]–॥੨੦॥ ਇਤਨੇ ਮਹਿਂ ਹਾਥੀ ਸ਼ੁਭ ਆਇਵ। ਚਲਯੋ ਅਚਲ[੮] ਤਿਮ ਸ਼ੋਭ ਸੁਹਾਇਵ। ਝਾਲਰ ਦਾਰ ਝੂਲ ਝਮਕੰਤਾ। ਜ਼ਰੀ ਸਡੋਰ ਪ੍ਰਕਾਸ਼ ਕਰੰਤਾ ॥੨੧॥ ਘੰਟਨ ਕੋ ਠਨਕਾਰ ਉਠੰਤਾ। ਗਜਗਾਹਨ ਸੋਂ ਅਧਿਕ ਸੁਭੰਤਾ। ਸਿਰ ਪਰ ਸਿਰੀ[੯] ਸੁ ਚਾਮੀ-ਕਰ ਕੀ। ਮਨਹੁੰ ਕਾਮ ਕਾਰੀਗਰ ਕਰ ਕੀ[੧੦] ॥ ੨੨ ॥ ਦ੍ਰਿੜ ਕੀ ਹੌਦ ਹੈਦਾ ਬਨ ਰਹਯੋ। ਆਯੋ ਨਿਕਟ ਗੁਰੂ ਨੇ ਲਹਯੋ। ਰਾਮਕੁਇਰ ਕੀ ਗਹਿ ਕਰਿ ਬਾਹੂ। ਭੇ ਅਤਿ ਪਾਸ ਚਢਨਿ ਕਹੁ ਤਾਹੂ ॥ ੨੩ ॥ ਤਬਹਿ ਮਹਾਵਤ ਗਜ ਬੈਠਾਇਵ। ਚਢਨ ਹੇਤੁ ਗੁਰ ਚਰਨ ਉਠਾਇਵ। ਕਰ ਧਰਿ ਰਾਮ-ਕੁਇਰ ਕੇ ਕੰਧ। ਦੀਨਸਿ ਭਾਰ ਦੀਨਿ ਗਨ ਬੰਧੁ[੧੧] ॥੨੪॥ ਲਾਖਹੁੰ ਮਣ ਕੋ ਧਰਿ ਕਰਿ ਭਾਰੋ। ਬੂੰਦੇ ਅੰਸ ਬਿਨਾ ਕੋ ਧਾਰੇ[੧੨]। ਅਪਰ ਜਿ ਹੋਤਿ ਜਾਤਿ ਮਿਲਿ ਮਾਟੀ। ਉਰ ਸੰਦੇਹ ਤਿਸ ਕੀਨਸਿ ਕਾਟੀ ॥ ੨੫ ॥ ਥਿਥੈ[੧੩]* ਪੈਰ ਚਲਿਬੇ ਜਬਿ ਲਾਗਾ। ਬੈਠੇ ਗੁਰੂ ਜਾਇ ਤਬਿ ਆਗਾ। ਕਹਯੋ ਕਿ 'ਆਉ ਖਵਾਸੀ ਮਾਂਹਿ[੧੪]। ਚਢਹੁ ਸੰਗ' ਸ਼੍ਰੀਮੁਖ ਕਹਯੋ ਤਾਂਹਿ ॥ ੨੬ ॥ ਹਾਥ ਜੋਰਿ ਬਿਨਤੀ ਤਬਿ ਠਾਨੀ। 'ਜਗਤ ਚਰਾਚਰ ਕੇ ਤੁਮ ਸੁਾਮੀ†। ਸਮ ਬੈਠਬਿ

---

[੧]ਤੀਰ ਮੁਖੀ ਤਕ (ਖਿੱਚਕੇ) ਧਨੁਖ ਵਿਚ ਪੂਰ ਲਿਆ। [੨]ਚਿਰੜਾਯਾ। [੩]ਖੰਭ ਦਿੱਸਦੇ ਰਹੇ। [੪]ਸਰੀਰ ਸੁਬਕ ਹੈ। [੫]ਸੰਸਾਰ ਦੇ। [੬]ਉਸ ਵਿਚ ਸ਼ੰਕਾ ਕਿਉਂ ਕਰਨੀ ਹੋਈ? [੭]ਕਿਵੇਂ (ਆਗਯਾ) ਮੋੜਦੇ ਨਹੀਂ। [੮]ਪਹਾੜ (ਜਿਵੇਂ)। [੯]ਕਲਗ਼ੀ [ਸੰਸ:, ਸ਼੍ਰੀ=ਭੂਸ਼ਨ]। [੧੦]ਕਾਮਦੇਵ ਰੂਪ ਕਾਰੀ-ਗਰ ਦੇ ਹੱਥਾਂ ਦੀ ਬਣੀ ਹੋਈ ਹੈ। [੧੧]ਸਾਰੇ ਦੀਨਾਂ ਦੇ ਬੰਧੂ ਜੀ ਨੇ ਭਾਰ ਪਾਇਆ। [੧੨]ਕੌਣ ਸਹਾਰੇ (ਉਸ ਭਾਰ ਨੂੰ)। [੧੩]ਥਿੜਕਵੇਂ ਪੈਰ ਨਾਲ ਜਦ ਅੱਗੇ ਚੱਲਣ ਲਗੇ (ਰਾਮਕੁਇਰ ਜੀ)। [੧੪]ਹੌਦੇ ਵਿਚ।

*ਪਾ:–ਥਿਥੈ। †ਪਾ:–ਖਾਨੀ।

Sri Satguru Jagjit Singh Ji eLlibrary NamdhariElibrary@gmail.com

ਕੇ ਉਚਿਤ ਨ ਮੋਹੀ। ਮਹਾਂ ਅਵੱਗਯਾ ਮੁਝ ਤੇ ਹੋਹੀ' ॥ ੨੭॥ ਸੁਨਿ ਮੁਸ-
ਕਾਨੇ ਬਾਕ ਬਖਾਨਾ। 'ਆਉ ਆਉ ਬੈਠਹੁ ਇਸ ਥਾਨਾ'।ਕਹਿ ਬਹੁ ਬਾਰਿ
ਅਰੂਢਨਿ ਕੀਨਾ। ਚਲੇ ਪੰਥ ਗੁਰ ਕਹਤਿ ਪ੍ਰਬੀਨਾ॥ ੨੮ ॥ 'ਸਿੱਖੀ ਕੇ
ਸਥੰਭ ਗਿਰ ਜੈਸੇ। ਮਾਯਾ ਬਾਯੁ ਪਾਯ ਕਰਿ ਐਸੇ। ਸ਼ਰਧਾ ਥਿਰਤਾ ਤੇ
ਚਲਿ ਪਰੈਂ[1]। ਤਉ ਅਪਰ[2] ਕਯਾ ਗਿਨਤੀ ਕਰੈ' ॥ ੨੯ ॥ ਲਾਜ ਭਾਰ ਤੇ
ਨੰਮ੍ਰੀ ਹੋਵਾ। ਰਾਮਕੁਇਰ ਨਹਿ ਊਚੋ ਜੋਵਾ। 'ਸੁਨਹੁ ਨਾਥ! ਤਵ ਪਰਬਲ
ਮਾਯਾ। ਬ੍ਰਹਮਾਦਿਕ ਜਿਸਨੇ ਭਰਮਾਇਆ ॥ ੩੦ ॥ ਭਏ ਗੁਪਾਲ[3] ਆਪ
ਜਬਿ ਆਛੇ। ਹਰਿ ਲੇ ਗਯੋ ਗੋਪ ਸਿਸੁ ਪਾਛੇ[4]। ਅਪਰ ਲਿਏ ਰਚਿ,ਨਾਹਿਨ
ਜਾਨੇ[5]। ਤਬਿ ਸ੍ਰੀ ਕ੍ਰਿਸ਼ਨ ਰੂਪ ਹਰਿ ਮਾਨੇ[6] ॥ ੩੧॥ ਅਸ ਮਾਯਾ ਤੇ ਆਪ
ਬਚਾਵਹੁ। ਰਾਖਹੁ ਨਿਸ਼ਚਾ ਨਹੀਂ ਡੁਲਾਵਹੁ। ਬ੍ਰਹਮਾਦਿਕ ਭਰਮੇ ਜਬਿ
ਐਸੇ। ਹਮ ਜੈਸਨਿ ਕੀ ਗਿਨਤੀ ਕੈਸੇ ॥ ੩੨ ॥ ਰਾਵਰ ਨੇ ਨਿਜ ਬਿਰਦ
ਸੰਭਾਰਾ।ਉਰ ਬਿਕਾਰ ਮਮ ਦੂਰ ਬਿਦਾਰਾ'। ਭਈ ਜਥਾ ਭਾਖੀ ਇਹੁ ਤਥਾ।
ਅੱਗ੍ਰ ਕਹੌਂ ਕਿਛ ਇਨ ਕੀ ਕਥਾ॥੩੩॥ ਇਕ ਦਿਨ ਬੈਠੇ ਲਗਯੋ ਦਿਵਾਨ।
ਰਾਮਕੁਇਰ ਗੁਰ ਨਿਕਟ ਸੁਜਾਨ। ਚਹੁੰਦਿਸ਼ਿ ਥਿਰਯੋ ਖਾਲਸਾ ਤਬੈ।
ਦਰਸ਼ਨ ਲੇਤਿ ਅਨੰਦਤਿ ਸਬੈ॥ ੩੪ ॥—ਬ੍ਰਿੱਧ ਬੰਸ ਪਰ ਖੁਸ਼ੀ ਮਹਾਂਨੀ।
ਕਰਹਿੰ ਸਦਾ ਗੁਰ—ਸਭਿ ਮਨ ਜਾਨੀ।ਜਬਿ ਕਬਿ ਸੰਗਤਿ ਚਲਿ ਕਰਿਆਵੈ।
ਦਰਸ਼ਨ ਕਰਿ ਅਕੋਰ ਅਰਪਾਵੈ ॥੩੫॥ ਤਬਿ ਕਲਗੀਧਰ ਦੇਂ ਉਪਦੇਸ਼।
'ਪਹਿਰਤੁ ਕਾਛ ਰਖਹੁ ਸਿਰ ਕੇਸ਼। ਖੰਡੇ ਕੀ ਪਾਹੁਲ ਅਬਿ ਲੀਜੈ। ਰਹਿਤ
ਸਹਤ ਹੁਇ ਸ਼ਸਤ੍ਰ ਰਖੀਜੈ' ॥ ੩੬ ॥ ਕੇਤਿਕ ਸਿੰਘ ਬਿਚਾਰਤਿ ਰਹੈਂ।
—ਬ੍ਰਿੱਧ ਬੰਸ ਕੋ ਗੁਰ ਨਹਿ ਕਹੈਂ। ਸਿਰ ਪਰ ਕੇਸ਼ ਨਹੀਂ ਰਖਵਾਇ। ਪਹਿ-
ਰਹਿਂ ਚੀਰਾ, ਨਹੀਂ ਹਟਾਏ—॥੩੭॥ ਬੂਝਨਿ ਸਮੌਂ ਜਾਨਿ ਕਰਿ ਤਬੈ।ਬੋਲੇ
ਸਿੰਘ ਬੰਦਿ ਕਰ ਸਬੈ। 'ਪ੍ਰਭੁ ਜੀ!ਗੁਰ ਘਰ ਕੇ ਪਰਧਾਨ।ਸ੍ਰੀਮੁਖ ਮਹਿੰਮਾ
ਕਰਹੁ ਬਖਾਨ ॥ ੩੮ ॥ ਖੁਸ਼ੀ ਬਿਸਾਲ ਆਪ ਕੀ ਹੋਵੈ। ਇਹ ਭੀ ਸਰਬ
ਰੀਤਿ ਕੋ ਜੋਵੈਂ। ਰਾਮਕੁਇਰ ਜੀ ਸਿੱਖ ਵਿਸ਼ੇਸ਼। ਕਯੋਂ ਨਹਿੰ ਧਾਰਤਿ ਹੈਂ
ਸਿਰ ਕੇਸ਼॥੩੯॥ ਇਹ ਸਭਿ ਕੇ ਮਨ ਸੰਸੈ ਰਹੈ। ਸਕਲ ਖਾਲਸਾ ਉੱਤਰ

[1]ਸ਼ਰਧਾ ਰੂਪੀ ਇਸਥਰਤਾ ਤੋਂ (ਆਪ) ਹਿੱਲ ਪੈਣ। [2]ਹੋਰਨਾਂ ਦੀ। [3]ਕ੍ਰਿਸ਼ਨ ਰੂਪ। [4]( ਬ੍ਰਹਮਾ ) ਵੱਛਿਆਂ ਸਹਿਤ ਗੁਆਲਿਆਂ ਦੇ ਲੜਕੇ ਹਰਿ ਲੈ ਗਿਆ। [5]( ਪ੍ਰਬਲ ਜ਼ੋਰਾਵਰ ਕ੍ਰਿਸ਼ਨ ਨੇ ) ਤਦ ਆਪ ਹੋਰ ਰਚ ਲਏ ਪਛਾਣੇ ਨਾ ਜਾਣ। [6]ਹਰੀ ਦਾ ਰੂਪ ਮੰਨਿਆ।

Sri Satguru Jagjit Singh Ji eLlibrary NamdhariElibrary@gmail.com

ਰਹੈ'। ਦਯਾਸਿੰਧੁ ਸੁਨਿਕੈ ਸਭਿ ਬੈਨ। ਰਾਮਕੁਇਰ ਕੀ ਦਿਸ਼ਿ ਕਰਿ ਨੈਨ ॥ ੪੦ ॥ ਬਿਕਸਤਿ ਸ੍ਰੀ ਮੁਖ ਬਾਕ ਬਖਾਨੇ। 'ਉਚਿਤ ਕੇਸ਼ ਰਖਿਬੇ ਸਿਖ ਜਾਨੇ[1]। ਇਸ ਕੇ ਸਿਰ ਪਰ ਭੀ ਬਡ ਕੇਸ। ਨਿਤ ਅੰਤਰ ਕੇ ਵਧਹਿੰ ਵਿਸ਼ੇਸ਼ ॥ ੪੧ ॥ ਅਪਰਨਿ ਕੇ ਸਿਰ ਊਪਰ ਬਾਹਿਰ। ਸਭਿ ਕੇ ਸਕਲ ਬਿਲੋਕਤਿ ਜ਼ਾਹਰ।ਇਸ ਕੇ ਅੰਤਰ ਵਧਹਿ ਹਮੇਸ਼।ਜਾਹਿ ਤਰੇ ਕੋ ਦੀਰਘ ਕੇਸ਼*॥੪੨॥ਕਿਮ ਬਿਨ ਕੇਸ ਰਹਹਿ ਇਹ ਸਿੱਖ। ਕਬਹੁੰਕ ਰੱਖਹਿ ਸਿੰਘ ਭਵਿੱਖਤ[2]'। ਭਰਮਨੋ ਜਬਿ ਤੇ ਲੱਜਤਿ ਰਹੈ। ਤਿਸ ਕੇ ਉਰ ਕੀ ਸ੍ਰੀ ਗੁਰ ਲਹੈਂ ॥ ੪੩ ॥ ਤਿਸ ਕਾਰਨ ਤੇ ਭੁਜ ਗਹਿ ਪਾਨੀ। ਸਭਿਨਿ ਬਿਖੈ ਮੁਖ ਮਧੁਰ ਬਖਾਨੀ। 'ਮੋਹਿ ਸਰੂਪ ਅਹੈ ਸੋ ਤੇਰੋ। ਤੇਰੋ ਅਹੈ ਸੁ ਜਾਨੋ ਮੇਰੋ ॥ ੪੪॥ ਤੋਹਿ ਮੋਹਿ ਮਹਿ ਭੇਦ ਨ ਕੋਊ। ਏਕ ਰੂਪ ਕੇ ਤਨ ਹੈਂ ਦੋਊ। ਹਰਿ ਹਰਿ ਜਨ ਦ੍ਵੈ ਇਕ ਹੈਂ ਜੈਸੇ। ਸ੍ਰੀ ਗੁਰ ਗੁਰਸਿਖ ਲਖੀਅਹਿ ਤੈਸੇ ॥੪੫॥ ਭੇਦ ਲਖਤਿ ਹੈਂ ਜੋ ਇਨ ਮਾਂਹੀ। ਪਰਮ ਰਹੱਸ[3] ਸੁ ਜਾਨੈਂ ਨਾਂਹੀ। ਤੁਮ ਸਿੱਖਨਿ ਕੇ ਹਹੁ ਸਿਰਮੌਰ। ਸਮਤਾ ਪਹੁੰਚਿ ਨ ਸਕਿ ਹੈ ਔਰ ॥੪੬॥ ਸਦਾ ਏਕਰਸ ਗਯਾਨਾਨੰਦ। ਤੁਰੀਆ ਮਹਿੰ ਥਿਰਤਾ ਜਗਬੰਦ'। ਇਸ ਪ੍ਰਕਾਰ

---

[1]ਸਿਖ (ਇਨ੍ਹਾਂ ਨੂੰ) ਕੇਸ ਰੱਖਣ ਦੇ ਲਾਇਕ ਠੀਕ ਜਾਣਦੇ ਹਨ। [2]ਕਦੇਕ ਰੱਖੇਗਾ ਭਵਿੱਖਤ ਵਿਚ (ਤੇ) ਸਿੰਘ (ਸਜੇਗਾ)। [3]ਪਰਮ ਤਾਤਪਰਯ ਨੂੰ, ਗੂੜ੍ਹੇ ਭੇਤ ਨੂੰ।

*ਸਾਹਿਬ ਰਾਮ ਕੌਰ ਜੀ ਅੰਮ੍ਰਿਤ ਛਕਕੇ ਸਿੰਘ ਸਜੇ। ਉਹਨਾਂ ਦਾ ਨਾਮ ਗੁਰੂ ਜੀ ਨੇ ਆਪ ਗੁਰਬਖਸ਼ ਸਿੰਘ ਰਖਿਆ। ਦੇਖੋ ਗੁਰਬਿਲਾਸ ਪਾ: ੧੦—'ਰਾਮਕੁਇਰ ਤੇ ਕ੍ਰਿਪਾ ਨਿਧਿ ਗੁਰਬਖਸ਼ ਸਿੰਘ ਕਰ ਲੀਨ। ਪੂਰਨ ਸਿੱਖ ਅਡੋਲ ਮਤ ਸੁਨ ਤਿਹ ਕਥਾ ਨਵੀਨ'। ਪੁਨ:—ਦੇਖੋ ਜੀਵਨ ਬਾਬਾ ਬੁੱਢਾ ਜੀ ਸਫ਼ਾ ੪੨੯:—

ਰਾਮ ਕੌਰ ਕਰ ਜੋਰ ਸੀਸ ਨਿਵਾਯਾ ਗੁਰਾਂ ਨੂੰ। 'ਮਿਹਰ ਕਰੋ ਮਮ ਓਰ ਸੁਧਾ ਛਕਾਵੋ ਦਾਸ ਨੂੰ'। ਮੰਨ ਲਈ ਗੁਰਦੇਵ ਅਰਜ ਕਰੀ ਜੋ ਤਾਸ ਨੇ। ਰਾਮ ਕੁਵਰ ਨਿਸਚੇਵ ਲੱਗਾ ਹੋਨ ਤਿਆਰ ਜੇ। ਤਯਾਰੀ ਕਰੀ ਵਿਚਾਰ ਅੰਮ੍ਰਿਤ ਵੇਲੇ ਉਠਕੇ। ਧਾਰੇ ਪੰਜ ਕਕਾਰ ਸਣ ਕੇਸੀਂ ਇਸ਼ਨਾਨ ਕਰ। ਕੀਤਾ ਠੀਕ ਤਿਆਰ ਅੰਮ੍ਰਿਤ ਪੰਜ ਪਿਆਰਿਆਂ। ਆਪ ਅਤੀ ਹਿਤ ਧਾਰ ਚੇਜੀ ਗੁਰਾਂ ਛਕਾਇਆ। ਧਰਿਆ ਤਿਸਦਾ ਨਾਮ ਸ੍ਰੀ ਗੁਰਾਂ ਗੁਰਬਖਸ਼ ਸਿੰਘ। ਪਹਿਲਾਂ ਤਿਸਦਾ ਨਾਮ ਰਾਮ ਕੌਰ ਸੀ ਜਾਨ ਲੇ।

ਕਵੀ ਸੰਤੋਖ ਸਿੰਘ ਜੀ ਨੇ ਆਪ ਵੀ ਭਾਈ ਰਾਮ ਕੌਰ ਜੀ ਦਾ ਸਿੰਘ ਨਾਮ "ਭਾਈ ਗੁਰਬਖਸ਼ ਸਿੰਘ' ਇਸ ਗ੍ਰੰਥ ਵਿਚ ਕਈ ਥਾਈਂ ਵਰਤਿਆ ਹੈ,ਦੇਖੋ ਰਾਸ ੧ ਅੰਸੂ ੨ ਅੰਕ ੨੮ ਵਿਚ ਐਉਂ ਲਿਖਦੇ ਹਨ:—ਸ੍ਰੀ ਗੁਰਬਖਸ਼ ਸਿੰਘ ਕੇ ਪਾਸ। ਸਭਿ ਸਿੰਘਨਿ ਕੀਨਸਿ ਅਰਦਾਸ।

ਕਹਿ ਬਹੁ ਬਡਿਆਈ। ਸਕਲ ਖਾਲਸੇ ਬਿਖੈ ਸੁਨਾਈ ॥ ੪੭ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸ੍ਰੀ ਰਾਮਕੁਇਰ' ਪ੍ਰਸੰਗ ਬਰਨਨੰ ਨਾਮ ਪੈਂਤੀਸਮੋ ਅੰਸੂ ॥ ੩੫ ॥

## ੩੬. [ਜੋਗਾ ਸਿੰਘ]।

ਦੋਹਰਾ ॥ ਰਾਮਕੁਇਰ ਕੀ ਕਥਾ ਮੈਂ ਬਰਨੀ ਕੁਛਕ ਬਨਾਇ[1]। ਅਪਰ ਗੁਰੂ ਇਤਿਹਾਸ ਕੋ ਸਭਿ ਸ੍ਰੋਤਾਨਿ ਸੁਨਾਇ ॥ ੧ ॥ ਚੌਪਈ ॥ ਇਕ ਸਿਖ ਕੀ ਸਾਖੀ ਸੁਨਿ ਲੇਹੁ। ਜਥਾ ਸਿਦਕ ਮਹਿਂ ਤਾਂਹਿ ਸਨੇਹੁ। ਜੋਗਾ ਸਿੰਘ ਹੁਤੋ ਤਿਸ ਨਾਮੂ।ਰਹੈ ਕਿਤਿਕ ਚਿਰ ਸਤਿਗੁਰ ਧਾਮੂ ॥੨॥ ਦੇਸ਼ ਪਿਸ਼ਾਵਰ ਤਨ ਕੀ ਵਾਸੀ। ਸੇਵਾ ਕਰਹਿ ਬਹੁਤ ਗੁਰ ਪਾਸੀ। ਦਰਸ਼ਨ ਕਰਹਿ ਸਿਦਕ ਕੋ ਠਾਨਹਿ। ਪ੍ਰਭੁ ਰਿਝਾਵਨਿ ਕਰਹਿ ਮਹਾਨਹਿ ॥ ੩ ॥ ਕੇਤਿਕ ਵਰਖ ਬੀਤ ਜਬਿ ਗਏ। ਤਿਸਕੇ ਮਾਤ ਪਿਤਾ ਤਹਿਂ ਅਏ। ਦਰਸ਼ਨ ਕਰਿਕੈ ਅਰਪਿ ਅਕੋਰ। ਬੋਲੇ ਜੁਗਲ ਹਾਥ ਕਰਿ ਜੋਰਿ ॥੪॥ 'ਮਹਾਂਰਾਜ! ਇਸ ਕੋ ਅਬਿ ਬ੍ਯਾਹੁ। ਰਹ੍ਯੋ ਸਮੈਂ ਬਹੁ ਰਾਵਰਿ ਪਾਹੂ। ਆਇਸੁ ਦੇਹੁ ਬ੍ਯਾਹ ਕਰਿਵਾਵੈ। ਬਸਹਿ ਧਾਮ ਕਛੁ, ਪੁਨ ਇਤ ਆਵੈ?'॥੫॥ ਸ੍ਰੀ ਪ੍ਰਭੁ ਸੁਨਿਕੈ ਸਿਖ ਸਨ ਭਾਖਾ। 'ਜੋਗਾ ਸਿੰਘ ਕਹਾਂ ਅਭਿਲਾਖਾ?' ਹਾਥ ਜੋਰਿ ਤਿਨ ਤਬਹਿ ਉਚਾਰੀ। 'ਮੈ ਪ੍ਰਭੁ ਰਾਵਰ ਕੇ ਅਨੁਸਾਰੀ ॥ ੬ ॥ ਜਿਮ ਆਇਸੁ ਦਿਹੁ ਮੈਂ ਤਿਮ ਕਰਿਹੌਂ। ਅਪਰ ਨ ਕਾਨ ਕਿਸੂ ਕੀ ਧਰਿਹੌਂ'। ਕ੍ਰਿਪਾ ਸਿੰਧੁ ਕਰਿ ਕ੍ਰਿਪਾ ਉਚਾਰੀ। 'ਅਬਿ ਤੂੰ ਜਾਹੁ ਨਿਕੇਤ ਮਝਾਰੀ ॥ ੭ ॥ ਅਪਨੋ ਵ੍ਯਾਹੁ ਕਰਾਵਨਿ ਕਰੋ। ਪਹੁੰਚਹੁ ਹਮ ਆਗ੍ਯਾ ਸਿਰ ਧਰੋ'। ਮਾਨ ਵਾਕ ਤਿਨ ਸੰਗ ਸਿਧਾਰਾ। ਤਰੁਨੀ ਤਰੁਨ ਹੁਤੀ ਤਿਸ ਬਾਰਾ ॥ ੮ ॥ ਰਚ੍ਯੋ ਬ੍ਯਾਹ ਤਿਸ ਕੋ ਤਤਕਾਲਾ।–ਮਿਲੋਂ ਰੈਨ ਮਹਿਂ–,ਚਹੈ ਬਿਸਾਲਾ। ਮਹਿਦ ਮਦਨ ਤੇ ਪੀੜਤਿ ਹੋਵਾ। ਜਾਇ ਸਸੁਰ ਘਰ ਕੀਨਸਿ ਢੋਵਾ[2] ॥ ੯ ॥ ਸ੍ਰੀ ਪ੍ਰਭੁ ਇਕ ਨਰ ਤਾਹਿ ਪਿਛਾਰੀ। ਭੇਜ੍ਯੋ ਐਸੇ ਬਾਕ ਉਚਾਰੀ। ਇਕ ਦੋ ਫੇਰੇ ਤ੍ਰਿਯ ਸੋਂ ਫਿਰੇ। ਤਬਿ ਮਮ ਹੁਕਮ ਦੇਹੁ ਤਿਹ ਕਰੇ[3] ॥ ੧੦ ॥ ਸੋ ਭੀ ਸੰਗ ਤਹਾਂ ਚਲਿ ਗਯੋ।ਸਮਾ ਜਾਮਨੀ ਕੋ ਤਬਿ ਭਯੋ। ਤ੍ਰਿਯ ਸੋਂ ਫੇਰਾ ਜਬਿ ਇਕ ਫਿਰਯੋ। ਗੁਰ ਕੋ ਹੁਕਮ ਦਿ[illegible]ਨਿ ਕਰਯੋ ॥ ੧੧ ॥ 'ਪੈਰ ਉਠਾਵਹੁ ਪਠਿ ਕਰ ਦਿਸੈ'। ਸ੍ਰੀ ਪ੍ਰਭੁ [illegible] ਏਵ ਤਿਸ [illegible][4]। 'ਜਬਿ ਤੂੰ ਹੇਰਹਿ ਹੁਕਮ ਹਮਾਰੋ। ਦਿਨ ਕੈ ਨਿਸ ਹੁਇ ਇਤਹਿ ਪਧਾਰੋ[4]' ॥ ੧੨ ॥

[1]ਭਾਵ ਕਵਿਤਾ ਵਿਚ ਬਣਾਕੇ। [2]ਢੁਕਾ ਕੀਤਾ। [3]ਤਿਸਦੇ ਹੱਥ ਵਿਚ। [4]ਇਧਰ ਨੂੰ ਤੁਰ ਪਓ।

Sri Satguru Jagjit Singh Ji eLlibrary NamdhariElibrary@gmail.com

ਅਪਰ ਕਾਜ ਕੋ ਪਗ ਨ ਉਠਾਵਹੁ।ਦੇਖਤਿ ਸਭਿ ਤਜਿ ਇਤ ਕੋ ਆਵਹੁ'।
ਪਵਤਿ ਅਰੰਭੇ ਅਤਿ, ਛਿਨ ਭਯੋ। ਨਹਿ ਫੇਰੇ ਹਿਤ ਪਗ ਅਗ੍ਰ[1] ਦਯੋ
॥ ੧੩ ॥ ਸਭਿ ਲੋਗਨ ਅਰੁ ਪਿਤ ਕੇ ਸਾਥ। ਕਰੀ ਜਨਾਵਨਿ ਗੁਰ ਕੀ
ਗਾਥ।"ਮੋ ਤੇ ਹੁਕਮ ਨ ਮੇਟਯੋ ਜਾਈ।ਨਹਿ ਫੇਰੇ ਮੈਂ ਫਿਰੌਂ ਕਦਾਈ'॥੧੪॥
ਪਿਤਾ ਆਦਿ ਸਭਿਹਿਨ ਸਮੁਝਾਯੋ। 'ਕਾਰਜ ਕਰਿ ਪੁਨ ਗਮਨਹੁ ਧਾਯੋ।
ਐਸੀ ਬਾਤਿ ਨ ਜਗ ਮਹਿਂ ਭਈ। ਫੇਰੇ ਫਿਰਤਿ ਬਹੁਰ ਅਟਕਈ ॥੧੫॥
ਸਭਿ ਮਹਿਂ ਹੋਵਹਿ ਹਾਸ ਹਮਾਰਾ। ਤੋਹਿ ਨ ਲਗਹਿ ਇਹਾਂ ਕੁਛ ਬਾਰਾ[2]'।
[3]"ਸਿਖ ਅਰੁ ਸਤੀ ਸਮਾਨ ਪਛਾਨੋ।ਨੈਕ ਮੁਰੇ ਮਨ ਧਰਮ ਸੁ ਹਾਨੋ[4]॥੧੬॥
ਇਹੁ ਪਟਕਾ ਲਿਹੁ ਫੇਰੇ ਦੇਹੁ। ਮੁਝ ਸੋਂ ਬਾਕ ਨ ਕਛੂ ਕਰੇਹੁ'।ਇਮ ਕਹਿ
ਕਰ ਗੁਰ ਦਿਸ਼ ਪਗ ਡਾਲਾ। ਪੀੜਤਿ ਮਨ ਕੋ ਮਦਨ ਬਿਸਾਲਾ ॥ ੧੭॥
ਤਊ ਨ ਸਿੱਖ ਸਿਦਕ ਕੋ ਹਾਰਾ। ਤਾਤਕਾਲ ਪ੍ਰਭੁ ਓਰ ਪਧਾਰਾ। ਪੰਥ
ਉਲੰਘਤਿ ਦ੍ਵਾਬੇ ਦੇਸ਼ਾ। ਉਤਲਾਵਤਿ ਹੀ ਆਇ ਪ੍ਰਵੇਸ਼ਾ ॥ ੧੮ ॥ ਉਰ
ਹੰਕਾਰ ਹੋਇ ਕੁਛ ਆਵਾ।—ਬਡ ਉੱਤਮ ਮੈਂ ਕਰਮ ਕਮਾਵਾ। ਅਪਰ
ਕੌਨ ਇਸ ਬਿਧਿ ਕਰਿ ਸਕੈ। ਪ੍ਰਥਮ ਮਿਲਿਨਿ ਤ੍ਰਿਯ ਤਜਿ ਗੁਰ ਤਕੈ[5]—
॥੧੯॥ ਹੁਤੋ ਸੁੱਧ ਉਰ ਭਯੋ ਵਿਕਾਰਾ[6]। ਸ਼੍ਰੀ ਪ੍ਰਭੁ ਸੋ ਨਹਿ ਸਕੈ ਸਹਾਰਾ।
ਨਿਜ ਮਾਯਾ ਤਬਿ ਪ੍ਰੇਰਨ ਕਰੀ। ਜਿਸਤੇ ਸਿਖ ਕੀ ਸ਼ੁਭ ਮਤਿ ਹਰੀ॥੨੦॥
ਦੇਸ਼ ਦੁਆਬੇ ਪੁਰਿ ਹੁਸ਼ੀਆਰ। ਰਹਯੋ ਜਾਮਨੀ ਡੇਰੇ ਡਾਰਿ। ਜਹਿ ਸੰਧ੍ਯਾ
ਕੌ ਬੈਠਯੋ ਸੋਇ। ਸਨਮੁਖ ਬੇਸ੍ਯਾ ਤਹਾਂ ਖੜੋਇ ॥ ੨੧ ॥ ਅਪਨੇ ਸਦਨ
ਚਢੀ ਤਿਨ ਦੇਖੀ। ਮਦਨ ਬ੍ਰਿਤੀ[7] ਉਰ ਬਢੀ ਵਿਸ਼ੇਖੀ। ਖੋੜਸ ਬਰਸਨਿ
ਕੀ ਤਨ ਰੂਰਾ। ਸੁੰਦਰ ਬਦਨ ਚੰਦੁ ਜਨੁ ਪੂਰਾ[8] ॥ ੨੨॥ ਦ੍ਰਿਗ ਮ੍ਰਿਗ ਸੇ,
ਸ਼੍ਰਿਗ ਗਰ ਮਹਿਂ[9] ਸੋਹਤਿ। ਅਤਰ ਲਗਯੋ, ਬੋਲਤਿ ਮਨ ਮੋਹਤਿ। ਬੈਨੀ[10]
ਸਰਪਨ ਸੀ ਸਟਕਾਰੀ[11]। ਚੰਪਕ ਬਰਨੀ, ਚੰਚਲ ਪਯਾਰੀ ॥ ੨੩॥ ਕਹੌਂ
ਕਹਾਂ ਲਗਿ ਸੁੰਦਰਤਾਈ। ਸਿੰਘ ਪਿਖਤਿ ਮਨ ਰਹਯੋ ਲੁਭਾਈ।—ਮਿਲੌਂ

---

[1]ਅੱਗੇ। [2]ਦੇਰ ਨਹੀਂ ਲਗਣੀ। [3]ਜੋਗਾ ਸਿੰਘ ਬੋਲਿਆ। [4]ਥੋੜਾ ਜਿਹਾ ( ਮਨ) ਮੁੜੇ ਤਾਂ ਧਰਮ ਨਾਸ਼ ਹੁੰਦਾ ਹੈ। [5]ਪਹਿਲੀ ਵੇਰ ਤ੍ਰਿਯਾ ਦਾ ਮਿਲਣਾ ਤਜਕੇ ਸ੍ਰੀ ਗੁਰੂ ਜੀ ਵਲ ਤੱਕੇ। [6](ਹੰਕਾਰ ਦਾ) ਵਿਕਾਰ। [7]ਕਾਮ ਬ੍ਰਿਤੀ। [8]ਪੂਰਨ ਚੰਦ ੧੬ ਕਲਾਂ ਦਾ ਹੁੰਦਾ ਹੈ, ੧੬ ਵਰ੍ਹੇ ਦੀ ਉਮਰਾ ਕਹਿਣ ਵਿਚ ਪੂਰਨ ਜਵਾਨੀ ਦਾ ਕਟਾਖਯ ਰਖਯਾ ਹੈ ਕਵਿ ਜੀ ਨੇ। [9]ਮਾਲਾ ਗਲ ਵਿਚ। [10]ਗੁਤ। [11]ਲਮਕਦੀ ਹੈ।

ਜਾਮਨੀ ਮਹਿ ਇਹ ਸੰਗ। ਕਰੌਂ ਕੇਲ ਮਦ ਹਰੌਂ ਅਨੰਗ[1]-॥ ੨੪ ॥ ਪਰੀ ਰਾਤਿ ਬੀਤੀ ਇਕ ਜਾਮ। ਨੀਠ ਨੀਠ ਤਨ ਪੀੜਤਿ ਕਾਮ। ਭਯੋ ਤਯਾਰ ਲੇ ਧਨ ਕੋ ਚਲ੍ਯੋ। ਚਿਤ ਚਾਹਤਿ ਅਤਿ ਤਿਹ ਸੋਂ ਮਿਲ੍ਯੋ ॥੨੫॥ ਸਿਖ ਕੀ ਦਸ਼ਾ ਗੁਰੂ ਤਬਿ ਜਾਨੀ।-ਭਰਮ੍ਯੋ ਕਰੈ ਧਰਮ ਕੀ ਹਾਨੀ। ਜੇ ਅਬਿ ਹਮ ਨ ਬਚਾਵਹਿਂ ਜਾਇ। ਅਪਰ ਆਨਿ ਕੋ ਕਰੈ ਸਹਾਇ ॥ ੨੬ ॥ ਧਰਮ ਨਸੈ, ਸਿੱਖੀ ਨਹਿਂ ਰਹੈ। ਸਿੱਖੀ ਬਿਨਾ ਨਰਕ ਕੋ ਲਹੈ। ਔਚਕ ਜਬਿ ਬਿਕਾਰ ਕੋ ਹੋਇ।ਉਚਿਤਿ ਬਚਾਵਨਿ ਗੁਰ ਕੋ ਸੋਇ-॥ ੨੭ ॥ ਇਮ ਬਿਚਾਰ ਕਰਿ ਸ਼੍ਰੀ ਜਗਨਾਥਾ। ਕੰਚਨ ਆਸਾ[2] ਗਹਿ ਕਰਿ ਹਾਥਾ। ਜਾਮਾ ਬਹੁ ਪਾਲਨ ਕੋ ਪਾਇ। ਬੇਸਵਾਦ੍ਵਾਰ ਖਰੋਏ ਜਾਇ[3] ॥ ੨੮ ॥ ਜੋਗਾ ਸਿੰਘ ਦੇਖਿ ਹਟਿ ਰਹ੍ਯੋ। ਨ੍ਰਿਪ ਕੋ ਚੋਬਦਾਰ ਉਰ ਲਹ੍ਯੋ।-ਇਸ ਕੋ ਸ੍ਵਾਮੀ ਅੰਤਰ ਹੋਇ। ਮੋ ਸੰਗ ਮਿਲਹਿ ਨਹੀਂ ਕਿਮ ਸੋਇ ॥ ੨੯॥ ਚਲ੍ਯੋ ਜਾਇ ਜਬਿ ਇਹ ਨਿਜ ਡੇਰੇ। ਮਿਲੌਂ ਆਇ ਬੇਸ੍ਵਾ ਸੋਂ ਫੇਰੇ-। ਇਮ ਬਿਚਾਰ ਨਿਜ ਹਯ ਕੇ ਪਾਸ। ਥਿਰ੍ਯੋ ਜਾਇ ਤ੍ਰਿਯ ਮਿਲਿਬੇ ਆਸ ॥੩੦॥ ਪੀੜਤਿ ਮਦਨ ਨ ਨਿੰਦ੍ਰਾ ਆਵੈ। ਤ੍ਰਿਯਾ ਮਿਲਿਨਿ ਸੰਕਲਪ ਉਠਾਵੈ। ਬੀਤੇ ਜਾਮ ਬਹੁਰ ਚਲਿ ਗਯੋ। ਚੋਬਦਾਰ ਸੋ ਹੇਰਤਿ ਭਯੋ॥੩੧॥ਮਨ ਮੁਰਝਾਇ ਦੁਖੀ ਹੁਇ ਮੁਰ੍ਯੋ।-ਅਬਿ ਲੌ ਨਹਿਂ ਮਹਿਪਾਲ ਨਿਕਰ੍ਯੋ-। ਗਯੋ ਬਿਸੂਰਤਿ ਹਯ ਕੇ ਤੀਰ। ਤਨੈਂ ਤਨੈਂ ਲਗਹਿਂ ਕਾਮ ਕੇ ਤੀਰ ॥੩੨॥-ਇਹ ਨਿਕਸੈ ਜਬਿ ਭੂਪ ਬਿਲੰਦ। ਮਿਲੌਂ ਤ੍ਰਿਯਾ ਸੋਂ, ਦਹੇ ਅਨੰਗ। ਆਜ ਰਾਤਿ ਮੈਂ ਕੇਲ ਮਚਾਵੌਂ। ਮਨਭਾਵਤਿ ਕੌ ਹਿਯ ਲਪਟਾਵੌਂ-॥੩੩॥ਏਕ ਜਾਮ ਜਬਿ ਰਾਤਿ ਰਹੀ ਹੈ। ਜਾਗਤਿ ਬੈਠੇ ਘਾਤਿ ਲਹੀ ਹੈ[4]। ਧਨ ਲੇ ਕਰਿ ਤ੍ਰਿਯ ਦ੍ਵਾਰੇ ਗਯੋ। ਚੋਬਦਾਰ ਥਿਰ ਹੇਰਤਿ ਭਯੋ ॥ ੩੪ ॥ ਬਹੁ ਦੁਖ ਪਾਇ ਹਟ੍ਯੋ ਮੁਰਝਾਯੋ।-ਕੋ ਨ੍ਰਿਪ ਇਸ ਪਰ ਬਹੁ ਬਿਰਮਾਯੋ।ਨਹਿ ਨਿਕਸ੍ਯੋ ਤ੍ਰੈ ਪਹਿਰ ਬਿਤਾਏ। ਅਬਿ ਇਹ ਚਾਰ ਘਰੀ ਠਹਿਰਾਏ[5] ॥ ੩੫ ॥ ਨਿਕਸ ਜਾਇਗੋ ਅਪਨੇ ਸਦਨ। ਤਬਿ ਮੈਂ ਮਿਲੌਂ ਹਰੌਂ ਮਦ ਮਦਨ[6]-। ਨਿਜ ਡੇਰੇ ਪੁਨ ਬੈਠ੍ਯੋ ਜਾਇ। ਰਹੀ ਰਾਤਿ ਜਬਿ ਗਈ ਬਿਹਾਇ[7] ॥ ੩੬ ॥ ਅਰਣੋਦੈ ਕੋ

[1]ਕਾਮ ਦਾ ਮਦ ਦੂਰ ਕਰਾਂਗਾ। [2]ਸੋਟਾ। [3]ਪੰਜ ਭੌਤਕ ਸਰੀਰ ਵਿਚ ਨਹੀਂ ਜਾ ਖਲੋਤੇ ਪਰ ਆਪਣੀ ਆਤਮ ਕਲਾ ਨਾਲ ਸਿਖ ਨੂੰ ਐਸਾ ਸਰੂਪ ਓਥੇ ਖੜਾ ਦਿਖਾਇਆ ਹੈ। [4]ਦਾਉ ਤਕਦਿਆਂ ਜਾਗਦਾ ਬੈਠਾ ਰਿਹਾ। [5]ਹੁਣ ਇਹ ਚਾਰ ਘੜੀ ਠਹਿਰੇਗਾ। [6]ਕਾਮ ਦਾ ਮਦ। [7](ਬਾਕੀ) ਰਹਿੰਦੀ ਰਾਤ ਅਜੇ ਬੀਤ ਗਈ।

ਸਮੋ ਪਹੂਚਾ। ਬਹੁ ਮਨਮਥ[1] ਤੇ ਮਿਲਿਬੇ ਰੁਚਾ[2]। ਤਬਿ ਭੀ ਚੋਬਦਾਰ ਸੋ ਖਰਯੋ। ਹਟਿ ਕਰਿ ਆਇ ਤਿਮਰ ਤਬਿ ਟਰਯੋ॥੩੭॥ ਤਮ ਸਮੇਤ[3] ਸਿਖ ਕੋ ਅੱਗਯਾਨਾ। ਨਾਸਯੋ, ਭਯੋ ਪ੍ਰਗਾਸ ਸੁ ਗਯਾਨਾ। ਬਾਰਿ ਬਾਰਿ ਮਨ ਅਧਿਕ ਧਿਕਾਰਾ।–ਬੀਤਯੋ ਹੁਤੋ ਗ਼ਜ਼ਬ ਇਹ ਭਾਰਾ॥੩੮॥ ਜੇਕਰਿ ਚੋਬ-ਦਾਰ ਨਹਿਂ ਹੋਤਾ। ਇਸ ਮਿਸ ਖਾਤ ਨਰਕ ਮਹਿਂ ਗੋਤਾ। ਮੈਂ ਸਿੱਖੀ ਇਸ ਭਾਂਤਿ ਕਮਾਈ। ਗੁਰ ਢਿਗ ਸੇਵਤਿ ਰਹਯੋ ਸਦਾਈ॥੩੯॥ ਆਇਸੁ ਲੇਇ ਬਨਾਹੁ ਕੋ ਗਯੋ। ਤਹਿਂ ਗੁਰ ਹੁਕਮ ਬਿਲੋਕਤਿ ਭਯੋ। [4]ਖੋੜਸ ਬਰਖਨਿ ਕੀ ਬਰ ਬਾਲਾ। ਬੇਦ ਲੋਕ ਮਤ ਧਰਮ ਬਿਸਾਲਾ॥ ੪੦॥ ਅਸ ਤ੍ਰਿਯ ਸੰਗ ਪ੍ਰਥਮ ਕੋ ਮੇਲ। ਜੋ ਨਿਸ਼ਪਾਪ ਮਦਨ ਕੋ ਕੇਲ। ਸਿੱਖੀ ਸਿਦਕ ਰਾਖਿਬੇ ਹੇਤੁ। ਚਲਯੋ ਤੁਰਤ ਸਭਿ ਤਜਯੋ ਨਿਕੇਤ[4]–॥੪੧॥ ਇਮ ਪਛ-ਤਾਇ ਜ਼ੀਨ ਹਯ ਪਾਇ।ਚਢਿ ਅਨੰਦਪੁਰਿ ਕੀ ਦਿਸ਼ਿ ਧਾਇ।ਮਾਰਗ ਲੰਘਿ ਸਤੱਦ੍ਰਵ ਤਰਯੋ। ਆਨਿ ਗੁਰੂ ਕੇ ਪੁਰਿ ਮਹਿਂ ਬਰਯੋ॥੪੨॥ ਹਯ ਲੰਘਾਇ ਕਰਿ ਤੂਰਨ ਗਯੋ। ਜਗਤਨਾਥ ਤਬਿ ਦੇਖਤਿ ਭਯੋ। ਸਮੁਖ ਹੋਇ ਕਰਿ ਬੰਦਨ ਠਾਨੀ। ਸਤਿਗੁਰ ਸਿਖ ਕੋ ਪਿਖਿ ਕਹਿ ਬਾਨੀ॥੪੩॥ 'ਜੋਗਾ ਸਿੰਘ ਸਦਨ ਤੇ ਆਯੋ। ਪਿਖਹੁ ਮਹਾਂ ਉਰ ਸਿਦਕ ਕਮਾਯੋ'। ਇਮ ਕਹਿ ਕਰਿ ਬਿਗਸੇ ਮੰਦ ਮੰਦ। ਬਾਰਿ ਬਾਰਿ ਪੁਨ ਭਨੈਂ ਮੁਕੰਦ॥੪੪॥ ਹਸਤ ਬਹੁਤ ਅਰੁ ਕਹੈਂ ਸੁ ਬੈਨ। ਕ੍ਰਿਪਾ ਰਸੀਲੇ ਕਰਿ ਕਰਿ ਨੈਨ। ਹਸਹਿਂ ਬਿਲਾਸ ਕਰਹਿਂ ਬਹੁਤੇਰੇ। ਨਿਕਟ ਸਿੰਘ ਗਨ ਗੁਰ ਕੇ ਹੇਰੇ॥ ੪੫॥ ਹਾਥ ਜੋਰਿ ਕੀਨਸਿ ਅਰਦਾਸ[5]। 'ਸ਼੍ਰੀ ਪ੍ਰਭੁ ਰਾਵਰ ਕੇਰ ਬਿਲਾਸ। ਜਾਨਹੁ ਆਪ ਨ ਹਮ ਕੁਛ ਜਾਨਾ। ਹਸਨ ਹੇਤੁ ਕਥਾ ਕਰਹੁ ਬਖਾਨਾ'॥ ੪੬॥ ਤਬਿ ਗੁਰ ਕਹਯੋ 'ਬੂਝ ਲਿਹੁ ਇਸਕੋ। ਬ੍ਰਿਥਾ ਆਪਨੀ ਕਹਿ ਸਭਿ ਕਿਸ ਕੋ[6]। ਜਿਮ ਬੀਤੀ ਗਤਿ ਇਸ ਕੇ ਸਾਥ। ਜਿਮ ਰਾਖਯੋ ਪ੍ਰਭੁ ਦੇ ਕਰਿ ਹਾਥ'॥ ੪੭॥ ਜੋਗਾ ਸਿੰਘ ਲਖੀ ਗਤਿ ਸੋਇ।–ਮਮ ਹਿਤ ਚੋਬਦਾਰ ਗੁਰ ਹੋਇ–। ਸਮੁਝਿ ਕ੍ਰਿਤਗ੍ਯਤਾ ਚਰਨੀ ਪਰਯੋ। 'ਧੰਨ ਪ੍ਰਭੂ ਦੇ ਹਾਥ ਉਬਰਯੋ॥ ੪੮॥ ਆਪ

[1]ਕਾਮ। [2]ਚਾਹਿਆ। [3]ਅੰਧੇਰੇ ਦੇ ਨਾਲ ਹੀ। [4]ਭਾਵ ੧੬ ਬਰਸਾਂ ਦੀ ਜਵਾਨ ਇਸਤ੍ਰੀ ਜੋ ਲੋਕ ਸ਼ਾਸਤ੍ਰ ਤੇ ਧਰਮ ਮੂਜਬ ਮੈਨੂੰ ਵਿਹਤ ਸੀ, ਐਸੀ ਇਸਤ੍ਰੀ ਨਾਲ ਪਹਿਲਾ ਮਿਲਾਪ ਜੋ ਕਿ ਨਿਸ਼ਪਾਪ ਭੋਗ ਸੀ ਉਹ ਤਾਂ ਮੈਂ ਸਿੱਖੀ ਸਿਦਕ ਰੱਖਣੇ ਦੀ ਖਾਤਰ ਘਰ ਛਡਕੇ ਟੁਰ ਆਇਆ ਹਾਂ (ਤੇ ਇਥੇ ਕਿਸ ਗਲ ਤੇ ਮੈਂ ਧਰਮ ਹਾਰਨ ਲਗਾ ਸਾਂ)। [5]ਭਾਵ ਸਿੱਖਾਂ ਨੇ। [6]ਸਭ ਕਿਸੇ ਨੂੰ।

Sri Satguru Jagjit Singh Ji eLlibrary　　NamdhariElibrary@gmail.com

ਸਮਾਨ ਨ ਅਪਰ ਕ੍ਰਿਪਾਲਾ। ਸਦਾ ਦਾਸ ਕੇ ਬਨਿ ਰਖਵਾਲਾ। ਤਜਹੁ ਜਿਠਾਈ ਸਿਖ ਕੇ ਕਾਰਨ[1]। ਜਨੌਂ ਕਨੌਂ ਕਰਿਹੌਂ ਦਾਸ ਉਧਾਰਨਿ ॥੪੯॥ ਨਈ ਨ ਕਰਹੁ ਸਦਾ ਬਨਿ ਆਯਾ। ਨਾਮਦੇਵ ਕੋ ਛਾਪਰ ਛਾਯਾ। ਧੰਨੇ ਕੇ ਬਛੁਰੇ ਗਨ ਚਾਰੇ। ਹਿਤ ਕਬੀਰ ਕੇ ਬਨ ਬਨਜਾਰੇ[2] ॥੫੦॥ ਤਿਮ ਹੀ ਮਮ ਹਿਤ ਭੇ ਚੁਬਦਾਰਾ। ਸੇਵਕ ਰਾਖ੍ਯੋ ਬਿਰਦ ਸੰਭਾਰਾ। ਮੇਰੋ ਕਹ੍ਯੋ[3] ਕਹਾਂ ਛਬਿ ਦੈ ਹੈ। ਆਪ ਸੁਨਾਵਹੁ ਸਭਿ ਸੁਨਿ ਲੈ ਹੈਂ' ॥੫੧॥ ਜੋਗਾ ਸਿੰਘ ਤੇ ਸੁਨਿ ਕਰਿ ਬ੍ਰਿੰਦ। ਕਹੈ ਖਾਲਸਾ 'ਕਹੋ ਮੁਕੰਦ'। ਤਬਿ ਕਲਗੀ-ਧਰ ਸਕਲ ਸੁਨਾਈ। 'ਤਜਿ ਫੇਰੇ ਮਮ ਆਇਸੁ ਪਾਈ[4] ॥੫੨॥ ਪੁਰਿ ਹੁਸ਼ੀਆਰ ਆਇ ਕਰਿ ਡੇਰਾ। ਬਿਰਮਨੋ ਬਾਰਬਧੂ ਪੁਨ ਹੇਰਾ[5]। ਜੇ ਮੈਂ ਨਹੀ ਬਚਾਵੌਂ ਤਹਾਂ। ਆਗਯਾਕਾਰੀ ਗੁਰ ਸਿਖ ਮਹਾਂ ॥੫੩॥ ਬਿਗਰੈ ਧਰਮ, ਨਰਕ ਮਹਿਂ ਜੈ ਹੈ। ਮੁਝ ਗੁਰ ਕਰੇ ਕਹਾਂ ਫਲ ਪੈ ਹੈ। ਯਾ ਸਮ ਸਿਖ ਆਇਸੁ ਅਨੁਸਾਰੀ। ਜੇ ਕਰਿ ਭੂਲ ਜਾਇ ਇਕ ਬਾਰੀ ॥੫੪॥ ਤੌ ਗੁਰ ਤਿਸ ਕੌ ਲੇਤਿ ਬਚਾਇ। ਕਿਸੂ ਬਿਪਦ ਮਹਿਂ ਜੇ ਪਰ ਜਾਇ। ਇਸ ਕੇ ਸਮ ਸਿਖ, ਗੁਰ ਸਮ ਮੋਹਿ। ਕਨੌਂ ਨ ਊਚ ਪਦ ਪ੍ਰਾਪਤਿ ਹੋਹਿ' ॥੫੫॥ ਇਮ ਕਹਿ ਕ੍ਰਿਪਾਦ੍ਰਿਸ਼ਟਿ ਤੇ ਹੇਰਾ। ਗਯਾਨਵਾਨ ਸਿਖ ਕਰਿ ਤਿਸ ਬੇਰਾ। ਘਰ ਕੋ ਪਠਯੋ, ਗਯੋ ਤਤਕਾਲਾ। 'ਕਰਹੁ ਗ੍ਰਿਹਸਤ ਕੀ ਰੀਤਿ ਬਿਸਾਲਾ' ॥੫੬॥ ਕਿਤਿਕ ਸਮੈਂ ਬਸਿ ਆਯੋ ਫੇਰ। ਰਹ੍ਯੋ ਸਮੀਪੀ ਦਰਸ਼ਨ ਹੇਰਿ। ਅੰਤ ਸਮੈਂ ਊਚੋ ਪਦਿ ਪਾਯੋ। ਚਰਨ ਕਮਲ ਗੁਰ ਕੇਰ ਸਮਾਯੋ ॥੫੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ 'ਸਿਖ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

### ੩੭. [ਗਊ ਦੀ ਆਣ ਤੇ ਆਨੰਦ ਪੁਰ ਛੱਡਣਾ]।

ਦੋਹਰਾ ॥ ਇਸ ਪ੍ਰਕਾਰ ਸ੍ਰੀ ਸਤਿਗੁਰੂ ਕੇਤਿਕ ਦਯੋਸ ਬਿਤਾਇ। ਕਰੇ ਪਰਾਜੈ ਗਿਰਪਤੀ ਬਿਜੈ ਸੁਜਸੁ ਬਹੁ ਪਾਇ ॥੧॥ ਕਬਿੱਤ ॥ ਦੇਸ਼ਨ ਬਿਦੇਸ਼ ਮੈਂ ਵਿਸ਼ੇਸ਼ ਜਸੁ ਫੈਲ ਰਹ੍ਯੋ, 'ਗੁਰੂ ਕੇ ਮਨਿੰਦ ਨਹੀਂ ਸੂਰਮਾਂ ਜਹਾਨ ਮੈਂ। ਸੈਲਨ ਕੌ ਬਲ ਸਾਰੇ, ਤੀਨ ਲੱਛ ਸੈਨ ਜੋਰਿ, ਘਾਲ੍ਯੋ ਜ਼ੋਰ ਘੋਰ, ਨਹਿਂ ਆਵਤਿ ਬਖਾਨ ਮੈਂ[6]। ਕੇਤੇ ਮਾਰਿ ਲੀਨਿ ਭਟ, ਘਾਇਲ ਬਿਸਾਲ ਕੀਨਿ, ਹਾਰੇ ਹੀਨ ਹ੍ਵੈ ਕੈ ਗਏ[7] ਆਪਨੇ ਸਥਾਨ ਮੈਂ। ਪ੍ਰਭੂ ਜੀ ਦੀਵਾਨ ਮੈਂ, ਕਮਾਨ

[1]ਸਿੱਖਾਂ ਵਾਸਤੇ ਆਪਣੀ ਵਡਿਆਈ ਬੀ ਛੱਡਦੇ ਹੋ ਤੇ। [2]ਵਣਜਾਰੇ ਬਣੇ ਸਾਓ। [3]ਮੇਰੇ (ਬਚਨ) ਕਹਿਆਂ। [4]ਸਾਡਾ ਹੁਕਮ ਪਾਕੇ ਲਾਵਾਂ ਛਡੀਆਂ। [5]ਵੇਸ਼ਵਾ ਨੂੰ ਵੇਖ ਕੇ। [6]ਕਹਿਆ ਨਹੀਂ ਜਾਂਦਾ। [7](ਪਹਾੜੀਏ) ਗਏ।

Sri Satguru Jagjit Singh Ji eLlibrary NamdhariElibrary@gmail.com

ਥਾਨ ਪਾਨ ਮੈਂ, ਬਿਰਾਜੈਂ ਗੁਨ ਗਯਾਨ ਮੈਂ ਕਿ ਦਾਨ ਸਨਮਾਨ ਮੈਂ ॥੨॥ ਜਹਾਂ ਕਹਾਂ ਫੈਲਯੋ ਜਸੁ ਚਾਂਦਨੀ ਬਿਤਾਨ ਮਾਨੋ[1], ਸਭਿ ਪਰ ਛਾਯੋ ਜੈਸੇ ਛੱਤ੍ਰ ਸੇਤ[2] ਸੀਸ ਪਰ।[3]ਹੀਰਾ ਸੋਂ ਪ੍ਰਕਾਸ਼ ਰਹ੍ਯੋ, ਸੁਧਾ ਸਮ ਚਾਹੈ ਸ਼ੰਭੁ, ਚੌਰ ਸਮ ਝੂਲੈ ਸਮੁਦਾਇ ਅਵਨੀਸ਼ ਪਰ।[3]ਬੀਚ ਸਤਿ ਸੰਗਤਿ ਕੇ ਹੰਸਨ ਕੀ ਪੰਗਤ ਜ੍ਯੋਂ ਫੂਲ ਰਹੀ ਮਾਲਤੀ ਸੁ ਦੇਸ਼ ਬੀਚ ਘਰ ਘਰ। ਸਿੰਘ ਜਹਿ ਸੁਨਹਿ, ਬਿਰਮਾਇ ਰਹੈਂ ਮਨ[4] ਸਬੈ* ਜੈਸੇ ਹ੍ਵੈ ਚਕੋਰ ਗਨ, ਲੋਭੈਂ ਰਜਨੀਸ਼ ਪਰ[5] ॥੩॥ ਸੁਨਤਿ ਗਿਰੀਸ਼ ਕੈ ਗਿਰੀਸ਼ਨ ਕੇ ਨਰ ਗਨ[6] ਸਹਿਨ ਸਕਤਿ ਮਨ ਮੂਢ ਜਰ ਬਰ ਜਾਤਿ। ਸ਼ੋਕ ਫੈਲਯੋ ਸੈਲਨ ਮਹਿਂ ਸੂਰਮੇ ਮਰੇ ਹੈਂ ਬਹੁ, ਸੰਕਟ ਪਰ੍ਯੋ ਹੈ ਸਭਿ ਦੇਸ਼ ਭੇ ਬਿਸ਼ੇਸ਼ਘਾਤ[7]। ਭੀਮਚੰਦ ਮੰਦ[8] ਦੁਖ ਪਾਇ ਕੈਂ ਪਠਾਏ ਨਰ ਜੇਤਿਕ ਨਰਿੰਦ ਪਰਬਤ ਕੇ ਬਿਲੰਦ ਪਾਤਿ[9]। ਘਾਯਲਨ ਘਾਵ ਮਿਲੇ ਘੋਰ ਜੋ ਘਮੰਡਚੰਦ[10], ਆਯੋ ਸੋ ਹੰਡੂਰੀਆ ਹੰਕਾਰ ਰਜਪੂਤ ਜਾਤਿ[11] ॥੪॥

ਲਲਿਤਪਦ ਛੰਦੁ ॥ ਬੀਰ ਸਿੰਘ ਜਸਪਾਲੀ ਆਨੁਜ[12] ਪੁਨ ਮੰਡੀਸਪਤਿ ਆਯੋ। ਸਿਵਰ ਕਰੋ[13] ਕਹਿਲੂਰ ਦੂਨ ਮਹਿ ਬਹੁ ਸਨਮਾਨ ਕਰਾਯੋ ॥੫॥ ਅਗਲੇ ਦ੍ਯੋਸ ਸਭਾ ਕਰਿ ਇਕਠੇ ਲੇ ਲੈ ਨਿਜ ਪਰਧਾਨਾ। ਖੜਗ, ਸਿਪਰ, ਤਰਕਸ਼, ਧਨੁ ਧਰਿ ਕਰਿ ਚਮੂੰ ਸੁਭਟ ਸੰਗ ਬਾਨਾ[14] ॥ ੬ ॥ ਫਰਸ਼ ਬਿਸਾਲਹਿ ਗਿਲਮ ਗਲੀਚੇ ਹੇਮ ਛਰੀਧਰ ਆਗੇ। ਬੈਠ੍ਯੋ ਭੀਮਚੰਦ ਸਨਮਾਨਤਿ ਕਹੈਂ ਮਧੁਰਤਾ ਪਾਗੇ ॥ ੭ ॥ 'ਰਹ੍ਯੋ ਅਨੰਦਪੁਰਿ ਸੱਲ੍ਯ ਸੁ ਛਾਤੀ ਕਰਕਤਿ ਬਹੁ ਦੁਖ ਦਾਨੀ। ਨਹੀਂ ਜਾਮਨੀ ਲੋਚਨ ਨਿੰਦ੍ਰਾ ਰੁਚੈ ਨ ਭੋਜਨ ਪਾਨੀ॥ ੮॥ ਮਰੇ ਸਬੰਧੀ ਕਾਜ ਸਰ੍ਯੋ ਨਹਿਂ ਧਨ ਬਹੁ ਖਰਚ ਹੰਗਾਮੇ[15]। ਚਮੂੰ ਹਤੀ ਆਧੀ ਨਹਿਂ ਰਹਿ ਗਈ ਸਭਿ ਪਹੁੰਚੇ ਜਮਧਾਮੇਂ' ॥ ੯ ॥ ਬੋਲ੍ਯੋ ਤਬਿ

[1]ਚਾਂਦਨੀ ਦੇ ਚੰਦੋਏ ਵਾਂਗ। [2]ਚਿਟਾ ਛੱਤਰ। [3](ਉਹ ਜਸ) ਹੀਰੇ ਵਾਂਗ ਪ੍ਰਕਾਸ਼ ਰਿਹਾ ਹੈ, ਸ਼ਿਵ ਜੀ (ਉਸ ਜਸ ਨੂੰ) ਅੰਮ੍ਰਿਤ ਵਾਂਙੂ ਚਾਹ ਰਹੇ ਹਨ, ਸਾਰੀ ਧਰਤੀ ਦੇ ਰਾਜਿਆਂ ਪਰ ਝੂਲ ਰਿਹਾ ਹੈ ਚੌਰ ਵਾਙੂ। [ਹੀਰਾ, ਅੰਮ੍ਰਿਤ, ਸ਼ਿਵ, ਚੌਰ ਸਾਰੇ ਚਿੱਟੇ ਹਨ ਤੇ ਜਸ ਨਾਲ ਉਪਮਾਂ ਦੇਈਦੀ ਹੈ ਇਨ੍ਹਾਂ ਦੀ]। [4]ਲੁਭਿਤ ਹੋ ਰਹੇ ਹਨ ਮਨ। [5]ਚੰਦ ਤੇ। [6]ਪਹਾੜੀ ਰਾਜੇ ਯਾ ਪਹਾੜੀ ਰਾਜਿਆਂ ਦੇ ਲੋਗ ਸੁਣਕੇ। [7]ਨਾਸ਼ ਹੋਏ। [8]ਨੀਚ। [9]ਜਿਤਨੇ ਪਹਾੜਾਂ ਦੇ ਵਡੇ ਰਾਜੇ ਸਨ ( ਤਿਨ੍ਹਾਂ ਪਾਸ ) ਪੱਤ੍ਰ ਦੇਕੇ। [10]ਘਮੰਡ ਚੰਦ ਵਰਗੇ ਘੋਰ ਘਾਇਲਾਂ ਦੇ ਘਾਉ ਮਿਲ ਗਏ ਸਨ। [11]ਉਹ ਹੰਡੂਰੀਆ (ਘ: ਚੰਦ) ਰਜਪੂਤ ਜਾਤ ਦਾ ਹੰਕਾਰੀ ਆਇਆ। [12]ਜਸਪਾਲੀਏ ਬੀਰ ਸਿੰਘ ਦਾ ਛੋਟਾ ਭਰਾ। [ਸਿਸ: ਅਨੁਜ=ਛੋਟਾ ਭਿਰਾਉ]। (ਅ) ਆਨੁਜ=ਆਏ। [13]ਡੇਰਾ ਕੀਤਾ। [14]ਤੀਰ। (ਅ, ਬਾਣੇ, ਵਰਦੀਆਂ। [15]ਜੰਗ ਵਿਚ।

*ਪਾ:—ਜਬੈ।

Sri Satguru Jagjit Singh Ji eLlibrary NamdhariElibrary@gmail.com

ਘਮੰਡ ਚੰਦਸਭਿ ਮੈਂ'ਪੰਮਾ ਤੋਹਿਪ੍ਰਧਾਨਾ॥ਚਲਨਿ ਲਗੇ ਜਬਿਆਨੰਦਪੁਰਿ ਤੇ ਤਿਨ ਤਬਿ ਕੀਨਿ ਬਖਾਨਾ॥੧੦॥–ਜਤਨ ਅਨੰਦਪੁਰਿਕੋ ਛੁਟਵਾਵਨਿ ਮੈਂ ਜਾਨਤਿ ਹੌਂ ਆਛੇ–। ਅਬਿ ਕਯੋਂ ਮੋਨ ਸਭਾ ਮਹਿਂ ਬੈਠਯੋ ਕਰਹਿ ਕਹਾਂ ਮਤਿ ਪਾਛੇ[੧] ॥ ੧੧॥ ਕਹਹਿ ਮੰਤ੍ਰ[੨] ਸਭਿ ਸੁਨਹੁ ਬਿਚਾਰਹੁ ਉਚਿਤ ਹੋਇ ਕਰਿ ਲੀਜੈ। ਜਯੋਂ ਕਯੋਂ ਕਰਿ ਸਤਿਗੁਰੂ ਨਿਕਾਰਹੁ ਸਭਿ ਕੀ ਆਸ ਪਰੀਜੈ ॥ ੧੨ ॥ ਬਿਨਾ ਲਰਨ ਤੇ ਨਿਕਸੈ ਜੈਸੇ ਸੋ ਉਪਾਇ ਹੈ ਨੀਕਾ। ਜੰਗ ਕਰੈ ਤੇ ਸਰੈ ਨ ਕਾਰਜ ਪਰੈ ਸੁਜਸੁ ਨਿਤ ਫੀਕਾ॥੧੩॥ ਜਿਤੀ ਚਮੂੰ ਤੁਮ ਅੱਗ੍ਰ ਬਟੋਰੀ ਤਿਤੀ ਨ ਅਬਿ ਕਿਮ ਹੋਵੈ। ਕਾਤੁਰ ਭਏ ਨ ਮੁਖ ਉਤ ਕਰਤੇ ਮ੍ਰਿਤਕ ਹਜ਼ਾਰਹੁਂ ਸੋਵੈਂ' ॥ ੧੪ ॥ ਸੁਨਿ ਪੰਮੇ ਸਭਿ ਬਿਖੈ ਬਖਾਨੀ 'ਗੁਰੂ ਧਰਮ ਦ੍ਰਿੜ੍ਹ ਧਾਰੀ। ਹਿੰਦੁਨਿ ਬਿਖੈ ਧੇਨੁ ਕੈ ਦ੍ਵਿਜਬਰ ਇਸ ਤੇ ਪਰੈ ਨ ਭਾਰੀ[੩] ॥ ੧੫ ॥ ਦੇਹਿਂ ਗਊ ਕੀ ਆਨ[੪] ਅਨੰਦਪੁਰਿ ਤ੍ਯਾਗਹੁ ਇਤ ਕੋ ਬਾਸਾ॥ਅਪਰ ਥਾਨ ਮਹਿ ਥਿਰ ਹ੍ਵੈ ਰਹੀਐ ਮਿਟੈ ਬਾਦ ਕੋ ਤ੍ਰਾਸਾ[੫]' ॥ ੧੬ ॥ ਕੇਤਿਕ ਸੁਨਿ ਕਰਿ ਕਹੈਂ 'ਨ ਨੀਕੀ, ਮਹਾਂ ਦੀਨਤਾ ਧਾਰੀ। ਰਾਜੇ ਹੋਇ ਰੰਕਤਾ ਠਾਨਹੁ ਨਿਰਬਲ ਨਿਰਧਨ ਕਾਰੀ[੬] ॥ ੧੭ ॥ ਆਗੇ ਜਸੁ ਕੋ ਚੰਦ ਚੜਾਯਹੁ[੭] ਮਾਰ ਖਾਇ ਹਟਿ ਆਏ॥ਅਬਿ ਪੰਮੇ ਕੀ ਮਤਿ ਕੌ ਲੈਕੇ ਲੇਹੁ ਪਰਮਪਦ ਪਾਏ' ॥ ੧੮ ॥ ਕੇਤਿਕ ਕਹੈਂ 'ਭਲੀ ਇਹ ਠਾਨਹੁ ਮਿਟੈ ਮਰਨ ਕੋ ਤ੍ਰਾਸਾ। ਹਟਹਿ ਜੰਗ ਨਿਤ ਪਰੰਤਿ ਬਖੇਰਾ ਸੁਭਟਨਿ ਕੋਰ ਬਿਨਾਸ਼ਾ ॥੧੯॥ ਹੀਨ ਭਏ ਤੇ ਕਯਾ ਘਾਟਿ ਜੋ ਹੈ ਮਿਟੈ ਉਪਾਧਿ ਸਦਾ ਕੀ। ਪੰਮੇ ਸ਼ੁਭ ਮਤਿ ਕਰੀ ਬਿਚਾਰਨ ਰਹੈ ਨ ਕਾਰਜ ਬਾਕੀ' ॥੨੦॥ ਭੀਮਚੰਦ ਤੇ ਆਦਿ ਗਿਰੇਸ਼੍ਵਰ ਕਹਯੋ 'ਆਜ ਨਿਸ ਮਾਂਹੀ।ਕਰਿ ਹੇਰਹੁ ਜੋ ਸਿਧ ਹੁਇ ਕਾਰਜ ਆਨੰਦਪੁਰਿ ਛੁਟ ਜਾਂਹੀ ॥ ੨੧ ॥ ਸਭਿ ਜਹਾਨ ਜਾਨਹਿ ਜਸੁ ਕਰਿ ਹੈ ਪੁਰਿ ਤੇ ਗੁਰੂ ਨਿਕਾਸਾ। ਧੇਨ ਆਨਿ ਕੋ ਕੋ ਕੋ ਜਾਨਹਿ ਲਖਹਿਂ ਕਿ ਪਾਯੋ ਤ੍ਰਾਸਾ[੮]' ॥ ੨੨ ॥ ਇਮ ਮਸਲਤ ਕਰਿ ਉਠੇ ਸਕਲ ਹੀ ਪੰਮੇ ਉੱਦਮ ਲੀਨਾ। ਸੁੰਦਰ ਰਚੀ ਚੂਨ ਕੀ ਧੇਨੂ[੯], ਚਾਰ ਚਰਨ ਤਿਹ ਕੀਨਾ॥

---

[੧]ਇਸ ਦੀ ਅਕਲ ਪਿੱਛੋਂ ਕੀ ਕਰੇਗੀ। [੨](ਜੋ) ਇਹ ਸਲਾਹ ਦੱਸੋ। [੩]ਇਸ ਤੋਂ ਪਰੇ ਕੋਈ ਸ਼ੈ ਭਾਰੀ ਨਹੀਂ। [੪]ਸੌਂਹ। [੫]ਜੰਗ ਦਾ ਡਰ। [੬]ਨਿਰਧਨਾਂ ਵਾਂਙ ਕਾਰ (ਕਰਦੇ ਹੋ)। [੭]ਭਾਵ ਕਲੰਕ ਲਾਇਆ ਨੇ। [੮]ਗਊ ਦੀ ਆਨ ਤਾਂ ਕੋਈ ਕੋਈ ਹੀ ਸਮਝੂ (ਸਾਰੇ) ਇਹ ਸਮਝਣਗੇ ਕਿ (ਗੁਰੂ) ਡਰ ਗਿਆ ਹੈ। [੯]ਆਟੇ ਦੀ ਗਊ ਬਣਾਈ।

Sri Satguru Jagjit Singh Ji eLlibrary NamdhariElibrary@gmail.com

॥ ੨੩ ॥ ਕਾਨ, ਬਿਖਾਨ[੧],ਪੂੰਛ ਅੌ ਪ੍ਰਿਸ਼ਟੀ ਸਗਰੇ ਅੰਗ ਬਨਾਏ। ਤਿਮਰ ਸਮੇਤ ਰਾਤਿ ਜਬਿ ਹੋਈ ਸੀਸ ਉਠਾਇ ਸਿਧਾਏ ॥ ੨੪ ॥ ਆਨਿ ਅਨੰਦ-ਪੁਰਿ ਦ੍ਵਾਰ ਹੁਤੇ ਜਹਿਂ ਗੋਮੈ ਲਿਪਿ ਸਥਾਨਾ[੨]। ਖਰੀ ਕਰੀ[੩] ਬਿਧਿ ਖਰੀ ਤਹਾਂ ਤਬਿ ਡੋਰੀ ਗਰ ਬੰਧਾਨਾ ॥ ੨੫ ॥ ਪੂਰਯੋ ਚੌਂਕ ਧਰੇ ਕੁੱਛ ਅੱਛਤ[੪] ਕੇਸਰ ਚੰਦਨ ਮਾਲਾ।ਅਰਚਨ[੫] ਚਰਚਨ ਕਰਿਕੈ[੬] ਸਭਿ ਬਿਧਿ ਪੀਆ ਕੂਰ ਕੁਚਾਲਾ॥੨੬॥ ਲਿਖਯੋ ਪੱਤ੍ਰ ਪਰ 'ਆਨ ਗਊ ਕੀ ਤਯਾਗ ਅਨੰਦ ਪੁਰਿ ਜਾਵਹੁ। ਰਾਜਨ ਕੋ ਅਰਮਾਨ* ਰਹੈ ਜਗ ਨਿਕਟ ਬਸਹੁ ਸੁਖ ਪਾਵਹੁ[੭] ॥ ੨੭ ॥ ਏਕ ਬਾਰ ਤਜਿ ਕਿਤਿਕ ਸਮੇ ਮਹਿਂ ਬਹੁਰ ਬਸਹੁ ਪੁਰਿ ਆਈ'। ਇਮ ਲਿਖਿ ਕਰਿ ਕਾਗਦ ਢਿਗ ਰਖਿ ਕਰਿ ਬਨਿ ਤਸਕਰ ਡਰਪਾਈ[੮] ॥ ੨੮॥ ਗਏ ਅਪਨਿ ਘਰ ਰਾਤਿ ਅੰਧੇਰੀ, ਹੇਰਯੋ ਕਿਨਹੁ ਨ ਜਾਨਾ।ਸੁਪਤਿ ਰਹੇ ਨਰ ਘਰ ਘਰ ਅਪਨੇ ਭਈ ਪ੍ਰਾਤਿ ਤਮ ਹਾਨਾ ॥ ੨੯ ॥ ਗਏ ਦ੍ਵਾਰ ਜਬਿ ਕਰਯੋ ਬਿਲੋਕਨਿ 'ਇਹ ਕਯਾ ਕਿਸ ਨੇ ਕੀਨਾ?'। ਇਕ ਦੋਇ ਤ੍ਰੈ ਚੌਥੇ ਪਿਖਿ ਪੰਚਮ ਬਿਕਸੇ ਕਛੂ ਨ ਚੀਨਾ॥੩੦॥ ਸ੍ਰੀ ਕਲਗੀਧਰ ਨਿਕਟ ਗਏ ਤਬਿ ਦੌਰਤਿ ਜਾਇ ਬਤਾਈ। 'ਪ੍ਰਭੁ ਜੀ! ਪੁਰਿ ਕੇ ਪੌਰ ਅੱਗ੍ਰ ਕੀ ਕਿਨ ਇਹ ਬਨਤ ਬਨਾਈ ॥ ੩੧ ॥ ਕਾਗਦ ਧਰਯੋ ਨ ਹਮ ਕਰ ਛੁਵੈ, ਚਹਹੁ ਜਿ ਲਿਹੁ ਮੰਗਵਾਈ। ਧੇਨੁ ਚੂਨ ਕੀ ਲਿਪ ਧਰੀ ਧਰਿ ਕਛੂ ਨ ਜਾਨਯੋਂ ਜਾਈ'॥੩੨॥ਸੁਨਿ ਪ੍ਰਭੁ ਦਾਸ ਪਠਯੋ ਪੁਰਿ ਪੌਰਹਿ ਜਾਇ ਤਬਹਿ ਲੇ ਆਵਾ। ਕਾਗਦ ਤਬਹਿ ਪੜ੍ਹਾਵਨਿ ਕੀਨਾ ਜਬਿ ਲਿਖਿਓ ਸੁਨਿ ਪਾਵਾ ॥੩੩॥ ਆਨ ਗਊ ਕੀ ਸਹਿ ਨ ਸਕਹਿ ਪ੍ਰਭੁ ਤਤਛਿਨ ਕੀਨਸਿ ਤਯਾਰੀ। ਕੂਚ ਕਰਨ ਕੋ ਬਜਯੋ ਦਮਾਮਾ ਸਭਿ ਕੇ ਸ੍ਰੁਤ[੯] ਧੁਨਿ ਡਾਰੀ ॥ ੩੪ ॥ ਗਜ ਬਾਜਨਿ ਪਰ ਜ਼ੀਨ ਪਵਾਏ ਕਰਯੋ ਤਯਾਰ ਸਰਬੰਸਾ।ਉਦੇ ਸਿੰਘ ਅਰੁ ਆਦਿ ਦਯਾ ਸਿੰਘ ਮਿਲੇ ਬ੍ਰਿੰਦ ਜਿਮ ਹੰਸਾ ॥ ੩੫ ॥ ਚਰਨ ਸਰੋਜਨ ਪਰ ਕਰਿ ਬੰਦਨ ਹਾਥ ਬੰਦ ਕਰਿ ਭਾਖਾ।'ਪ੍ਰਭੁ ਜੀ! ਕਿਮ ਤਯਾਰੀ ਕਰਿਵਾਈ ਕਹਾਂ ਚਲਨ ਅਭਿਲਾਖਾ?॥੩੬॥ਕਾਚੀ ਮਤਿ ਕੇ ਕੁਮਤ ਪਹਾਰੀ ਤਿਨਹੁ ਪ੍ਰਪੰਚ ਪਸਾਰਾ। ਅਪਜਸ ਜਗ ਮੈਂ ਲੱਜਿਤਿ ਖਿਝਿਐ ਤੁਮ ਕੋ ਚਹਤਿ ਨਿਕਾਰਾ ॥੩੭॥ ਪਾਪ ਪੁੰਨ, ਦੁਖ ਸੁਖ ਇਹੁ ਦ੍ਵੰਦ ਜੁ, ਹਰਖ ਸੋਗ ਨਹਿ

[੧]ਸਿੰਗ। [੨]ਗੋਹੇ ਨਾਲ ਥਾਉਂ ਲਿੰਬ ਕੇ ਪੋਚਕੇ। [੩]ਖੜੀ ਕੀਤੀ। [੪]ਚਾਵਲ। [੫]ਪੂਜਨਾ। [੬]ਛਿੜਕਨਾ ਕਰਕੇ। [੭]ਤੁਸੀਂ ਸੁਖ ਪਾਉਂਦੇ ਕੋਲੇ ਵਸਦੇ ਹੋ ਰਾਜਿਆਂ ਨੂੰ ਇਹ ਜਗਤ ਵਿਚ ਅਰਮਾਨ ਰਹਿੰਦਾ ਹੈ। [੮]ਕਾਗਜ਼ ਕੋਲ ਰੱਖਕੇ ਚੋਰ ਬਣਕੇ ਡਰਦੇ ਮਾਰੇ। [੯]ਕੰਨੀਂ। *ਪਾ:-ਅਰੁਮਾਨ

Sri Satguru Jagjit Singh Ji eLlibrary NamdhariElibrary@gmail.com

ਦੋਊ । ਗੁਰੂ ਪੁਰਖ ਕੌ ਤਿਹ ਬਲ ਬਾਸਾ ਜਹਾਂ ਨ ਪਹੁੰਚੈ ਕੋਊ ॥੩੮॥ ਇਮ ਸ਼ੱਤ੍ਰ ਕੀ ਸਪਥ ਦਏ ਤੇ ਉਚਿਤ ਨ ਕਿਤਹੂੰ ਜਾਨਾ । ਦੇਖੀ ਤੁਮਰੇ ਪਾਪ ਮਤੌ ਨਿਤ ਪੈ ਹੈਂ ਫਲ ਹੁਇ ਹਾਨਾ ॥੩੯॥ ਸਪਥ ਦੋਸ਼[1] ਤੁਮ ਲਗਹਿ ਨ ਕੋਊ ਨਹਿ ਤਜੀਅਹਿ ਪੁਰਿ ਧਾਮਾ । ਪੀਛੇ ਪ੍ਰਬਲ ਹੋਇ ਰਿਪੁ ਪਰਿ ਹੈ ਲਾਖਹੁ ਸਿੰਘਰ ਕਾਮਾ[2]" ॥੪੦॥ ਸੁਨਿ ਕਲਗ਼ੀਧਰ ਸਭਿ ਸਨ ਭਾਖਯੋ "ਕਹੋ ਜਥਾਰਥ ਬਾਤੀ । ਤਊ ਬਿਚਾਰਹੁ ਲਾਖਹੁ ਸ਼ੱਤ੍ਰੂ ਹਾਰਿ ਪਰੇ ਸਭਿ ਭਾਂਤੀ ॥੪੧॥ ਤਜੈਂ ਸ਼ਸਤ੍ਰ ਖਰੇ ਤੋਪ ਤੁਪਕ ਸਰ ਭਏ ਦੀਨ ਘਿਘਿਆਏ। ਅਪਰ ਉਪਾਇ ਬਨੈਂ ਨਹਿ ਕੋਊ ਬਲ ਕੋ ਤਜਿ ਸਮੁਦਾਏ ॥ ੪੨ ॥ ਹੋਇ ਰੰਕ ਸਮ ਦਈ ਸਪਥ ਗੌ, ਹੈਫ[3] ਜ ਰਾਜ ਸਮਾਜਾ । ਮਮ ਜੈਸੇ ਛੱਤ੍ਰੀ[4] ਨਾਮਾਨਹਿ ਤੌ ਭੀ ਨੀਕ ਨ ਕਾਜਾ ॥ ੪੩ ॥ ਬਲ ਤੇ ਚਹਯੋ ਅਨਦਪੁਰਿ ਲੈਬੇ ਚਲਯੋ ਨ ਬਸ ਕਿਸਿ ਭਾਂਤੀ । ਅਬਿ ਨਿਰਬਲਤਾ ਧਰਿ ਅਭਿਲਾਖੇ ਸਭਿ ਸੈਲਪ ਬਲਿ ਸ਼ਾਂਤੀ[5]" ॥੪੪॥ ਜੋ ਹਮ ਧੈਨੁ ਸਪਥ ਨਹਿ ਮਾਨੈ ਆਨ ਕੌਨ ਤਬਿ ਮਾਨੈ। ਦਯਾਸਿੰਧੁ ! ਚਿਤ ਸਮੁਝਿ ਬਿਚਾਰਹੁ ਰਿਪੁ ਜੀਵਤਿ ਹਤਿ ਜਾਨੈ[6] ॥ ੪੫ ॥ ਰਾਜਨ ਕੋ ਜੀਵਨ ਅਬਿ ਧ੍ਰਿਗ ਹੈ ਸ਼ਸਤ੍ਰ ਗਹਿਨ ਧ੍ਰਿਗ ਹੋਈ । ਹਮਰੇ ਤੌ ਆਨੰਦਪੁਰਿ ਘਰ ਹੈ ਇਸ ਮਹਿਂ ਅਪਰ ਨ ਕੋਈ[7] ॥੪੬॥ ਚਿੰਤਾ ਕਰਹੁ ਨ, ਧਰਮ ਧਰਹੁ ਨਿਜ, ਸਭਿ ਕਿਛੁ ਤੁਮਰੇ ਹਾਥਾ। ਜਗ ਮਹਿਂ ਅਪਜਸੁ ਰਾਜਨ ਕੇਰਾ, ਮਰੇ ਨਰਕ ਦੁਖ ਸਾਥਾ' ॥੪੭॥ ਕਹਿ ਇੱਤਯਾਦਿਕ ਬਹੁ ਸਮੁਝਾਏ ਬਹੁਰ ਨ ਸਿੰਘਨ ਭਾਖਾ। 'ਕਾਰਣ ਕਰਣ ਸਰਬ ਮਹਿ ਸਮਰਥ ਕਰਹੁ ਜਥਾ ਅਭਿਲਾਖਾ' ॥੪੮॥ ਸਕਲ ਸਮਾਜ ਸਾਥ ਲੇ ਸਤਿਗੁਰ ਸੈਨਾ ਸਿੰਘਨ ਕੇਰੀ। ਭਏ ਤਯਾਰ ਆਨੰਦਪੁਰਿ ਛੋਰਨਿ ਹਯ ਅਰੂਢਿ ਤਿਸ ਬੇਰੀ ॥੪੯॥ ਨਿਕਸਿ ਚਲੇ, ਜਬਿ ਬਜਯੋ ਦਮਾਮਾ ਆਗੈ ਭਏ ਗੁਸਾਈਂ । ਅਪਰ ਕਿਸੂ ਕੋ ਨਹਿ ਮਨ ਭਾਵੈ ਘਰ ਤ੍ਯਾਗਨਿ ਸਮੁਦਾਈ ॥ ੫੦ ॥ –[8]'ਇਤਨੇ ਲਰੇ ਮਰੇ ਸੰਗ ਸ਼ਸਤ੍ਰਨਿ, ਬਲ ਕਰਿ ਪੁਰਿ ਕੋ ਰਾਖਾ। ਅਬਿ ਸੁਖੇਨ ਹੀ ਤਜਿ ਕਰਿ ਗਮਨੇ ਕਹਾਂ ਗੁਰੂ ਅਭਿਲਾਖਾ– ॥੫੧॥ ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ 'ਅਨੰਦਪੁਰ ਤਜਨ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥ ੩੭ ॥

[1]ਸਹੁੰ ਦਾ ਦੋਸ਼ । [2]ਲੱਖਾਂ ਜੰਗ ਵਿਚ ਕੰਮ ਔਣਗੇ । [3]ਅਫਸੋਸ ਹੈ । [4]ਮੁਰਾਦ ਬੀਰ ਰਸੀਆ ਹੋਣ ਤੋਂ ਹੈ ਜ਼ਾਤ ਤੋਂ ਨਹੀਂ, ਜਾਤ ਤਾਂ ਅੰਮ੍ਰਿਤ ਕੁੰਡ ਵਿਚ ਸਭ ਇਕ ਕਰ ਚੁਕੇ ਹਨ । (ਅ) ਸ਼ਸਤ੍ਰ ਧਾਰੀ । [5]ਪਹਾੜੀ ਰਾਜਿਆਂ ਦਾ ਬਲ ਨਾਸ਼ ਹੋ ਗਿਆ ਹੈ । [6]ਜੀਉਂਦੇ ਹੀ ਮਰੇ ਜਾਣੋਂ ਵੈਰੀ । [7]ਹੋਰ ਕੋਈ ਨਹੀਂ (ਵਸੇਗਾ)। [8]ਸਾਰੇ ਵਿਚਾਰਾਂ ਕਰਦੇ ਹਨ ਕਿ–

Sri Satguru Jagjit Singh Ji eLlibrary NamdhariElibrary@gmail.com